# ਮੋਪਾਸਾਂ ਦੀਆਂ ਕਹਾਣੀਆਂ

ਭਾਸ਼ਾ ਵਿਭਾਗ ਪੰਜਾਬ

MOPASAN DIAN KAHANIAN

by

Guy De Maupassant

# ਮੋਪਾਸਾਂ ਦੀਆਂ ਕਹਾਣੀਆਂ

ਕਰਤਾ

ਮੋਪਾਸਾਂ

ਪਹਿਲੀ ਵਾਰ : 1984

ਮੁੱਲ : 13.50

ਪ੍ਰਕਾਸ਼ਕ : ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ

ਛਾਪਕ : ਫੂਲਕੀਆਂ ਪ੍ਰੈਸ ਪਟਿਆਲਾ

ਰਾਹੀਂ : ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ, ਪੰਜਾਬ

## ਤਰਤੀਬ


| ਕ੍ਰਮ ਅੰਕ | ਕਹਾਣੀ ਦਾ ਨਾਂ | ਪੰਨਾ |
|---|---|---|
| 1. | ਆਦਿ ਕਥਨ | 6 |
| 2. | ਮੋਪਾਸਾਂ ਦਾ ਜੀਵਨ ਤੇ ਰਚਨਾ | 8 |
| 3. | ਮਡੈਮੋਸਿਲੀ ਫਿਫੀ | 14 |
| 4. | ਬਣਾਉਟੀ ਸੁੰਦਰਤਾ | 32 |
| 5. | ਹੋਰਲਾ | 59 |
| 6. | ਮੈਡਮ ਟੈਲੀਅਰ ਦਾ ਸੈਰ ਸਪਾਟਾ | 98 |
| 7. | ਰੱਸੀ ਦਾ ਟੁਕੜਾ | 133 |
| 8. | ਇਕ ਕਿਸਾਨ ਲੜਕੀ ਦੀ ਕਹਾਣੀ | 143 |
| 9. | ਮੋਰਿਨ ਇਕ ਸੂਰ | 171 |
| 10. | ਛਤਰੀ | 189 |
| 11. | ਕੀ ਇਹ ਸੁਪਨਾ ਸੀ? | 203 |
| 12. | ਝੂਠੇ ਹੀਰੇ | 211 |
| 13. | ਹਾਊਟਟ ਸੀਨੀਅਰ ਅਤੇ ਹਾਊਟਟ ਜੂਨੀਅਰ | 222 |
| 14. | ਇਕ ਪਰਿਵਾਰਿਕ ਸਮੱਸਿਆ | 243 |
| 15. | ਇਕ ਨੌਰਮੈਂਡੀ ਮਜ਼ਾਕ | 285 |
| 16. | ਹੀਰਿਆਂ ਦਾ ਹਾਰ | 292 |
| 17. | ਚੰਨ ਚਾਨਣੀ ਵਿਚ | 305 |
| 18. | ਪਿਆਰ | 312 |

| | | |
|---|---|---|
| 19. | ਛੋਟੀ ਪੀਪੀ | 320 |
| 20. | ਕਲੌਂਚਿਟ | 328 |
| 21. | ਮੱਛੀਆਂ ਫੜਨ ਜਾਣਾ | 335 |
| 22. | ਦੁਰਗਤੀ | 342 |
| 23. | ਮੇਰਾ ਅੰਕਲ ਸੋਸਥੇਨਜ਼ | 350 |
| 24. | ਸੰਘਰਸ਼ | 360 |
| 25. | ਇਕ ਰਸਤਾ | 372 |
| 26. | ਮੈਡਮ ਪਰਸੀ | 388 |
| 27. | ਪਿਆਰ ਦਾ ਇਕ ਪਹਿਲੂ | 397 |
| 28. | ਸਾਈਮਨ ਦਾ ਬਾਪ | 407 |
| 29. | ਸੈਮੀਲੈਂਟੇ | 419 |
| 30. | ਕਿਸਾਨ ਦੀ ਪਤਨੀ | 426 |
| 31. | ਕੰਮ ਕਾਰ ਦੀ ਗੱਲ | 436 |
| 32. | ਇਸ਼ਾਰਾ | 444 |
| 33. | ਪਿਆਰ ਦੀ ਜਾਗ | 453 |
| 34. | ਜ਼ੈਤੂਨ ਦੇ ਦਰਖ਼ਤ | 461 |
| 35. | ਬਚ ਗਈ | 494 |
| 36. | ਪਿੰਡ ਵਲ ਸੈਲ ਸਪਾਟਾ | 503 |

| | | |
|---|---|---|
| 37. | ਇਕ ਪਾਗ਼ਲ ਆਦਮੀ ਦੀ ਡਾਇਰੀ | 518 |
| 38. | ਦੋ ਛੋਟੇ ਸਿਪਾਹੀ | 526 |
| 39. | ਬਘਿਆੜ | 536 |
| 40. | ਸ਼ੈਤਾਨ | 544 |
| 41. | ਇਕ ਖ਼ੁਸ਼ਕਿਸਮਤ ਚੋਰ | 554 |
| 42. | ਚੰਨ ਚਾਨਣੀ | 559 |
| 43. | ਪਾਗ਼ਲ ਔਰਤ | 565 |
| 44. | ਮਹਿੰਗੀ ਸੈਰ | 570 |
| 45. | ਮੋਟੀ ਲੜਕੀ | 578 |
| 46. | ਭੂਤ ਦਾ ਪਰਛਾਵਾਂ | 631 |
| 47. | ਜੂਲੀ ਰੋਮਲੇ | 640 |

# ਆਦਿ ਕਥਨ

ਮੋਪਾਸਾਂ ਦਾ ਵਿਸ਼ਵ ਦੇ ਕਹਾਣੀ ਸਾਹਿਤ ਵਿੱਚ ਇਕ ਮਹੱਤਵਪੂਰਨ ਤੇ ਉੱਘਾ ਸਥਾਨ ਹੈ। ਇਸ ਮਹਾਨ ਲੇਖਕ ਨੇ ਆਪਣੇ ਜੀਵਨ ਦੇ ਨਿੱਜੀ ਅਨੁਭਵਾਂ ਨੂੰ ਅਦੁੱਤੀ ਸਾਹਿਤਕ ਛੋਹਾਂ ਦੇ ਕੇ ਕਹਾਣੀਆਂ ਰਾਹੀਂ ਸਾਕਾਰ ਕੀਤਾ ਹੈ। ਉਹ ਇਕ ਅਜਿਹਾ ਪ੍ਰਤਿਭਾਸ਼ਾਲੀ ਲੇਖਕ ਹੈ, ਜਿਸ ਦੀਂ ਕਹਾਣੀਆਂ ਦਾ ਸਭ ਤੋਂ ਵਿਲੱਖਣ ਗੁਣ ਸੰਖੇਪਤਾ ਤੇ ਸੂਖ਼ਮਤਾ ਹੈ। ਉਸ ਨੇ ਵੱਡੀ ਤੋਂ ਵੱਡੀ ਘਟਨਾ ਨੂੰ ਘੱਟ ਤੋਂ ਘੱਟ ਸ਼ਬਦਾਂ ਵਿੱਚ ਪੇਸ਼ ਕਰਕੇ ਗਾਗਰ ਵਿੱਚ ਸਾਗਰ ਬੰਦ ਕਰ ਵਿਖਾਇਆ ਹੈ। ਉਸ ਨੇ ਮੱਧ ਸ਼੍ਰੇਣੀ ਵਿੱਚੋਂ ਨਿਤਾ-ਪ੍ਰਤੀ ਜੀਵਨ ਨਾਲ ਸੰਘਰਸ਼ ਕਰਦੇ ਪਾਤਰ ਚੁਣੇ ਹਨ, ਜਿਨ੍ਹਾਂ ਦੇ ਦੁੱਖ-ਸੁੱਖ, ਖੁਸ਼ੀਆਂ, ਗ਼ਮੀਆਂ, ਜੀਵਨ ਦੇ ਅਨੇਕ ਬਹੁ-ਪੱਖੀ ਰੰਗਾਂ ਨੂੰ ਬੜੇ ਯਥਾਰਥਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਲਿਖਿਆ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਜਿਊਂਦੇ ਜਾਗਦੇ ਸਮਾਜ ਵਿੱਚ ਵਿਚਰਦੇ ਸਾਧਾਰਨ ਲੋਕ ਹਨ।

ਮੋਪਾਸਾਂ ਦੀਆਂ ਲਿਖਤਾਂ ਸਬੰਧੀ ਕੁਝ ਲੋਕਾਂ ਦੀ ਇਹ ਗ਼ਲਤ ਧਾਰਨਾ ਅਜੇ ਵੀ ਬਣੀ ਹੋਈ ਹੈ ਕਿ ਉਹ ਅਸ਼ਲੀਲਤਾ ਦਾ ਚਿਤਰਨ ਵਧੇਰੇ ਕਰਦਾ ਹੈ। ਪਰ ਅਸਲ ਵਿੱਚ ਇਹ ਗੱਲ ਨਹੀਂ। ਭਾਵੇਂ ਮੋਪਾਸਾਂ ਨੇ ਵੇਸਵਾਵਾਂ, ਘਟੀਆ ਔਰਤਾਂ, ਅਨੈਤਿਕ ਪੁਰਸ਼ਾਂ ਦਾ ਚਿਤਰਣ ਆਪਣੀਆਂ ਅਨੇਕ ਕਹਾਣੀਆਂ ਵਿੱਚ ਕੀਤਾ ਹੈ, ਪਰ ਅਜਿਹਾ ਨੰਗੇਜ ਦਾ ਪ੍ਰਦਰਸ਼ਨ ਕਰਨ ਲਈ ਨਹੀਂ ਸਗੋਂ ਸਮਾਜ ਦੀ ਗੰਦਗੀ ਦਾ ਪਰਦਾਫਾਸ਼ ਕਰਨ ਲਈ ਕੀਤਾ ਹੈ। ਮੋਪਾਸਾਂ ਦੀਆਂ ਸਾਰੀਆਂ ਲਿਖਤਾਂ ਯਥਾਰਥਕ ਹਨ। ਉਨ੍ਹਾਂ ਵਿੱਚ ਸਮਾਜ ਦੇ ਪੇਂਡੂ ਇਲਾਕੇ ਅਤੇ ਸਮੁੰਦਰੀ ਤੱਟ ਦੇ ਜੀਵਨ ਦਾ ਸੁਹਿਰਦ, ਕੋਮਲ ਅਤੇ ਨਿੱਘਾ ਪ੍ਰਗਟਾਅ ਮਿਲਦਾ ਹੈ। ਇਸ ਨੇ ਨਾਰਮੰਡੀ-ਕਿਸਾਨਾਂ ਦੇ ਜੀਵਨ ਦੇ ਕੋਝੇ ਯਥਾਰਥ ਨੂੰ ਬਿਨਾਂ ਕਿਸੇ ਲੁਕ ਲਪੇਟ ਦੇ ਸੰਖੇਪ ਜਿਹੇ ਢੰਗ ਨਾਲ ਪੇਸ਼ ਕੀਤਾ ਹੈ, ਜਿਸ ਬਾਰੇ ਪਹਿਲੇ ਲੇਖਕਾਂ ਨੇ ਆਦਰਸ਼ਵਾਦੀ ਢੰਗ ਨਾਲ ਆਪਣੇ ਵਿਚਾਰ ਪ੍ਰਗਟਾਏ ਸਨ। ਇਹ ਅਨੇਕ ਕਿਉਂਕਿ ਪ੍ਰਕਿਰਤੀਵਾਦੀ ਸਕੂਲ ਨਾਲ ਸੰਬੰਧਤ ਸੀ, ਇਸ ਨੇ ਆਦਰਸ਼ਵਾਦ ਦੀ ਰੰਗੀਨ ਐਨਕ ਲਾਹ ਕੇ ਆਪਣੇ ਅਨੁਭਵਾਂ ਨੂੰ ਯਥਾਰਥ ਦੀ ਪੀਂਢੀ ਜ਼ਮੀਨ ’ਤੇ ਰੱਖ ਕੇ ਵਿਅਕਤ ਕੀਤਾ।

ਮੋਪਾਸਾਂ ਦੀਆਂ ਕਹਾਣੀਆਂ ਵਿੱਚ ਗੂੜ੍ਹਾ ਵਿਅੰਗ ਹੈ, ਜੋ ਉਸ ਵੇਲੇ ਦੇ ਲੋਕਾਂ ਦੇ ਦਿਖਾਵੇ ਤੇ ਪਾਖੰਡ ਉੱਤੇ ਬੜੀ ਸੂਖ਼ਮ ਚੋਟ ਹਨ। ਉਸ ਦਾ ਵਰਨਣ ਢੰਗ ਵੀ ਉਤਨਾ ਹੀ ਪ੍ਰਭਾਵਸ਼ਾਲੀ ਹੈ ਜਿਤਨਾ ਕਿ ਉਸ ਦੇ ਵਿਚਾਰ।

ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ 'ਪਾਗ਼ਲਪਣ' ਦੇ ਬਿਲਕੁਲ ਹੀ ਅਛੋਹ ਅਤੇ ਨਵੇਂ ਵਿਸ਼ੇ ਨਾਲ ਸੰਬੰਧਤ ਹਨ। ਉਹ ਕਹਾਣੀ ਦੇ ਪਾਤਰਾਂ ਨਾਲ ਇਕ ਪਾਗ਼ਲ ਵਾਂਗ ਨਹੀਂ, ਸਗੋਂ ਇਕ ਡਾਕਟਰ ਵਾਂਗ ਵਰਤਾਉ ਕਰਦਾ ਹੈ, ਉਹ ਆਪਣਾ ਮਾਨਸਿਕ ਸੰਤੁਲਨ ਨਹੀਂ ਗੁਆਉਂਦਾ। ਉਸ ਦੀਆਂ ਕਹਾਣੀਆਂ ਤੇ ਨਾਵਲਾਂ ਉੱਪਰ ਆਧਾਰਿਤ ਫ਼ਿਲਮਾਂ ਵੀ ਇੰਞ ਤਾਜ਼ਾ ਲੱਗਦੀਆਂ ਹਨ, ਜਿਵੇਂ ਸਾਡੇ ਸਮੇਂ ਦੀਆਂ ਹੋਣ।

ਇਸ ਸੰਗ੍ਰਹਿ ਵਿੱਚ ਮੋਪਾਸਾਂ 45 ਪ੍ਰਤੀਨਿਧ ਕਹਾਣੀਆਂ ਲਈਆਂ ਗਈਆਂ ਹਨ। ਕੋਸ਼ਿਸ਼ ਕੀਤੀ ਗਈ ਹੈ ਕਿ ਉਸ ਦੀ ਹਰ ਵੰਨਗੀ, ਵਰਗ, ਸ਼੍ਰੇਣੀ ਅਤੇ ਵਿਚਾਰਾਂ ਦੀ ਪ੍ਰਤੀਨਿਧ ਕਹਾਣੀ ਪਾਠਕਾਂ ਸਾਹਮਣੇ ਲਿਆਂਦੀ ਜਾਵੇ।

ਮੋਪਾਸਾਂ ਨੇ ਆਪਣੀਆਂ ਕਹਾਣੀਆਂ ਵਿੱਚ ਭਿੰਨ-ਭਿੰਨ ਕਿਸਮ ਦੀਆਂ ਸਥਿਤੀਆਂ ਵਿੱਚ ਪੈ ਕੇ ਮਨੁੱਖ ਕਿਵੇਂ ਵਰਤਾਉਂ ਕਰਦਾ ਹੈ, ਕਿਵੇਂ ਉਨ੍ਹਾਂ ਤੋਂ ਪ੍ਰਭਾਵਿਤ ਹੁੰਦਾ ਹੈ, ਕਿਵੇਂ ਪ੍ਰੇਮ ਜਾਂ ਘ੍ਰਿਣਾ ਕਰਦਾ ਹੈ ਅਤੇ ਸਮਾਜਿਕ ਜੀਵਨ ਵਿੱਚ ਸਾਰਿਆਂ ਪੱਧਰਾਂ 'ਤੇ ਕਿਵੇਂ ਸੰਘਰਸ਼ ਵਿੱਚ ਭਾਗ ਲੈਂਦਾ ਹੈ, ਦਾ ਬੜੇ ਸਿੱਧੇ ਢੰਗ ਨਾਲ ਚਿਤਰਨ ਪੇਸ਼ ਕੀਤਾ ਹੈ। ਆਸ ਹੈ ਪਾਠਕ ਇਨ੍ਹਾਂ ਕਹਾਣੀਆਂ ਦਾ ਜ਼ਰੂਰ ਆਨੰਦ ਮਾਣਨਗੇ।

**ਕਪੂਰ ਸਿੰਘ ਘੁੰਮਣ**
ਡਾਇਰੈਕਟਰ
ਭਾਸ਼ਾ ਵਿਭਾਗ ਪੰਜਾਬ,
ਪਟਿਆਲਾ

06 ਜਨਵਰੀ, 1984

# ਮੋਪਾਸਾਂ ਦਾ ਜੀਵਨ ਤੇ ਰਚਨਾ

ਮੋਪਾਸਾਂ ਵਿਸ਼ਵ ਗਲਪ ਸਾਹਿਤ ਦੇ ਗਗਨਾਂ ਦਾ ਉਹ ਚਮਕਦਾ ਸਿਤਾਰਾ ਹੈ, ਜਿਸ ਦੀ ਲੋਅ ਨਾ ਕੇਵਲ ਕਿਸੇ ਇਕ ਸਮੇਂ ਦੀਆਂ ਕਾਲ ਕਲੂਟੀਆਂ ਰਾਤਾਂ ਨੂੰ ਪ੍ਰਕਾਸ਼ ਦਿੰਦੀ ਰਹੀ ਸਗੋਂ ਸਦੀਵੀਂ ਰੌਸ਼ਨੀ ਬਣ ਗਈ ਜੋ ਅੱਜ ਵੀ ਪਾਠਕਾਂ ਦੇ ਮਨ ਵਿਚ ਇਕ ਧੜਕਣ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੈ। ਸਮੇਂ ਦਾ ਪੱਲੂ ਫੜ ਕੇ ਤੁਰੇ ਕੁਝ ਸਾਹਿਤਕ ਪਲ਼ ਅੱਜ ਦਾ ਕਲਾਸਿਕੀ ਵਿਰਸਾ ਹੋ ਨਿਬੜੇ ਹਨ।

ਮੋਪਾਸਾਂ ਜਿਸ ਦੀ ਗਲਪ ਰਚਨਾ ਬਾਕੀ ਸੁਭਾਵਿਕ ਲੇਖਕਾਂ ਨਾਲੋਂ ਵਿਸ਼ਵ-ਵਿਆਪਕਤਾ ਅਤੇ ਸ਼ੈਲੀ ਦੀ ਸਰਲਤਾ ਕਾਰਣ ਵਿਲੱਖਣ ਹੈ, ਦਾ ਜਨਮ ਪੰਜ ਅਗਸਤ, 1850 ਨੂੰ ਡਾਇਪੀ ਦੇ ਨੇੜੇ ਮਿਰੋਮੇਸਿਲ ਵਿਖੇ ਫਰਾਂਸ ਵਿਚ ਦੁਖਾਂਤਿਕ ਵਾਤਾਵਰਣ ਵਿਖੇ ਹੋਇਆ। Encyclopeadia of world Biography ਵਿਚ ਇਸ ਦਾ ਜਨਮ ਨਾਰਮੰਡੀ ਵਿਖੇ ਹੋਇਆ ਦੱਸਿਆ ਗਿਆ ਹੈ। ਪਰੰਤੂ ਠੀਕ ਥਾਂ ਅਜੇ ਤੱਕ ਨਿਸਚਿਤ ਨਹੀਂ ਹੋ ਸਕੀ। ਉਸ ਦਾ ਵਿਕਾਸ ਸਿਪਾਹੀਆਂ ਅਤੇ ਕਿਸਾਨਾਂ ਦੇ ਬੱਚਿਆਂ ਦੀ ਸੰਗਤ ਵਿਚ ਜੰਗਲੀ ਮਾਹੌਲ ਵਿਚ ਹੋਇਆ। ਆਰੰਭ ਵਿਚ ਇਕ ਪਾਦਰੀ ਤੋਂ ਲਾਤੀਨੀ ਭਾਸ਼ਾ ਦਾ ਮੁੱਢਲਾ ਗਿਆਨ ਪ੍ਰਾਪਤ ਕਰ ਲੈਣ ਤੋਂ ਬਾਅਦ ਉਸ ਨੂੰ 13 ਸਾਲ ਦੀ ਉਮਰ ਵਿਚ ਯੇਵੀਤੋਤ ਦੇ ਕੈਥੌਲਿਕ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ। ਜਿਥੋਂ ਉਸ ਨੂੰ ਦੋ ਸਾਲ ਪੂਰੇ ਕਰਨ ਤੋਂ ਪਹਿਲਾਂ ਹੀ ਕੱਢ ਦਿਤਾ ਗਿਆ। 1867 ਵਿਚ ਉਸਨੇ ਕੇਨ ਵਿਸ਼ਵ ਵਿਦਿਆਲੇ ਤੋਂ ਮੈਟ੍ਰਿਕ ਪਾਸ ਕੀਤੀ। ਉਹ ਆਪਣੀਆਂ ਛੁੱਟੀਆਂ ਕੱਟਣ ਲਈ ਐਟਰੇਟਾਟ ਜਾਂਦਾ ਹੁੰਦਾ ਸੀ। ਉੱਥੇ ਹੀ ਉਹ 1868 ਦੀਆਂ ਗਰਮੀਆਂ ਵਿਚ ਅੰਗਰੇਜ਼ੀ ਦੇ ਕਵੀ ਸਵਿਨਬਰਨ ਅਤੇ ਉਸ ਦੇ ਮਿੱਤਰ ਜਾਰਜ ਪੌਵੈਲ ਨੂੰ ਮਿਲਿਆ। ਜਿੱਥੇ ਇਨ੍ਹਾਂ ਦੋਵਾਂ ਲੇਖਕਾਂ ਦੇ ਗੱਭਰੂ ਮੋਪਾਸਾਂ ਨਾਲ ਖਾਣਾ ਖਾਧਾ ਅਤੇ ਮੁਲਾਕਾਤ ਕੀਤੀ ਉਸ ਦੇ ਡੂੰਘੇ ਪ੍ਰਭਾਵ ਹੀ ਮੋਪਾਸਾਂ ਦੀਆਂ ਪਹਿਲੀਆਂ ਕਹਾਣੀਆਂ ਵਿਚੋਂ ਇਕ ਕਹਾਣੀ ਵਿਚ ਸਪੱਸ਼ਟ ਹੋਏ।

1870 ਵਿਚ ਜਰਮਨ-ਫਰਾਂਸ ਯੁੱਧ ਦੇ ਆਰੰਭ ਸਮੇਂ ਫੌਜ ਵਿਚ ਭਰਤੀ ਕੀਤੇ ਜਾਣ ਨਾਲ ਉਸ ਦੀ ਕਾਨੂੰਨੀ ਪੜ੍ਹਾਈ ਵਿਚ ਰੁਕਾਵਟ ਆ ਗਈ, ਅਤੇ ਉਸ ਦੇ 1871 ਵਿਚ ਉੱਥੋਂ ਛੁੱਟੀ ਹੋ ਜਾਣ 'ਤੇ ਉਸ ਨੇ ਜਹਾਜ਼ ਮੰਤਰਾਲੇ ਵਿਚ ਫ਼ਰਵਰੀ, 1873 ਵਿਚ ਇਕ ਕਲਰਕ ਦੀ ਨੌਕਰੀ ਕਰ ਲਈ ਜਿੱਥੋਂ ਉਨ੍ਹਾਂ ਨੇ ਕਲਰਕ ਲੋਕਾਂ ਦੇ ਅੰਤਰ ਮਨ ਦੀਆਂ ਸਮੱਸਿਆਵਾਂ ਅਤੇ ਨਿੱਤ ਜੀਵਨ ਦੀਆਂ ਉਲਝਣਾਂ ਦਾ ਸੁਹਿਰਦ ਅਨੁਭਵ ਕੀਤਾ ਜੋ ਉਨ੍ਹਾਂ ਦੀਆਂ ਰਚਨਾਵਾਂ ਦੇ ਰੂਪ ਵਿਚ ਸਪੱਸ਼ਟ ਦ੍ਰਿਸ਼ਟਮਾਨ ਹੈ । ਭਾਵੇਂ ਬੈਲਜਾਕ ਨੇ ਕਲਰਕੀ ਜੀਵਨ ਨੂੰ ਸਾਹਿਤ ਵਿਚ ਪਹਿਲਾਂ ਲਿਆਂਦਾ ਪਰ ਇਨ੍ਹਾਂ ਘੱਟ ਆਮਦਨ ਵਾਲੇ ਲੋਕਾਂ ਦੇ ਜੀਵਨ ਦਾ ਹਰ ਪੱਖ ਮੋਪਾਸਾਂ ਦੀਆਂ ਲਿਖਤਾਂ ਵਿਚ ਉੱਭਰ ਕੇ ਹੀ ਸਾਹਮਣੇ ਆਇਆ ਹੈ। ਮੋਪਾਸਾਂ ਨੇ ਆਪਣੀ ਹਰ ਰਚਨਾਂ ਫਲਾਬਰਟ ਨੂੰ ਪੇਸ਼ ਕੀਤੀ ਜਿਸ ਨੇ ਇਕ ਚੰਗੇ ਆਲੋਚਕ ਅਤੇ ਸਲਾਹਕਾਰ ਵਾਂਗ ਉਸ ਨੂੰ ਹਰ ਅਧਕੱਚੀ ਰਚਨਾ ਛਾਪਣ ਤੋਂ ਵਰਜਿਆ, ਜਦੋਂ ਤੱਕ ਕਿ ਉਨ੍ਹਾਂ ਰਚਨਾਵਾਂ ਵਿਚ ਪ੍ਰਪੱਕਤਾ ਨਹੀਂ ਆਈ ਅਤੇ ਉਨ੍ਹਾਂ ਦੀ ਆਪਣੀ ਸ਼ੈਲੀ ਨਿਖਰ ਨਹੀਂ ਗਈ। ਹੈਨਰੀ ਜੇਮਜ਼ ਨੇ ਮੋਪਾਸਾਂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ "Loin in the Path" ਕਿਹਾ ਹੈ ।

ਮੋਪਾਸਾਂ ਨੂੰ ਕਰੜੇ ਘੋਲ ਦੀ ਜ਼ਿੰਦਗੀ ਤੋਂ ਬਾਅਦ ਆਪਣੀ ਛੋਟੀ ਉਮਰ ਵਿਚ ਹੀ ਫਰਾਂਸ ਅਤੇ ਇੰਗਲੈਂਡ ਵਿਚ ਇੰਨੀ ਮਾਨਤਾ ਪ੍ਰਾਪਤ ਹੋ ਗਈ ਸੀ ਕਿ ਉਹ ਆਪਣੀ ਆਮਦਨੀ ਦੇ ਜ਼ੋਰ ਤੇ ਰਾਜਸੀ ਠਾਠ-ਬਾਠ ਨਾਲ ਰਹਿਣ ਲੱਗ ਪਿਆ ਸੀ ਅਤੇ ਅਥੱਕ ਅਤੇ ਬੇ-ਓੜਕ ਮਿਹਨਤ ਦੇ ਬਾਅਦ ਐਸ਼ਪ੍ਰਸਤੀ ਦੇ ਵਾਤਾਵਰਣ ਵਿਚ ਆਪਣਾ ਸੰਜਮ ਖੋ ਬੈਠਦਾ ਸੀ । ਸ਼ਾਇਦ ਆਪਣਾ ਮਾਨਸਿਕ ਸੰਤੁਲਨ ਖੋਅ ਬੈਠਣ ਅਤੇ 43 ਵਰ੍ਹੇ ਦੀ ਛੋਟੀ ਉਮਰ ਵਿਚ ਪਾਗ਼ਲਖਾਨੇ ਵਿਚ ਆਪਣੀ ਜੀਵਨ-ਲੀਲਾ ਮਿਤੀ 6 ਜੁਲਾਈ, 1893 ਨੂੰ ਸਮਾਪਤ ਕਰਨ ਦਾ ਇਹੋ ਹੀ ਰਹੱਸ ਸੀ।

ਫਲਾਬਰਟ ਨੇ ਮੋਪਾਸਾਂ ਨੂੰ ਕਾਵਿ ਰਚਨਾ ਲਈ ਪ੍ਰੇਰਿਆ ਤਾਂ ਜੋ ਉਸ ਦੀ ਵਾਰਤਕ ਰਚਨਾ ਦੀ ਸ਼ੈਲੀ ਵਧੇਰੇ ਕੋਮਲ ਹੋ ਸਕੇ। ਇੰਝ ਮੋਪਾਸਾਂ ਦੀ ਪਹਿਲੀ ਪ੍ਰਕਾਸ਼ਤ ਪੁਸਤਕ ਕਵਿਤਾ ਦੀ ਸੀ ਜੋ 1880 ਵਿਚ ਪਾਠਕਾਂ ਕੋਲ ਪੁੱਜੀ ਬਾਕੀ ਨੌਜਵਾਨ ਹਮਉਮਰ ਲੇਖਕਾਂ ਪਾਲ ਅਲੈਕਸਿਸ ਹੈਨਰੀ ਕੇਅਰਡ, ਲੇਓਨ ਹਨੀਕ ਅਤੇ ਜੇ. ਕੇ. ਹੁਈਸਮੈਨਜ਼ ਨਾਲ ਮੋਪਾਸਾਂ ਵੀ ਆਪਣੇ ਐਤਵਾਰ ਮੇਦਨ ਵਿਖੇ ਜ਼ੋਲਾ ਦੇ ਘਰ ਗੁਜ਼ਾਰਦਾ ਹੈ । ਇੰਝ 1880 ਵਿਚ ਹੀ ਜ਼ੋਲਾ ਅਤੇ ਬਾਕੀ ਲੇਖਕਾਂ ਨੇ

ਮਿਲਕੇ ਫਰੈਂਕੋ-ਜਰਮਨ ਯੁੱਧ ਸਬੰਧੀ ਜੋ ਕਹਾਣੀ ਸੰਗ੍ਰਹਿ ਛਾਪਿਆ ਉਸ ਵਿਚ ਮੋਪਾਸਾਂ ਦੀ ਰਚਨਾ ਵੀ ਸੀ। ਜਿਸ ਵਿਚ ਇਕ ਵੇਸਵਾ ਦੀ ਨਿੱਜੀ ਉਲਝਣ ਦਾ ਵੇਰਵਾ ਦਿੱਤਾ ਹੋਇਆ ਸੀ। ਆਲੋਚਕਾਂ ਨੇ ਇਸ ਕਹਾਣੀ 'ਬੋਲੀ ਡੀ ਸੂਫ਼' ਨੂੰ ਉਸ ਪੁਸਤਕ ਦੀ ਸਰਵੋਤਮ ਰਚਨਾ ਕਿਹਾ । ਪਰ ਕੁਦਰਤ ਨੂੰ ਜੋ ਮਨਜ਼ੂਰ ਸੀ ਮੋਪਾਸਾਂ ਦਾ ਜੀਵਨ ਆਰੰਭ ਹੀ ਔਕੜਾਂ ਨਾਲ ਨਹੀਂ ਹੋਇਆ ਸਗੋਂ ਅੰਤ ਵੀ ਭਿਆਨਕ ਹੋ ਗਿਆ ਜੋ ਉਸ ਦੇ ਨਿੱਤ ਨੇੜੇ ਆਉਂਦਾ ਜਾਪਦਾ ਸੀ । ਫਿਰ ਵੀ ਮੋਪਾਸਾਂ ਨੇ 1891 ਤੱਕ 30 ਪੁਸਤਕਾਂ ਨਾਲ ਸਾਹਿਤ ਨੂੰ ਅਮੀਰੀ ਪ੍ਰਦਾਨ ਕੀਤੀ । ਮੋਪਾਸਾਂ ਅਤੇ ਚੈਖਵ ਨੂੰ ਅਸੀਂ ਆਧੁਨਿਕ ਨਿੱਕੀ ਕਹਾਣੀ ਦੇ ਜਨਮਦਾਤਾ ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ ।

ਮੋਪਾਸਾਂ ਦੀ 1881 ਵਿਚ ਛਪੀ ਪਹਿਲੀ ਕਹਾਣੀਆਂ ਦੀ ਪੁਸਤਕ 'ਲਾ ਮੇਸਨ ਟੈਲੀਅਰ' ਵੱਖ-ਵੱਖ ਵਿਸ਼ਿਆਂ 'ਤੇ ਲਿਖੀਆਂ ਕਹਾਣੀਆਂ ਦਾ ਸੰਗ੍ਰਹਿ ਸੀ ਜਿਸ ਵਿਚ ਉਸ ਨੇ ਬੜੇ ਕਲਾਤਮਿਕ ਢੰਗ ਨਾਲ ਅਤੇ ਸਥਿਰ ਵਿਚਾਰਾਂ ਨਾਲ ਵੱਖ-ਵੱਖ ਜੀਵਨ ਜੀਅ ਰਹੇ ਮਰਦਾਂ ਅਤੇ ਔਰਤਾਂ ਦਾ ਸਵੈ-ਅਨੁਭਵ ਰਾਹੀਂ ਪਰਖਿਆ ਜੀਵਨ ਬਿਆਨ ਕੀਤਾ ।

ਮੋਪਾਸਾਂ 19ਵੀਂ ਸਦੀ ਦੇ ਪਿਛਲੇ ਅੱਧ ਵਿਚ ਪੈਦਾ ਹੋਣ ਵਾਲੇ ਵਿਸ਼ਵ ਦੇ ਉਨ੍ਹਾਂ ਮਹਾਨ ਕਹਾਣੀਕਾਰਾਂ ਵਿਚੋਂ ਹੈ ਜਿਨ੍ਹਾਂ ਦੀ ਰਚਨਾ, ਜਿਨ੍ਹਾਂ ਦੀ ਲੋਕਪ੍ਰਿਯਤਾ ਅਤੇ ਜਿਨ੍ਹਾਂ ਦਾ ਸਾਹਿਤਕ ਮਹੱਤਵ ਸਮੇਂ ਨਾਲ ਵੱਧਦਾ ਗਿਆ ਹੈ । ਮੋਪਾਸਾ ਫਰਾਂਸ ਅਤੇ ਯੂਰਪ ਦੇ ਉਨ੍ਹਾਂ ਯਥਾਰਥਵਾਦੀ ਲੇਖਕਾਂ ਬਾਲਜ਼ਾਕ, ਗੋਨਕੋਰਦ ਬੰਧੂ, ਫਲਾਬੇਅਰ, ਜ਼ੋਲਾ, ਟਾਲਸਟਾਏ, ਚੈਖਵ, ਤੁਰਗਨੇਵ ਆਦਿ ਦੀ ਪ੍ਰੰਪਰਾ ਦੇ ਮਹਾਨ ਲੇਖਕ ਹਨ ਜਿਨ੍ਹਾਂ ਨੇ ਜੀਵਨ ਦੀਆਂ ਵਾਸਤਵਿਕਤਾਵਾਂ ਦਾ ਗੰਭੀਰ ਕਲਾਤਮਿਕ ਚਿਤਰਣ ਕੀਤਾ ਹੈ । ਮੋਪਾਸਾਂ ਦੀਆਂ ਕਹਾਣੀਆਂ ਅਤੇ ਨਾਵਲਾਂ ਵਿਚ, ਵਿਭਿੰਨ ਕਿਸਮ ਦੀਆਂ ਪ੍ਰਸਥਿਤੀਆਂ ਵਿਚ ਪੈ ਕੇ ਮਨੁੱਖ ਕਿਸ ਪ੍ਰਕਾਰ ਵਰਤਾਉ ਕਰਦਾ ਹੈ, ਕਿੰਝ ਉਨ੍ਹਾਂ ਤੋਂ ਪ੍ਰਭਾਵਿਤ ਹੁੰਦਾ ਹੈ, ਕਿੰਝ ਪ੍ਰੇਮ ਜਾਂ ਘ੍ਰਿਣਾ ਕਰਦਾ ਹੈ, ਅਤੇ ਸਮਾਜਿਕ ਜੀਵਨ ਦੀਆਂ ਸਾਰੀਆਂ ਅਵਸਥਾਵਾਂ ਅਤੇ ਸਾਰਿਆਂ ਪੱਧਰਾਂ 'ਤੇ ਕਿੰਝ ਇਕ ਸੰਘਰਸ਼ ਵਿਚ ਭਾਗ ਲੈ ਲੈਂਦਾ ਹੈ ਇਸ ਦਾ ਸਿੱਧੇ ਸਾਧੇ ਢੰਗ ਨਾਲ ਸਬੰਧਤ ਅਤੇ ਆਰਥਿਕ ਉਦਘਾਟਨ ਹੋਇਆ ਹੈ। ਇਹੋ ਕਾਰਣ ਹੈ ਕਿ ਮੋਪਾਸਾਂ ਦੀਆਂ ਰਚਨਾਵਾਂ ਵਿਚ ਵਿਸ਼ਵ ਦੇ ਬਦਲਦੇ ਕਹਾਣੀ ਸਾਹਿਤ ਦੇ ਵਿਧਾਨ,

ਸ਼ਿਲਪ, ਟੈਕਨੀਕ ਅਤੇ ਉਦੇਸ਼ ਵਿਚ ਹੋਣ ਵਾਲੇ ਲੱਖਾਂ ਪਰਿਵਰਤਨਾਂ ਦੇ ਬਾਵਜੂਦ ਇਕ ਸਦੀਵੀ ਤਾਜ਼ਗੀ ਹੈ ਕਿ ਮੋਪਾਸਾਂ ਦੀਆਂ ਕਹਾਣੀਆਂ ਅਤੇ ਉਪਨਿਆਸ ਉਨ੍ਹੀਵੀਂ ਸਦੀ ਦੇ ਅੰਤ ਵਿਚ ਨਹੀਂ ਸਗੋਂ ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਲਿਖੇ ਗਏ ਹੋਣ।

ਮੋਪਾਸਾਂ ਦੀ ਕਲਾ ਹੈਨਰ ਜੇਮਜ਼ ਅਤੇ ਉਨ੍ਹਾਂ ਦੇ ਬਾਅਦ ਦੇ ਅੰਤਰਮੁਖੀ ਕਹਾਣੀਕਾਰਾਂ ਵਾਂਗ ਪਾਤਰਾਂ ਦੀਆਂ ਮਾਨਸਿਕ ਪ੍ਰਤੀਕ੍ਰਿਆਵਾਂ ਦੇ ਮਾਧਿਅਮ ਨਾਲ ਵਸਤੂ-ਸਥਿਤੀ ਦਾ ਇਕ ਪੱਖੀ ਅਤੇ ਅਸਬੰਧਤ ਚਿਤਰਣ ਨਹੀਂ ਕਰਦੀ, ਸਗੋਂ ਬਾਹਰੀ ਘਟਨਾਵਾਂ ਅਤੇ ਉਨ੍ਹਾਂ ਦੇ ਪ੍ਰਭਾਵਾਂ, ਵਿਅਕਤੀ ਪਾਤਰ ਦੇ ਚਰਿਤਰ ਪਰਿਵਰਤਨਾਂ ਅਤੇ ਬਾਹਰੀ ਕ੍ਰਿਆਵਾਂ-ਪ੍ਰਤਿਕ੍ਰਿਆਵਾਂ ਦੇ ਮਾਧਿਅਮ ਨਾਲ ਮਾਨਵ-ਦਿਲ ਦੇ ਗੰਭੀਰ ਰਹੱਸਾਂ ਦਾ ਉਦਘਾਟਨ ਕਰਦੀ ਹੈ ।

ਅਦੁੱਤੀ ਪ੍ਰਸਿੱਧੀ ਅਤੇ ਲੋਕਪ੍ਰਿਯਤਾ ਦੇ ਬਾਵਜੂਦ ਮੋਪਾਸਾਂ ਦੀਆਂ ਲਿਖਤਾਂ ਸਬੰਧੀ ਕੁਝ ਲੋਕਾਂ ਦੀ ਇਹ ਗ਼ਲਤ ਧਾਰਨਾ ਅੱਜ ਵੀ ਬਣੀ ਹੋਈ ਹੈ ਕਿ ਉਹ ਅਸ਼ਲੀਲਤਾ ਦਾ ਚਿਤਰਣ ਵਧੇਰੇ ਕਰਦਾ ਹੈ । ਪਰ ਅਸਲ ਇਸ ਦੇ ਉਲਟ ਹੈ। ਵੇਸਵਾਵਾਂ, ਘਟੀਆਂ ਔਰਤਾਂ ਅਤੇ ਅਨੈਤਿਕ ਪੁਰਸਾਂ ਦਾ ਚਿਤਰਣ ਮੋਪਾਸਾਂ ਨੇ ਜੇਕਰ ਆਪਣੀਆਂ ਅਨੇਕ ਕਹਾਣੀਆਂ ਵਿਚ ਕੀਤਾ ਹੈ ਤਾਂ ਨੰਗੇਜ਼ ਦਾ ਪ੍ਰਦਰਸ਼ਨ ਕਰਨ ਲਈ ਨਹੀਂ ਸਗੋਂ ਆਪਣੇ ਸਮੇਂ ਦੀ ਫਰਾਂਸੀਸੀ ਸਮਾਜ ਦੀ ਗੰਦਗੀ ਦਾ ਪਰਦਾਫਾਸ਼ ਕਰਨ ਦੇ ਉਦੇਸ਼ ਨਾਲ ਮੋਪਾਸਾਂ ਇਕ ਅਜਿਹੇ ਸੁਲਝੇ ਹੋਏ ਕਲਾਕਾਰ ਸਨ ਕਿ ਉਹ ਆਪਣੇ ਸਮਾਜਿਕ ਉਦੇਸ਼ਾਂ ਜਾਂ ਦ੍ਰਿਸ਼ਟੀਕੋਣਾਂ ਨੂੰ ਕਦੀ ਸਪੱਸ਼ਟ ਸਥੂਲ ਸ਼ਬਦਾਂ ਵਿਚ ਪਰਗਟ ਨਹੀਂ ਸੀ ਹੋਣ ਦਿੰਦੇ । ਮੋਪਾਸਾਂ ਦੀਆਂ ਸਾਰੀਆਂ ਲਿਖਤਾਂ ਯਥਾਰਥਕ ਹਨ। ਉਨ੍ਹਾਂ ਵਿਚ ਨਾਰਸਨ ਦੇ ਪੇਂਡੂ ਇਲਾਕੇ ਅਤੇ ਸਮੁੰਦਰੀ ਤਟ ਦੇ ਜੀਵਨ ਦਾ ਸੁਹਿਰਦ, ਕੋਮਲ ਅਤੇ ਨਿੱਘਾ ਪ੍ਰਗਟਾਅ ਮਿਲਦਾ ਹੈ। ਉਸ ਦੀਆਂ ਕਈ ਕਹਾਣੀਆਂ ਵਿਚ ਤਾਂ ਇੰਨੀ ਦੁਖਾਂਤਕ ਪ੍ਰਬਲਤਾ ਹੈ ਕਿ ਟੈਨੀ (Taine) ਨੇ ਉਨ੍ਹਾਂ ਦਾ ਮੁਕਾਬਲਾ ਐਸਕਾਈਲਸ (Aeschylus) ਦੇ ਨਾਟਕਾਂ ਨਾਲ ਕੀਤਾ ਹੈ । ਉਦਾਹਰਣ ਵਜੋਂ ਲਾਪੋਰਟ (Le port) ਅਤੇ ਲਾ ਚੈਪ ਡੀਉਲੀਵਿਅਰਜ (Le Champ d' oliviers ਆਦਿ) ਉਹ ਆਪਣੇ ਤੇ ਮਜ਼ਲੂਮ ਪਾਤਰਾਂ ਨੂੰ ਵੀ ਯੂਨਾਨੀ ਦੁਖਾਂਤ ਦੇ ਨਾਇਕਾਂ ਵਾਂਗ ਪੇਸ਼ ਕਰਦਾ ਹੈ ਜਿਨ੍ਹਾਂ ਦੀ ਜ਼ਿੰਦਗੀ ਲੋੜਾਂ ਥੋੜ੍ਹਾ ਨਾਲ ਜੁੜੀ, ਹੋਣੀ ਦੇ ਹੱਥੋਂ ਮਾਰ ਖਾਂਦੀ ਹੈ ਫਿਰ ਵੀ ਉਹ ਭਰ-ਜੋਬਨ ਉਦਮ ਨਾਲ ਹਾਲਾਤ ਦਾ ਟਾਕਰਾ ਕਰਦੇ ਜਾਂਦੇ ਹਨ । ਇਹ ਅਸਲੋਂ ਉਸ ਦੇ ਨਾਲ ਆਪਣੀ

ਜੀਵਨ ਦੀ ਤ੍ਰਾਸਦੀ ਸੀ ਜਿਸ ਦੁਆਰਾ ਉਹ ਆਪਣੀਆਂ ਲਿਖਤਾਂ ਵਿਚ ਰੂਪਮਾਨ ਹੁੰਦਾ ਹੈ । ਜਿੰਨਾ ਚਿਰ ਉਸ ਦੀ ਪੀੜ ਅਝੱਲ ਨਾ ਹੋ ਗਈ ਉਹ ਨਿਰਾਸ਼ ਨਹੀਂ ਹੋਇਆ । ਫਿਰ 2 ਜਨਵਰੀ 1892 ਨੂੰ ਉਸ ਨੇ ਆਪਣਾ ਗਲਾ ਕੱਟ ਲੈਣ ਦਾ ਅਸਫ਼ਲ ਯਤਨ ਵੀ ਕੀਤਾ । ਉਸ ਦੀਆਂ ਬਹੁਤ ਸਾਰੀਆਂ ਕਹਾਣੀਆ ਪਾਗ਼ਲਪਣ ਦੀ ਗਾਥਾ ਹਨ ਇਸ ਦਾ ਕਾਰਨ ਇਹੋ ਹੈ ਕਿ ਉਹ ਉਨ੍ਹੀ ਦਿਨੀਂ ਇਸੇ ਤਰ੍ਹਾਂ ਦੀ ਅਵਸਥਾ ਵਿਚੋਂ ਦੀ ਲੰਘ ਰਿਹਾ ਸੀ । ਫਿਰ ਵੀ ਇਨ੍ਹਾਂ ਕਹਾਣੀਆਂ ਵਿਚ ਮੋਪਾਸਾ ਆਪਣਾ ਸੰਤੁਲਨ ਨਹੀਂ ਖੋਂਦਾ, ਉਹ ਕਹਾਣੀ ਦੇ ਪਾਤਰ ਨਾਲ ਪਾਗ਼ਲ ਵਾਂਗ ਨਹੀਂ ਸਗੋਂ ਇਕ ਡਾਕਟਰ ਵਾਂਗ ਵਰਤਾਉ ਕਰਦਾ ਹੈ । ਉਸ ਦੀਆਂ ਅੰਤਿਮ ਰਚਨਾਵਾਂ ਤੱਕ ਵੀ ਉਹ ਕਿਸੇ ਥਾ ਦਿਮਾਗ਼ੀ ਪੱਧਰ ਨੂੰ ਖ਼ਰਾਬ ਨਹੀਂ ਹੋਣ ਦਿੰਦਾ, ਉਸ ਦੀ ਫਰਾਂਸੀਸੀ ਭਾਸ਼ਾ ਵਿਚ ਕੀਤੀ ਰਚਨਾ ਦੀ ਕੋਮਲ ਨਿਰਛਲਤਾ ਅਤੇ ਉਸ ਦੀ ਕਲਪਨਾ ਦਾ ਵਿਸ਼ਾਲ ਘੇਰਾ ਹੀ ਉਹ ਵਿਸ਼ੇਸ਼ ਗੁਣ ਹਨ ਜਿਨ੍ਹਾਂ ਕਰ ਕੇ ਉਸ ਦੀਆਂ ਲਿਖਤਾਂ ਫਰਾਂਸ ਤੋਂ ਬਾਹਰ ਵੀ ਲੋਕਪ੍ਰਿਯ ਹੋਈਆਂ ਹਨ। ਉਸ ਦੀਆਂ ਕਹਾਣੀਆਂ ਅਤੇ ਨਾਵਲਾਂ ਉੱਪਰ ਅਧਾਰਤ ਬਣਾਈਆਂ ਗਈਆਂ ਫਿਲਮਾਂ ਅੱਜ ਵੀ ਇਕ ਸਦੀ ਤੋਂ ਵੱਧ ਸਮਾਂ ਲੰਘ ਜਾਣ ਪਿੱਛੋਂ ਇੰਞ ਤਾਜ਼ਾ ਲੱਗਦੀਆਂ ਹਨ ਜਿਵੇਂ ਸਾਡੇ ਸਮੇਂ ਦੀ ਹੀ ਕੋਈ ਗੱਲ ਕਰ ਰਹੀਆਂ ਹੋਣ । ਮੋਪਾਸਾ ਆਪਣੀਆਂ ਲਿਖਤਾਂ ਸਬੰਧੀ ਆਪਣਾ ਉਦੇਸ਼ ਦੱਸਦਿਆਂ ਆਪ ਲਿਖਦੇ ਹਨ, "ਸਾਡਾ ਮਨੁੱਖ ਅਤੇ ਜੀਵਨ ਤੋਂ ਬਿਨਾਂ ਹੋਰ ਕੋਈ ਉਦੇਸ਼ ਨਹੀਂ ਹੈ, ਇਸ ਲਈ ਇਨ੍ਹਾਂ ਦੀ ਕਲਾਤਮਕ ਤਰਜਮਾਨੀ ਹੋਣੀ ਚਾਹੀਦੀ ਹੈ। "ਇਹੋ ਮੱਤ ਉਸ ਦੀਆਂ ਤਿੰਨ ਸੌ ਤੋਂ ਵੱਧ ਲਿਖੀਆਂ ਕਹਾਣੀਆਂ ਤੇ ਲਾਗੂ ਹੁੰਦਾ ਹੈ ।

ਮੋਪਾਸਾਂ ਦੀਆਂ ਕਹਾਣੀਆਂ ਨਾਲ ਹਿੰਦੀ ਦੇ ਪਾਠਕ ਭਲੀ ਪ੍ਰਕਾਰ ਜਾਣੂ ਹਨ, ਪਰ ਪੰਜਾਬੀ ਪਾਠਕਾਂ ਨੂੰ ਉਸ ਮਹਾਨ ਲੇਖਕ ਦੀਆਂ ਚੋਣਵੀਆਂ ਕਹਾਣੀਆਂ ਦਾ ਇਹ ਸੰਗ੍ਰਹਿ ਭਾਸ਼ਾ ਵਿਭਾਗ ਦੀ ਕਲਾਸਕੀ ਸਾਹਿਤ ਦੇ ਅਨੁਵਾਦ ਦੀ ਯੋਜਨਾ ਅਧੀਨ ਭੇਟ ਕੀਤਾ ਜਾ ਰਿਹਾ ਹੈ।

ਇਸ ਸੰਗ੍ਰਹਿ ਦੀਆਂ 45 ਕਹਾਣੀਆਂ ਮੋਪਾਸਾਂ ਦੀਆਂ ਲਿਖਤਾਂ ਵਿਚੋਂ ਪ੍ਰਤੀਨਿਧ ਲਿਖਤਾਂ ਲਈਆਂ ਗਈਆਂ ਹਨ। ਇਨ੍ਹਾਂ ਦੀ ਚੋਣ ਵਿਚ ਕਿਸੇ ਕ੍ਰਮ ਜਾਂ ਤਰਤੀਬ ਨੂੰ ਮੁੱਖ ਰੱਖ ਕੇ ਪਰਖਣੀ ਜ਼ਰੂਰੀ ਨਹੀਂ ਹੈ। ਉਦਾਹਰਣ ਵਜੋਂ (Ball of fat) ਜੋ ਪਹਿਲਾ ਲਿਖੀ ਗਈ ਸੀ ਬਾਅਦ ਵਿਚ ਰੱਖੀ ਗਈ ਹੈ ਅਤੇ ' ਹੋਰਲਾ" ਜੋ ਅਣਜਾਣ ਅਵਸਥਾ ਦੀ ਕਿਰਤ ਹੈ ਇਸ ਸੰਗ੍ਰਹਿ ਵਿਚ ਪਹਿਲਾਂ ਰੱਖੀ ਗਈ ਹੈ ।

ਇਸ ਦਾ ਕਾਰਨ ਇਹ ਹੈ ਕਿ ਇਸ ਪ੍ਰਸਤਕ ਵਿਚ ਹਰ ਵੰਨਗੀ ਸੰਤੁਲਨ ਅਤੇ ਉਤਸ਼ਾਹ ਦੀ ਪ੍ਰਤੀਨਿਧ ਕਹਾਣੀ ਲਿਆਂਦੀ ਜਾਣਾ ਇਕ ਉਦੇਸ਼ ਹੈ । ਚੰਗੇ ਫਲ ਛਾਂਟ ਕੇ ਟੋਕਰੀ ਦੇ ਉੱਪਰ ਸਜਾ ਲੈਣ ਵਾਲੀ ਸੰਤਾਨ ਸੱਚ ਇਸ ਨਾਲ ਨਹੀਂ ਜੋੜੀ ਗਈ। ਆਸ ਹੈ ਭਾਸ਼ਾ ਵਿਭਾਗ ਦਾ ਇਹ ਯਤਨ ਪਾਠਕਾਂ ਨੂੰ ਪਸੰਦ ਆਵੇਗਾ ਅਤੇ ਇਸ ਮਾਧਿਅਮ ਰਾਹੀਂ ਉਹ ਵਿਸ਼ਵ ਕਲਾਸਕੀ ਸਾਹਿਤ ਨਾਲ ਜੁੜ ਸਕਣਗੇ ।

# ਮਡੈਮੋਸਿਲੀ ਫਿਫੀ

ਮੇਜਰ ਗ੍ਰਾਫ ਵਾਨ ਫਰਲਸਬਰਗ, ਈਰਾਨੀ ਫ਼ੌਜੀ ਸਰਦਾਰ, ਬਾਂਹਾਂ ਵਾਲੀ ਵੱਡੀ ਕੁਰਸੀ ’ਤੇ ਢੋ ਲਾ ਕੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਉਸ ਨੇ ਬੂਟ ਪਾਏ ਪੈਰ ਸੰਗਮਰਮਰੀ ਅੰਗੀਠੀ ’ਤੇ ਰੱਖੇ ਹੋਏ ਸਨ, ਜਿੱਥੇ ਉਸ ਦੀਆਂ ਅੱਡੀਆਂ ਨੇ ਦੋ ਸੁਰਾਖ਼ ਕਰ ਦਿਤੇ ਸਨ, ਜੋ ਉਸ ਦੇ ਓਰਵਿਲੇਦੀ ਪੇਂਡੂ ਹਵੇਲੀ ਵਿੱਚ ਤਿੰਨ ਮਹੀਨੇ ਰਹਿਣ ਦੇ ਦੌਰਾਨ ਹਰ ਰੋਜ਼ ਡੂੰਘੇ ਹੋ ਰਹੇ ਸਨ।

ਅੰਦਰ ਪਏ ਇਕ ਛੋਟੇ ਮੇਜ਼ ’ਤੇ ਪਏ ਕਾਫ਼ੀ ਦੇ ਇਕ ਕੱਪ ’ਚੋਂ ਭਾਫ਼ ਨਿਕਲ ਰਹੀ ਸੀ। ਮੇਜ਼ ’ਤੇ ਤਰ੍ਹਾਂ-ਤਰ੍ਹਾਂ ਦੀ ਸ਼ਰਾਬ ਦੇ ਧੱਬੇ ਪਏ ਹੋਏ ਸਨ, ਉਹ ਸਿਗਰਟ ਨਾਲ ਸੜਿਆ ਹੋਇਆ ਸੀ, ਇਸ ’ਤੇ ਜੇਤੂ ਅਫ਼ਸਰ ਦੇ ਪੈੱਨ, ਚਾਕੂ ਨਾਲ ਝਰੀਟਾਂ ਵੱਜੀਆਂ ਹੋਈਆਂ ਸਨ, ਜੋ ਕਦੇ ਸ਼ਕਲਾਂ ਆਦਿ ਬਣਾਉਣ ਜਾਂ ਇਸ ’ਤੇ ਡਰਾਇੰਗ ਕਰਨ ਲਈ ਜਿਵੇਂ ਉਸ ਦਾ ਖ਼ਿਆਲ ਆਉਂਦਾ, ਪੈਨਸਿਲ ਤਿੱਖੀ ਕਰਨ ਸਮੇਂ ਰੁਕ ਜਾਂਦਾ ਸੀ।

ਜਦੋਂ ਉਸ ਨੇ ਆਪਣੇ ਚਿੱਠੀ-ਪੱਤਰ ਅਤੇ ਜਰਮਨ-ਅਖ਼ਬਾਰਾਂ, ਜੋ ਉਸ ਦਾ ਨੌਕਰ ਉਸ ਲਈ ਲਿਆਇਆ ਸੀ, ਪੜ੍ਹ ਲਈਆਂ ਸਨ, ਤਾਂ ਉਹ ਉੱਠਿਆ ਅਤੇ ਲੱਕੜੀ ਦੇ ਤਿੰਨ ਜਾਂ ਚਾਰ ਵੱਡੇ ਟੁਕੜੇ ਅੱਗ ਵਿੱਚਸੁੱਟਣ ਮਗਰੋਂ-ਕਿਉਂ ਜੋ ਇਹ ਵਿਅਕਤੀ ਆਪਣੇ ਆਪ ਨੂੰ ਨਿੱਘੇ ਰੱਖਣ ਲਈ ਹੌਲ਼ੀ-ਹੌਲ਼ੀ ਪਾਰਕ ਵਿੱਚੋਂ ਲੱਕੜਾਂ ਵੱਢ ਰਿਹਾ ਸੀ, ਉਹ ਖਿੜਕੀ ਵੱਲ ਚਲਾ ਗਿਆ। ਜ਼ੋਰ ਜ਼ੋਰ ਦਾ ਮੀਂਹ ਪੈ ਰਿਹਾ ਸੀ, ਇਹ ਲੱਗਾਤਾਰ ਨਾਰਮਡੀ ਮੀਂਹ, ਜੋ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਇਕ ਗੁੱਸੇ ਭਰੇ ਵਿਅਕਤੀ ਵੱਲੋਂ ਪਾਇਆ ਜਾ ਰਿਹਾ ਹੋਵੇ, ਤਿਰਛੀ ਬੁਛਾੜ ਸੀ, ਇੰਝ ਪੈ ਰਿਹਾ ਸੀ, ਜਿਵੇਂ ਮੀਂਹ ਦੀ ਕੰਧ ਖੜ੍ਹੀ ਹੋਵੇ, ਜਿਸ ਨੇ ਜਲ-ਪਰਲੋਂ ਲਿਆ ਦਿੱਤੀ ਸੀ,

ਲੱਗਾਤਾਰ ਮੀਂਹ ਜਿਹੜਾ ਕਿਸੇ ਨੇ ਗੁਆਂਢੀ ਰੂਨ ਵਿੱਚ ਵੇਖਿਆ ਸੀ, ਜੋ ਫ਼ਰਾਂਸ ਦਾ ਜਲ-ਸਤੰਭ ਸੀ।

ਉਸ ਨੇ ਕਾਫ਼ੀ ਸਮਾਂ ਤਰੋ-ਤਰ ਮੈਦਾਨ ਅਤੇ ਚੜ੍ਹੇ ਹੋਏ ਅੰਡਲੇ ਵੱਲ ਵੇਖਿਆ ਜੋ ਆਪਣੇ ਕੰਢਿਆਂ ਤੱਕ ਵਹਿ ਰਿਹਾ ਸੀ ਅਤੇ ਉਹ ਰੇਨ ਦੇ ਲਾਗੇ ਨਾਚ ਨੱਚਦਾ ਖਿੜਕੀ ਦਾ ਸ਼ੀਸ਼ਾ ਆਪਣੀਆਂ ਉਂਗਲਾਂ ਨਾਲ ਵਜਾ ਰਿਹਾ ਸੀ, ਜਦੋਂ ਸ਼ੋਰ ਨੇ ਉਸ ਨੂੰ ਭੌਂ ਜਾਣ ਲਈ ਮਜ਼ਬੂਰ ਕੀਤਾ; ਇਹ ਉਸ ਤੋਂ ਅਗਲਾ ਮਾਤਹਿਤ ਫ਼ੌਜੀ ਅਫ਼ਸਰ ਕੈਪਟਨ ਬੈਰਨ ਵਾਨ ਕੁਲਵੈਨਸ-ਟੀਨ ਸੀ।

ਮੇਜਰ ਬੜਾ ਸ਼ਕਤੀਸ਼ਾਲੀ ਵਿਅਕਤੀ ਸੀ, ਉਸ ਦੇ ਵਿਸ਼ਾਲ ਮੋਢੇ ਸਨ, ਉਸ ਦੀ ਬੀਬੀ ਖੁੱਲ੍ਹੀ ਲੰਮੀ ਦਾੜ੍ਹੀ, ਉਸ ਦੀ ਛਾਤੀ ਇੰਝ ਵਿਖਾਈ ਦੇ ਰਹੀ ਸੀ ਜਿਵੇਂ ਉਸ ਦੀ ਛਾਤੀ ’ਤੇ ਕੋਈ ਕੱਪੜਾ ਲਿਆ ਹੋਵੇ। ਉਸ ਦਾ ਇਕ ਦ੍ਰਿੜ੍ਹ ਵਿਅਕਤੀ ਮਿਲਟਰੀ ਪੀ-ਕਾੱਦ ਵਾਂਗ ਲੱਗਦਾ ਸੀ।ਪੀ-ਕਾੱਦ ਜਿਸ ਦੀ ਪੂਛ ਉਸ ਦੀ ਛਾਤੀ ਤੱਕ ਸੀ। ਉਸ ਦੀਆਂ ਅੱਖਾਂ ਸ਼ਾਂਤ, ਕੋਮਲ ਤੇ ਬਲੌਰੀ ਸਨ, ਅਤੇ ਜਿਸ ’ਤੇ ਤਲਵਾਰ ਦੇ ਘਾਉ ਦਾ ਨਿਸ਼ਾਨ ਸੀ ਜਿਹੜਾ ਉਸ ਨੂੰ ਆਸਟਰੀਆ ਦੀ ਲੜਾਈ ਸਮੇਂ ਲੱਗਾ ਸੀ; ਉਸ ਨੂੰ ਇਕ ਸਨਮਾਨਯੋਗ ਤੇ ਬਹਾਦਰ ਅਫ਼ਸਰ ਕਿਹਾ ਜਾਂਦਾ ਸੀ।

ਕੈਪਟਨ ਛੋਟੇ ਕੱਦ ਦਾ ਲਾਲ-ਸੁਰਖ਼ ਚਿਹਰੇ ਵਾਲਾ ਵਿਅਕਤੀ ਸੀ, ਉਸ ਦੀ ਕਮਰ ਘੁੱਟੀ ਹੋਈ ਸੀ, ਉਸ ਦੇ ਸਿਰ ਦੇ ਨਾਲ਼-ਨਾਲ਼ ਭੂਰੇ ਵਾਲ ਸਨ ਤੇ ਉਸ ਦਾ ਸਿਰ ਇੰਝ ਚਮਕ ਰਿਹਾ ਸੀ ਜਿਵੇਂ ਉਸ ਨੇ ਫ਼ਾਸਫੋਰਸ ਲਾਈ ਹੋਵੇ। ਇਕ ਵਾਰ ਰਾਤ ਸਮੇਂ ਉਸ ਦੇ ਦੋ ਦੰਦ ਨਿਕਲ ਗਏ। ਹੁਣ ਉਸ ਨੂੰ ਇਹ ਨਹੀਂ ਪਤਾ ਕਿ ਕਿਵੇਂ ਨਿਕਲ ਗਏ ਸਨ। ਇਸ ਔਗੁਣ ਕਾਰਨ ਉਹ ਇਸ ਤਰ੍ਹਾਂ ਬੋਲਦਾ ਸੀ ਕਿ ਉਸ ਦੀ ਅਵਾਜ਼ ਹਮੇਸ਼ਾ ਪੂਰੀ ਤਰ੍ਹਾਂ ਸਮਝੀ ਨਹੀਂ ਜਾ ਸਕਦੀ ਸੀ ਅਤੇ ਉਸ ਦੇ ਸਿਰ ’ਤੇ ਗੰਜ ਸੀ, ਜਿਸ ਕਰਕੇ ਉਹ ਇਕ ਸਾਧੂ ਜਾਪਦਾ ਸੀ, ਜਿਸ ਦੀ ਨੰਗੀ ਚਮੜੀ ਤੇ ਘੁੰਗਰਾਲੇ, ਚਮਕੀਲੇ ਸੁਨਹਿਰੀ ਵਾਲ ਹੋਣ।

ਕਮਾਂਡਰ ਨੇ ਉਸ ਨਾਲ ਹੱਥ ਮਿਲਾਇਆ ਅਤੇ ਆਪਣਾ ਕਾਫ਼ੀ ਦਾ ਕੱਪ (ਸਵੇਰ ਦਾ ਛੇਵਾਂ) ਇਕ ਘੁੱਟ ਵਿੱਚ ਪੀ ਲਿਆ ਅਤੇ ਆਪਣੇ ਮਾਤਹਿਤ ਦੀ ਰਿਪੋਰਟ ਕਿ ਕੀ ਵਾਪਰਿਆ ਸੀ, ਸੁਣੀ; ਫਿਰ ਉਹ ਦੋਵੇਂ ਖਿੜਕੀ ਵੱਲ ਚਲੇ ਗਏ ਅਤੇ ਕਿਹਾ ਕਿ ਹਾਲਤ ਬੜੀ ਮਾਯੂਸੀ ਵਾਲੀ ਸੀ। ਮੇਜਰ, ਜਿਹੜਾ ਸ਼ਾਂਤ-ਸੁਭਾ

ਵਿਅਕਤੀ ਸੀ ਅਤੇ ਜਿਸ ਦੀ ਪਤਨੀ ਘਰ ਸੀ, ਹਰ ਹਾਲਤ ਵਿੱਚ ਆਪਣੇ ਆਪ ਨੂੰ ਢਾਲ ਲੈਂਦਾ ਸੀ, ਪਰੰਤੂ, ਕੈਪਟਨ ਤੇਜ਼ ਸੁਭਾ ਦਾ ਸੀ, ਛੋਟੀਆਂ ਛੋਟੀਆਂ ਗੱਲਾਂ ਵੱਲ ਰੁਚਿਤ ਹੋਣ ਦਾ ਆਦੀ ਸੀ ਅਤੇ ਉਸ ਦਾ ਧਿਆਨ ਇਸਤਰੀਆਂ ਵੱਲ ਵਧੇਰੇ ਰਹਿੰਦਾ ਸੀ, ਇਸ ਲਈ ਉਹ ਤਿੰਨ ਮਹੀਨੇ ਮਜ਼ਬੂਰੀ ਦੀ ਹਾਲਤ ਵਿੱਚ ਇਸ ਘਟੀਆ ਥਾਂ ’ਤੇ ਰਹਿਣ ਕਰਕੇ ਪਾਗ਼ਲ ਹੋ ਰਿਹਾ ਸੀ।

ਦਰਵਾਜ਼ੇ ’ਤੇ ਦਸਤੱਕ ਹੋਈ ਅਤੇਜਦੋਂ ਕੰਮਾਂਡੰਟ ਨੇ ਕਿਹਾ, “ਅੰਦਰ ਆ ਜਾਓ” ਤਾਂ ਉਨ੍ਹਾਂ ਦਾ ਇਕ ਸਿਪਾਹੀ ਆਇਆ ਅਤੇ ਉਸ ਨੇ ਕਿਹਾ ਕਿ ਨਾਸ਼ਤਾ ਤਿਆਰ ਹੈ। ਖਾਣੇ ਵਾਲੇ ਕਮਰੇ ਵਿੱਚਇਹ ਤਿੰਨ ਹੋਰ ਮਾਤਹਿਤ ਅਫ਼ਸਰਾਂ ਨੂੰ ਮਿਲੇ ਅਰਥਾਤ ਲਫ਼ਟੈਣ ਉਦੋਂ ਵਾਨ, ਗ੍ਰਸਲਿੰਗ ਅਤੇ ਉਪ-ਲਫ਼ਟੈਨ ਫ੍ਰਿਟਜ ਸਕਨਬਰਗ ਅਤੇ ਕਾਉਂਟ ਵਾਨ ਆਈਰਿਕ, ਇਕ ਛੋਟੇ ਕੱਦ ਦਾ ਸੁਹਣੇ ਵਾਲਾਂ ਵਾਲਾ ਵਿਅਕਤੀ, ਜੋ ਅਭਿਮਾਨੀ ਤੇ ਲੋਕਾਂ ਪ੍ਰਤੀ ਨਿਰਦਈ ਸੀ, ਕੈਦੀਆਂ ਪ੍ਰਤੀ ਸਖ਼ਤ ਸੀ ਅਤੇ ਬੜਾ ਜ਼ਾਲਮ ਸੀ।

ਜਦੋਂ ਉਹ ਫਰਾਂਸ ਵਿੱਚ ਸੀ, ਉਸ ਦੇ ਸਾਥੀ ਉਸ ਨੂੰ ਕੇਵਲ “ਮਡੈਮੋਸਿਲੀ ਫਿਫੀ” ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਨੇ ਉਸ ਦੀ ਇਹ ਗੱਲ ਉਸ ਦੇ ਛੈਲ-ਛਬੀਲੇ ਢੰਗ ਅਤੇ ਪਤਲੀ ਕਮਰ ਕਰਕੇ ਜੋ ਇੰਝ ਵਿਖਾਈ ਦਿੰਦੀ ਸੀ ਜਿਵੇਂ ਉਸ ਨੇ ਕੋਈ ਸਹਾਰਾ ਲਿਆ ਹੋਵੇ ‘ਉਸੇ ਦੇ ਪੀਲੇ ਮੂੰਹ ਜਿਸ ’ਤੇ ਮੁੱਛਾਂ ਫੁੱਟ ਰਹੀਆਂ ਸਨ, ਉਸ ਦੀ ਆਦਤ ਜਿਸ ਕਰਕੇ ਉਹ ਸੀਟੀ ਮਾਰ ਕੇ ਫਰਾਂਸੀਸੀ ਵਿੱਚ“ਚੰਗਾ ਫਿਰ” ਕਿਹਾ ਕਰਦਾ ਸੀ, ਪਾਈ ਸੀ।

ਗੜ੍ਹੀ ਦਾ ਖਾਣੇ ਦਾ ਕਮਰਾ, ਬਹੁਤ ਸੋਹਣਾ ਤੇ ਵੱਡਾ ਸੀ ਜਿਸ ਦੇ ਵਧੀਆ ਪੁਰਾਣੇ ਸ਼ੀਸ਼ੇ ਹੁਣ ਪਿਸਤੌਲ ਦੀਆਂ ਗੋਲ਼ੀਆਂ ਨਾਲ ਤਿੜਕ ਗਏ ਸਨ ਅਤੇ ਫੈਲਮਸ ਪਰਦੇ ਤਲਵਾਰਾਂ ਦੇ ਘਾਤ ਨਾਲ ਲੀਰਾਂ ਹੋ ਗਏ ਸਨ ਅਤੇ ਕਈ ਥਾਂ ’ਤੇ ਲੀਰਾਂ ਲਮਕ ਰਹੀਆਂ ਸਨ ਜੋ ਤਲਵਾਰ ਨਾਲ ਕੱਟੀਆਂ ਹੋਈਆਂ ਸਨ, ਇਹ ਸਭ ਕੁਝ ਮਡੈਮੋਸਿਲੀ ਫਿਫੀ ਦੇ ਵਿਹਲੇ ਸਮੇਂ ਦੇ ਕੰਮ ਨੂੰ ਦਰਸਾਉਂਦੇ ਹਨ।

ਦੀਵਾਰ ਉੱਤੇ ਪਰਿਵਾਰ ਦੀਆਂ ਤਿੰਨ ਤਸਵੀਰਾਂ ਲੱਗੀਆਂ ਹੋਈਆਂ ਸਨ। ਜਰਾਬਖਤਰ ਪਹਿਨੇ ਹੋਏ ਇਕ ਸੂਰਮਾ ! ਇਕ ਪੌਪ ਦੀ ਕੌਂਸਿਲ ਦਾ ਮੈਂਬਰ ਅਤੇ ਇਕ ਜੱਜ! ਇਹ ਸਾਰੇ ਲੰਮੀਆਂ ਲੰਮੀਆਂ ਪਾਈਪਾਂ ਦੇ ਕਸ਼ ਲਾ ਰਹੇ ਸਨ, ਜੋ ਮੋਟੇ

ਕੱਪੜੇ ਵਿੱਚ ਲਪੇਟੀਆਂ ਹੋਈਆਂ ਸਨ, ਜਦੋਂ ਕਿ ਕੋਲੇ ਨਾਲ ਇਕ ਔਰਤ ਦੀ ਸ਼ਕਲ ਬਣਾਈ ਹੋਈ ਸੀ ਜੋ ਲੰਬੀ ਸੀ, ਜਿਸ ਦੀ ਕਮਰ ਪਤਲੀ ਸੀ ਤੇ ਜਿਸ ਦੀਆਂ ਵੱਡੀਆਂ ਮੁੱਛਾਂ ਸਨ।

ਅਫ਼ਸਰਾਂ ਨੇ ਉਸ ਟੁੱਟੇ-ਭੱਜੇ ਕਮਰੇ ਵਿੱਚ ਆਪਣਾ ਨਾਸ਼ਤਾ ਲਿਆ ਜੋ ਬਰਸਾਤ ਵਿੱਚ ਬੜਾ ਅਜੀਬ ਅਤੇ ਦਿਲਗੀਰ ਜਾਪ ਰਿਹਾ ਸੀ ਭਾਵੇਂ ਉਸ ਦਾ ਪੁਰਾਣਾ ਫ਼ਰਸ਼ ਇਕ ਸਰਕਾਰੀ ਮਕਾਨ ਦੇ ਪੱਥਰ ਦੇ ਫ਼ਰਸ਼ ਵਾਂਗ ਮਜ਼ਬੂਤ ਬਣ ਗਿਆ ਸੀ।

ਜਦੋਂ ਉਨ੍ਹਾਂ ਨੇ ਖਾਣਾ ਖਾ ਲਿਆ ਸੀ ਅਤੇ ਸਿਗਰਟ ਅਤੇ ਸ਼ਰਾਬ ਪੀ ਰਹੇ ਸਨ ਤਾਂ ਉਨ੍ਹਾਂ ਨੇ ਆਪਣੇ ਅਜੀਬ ਜੀਵਨ ਬਾਰੇ ਜੋ ਉਹ ਗੁਜ਼ਾਰ ਰਹੇ ਸਨ, ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਬਰਾਂਡੀ ਅਤੇ ਸ਼ਰਾਬ ਦੀਆਂ ਬੋਤਲਾਂ ਹਰ ਇਕ ਨੂੰ ਦਿੱਤੀਆਂ ਗਈਆਂ ਅਤੇ ਸਾਰੇ ਆਪਣੀਆਂ ਕੁਰਸੀਆਂ ’ਤੇ ਬੈਠੇ ਆਪਣੇ ਗਲਾਸਾਂ ਵਿੱਚੋਂ ਹੌਲ਼ੀ-ਹੌਲ਼ੀ ਸਿੱਪ ਕਰ ਰਹੇ ਸਨ। ਉਹ ਆਪਣੇ ਮੂੰਹਾਂ ਵਿੱਚੋਂ ਹੁੱਕੇ ਦੀਆਂ ਲੰਮੀਆਂ ਬਣੀਆਂ ਨਲੀਆਂ ਜਿਨ੍ਹਾਂ ’ਤੇ ਪੀਣ ਵਾਲਿਆਂ ਦੀ ਰੌਚਕਤਾ ਲਈ ਨੱਕਾਸ਼ੀ ਕੀਤੀ ਗਈ ਸੀ, ਵੀ ਮੂੰਹੋਂ ਪੂਰੀ ਤਰ੍ਹਾਂ ਨਹੀਂ ਕੱਢਦੇ ਸਨ।

ਜਿਉਂ ਹੀ ਉਨ੍ਹਾਂ ਦੇ ਗਲਾਸ ਖ਼ਾਲੀ ਹੁੰਦੇ ਸਨ, ਉਹ ਉਨ੍ਹਾਂ ਨੂੰ ਮੁੜ ਭਰ ਲੈਂਦੇ ਸਨ ਭਾਵੇਂ ਥਕਾਵਟ ਮਹਿਸੂਸ ਕਰਦੇ ਸਨ ਪਰ ਮਡੈਮੋਸਿਲੀ ਫਿਫੀ ਆਪਣਾ ਗਲਾਸ ਹਰ ਮਿੰਟ ਵਿੱਚ ਖ਼ਾਲੀ ਕਰ ਲੈਂਦਾ ਸੀ ਅਤੇ ਸਿਪਾਹੀ ਉਸ ਨੂੰ ਉਸੇ ਵੇਲੇ ਦੂਸਰਾ ਦੇ ਦਿੰਦਾ ਸੀ। ਉਹ ਤੇਜ਼ ਤੰਬਾਕੂ ਦੇ ਸੰਘਣੇ ਧੂੰਏਂ ਵਿੱਚ ਲੁਕੇ ਹੋਏ ਸਨ, ਉਹ ਊਂਘ ਰਹੇ ਸਨ ਤੇ ਨਸ਼ੇ ਵਿੱਚ ਚੂਰ ਸਨ, ਨਸ਼ੇਬਾਜ਼ੀਦੀ ਅਜਿਹੀ ਅਜੀਬ ਹਾਲਤ ਵਿੱਚ ਜਦੋਂ ਕਿਸੇ ਨੇ ਕੁਝ ਨਹੀਂ ਕਰਨਾ ਹੁੰਦਾ ਅਤੇ ਜਦੋਂ ਅਚਾਨਕ ਨਵਾਬ ਉੱਠਿਆ ਤੇ ਉਸ ਨੇ ਕਿਹਾ, ‘ਰੱਬ ਦੀ ਸਹੁੰ; ਇੰਝ ਨਹੀਂ ਹੋਣਾ ਚਾਹੀਦਾ; ਸਾਨੂੰ ਕੁਝ ਕਰਨ ਲਈ ਜ਼ਰੂਰ ਸੋਚਣਾ ਚਾਹੀਦਾ ਹੈ' ਅਤੇ ਇਹ ਸੁਣ ਕੇ, ਲਫ਼ਟੈਣ ਓਟੋ ਅਤੇ ਉਪ ਲਫ਼ਟੈਨ ਫਰਿਟਜ ਜੋ ਨਸ਼ੇ ਵਿੱਚ ਗੁੱਟ ਸਨ, ਜਰਮਨ ਦੇ ਮੁਕਾਬਲੇ ਵਿੱਚ ਕਿਹਾ : ‘ਕੀ, ਕੈਪਟਨ?'

ਉਸ ਨੇ ਕੁਝ ਮਿੰਟਾਂ ਲਈ ਸੋਚਿਆ ਅਤੇ ਫਿਰ ਉੱਤਰ ਦਿੱਤਾ, “ਕੀ? ਠੀਕ, ਜੋ ਕੰਮਾਂਡੰਟ ਸਾਨੂੰ ਆਗਿਆ ਦੇਵੇ ਤਾਂ ਅਸੀਂ ਦਿਲ-ਪਰਚਾਵਾ ਕਰ ਲਈਏ।”

"ਕਿਸ ਤਰ੍ਹਾਂ ਦਾ ਦਿਲ-ਪਰਚਾਵਾ, ਕੈਪਟਨ"? ਮੇਜਰ ਨੇ ਪਾਈਪ ਆਪਣੇ ਮੂੰਹ ਵਿੱਚੋਂ ਬਾਹਰ ਕੱਢਦਿਆਂ ਕਿਹਾ। ਬੈਰਨ ਨੇ ਕਿਹਾ, ਕੰਮਾਂਡੰਟ, ਮੈਂ ਇਸ ਦਾ ਸਾਰਾ ਪ੍ਰਬੰਧ ਕਰ ਦੇਵਾਂਗਾ, ਮੈਂ ਲੀ ਡੀਵੋਰ ਨੂੰ ਰੂਨ ਭੇਜਾਂਗਾ ਜੋ ਸਾਡੇ ਲਈ ਕੁਝ ਔਰਤਾਂ ਲਿਆਵੇਗਾ। ਮੈਂ ਜਾਣਦਾ ਹਾਂ ਕਿ ਉਹ ਕਿੱਥੇ ਮਿਲ ਸਕਦੀਆਂ ਹਨ। ਅਸੀਂ ਇੱਥੇ ਰਾਤ ਦਾ ਖਾਣਾ ਲਵਾਂਗੇ ਕਿਉਂ ਜੋ ਸਾਰੇ ਪਦਾਰਥ ਸਾਡੇ ਪਾਸ ਹਨ ਅਤੇ ਅਸੀਂ ਰੰਗੀਨ ਸ਼ਾਮ ਮਨਾਵਾਂਗੇ"।

ਗ੍ਰਾਫਵਾਨ ਫਰਲਸਬਰਗ ਨੇ ਮੁਸਕਰਾਉਂਦਿਆਂ ਆਪਣੇ ਮੋਢੇ ਹਿਲਾਏ : "ਮੇਰੇ ਦੋਸਤ, ਤੂੰ ਜ਼ਰੂਰ ਪਾਗ਼ਲ ਹੋ ਜਾਵੇਂਗਾ।"

ਪਰੰਤੂ ਹੋਰ ਸਾਰੇ ਅਫ਼ਸਰ ਖੜ੍ਹੇ ਹੋ ਗਏ, ਆਪਣੇ ਮੁੱਖੀ ਨੂੰ ਘੇਰਾ ਘਤ ਲਿਆ ਅਤੇ ਕਿਹਾ, "ਕੈਪਟਨ ਨੂੰ ਆਪਣੀ ਮਰਜ਼ੀ ਕਰ ਲੈਣ ਦਿਓ, ਕੰਮਾਂਡੰਟ; ਇਹ ਬਹੁਤ ਹੀ ਅਜੀਬ ਹੈ"।

ਅਤੇ ਮੇਜਰ ਨੇ ਈਨ ਮੰਨ ਲਈ। "ਬਹੁਤ ਚੰਗਾ" ਉਸ ਨੇ ਉੱਤਰ ਦਿੱਤਾ, ਅਤੇ ਬੈਰਨ ਨੇ ਲੀ ਡੀਵੋਰ ਨੂੰ ਤੁਰੰਤ ਬੁਲਾਵਾ ਭੇਜਿਆ।

ਪਿਛਲਾ ਵਿਅਕਤੀ ਇਕ ਪੁਰਾਣਾ ਵਫ਼ਾਦਾਰ ਸੀ ਜੋ ਕਦੇ ਵੀ ਮੁਸਕਰਾਉਂਦਿਆਂ ਨਹੀਂ ਸੀ ਵੇਖਿਆ, ਪਰੰਤੂ ਉਹ ਆਪਣੇ ਅਫ਼ਸਰਾਂ ਦੇ ਹੁਕਮਾਂ, ਭਾਵੇਂ ਉਹ ਕਿਹੋ ਜਿਹੇ ਵੀ ਹੋਣ, ਦੀ ਪੂਰੀ ਤਰ੍ਹਾਂ ਪਾਲਣਾ ਕਰਦਾ ਸੀ। ਉਹ ਇੱਥੇ ਅਡੋਲ ਖੜ੍ਹਾ ਹੋਇਆ ਜਦੋਂ ਉਸ ਨੇ ਬੈਰਨ ਦੀਆਂ ਹਿਦਾਇਤਾਂ ਸੁਣੀਆਂ ਅਤੇ ਫਿਰ ਬਾਹਰ ਚਲਾ ਗਿਆ; ਪੰਜ ਮਿੰਟ ਪਿੱਛੋਂ ਮਿਲਟਰੀ ਦੀ ਇਕ ਵੱਡੀ ਵੈਗਨ ਜਿਸ 'ਤੇ ਤਰਪਾਲ ਪਾਈ ਹੋਈ ਸੀ ਬਰਸਾਤ ਵਿੱਚ ਬਹੁਤ ਤੇਜ਼ੀ ਨਾਲ ਗਈ ਜਿਵੇਂ ਚਾਰ ਘੋੜਿਆਂ ਵਾਲੀ ਗੱਡੀ ਜਾਂਦੀ ਹੈ ਅਤੇ ਸਾਰੇ ਅਫ਼ਸਰ ਸੁਸਤੀ ਦਾ ਪੱਲਾ ਝਾੜ ਰਹੇ ਵਿਖਾਈ ਦੇ ਰਹੇ ਸਨ, ਉਨ੍ਹਾਂ ਵਿੱਚ ਨਿਖ਼ਾਰ ਆਇਆ ਅਤੇ ਉਨ੍ਹਾਂ ਨੇ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ।

ਭਾਵੇਂ ਬਹੁਤ ਜ਼ੋਰ ਦੀ ਮੀਂਹ ਪੈ ਰਿਹਾ ਸੀ, ਮੇਜਰ ਨੇ ਕਿਹਾ ਕਿ ਇਹ ਬਹੁਤ ਘੁਸਮੁਸਾ ਨਹੀਂ ਸੀ, ਅਤੇ ਲਫ਼ਟੈਣ ਵਾਨ ਗ੍ਰਾਸਲਿੰਗ ਨੇ ਯਕੀਨ ਨਾਲ ਕਿਹਾ ਕਿ ਅਕਸ਼ ਸਾਫ਼ ਹੋ ਰਿਹਾ ਸੀ, ਜਦੋਂ ਮਡੈਮੋਸਿਲੀ ਫਿਫੀ ਪੂਰੀ ਤਰ੍ਹਾਂ ਹੋਸ਼ ਵਿੱਚ ਆਇਆ ਨਹੀਂ ਸੀ। ਉਹ ਖੜ੍ਹਾ ਹੋਇਆ ਅਤੇ ਫਿਰ ਬੈਠ ਗਿਆ ਅਤੇ ਉਸ ਦੀਆਂ

ਚਮਕਦੀਆਂ ਅੱਖਾਂ ਕਿਸੇ ਨੂੰ ਤਬਾਹ ਕਰ ਦੇਣਾ ਚਾਹੁੰਦੀਆਂ ਸਨ। ਅਚਾਨਕ, ਮੁੱਛਾਂ ਵਾਲੀ ਔਰਤ ਨੂੰ ਵੇਖ ਕੇ ਉਸ ਨੇ ਆਪਣਾ ਰਿਵਾਲਵਰ ਕੱਢਿਆ ਅਤੇ ਕਿਹਾ, "ਤੂੰ ਇਸ ਨੂੰ ਨਹੀਂ ਵੇਖੇਂਗਾ," ਅਤੇ ਆਪਣੀ ਸੀਟ ਤੋਂ ਹਿੱਲੇ ਬਿਨਾਂ ਉਸ ਨਿਸ਼ਾਨਾ ਬੰਨ੍ਹਿਆਂ ਅਤੇ ਦੋ ਗੋਲੀਆਂ ਨਾਲ ਤਸਵੀਰ ਦੀਆਂ ਦੋਵੇਂ ਅੱਖਾਂ ਕੱਢ ਦਿੱਤੀਆਂ।

ਆਓ, ਅਸੀਂ ਖ਼ਾਨ ਬਣਾਈਏ" ਉਸ ਨੇ ਫਿਰ ਹਉਕਾ ਲੈ ਕੇ ਕਿਹਾ ਅਤੇ ਗੱਲਬਾਤ ਅਚਾਨਕ ਰੁਕ ਗਈ, ਜਿਵੇਂ ਉਨ੍ਹਾਂ ਨੂੰ ਦਿਲਚਸਪੀ ਦਾ ਤਾਜ਼ਾ ਤੇ ਸ਼ਕਤੀਸ਼ਾਲੀ ਵਿਸ਼ਾ ਮਿਲ ਗਿਆ ਹੋਵੇ। ਖ਼ਾਨ ਉਸ ਦੀ ਖੋਜ ਸੀ, ਤਬਾਹੀ ਬਾਰੇ ਉਸ ਦਾ ਢੰਗ ਸੀ ਅਤੇ ਉਸ ਦਾ ਮਨ- ਪਸੰਦ ਦਿਲ-ਪਰਚਾਵਾ ਸੀ।

ਜਦੋਂ ਉਸ ਨੇ ਗੱਡੀ ਛੱਡੀ ਤਾਂ ਨਿਯਮਕ ਮਾਲਕ, ਕਾਉਂਟ ਫਰਨਾਡ ਡੀ., ਏਮਇਯ ਡੀ ਓਰਵਿਲੇ ਪਾਸ ਪਲੇਟ ਤੋਂ ਬਿਨਾਂ ਕਿਸੇ ਚੀਜ਼ ਨੂੰ ਲੁਕਾਉਣ ਦਾ ਸਮਾਂ ਨਹੀਂ ਸੀ, ਜੋ ਦੀਵਾਰ ਦੇ ਸੁਰਾਖ਼ ਵਿੱਚ ਸੰਭਾਲ ਕੇ ਰੱਖੀ ਹੋਈ ਸੀ।

ਉਹ ਬਹੁਤ ਅਮੀਰ ਸੀ ਅਤੇ ਚੰਗੀ ਰੁਚੀ ਦਾ ਮਾਲਕ ਸੀ। ਵਾਹੋ ਦਾਹੀ ਨੱਸਣ ਤੋਂ ਪਹਿਲਾਂ ਉਸ ਨੂੰ ਵੱਡੀ ਬੈਠਕ, ਜਿਹੜੀ ਖਾਣੇ ਵਾਲੇ ਕਮਰੇ ਵਿੱਚ ਖੁੱਲ੍ਹਦੀ ਸੀ, ਅਜਾਇਬ ਘਰ ਦੀ ਗੈਲਰੀ ਵਾਂਗ ਪ੍ਰਤੀਤ ਹੋ ਰਹੀ ਸੀ।

ਕੀਮਤੀ ਰੰਗੀਨ ਤਸਵੀਰਾਂ, ਸਾਧਾਰਨ ਤਸਵੀਰਾਂ ਤੇ ਡਰਾਇੰਗ ਦੀਵਾਰਾਂ 'ਤੇ ਲਟਕੀਆਂ ਹੋਈਆਂ ਸਨ, ਜਦੋਂ ਮੇਜ਼ਾਂ 'ਤੇ, ਅਲਮਾਰੀਆਂ 'ਤੇ, ਸ਼ਾਨਦਾਰ ਸ਼ੀਸ਼ੇ ਦੀਆਂ ਅਲਮਾਰੀਆਂ 'ਤੇ ਨਿੱਕ-ਸੁੱਕ ਪਿਆ ਸੀ : ਅਰਥਾਤ ਛੋਟੇ-ਫੁੱਲਦਾਨ, ਬੁੱਤ, ਚੀਨੀ ਦੀ ਮਿੱਟੀ ਦੀਆਂ ਵਸਤਾਂ, ਚੀਨ ਦੇ ਅਕਾਰਾਂ ਦੇ ਵਿਗੜੇ ਰੂਪ, ਪੁਰਾਣੇ ਹਾਥੀ ਦੰਦ ਅਤੇ ਵੈਨੀਟੇਨ ਸ਼ੀਸ਼ਾ ਜੋ ਵੱਡੇ ਕਮਰੇ ਨੂੰ ਸੁਆਰ ਰਹੇ ਸਨ।

ਹੁਣ ਮੁਸ਼ਕਲ ਨਾਲ ਕੋਈ ਚੀਜ਼ ਬਚੀ ਸੀ; ਇਸ ਕਰਕੇ ਨਹੀਂ ਕਿ ਚੀਜ਼ਾਂ ਚੋਰੀ ਹੋ ਗਈਆਂ ਸਨ ਸਗੋਂ ਇਸ ਕਰਕੇ ਕਿ ਮਡੈਮੋਸਿਲੀ ਫਿਫੀ ਨੇ ਇਕ ਖਾਨ ਬਣਾਈ ਸੀ ਅਤੇ ਉਸ ਮੌਕੇ 'ਤੇ ਸਾਰੇ ਅਫ਼ਸਰਾਂ ਨੇ ਪੰਜ ਮਿੰਟ ਅਨੰਦ ਮਾਣਿਆ ਸੀ। ਛੋਟਾ ਸਰਦਾਰ ਬੈਠਕ ਵਿੱਚ ਜੋ ਉਸ ਨੂੰ ਚਾਹੀਦਾ ਸੀ ਲੈਣ ਗਿਆ ਅਤੇ ਉਸ ਨੇ ਇਕ ਚੀਨੀ ਦੀ ਇਕ ਛੋਟੀ ਚਾਹਦਾਨੀ ਲਿਆਂਦੀ ਜੋ ਉਸ ਨੇ ਬਰੂਦ ਨਾਲ ਭਰੀ ਅਤੇ ਉਸ ਵਿੱਚ ਨਾਲੀ ਰਾਹੀਂ ਜਰਮਨ ਦਾ ਈਂਧਨ ਪਾਇਆ। ਫਿਰ ਉਸ ਨੇ ਇਸ ਨੂੰ ਜਲਾ ਦਿੱਤਾ ਅਤੇ ਆਪਣੀ ਪੈਸ਼ਾਚਿਕ ਮਸ਼ੀਨ ਅਗਲੇ ਕਮਰੇ ਵਿੱਚ ਲੈ ਗਿਆ; ਪਰ

ਉਹ ਛੇਤੀ ਵਾਪਸ ਆ ਗਿਆ ਅਤੇ ਦਰਵਾਜ਼ਾ ਬੰਦ ਕਰ ਦਿੱਤਾ, ਜਰਮਨ ਦੇ ਲੋਕ ਆਸ ਨਾਲ ਖੜ੍ਹੇ ਸਨ, ਉਨ੍ਹਾਂ ਦੇ ਚਿਹਰਿਆਂ ’ਤੇ ਬੱਚਿਆਂ ਵਰਗੀ ਮੁਸਕਰਾਹਟ ਸੀ ਅਤੇ ਜਿਉਂ ਗੜੀ ਵਿੱਚ ਵਿਸਫੋਟ ਹੋਇਆ ਤਾਂ ਉਹ ਸਾਰੇ ਦੌੜ ਗਏ।

ਮਡੈਮੋਸਿਲੀ ਫਿਫੀ ਨੇ ਜੋ ਸਾਰਿਆਂ ਤੋਂ ਪਹਿਲਾਂ ਉੱਠਿਆ ਸੀ, ਵੀਨਸ ਦੀ ਮੂਰਤੀ ’ਤੇ ਖ਼ੁਸ਼ ਹੋ ਕੇ ਤਾੜੀਆਂ ਮਾਰੀਆਂ, ਜਿਸ ਦਾ ਸਿਰ ਉੱਡ ਗਿਆ ਸੀ। ਹਰੇਕ ਨੇ ਚੀਨੀ ਦੀ ਮਿੱਟੀ ਦੇ ਟੁੱਕੜੇ ਚੁੱਕੇ ਅਤੇ ਟੁੱਕੜਿਆਂ ਦੇ ਆਕਾਰਾਂ ’ਤੇ ਹੈਰਾਨ ਹੋਏ, ਜਦੋਂ ਕਿ ਮੇਜਰ ਨੇ ਇਕ ਪਿਤਾ ਵਾਲੀਆਂ ਅੱਖਾਂ ਨਾਲ ਵੱਡੀ ਬੈਠਕ ਵੱਲ ਵੇਖਿਆ ਜੋ ਨੈਰੋਨਿਕ ਫ਼ੈਸ਼ਨ ਵਾਂਗ ਟੁੱਟ-ਭੱਜ ਗਈ ਸੀ, ਅਤੇ ਕਲਾਮਈ ਕੰਮ ਦੇ ਟੁੱਕੜਿਆਂ ਨਾਲ ਭਰੀ ਹੋਈ ਸੀ। ਉਹ ਸਭ ਤੋਂ ਪਹਿਲਾਂ ਮੁਸਕਰਾਉਂਦਿਆਂ ਬਾਹਰ ਆਇਆ ਅਤੇ ਕਿਹਾ, “ਉਸ ਨੇ ਇਸ ਦਾ ਬੜੀ ਚੰਗੀ ਤਰ੍ਹਾਂ ਪ੍ਰਬੰਧ ਕੀਤਾ ਹੈ।”

ਪਰੰਤੂ ਖਾਣੇ ਵਾਲਾ ਕਮਰਾ ਤੰਮਾਕੂ ਦੇ ਧੂਏਂ ਦੇ ਬੱਦਲਾਂ ਨਾਲ ਇਸ ਤਰ੍ਹਾਂ ਅਟਿਆ ਹੋਇਆ ਸੀ ਕਿ ਉਹ ਸਾਹ ਨਹੀਂ ਸਨ ਲੈ ਸਕਦੇ, ਇਸ ਲਈ ਕੰਮਾਂਡੰਟ ਨੇ ਖਿੜਕੀ ਖੋਲੀ ਅਤੇ ਸਾਰੇ ਅਫ਼ਸਰ ਜਿਹੜੇ ਫ਼ਰਾਂਸ ਦੀ ਬਰਾਂਡੀ ਦੇ ਗਲਾਸ ਸਮੇਤ ਅੰਦਰ ਗਏ ਸਨ, ਖਿੜਕੀ ਵੱਲ ਚਲੇ ਗਏ।

ਨਮੀ ਵਾਲੀ ਹਵਾ ਕਮਰੇ ਵਿੱਚ ਵਗ ਰਹੀ ਸੀ ਅਤੇ ਜਿਸ ਨੇ ਉਨ੍ਹਾਂ ਦੀਆਂ ਦਾੜ੍ਹੀਆਂ ’ਤੇ ਧੂੜ ਪਾ ਦਿੱਤੀ ਸੀ। ਉਨ੍ਹਾਂ ਨੇ ਉੱਚੇ ਦਰੱਖਤਾਂ ਵੱਲ ਵੇਖਿਆ ਜਿਨ੍ਹਾਂ ਤੋਂ ਮੀਂਹ ਦੇ ਕਤਰੇ ਡਿੱਗ ਰਹੇ ਸਨ, ਖੁੱਲ੍ਹੀ ਘਾਟੀ ਜੋ ਧੁੰਦ ਨਾਲ ਭਰੀ ਹੋਈ ਸੀ, ਅਤੇ ਦੂਰ ਦੇ ਗਿਰਜੇ ਦੀ ਚੋਟੀ ਜੋ ਬਰਸਾਤ ਵਿੱਚ ਗ੍ਰੇ-ਰੰਗੀ ਜਾਪਦੀ ਸੀ, ਵੱਲ ਵੇਖਿਆ।

ਜਦੋਂ ਦੇ ਉਹ ਇੱਥੇ ਪੁੱਜੇ ਸਨ ਘੰਟੀਆਂ ਨਹੀਂ ਸਨ ਵੱਜੀਆਂ। ਕੇਵਲ ਇਹੋ ਵਿਰੋਧਤਾ ਸੀ ਜਿਹੜੀ ਹਮਲਾਵਰਾਂ ਨੂੰ ਉਸ ਮਾਹੌਲ ਵਿੱਚ ਪੇਸ਼ ਆਈ ਸੀ। ਪੈਰਿਸ ਤੇ ਪਾਦਰੀ ਨੇ ਪਰੂਸ਼ੀਆਂ ਦੇ ਸਿਪਾਹੀਆਂ ਨੂੰ ਥਾਂ ਅਤੇ ਖਾਣਾ ਦੇਣ ਤੋਂ ਨਾਂਹ ਕਰ ਦਿੱਤੀ ਸੀ; ਉਸ ਨੇ ਕਈ ਵਾਰ ਵਿਰੋਧੀ ਕੰਮਾਂਡੰਟ ਨਾਲ ਬੀਅਰ ਜਾਂ ਲਾਲ ਸ਼ਰਾਬ ਪੀਤੀ ਸੀ, ਜੋ ਉਸ ਨੂੰ ਅਕਸਰ ਦਿਆਲੂ ਵਿਚੋਲੇ ਵਜੋਂ ਨਿਯੁਕਤ ਕਰਿਆ ਕਰਦਾ ਸੀ; ਪਰ ਉਸ ਨੂੰ ਘੰਟੀ ਵਜਾਉਣ ਲਈ ਵੀ ਕਹਿਣ ਦਾ ਕੋਈ ਲਾਭ ਨਹੀਂ ਸੀ; ਇਹ ਉਸ ਦਾ ਧਾਵੇ ਪ੍ਰਤਿ ਰੋਸ ਪ੍ਰਗਟ ਕਰਨ ਦਾ ਢੰਗ ਸੀ ਕੇਵਲਇਕ ਸ਼ਾਂਤਮਈ ਤੇ ਚੁੱਪ ਚੁਪੀਤਾ ਰੋਸ ਸੀ ਜੋ ਇਕ ਪਾਦਰੀ ਲਈ ਉੱਚਿਤ ਸੀ, ਜੋ ਇਕਨਰਮ ਵਿਅਕਤੀ ਸੀ

ਨਾ ਕਿ ਜੋਸ਼ੀਲਾ ਗ਼ਰਮ ਸੁਭਾਅ ਦਾ ਅਤੇ 25 ਮੀਲ ਦੇ ਆਲ਼ੇ ਦੁਆਲੇ ਦੇ ਹਰੇਕ ਵਿਅਕਤੀ ਨੇ ਐਬੀ ਚੰਟਾਵੋਇਨ ਦੀ ਦ੍ਰਿੜ੍ਹਤਾ ਅਤੇ ਬਹਾਦਰੀ ਦੀ ਤਾਰੀਫ਼ ਕੀਤੀ ਜਿਸ ਨੇ ਚਰਚ ਦੀਆਂ ਘੰਟੀਆਂ ਨੂੰ ਵਜਾਉਣ ਦਿੰਦਿਆਂ ਸਰਕਾਰੀ ਮਾਤਮ ਘੋਸ਼ਿਤ ਕੀਤਾ ਸੀ।

ਸਾਰਾ ਪਿੰਡ ਉਸ ਦੀ ਵਿਰੋਧਤਾ ਕਾਰਨ ਉਤਸ਼ਾਹਿਤ ਹੋ ਗਿਆ ਸੀ ਅਤੇ ਆਪਣੇ ਪਾਦਰੀ ਦਾ ਸਮਰਥਨ ਕਰਨ ਅਤੇ ਹਰ ਪ੍ਰਕਾਰ ਦੇ ਖ਼ਤਰੇ ਦਾ ਸਾਹਮਣਾ ਕਰਨ ਲਈ ਤਿਆਰ ਸੀ, ਕਿਉਂਕਿ ਉਨ੍ਹਾਂ ਨੇ ਰਾਸ਼ਟਰ ਦੇ ਮਾਣ ਦੀ ਰੱਖਿਆ ਲਈ ਉਸ ਦੇ ਚੁੱਪ ਚੁਪੀਤੇ ਰੋਸ ਨੂੰ ਵੇਖਿਆ ਸੀ। ਪੇਂਡੂਆਂ ਨੇ ਇੰਝ ਮਹਿਸੂਸ ਕੀਤਾ ਸੀ ਕਿ ਇਸ ਤਰ੍ਹਾਂ ਉਹ ਬੈਲਫੋਰਟ ਅਤੇ ਸਟਰਾਸਬਰਗ ਨਾਲੋਂ ਵਧੇਰੇ ਆਪਣੇ ਸ਼ਹਿਰ ਦੇ ਹੱਕਦਾਰ ਸਨ ਅਤੇ ਉਨ੍ਹਾਂ ਨੇ ਉਹੋ ਹੀ ਮਹੱਤਵਪੂਰਨ ਉਦਾਹਰਨ ਕਾਇਮ ਕੀਤੀ ਸੀ ਅਤੇ ਇਸ ਤਰ੍ਹਾਂ ਦੇ ਛੋਟੇ ਜਿਹੇ ਪਿੰਡ ਦਾ ਨਾਂ ਅਮਰ ਹੋ ਗਿਆ ਸੀ; ਪਰੰਤੂ ਇਸ ਗੱਲ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਪਰੋਸੀਅਨਾ ਦੇ ਜੇਤੂਆਂ ਨੂੰ ਕੁਝ ਵੀ ਇਨਕਾਰ ਨਹੀਂ ਕੀਤਾ ਸੀ।

ਕੰਮਾਂਡੰਟ ਅਤੇ ਉਸ ਦੇ ਅਫ਼ਸਰ ਉਨ੍ਹਾਂ ਦੇ ਬੇ-ਲਾਗ ਹੌਸਲੇ ਤੇ ਹੱਸੇ ਅਤੇ ਸਾਰੇ ਦੇਸ਼ ਦੇ ਵਿਅਕਤੀ ਉਨ੍ਹਾਂ ਦੇ ਸ਼ੁਕਰਗੁਜ਼ਾਰ ਤੇ ਆਗਿਆਕਾਰ ਸਨ। ਉਨ੍ਹਾਂ ਨੇ ਖ਼ੁਸ਼ੀ ਨਾਲ ਉਨ੍ਹਾਂ ਦੀ ਦੇਸ਼ ਭਗਤੀ ਨੂੰ ਜਰਿਆ। ਕੇਵਲ ਛੋਟੇ ਸਰਦਾਰ ਵਿਲਹੈਲਮ ਨੇ ਉਨ੍ਹਾਂ ਨੂੰ ਘੰਟੀਆਂ ਵਜਾਉਣ ਲਈ ਮਜਬੂਰ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ। ਉਹ ਪਾਦਰੀ ਦੀ ਝਿਜਕ ਵਾਂਗ ਆਪਣੇ ਅਫ਼ਸਰ ਦੇਹੁਕਮ ’ਤੇ ਖਿੱਝਦਾ ਸੀ ਅਤੇ ਉਸ ਨੇ ਹਰ ਰੋਜ਼ ਕੰਮਾਂਡੰਟ ਤੋਂ ਇਕ ਵਾਰ, ਸ਼ੁਗ਼ਲ ਵਜੋਂ “ਟਨ-ਟਨ, ਟਨ ਟਨ” ਵਜਾਉਣ ਲਈ ਆਗਿਆ ਮੰਗੀ। ਅਤੇ ਉਸ ਨੇ ਇਹ ਕਿਸੇ ਗ੍ਰਹਿਣੀ ਦੀ ਕੋਮਲ ਅਵਾਜ਼ ਵਿੱਚ ਲੱਲੋ ਚਪੋ ਕਰਨ ਵਾਲੀ ਔਰਤ ਵਾਂਗ ਪੁੱਛਿਆ, ਜੋ ਕੁਝ ਪ੍ਰਾਪਤ ਕਰਨਾ ਚਾਹੁੰਦੀ ਹੋਵੇ’ ਪਰੰਤੂ ਕੰਮਾਂਡੰਟ ਰਜ਼ਾਮੰਦ ਨਾ ਹੋਇਆ, ਅਤੇ ਆਪਣੇ ਆਪ ਨੂੰ ਧਰਵਾਸ ਦੇਣ ਲਈ, ਮਡੈਮੋਸਿਲੀ ਫ਼ਿਫੀ ਨੇ ਗੜ੍ਹੀ ਵਿੱਚ ਇਕ ਖ਼ਾਨ ਬਣਾਈ।

ਪੰਜੇ ਵਿਅਕਤੀ ਕੁਝ ਮਿੰਟਾਂ ਲਈ ਨਮੀ ਵਾਲੀ ਹਵਾ ਵਿੱਚ ਸਾਹ ਲੈਂਦਿਆਂ ਇਕੱਠੇ ਖੜ੍ਹੇ ਹੋਏ ਅਤੇ ਅੰਤ ਨੂੰ ਲਫ਼ਟੈਣ ਫਰਿਸ਼ ਨੇ ਹੱਸਦੇ ਹੋਏ ਕਿਹਾ :“ਨਿਰਸੰਦੇਹ ਔਰਤਾਂ ਲਈ ਅੱਗੇ ਜਾਣ ਲਈ ਚੰਗਾ ਮੌਸਮ ਨਹੀਂ।” ਫਿਰ ਉਹ ਸਾਰੇ ਆਪਣੀਆਂ

ਡਿਊਟੀਆਂ ’ਤੇ ਚਲੇ ਗਏ, ਜਦੋਂ ਕਿ ਕੈਪਟਨ ਪਾਸ ਖਾਣੇ ਆਦਿ ਨੂੰ ਵੇਖਣ ਲਈ ਕਾਫ਼ੀ ਸਮਾਂ ਸੀ।

ਜਦੋਂ ਉਹ ਦੋਬਾਰਾ ਮਿਲੇ ਤਾਂ ਹਨੇਰਾ ਪੈ ਗਿਆ ਸੀ। ਉਨ੍ਹਾਂ ਇਕ ਦੂਜੇ ਵੱਲ ਵੇਖਦਿਆਂ, ਜਿਵੇਂ ਉਹ ਕਿਸੇ ਸ਼ਾਨਦਾਰ ਦਿਨ ਨੂੰ ਬਾਂਕੇ ਤੇ ਫੁਰਤੀਲੇ ਲੱਗ ਰਹੇ ਹੋਣ, ਹੱਸਣਾ ਸ਼ੁਰੂ ਕਰ ਦਿੱਤਾ। ਕੰਮਾਂਡੰਟ ਦੇ ਵਾਲ ਇੰਨੇ ਭੂਰੇ ਵਿਖਾਈ ਦੇ ਰਹੇ ਸਨ ਜਿੰਨੇ ਕਿ ਸਵੇਰੇ ਵਿਖਾਈ ਦੇ ਰਹੇ ਸਨ ਅਤੇ ਕੈਪਟਨ ਨੇ ਹਜਾਮਤ ਕੀਤੀ ਹੋਈ ਸੀ ਅਤੇ ਕੇਵਲ ਮੁੱਛਾਂ ਹੀ ਰੱਖੀਆਂ ਹੋਈਆਂ ਸਨ ਜਿਸ ਨਾਲ ਉਹ ਇੰਝਲੱਗ ਰਿਹਾ ਸੀ ਜਿਵੇਂ ਉਸ ਨੇ ਨੱਕ ਦੁਆਲੇ ਅੱਗ ਦੀਆਂ ਧਾਰੀਆਂ ਪਾਈਆਂ ਹੋਣ।

ਵਰਖਾ ਦੇ ਬਾਵਜੂਦ ਵੀ ਉਨ੍ਹਾਂ ਨੇ ਖਿੜਕੀ ਨੂੰ ਖੁੱਲ੍ਹਾ ਰੱਖਿਆ ਅਤੇ ਉਨ੍ਹਾਂ ਵਿੱਚੋਂਇਕ ਵਾਹ 2 ਸੁਣਨ ਲਈ ਗਿਆ। ਸਾਢੇ ਛੇ ਵੱਜੇ ਬੈਰਨ ਨੇ ਕਿ ਉਸ ਨੇ ਕੁਝ ਫ਼ਾਸਲੇ ਤੋਂ ਗੜ ਗੜ ਦੀ ਆਵਾਜ਼ ਸੁਣੀ ਸੀ। ਉਹ ਸਾਰੇ ਹੇਠਾਂ ਚਲੇ ਗਏ ਅਤੇ ਛੇਤੀ ਹੀ ਚਾਰ ਘੋੜਿਆਂ ਵਾਲੀ ਇਕ ਵੈਗਨ, ਤੇਜ਼ੀ ਨਾਲ ਆਈ ਸਨ। ਪੰਜ ਔਰਤਾਂ ਹੇਠਲੇ ਪਾਇਦਾਨ ਤੋਂ ਉੱਤਰੀਆਂ ਪੰਜ ਸੁੰਦਰ ਲੜਕੀਆਂ ਜਿਨ੍ਹਾਂ ਦੀ ਕੈਪਟਨ ਦੇ ਸਾਥੀ, ਜਿਸ ਤੋਂ ਲੀਡੀਵੋਇਰ ਨੇ ਆਪਣਆ ਕਾਰਡ ਲਿਆ ਸੀ, ਨੇ ਧਿਆਨ ਨਾਲ ਚੋਣ ਕੀਤੀ।

ਉਨ੍ਹਾਂ ਨੂੰ ਬਹੁਤ ਜ਼ੋਰ ਦੇਣ ਦੀ ਲੋੜ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਯਕੀਨ ਸੀਕਿ ਉਨ੍ਹਾਂ ਨਾਲ ਚੰਗਾਵਰਤਾਓ ਕੀਤਾ ਜਾਵੇਗਾ, ਕਿਉਂਕਿ ਉਨ੍ਹਾਂ ਨੇਤਿੰਨ ਮਹੀਨੇ ਵਿੱਚਪਰੂਸ਼ੀਆ ਦੇਲੋਕਾਂ ਬਾਰੇ ਜਾਣ ਲਿਆ ਸੀ ਜੋ ਉਨ੍ਹਾਂ ਨੇਇਨ੍ਹਾਂ ਨਾਲ ਬਿਤਾਏ ਸਨ। ਇਸਲਈ ਉਨ੍ਹਾਂ ਨੇ ਆਪਣੇ ਆਪ ਨੂੰ ਇਨ੍ਹਾਂ ਵਿਅਕਤੀਆਂ ਦੇ ਹਵਾਲੇ ਕਰ ਦਿੱਤਾ ਜਿਵੇਂ ਉਨ੍ਹਾਂ ਨੇਇਸ ਹਾਲਤ ਵਿੱਚ ਕੀਤਾ ਸੀ। “ਇਹ ਸਾਡੇ ਕੰਮ ਦਾ ਹਿੱਸਾ ਹੈ। ਇਸ ਲਈ ਇਹ ਜ਼ਰੂਰ ਹੋ ਜਾਣਾ ਚਾਹੀਦਾ ਹੈ” ਉਨ੍ਹਾਂ ਨੇ ਕਿਹਾ; ਜਿਵੇਂ ਉਹਉਨ੍ਹਾਂ ਨਾਲ ਅੱਗੇ ਵਧੇ; ਇਸ ਵਿੱਚ ਸ਼ੱਕ ਨਹੀਂ ਕਿ ਭਾਵੇਂ ਉਨ੍ਹਾਂ ਨੇ ਧੀਮੀ ਆਵਾਜ਼ ਅਤੇ ਸੰਕੋਚ ਨਾਲ ਕਿਹਾ ਸੀ।

ਉਹ ਤੁਰੰਤ ਖਾਣੇ ਵਾਲੇ ਕਮਰੇ ਵਿੱਚ ਚਲੇ ਗਏ ਜੋ ਟੁੱਟ ਭੱਜ ਦੀ ਹਾਲਤ ਵਿੱਚ ਬੇਰੌਣਕਾ ਵਿਖਾਈ ਦਿੱਤਾ, ਜਦੋਂ ਰੋਸ਼ਨੀ ਕੀਤੀ ਗਈ; ਮੇਜ਼ ’ਤੇ ਮਨਪਸੰਦ ਭੋਜਨ ਪਰੋਸਿਆ ਹੋਇਆ ਸੀ, ਸੁੰਦਰ ਚੀਨੀ ਦੇ ਭਾਂਡੇ ਤੇ ਗਲਾਸ ਅਤੇ ਪਲੇਟਾਂ

ਪਈਆਂ ਹੋਈਆਂ ਹਨ ਜੋ ਦੀਵਾਰਾਂ ਦੇ ਆਲ਼ਿਆਂਵਿੱਚੋਂ ਮਿਲੇ ਸਨ, ਜਿੱਥੇ ਕਿ ਇਨ੍ਹਾਂਦੇ ਮਾਲਕ ਨੇ ਇਨ੍ਹਾਂ ਨੂੰ ਲੁਕਾ ਕੇ ਰੱਖਿਆ ਸੀ, ਜਿਵੇਂ ਉੱਥੇ ਬਦਮਾਸ਼ਾਂ ਦਾ ਅੱਡਾ ਹੋਵੇ, ਜਿੱਥੇ ਉਹ ਡਾਕੇ ਮਾਰਨ ਤੋਂ ਪਿੱਛੋਂ ਬੈਠ ਕੇ ਖਾਂਦੇ ਹੋਣ। ਕੈਪਟਨਖਿੜਿਆ-ਖਿੜਿਆ ਸੀ; ਉਸ ਨੇ ਔਰਤਾਂ ਨੂੰ ਜੱਫੀ ਵਿੱਚ ਲੈ ਲਿਆ ਜਿਵੇਂ ਉਹ ਉਨ੍ਹਾਂ ਦਾ ਪਹਿਲਾਂ ਦਾ ਜਾਣੂ ਸੀ; ਉਨ੍ਹਾਂ ਨੂੰ ਜਾਚਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੂੰ ਚੁੰਮਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੂੰ ਭੋਗ ਵਿਲਾਸ ਦੀਆਂ ਔਰਤਾਂ ਵਜੋਂ ਜੋਖਣਾ ਸ਼ੁਰੂ ਕਰ ਦਿੱਤਾ; ਅਤੇ ਜਦੋਂ ਤਿੰਨ ਵਿਅਕਤੀਆਂ ਨੇ ਹਰੇਕ ਦੀ ਪ੍ਰਸ਼ੰਸਾ ਕਰਨੀ ਚਾਹੀ ਤਾਂ ਉਸ ਨੇ ਆਪਣੇ ਆਪ ਨੂੰ ਉਨ੍ਹਾਂ ਤੋਂ ਵੱਡਾ ਸਮਝਦਿਆਂ, ਉਨ੍ਹਾਂ ਨੂੰ ਉਨ੍ਹਾਂ ਦੀ ਪਦਵੀ ਅਨੁਸਾਰ ਕਰੜੀ ਤਾੜਨਾ ਕੀਤੀ ਤਾਂ ਜੋ ਮਜ਼ਹਬੀ ਹਕੂਮਤ ਨੂੰ ਕਸ਼ਟ ਨਾ ਹੋਵੇ। ਇਸ ਲਈ ਚਰਚਾ, ਝਗੜਾ ਅਤੇ ਪੱਖਪਾਤ ਤੋਂ ਬਚਣ ਲਈ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਕੱਦ ਅਨੁਸਾਰ ਇਕ ਲਾਈਨ ਵਿੱਚ ਖੜ੍ਹਾ ਕੀਤਾ ਅਤੇ ਸਭ ਤੋਂ ਉੱਚੇ ਕੱਦ ਵਾਲੀ ਨੂੰ ਸੰਬੋਧਨ ਕਰਦਿਆਂ ਰੋਹਬਦਾਰ ਅਵਾਜ਼ ਵਿੱਚ ਕਿਹਾ :-

"ਤੇਰਾ ਨਾਂ ਕੀ ਹੈ?”

“ਪਾਮੀਲਾ” ਉਸ ਨੇ ਉੱਚੀ ਅਵਾਜ਼ ਵਿੱਚ ਕਿਹਾ।

ਫਿਰ ਉਸ ਨੇ ਕਿਹਾ ; “ਪਾਮੀਲਾ ਨੂੰ ਨੰਬਰ ਇਕ ਦਿੱਤਾ ਜਾਂਦਾ ਹੈ।

ਫਿਰ ਦੂਜੀ ਮਾਲਕੀ ਦੇ ਚਿੰਨ੍ਹ ਬਲੋਡੀਨਾਂ ਨੂੰ ਚੁੰਮ ਕੇ ਕਿਹਾ, ਉਸ ਨੇ ਲਫ਼ਟੈਣ ਓਟਾ ਨੂੰ ਅਮੰਡਾ, ਉਪ-ਲਫਟੈਨ ਫਰਿਟਜ ਨੂੰ ਈਵਾ ਜਿਸ ਦਾ ਚਿਹਰਾ ਟਮਾਟਰ ਵਾਂਗ ਲਾਲ ਸੀ, ਅਤੇ ਰਚੇਲ ਜਿਹੜੀ ਉਨ੍ਹਾਂ ਸਾਰਿਆਂ ਨਾਲੋਂ ਛੋਟੀ ਸੀ, ਭਰ ਜੁਆਨ ਸੀ ਤੇ ਕਣਕ ਭਿੰਨੇ ਰੰਗ ਦੀ ਸੀ, ਜਿਸ ਦੀਆਂ ਅੱਖਾਂ ਕਾਲੀਆਂ ਸਨ, ਜੋ ਇਕ ਯਹੂਦਨ ਸੀ, ਜਿਸ ਦਾ ਫੀਨ੍ਹਾ ਨੱਕ ਉਸ ਦੀ ਜਾਤੀ ਦੇ ਨੱਕ ਨਾਲੋਂ ਵੀ ਵੱਖਰਾ ਸੀ, ਨੂੰ ਸਭ ਤੋਂ ਛੋਟੇ, ਕਮਜ਼ੋਰ ਕਾਉਂਟ ਵਿਲਹੇਲਮ ਆਈਰਿਨ ਨੂੰ ਸੌਂਪ ਦਿੱਤੀ।

ਉਹ ਸਾਰੀਆਂ ਸੁੰਦਰ ਤੇ ਮੋਟੀਆਂ ਗੋਲ ਮੋਲ ਸਨ, ਉਨ੍ਹਾਂ ਦੇ ਨੈਣ-ਨਕਸ਼ ਬਹੁਤ ਤਿੱਖੇ ਨਹੀਂ ਸਨ ਤੇ ਸਾਰੀਆਂ ਵੇਖਣ ਨੂੰ ਇੱਕੋ ਜਿਹੀਆਂ ਲੱਗਦੀਆਂ ਸਨ, ਜਿਵੇਂ ਕਿ ਉਹ ਪਬਲਿਕ ਥਾਵਾਂ ਵਿੱਚ ਰੋਜ਼ਾਨਾ ਅੱਯਾਸ਼ੀ ਵਾਲਾ ਜੀਵਨ ਬਤੀਤ ਕਰਦੀਆਂ ਹੋਣ।

ਤਿੰਨ ਛੋਟੇ ਆਦਮੀਆਂ ਨੇ ਆਪਣੀਆਂ ਇਸਤਰੀਆਂ ਨੂੰ ਇਹ ਬਹਾਨਾ ਕਰਕੇ ਕਿ ਉਹ ਉਨ੍ਹਾਂ ਲਈ ਬੁਰਸ਼ ਅਤੇ ਸਾਬਣ ਖ਼ਰੀਦਣਾ ਚਾਹੁੰਦੇ ਹਨ ਤੁਰੰਤ ਲੈ ਜਾਣਾ ਚਾਹਿਆ : ਪਰੰਤੂ ਕੈਪਟਨ ਨੇ ਬੜੀ ਸਿਆਣਪ ਨਾਲ ਉਨ੍ਹਾਂ ਨੂੰ ਇਸ ਗੱਲ ਤੋਂ ਰੋਕਿਆ ਅਤੇ ਕਿਹਾ ਕਿ ਉਹ ਸ਼ਾਮ ਦੇ ਖਾਣੇ ਤੇ ਬੈਠਣ ਦੇ ਬਿਲਕੁਲ ਯੋਗ ਹਨ ਅਤੇ ਜਿਹੜੇ ਉੱਪਰ ਗਏ ਹਨ ਉਹ ਥੱਲੇ ਆ ਕੇ ਤਬਦੀਲੀ ਦੇ ਖ਼ਾਹਿਸ਼ਮੰਦ ਹੋਣਗੇ ਅਤੇ ਇਸ ਤਰ੍ਹਾਂ ਹੋਰ ਜੋੜਿਆਂ ਦੇ ਆਰਾਮਘਰ ਵਿੱਚ ਵਿਘਨ ਪਾਉਣਗੇ ਅਤੇ ਉਸ ਦੇ ਅਜਿਹੇ ਮਾਮਲਿਆਂ ਸਬੰਧੀ ਤਜਰਬੇ ਦੀ ਜਿੱਤ ਹੋਈ। ਉੱਥੇ ਬਹੁਤ ਸਾਰੀਆਂ ਚੁੰਮੀਆਂ ਲਈਆਂ ਗਈਆਂ। ਜੋ ਬੜੇ ਪਿਆਰ ਨਾਲ ਹੌਸਲੇ ਨਾਲ ਲਈਆਂ ਗਈਆਂ।

ਅਚਾਨਕ ਰਚੈਲ ਨੇ ਘੁਟਣ ਮਹਿਸੂਸ ਕੀਤੀ ਅਤੇ ਖੰਘਣ ਲੱਗਾ, ਇੱਥੋਂ ਤੱਕ ਕਿ ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਅਤੇ ਉਸ ਦੀਆਂ ਨਾਸਾਂ ਵਿੱਚੋਂ ਧੂੰਆਂ ਨਿਕਲਣ ਲੱਗ ਪਿਆ।ਉਸ ਦੀ ਚੁੰਮੀ ਲੈਣ ਦਾ ਬਹਾਨਾ ਕਰਦਿਆਂ, ਕਊਂਟ ਨੇ ਉਸ ਦੇ ਮੂੰਹ ਵਿੱਚਧੂੰਆਂ ਛੱਡ ਦਿੱਤਾ ਸੀ ਉਸ ਨੇ ਗ਼ੁੱਸਾ ਨਾ ਕੀਤਾ ਅਤੇ ਕੋਈ ਸ਼ਬਦ ਨਾ ਆਖਿਆ। ਪਰੰਤੂ ਉਸ ਨੇ ਉਸ ਵਿਅਕਤੀ ਵੱਲ ਆਪਣੀਆਂ ਕਾਲੀਆਂ ਅੱਖਾਂ ਨਾਲ ਗੁੱਸੇਨਾਲ ਵੇਖਿਆ।

ਉਹ ਸ਼ਾਮ ਦੇ ਖਾਣੇ ’ਤੇ ਬੈਠ ਗਏ, ਕੰਮਾਂਡੰਟ ਖ਼ੁਸ਼ ਨਜ਼ਰ ਆਉਂਦਾ ਸੀ, ਉਸ ਨੇ ਪਾਮੀਲਾ ਨੂੰ ਆਪਣੇ ਸੱਜੇ ਪਾਸੇ ਅਤੇ ਬਲੋਜਡੀਨਾ ਨੂੰ ਆਪਣੇ ਖੱਬੇ ਪਾਸੇ ਬਿਠਾਉਂਦਿਆਂ ਤੇ ਮੇਜ਼ ਦਾ ਕੱਪੜਾ ਪਸਾਰਦਿਆਂ ਕਿਹਾ : “ਕੈਪਟਨ ਤੁਹਾਡਾ ਉਹ ਖ਼ਿਆਲ ਬੜਾ ਚੰਗਾ ਸੀ।”

ਲਫਟੈਨ ਓਟੋ ਅਤੇ ਫਰਿਟਜ ਜਿਹੜੇ ਕਿ ਨਰਮੀ ਨਾਲ ਬੋਲਰਹੇ ਸਨ ਜਿਵੇਂ ਕਿ ਉਹ ਸ਼ੁਕੀਨ ਔਰਤਾਂ ਦੇ ਹੱਕ ਵਿੱਚ ਹੋਣ, ਸਗੋਂ ਉਨ੍ਹਾਂ ਨੇ ਆਪਣੇ ਨਾਲ ਦੇ ਸਾਥੀਆਂ ਨੂੰ ਵੀ ਡਰਾ ਦਿੱਤਾ, ਪਰੰਤੂ ਕੈਲਵੀਇਨ ਸਟੇਨ ਨੇ ਆਪਣੀਆਂ ਸਾਰੀਆਂ ਪਸ਼ੂ ਬਿਰਤੀਆਂ ਨੂੰ ਖੁੱਲ ਦਿੰਦਿਆਂ ਸ਼ੱਕੀ ਕਥਨ ਆਖਣੇ ਸ਼ੁਰੂ ਕੀਤੇ ਅਤੇ ਉਹ ਆਪਣੇ ਭੂਰੇ ਵਾਲਾਂਵਿੱਚ ਅੱਗ-ਬਗੋਲਾ ਹੋਇਆ ਜਾਪਦਾ ਸੀ। ਉਸ ਨੇ ਰਹਾਇਨ ਦੇ ਦੂਜੇ ਪਾਸੇ ਤੋਂ ਫਰਾਂਸੀਸੀ ਭਾਸ਼ਾ ਵਿੱਚ ਕਿਹਾ ਅਤੇ ਆਪਣੇ ਦੋ ਟੁੱਟੇ ਹੋਏ ਦੰਦਾਂ ਵਿੱਚੋਂ ਊਟ-ਪਟਾਂਗ ਬੋਲਣਾ ਸ਼ੁਰੂ ਕਰ ਦਿੱਤਾ, ਜੋ ਇਕ ਘਟੀਆ ਵਿਅਕਤੀ ਹੀ ਕਰ ਸਕਦਾ ਹੈ।

ਪਰ ਉਨ੍ਹਾਂ ਨੇ ਉਸ ਨੂੰ ਨਹੀਂ ਸਮਝਿਆ ਅਤੇ ਉਨ੍ਹਾਂ ਦੀ ਸੂਝ ਬੂਝ ਉਦੋਂ ਤੱਕ ਜਾਗੀ ਪ੍ਰਤੀਤਨਾ ਹੋਈ ਜਦੋਂ ਤੱਕ ਕਿ ਉਸ ਨੇ ਘਟੀਆ ਸ਼ਬਦ ਜਿਹੜੇ ਕਿ ਉਸ ਦੇ ਲਹਿਜ਼ੇ ਵਿੱਚ ਰਲਗੱਡ ਨਾ ਹੋ ਗਏ ਸਨ, ਨਾ ਬੋਲੇ। ਤਾਂ ਸਾਰਿਆਂ ਨੇ ਤੁਰੰਤ ਪਾਗ਼ਲ ਔਰਤਾਂ ਵਾਂਗ ਹੱਸਣਾ ਸ਼ੁਰੂ ਕੀਤਾ ਅਤੇ ਇਕ ਦੂਜੇ ਦੇ ਉੱਪਰ ਡਿੱਗਣ ਲੱਗੇ, ਉਹ ਸ਼ਬਦ ਦੁਹਰਾਉਂਦੇ, ਜਿਹੜੇ ਕਿ ਉਦੋਂ ਬੈਰਨ ਨੇ ਸਾਰੇ ਗ਼ਲਤ ਆਖੇ ਸਨ, ਇਸ ਗੱਲ ਦੀ ਆਸ ਕਰਦਿਆਂ ਕਿ ਉਸ ਨੂੰ ਇਹ ਸਾਰੀਆਂ ਸ਼ੱਕੀ ਗੱਲਾਂ ਖ਼ੁਸ਼ੀ ਨਾਲ ਸੁਣਨੀਆਂ ਚਾਹੀਦੀਆਂ ਸਨ। ਉਨ੍ਹਾਂ ਨੇ ਉਸ ਨੂੰ ਇੰਨੀਆਂ ਹੀ ਗੱਲਾਂ ਆਖੀਆਂ ਜਿੰਨੀਆਂ ਉਹ ਸੁਣਨੀਆਂ ਚਾਹੁੰਦਾ ਸੀ ਕਿਉਂ ਜੋ ਉਹ ਪਹਿਲੀ ਬੋਤਲ ਤੋਂ ਬਾਅਦ ਸ਼ਰਾਬੀ ਹੋ ਚੁੱਕੇ ਸਨ ਅਤੇ ਹੋਰ ਸ਼ਰਾਬੀ ਹੋ ਰਹੇ ਸਨ ਅਤੇ ਆਪਣੀ ਪੁਰਾਣੀ ਆਦਤ ਅਨੁਸਾਰ ਦਰਵਾਜ਼ਾ ਖੋਲ੍ਹ ਦਿੱਤਾ ਉਨ੍ਹਾਂ ਨੇ ਆਪਣੇ ਸੱਜੇ ਖੱਬੇ ਵਾਲਿਆਂ ਦੀਆਂ ਮੁੱਛਾਂ ਨੂੰ ਚੁੰਮਿਆ, ਮੋਢਿਆਂ ਤੇ ਚੂੰਢੀਆਂ ਵੱਢੀਆਂ, ਚੀਕਾਂ ਮਾਰੀਆਂ, ਹਰ ਗਲਾਸ ’ਚੋਂ ਸ਼ਰਾਬ ਪੀਤੀ, ਫਰਾਂਸੀਸੀ ਅਤੇ ਜਰਮਨ ਭਾਸ਼ਾ ਦੇ ਟੋਟਕੇ ਗਾਏ ਜਿਹੜੇ ਕਿ ਉਨ੍ਹਾਂ ਨੇ ਦੁਸ਼ਮਨ ਨਾਲ ਹਰ ਰੋਜ਼ ਗੱਲਬਾਤ ਕਰਦਿਆਂ ਚੇਤੇ ਕਰ ਲਏ ਸਨ।

ਛੇਤੀ ਹੀ ਉਹ ਆਦਮੀ ਸਾਰੀ ਸ਼ਰਾਬ ਪੀ ਗਏ ਅਤੇ ਸ਼ਰਾਬੀ ਹੋ ਗਏ ਬਹੁਤ ਰੰਗ ਰਲੀਆਂ ਮਨਾਉਣ ਲੱਗੇ। ਉਨ੍ਹਾਂ ਨੇ ਉੱਚੀ ਉੱਚੀ ਬੋਲਦਿਆਂ ਪਲੇਟਾਂ ਤੇ ਪਿਆਲੀਆਂ ਭੰਨ ਦਿੱਤੀਆਂ ਜਦੋਂ ਕਿ ਉਨ੍ਹਾਂ ਦੇ ਪਿੱਛੇ ਖੜ੍ਹੇ ਸਿਪਾਹੀ ਉਨ੍ਹਾਂ ਨੂੰ ਲਾਲਸਾ ਨਾਲ ਵੇਖ ਰਹੇ ਸਨ। ਕੇਵਲਕੰਮਾਂਡੰਟ ਇੱਕੋ ਇਕ ਆਦਮੀ ਸੀ ਜਿਸ ਨੇ ਆਪਣੇ ਆਪ ’ਤੇ ਕੁਝ-ਜ਼ਬਤ ਰੱਖਿਆ।

ਮਡੈਮੋਸਿਲੀ ਫਿਫੀ ਨੇ ਰਚੇਲ ਨੂੰ ਆਪਣੇ ਗੋਡਿਆਂ ਵਿੱਚ ਘੁੱਟ ਲਿਆ ਅਤੇ ਜੋਸ਼ ਵਿੱਚ ਆਉਂਦਿਆਂ ਇਕ ਵਾਰੀ ਉਸ ਦੀ ਗਰਦਨ ’ਤੇ ਲਟਕੇ ਘੁੰਗਰਾਲੇ ਵਾਲਾਂ ਦਾ ਚੁੰਮਣ ਲਿਆ, ਉਸ ਦੇ ਸਰੀਰ ਦੇ ਨਿੱਘ ਅਤੇ ਸੁਆਦ ਨੂੰ ਮਾਣਿਆ, ਉਸ ਦੇ ਕੱਪੜਿਆਂ ਅਤੇ ਤਨ ਵਿੱਚ ਬਹੁਤ ਥੋੜ੍ਹੀ ਵਿੱਥ ਸੀ ਅਤੇ ਇਕ ਵਾਰੀ ਗ਼ੁੱਸੇ ਵਿੱਚ ਆ ਕੇ ਉਸ ਨੂੰ ਅਜਿਹੀ ਚੂੰਢੀ ਵੱਢੀ ਕਿ ਉਸ ਨੂੰ ਤੜਫਾ ਦਿੱਤਾ, ਕਿਉਂਕਿ ਉਸ ਸਮੇਂ ਉਸ ਵਿੱਚ ਕਾਫ਼ੀ ਜੋਸ਼ ਆ ਗਿਆ ਸੀ ਅਤੇ ਉਸ ਨੇ ਉਸ ਤੰਗ ਕਰਨ ਦੀ ਨੀਯਤ ਨਾਲ ਦੁਖੀ ਕਰ ਦਿੱਤਾ। ਉਸ ਨੇ ਕਈ ਵਾਰੀ ਉਸ ਨੂੰ ਖਿੱਚ ਕੇ ਆਪਣੇ ਨਾਲ ਲਾ ਲਿਆ ਜਿਵੇਂ ਕਿ ਉਹ ਉਸ ਨੂੰ ਆਪਣੇ ਸਰੀਰ ਵਿੱਚ ਹੀ ਜਜ਼ਬ ਕਰ ਲੈਣਾ ਚਾਹੁੰਦਾ ਹੋਵੇ। ਉਸ ਦੇ ਲਾਲ-ਸੁਰਖ਼ ਚਿਹਰੇ ਦਾ ਲੰਮਾ ਚੁੰਮਣ ਲਿਆ, ਇੱਥੋਂ ਤੱਕ ਕਿ ਉਸ ਦਾ ਦਮ

ਘੁੱਟ ਗਿਆ ਅਤੇ ਅੰਤ ਨੂੰ ਉਸ ਦੀ ਠੋਡੀ ’ਤੇ ਦੰਦੀ ਵੱਢੀ, ਲਹੂ ਵਗ ਕੇ ਉਸ ਦੀ ਅੰਗੀ ’ਤੇ ਗਿਰਨ ਲੱਗਾ।

ਦੂਜੀ ਵਾਰ ਉਸ ਨੇ ਉਸ ਨੂੰ ਚੰਗੀ ਤਰ੍ਹਾਂ ਵੇਖਿਆ ਅਤੇ ਆਪਣਾ ਜ਼ਖ਼ਮ ਸਾਫ਼ ਕਰਦਿਆਂ ਆਖਣ ਲੱਗੀ, “ਤੁਹਾਨੂੰ ਆਪਣੀ ਗ਼ਲਤੀ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ”

ਪਰ ਉਸ ਨੇ ਕੇਵਲ ਹੱਸਦਿਆਂ ਕਿਹਾ ‘ਮੈਂ ਭੁਗਤ ਲਵਾਂਗਾ”।

ਰੇਗਿਸਤਾਨ ਵਿੱਚ ਸ਼ੈਮਪੈਨ ਵੰਡੀ ਗਈ ਅਤੇ ਕੰਮਾਂਡੰਟ ਉੱਠਿਆ ਅਤੇ ਉਸ ਨੇ ਉਸੇ ਸੁਰ ਵਿੱਚ ਜਿਸ ਵਿੱਚ ਉਸ ਨੇ ਸ਼ਹਿਜ਼ਾਦੀ ਅਗਸਤਾ ਦੀ ਸਿਹਤ ਲਈ ਪੀਣੀ ਸੀ, ਸ਼ਰਾਬ ਪੀਤੀ; “ਔਰਤਾਂ ਦੀ ਸਿਹਤ ਲਈ” ਫਿਰ ਸਿਹਤ ਦੇ ਜਾਮ ਵੰਡਣੇ ਸ਼ੁਰੂ ਹੋਏ ਜੋ ਨਿਮਨ ਵਰਗ ਦੇ ਸਿਪਾਹੀਆਂ ਅਤੇ ਸ਼ਰਾਬੀਆਂ ਲਈ ਉਚਿਤ ਸਨ ਅਤੇ ਇਸ ਨਾਲ ਅਸ਼ਲੀਲ ਮਜ਼ਾਕ ਵੀ ਕੀਤੇ ਗਏ ਸਨ ਜੋ ਉਨ੍ਹਾਂ ਦੀ ਭਾਸ਼ਾ ਨਾ ਜਾਣਨ ਕਰਕੇ ਹੋਰ ਅਸਭਿਆ ਸਨ। ਕੁਝ ਮਸਖਰੀਆਂ ਗੱਲਾਂ ਕਹਿਣ ਦੀ ਕੋਸ਼ਿਸ਼ ਕਰਦਿਆਂ ਉਹ ਅਤੇ ਆਪਣੇ ਆਪ ਨੂੰ ਰਸਿਕ ਬਣਾਉਂਦਿਆਂ ਇਕ ਇਕ ਤੋਂ ਮਗਰੋਂ ਉੱਠੇ ਅਤੇ ਔਰਤਾਂ ਜਿਨ੍ਹਾਂ ਨੇ ਇੰਨੀ ਵੱਧ ਪੀ ਲਈ ਸੀ ਕਿ ਉਹ ਸਾਰੀਆਂ ਆਪਣੀਆਂ ਕੁਰਸੀਆਂ ਤੋਂ ਡਿੱਗ ਪਈਆਂ, ਉਨ੍ਹਾਂ ਦੀਆਂ ਅੱਖਾਂ ਖ਼ਾਲੀ ਅਤੇ ਜ਼ੁਬਾਨਾਂ ਚਿਪਚਿਪੀਆਂ ਜਾਪਦੀਆਂ ਸਨ ਅਤੇ ਉਹ ਪਾਗ਼ਲਾਂ ਵਾਂਗ ਇਕ ਦੂਜੇ ਦੀ ਪ੍ਰਸ਼ੰਸਾ ਕਰ ਰਹੀਆਂ ਸਨ।

ਕੈਪਟਨ, ਜਿਸ ਨੇ ਨਿਰਸੰਦੇਹ, ਸ਼ਰਾਬ ਕਬਾਬ ਦੀ ਹੋਰ ਇੱਛਾ ਪ੍ਰਗਟ ਕੀਤੀ ਸੀ ਨੇ ਆਪਣਾ ਗਲਾਸ ਮੁੜ ਚੁੱਕਿਆ ਅਤੇ ਕਿਹਾ, “ਆਪਣੀਆਂ ਜਿੱਤਾਂ ਦੀ ਦਿਲੀ ਖ਼ੁਸ਼ੀ ਲਈ”, ਇਸ ਤੇ ਲਫ਼ਟੈਨ ਓਟੋ, ਜੋ ਕਾਲੇ ਜੰਗਲ ਦੇ ਭਾਲੂ ਦੀ ਕਿਸਮ ਦਾ ਸੀ, ਕੁੱਦ ਕੇ ਅੱਗੇ ਆਇਆ ਉਤੇਜਿਤ ਹੋਇਆ ਅਤੇ ਉਹ ਸ਼ਰਾਬ ਵਿੱਚ ਪੂਰੀ ਤਰ੍ਹਾਂ ਗੁਟ ਸੀ ਚਿਲਾਇਆ “ਫ਼ਰਾਂਸ ਤੇ ਸਾਡੀ ਜਿੱਤ ਲਈ।”

ਉਹ ਸ਼ਰਾਬੀ ਸਨ, ਔਰਤਾਂ ਚੁੱਪ ਸਨ, ਅਤੇ ਰਚੇਲ ਨੇ ਝੁੰਝਲਾ ਕੇ ਇੱਧਰ ਉੱਧਰ ਵੇਖਿਆ, ਅਤੇ ਕਿਹਾ, ‘ਇੱਧਰ ਵੇਖੋ, ਮੈਂ ਜਾਣਦੀ ਹਾਂ ਕਿ ਕੁਝ ਫਰਾਂਸੀਸੀ ਵਿਅਕਤੀਆਂ ਸਾਹਮਣੇ ਤੁਸੀਂ ਇਹ ਕਹਿਣ ਦਾ ਹੌਸਲਾ ਨਹੀਂ ਕਰੋਗੇ”। ਪਰ ਛੋਟੇ ਕਾਊਂਟ ਨੇ ਜਿਸ ਨੇ ਹਾਲੇ ਵੀ ਉਸ ਨੂੰ ਆਪਣੇ ਗੋਡਿਆਂ ਵਿੱਚ ਲਿਆ ਹੋਇਆ ਸੀ,

ਹੱਸਣਾ ਸ਼ੁਰੂ ਕਰ ਦਿੱਤਾ ਕਿਉਂਕਿ ਸ਼ਰਾਬ ਨੇ ਉਸ ਨੂੰ ਨਸ਼ੇ ਵਿੱਚ ਗੁਟ ਕਰ ਦਿੱਤਾ ਸੀ, ਅਤੇਉਸ ਨੇ ਕਿਹਾ, "ਹਾ-ਹਾ-ਹਾ ਮੈਂ ਉਨ੍ਹਾਂ ਵਿੱਚੋਂ ਕਿਸੇ ਨੂੰ ਕਦੇ ਨਹੀਂ ਮਿਲਿਆ। ਜਿਉਂ ਹੀ ਅਸੀਂ ਵਿਖਾਈ ਦਿੱਤੇ, ਉਹ ਨੱਸ ਗਏ"।

ਉਸ ਲੜਕੀ ਨੇ ਜੋ ਬਹੁਤ ਗੁੱਸੇ ਵਿੱਚ ਸੀ, ਉਸ ਤੇ ਹਾਲ ਪਾਹਰਿਆ ਹੋ ਕੇ ਕਿਹਾ, "ਤੂੰ ਝੂਠ ਬੋਲ ਰਿਹਾ ਏਂ, ਤੂੰ ਨੀਚ, ਦੁਸ਼ਟ।"

ਇਕ ਪਲ ਉਸ ਨੇ ਆਪਣੀਆਂ ਚਮਕੀਲੀਆਂ ਅੱਖਾਂ ਨਾਲ ਉਸ ਵੱਲ ਟਿਕ ਕੇ ਵੇਖਿਆ, ਜਿਵੇਂ ਉਸ ਨੇ ਪਿਸਤੌਲ ਦੀ ਗੋਲੀ ਮਾਰ ਕੇ ਨਸ਼ਟ ਕਰਨ ਤੋਂ ਪਹਿਲਾਂ ਤਸਵੀਰ ਵੱਲ ਵੇਖਿਆ ਸੀ; ਅਤੇ ਫਿਰ ਉਸ ਨੇ ਹੱਸਣਾ ਸ਼ੁਰੂ ਕਰ ਦਿੱਤਾ, "ਆਹ ਹਾ, ਉਨ੍ਹਾਂ ਬਾਰੇ ਗੱਲਾਂ ਕਰੋ, ਮੇਰੀ ਪਿਆਰੀ ਜੇ ਉਹ ਇੰਨੇ ਬਹਾਦਰ ਹੁੰਦੇ ਤਾਂ ਉਹ ਸਾਨੂੰ ਛੱਡਦੇ?" ਫਿਰ ਭੜਕ ਕੇ ਉਸ ਕਿਹਾ, "ਅਸੀਂ ਮਾਸਟਰ ਹਾਂ ਫਰਾਂਸ ਸਾਡਾ ਹੈ।" ਉਹ ਕੁੱਦ ਕੇ ਉਸ ਦੇ ਗੋਡਿਆਂ ਵਿੱਚੋਂ ਬਾਹਰ ਹੋ ਗਈ ਅਤੇ ਕੁਰਸੀ ਵਿੱਚ ਬੈਠ ਗਈ, ਜਦੋਂ ਉਹ ਉੱਠਿਆ ਅਤੇ ਆਪਣਾ ਗਲਾਸ ਮੇਜ਼ 'ਤੇ ਰੱਖਿਆ ਅਤੇ ਫਿਰ ਕਿਹਾ "ਫਰਾਂਸ ਅਤੇ ਫਰਾਂਸੀਸੀ ਲੋਕ ਜੰਗਲ, ਖੇਤ ਅਤੇ ਫਰਾਂਸ ਦੇ ਮਕਾਨ ਸਾਡੇ ਹਨ।"

ਹੋਰ ਜਿਹੜੇ ਬਿਲਕੁਲ ਸ਼ਰਾਬੀ ਸਨ ਅਤੇ ਜਿਨ੍ਹਾਂ 'ਤੇ ਫ਼ੌਜੀ ਜ਼ੋਸ਼, ਪਸ਼ੂਬਿਰਤੀ ਹਾਵੀ ਸੀ, ਉਨ੍ਹਾਂ ਨੇ ਆਪਣੇ ਗਲਾਸ ਫੜੇ ਅਤੇ ਪਰੂਸ਼ੀਆ ਚਿਰੰਜੀਵ ਰਹੇ, ਚਿਲਾਉਂਦਿਆਂ ਗਲਾਸ ਇੱਕੋ ਘੁੱਟ ਵਿੱਚ ਖ਼ਾਲੀ ਕਰ ਦਿੱਤੇ।

ਲੜਕੀਆਂ ਨੇ ਰੋਸ ਨਾ ਕੀਤਾ ਕਿਉਂਕਿ ਉਹ ਚੁੱਪ ਕਰਾ ਦਿੱਤੀਆਂ ਗਈਆਂ ਸਨ ਅਤੇ ਡਰੀਆਂ ਹੋਈਆਂ ਸਨ। ਇੱਥੋਂ ਤੱਕ ਰਚੇਲ ਨੇ ਵੀ ਇਕ ਸ਼ਬਦ ਤੱਕ ਨਾ ਕਿਹਾ ਕਿਉਂਕਿ ਉਸ ਪਾਸ ਕੋਈ ਉੱਤਰ ਨਹੀਂ ਸੀ ਅਤੇ ਫਿਰ ਛੋਟੇ ਕਾਊਂਟ ਨੇ ਆਪਣਾ ਸ਼ੈਮਪੈਨ ਦਾ ਗਲਾਸ, ਜੋ ਹੁਣੇ ਦੋਬਾਰਾ ਭਰਿਆ ਗਿਆ ਸੀ, ਯਹੂਦਣ ਦੇ ਸਿਰ 'ਤੇ ਰੱਖਿਆ ਅਤੇ ਕਿਹਾ: "ਫਰਾਂਸ ਦੀਆਂ ਸਾਰੀਆਂ ਔਰਤਾਂ ਵੀ ਸਾਡੀਆਂ ਹਨ।"

ਇਸ 'ਤੇ ਉਹ ਇੰਨੀ ਛੇਤੀ ਉੱਠੀ ਕਿ ਗਲਾਸ ਉੱਲਟ ਗਿਆ ਅਤੇ ਅੰਬਰੀ ਰੰਗ ਦੀ ਸ਼ਰਾਬ ਉਸ ਦੇ ਕਾਲੇ ਵਾਲਾਂ'ਤੇ ਡੁੱਲ੍ਹ ਰਹੀ ਸੀ ਜਿਵੇਂ ਉਸ ਨੂੰ

ਪਵਿੱਤਰ ਕਰ ਰਹੀ ਹੋਵੇ, ਅਤੇ ਇਸ ਦੇ ਫ਼ਰਸ਼ ’ਤੇ ਡਿੱਗਣ ਨਾਲ ਲਪਟਾਂ ਆਉਣ ਲੱਗ ਪਈਆਂ। ਕੰਬਦੇ ਬੁੱਲ੍ਹਾਂ ਨਾਲ ਉਸ ਨੇ ਅਫ਼ਸਰ ਦੀ ਤੱਕਣੀ ਨੂੰ ਲਲਕਾਰਿਆ ਜੋ ਹਾਲੇ ਵੀ ਹੱਸ ਰਿਹਾ ਸੀ, ਅਤੇ ਉਸ ਨੇ ਗ਼ੁੱਸੇ ਵਿੱਚ ਥਥਿਆ ਕੇ ਕਿਹਾ, “ਇਹ— ਇਹ— ਇਹ ਸੱਚ ਨਹੀਂ ਹੈ ਕਿਉਂਕਿ ਤੈਨੂੰ ਸੱਚੀ-ਮੁੱਚੀ ਕੋਈ ਫਰਾਂਸੀਸੀ ਔਰਤ ਨਹੀਂ ਮਿਲੇਗੀ।”

ਉਹ ਫਿਰ ਬੈਠ ਗਿਆ ਤਾਂ ਜੋ ਉਹ ਅਰਾਮ ਨਾਲ ਹੱਸ ਸਕੇ, ਅਤੇ ਪਾਰਸੀਅਨ ਸੁਰ ਵਿੱਚ ਬੋਲਣ ਦੀ ਕੋਸ਼ਿਸ਼ ਕਰਦਿਆਂ ਉਸ ਕਿਹਾ, “ਇਹ ਚੰਗਾ ਹੈ, ਬਹੁਤ ਚੰਗਾ ਫਿਰ ਤੂੰ ਇੱਥੇ ਕਿਉਂ ਆਈ, ਮੇਰੀ ਪਿਆਰੀ”?

ਉਹ ਹੱਕੀ ਬੱਕੀ ਸੀ, ਅਤੇ ਇਕ ਪਲ ਉਸ ਨੇ ਕੋਈ ਉੱਤਰ ਨਾ ਦਿੱਤਾ, ਕਿਉਂ ਕਿ ਉਸ ਨੇ ਗੜ ਬੜ ਕਾਰਨ ਉਸ ਨੂੰ ਪਹਿਲਾਂ ਨਾ ਸਮਝਿਆ; ਪਰ ਜਿਉਂ ਹੀ ਉਸ ਨੇ ਉਸ ਦੇ ਭਾਵਾਂ ਨੂੰ ਸਮਝਿਆ ਤਾਂ ਉਸ ਨੇ ਉਸ ਨੂੰ ਗ਼ੁੱਸੇ ਅਤੇ ਜੋਸ਼ ਨਾਲ ਕਿਹਾ, “ਮੈਂ ਮੈਂ ਮੈਂ ਔਰਤ ਨਹੀਂ ਹਾਂ; ਮੈਂ ਕੇਵਲ ਵੇਸਵਾ ਹਾਂ, ਅਤੇ ਪਰੂਸੀਆ ਦੇ ਲੋਕ ਕੇਵਲ ਇਹੋ ਹੀ ਚਾਹੁੰਦੇ ਹਨ”।

ਮੁਸ਼ਕਲ ਨਾਲ ਉਸ ਨੇ ਇਹ ਸ਼ਬਦ ਕਹੇ ਹੀ ਸਨ ਕਿ ਉਸ ਨੇ ਉਸ ਦੇ ਮੂੰਹ ਤੇ ਚਪੇੜਮਾਰ ਦਿੱਤੀ; ਪਰ ਜਿਉਂ ਹੀ ਉਹ ਆਪਣਾ ਹੱਥ ਉਸ ਨੂੰ ਮਾਰਨ ਲਈ ਚੁੱਕਣ ਲੱਗਾ ਉਸ ਨੇ ਜੋਸ਼ ਵਿੱਚਪਾਗ਼ਲ ਹੋ ਕੇ ਮੇਜ਼ ਤੋਂ ਇਕ ਛੋਟਾ ਚਾਕੂ ਚੁੱਕਿਆ ਅਤੇ ਉਸ ਦੇ ਸੀਨੇ ਦੀ ਹੱਡੀ ਦੇ ਉੱਪਰ ਗਰਦਨ ਵਿੱਚ ਖੋਭ ਦਿੱਤਾ। ਜੋ ਕੁਝ ਉਹ ਕਹਿਣ ਲੱਗਾ ਸੀ ਉਹ ਉਸ ਦੇ ਗਲੇ ਵਿੱਚ ਹੀ ਰੁੱਕ ਗਿਆ, ਅਤੇ ਉਹ ਉੱਥੇ ਬੈਠ ਗਿਆ। ਉਸ ਦਾ ਮੂੰਹ ਅੱਧਾ ਖੁੱਲ੍ਹਾ ਹੋਇਆ ਸੀ ਅਤੇ ਉਸ ਦੀਆਂ ਅੱਖਾਂ ਡਰਾਉਣੀਆਂ ਹੋ ਗਈਆਂ ਸਨ।

ਸਾਰੇ ਅਫ਼ਸਰਾਂ ਨੇ ਡਰ ਵਿੱਚ ਹਾਲ-ਪਾਹਰਿਆ ਕੀਤਾ ਅਤੇ ਸ਼ੋਰ-ਸ਼ਰਾਬੇ ਵਿੱਚ ਛਾਲਾਂ ਮਾਰੀਆਂ, ਪਰੰਤੂ ਆਪਣੀ ਕੁਰਸੀ ਲਫ਼ਟੈਣ ਓਟੋ ਦੀਆਂ ਲੱਤਾਂ ਵਿੱਚ ਸੁੱਟਦਿਆਂ ਜੋ ਡਿੱਗ ਪਿਆ ਸੀ ਉਹ ਖਿੜਕੀ ਵੱਲ ਦੌੜੀ, ਅਤੇ ਕਿ ਉਹ ਇਸ ਨੂੰ ਕਾਬੂ ਕਰ ਸਕਦੇ ਇਸ ਤੋਂ ਪਹਿਲਾਂ ਹੀ ਉਸ ਨੇ ਖਿੜਕੀ ਖੋਲ੍ਹ ਦਿੱਤੀ ਅਤੇ ਮੀਂਹ ਵਿੱਚ ਰਾਤੀਂ ਖਿੜਕੀ ਤੋਂ ਬਾਹਰ ਛਾਲ ਮਾਰ ਦਿੱਤੀ।

ਦੋ ਮਿੰਟਾਂ ਵਿੱਚ, ਮਡੈਮੋਸਿਲੀ ਫਿਫੀ ਮਰ ਗਿਆ ਸੀ। ਫਰਿਟਜ਼ ਅਤੇ ਓਟੋ ਨੇ ਆਪਣੀਆਂ ਤਲਵਾਰਾਂ ਕੱਢ ਲਈਆਂ ਅਤੇ ਉਨ੍ਹਾਂ ਔਰਤਾਂ ਨੂੰ ਮਾਰਨਾ ਚਾਹਿਆ ਜਿਹੜੀਆਂ ਉਨ੍ਹਾਂ ਦੇ ਪੈਰਾਂ'ਤੇ ਡਿੱਗ ਪਈਆਂ ਅਤੇ ਉਨ੍ਹਾਂ ਦੇ ਗੋਡਿਆਂ ਨਾਲ ਚਿੰਬੜ ਗਈਆਂ ਸਨ। ਕੁਝ ਤਰੱਦਦ ਤੋਂ ਬਾਅਦ ਮੇਜਰ ਨੇ ਚਾਰ ਭੈ ਭੂਤ ਹੋਈਆਂ ਲੜਕੀਆਂ ਨੂੰ ਇਕ ਕਮਰੇ ਵਿੱਚ, ਦੋ ਸਿਪਾਹੀਆਂ ਦੀ ਨਿਗਰਾਨੀ ਹੇਠ, ਬੰਦ ਕਰ ਦਿੱਤਾ ਸੀ। ਫਿਰ ਉਸ ਨੇ ਭਗੌੜੇ ਦਾ ਪਿੱਛਾ ਕਰਨ ਦਾ ਪ੍ਰਬੰਧ ਬੜੇ ਧਿਆਨ ਨਾਲ ਕੀਤਾ, ਜਿਵੇਂ ਉਹ ਮੁੱਠ-ਭੇੜ ਕਰਨ ਨੂੰ ਤਿਆਰ ਸੀ, ਉਸ ਨੂੰ ਵਿਸ਼ਵਾਸ ਸੀ ਕਿ ਉਹ ਪਕੜੀ ਜਾਵੇਗੀ।

ਮੇਜ਼, ਜਿਸ ਨੂੰ ਤੁਰੰਤ ਖ਼ਾਲੀ ਕੀਤਾ ਗਿਆ ਸੀ ਤੋਂ ਬੈੱਡ ਦਾ ਕੰਮ ਲਿਆ ਗਿਆ ਸੀ ਜਿਸ 'ਤੇ ਕਿ ਫਿਫੀ ਨੂੰ ਲਿਟਾਇਆ ਗਿਆ ਅਤੇ ਚਾਰ ਅਫ਼ਸਰਾਂ ਨੂੰ ਖਿੜਕੀ 'ਤੇ ਡਿਊਟੀ 'ਤੇ ਲਾਇਆ ਗਿਆ, ਉਨ੍ਹਾਂ ਦੇ ਚਿਹਰੇ ਡਿਊਟੀ ਦੇ ਸਿਪਾਹੀਆਂ ਵਾਂਗ ਕਠੋਰ ਜਾਪਦੇ ਸਨ ਅਤੇ ਉਨ੍ਹਾਂ ਨੇ ਬਹੁਤੀ ਬਾਰਸ਼ ਵਿੱਚ ਵੀ ਰਾਤ ਦੇ ਹਨੇਰੇ ਵਿੱਚ ਅੱਗੇ ਵੇਖਣ ਦਾ ਯਤਨ ਕੀਤਾ। ਅਚਾਨਕ ਹੀ ਨੇੜੇ ਤੋਂ ਅਤੇ ਫਿਰ ਦੂਰ ਤੋਂ ਗੋਲੀ ਚੱਲਣ ਦੀ ਆਵਾਜ਼ ਆਈ ਅਤੇ ਉਨ੍ਹਾਂ ਦੇ ਚਾਰ ਘੰਟਿਆਂ ਤੱਕ ਸਮੇਂ ਸਮੇਂ ਨੇੜੇ ਜਾਂ ਦੂਰੋਂ ਚੀਕ-ਚਿਹਾੜਾ ਅਤੇ ਅਜੀਬ ਅਵਾਜ਼ਾਂ ਸੁਣੀਆਂ। ਸਵੇਰ ਸਮੇਂ ਉਹ ਸਾਰੇ ਪਰਤ ਆਏ। ਉਸ ਨੂੰ ਫੜਨ ਦੀ ਕੋਸ਼ਿਸ਼ ਵਿੱਚ ਦੋ ਸਿਪਾਹੀ ਮਾਰੇ ਗਏ ਸਨ ਅਤੇ ਤਿੰਨ ਜ਼ਖ਼ਮੀ ਹੋਏ ਸਨ ਅਤੇ ਰਾਤ ਦੇ ਹਨੇਰੇ ਵਿੱਚ ਪਿੱਛਾ ਕਰਨ ਕਰਕੇ ਉਹ ਰਚੇਲ ਨੂੰ ਨਾ ਫੜ ਸਕੇ।

ਫਿਰ ਇਸ ਇਲਾਕੇ ਦੇ ਵਾਸੀ ਡਰੇ ਹੋਏ ਸਨ, ਮਕਾਨ ਢਹਿ ਢੇਰੀ ਹੋ ਗਏ ਸਨ, ਸਾਰਾ ਸ਼ਹਿਰ ਛਾਣ-ਮਾਰਿਆ ਸੀ ਅਤੇ ਕਈ ਵਾਰ ਗਸ਼ਤ ਕੀਤੀ ਗਈ ਸੀ, ਪਰ ਯਹੂਦਨ ਨੇ ਆਪਣਾ ਖੁਰਾ-ਖੋਜ ਲੱਭਣ ਲਈ ਕੋਈ ਚਿੰਨ੍ਹ ਨਹੀਂ ਸੀ ਛੱਡਿਆ ਕਿ ਉਹ ਕਿਸ ਪਾਸੇ ਵੱਲੋਂ ਕਿਥੇ ਚਲੀ ਗਈ।

ਜਦੋਂ ਜਰਨੈਲ ਨੂੰ ਇਸ ਗੱਲ ਬਾਰੇ ਦੱਸਿਆ ਗਿਆ ਤਾਂ ਉਸ ਨੇ ਇਹ ਮਾਮਲਾ ਦਬਾ ਦੇਣ ਦਾ ਆਦੇਸ਼ ਦਿੱਤਾ ਤਾਂ ਜੋ ਫ਼ੌਜ ਵਿੱਚ ਇਹ ਬੁਰੀ ਉਦਾਹਰਨ ਪੇਸ਼ ਨਾ ਕੀਤੀ ਜਾਵੇ, ਪਰੰਤੂ ਉਸ ਨੇ ਕੰਮਾਂਡੰਟ ਦੀ ਬੁਰੀ ਤਰ੍ਹਾਂ ਨਿਖੇਧੀ ਕੀਤੀ ਜਿਸ ਨੇ ਅੱਗੋਂ ਆਪਣੇ ਮਾਤਹਿਤਾਂ ਨੂੰ ਸਜ਼ਾ ਦਿੱਤੀ।

ਜਰਨੈਲ ਨੇ ਕਿਹਾ ਸੀ, “ਕੋਈ ਵੀ ਵਿਅਕਤੀ ਦਿਲ ਪ੍ਰਚਾਉਣ ਲਈ ਅਤੇ ਵੇਸਵਾ ਦੇ ਲਾਡ- ਪਿਆਰ ਲਈ ਲੜਾਈ ‘ਚ ਨਹੀਂ ਜਾਂਦਾ।“ ਅਤੇ ਗ੍ਰਾਫਵਾਨ ਫਾਰਲਸਬਰਗ ਨੇ ਗ਼ੁੱਸੇ ਵਿੱਚ ਜ਼ਿਲ੍ਹੇ ਤੋਂ ਬਦਲਾ ਲੈਣ ਲਈ ਆਪਣਾ ਮਨ ਬਣਾਇਆ, ਪਰੰਤੂ ਕਿਉਂ ਜੋ ਉਸ ਨੂੰ ਸਖ਼ਤੀ ਕਰਨ ਲਈ ਕਿਸੇ ਬਹਾਨੇ ਦੀ ਲੋੜ ਸੀ ਇਸ ਲਈ ਉਸ ਨੇ ਪਾਦਰੀ ਨੂੰ ਬੁਲਾਵਾ ਭੇਜਿਆ ਅਤੇ ਉਸ ਨੂੰ ਕਾਊਂਟ ਵਾਨ ਆਈਰਿਕ ਦੇ ਜਨਾਜ਼ੇ ’ਤੇ ਘੰਟੀਆਂ ਵਜਾਉਣ ਦਾ ਆਦੇਸ਼ ਦਿੱਤਾ।

ਆਸ ਦੇ ਵਿਰੁੱਧ, ਪਾਦਰੀ ਨੇ ਬੜਾ ਨਿਮਰਤਾ ਅਤੇ ਸਤਿਕਾਰ ਵਾਲਾ ਸਲੂਕ ਕੀਤਾ ਜਦੋਂ ਮਡੈਮੋਸਿਲੀ ਫਿਫੀ ਦਾ ਮ੍ਰਿਤੱਕ ਸਰੀਰ ਚੇਤਯੂ ਡੀ’ ਅਰਵਿਲੀ ਪਾਸੋਂ ਗੁਜ਼ਰਿਆ ਜਿਸ ਨੂੰ ਸਿਪਾਹੀ ਕਬਰਸਤਾਨ ਵੱਲ ਲਿਜਾ ਰਹੇ ਸਨ। ਉਸ ਦੇ ਮ੍ਰਿਤੱਕ ਸਰੀਰ ਦੇ ਅੱਗੇ ਪਿੱਛੇ ਸਿਪਾਹੀ ਸਨ ਜਿਹੜੇ ਗੋਲੀਆਂ ਨਾਲ ਭਰੀਆਂ ਬੰਦੂਕਾਂ ਨਾਲ ਮਾਰਚ ਕਰ ਰਹੇ ਸਨ। ਇਸ ਸਮੇਂ ਪਹਿਲੀ ਵਾਰ ਜਨਾਜ਼ੇ ਦੀ ਘੰਟੀ ਬੜੇ ਧੀਰਜ ਨਾਲ ਵੱਜੀ ਜਿਵੇਂ ਕਿ ਮਿੱਤਰਤਾ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੋਵੇ। ਰਾਤ ਨੂੰ ਇਹ ਫਿਰ ਵਜੀ, ਅਤੇ ਅਗਲੇ ਦਿਨ, ਅਤੇ ਹਰ ਰੋਜ਼; ਇਹ ਇੰਨੀ ਵੱਜਦੀ ਰਹੀ ਜਿੰਨੀ ਕੋਈ ਇੱਛਾ ਕਰਦਾ ਸੀ। ਕਈ ਵਾਰ ਇਹ ਰਾਤ ਨੂੰ ਵੱਜਣੀ ਸ਼ੁਰੂ ਹੋ ਜਾਂਦੀ ਸੀ ਅਤੇ ਅਜੀਬ ਖ਼ੁਸ਼ੀ ਨਾਲ ਹਨੇਰੇ ਵ ਵਿੱਚ ਸਹਿਜੇ ਸਹਿਜੇ ਵੱਜਦੀ ਰਹੀ, ਪਰ ਕੋਈ ਇਹ ਨਹੀਂ ਦਸ ਸਕਦਾ ਕਿ ਕਿਉਂ। ਆਂਢ-ਗੁਆਂਢ ਦੇ ਸਾਰੇ ਕਿਸਾਨਾਂ ਨੇ ਇਹ ਘੋਸ਼ਿਤ ਕੀਤਾ ਕਿ ਇਹ ਦਿਲ ਟੁੰਬਣ ਵਾਲੀ ਸੀ, ਤੇ ਹੁਣ ਪਾਦਰੀ ਅਤੇ ਮਜਾਵਰ ਤੋਂ ਬਿਨਾਂ ਕੋਈ ਵੀ ਵਿਅਕਤੀ ਗਿਰਜੇ ਦੇ ਮੁਨਾਰੇ ਪਾਸ ਨਹੀਂ ਜਾਵੇਗਾ ਅਤੇ ਉਹ ਇਸ ਕਰਕੇ ਗਏ ਕਿਉਂਕਿ ਇਕ ਗ਼ਰੀਬ ਲੜਕੀ ਉੱਥੇ ਇਕੱਲੀ ਅਤੇ ਮੁਸੀਬਤ ਵਿੱਚ ਰਹਿੰਦੀ ਸੀ ਜਿਸ ਦਾ ਪਾਲਣ-ਪੋਸ਼ਣ ਇਨ੍ਹਾਂ ਦੋ ਵਿਅਕਤੀਆਂ ਦੁਆਰਾ ਗੁਪਤ ਰੂਪ ਵਿੱਚ ਕੀਤਾ ਜਾਂਦਾ ਸੀ।

ਉਹ ਉੱਥੇ ਉਦੋਂ ਤੱਕ ਰਹੀ ਜਦੋਂ ਤੱਕ ਕਿ ਜਰਮਨ ਫ਼ੌਜਾਂ ਉੱਥੋਂ ਨਹੀਂ ਗਈਆਂ ਅਤੇ ਫਿਰ ਇਕ ਸ਼ਾਮ ਪਾਦਰੀ ਨੇ ਲਾਨਬਾਈ ਦਾ ਗੱਡਾ ਮੰਗਿਆ ਅਤੇ ਆਪਣੇ ਕੈਦੀ ਨੂੰ ਆਪ ਰੂਨ ਲੈ ਗਿਆ। ਜਦੋਂ ਉਹ ਉੱਥੇ ਪੁੱਜੇ ਤਾਂ ਉਸ ਨੇ ਉਸ ਨੂੰ ਗਲਵੱਕੜੀ ਵਿੱਚ ਲਿਆ ਅਤੇ ਉਹ ਤੁਰੰਤ ਪੈਦਲ ਉੱਥੇ ਚਲੀ ਗਈ ਜਿੱਥੋਂ ਉਹ

ਆਈ ਸੀ। ਮਾਲਕਣ ਜਿਸ ਨੇ ਇਹ ਸੋਚ ਲਿਆ ਸੀ ਕਿ ਉਹ ਮਰ ਗਈ ਸੀ, ਉਸ ਨੂੰ ਵੇਖ ਕੇ ਬਹੁਤ ਖ਼ੁਸ਼ ਹੋਈ।

ਇਸ ਤੋਂ ਕੁਝ ਸਮਾਂ ਪਿੱਛੋਂ, ਇਕ ਦੇਸ਼-ਭਗਤ, ਜਿਸ ਦੇ ਦਿਲ ਵਿੱਚ ਕੋਈ ਵਿਰੋਧ ਨਹੀਂ ਸੀ, ਨੇ ਉਸ ਨੂੰ ਉਸ ਦੇ ਦਲੇਰਾਨਾ ਕੰਮ ਕਰਕੇ ਪਸੰਦ ਕੀਤਾ ਸੀ ਅਤੇ ਇਸ ਪਿੱਛੋਂ ਉਸ ਦੇ ਗੁਣਾਂ ਕਰਕੇ ਉਸ ਨੂੰ ਪਿਆਰ ਕੀਤਾ ਅਤੇ ਉਸ ਨਾਲ ਵਿਆਹ ਕਰਵਾ ਲਿਆ ਅਤੇ ਉਸ ਨੂੰ ਆਪਣੀ ਪਤਨੀ ਬਣਾ ਲਿਆ।

# ਬਣਾਉਟੀ ਸੁੰਦਰਤਾ

ਦੋ ਕਾਲੇ ਘੋੜਿਆਂ ਵਾਲੀ ਇਕ ਮਨੋਰਥ ਬੱਘੀ ਵੱਡੇ ਮਹਿਲ ਅੱਗੇ ਆ ਰੁਕੀ। ਜੂਨ ਦੇ ਦੂਜੇ ਪੱਖ ਦਾ ਦਿਨ ਸੀ, ਸਮਾਂ ਲਗਭਗ ਸ਼ਾਮ ਦੇ ਸਾਢੇ ਪੰਜ ਵਜੇ ਦਾ ਸੀ ਅਤੇ ਉਸ ਸਮੇਂ ਉਸ ਵੱਡੇ ਮਹਿਲ ਦੇ ਵੱਡੇ ਵਿਹੜੇ ਵਿੱਚ ਚਮਕਦੀਆਂ ਹੋਈਆਂ ਨਿੱਘੀਆਂ ਕਿਰਨਾਂ ਫੈਲ ਰਹੀਆਂ ਸਨ।

ਕਾਉਂਟੇਸ ਡੀਮਾਸਕੇਰੇਟ ਦਾ ਪਤੀ ਘਰ ਆ ਰਿਹਾ ਸੀ, ਉਸ ਨੂੰ ਬੱਘੀ ਦੇ ਬੂਹੇ ਵਿੱਚ ਵੇਖਦਿਆਂ ਹੀ ਉਹ ਹੇਠਾਂ ਉਤਰ ਆਈ। ਪਤੀ ਆਪਣੀ ਪਤਨੀ ਦੇ ਚਿਹਰੇ ਨੂੰ ਵੇਖ ਕੇ ਪਲ ਕੁ ਲਈ ਰੁਕਿਆ ਅਤੇ ਪੀਲਾ ਪੈ ਗਿਆ। ਆਪਣੇ ਅੰਡਾ-ਆਕਾਰ ਚਿਹਰੇ, ਚਮਕਦਾਰ ਹਾਥੀ-ਦੰਦ ਵਾਂਗ ਆਪਣੇ ਰੰਗ, ਆਪਣੀਆਂ, ਵੱਡੀਆਂ ਵੱਡੀਆਂ ਭੂਰੀਆਂ ਅੱਖਾਂ ਅਤੇ ਉਹ ਆਪਣੇ ਕਾਲੇ ਕਾਲੇ ਕੇਸਾਂ ਕਰਕੇ ਬਹੁਤ ਸੁੰਦਰ, ਦਯਾਵਾਨ, ਪ੍ਰਤਿਸ਼ਨ ਮਹਿਲਾ ਲੱਗਦੀ ਸੀ, ਅਤੇ ਅਜਿਹਾ ਭਾਵ ਪ੍ਰਗਟ ਕਰਦਿਆਂ ਕਿ ਉਸ ਨੇ ਵੇਖਿਆ ਹੀ ਨਾ ਹੋਵੇ, ਉਸ ਵੱਲ ਵੇਖਣ ਤੋਂ ਬਿਨਾਂ ਹੀ ਇਕ ਵਿਸ਼ੇਸ਼ ਉੱਚ ਕੁਲੀਨਤਾ ਦੀ ਭਾਵਨਾ ਨਾਲ ਉਹ ਆਪਣੀ ਗੱਡੀ ਵਿੱਚ ਜਾ ਬੈਠੀ, ਜਿਸ ਨਾਲ ਕਿ ਉਹ ਭਿਆਨਕ ਈਰਖਾ, ਜਿਸ ਨੂੰ ਉਹ ਕਾਫ਼ੀ ਦੇਰ ਤੋਂ ਭੁਲਾ ਚੁੱਕਿਆ ਸੀ, ਫਿਰ ਉਸ ਦੇ ਦਿਲ ਵਿੱਚ ਉੱਭਰ ਗਈ। ਉਹ ਉਸ ਦੇ ਕੋਲ਼ ਜਾ ਕੇ ਬੋਲਿਆ, “ਤੁਸੀਂ ਸੈਰ ਕਰਨ ਜਾ ਰਹੇ ਹੋ ”?

ਉਸ ਨੇ ਨਜ਼ਾਕਤ ਨਾਲ ਕੇਵਲ ਇਹੋ ਉੱਤਰ ਦਿੱਤਾ : “ਹਾਂ ਮੈਂ ਜਾ ਰਹੀ ਹਾਂ”।

“ਬੋਈਸ ਡੀ ਬੋਲੋਨ ਵਿੱਚ”?

"ਸ਼ਾਇਦ"

"ਕੀ ਮੈਂ ਤੁਹਾਡੇ ਨਾਲ ਜਾ ਸਕਦਾ ਹਾਂ "?

"ਗੱਡੀ ਤੁਹਾਡੀ ਹੀ ਹੈ"।

ਉਸ ਦੀ ਆਵਾਜ਼ ਦੇ ਢੰਗ ਨਾਲ ਜਿਸ ਵਿੱਚ ਉਸ ਨੂੰ ਉੱਤਰ ਦਿੱਤੇ ਗਏ ਸਨ, ਉਹ ਪ੍ਰਭਾਵਿਤ ਹੋਏ ਬਗ਼ੈਰ ਹੀ ਅੰਦਰ ਆ ਕੇ ਆਪਣੀ ਪਤਨੀ ਦੇ ਨਾਲ ਬੈਠ ਕੇ ਬੋਲਿਆ : "ਬੋਇਸ ਡੀ ਬੋਲੋਨਾ"। ਨੌਕਰ ਉੱਛਲ ਕੇ ਕੋਚਵਾਨ ਦੀ ਬਗ਼ਲ ਵਿੱਚ ਬੈਠ ਅਤੇ ਘੋੜੇ ਜਦੋਂ ਤੱਕ ਸੜਕ ਤੇ ਰਹੇ ਆਪਣੇ ਸਿਰ ਹਿਲਾਉਂਦੇ ਰਹੇ ਅਤੇ ਜ਼ਮੀਨ ਨੂੰ ਟਾਪਾਂ ਨਾਲ ਖਰੋਚਦੇ ਰਹੇ। ਪਤੀ ਪਤਨੀ ਆਪਸ ਵਿੱਚ ਬਿਨਾਂ ਗੱਲ ਕੀਤੇ ਕੋਲ ਕੋਲ ਬੈਠੇ ਰਹੇ। ਉਹ ਸੋਚ ਰਿਹਾ ਸੀ ਕਿ ਗੱਲ ਬਾਤ ਕਿਵੇਂ ਸ਼ੁਰੂ ਕੀਤੀ ਜਾਵੇ ਪਰ ਉਸ ਦੇ ਕਠੋਰ ਅਤੇ ਜ਼ਿੱਦੀ ਸੁਭਾ ਕਾਰਨ ਉਸ ਵਿੱਚ ਗੱਲ ਬਾਤ ਕਰਨ ਦੀ ਹਿੰਮਤ ਨਹੀਂ ਪੈਂਦੀ ਸੀ। ਅੰਤ ਵਿੱਚ, ਉਸ ਨੇ ਚਲਾਕੀ ਨਾਲ, ਸੁਭਾਵਕ ਹੀ ਕਿਸੇ ਵੀ ਤਰ੍ਹਾਂ ਨਾਲ ਕਾਊਂਟਸ ਦੇ ਦਸਤਾਨੇ ਵਿੱਚ ਪਾਏ ਹੱਥ ਨੂੰ ਆਪਣੇ ਹੱਥ ਨਾਲ ਛੋਹ ਲਿਆ, ਪਰ ਉਸ ਨੇ ਆਪਣੀ ਬਾਂਹ ਗ਼ੁੱਸੇ ਨਾਲ ਖਿੱਚ ਲਈ ਫਿਰ ਉਹ, ਆਪਣੇ ਅਧਿਕਾਰਤ ਅਤੇ ਆਪਹੁਦਰੇ ਸੁਭਾ ਦੇ ਉੱਲਟ, ਵਿਚਾਰਾਂ ਵਿੱਚ ਹੀ ਮਗਨ ਰਿਹਾ। ਅੰਤ ਨੂੰ ਬੋਲਿਆ, "ਗੇਬਰੀਏਲ'"।

"ਕੀ ਕੰਮ ਹੈ?"

"ਮੈਨੂੰ ਤੁਸੀਂ ਬੜੇ ਸੁਹਣੇ ਲਗਦੇ ਹੋ"।

ਉਸ ਨੇ ਕੋਈ ਉੱਤਰ ਨਾਂ ਦਿੱਤਾ, ਪਰ ਗੱਡੀ ਇਕ ਗੁਸਤਾਖ ਰਾਣੀ ਵਾਂਗ ਲੇਟੀ ਰਹੀ। ਉਸ ਸਮੇਂ ਉਹ ਲੋਕ ਆਰਕ ਡੀ ਟ੍ਰਿਓਮਪੇ ਵੱਲ ਚੈਂਪਸ-ਏਲੀਸੇਜ ਦੇ ਉੱਪਰ ਸਨ। ਲੰਮੇ ਮਹਿਲ ਦੇ ਅਖ਼ੀਰ ਵਿੱਚ ਉਸ ਦੇ ਵੱਡੇ ਗੁੰਬਦ ਅਕਾਸ਼ ਨੂੰ ਚੁੰਮ ਰਹੇ ਸਨ ਅਤੇ ਸੂਰਜ ਉਨ੍ਹਾਂ 'ਤੇ ਅਕਾਸ਼ ਦੇ ਅਗਨੀ-ਕਣ ਸੁੱਟਦਾ ਹੋਇਆ ਅਸਤ ਹੁੰਦਾ ਵਿਖਾਈ ਦੇ ਰਿਹਾ ਸੀ। ਸੂਰਜ ਦੀਆਂ ਕਿਰਨਾਂ ਨਾਲ ਚਮਕਦੇ ਲੇਪਾਂ ਵਾਲੀਆਂ ਚਮਕਦੀਆਂ ਗੱਡੀਆਂ ਦੀਆਂ ਲਾਈਨਾਂ, ਇਕ ਨਗਰ ਵੱਲ ਅਤੇ ਦੂਜੀਆਂ ਜੰਗਲ

ਵੱਲ ਜਾ ਰਹੀਆਂ ਸਨ ਅਤੇ ਕਾਊਂਟ ਡੀ ਮਾਸਕਰੇਟ ਨੇ ਕਹਿਣਾ ਸ਼ੁਰੂ ਕੀਤਾ, "ਮੇਰੀ ਪਿਆਰੀ ਗੈਬਰੀਵੇਲ।"

ਫਿਰ ਵਧੇਰੇ ਸਹਿਣ ਨਾ ਕਰ ਸਕਣ ਕਾਰਨ ਉਹ ਕ੍ਰੋਧਵਾਨ ਹੋ ਕੇ ਬੋਲੀ, "ਉਹ ! ਕਿਰਪਾ ਕਰਕੇ ਮੈਨੂੰ ਤੰਗ ਨਾ ਕਰੋ। ਹੁਣ ਮੈਂ ਆਪਣੀ ਗੱਡੀ ਵਿੱਚ ਬੈਠਣ ਲਈ ਵੀ ਸੁਤੰਤਰ ਨਹੀਂ ਹਾਂ।" ਉਸ ਨੇ ਉਸ ਦੀ ਗੱਲ ਨੂੰ ਜਿਵੇਂ ਸੁਣਿਆ ਹੀ ਨਾ ਹੋਵੇ, ਅਜਿਹਾ ਦਰਸਾਉਂਦਿਆਂ ਕਿਹਾ, "ਜਿੰਨੀ ਸੁੰਦਰ ਤੁਸੀਂ ਅੱਜ ਲੱਗ ਰਹੇ ਹੋ ਓਨੀ ਸੁੰਦਰ ਤਾਂ ਤੁਸੀਂ ਕਦੇ ਨਹੀਂ ਲੱਗੇ।"

ਨਿਸ਼ਚੇ ਹੀ ਉਸ ਦਾ ਧੀਰਜ ਖ਼ਤਮ ਹੋ ਚੁੱਕਾ ਸੀ ਅਤੇ ਉਹ ਕ੍ਰੋਧਿਤ ਹੋਈ ਬੋਲੀ, "ਤੁਸੀਂ ਉਸ ਨੂੰ ਵੇਖ ਕੇ ਗ਼ਲਤ ਅਨੁਮਾਨ ਲਾ ਰਹੇ ਹੋ, ਕਿਉਂਕਿ ਮੈਂ ਸਹੁੰ ਖਾ ਕੇ ਕਹਿੰਦੀ ਹਾਂ ਕਿ ਮੈਂ ਤੁਹਾਡੇ ਨਾਲ ਉਸ ਤਰ੍ਹਾਂ ਦਾ ਕੋਈ ਵਿਹਾਰ ਕਦੇ ਨਹੀਂ ਕਰਾਂਗੀ।" ਉਹ ਆਪਣੀ ਬੁੱਧੀ ਖੋ ਬੈਠਿਆ, ਭੜਕ ਗਿਆ ਅਤੇ ਉਸ ਦੀਆਂ ਪਸ਼ੂ ਬਿਰਤੀਆਂ ਉਸ 'ਤੇ ਹਾਵੀ ਹੋ ਗਈਆਂ, ਉਹ ਚਿਲਾਇਆ, "ਇਹ ਕਹਿਣ ਦਾ ਤੁਹਾਡਾ ਕੀ ਮਤਲਬ ਹੈ "? ਉਹ ਇਸ ਤਰ੍ਹਾਂ ਚਿਲਾਇਆ ਜਿਸ ਨਾਲ ਉਹ ਦਿਆਲੂ ਵਿਅਕਤੀ ਦੀ ਥਾਂ ਨਿਰਦਈ ਜਿਹਾ ਵਿਖਾਈ ਦਿੱਤਾ। ਪਰ ਉਸ ਨੇ ਹੌਲੀ ਜਿਹੇ ਉੱਤਰ ਦਿੱਤਾ;ਜਿਸ ਨਾਲ ਕਿ ਗੱਡੀ ਦੇ ਪਹੀਆਂ ਦੀ ਉੱਚੀ ਸ਼ੋਰ ਵਾਲੀ ਅਵਾਜ਼ ਵਿੱਚ ਉਸ ਦੇ ਨੌਕਰ ਅਵਾਜ਼ ਨੂੰ ਨਾ ਸੁਣ ਸਕਣ।

"ਆਹ ! ਮੇਰਾ ਇਹ ਕਹਿਣ ਦਾ ਕੀ ਮਤਲਬ? ਮੇਰਾ ਇਹ ਕਹਿਣ ਦਾ ਕੀ ਮਤਲਬ ਸੀ? ਮੈਂ ਹੁਣ ਤੁਹਾਨੂੰ ਫਿਰ ਤੋਂ ਪਹਿਚਾਣ ਗਈ ਹਾਂ। ਕੀ ਤੁਸੀਂ ਮੇਰੇ ਤੋਂ ਸਾਰੀਆਂ ਗੱਲਾਂ ਅਖਵਾਉਣਾ ਚਾਹੁੰਦੇ ਹੋ?

"ਹਾਂ"

ਸਾਰੀਆਂ ਗੱਲਾਂ, ਉਹ ਸਾਰੀਆਂ ਗੱਲਾਂ ਜੋ ਮੇਰੇ ਦਿਲ ਵਿੱਚ ਹਨ ਅਤੇ ਉਦੋਂ ਤੋਂ ਜਦੋਂ ਤੋਂ ਕਿ ਮੈਂ ਤੁਹਾਡੇ ਸੁਆਰਥ ਦਾ ਸ਼ਿਕਾਰ ਹੋਈ ਹਾਂ?"

ਉਹ ਗ਼ੁੱਸੇ ਅਤੇ ਹੈਰਾਨੀ ਨਾਲ ਲਾਲ ਹੋ ਗਿਆ ਅਤੇ ਆਪਣੇ ਦੰਦਾਂ ਨੂੰ ਕਰੀਚ ਕੇ ਕਹਿਣ ਲੱਗਾ : “ਹਾਂ, ਮੈਨੂੰ ਸਾਰੀਆਂ ਗੱਲਾਂ ਦਸ ਦਿਓ।”

ਉਹ ਇਕ ਉੱਚਾ ਲੰਬਾ, ਲੰਬੀ ਭੂਰੀ ਦਾੜ੍ਹੀ ਵਾਲਾ, ਸੁੰਦਰ ਅਭਿਜਾਤ ਵਰਗ ਦਾ ਇਕ ਪ੍ਰਸਿੱਧ ਵਿਅਕਤੀ ਸੀ, ਇਕ ਨੇਕ ਪਤੀ ਅਤੇ ਚੰਗਾ ਪਿਤਾ ਸੀ ਅਤੇ ਉਸ ਦੀ ਪਤਨੀ ਨੇ ਚੱਲਣ ਪਿੱਛੋਂ ਹੁਣ ਪਹਿਲੀ ਵਾਰ ਉਸ ਵੱਲ ਮੁੜ ਕੇ ਉਸ ਦੇ ਮੂੰਹ ਵੱਲ ਚੰਗੀ ਤਰ੍ਹਾਂ ਵੇਖਿਆ, “ਆਹ ਤੁਸੀਂ ਕੁਝ ਅਣਹੋਣੀਆਂ ਗੱਲਾਂ ਸੁਣੋਗੇ ਪਰ ਤੁਹਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਮੈਂ ਅੱਜ ਕਹਿਣ ਲਈ ਮਜਬੂਰ ਈ ਹਾਂ ਮੈਨੂੰ ਹੁਣ ਤੁਹਾਡਾ ਕੋਈ ਡਰ ਨਹੀਂ ਅਤੇ ਮੈਂ ਹਰ ਗੱਲ ਲਈ ਤਿਆਰ ਹਾਂ।

ਉਹ ਵੀ ਉਸ ਦੀਆਂ ਅੱਖਾਂ ਵੱਲ ਵੇਖ ਰਿਹਾ ਸੀ ਅਤੇ ਗ਼ੁੱਸੇ ਨਾਲ ਤਾਂ ਕੰਬ ਹੀ ਰਿਹਾ ਸੀ। ਫਿਰ ਉਹ ਹੌਲੀ ਜਿਹੇ ਬੋਲਿਆ, “ਤੂੰ ਪਾਗ਼ਲ ਏ”।

“ਨਹੀਂ, ਪਰ ਮੈਂ ਮਾਂ ਬਣਨ ਦੀ ਬੁਰੀ ਸਜ਼ਾ ਦਾ ਸ਼ਿਕਾਰ ਹੋਰ ਬਹੁਤਾ ਸਮਾਂ ਨਹੀਂ ਰਹਿਣਾ ਚਾਹੁੰਦੀ ਤੁਸੀਂ ਮੇਰੇ 'ਤੇ ਗਿਆਰਾਂ ਸਾਲਾਂ ਤੋਂ ਜ਼ੁਲਮ ਕਰ ਰਹੇ ਹੋ, ਹੁਣ ਹੋਰ ਨਹੀਂ ਸਹਿਣ ਕਰ ਸਕਾਂਗੀ।

ਮੈਂ ਦੁਨੀਆ ਵਿੱਚ ਸੰਸਾਰਿਕ ਔਰਤਾਂ ਵਾਂਗ ਰਹਿਣਾ ਚਾਹੁੰਦੀ ਹਾਂ, ਕਿਉਂਕਿ ਮੈਨੂੰ ਵੀ ਹੋਰਨਾਂ ਔਰਤਾਂ ਵਾਂਗ ਇਸ ਤਰ੍ਹਾਂ ਰਹਿਣ ਦਾ ਪੂਰਾ ਅਧਿਕਾਰ ਹੈ।” ਉਹ ਫਿਰ ਗ਼ੁੱਸੇ ਨਾਲ ਅਚਾਨਕ ਪੀਲਾ ਹੋ ਗਿਆ ਅਤੇ ਲੜਖੜਾ ਕੇ ਬੋਲਿਆ, “ਮੇਰੀ ਸਮਝ ਵਿੱਚ ਤੁਹਾਡੀ ਗੱਲ ਨਹੀਂ ਆਈ।"

“ਆਹ ਹਾ, ਤੁਸੀਂ ਚੰਗੀ ਤਰ੍ਹਾਂ ਸਮਝਦੇ ਹੋ। ਹਾਲੇ ਤਿੰਨ ਮਹੀਨੇ ਪਹਿਲਾਂ ਮੇਰਾ ਬੱਚਾ ਹੋਇਆ ਹੈ ਅਤੇ ਜਿਵੇਂ ਤੁਸੀਂ ਮੈਨੂੰ ਪੌੜੀਆਂ ਤੋਂ ਉੱਤਰਦੇ ਵੇਖ ਕੇ ਸੋਚਿਆ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਕਿ ਮੈਂ ਹੁਣ ਫਿਰ ਗਰਭਵਤੀ ਹੋ ਜਾਵਾਂ, ਤੁਹਾਡੀਆਂ ਸਾਰੀਆਂ ਕੋਸ਼ਿਸ਼ਾਂ ਦੇ ਹੁੰਦਿਆਂ ਹੋਇਆਂ ਵੀ ਮੈਂ ਹਾਲੇ ਵੀ ਬਹੁਤ ਸੁੰਦਰ ਹਾਂ ਅਤੇ ਤੁਸੀਂ ਮੇਰੀ ਸੁੰਦਰਤਾ ਨੂੰ ਨਸ਼ਟ ਨਹੀਂ ਕਰ ਸਕਦੇ।"

“ਪਰ ਤੂੰ ਮੂਰਖਤਾ ਭਰੀਆਂ ਗੱਲਾਂ ਕਰ ਰਹੀ ਏ।”“ਨਹੀਂ, ਮੈਂ ਨਹੀਂ ਕਰ ਰਹੀ, ਮੈਂ 30 ਸਾਲਾਂ ਦੀ ਹਾਂ ਅਤੇ ਸੱਤ ਬੱਚਿਆਂ ਦੀ ਮਾਂ ਹਾਂ ਅਤੇ ਸਾਡੇ ਵਿਆਹ ਨੂੰ ਗਿਆਰਾਂ ਸਾਲ ਹੋ ਗਏ ਹਨ ਅਤੇ ਤੁਸੀਂ ਚਾਹੁੰਦੇ ਹੋ ਦਸ ਸਾਲਾਂ ਤੱਕ ਹੋਰ ਇਸੇ ਤਰ੍ਹਾਂ ਚੱਲਦਾ ਰਹੇ ਜਿਸ ਪਿੱਛੋਂ ਈਰਖਾ ਵੱਸ ਹੋ ਕੇ ਤੁਸੀਂ ਛੱਡ ਦਿਓਗੇ।”

ਉਸ ਨੇ ਉਸ ਦੀ ਬਾਂਹ ਪਕੜੀ ਤੇ ਦਬਾਉਂਦਿਆਂ ਕਿਹਾ : "ਮੈਂ ਤੈਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨ ਦਿਆਂਗਾ।”

“ਅਤੇ ਮੈਂ ਇਹ ਗੱਲਾਂ ਉਦੋਂ ਤੱਕ ਕਰਦੀ ਰਹਾਂਗੀ, ਜਦੋਂ ਤੱਕ ਕਿ ਜੋ ਕੁਝ ਵੀ ਮੈਂ ਕਹਿਣਾ ਹੈ ਕਹਿ ਨਹੀਂ ਲੈਂਦੀ ਅਤੇ ਤੁਸੀਂ ਮੈਨੂੰ ਰੋਕਣ ਦੀ ਕੋਸ਼ਿਸ਼ ਕਰੋਗੇ ਤਾਂ ਮੈਂ ਜ਼ੋਰ ਦੀ ਕਹਾਂਗੀ ਜਿਸ ਨਾਲ ਇਹ ਦੋਵੇਂ ਨੌਕਰ ਜਿਹੜੇ ਬਾਕਸ 'ਤੇ ਬੈਠੇ ਹਨ, ਸੁਣ ਲੈਣ। ਮੈਂ ਤੁਹਾਨੂੰ ਆਪਣੇ ਨਾਲ ਲੈ ਜਾਣ ਲਈ ਇਸ ਲਈ ਸਵੀਕਾਰ ਕੀਤਾ ਕਿਉਂਕਿ ਮੇਰੇ ਪਾਸ ਇਹ ਗਵਾਹ ਹਨ, ਜੋ ਤੁਹਾਨੂੰ ਮਜਬੂਰ ਕਰ ਦੇਣਗੇ ਕਿ ਤੁਸੀਂ ਮੇਰੀਆਂ ਗੱਲਾਂ ਸੁਣੋ। ਮੇਰੇ ਦਿਲ ਵਿੱਚ ਤੁਹਾਡੇ ਪ੍ਰਤਿ ਕੋਈ ਹਮਦਰਦੀ ਨਹੀਂ ਹੈ। ਅਤੇ ਇਹ ਮੈਂ ਤੁਹਾਡੇ ਤੋਂ ਕਦੇ ਛੁਪਾਇਆ ਵੀ ਨਹੀਂ, ਕਿਉਂਕਿ ਸ੍ਰੀ ਮਾਨ ਜੀ ਮੈਂ ਕਦੇ ਝੂਠ ਨਹੀਂ ਬੋਲੀ। ਤੁਸੀਂ ਮੇਰੀ ਇੱਛਾ ਵਿਰੁੱਧ ਮੇਰੇ ਨਾਲ ਵਿਆਹ ਕੀਤਾ; ਤੁਸੀਂ ਮੇਰੇ ਮਾਪਿਆਂ ਨੂੰ ਜੋ ਮਜਬੂਰ ਹਾਲਤ ਵਿੱਚ ਸਨ, ਵਿਆਹ ਕਰਨ ਲਈ ਦਬਾਅ ਪਾਇਆ ਕਿਉਂਕਿ ਤੁਸੀਂ ਅਮੀਰ ਸੀ ਅਤੇ ਉਨ੍ਹਾਂ ਮੇਰੇ ਹੰਝੂਆਂ ਦੀ ਵੀ ਪਰਵਾਹ ਨਾ ਕਰਕੇ ਤੁਹਾਡੇ ਨਾਲ ਮੇਰਾ ਵਿਆਹ ਕਰ ਦਿੱਤਾ।”

“ਇਸ ਤਰ੍ਹਾਂ ਤੁਸੀਂ ਮੈਨੂੰ ਖ਼ਰੀਦ ਲਿਆ, ਅਤੇ ਜਿਵੇਂ ਹੀ ਮੈਂ ਤੁਹਾਡੇ ਵੱਸ ਆਈ, ਤਿਉਂ ਮੈਂ ਤੁਹਾਡੀ ਸਾਥਣ ਬਣ ਗਈ ਅਤੇ ਤੁਹਾਡੇ ਨਾਲ ਆਪਣੇ ਸਬੰਧ ਜੋੜਨ, ਤੁਹਾਡੀ ਘ੍ਰਿਣਿਤ ਅਤੇ ਧਮਕੀ ਭਰੀਆਂ ਹਰਕਤਾਂ ਇਸ ਲਈ ਭੁੱਲਣ ਨੂੰ ਤਿਆਰ ਹੋਈ ਕਿ ਜਿਸ ਨਾਲ ਮੈਂ ਕੇਵਲ ਇਹ ਧਿਆਨ ਰੱਖਾਂ ਕਿ ਮੈਨੂੰ ਤੁਹਾਡੀ ਸੇਵਾ ਕਰਨੀ ’ਤੇ ਪਤਨੀ ਬਣਨਾ ਹੈ ਅਤੇ ਤੁਹਾਡੇ ਨਾਲ ਇੰਨਾ ਪਿਆਰ ਕਰਨਾ ਹੈ ਜਿੰਨਾ ਵੱਧ ਤੋਂ ਵੱਧ ਮੈਂ ਤੁਹਾਡੇ ਨਾਲ ਕਰ ਸਕਦੀ ਹਾਂ; ਤੁਸੀਂ ਈਰਖਾਲੂ ਹੋ ਗਏ ਅਤੇ ਇਕ ਗੁਪਤ ਜਿਹੀ ਨੀਚ ਅਤੇ ਕਮਜ਼ਾਤ ਈਰਖਾ ਨਾਲ

ਤੁਸੀਂ ਈਰਖਾਲੂ ਹੋਏ ਜਿਵੇਂ ਕਿ ਕਿਸੇ ਵਿਅਕਤੀ ਨੇ ਪਹਿਲੇ ਕਦੇ ਨਹੀਂ ਵੇਖੀ ਅਤੇ ਜਿਹੜੀ ਤੁਹਾਡੇ ਲਈ ਵੀ ਓਨੀ ਹੀਣ ਅਤੇ ਅਪਮਾਨਜਨਕ ਸੀ ਜਿੰਨੀ ਕਿ ਮੇਰੇ ਲਈ। ਮੇਰੇ ਵਿਆਹ ਨੂੰ ਅੱਠ ਮਹੀਨੇ ਵੀ ਨਹੀਂ ਹੋਏ ਸਨ ਕਿ ਤੁਸੀਂ ਮੇਰੇ ’ਤੇ ਵਿਸ਼ਵਾਸਘਾਤ ਦਾ ਸ਼ੱਕ ਕੀਤਾ, ਇਹ ਤੁਸੀਂ ਮੈਨੂੰ ਦੱਸਿਆ ਵੀ ਸੀ। ਕਿੰਨੀ ਅਪਮਾਨ ਵਾਲੀ ਗੱਲ ਹੈ ਕਿਉਂਕਿ ਤੁਸੀਂ ਮੈਨੂੰ ਸੁੰਦਰ ਹੋਣ ਕਰਕੇ, ਲੋਕਾਂ ਨੂੰ ਪ੍ਰਸੰਨ ਕਰਨ ਡਰਾਇੰਗ-ਰੂਮਾਂ ਵਿੱਚ ਬੁਲਾਏ ਜਾਣ ’ਤੇ, ਅਤੇ ਸਮਾਚਾਰ ਪੱਤਰਾਂ ਵਿੱਚ ਵੀ, ਪੈਰਿਸ ਦੀ ਸਭ ਤੋਂ ਵੱਧ ਸੋਹਣੀਆਂ ਵਿੱਚੋਂ ਇਕ ਅਖਵਾਉਣ ਤੋਂ ਨਹੀਂ ਰੋਕ ਸਕੇ। ਤੁਸੀ ਮੇਰੇ ਪ੍ਰਸੰਸਕਾਂ ਨੂੰ ਮੇਰੇ ਤੋਂ ਦੂਰ ਰੱਖਣਦੀਆਂ ਸਾਰੀਆਂ ਕੋਸ਼ਿਸ਼ਾਂ, ਜਿਹੜੀਆਂ ਤੁਹਾਡੇ ਦਿਮਾਗ਼ਵਿੱਚ ਆ ਸਕਦੀਆਂ ਸਨ, ਕੀਤੀਆਂ; ਫਿਰ ਤੁਹਾਡੇ ਦਿਲ ਵਿੱਚ ਮੈਨੂੰ ਮਾਂ ਬਣਕੇ ਬੱਚੇ ਪਾਲਣ ਦੀ ਹਾਲਤ ਵਿੱਚ , ਜਦੋਂ ਤੱਕ ਕਿ ਮੈਂ ਹਰ ਮਨੁੱਖ ਨੂੰ ਘ੍ਰਿਣਾ ਨਾ ਕਰਨ ਲੱਗਾਂ ਰੱਖਣ ਦੀ ਘ੍ਰਿਣਾਮਈ ਇੱਛਾ ਪ੍ਰਗਟ ਹੋਈ। ਆਹ, ਇਸ ਤੋਂ ਮੁਨਕਰ ਨਾ ਹੋਵੋ। ਪਹਿਲਾਂ ਤਾਂ ਮੈਂ ਕੁਝ ਦਿਨਾਂ ਤੱਕ ਸਮਝ ਨਾ ਸਕੀ, ਪਰ ਫਿਰ ਮੈਂ ਸਮਝ ਗਈ। ਤੁਸੀਂ ਆਪਣੀ ਭੈਣ ਦੇ ਸਾਹਮਣੇ ਵੀ ਇਹ ਡੀਂਗ ਮਾਰੀ ਸੀ। ਉਸ ਨੇ ਮੈਨੂੰ ਕਹਿ ਦਿੱਤਾ ਸੀ ਕਿਉਂਕਿ ਉਹ ਮੇਰੇ ਨਾਲ ਕਾਫ਼ੀ ਪਿਆਰਕਰਦੀਸੀ ਅਤੇ ਤੁਹਾਡੇ ਜੰਗਲੀ ਅਤੇ ਅਸੱਭਯ ਵਿਹਾਰ ਨੂੰ ਉਹ ਬਹੁਤ ਬੁਰਾ ਸਮਝਦੀ ਸੀ।

“ਆਹ ਆਪਣੇ ਝਗੜੇ ਯਾਦ ਕਰੋ, ਦਰਵਾਜ਼ੇ ਬੰਦ ਹੋ ਗਏ, ਤਾਲੇ ਲਾ ਦਿੱਤੇ ਗਏ। ਗਿਆਰਾਂ ਸਾਲ ਤੱਕ ਤੁਸੀਂ ਮੈਨੂੰ ਇਕ ਬੈਠੀ ਹੋਈ ਘੋੜੀ ਵਾਂਗ ਜ਼ਿੰਦਗੀ ਬਿਤਾਉਣ ਲਈ ਮਜਬੂਰ ਕੀਤਾ। ਫਿਰ ਜਦੋਂ ਵੀ ਮੈਂ ਗਰਭਵਤੀ ਹੋਈ ਤੁਹਾਨੂੰ ਮੇਰੇ ਨਾਲ ਘ੍ਰਿਣਾ ਹੋ ਗਈ ਅਤੇ ਮੈਂ ਕਈ ਮਹੀਨੇ ਤੁਹਾਡੇ ਬਾਰੇ ਕੋਈ ਗੱਲ ਨਹੀਂ ਵੇਖੀ। ਤੁਸੀਂ ਮੈਨੂੰ ਖੇਤਾਂ ਅਤੇ ਦਲਦਲਾਂ ਨਾਲ ਘਿਰੇ ਪਰਿਵਾਰਕ ਭਵਨ ਵਿੱਚ ਚਰਾਗਾਹਾਂ ਵਿੱਚ ਜਣੇਪੇ ਲਈ ਭੇਜ ਦਿੱਤਾ। ਅਤੇ ਉਸ ਪਿੱਛੋਂ ਜਦੋਂ ਮੈਂ ਫਿਰ ਸਿਹਤਮੰਦ, ਸੁੰਦਰ ਸਡੌਲ ਹੋਈ ਅਤੇ ਚੰਗੀ ਲੱਗਣ ਲੱਗੀ ਅਤੇ ਪ੍ਰਸ਼ੰਸਕਾਂ ਤੋਂ ਹਮੇਸ਼ਾ ਘਿਰੀ ਰਹਿਣ ਅਤੇ ਆਸ ਕਰਨ ਲੱਗੀ ਕਿ ਮੈਂ ਵੀ ਇਕ ਧਨੀ ਨਵਯੁਵਤੀ ਜੋ ਸਮਾਜ ਨਾਲ ਸਬੰਧ ਰੱਖਦੀ ਹੈ, ਵਾਂਗ ਥੋੜ੍ਹਾ ਬਹੁਤ ਰਹਿ ਸਕਾਂਗੀ ਪਰ ਤੁਸੀਂ ਫਿਰ ਘ੍ਰਿਣਾ ਕਰਨ ਲੱਗੇ ਅਤੇ ਤੁਸੀਂ ਆਪਣੀ ਬੱਦੂ ਅਤੇ ਘ੍ਰਿਣਾਮਈ ਇੱਛਾ ਨਾਲ, ਜੋ ਇਸ ਸਮੇਂ ਮੇਰੇ ਪਾਸ

ਬੈਠੇ ਹੋਏ ਤੁਹਾਡੇ ਅੰਦਰ ਪੈਦਾ ਹੋ ਰਹੀ ਹੈ, ਮੇਰੇ ਨਾਲ ਬੁਰਾ ਵਿਹਾਰ ਕਰਨਾ ਆਰੰਭ ਕਰ ਦਿੱਤਾ ਹੈ ਅਤੇ ਤੁਹਾਡੀ ਇਹ ਇੱਛਾ ਮੈਨੂੰ ਆਪਣਾ ਬਣਾ ਕੇ ਰੱਖਣ ਲਈ ਨਹੀਂ ਹੈ ਸਗੋਂ ਮੈਨੂੰ ਬਦਸੂਰਤ ਬਣਾਉਣ ਲਈ ਹੈ, ਨਹੀਂ ਤਾਂ ਮੈਂ ਕਦੇ ਵੀ ਤੁਹਾਡੀ ਹੋ ਕੇ ਰਹਿਣ ਤੋਂ ਇਨਕਾਰ ਨਾ ਕਰਦੀ"।

ਇਸ ਤੋਂ ਇਲਾਵਾ ਇਹ ਘਿਣਾਉਣੀ ਅਤੇ ਰਮਜ਼ ਭਰੀ ਹਾਲਤ ਪੈਦਾ ਹੋਈ ਜਿਸ ਬਾਰੇ ਮੈਂ ਬਹੁਤ ਦਿਨਾਂ ਤੋਂ ਦੁੱਖ ਭਰੀ ਹਾਲਤ ਵਿੱਚ ਸੀ। ਪਰ ਮੈਂ ਤੁਹਾਡੇ ਵਿਚਾਰ ਅਤੇ ਕਹਾਣੀਆਂ ਨੂੰ ਵੇਖ ਕੇ ਬਹੁਤ ਆਕੀ ਹੋ ਗਈ ਸੀ। ਤੁਸੀਂ ਆਪਣੇ ਬੱਚਿਆਂ ਦੇ ਉਨ੍ਹਾਂ ਸਾਰਿਆਂ ਵਿਸ਼ਵਾਸਾਂ ਨੂੰ ਪ੍ਰਾਪਤ ਕਰਕੇ ਜੋ ਉਨ੍ਹਾਂ ਨੂੰ ਦਿਵਾਏ ਸਨ, ਦੇ ਪ੍ਰੇਮ ਵਿੱਚ ਲੀਨ ਹੋ ਗਏ। ਜਦੋਂ ਕਿ ਉਨ੍ਹਾਂ ਨੂੰ ਗਰਭ ਵਿੱਚ ਮੈਂ ਰੱਖਿਆ ਸੀ ਤੁਸੀਂ ਉਨ੍ਹਾਂ ਲਈ ਪਿਆਰ ਪਰ ਮੇਰੇ ਲਈ ਨਫ਼ਰਤ ਰੱਖਦੇ ਹੋ ਅਤੇ ਤੁਹਾਡੇ ਕਮਜ਼ਾਤ ਡਰ ਦੇ ਹੁੰਦਿਆਂ ਹੋਇਆ ਵੀ ਜੋ ਕਿ ਮੈਨੂੰ ਮਾਂ ਵੇਖਣ ਦੇ ਤੁਹਾਡੇ ਅਨੰਦ ਵਿੱਚ ਛਿਨ ਭਰ ਲਈ ਚੱਬ ਜਾਂਦੇ ਸਨ, ਤੁਹਾਡੇ ਦਿਲ ਵਿੱਚ ਮੇਰੇ ਪ੍ਰਤੀ ਪ੍ਰੇਮ ਪੈਦਾ ਹੋਇਆ।

"ਉਫ਼ ਕਿੰਨੀ ਵਾਰ ਮੈਂ ਤੁਹਾਡੇ ਅੰਦਰ ਇਹ ਖ਼ੁਸ਼ੀ ਵੇਖੀ ਸੀ। ਮੈਂ ਇਹ ਤੁਹਾਡੀਆਂ ਅੱਖਾਂ ਵਿੱਚ ਵੇਖੀ ਸੀ ਅਤੇ ਪਛਾਣ ਗਈ ਸੀ। ਤੁਸੀਂ ਆਪਣੇ ਬੱਚਿਆਂ ਨੂੰ ਪਿਆਰ ਇਸ ਲਈ ਕਰਦੇ ਸੀ ਕਿ ਇਹ ਤੁਹਾਡੀਆਂ ਜਿੱਤਾਂ ਸਨ ਨਾ ਕਿ ਇਸ ਲਈ ਕਿ ਉਹ ਤੁਹਾਡਾ ਖ਼ੂਨ ਸਨ। ਮੇਰੇ ਉੱਪਰ, ਮੇਰੀ ਜੁਆਨੀ 'ਤੇ, ਮੇਰੀ ਸੁੰਦਰਤਾ 'ਤੇ, ਮੇਰੀ ਛੱਬ 'ਤੇ, ਸਦਭਾਵਨਾ 'ਤੇ ਜੋ ਮੇਰੇ ਪ੍ਰਤਿ ਵਿਖਾਈ ਸੀ ਅਤੇ ਜੋ ਲੋਕ ਮੈਨੂੰ ਚਾਰੇ ਪਾਸਿਓਂ ਘੇਰੀ ਰੱਖਦੇ ਸਨ ਉਨ੍ਹਾਂ 'ਤੇ ਜਿੱਤ ਪ੍ਰਾਪਤ ਕੀਤੀ ਗਈ ਸੀ, ਬਿਨਾਂ ਉਹ ਮੈਨੂੰ ਦਿੱਤਿਆਂ ਅਤੇ ਤੁਹਾਨੂੰ ਉਨ੍ਹਾਂ 'ਤੇ ਅਭਿਮਾਨ ਹੈ, ਤੁਸੀਂ ਉਨ੍ਹਾਂ ਤੋਂ ਪਰੇਡ ਕਰਵਾਉਂਦੇ ਹੋ,ਤੁਸੀਂ ਉਨ੍ਹਾਂ ਨੂੰ ਆਪਣੀ ਬੱਘੀ ਵਿੱਚ ਸੈਰ ਕਰਾਉਣ ਬੋਇਸ ਡੀਹ ਬੋਲਨ ਵਿੱਚ ਲੈ ਜਾਂਦੇ ਹੋ, ਅਤੇ ਤੁਸੀਂ ਉਨ੍ਹਾਂ ਨੂੰ ਮੋਂਟਮੋਰੇਸੀ ਵਿਖੇ ਗਧੇ ਦੀ ਸਵਾਰੀ ਦਿੰਦੇ ਹੋ। ਤੁਸੀਂ ਉਨ੍ਹਾਂ ਨੂੰ ਮੇਟਿਨੀ-ਸ਼ੋ ਵਿੱਚ ਲੈ ਜਾਂਦੇ ਹੋ ਤਾਂ ਜੋ ਤੁਹਾਨੂੰ ਉਨ੍ਹਾਂ ਵਿੱਚਕਾਰ ਵੇਖ ਕੇ ਲੋਕ ਕਹਿਣ, 'ਕਿੰਨਾ ਚੰਗਾ ਪਿਤਾ ਹੈ। ਅਤੇ ਇਹ ਦੁਹਰਾਇਆ ਜਾ ਸਕੇ।

ਉਸ ਨੇ ਉਸ ਦੀ ਕਲਾਈ ਨੂੰ ਬੇਦਰਦੀ ਨਾਲ ਫੜ ਲਿਆ ਅਤੇ ਇੰਨੀ ਜ਼ੋਰ ਨਾਲ ਮਰੋੜਿਆ ਕਿ ਭਾਵੇਂ ਦਰਦ ਕਰਕੇ ਉਸ ਦੇ ਮੂੰਹ ਵਿੱਚੋਂ ਚੀਕ ਨਿਕਲ

ਗਈ ਪਰ ਉਹ ਚੁੱਪ ਹੋ ਗਈ। ਫਿਰ ਉਹ ਉਸ ਨਾਲ ਹੌਲ਼ੀ ਜਿਹੀ ਬੋਲਿਆ- “ਮੈਂ ਆਪਣੇ ਬੱਚਿਆਂ ਨਾਲ ਪਿਆਰ ਕਰਦਾ ਹਾਂ, ਸੁਣਦੀ ਏਂ? ਤੇਰੇ ਵੱਲੋਂ ਹੁਣੇ ਕਹੀਆਂ ਗਈਆਂ ਗੱਲਾਂ ਇਕ ਮਾਂ ਲਈ ਕਲੰਕ ਹਨ। ਤੂੰ ਮੇਰੀ ਪਤਨੀ ਏਂ, ਮੈਂ ਤੇਰਾ ਪਤੀ ਹਾਂ- ਤੇਰੇ ਘਰ ਵਾਲਾ ਮਾਲਕ। ਮੈਂ ਤੇਰੇ ਤੋਂ ਜਦੋਂ ਅਤੇ ਜੋ ਚਾਹਵਾਂ ਵਸੂਲ ਕਰ ਸਕਦਾ ਹਾਂ ਅਤੇ ਕਾਨੂੰਨ ਮੇਰੇ ਹੱਕ ਵਿੱਚ ਹੈ।”

ਉਹ ਆਪਣੇ ਪੰਜੇ ਨਾਲ ਉਸ ਦੀਆਂ ਉਂਗਲੀਆਂ ਨੂੰ ਮੋਸ ਦੇਣਾ ਚਾਹੁੰਦਾ ਸੀ ਅਤੇ ਉਹ  ਦਰਦ ਨਾਲ ਵਿਆਕੁਲ ਹੋ ਉਨ੍ਹਾਂ ਉਗਲਾਂ ਨੂੰ, ਜਿਹੜੀਆਂ ਉਹ ਮਰੋੜ ਰਿਹਾ ਸੀ, ਬਚਾਉਣ ਦੀ ਵਿਅਰਥ ਕੋਸ਼ਿਸ਼ ਕਰ ਰਹੀ ਸੀ। ਦਰਦ ਕਰਕੇ ਉਹ ਰੋ ਪਈ ਅਤੇ ਉਸ ਦੀਆਂ ਅੱਖਾਂ ਵਿੱਚ ਅੱਥਰ ਆ ਗਏ। “ਤੈਨੂੰ ਪਤਾ ਹੈ ਤੇਰਾ ਸੁਆਮੀ ਹਾਂ ਅਤੇ ਤੇਰੇ ਤੋਂ ਬਹੁਤ ਸ਼ਕਤੀਸ਼ਾਲੀ ਵੀ”

ਉਹ ਬੋਲਿਆ ਅਤੇ ਜਦੋਂ ਉਸ ਨੇ ਆਪਣੀ ਪਕੜ ਕੁਝ ਢਿੱਲੀ ਕੀਤੀ ਤਾਂ ਉਹ ਉਸ ਤੋਂ ਪੁੱਛਣ ਲੱਗੀ, “ਕੀ ਤੁਸੀਂ ਮੈਨੂੰ ਇਕ ਪਵਿੱਤਰ ਔਰਤ ਮੰਨਦੇ ਹੋ?"

ਉਹ ਹੈਰਾਨ ਹੋ ਗਿਆ ਅਤੇ ਅਟਕ ਕੇ ਬੋਲਿਆ, "ਹਾਂ।"

“ਤੁਹਾਡੇ ਵਿਚਾਰ ਨਾਲ ਜੇ ਮੈਂ ਲਾਰਡ ਈਸਾ ਮਸੀਹ ਦੇ ਸਾਹਮਣੇ ਜਾ ਕੇ ਕਿਸੇ ਚੀਜ਼ ਦੀ ਸੱਚਾਈ ਲਈ ਕਸਮ ਖਾਵਾਂ ਤਾਂ ਕੀ ਉਹ ਝੂਠੀ ਹੋ ਸਕਦੀ ਹੈ?”

“ਨਹੀਂ।”

“ਕੀ ਤੁਸੀਂ ਮੇਰੇ ਨਾਲ ਕਿਸੇ ਗਿਰਜਾ ਘਰ ਤੱਕ ਚੱਲੋਗੇ?"

“ਕਿਸ ਲਈ”?

ਉੱਥੇ ਹੀ ਪਤਾ ਲੱਗ ਜਾਵੇਗਾ, ਚੱਲੋਗੇ?’

“ਜੇ ਤੇਰੀ ਬਿਲਕੁਲ ਇਹੋ ਇੱਛਾ ਹੋਵੇ ਤਾਂ ਚੰਗਾ”।

ਉਸ ਨੇ ਉੱਚੀ ਆਵਾਜ਼ ਵਿੱਚ ਕਿਹਾ, “ਫ਼ਿਲਪ”ਅਤੇ ਕੋਚਵਾਨ ਆਪਣੇ ਘੋੜਿਆਂ ਤੋਂ ਅੱਖਾਂ ਹਟਾਏ ਬਿਨਾਂ ਥੋੜ੍ਹਾ ਜਿਹਾ ਝੁਕਦਿਆਂ ਇੰਝ ਲੱਗਿਆ ਜਿਵੇਂ ਕਿ

ਉਸ ਨੇ ਕੇਵਲ ਆਪਣੇ ਕੰਨ ਹੀ ਆਪਣੀ ਮਾਲਕਣ ਵੱਲ ਕੀਤੇ ਹੋਣ, ਜਿਸ ਨੇ ਕਿਹਾ "ਸੇਂਟ ਫਿਲਪ ਡੂ ਰੋਲ ਵੱਲ ਚਲੋ।" ਉਹ ਬੱਘੀ ਜੋ ਹੁਣ ਬੋਇਸ-ਡੀ-ਬੋਲੋਨ ਦੇ ਦੁਆਰ 'ਤੇ ਪਹੁੰਚ ਗਈ ਸੀ, ਪੈਰਿਸ ਵੱਲ ਮੁੜ ਗਈ।

ਰਸਤੇ ਵਿੱਚ ਪਤੀ ਤੇ ਪਤਨੀ ਨੇ ਕੋਈ ਗੱਲ ਨਾ ਕੀਤੀ ਗੱਡੀ ਦੇ ਗਿਰਜਾ ਘਰ 'ਤੇ ਰੁਕਦਿਆਂ ਹੀ ਮੈਡਮ ਡੀਮਾਸਕਰੇਟ ਉਤਰੀ ਅਤੇ ਉਸ ਦੇ ਅੰਦਰ ਚਲੀ ਗਈ। ਕਾਉਂਟ ਉਸ ਦੇ ਕੁਝ ਕਦਮ ਪਿੱਛੇ ਚੱਲ ਪਿਆ। ਉਹ ਬਿਨਾਂ ਰੁਕੇ ਕੁਆਇਰ ਦੇ ਪਰਦੇ ਤੱਕ ਚਲੀ ਗਈ ਅਤੇ ਇਕ ਕੁਰਸੀ 'ਤੇ ਗੋਡਿਆਂ ਭਾਰ ਬੈਠਦਿਆਂ ਉਸ ਨੇ ਆਪਣਾ ਮੂੰਹ ਆਪਣੇ ਹੱਥਾਂ ਵਿੱਚ ਛੁਪਾ ਲਿਆ। ਉਹ ਬਹੁਤ ਦੇਰ ਤੱਕ ਪ੍ਰਾਰਥਨਾ ਕਰਦੀ ਰਹੀ ਅਤੇ ਉਹ ਉਸ ਦੇ ਪਿੱਛੇ ਖੜ੍ਹਾ ਹੋਇਆ ਸੀ। ਉਸ ਨੇ ਵੇਖਿਆ ਕਿ ਉਹ ਰੋ ਰਹੀ ਸੀ। ਉਹ ਮਨ ਵਿੱਚ ਹੀ ਰੋ ਰਹੀ ਸੀ, ਜਿਵੇਂ ਕਿ ਔਰਤਾਂ ਜਦੋਂ ਬਹੁਤ ਅਸਹਿ ਦੁੱਖ ਵਿੱਚ ਹੁੰਦੀਆਂ ਹਨ, ਤਾਂ ਰੋਇਆ ਕਰਦੀਆਂ ਹਨ। ਉਸ ਦਾ ਸਰੀਰ ਇਕ ਪ੍ਰਕਾਰ ਦੇ ਹਉਕੇ ਲੈ ਰਿਹਾ ਸੀ ਜੋ ਉਸ ਦੇ ਥੋੜ੍ਹੇ ਜਿਹੇ ਹੰਝੂਆਂ ਵਿੱਚ, ਜੋ ਉਸ ਦੇ ਹੱਥਾਂ ਵਿੱਚ ਛਿਪੇ ਹੋਏ ਸਨ ਪ੍ਰਗਟ ਹੋ ਗਏ।

ਪਰ ਕਾਊਂਟ ਡੀਮਾ ਸਕਰੇਟ ਨੇ ਸੋਚਿਆ ਕਿ ਬਹੁਤ ਦੇਰ ਹੋ ਗਈ ਸੀ ਅਤੇ ਉਸ ਨੇ ਉਸ ਦੇ ਮੋਢਿਆਂ ਨੂੰ ਆਪਣੀਆਂ ਉਂਗਲੀਆਂ ਨਾਲ ਛੋਹਿਆ। ਛੋਹ ਨੇ ਉਸ ਨੂੰ ਫਿਰ ਵਾਲਭਵਿਕਤਾ ਵਿੱਚ ਲੈ ਆਂਦਾ, ਜਿਵੇਂ ਉਹ ਜਲ਼ ਗਈ ਹੋਵੇ ਅਤੇ ਉੱਠਦਿਆਂ ਉਸ ਨੇ ਸਿੱਧਾ ਉਸ ਦੀਆਂ ਅੱਖਾਂ ਵਿੱਚ ਵੇਖਿਆ।" ਮੈਂ ਤੁਹਾਨੂੰ ਇਹੀ ਕਹਿਣਾ ਹੈਮੈਨੂੰ ਇਹ ਡਰ ਕਿ ਤੁਸੀਂ ਮੇਰਾ ਕੀ ਨਹੀਂ ਕਰੋਗੇ? ਜੇ ਤੁਸੀਂਚਾਹੋ ਤਾਂ ਮੈਨੂੰ ਮਾਰ ਵੀ ਸਕਦੇ ਹੋ। ਮੈਂ ਪ੍ਰਮਾਤਮਾ ਦੇ ਸਾਹਮਣੇ ਜੋ ਮੇਰੀ ਗੱਲ ਸੁਣ ਰਿਹਾ ਹੈ, ਕਸਮ ਖਾ ਕੇ ਕਹਿੰਦੀ ਹਾਂ ਕਿ ਇਨ੍ਹਾਂ ਬੱਚਿਆਂ ਵਿੱਚੋਂ ਤੁਹਾਡਾ ਇਕ ਬੱਚਾ ਨਹੀਂ ਹੈ। ਤੁਹਾਡੇ ਪੁਰਸ਼-ਉਚਿਤ ਘਿਣਾਉਣੇ ਅੱਤਿਆਚਾਰਾਂ, ਤੁਹਾਡੇ ਵੱਲੋਂ ਵਾਰ ਵਾਰ ਬੱਚੇ ਜੰਮਣ ਦੇ ਦੰਡ ਦੀ ਹਾਲਤ ਵਿੱਚ ਪਟਕੇ ਜਾਣ ਦਾ ਬਦਲਾ ਲੈਣ ਲਈ ਮੇਰੇ ਕੋਲ ਇਕ ਇਹ ਹੀ ਢੰਗ ਸੀ। ਇਹ ਤੁਸੀਂ ਕਦੇ ਨਹੀਂ ਜਾਣ ਸਕੋਗੇ ਕਿ ਮੇਰਾ ਪ੍ਰੇਮੀ ਕੌਣ ਸੀ? ਤੁਸੀਂ ਕਿਸੇ 'ਤੇ ਵੀ ਸ਼ੱਕ ਕਰ ਸਕਦੇ ਹੋ, ਪਰ ਤੁਸੀਂ ਉਸ ਬਾਰੇ ਜਾਣ ਨਹੀਂ ਸਕਦੇ ਮੈਂ ਆਪਣੇ ਆਪ ਨੂੰ ਬਿਨਾਂ ਪ੍ਰੇਮ, ਬਿਨਾਂ ਅਨੰਦ ਦੇ ਕੇਵਲ ਤੁਹਾਡੇ ਨਾਲੋਂ ਬੇਵਫ਼ਾਈ

ਦੱਸਣ ਲਈ ਹੀ ਉਸ ਦੇ ਹਵਾਲੇ ਕਰ ਦਿੱਤਾ। ਅਤੇ ਉਸ ਨੇ ਮੈਨੂੰ ਮਾਂ ਬਣਾ ਦਿੱਤਾ। ਉਸ ਦਾ ਲੜਕਾ ਕਿਹੜਾ ਹੈ? ਤੁਹਾਨੂੰ ਕਦੇ ਪਤਾ ਨਹੀਂ ਲੱਗੇਗਾ। ਮੇਰੇ ਸੱਤ ਬੱਚੇ ਹਨ, ਕੋਸ਼ਿਸ਼ ਕਰਕੇ ਪਤਾ ਕਰੋ। ਮੈਂ ਇਹ ਤੁਹਾਨੂੰ ਬਾਅਦ ਵਿੱਚ ਦੱਸਣਾ ਚਾਹੁੰਦੀ ਸੀ ਕਿਉਂਕਿ ਕੋਈ ਵੀ ਔਰਤ ਕਿਸੇ ਮਨੁੱਖ ਨੂੰ ਧੋਖਾ ਦੇ ਕੇ ਉਦੋਂ ਤੱਕ ਪੂਰਾ ਬਦਲਾ ਨਹੀਂ ਲੈ ਸਕਦੀ ਜਦੋਂ ਤੱਕ ਕਿ ਉਹ ਮਨੁੱਖ ਜਾਣ ਨਾ ਲਵੇ ਕਿ ਉਸ ਨਾਲ ਵਿਸ਼ਵਾਸਘਾਤ ਹੋਇਆ ਹੈ। ਤੁਸੀਂ ਮੈਨੂੰ ਇਹ ਦੱਸਣ ਲਈ ਇੱਥੇ ਲੈ ਆਏ ਅਤੇ ਮੈਂ ਕਹਿ ਦਿੱਤਾ।

ਉਹ ਗਿਰਜਾ ਘਰ ’ਚੋਂ ਛੇਤੀ ਨਾਲ ਨਿਕਲ ਕੇ ਖੁੱਲੇ ਦਰਵਾਜ਼ੇ ਵੱਲ ਚਲੀ ਗਈ। ਉਸ ਨੂੰ ਆਸ ਸੀ ਕਿ ਉਸ ਦਾ ਪਤੀ ਜਿਸ ਨੂੰ ਉਸ ਨੇ ਚੁਨੌਤੀ ਦਿੱਤੀ ਸੀ ਆਪਣੀ ਤੇਜ਼ ਚਾਲ ਨਾਲ ਉਸ ਦੇ ਪਿੱਛੇ ਪਿੱਛੇ ਆ ਰਿਹਾ ਹੋਵੇਗਾ ਅਤੇ ਆਉਂਦਿਆਂ ਹੀ ਆਪਣਾ ਸ਼ਕਤੀਸ਼ਾਲੀ ਘਸੁੰਨ ਉਸ ਦੀ ਗਿੱਚੀ ’ਤੇ ਮਾਰ ਕੇ ਉਸ ਨੂੰ ਜ਼ਮੀਨ ’ਤੇ ਪਟਕਾ ਦੇਵੇਗਾ ! ਪਰ ਉਸ ਨੂੰ ਕੁਝ ਸੁਣਾਈ ਨਾ ਦਿੱਤਾ ਅਤੇ ਉਹ ਆਪਣੀ ਗੱਡੀ ਤੱਕ ਪਹੁੰਚ ਗਈ। ਇੱਕੋ ਹੀ ਛਾਲ ਵਿੱਚ ਕ੍ਰੋਧ ਨਾਲ ਭਰੀ ਹੋਈ ਅਤੇ ਡਰ ਨਾਲ ਸਹਿਮੀ ਹੋਈ ਉਹ ਉੱਛਲ ਕੇ ਗੱਡੀ ਵਿੱਚ ਬੈਠ ਗਈ। ਉਸ ਨੇ ਆਪਣੇ ਕੋਚਵਾਨ ਨੂੰ ਕਿਹਾ, “ਚੱਲੋ ਘਰ' ਅਤੇ ਘੋੜਿਆਂ ਨੇ ਤੇਜ਼ੀ ਨਾਲ ਦੌੜਨਾ ਸ਼ੁਰੂ ਕਰ ਦਿੱਤਾ।

ਕਾਊਂਟੇਸ ਡੀਮਾਸਕਰੇਟ ਆਪਣੇ ਕਮਰੇ ਵਿੱਚ ਬੈਠੀ ਹੋਈ ਰਾਤ ਦੇ ਖਾਣੇ ਦੇ ਸਮੇਂ ਤੱਕ ਇਸ ਤਰ੍ਹਾਂ ਇੰਤਜ਼ਾਰ ਕਰ ਰਹੀ ਸੀ ਜਿਵੇਂ ਇਕ ਮੌਤ ਦੀ ਸਜ਼ਾ ਵਾਲਾ ਅਪਰਾਧੀ ਆਪਣੀ ਅੰਤਿਮ ਘੜੀ ਦਾ ਇੰਤਜ਼ਾਰ ਕਰਦਾ ਹੋਵੇ ਹੁਣ ਉਹ ਕੀ ਕਰੇਗਾ? ਕੀ ਉਹ ਘਰ ਆ ਗਿਆ ਹੈ? ਅੱਤਿਆਚਾਰੀ ਕਰੋਧੀ ਅਤੇ ਹਰ ਪ੍ਰਕਾਰ ਦੀ ਹਿੰਸਾ ਲਈ ਤਿਆਰ ਰਹਿਣ ਵਾਲਾ ਉਹ ਕੀ ਸੋਚ ਰਿਹਾ ਹੈ ਅਤੇ ਉਸ ਨੇ ਕੀ ਕਰਨ ਦਾ ਆਪਣੇ ਮਨ ਵਿੱਚ ਫ਼ੈਸਲਾ ਕੀਤਾ ਹੈ? ਘਰ ਵਿੱਚ ਕਿਸੇ ਪ੍ਰਕਾਰ ਦੀ ਕੋਈ ਆਵਾਜ਼ ਨਹੀਂ ਸੀ ਅਤੇ ਉਹ ਹਰ ਪਲ਼ ਘੜੀ ਵੱਲ ਵੇਖ ਰਹੀ ਸੀ। ਉਸ ਦੀ ਨੌਕਰਾਣੀ ਆਈ ਅਤੇ ਉਸ ਨੂੰ ਸ਼ਾਮ ਦੀ ਪੋਸ਼ਾਕ ਪਹਿਨ ਕੇ ਬਾਹਰ ਚਲੀ ਗਈ। ਅੱਠ ਵੱਜ ਗਏ ਲਗਭਗ ਇਕ ਹੀ ਛਿਣ ਵਿੱਚ ਦਰਵਾਜ਼ੇ ’ਤੇ ਦੋ ਦਸਤੱਕ ਹੋਈ ਅਤੇ ਨੌਕਰ ਆ ਕੇ ਕਹਿ ਗਿਆ ਕਿ ਖਾਣਾ ਤਿਆਰ ਸੀ!

“ਕੀ ਕਾਊਂਟ ਆ ਗਿਆ ਹੈ?”

ਜੀ ਮੈਡਮ, ਲਾ ਕਮਰੇ ਤੋਂ; ਉਹ ਖਾਣੇ ਦੇ ਕਮਰੇ ਵਿੱਚ ਹਨ।

ਇਕ ਪਲ਼ ਉਸ ਨੂੰ ਲੱਗਿਆ ਕਿ ਉਸ ਨੂੰ ਆਪਣਾ ਰਿਵਾਲਵਰ, ਜੋ ਉਹ ਕੁਝ ਹਫ਼ਤੇ ਪਹਿਲਾਂ ਆਪਣੇ ਦਿਲ ਦੀਆਂ ਦੁਖਾਂਤੱਕ ਘਟਨਾਵਾਂ ਨੂੰ ਜਿਸ ਦਾ ਆਭਾਸ ਉਸ ਨੂੰ ਪਹਿਲਾਂ ਹੋ ਰਿਹਾ ਸੀ ਵੇਖ ਕੇ ਬਜ਼ਾਰ ਤੋਂ ਖ਼ਰੀਦ ਲਿਆਈ ਸੀ ਹੱਥ ਵਿੱਚ ਲੈਣ ਲਈ ਸੋਚਿਆ। ਪਰ ਇਹ ਧਿਆਨ ਆਉਂਦਿਆਂ ਹੀ ਕਿ ਉੱਥੇ ਸਾਰੇ ਬੱਚੇ ਹੋਣਗੇ ਉਹ ਆਪਣੇ ਨਾਲ ਸੁੰਘਣ ਵਾਲੀ ਸ਼ੀਸ਼ੀ ਤੋਂ ਇਲਾਵਾ ਕੁਝ ਨਾ ਲੈ ਕੇ ਗਈ। ਉਹ ਆਪਣੀ ਕੁਰਸੀ ਤੋਂ ਕੁਝ ਨਾਟਕੀ ਢੰਗ ਨਾਲ ਉੱਠਿਆ। ਉਨ੍ਹਾਂ ਇਕ ਦੂਜੇ ਦਾ ਥੋੜ੍ਹਾ ਜਿਹਾ ਝੁੱਕ ਕੇ ਸੁਆਗਤ ਕੀਤਾ ਅਤੇ ਬੈਠ ਗਏ। ਉਸ ਦੇ ਸੱਜੇ ਪਾਸੇ ਉਸ ਦੇ ਤਿੰਨ ਲੜਕੇ ਅਤੇ ਆਪਣੇ ਮਾਸਟਰ ਪਾਦਰੀ ਮਾਰਟਿਨ ਪਾਸ ਬੈਠੇ ਹੋਏ ਸਨ, ਅਤੇ ਤਿੰਨੇ ਲੜਕੀਆਂ ਉਨ੍ਹਾਂ ਦੀ ਅੰਗਰੇਜ਼ ਗਵਰਨੈਂਸ ਮਿਸ ਸਮਿਥ ਦੇ ਨਾਲ ਉਸ ਦੇ ਖੱਬੇ ਪਾਸੇ ਸਨ। ਸਾਰਿਆਂ ਤੋਂ ਛੋਟਾ ਬੱਚਾ ਜੋ ਹਾਲੇ ਤਿੰਨ ਮਹੀਨੇ ਦਾ ਸੀ ਆਪਣੀ ਨਰਸ ਕੋਲ ਉੱਪਰ ਵਾਲੇ ਕਮਰੇ ਵਿੱਚ ਸੀ। ਜਿਵੇਂ ਕਿ ਮਹਿਮਾਨਾਂ ਦੇ ਨਾ ਹੋਣ ’ਤੇ ਹਮੇਸ਼ਾ ਹੁੰਦਾ ਹੀ ਹੈ ਪਾਦਰੀ ਨੇ ਧੰਨਵਾਦ ਕੀਤਾ। ਜੇ ਮਹਿਮਾਨ ਹੋਣ ਤਾਂ ਬੱਚੇ ਡਿਨਰ ਵਿੱਚ ਨਹੀਂ ਆਉਂਦੇ ਉਸ ਪਿੱਛੇ ਖਾਣਾ ਸ਼ੁਰੂ ਹੋ ਗਿਆ। ਕਾਊਂਟੇਸ ਜੋ ਹਾਲੇ ਤੱਕ ਆਪਣੀਆਂ ਭਾਵਨਾਵਾਂ ਨੂੰ ਭਾਂਪ ਨਹੀਂ ਸਕੀ ਸੀ ਸਿਰ ਝੁਕਾਈ ਬੈਠੀ ਰਹੀ। ਕਾਊਂਟ ਨੇ ਮਾਯੂਸ ਅਤੇ ਗ਼ੈਰ ਯਕੀਨੀ ਨਜ਼ਰਾਂ ਨਾਲ ਜੋ ਇਕ ਤੋਂ ਦੂਜੇ ਵੱਲ ਅਤੇ ਤੀਜੇ ਵੱਲ ਜਾ ਰਹੀ ਸੀ, ਆਪਣੀਆਂ ਤਿੰਨਾਂ ਲੜਕੀਆਂ ਅਤੇ ਲੜਕਿਆਂ ਵੱਲ ਵੇਖਿਆ। ਅਚਾਨਕ ਉਸ ਨੇ ਆਪਣਾ ਸ਼ਰਾਬ ਦਾ ਗਲਾਸ ਸੁੱਟ ਦਿੱਤਾ ਗਲਾਸ ਟੁੱਟ ਗਿਆ ਅਤੇ ਸ਼ਰਾਬ ਮੇਜ਼-ਪੋਸ਼ ’ਤੇ ਡੁੱਲ੍ਹ ਗਈ। ਉਸ ਤੋਂ ਮਾਮੂਲੀ ਜਿਹੇ ਹੋਏ ਸ਼ੋਰ ਨਾਲ ਕਾਊਂਟੇਸ ਆਪਣੀ ਕੁਰਸੀ ਤੋਂ ਉੱਠ ਖਲੋਤੀ ਅਤੇ ਪਹਿਲੀ ਵਾਰ ਦੋਹਾਂ ਨੇ ਇਕ ਦੂਜੇ ਵੱਲ ਤੱਕਿਆ। ਫਿਰ ਵਚਿੱਤਰ ਕਾਰਨ ਅਤੇ ਹਰ ਦ੍ਰਿਸ਼ਟੀ ਵਿੱਚ ਉਤੇਜਨਾ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੇ ਪਸਤੌਲ ਦੀਆਂ ਗੋਲੀਆਂ ਦੇ ਸਮਾਨ ਤੇਜ਼ ਚੱਲਣ ਵਾਲੀਆਂ ਆਪਣੀਆਂ ਨਜ਼ਰਾਂ ਨਾਲ ਇਕ ਦੂਜੇ ਨੂੰ ਲੱਗਾਤਾਰ ਵੇਖਦੇ ਰਹੇ।

ਪਾਦਰੀ ਇਹ ਤਾਂ ਸਮਝ ਗਿਆ ਕਿ ਦਾਲ ਵਿੱਚ ਕੁਝ ਕਾਲਾ ਜ਼ਰੂਰ ਹੈ, ਪਰ ਇਹ ਨਾ ਸਮਝ ਸਕਿਆ ਕਿ ਇਹ ਕੀ ਸੀ। ਉਸ ਨੇ ਗੱਲਬਾਤ ਸ਼ੁਰੂ ਕਰਨ ਲਈ ਕਈ ਮਾਮਲਿਆਂ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਪਰ ਉਸ

ਦੀ ਵਿਅਰਥ ਕੋਸ਼ਿਸ਼ ਨਾਲ ਕੋਈ ਗੱਲ ਸਿਰੇ ਨਾਚੜ੍ਹ ਸਕੀ ਅਤੇ ਨਾ ਹੀ ਕਿਸੇ ਨੇ ਕੋਈ ਗੱਲ ਤੱਕ ਕੀਤੀ ਕਾਊਂਟੇਸ ਨੇ ਆਮ ਇਸਤਰੀਆਂ ਦੀ ਪ੍ਰਵਿਰਤੀ ਨਾਲ ਉਸ ਨੂੰ ਦੋ ਤਿੰਨ ਵਾਰ ਉੱਤਰ ਦੇਣਾ ਚਾਹਿਆ ਪਰੰਤੂ ਵਿਅਰਥ। ਦਿਮਾਗ਼ੀ ਪਰੇਸ਼ਾਨੀ ਕਰਕੇ ਉਸ ਨੂੰ ਕੁਝ ਨਹੀਂ ਸੁਣਦਾ ਸੀ ਅਤੇ ਉਸ ਦੀ ਆਪਣੀ ਹੀ ਅਵਾਜ਼ ਨੇ, ਇੰਨੇ ਵੱਡੇ ਕਮਰੇ ਵਿੱਚ ਜਿੱਥੇ ਕੇਵਲ ਚਾਕੂ ਕਾਂਟੇ ਅਤੇ ਪਲੇਟਾਂ ਦੀਆਂ ਆਵਾਜ਼ਾਂ ਤੋਂ ਇਲਾਵਾ ਹੋਰ ਕੋਈ ਆਵਾਜ਼ ਨਹੀਂ ਆ ਰਹੀ ਸੀ। ਜਿਸ ਨੇ ਉਸ ਨੂੰ ਭੈ-ਭੀਤ ਕਰ ਦਿੱਤਾ।

ਅਚਾਨਕ ਉਸ ਦੇ ਪਤੀ ਨੇ ਅੱਗੇ ਝੁਕ ਕੇ ਉਸ ਨੂੰ ਕਿਹਾ ਇੱਥੇ ਆਪਣੇ ਬੱਚਿਆਂ ਵਿੱਚਕਾਰ ਕੀ ਤੂੰ ਕਸਮ ਖਾ ਕੇ ਕਹਿ ਸਕਦੀ ਏਂ ਕਿ ਜੋ ਕੁਝ ਵੀ ਤੂੰ ਮੈਨੂੰ ਹੁਣ ਕਿਹਾ ਸੀ ਉਹ ਸੱਚ ਸੀ?" ਘ੍ਰਿਣਾ, ਜੋ ਉਸ ਦੀ ਨਸ ਨਸ ਵਿੱਚ ਭਰੀ ਹੋਈ ਸੀ ਨੇ ਉਸ ਨੂੰ ਉਤੇਜਿਤ ਕਰ ਦਿੱਤਾ ਅਤੇ ਉਸ ਪ੍ਰਸ਼ਨ ਦਾ ਉਸੀ ਦ੍ਰਿੜ੍ਹਤਾ ਨਾਲ ਜਿਸ ਨਾਲ ਉਸ ਨੇ ਉਸ ਦੀਆਂ ਨਜ਼ਰਾਂ ਦਾ ਉੱਤਰ ਦਿੱਤਾ ਸੀ, ਉੱਤਰ ਦਿੰਦਿਆਂ ਉਸ ਨੇ ਦੋਵੇਂ ਹੱਥ ਚੁੱਕੇ ਸੱਜੇ ਹੱਥ ਨਾਲ ਆਪਣੇ ਲੜਕਿਆਂ ਵੱਲ ਅਤੇ ਖੱਬੇ ਹੱਥ ਨਾਲ ਆਪਣੀਆਂ ਲੜਕੀਆਂ ਵੱਲ ਇਸ਼ਾਰਾ ਕਰਦੇ ਹੋਏ ਬਿਨਾਂ ਕਿਸੇ ਹਿਚਕਿਚਾਹਟ ਦੇ ਦ੍ਰਿੜ੍ਹ ਅਤੇ ਸਥਿਰ ਅਵਾਜ਼ ਵਿੱਚ ਕਿਹਾ, “ਮੈਂ ਆਪਣੇ ਬੱਚਿਆਂ ਦੀ ਕਸਮ ਖਾ ਕੇ ਕਹਿੰਦੀ ਹਾਂਕਿ ਮੈਂ ਜੋ ਤੁਹਾਨੂੰ ਕਿਹਾ ਸੀ ਉਹ ਸੱਚ ਸੀ।"

ਆਪਣੇ ਤੌਲੀਏ ਨੂੰ ਗ਼ੁੱਸੇ ਨਾਲ ਮੇਜ਼ ’ਤੇ ਸਿੱਟ ਕੇ ਉਹ ਮੁੜਿਆ ਅਤੇ ਆਪਣੀ ਕੁਰਸੀ ਦੀਵਾਰ ਵੱਲ ਸੁੱਟਦਿਆਂ ਕੋਈ ਗੱਲ ਕਹੇ ਬਿਨਾਂ ਉਹ ਚਲਾ ਗਿਆ। ਅਤੇ ਕਾਉਂਟੇਸ ਨੇ ਜਿਵੇਂ ਪਹਿਲੀ ਜਿੱਤ ਪਿੱਛੋਂ ਇਕ ਡੂੰਘਾ ਸਾਹ ਲੈਂਦਿਆਂ ਸ਼ਾਂਤ ਸੁਰ ਵਿੱਚ ਕਿਹਾ, “ਮੇਰੇ ਬੱਚਿਓ ਤੁਹਾਨੂੰ, ਉਨ੍ਹਾਂ ਸ਼ਬਦਾਂ ’ਤੇ ਜੋ ਤੁਹਾਡੇ ਪਿਤਾ ਨੇ ਹੁਣੇ ਕਹੇ ਸਨ,—ਧਿਆਨ ਨਹੀਂ ਦੇਣਾ ਚਾਹੀਦਾ; ਥੋੜ੍ਹੀ ਦੇਰ ਪਹਿਲਾਂ ਉਹ ਬਹੁਤ ਘਬਰਾਏ ਹੋਏ ਸਨ, ਪਰ ਥੋੜ੍ਹੇ ਹੀ ਦਿਨਾਂ ਵਿੱਚ ਉਹ ਫਿਰ ਠੀਕ ਹੋ ਜਾਣਗੇ।”

ਫਿਰ ਉਹ ਪਾਦਰੀ ਅਤੇ ਮਿਸ ਸਮਿਥ ਨਾਲ ਗੱਲਾਂ ਕਰਨ ਲੱਗੀ। ਉਸ ਨੇ ਆਪਣੇ ਸਾਰਿਆਂ ਬੱਚਿਆਂ ਨਾਲ ਉਸੇ ਤਰ੍ਹਾਂ ਮਿੱਠੀਆਂ ਤੇ ਪਿਆਰੀਆਂ ਗੱਲਾਂ ਕੀਤੀਆਂ ਜਿਨ੍ਹਾਂ ਗੱਲਾਂ ਨਾਲ ਬੱਚੇ ਵਿਗੜ ਜਾਂਦੇ ਹਨ ਅਤੇ

ਆਪਣਾ ਦਿਲ ਖੋਲ੍ਹ ਕੇ ਰੱਖ ਦਿੰਦੇ ਹਨ। ਡਿਨਰ ਖ਼ਤਮ ਹੋਣ ਮਗਰੋਂ ਉਹ ਆਪਣੇ ਸਾਰੇ ਛੋਟੇ ਬੱਚਿਆਂ ਨਾਲ ਡਰਾਇੰਗ ਰੂਮ ਵਿੱਚ ਚਲੀ ਗਈ। ਉਸ ਨੇ ਵੱਡੇ ਵੱਡੇ ਬੱਚਿਆਂ ਨੂੰ ਗੱਲਾਂ ਲਾ ਦਿੱਤੀਆਂ ਅਤੇ ਉਨ੍ਹਾਂ ਦੇ ਸੌਣ ਦੇ ਸਮੇਂ ਉਸ ਨੇ ਉਨ੍ਹਾਂ ਨੂੰ ਬੜੀ ਦੇਰ ਤੱਕ ਪਿਆਰ ਕੀਤਾ ਅਤੇ ਫਿਰ ਉਨ੍ਹਾਂ ਨੂੰ ਛੱਡ ਕੇ ਇਕੱਲੀ ਆਪਣੇ ਕਮਰੇ ਵਿੱਚ ਚਲੀ ਗਈ।

ਉਸ ਨੇ ਉਸ ਦਾ ਇੰਤਜ਼ਾਰ ਕੀਤਾ, ਕਿਉਂਕਿ ਉਸ ਨੂੰ ਆਪਣੇ ਇਸ ਵਿਚਾਰ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਉਹ ਜ਼ਰੂਰ ਆਵੇਗਾ। ਕਿਉਂਕਿ ਉਸ ਦੇ ਬੱਚੇ ਉਸ ਨਾਲ ਨਹੀਂ ਸਨ ਉਸ ਨੇ ਮਨ ਵਿੱਚ ਹੀ ਜਿਵੇਂ ਕਿ ਉਸ ਨੇ ਆਪ ਔਰਤ ਹੋਣ ਦੇ ਨਾਤੇ ਆਪਣੇ ਜੀਵਨ ਦੀ ਰੱਖਿਆ ਕੀਤੀ ਸੀ, ਉਵੇਂ ਹੀ ਆਪਣੇ ਸਰੀਰ ਦੀ ਰੱਖਿਆ ਕਰਨ ਦਾ ਨਿਸ਼ਚਾ ਕੀਤਾ। ਉਸ ਨੇ ਆਪਣੀ ਜੇਬ ਵਿੱਚ ਭਰੀ ਹੋਈ ਇਕ ਛੋਟੀ ਜਿਹੀ ਪਸਤੌਲ, ਜੋ ਉਹ ਥੋੜ੍ਹੇ ਦਿਨ ਪਹਿਲਾਂ ਖ਼ਰੀਦ ਕੇ ਲਿਆਈ ਸੀ, ਰੱਖ ਲਈ। ਸਮਾਂ ਬੀਤਦਾ ਗਿਆ ਘੜੀ ਦੀ ਅਵਾਜ਼ ਘਰ ਵਿੱਚ ਹੀ ਸ਼ਾਂਤ ਹੋ ਜਾਂਦੀ। ਕੇਵਲ ਸੜਕਾਂ ’ਤੇ ਗੱਡੀਆਂ ਆ ਜਾ ਰਹੀਆਂ ਸਨ, ਪਰ ਉਨ੍ਹਾਂ ਦੀ ਅਵਾਜ਼ ਬੰਦ ਅਤੇ ਪਰਦੇਦਾਰ ਖਿੜਕੀਆਂ ਵਿੱਚੋਂ ਬਹੁਤ ਹੀ ਘੱਟ ਆਉਂਦੀ ਸੀ।

ਉਹ ਉਤਸੁਕ ਅਤੇ ਘਬਰਾਈ ਹਾਲਤ ਵਿੱਚ ਇੰਤਜ਼ਾਰ ਕਰ ਰਹੀ ਸੀ। ਉਸ ਨੂੰ ਕੋਈ ਡਰ ਨਹੀਂ ਸੀ, ਹਰ ਗੱਲ ਲਈ ਤਿਆਰ ਸੀ ਅਤੇ ਲਗਭਗ ਨਿਡਰ ਵੀ ਹੋ ਚੁੱਕੀ ਸੀ ਕਿਉਂਕਿ ਉਸ ਨੂੰ ਜੀਵਨ ਭਰ ਪਰੇਸ਼ਾਨ ਕਰਦੇ ਰਹਿਣ ਦਾ ਢੰਗ ਮਿਲ ਗਿਆ ਸੀ। ਪਰ ਉਸ ਦੀ ਖਿੜਕੀ ਦੇ ਸੁਰਾਖ਼ ਵਿੱਚੋਂ ਪਰ ਉਸ ਦਾ ਪਤੀ ਨਾ ਆਇਆ, ਤਾਂ ਉਸ ਨੂੰ ਵਿਸ਼ਵਾਸ ਹੋਇਆ ਕਿ ਉਹ ਨਹੀਂ ਆਵੇਗਾ ਅਤੇ ਨਾਲ ਹੈਰਾਨੀ ਵੀ ਹੋਈ। ਫਿਰ ਆਪਣੀ ਹੋਰ ਵੀ ਵਧੇਰੇ ਸੁਰੱਖਿਆ ਲਈ ਉਸ ਨੇ ਤਾਲਾ ਲਾ ਦਿੱਤਾ ਅਤੇ ਚਿਟਕਣੀ ਲਾ ਦਿੱਤੀ ਅਤੇ ਬਿਸਤਰੇ ’ਤੇ ਚਲੀ ਗਈ ਤੇ ਵਿਚਾਰਾਂ ਵਿੱਚ ਲੀਨ ਨੇਤਰ ਖੋਲ੍ਹੇ ਅਤੇ ਸਾਰੀ ਗੱਲ ਨੂੰ ਚੰਗੀ ਤਰ੍ਹਾਂ ਸੋਚਦਿਆਂ ਲੇਟੀ ਰਹੀ। ਉਹ ਇਹ ਅੰਦਾਜ਼ਾ ਨਾ ਲਾ ਸਕੀ ਕਿ ਉਹ ਕੀ ਕਰਨ ਜਾ ਰਿਹਾ ਸੀ।

ਉਸ ਦੀ ਨੌਕਰਾਣੀ ਉਸ ਲਈ ਚਾਹ ਲੈ ਕੇ ਆਈ ਅਤੇ ਉਸ ਨੇ ਉਸ ਦੇ ਪਤੀ ਦਾ ਇਕ ਪੱਤਰ ਦਿੱਤਾ। ਪਤੀ ਨੇ ਲਿਖਿਆ ਸੀ ਕਿ ਉਹ ਇਕ ਲੰਮੀ

ਯਾਤਰਾ ਕਰਨ ਜਾ ਰਿਹਾ ਸੀ, ਨਾਲ ਹੀ ਪੱਤਰ ਦੇ ਕਿਨਾਰੇ 'ਤੇ ਇਹ ਵੀ ਲਿਖਿਆ ਹੋਇਆ ਸੀ ਕਿ ਉਸ ਦਾ ਵਕੀਲ ਉਸ ਨੂੰ ਜਿੰਨਾ ਵੀ ਧਨ ਉਹ ਆਪਣੇ ਖ਼ਰਚ ਲਈ ਚਾਹੇਗੀ, ਦੇਵੇਗਾ।

"ਰੋਬਰਟ ਦੀ ਡੇਵਿਲ" ਦੇ ਦੋ ਐਕਟਾਂ ਵਿਚਾਲੇ ਓਪੇਰਾ ਵਿੱਚ ਇਹ ਹੋ ਰਿਹਾ ਸੀ। ਦੁਕਾਨਾਂ ਵਿੱਚ ਮਨੁੱਖ ਆਪਣੇ ਹੈਟ ਲੱਗਾਏ ਖੜ੍ਹੇ ਸਨ। ਉਨ੍ਹਾਂ ਦੇ ਵੇਸਟਕੋਟਾਂ ਦਾ ਗਲ਼ਾ ਕਾਫ਼ੀ ਨੀਵਾਂ ਖੁੱਲ੍ਹਿਆ ਹੋਇਆ ਸੀ ਜਿਸ ਵਿੱਚ ਉਨ੍ਹਾਂ ਦੀਆਂ ਕਾਫ਼ੀ ਸਫ਼ੈਦ ਕਮੀਜ਼ਾਂ ਵਿਖਾਈ ਦੇ ਰਹੀਆਂ ਸਨ, ਜਿਨ੍ਹਾਂ ਵਿੱਚ ਉਨ੍ਹਾਂ ਦੇ ਸੋਨੇ ਅਤੇ ਕੀਮਤੀ ਨਗਾਂ ਦੇ ਬਟਨ ਚਮਕ ਰਹੇ ਸਨ। ਉਨ੍ਹਾਂ ਲੋਕਾਂ ਨੇ ਨੀਵੇਂ ਪ੍ਰੈੱਸ ਪਾਏ ਹੋਏ ਸਨ। ਹੀਰੇ ਮੋਤੀਆਂ ਨਾਲ ਲੱਦੀਆਂ ਔਰਤਾਂ ਵੱਲ ਵੇਖ ਰਹੇ ਸਨ। ਔਰਤਾਂ ਉਸ ਰੋਸ਼ਨੀ ਭਰੇ ਕਮਰੇ ਵਿੱਚ ਜਿੱਥੇ ਨਿਰੀਖਣ ਲਈ ਉਨ੍ਹਾਂ ਫੇਟ ਮੁਖਾਂ ਦੀ ਸੁੰਦਰਤਾ ਅਤੇ ਕੰਧਿਆਂ ਦਾ ਗੋਰਾਪਨ ਸੰਗੀਤ ਅਤੇ ਲੋਕਾਂ ਦੀ ਅਵਾਜ਼ ਵਿੱਚ ਖਿਲ ਰਿਹਾ ਸੀ, ਫੁੱਲਾਂ ਵਾਂਗ ਫਲ-ਫੁੱਲ ਰਿਹਾ ਸੀ।

ਦੋ ਮਿੱਤਰ ਉਸ ਆਰਕੈਸਟਰਾ ਵੱਲ ਪਿੱਠ ਕਰਕੇ ਇਸ ਸੁੰਦਰਤਾ ਵਿੱਚ ਭਾਗ ਲੈਣ ਵਾਲਿਆਂ ਵੱਲ ਵੇਖ ਰਹੇ ਸਨ। ਨਗਾਂ, ਐਸ਼ ਇਸ਼ਰਤਾਂ, ਅਡੰਬਰਾਂ ਅਸਲੀ ਜਾਂ ਨਕਲੀ ਆਕਰਸ਼ਨਾਂ ਦੀ ਇਕ ਪ੍ਰਦਰਸ਼ਨੀ ਜਿਹੀ ਉਸ ਗਰਾਊਂਡ ਥੀਏਟਰ ਦੇ ਸਾਰੇ ਪਾਸੇ ਲੱਗ ਰਹੀ ਸੀ। ਉਨ੍ਹਾਂ ਵਿੱਚੋਂਇਕ ਰੋਜਰ ਡੀ ਸਲਨਿਸ ਨੇ ਆਪਣੇ ਮਿੱਤਰ ਬਰਨਾਰਡ ਨੂੰ ਕਿਹਾ, "ਵੇਖੋ ਕਾਉਂਟੇਸ ਡੀ ਮਸਕਰੇਟ ਹਾਲ ਵੀ ਕਿੰਨੀ ਸੁੰਦਰ ਹੈ।"

ਫਿਰ ਬਜ਼ੁਰਗ ਨੇ ਉਸ ਦੇ ਉੱਤਰ ਵਿੱਚ ਆਪਣੀ ਦੂਰਬੀਨ ਰਾਹੀਂ ਪਿੱਛੋਂ ਵਾਲੀ ਕਲਾਸ ਵਿੱਚ ਇਕ ਲੰਮੀ ਔਰਤ ਵੱਲ ਵੇਖਿਆ, ਜੋ ਹਾਲੇ ਬਿਲਕੁਲ ਨੌਜਵਾਨ ਲੱਗਦੀ ਸੀ ਅਤੇ ਜਿਸ ' ਦੀ ਹੈਰਾਨਕੁਨ ਸੁੰਦਰਤਾ ਓਪੇਰਾ ਹਾਊਸ ਦੇ ਹਰ ਕੋਨੇ ਵਿੱਚ ਖੜ੍ਹੇ ਹੋਏ ਪੁਰਸ਼ ਦੇ ਨੇਤ੍ਰਾ ਨੂੰ ਆਪਣੇ ਵੱਲਖਿੱਚਦੀ ਸੀ। ਉਸ ਦੇ ਰੰਗ ਦੇ ਕੁਝ ਪੀਲ਼ੇਪਣ ਨੇ ਉਸ ਦੇ ਹੰਗ ਨੂੰ ਹਾਥੀ-ਦੰਦ ਸਮਾਨ ਕਰ ਦਿੱਤਾ ਸੀ। ਉਹ ਇਕ ਮੂਰਤੀ ਵਾਂਗ ਲੱਗ ਰਹੀ ਸੀ ਅਤੇ ਉਸ ਦੇ ਕਾਲੇ ਕਾਲੇ ਵਾਲਾਂ'ਤੇ ਇਕ ਹੀਰੇ ਦਾ ਟੁੱਕੜਾ, ਤਾਰਿਆਂ ਦੇ ਝੁੰਡ ਵਾਂਗ ਜਗਮਗਾ ਰਿਹਾ ਸੀ।

ਉਸ ਵੱਲ ਥੋੜ੍ਹੀ ਦੇਰ ਵੇਖਦੇ ਰਹਿਣ ਪਿੱਛੋਂ ਬਰਨਾਰਡ ਗ੍ਰਾਂਡਿਨ ਨੇ ਪਹਿਰਾਸ ਦੇ ਸਵਰ ਵਿੱਚ ਦ੍ਰਿੜ੍ਹ ਵਿਸ਼ਵਾਸ ਨਾਲ ਕਿਹਾ; "ਤੁਸੀਂ ਭਾਵੇਂ ਹੀ ਉਸ ਨੂੰ ਸੁੰਦਰ ਕਹੋ !"

"ਤੁਸੀਂ ਉਸ ਦੀ ਉਮਰ ਕੀ ਸਮਝਦੇ ਹੋ?"

ਥੋੜ੍ਹੀ ਦੇਰ ਠਹਿਰੋ, ਮੈਂ ਹੁਣੇ ਬਿਲਕੁਲ ਠੀਕ ਠੀਕ ਦਸ ਦਿੰਦਾ ਹਾਂ। ਮੈਂ ਜਦੋਂ ਉਹ ਬੱਚੀ ਸੀ ਉਦੋਂ ਤੋਂ ਹੀ ਉਸ ਨੂੰ ਜਾਣਦਾ ਹਾਂ। ਮੈਂ ਹੀ ਉਸ ਨੂੰ ਸਮਾਜ ਵਿੱਚ ਸਭ ਤੋਂ ਪਹਿਲਾਂ ਜਦੋਂ ਉਹ ਬਿਲਕੁਲ ਲੜਕੀ ਹੀ ਸੀ, ਲਿਆ ਕੇ ਉਪਸਥਿਤ ਕੀਤਾ ਸੀ। ਉਸ ਦੀ ਉਮਰ ਛੱਤੀ ਸਾਲ ਹੈ।"

"ਅਸੰਭਵ"।

"ਮੈਂ ਠੀਕ ਕਹਿ ਰਿਹਾ ਹਾਂ"।

"ਉਹ 25 ਸਾਲ ਦੀ ਲੱਗਦੀ ਹੈ !"

ਉਸ ਦੇ ਸੱਤ ਬੱਚੇ ਹਨ।"

ਇਹ ਮੰਨਣ ਵਾਲੀ ਗੱਲ ਨਹੀਂ। ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਸੱਤੇ ਜਿਉਂਦੇ ਹਨ, ਕਿਉਂਕਿ ਉਹ ਬਹੁਤ ਚੰਗੀ ਮਾਂ ਹੈ। ਕਦੇ ਕਦੇ ਮੈਂ ਉਸ ਦੇ ਘਰ ਜੋ ਬਹੁਤ ਹੀ ਸ਼ਾਂਤ ਅਤੇ ਸੁਹਾਉਣਾ ਹੈ, ਜਾਂਦਾ ਹਾਂ ਅਤੇ ਉਸ ਪਰਿਵਾਰ ਦੀ ਸੱਚਾਈ ਨੂੰ ਸੰਸਾਰ ਵਿੱਚ ਪੇਸ਼ ਕਰਦਾ ਹਾਂ।

"ਕਿਵੇਂ, ਬਹੁਤ ਅਜੀਬ ਹੈ ਅਤੇ ਕੀ ਉਸ ਬਾਰੇ ਕੋਈ ਸ਼ਿਕਾਇਤ ਨਹੀਂ ਹੋਈ"?

"ਕਦੇ ਨਹੀਂ"

"ਪਰ ਉਸ ਦੇ ਪਤੀ ਬਾਰੇ ਤੁਹਾਡਾ ਕੀ ਵਿਚਾਰ ਹੈ? ਉਹ ਬੜਾ ਸਨਕੀ ਹੈ, ਨਹੀਂ ਹੈ?"

"ਹੈ ਵੀ ਅਤੇ ਨਹੀਂ ਵੀ ਬਹੁਤ ਸੰਭਵ ਹੈ ਕਿ ਉਨ੍ਹਾਂ ਵਿਚਾਲੇ ਕਦੇ ਕੋਈ ਘਰੇਲੂ ਨਾਟਕ ਜਿਸ ਦੀ ਹਰ ਕੋਈ ਸ਼ੰਕਾ ਕਰਦਾ ਹੈ, ਹੋ ਗਿਆ ਹੋਵੇ। ਉਹ ਨਾਟਕ ਕੀ ਹੈ,

ਇਸ ਨੂੰ ਕੋਈ ਨਹੀਂ ਸਮਝ ਸਕਿਆ ਪਰ ਉਸ ਦਾ ਅਨੁਮਾਨ ਹਰ ਕੋਈ ਲਾ ਲੈਂਦਾ ਹੈ।"

"ਉਹ ਕੀ ਹੈ?"

ਮੈਨੂੰ ਉਸ ਬਾਰੇ ਕੁਝ ਵੀ ਪਤਾ ਨਹੀਂ। ਮਸਕਰੇਟ ਇਕ ਆਦਰਸ਼ ਪਤੀ ਬਣਨ ਪਿੱਛੋਂ ਹੁਣ ਬਹੁਤ ਹੀ ਤੇਜ਼ ਜੀਵਨ ਬਿਤਾਉਂਦਾ ਹੈ। ਜਦੋਂ ਤੱਕ ਉਹ ਚੰਗਾ ਸਾਥੀ ਰਿਹਾ ਉਦੋਂ ਤੱਕ ਉਸ ਦਾ ਸੁਭਾਅ ਕ੍ਰੋਧੀ ਰਿਹਾ ਅਤੇ ਉਹ ਝਗੜਾਲੂ ਸੀ ਹਰ ਗੱਲ ਨੂੰ ਬੁਰਾ ਮੰਨ ਲੈਂਦਾ। ਪਰ ਜਦੋਂ ਤੋਂ ਉਹ ਵਰਤਮਾਨ ਨਿਰਾਸ਼ ਜੀਵਨ ਬਿਤਾਉਣ ਲੱਗਾ ਉਦੋਂ ਤੋਂ ਉਹ ਬਿਲਕੁਲ ਬਦਲ ਗਿਆ ਹੈ।

ਪਰ ਕੋਈ ਵੀ ਉਸ ਨੂੰ ਵੇਖ ਕੇ ਅਨੁਮਾਨ ਲਾ ਸਕਦਾ ਹੈ ਕਿ ਉਹ ਦੁਖੀ ਹੈ ਅੰਦਰੋਂ ਅੰਦਰ ਘੁਣ ਵਾਂਗ ਖਾਧਾ ਜਾ ਰਿਹਾ ਹੈ ਕਿਉਂਕਿ ਉਹ ਬਹੁਤ ਬੁੱਢਾ ਲੱਗਣ ਲੱਗ ਪਿਆ ਹੈ।" ਫਿਰ ਉੱਥੇ ਦੋਵੇਂ ਮਿੱਤਰ ਕੁਝ ਮਿੰਟਾਂ ਤੱਕ ਗੁਪਤ, ਨਾ-ਮਾਲੂਮ ਕਠਿਨਾਈਆਂ ਤੇ ਜੋ ਭਿੰਨ ਸਭਾ ਜਾਂ ਸ਼ਾਇਦ ਸਰੀਰਕ ਵਿਪਰੀਤੀਆਂ ਕਾਰਨ, ਪਹਿਲਾਂ ਸਮਝੀਆਂ ਨਹੀਂ ਜਾ ਸਕਦੀਆਂ ਸਨ, ਪਰਿਵਾਰ ਵਿੱਚ ਕਠਿਨਾਈਆਂ ਪੈਦਾ ਕਰ ਦਿੰਦੀਆਂ ਹਨ ਬਾਰੇ ਗੱਲਬਾਤ ਕਰਦੇ ਰਹੇ।

ਰੋਜਰ ਡੀ ਸਲਨਿਸ ਜੋ ਆਪਣੀ ਦੂਰਬੀਨ ਨਾਲ ਮੈਡਮ ਡੀ ਮਸਕਰੇਟਵੱਲ ਹਾਲੇ ਵੀ ਵੇਖ ਰਿਹਾ ਸੀ ਬੋਲਿਆ :

"ਇਹ ਮੰਨਣਯੋਗ ਨਹੀਂ ਹੈ ਕਿ ਇਹ ਔਰਤ ਸੱਤ ਬੱਚਿਆਂ ਦੀ ਮਾਂ ਹੈ।"

"ਹਾਂ ਗਿਆਰਾਂ ਸਾਲਾਂ ਵਿੱਚ; ਉਸ ਪਿੱਛੋਂ ਜਦੋਂ ਉਹ ਤੀਹ ਸਾਲ ਦੀ ਸੀ, ਫਿਰ ਉਸ ਨੇ ਆਪਣੇ ਬੱਚੇ ਪੈਦਾ ਕਰਨ ਨੂੰ ਬੰਦ ਕਰ ਦਿੱਤਾ ਤਾਂ ਜੋ ਆਪਣੇ ਜੋਬਨ ਦੇ ਸੋਹਜ ਨੂੰ ਮਾਣਿਆ ਜਾ ਸਕੇ ਜਿਸ ਦਾ ਕਦੇ ਅੰਤ ਹੁੰਦਾ ਵਿਖਾਈ ਨਹੀਂ ਦਿੰਦਾ।

"ਵਿਚਾਰੀ ਔਰਤ"

"ਤੁਸੀਂ ਉਸ ਤੇ ਤਰਸ ਕਿਉਂ ਕਰ ਰਹੇ ਹੋ?"

"ਕਿਉਂ?"ਆਹ ਮੇਰੇ ਪਿਆਰੇ ਮਿੱਤਰ ਜਰਾ ਸੋਚੋ ਤਾਂ ਇਕ ਅਜਿਹੀ ਔਰਤ ਲੀ ਬੱਚੇ ਪੈਦਾ ਕਰਨ ਦੇ ਗਿਆਰਾਂ ਸਾਲ ਨਰਕ ਸਮਾਨ ਹੁੰਦੇ ਹਨ। ਉਸ ਦੀ ਸਾਰੀ

ਜਵਾਨੀ, ਉਸ ਦੀ ਸਾਰੀ ਸੁੰਦਰਤਾ, ਸਫ਼ਲਤਾ ਦੀ ਹਰੇਕ ਆਸ, ਸੁੱਖੀ ਜੀਵਨ ਦੀ ਰੰਗੀਨ ਭਾਵਨਾ, ਉਸ ਵਾਰ ਵਾਰ ਬੱਚੇ ਪੈਦਾ ਕਰਨ ਦੇ ਘ੍ਰਿਣਤ ਵਿਚਾਰ ਲਈ, ਜੋ ਇਕ ਸਾਧਾਰਨ ਔਰਤ ਨੂੰ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਹੀ ਬਣਾ ਦਿੰਦਾ ਹੈ, ਬਲੀਦਾਨ ਕਰ ਦਿੱਤੇ ਗਏ।

ਤੁਸੀਂ ਕੀ ਕਰ ਸਕਦੇ ਹੋ? ਇਹ ਤਾਂ ਕੇਵਲ ਕੁਦਰਤ ਹੈ।

"ਹਾਂ ਪਰ ਮੈਂ ਕਹਿੰਦਾ ਹਾਂ ਕਿ ਕੁਦਰਤ ਸਾਡੀ ਦੁਸ਼ਮਣ ਹੈ ਅਤੇ ਸਾਨੂੰ ਹਮੇਸ਼ਾ ਕੁਦਰਤ ਨਾਲ ਸੰਘਰਸ਼ ਕਰਨਾ ਚਾਹੀਦਾ ਹੈ ਕਿਉਂਕਿ ਉਹ ਹਮੇਸ਼ਾ ਸਾਨੂੰ ਪਸ਼ੂ ਅਵਸਥਾ ਵਿੱਚ ਲਿਜਾਂਦੀ ਹੈ। ਤੁਹਾਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਪ੍ਰਮਾਤਮਾ ਨੇ ਇਸ ਸੰਸਾਰ ਵਿੱਚ ਕੋਈ ਵੀ ਅਜਿਹੀ ਚੀਜ਼ ਨਹੀਂ ਰੱਖੀ ਜੋ ਨਿਰਮਲ, ਸੁੰਦਰ, ਵਧੀਆ ਜਾਂ ਸਾਡੇ ਆਦਰਸ਼ਾਂ ਲਈ ਜ਼ਰੂਰੀ ਹੋਵੇ ਪਰ ਇਹ ਤਾਂ ਮਨੁੱਖ ਦਾ ਦਿਮਾਗ਼ ਹੈ ਜਿਸ ਨੇ ਅਜਿਹਾ ਸਭ ਕੁਝ ਕੀਤਾ ਹੈ। ਇਹ ਅਸੀਂ ਹਾਂ, ਜਿਨ੍ਹਾਂ ਨੇ ਥੋੜ੍ਹੀ ਜਿਹੀ ਸੂਹਜ ਸੁੰਦਰਤਾ, ਅਲੌਕਿਕ ਆਕਰਸ਼ਨ ਅਤੇ ਰਹੱਸ ਇਸ ਬਾਰੇ ਗਾ ਗਾ ਕੇ, ਨੇਕ ਭਾਵ ਕੱਢ ਕੇ ਕਵੀਆਂ ਵਾਂਗ ਇਸ ਦੀ ਪ੍ਰਸ਼ੰਸਾ ਕਰਕੇ, ਕਲਾਕਾਰਾਂ ਵਿਦਵਾਨਾਂ ਵਾਂਗ ਜੋ ਗ਼ਲਤੀ ਕਰਦੇ ਹਨ ਜਿਹੜੇ ਗ਼ੈਰ- ਜ਼ਰੂਰੀ ਕਾਰਨਾਂ ਸੂਹਜ ਅਤੇ ਸੁੰਦਰਤਾ ਨੂੰਕਿਸੇ ਅਲੌਕਿਕ ਆਕਰਸ਼ਣ ਅਤੇ ਰਹੱਸ ਨੂੰ ਪ੍ਰਕਿਰਤੀ ਦੇ ਕਿੰਨੇ ਕਾਰਨਾਂ ਵਿੱਚ ਖੋਜਦੇ ਹਨ, ਇਸ ਦੇ ਅੰਦਰ ਸਮਾਵੇਸ਼ ਕੀਤਾ ਹੈ।

"ਪਰਮਾਤਮਾ ਨੇ ਬਿਮਾਰੀਆਂ ਦੇ ਕੀਟਾਣੂਆਂ ਨਾਲ ਭਰੇ ਹੋਏ ਕੇਵਲ ਭੱਦੇ ਜੀਵ ਉਤਪੰਨ ਕੀਤੇ ਹਨ, ਜਿਹੜੇ ਪਸ਼ੂਆਂ ਜਿਹੇ ਅਨੰਦ ਦਾ ਉਪ ਭੋਗ ਕਰਨ ਦੇ ਕੁਝ ਸਾਲ ਮਗਰੋਂ ਅਸੁੰਦਰਤਾ ਅਤੇ ਪ੍ਰਾਣੀਆਂ ਦੀ ਦੁਰਬਲਤਾ ਅਤੇ ਸ਼ਕਤੀ ਦੀ ਕਮੀ ਦੇ ਨਾਲ ਨਾਲ ਬੁੱਢੇ ਅਤੇ ਨਕਾਰਾ ਹੋ ਜਾਂਦੇ ਹਨ। ਇੰਝ ਜਾਪਦਾ ਹੈ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਕੇਵਲ ਵਾਰ ਵਾਰ ਘ੍ਰਿਣਤ ਤਰੀਕੇ ਨਾਲ ਆਪਣੀ ਹੀ ਨਸਲ ਪੈਦਾ ਕਰਨ ਅਤੇ ਪਿੱਛੋਂ ਕੀੜਿਆਂ ਮਕੌੜਿਆਂ ਵਾਂਗ ਮਰ ਜਾਣ ਲਈ ਬਣਾਇਆ ਹੈ। ਮੈਂ ਕਿਹਾ ਸੀ, ਘ੍ਰਿਣਤ ਢੰਗ ਨਾਲ ਹੀ ਆਪਣੀਆਂ ਕਿਸਮਾਂ ਪੈਦਾ ਕਰਨ ਲਈ ਅਤੇ ਮੈਂ ਆਪਣੇ ਇਨ੍ਹਾਂ ਵਿਚਾਰਾਂ 'ਤੇ ਪੂਰੀ ਤਰ੍ਹਾਂ ਦ੍ਰਿੜ੍ਹ ਹਾਂ। ਵਾਸਤਵ ਵਿੱਚ, ਪ੍ਰਾਣੀਆਂ ਦੇ ਵਾਰ ਵਾਰ ਪੈਦਾ ਕਰਨ ਦੇ ਵਧੇਰੇ ਨੀਚ ਘ੍ਰਿਣਤ ਅਤੇ ਹਾਸੋ

ਹੀਣੇ ਕੰਮ ਜਿਸ ਦੇ ਵਿਰੁੱਧ ਹਰ ਸਮਝਦਾਰ ਵਿਅਕਤੀ ਨੇ ਵਿਦਰੋਹ ਕੀਤਾ ਹੈ ਅਤੇ ਕਰਦਾ ਰਹੇਗਾ। ਇਸ ਸੰਜਮ ਅਤੇ ਈਰਖਾਲੂ ਵਿਧੀ ਨੇ ਜਿੰਨੇ ਵੀ ਸਾਧਨ ਤਿਆਰ ਕੀਤੇ ਹਨ, ਉਹ ਦੋ ਕੰਮ ਕਰਦੇ ਹਨ। ਉਸ ਨੇ ਇਸ ਪਵਿੱਤਰ ਸੰਦੇਸ਼ ਨੂੰ, ਜਿਹੜਾ ਸਭ ਤੋਂ ਵਧੇਰੇ ਸੱਜਣਤਾ ਅਤੇ ਮਨੁੱਖ ਦੇ ਕਾਰਜਾਂ ਵਿੱਚੋਂ ਸਭ ਤੋਂ ਵੱਧ ਪ੍ਰਸ਼ੰਸਾ ਯੋਗ ਕਾਰਜ ਹੈ, ਅਜਿਹੇ ਯੋਗ ਵਿਅਕਤੀਆਂ ਨੂੰ ਨਹੀਂ ਸੌਂਪਿਆ, ਜਿਨ੍ਹਾਂ 'ਤੇ ਕੋਈ ਬੱਟਾ ਨਹੀਂ ਲਾ ਸਕਦਾ। ਮੂੰਹ,ਜੋ ਪਦਾਰਥਕ ਭੋਜਨ ਕਰਕੇ ਸਰੀਰ ਦੀ ਪਾਲਣਾ ਕਰਦਾ ਹੈ, ਭਾਸ਼ਣ ਅਤੇ ਵਿਚਾਰਾਂ ਨੂੰ ਵੀ ਪ੍ਰਗਟ ਕਰਦਾ ਹੈ। ਸਾਡਾ ਮਾਸ ਜੋ ਆਪਣੇ ਆਪ ਨੂੰ ਹੀ ਨਵ ਚੇਤਨਤਾ ਪ੍ਰਦਾਨ ਕਰਦਾ ਹੈ ਅਤੇ ਨਾਲ ਹੀ ਸਾਡੇ ਵਿਚਾਰਾਂ ਨੂੰ ਵਿਅਕਤ ਕਰਦਾ ਹੈ। ਸੁੰਘਣ ਸ਼ਕਤੀ ਜੋ ਸਾਡੇ ਫੇਫੜਿਆਂ ਨੂੰ ਪ੍ਰਾਣ-ਦਾਇਕ ਹਵਾ ਦਿੰਦੀ ਹੈ, ਉਹ ਸਾਰੇ ਸੰਸਾਰ ਦੀਆਂ ਸੁਗੰਧੀਆਂ, ਫੁੱਲਾਂ, ਜੰਗਲਾਂ, ਬਿਰਛਾਂ, ਸਮੁੰਦਰ ਦੀਆਂ ਸੁਗੰਧੀਆਂ ਨੂੰ ਸਾਡੇ ਦਿਮਾਗ਼ ਵਿੱਚ ਪਹੁੰਚਾਉਂਦਾ ਹੈ। ਕੰਨ, ਜੋ ਸਾਡੇ ਸਾਥੀਆਂ ਵਿੱਚ ਗੱਲਬਾਤ ਕਰਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ, ਉਹ ਸੰਗੀਤ ਦੀ ਖੋਜ ਕਰਨ, ਸੁਪਨੇ ਅਨੰਤ ਆਮੋਦ-ਪ੍ਰਮੋਦ ਦਾ, ਸਰੀਰਕ ਅਨੰਦ ਦਾ, ਧੁਨੀਆਂ ਦੁਆਰਾ, ਰਸ ਪ੍ਰਦਾਨ ਕਰਦਾ ਹੈ।

"ਪਰ ਕੋਈ ਵੀ ਇਹ ਕਹਿ ਸਕਦਾ ਹੈ ਕਿ ਸਿਰਜਣਹਾਰ ਦੀ ਇੱਛਾ ਆਦਮੀ ਨੂੰ ਔਰਤ ਨਾਲ ਆਪਣੇ ਸਬੰਧ ਸਾਊ ਅਤੇ ਆਦਰਸ਼ਮਈ ਬਣਾਉਣ ਦੀ ਨਹੀਂ ਸੀ। ਨਾਲ ਹੀ ਨਾਲ ਆਦਮੀ ਨੇ ਵੀ ਪ੍ਰੇਮ ਪ੍ਰਾਪਤ ਕਰ ਲਿਆ ਹੈ, ਜਿਹੜਾ ਚਲਾਕ ਦੇਵਤੇ ਲਈ ਅਸ਼ੋਭਨੀਯ ਉੱਤਰ ਨਹੀਂ ਹੈ ਅਤੇ ਉਸ ਨੇ ਇਸ ਨੂੰ ਸਾਹਿਤਕ ਕਵਿਤਾਵਾਂ ਨਾਲ ਇੰਨਾ ਸਜਾ ਦਿੱਤਾ ਹੈ ਕਿ ਔਰਤ ਅਕਸਰ ਆਪਣੇ ਸਬੰਧ ਨੂੰ ਜਿਸ ਲਈ ਉਹ ਬਾਧਕ ਹੁੰਦੀ ਹੈ, ਭੁੱਲ ਜਾਂਦੀ ਹੈ। ਸਾਡੇ ਲੋਕਾਂ ਵਿੱਚੋਂ ਜਿਹੜਾ ਆਪਣੇ ਆਪ ਨੂੰ ਧੋਖਾ ਨਹੀਂ ਦੇ ਸਕਦੇ, ਉਨ੍ਹਾਂ ਨੇ ਦੂਜਾ ਰਾਹ ਅਖ਼ਤਿਆਰ ਕਰ ਲਿਆ ਹੈ ਜਿਹੜਾ ਕਿ ਪ੍ਰਮਾਤਮਾ ਦਾ ਪਰਿਹਾਸ ਕਰਨ ਦਾ ਦੂਜਾ ਢੰਗ ਹੈ ਉਹ ਹੈ ਸੁੰਦਰਤਾ ਦਾ ਸੁਆਗਤ-ਮੂਰਖਤਾ ਪੂਰਣ ਸੁਆਗਤ।

"ਪਰ ਸਾਧਾਰਨ ਵਿਅਕਤੀ ਇਕ ਅਜਿਹੇ ਜਾਨਵਰ ਵਾਂਗ ਹੈ ਜੋ ਦੂਜੇ ਦਾ ਜੋੜਾ ਹੈ, ਬੱਚੇ ਪੈਦਾ ਕਰਦੇ ਹਨ।"

"ਉਸ ਔਰਤ ਵੱਲ ਵੇਖੋ, ਕੀ ਇਹ ਸੋਚਣਾ ਘ੍ਰਿਣਾਮਈ ਨਹੀਂ ਕਿ ਅਜਿਹਾ ਨਗੀਨਾ, ਅਜਿਹਾ ਮੋਤੀ ਜਿਹੜਾ ਸੁੰਦਰ ਰਹਿਣ, ਪ੍ਰਸ਼ੰਸਾ ਕੀਤੇ ਜਾਣ, ਦਾਅਵਤਾਂ ਲਈ ਬੁਲਾਵਾ ਦਿੱਤੇ ਜਾਣ ਲਈ ਪੈਦਾ ਹੋਈ ਹੈ, ਉਸ ਨੇ ਆਪਣੇ ਜੀਵਨ ਦੇ ਗਿਆਰਾਂ ਸਾਲ ਕਾਉਂਟ ਡੀ ਸਮਕਰੇਟ ਦੇਖ਼ਾਨਦਾਨ ਦਾ ਨਾਂ ਚਲਾਈ ਰੱਖਣ ਵਾਸਤੇ ਬਤੀਤ ਕਰ ਦਿੱਤੇ ਹਨ।"

ਬਰਨਰਡ ਗ੍ਰਾਂਡਿਨ ਨੇ ਹੱਸ ਕੇ ਉੱਤਰ ਦਿੱਤਾ, "ਤੁਹਾਡੀਆਂ ਗੱਲਾਂ ਵਿੱਚ ਬਹੁਤ ਸੱਚਾਈ ਹੈ, ਪਰ ਇਨ੍ਹਾਂ ਨੂੰ ਹਰ ਕੋਈ ਨਹੀਂ ਸਮਝ ਸਕਦਾ।

ਸਾਲਨਿਸ ਹੋਰ ਵੀ ਵੱਧ ਉਤੇਜਿਤ ਹੋ ਗਿਆ। "ਕੀ ਤੁਸੀਂ ਜਾਣਦੇ ਹੋ ਕਿ ਮੈਂ ਪ੍ਰਮਾਤਮਾ ਦਾ ਚਿਤਰਨ ਕਿਵੇਂ ਕਰਦਾ ਹਾਂ?" ਉਸ ਨੇ ਕਿਹਾ, "ਪੈਦਾ ਕਰਨ ਵਾਲਾ ਇਕ ਬਹੁਤ ਵੱਡੇ ਯੰਤਰ ਵਾਂਗ ਜਿਸ ਦਾ ਸਾਨੂੰ ਕੋਈ ਪਤਾ ਨਹੀਂ; ਜੋ ਸੂਨਯ ਵਿੱਚ ਕਰੋੜਾਂ ਸ੍ਰਿਸ਼ਟੀਆਂ ਠੀਕ ਉਂਝ ਖਿੰਡਾ ਫੁੰਡਾ ਦਿੰਦਾ ਹੈ, ਜਿਵੇਂ ਇਕ ਮੱਛੀ ਆਪਣੇ ਆਂਡਿਆਂ ਨੂੰ ਸਮੁੰਦਰ ਵਿੱਚ ਖਿੰਡਾ ਫੁੰਡਾ ਦਿੰਦੀ ਹੈ। ਉਹ ਸਿਰਜਣਾ ਕਰਦਾ ਹੈ ਕਿਉਂਕਿ ਉਸ ਦਾ ਸਿਰਜਣਹਾਰ ਹੋਣ ਦੇ ਨਾਤੇ ਇਹ ਕਰਤੱਵ ਹੈ, ਪਰ ਉਸ ਨੂੰ ਇਹ ਨਹੀਂ ਪਤਾ ਕਿ ਉਹ ਕੀ ਕਰ ਰਿਹਾ ਹੈ, ਉਹ ਮਸਖ਼ਰੀ ਨਾਲ ਪੈਦਾ ਕਰਨ ਦੇ ਆਪਣੇ ਕਰਤੱਵ ਵਿੱਚ ਲੱਗਾ ਰਹਿੰਦਾ ਹੈ ਅਤੇ ਆਪਣੇ ਫੈਲਾਏ ਹੋਏ ਸਭ ਪ੍ਰਕਾਰ ਦੇ ਪੈਂਦਾ ਕੀਤੇ ਹੋਏ ਅਣੂਆਂ ਦੇ ਮਿਸ਼ਰਨ ਤੋਂ ਅਣਜਾਨ ਹੈ। ਮਨੁੱਖ ਦੀ ਵਿਚਾਰਧਾਰਾ ਕੁਝ ਸੁਭਾਗੀ, ਕੁਝ ਸਥਾਨਕ ਕੁਦਰਤੀ ਹੋਈ ਘਟਨਾ ਮੰਨੀ ਜਾਂਦੀ ਹੈ ਜਿਸ ਦਾ ਪਹਿਲਾਂਬਿਲਕੁਲ ਪਤਾ ਨਹੀਂ ਸੀਜੋ ਧਰਤੀ ਦੇ ਨਾਲ ਹੀ ਨਾਲ ਖ਼ਤਮ ਕਰ ਦਿੱਤੀ ਜਾਵੇਗੀ ਅਤੇ ਸ਼ਾਇਦ ਫਿਰ ਤੋਂ ਇੱਥੇਜਾਂ ਕਿਧਰੇ ਅਜਿਹੀ ਜਾਂ ਕੁਝ ਨਵੇਂ ਸਵਰਗੀ ਮਿਲਾਵਟ ਨਾਲ ਯੁਕਤ ਇਸ ਤੋਂ ਵੱਖ ਆਰੰਭਹੋ ਜਾਵੇਗੀ। ਅਸੀਂ ਇਸ ਛੋਟੀ ਜਿਹੀ ਘਟਨਾ ਦੇ ਕਾਰਨ ਜਿਹੜੀ ਪ੍ਰਮਾਤਮਾ ਦੀ ਦ੍ਰਿਸ਼ਟੀ ਵਿੱਚ ਸੰਸਾਰ ਵਿੱਚ ਜੋ ਸਾਡੇ ਲਈ ਨਹੀਂ ਹੈ, ਅਸੀਂ ਰੱਖਣ, ਅਸੀਂ ਟਿਕਾਣ ਖਲਾਣ ਜਾਂ ਪੁਰਾਣੀਆਂ ਨੂੰ ਸੰਤੁਸ਼ਟ ਕਰਨ ਲਈ ਜਿਸ ਦਾ ਨਿਰਮਾਣ ਨਹੀਂ ਹੋਇਆ ਬਹੁਤ ਦੁੱਖ ਅਨੁਭਵ ਕਰਦੇ ਹਾਂ।ਅਤੇ ਇਹ ਵੀ ਸਾਨੂੰ ਉਸ ਕਰਕੇ ਵਿਧੀ ਦੀ ਵਿਧਾਨਕ ਕਹਾਉਣ ਵਾਲੀ ਵਸਤੂ

ਨਾਲ ਲਗਾਤਾਰ ਸੰਘਰਸ਼ ਕਰਨਾ ਪੈਂਦਾ ਹੈ ਅਤੇ ਉਦੋਂ ਕਿ ਅਸੀਂ ਵਾਸਤਵ ਵਿੱਚ ਬਹੁਤ ਪ੍ਰਗਤੀਸ਼ੀਲ ਅਤੇ ਸੁਸਭਯ ਹੋ ਚੁੱਕੇ ਹਾਂ"।

ਗ੍ਰਾਂਡਿਨ, ਜੋ ਉਸ ਦੀਆਂ ਗੱਲਾਂ ਨੂੰ ਪੂਰੇ ਧਿਆਨ ਨਾਲ ਸੁਣ ਰਿਹਾ ਸੀ ਅਤੇ ਉਸ ਦੀ ਕਲਪਨਾ ਦੀਆਂ ਅਸਚਰਜ-ਭਰੀਆਂ ਉਡਾਣਾਂ ਨੂੰ ਬਹੁਤ ਦੇਰ ਤੋਂ ਜਾਣਦਾ ਸੀ, ਬੋਲਿਆ, "ਫਿਰ ਕੀ ਤੁਹਾਡਾ ਵਿਸ਼ਵਾਸ ਹੈ ਕਿ ਮਨੁੱਖ ਦੀ ਵਿਚਾਰਧਾਰਾ ਅੰਧੇ ਬੱਚੇ ਪੈਦਾ ਹੋਣ ਦਾ ਸੁਭਾਵਕ ਹੀ ਉਤਪੰਨ ਹੋਣ ਵਾਲਾ ਉਤਪਾਦਨ ਹੈ।"

"ਬਿਲਕੁਲ ਇਹ ਸਾਡੇ ਦਿਮਾਗ਼ ਦੀ ਲਹੂ-ਥੈਲੀਆਂ ਦਾ ਦੇਵ-ਨੇਤ ਕਾਰਜ ਹੈ। ਇਹ ਕਿਸੇ ਅਦਿੱਖ ਕੈਮੀਕਲ ਕਾਰਜ, ਜੋ ਕਿ ਕਈਆਂ ਮਿਲਾਵਟਾਂ ਨਾਲ ਹੁੰਦਾ ਹੈ, ਜੋ ਬਿਜਲੀ ਦੇ ਇਕ ਉਤਪਾਦਨ ਨਾਲ ਮਿਲਦਾ ਹੈ, ਜੋ ਕਿ ਕਿਸੀ ਤੱਤ ਦੀ ਦੇਵ-ਨੇਤ ਸਮੀਪਤਾ ਜਾਂ ਰਗੜ ਨਾਲ ਉਤਪੰਨ ਹੁੰਦਾ ਹੈ ਵਾਂਗ ਹੈ ਅਤੇ, ਜੋ, ਅੰਤ ਵਿੱਚ, ਪ੍ਰਾਣੀਆਂ ਦੀ ਅਨੰਤ ਅਤੇ ਆਵੱਸ਼ਕ ਉਤੇਜਨਾ ਨਾਲ ਉਤਪੰਨ ਹੋਏ ਕਾਰਜਾਂ ਨਾਲ ਮਿਲਦਾ ਹੈ?

"ਪਰ, ਮੇਰੇ ਸਾਥੀ ਇਹ ਸੱਚਾਈ ਉਨ੍ਹਾਂ ਸਾਰਿਆਂ ਨੂੰ ਪਤਾ ਲੱਗ ਜਾਣੀ ਚਾਹੀਦੀ ਹੈ ਜੋ ਆਪਣੇ ਸਾਰੇ ਪਾਸੇ ਵੇਖਦੇ ਹਨ। ਜੋ ਮਨੁੱਖ ਦੀ ਵਿਚਾਰਧਾਰਾ ਇਕ ਸਰਵ-ਗਿਆਨ ਸ੍ਰਿਸ਼ਟੀ ਦੇ ਰਚਨਹਾਰ ਦੁਆਰਾ, ਇਸੇ ਰੂਪ ਵਿੱਚ ਪ੍ਰਦਾਨ ਕੀਤੀ ਜਾਣੀ ਸੀ ਕਿ ਜਿਸ ਰੂਪ ਵਿੱਚ ਇਹ ਹੁਣ ਆ ਗਈ ਹੈ ਅਤੇ ਜੋ ਯਾਂਤਰਿਕ ਵਿਚਾਰਾਂ ਅਤੇ ਬਿਨਾਂ ਕਿਸੇ ਪ੍ਰਤਿਵਾਦ ਕ੍ਰੋਧ ਅਤੇ ਦੁੱਖ-ਸਹਿਨ ਸ਼ਕਤੀ ਤੋਂ ਬਹੁਤ ਭਿੰਨ ਹੋ ਚੁੱਕੀ ਹੈ, ਇਹ ਸੰਸਾਰ ਜੋ ਸਾਡੇ ਪ੍ਰਾਣੀਆਂ ਲਈ ਬਣਾਇਆ ਗਿਆ ਸੀ, ਇਹ ਸਲਾਦ ਪਲਾਟ, ਇਹ ਪਹਾੜੀ, ਜੰਗਲ ਅਤੇ ਬਗ਼ੀਚੇ, ਜਿੱਥੇ ਤੁਹਾਡੇ ਪ੍ਰਮਾਤਮਾ ਨੇ ਸਾਨੂੰ ਨੰਗਾ ਰਹਿਣ ਲਈ, ਗੁਫਾਵਾਂ ਵਿੱਚ ਜਾਂ ਦਰੱਖਤਾਂ ਦੇ ਥੱਲੇ ਪਏ ਰਹਿ ਕੇ ਜੀਵਨ ਬਿਤਾਉਣ ਲਈ ਭਾਗ ਵਿੱਚ ਲਿਖਿਆ, ਤਾਂ ਕੀ ਉਸ ਨੇ ਜ਼ਿਬ੍ਹਾ ਕੀਤੇ ਹੋਏ ਜਾਨਵਰਾਂ ਦੇ, ਸਾਡੇ ਭਾਈਆਂ ਦੇ ਮਾਸ 'ਤੇ ਸਾਡਾ ਪੋਸ਼ਣ ਕੀਤਾ ਜਾਂ ਇਸ ਹਰੀ ਬਨਸਪਤੀ ਉੱਪਰ ਜੋ ਸੂਰਜ ਅਤੇ ਮੀਂਹ ਨਾਲ ਪੁਸ਼ਟ ਕੀਤੀ ਗਈ ਹੈ। ਉਸ ਨਾਲ ਪੋਸ਼ਣ

ਕੀਤਾ?

"ਪਰ ਇਹ ਸਮਝਣ ਲਈ ਕਿ ਇਹ ਸੰਸਾਰ - ਸਾਡੇ ਵਰਗੇ ਜੀਵ ਜੰਤੂਆਂ ਲਈ ਨਹੀਂ ਬਣਾਇਆ ਸੀ। ਇਕ ਮਿੰਟ ਵਿਚਾਰ ਕਰਨ ਲਈ ਕਾਫ਼ੀ ਹੈ। ਇਹ ਵਿਚਾਰ ਜੋ ਸਾਡੇ ਦਿਮਾਗ਼ ਦੇ ਤੰਤੂਆਂ ਵਿੱਚ ਕਿਸੇ ਕਰਾਮਾਤ ਦੁਆਰਾ ਵਿਕਸਿਤ ਹੋ ਰਿਹਾ ਹੈ, ਸ਼ਕਤੀ ਹੀਣ ਨਾਦਾਨ ਅਤੇ ਅਸਪੱਸ਼ਟ ਹੈ ਅਤੇ ਜਿਵੇਂ ਇਹ ਹਮੇਸ਼ਾ ਰਹੇਗਾ, ਅਸੀਂ ਜੋ ਬੁਧੀਵਾਨ ਹਾਂ, ਧਰਤੀ ਤੇ ਸਦੀਵੀ ਦੁੱਖਦਾਈ ਬਣਾਉਂਦਾ ਹੈ।

ਇਸ ਧਰਤੀ ਵੱਲ ਵੇਖੋ, ਪ੍ਰਮਾਤਮਾ ਨੇ ਇਹ ਇਸ ਦੇ ਵਸਣ ਵਾਲਿਆਂ ਨੂੰ ਦੇ ਦਿੱਤੀ ਹੈ। ਕੀ ਇਹ ਬਿਲਕੁਲ ਸਪੱਸ਼ਟ ਅਤੇ ਵੇਖਣਯੋਗ ਬਣੀ ਹੋਈ ਹੈ? ਇਹ ਪਸ਼ੂਆਂ ਲਈ ਪੇੜ-ਪੌਦਿਆਂ ਸਹਿਤ ਜੰਗਲਾਂ ਨਾਲ ਢੱਕੀ ਹੋਈ ਨਹੀਂ ਹੈ? ਇੱਥੇ ਸਾਡੇ ਲਈ ਕੀ ਹੈ। ਕੁਝ ਵੀ ਨਹੀਂ। ਅਤੇ ਉਨ੍ਹਾਂ ਲਈ? ਸਾਰੀਆਂ ਚੀਜ਼ਾਂ ਉਨ੍ਹਾਂ ਦੀਆਂ ਪ੍ਰਵਿਰਤੀਆਂ ਅਨੁਸਾਰ ਉਨ੍ਹਾਂ ਪਾਸ ਖਾਣ ਅਤੇ ਸ਼ਿਕਾਰ ਕਰਨ, ਇਕ ਦੂਜੇ ਨੂੰ ਖਾਣ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੇ ਕਦੇ ਚੰਗੇ ਅਤੇ ਸ਼ਾਂਤੀਪੂਰਨ ਢੰਗਾਂ ਨੂੰ ਅਨੁਭਵ ਨਹੀਂ ਕੀਤਾ। ਉਹ ਤਾਂ ਉਨ੍ਹਾਂ ਪਸ਼ੂਆਂ ਦੀ ਜੋ ਇਕ ਦੂਜੇ ਨੂੰ ਮਾਰਨ ਖਾਣ ਵਿੱਚ ਲੱਗੇ ਰਹਿੰਦੇ ਹਨ ਮੌਤ ਅਨੁਭਵ ਕੀਤੀ ਹੈ। ਕੀ ਬਟੇਰਾ, ਕਬੂਤਰ ਤੇ ਤਿੱਤਰ ਆਦਿ ਛੋਟੇ ਪੰਛੀ ਬਾਜ ਦਾ ਸ਼ਿਕਾਰ ਨਹੀਂ ਹਨ? ਕੀ ਮਾਸ ਤੋਂ ਵੱਧ ਲਾਭ ਸਾਗ ਸਬਜ਼ੀ ਨਹੀਂ ਪਹੁੰਚਾਉਂਦੀ? ਇਹ ਸੂਰਾਂ ਪੁੱਟ ਕੇ ਕੱਢੀ ਗਈ ਹੈ।

"ਅਤੇ ਅਸੀਂ ਜਿੰਨੇ ਵਧੇਰੇ ਸੱਭਯ, ਸੁਸਿਖਿਅਤ ਅਤੇ ਬੁੱਧੀਮਾਨ ਹਾਂ ਉਨ੍ਹਾਂ ਹੀ ਸਾਨੂੰ ਉਸ ਪਸ਼ੂ ਬਿਰਤੀ ਦਾ ਜੋ ਸਾਡੇ ਅੰਦਰ ਪ੍ਰਮਾਤਮਾ ਦੀ ਇੱਛਾ ਦੀ ਪ੍ਰਤੀਨਿਧਤਾ ਕਰਦੀ ਹੈ, ਕਾਬੂ ਪਾਉਣਾ ਅਤੇ ਦਬਾਉਣਾ ਚਾਹੀਦਾ ਹੈ। ਅਤੇ ਇਸ ਤਰ੍ਹਾਂ ਅਸੀਂ ਆਪਣੇ ਭਾਗ ਦੀ ਜਹਾਲਤ ਨੂੰ ਘੱਟ ਕਰਨ ਲਈ ਸਾਰੀਆਂ ਚੀਜ਼ਾਂ ਦੀ ਕਾਢ ਕੱਢੀ ਤੇ ਬਣਾਇਆ। ਪਹਿਲਾਂ ਮਕਾਨ ਬਣਾਉਣੇ ਸ਼ੁਰੂ ਕੀਤੇ, ਚੰਗਾ ਖਾਣ, ਸਾਸ, ਚਟਣੀ, ਮਿਠਾਈ, ਪੇਸ਼ਟਰੀ, ਸ਼ਰਾਬ, ਸਮਾਨ, ਕੱਪੜੇ, ਗਹਿਣੇ, ਬਿਸਤਰੇ, ਮੈਟਰਸ, ਗੱਡੀਆਂ, ਰੇਲਵੇ ਅਤੇ ਅਣਗਿਣਤ ਮਸ਼ੀਨਾਂ ਦੇ ਨਿਰਮਾਣ ਤੋਂ ਇਲਾਵਾ, ਅਸੀਂ ਕਲਾ ਅਤੇ ਵਿਗਿਆਨ, ਲੇਖ ਅਤੇ ਕਵਿਤਾ ਸਭ ਕੁਝ ਦਾ ਨਿਰਮਾਣ ਕੀਤਾ। ਸਾਡੇ ਲੋਕਾਂ ਤੋਂ ਅਤੇ ਨਾਲ ਹੀ ਨਾਲ ਜੀਵਨ ਦੀਆਂ ਸਹੂਲਤਾਂ ਤੋਂ ਹਰ ਆਦਰਸ਼

ਸਾਨੂੰ ਸਾਡੇ ਜੀਵਨ ਵਿੱਚ ਕੇਵਲ ਪੁਨਰ-ਉਤਪਾਦਕ, ਜਿਸ ਲਈ ਪ੍ਰਮਾਤਮਾ ਨੇ ਸਾਡੇ ਤੋਂ ਇੱਛਾ ਕੀਤੀ ਬਣਾਏ ਰੱਖਣ ਲਈ ਉਨ੍ਹਾਂ ਹੀ ਸਰਲ ਅਤੇ ਸਾਧਾਰਨ ਉਤਪੰਨ ਹੁੰਦਾ ਹੈ।

"ਇਸ ਥੀਏਟਰ ਵੱਲ ਵੇਖੋ ਸਵਰਗਿਕ ਵਿਧਾਤਾ ਦੀ ਦ੍ਰਿਸ਼ਟੀ ਅਤੇ ਗਿਆਨ ਤੋਂ ਪਰੇ, ਕੇਵਲ ਸਾਡੀ ਬੁੱਧੀ ਤੋਂ ਅਨੁਭਵ ਯੋਗ, ਪ੍ਰਾਣੀਆਂ ਦਾ ਸੰਸਾਰ ਨਹੀਂ ਰਚਿਆ ਗਿਆ? ਕੀ ਇਹ ਸਰੀਰਕ ਤੇ ਬੁਧੀਵਾਦੀ ਕਰੋਧੀ ਜਿਹੜੇ ਕੇਵਲ ਸਾਡੇ ਜਿਹੇ ਕਰੋਧੀ ਅਸੰਤੁਸ਼ਟ ਅਤੇ ਅਸ਼ਾਂਤ ਜੀਆਂ ਵੱਲੋਂ ਰਚਿਆ ਗਿਆ ਹੈ।

"ਉਸ ਔਰਤ, ਮੈਡਮ ਡੀ ਮਸਕਰੇਟ ਵੱਲ ਵੇਖੋ ਪ੍ਰਮਾਤਮਾ ਨੇ ਉਸ ਨੂੰ ਕਿਸੇ ਗੁਫ਼ਾ ਵਿੱਚ ਨਗਨ ਜਾਂ ਜੰਗਲੀ ਪਸ਼ੂਆਂ ਦੀ ਖਲ ਵਿੱਚ ਲਿਪਟੇ ਰਹਿਣ ਲਈ ਬਣਾਇਆ ਸੀ, ਪਰ ਇਸ ਸਮੇਂ ਉਹ ਜਿਹੋ ਜਿਹੀ ਵੀ ਹੈ, ਉਸ ਤੋਂ ਅੱਛੀ ਪਰ ਉਸ ਬਾਰੇ ਗੱਲਾਂ ਜਾਣਦਾ ਹੈ ਕਿ ਉਸ ਦੇ ਪਤੀ ਦੇ ਪਸ਼ੂਤਵ ਨੇ ਉਸ ਨੂੰ ਸੱਤ ਵਾਰ ਮਾਂ ਬਣਾ ਕੇ ਜਦੋਂ ਕਾਫ਼ੀ ਪਸ਼ੂਪਨ ਵਾਲਾ ਵਿਹਾਰ ਕੀਤਾ, ਤਾਂ ਅਚਾਨਕ ਆਪਣੀ ਬਗ਼ਲ ਦੇ ਇਕ ਸਾਥੀ ਨੂੰ ਛੱਡ ਕੇ ਨੀਚ ਔਰਤਾਂ ਪਿੱਛੇ ਜਾਣਾ ਸ਼ੁਰੂ ਕਰ ਦਿੱਤਾ?"

ਗ੍ਰਾਂਡਿਨ ਨੇ ਉੱਤਰ ਦਿੱਤਾ : "ਉਹ ਮੇਰੇ ਦੋਸਤ, ਮੇਰੇ ਵਿਚਾਰ ਵਿੱਚ ਸ਼ਾਇਦ ਇਹੋ ਕਾਰਨ ਹੋਵੇਗਾ। ਉਸ ਨੇ ਉਸ ਦੇ ਨਾਲ ਰਹਿੰਦਿਆਂ ਵੇਖਿਆ ਹੋਵੇਗਾ, ਕਿ ਉਸ ਦਾ ਖਰਚਾ ਬਹੁਤ ਹੈ ਅਤੇ ਘਰੇਲੂ ਆਰਥਿਕ ਕਾਰਨਾਂ ਕਰਕੇ ਉਹ ਇਨ੍ਹਾਂ ਵਿਚਾਰਾਂ 'ਤੇ, ਜਿਨ੍ਹਾਂ ਨੂੰ ਤੁਸੀਂ ਦਾਰਸ਼ਨਿਕ ਕਹਿੰਦੇ ਹੋ, ਸੋਚਣ ਲਗ ਗਿਆ ਹੋਵੇ।"

ਤੀਜੀ ਝਾਕੀ ਲਈ ਪਰਦਾ ਉੱਠਿਆ ਉਹ ਮੁੜੇ ਅਤੇ ਆਪਣੇ ਆਪਣੇ ਟੋਪ ਉਤਾਰ ਕੇ ਬੈਠ ਗਏ।ਕਾਊਂਟ ਅਤੇ ਕਾਊਂਟੇਸ ਮਸਕਰੇਟ ਗੱਡੀ ਵਿੱਚ, ਜੋ ਉਨ੍ਹਾਂ ਨੂੰ ਉਪੇਰਾ ਤੋਂ ਵਾਪਸ ਲਿਜਾ ਰਹੀ ਸੀ, ਕੌਲ ਕੌਲ ਚੁੱਪ ਚਾਪ ਬੈਠੇ ਹੋਏ ਸਨ। ਪਰ ਪਤੀ ਨੇ ਆਪਣੀ ਪਤਨੀ ਨੂੰ ਅਚਾਨਕ ਕਿਹਾ "ਗੈਬਰੀਲੇ"।

"ਕੀ ਕਹਿਣਾ ਹੈ?"

ਕੀ ਤੁਸੀਂ ਇਹ ਨਹੀਂ ਸਮਝਦੇ ਕਿ ਇਹ ਹਾਲਤ ਕਾਫ਼ੀ ਹੋ ਚੁੱਕੀ ਹੈ?

ਮੇਰੇ ਲਈ ਇਹ ਬੜੀ ਵੱਡੀ ਸਜ਼ਾ ਹੈ।

“ਜੋ ਤੁਸੀਂ ਪਿਛਲੇ ਛੇ ਸਾਲ ਤੋਂ ਦੇ ਰਹੇ ਹੋ।

“ਤੁਸੀਂ ਕੀ ਚਾਹੁੰਦੇ ਹੋ !' ਮੈਂ ਮਜਬੂਰ ਹਾਂ"

“ਫਿਰ ਮੈਨੂੰ ਇਹ ਦਸ ਦੇ ਕਿ ਉਨ੍ਹਾਂ ਵਿੱਚ ਕਿਹੜਾ ਹੈ?"

ਮੈਂ ਨਹੀਂ ਦੱਸਣਾ"

“ਸੋਚੋ ਕਿ ਮੈਂ ਆਪਣੇ ਬੱਚਿਆਂ ਵਿੱਚ ਆਪਣੇ ਦਿਲ ਤੋਂ ਉਸ ਭਾਰ ਨੂੰ ਹਲਕਾ ਕੀਤੇ ਬਿਨਾਂ ਨਹੀਂ ਰਹਿ ਸਕਦਾ ਅਤੇ ਨਾ ਇਹ ਅਨੁਭਵ ਕਰ ਸਕਦਾ ਹਾਂ ਕਿ ਉਹ ਮੇਰੇ ਬੱਚੇ ਹਨ। ਮੈਨੂੰ ਦੱਸੋ ਕਿ ਇਨ੍ਹਾਂ ਵਿੱਚੋਂ ਕਿਹੜਾ ਹੈ ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਕੁਝ ਨਹੀਂ ਕਹਾਂਗਾ ਅਤੇ ਉਸ ਨਾਲ ਵੀ ਹੋਰਨਾਂ ਬੱਚਿਆਂ ਵਾਂਗ ਵਿਹਾਰ ਕਰਾਂਗਾ।”

ਮੈਨੂੰ ਇਹ ਦੱਸਣ ਦਾ ਅਧਿਕਾਰ ਨਹੀਂ ਹੈ। ਹੁਣ ਤੂੰ ਇਹ ਨਹੀਂ ਜਾਣਦੀ ਕਿ ਮੈਂ ਇਸ ਤਰ੍ਹਾਂ ਜੀਵਨ ਨੂੰ, ਇਸ ਵਿਚਾਰ ਨੂੰ ਜਿਹੜਾ ਮੈਨੂੰ ਪਰੇਸ਼ਾਨ ਕਰਦਾ ਰਹਿੰਦਾ ਹੈ, ਇਸ ਪ੍ਰਸ਼ਨ ਨੂੰ ਜਿਸ ਨੂੰ ਮੈਂ ਹਮੇਸ਼ਾ ਮਨ ਹੀ ਮਨ ਵਿੱਚ ਪੁੱਛਦਾ ਰਹਿੰਦਾ ਹਾਂ, ਇਸ ਪ੍ਰਸ਼ਨ ਨੂੰ ਜੋ ਮੈਨੂੰ ਹਰ ਵਾਰ ਜਦੋਂ ਵੀ ਮੈਂ ਉਨ੍ਹਾਂ ਵੱਲ ਵੇਖਦਾ ਹਾਂ, ਮੈਨੂੰ ਖਟਕਦਾ ਰਹਿੰਦਾ ਹੈ, ਹੁਣ ਹੋਰ ਸਹਿਣ ਨਹੀਂ ਕਰ ਸਕਦਾ। ਇਹ ਮੈਨੂੰ ਪਾਗ਼ਲ ਕਰ ਦੇਵੇਗਾ।’

ਅੱਛਾ ਤੁਸੀਂ ਬਹੁਤ ਕਸ਼ਟ ਉਠਾ ਚੁੱਕੇ ਹੋ "? ਉਹ ਬੋਲੀ।

ਬਹੁਤ ਕੀ ਮੈਂ ਇਸ ਤੋਂ ਬਿਨਾਂ, ਤੇਰੇ ਨਾਲ ਰਹਿਣ ਦੇ ਡਰ ਨੂੰ ਬਰਦਾਸ਼ਤ ਕਰ ਸਕਦਾ ਸੀ ਅਤੇ ਇਸ ਤੋਂ ਵੱਡਾ ਇਹ ਜਾਣਨ ਜਾਂ ਅਨੁਭਵ ਕਰਨ ਦੇ ਡਰ ਨੂੰ ਕਿ ਇਨ੍ਹਾਂ ਵਿੱਚੋਂਇਕ ਬੱਚਾ ਜਿਸ ਨੂੰ ਮੈਂ ਆਪਣਾ ਨਹੀਂ ਕਹਿ ਸਕਦਾ ਅਤੇ ਪਛਾਣ ਨਹੀਂ ਸਕਦਾ ਅਤੇ ਜੋ ਮੈਨੂੰ ਹੋਰਨਾਂ ਵੀ ਪਿਆਰ ਕਰਨ ਤੋਂ ਰੋਕਦਾ ਹੈ?"

ਉਸ ਨੇ ਫਿਰ ਕਿਹਾ, "ਫਿਰ ਤੁਸੀਂ ਵਾਸਤਵ ਵਿੱਚ ਕਾਫ਼ੀ ਕਸ਼ਟ ਉਠਾਇਆ ਹੈ।" ਅਤੇ ਉਸ ਨੇ ਦੱਬੀ ਹੋਈ ਅਤੇ ਦੁੱਖ ਭਰੀ ਆਵਾਜ਼ ਵਿੱਚ ਕਿਹਾ।

"ਹਾਂ ਕੀ ਮੈਂ ਤੈਨੂੰ ਹਰ ਰੋਜ਼ ਇਹ ਨਹੀਂ ਕਹਿੰਦਾ ਸੀ, ਕਿ ਮੇਰੇ ਲਈ ਇਹ ਅਸਹਿ ਦੁੱਖ ਹੈ? ਜੇ ਮੈਂ ਉਨ੍ਹਾਂ ਨਾਲ ਪਿਆਰ ਨਾ ਕਰਦਾ ਹੁੰਦਾ ਤਾਂ ਤੇਰੇ ਅਤੇ ਉਨ੍ਹਾਂ ਦੇ ਨਾਲ ਮਕਾਨ ਵਿੱਚ ਕਿਉਂ ਰਹਿੰਦਾ? ਉਫ਼ ! ਤੂੰ ਮੇਰੇ ਨਾਲ ਬਹੁਤ ਘ੍ਰਿਣਾਜਨਕ ਵਿਹਾਰ ਕੀਤਾ ਹੈ। ਮੈਂ ਆਪਣੇ ਦਿਲ ਦਾ ਸਾਰਾ ਪਿਆਰ ਆਪਣੇ ਬੱਚਿਆਂ ਤੇ ਨਿਛਾਵਰ ਕਰ ਦਿੱਤਾ ਹੈ, ਅਤੇ ਇਹ ਤੂੰ ਜਾਣਦੀ ਹੀ ਏ। ਮੈਂ ਉਨ੍ਹਾਂ ਲਈ ਪੁਰਾਣੇ ਜ਼ਮਾਨੇ ਦਾ ਪਿਤਾ ਹਾਂ ਅਤੇ ਕਿਉਂਕਿ ਮੈਂ ਆਪਣੀਆਂ ਪ੍ਰਵਿਰਤੀਆਂ ਕਾਰਨ ਹਮੇਸ਼ਾਇਕ ਕੁਦਰਤੀ ਮਨੁੱਖ ਰਿਹਾ ਹਾਂ, ਪੁਰਾਣੇ ਜ਼ਮਾਨੇ ਦਾ ਕੁਦਰਤੀ ਮਨੁੱਖ ਅਤੇ ਮੈਂ ਤੇਰਾ ਵੀ ਪ੍ਰਾਚੀਨ ਘਰਾਣੇ ਵਾਂਗ ਹੀ ਪਤੀ ਰਿਹਾ ਹਾਂ। ਹਾਂ, ਮੈਂ ਮੰਨਦਾ ਹਾਂ ਕਿ ਤੂੰ ਮੈਨੂੰ ਬਹੁਤ ਕਸ਼ਟ ਦਿੱਤਾ ਹੈ ਕਿਉਂਕਿ ਤੂੰ ਇਕ ਹੋਰ ਹੀ ਜਾਤੀ ਦੀ, ਹੋਰ ਹੀ ਆਤਮਾ ਦੀ, ਹੋਰ ਹੀ ਭਾਵਨਾਵਾਂ ਵਾਲੀ ਔਰਤ ਏ। ਉਫ਼ ਮੈਂ ਤੇਰੀਆਂ ਗੱਲਾਂ ਨੂੰ ਕਦੇ ਨਹੀਂ ਭੁੱਲ ਸਕਾਂਗਾ ਪਰ ਉਸ ਦਿਨ ਤੋਂ ਮੈਂ ਤੇਰੇ ਬਾਰੇ ਕੋਈ ਚਿੰਤਾ ਨਹੀਂ ਕੀਤੀ। ਮੈਂ ਤੈਨੂੰ ਇਸ ਲਈ ਮਾਰ ਸਕਿਆ ਕਿ ਫਿਰ ਮੈਨੂੰ ਦੁਨੀਆ ਦੇ ਕਿਸੇ ਕਿਨਾਰੇ 'ਤੇ ਇਹ ਦੱਸਣ ਵਾਲਾ ਨਹੀਂ ਮਿਲੇਗਾ ਕਿ ਸਾਡੇ ਬੱਚਿਆਂ ਵਿੱਚੋਂ ਤੇਰਾ ਬੱਚਾ ਕਿਹੜਾ ਹੈ ਜੋ ਮੇਰਾ ਨਹੀਂ ! ਮੈਂ ਇਹ ਜਾਣਨ ਦੀ ਉਡੀਕ ਕੀਤੀ ਹੈ, ਪਰਤੂੰ ਵਿਸ਼ਵਾਸ ਨਹੀਂ ਕਰ ਸਕੇਂਗੀ ਕਿ ਮੈਂ ਕਿੰਨਾ ਕਸ਼ਟ ਉਠਾਇਆ ਹੈ ਕਿਉਂਕਿ ਮੈਂ ਉਨ੍ਹਾਂ ਵਿੱਚੋਂ ਦੋ, ਸ਼ਾਇਦ ਸਭ ਤੋਂ ਵੱਡੇ ਦੋ ਤੋਂ ਇਲਾਵਾ ਹੋਰ ਕਿਸੇ ਨੂੰ ਪਿਆਰ ਕਰਨ ਦਾ ਸਾਹਸ ਨਹੀਂ ਕਰ ਸਕਦਾ ਹਾਂ; ਹੁਣ ਉਨ੍ਹਾਂ ਵੱਲ ਵੇਖਣ, ਉਨ੍ਹਾਂ ਨੂੰ ਬੁਲਾਉਣ ਉਨ੍ਹਾਂ ਨੂੰ, ਪਿਆਰ ਕਰਨ ਦਾ ਸਾਹਸ ਨਹੀਂ ਕਰਦਾ; ਅਤੇ ਉਨ੍ਹਾਂ ਨੂੰ ਆਪਣੇ ਮਨ ਤੋਂ ਇਹ ਪੁੱਛੇ ਬਗੈਰ; "ਕੀ ਇਹੀ ਤਾਂ ਨਹੀਂ ਹੈ? ਮੈਂ ਆਪਣੀ ਗੋਦੀ ਵਿੱਚ ਨਹੀਂ ਬਿਠਾ ਸਕਦਾ। ਮੈਂ ਤੇਰੇ ਪ੍ਰਤੀ ਆਪਣੇ ਵਿਹਾਰ ਵਿੱਚ ਇਨ੍ਹਾਂ 6 ਸਾਲਾਂ ਵਿੱਚ ਠੀਕ ਰਿਹਾ ਹਾਂ, ਅਤੇ ਇੱਥੋਂ ਤੱਕ ਕਿ ਦਿਆਲੂ ਵੀ ਰਿਹਾ ਹਾਂ, ਮੈਨੂੰ ਸੱਚ ਦਸ, ਅਤੇ ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਮੈਂ ਤੇਰੇ ਨਾਲ ਕੋਈ ਸਖ਼ਤੀ ਨਹੀਂ ਕਰਾਂਗਾ। ਉਸ ਨੇ ਸੋਚਿਆ ਗੱਡੀ ਵਿੱਚਹਨੇਰਾ ਹੁੰਦਿਆਂ ਹੋਇਆਂ ਵੀ ਕਿ ਉਸ ਨੇ ਵੇਖਿਆ ਸੀ ਕਿ ਉਹ ਵਿਚਲਿਤ ਹੋ ਉੱਠੀ ਸੀ ਕਹਿਣ ਲੱਗੀ ਸੀ, ਅਤੇ ਇਹ

ਨਿਸ਼ਚਤ ਸਮਝ ਕੇ ਉਹ ਅੰਤ ਨੂੰ ਕੁਝ ਕਹਿਣ ਲੱਗੀ ਸੀ, ਉਹ ਬੋਲਿਆ ਮੈਂ ਤੇਰੀ ਮਿੰਨਤ ਕਰਦਾ ਹਾਂ ਕਿ ਤੂੰ ਮੈਨੂੰ ਦਸ ਦੇ।"

"ਪਰ ਮੈਂ ਸਮਝਦੀ ਹਾਂ ਕਿ ਮੈਂ ਵਧੇਰੇ ਦੋਸ਼ੀ ਹਾਂ ਕਿ ਤੁਸੀਂ ਸੋਚ ਵੀ ਨਹੀਂ ਸਕਦੇ, ਉਸ ਨੇ ਉੱਤਰ ਦਿੱਤਾ।" ਪਰ ਮੈਂ ਬਾਰ ਬਾਰ ਗਰਭਵਤੀ ਹੋਣ ਦੇ ਜੀਵਨ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕੀ ਅਤੇ ਤੁਹਾਨੂੰ ਆਪਣੇ ਬਿਸਤਰੇ ਤੋਂ ਦੂਰ ਰੱਖ ਸਕਣ ਦਾ ਇੱਕੋ ਹੀ ਢੰਗ ਸੀ। ਮੈਂ ਪਰਮਾਤਮਾ ਦੇ ਸਾਹਮਣੇ ਝੂਠ ਬੋਲਿਆ ਅਤੇ ਮੈਂ ਆਪਣੇ ਬੱਚਿਆਂ ਦੇ ਸਿਰ ਉੱਤੇ ਹੱਥ ਰੱਖ ਕੇ ਝੂਠ ਕਿਹਾ ਕਿਉਂਕਿ "ਮੈਂ ਤੁਹਾਡੇ ਨਾਲ ਵਿਸ਼ਵਾਸਘਾਤ ਨਹੀਂ"

ਉਸ ਨੇ ਹਨੇਰੇ ਵਿੱਚ ਉਸ ਦੀ ਬਾਂਹ ਫੜ ਲਈ ਅਤੇ ਉਸੇ ਭਿਆਨਕ ਦਿਨ ਵਾਂਗ ਜਿਸ ਦਿਨ ਉਹ ਬੋਇਸ ਡੀ ਬੋਲੇਨ ਜਾ ਰਹੇ ਸਨ, ਉਸ ਨੇ ਮਰੋੜ ਕੇ ਲੜਖੜਾਉਂਦੇ ਹੋਏ ਕਿਹਾ, "ਕੀ ਇਹ ਸੱਚ ਹੈ?"

"ਇਹ ਸੱਚ ਹੈ।"

ਪਰ ਉਹ ਬੜੇ ਦੁੱਖ ਨਾਲ ਕਰਾਹ ਕੇ ਬੋਲਿਆ, "ਹੁਣ ਮੈਨੂੰ ਹੋਰ ਸ਼ੰਕੇ ਪੈਦਾ ਹੋ ਜਾਣਗੇ ਜੋ ਕਦੇ ਵੀ ਖ਼ਤਮ ਨਹੀਂ ਹੋਣਗੇ। ਤੂੰ ਝੂਠ ਕਦੋਂ ਬੋਲਿਆ ਸੀ ਪਹਿਲਾਂ ਜਾਂ ਹੁਣ? ਮੈਂ ਹੁਣ ਤੇਰੇ 'ਤੇ ਕਿਵੇਂ ਵਿਸ਼ਵਾਸ ਕਰਾਂ? ਕੋਈ ਵੀ ਅਜਿਹੀ ਗੱਲ ਹੋ ਜਾਣ ਮਗਰੋਂ ਔਰਤ 'ਤੇ ਕਿਵੇਂ ਵਿਸ਼ਵਾਸ ਕਰ ਸਕਦਾ ਹੈ? ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਬਾਰੇ ਮੈਨੂੰ ਕੀ ਕਰਨਾ ਚਾਹੀਦਾ ਹੈ। ਇਸ ਤੋਂ ਤਾਂ ਤੂੰ ਇਹ ਕਿਹਾ ਹੁੰਦਾ ਤਾਂ ਚੰਗਾ ਹੁੰਦਾ" ਉਹ ਜੈਕਬ ਹੈ ਜਾਂ ਉਹ ਜੈਨੀ ਹੈ।

ਗੱਡੀ ਉਨ੍ਹਾਂ ਨੂੰ ਉਨ੍ਹਾਂ ਦੀ ਕੋਠੀ ਦੇ ਵਿਹੜੇ ਵਿੱਚ ਲੈ ਗਈ ਅਤੇ ਜਦੋਂ ਉਹ ਪੌੜੀਆਂ ਦੇ ਕੋਲ ਆ ਕੇ ਖੜ੍ਹੀ ਹੋਈ ਤਾਂ ਕਾਉਂਟ ਹਮੇਸ਼ਾ ਵਾਂਗ ਪਹਿਲੇ ਉੱਤਰਿਆ ਅਤੇ ਆਪਣੀ ਪਤਨੀ ਦੀ ਮੱਦਦ ਲਈ ਆਪਣਾ ਹੱਥ ਵਧਾਇਆ ਅਤੇ ਫਿਰ ਜਦੋਂ ਉਹ ਪਹਿਲੀ ਮੰਜ਼ਲ 'ਤੇ ਪਹੁੰਚੇ ਤਾਂ ਉਹ ਬੋਲਿਆ, "ਕੀ ਮੈਂ ਤੇਰੇ ਨਾਲ ਥੋੜ੍ਹੀ ਦੇਰ ਤੱਕ ਹੋਰ ਗੱਲਾਂ ਕਰ ਸਕਦਾ ਹਾਂ?"

ਅਤੇ ਉਸ ਨੇ ਉੱਤਰ ਦਿੱਤਾ, ਮੈਂ ਬਿਲਕੁਲ ਤਿਆਰ ਹਾਂ।"

ਉਹ ਇਕ ਛੋਟੇ ਜਿਹੇ ਡਰਾਇੰਗ ਰੂਮ ਵਿੱਚ ਚਲੇ ਗਏ ਇਕ ਨੌਕਰ ਨੇ ਹੈਰਾਨ ਹੋ ਕੇ ਉਸ ਵਿੱਚ ਮੋਮਬੱਤੀ ਜਲਾਈ ਜਦੋਂ ਨੌਕਰ ਕਮਰੇ ਤੋਂ ਬਾਹਰ ਚਲਾ ਗਿਆ ਤਾਂ ਉਹ ਬੋਲਿਆ, "ਮੈਨੂੰ ਸੱਚਾਈ ਕਿਵੇਂ ਪਤਾ ਲੱਗ ਸਕਦੀ ਹੈ"? ਮੈਂ ਤੁਹਾਨੂੰ ਹਜ਼ਾਰਾਂ ਵਾਰ ਬੋਲਣ ਲਈ ਕਿਹਾ ਪਰ ਤੂੰ ਹਮੇਸ਼ਾ ਮਸਤ ਕਠੋਰ ਅਤੇ ਚੁੱਪ ਸਾਧ ਰੱਖੀ ਅਤੇ ਹੁਣ ਕਹਿੰਦੀ ਏ ਕਿ ਮੈਂ ਝੂਠ ਬੋਲਦੀ ਰਹੀ।

ਛੇ ਸਾਲ ਤੋਂ ਮੈਂ ਤੇਰੀ ਇਸ ਗੱਲ 'ਤੇ ਵਿਸ਼ਵਾਸ ਕਰਦਾ ਰਿਹਾ। ਨਹੀਂ ਤੂੰ ਹੁਣ ਝੂਠ ਬੋਲ ਰਹੀ ਏਂ, ਪਰ ਕਿਉਂ, ਇਹ ਮੈਂ ਨਹੀਂ ਜਾਣਦਾ ਕਿਉਂ, ਸ਼ਾਇਦ ਮੇਰੇ 'ਤੇ ਤਰਸ ਖਾ ਕੇ?

ਉਸ ਨੇ ਗੰਭੀਰ ਹੋ ਕੇ ਨਿਸ਼ਚੇ ਨਾਲ ਕਿਹਾ, "ਜੇ ਮੈਂ ਅਜਿਹਾ ਨਾ ਕੀਤਾ ਹੁੰਦਾ ਤਾਂ ਇਨ੍ਹਾਂ ਛੇ ਸਾਲਾਂ ਵਿੱਚ ਮੇਰੇ ਹੋਰ ਚਾਰ ਬੱਚੇ ਹੋਏ ਹੁੰਦੇ ਅਤੇ ਉਸ ਨੇ ਅਫ਼ਸੋਸ ਨਾਲ ਕਿਹਾ ਕੀਇਕ ਮਾਂ ਇਸ ਤਰ੍ਹਾਂਉੱਤਰ ਦੇ ਸਕਦੀ ਹੈ? "ਉਫ" ਉਸ ਨੇ ਉੱਤਰ ਦਿੱਤਾ, " ਮੈਂ ਉਨ੍ਹਾਂ ਬੱਚਿਆਂ ਲਈ ਜੋਮੈਂਹਾਲਾਂਪੈਦਾ ਨਹੀਂ ਕੀਤੇਆਪਣੇ ਆਪ ਨੂੰ ਉਨ੍ਹਾਂ ਦੀ ਮਾਂ ਮੰਨਣ ਲਈ ਤਿਆਰ ਨਹੀਂ ਹਾਂ, ਮੇਰੇ ਲਈ ਇੰਨਾ ਕਾਫ਼ੀ ਹੈ ਕਿ ਜੋ ਮੇਰੇ ਜੋ ਮੇਰੇ ਬੱਚੇ ਹਨ ਉਨ੍ਹਾਂ ਨੂੰ ਪਿਆਰ ਕਰਾਂ ਅਤੇ ਆਪਣੇ ਦਿਲੋਂ ਕਰਾਂ। ਮੈਂ ਅਤੇ ਅਸੀਂ, ਹਜ਼ੂਰ ਔਰਤਾਂ ਜੋ ਸਭਯ ਸੰਸਾਰ ਨਾਲ ਸਬੰਧ ਰੱਖਦੀਆਂ ਹਨ, ਜੀ ਅਤੇ ਹੁਣ ਅਸੀਂ ਲੋਕ ਉਨ੍ਹਾਂ ਵਿੱਚੋਂ ਨਹੀਂ ਰਹੇ, ਅਤੇ ਉਨ੍ਹਾਂ ਵਿੱਚੋਂ ਹੋਣ ਤੋਂ ਇਨਕਾਰ ਵੀਕਰਦੀ ਹਾਂ, ਜੋ ਔਰਤਾਂ ਧਰਤੀ 'ਤੇ ਭਾਰ ਵਧਾਉਂਦੀਆਂ ਹਨ।"

ਉਹ ਉੱਠ ਖੜੀ ਹੋਈ ਪਰ ਉਸ ਨੇ ਉਸ ਦੇ ਹੱਥ ਫੜ ਲਏ, "ਗੈਬਰੀਲੇ ਇਕ ਗੱਲ ਕੇਵਲ ਇਕ ਗੱਲ। ਮੈਨੂੰ ਸੱਚ ਸੱਚ ਦੱਸੋ। "ਮੈਂ ਤੁਹਾਨੂੰ ਦਸ ਦਿੱਤਾ ਹੈ ਕਿ ਮੈਂ ਤੁਹਾਡੇ ਨਾਲ ਵਿਸ਼ਵਾਸਘਾਤ ਨਹੀਂ ਕੀਤਾ।

ਉਸ ਨੇ ਉਸ ਦੇ ਚਿਹਰੇ ਵੱਲ, ਅਤੇ ਉਹ ਆਪਣੀਆਂ ਭੂਰੀਆਂ ਅੱਖਾਂ, ਜੋ ਠੰਢੇ ਅਕਾਸ਼ ਵਾਂਗ ਸਨ ਨਾਲ ਕਿੰਨੀ ਸੋਹਣੀ ਲੱਗ ਰਹੀ ਸੀ। ਉਸ ਦੇ ਵਾਲਾਂ ਦੀ ਗਹਿਰੀ ਡਰੈੱਸਵਿੱਚ ਉਹ ਕੇਸਾਂ ਰੂਪੀ ਕਾਲੀ ਰਾਤ ਤੇ ਇਕ ਹੀਰੇ ਦਾ ਟੁੱਕੜਾ ਸਿਤਾਰੇ ਵਾਂਗ ਚਮਕ ਰਿਹਾ ਸੀ। ਫਿਰ ਉਸ ਨੂੰ ਅਚਾਨਕ ਲੱਗਿਆ ਆਪਣੇ ਅੰਦਰੋਂ ਖ਼ਿਆਲ ਆਇਆ ਕਿ ਇਹ ਮਹਾਨ ਆਤਮਾ ਕੇਵਲ ਆਪਣੀ ਨਸਲ ਵਧਾਉਣ

ਲਈ ਨਹੀਂ ਸੀ, ਸਗੋਂ ਸਾਰੀਆਂ ਸਮਿਲਤ ਇੱਛਾਵਾਂ ਦਾ ਵਚਿੱਤਰ ਅਤੇ ਰਹੱਸਮਈ ਰੂਪ ਜੋ ਸਾਡੇ ਵਿੱਚ ਸਦੀਆਂ ਤੋਂ ਆਪਣਾ ਘਰ ਬਣਾਈ ਬੈਠਾ ਹੈ ਪਰ ਉਹ ਪ੍ਰਾਰੰਭਿਕ ਅਤੇ ਦੈਵੀ ਮੰਤਵ ਤੋਂ ਦੂਰ ਲੈ ਜਾਂਦਾ ਹੈ ਅਤੇ ਜੋ ਇਕ ਰਹੱਸਮਈ, ਅਲੱਖਸ਼ ਅਤੇ ਅਲੌਕਿਕ ਸੁੰਦਰਤਾ ਨਾਲ ਉਲਝਾ ਦਿੱਤਾ ਗਿਆ ਸੀ। ਕੁਝ ਔਰਤਾਂ ਅਜਿਹੀਆਂ ਵੀ ਹੁੰਦੀਆਂ ਹਨ, ਜੋ ਕੇਵਲ ਸਾਡੇ ਸੁਪਨਿਆਂ ਦਾ ਉਦਭਵ ਹੁੰਦੀਆਂ ਹਨ ਸੱਭਿਅਤਾ ਦੇ ਹਰੇਕ ਕਵਿਤਾਮਈ ਕਾਰਜਾਂ ਨਾਲ ਪੂਜੀਆਂ ਜਾਂਦੀਆਂ ਹਨ, ਅਤੇ ਆਦਰਸ਼ ਵਿਲਾਸ, ਚਾਪਲੂਸੀ, ਅਤੇ ਆਕਰਸ਼ਣਾਂ ਨੂੰ ਉਸ ਜਿਊਂਦੀ ਜਾਗਦੀ ਮੂਰਤੀ ਨੂੰ ਜਿਹੜੀ ਸਾਡੇ ਜੀਵਨ ਨੂੰ ਪ੍ਰਕਾਸ਼ਮਾਨ ਕਰਦੀ ਹੈ, ਚਾਰੇ ਪਾਸਿਓਂ ਘੇਰ ਕੇ ਰੱਖਣਾ ਚਾਹੀਦਾ ਹੈ।

ਉਸ ਦਾ ਪਤੀ ਉਸ ਦੇ ਸਾਹਮਣੇ ਦੇਰ ਤੋਂ ਜਾਗ੍ਰਿਤ ਹੋਈ, ਛਿਪੀ ਹੋਈ ਖੋਜ ਤੇ ਆਪਣੀ ਪੂਰਨ ਈਰਖਾ ਨੂੰ ਧਿਰਕਾਰਦਾ ਹੋਇਆ ਅਤੇ ਇਹ ਸਭ ਕੁਝ ਬਹੁਤ ਹੀ ਘੱਟ ਸਮਝਦਾ ਹੋਇਆ ਹੈਰਾਨ ਖੜ੍ਹਾ ਰਿਹਾ। ਅੰਤ ਵਿੱਚ ਉਹ ਬੋਲਿਆ, " ਮੈਨੂੰ ਤੇਰੇ 'ਤੇ ਵਿਸ਼ਵਾਸ ਹੈ ਕਿਉਂਕਿ ਮੈਨੂੰ ਇਸ ਪਲ਼ ਅਜਿਹਾ ਲੱਗ ਰਿਹਾ ਹੈ ਕਿ ਤੂੰ ਝੂਠ ਨਹੀਂ ਬੋਲ ਰਹੀ ਅਤੇ ਪਹਿਲਾਂ ਮੈਂ ਸੱਚਮੁੱਚ ਸੋਚਿਆ ਸੀ ਕਿ ਤੂੰ ਝੂਠ ਬੋਲ ਰਹੀ ਸੀ।

ਪਤਨੀ ਨੇ ਆਪਣਾ ਹੱਥ ਅੱਗੇ ਵਧਾ ਕੇ ਕਿਹਾ, "ਤਾਂ ਅਸੀਂ ਫਿਰ ਮਿੱਤਰ ਹਾਂ?"

ਉਸ ਨੇ ਉਸ ਦਾ ਹੱਥ ਆਪਣੇ ਹੱਥ ਵਿੱਚ ਲਿਆ ਅਤੇ ਚੁੰਮਿਆ ਤੇ ਉੱਤਰ ਦਿੱਤਾ "ਅਸੀਂ ਮਿੱਤਰ ਹਾਂ। ਤੇਰਾ ਧੰਨਵਾਦ, ਗੈਬਰੀਲੇ।"

ਫਿਰ ਉਹ ਉਸ ਵੱਲ ਹਾਲੇ ਤੱਕ ਦੇ ਖਦਿਆਂ ਹੋਇਆ ਅਤੇ ਹੈਰਾਨੀ ਵਿੱਚ ਪਿਆ ਕਿ ਉਹ ਹਾਲੇ ਤੱਕ ਇੰਨੀ ਸੁੰਦਰ ਸੀ, ਚਲਾ ਗਿਆ। ਅਤੇ ਇਕ ਵਚਿੱਤਰ ਭਾਵਨਾ ਉਸ ਦੇ ਅੰਦਰ ਉੱਠੀ ਜੋ ਸ਼ਾਇਦ, ਪਹਿਲੇ ਅਤੇ ਸਾਧਾਰਨ ਪ੍ਰੇਮ ਤੋਂ ਵੱਧ ਸੀ।

# ਹੋਰਲਾ

8 ਮਾਰਚ ਕਿੰਨਾ ਸੋਹਣਾ ਦਿਨ। ਮੈਂ ਆਪਣੇ ਘਰ ਸਾਹਮਣੇ ਲੱਗੇ ਕੇਲੇ ਦੇ ਦਰੱਖਤ ਹੇਠਾਂ ਘਾਹ ਤੋਂ ਲੇਟਿਆਂ ਹੀ ਸਾਰੀ ਸਵੇਰ ਗੁਜ਼ਾਰ ਦਿੱਤੀ। ਇਹ ਵੱਡਾ ਦਰੱਖਤ ਇਸ ਘਰ ਨੂੰ ਕੱਜ ਲੈਂਦਾ ਹੈ, ਛਾਂ ਦਿੰਦਾ ਹੈ ਅਤੇ ਇਸ ਨੂੰ ਪਨਾਹ ਦਿੰਦਾ ਹੈ। ਮੈਨੂੰ ਇਹ ਦਿਹਾਤੀ ਇਲਾਕਾ ਪਸੰਦ ਹੈ ; ਮੈਨੂੰ ਇੱਥੇ ਰਹਿਣ ਦਾ ਚਾਅ ਹੈ ਕਿਉਂਕਿ ਮੇਰਾ ਇਸ ਥਾਂ ਨਾਲ ਬਹੁਤ ਡੂੰਘਾ ਸਬੰਧ ਹੈ। ਇਸ ਸਬੰਧ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਸੂਖ਼ਮ ਹਨ, ਜੋ ਕਿਸੇ ਵਿਅਕਤੀ ਦਾ ਉਸ ਧਰਤ ਨਾਲ ਸੰਪਰਕ ਜੋੜਦੀਆਂ ਹਨ, ਜਿਸ ਉੱਤੇ ਉਸ ਦੇ ਵੱਡੇ-ਵਡੇਰੇ ਪੈਦਾ ਹੋਏ ਅਤੇ ਸੁਰਗ ਸਿਧਾਰ ਉਸ ਨੂੰ ਉਨ੍ਹਾਂ ਦੀਆਂ ਰਵਾਇਤਾਂ, ਰਸਮਾਂ, ਖਾਦ-ਖ਼ੁਰਾਕ ਅਤੇ ਸਥਾਨਕ ਕਹਾਵਤਾਂ, ਕਿਸਾਨਾਂ ਦੀ ਠੇਠ ਬੋਲੀ, ਉੱਥੋਂ ਦੀ ਮਿੱਟੀ ਨਾਲ, ਝੁੱਗੀਆਂ ਅਤੇ ਇਸ ਦੇ ਵਾਤਾਵਰਨ ਨਾਲ ਭਾਰੀ ਸਨੇਹ ਹੁੰਦਾ ਹੈ।

ਮੈਨੂੰ ਉਸ ਘਰ ਨਾਲ ਪਿਆਰ ਹੈ ਜਿੱਥੇ ਮੈਂ ਵਧਿਆ ਫੁੱਲਿਆ। ਮੈਂ ਆਪਣੇ ਘਰ ਦੀਆਂ ਖਿੜਕੀਆਂ ਵਿੱਚੋਂ ਸੀਵ ਨਦੀ ਨੂੰ ਵੇਖ ਸਕਦਾ ਹਾਂ, ਜੋ ਸੜਕ ਦੇ ਦੂਜੇ ਬੰਨ੍ਹੇ ਮੇਰੇ ਬਾਗ਼ ਦੇ ਨਾਲ ਨਾਲ ਲਗਭਗ ਮੇਰੇ ਖੇਤਾਂ ਵਿੱਚੋਂ ਦੀ ਵਹਿੰਦੀ ਹੈ, ਵਿਸ਼ਾਲ ਤੇ ਚੁੜੇਰੀ ਸੀਵ ਨਦੀ, ਜਿਹੜੀ ਰੋਇਨ ਅਤੇ ਹਾਵਰੇ ਨੂੰ ਜਾਂਦੀ ਹੈ ਅਤੇ ਜਿਸ ਵਿੱਚ ਕਿਸ਼ਤੀਆਂ ਇੱਧਰ ਉੱਧਰ ਲੰਘਦੀਆਂ ਰਹਿੰਦੀਆਂ ਹਨ।

ਖੱਬੇ ਵੱਲ ਯੌਂਡਰ ਤੋਂ ਹੇਠਾਂ ਰੋਇਨ ਸਥਿਤ ਹੈ। ਤਿੱਖੀਆਂ ਗੋਥਿਕ ਗੁੰਬਦਾਂ ਹੇਠਾਂ ਨੀਲੀਆਂ ਛੱਤਾਂ ਵਾਲਾ ਰੋਇਨ ਸ਼ਹਿਰ ਇਹ ਛੱਤਾਂ ਅਣਗਿਣਤ, ਸੂਖ਼ਮ ਅਤੇ ਚੁੜੇਰੀਆਂ ਹਨ ਜੋ ਗਿਰਜੇ ਦੇ ਕਲਸ਼ ਸਾਹਮਣੇ ਨਿਰਮੂਲ ਹਨ। ਇਸ ਗਿਰਜੇ ਵਿੱਚ

ਬਹੁਤ ਸਾਰੀਆਂ ਘੰਟੀਆਂ ਹਨ, ਜਿਹੜੀਆਂ ਸੁਹਾਵਣੀ ਸਵੇਰ ਨੂੰ ਨੀਲੇ ਅਕਾਸ਼ ਵਿੱਚ ਗੂੰਜਦੀਆਂ ਹਨ ਅਤੇ ਉਨ੍ਹਾਂ ਦੀ ਮਿੱਠੀ ਤੇ ਦੁਰੇਡੀ ਟੁਣਕਾਰ ਮੈਨੂੰ ਸੁਣਾਈ ਦਿੰਦੀ ਹੈ, ਉਨ੍ਹਾਂ ਦੀ ਇਹ ਆਵਾਜ਼ ਹਵਾ ਦੇ ਝੋਕਿਆਂ ਵਾਂਗ ਕਦੀ ਤੇਜ਼ ਅਤੇ ਕਦੀ ਮੱਠੀ ਹੋ ਜਾਂਦੀ ਹੈ।

ਇਹ ਸਵੇਰ ਕਿੰਨੀ ਪਿਆਰੀ ਸੀ। ਕੋਈ 11 ਕੁ ਵਜੇ ਭਾਫ਼ ਨਾਲ ਚੱਲਣ ਵਾਲੀਆਂ ਕਿਸ਼ਤੀਆਂ ਦੀ ਇਕ ਵੱਡੀ ਲਾਈਨ ਮੇਰੇ ਦਰਵਾਜ਼ੇ ਅੱਗੋਂ ਲੰਘੀ ਜੋ ਬੱਘੀ ਜਿੰਨੀ ਵੱਡੀ ਸੀ, ਅਤੇ ਮੋਟਾ ਧੂੰਆਂ ਕੱਢਣ ਸਮੇਂ ਜਿਸ ਦੀ ਭਾਫ਼ ਨਜ਼ਰ ਨਹੀਂ ਸੀ ਆਉਂਦੀ।

ਦੋ ਅੰਗਰੇਜ਼ੀ ਜਹਾਜ਼ਾਂ ਪਿੱਛੋਂ ਜਿਨ੍ਹਾਂ ਦੇ ਲਾਲ ਝੰਡੇ ਆਕਾਸ਼ ਵੱਲ ਲਹਿਰਾ ਰਹੇ ਸਨ, ਬਾਜ਼ੀਲ ਦਾ ਇਕ ਵੱਡਾ ਜਹਾਜ਼ ਆਇਆ; ਇਹ ਇਕਦਮ ਸਫ਼ੈਦ ਅਤੇ ਬਹੁਤ ਹੀ ਸਾਫ਼ ਤੇ ਚਮਕੀਲਾ ਸੀ। ਮੈਂ ਇਸ ਨੂੰ ਸਲਾਮ ਕੀਤਾ ਮੈਨੂੰ ਨਹੀਂ ਪਤਾ ਕਿਉਂ ਸਿਰਫ਼ ਇਸ ਕਰਕੇ ਕਿ ਜਹਾਜ਼ ਮੈਨੂੰ ਬਹੁਤ ਹੀ ਪਿਆਰਾ ਲੱਗਾ।

12 ਮਈ, ਮੈਨੂੰ ਪਿਛਲੇ ਕੁਝ ਦਿਨਾਂ ਤੋਂ ਮਾਮੂਲੀ ਬੁਖ਼ਾਰ ਸੀ ਅਤੇ ਮੈਂ ਬਿਮਾਰ ਜਿਹਾ ਜਾਂ ਕੁਝ ਢਿੱਲਾ ਮਹਿਸੂਸ ਕਰਦਾ ਸੀ।

ਜਦੋਂ ਉਹ ਰਹੱਸਪੂਰਨ ਪ੍ਰਭਾਵ ਪੈਂਦੇ ਹਨ। ਜਿਹੜੇ ਸਾਡੀਆਂ ਖ਼ੁਸ਼ੀਆਂ ਨੂੰ ਨਿਰਾਸ਼ਾ ਵਿੱਚ ਸ੍ਵੈ-ਭਰੋਸੇ ਨੂੰ ਬੇਹਿੰਮਤੀ ਵਿੱਚ ਬਦਲ ਦਿੰਦੇ ਹਨ? ਤਾਂ ਕੋਈ ਇਹ ਵੀ ਕਹਿ ਦਿੰਦਾ ਹੈ ਕਿ ਹਵਾ ਅਦਿੱਖ ਹੈ ਅਣਜਾਣ ਤਾਕਤਾਂ ਨਾਲ ਭਰਪੂਰ ਹੈ ਜਿਸ ਦੀ ਰਹੱਸਭਰੀ ਉਪਸਥਿਤੀ ਸਾਨੂੰ ਮਹਿਸੂਸ ਹੁੰਦੀ ਹੈ। ਮੈਂ ਆਪਣੇ ਪੂਰੇ ਜੋਸ਼ ਵਿੱਚ ਜਾਗਿਆ ਅਤੇ ਮੇਰਾ ਦਿਲ ਕੁਝ-ਕੁਝ ਗੁਣਗੁਣਾਉਣ ਨੂੰ ਕਰਦਾ ਸੀ, ਪਤਾ ਨਹੀਂ, ਕਿਉਂ?

ਮੈਂ ਨਦੀ ਦੇ ਕੰਢੇ ਚਲਾ ਗਿਆ ਅਤੇ ਕੁਝ ਦੂਰ ਚਲਣ ਪਿੱਛੋਂ ਮੈਂ ਉਦਾਸ ਜਿਹਾ ਘਰ ਪਰਤ ਆਇਆ ਜਿਵੇਂ ਕੋਈ ਕੁਸ਼ਗਨ ਉੱਥੇ ਮੇਰੀ ਉਡੀਕ ਕਰ ਰਿਹਾ ਹੋਵੇ। ਅਜਿਹਾ ਕਿਉਂ ਕੀ ਇਹ ਠੰਢ ਦੀ ਝੁਣਝੁਣੀ ਸੀ ਜੋ ਮੇਰੇ ਸਰੀਰ ਨਾਲ ਟਕਰਾਈ ਸੀ ਅਤੇਨਸਾਂ ਨੂੰ ਝੰਜੋੜ ਸੁੱਟਿਆ ਸੀ ਅਤੇ ਮੈਨੂੰ ਨਿੱਧਲ ਕਰ ਦਿੱਤਾ ਸੀ। ਕੀ ਬੱਦਲਾਂ ਦਾ ਰੂਪ ਹੈ ਜਾਂ ਅਕਾਸ਼ ਦੀ ਝਲਕ ਜਾਂ ਆਲ਼ੇ ਦੁਆਲੇ ਦੀਆਂ ਵਸਤਾਂ

ਦਾ ਰੰਗ, ਜੋ ਇਸ ਤਰ੍ਹਾਂ ਬਦਲਦੇ ਰਹਿੰਦੇ ਹਨ ਜਿਨ੍ਹਾਂ ਨੇ ਮੇਰੀਆਂ ਨਜ਼ਰਾਂ ਅੱਗੋਂ ਗੁਜ਼ਰਨ ਸਮੇਂ ਮੇਰੇ ਵਿਚਾਰਾਂ ਵਿੱਚ ਵਿਘਨ ਪਾ ਦਿੱਤਾ ਹੈ? ਕੌਣ ਦਸ ਸਕਦਾ ਹੈ? ਹਰ ਵਸਤੂ ਸਾਡੇ ਆਲ਼ੇ ਦੁਆਲੇ ਤੋਂ, ਹਰ ਚੀਜ਼ ਜਿਸ ਨੂੰ ਅਸੀਂ ਨਜ਼ਰ ਮਾਰੇ ਬਿਨਾਂ ਹੀ ਦੇਖਦੇ ਹਾਂ, ਹਰ ਚੀਜ਼ ਜਿਸ ਨੂੰ ਅਸੀਂ ਬਿਨਾਂ ਜਾਣੇ ਹੀ ਛੂੰਹਦੇ ਹਾਂ, ਹਰ ਚੀਜ਼ ਜਿਸ ਨੂੰ ਮਹਿਸੂਸ ਕੀਤੇ ਬਿਨਾਂ ਹੀ ਪਕੜਦੇ ਹਾਂ, ਹਰ ਘਟਨਾ ਜਿਸ ਦਾ ਸਪੱਸ਼ਟ ਰੂਪ ਵਿੱਚ ਨਿਖੇੜਣ ਤੋਂ ਬਿਨਾਂ ਹੀ ਸਾਹਮਣਾ ਕਰਦੇ ਹਾਂ, ਦਾ ਸਾਡੇ ’ਤੇ ਅਤੇ ਸਾਡੇ ਅੰਗਾਂ ਤੇ ਬਹੁਤ ਤੇਜ਼, ਹੈਰਾਨ ਅਤੇ ਬਿਆਨ ਨਾ ਕੀਤਾ ਜਾ ਸਕਣ ਵਾਲਾ ਪ੍ਰਭਾਵ ਪੈਂਦਾ ਹੈ ਅਤੇ ਇਨ੍ਹਾਂ ਅੰਗਾਂ ਰਾਹੀਂ ਸਾਡੇ ਵਿਚਾਰਾਂ ਅਤੇ ਸਾਡੇ ਆਪਣੇ ਆਪ ’ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ।

ਇਸ ਅਦਿੱਖ ਦਾ ਰਹੱਸ ਕਿੰਨਾ ਡੂੰਘਾ ਹੈ, ਅਸੀਂ ਇਸ ਨੂੰ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਸਮਝਣ ਤੋਂ ਅਸਮੱਰਥ ਹਾਂ ; ਸਾਡੀਆਂ ਅੱਖਾਂ ਬਹੁਤੀਆਂ ਛੋਟੀਆਂ ਜਾਂ ਵੱਡੀਆਂ ਵਸਤਾਂ ਬਾਰੇ ਸੋਚਣ ਦੇ ਅਯੋਗ ਹੁੰਦੀਆਂ ਹਨ ਜਾਂ ਜੋ ਸਾਡੇ ਬਹੁਤ ਨੇੜੇ ਹੋਣ ਜਾਂ ਬਹੁਤ ਦੂਰ; ਅਸੀਂ ਨਾਂ ਤਾਂ ਦੂਰ ਦੁਰਾਡੇ ਕਿਸੇ ਸਿਤਾਰੇ ਦੇ ਵਸਨੀਕਾਂ ਨੂੰ ਵੇਖ ਸਕਦੇ ਹਾਂ ਅਤੇ' ਨਾ ਹੀ ਪਾਣੀ ਦੇ ਇਕ ਕਤਰੇ ਨੂੰ;

ਸਾਡੇ ਕੰਨ ਸਾਨੂੰ ਧੋਖਾ ਦਿੰਦੇ ਹਨ। ਕਿਉਂਕਿ ਉਹ ਸਾਡੇ ਤੱਕ ਗੂੰਜਵੀਂ ਅਵਾਜ਼ ਵਿੱਚ ਹਵਾ ਦੀਆਂ ਲਹਿਰਾਂ ਪਹੁੰਚਾਉਂਦੇ ਹਨ। ਸਾਡੀਆਂ ਗਿਆਨ ਇੰਦਰੀਆਂ ਪਰੀਆਂ ਹਨ ਜੋ ਉਸ ਹਿਲ ਜੁਲ ਨੂੰ ਸ਼ੋਰ ਵਿੱਚ ਬਦਲਣ ਦੀ ਕਰਾਮਾਤ ਦਾ ਕੰਮ ਕਰਦੀਆਂ ਹਨ ਅਤੇ ਇਸ ਤਰ੍ਹਾਂ ਸੰਗੀਤ ਪੈਦਾ ਹੁੰਦਾ ਹੈ ਜੋ ਇਸ ਕੁਦਰਤੀ ਸ਼ੋਰ ਸ਼ਰਾਬੇ ਨੂੰ ਸੰਗੀਤਮਈ ਬਣਾ ਦਿੰਦਾ ਹੈ। ਇਹੀ ਗੱਲ ਸਾਡੇ ਸੁੰਘਣ ਦੀ ਗਿਆਨ ਇੰਦਰੀ ਦੀ ਹੈ ਜੋ ਕੁੱਤੇ ਦੀ ਸੁੰਘਣ ਸ਼ਕਤੀ ਨਾਲੋਂ ਕਿਤੇ ਘੱਟ ਹੈ ਅਤੇ ਸਾਡੇ ਸੁਆਦ ਦਾ ਵੀ ਇਹੋ ਹਾਲ ਹੈ ਕਿ ਅਸੀਂ ਇਸ ਗੱਲ ਦਾ ਅੰਦਾਜ਼ਾ ਨਹੀਂ ਲਾ ਸਕਦੇ ਕਿ ਕੋਈ ਸ਼ਰਾਬ ਕਿੰਨੀ ਪੁਰਾਣੀ ਹੈ।

ਉਹ ਜੇ ਸਾਡੇ ਕੁਝ ਹੋਰ ਵੀ ਗਿਆਨ ਇੰਦਰੀਆਂ ਹੋਣ ਜਿਹੜੀਆਂ ਸਾਡੇ ਲਈ ਕਰਾਮਾਤ ਕਰ ਸਕਣ ਤਾਂ ਅਸੀਂ ਆਪਣੇ ਆਲ਼ੇ ਦੁਆਲੇ ਕਿੰਨੀਆਂ ਹੀ ਨਵੀਆਂ ਚੀਜ਼ਾਂ ਦੀ ਖੋਜ ਕਰ ਲੈਂਦੇ।

ਮਈ 16, ਯਕੀਨਨ ਮੈਂ ਬਿਮਾਰ ਹਾਂ। ਮੈਂ ਪਿਛਲੇ ਮਹੀਨੇ ਵੀ ਬਿਮਾਰ ਸੀ। ਮੈਨੂੰ ਬੁਖ਼ਾਰ ਹੈ, ਬਹੁਤ ਤੇਜ਼ ਬੁਖ਼ਾਰ, ਜਾਂ ਇਉਂ ਕਹਿ ਲਵੋ ਕਿ ਮੈਂ ਬੁਖ਼ਾਰ ਵਿੱਚ ਭਖ ਰਿਹਾ ਹਾਂ, ਜੋ ਮੈਨੂੰ ਮਾਨਸਿਕ ਤਕਲੀਫ਼ ਵੀ ਉਤਨੀ ਹੀ ਦੇ ਰਿਹਾ ਹੈ ਜਿੰਨੀ ਕਿ ਸਰੀਰਕ। ਮੈਨੂੰ ਲਗਾਤਾਰ ਇਕ ਡਰ ਦਾ ਖ਼ਤਰਾ ਇਕ ਆਉਣ ਵਾਲੇ ਮਾੜੇ ਸਮੇਂ ਦਾ ਡਰ ਜਾਂ ਮੌਤ ਦੇ ਨੇੜੇ ਆਉਣ ਦਾ ਡਰ ਇਕ ਅਜਿਹੀ ਬਿਮਾਰੀ ਜਿਸ ਦਾ ਕੋਈ ਨਾਂ ਨਹੀਂ ਹੈ, ਜਿਹੜੀ ਆਸ ਅਤੇ ਖ਼ੂਨ ਵਿੱਚੋਂ ਪੈਂਦਾ ਹੁੰਦੀ ਹੈ।

ਮਈ 18 ਮੈਂ ਹੁਣੇ ਹੁਣੇ ਹੀ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਕਰਕੇ ਆਇਆ ਹਾਂ, ਕਿਉਂਕਿ ਮੈਨੂੰ ਨੀਂਦਰ ਨਹੀਂ ਆਉਂਦੀ। ਉਸ ਨੇ ਦੱਸਿਆ ਕਿ ਮੇਰੀ ਨਬਜ਼ ਬੜੀ ਤੇਜ਼ ਚੱਲ ਰਹੀ ਸੀ, ਅੱਖਾਂ ਚੜ੍ਹੀਆਂ ਹੋਈਆਂ ਸਨ, ਮੇਰੀਆਂ ਨਸਾਂ ਆਕੜੀਆਂ ਹੋਈਆਂ ਸਨ, ਪਰ ਖ਼ਤਰੇ ਵਾਲੀ ਕੋਈ ਗੱਲ ਨਹੀਂ ਸੀ, ਮੈਨੂੰ ਫ਼ੁਹਾਰੇ ਹੇਠ ਇਸ਼ਨਾਨ ਕਰਨਾ ਚਾਹੀਦਾ ਹੈ ਅਤੇ ਬ੍ਰੋਮਾਈਡ-ਬੋਟਾਸ਼ੀਅਮ ਖਾਣੀ ਚਾਹੀਦੀ ਹੈ। ਮਈ 25 ਕੋਈ ਫ਼ਰਕ ਨਹੀਂ ਮੇਰੀ ਹਾਲਤ ਅਸਲੋਂ ਹੀ ਅਜੀਬ ਜਿਹੀ ਸੀ। ਜਿਵੇਂ ਸ਼ਾਮ ਢਲਣ ਲੱਗਦੀ ਸੀ ਮੇਰੇ 'ਤੇ ਸੁੰਨੇਪਨ ਦਾ ਡਰ ਹਾਵੀ ਹੁੰਦਾ ਜਾਂਦਾ ਸੀ। ਇਉਂ ਲਗਦਾ ਸੀ ਜਿਵੇਂ ਰਾਤ ਆਪਣੇ ਹਨੇਰੇ ਵਿੱਚ ਮੇਰੇ ਲਈ ਇਕ ਭਿਆਨਕ ਖ਼ਤਰਾ ਲੈ ਕੇ ਆਉਂਦੀ ਸੀ। ਮੈਂ ਛੇਤੀ ਛੇਤੀ ਖਾਣਾ ਖਾਂਦਾ ਅਤੇ ਫੇਰ ਪੜ੍ਹਨ ਦੀ ਕੋਸ਼ਿਸ਼ ਕਰਦਾ ਪਰ ਮੈਨੂੰ ਸ਼ਬਦਾਂ ਦੀ ਸਮਝ ਨਹੀਂ ਸੀ ਆਉਂਦੀ ਅਤੇ ਮੁਸ਼ਕਲ ਨਾਲ ਹੀ ਅੱਖਰਾਂ ਨੂੰ ਨਿਖੇੜ ਸਕਦਾ ਸੀ। ਫਿਰ ਮੈਂ ਆਪਣੀ ਬੈਠਕ ਵਿੱਚ ਇੱਧਰ ਉੱਧਰ ਘੁੰਮਣ ਲੱਗ ਜਾਂਦਾ ਹਾਂ ਅਤੇ ਮੇਰੇ ਮਨ ਵਿੱਚ ਘਬਰਾਹਟ ਅਤੇ ਡਰ ਦੀ ਭਾਵਨਾ ਨਿਰੰਤਰ ਬਣੀ ਰਹਿੰਦੀ ਹੈ ਮੈਨੂੰ ਨੀਂਦ ਅਤੇ ਆਪਣੇ ਬਿਸਤਰੇ ਦਾ ਡਰ ਵੱਢ ਵੱਢ ਖਾਂਦਾ ਹੈ।

ਦਸ ਵਜੇ ਦੇ ਲਾਗੇ ਮੈਂ ਆਪਣੇ ਕਮਰੇ ਵਿੱਚ ਗਿਆ ਅਤੇ ਜਾਂਦਿਆਂ ਹੀ ਮੈਂ ਅੰਦਰੋਂ ਕੁੰਡਾ ਮਾਰ ਲਿਆ ਅਤੇ ਬੂਹੇ ਨੂੰ ਚਿਟਕਣੀ ਲਾ ਦਿੱਤੀ। ਮੈਨੂੰ ਡਰ ਲੱਗਾ, ਪਤਾ ਨਹੀਂ ਕਾਹਦਾ ਹੁਣ ਤੱਕ ਮੈਂ ਕਿਸੇ ਚੀਜ਼ ਤੋਂ ਵੀ ਨਹੀਂ ਸੀ ਡਰਿਆ। ਮੈਂ ਆਪਣੀ ਕੱਪ ਬੋਰਡ ਖੋਲ੍ਹਦਾ ਹਾਂਅਤੇ ਆਪਣੇ ਮੰਜੇ ਹੇਠਾਂ ਵੇਖਦਾ ਹਾਂ ਮੈਂ ਕੁਝ ਸੁਣਦਾ ਹਾਂ ਮੈਂ ਸੁਣਦਾ ਹਾਂ ਕੀ? ਕਿੰਨੀ ਅਜੀਬ ਗੱਲ ਹੈ ਕਿ ਬੇਅਰਾਮੀ, ਖ਼ੂਨ ਚੱਕਰ ਦੇ ਘੱਟਣ ਜਾਂ ਵੱਧਣ, ਜੋ ਸ਼ਾਇਦ ਨਰਵਸ ਕੇਂਦਰ ਕਾਰਨ ਹੁੰਦਾ ਹੈ ਇਕ ਮਾਮੂਲੀ ਜਿਹੀ ਘੁਟਨ,

ਸਾਡੇ ਸਰੀਰ ਦੀ ਮਸ਼ੀਨਰੀ ਦੇ ਅਪੂਰਨ ਅਤੇ ਸੂਖ਼ਮ ਲਾਰਜ ਵਿੱਚ ਮਾਮੂਲੀ ਜਿਹੀ ਗੜਬੜ ਖ਼ੁਸ਼ਮਿਜ਼ਾਜ ਵਿਅਕਤੀਆਂ ਨੂੰ ਉਦਾਸ ਕਰ ਦਿੰਦੀ ਹੈ ਅਤੇ ਬਹਾਦਰਾਂ ਨੂੰ ਕਾਇਰ ਬਣਾ ਦਿੰਦੀ ਹੈ। ਫੇਰ ਮੈਂ ਬਿਸਤਰ ਵਿੱਚ ਲੇਟ ਜਾਂਦਾ ਹਾਂ ਅਤੇ ਨੀਂਦ ਵੀ ਇਸ ਤਰ੍ਹਾਂ ਉਡੀਕ ਕਰਦਾ ਹਾਂ ਜਿਵੇਂ ਕੋਈ ਵਿਅਕਤੀ ਜਲਾਦ ਦੀ ਉਡੀਕ ਕਰਦਾ ਹੈ ਮੈਂ ਇਸ ਡਰ ਨਾਲ ਉਡੀਕ ਕਰਦਾ ਹਾਂ ਅਤੇ ਮੇਰਾ ਦਿਲ ਧੜਕਦਾ ਹੈ ਅਤੇ ਮੇਰੀਆਂ ਲੱਤਾਂ ਕੰਬਦੀਆਂ ਹਨ, ਜਦੋਂ ਕਿ ਮੇਰਾ ਸਾਰਾ ਸਰੀਰ ਗਰਮ ਬਿਸਤਰ ਵਿੱਚ ਕੰਬਣ ਲਗ ਜਾਂਦਾ ਹੈ ਜਦੋਂ ਤੱਕ ਕਿ ਮੈਨੂੰ ਅਚਾਨਕ ਹੀ ਨੀਂਦ ਨਹੀਂ ਆ ਜਾਂਦੀ ਜਿਵੇਂ ਕਿ ਕੋਈ ਵਿਅਕਤੀ ਡੁੱਬਣ ਲਈ ਖੜੋਤੇ ਪਾਣੀ ਦੇ ਛੱਪੜ ਵਿੱਚ ਛਾਲ ਮਾਰ ਦਿੰਦਾ ਹੈ। ਮੈਨੂੰ ਇਸ ਨੀਂਦਰ ਦਾ ਪਹਿਲਾਂ ਵਾਂਗ ਅਨੰਦ ਨਹੀਂ ਆਉਂਦਾ ਪਰ ਮੈਨੂੰ ਅਜਿਹੀ ਨੀਂਦ ਆਉਂਦੀ ਹੈ ਜਿਹੜੀ ਮੈਨੂੰ ਘੁੱਟ ਲੈਂਦੀ ਹੈ ਮੈਨੂੰ ਤਾੜਦੀ ਹੈ ਮੇਰਾ ਸਿਰ ਜਕੜ ਲੈਂਦੀ ਹੈ ਮੇਰੀਆਂ ਅੱਖਾਂ ਮੀਟ ਲੈਂਦੀ ਹੈ ਅਤੇ ਤਹਿਸ ਨਹਿਸ ਕਰਦੀ ਹੈ।

ਮੈਂ ਸੌਂ ਜਾਂਦਾ ਹਾਂ। ਲੰਮੇ ਸਮੇਂ ਤੱਕ ਸ਼ਾਇਦ ਦੋ ਜਾਂ ਤਿੰਨ ਘੰਟੇ ਫੇਰ ਇਕ ਸੁਪਨਾ ਨਹੀਂ ਇਕ ਪਰੀ ਮੈਨੂੰ ਆ ਪਕੜਦੀ ਹੈ। ਮੈਨੂੰ ਇੰਜ ਜਾਪਦਾ ਹੈ ਕਿ ਮੈਂ ਆਪਣੇ ਬਿਸਤਰੇ ਵਿੱਚ ਗੂੜ੍ਹੀ ਨੀਂਦਰ ਸੁੱਤਾ ਪਿਆ ਹਾਂ ਮੈਂ ਇਹ ਵੀ ਮਹਿਸੂਸ ਕਰਦਾ ਹਾਂ ਅਤੇ ਮੈਨੂੰ ਇਸ ਬਾਰੇ ਪਤਾ ਹੈ ਅਤੇ ਮੈਨੂੰ ਇਹ ਵੀ ਮਹਿਸੂਸ ਹੁੰਦਾ ਹੈ ਕਿ ਕੋਈ ਮੇਰੇ ਨੇੜੇ ਆ ਰਿਹਾ ਹੈ, ਮੈਨੂੰ ਦੇਖ ਰਿਹਾ ਹੈ ਮੇਰੇ ਬਿਸਤਰ ਵਿੱਚ ਵੜ ਰਿਹਾ ਹੈ, ਮੇਰੀ ਛਾਤੀ 'ਤੇ ਝੁਕ ਰਿਹਾ ਹੈ ਮੇਰੀ ਗਰਦਨ ਆਪਣੇ ਹੱਥਾਂ ਵਿਚਕਾਰ ਲੈ ਕੇ ਦਬਾ ਰਿਹਾ ਹੈ ਘੁੱਟ ਰਿਹਾ ਹੈ, ਪੂਰੀ ਤਾਕਤ ਨਾਲ ਘੁੱਟ ਰਿਹਾ ਹੈ ਤਾਂ ਕਿ ਮੈਨੂੰ ਖ਼ਤਮ ਕਰ ਸਕੇ।

ਮੈਂ ਜੱਦੋਂ ਜਹਿਦ ਕਰਦਾ ਹਾਂ। ਉਸ ਅਥਾਹ ਸ਼ਕਤੀ ਨਾਲ ਜੋ ਸਾਨੂੰ ਸੁਪਨਿਆਂ ਵਿੱਚ ਨਿੱਸਲ ਕਰ ਦਿੰਦੀ ਹੈ। ਮੈਂ ਚਿਲਾਉਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਮੈਂ ਚਿਲਾ ਨਹੀਂ ਸਕਦਾ, ਮੈਂ ਹਿਲਣਾ ਚਾਹੁੰਦਾ ਹਾਂ ਮੈਂ ਕਰ ਨਹੀਂ ਸਕਦਾ ਮੈਂ ਪੂਰੇ ਤ੍ਰਾਣ ਨਾਲ ਯਤਨ ਕੀਤਾ ਅਤੇ ਪੂਰੇ ਜ਼ੋਰ ਨਾਲ ਇਸ ਅਗਿਆਤ ਸ਼ਕਤੀ ਨੂੰ ਜੋ ਮੈਨੂੰ ਲਤਾੜਣ ਅਤੇ ਮਾਰਨ ਦਾ ਯਤਨ ਕਰ ਰਹੀ ਹੈ, ਥੱਲੇ ਸੁੱਟਣ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਅਸਫ਼ਲ ਹਾਂ।

ਅਤੇ ਫੇਰ ਅਚਾਨਕ ਹੀ ਮੇਰੀ ਨੀਂਦ ਖੁੱਲ੍ਹ ਜਾਂਦੀ ਹੈ ਡੌਰ ਭੌਰ ਹੋਇਆ ਅਤੇ ਪਸੀਨੇ ਵਿੱਚ ਨਹਾਤਾ ਹੋਇਆ; ਮੈਂ ਮੋਮਬੱਤੀ ਜਲਾਉਂਦਾ ਹਾਂ ਅਤੇ ਵੇਖਿਆ ਕਿ ਇਕੱਲਾ ਹਾਂ ਅਤੇ ਉਸ ਪਿੱਛੋਂ ਇਹ ਘਟਨਾ ਹਰ ਰਾਤ ਬੀਤਦੀ ਹੈ ਮੈਂ ਫਿਰ ਸੌਂ ਜਾਂਦਾ ਹਾਂ ਅਤੇ ਸਵੇਰ ਤੱਕ ਗੂੜ੍ਹੀ ਨੀਂਦਰੇ ਸੁੱਤਾ ਰਹਿੰਦਾ ਹਾਂ।

ਜੂਨ 2 ਮੇਰੀ ਹਾਲਤ ਬਹੁਤ ਖ਼ਰਾਬ ਹੋ ਗਈ, ਆਖ਼ਰ ਗੱਲ ਕੀ ਹੈ? ਬ੍ਰੋਮਾਈਡ ਦਾ ਕੋਈ ਅਸਰ ਨਹੀਂ ਅਤੇ ਫੁਹਾਰੇ ਹੇਠ ਨਹਾਉਣ ਦਾ ਵੀ ਕੋਈ ਲਾਭ ਨਹੀਂ ਹੋਇਆ। ਕਈ ਵੇਰਆਪਣੇ ਆਪ ਨੂੰ ਥਕਾਉਣ ਲਈ ਭਾਵੇਂ ਮੈਂ ਪਹਿਲਾਂ ਹੀ ਕਾਫ਼ੀ ਥੱਕਿਆ ਹੋਇਆ ਹੁੰਦਾ ਹਾਂ, ਮੈਂ ਰੋਮੇਅਰ ਦੇ ਜੰਗਲਾਂ ਵਿੱਚਸੈਰ ਨੂੰ ਨਿਕਲ ਜਾਂਦਾ ਹਾਂ। ਪਹਿਲਾਂ ਮੈਂ ਸੋਚਿਆ ਕਰਦਾ ਸੀ ਕਿ ਤਾਜ਼ੀ ਰੋਸ਼ਨੀ ਅਤੇ ਰੁਮਕਣੀ ਹਵਾ ਜੜ੍ਹੀਆਂ ਬੂਟੀਆਂ ਦੀ ਸੁਗੰਧ ਨਾਲ ਯੁਕਤ ਹੋ ਕੇ ਮੇਰੀ ਨਸਾਂ ਵਿੱਚ ਇਕ ਨਵਾਂ ਜੀਵਨ ਸੰਚਾਰ ਕਰੇਗੀ ਅਤੇ ਮੇਰੇ ਦਿਲ ਨੂੰ ਤਾਕਤ ਬਖ਼ਸ਼ੇਗੀ। ਇਹ ਦਿਨ ਮੈਂ ਜੰਗਲਾਂ ਵਿੱਚ ਖੁੱਲ੍ਹੀ ਸੁੰਨਸਾਨ ਸੜਕ ’ਤੇ ਦੂਰ ਨਿਕਲ ਗਿਆ ਅਤੇ ਫਿਰ ਮੈਂ ਤੰਗ ਰਸਤੇ ਰਾਹੀਂ ਲਾ ਬੋਇਲੇ ਵੱਲ ਮੁੜਿਆ, ਦੋਹਾਂ ਪਾਸੇ ਉੱਚੇ ਉੱਚੇ ਦਰੱਖ਼ਤਾਂ ਦੀਆਂ ਕਤਾਰਾਂ ਸਨ, ਜੋ ਅਕਾਸ਼ ਅਤੇ ਮੇਰੇ ਵਿੱਚਕਾਰ ਸੰਘਣੀ ਹਰੀ ਲਗਭਗ ਕਾਲੀ ਛੱਤ ਵਾਂਗ ਜਾਪਦੀਆਂ ਸੀ।

ਅਚਾਨਕ ਹੀ ਮੈਨੂੰ ਕੰਬਣੀ ਜਿਹੀ ਛਿੜੀ, ਇਹ ਠੰਢ ਵਾਲੀ ਕੰਬਣੀ ਨਹੀਂ ਸੀ ਸਗੋਂ ਡਰ ਕਾਰਨ ਉੱਠਣ ਵਾਲੀ ਕੰਬਣੀ ਸੀ। ਅਤੇ ਮੈਂ ਆਪਣੀ ਚਾਲ ਤੇਜ਼ ਕਰ ਦਿੱਤੀ। ਜੰਗਲ ਵਿੱਚ ਇਕੱਲਾ ਹੋਣ ਕਰਕੇ ਮੈਂ ਘਬਰਾਇਆ ਹੋਇਆ ਸੀ ਅਤੇ ਬਿਨਾਂ ਕਿਸੇ ਕਾਰਨ ਡਰਿਆ ਡਰਿਆ ਵੀ ਮਹਿਸੂਸ ਕਰਦਾ ਸੀ। ਅਚਾਨਕ ਹੀ ਇੰਜ ਪ੍ਰਤੀਤ ਹੋਇਆ ਜਿਵੇਂ ਕੋਈ ਮੇਰਾ ਪਿੱਛਾ ਕਰ ਰਿਹਾ ਹੈ, ਕੋਈ ਚੀਜ਼ ਮੇਰੇ ਬਿਲਕੁਲ ਨਾਲ ਚੱਲ ਰਹੀ ਹੈ ਜਿਵੇਂ ਮੈਨੂੰ ਛੋਹ ਰਹੀ ਹੋਵੇ।

ਅਚਾਨਕ ਹੀ ਮੈਂ ਪਿੱਛੇ ਮੁੜਿਆ, ਪਰ ਇਕੱਲਾ ਹੀ ਸਾਂ। ਮੈਂ ਵੇਖਿਆ ਕਿ ਮੇਰੇ ਪਿੱਛੇ ਸਿੱਧੀ, ਖੁੱਲ੍ਹੀ ਸੜਕ ਦੇ ਜਿਹੜੀ ਖ਼ਾਲੀ ਸੀ ਅਤੇ ਦੋਹੀਂ ਪਾਸੀਂ ਉੱਚੇ ਦਰੱਖ਼ਤਾਂ ਨਾਲ ਘਿਰੀ ਹੋਈ ਸੀ, ਤੋਂ ਬਿਨਾਂ ਕੁਝ ਵੀ ਨਹੀਂ ਸੀ ਦੂਜੇ ਪਾਸੇ ਵੀ ਇਹ

ਦੂਰ ਤੱਕ ਚਲੀ ਗਈ ਸੀ ਜਿੱਥੇਤੱਕ ਕਿ ਨਜ਼ਰ ਜਾਂਦੀ ਸੀ, ਅਤੇ ਉਸ ਪਾਸੇ ਵੀ ਇਹ ਭਿਆਨਕ ਹੀ ਨਜ਼ਰ ਆਉਂਦੀ ਸੀ।

ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਕਿਉਂ ਅਤੇ ਫੇਰ ਮੈਂ ਇਕ ਅੱਡੀ ’ਤੇ ਹੀ ਟਾਪ ਵਾਂਗ ਛੇਤੀ ਛੇਤੀ ਘੁੰਮਣਾ ਸ਼ੁਰੂ ਕੀਤਾ। ਮੈਂ ਡਿੱਗ ਹੀ ਪਿਆ ਅਤੇ ਆਪਣੀਆਂ ਅੱਖਾਂ ਖੋਲ੍ਹੀਆਂ ਮੇਰੇ ਅੱਗੋਂ ਦਰੱਖਤ ਘੁੰਮ ਰਹੇ ਸਨ ਅਤੇ ਧਰਤੀ ਉਲਟਦੀ ਨਜ਼ਰ ਆ ਰਹੀ ਸੀ। ਮੈਨੂੰ ਹਾਰ ਕੇ ਬੈਠਣਾ ਪਿਆ।। ਫੇਰ ਮੈਨੂੰ ਯਾਦ ਨਹੀਂ, ਮੈਂ ਕਿਵੇਂ ਵਾਪਸ ਆਇਆ। ਕਿੰਨੀ ਅਜੀਬ ਗੱਲ ਹੈ ਕਿੰਨਾ ਅਜੀਬ ਤੇ ਅਨੋਖਾ ਖ਼ਿਆਲ। ਮੈਨੂੰ ਉੱਕਾ ਹੀ ਪਤਾ ਨਹੀਂ। ਮੈਂ ਸੱਜੇ ਪਾਸੇ ਵੱਲ ਮੁੜਿਆ ਅਤੇ ਮੁੜ ਉੱਥੇ ਪੁੱਜ ਗਿਆ, ਜਿੱਥੇ ਮੈਂ ਆਪਣੇ ਆਪ ਨੂੰ ਜੰਗਲ ਦੇ ਵਿਚਕਾਰ ਪਾਇਆ।

ਜੂਨ 3 ਮੈਂ ਰਾਤ ਬੜੀ ਔਖੀ ਕੱਟੀ। ਮੈਂ ਕੁਝ ਹਫ਼ਤਿਆਂ ਲਈ ਬਾਹਰ ਜਾਵਾਂਗਾ, ਕਿਉਂਕਿ ਹੋ ਸਕਦਾ ਹੈ ਕਿ ਸਫ਼ਰ ਨਾਲ ਹੀ ਮੇਰੀ ਤਬੀਅਤ ਮੁੜ ਠੀਕ ਹੋ ਜਾਵੇ।

ਜੁਲਾਈ 2 ਮੈਂ ਬਿਲਕੁਲ ਠੀਕ ਠਾਕ ਹੋ ਕੇ ਵਾਪਸ ਆ ਗਿਆ ਹਾਂ, ਅਤੇ ਮੇਰਾ ਸਫ਼ਰ ਬਹੁਤ ਹੀ ਸੁਆਦਲਾ ਰਿਹਾ ਹੈ। ਮੈਂ ਮੌਂਟ ਸੇਂਟ ਮਾਇਕਲ ਵਿਖੇ ਗਿਆ ਸੀ ਜਿੱਥੇ ਮੈਂ ਪਹਿਲਾਂ ਕਦੀ ਨਹੀਂ ਸੀ ਗਿਆ।

ਕਿੰਨਾ ਸੋਹਣਾ ਨਜ਼ਾਰਾ ਹੁੰਦਾ ਹੈ ਜਦੋਂ ਕੋਈ ਸ਼ਾਮ ਦੇ ਸਮੇਂ ਮੇਰੇ ਵਾਂਗ ਐਵਰੇਚਿਜ ਵਿਖੇ ਪੁੱਜਦਾ ਹੈ। ਇਹ ਨਗਰ ਪਹਾੜੀ ’ਤੇ ਸਥਿਤ ਹੈ ਅਤੇ ਮੈਂ ਨਗਰ ਦੇ ਬਾਹਰ ਇਕ ਬਾਗ਼ ਵਿੱਚ ਚਲਾ ਗਿਆ। ਮੈਂ ਹੈਰਾਨੀ ਵਿੱਚ ਚੀਕ ਮਾਰੀ। ਮੈਂ ਆਪਣੇ ਆਪ ਨੂੰ ਇਕ ਬਹੁਤ ਵੱਡੀ ਖਾੜੀ ਦੇ ਸਾਹਮਣੇ ਪਾਇਆ ਜਿੱਥੋਂ ਤੱਕ ਮੇਰੀ ਨਜ਼ਰ ਜਾਂਦੀ ਸੀ ਉਨ੍ਹਾਂ ਦੋਹਾਂ ਪਹਾੜੀਆਂ ਵਿਚਕਾਰਜੇ ਧੁੰਦ ਵਿੱਚ ਨਜ਼ਰ ਮਾਰੀਏ ਖਾੜੀ ਹੀ ਨਜ਼ਰ ਪੈਂਦੀ ਸੀ। ਅਤੇ ਸਾਫ਼ ਸੁਨਹਿਰੇ ਅਕਾਸ਼ ਹੇਠ ਇਸ ਵਿਸ਼ਾਲ ਪੀਲੀ ਖਾੜੀ ਦੇ ਵਿਚਕਾਰ, ਇਕ ਪਹਾੜੀ ਉੱਭਰੀ ਹੋਈ ਸੀ, ਜੋ ਰੇਤ ਵਿਚਕਾਰ ਬੇਰੌਣਕ ਅਤੇ ਉੱਭਰੀ ਹੋਈ ਸੀ। ਸੂਰਜ ਹੁਣੇ ਹੁਣੇ ਹੀ ਛੁਪਿਆ ਸੀ, ਅਤੇ ਅਜੇ ਵੀ ਲਾਲੀ ਮਾਰਦੇ ਅਕਾਸ਼ ਹੇਠ ਉਹ ਚਟਾਨ ਨਜ਼ਰ ਆ ਰਹੀ ਸੀ ਜਿਸ ਦੀ ਚੋਟੀ ਇਕ ਸ਼ਾਨਦਾਰ ਨਜ਼ਾਰਾ ਪੇਸ਼ ਕਰ ਰਹੀ ਸੀ।

ਦਿਨ ਨਿਕਲਣ ’ਤੇ ਮੈਂ ਇੱਥੇ ਗਿਆ ਹਵਾ ਰਾਤ ਦੀ ਨਿਸਬਤ ਘੱਟ ਤੇਜ਼ ਸੀ ਅਤੇ ਮੈਂ ਵੇਖਿਆ ਕਿ ਜਦੋਂ ਮੈਂ ਇੱਥੇ ਪੁੱਜਾ ਤਾਂ ਮੇਰੇ ਸਾਹਮਣੇ ਇਕ ਮੱਠ ਸੀ।ਕਈ ਘੰਟੇ ਚਲਣ ਉਪਰੰਤ ਮੈਂ ਇਸ ਭਾਰੀ ਚਟਾਨ ਤੱਕ ਪੁੱਜਿਆ ਜਿਸ ਦੇ ਸਹਾਰੇ ਛੋਟਾ ਨਗਰ ਟਿਕਿਆ ਹੋਇਆ ਸੀ ਜਿਸ ਵਿੱਚਇਕ ਵੱਡਾ ਚਰਚ ਵੀ ਸੀ। ਸਿੱਧੀ ਅਤੇ ਤੰਗ ਗਲੀ ਵਿੱਚੋਂ ਦੀ ਲੰਘ ਕੇ ਮੈਂ ਇਕ ਸ਼ਾਨਦਾਰ ਗੋਥਿਕ ਇਮਾਰਤ ਵਿੱਚਦਾਖ਼ਲ ਹੋਇਆ, ਜੋ ਪ੍ਰਮਾਤਮਾ ਨਮਿਤ ਅੱਜ ਤੱਕ ਬਣਾਈ ਗਈ ਸਭ ਤੋਂ ਵੱਡੀ ਥਾਂ ਸੀ, ਇਹ ਇਕ ਨਗਰ ਵਾਂਗ ਸੀ ਅਤੇ ਇਸ ਵਿੱਚ ਛੋਟੇ ਛੋਟੇ ਕਮਰੇ ਸਨ ਜੋ ਡਾਟਦਾਰ ਛੱਤਾਂ ਹੇਠਾਂ ਦੱਬੀਆਂ ਹੋਈਆਂ ਪ੍ਰਤੀਤ ਹੁੰਦੀਆਂ ਸਨ ਅਤੇ ਸ਼ਾਨਦਾਰ ਥੰਮ੍ਹਾਂ ਦੇ ਸਹਾਰੇ ਵੱਡੀਆਂ ਵੱਡੀਆਂ ਗੈਲਰੀਆਂ ਉਸਰੀਆਂ ਹੋਈਆਂ ਸਨ।

ਮੈਂ ਇਸ ਵਿਸ਼ਾਲ ਭਵਨ ਵਿੱਚ ਦਾਖ਼ਲ ਹੋਇਆ, ਜੋ ਬਹੁਤ ਹੀ ਨਾਜ਼ੁਕ ਸੀ ਅਤੇ ਗੁੰਬਦਾਂ ਨਾਲ ਕੱਜਿਆ ਹੋਇਆ ਸੀ ਇਨ੍ਹਾਂ ਨਾਲ ਗਿਰਜੇ ਦੇ ਘੰਟੇ ਬੱਝੇ ਹੋਏ ਸਨ ਅਤੇ ਜਿਨ੍ਹਾਂ ਤੱਕ ਪੌੜੀਆਂ ਜਾਂਦੀਆਂ ਸਨ। ਉੱਡਦੀਆਂ ਹੋਈਆਂ ਤਿਤਲੀਆਂ ਆਪਣੇ ਰੰਗ ਬਿਰੰਗੇ ਸਿਰ ਚੁੱਕਦੀਆਂ ਹਨ, ਜੋ ਸ਼ੈਤਾਨਾਂ ਵਾਲੇ ਖ਼ਿਆਲਾਂ ਵਾਂਗ ਸਨ, ਅਜੀਬ ਜਾਨਵਰ, ਫੁੱਲ ਆਦਿ ਸੁੰਦਰ ਮਹਿਰਾਬਾਂ ਨਾਲ ਇਕੱਠੀਆਂ ਦਿਨ ਸਮੇਂ ਕਾਲੇ ਅਕਾਸ਼ ਹੇਠ ਅਤੇ ਰਾਤ ਨੂੰ ਕਾਲੇ ਅਕਾਸ਼ ਹੇਠ ਬਹੁਤ ਸੁੰਦਰ ਜਾਪਦੀਆਂ ਹਨ।

ਜਦੋਂ ਮੈਂ ਚੋਟੀ ’ਤੇ ਪੁੱਜਾ, ਤਾਂ ਮੈਂ ਆਪਣੇ ਸਾਥੀ ਭਿਕਸ਼ੂ ਨੂੰ ਕਿਹਾ, “ਮਹਾਰਾਜਾ ਤੁਸੀਂ ਤਾਂ ਇੱਥੇ ਬਹੁਤ ਖ਼ੁਸ਼ ਹੋਵੋਗੇ।" ਅਤੇ ਉਸ ਨੇ ਉੱਤਰ ਦਿੱਤਾ, “ਇੱਥੇ ਬਹੁਤ ਤੇਜ਼ ਹਵਾ ਚਲਦੀ ਹੈ ਅਤੇ ਅਸੀਂ ਤੇਜ਼ ਹੋ ਰਹੀ ਹਵਾ ਜੋ ਰੇਤ ਉਪਰ ਦੀ ਲੰਘਦੀ ਸੀ ਅਤੇ ਇਸ ਨੂੰ ਫ਼ੌਲਾਦੀ ਜ਼ਰੀ ਬਕਤਰ ਨਾਲ ਕੱਜ ਦਿੰਦੀ ਸੀ ਦਾ ਨਜ਼ਾਰਾ ਮਾਣਦੇ ਹੋਏ ਗੱਲਾਂ ਕਰਦੇ ਰਹੇ।

ਅਤੇ ਫਿਰ ਭਿਕਸ਼ੂ, ਸਾਧੂ ਨੇ ਮੈਨੂੰ ਕਹਾਣੀਆਂ ਸੁਣਾਈਆਂ ਜੋ ਉਸ ਥਾਂ ਨਾਲ ਸਬੰਧਿਤ ਸਨ ਇਹ ਕੇਵਲ ਪੁਰਾਣੀਆਂ ਕਥਾਵਾਂ ਹੀ ਸਨ ਸਿਰਫ਼ ਕਥਾ ਕਹਾਣੀਆਂ।

ਇਨ੍ਹਾਂ ਵਿੱਚੋਂ ਇਕ ਕਹਾਣੀ ਨੇ ਬਹੁਤ ਅਸਰ ਕੀਤਾ। ਦਿਹਾਤੀ ਲੋਕ, ਜੋ ਮੋਰਨੈਟ ਨਾਲ ਸਬੰਧਿਤ ਸਨ ਇਹ ਦਸ ਦੇ ਹਨ ਕਿਰਾਤ ਸਮੇਂ ਰੇਤ ਵਿੱਚੋਂਗੱਲਾਂ ਬਾਤਾਂ

ਕਰਨ ਦੀਆਵਾਜ਼ ਸੁਣਾਈ ਦਿੰਦੀ ਹੈ ਅਤੇ ਦੋ ਬੱਕਰੀਆਂ ਦੇ ਮਮਿਆਉਣ ਦੀ ਜਿਨ੍ਹਾਂ ਵਿੱਚੋਂਇਕ ਜ਼ੋਰ ਨਾਲ ਬੋਲਦੀ ਸੀ ਅਤੇ ਦੂਜੀ ਹੋਲੀ ਅਵਾਜ਼ ਨਾਲ। ਮਾਹਰ ਅਕਸਰ ਇਹ ਦੱਸਦੇ ਹਨ ਕਿ ਇਹ ਸਿਰਫ਼ ਸਮੁੰਦਰੀ ਪੰਛੀਆਂ ਦੀ ਅਵਾਜ਼ ਹੈ ਹੋਰ ਕੁਝ ਨਹੀਂ, ਜੋ ਕਈ ਵੇਰ ਬੱਕਰੀ ਦੀ ਅਵਾਜ਼ ਨਾਲਮਿਲਦੀ ਜੁਲ਼ਦੀ ਹੈ ਪਰ ਮਛੇਰੇ ਦੱਸਦੇ ਹਨ ਕਿ ਉਨ੍ਹਾਂ ਨੂੰ ਇਕ ਬੁੱਢਾ ਆਜੜੀ ਮਿਲਿਆ ਜਿਸ ਦਾ ਸਿਰ ਚੋਗੇ ਨਾਲ ਢੱਕਿਆ ਹੋਇਆ ਸੀ, ਜਿਸ ਨੂੰ ਉਨ੍ਹਾਂ ਨੇ ਕਦੀ ਵੀ ਨਹੀਂ ਵੇਖਿਆ, ਜਿਹੜਾ ਦੋਹਾਂ ਰੌਆਂ ਵਿਚਕਾਰ ਰੇਤ ਉੱਤੇ ਸੰਸਾਰ ਤੋਂ ਇਤਨੀ ਦੂਰੀ ’ਤੇ ਸਥਿਤ ਛੋਟੇ ਜਿਹੇ ਨਗਰ ਦੁਆਲੇ ਘੁੰਮਦਾ ਰਹਿੰਦਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਮਰਦਾਵੇਂ ਚਿਹਰੇ ਵਾਲੇ ਬੱਕਰੇ ਅਤੇ ਇਸਤਰੀ ਮੂੰਹੀਂ ਬੱਕਰੀ ਦੇ ਅੱਗੇ ਅੱਗੇ ਟੁਰਦਾ ਹੈ, ਇਨ੍ਹਾਂ ਦੋਹਾਂ ਦੇ ਵਾਲ ਸਫ਼ੈਦ ਹਨ ਜੋ ਗੱਲਬਾਤ ਕਰਦੇ ਹਨ ਅਤੇ ਅਨੋਖੀ ਭਾਸ਼ਾ ਵਿੱਚਤਕਰਾਰ ਕਰਦੇ ਹਨ ਅਤੇ ਫੇਰ ਪੂਰੇ ਜ਼ੋਰ ਨਾਲ ਮਮਿਆਉਣ ਲਈ ਉਹ ਅਚਾਨਕ ਹੀ ਗੱਲਾਂ ਬੰਦ ਕਰ ਦਿੰਦੇ ਹਨ।

“ਕੀ ਤੁਹਾਨੂੰ ਵਿਸ਼ਵਾਸ ਹੈ?" ਮੈਂ ਸਾਧੂ ਭਿਕਸ਼ੂ ਨੂੰ ਪੁੱਛਿਆ। ਉਸ ਨੇ ਉੱਤਰ ਦਿੱਤਾ, ਗੱਲ ਜਾਰੀ ਰੱਖੀ। ਜੇ ਇਸ ਧਰਤੀ ਤੇ ਸਾਡੇ ਤੋਂ ਬਿਨਾਂ ਹੋਰ ਵੀ ਜੀਵ ਹਨ ਤਾਂ ਇਹ ਕਿਵੇਂ ਹੋ ਸਕਦਾ ਹੈ ਕੁਝ ਮੈਨੂੰ ਨਹੀਂ ਪਤਾ; ਕਿ ਹੁਣ ਤੱਕ ਸਾਨੂੰ ਪਤਾ ਹੀ ਨਾ ਹੋਵੇ, ਤੁਸੀਂ ਉਨ੍ਹਾਂ ਨੂੰ ਕਿਉਂ ਨਹੀਂ ਵੇਖਿਆ? ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਉਨ੍ਹਾਂ ਨੂੰ ਦੇਖਿਆ ਹੀ ਨਾ ਹੋਵੇ?

ਉਸ ਨੇ ਉੱਤਰ ਦਿੱਤਾ : ‘ਜੋ ਕੁਝ ਇੱਥੇ ਮੌਜੂਦ ਹੈ। ਕੀ ਅਸੀਂ ਉਸ ਦਾ ਕਰੋੜਵਾਂ ਹਿੱਸਾ ਵੇਖ ਸਕਦੇ ਹਾਂ? ਦੇਖੋ ਇਹ ਹਵਾ ਹੈ ਜੋ ਕੁਦਰਤ ਵਿੱਚ ਸਭ ਤੋਂ ਸ਼ਕਤੀਸ਼ਾਲੀ ਹੈ। ਇਹ ਮਨੁੱਖਾਂ ਨੂੰ ਡੇਗ ਦਿੰਦੀ ਹੈ, ਅਤੇ ਇਮਾਰਤਾਂ ਨੂੰ ਉਡਾ ਦਿੰਦੀ ਹੈ।ਦਰੱਖ਼ਤਾਂ ਨੂੰ ਜੜ੍ਹੋਂ ਪੁੱਟ ਸੁੱਟਦੀਹੈ, ਸਮੁੰਦਰ ਵਿੱਚ ਤੂਫ਼ਾਨ ਲੈ ਆਉਂਦੀ ਹੈ। ਚਟਾਨਾਂ ਨੂੰ ਨਸ਼ਟ ਕਰ ਦਿੰਦੀ ਹੈ ਅਤੇ ਵੱਡੇ ਵੱਡੇ ਜਹਾਜ਼ਾਂ ਨੂੰ ਘੁੰਮਣ ਘੇਰੀ ਵਿੱਚ ਪਾ ਦਿੰਦੀ ਹੈ। ਇਹ ਮਾਰ ਸੁੱਟਦੀ ਹੈ ਇਹ ਸ਼ੂਕਦੀ ਹੈ, ਗੂੰਜਦੀ ਹੈ ਅਤੇ ਫਰਾਟੇ ਭਰਦੀ ਹੈ। ਪਰ ਤੁਸੀਂ ਕਦੀ ਇਸ ਨੂੰ ਵੇਖਿਆ ਹੈ ਅਤੇ ਕੀ ਤੁਸੀਂ ਇਸ ਨੂੰ ਵੇਖ ਸਕਦੇ ਹੋ? ਪਰ ਫਿਰ ਵੀ ਇਸ ਦੀ ਹੋਂਦ ਮਹਿਸੂਸ ਹੁੰਦੀ ਹੈ।"

ਮੈਂ ਇਸ ਸਾਧਾਰਨ ਜਿਹੀ ਦਲੀਲ ਅੱਗੇ ਚੁੱਪ ਸੀ। ਸ਼ਾਇਦ ਉਹ ਆਦਮੀ ਦਾਰਸ਼ਨਿਕ ਸੀ ਜਾਂ ਕੋਈ ਪਾਗ਼ਲ ; ਮੈਂ ਠੀਕ ਤਰ੍ਹਾਂ ਨਹੀਂ ਕਹਿ ਸਕਦਾ ਕਿ ਉਹ ਅਸਲ ਵਿੱਚ ਕੀ ਸੀ ਇਸ ਲਈ ਮੈਂ ਆਪਣੀ ਜ਼ਬਾਨ ਬੰਦ ਰੱਖੀ। ਜੋ ਕੁਝ ਉਸ ਨੇ ਕਿਹਾ ਸੀ ਕਈ ਵੇਰ ਮੇਰੇ ਵੀ ਖ਼ਿਆਲ ਵਿੱਚ ਆਇਆ ਸੀ।

ਜੁਲਾਈ 3-ਮੈਨੂੰ ਬਹੁਤ ਗੂੜ੍ਹੀ ਨੀਂਦਰ ਆਈ ਯਕੀਨਨ ਮੈਨੂੰ ਕੁਝ ਬੁਖ਼ਾਰ ਜਿਹਾ ਸੀ ਜਿਹਾ ਸੀ। ਕਿਉਂਕਿ ਮੇਰਾ ਕੋਚਵਾਨ ਵੀ ਮੇਰੀ ਤਰ੍ਹਾਂ ਕੁਝ ਬਿਮਾਰ ਜਿਹਾ ਸੀ। ਜਦੋਂ ਮੈਂ ਕੱਲ੍ਹ, ਘਰ ਵਾਪਸ ਪਰਤਿਆ ਮੈਨੂੰ ਉਸ ਦੇ ਚਿਹਰੇ ’ਤੇ ਕੁਝ ਜਰਦੀ ਜਿਹੀ ਨਜ਼ਰ ਆਈ ਅਤੇ ਮੈਂ ਉਸ ਨੂੰ ਪੁੱਛਿਆ,

“ਜੀਨ ਕੀ ਗੱਲ ਤਬੀਅਤ ਤਾਂ ਠੀਕ ਹੈ?"

ਗੱਲ ਇਹ ਹੈ ਕਿ ਮੈਨੂੰ ਆਰਾਮ ਨਹੀਂ ਮਿਲਿਆ ਅਤੇ ਮੇਰੀਆਂ ਰਾਤਾਂ ਅੱਖਾਂ ਵਿੱਚ ਹੀ ਬੀਤੀਆਂ ਹਨ। ਹਜ਼ੂਰ, ਤੁਹਾਡੇ ਜਾਣ ਤੋਂ ਪਿੱਛੋਂ ਮੇਰੇ ਤੇ ਕੋਈ ਜਾਦੂ ਹੋ ਗਿਆ ਹੈ।”

ਐਪਰ ਦੂਜੇ ਸਾਰੇ ਨੌਕਰ ਠੀਕ ਠਾਕ ਹਨ, ਪਰ ਦੂਜੀ ਵੇਰੀ ਬਿਮਾਰੀ ਦਾ ਹਮਲਾ ਹੋਣ ਕਰਕੇ ਮੈਂ ਘਬਰਾ ਰਿਹਾ ਹਾਂ।

ਜੁਲਾਈ 4 ਮੇਰੇ ’ਤੇ ਜ਼ਰੂਰ ਛਾਇਆ ਦਾ ਅਸਰ ਹੋ ਗਿਆ ਹੈ ਕਿਉਂਕਿ ਰਾਤ ਨੂੰ ਡਰਾਉਣੇ ਸੁਪਨੇ ਆਉਣੇ ਸ਼ੁਰੂ ਹੋ ਗਏ ਹਨ। ਪਿਛਲੀ ਰਾਤ ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਮੇਰੇ ’ਤੇ ਕੋਈ ਝੁਕਿਆ ਹੋਇਆ ਹੈ। ਜਿਹੜਾ ਆਪਣੇ ਮੂੰਹ ਨਾਲ ਮੇਰੇ ਹੋਠਾਂ ਚੋਂ ਮੇਰੇ ਸਾਹ ਪੀ ਰਿਹਾ ਹੈ ਹਾਂ, ਉਹ ਮੇਰੇ ਗੱਲ ਵਿੱਚੋਂ ਇਸ ਤਰ੍ਹਾਂ ਸਾਹ ਪੀ ਰਿਹਾ ਸੀ ਜਿਵੇਂ ਕੋਈ ਜੋਕ ਚੰਬੜੀ ਹੋਵੇ। ਫੇਰ ਉਹ ਉੱਠਿਆ ਖੁਸੋ-ਖੁਰਮ ਅਤੇ ਮੈਂ ਇਤਨਾ ਥੱਕਿਆ ਟੁੱਟਿਆ ਅਤੇ ਨਿਬੱਲ ਹੋਇਆ ਜਾਗਿਆ ਕਿ ਮੈਂ ਹਿੱਲ ਵੀ ਨਹੀਂ ਸਕਿਆ ਜੇ ਇਸੇ ਤਰ੍ਹਾਂ ਹੀ ਕੁਝ ਦਿਨ ਚਲਦਾ ਰਿਹਾ ਤਾਂ ਮੈਂ ਫਿਰ ਦੂਰ ਚਲਾ ਜਾਵਾਂਗਾ।

ਜੁਲਾਈ 5- ਕੀ ਮੇਰੇ ਦਿਮਾਗ਼ ਵਿੱਚ ਫ਼ਰਕ ਆ ਗਿਆ ਹੈ? ਕੀ ਹੋ ਗਿਆ ਹੈ ਜੋ ਕੁਝ ਮੈਂ ਕੱਲ੍ਹ ਰਾਤੀ ਵੇਖਿਆ ਉਹ ਇਤਨਾ ਅਜੀਬ ਸੀ ਕਿ ਜਦੋਂ ਮੈਂ ਇਸ ਬਾਰੇ ਸੋਚਦਾ ਹਾਂ ਤਾਂ ਮੇਰਾ ਸਿਰ ਚਕਰਾ ਜਾਂਦਾ ਹੈ?

ਹੁਣ ਜਿਵੇਂ ਮੈਂ ਹਰ ਸ਼ਾਮ ਕਰਦਾ ਹਾਂ, ਮੈਂ ਆਪਣੇ ਦਰਵਾਜ਼ੇ ਨੂੰ ਤਾਲਾ ਮਾਰ ਲਿਆ ਸੀ ਫੇਰ ਪਿਆਸਾ ਹੋਣ ਕਰਕੇ ਮੈਂ ਪਾਣੀ ਦਾ ਅੱਧਾ ਗਿਲਾਸ ਪੀ ਗਿਆ ਫੇਰ ਅਚਾਨਕ ਹੀ ਮੈਂ ਵੇਖਿਆ ਕਿ ਪਾਣੀ ਦੀ ਬੋਤਲ ਕਾਰਕ ਤੱਕ ਪੂਰੀ ਭਰੀ ਹੋਈ ਹੈ।

ਫੇਰ ਮੈਂ ਸੌਂ ਗਿਆ ਅਤੇ ਫੇਰ ਮੈਨੂੰ ਬਹੁਤ ਹੀ ਡਰਾਉਣੇ ਜਿਹੇ ਸੁਪਨੇ ਆਉਣ ਲੱਗ ਪਏ ਜਿਸ ਕਰਕੇ ਮੈਂ ਦੋ ਘੰਟੇ ਦੇ ਅੰਦਰ ਹੀ ਅੰਦਰ ਬਹੁਤ ਭਿਆਨਕ ਝਟਕਾ ਲੱਗਣ ਨਾਲ ਉੱਠ ਖਲੋਤਾ।

ਤੁਸੀਂ ਜ਼ਰਾ ਉਸ ਸੁੱਤੇ ਹੋਏ ਆਦਮੀ ਦਾ ਖ਼ਿਆਲ ਕਰੋ, ਜਿਸ ਨੂੰ ਕਤਲ ਕੀਤਾ ਜਾ ਰਿਹਾ ਹੋਵੇ ਜਿਹੜਾ ਛਾਤੀ ਵਿੱਚ ਚਾਕੂ ਵੱਜਣ ਸਾਰ ਜਾਗ ਪੈਂਦਾ ਹੈ, ਜਿਸ ਦੇ ਗਲੇ ’ਚੋਂ ਗੜਬੜ ਕਰਨ ਦੀ ਅਵਾਜ਼ ਆ ਰਹੀ ਹੈ।ਅਤੇ ਖ਼ੂਨ ਨਾਲ ਲੱਥਪੱਥ ਹੋਵੇ ਅਤੇ ਸਾਹ ਨਾ ਲੈ ਸਕਦਾ ਹੋਵੇ, ਮਰ ਰਿਹਾ ਹੋਵੇ ਅਤੇ ਜਿਸ ਨੂੰ ਇਸ ਸਭ ਕੁਝ ਬਾਰੇ ਕੁਝ ਵੀ ਪਤਾ ਨਾ ਹੋਵੇ ਇਹੋ ਜਿਹੀ ਹੀ ਤੁਹਾਡੇ ਨਾਲ ਹੋਵੇ ਤਾਂ।

ਆਪਣੇ ਹੋਸ਼ ਹਵਾਸ ਠੀਕ ਕਰਨ ਉਪਰੰਤ ਮੈਨੂੰ ਫੇਰ ਪਿਆਸ ਲੱਗੀ, ਇਸ ਲਈ ਮੈਂ ਮੋਮਬੱਤੀ ਜਲਾਈ ਅਤੇ ਮੇਜ਼ ਕੋਲ ਗਿਆ ਜਿੱਥੇ ਪਾਣੀ ਦੀ ਬੋਤਲ ਪਈ ਸੀ। ਮੈਂ ਬੋਤਲ ਚੁੱਕੀ ਅਤੇ ਗਲਾਸ ਵਿੱਚ ਉਲਟਾਈ, ਪਰ ਇਸ ਵਿੱਚ ਕੁਝ ਵੀ ਨਹੀਂ ਸੀ। ਇਹ ਖ਼ਾਲੀ ਸੀ ਇਹ ਤਾਂ ਉੱਕਾ ਖ਼ਾਲੀ ਸੀ। ਪਹਿਲਾਂ ਤਾਂ ਮੈਨੂੰ ਇਸ ਦੀ ਕੁਝ ਵੀ ਸਮਝ ਨਹੀਂ ਪਈ ਫੇਰ ਅਚਾਨਕ ਹੀ ਮੈਨੂੰ ਭਿਆਨਕ ਜਿਹੇ ਖ਼ਿਆਲ ਨੇ ਆ ਘੇਰਿਆ ਜਿਸ ਕਰਕੇ ਮੈਨੂੰ ਬੈਠਣਾ ਪਿਆ, ਜਾਂ ਕੁਰਸੀ ਵਿੱਚ ਧੜੰਮ ਕਰਕੇ ਡਿੱਗਣਾ ਪਿਆ। ਫੇਰ ਮੈਂ ਉੱਠਿਆ ਅਤੇ ਆਪਣੇ ਆਸੇ ਪਾਸੇ ਵੇਖਿਆ; ਫੇਰ ਮੈਂ ਮੁੜ ਬੈਠ ਗਿਆ, ਮੈਂ ਘਬਰਾਇਆ ਅਤੇ ਡਰਿਆ ਹੋਇਆ ਸੀ, ਮੇਰੇ ਸਾਹਮਣੇ ਸਾਫ਼ ਸ਼ੀਸ਼ੇ ਦੀ ਬੋਤਲ ਪਈ ਸੀ। ਮੈਂ ਨੀਝ ਲਾ ਕੇ ਇਸ ਨੂੰ ਤੱਕਿਆ ਅਤੇ ਸਮੱਸਿਆ ਦਾ ਹੱਲ ਲੱਭਣ ਲੱਗਾ ਅਤੇ ਮੇਰੇ ਹੱਥ ਕੰਬਣ ਲੱਗੇ। ਕਿਸੇ ਵਿਅਕਤੀ ਨੇ ਪਾਣੀ ਪੀ ਲਿਆ ਸੀ, ਪਰ

ਕਿਸ ਨੇ? ਮੈਂ ਬਿਨਾਂ ਕਿਸੇ ਸ਼ੱਕ ਦੇ। ਬਿਨਾਂ ਸ਼ੱਕ ਇਹ ਮੈਂ ਹੀ ਹੋ ਸਕਦਾ ਹਾਂ? ਉਸ ਹਾਲਤ ਵਿੱਚ ਮੈਂ ਇਕ ਸੁਪਨ-ਗਾਮੀ ਹੀ ਸੀ ਮੈਂ ਇਸ ਗੱਲ ਨੂੰ ਜਾਣੇ ਬਿਨਾ ਹੀ ਜੀ ਰਿਹਾ ਸੀ। ਇਹ ਅਜੀਬੋ ਗ਼ਰੀਬ ਦੂਹਰੀ ਜ਼ਿੰਦਗੀ ਜਿਸ ਨਾਲ ਇਹ ਸ਼ੱਕ ਪੈਦਾ ਹੋਵੇ ਕਿ ਸਾਡੇ ਵਿੱਚ ਦੋ ਆਤਮਾਵਾਂ ਨਿਵਾਸ ਕਰਦੀਆਂ ਹਨ ਕੀ ਇਹ ਅਜੀਬ, ਗਿਆਤ ਅਤੇ ਅਦਿੱਖ ਰੂਹ ਨਹੀਂ; ਜੋ ਸਾਡੇ ਮਾਨਸਿਕ ਅਤੇ ਸਰੀਰਕ ਸੁਸਤੀ ਦੇ ਦੌਰਾਨ ਬੇਹੋਸ਼ ਸਰੀਰ ਵਿੱਚ ਜਾਨ ਪਾਉਂਦੀ ਹੈ ਜੋ ਸਾਨੂੰ ਵਧੇਰੇ ਆਗਿਆ ਪਾਲਣ ਲਈ ਮਜਬੂਰ ਕਰਦੀ ਹੈ ਜਦੋਂ ਕਿ ਇਹ ਸਾਡੇ ਵਿੱਚ ਘੱਟ ਗ੍ਰਹਿਣ ਕਰਦੀ ਹੈ।

ਉਹ ਮੇਰੀ ਇਸ ਮੁਸੀਬਤ ਨੂੰ ਕੌਣ ਸਮਝਾਵੇ? ਸਮਝਾਵੇ, ਜੋ ਮਾਨਸਿਕ ਤੌਰ ’ਤੇ ਰਿਸ਼ਟ ਪੁਸ਼ਟ ਜਾਗਰੂਕ ਅਜਿਹੇ ਵਿਅਕਤੀ ਦੀ ਭਾਵਨਾ ਨੂੰ ਕੌਣ ਅਤੇ ਸੁਚੇਤ ਹੋਵੇ, ਜਦੋਂ ਉਹ ਸੁੱਤਾ ਪਿਆ ਹੋਵੇ ਤਾਂ ਬੋਤਲ ਵਿਚਲੇ ਥੋੜ੍ਹੇ ਜਿੰਨੇ ਪਾਣੀ ਦੇ ਅਲੋਪ ਹੋ ਜਾਣ ’ਤੇ ਘਬਰਾ ਜਾਵੇ। ਅਤੇ ਮੈਂ ਦਿਨ ਚੜ੍ਹਨ ਤੱਕ ਬੈਠਾ ਰਿਹਾ ਅਤੇ ਮੁੜ ਬਿਸਤਰ ’ਤੇ ਜਾ ਕੇ ਲੇਟਣ ਦਾ ਹੀਆ ਹੀ ਨਾ ਕੀਤਾ

ਜੁਲਾਈ 6 - ਮੈਂ ਪਾਗ਼ਲ ਹੁੰਦਾ ਜਾ ਰਿਹਾ ਹਾਂ। ਅੱਜ ਰਾਤ ਫੇਰ ਮੇਰੀ ਬੋਤਲ ਦਾ ਪਾਣੀ ਕੋਈ ਪੀ ਗਿਆ ਸੀ ਜਾਂ ਫੇਰ ਮੈਂ ਇਹ ਪੀ ਗਿਆ ਹੋਵਾਂਗਾ।

ਪਰ ਕੀ ਮੈਂ ਪੀ ਗਿਆ ਹਾਂ? ਕੀ ਮੈਂ? ਕੌਣ ਹੋ ਸਕਦਾ ਹੈ? ਕੌਣ? ਉਹ ਪਰਮਾਤਮਾ ਕੀ ਮੈਂ ਪਾਗ਼ਲ ਹੁੰਦਾ ਜਾਂ ਰਿਹਾ ਹਾਂ? ਮੇਰੀ ਰੱਖਿਆ ਕੌਣ ਕਰੇਗਾ?

ਜੁਲਾਈ 10 - ਮੈਂ ਕੁਝ ਸਖ਼ਤ ਮੁਸੀਬਤਾਂ ਵਿੱਚੋਂ ਲੰਘਿਆ ਹਾਂ। ਜ਼ਰੂਰ ਹੀ ਮੈਂ ਪਾਗ਼ਲ ਹਾਂ ਅਤੇ ਫੇਰ ਵੀ 6 ਜੁਲਾਈ ਨੂੰ ਮੈਂ ਸੌਣ ਤੋਂ ਪਹਿਲਾਂ ਥੋੜ੍ਹੀ ਜਿੰਨੀ ਸ਼ਰਾਬ, ਦੁੱਧ, ਪਾਣੀ, ਡਬਲਰੋਟੀ ਅਤੇ ਰਸ ਭਰੀਆਂ ਆਪਣੀ ਮੇਜ਼ ’ਤੇ ਰੱਖੀਆਂ। ਕੋਈ ਪੀ ਗਿਆ ਮੈਂ ਪੀ ਗਿਆ ਸਾਰਾ ਪਾਣੀ ਅਤੇ ਥੋੜ੍ਹਾ ਜਿਹਾ ਦੁੱਧ, ਘਰ ਸ਼ਰਾਬ ਨਹੀਂ ਨਾ ਹੀ ਡਬਲਰੋਟੀ ਅਤੇ ਨਾ ਹੀ ਰਸ ਭਰੀਆਂ ਨੂੰ ਕਿਸੇ ਛੋਹਿਆ ਸੀ।

ਸੱਤ ਜੁਲਾਈ ਨੂੰ ਇਨ੍ਹਾਂ ਸਿੱਟਿਆਂ ਦੇ ਨਾਲ ਫਿਰ ਉਹੀ ਤਜ਼ਰਬਾ ਹੋਇਆ ਅਤੇ 8 ਜੁਲਾਈ ਮੈਂ ਪਾਣੀ ਅਤੇ ਦੁੱਧ ਰੱਖਿਆ ਅਤੇ ਕੁਝ ਵੀ ਨਹੀਂ ਛੋਹਿਆ ਗਿਆ।

ਅੰਤ ਵਿੱਚ 9 ਜੁਲਾਈ ਨੂੰ ਮੈਂ ਆਪਣੀ ਮੇਜ਼ ਉੱਤੋਂ ਕੇਵਲ ਪਾਣੀ ਅਤੇ ਦੁੱਧ ਹੀ ਰੱਖਿਆ, ਅਤੇ ਬੋਤਲ ਨੂੰ ਸਫ਼ੈਦ ਮਲਮਲ ਦੇ ਕੱਪੜੇ ਵਿੱਚ ਲਪੇਟ ਦਿੱਤਾ ਅਤੇ ਉੱਪਰੋਂ ਕਾਰਕ 'ਤੇ ਵੀ ਗੱਠ ਲਾ ਦਿੱਤੀ। ਫੇਰ ਮੈਂ ਆਪਣੇ ਹੇਠਾਂ, ਆਪਣੀ ਦਾੜ੍ਹੀ ਅਤੇ ਆਪਣੇ ਹੱਥਾਂ 'ਤੇ ਪੈਨਸਿਲ ਦਾ ਸੁਰਮਾ ਘਸਾਇਆ ਅਤੇ ਸੌਂ ਗਿਆ।

ਮੈਨੂੰ ਗੂੜ੍ਹੀ ਨੀਂਦ ਨੇ ਆ ਘੇਰਿਆ, ਅਤੇ ਛੇਤੀ ਹੀ ਮੈਂ ਘਬਰਾ ਕੇ ਉੱਠਿਆ ਮੈਂ ਹਿੱਲਿਆ ਨਹੀਂ ਸੀ ਅਤੇ ਛੇਤੀ ਮੇਰੀਆਂ ਸੀਟਾਂ 'ਤੇ ਨਿਸ਼ਾਨ ਵੀ ਨਹੀਂ ਸੀ ਲੱਗੇ। ਮੈਂ ਮੇਜ਼ ਵੱਲ ਨੱਸਿਆ। ਬੋਤਲਾਂ ਦੁਆਲੇ ਲਪੇਟੀ ਹੋਈ ਮਲਮਲ ਬਿਲਕੁਲ ਉਸੇ ਤਰ੍ਹਾਂਹੀ ਸੀ; ਮੈਂ ਡਰ ਨਾਲ ਕੰਬਦੇ ਹੋਏ ਰੱਸੀ ਖੋਲ੍ਹੀ। ਸਾਰਾ ਪਾਣੀ ਪੀਤਾ ਗਿਆ ਸੀ ਅਤੇ ਦੁੱਧ ਵੀ। ਆਹ ਪਰਮਾਤਮਾ, ਹੇ ਪਰਮਾਤਮਾ। ਮੈਨੂੰ ਤੁਰੰਤ ਹੀ ਪੈਰਿਸ ਲਈ ਰਵਾਨਾ ਹੋ ਜਾਣਾ ਚਾਹੀਦਾ ਹੈ।

ਜੁਲਾਈ 12 - ਪੈਰਿਸ ਮੈਂ ਕੁਝ ਪਿਛਲੇ ਦਿਨਾਂ ਦੇ ਦੌਰਾਨ ਜ਼ਰੂਰ ਹੀ ਆਪਣੇ ਹੋਸ਼ ਗੁਆ ਬੈਠਾ ਹਾਂ। ਮੈਂ ਜ਼ਰੂਰ ਹੀ ਆਪਣੇ ਕਲਪਿਤ ਰੂਹ ਦੇ ਹੱਥਾਂ ਵਿੱਚ ਖੇਡ ਰਿਹਾ ਹਾਂ, ਜਦੋਂ ਤੱਕ ਮੈਂ ਅਸਲੋਂ ਹੀ ਦੁਖੀ ਨਾ ਹੋਵਾਂ ਜਾਂ ਮੈਂ ਉਨ੍ਹਾਂ ਸ਼ਕਤੀਆਂ ਵਿੱਚੋਂ ਕਿਸੇ ਦੇ ਪ੍ਰਭਾਵ ਹੇਠ ਨਾ ਹੋਵਾਂ ਕਿੰਨਾ ਨਿੰਦਾਜਨਕ ਸੁਝਾਅ ਹੈ, ਉਦਾਹਰਨ ਵਜੋਂ ਜਿਨ੍ਹਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਮੌਜੂਦ ਹਨ ਪਰ ਇਸ ਤੋਂ ਪਹਿਲਾਂ ਉਨ੍ਹਾਂ ਬਾਰੇ ਕੁਝ ਦੱਸਿਆ ਨਹੀਂ ਸੀ ਗਿਆ। ਕਿਸੇ ਵੀ ਸੂਰਤ ਵਿੱਚ ਮੇਰੀ ਮਾਨਸਿਕ ਹਾਲਤ ਬਹੁਤ ਖ਼ਰਾਬ ਹੋ ਗਈ ਸੀ ਅਤੇ ਪੈਰਿਸ ਵਿੱਚ 24 ਘੰਟੇ ਠਹਿਰਨ ਨਾਲ ਮੇਰਾ ਦਿਮਾਗ਼ੀ ਸੰਤੁਲਨ ਕਾਫ਼ੀ ਠੀਕ ਹੋ ਗਿਆ ਸੀ।

ਕੱਲ੍ਹ ਕੁਝ ਕੰਮ ਕਰਨ ਪਿੱਛੋਂ ਅਤੇ ਕੁਝ ਵਿਅਕਤੀਆਂ ਨੂੰ ਮਿਲਣ ਪਿੱਛੋਂ, ਜਿਸ ਨੇ ਮੇਰੇ ਵਿੱਚ ਨਵੀਂ ਮਾਨਸਿਕ ਸ਼ਕਤੀ ਪੈਦਾ ਕਰ ਦਿੱਤੀ ਸੀ ਮੈਂ ਆਪਣੀ ਸ਼ਾਮ ਫਰੈਂਕਿਸ ਥੀਏਟਰ ਵਿੱਚ ਗੁਜ਼ਾਰੀ। ਛੋਟਾ ਸਿਕੰਦਰ ਡਿਊਮੈਕਸ ਡਰਾਮਾ ਖੇਡ ਰਿਹਾ ਸੀ ਅਤੇ ਵਉਸ ਦੇ ਸ਼ਾਨਦਾਰ ਅਤੇ ਸ਼ਕਤੀ ਭਰਪੂਰ ਡਰਾਮੇ ਨੇ ਮੇਰੇ ਇਲਾਜ ਨੂੰ ਮੁਕੰਮਲ ਕਰ ਦਿੱਤਾ। ਯਕੀਨਨ ਹੀ ਏਕਾਂਤ ਸੁਚੇਤ ਮਨ ਲਈ ਖ਼ਤਰਨਾਕ ਹੈ। ਸਾਨੂੰ ਆਪਣੇ ਆਸ ਪਾਸ ਅਜਿਹੇ ਵਿਅਕਤੀਆਂ ਦੀ ਲੋੜ ਹੈ ਜੋ ਸੋਚ ਸਕਣ ਅਤੇ ਗੱਲਾਂ

ਕਰ ਸਕਣ। ਜਦੋਂ ਅਸੀਂ ਕਾਫ਼ੀ ਲੰਮੇ ਸਮੇਂ ਲਈ ਇਕੱਲੇ ਹੁੰਦੇ ਹਾਂ ਤਾਂ ਅਸੀਂ ਆਪਣੀ ਹੀ ਪਰਛਾਈਂ ਤੋਂ ਨਸਦੇ ਹਾਂ।

ਮੈਂ ਪੂਰੇ ਜੋਸ਼ ਖਰੋਸ਼ ਨਾਲ ਆਪਣੇ ਹੋਟਲ ਵਿੱਚ ਪਰਤ ਆਇਆ। ਭੀੜ ਵਿੱਚ ਲੰਘਦੇ ਹੋਏ ਮੈਂ ਸੋਚਿਆ ਅਤੇ ਮੈਂ ਆਪਣੇ ਪਿਛਲੇ ਹਫ਼ਤੇ ਨੂੰ ਭੁਲਾ ਦਿੱਤਾ ਸੀ ਕਿਉਂਕਿ ਮੈਨੂੰ ਇਹ ਵਿਸ਼ਵਾਸ ਸੀ ਕਿ ਮੇਰੀ ਛੱਤ ਹੇਠ ਕੋਈ ਅਦਿੱਖ ਰੂਹ ਰਹਿੰਦੀ ਸੀ। ਸਾਡਾ ਮਨ ਕਿੰਨਾ ਕਮਜ਼ੋਰ ਹੈ ਇਹ ਕਿੰਨੀ ਛੇਤੀ ਦਹਿਲ ਜਾਂਦਾ ਹੈ ਅਤੇ ਅਸੰਤੁਲਿਤ ਹੋ ਜਾਂਦਾ ਹੈ, ਜਦੋਂ ਅਸੀਂ ਕਿਸੇ ਮਾਮੂਲੀ ਤੇ ਸਾਧਾਰਨ ਤੱਥ ਨਾਲ ਦੋ ਚਾਰ ਹੁੰਦੇ ਹਾਂ। ਇਸ ਦੀ ਬਜਾਇ ਕਿ ਅਸੀਂ ਇਹ ਕਹਿ ਕੇ ਰੱਦ ਕਰ ਦੇਈਏ ਕਿ ਸਮੱਸਿਆ ਸਾਡੀ ਸਮਝ ਵਿੱਚ ਨਹੀਂ ਆਈ ਕਿਉਂਕਿ ਅਸੀਂ ਇਸ ਦਾ ਕਾਰਨ ਨਹੀਂ ਲੱਭ ਸਕੇ! ਅਸੀਂ ਤੁਰੰਤ ਹੀ ਭਿਆਨਕ ਅਤੇ ਭੂਤ ਪ੍ਰੇਤਾਂ ਆਦਿ ਦੀ ਕਲਪਨਾ ਕਰਨ ਲੱਗ ਜਾਂਦੇ ਹਾਂ।

ਜੁਲਾਈ 14- ਗਣਰਾਜ ਦਾ ਜਸ਼ਨ। ਮੈਂ ਗਲੀਆਂ ਵਿੱਚੋਂ ਦੀ ਲੰਘਿਆ ਅਤੇ ਝੰਡੀਆਂ ਅਤੇ ਪਟਾਕਿਆਂ ਨਾਲ ਮੈਂ ਇਕ ਬੱਚੇ ਵਾਂਗ ਖ਼ੁਸ਼ ਹੋਇਆ ਇਹ ਹੋਰ ਵੀ ਮੂਰਖਤਾ ਵਾਲੀ ਗੱਲ ਹੈ ਕਿ ਕਿਸੇ ਨਿਸ਼ਚਿਤ ਮਿਤੀ ਨੂੰ ਸਰਕਾਰੀ ਹੁਕਮ ਤੋਂ ਖ਼ੁਸ਼ੀ ਮਨਾਈ ਜਾਵੇ। ਲੋਕ ਭੇਡਾਂ ਦੇ ਇੱਜੜ ਵਾਂਗ ਹਨ, ਜੋ ਪੂਰੀ ਤਰ੍ਹਾਂ ਸਬਰ ਕਰੀ ਬੈਠੇ ਹਨ ਅਤੇ ਹੁਣ ਬਾਗ਼ੀ ਹਨ। ਇਉਂ ਕਹਿ ਲਵੋ ਆਪਣੇ ਆਪ ਨੂੰ ਮਸਤ ਰੱਖੋ, ਅਤੇ ਇਸ ਨਾਲ ਖ਼ੁਸ਼ੀ ਮਿਲਦੀ ਹੈ। ਇਉਂ ਕਹੋ, ਜਾਓ ਅਤੇ ਆਪਣੇ ਪੜੋਸੀ ਨਾਲ ਲੜੋ ਅਤੇ ਇਸ ਤਰ੍ਹਾਂ ਹੁੰਦਾ ਹੈ ਅਤੇ ਉਹ ਲੜਦਾ ਹੈ। ਇਉਂ ਕਹੋ,'"ਬਾਦਸ਼ਾਹ ਨੂੰ ਵੋਟ ਦਿਓ' ਅਤੇ ਉਹ ਬਾਦਸ਼ਾਹ ਨੂੰ ਵੋਟ ਦਿੰਦਾ ਹੈ ਫੇਰ ਗਣਰਾਜ ਨੂੰ ਵੋਟ ਦਿਓ, ਅਤੇ ਉਹ ਗਣਰਾਜ ਨੂੰ ਵੋਟ ਦਿੰਦਾ ਹੈ,।

ਜਿਹੜੇ ਇਹ ਹੁਕਮ ਦਿੰਦੇ ਹਨ ਉਹ ਵੀ ਬੇਵਕੂਫ਼ ਹੁੰਦੇ ਹਨ ਪਰ ਉਹ ਮਨੁੱਖਾਂ ਦੀ ਆਗਿਆ ਦਾ ਪਾਲਣ ਕਰਨ ਲਈ ਅਸੂਲਾਂ ਦੀ ਪਾਲਨਾ ਕਰਦੇ ਹਨ ਇਹ ਅਜਿਹਾ ਰਸਤਾ ਹੈ ਜੋ ਪਾਗ਼ਲਪਣ ਵਾਲਾ, ਬੇਅਸਰ ਅਤੇ ਗ਼ਲਤ ਹੈ ਕਿਉਂਕਿ ਇਹ ਅਸੂਲ ਉਹ ਵਿਚਾਰ ਹਨ ਜਿਨ੍ਹਾਂ ਨੂੰ ਜ਼ਰੂਰੀ ਅਤੇ ਗ਼ੈਰ ਤਬਦੀਲ ਯੋਗ ਸਮਝਿਆ ਗਿਆ ਹੈ, ਜਦੋਂ ਕਿ ਇਸ ਸੰਸਾਰ ਵਿੱਚ ਕੋਈ ਵੀ ਕਿਸੇ ਚੀਜ਼ ਲਈ

ਨਿਸ਼ਚਿਤ ਨਹੀਂ ਕਿਉਂਕਿ ਰੋਸ਼ਨੀ ਇਹ ਭਰਮ ਹੈ ਅਤੇ ਸ਼ੋਰ ਵੀ ਇਕ ਧੋਖਾ ਹੈ। ਜੁਲਾਈ 16, ਮੈਂ ਕੱਲ੍ਹ ਕੋਈ ਚੀਜ਼ ਵੇਖੀ ਜਿਸ ਨੇ ਮੈਨੂੰ ਬਹੁਤ ਦੁਖੀ ਕੀਤਾ ਹੈ।

ਮੈਂ ਆਪਣੀ ਚਚੇਰੀ ਭੈਣ ਮੈਡਮ ਸੇਬਲ ਨਾਲ ਖਾਣਾ ਖਾ ਰਿਹਾ ਸੀ, ਜਿਸ ਦਾ ਪਤੀ 26 ਲਿਗੋਗਜ਼ ਵਿਖੇ ਚਸਿਊਰਜ ਦਾ ਕਰਨਲ ਹੈ। ਉੱਥੇ ਦੋ ਨੌਜਵਾਨ ਇਸਤਰੀਆਂ ਸਨ, ਉਨ੍ਹਾਂ ਵਿੱਚੋਂ ਇਕ ਦਾ ਵਿਆਹ ਡਾਕਟਰ ਪੈਰੇਟ ਨਾਲ ਹੋਇਆ ਸੀ ਜਿਸ ਨੇ ਆਪਣੇ ਆਪ ਨੂੰ ਪਾਗ਼ਲਪਣ ਦੀਆਂ ਬਿਮਾਰੀਆਂ ਵਿੱਚ ਜੁਟਾਇਆ ਹੋਇਆ ਸੀ ਅਤੇ ਹੋਰ ਹੈਰਾਨੀ ਵਾਲੀ ਗੱਲ ਇਹ ਹੈ ਜੋ ਹੁਣੇ ਹੀ ਕਲਪਿਤ ਤਜ਼ਰਬਿਆਂ ਵਿੱਚ ਲੱਗਾ ਹੋਇਆ ਸੀ ਅਤੇ ਸੁਝਾਅ ਦਿੱਤੇ ਜਾ ਰਹੇ ਹਨ।

ਉਸ ਨੇ ਅੰਗਰੇਜ਼ ਵਿਗਿਆਨੀਆਂ ਅਤੇ ਨੇਸੀ ਦੇ ਮੈਡੀਕਲ ਸਕੂਲ ਦੇ ਡਾਕਟਰਾਂ ਦੁਆਰਾ ਕੱਢੇ ਨਤੀਜੇ ਸਾਨੂੰ ਵਿਸਤਾਰ ਵਿੱਚ ਦੱਸੇ ਅਤੇ ਜੋ ਸਿੱਟੇ ਉਸ ਨੇ ਕੱਢੇ ਉਹ ਮੈਨੂੰ ਇਤਨੇ ਅਜੀਬ ਜਾਪੇ ਕਿ ਮੈਂ ਇਹ ਐਲਾਨ ਕੀਤਾ ਕਿ ਮੈਂ ਉੱਕਾ ਹੀ ਅਵਿਸ਼ਵਾਸੀ ਸੀ।

ਉਸ ਨੇ ਦੱਸਿਆ ਅਸੀਂ ਕੁਦਰਤ ਦੇ ਇਕ ਅਤਿ ਮਹੱਤਵਪੂਰਨ ਭੇਦ ਦੀ ਖੋਜ ਕਰਨ ਵਾਲੇ ਹਾਂ। ਮੇਰਾ ਭਾਵ ਹੈ ਇਸ ਧਰਤੀ ਉੱਤੇ ਕੁਦਰਤ ਦਾ ਇਕ ਬਹੁਤ ਹੀ ਜ਼ਰੂਰੀ ਭੇਦ, ਕਿਉਂਕਿ ਉੱਥੇ ਸਿਤਾਰਿਆਂ ਵਿੱਚ ਬਹੁਤ ਹੀ ਮਹੱਤਵ ਵਾਲੀ ਗੱਲ ਹੈ। ਜਦੋਂ ਦਾ ਮਨੁੱਖ ਸੋਚਣ ਲੱਗਾ ਹੈ, ਜਦੋਂ ਦਾ ਉਹ ਬੋਲਣ ਲੱਗਾ ਹੈ ਅਤੇ ਆਪਣੇ ਵਿਚਾਰ ਲਿਖਤ ਰੂਪ ਵਿੱਚ ਪ੍ਰਗਟ ਕਰਨ ਲੱਗਾ ਹੈ ਉਹ ਆਪਣੇ ਆਪ ਨੂੰ ਇਕ ਰਾਜ ਦੇ ਨਿਕਟ ਮਹਿਸੂਸ ਕਰਨ ਲੱਗ ਪਿਆ ਹੈ ਜੋ ਉਸ ਦੀਆਂ ਗਿਆਨ ਇੰਦਰੀਆਂ ਉੱਤੇ ਅਸਰ ਪਾਉਂਦਾ ਅੰਗਾਂ ਨੂੰ ਆਪਣੀ ਸੂਝ ਦੇ ਯਤਨਾਂ ਰਾਹੀ ਧੱਸਦਾ ਹੋਇਆ ਮਹਿਸੂਸ ਕਰਦਾ ਹੈ। ਜਿਨ੍ਹਾਂ ਚਿਰ ਬੁੱਧੀ ਆਪਣੀ ਮੁੱਢਲੀ ਹਾਲਤ ਵਿੱਚ ਰਹਿੰਦੀ ਹੈ ਤਾਂ ਅਦਿੱਖ ਰੂਹਾਂ ਨਾਲ ਇਹ ਮੇਲ ਜੋਲ ਵੱਖ ਵੱਖ ਸ਼ਕਲਾਂ ਧਾਰਨ ਕਰਦਾ ਰਹਿੰਦਾ ਹੈ, ਜੋ ਭਾਵੇਂ ਭਿਆਨਕ ਹੁੰਦੇ ਹੋਏ ਵੀ ਸਾਧਾਰਨ ਹੀ ਜਾਪਦੀ ਹੈ। ਫੇਰ ਕਰਾਮਾਤਾਂ ਵਿੱਚ ਵੀ ਵਿਸ਼ਵਾਸ ਹੋਣ ਲਗ ਪੈਂਦਾ ਹੈ ਚਲਦੀਆਂ ਫਿਰਦੀਆਂ ਰੂਹਾਂ, ਪਰੀਆਂ, ਰਾਖਸ਼ਾਂ - ਭੂਤ-ਪ੍ਰੇਤਾਂ ਦੀਆਂ ਕਥਾਵਾਂ, ਜੇ ਮੈਂ ਇਹ ਵੀ ਕਰਾਂ ਕਿ ਪ੍ਰਮਾਤਮਾ ਦਾ ਖ਼ਿਆਲ ਜੋ ਸਾਡੇ ਖ਼ਿਆਲ ਵਿੱਚ ਸਭ ਦਾ ਰਚਨਹਾਰ ਹੈ, ਭਾਵੇਂ ਇਹ ਪਾਣੀ ਕਿਸੇ

ਵੀ ਧਰਮ ਨਾਲ ਸਬੰਧ ਰੱਖਦੇ ਹੋਣ। ਨਿਰਸੰਦੇਹ ਬਹੁਤ ਸਾਧਾਰਨ, ਉੱਜੜ ਅਤੇ ਅਪ੍ਰਵਾਨ ਕਾਢਾਂ ਹਨ, ਜੋ ਕਦੇ ਕਿਸੇ ਡਰੇ ਹੋਏ ਮਨੁੱਖੀ ਦਿਮਾਗ਼ ਵਿੱਚੋਂ ਉਤਪੰਨ ਹੋ ਸਕਦੀਆਂ ਹਨ।

ਵੋਲਟੇਅਰ ਦੇ ਕਥਨ ਤੋਂ ਵੱਧ ਹੋਰ ਕੀ ਸੱਚ ਹੋ ਸਕਦਾ ਹੈ; “ਜੇ ਪ੍ਰਮਾਤਮਾ ਨੇ ਮਨੁੱਖ ਨੂੰ ਆਪਣੀ ਹੀ ਸ਼ਕਲ ਪ੍ਰਦਾਨ ਕੀਤੀ ਹੈ ਤਾਂ ਮਨੁੱਖ ਨੇ ਵੀ ਉਸ ਦਾ ਬਦਲਾ ਉਸੇ ਤਰ੍ਹਾਂ ਹੀ ਚੁਕਾਇਆ ਹੈ।”

“ਪਰ ਇਕ ਸਦੀ ਤੋਂ ਵੱਧ ਸਮਾਂ ਹੋਇਆ, ਮਨੁੱਖਾਂ ਨੂੰ ਕੋਈ ਨਵੀਂ ਘਟਨਾ ਵਾਪਰਨ ਦਾ ਖੁਟਕਾ ਲੱਗਾ। ਮੈਸਪਰ ਅਤੇ ਹੋਰ ਵਿਅਕਤੀਆਂ ਨੇ ਸਾਨੂੰ ਅਣਜਾਣ ਰਸਤੇ ’ਤੇ ਪਾ ਦਿੱਤਾ ਹੈ, ਅਤੇ ਵਿਸ਼ੇਸ਼ ਕਰਕੇ ਪਿਛਲੇ ਦੋ ਜਾਂ ਤਿੰਨ ਸਾਲਾਂ ਦੇ ਅੰਦਰ ਅਸੀਂ ਬਹੁਤ ਹੀ ਅਜੀਬੋ ਗ਼ਰੀਬ ਸਿੱਟਿਆਂ ’ਤੇ ਪੁੱਜੇ ਹਾਂ!"

ਮੇਰੀ ਚਚੇਰੀ ਭੈਣ, ਜਿਹੜੀ ਬਹੁਤ ਹੀ ਅਵਿਸ਼ਵਾਸੀ ਹੈ, ਹੱਸੀ ਅਤੇ ਡਾ. ਪੇਰੈਟ ਨੇ ਉਸ ਨੂੰ ਕਿਹਾ “ਸ੍ਰੀਮਤੀ ਜੀ ਕੀ ਤੁਸੀਂ ਮੈਨੂੰ ਤੁਹਾਨੂੰ ਸਲਾਉਣ ਦਾ ਯਤਨ ਕਰਨ ਦਿਉਗੇ।”

"ਹਾਂ, ਜ਼ਰੂਰ”

ਉਹ ਇਕ ਅਰਾਮ ਕੁਰਸੀ ਵਿੱਚ ਬੈਠ ਗਈ ਅਤੇ ਉਹ ਉਸ ਨੂੰ ਨੀਝ ਲਾ ਕੇ ਤੱਕਣ ਲੱਗੀ ਜਿਵੇਂ ਉਸ ਨੂੰ ਮੋਹ ਰਹੀ ਹੋਵੇ, ਮੈਂ ਅਚਾਨਕ ਹੀ ਆਪਣੇ ਆਪ ਨੂੰ ਕੁਝ ਅੰਗਹੀਣ ਜਿਹਾ ਮਹਿਸੂਸ ਕੀਤਾ ਮੇਰਾ ਦਿਲ ਜ਼ੋਰ ਜ਼ੋਰ ਨਾਲ ਧੜਕਣ ਲੱਗਾ, ਮੇਰੇ ਗਲ ਵਿੱਚੋਂਰੁੰਧੀ ਹੋਈ ਆਵਾਜ਼ ਨਿਕਲਦੀ ਮਹਿਸੂਸ ਹੋਈ ਮੈਂ ਦੇਖਿਆ ਕਿ ਮੈਡਮ ਸੇਬਲ ਦੀਆਂ ਅੱਖਾਂ ਭਾਰੀ ਹੋ ਰਹੀਆਂ ਸਨ ਉਸ ਦਾ ਮੂੰਹ ਫਰਕਣ ਲੱਗ ਪਿਆ ਅਤੇ ਉਸ ਦੀ ਹਿੱਕ ਉੱਭਰਨ ਲੱਗੀ, ਅਤੇ ਦਸ ਮਿੰਟਾਂ ਪਿੱਛੋਂ ਉਹ ਸੌਂ ਗਈ।

ਡਾਕਟਰ ਨੇ ਮੈਨੂੰ ਕਿਹਾ “ਉਸ ਦੇ ਪਿੱਛੇ ਜਾਓ ਮੈਂ ਉਸ ਦੇ ਪਿੱਛੇ ਜਾ ਬੈਠਾ। ਉਸ ਨੇ ਆਪਣਾ ਸ਼ਨਾਖ਼ਤੀ ਕਾਰਡ ਉਸ ਦੇ ਹੱਥ ਵਿੱਚ ਦਿੱਤਾ ਅਤੇ ਉਸ ਨੂੰ ਕਿਹਾ ਇਹ ਸ਼ੀਸ਼ਾ ਹੈ ਤੁਸੀਂ ਇਸ ਵਿੱਚ ਕੀ ਦੇਖ ਰਹੇ ਹੋ।

ਉਸ ਨੇ ਉੱਤਰ ਦਿੱਤਾ, ਮੈਂ ਆਪਣੇ ਚਚੇਰੇ ਭਰਾ ਨੂੰ ਵੇਖਦੀ ਹਾਂ"

"ਉਹ ਕੀ ਕਰ ਰਿਹਾ ਹੈ?

"ਉਹ ਆਪਣੀਆਂ ਮੁੱਛਾਂ ਨੂੰ ਵੱਟ ਦੇ ਰਿਹਾ ਹੈ।

ਅਤੇ ਹੁਣ?"

"ਉਹ ਆਪਣੀ ਜੇਬ ਵਿੱਚੋਂ ਫ਼ੋਟੋ ਕੱਢ ਰਿਹਾ ਹੈ।"

ਇਹ ਫ਼ੋਟੋ ਕਿਸ ਦੀ ਹੈ"

"ਉਸ ਦੀ ਆਪਣੀ"

"ਬਿਲਕੁਲ ਠੀਕ, ਕਿਉਂਕਿ ਇਹੋ ਫ਼ੋਟੋ ਮੈਨੂੰ ਹੋਟਲ ਵਿੱਚ ਉਸ ਸ਼ਾਮ ਨੂੰ ਦਿੱਤੀ ਸੀ!

ਇਸ ਫ਼ੋਟੋ ਵਿੱਚ ਉਹ ਕਿਸ ਤਰ੍ਹਾਂ ਜਾਪਦਾ ਹੈ?

ਉਹ ਇਸ ਫ਼ੋਟੋ ਵਿੱਚ ਹੱਥ ਵਿੱਚ ਹੈਟ ਲਈ ਖੜ੍ਹਾ ਹੈ। ਉਸ ਨੇ ਇਹ ਗੱਲਾਂ ਉਸ ਕਾਰਡ ਵਿੱਚ ਵੇਖੀਆਂ, ਉਸ ਸਫ਼ੈਦ ਕਾਗ਼ਜ਼ ਦੇ ਟੁਕੜੇ ਵਿੱਚ ਇਸ ਤਰ੍ਹਾਂ ਜਿਵੇਂ ਉਹ ਸਭ ਕੁਝ ਇਸ ਸ਼ੀਸ਼ੇ ਵਿੱਚ ਤੱਕ ਰਹੀ ਹੋਵੇ।

ਨੌਜਵਾਨ ਇਸਤਰੀਆਂ ਡਰ ਗਈਆਂ ਅਤੇ ਕਿਹਾ ਬੱਸ ਇਤਨਾ ਹੀ ਕਾਫ਼ੀ ਹੈ ਬੱਸ ਇਤਨਾ ਹੀ ਹੈ।

ਪਰ ਡਾਕਟਰ ਨੇ ਉਸ ਨੂੰ ਪੂਰੇ ਭਰੋਸੇ ਨਾਲ ਕਿਹਾ "ਤੁਸੀਂ ਕੱਲ੍ਹ, ਸਵੇਰੇ ਅੱਠ ਵਜੇ ਉੱਠੋਗੇ; ਫੇਰ ਤੁਸੀਂ ਹੋਟਲ ਵਿੱਚ ਜਾਉਗੇ ਅਤੇ ਆਪਣੇ ਚਚੇਰੇ ਭਰਾ ਨੂੰ ਮਿਲੋਅਤੇ ਪੰਜ ਹਜ਼ਾਰ ਫਰੈਂਕ ਦੇਣ ਲਈ ਕਹੋ ਜਿਹੜੇ ਤੁਹਾਡੇ ਪਤੀ ਨੇ ਤੁਹਾਡੇ ਤੋਂ ਮੰਗੇ ਹਨ।ਅਤੇ ਜਿਹੜੇ ਤੁਹਾਡੇ ਤੋਂ ਮੰਗੇਗਾ ਜਦੋਂ ਉਹ ਆਪਣੇ ਸਫ਼ਰ 'ਤੇ ਜਾਵੇਗਾ "।

ਫੇਰ ਉਸ ਨੇ ਉਸ ਨੂੰ ਜਗਾਇਆ।

ਹੋਟਲ ਵਿੱਚ ਵਾਪਸ ਪਰਤਣ ' ਤੇ ਮੈਂ ਇਸ ਸਮੱਸਿਆ 'ਤੇ ਵਿਚਾਰ ਕੀਤਾ ਅਤੇ ਮੈਨੂੰ ਸ਼ੱਕਾਂ ਨੇ ਘੇਰ ਲਿਆ, ਸਿਰਫ਼ ਮੇਰੇ ਚਚੇਰੇ ਭਰਾ ਨਾਲ ਹੀ ਨਹੀਂ ਅਤੇ

ਬਿਨਾ ਸ਼ੱਕ ਨੇਕਨੀਤੀ ਨਾਲ ਕਿਉਂਕਿ ਮੈਂ ਉਸ ਨੂੰ ਜਾਣਦਾ ਸੀ ਪਰ ਜਿੱਥੋਂ ਤੱਕ ਡਾਕਟਰ ਦੀ ਚਲਾਕੀ ਦਾ ਹੈ ਪ੍ਰਸ਼ਨ ਹੈ ਮੈਨੂੰ ਉਹ ਬਚਪਨ ਤੋਂ ਹੀ ਮੇਰੀ ਭੈਣ ਜਾਪਦੀ ਹੈ। ਸ਼ਾਇਦ ਜੇ ਉਸ ਨੇ ਆਪਣੇ ਹੱਥ ਵਿੱਚ ਗਲਾਸ ਨਾ ਲੁਕਾਇਆ ਹੁੰਦਾ, ਜਿਹੜਾ ਉਸ ਸਮੇਂ ਨੀਂਦ ਵਿੱਚ ਨੌਜਵਾਨ ਇਸਤਰੀ ਨੂੰ ਵਿਖਾਇਆ ਸੀ, ਜਿਵੇਂ ਉਸ ਨੇ ਕਾਰਡ ਦਿਖਾਇਆ ਸੀ? ਪੇਸ਼ਾਵਰਾਨਾ ਮਦਾਰੀ ਅਜਿਹੀਆਂ ਚੀਜ਼ਾਂ ਕਰਦੇ ਹਨ ਜੋ ਆਪਣੀ ਮਿਸਾਲ ਆਪ ਹੁੰਦੀਆਂ ਹਨ।

ਐਪਰ, ਮੈਂ ਬਿਸਤਰੇ ਵਿੱਚ ਪੈ ਗਿਆ ਅਤੇ ਅੱਜ ਸਵੇਰੇ ਸਾਢੇ ਅੱਠ ਵਜੇ ਮੈਨੂੰ ਮੇਰੇ ਸਿਪਾਹੀ ਨੇ ਜਗਾਇਆ ਜਿਸ ਨੇ ਮੈਨੂੰ ਕਿਹਾ, 'ਮੈਡਮ ਸੇਬਲ ਨੇ ਮੈਨੂੰ ਤੁਹਾਨੂੰ ਮਿਲਣ ਲਈ ਕਿਹਾ ਹੈ, ਮੌਨਸੀਅਰ"! ਮੈਂ ਜਲਦੀ ਜਲਦੀ ਕੱਪੜੇ ਪਹਿਨੇ ਅਤੇ ਉਸ ਪਾਸ ਚਲਾ ਗਿਆ।

ਜਦੋਂ ਤੱਕ ਬੈਠੀ ਅਤੇ ਉਸ ਦੀਆਂ ਨਜ਼ਰਾਂ ਜ਼ਮੀਨ ’ਤੇ ਗੱਡੀਆਂ ਹੋਈਆਂ ਸਨ ਅਤੇ ਆਪਣਾ ਘੁੰਡ ਉਪਰ ਚੁੱਕੇ ਬਿਨਾਂ ਉਸ ਨੇ ਮੈਨੂੰ ਕਿਹਾ, "ਮੇਰੇ ਪਿਆਰੇ ਵੀਰ, ਮੈਂ ਤੁਹਾਡੇ ਤੋਂ ਇਕ ਵੱਡੀ ਰਿਆਇਤ ਮੰਗਣ ਲੱਗੀ ਹਾਂ।"

"ਵੀਰ ਇਹ ਗੱਲ ਕੀ ਹੈ?"

ਮੈਂ ਤੁਹਾਨੂੰ ਦੱਸਣਾ ਨਹੀਂ ਚਾਹੁੰਦਾ, ਅਤੇ ਫਿਰ ਵੀ ਮੈਂ ਤੈਨੂੰ ਜ਼ਰੂਰ ਦੱਸਾਂਗਾ। ਮੈਨੂੰ ਪੰਜ ਹਜ਼ਾਰ ਫਰੈਂਕ ਦੀ ਲੋੜ ਹੈ"।

"ਕੀ ਤੂੰ?"

"ਹਾਂ, ਮੈਂ ਜਾਂ ਮੇਰਾ ਪਤੀ ਜਿਸ ਨੇ ਮੈਨੂੰ। ਇਹ ਰਕਮ ਆਪਣੇ ਲਈ ਇਕੱਤਰ ਕਰਨ ਲਈ ਕਿਹਾ ਹੈ।" ਮੈਂ ਇਤਨਾ ਡਰਿਆ ਹੋਇਆ ਸੀ ਕਿਮੈਂ ਉੱਤਰ ਦੇਣ ਲੱਗਿਆ ਵੀਝਿਜਕਿਆ। ਮੈਂ ਆਪਣੇ ਆਪ ਨੂੰ ਪੁੱਛਿਆ ਕਿ ਕੀ ਡਾਕਟਰ ਪੇਰੈਟ ਮੇਰਾ ਮਜ਼ਾਕ ਤਾਂ ਨਹੀਂ ਉਡਾ ਰਿਹਾ ਸੀ ਜੋ ਇਹ ਬਹੁਤ ਹੀ ਗਿਣੀ ਮਿਥੀ ਗੱਲ ਤਾਂ ਨਹੀਂ ਜੋ ਪਹਿਲਾਂ ਹੀ ਪ੍ਰਤੱਖ ਹੋ ਗਈ ਸੀ। ਐਪਰ ਉਸ ਵੱਲ ਪੂਰੇ ਧਿਆਨ ਨਾਲ ਤੱਕ ਕੇ ਮੇਰੇ ਸ਼ੱਕ ਦੂਰ ਹੋ ਗਏ।

ਉਹ ਦੁੱਖ ਨਾਲ ਕੰਬ ਰਹੀ ਸੀ, ਇਹ ਗੱਲ ਉਸ ਲਈ ਇਤਨੀ ਦੁੱਖਦਾਈ ਸੀ, ਅਤੇ ਮੈਨੂੰ ਯਕੀਨ ਸੀ ਕਿ ਉਸ ਦਾ ਗਲਾ ਭਰਿਆ ਹੋਇਆ ਸੀ।

ਮੈਨੂੰ ਪਤਾ ਸੀ ਕਿ ਉਹ ਬਹੁਤ ਅਮੀਰ ਸੀ ਅਤੇ ਇਸ ਲਈ ਮੈਂ ਗੱਲ ਜਾਰੀ ਰੱਖੀ; ਕੀ ਤੇਰੇ ਪਤੀ ਕੋਲ ਪੰਜ ਹਜ਼ਾਰ ਫਰੈਂਕ ਵੀ ਨਹੀਂ ਹਨ? ਇੱਧਰ ਆ, ਸੋਚ ਕੀ ਤੈਨੂੰ ਪੱਕੀ ਤਰ੍ਹਾਂ ਪਤਾ ਹੈ ਕਿ ਉਸ ਨੇ ਇਹ ਰਕਮ ਲੈਣ ਲਈ ਤੈਨੂੰ ਮੇਰੇ ਪਾਸ ਭੇਜਿਆ ਹੈ? ਕੀ ਤੈਨੂੰ ਪੂਰਾ ਯਕੀਨ ਹੈ?

ਉਹ ਕੁਝ ਪਲ ਲਈ ਝਿਜਕੀ, ਜਿਵੇਂ ਉਹ ਆਪਣੀ ਯਾਦਦਾਸ਼ਤ ਲਈ ਪੂਰਾ ਯਤਨ ਕਰ ਰਹੀ ਸੀ ਅਤੇ ਫੇਰ ਉਸ ਨੇ ਉੱਤਰ ਦਿੱਤਾ :

"ਹਾਂ, ਹਾਂ ਮੈਨੂੰ ਪੂਰਾ ਪੂਰਾ ਯਕੀਨ ਹੈ"।

ਉਸ ਨੇ ਤੈਨੂੰ ਪੱਤਰ ਲਿਖਿਆ ਹੈ?

ਉਹ ਫਿਰ ਝਿਜਕੀ ਅਤੇਕਿਹਾ ਅਤੇ ਮੈਂ ਉਸ ਦੇ ਵਿਚਾਰਾਂ ਦੀ ਕੱਟੜਤਾ ਦਾ ਅੰਦਾਜ਼ਾ ਲਾਇਆ। ਉਸ ਨੂੰ ਪਤਾ ਨਹੀਂ। ਉਸ ਨੂੰ ਕੇਵਲ ਇਤਨਾ ਹੀ ਪਤਾ ਸੀ ਕਿ ਉਸ ਨੇ ਆਪਣੇ ਪਤੀ ਲਈ ਪੰਜ ਹਜ਼ਾਰ ਫਰੈਂਕ ਉਧਾਰੇ ਲੈਣੇ ਸਨ। ਇਸ ਲਈ ਉਹ ਝੂਠ ਬੋਲੀ।

"ਹਾਂ ਉਸ ਨੇ ਮੈਨੂੰ ਪੱਤਰ ਲਿਖਿਆ ਹੈ।"

"ਕਦੋਂ ਰੱਬ ਰੱਬ ਕਰੋ? ਤੂੰ ਮੈਨੂੰ ਕੱਲ੍ਹ ਤਾਂ ਇਹ ਜ਼ਿਕਰ ਨਹੀਂ ਕੀਤਾ।"

ਮੈਨੂੰ ਉਸ ਦਾ ਪੱਤਰ ਅੱਜ ਸਵੇਰੇ ਹੀ ਮਿਲਿਆ ਸੀ।"

"ਕੀ ਤੁਸੀਂ ਮੈਨੂੰ ਇਹ ਦਿਖਾ ਸਕਦੇ ਹੋ?"

ਨਹੀਂ ਨਹੀਂ; ਨਹੀਂ ਇਸ ਵਿੱਚ ਨਿੱਜੀ ਗੱਲਾਂ ਸਨ, ਜੋ ਸਾਡੇ ਨਾਲ ਹੀ ਸਬੰਧਿਤ ਸਨ।

ਮੈਂ ਇਸ ਨੂੰ ਜਲਾ ਦਿੱਤਾ।"

"ਤਾਂ ਤੁਹਾਡਾ ਪਤੀ ਕਰਜ਼ਾਈ ਹੈ?

ਉਹ ਫੇਰ ਹਿਚਕਚਾਈ ਅਤੇ ਫੇਰ ਫਿਸਫਸਾਈ “ਮੈਨੂੰ ਨਹੀਂ ਪਤਾ।”

ਇਸ ’ਤੇ ਮੈਂ ਤੋੜ ਕੇ ਉੱਤਰ ਦਿੱਤਾ “ਮੇਰੇ ਵੀਰ ਇਸ ਵੇਲੇ ਮੇਰੇ ਕੋਲ ਪੰਜ ਹਜ਼ਾਰ ਫਰੈਂਕ ਨਹੀਂ ਹਨ।”

ਉਹ ਚਿਲਾਈ, ਜਿਵੇਂ ਉਸ ਨੂੰ ਦੁੱਖ ਹੋਵੇ ਅਤੇ ਕਿਹਾ: “ਓ-ਓ ਮੈਂ ਤੁਹਾਨੂੰ ਬੇਨਤੀ ਕਰਦੀ ਹਾਂ, ਮੈਂ ਬੇਨਤੀ ਕਰਦੀ ਹਾਂ ਕਿ ਤੁਸੀਂ ਇਹ ਰਕਮ ਮੇਰੇ ਕਰਕੇ ਲੈ ਲਵੋ।”

ਉਹ ਉਤੇਜਿਤ ਹੋਇਆ ਅਤੇ ਆਪਣੇ ਹੱਥ ਜੋੜੇ ਜਿਵੇਂ ਉਹ ਮੈਨੂੰ ਪ੍ਰਾਰਥਨਾ ਕਰ ਰਹੀ ਹੋਵੇ। ਓ ਮੈਂ ਉਸ ਦੀ ਬਦਲਦੀ ਹੋਈ ਲਹਿਜ਼ੇ ਵਿੱਚ ਅਵਾਜ਼ ਸੁਣੀ। ਉਹ ਰੋਈ ਅਤੇ ਸਿਸਕੀ ਉਸ ਤੋਂ ਪ੍ਰਾਪਤ ਹੋਏ ਆਦੇਸ਼ ਦਾ ਡਰ ਛਾਇਆ ਹੋਇਆ ਸੀ!

ਓ ਓ ਮੈਂ ਤੁਹਾਨੂੰ ਬੇਨਤੀ ਕਰਦੀ ਹਾਂ ਜੇ ਤੁਹਾਨੂੰ ਪਤਾ ਸੀ ਕਿ ਮੈਨੂੰ ਕੀ ਦੁੱਖ ਹੈ ਮੈਨੂੰ ਉਸ ਰਕਮ ਦੀ ਲੋੜ ਹੈ।”

ਮੈਨੂੰ ਉਸ ’ਤੇ ਤਰਸ ਆਇਆ: “ਮੈਂ ਸੌਂਹ ਖਾ ਕੇ ਕਹਿੰਦਾ ਹਾਂ ਕਿ ਤੁਹਾਨੂੰ ਹੋਲੀਹੌਲੀ ਦੇ ਦਿਆਂਗਾ !

ਓ ਧੰਨਵਾਦ ਧੰਨਵਾਦ, ਤੁਸੀਂ ਕਿੰਨੇ ਮਿਹਰਬਾਨ ਹੋ”? ਮੈਂ ਗੱਲ ਜਾਰੀ ਰੱਖੀ “ਤੈਨੂੰ ਯਾਦ ਹੈ ਕਿ ਪਿਛਲੀ ਰਾਤ ਤੇਰੇ ਘਰ ਵਿੱਚ ਕੀ ਹੋਇਆ ਸੀ।”

“ਹਾਂ”

“ਕੀ ਤੁਹਾਨੂੰ ਚੇਤੇ ਹੈ ਕਿ ਡਾਕਟਰ ਪੇਰੈਟ ਨੇ ਤੁਹਾਨੂੰ ਸੁਲ੍ਹਾ ਦਿੱਤਾ ਸੀ?"

“ਹਾਂ”

“ਓ ਬਹੁਤ ਠੀਕ ; ਉਸ ਨੇ ਤੁਹਾਨੂੰ 5000 ਫਰੈਂਕ ਉਧਾਰ ਲੈਣ ਲਈ ਅੱਜ ਸਵੇਰੇ ਮੇਰੇ ਪਾਸ ਆਉਣ ਲਈ ਕਿਹਾ ਸੀ, ਅਤੇ ਇਸ ਸਮੇਂ ਤੁਸੀਂ ਇਸ ’ਤੇ ਅਮਲ ਕਰ ਰਹੇ ਹੋ।” ਉਸ ਨੇ ਕੁਝ ਪਲਾਂ ਲਈ ਸੋਚਿਆ ਅਤੇ ਫੇਰ ਉੱਤਰ ਦਿੱਤਾ : “ਪਰ ਇਨ੍ਹਾਂ ਦੀ ਤਾਂ ਮੇਰੇ ਪਤੀ ਨੂੰ ਹੀ ਲੋੜ ਹੈ"

ਘੰਟਾ ਭਰ ਮੈਂ ਉਸ ਦੀ ਤਸੱਲੀ ਕਰਾਉਣ ਦੀ ਕੋਸ਼ਸ਼ ਕਰਦਾ ਰਿਹਾ, ਪਰ ਸਫ਼ਲ ਨਾ ਹੋਇਆ ਅਤੇ ਜਦੋਂ ਉਹ ਚਲੀ ਗਈ ਤਾਂ ਮੈਂ ਡਾਕਟਰ ਪਾਸ ਚਲਾ ਗਿਆ। ਉਹ ਬਾਹਰ ਜਾਣ ਹੀ ਵਾਲਾ ਸੀ ਅਤੇ ਉਸ ਨੇ ਪੂਰੀ ਮੁਸਕਰਾਹਟ ਨਾਲ ਮੇਰੀ ਗੱਲ ਸੁਣੀ ਅਤੇ ਕਿਹਾ : ਕੀ ਤੁਸੀਂ "ਹੁਣ ਵਿਸ਼ਵਾਸ ਕਰਦੇ ਹੋ? "

"ਹਾਂ, ਮੈਂ ਕੁਝ ਨਹੀਂ ਕਰ ਸਕਦਾ"

"ਆਓ ਹੁਣ ਅਸੀਂ ਤੁਹਾਡੀ ਚਚੇਰੀ ਭੈਣ ਪਾਸ ਚੱਲੀਏ।"

ਉਹ ਥਕਾਵਟ ਨਾਲ ਚੂਰ ਹੋਈ ਸੋਫ਼ੇ ਤੇ ਅਰਾਮ ਕਰ ਰਹੀ ਸੀ।

ਨਬਜ਼ ਦੇਖੀ, ਡਾਕਟਰ ਨੇ ਕੁਝ ਦੇਰ ਉਸ ਵੱਲ ਤੱਕਦੇ ਹੋਏ ਉਸ ਦੀ ਨਬਜ਼ ਦੇਖੀ, ਉਸ ਨੇ ਇਸ ਜਾਦੂ ਵਾਲੇ ਅਸਰ ਦੀ ਸ਼ਕਤੀ ਕਾਰਨ ਆਪਣੀਆਂ ਅੱਖਾਂ ਕੁਝ ਕੁ ਮੀਟੀਆਂ ਹੋਈਆਂ ਸਨ। ਜਦੋਂ ਉਹ ਸੁੱਤੀ ਪਈ ਸੀ, ਤਾਂ ਉਸ ਨੇ ਕਿਹਾ:-

ਤੇਰੇ ਪਤੀ ਨੂੰ ਹੁਣ ਪੰਜ ਹਜ਼ਾਰ ਫਰੈਂਕ ਦੀ ਕੋਈ ਲੋੜ ਨਹੀਂ ਰਹੀ ਇਸ ਲਈ ਤੂੰ ਇਹ ਭੁੱਲ ਜਾ ਕਿ ਤੂੰ ਆਪਣੇ ਚਚੇਰੇ ਭਰਾ ਨੂੰ ਇਹ ਰਕਮ ਉਧਾਰ ਦੇਣ ਲਈ ਕਿਹਾ ਸੀ ਅਤੇ ਜੇ ਉਹ ਇਸ ਬਾਰੇ ਤੇਰੇ ਨਾਲ ਗੱਲ ਕਰੇ ਤਾਂ ਤੂੰ ਉਸ ਨੂੰ ਨਹੀਂ ਸਮਝੇਗੀ।

ਫੇਰ ਉਸ ਨੇ ਉਸ ਨੂੰ ਜਗਾਇਆ ਅਤੇ ਮੈਂ ਪਾਕਿਟ ਬੁੱਕ ਕੱਢੀ ਅਤੇ ਕਿਹਾ "ਇਹ ਹੈ ਜੋ ਕੁਝ ਤੂੰ ਅੱਜ ਸਵੇਰੇ ਮੈਨੂੰ ਕਿਹਾ ਸੀ, ਮੇਰੀ ਪਿਆਰੀ ਭੈਣ ਪਰ ਉਹ ਇਤਨੀ ਹੈਰਾਨ ਸੀ ਕਿ ਮੈਂ ਉੱਕਾ ਹੀ ਜ਼ੋਰ ਦੇਣ ਦੀ ਕੋਸ਼ਿਸ਼ ਨਾ ਕੀਤੀ, ਮੈਂ ਉਸ ਨੂੰ ਹਾਲਤ ਯਾਦ ਕਰਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਸੋਚ ਕੇ ਪੂਰੇ ਜ਼ੋਰ ਨਾਲ ਇਸ ਤੋਂ ਇਨਕਾਰ ਕਰ ਦਿੱਤਾ ਕਿ ਮੈਂ ਉਸ ਦਾ ਮਜ਼ਾਕ ਉਡਾ ਰਿਹਾ ਸੀ, ਅਤੇ ਅੰਤ ਵਿੱਚ ਲਗਭਗ ਆਪਣੇ ਆਪੇ ਤੋਂ ਬਾਹਰ ਹੋ ਗਈ।

ਉੱਥੇ ਮੈਂ ਹੁਣੇ ਹੀ ਵਾਪਸ ਆਇਆ ਹਾਂ ਕਿਉਂਕਿ ਇਸ ਗੱਲ ਕਰਕੇ ਮੈਂ ਉੱਕਾ ਹੀ ਘਬਰਾ ਗਿਆ ਹਾਂ ਇਸ ਲਈ ਮੈਂ ਦੁਪਹਿਰ ਦਾ ਖਾਣਾ ਵੀ ਨਹੀਂ ਖਾਧਾ।

ਜੁਲਾਈ 29 - ਬਹੁਤ ਸਾਰੇ ਲੋਕ ਜਿਨ੍ਹਾਂ ਨੂੰ ਮੈਂ ਇਹ ਦੱਸਿਆ ਮੇਰੇ ’ਤੇ ਹੱਸ ਪਏ। ਮੈਨੂ ਪਤਾ ਨਹੀਂ ਕਿ ਕੀ ਕਰਾਂ ਸਿਆਣੇ ਦਾ ਕਥਨ ਹੈ : ਸ਼ਾਇਦ?

ਜੁਲਾਈ 21 - ਮੈਂ ਬੋਗੀਵਾਲ ਵਿਖੇ ਖਾਣਾ ਖਾਧਾ ਅਤੇ ਫੇਰ ਮੈਂ ਸ਼ਾਮ ਦਾ ਸਮਾਂ ਬੌਂਟਸਮੈਨ ਬਾਲ ਵਿਖੇ ਗੁਜ਼ਾਰਿਆ ਬਿਨਾਂ ਸ਼ੱਕ ਹਰੇਕ ਗੱਲ ਥਾਂ ਅਤੇ ਵਾਤਾਵਰਨ ’ਤੇ ਨਿਰਭਰ ਕਰਦੀ ਹੈ। ਇਲੀ-ਡੇ-ਲਾ ਗ੍ਰੀਨੌਇਲੀਅਰ (ਫਰੌਗ ਟਾਪੂ) ਵਿੱਚ ਭੂਤ-ਪ੍ਰੇਤਾਂ ਬਾਰੇ ਵਿਸ਼ਵਾਸ ਕਰਨਾ ਮੂਰਖਤਾ ਦੀ ਹੱਦ ਹੋਵੇਗੀ। ਪਰ ਮੌਂਟ ਸੈਂਟ ਮਾਈਕਲ ਦੀ ਚੋਟੀ ’ਤੇ ਜਾਂ ਭਾਰਤ ਵਿੱਚ ਅਸੀਂ ਆਪਣੇ ਆਲ਼ੇ-ਦੁਆਲੇ ਦੇ ਅਸਰ ਹੇਠ ਹੁੰਦੇ ਹਾਂ। ਮੈਂ ਅਗਲੇ ਹਫ਼ਤੇ ਘਰ ਵਾਪਸ ਚਲਾ ਜਾਵਾਂਗਾ।

ਜੁਲਾਈ 30 - ਮੈਂ ਆਪਣੇ ਘਰ ਕੱਲ ਹੀ ਵਾਪਸ ਆਇਆ ਹਾਂ, ਸਭ ਕੁਝ ਠੀਕ ਠਾਕ ਹੈ। ਅਗਸਤ 2-ਕੋਈ ਤਾਜ਼ੀ ਗੱਲ ਨਹੀਂ, ਮੌਸਮ ਬਹੁਤ ਖ਼ੁਸ਼ਗਵਾਰ ਹੈ ਅਤੇ ਮੈਂ ਆਪਣਾ ਸਮਾਂ ਕੁਦਰਤੀ ਨਜ਼ਾਰਿਆਂ ਨੂੰ ਮਾਣਨ ਵਿੱਚ ਬਿਤਾਉਂਦਾ ਹਾਂ।

ਅਗਸਤ 4 - ਮੇਰੇ ਨੌਕਰਾਂ ਵਿਚਕਾਰ ਝਗੜਾ ਹੋ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਰਾਤ ਨੂੰ ਕੱਪ ਬੋਰਡ ਦੇ ਸ਼ੀਸ਼ੇ ਟੁੱਟ ਗਏ ਹਨ। ਨੌਕਰ ਬਾਵਰਚਨ ਨੂੰ ਦੋਸ਼ੀ ਕਹਿੰਦਾ ਹੈ, ਉਹ ਬਾਗੇ ਵਾਲੀ ਇਸਤਰੀ ਨੂੰ ਦੋਸ਼ੀ ਕਹਿੰਦੀ ਹੈ ਅਤੇ ਇਹ ਇਸਤਰੀ ਹੋਰਨਾਂ ਦੋਹਾਂ ਨੂੰ ਦੋਸ਼ੀ ਠਹਿਰਾਉਂਦੀ ਹੈ। ਦੋਸ਼ੀ ਕੌਣ ਹੈ? ਇਸ ਦਾ ਪਤਾ ਕਰਨ ਲਈ ਬੜੇ ਹੁਸ਼ਿਆਰ ਵਿਅਕਤੀ ਦੀ ਲੋੜ ਹੈ।

ਅਗਸਤ 6 – ਇਸ ਵੇਰ ਮੈਂ ਪਾਗ਼ਲ ਨਹੀਂ ਹਾਂ ਮੈਂ ਵੇਖਿਆ ਹੈ ਮੈਂ ਵੇਖਿਆ ਹੈ ਮੈਨੂੰ ਕੋਈ ਸ਼ੱਕ ਨਹੀਂ ਮੈਂ ਵੇਖਿਆ ਹੈ।

ਪਤਝੜ ਦੀ ਰੁੱਤ ਵਿੱਚ ਖ਼ਤਮ ਹੋ ਰਹੇ ਗੁਲਾਬ ਦੇ ਫੁੱਲਾਂ ਦੇ ਸਮੇਂ ਮੈਂ ਕੜਕਦੀ ਦੁਪਹਿਰ ਨੂੰ ਗੁਲਾਬ ਦੇ ਪੌਦਿਆਂ ਵਿਚਕਾਰ ਸੈਰ ਕਰ ਰਿਹਾ ਸੀ ਜਿਵੇਂ ਹੀ ਮੈਂ ਜੀਏਂਟ ਡੇ ਬਟੇਲੇ ਵਿਖੇ ਰੁਕਿਆ ਜਿਸ ’ਤੇ ਤਿੰਨ ਫੁੱਲ ਖਿੜੇ ਹੋਏ ਸਨ, ਮੈਂ ਇਹ ਖ਼ਾਸ ਗੱਲ ਵੇਖੀ ਕਿ ਇਕ ਫੁੱਲ ਦੀ ਡੰਡੀ ਮੇਰੇ ਵੱਲ ਝੁਕੀ ਹੋਈ ਸੀ ਜਿਵੇਂ ਕਿਸੇ ਅਦਿੱਖ ਹੱਥ ਨੇ ਇਸ ਨੂੰ ਮੇਰੇ ਵੱਲ ਝੁਕਾ ਦਿੱਤਾ ਹੋਵੇ ਅਤੇ ਫੇਰ ਇਹ ਟੁੱਟ ਗਈ ਜਿਵੇਂ ਉਸ ਨੂੰ ਕਿਸੇ ਗੈਬੀ ਤਾਕਤ ਨੇ ਤੋੜ ਸੁੱਟਿਆ ਹੋਵੇ। ਫੇਰ ਫੁੱਲ ਆਪਣੇ ਆਪ ਉੱਪਰ ਨੂੰ ਉੱਠਿਆ ਇਸ ਤਰ੍ਹਾਂ ਮੋੜ ਖਾਂਦੇ ਹੋਏ ਜਿਵੇਂ ਕੋਈ ਹੱਥ ਇਸ ਨੂੰ ਮੂੰਹ ਵੱਲ ਲਿਜਾ

ਰਿਹਾ ਹੋਵੇ, ਅਤੇ ਹਵਾ ਵਿੱਚ ਇਕੱਲਾ ਅਤੇ ਅਹਿੱਲ ਲਾਲ ਦਾਗ਼ ਮੇਰੇ ਤੋਂ ਤਿੰਨ ਗਜ਼ ਦੀ ਦੂਰੀ ’ਤੇ ਰੁਕਿਆ ਰਿਹਾ। ਨਾ ਉਮੀਦੀ ਵਿੱਚ ਮੈਂ ਇਸ ਨੂੰ ਲਈ ਨੱਸਿਆ ! ਮੈਨੂੰ ਕੁਝ ਹੱਥ ਨਾ ਲੱਗਾ। ਇਹ ਗ਼ਾਇਬ ਹੋ ਗਿਆ ਸੀ। ਫੇਰ ਮੈਨੂੰ ਆਪਣੇ ਆਪ ’ਤੇ ਬਹੁਤ ਗ਼ੁੱਸਾ ਆਇਆ, ਕਿਉਂਕਿ ਮੇਰੇ ਵਰਗਾ ਬਾਦਲੀਲ ਅਤੇ ਗੰਭੀਰ ਵਿਅਕਤੀ ਅਜਿਹੇ ਵਹਿਮਾਂ ਵਿੱਚ ਪੈ ਗਿਆ ਹੈ।

ਪਰ ਕੀ ਇਹ ਵਹਿਮ ਸੀ? ਮੈਂ ਫੁੱਲ ਦੀ ਡੰਡੀ ਦੇਖਣ ਲਈ ਮੁੜਿਆ, ਅਤੇ ਮੈਂ ਉਸੇ ਵੇਲੇ ਉਸ ਨੂੰ ਝਾੜੀ ਹੇਠ ਪਈ ਵੇਖਿਆ ਜਿਵੇਂ ਉਹ ਦੋਹਾਂ ਫੁੱਲਾਂ ਵਿਚਕਾਰ ਹੁਣੇ ਹੀ ਟੁੱਟ ਕੇ ਡਿੱਗੀ ਹੋਵੇ ਜੋ ਅਜੇ ਵੀ ਟਹਿਣੀ ਤੋਂ ਸਨ। ਫੇਰ ਮੈਂ ਕਾਫ਼ੀ ਘਬਰਾਹਟ ਦੀ ਹਾਲਤ ਵਿੱਚ ਘਰ ਪਰਤਿਆ, ਕਿਉਂਕਿ ਹੁਣ ਮੈਨੂੰ ਯਕੀਨ ਇਤਨਾ ਜਿੰਨਾ ਕਿ ਮੈਨੂੰ ਰਾਤ ਵੇਲੇ ਅਤੇ ਦਿਨ ਦੇ ਬਦਲਣ ਵਿੱਚ ਹੈ ਕਿ ਮੇਰੇ ਨਾਲ ਹੀ ਕੋਈ ਗੈਬੀ ਸ਼ਕਤੀ ਹੈ ਜੋ ਦੁੱਧ ਅਤੇ ਪਾਣੀ ’ਤੇ ਜਿਊਂਦੀ ਹੈ ਜੋ ਵਸਤਾਂ ਨੂੰ ਛੋਹ ਸਕਦੀ ਹੈ, ਉਨ੍ਹਾਂ ਨੂੰ ਚੁੱਕ ਕੇ ਹਰ ਥਾਂ ’ਤੇ ਰੱਖਦੀ ਹੈ, ਜੋ ਪਦਾਰਥਕ ਸਰੂਪ ਵਾਲੀ ਹੈ, ਭਾਵੇਂ ਗਿਆਨ ਤੋਂ ਜਾਣੂ ਹੈ ਅਤੇ ਮੇਰੇ ਵਾਂਗ ਹੀ ਜਿਉਂਦੀ ਹੈ ਮੇਰੀ ਛੱਤ ਹੇਠ। ਅਗਸਤ ਸੱਤ - ਮੈਂ ਅਰਾਮ ਨਾਲ ਸੁੱਤਾ ਉਸ ਨੇ ਮੇਰੀ ਸੁਰਾਹੀ 'ਚੋਂ ਪਾਣੀ ਪੀਤਾ, ਪਰ ਉਸ ਨਾਲ ਮੇਰੀ ਨੀਂਦ ਵਿੱਚ ਵਿਘਨ ਨਹੀਂ ਪਿਆ।

ਮੈਂ ਆਪਣੇ ਆਪ ਨੂੰ ਪੁੱਛਿਆ ਕੀ ਮੈਂ ਪਾਗ਼ਲ ਹਾਂ। ਜਦੋਂ ਕਿ ਹੁਣ ਮੈਂ ਦਰਿਆ ਦੇ ਕੰਢ ਧੁੱਪ ਵਿੱਚ ਸੈਰ ਕਰ ਰਿਹਾ ਸੀ। ਮੇਰੀ ਸੂਝ ਬਾਰੇ ਵੀ ਸ਼ੱਕ ਹੋਣ ਲੱਗਪਿਆ,ਇਹ ਸ਼ੱਕ ਐਵੇਹੀ ਨਹੀਂ ਸਨ ਜਿਵੇਂ ਕਿ ਇਸ ਤੋਂ ਪਹਿਲਾਂ ਅਜਿਹੇ ਸ਼ੱਕ ਪੈਦਾ ਹੋ ਜਾਂਦੇ ਸਨ ਪਰ ਇਹ ਸਾਫ਼ ਅਤੇ ਠੋਸ ਹੁੰਦੇ ਸਨ। ਮੈਂ ਪਾਗ਼ਲ ਲੋਕ ਵੇਖੇ ਹਨ ਅਤੇ ਮੈਂ ਕੁਝ ਕੁ ਨੂੰ ਜਾਣਦਾ ਵੀ ਹਾਂ ਜਿਹੜਾ ਕਾਫ਼ੀ ਸੂਝਵਾਨ ਸਿਆਣੇ ਅਤੇ ਜੀਵਨ ਦੇ ਹਰ ਖੇਤਰ ਵਿੱਚ ਸਿਵਾਏ ਇਕ ਤੋਂ ਦੂਰ-ਦਰਸ਼ੀ ਵੀ ਸਨ। ਉਹ ਹਰੇਕ ਮਾਮਲੇ 'ਤੇ ਸਪੱਸ਼ਟ ਤੁਰਤ ਫੁਰਤ ਅਤੇ ਠੀਕ ਤਰਾਂ ਗੱਲ ਬਾਤ ਕਰ ਸਕਦੇ ਸਨ ਜਦੋਂ ਤੱਕ ਉਨ੍ਹਾਂ ਦੇ ਖ਼ਿਆਲ ਵਹਿਮਾਂ ਵਿੱਚ ਨਾ ਉਲਝ ਜਾਂਦੇ ਅਤੇ ਖੇਰੂੰ ਖੇਰੂੰ ਨਾ ਹੋ ਜਾਂਦੇ ਅਤੇ ਤੂਫ਼ਾਨ ਤੇ ਝੱਖੜ ਵਾਲੇ ਸਾਗਰ ਦੀਆਂ ਛੱਲਾਂ ਦਾ ਸ਼ਿਕਾਰ ਨਹੀਂ ਹੋ ਜਾਂਦੇ ਉਸ ਨੂੰ ਪਾਗ਼ਲਪਣ ਕਿਹਾ ਜਾਂਦਾ ਹੈ।

ਮੈਨੂੰ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਮੈਂ ਪਾਗ਼ਲ ਸੀ ਅਸਲੋਂ ਹੀ ਪਾਗ਼ਲ ਜੇ ਮੈਂ ਸੁਚੇਤ ਨਾ ਹੁੰਦਾ ਕਿ ਮੈਨੂੰ ਮੇਰੀ ਹਾਲਤ ਦਾ ਪਤਾ ਸੀ, ਜੇ ਮੈਂ ਇਸ ਦੀ ਥਹੁ ਲੈ ਸਕਦਾ ਅਤੇ ਇਸ ਦਾ ਪੂਰੀ ਤਰ੍ਹਾਂ ਵਿਸ਼ਲੇਸ਼ਣ ਕਰ ਸਕਦਾ। ਮੈਨੂੰ ਵਾਸਤਵ ਵਿੱਚ ਭਰਮ ਵਿੱਚ ਡਰਿਆ ਹੋਇਆ ਮਨੁੱਖ ਹੀ ਰਹਿਣਾ ਚਾਹੀਦਾ ਸੀ। ਕੁਝ ਅਗਿਆਤ ਗੱਲਾਂ ਮੇਰੇ ਦਿਮਾਗ਼ ਵਿੱਚ ਜ਼ਰੂਰ ਉੱਠੀਆਂ ਹੋਣਗੀਆਂ ਉਨ੍ਹਾਂ ਵਿੱਚੋਂ ਇਕ ਉਲਝਣ, ਜੋ ਅੱਜ ਦੇ ਸਰੀਰ ਵਿਗਿਆਨੀ ਵੇਖਣ ਧਿਆਨ ਦੇਣ ਦਾ ਯਤਨ ਕਰਦੇ ਹਨ ਅਤੇ ਕਿਸੇ ਸਿੱਟੇ ’ਤੇ ਪੁੱਜਣ ਦਾ ਜਤਨ ਕਰਦੇ ਹਨ ਅਤੇ ਉਸ ਉਲਝਣ ਨੇ ਮੇਰੇ ਦਿਮਾਗ਼ ਅਤੇ ਮੇਰੇ ਵਿਚਾਰ ਦੀ ਤਰਤੀਬ ’ਤੇ ਦਲੀਲ ਵਿੱਚ ਜ਼ਰੂਰ ਇਕ ਖ਼ਿਆਲ ਪੈਦਾ ਕਰ ਦਿੱਤਾ ਹੈ। ਇਸੇ ਤਰ੍ਹਾਂ ਦੀਆਂ ਗੱਲਾਂ ਸੁਪਨਿਆਂ ਵਿੱਚ ਵੀ ਵਾਪਰਦੀਆਂ ਹਨ ਅਤੇ ਸਾਨੂੰ ਹੈਰਾਨ ਕੀਤੇ ਬਿਨਾਂ ਹੀ ਬਹੁਤ ਹੀ ਅਸਧਾਰਨ ਛਾਇਆ ਚਿੱਤਰਾਂ ਵਿੱਚੋਂ ਦੀ ਲੰਘਣਾ ਪੈਂਦਾ ਹੈ ਕਿਉਂਕਿ ਸਾਡੇ ਜਾਂਚ ਪੜਤਾਲ ਦਾ ਸਾਧਨ ਅਤੇ ਕੰਟਰੋਲ ਇੰਦਰੀਆਂ ਨੀਂਦ ਵਿੱਚ ਹੁੰਦੀਆਂ ਹਨ ਜਦੋਂ ਕਿ ਸਾਡੀ ਕਲਪਨਾ ਸ਼ਕਤੀ ਸੁਚੇਤ ਅਤੇ ਸਕ੍ਰਿਆ ਹੁੰਦੀ ਹੈ। ਕੀ ਇਹ ਸੰਭਵ ਨਹੀਂ ਕਿ ਮੇਰੇ ਦਿਮਾਗ਼ ਦਾ ਕੋਈ ਸੂਖ਼ਮ ਅੰਗ ਖ਼ਰਾਬ ਹੋ ਗਿਆ ਹੈ? ਕਈ ਵਿਅਕਤੀਆਂ ਨੂੰ ਕੁਝ ਖ਼ਾਸ ਨਾਂ, ਕਿਰਿਆਵਾਂ ਜਾਂ ਨੰਬਰ ਜਾਂ ਤਾਰੀਖ਼ਾਂ ਕਿਸੇ ਖ਼ਾਸ ਘਟਨਾ ਕਾਰਨ ਚੇਤੇ ਨਹੀਂ ਆਉਂਦੀਆਂ। ਅੱਜ ਕੱਲ੍ਹ ਵਿਚਾਰਾਂ ਨੂੰ ਇਕ ਥਾਂ ਇਕੱਤਰ ਕਰਨ ਦਾ ਕੰਮ ਨੇਪਰੇ ਚੜ ਗਿਆ ਹੈ ਫਿਰ ਇਸ ਗੱਲ ਵਿੱਚ ਹੈਰਾਨੀ ਵਾਲੀ ਕੀ ਗੱਲ ਹੋਵੇਗੀ ਜੇ ਕੁਝ ਇਕ ਵਹਿਮਾਂ ਦੀ ਅਵਾਸਤਵਿਕਤਾ ਨੂੰ ਕੰਟਰੋਲ ਕਰਨ ਸਬੰਧੀ ਮੇਰੀ ਸ਼ਕਤੀ ਕੁਝ ਸਮੇਂ ਲਈ ਨਸ਼ਟ ਹੋ ਜਾਵੇ।

ਜਦੋਂ ਮੈਂ ਨਦੀ ਦੇ ਕੰਢੇ ਕੰਢੇ ਜਾ ਰਿਹਾ ਸੀ ਤਾਂ ਇਸ ਸਭ ਬਾਰੇ ਸੋਚ ਰਿਹਾ ਸੀ। ਨਦੀ ਦੇ ਜਲ ਤੇ ਸੂਰਜ ਦੀਆਂ ਕਿਰਨਾ ਪੈ ਰਹੀਆਂ ਸਨ ਅਤੇ ਧਰਤੀ ਨੂੰ ਸੁਨਹਿਰੀ ਬਣਾ ਰਹੀਆਂ ਸਨ ਜਦੋਂ ਕਿ ਇਸ ਨੇ ਮੇਰਾ ਜੀਵਨ ਪਿਆਰ ਨਾਲ ਭਰ ਦਿੱਤਾ ਸੀ ਕਿਉਂਕਿ ਅਬਾਬੀਨ ਜਿਨ੍ਹਾਂ ਦੀ ਸੁਫਰਤੀ ਮੇਰੀਆਂ ਅੱਖਾਂ ਨੂੰ ਬੜੀ ਸੋਹਣੀ ਲੱਗਦੀ ਹੈ ਜਿਵੇਂ ਨਦੀ ਕਿਨਾਰੇ ਦੇ ਪੌਦਿਆਂ ਦੀ ਖੜਖੜਾਹਟ ਮੈਨੂੰ ਬੜੀ ਪਿਆਰੀ ਲੱਗਦੀ ਹੈ।

ਐਪਰ, ਹੌਲੀ-ਹੌਲੀ ਬੇਅਰਾਮੀ ਦੀ ਦੱਸੀ ਨਾ ਜਾ ਸਕਣ ਵਾਲੀ ਭਾਵਨਾ ਨੇ ਮੈਨੂੰ ਘੇਰ ਲਿਆ। ਮੈਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਕੋਈ ਗੈਬੀ ਸ਼ਕਤੀ ਮੈਨੂੰ ਦਬਾ ਰਹੀ ਹੋਵੇ ਅਤੇ ਅੱਗੇ ਜਾਣ ਤੋਂ ਰੋਕ ਰਹੀ ਹੋਵੇ ਅਤੇ ਮੈਨੂੰ ਵਾਪਸ ਬੁਲਾ ਰਹੀ ਹੋਵੇ, ਮੈਂ ਇਹ ਮਹਿਸੂਸ ਕੀਤਾ ਕਿ ਵਾਪਸੀ ਦੀ ਦਰਦ ਨਾਲ ਚਾਹੁਣਾ ਜੋ ਤੁਹਾਡੇ ਮਨ ਵਿੱਚ ਉਸ ਸਮੇਂ ਹੁੰਦੀ ਹੈ ਜਦੋਂ ਤੁਸੀਂ ਆਪਣੇ ਕਿਸੇ ਅੰਗਹੀਣ ਪਿਆਰੇ ਨੂੰ ਘਰ ਲਿਆਏ ਹੋਵੋ ਅਤੇ ਇਸ ਖ਼ਿਆਲ ਵਿੱਚ ਡੁੱਬੇ ਹੋਏ ਹੋਵੋ ਕਿ ਉਸ ਦੀ ਹਾਲਤ ਬਹੁਤ ਖ਼ਰਾਬ ਹੈ।

ਇਸ ਲਈ ਮੈਂ ਆਪਣੇ ਆਪ ਵਿੱਚ ਕੁਝ ਸੋਚ ਕੇ ਵਾਪਸ ਆ ਗਿਆ ਕਿ ਕੋਈ ਬੁਰੀ ਖ਼ਬਰ ਪੱਤਰ ਜਾਂ ਤਾਰ ਮੈਨੂੰ ਮਿਲਣ ਵਾਲੀ ਹੈ ਐਪਰ ਅਜਿਹੀ ਕੋਈ ਗੱਲ ਨਹੀਂ ਸੀ ਅਤੇ ਮੈਂ ਹੈਰਾਨ ਅਤੇ ਬੇਚੈਨ ਸੀ, ਮੈਨੂੰ ਇੰਝ ਜਾਪਿਆ ਮੈਨੂੰ ਕੁਝ ਅਜੀਬ ਜਿਹੀਆਂ ਗੱਲਾਂ ਨਜ਼ਰ ਆ ਰਹੀਆਂ ਸਨ।

ਅਗਸਤ 8 – ਕਲ ਦੀ ਸ਼ਾਮ ਮੈਂ ਬਹੁਤ ਹੀ ਕਸ਼ਟ ਵਿੱਚ ਗੁਜ਼ਾਰੀ। ਉਸ ਨੇ ਆਪਣੇ ਆਪ ਨੂੰ ਬਹੁਤਾ ਜ਼ਾਹਰ ਨਹੀਂ ਕੀਤਾ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਉਹ ਮੇਰੇ ਲਾਗੇ ਹੈ, ਮੈਂ ਤੱਕ ਰਿਹਾ ਹਾਂ ਦਬਾਅ ਪਾ ਰਿਹਾ ਹੈ ਅਤੇ ਮੈਨੂੰ ਹੋਰ ਵੀ ਦੁੱਖਦਾਈ ਉਸ ਸਮੇਂ ਲਗਦਾ ਹੈ ਜਦੋਂ ਉਹ ਆਪਣੇ ਆਪ ਨੂੰ ਇਸ ਤਰ੍ਹਾਂ ਛੁਪਾਉਂਦਾ ਹੈ ਜਿਵੇਂ ਕਿ ਉਹ ਆਪਣੀਆਂ ਨਿਰੰਤਰ ਤੇ ਅਦਿੱਖ ਕਰਾਮਾਤਾਂ ਰਾਹੀਂ ਮੇਰੇ ’ਤੇ ਜਾਦੂ ਕਰ ਰਿਹਾ ਹੋਵੇ, ਫਿਰ ਵੀ ਮੈਂ ਸੌਂ ਹੀ ਗਿਆ

ਅਗਸਤ 9 – ਕੁਝ ਨਹੀਂ ਪਰ ਮੈਂ ਡਰਿਆ ਹੋਇਆ ਹਾਂ

ਅਗਸਤ 10 - ਕੁਝ ਨਹੀਂ ਪਰ ਕੱਲ੍ਹ ਕੀ ਹੋਵੇਗਾ।

ਅਗਸਤ 11 – ਅਜੇ ਵੀ ਕੁਝ ਨਹੀਂ, ਮੈਂ ਇਸ ਡਰ ਕਰਕੇ ਘਰ ਇਕੱਲਾ ਨਹੀਂ ਟਿਕ ਸਕਦਾ ਜਦੋਂ ਕਿ ਅਜਿਹੇ ਵਿਚਾਰ ਵੀ ਮੇਰੇ ਦਿਮਾਗ਼ ਵਿੱਚ ਹੋਣ; ਮੈਂ ਚਲਾ ਜਾਵਾਂਗਾ।

ਅਗਸਤ 12 - ਰਾਤ ਦੇ ਦਸ ਵਜੇ ਹਨ। ਸਾਰਾ ਦਿਨ ਹੀ ਮੈਂ ਇਸ ਤੋਂ ਪੱਲਾ ਛੁੜਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਸਫ਼ਲ ਨਹੀਂ ਹੋ ਸਕਿਆ, ਮੈਂ

ਛੁਟਕਾਰਾ ਪਾਉਣ ਦਾ ਇਕ ਸਾਦਾ ਅਤੇ ਆਸਾਨ ਤਰੀਕਾ ਲੱਭਿਆ ਕਿ ਮੈਂ ਘੋੜਾ ਗੱਡੀ 'ਤੇ ਸਵਾਰ ਹੋ ਕੇ ਰੋਇਨ ਚਲਾ ਜਾਵਾਂ ਅਤੇ ਮੈਂ ਇਹ ਵੀ ਨਹੀਂ ਕਰ ਸਕਿਆ, ਇਸ ਦਾ ਕੀ ਕਾਰਨ ਹੈ।

ਅਗਸਤ 13 - ਜਦੋਂ ਕੋਈ ਵਿਅਕਤੀ ਅਜਿਹੀਆਂ ਬਦਨੀਤੀਆਂ ਦਾ ਸ਼ਿਕਾਰ ਹੁੰਦਾ ਹੈ ਤਾਂ ਸਾਡੀਆਂ ਸਰੀਰਕ ਤਾਰਾਂ ਟੁੱਟਦੀਆਂ ਜਿਹੀਆਂ ਜਾਪਦੀਆਂ ਹਨ, ਸ਼ਕਤੀਆਂ ਨਸ਼ਟ ਹੁੰਦੀਆਂ ਜਾਪਦੀਆਂ ਹਨ ਸਾਡੇ ਪੱਠੇ ਢਿੱਲੇ ਪੈਂਦੇ, ਸਾਡੀਆਂ ਹੱਡੀਆਂ ਮਾਸ ਵਾਂਗ ਨਰਮ ਅਤੇ ਸਾਡਾ ਖ਼ੂਨ ਪਾਣੀ ਵਰਗਾ ਪਤਲਾ ਹੁੰਦਾ ਜਾਪਦਾ ਹੈ। ਇਹ ਗੱਲ ਮੈਨੂੰ ਆਪਣੇ ਹੌਂਸਲੇ ਵਿੱਚ ਵੀ ਪ੍ਰਤੀਤ ਹੁੰਦੀ ਹੈ ਇਕ ਅਜੀਬ ਅਤੇ ਦੁੱਖੀ ਢੰਗ ਵਿੱਚ। ਮੇਰੇ ਵਿੱਚ ਨਾ ਕੋਈ ਸ਼ਕਤੀ ਹੈ ਨਾ ਹੌਂਸਲਾ ਨਾ ਕੋਈ ਸਵੈ ਕਾਬੂ ਨਾ ਹੀ ਆਪਣੇ ਇਰਾਦੇ ਨੂੰ ਸਹੀ ਰੂਪ ਦੇਣ ਦੀ ਸਮੱਰਥਾ ਹੀ ਹੈ। ਕਿਸੇ ਵੀ ਚੀਜ਼ ਨੂੰ ਕਰਨ ਲਈ ਮੇਰੇ ਵਿੱਚ ਇਰਾਦੇ ਦੀ ਘਾਟ ਹੋ ਗਈ ਹੈ ਪਰ ਕੋਈ ਸ਼ਕਤੀ ਇਹ ਸਭ ਕੁਝ ਮੇਰੇ ਲਈ ਕਰਦੀ ਹੈ ਅਤੇ ਮੇਰਾ ਹੁਕਮ ਮੰਨਦੀ ਹੈ।

ਅਗਸਤ 14 - ਮੈਂ ਪਾਗ਼ਲ ਹੋ ਗਿਆ ਹਾਂ ਕੋਈ ਸ਼ਕਤੀ ਮੇਰੀ ਆਤਮਾ ਨੂੰ ਕਬਜ਼ੇ ਵਿੱਚ ਕਰੀ ਬੈਠੀ ਹੈ ਅਤੇ ਇਸ ਨੂੰ ਜਿਵੇਂ ਜੀ ਵਿੱਚ ਆਉਂਦਾ ਹੈ ਨਚਾਉਂਦੀ ਹੈ।

ਕੋਈ ਸ਼ਕਤੀ ਮੇਰੇ ਸਾਰੇ ਕੰਮਾਂ ਹਰਕਤਾਂ ਅਤੇ ਵਿਚਾਰਾਂ ਲਈ ਆਦੇਸ਼ ਕਰਦੀ ਹੈ ਆਪਣਾ ਮਾਲਕ ਹੁਣ ਆਪ ਨਹੀਂ ਸਿਵਾਏ ਇਸ ਦੇ ਜੋ ਕੁਝ ਮੈਂ ਕਰ ਰਿਹਾ ਹਾਂ ਉਸ ਸਭ ਇਕ ਡਰੇ ਹੋਏ ਅਤੇ ਗ਼ੁਲਾਮ ਤਮਾਸ਼ਬੀਨ ਵਜੋਂ ਦੇ ਜਾਵਾਂ। ਮੈਂ ਬਾਹਰ ਜਾਣਾ ਚਾਹੁੰਦਾ ਹਾਂ। ਮੈਂ ਜਾ ਨਹੀਂ ਸਕਦਾ। ਉਹ ਵੀ ਨਹੀਂ ਚਾਹੁੰਦਾ ਅਤੇ ਇਸ ਲਈ ਮੈਂ ਕੁਰਸੀ ਵਿੱਚ ਜਿਸ ਵਿੱਚ ਉਹ ਮੈਨੂੰ ਬਿਠਾਈ ਰੱਖਦਾ ਹੈ, ਕੰਬਦਾ ਅਤੇ ਡੌਰ ਭੌਰ ਹੋਇਆ ਬੈਠਾ ਰਹਿੰਦਾ ਹਾਂ, ਮੈਂ ਸਿਰ ਉਠਾਉਣਾ ਚਾਹੁੰਦਾ ਹਾਂ ਅਤੇ ਆਪਣੇ ਆਪ ਖੜ੍ਹਾ ਹੋਣਾ ਚਾਹੁੰਦਾ ਹਾਂ, ਤਾਂ ਕਿ ਮੈਂ ਇਹ ਸੋਚ ਸਕਾਂ ਕਿਮੈਂ ਆਪਣਾ ਮਾਲਕਆਪ ਹਾਂ, ਪਰ ਮੈਂ ਅਜਿਹਾ ਕਰ ਨਹੀਂ ਸਕਦਾ, ਅਤੇ ਮੈਂ ਆਪਣੀ ਕੁਰਸੀ ਨਾਲ ਚਮਟਿਆ ਹੋਇਆ ਹਾਂ ਅਤੇ ਮੇਰੀ ਕੁਰਸੀ ਜ਼ਮੀਨ ਨਾਲ ਇਸ ਤਰ੍ਹਾਂ ਚਿਪਕੀ ਹੋਈ ਹੈ ਕਿ ਮੇਰੀ ਤਾਕਤ ਇਸ ਨੂੰ ਹਿਲਾ ਨਹੀਂ ਸਕਦੀ।

ਫੇਰ ਅਚਾਨਕ ਹੀ ਮੈਨੂੰ ਸੁੱਝਿਆ ਕਿ ਮੈਂ ਆਪਣੇ ਬਾਗ਼ ਦੇ ਦਰਵਾਜ਼ੇ ਤੱਕ ਜ਼ਰੂਰ ਹੀ ਜਾਵਾਂ ਅਤੇ ਕੁਝ ਰਸ ਭਰੀਆਂ ਤੋੜਾਂ ਅਤੇ ਉਨ੍ਹਾਂ ਨੂੰ ਖਾਵਾਂ ਅਤੇ ਮੈਂ ਉੱਥੇ ਜਾਵਾਂ ਹਾਂ ਮੈਂ ਰਸ ਭਰੀਆਂ ਤੋੜਦਾ ਹਾਂ ਅਤੇ ਉਨ੍ਹਾਂ ਨੂੰ ਖਾਂਦਾ ਹਾਂ। ਓ ਮੇਰੇ ਪਰਮਾਤਮਾ ਮੇਰੇ ਪਰਮਾਤਮਾ ਕੀ ਪਰਮਾਤਮਾ ਵੀ ਹੋਵੇ ਜੇ ਪਰਮਾਤਮਾ ਤੂੰ। ਸੱਚ ਮੁਚ ਹੈ ਤਾਂ ਮੇਰੀ ਨਿਜਾਤ ਕਰਵਾ ਮੈਨੂੰ ਬਚਾ। ਮੈਨੂੰ ਬਖ਼ਸ਼ਦੇ, ਕਿਰਪਾ ਕਰ ਰਹਿਮ, ਦਿਆ ਕਰ ਮੈਨੂੰ ਬਚਾਓ ਕਿੰਨੀਆਂ ਤਕਲੀਫ਼ਾਂ ਹਨ ਕਿੰਨੇ ਤਸੀਹੇ ਕਿੰਨਾ ਭੈਅ।

ਅਗਸਤ- 15 ਬਿਲਕੁਲ ਇਸ ਤਰ੍ਹਾਂ ਦੀ ਹਾਲਤ ਵਿੱਚ ਹੀ ਮੇਰੀ ਭੈਣ ਜਕੜੀ ਹੋਈ ਸੀ, ਜਦੋਂ ਉਹ ਮੇਰੇ ਤੋਂ 5000 ਫਰੈਂਕ ਉਧਾਰ ਲੈਣ ਲਈ ਆਈ ਸੀ। ਉਹ ਇਕ ਵਿਸ਼ੇਸ਼ ਕਿਸਮ ਦੇ ਇਰਾਦੇ ਦੇ ਅਸਰ ਹੇਠ ਸੀ ਜੋ ਉਸ ਵਿੱਚ ਦੂਜੀ ਰੂਹ ਵਾਂਗ ਘਰ ਕਰ ਚੁੱਕਾ ਸੀ, ਜਿਵੇਂ ਕਿ ਇਹ ਰੂਹ ਉਸ ਨੂੰ ਚਿੱਕੜ ਵਾਂਗ ਚਿਪਕ ਗਈ ਹੋਵੇ ਅਤੇ ਉਸ ’ਤੇ ਹਕੂਮਤ ਕਰ ਰਹੀ ਹੋਵੇ। ਕੀ ਦੁਨੀਆ ਦਾ ਅੰਤ ਨਜ਼ਦੀਕ ਆ ਰਿਹਾ ਹੈ?

ਪਰ ਉਹ ਹੈ ਕੌਣ? ਇਹ ਗੈਬੀ ਤਾਕਤ, ਜੋ ਮੇਰੇ ’ਤੇ ਹਕੂਮਤ ਕਰਦੀ ਹੈ, ਇਹ ਅਗਿਆਤ ਸ਼ਕਤੀ ਇਹ ਕਰਾਮਾਤੀ ਚੀਜ਼?

ਗੈਬੀ ਤਾਕਤਾਂ ਵੀ ਹਨ, ਫੇਰ ਇਹ ਕਿਵੇਂ ਹੋ ਸਕਦਾ ਹੈ ਕਿ ਜਦੋਂ ਤੋਂ ਦੁਨੀਆ ਬਣੀ ਹੈ ਉਨ੍ਹਾਂ ਨੇ ਕਦੀ ਵੀ ਇਸ ਢੰਗ ਵਿੱਚ ਜਿਵੇਂ ਕਿ ਉਹ ਮੇਰੇ ਤੇ ਹਾਵੀ ਹਨ, ਆਪਣੇ ਆਪ ਨੂੰ ਉਜਾਗਰ ਨਹੀਂ ਕੀਤਾ। ਮੈਂ ਕਦੀ ਵੀ ਅਜਿਹੀ ਕੋਈ ਚੀਜ਼ ਨਹੀਂ ਪੜ੍ਹੀ ਜੋ ਉਸ ਹਾਲਤ ਨਾਲ ਮਿਲਦੀ ਜੁਲਦੀ ਹੋਵੇ, ਜੋ ਘਰ ਵਿੱਚ ਵਾਪਰ ਰਹੀ ਹੈ। ਓ! ਜੇ ਮੈਂ ਕਿਤੇ ਇਸ ਨੂੰ ਛੱਡ ਸਕਦਾ, ਜੇ ਮੈਂ ਕਿਧਰੇ ਨੱਸ ਕੇ ਜਾ ਸਕਦਾ ਅਤੇ ਕਦੀ ਵਾਪਸ ਨਾ ਆਉਂਦਾ, ਤਾਂ ਮੈਂ ਬਚ ਜਾਂਦਾ ਪਰ ਮੈਂ ਨਹੀਂ ਕਰ ਸਕਦਾ।

ਅਗਸਤ 16 - ਅੱਜ ਮੈਂ ਇਕ ਅਜਿਹੇ ਕੈਦੀ ਵਾਂਗ ਦੋ ਘੰਟਿਆਂ ਲਈ ਨੱਸਣ ਵਿੱਚ ਸਫ਼ਲ ਹੋ ਗਿਆ ਜਿਸ ਦੀ ਜੇਲ੍ਹ ਦੇ ਦਰਵਾਜ਼ੇ ਅਚਾਨਕ ਹੀ ਖੁੱਲ੍ਹੇ ਪਏ ਹੋਣ। ਮੈਂ ਅਚਾਨਕ ਹੀ ਮਹਿਸੂਸ ਕੀਤਾ ਕਿ ਮੈਂ ਅਜ਼ਾਦ ਹਾਂ ਅਤੇ ਉਹ ਗੈਬੀ ਤਾਕਤ ਮੈਥੋਂ ਕੋਹਾਂ ਦੂਰ ਹੈ ਅਤੇ ਇਸ ਲਈ ਮੈਂ ਹੁਕਮ ਦਿੱਤਾ ਕਿ ਘੋੜਿਆਂ ਨੂੰ ਜਿੰਨਾ ਵੀ ਤੇਜ਼

ਦੁੜਾਇਆ ਜਾ ਸਕਦਾ ਹੈ ਦੁੜਾਓ, ਅਤੇ ਮੈਂ ਰੋਇਨ ਨੂੰ ਚੱਲ ਪਿਆ। ਓ ਇਹ ਆਪਣੇ ਕੋਚਵਾਨ ਨੂੰ ਇਹ ਸ਼ਬਦ ਕਹਿਣ ਵਿੱਚ ਕਿੰਨੀ ਖ਼ੁਸ਼ੀ ਮਹਿਸੂਸ ਹੋਈ ਸੀ ਕਿ 'ਰੋਇਨ ਵੱਲ ਚਲੋ'

ਮੈਂ ਉਸ ਨੂੰ ਲਾਇਬ੍ਰੇਰੀ ਸਾਹਮਣੇ ਰੁਕਣ ਲਈ ਕਿਹਾ ਅਤੇ ਮੈਂ ਲਾਇਬ੍ਰੇਰੀ ਦੇ ਕਰਮਚਾਰੀਆਂ ਨੂੰ ਪੁਰਾਣੀ ਅਤੇ ਆਧੁਨਿਕ ਦੁਨੀਆ ਦੇ ਗੈਬੀ ਰੂਹਾਂ ਸਬੰਧੀ ਡਾਕਟਰ ਹੈਰਮਾਨ ਹੈਰੀਸਟਾਸ ਦੀ ਪੁਸਤਕ ਦੇਣ ਲਈ ਕਿਹਾ।

ਫੇਰ ਜਦੋਂ ਮੈਂ ਆਪਣੀ ਬੱਘੀ ਵਿੱਚ ਬੈਠਣ ਲੱਗਾ ਤਾਂ ਮੈਂ ਇਹ ਕਹਿਣਾ ਹੀ ਚਾਹੁੰਦਾ ਸੀ 'ਰੇਲਵੇ ਸਟੇਸ਼ਨ ਵੱਲ' ਪਰ ਇਸ ਦੀ ਬਜਾਏ ਮੈਂ ਚਿਲਾਇਆ ਇੰਨੀ ਜ਼ੋਰਦਾਰ ਅਵਾਜ਼ ਵਿੱਚ ਕਿ ਸਾਰੇ ਹੀ ਰਾਹਗੀਰ ਕਿੰਨੀ ਸੋਹਣੀ ਰਾਤ ਹੈ। ਮੁੜ ਕੇ ਵੇਖਣ ਲਗ ਪਏ : "ਘਰ ਵੱਲ" ਅਤੇ ਮੈਂ ਆਪਣੀ ਬੱਘੀ ਵਿੱਚ ਸੋਫ਼ੇ ’ਤੇ ਧੜੰਮ ਕਰਕੇ ਡਿੱਗ ਪਿਆ ਅਤੇ ਮੈਨੂੰ ਮਾਨਸਿਕ ਤਕਲੀਫ਼ ਨੇ ਘੇਰ ਲਿਆ। ਉਸ ਤਾਕਤ ਨੇ ਮੈਨੂੰ ਬਾਹਰੋਂ ਲੱਭ ਲਿਆ ਸੀ ਅਤੇ ਮੇਰੇ ’ਤੇ ਫਿਰ ਕਾਬੂ ਪਾ ਲਿਆ ਸੀ।

ਅਗਸਤ17 - ਓ ਕਿੰਨੀ ਸੋਹਣੀ ਰਾਤ ਅਤੇ ਮੈਨੂੰ ਜਾਪਦਾ ਹੈ ਕਿ ਮੈਨੂੰ ਖ਼ੁਸ਼ੀ ਮਨਾਉਣੀ ਚਾਹੀਦੀ ਹੈ। ਮੈਂ ਰਾਤ ਦੇ ਇਕ ਵਜੇ ਤੱਕ ਪੜ੍ਹਦਾ ਰਿਹਾ। ਦਰਸ਼ਨ ਅਤੇ ਆਸਤਿਕਤਾ ਦੇ ਵਿਦਵਾਨ ਡਾਕਟਰ ਹੈਰੋਸਟਾਸ ਨੇ ਉਨ੍ਹਾਂ ਅਦਿੱਖ ਰੂਹਾਂ ਦਾ ਇਤਿਹਾਸ ਅਤੇ ਬਨਾਵਟ ਬਾਰੇ ਲਿਖਿਆ ਹੈ ਜੋ ਮਨੁੱਖ ਦੇ ਆਲ਼ੇ ਦੁਆਲੇ ਘੁੰਮਦੀਆਂ ਰਹਿੰਦੀਆਂ ਹਨ ਜਾਂ ਜਿੰਨਾ ਬਾਰੇ ਉਹ ਸੁਪਨੇ ਵੇਖਦਾ ਰਹਿੰਦਾ ਹੈ ਉਸ ਨੇ ਉਨ੍ਹਾਂ ਦੇ ਮੂਲ, ਰਿਹਾਇਸ਼ ਅਤੇ ਸੱਤਾ ਦਾ ਵੀ ਜ਼ਿਕਰ ਕੀਤਾ ਹੈ; ਪਰ ਜੋ ਰੂਹ ਮੇਰੇ ਪਿੱਛੇ ਲੱਗੀ ਹੋਈ ਹੈ ਉਹ ਇਨ੍ਹਾਂ ਵਿੱਚੋਂ ਕਿਸੇ ਨਾਲ ਵੀ ਨਹੀਂ ਮਿਲਦੀ। ਇਹ ਕਿਹਾ ਜਾ ਸਕਦਾ ਹੈ ਕਿ ਆਦਮੀ ਜਦੋਂ ਤੋਂ ਉਸ ਨੇ ਸੋਚਿਆ ਹੈ, ਪਾਸ ਅਗਾਊਂ ਨਿਸ਼ਾਨੀ ਹੈ ਅਤੇ ਕਿਸੇ ਨਵੇਂ ਜੀਵ ਦਾ ਤੌਖ਼ਲਾ ਹੈ ਜੋ ਉਸ ਨਾਲੋਂ ਤਕੜਾ ਹੁੰਦਾ ਹੈ ਅਤੇ ਇਸ ਸੰਸਾਰ ਵਿੱਚ ਉਸ ਦਾ ਉਤਰਾਧਿਕਾਰੀ ਅਤੇ ਇਹ ਭਾਵਨਾ ਉਸ ਨੂੰ ਹੋਰ ਵੀ ਲਾਗੇ ਲਿਆਉਂਦੀ ਹੈ ਅਤੇ ਅਦਿੱਖ ਆਤਮਾ ਦੇ ਸਰੂਪ ਬਾਰੇ ਕੁਝ ਨਹੀਂ ਦਸ ਸਕਦੇ, ਉਸ ਨੇ ਆਪਣੇ ਡਰ ਕਾਰਨ ਇਸ ਗੈਬੀ ਨਸਲ ਦੀਆਂ ਸਾਰੀਆਂ ਸ਼ਕਤੀਆਂ ਨੂੰ ਜਨਮ ਦਿੱਤਾ। ਇਹ ਸਭ ਡਰ ਤੋਂ ਹੀ ਪੈਦਾ ਹੋਈਆਂ।

ਇਸ ਲਈ ਸਵੇਰੇ ਇਕ ਵਜੇ ਤੱਕ ਪੜ੍ਹਦੇ ਰਹਿਣ ਕਾਰਨ, ਮੈਂ ਉੱਠਿਆ ਅਤੇ ਖੁੱਲ੍ਹੀ ਖਿੜਕੀ ਵਿੱਚ ਜਾ ਕੇ ਬੈਠ ਗਿਆ ਤਾਂ ਕਿ ਮੈਂ ਠੰਢੀ ਠੰਢੀ ਹਵਾ ਵਿੱਚ ਆਪਣੇ ਵਿਚਾਰਾਂ ਅਤੇ ਦਿਮਾਗ਼ ਨੂੰ ਕੁਝ ਸ਼ਾਂਤ ਕਰ ਸਕਾਂ। ਮੌਸਮ ਬਹੁਤ ਹੀ ਖ਼ੁਸ਼ਗਵਾਰ ਸੀ, ਮੈਂ ਪਹਿਲਾਂ ਅਜਿਹੀ ਸੋਹਣੀ ਰਾਤ ਕਦੀ ਨਹੀਂ ਸੀ ਵੇਖੀ। ਚੰਨ ਨਹੀਂ ਸੀ, ਪਰ ਤਾਰੇ ਆਪਣੀ ਲਿਸ਼ਕੋਰ ਦੀਆਂ ਕਿਰਨਾਂ ਹਨੇਰੇ ਸੁਰਗ ਵਿੱਚਖਿੰਡਾ ਰਹੇ ਸਨ। ਅਜਿਹੇ ਸੰਸਾਰ ਵਿੱਚ ਕੌਣ ਰਹਿੰਦਾ ਹੈ। ਇੱਥੇ ਕਿਸ ਤਰ੍ਹਾਂ ਦੇ ਜੀਵ ਜੰਤ ਹਨ। ਇਹੋ ਜਿਹੇ ਪਸ਼ੂ ਇੱਥੇ ਵਿਚਰਦੇ ਹਨ। ਕੀ ਉਸ ਦੂਰ ਦੁਰਾਡੇ ਦੇ ਸੰਸਾਰ ਦੇ ਚਿੰਤਕਸਾਡੇ ਨਾਲੋਂ ਕੁਝ ਵਧੇਰੇ ਹੀ ਜਾਣਦੇ ਹਨ। ਉਹ ਸਾਡੇ ਤੋਂ ਵੱਧ ਕੀ ਕੰਮ ਕਰ ਸਕਦੇ ਹਨ। ਉਹ ਅਜਿਹਾ ਕੀ ਵੇਖਦੇ ਹਨ, ਜੋ ਅਸੀਂ ਨਹੀਂ ਵੇਖਦੇ? ਕੀ ਕਿਸੇ ਨਾ ਕਿਸੇ ਦਿਨ ਉਨ੍ਹਾਂ ਵਿੱਚੋਂ ਕੋਈ ਵਿਅਕਤੀ ਇਸ ਖ਼ਲਾਅ ਨੂੰ ਪਾਰ ਕਰਕੇ ਸਾਡੀ ਧਰਤੀ ਨੂੰ ਜਿੱਤਣ ਦੇ ਮਨੋਰਥ ਨਾਲ ਨਹੀਂ ਆ ਜਾਵੇਗਾ ਇਸ ਤਰ੍ਹਾਂ ਹੀ ਜਿਵੇਂ ਕਿ ਪਹਿਲੇ ਸਮਿਆਂ ਵਿੱਚ ਸਮੁੰਦਰ ਪਾਰ ਕਰਕੇ ਨਾਰਸਪੈਨ ਲੋਕਾਂ ਨੇ ਆਪਣੇ ਤੋਂ ਕਮਜ਼ੋਰ ਕੌਮਾਂ ’ਤੇ ਜਿੱਤ ਪ੍ਰਾਪਤ ਕੀਤੀ ਸੀ।

ਅਸੀਂ ਕਿੰਨੇ ਕਮਜ਼ੋਰ ਸ਼ਕਤੀਹੀਣ ਅਬੋਧ ਅਤੇ ਛੋਟੇ ਹਾਂ ਅਸੀਂ ਜੋ ਇਸ ਮਿੱਟੀ ਦੇ ਇਸ ਕਣ ’ਤੇ ਰਹਿੰਦੇ ਹਾਂ ਜਿਹੜਾ ਤਰਲ ਹਵਾ ਵਿੱਚ ਘੁੰਮਦਾ ਰਹਿੰਦਾ ਹੈ।

ਮੈਂ ਰਾਤ ਦੀ ਠੰਢੀ ਹਵਾ ਵਿੱਚ ਇਸ ਤਰ੍ਹਾਂ ਦੇ ਸੁਪਨੇ ਲੈਂਦਾ ਹੋਇਆ ਸੌਂ ਗਿਆ, ਅਤੇ ਫੇਰ ਕੋਈ ਪੌਣਾ ਘੰਟਾ ਸੁੱਤੇ ਰਹਿਣ ਪਿਛੋਂ ਮੈਂ ਬਿਨਾਂ ਹਿੱਲੇ ਜੁੱਲੇ ਆਪਣੀਆਂ ਅੱਖਾਂ ਖੋਲੀਆਂ ਅਤੇ ਮੈਂ ਇਕ ਅਜਿਹੀ ਨਾ ਦੱਸੀ ਜਾ ਸਕਣ ਵਾਲੀ ਅਨੋਖੀ ਤੇ ਅਜੀਬ ਭਾਵਨਾ ਨਾਲ ਜਾਗਉੱਠਿਆ। ਮੈਨੂੰ ਕੁਝ ਵੀ ਨਜ਼ਰ ਨਹੀਂ ਆਇਆ ਅਤੇ ਫੇਰ ਅਚਾਨਕ ਹੀ ਮੈਨੂੰ ਇੰਜ ਜਾਪਿਆ ਕਿ ਕਿਤਾਬ ਦਾ ਪੰਨਾ ਜੋ ਮੇਰੀ ਮੇਜ਼ ’ਤੇ ਖੁੱਲਿਆ ਪਿਆ ਸੀ ਆਪਣੇ ਆਪ ਹੀ ਪਲਟ ਗਿਆ। ਮੇਰੀ ਖਿੜਕੀ ਵਿਚੋਂ ਮਾਮੂਲੀ ਜਿੰਨੀ ਵੀ ਹਵਾ ਨਹੀਂ ਸੀ ਆ ਰਹੀ ਅਤੇ ਮੈਂ ਹੈਰਾਨ ਹੋ ਗਿਆ ਅਤੇ ਉਡੀਕ ਕਰਨ ਲਗਾ। ਲਗਭਗ ਚਾਰ ਮਿੰਟਾਂ ਵਿਚ ਹੀ ਮੈਂ ਦੇਖਿਆ, ਮੈਂ ਦੇਖਿਆ ਹਾਂ ਮੈਂ ਅਪਣੀਆਂ ਅੱਖਾਂ ਨਾਲ ਦੇਖਿਆ ਕਿ ਦੂਜਾ ਪੰਨਾ ਵੀ ਆਪਣੇ ਆਪ ਹੀ ਉੱਪਰ ਨੂੰ ਉੱਠਿਆ ਅਤੇ ਦੂਜੇ ਪੰਨਿਆਂ ’ਤੇ ਡਿੱਗ ਪਿਆ, ਜਿਵੇਂ ਕਿ ਇਹ ਉਂਗਲੀ ਨਾਲ ਉਲਟਿਆ ਹੋਵੇ। ਮੇਰੀ ਬਾਜੂਆਂ ਵਾਲੀ ਕੁਰਸੀ ਖ਼ਾਲੀ ਸੀ ਅਤੇ ਖ਼ਾਲੀ ਜਾਪਦੀ ਸੀ,

ਪਰ ਮੈਨੂੰ ਪਤਾ ਸੀ ਕਿ ਕੋਈ ਉੱਥੇ ਸੀ। ਉਹ ਮੇਰੀ ਥਾਂ ਵਿਚ ਬੈਠਾ ਹੋਇਆ ਸੀ, ਅਤੇ ਕੁਝ ਪੜ੍ਹ ਰਿਹਾ ਸੀ। ਟਪੂਸੀ ਮਾਰ ਕੇ ਜਿਵੇਂ ਕੋਈ ਜੰਗਲੀ ਜਾਨਵਰ ਛਾਲ ਮਾਰਦਾ ਹੈ ਜਿਹੜਾ ਆਪਣੇ ਸ਼ਿਕਾਰ ਨੂੰ ਦਬੋਚਨਾ ਚਾਹੁੰਦਾ ਹੈ, ਉਸੇ ਤਰ੍ਹਾਂ ਹੀ ਮੈਂ ਆਪਣੇ ਕਮਰੇ ਵਿਚੋਂ ਉਸ ਨੂੰ ਕਾਬੂ ਕਰਨ ਲਈ ਲੰਘਿਆ ਉਸ ਨੂੰ ਦਬੋਚਨ ਲਈ ਉਸ ਨੂੰ ਮਾਰਨ ਲਈ। ਪਰ ਇਸ ਤੋਂ ਪਹਿਲਾਂ ਕਿ ਮੈਂ ਉਸ ਤੱਕ ਪਹੁੰਚ ਸਕਦਾ, ਮੇਰੀ ਕੁਰਸੀ ਉੱਲਟ ਗਈ ਜਿਵੇਂ ਕੋਈ ਮੇਰੇ ਤੋਂ ਬਚ ਕੇ ਨੱਸ ਗਿਆ ਹੋਵੇ ਮੇਰਾ ਮੇਜ਼ ਹਿਲਿਆ ਮੇਰਾ ਲੈਂਪ ਡਿੱਗ ਪਿਆ ਅਤੇ ਬੁਝ ਗਿਆ ਅਤੇ ਮੇਰੀ ਖਿੜਕੀ ਬੰਦ ਹੋ ਗਈ ਜਿਵੇਂ ਕਿਸੇ ਚੋਰ ਨੇ ਕੀਤੀ ਹੋਵੇ ਜੋ ਇਸ ਨੂੰ ਬੰਦ ਕਰਕੇ ਹਨੇਰੇ ਵਿਚ ਨੱਸ ਗਿਆ ਹੋਵੇ।

ਬਸ ਉਹ ਨੱਸ ਗਿਆ ਸੀ ; ਉਹ ਡਰ ਰਿਹਾ ਸੀ ; ਉਹ ਮੇਰੇ ਤੋਂ ਡਰਦਾ ਸੀ। ਬਸ ਕਲ੍ਹ ਜਾਂ ਫੇਰ ਕਿਸੇ ਹੋਰ ਦਿਨ ਮੈਂ ਜ਼ਰੂਰ ਹੀ ਉਸ ਨੂੰ ਆਪਣੇ ਪੰਜੇ ਵਿਚ ਜਕੜ ਲਵਾਂਗਾ ਅਤੇ ਧਰਤੀ ਨਾਲ ਮਾਰਾਂਗਾ। ਕੀ ਕਈ ਵੇਰ ਕੁੱਤੇ ਵੀ ਆਪਣੇ ਮਾਲਕਾਂ ਨੂੰ ਕੱਟਦੇ ਅਤੇ ਭੌਂਕਦੇ ਹਨ, ਨਹੀਂ?

ਅਗਸਤ 18- ਮੈਂ ਸਾਰਾ ਦਿਨ ਸੋਚਦਾ ਰਿਹਾ। ਉਹ ਹਾਂ ਮੈਂ ਉਸ ਦਾ ਕਹਿਣਾ ਮੰਨਾਂਗਾ ਉਸ ਦੇ ਇਸ਼ਾਰਿਆਂ ’ਤੇ ਚੱਲਾਂਗਾ ਉਸ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਾਂਗਾ, ਮੈਂ ਉਸ ਨੂੰ ਨਰਮੀ ਹਮਦਰਦੀ ਅਤੇ ਕਾਇਰਤਾ ਦਰਸਾਵਾਂਗਾ। ਉਹ ਤਕੜਾ ਹੈ; ਪਰ ਸਮਾਂ ਜਰੂਰ ਆਏਗਾ।

ਅਗਸਤ 19- ਮੈਨੂੰ ਪਤਾ ਹੈ, ਮੈਨੂੰ ਪਤਾ ਹੈ, ਮੈਨੂੰ ਸਭ ਪਤਾ ਹੈ ਮੈਂ ਹੁਣੇ ਹੁਣੇ ਹੀ ਰੇਡਿਓ ਮੇਡੇਸਾਇੰਟਫਿਕੇ, ਪੁਸਤਕ ਵਿੱਚ ਪੜ੍ਹਿਆ ਹੈ ਕਿ "ਸਾਨੂੰ ਰੀਓ ਡੇ ਜਨੇਰੀਓ” ਤੋਂ ਬੜੀ ਹੀ ਉਤਸੁਕ ਖ਼ਬਰ ਆਈ ਹੈ। ਪਾਗ਼ਲਪਨ, ਪਾਗ਼ਲਪਨ ਦਾ ਵਾਧਾ, ਜਿਸ ਨੇ ਯੂਰਪ ਦੇ ਲੋਕਾਂ ’ਤੇ ਮੱਧਕਾਲ ਵਿੱਚ ਹੱਲਾ ਬੋਲ ਦਿਤਾ ਸੀ, ਇਸ ਸਮੇਂ ਸੇਨ-ਪੋਲੋ ਦੇ ਸੂਬੇ ਵਿਚ ਜ਼ੋਰਾਂ ’ਤੇ ਹੈ। ਡਰੇ ਹੋਏ ਲੋਕ ਆਪਣੇ ਘਰ ਛੱਡ ਰਹੇ ਹਨ, ਪਿੰਡਾਂ ਨੂੰ ਵੀਰਾਨ ਕਰ ਰਹੇ ਹਨ ਜ਼ਮੀਨਾਂ ਛੱਡ ਰਹੇ ਹਨ ਅਤੇ ਉਹ ਕਹਿ ਰਹੇ ਹਨ ਕਿ ਕੋਈ ਰੱਬੀ ਤਾਕਤ ਉਨ੍ਹਾਂ ਨਾਲ ਸਪਰਸ਼ ਰਾਹੀਂ ਹੀ ਪਸ਼ੂਆਂ ਵਾਂਗ ਵਰਤਾਉ

ਕਰ ਰਹੀ ਹੈ, ਉਨ੍ਹਾਂ ਪਿੱਛੇ ਕੋਈ ਬਲਾ ਲੱਗੀ ਹੋਈ ਹੈ ਜੋ ਉਨ੍ਹਾਂ ਦੇ ਸੁੱਤੇ ਹੋਣ ਸਮੇਂ ਉਨ੍ਹਾਂ ਦੀਆਂ ਜ਼ਿੰਦਗੀਆਂ 'ਤੇ ਗੁਜ਼ਾਰਾ ਕਰਦੀ ਹੈ ਅਤੇ ਜਿਹੜੀ ਇਸ ਤੋਂ ਇਲਾਵਾ ਬਿਨਾਂ ਕਿਸੇ ਚੀਜ ਨੂੰ ਛੋਹੇ ਪਾਣੀ ਅਤੇ ਦੁੱਧ ਪੀ ਜਾਂਦੀ ਹੈ।

"ਪ੍ਰੋਫੈਸਰ ਫੋਨ ਪੇਡਰੋ ਹੈਨਰੀਕਸ ਕਈ ਮੈਡੀਕਲ ਕਰਮਚਾਰੀਆਂ ਦੇ ਨਾਲ ਮੌਕੇ 'ਤੇ ਹੀ ਇਸ ਹੈਰਾਨਕੁਨ ਪਾਗ਼ਲਪਨ ਦੇ ਮੂਲ ਅਤੇ ਸਰੂਪ ਦਾ ਅਧਿਐਨ ਕਰਨ ਲਈ ਅਤੇ ਬਾਦਸ਼ਾਹ ਨੂੰ ਅਜਿਹੇ ਉਪਾਵਾਂ ਦਾ ਸੁਝਾਅ ਦੇਣ ਲਈ ਜੋ ਉਸ ਦੇ ਵਿਚਾਰ ਵਿਚ ਪਾਗ਼ਲ ਜਨਤਾ ਨੂੰ ਮੁੜ ਠੀਕ ਹਾਲਤ ਵਿਚ ਲਿਆਉਣ ਲਈ ਸਹਾਈ ਹੋ ਸਕਦੇ ਸਨ। ਸਨਪੋਲੋ ਦੇ ਪ੍ਰਾਂਤ ਵਿੱਚ ਆ ਗਿਆ।"

ਆਹ ਆਹ ਹੁਣ ਮੈਨੂੰ ਚੇਤੇ ਆਇਆ ਪਿਛਲੀ 8 ਮਈ ਨੂੰ ਉਹ ਸੋਹਣਾ ਬ੍ਰੈਜ਼ਲੀਅਨਥੀ ਮਾਸਟਰ ਜੋ ਮੇਰੀ ਖਿੜਕੀ ਅੱਗੋਂ ਦੀ ਲੰਘਿਆ ਸੀ ਜਿਵੇਂ ਇਹ ਸੀਨ ਵੱਲ ਜਾ ਰਿਹਾ ਹੋਵੇ? ਮੇਰਾ ਖ਼ਿਆਲ ਸੀ ਇਹ ਬਹੁਤ ਸੋਹਣਾ ਅਤੇ ਗੋਰਾ ਚਿੱਟਾ ਜਾਪਦਾ ਸੀ। ਉਹ ਗੈਬੀ ਤਾਕਤ ਆਪਣੀ ਤਖਤੇ 'ਤੇ ਸਵਾਰ ਸੀ ਅਤੇ ਉੱਪਰੋਂ ਆ ਰਹੀ ਸੀ। ਜਿੱਥੇ ਇਹ ਵੱਧ ਫੁੱਲ ਰਹੀ ਸੀ। ਅਤੇ ਇਸ ਨੇ ਮੈਨੂੰ ਵੇਖਿਆ ਜਿਹੜਾ ਕਿ ਸਫ਼ੈਦ ਸੀ ਅਤੇ ਉਹ ਜਹਾਜ਼ ਤੋਂ ਉੱਤਰ ਕੇ ਜ਼ਮੀਨ 'ਤੇ ਆ ਗਿਆ, ਓ ਮੇਰੇ ਪਰਮਾਤਮਾ !

ਹੁਣ ਮੈਨੂੰ ਪਤਾ ਹੈ ਮੈਂ ਪੇਸ਼ੀਨਗੋਈ ਕਰ ਸਕਦਾ ਹਾਂ। ਮਨੁੱਖ ਦੀ ਹਕੂਮਤ ਖ਼ਤਮ ਹੋ ਗਈ ਹੈ ਅਤੇ ਪਰਮਾਤਮਾ ਨੇ ਉਸ ਦੀ ਥਾਂ ਲੈ ਲਈ ਹੈ। ਉਹ ਉਸ ਨੂੰ ਜਿਸ ਨੂੰ ਬੈਚੇਨ ਪੁਜਾਰੀਆਂ ਨੇ ਝਾੜ ਫੂਕ ਕੀਤੀ, ਜਿਸ ਨੂੰ ਜਾਦੂਗਰਾਂ ਨੇ ਉਸਨੂੰ ਦਰਸਾਏ ਬਿਨਾਂ ਹਨ੍ਹੇਰੀਆਂ ਰਾਤਾਂ ਨੂੰ ਜਗਾਇਆ! ਉਹ ਜਿਸ ਨੂੰ ਸਾਰੇ ਸੰਸਾਰ ਦੇ ਅਸਥਾਈ ਗੁਰੂਆਂ ਦੀਆਂ ਕਲਪਨਾਵਾਂ, ਦੈਤਾਂ ਜਾਂ ਰਾਖਸ਼ਾਂ, ਰੂਹਾਂ, ਭੂਤਾਂ, ਪਰੀਆਂ ਅਤੇ ਇਸੇ ਤਰ੍ਹਾਂ ਦੀਆਂ ਹੋਰ ਰੂਹਾਂ ਆਦਿ ਦੀਆਂ ਵਧੀਆ ਕਿਸਮਾਂ ਦਿਤੀਆਂ।ਮੁੱਢਲੇ ਡਰ ਤੋਂ ਪਿੱਛੋਂ ਮਨੁੱਖਾਂ ਨੇ ਉਸ ਨੂੰ ਹੋਰ ਵੀ ਸਹੀ ਰੂਪ ਦਿਤਾ। ਮੈਸਮਰ ਉਸ ਨੂੰ ਭਵਿੱਖਬਾਣੀ ਕੀਤੀ ਅਤੇ ਦਸ ਸਾਲ ਪਹਿਲਾਂ ਹੋਏ ਹਕੀਮਾਂ ਨੇ ਉਸ ਦੀ ਸ਼ਕਤੀ ਦਾ ਸਹੀ ਪਤਾ ਲਾ ਲਿਆ ਸੀ ਇਸ ਤੋਂ ਪਹਿਲਾਂ ਕਿ ਉਹ ਇਸ ਦੀ ਆਪ ਵਰਤੋਂ ਕਰਦਾ। ਉਹ ਆਪਣੇ ਨਵੇਂ ਮਾਲਕ ਦੇ ਹਥਿਆਰ ਦੀ ਵਰਤੋਂ ਕਰਦਾ। ਉਹ ਮਨੁੱਖੀ ਰੂਹ ਉਤੇ ਆਪਣੀ ਜਾਦੂ ਭਰੀ ਇੱਛਾ ਦੀ ਵਰਤੋਂ ਕਰਦਾ ਰਿਹਾ ਜੋ ਗ਼ੁਲਾਮ ਹੋ ਚੁੱਕੀ ਸੀ। ਉਹ

ਇਸ ਨੂੰ (ਮੈਸਮਰਿਜ਼ਮ) ਜਾਦੂ ਟੂਣਾ ਪਤਾ ਨਹੀਂ ਕੀ ਕੁਝ ਕਹਿੰਦੇ ਸਨ। ਉਨ੍ਹਾਂ ਨੂੰ ਨਿਧੜਕ ਬੱਚੇ ਵਾਂਗ ਇਸ ਖ਼ਤਰਨਾਕ ਸ਼ਕਤੀ ਦੇ ਨਾਲ ਆਪਣੇ ਆਪ ਨੂੰ ਘੁੰਮਾਉਂਦੇ ਰਹੇ। ਸਾਡੇ ਲਈ ਮੁਸੀਬਤ। ਮਨੁੱਖ ਲਈ ਮੁਸੀਬਤ। ਉਹ ਆ ਚੁੱਕਾ ਹੈ ਉਹ ਆਪਣੇ ਆਪ ਨੂੰ ਕਿਸ ਨਾਂ ਨਾਲ ਸੱਦਦਾ ਹੈ ਉਹ ਮੈਂ ਸਮਝਦਾ ਹਾਂ ਕਿ ਉਹ ਮੈਨੂੰ ਆਪਣਾ ਨਾਂ ਜ਼ੋਰ ਨਾਲ ਸੁਣਾ ਰਿਹਾ ਹੈ ਅਤੇ ਮੈਂ ਉਸ ਨੂੰ ਸੁਣ ਨਹੀਂ ਰਿਹਾ ਉਹ ਹਾਂ ਉਹ ਆਪਣਾ ਨਾਂ ਦਸ ਰਿਹਾ ਹੈ ਮੈਂ ਸੁਣ ਰਿਹਾ ਹਾਂ ਮੈਂ ਇਸ ਨੂੰ ਦੁਹਰਾ ਨਹੀਂ ਸਕਦਾ ਹੌਰਲਾ ਮੈਨੂੰ ਸੁਣਾਈ ਦਿੱਤਾ ਹੋਰਲਾ ਇਹੋ ਹੀ ਹੈ ਉਹ ਹੋਰਲਾ ਉਹ ਆ ਗਿਆ ਹੈ।

ਆਹ ਗਿਰਝ ਕਬੂਤਰ ਨੂੰ ਖਾ ਗਿਆ ਹੈ। ਭੇੜੀਆ ਲੇਲੇ ਨੂੰ ਖਾ ਗਿਆ ਹੈ, ਸੇਰ ਨੇ ਤਿਖੇ ਸਿੰਗਾ ਵਾਲੀ ਮੱਝ ਨੂੰ ਖੱਖੜੀ ਖੱਖੜੀ ਕਰ ਦਿਤਾ ਹੈ। ਮਨੁੱਖ ਨੇ ਸ਼ੇਰ ਨੂੰ ਤੀਰ ਨਾਲ ਭਾਲੇ ਨਾਲ ਬੰਦੂਕ ਨਾਲ ਮਾਰ ਦਿਤਾ ਹੈ, ਪਰ ਹੋਰਲਾ ਮਨੁੱਖ ਤੋਂ ਉਹੀ ਕੰਮ ਲਵੇਗਾ ਜੋ ਮਨੁੱਖ ਨੇ ਘੋੜੇ ਤੋਂ ਅਤੇ ਬੈਲ ਤੋਂ ਲਿਆ ਹੈ ਉਹ ਉਸ ਨੂੰ ਕੇਵਲ ਆਪਣੇ ਇਰਾਦੇ ਦੇ ਬਲ 'ਤੇ ਹੀ ਆਪਣਾ ਮਾਲ-ਪੱਤਰ ਆਪਣਾ ਗ਼ੁਲਾਮ ਅਤੇ ਆਪਣੀ ਖ਼ੁਰਾਕ ਬਣਾ ਲਵੇਗਾ। ਸਾਡੇ ਲਈ ਮੁਸੀਬਤ।

ਪਰ ਫਿਰ ਵੀ ਕਈ ਵੇਰ ਪਸ਼ੂ ਬਗ਼ਾਵਤ ਕਰ ਦਿੰਦਾ ਹੈ ਅਤੇ ਮਨੁੱਖ ਨੂੰ ਮਾਰ ਦਿੰਦਾ ਹੈ ਜਿਸ ਨੇ ਇਸ ਨੂੰ ਗ਼ੁਲਾਮ ਬਣਾਇਆ ਹੁੰਦਾ ਹੈ। ਮੈਂ ਵੀ ਇਹੋ ਪਸੰਦ ਕਰਾਂਗਾ ਮੈਂ ਅਜਿਹਾ ਕਰਨ ਦੇ ਯੋਗ ਹੋਵਾਂਗਾ ਪਰ ਮੈਂ ਉਸ ਨੂੰ ਜ਼ਰੂਰ ਜਾਣਾਗਾ। ਉਹ ਨੂੰ ਛੋਹਾਂਗਾ ਉਸ ਨੂੰ ਦੇਖਾਂਗਾ ਵਿਦਵਾਨਾਂ ਦਾ ਕਥਨ ਹੈ ਕਿ ਪਸ਼ੂਆਂ ਦੀਆਂ ਅੱਖਾਂ ਸਾਡੀਆਂ ਅੱਖਾਂ ਵਾਂਗ ਫ਼ਰਕ ਨਹੀਂ ਕਰ ਸਕਦੀਆਂ ਕਿਉਂਕਿ ਉਹ ਸਾਡੀਆਂ ਅੱਖਾਂ ਨਾਲੋਂ ਭਿੰਨ ਹੁੰਦੀਆਂ ਹਨ ਅਤੇ ਮੇਰੀ ਅੱਖ ਨਵੇਂ ਆਉਣ ਵਾਲੇ ਨੂੰ ਨਾ ਪਛਾਣ ਸਕੀ ਜਿਹੜਾ ਮੈਨੂੰ ਦਬਾ ਰਿਹਾ ਸੀ।

ਕਿਉਂ ਉਹ ਹੁਣ ਮੈਨੂੰ ਮੋਂਟੇਸੈੱਟ ਮਾਈਕਲ ਵਿਖੇ ਉਸ ਭਿਖਸ਼ੂ ਦੇ ਸ਼ਬਦ ਚੇਤੇ ਆਉਂਦੇ ਹਨ ਕੀ ਅਸੀਂ ਜੋ ਕੁਝ ਮੌਜੂਦ ਹੈ ਉਸ ਦਾ ਲੱਖ ਕਰੋੜਵਾਂ ਹਿੱਸਾ ਵੀ ਤੱਕ ਸਕਦੇ ਹਾਂ ਸੁਣੋ ; ਹਵਾ ਹੈ ਜੋ ਭਾਰਤ ਦੀ ਇਕ ਸਭ ਤੋਂ ਤਾਕਤਵਰ ਸ਼ਕਤੀ ਹੈ, ਇਹ ਮਨੁੱਖਾਂ ਨੂੰ ਵੀ ਮਾਰਦੀ ਹੈ, ਇਮਾਰਤਾਂ ਨੂੰ ਢਹਿ ਢੇਰੀ ਕਰ ਦਿੰਦੀ ਹੈ। ਦਰੱਖਤਾਂ ਨੂੰ ਜੜ੍ਹੋਂ ਪੁੱਟ ਸੁੱਟਦੀ ਹੈ। ਸਮੁੰਦਰਾਂ ਵਿੱਚ ਤੂਫ਼ਾਨ ਲੈ ਆਉਂਦੀ ਹੈ, ਚੋਟੀਆਂ ਨੂੰ ਉਡਾ ਦਿੰਦੀ ਹੈ ਅਤੇ ਵੱਡੇ ਵੱਡੇ ਜਹਾਜ਼ਾਂ ਨੂੰ ਟੁੱਕੜੇ ਕਰ ਦਿੰਦੀ ਹੈ; ਇਹ ਪਾਰ ਦਿੰਦੀ ਹੈ,

ਇਹ ਸੂੰ ਸੂੰ ਕਰਦੀ ਹੈ, ਇਹ ਫਰਾਰੇ ਭਰਦੀ ਹੈ ਗਰਜਦੀ ਹੈ ਕੀ ਤੁਸੀਂ ਇਸ ਨੂੰ ਕਦੀ ਵੇਖਿਆ ਹੈ ਅਤੇ ਕੀ ਤੁਸੀਂ ਇਸ ਨੂੰ ਵੇਖ ਸਕਦੇ ਹੋ? ਇਸ ਦੇ ਬਾਵਜੂਦ ਵੀ ਇਹ ਮੌਜੂਦ ਹੈ।

ਅਤੇ ਮੈਂ ਸੋਚਦਾ ਰਿਹਾ ਮੇਰੀ ਨਜ਼ਰ ਇਤਨੀ ਕਮਜ਼ੋਰ ਹੈ, ਇਤਨੀ ਕਮਜ਼ੋਰ ਕਿ ਉਹ ਸਖ਼ਤ ਚੀਜ਼ਾਂ ਵਿੱਚ ਵੀ ਅੰਤਰ ਨਹੀਂ ਕਰ ਸਕਦੀ। ਜੇ ਉਹ ਸੀਸੇ ਵਾਂਗ ਪਾਰਦਰਸਤ ਹੋਣ ਇਸ ਤਰ੍ਹਾਂ ਜਿਵੇਂ ਕਿ ਬਿਨਾਂ ਰੋਗਨ ਵਾਲਾ ਸ਼ੀਸ਼ਾ ਮੇਰਾ ਰਸਤਾ ਰੋਕ ਰਿਹਾ ਹੋਵੇ ਮੈਂ ਇਸ ਵਿੱਚ ਜਾ ਵੱਜਾ, ਇਸੇ ਤਰ੍ਹਾਂ ਜਿਵੇਂ ਕੋਈ ਪੰਛੀ ਕਮਰੇ ਵਿੱਚ ਉੱਡਦਾ ਹੋਇਆ ਖਿੜਕੀ ਨਾਲ ਵੱਜ ਕੇ ਆਪਣਾ ਸਿਰ ਤੁੜਵਾ ਲੈਂਦਾ ਹੈ ਹੋਰ ਇਹ ਕਿ ਹਜ਼ਾਰਾਂ ਹੀ ਵਸਤਾਂ ਮਨੁੱਖ ਨੂੰ ਧੋਖਾ ਦਿੰਦੀਆਂ ਹਨ ਫੇਰ ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਉਹ ਕੋਈ ਨਵੀਂ ਬਸਤ ਨਾ ਬਣਾ ਸਕੇ ਜਿਸ ਵਿਚੋਂ ਰੋਸ਼ਨੀ ਨਾ ਲੰਘ ਸਕੇ?

ਨਵੀਂ ਚੀਜ਼ ਕਿਉਂ ਨਹੀਂ? ਇਸ ਨੇ ਜ਼ਰੂਰ ਆਉਣਾ ਸੀ ਅਸੀਂ ਵੀ ਅੰਤਲੇ ਕਿਉਂ ਹੋਈਏ। ਅਸੀਂ ਇਸ ਵਿੱਚ ਅੰਤਰ ਨਹੀਂ ਕਰ ਸਕਦੇ, ਉਸੇ ਤਰ੍ਹਾਂ ਹੀ ਜਿਵੇਂ ਸਾਡੇ ਤੋਂ ਪਹਿਲੇ ਜੀਵ ਨਹੀਂ ਕਰ ਸਕੇ। ਇਸ ਦਾ ਕਾਰਣ ਇਹ ਹੈ ਕਿ ਕੁਦਰਤ ਇਤਨੀ ਸੂਖ਼ਮ ਹੈ ਕਿ ਇਸ ਦੀ ਰਚਨਾ ਸਾਡੇ ਨਾਲੋਂ ਬੜੀ ਵਧੀਆ ਅਤੇ ਉੱਤਮ ਹੈ ਸਾਡਾ ਢਾਂਚਾ ਇਤਨਾ ਕਮਜ਼ੋਰ ਤੇ ਇਤਨਾ ਗ਼ਲਤ ਹੈ ਕਿ ਸਾਡੇ ਸਰੀਰ ਦੇ ਅਜਿਹੇ ਅੰਗ ਹਨ ਜੋ ਸਦਾ ਹੀ ਥੱਕੇ ਟੁੱਟੇ ਰਹਿੰਦੇ ਹਨ ਅਤੇ ਇਹ ਜਿੰਦਰਿਆਂ ਵਾਂਗ ਤਣੇ ਰਹਿੰਦੇ ਹਨ ਜੋ ਬਹੁਤ ਅੜਾਉਣ ਵਾਲੇ ਹੁੰਦੇ ਹਨ ਇਹ ਇਕ ਪੌਦੇ ਵਾਂਗ ਜਿਉਂਦੇ ਹਨ, ਅਤੇ ਪਸ਼ੂ ਵਾਂਗ ਹਵਾ, ਜੜ੍ਹੀ ਬੂਟੀਆਂ ਅਤੇ ਮਾਸ ’ਤੇ ਗੁਜ਼ਾਰਾ ਕਰਦੇ ਹਨ; ਇਹ ਇਕ ਅਜਿਹੀ ਚੀਜ ਹੈ ਜੋ ਰੋਗ, ਗ਼ਲਤ ਬਣਤਰ ਅਤੇ ਵਿਕਾਸ ਦਾ ਸ਼ਿਕਾਰ ਰਹਿੰਦਾ ਹੈ। ਇਹ ਟੁੱਟਿਆ ਭੱਜਿਆ ਬਹੁਤ ਹੀ ਗ਼ਲਤ ਵਿਨਿਯਮਤ ਸਾਦਾ ਅਤੇ ਖਸਤੀ ਫੇਰ ਵੀ ਹਿਕਮਤੀ ਤੌਰ ’ਤੇ ਬਹੁਤ ਹੀ ਗ਼ਲਤ ਭੱਦਾ ਬਣਿਆ ਹੋਇਆ ਹੈ ਅਤੇ ਫੇਰ ਵੀ ਸੂਖ਼ਮ ਢਾਂਚਾ ਹੈ ਸੰਖੇਪ ਵਿੱਚ ਇਸ ਦਾ ਢਾਂਚਾ ਬੜਾ ਸੂਝ ਭਰਿਆ ਅਤੇ ਮਹਾਨ ਬਣ ਸਕਦਾ ਹੈ।

ਇਸ ਸੰਸਾਰ ਵਿੱਚ ਕਸਤੂਰਾ-ਮੱਛੀ ਤੋਂ ਮਨੁੱਖ ਤੱਕ ਵਿਕਾਸ ਦੀਆਂ ਬਹੁਤ ਥੋੜ੍ਹੀਆਂ ਬਿਲਕੁਲ ਹੀ ਘੱਟ ਸਟੇਜਾਂ ਹਨ। ਇਕ ਹੋਰ ਸਟੇਜ ਕਿਉਂ ਨਾ ਹੋਵੇ ਜਦੋਂ

ਇਕ ਵੇਰ ਇਹ ਸਮਾਂ ਮੁਕੰਮਲ ਹੋ ਜਾਵੇ, ਜੋ ਇਕ ਸਟੇਜ ਨੂੰ ਦੂਜੀ ਤੋਂ ਵੱਖਰੀ ਕਰਦੀ ਹੈ।

ਇਕ ਹੋਰ ਕਿਉਂ ਨਹੀਂ? ਕਿਉਂ ਨਹੀਂ; ਸਗੋਂ ਦੂਸਰੇ ਦਰਖ਼ਤ ਵੀ ਸ਼ਾਨਦਾਰ ਫੁੱਲਾਂ ਸਹਿਤ ਅਤੇ ਸਾਰੇ ਇਲਾਕੇ ਨੂੰ ਸੁਗੰਧਤ ਕਰਨ ਵਾਲਾ ਧਰਤੀ, ਅੱਗ, ਹਵਾ ਅਤੇ ਪਾਣੀ ਤੋਂ ਇਲਾਵਾ ਹੋਰ ਤੱਤ ਕਿਉਂ ਨਹੀਂ? ਕਈ ਜੀਵਾਂ ਦੀਆਂ ਚਾਰ ਕੇਵਲ ਚਾਰ ਹੀ ਵਸਤਾਂ ਪਾਲਣ ਪੋਸ਼ਣ ਕਰਦੀਆਂ ਹਨ। ਕਿੰਨੀ ਤਰਸਯੋਗ ਹਾਲਤ ਹੈ। ਚਾਲੀ, ਚਾਰ ਸੌ ਚਾਰ ਹਜ਼ਾਰ ਕਿਉਂ ਨਾ ਹੋਣ। ਹਰ ਚੀਜ਼ ਦੀ ਕਿੰਨੀ ਬੁਰੀ ਹਾਲਤ ਹੈ ਕਿੰਨੀ ਮਾੜੀ ਅਤੇ ਭੱਦੀ-ਰੜਕ ਨਾਲ ਦਿੱਤੀ ਕਿੰਨੀ ਤੰਗੀ ਵਿਚ ਈਜਾਦ ਕੀਤੀ ਅਤੇ ਬੇਢੰਗੀ ਬਣਾਈ। ਆਹ ਹਾਥੀ ਅਤੇ ਦਰਿਆਈ ਘੋੜਾ ਕਿੰਨੀ ਸ਼ਕਤੀ ਅਤੇ ਊਠ ਕਿੰਨਾ ਲਿਚਲਿਚੀ।

ਪਰ ਤਿਤਲੀ, ਤੁਸੀਂ ਕਹੋਗੇ, ਮੈਂ ਇਕ ਉੱਡਦਾ ਫੁੱਲ, ਇਕ ਅਜਿਹੀ ਤਿਤਲੀ ਦੀ ਕਲਪਨਾ ਕਰਦਾ ਹਾਂ ਕਿ ਇਹ ਸੈਂਕੜਿਆਂ ਦੁਨੀਆਂ ਜਿੰਨੀ ਵੱਡੀ ਹੋਵੇ, ਜਿਸ ਦੇ ਖੰਭ ਜਿਸ ਦਾ ਅਕਾਰ, ਸੁੰਦਰਤਾ ਰੰਗ ਅਤੇ ਹਰਕਤ ਬਾਰੇ ਮੈਂ ਬਿਆਨ ਵੀ ਨਹੀਂ ਕਰ ਸਕਦਾ। ਪਰ ਮੈਂ ਇਸ ਨੂੰ ਵੇਖਦਾ ਹਾਂ ਇਹ ਇਕ ਸਿਤਾਰੇ ਤੋਂ ਦੂਜੇ ਸਿਤਾਰੇ ਤੱਕ ਉਡਦੀ ਫਿਰਦੀ ਹੈ ਇਨ੍ਹਾਂ ਨੂੰ ਤਰੋ ਤਾਜ਼ਾ ਕਰਦੀ ਹੈ ਅਤੇ ਆਪਣੀ ਉਡਾਣ ਅਤੇ ਸਾਹ ਨਾਲ ਸੁਗੰਧਤ ਕਰਦੀ ਹੈ ਅਤੇ ਉੱਥੋਂ ਦੇ ਲੋਕ ਇਸ ਨੂੰ ਤੱਕਦੇ ਹਨ ਜਦੋਂ ਇਹ ਖੁਸ਼ੀ ਵਿੱਚ ਮਸਤ ਉੱਡਦੀ ਫਿਰਦੀ ਹੈ।

ਮੇਰੀ ਕੀ ਹਾਲਤ ਹੈ। ਇਹ ਉਹੀ ਹੈ, ਹੋਰਲਾ ਜੋ ਮੈਨੂੰ ਤੰਗ ਕਰਦਾ ਹੈ ਅਤੇ ਮੈਨੂੰ ਇੰਨਾ ਪਾਗ਼ਲਪਨ ਦੀਆਂ ਗੱਲਾਂ ਲਈ ਸੋਚਣ ’ਤੇ ਮਜਬੂਰ ਕਰਦਾ ਹੈ ਉਹ ਮੇਰੇ ਅੰਦਰ ਹੈ ਉਹ ਮੇਰੀ ਰੂਹ ਬਣ ਰਿਹਾ ਹੈ; ਮੈਂ ਉਸ ਨੂੰ ਮਾਰ ਦਿਆਂਗਾ।

ਅਗਸਤ 20 - ਮੈਂ ਉਸ ਨੂੰ ਮਾਰ ਦਿਆਂਗਾ। ਮੈਂ ਉਸ ਨੂੰ ਦੇਖਿਆ ਹੈ। ਮੈਂ ਆਪਣੀ ਮੇਜ਼ ’ਤੇ ਬੈਠਾ ਸੀ ਅਤੇ ਬਹੁਤ ਹੀ ਮਿਹਨਤ ਨਾਲ ਲਿਖਣ ਦਾ ਬਹਾਨਾ ਕੀਤਾ। ਮੈਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਮੇਰੇ ਦੁਆਲੇ ਜ਼ਰੂਰ ਆਏਗਾ, ਮੇਰੇ ਬਹੁਤ ਹੀ ਲਾਗੇ, ਇੰਨਾ ਲਾਗੇ ਕਿ ਸ਼ਾਇਦ ਮੈਂ ਉਸ ਨੂੰ ਛੂਹ ਵੀ ਸਕਾਂ ਉਸ ਨੂੰ ਫੜ

ਸਕਾਂ। ਅਤੇ ਫੇਰ ਮੇਰੇ ਵਿੱਚ ਬਹੁਤ ਸ਼ਕਤੀ ਆ ਜਾਵੇ। ਮੇਰੇ ਹੱਥਾਂ ਗੋਡਿਆਂ, ਮੇਰੀ ਛਾਤੀ, ਮੇਰੇ ਮੱਥੇ, ਮੇਰੇ ਦੰਦਾਂ ਵਿੱਚ ਉਸ ਦੀ ਸੰਘੀ ਨਪਣ, ਉਸ ਨੂੰ ਲਤਾੜਣ, ਉਸ ਨੂੰ ਕੱਟਣ ਉਸ ਨੂੰ ਟੁੱਕੜੇ ਟੁੱਕੜੇ ਕਰਨ ਦੀ ਸ਼ਕਤੀ ਆ ਜਾਵੇ। ਅਤੇ ਮੈਂ ਉਸ ਦੀ ਪੂਰੀ ਉਤਸੁਕਤਾ ਨਾਲ ਉਡੀਕ ਕਰਦਾ ਰਿਹਾ।

ਮੈਂ ਆਪਣੀ ਅੰਗੀਠੀ ’ਤੇ ਦੋ ਲੈਂਪ ਅਤੇ ਅੱਠ ਮੋਮਬਤੀਆਂ ਜਲਾਈਆਂ ਜਿਵੇਂ ਕਿ ਮੈਂ ਇਸ ਰੋਸ਼ਨੀ ਨਾਲ ਉਸ ਨੂੰ ਲੱਭ ਸਕਾਂਗਾ।

ਮੇਰਾ ਮੰਜਾ, ਮੇਰਾ ਪੁਰਾਣਾ ਬਾਣ ਦਾ ਮੰਜਾ ਆਪਣੀ ਚੁਗਾਠ ਸਮੇਤ ਮੇਰੇ ਸਾਹਮਣੇ ਖੜਾ ਸੀ, ਮੇਰੇ ਖੱਬੇ ਪਾਸੇ ਦਰਵਾਜ਼ਾ ਸੀ, ਜੋ ਚੰਗੀ ਤਰ੍ਹਾਂ ਬੰਦ ਕੀਤਾ ਹੋਇਆ ਸੀ, ਕੁਝ ਦੇਰ ਇਸ ਨੂੰ ਮੈਂ ਖੁੱਲਾ ਛੱਡ ਦਿੱਤਾ ਪਿਛੋਂ, ਤਾਂ ਕਿ ਉਹ ਅੰਦਰ ਆ ਸਕੇ ਪਿਛਲੇ ਪਾਸੇ ਬਹੁਤ ਵੱਡੀ ਸ਼ੀਸ਼ੇ ਦੀ ਅਲਮਾਰੀ ਸੀ, ਜਿਸ ਦੇ ਸਾਹਮਣੇ ਮੈਂ ਆਪਣੇ ਕੱਪੜੇ ਆਦਿ ਪਾਉਂਦਾ ਸੀ ਅਤੇ ਜਿਸ ਵਿੱਚ ਮੈਂ ਜਦੋਂ ਵੀ ਇਸ ਦੇ ਕੋਲੋਂ ਲੰਘਦਾ, ਆਪਣੇ ਆਪ ਨੂੰ ਤੱਕਦਾ ਹੁੰਦਾ ਸੀ।

ਇਸ ਲਈ ਮੈਂ ਉਸ ਨੂੰ ਧੋਖਾ ਦੇਣ ਲਈ ਲਿਖਣ ਦਾ ਬਹਾਨਾ ਕੀਤਾ, ਕਿਉਂਕਿ ਉਹ ਵੀ ਮੈਨੂੰ ਵੇਖ ਰਿਹਾ ਸੀ ਅਤੇ ਅਚਾਨਕ ਹੀ ਮੈਂ ਮਹਿਸੂਸ ਕੀਤਾ ਕਿ ਮੈਨੂੰ ਯਕੀਨ ਸੀ ਕਿ ਉਹ ਮੇਰੇ ਪਿੱਛੇ ਮੋਢਿਆਂ ਉੱਪਰੋਂ ਸਭ ਕੁਝ ਪੜ੍ਹ ਰਿਹਾ ਹੈ, ਉਹ ਉੱਥੇ ਹੀ ਸੀ ਅਤੇ ਮੇਰੇ ਕੰਨ ਉਸ ਨਾਲ ਛੂਹ ਰਹੇ ਸਨ।

ਮੈਂ ਇਤਨਾ ਜਲਦੀ ਨਾਲ ਹੱਥ ਫੈਲਾਈ ਉੱਠਿਆ ਕਿ ਮੈਂ ਤਕਰੀਬਨ ਡਿੱਗ ਹੀ ਪਿਆ ਸੀ। ਡਰ ਦੁਪਹਿਰ ਵਰਗੀ ਰੋਸ਼ਨੀ ਸੀ, ਪਰ ਮੈਂ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਨਾ ਤਕਿਆ। ਇਹ ਬਿਲਕੁਲ ਸੱਖਣਾ, ਸਾਫ਼, ਗੰਭੀਰ ਅਤੇ ਰੋਸ਼ਨੀ ਨਾਲ ਭਰਿਆ ਹੋਇਆ ਸੀ, ਪਰ ਮੇਰੀ ਸ਼ਕਲ ਇਸ ਵਿੱਚ ਦਿਖਾਈ ਨਹੀਂ ਸੀ ਦਿੰਦੀ ਅਤੇ ਮੈਂ ਇਸ ਦੇ ਸਾਹਮਣੇ ਖੜਾ ਸੀ ਮੈਂ ਸਾਫ਼ ਅਤੇ ਵੱਡੇ ਸੀਸ਼ੇ ਨੂੰ ਉੱਪਰ ਤੋਂ ਹੇਠਾਂ ਤੱਕ ਵੇਖਿਆ ਅਤੇ ਮੈਂ ਇਸ ਨੂੰ ਝਪਕਦੀਆਂ ਨਜ਼ਰਾਂ ਨਾਲ ਵੇਖਿਆ। ਮੈਨੂੰ ਅੱਗੇ ਵਧਣ ਦੀ ਹਿੰਮਤ ਨਾ ਹੋਈ, ਮੈਨੂੰ ਹਿੱਲਣ ਦੀ ਵੀ ਹਿੰਮਤ ਨਾ ਪਈ ਇਹ ਮਹਿਸੂਸ ਕਰਦੇ

ਹੋਏ ਕਿ ਉਹ ਜ਼ਰੂਰ ਉਥੇ ਹੀ ਹੈ, ਪਰ ਇਹ ਕਿ ਉਹ ਮੈਥੋਂ ਫਿਰ ਬਚ ਕੇ ਨਿਕਲ ਜਾਵੇਗਾ।

ਉਹ ਜਿਸ ਦੇ ਸੂਖ਼ਮ ਸਰੀਰ ਵਿੱਚ ਮੇਰੀ ਪਰਛਾਈ ਅਲੋਪ ਹੋ ਗਈ ਹੈ।

ਮੈਂ ਕਿੰਨਾ ਡਰਿਆ ਹੋਇਆ ਸੀ ਅਤੇ ਵਿੱਚ ਅਚਾਨਕ ਹੀ ਮੈਨੂੰ ਸ਼ੀਸੇ ਦੀਆਂ ਗਹਿਰਾਈਆਂ ਵਿੱਚ ਆਪਣੀ ਧੁੰਦਲੀ ਸ਼ਕਲ ਦਿਖਾਈ ਦਿੱਤੀ, ਜਿਵੇਂ ਕਿ ਧੁੰਦ ਪੈ ਰਹੀ ਹੋਵੇ ਅਤੇ ਮੈਨੂੰ ਇੰਝ ਜਾਪਿਆ ਜਿਵੇਂ ਇਹ ਪਾਣੀ ਖੱਬੇ ਸੱਜੇ ਨੂੰ ਵਹਿ ਰਿਹਾ ਹੋਵੇ ਅਤੇ ਹਰ ਪਲ ਮੇਰੀ ਸੂਰਤ ਨੂੰ ਹੋਰ ਸਾਫ਼ ਕਰ ਰਿਹਾ ਹੋਵੇ। ਇਹ ਗ੍ਰਹਿਣ ਦੇ ਅੰਤ ਵਾਂਗ ਸੀ, ਜਿਸ ਚੀਜ ਨੇ ਮੈਨੂੰ ਛੁਪਾਇਆ ਹੋਇਆ ਸੀ ਉਸ ਦਾ ਅਕਾਰ ਸਾਫ ਨਜ਼ਰ ਨਹੀਂ ਸੀ ਆ ਰਿਹਾ, ਸਗੋਂ ਇਕ ਤਰ੍ਹਾਂ ਦੀ ਧੁੰਦਲੀ ਪਾਰਦਰਸਤਾ ਵਾਂਗ ਸੀ ਜੋ ਹੌਲੀ-ਹੌਲੀ ਸਾਫ਼ ਹੁੰਦੀ ਗਈ।

ਅੰਤ ਵਿਚ ਮੈਂ ਆਪਣੇ ਆਪ ਨੂੰ ਸਾਫ਼ ਸਾਫ਼ ਪਛਾਣਨ ਦੇ ਯੋਗ ਹੋ ਸਕਿਆ ਜਿਵੇਂ ਕਿ ਮੈਂ ਹਰ ਰੋਜ਼ ਵੇਖਦਾ ਹਾਂ ਜਦੋਂ ਮੈਂ ਆਪਣੇ ਆਪ ਨੂੰ ਵੇਖਦਾ ਹਾਂ।

ਮੈਂ ਉਸ ਨੂੰ ਦੇਖਿਆ ਸੀ ਅਤੇ ਇਸ ਦਾ ਡਰ ਮੇਰੇ 'ਤੇ ਛਾਇਆ ਰਿਹਾ ਅਤੇ ਮੈਨੂੰ ਹੁਣ ਵੀ ਕੰਬਣੀ ਛਿੜ ਜਾਂਦੀ ਹੈ।

ਅਗਸਤ 21-ਮੈਂ ਉਸ ਨੂੰ ਕਿਵੇਂ ਮਾਰ ਸਕਦਾ ਹਾਂ ਕਿਉਂਕਿ ਮੈਂ ਉਸ ਨੂੰ ਫੜ ਨਹੀਂ ਸਕਿਆ? ਜ਼ਹਿਰ ਪਰ ਉਹ ਮੈਨੂੰ ਪਾਣੀ ਵਿਚ ਜ਼ਹਿਰ ਮਿਲਾਉਂਦੇ ਹੋਏ ਵੇਖ ਲਵੇਗਾ ਅਤੇ ਫੇਰ ਕੀ ਸਾਡੇ ਜ਼ਹਿਰ ਉਸ ਦੇ ਸੂਖ਼ਮ ਸਰੀਰ 'ਤੇ ਕੋਈ ਅਸਰ ਕਰਨਗੇ? ਨਹੀਂ ਨਹੀਂ ਭਾਵੇਂ ਜ਼ਹਿਰ ਕਿਹਾ

ਜਿਹਾ ਵੀ ਕਿਉਂ ਨਾ ਹੋਵੇ। ਫੇਰ ਫੇਰ?

ਅਗਸਤ 22 - ਮੈਂ ਰੋਇਨ ਇਕ ਲੋਹਾਰ ਬੁਲਾਇਆ ਅਤੇ ਉਸ ਨੂੰ ਮੇਰੇ ਕਮਰੇ ਵਿੱਚ ਲੋਹੇ ਦੇ ਦਰਵਾਜ਼ੇ ਲਾਉਣ ਲਈ ਹੁਕਮ ਕੀਤਾ ਜਿਵੇਂ ਕਿ ਪੈਰਿਸ ਵਿੱਚ ਪਹਿਲੀ ਮੰਜ਼ਲ 'ਤੇ ਕੁਝ ਹੋਟਲਾਂ 'ਤੇ ਲੱਗੇ ਹੁੰਦੇ ਹਨ ਤਾਂ ਕਿ ਚੋਰ ਨਾ ਆ ਸਕਣ, ਅਤੇ ਉਹ ਵੀ ਮੇਰੇ ਲਈ ਇਸੇ ਤਰ੍ਹਾਂ ਦਾ ਹੀ ਦਰਵਾਜ਼ਾ ਤਿਆਰ ਕਰ ਰਿਹਾ ਹੈ। ਮੈਂ ਆਪਣੇ ਆਪ ਨੂੰ ਇਕ ਬਣਾ ਲਿਆ ਹੈ ਪਰ ਮੈਂ ਇਸ ਦੀ ਪਰਵਾਹ ਨਹੀਂ ਕਰਦਾ।

ਸਤੰਬਰ 10 - ਰੋਇਨ ਦੇ ਕਾਨਟੀਨੈਂਟਲ ਹੋਟਲ ਦਾ ਕੰਮ ਹੋ ਗਿਆ;ਕੰਮ ਹੋ ਗਿਆ ਪਰ ਉਹ ਮਰ ਗਿਆ ਹੈ? ਜੋ ਕੁਝ ਮੈਂ ਦੇਖਿਆ ਹੈ ਉਸ ਨਾਲ ਮੇਰਾ ਦਿਮਾਗ਼ ਪੂਰੀ ਤਰ੍ਹਾਂ ਚਕਰਾਇਆ ਹੋਇਆ ਹੈ।

ਹਾਂ ਫੇਰ ਕੱਲ ਲੋਹਾਰ ਨੇ ਲੋਹੇ ਦੇ ਸ਼ਟਰ ਅਤੇ ਦਰਵਾਜ਼ਾ ਲਾ ਦਿਤਾ ਸੀ ਅੱਧੀ ਰਾਤ ਤੱਕ ਮੈਂ ਹਰ ਚੀਜ਼ ਖੁੱਲ੍ਹੀ ਛੱਡੀ ਰੱਖੀ, ਭਾਵੇਂ ਠੰਡ ਹੋ ਰਹੀ ਸੀ।

ਅਚਾਨਕ ਹੀ ਮੈਂ ਮਹਿਸੂਸ ਕੀਤਾ ਕਿ ਉਹ ਉੱਥੇ ਹੈ ਅਤੇ ਮੇਰੇ 'ਤੇ ਖੁਸ਼ੀ ਦਾ ਪਾਗ਼ਲਪਨ ਛਾ ਗਿਆ। ਮੈਂ ਹੌਲੀ ਜਿਹੀ ਉੱਠਿਆ ਅਤੇ ਕੁਝ ਦੇਰ ਮੈਂ ਖੱਬੇ ਸੱਜੇ ਟਹਿਲਿਆ, ਤਾਂ ਕਿ ਉਹ ਕੁਝ ਭਾਪ ਨਾ ਸਕੇ : ਫੇਰ ਮੈਂ ਆਪਣੇ ਬੂਟ ਉਤਾਰੇ ਅਤੇ ਛੇਤੀ ਛੇਤੀ ਆਪਣੇ ਸਲੀਪਰ ਪਹਿਨੇ ਫੇਰ ਮੈਂ ਲੋਹੇ ਦੇ ਸ਼ਟਰ ਬੰਦ ਕਰ ਦਿੱਤੇ ਅਤੇ ਛੇਤੀ ਨਾਲ ਦਰਵਾਜ਼ਾ ਬੰਦ ਕਰਕੇ ਉਸ ਨੂੰ ਤਾਲਾ ਮਾਰ ਦਿਤਾ ਅਤੇ ਚਾਬੀ ਆਪਣੀ ਜੇਬ ਵਿੱਚ ਪਾ ਲਈ।

ਅਚਾਨਕ ਹੀ ਮੈਂ ਵੇਖਿਆ ਕਿ ਉਹ ਕਾਹਲ਼ੀ ਕਾਹਲ਼ੀ ਮੇਰੇ ਵੱਲ ਵੱਧ ਰਿਹਾ ਹੈ ਅਤੇ ਉਹ ਘਬਰਾਇਆ ਅਤੇ ਡਰਿਆ ਹੋਇਆ ਹੈ ਅਤੇ ਮੈਨੂੰ ਬਾਹਰ ਕੱਢਣ ਲਈ ਕਹਿ ਰਿਹਾ ਹੈ। ਮੈਂ ਲਗਭਗ ਰਾਜ਼ੀ ਹੋ ਗਿਆ ਮੈਂ ਸੁਸਤ ਨਾ ਰਿਹਾ ਸਗੋਂ ਦਰਵਾਜ਼ੇ ਨਾਲ ਆਪਣੀ ਪਿੱਠ ਲਾ ਕੇ ਮੈਂ ਅੱਧਾ ਕੁ ਦਰਵਾਜ਼ਾ ਖੋਲਿਆ ਜਿਸ ਵਿੱਚੋਂ ਮੈਂ ਪਿੱਛੇ ਮੁੜ ਸਕਾਂ ਕਿਉਂਕਿ ਮੈਂ ਬਹੁਤ ਲੰਮਾ ਹਾਂ, ਮੇਰਾ ਸਿਰ ਛੱਤ ਨਾਲ ਜਾ ਲੱਗਾ, ਮੈਨੂੰ ਯਕੀਨ ਸੀ ਕਿ ਉਹ ਨੱਸ ਨਹੀਂ ਸੀ ਸਕਿਆ ਅਤੇ ਮੈਂ ਉਸ ਨੂੰ ਇਕੱਲੇ ਹੀ ਬੰਦ ਕਰ ਦਿੱਤਾ ਸੀ, ਬਿਲਕੁਲ ਇਕੱਲੇ ਨੂੰ ਕਿੰਨੀ ਖੁਸ਼ੀ ਸੀ। ਮੈਂ ਉਸ ਨੂੰ ਬੰਦ ਕਰ ਦਿੱਤਾ ਸੀ। ਫੇਰ ਮੈਂ ਬੈਠਕ ਵੱਲ ਪੌੜੀਆਂ ਉਤਰ ਗਿਆ ਜਿਹੜੀ ਮੇਰੇ ਸੌਣ ਵਾਲੇ ਕਮਰੇ ਦੇ ਹੇਠਾਂ ਸੀ। ਮੈਂ ਦੋਵੇ ਲੈਂਪ ਚੁੱਕੇ ਅਤੇ ਸਾਰਾ ਤੇਲ ਗਲੀਚੇ ਫ਼ਰਨੀਚਰ ਅਤੇ ਹਰ ਪਾਸੇ ਡੋਲ੍ਹ ਦਿੱਤਾ ਅਤੇ ਫੇਰ ਮੈਂ ਇਸ ਨੂੰ ਅੱਗ ਲਾ ਦਿੱਤੀ ਅਤੇ ਪੂਰੀ ਸਾਵਧਾਨੀ ਨਾਲ ਤਾਲਾ ਮਾਰ ਕੇ ਬਚ ਨਿਕਲਿਆ।

ਮੈ ਚਲਾ ਗਿਆ ਅਤੇ ਬਾਗ਼ ਦੇ ਕੋਨੇ ਵਿੱਚ ਝਾੜੀਆਂ ਵਿੱਚ ਛਿਪ ਗਿਆ। ਕਿੰਨੀ ਹੀ ਦੇਰ ਤੱਕ ਕਿੰਨੀ ਦੇਕ ਤੱਕ ਹਰ ਪਾਸੇ ਹਨੇਰਾ ਸੀ ਚੁੱਪ ਚਾਪ ਸੀ ਨਾ ਹੀ ਕਿਤੇ ਹਵਾ ਕਿੰਨੀ ਹੀ ਰੁਮਕੀ ਸੀ ਅਤੇ ਨਾ ਹੀ ਕੋਈ ਤਾਰਾ ਨਜ਼ਰ ਆਉਂਦਾ ਸੀ ਪਰ

ਬੱਦਲ ਹੀ ਬੱਦਲ ਸਨ ਜੋ ਦੇਖੇ ਨਹੀਂ ਜਾ ਸਕਦੇ ਸਨ। ਪਰ ਮਹਿਸੂਸ ਕੀਤੇ ਜਾ ਸਕਦੇ ਸਨ। ਮੇਰੇ ਮਨ ’ਤੇ ਕਿਤਨਾ ਬੋਝ ਸੀ।

ਮੈਂ ਆਪਣੇ ਘਰ ਵੱਲ ਤਕਿਆ ਅਤੇ ਉਡੀਕਦਾ ਰਿਹਾ। ਕਿੰਨੀ ਹੀ ਦੇਰ। ਮੈਂ ਪਹਿਲਾਂ ਹੀ ਸੋਚਣਾ ਸ਼ੁਰੂ ਕਰ ਦਿੱਤਾ ਸੀ ਕਿ ਅੱਗ ਆਪਣੇ ਆਪ ਹੀ ਬੁਝ ਗਈ ਹੈ ਜਾਂ ਉਸ ਨੇ ਬੁਝਾਈ ਹੈ,

ਜਦੋਂ ਅੱਗ ਦੀਆਂ ਲਾਟਾਂ ਦੀ ਲਪੇਟ ਵਿੱਚ ਇਕ ਹੇਠਲੀ ਖਿੜਕੀ ਡਿੱਗ ਪਈ ਸੀ ਅਤੇ ਲਾਲ ਲਾਟ ਦੀ ਲੰਮੀ ਤੇ ਨਰਮ ਚਾਦਰ ਸਫ਼ੈਦ ਕੰਧ ’ਤੇ ਚੜ੍ਹ ਗਈ ਸੀ ਅਤੇ ਇਸ ਨੇ ਛੱਤ ਨੂੰ ਜਾ ਛੋਹਿਆ ਸੀ। ਅੱਗ ਦੀ ਰੋਸ਼ਨੀ ਦਰੱਖਤਾਂ ਟਹਿਣੀਆਂ ਅਤੇ ਪੱਤਿਆਂ ਤੱਕ ਜਾ ਪੁੱਜੀ ਸੀ ਅਤੇ ਉਹ ਡਰ ਨਾਲ ਕੰਬਣ ਵੀ ਲੱਗ ਪਏ ਸਨ। ਪੰਛੀ ਜਾਗ ਪਏ ਸਨ; ਕੁੱਤਾ ਭੌਂ ਭੌਂ ਕਰਨ ਲੱਗ ਪਿਆ ਸੀ ਅਤੇ ਮੈਨੂੰ ਇੰਝ ਜਾਪਿਆ ਜਿਵੇਂ ਦਿਨ ਚੜ੍ਹਨ ਵਾਲਾ ਹੀ ਹੋਵੇ। ਉਸੇ ਵੇਲੇ ਦੋ ਹੋਰ ਖਿੜਕੀਆਂ ਟੁੱਕੜੇ ਟੁੱਕੜੇ ਹੋ ਗਈਆਂ ਅਤੇ ਮੈਂ ਦੇਖਿਆ ਕਿ ਮੇਰੇ ਘਰ ਦੇ ਨਿਚਲੇ ਹਿੱਸੇ ਨੇ ਅੱਗ ਦੀ ਇਕ ਵਿਸ਼ਾਲ ਭੱਠੀ ਦਾ ਰੂਪ ਧਾਰਨ ਕਰ ਲਿਆ ਹੈ। ਪਰ ਇਕ ਚੀਖ, ਭਿਆਨਕ, ਦਰਦੀਲੀ ਅਤੇ ਦਿਲ ਚੀਰ ਦੇਣ ਵਾਲੀ ਚੀਕ, ਇਕ ਇਸਤਰੀ ਦੀ ਚੀਕ ਰਾਤ ਦੇ ਸਨਾਟੇ ਵਿਚ ਗੂੰਜੀ ਅਤੇ ਪੜਛੱਤੀ ਦੀਆਂ ਦੋ ਖਿੜਕੀਆਂ ਖੁੱਲੀਆਂ। ਮੈਂ ਨੌਕਰਾਂ ਨੂੰ ਭੁੱਲ ਗਿਆ। ਮੈਂ ਉਨ੍ਹਾਂ ਦੇ ਡਰਾਉਣੇ ਚਿਹਰੇ ਦੇਖੇ ਅਤੇ ਉਨ੍ਹਾਂ ਦੀਆਂ ਬਾਹਾਂ ਹਿਲਦੀਆਂ ਵੇਖੀਆ।

ਫੇਰ ਡਰਿਆ ਹੋਇਆ ਮੈਂ ਇਹ ਚਿਲਾਉਂਦੇ ਹੋਏ ਪਿੰਡ ਵਲ ਦੌੜਿਆ ਬਚਾਓ ਬਚਾਓ ਅੱਗ ਅੱਗ ਕੁਝ ਲੋਕ ਵੀ ਮਿਲੇ ਜੋ ਉਸ ਪਾਸੇ ਦੀ ਆ ਰਹੇ ਸਨ ਮੈਂ ਦੇਖਣ ਲਈ ਉਨ੍ਹਾਂ ਦੇ ਨਾਲ ਹੀ ਚਲਾ ਗਿਆ।

ਇਸ ਸਮੇਂ ਤੱਕ ਘਰ ਸਿਰਫ਼ ਇਕ ਡਰਾਉਣੀ ਤੇ ਵਿਸ਼ਾਲ ਚਿਤਾ, ਇਕ ਅਨੋਖੀ ਚਿਤਾ ਬਣ ਕੇ ਰਹਿ ਗਿਆ ਸੀ ਜਿਸ ਦੀਆਂ ਲਾਟਾਂ ਨਾਲ ਸਾਰੇ ਪਿੰਡ ਵਿਚ ਚਾਨਣ ਹੋ ਗਿਆ ਸੀ,ਅਜਿਹੀ ਚਿਤਾ ਜਿਸ ਵਿੱਚ ਲੋਕ ਸੜ ਰਹੇ ਸਨ ਅਤੇ ਜਿਸ ਵਿੱਚ ਉਹ ਵੀ ਸੜ ਰਿਹਾ ਸੀ। ਉਹ ਉਹ ਮੇਰਾ ਕੈਦੀ ਉਹ ਨਵਾਂ ਵਿਅਕਤੀ, ਨਵਾਂ ਮਾਲਕ ਹੋਰਲਾ....

ਅਚਾਨਕ ਹੀ ਸਾਰੀ ਛੱਤ ਹੀ ਹੇਠਾਂ ਆ ਪਈ ਅਤੇ ਅੱਗ ਦੀਆਂ ਲਾਟਾਂ ਅਸਮਾਨ ਨੂੰ ਛੋਹਣ ਲੱਗੀਆਂ ਉਸ ਵਿਸ਼ਾਲ ਭੱਠੀ ਵੱਲ ਜੋ ਵੀ ਖਿੜਕੀਆਂ ਖੁੱਲਦੀਆਂ ਸਨ ਉਨ੍ਹਾਂ ਵਿਚੋਂ ਮੈਂ ਲਾਟਾਂ ਉੱਠਦੀਆਂ ਵੇਖੀਆਂ ਅਤੇ ਮੈਂ ਸੋਚਿਆ ਕਿ ਉਹ ਉੱਥੇ ਸੀ ਉਸ ਭੱਠੀ ਵਿੱਚ ਮਰਿਆ ਹੋਇਆ।

ਮੁਰਦਾ? ਸ਼ਾਇਦ? ਉਸ ਦਾ ਸਰੀਰ ਨਹੀਂ ਸੀ, ਜਿਹੜਾ ਪਾਰਦਰਸਿਤ ਸੀ ਅਤੇ ਨਾਸ਼ ਨਾ ਹੋਣ ਵਾਲਾ ਸੀ ਜਿਵੇਂ ਕਿ ਸਾਡੇ ਸਰੀਰ ਨਾਸ਼ ਹੋ ਜਾਂਦੇਹਨ।

ਜੇ ਉਹ ਮਰਿਆ ਨਾ ਹੁੰਦਾ?ਸ਼ਾਇਦ ਇਕਲੇ ਸਮੇਂ ਨੂੰ ਹੀ ਅਦ੍ਰਿਸ਼ ਅਤੇ ਮੁੜ ਸ਼ੰਕਾਯੋਗ ਹਸਤੀ ਤੇ ਹੀ ਅਖਤਿਆਰ ਹਾਸਲ ਸੀ। ਇਹ ਪਾਰਦਰਸ਼ਿਤ, ਨਾ ਪਛਾਣਨ ਯੋਗ ਸਰੀਰ ਹੀ ਕਿਉਂ, ਇਹ ਕਿਸੇ ਪ੍ਰੇਤ ਦਾ ਸਰੀਰ ਹੈ, ਡਰ, ਬੀਮਾਰੀ, ਜ਼ਖਮ ਕਮਜ਼ੋਰੀ ਅਤੇ ਸਮਾਂ ਪੂਰਣ ਵਿਨਾਸ਼ ਦਾ ਡਰ ਹੈ?

ਸਮਾਂ ਪੂਰਵ ਵਿਨਾਸ਼? ਸਾਰੇ ਮਨੁੱਖੀ ਡਰ ਇਸ ਤੋਂ ਹੀ ਉਤਪੰਨ ਹੁੰਦੇ ਹਨ। ਆਦਮੀ ਦੇ ਪਿੱਛੋਂ ਹੋਰਲਾ। ਉਸ ਪਿੱਛੋਂ ਹਰ ਘੰਟੇ ਹਰ ਪਲ ਦੁਰਘਟਨਾ ਦੁਆਰਾ ਕੌਣ ਮਰ ਸਕਦਾ ਹੈ। ਉਹ ਆਇਆ ਉਹ ਜਿਸ ਨੇ ਵਿਸ਼ੇਸ਼ ਸਮੇਂ ’ਤੇ ਹੀ ਮਰਨਾ ਹੈ ਕਿਉਂਕਿ ਉਹ ਆਪਣੀ ਉਮਰ ਜੀਅ ਚੁੱਕਾ ਸੀ।

ਨਹੀਂ ਨਹੀਂ ਇਸ ਬਾਰੇ ਕੋਈ ਸ਼ੱਕ ਨਹੀਂ ਉਹ ਮਰਿਆ ਨਹੀਂ ਫੇਰ... ਫੇਰ ਮੈਂ ਸੋਚਦਾ ਹਾਂ ਕਿ ਮੈਂ ਆਪਣੇ ਆਪ ਨੂੰ ਹੀ ਕਤਲ ਕਰ ਦੇਵਾਂ।

# ਮੈਡਮ ਟੈਲੀਅਰ ਦਾ ਸੈਰ ਸਪਾਟਾ

ਹਰ ਸ਼ਾਮ ਗਿਆਰਾਂ ਵਜੇ ਆਦਮੀ ਉੱਥੇ ਜਾਂਦੇ ਜਿਵੇਂ ਕਾਫੀ ਹਾਊਸ ਨੂੰ ਜਾਇਆ ਕਰਦੇ ਸਨ। ਉਨ੍ਹਾਂ ਵਿੱਚੋਂ ਛੇ ਜਾਂ ਅੱਠ ਉੱਥੇ ਮਿਲਿਆ ਕਰਦੇ; ਹਮੇਸ਼ਾ ਉਹੋ ਹੀ ਮੰਡਲੀ ਬਹੁਤੇ ਤੇਜ਼ ਮਿਜ਼ਾਜ ਨਹੀਂ। ਪਰ ਇੱਜ਼ਤਦਾਰ ਵਪਾਰੀ, ਅਤੇ ਸਰਕਾਰੀ ਜਾਂ ਹੋਰ ਕਿਸੇ ਨੌਕਰੀ ਵਿੱਚ ਕੰਮ ਕਰਦੇ ਨੌਜਵਾਨ ਉੱਥੇ ਚਾਰਟਰੀਊਜ਼ ਪੀਤਾ ਕਰਦੇ, ਅਤੇ ਕੁੜੀਆਂ ਨੂੰ ਛੇੜਦੇ ਜਾਂ ਮੈਡਮ ਨਾਲ ਸੰਜੀਦਾ ਹੋ ਕੇ ਗੱਲਾਂ ਕਰਦੇ, ਜਿਸ ਦੀ ਹਰ ਕੋਈ ਇੱਜ਼ਤ ਕਰਦਾ ਸੀ ਅਤੇ ਗਿਆਰਾਂ ਵਜੇ ਘਰ ਚਲੇ ਜਾਂਦੇ। ਛੋਟੇ ਆਦਮੀ ਕਈ ਵਾਰ ਰਾਤ ਠਹਿਰਦੇ।

ਇਹ ਇਕ ਛੋਟਾ ਜਿਹਾ ਤੇ ਸੁਖਮਈ ਘਰ ਸੀ। ਸੇਂਟ ਐਟੀਨੀ ਦੇ ਚਰਚ ਦੀ ਪਿਛਲੀ ਗ਼ਲੀ ਕੋਨੇ ਦੇ ਵਿੱਚ ਬਾਰੀਆਂ ਵਿੱਚੋਂ ਜਹਾਜ਼ਾਂ ਦਾ ਭਰਿਆ ਮਾਲ ਆਮ ਦੇਖਿਆ ਜਾ ਸਕਦਾ ਸੀ ਜਿਨ੍ਹਾਂ ਤੋਂ ਮਾਲ ਉਤਾਰਿਆ ਜਾ ਰਿਹਾ ਸੀ, ਅਤੇ ਪਹਾੜੀ ਉੱਪਰ ਮਾਤਾ ਮਰੀਅਮ ਦਾ ਇਕ ਛੋਟਾ ਜਿਹਾ ਗਿਰਜਾ ਸੀ।

ਮੈਡਮ ਜੋ ਇਉਰ ਦੇ ਮਹਿਕਮੇ ਵਿੱਚ ਕਿਸਾਨ ਜਾਗੀਰਦਾਰ ਦੇ ਉੱਚ ਘਰਾਣੇ ਵਿੱਚੋਂ ਆਈ ਸੀ ਨੇ ਆਪਣਾ ਟੋਪੀਆਂ ਜਾਂ ਪੁਸ਼ਾਕਾਂ ਬਣਾਉਣ ਦਾ ਕੰਮ ਆਰੰਭ ਲਿਆ ਵਿਭਚਾਰ, ਜੋ ਵੱਡੇ ਨਗਰਾਂ ਵਿੱਚ ਬੁਰੀ ਤਰ੍ਹਾਂ ਫੈਲਿਆ ਹੈ, ਨੂੰ ਨੌਹ ਮੰਡੀ ਦੇ ਪਿੰਡਾਂ ਵਿੱਚ ਬਿਲਕੁਲ ਬੁਰਾ ਨਹੀਂ ਸਮਝਿਆ ਜਾਂਦਾ। ਕਿਸਾਨ ਸਿਰਫ਼ ਆਖਦੇ ਹਨ "ਇਹ ਕਮਾਈ ਵਾਲਾ ਧੰਦਾ ਹੈ" ਅਤੇ ਆਪਣੀਆਂ ਧੀਆਂ ਨੂੰ ਚੁਸਤ ਕੁੜੀਆਂ ਦਾ ਜਨਾਨਖਾਨਾ ਖੋਲਣ ਲਈ ਭੇਜ ਦਿੰਦੇ ਹਨ, ਜਿਵੇਂ ਉਹ ਉਸ ਨੂੰ ਕੁੜੀਆਂ ਦਾ ਸਕੂਲ ਖੋਲ੍ਹਣ ਲਈ ਭੇਜਦੇ ਹੋਣ।

ਉਸ ਨੂੰ ਇਹ ਮਕਾਨ ਇਕ ਬੁੱਢੇ ਚਾਚੇ ਤੋਂ ਵਿਰਾਸਤ ਵਿੱਚ ਮਿਲਿਆ ਸੀ ਜਿਸ ਨਾਲ ਇਹ ਸੰਬੰਧਿਤ ਸੀ। ਮੌਨਸੀਅਰ ਅਤੇ ਮੈਡਮ, ਜੋ ਪਹਿਲਾ ਵਿਟਟ ਵਿੱਚ

ਸਰਦਾਰ ਸਨ, ਨੇ ਇਹ ਸੋਚ ਕੇ ਫੀਕੈਂਪ ਵਿੱਚ ਧੰਦਾ ਬਹੁਤਾ ਲਾਹੇਵੰਦ ਹੈ। ਤੁਰੰਤ ਆਪਣਾ ਮਕਾਨ ਵੇਚ ਦਿੱਤਾ। ਉਹ ਕੰਮ ਦੀ ਅਗਵਾਈ ਸੰਭਾਲਣ ਲਈ ਇਕ ਦਿਨ ਆ ਗਏ, ਜਿਹੜਾ ਕਿ ਮੁਖੀ ਦੀ ਅਣਹੋਂਦ ਕਾਰਨ ਹੇਠਾਂ ਜਾ ਰਿਹਾ ਸੀ। ਆਪਣੇ ਹੀ ਢੰਗ ਨਾਲ ਉਹ ਚੰਗੇ ਬਣੇ ਸਨ, ਅਤੇ ਛੇਤੀ ਹੀ ਉਨ੍ਹਾਂ ਨੂੰ ਆਪਣੇ ਆਪ ਨੂੰ ਸਟਾਫ਼ ਅਤੇ ਗਵਾਂਢੀਆਂ ਦੇ ਮਨਪਸੰਦ ਦਾ ਬਣਾ ਲਿਆ।

ਮੌਨਸੀਅਰ ਦੋ ਸਾਲ ਪਿੱਛੋਂ ਐਪੋਸੀਲੈਕਸੀ ਨਾਲ ਮਰ ਗਿਆ, ਕਿਉਂਕਿ ਉਸ ਦੇ ਨਵੇਂ ਧੰਦੇ ਨੇ ਸੁਸਤ ਅਤੇ ਕਸਰਤ ਤੋਂ ਵਾਂਝਾ ਕਰ ਦਿੱਤਾ ਸੀ, ਉਹ ਬਹੁਤ ਮੋਟਾ ਹੋ ਗਿਆ ਅਤੇ ਉਸ ਦੀ ਸਿਹਤ ਗਿਰ ਗਈ। ਇਸ ਲਈ ਮੈਡਮ ਵਿਧਵਾ ਹੋ ਗਈ, ਅਮਲੇ ਦੇ ਸਾਰੇ ਆਉਣ ਜਾਣ ਵਾਲੇ ਉਸ ਨੂੰ ਚਾਹੁੰਦੇ ਸਨ; ਪਰ ਲੋਕ ਕਹਿੰਦੇ ਸਨ ਵਿਅਕਤੀਗਤ ਤੌਰ 'ਤੇ ਉਹ ਬਿਲਕੁਲ ਨੇਕ ਸੀ ਅਤੇ ਮਕਾਨ ਵਿਚਲੀਆਂ ਕੁੜੀਆਂ ਵੀ ਉਸ ਦੇ ਵਿਰੁੱਧ ਕੁਝ ਨਾ ਲੱਭ ਸਕੀਆਂ। ਉਹ ਲੰਮੀ ਮੋਟੀ ਅਤੇ ਮਿਲਣਸਾਰ ਸੀ, ਅਤੇ ਉਸ ਦਾ ਮੁਹਾਂਦਰਾ ਜੋ ਮਕਾਨ ਦੇ ਧੁੰਦਲਕੇ ਕਾਰਨ ਪੀਲਾ ਪੈ ਗਿਆ ਸੀ, ਜਿਸ ਦੇ ਸ਼ਟਰ ਕਦੇ ਹੀ ਖੁੱਲ੍ਹਦੇ ਸਨ, ਇਉਂ ਜਾਪਦਾ ਸੀ ਜਿਵੇਂ ਇਹ ਰੰਗਿਆ ਹੋਵੇ। ਉਸ ਦੇ ਇਕ ਨਕਲੀ ਅਤੇ ਘੁੰਗਰਾਲੇ ਵਾਲਾਂ ਦੀ ਲਿਟ ਸੀ ਜਿਸ ਨਾਲ ਉਹ ਅੱਲੜ੍ਹ, ਜਾਪਦੀ ਸੀ ਜੋ ਉਸ ਦੇ ਮਾਈਆਂ ਵਾਲੇ ਅਕਾਰ ਨਾਲ ਟਾਕਰਾ ਕਰਦੀ ਸੀ। ਉਹ ਸਦਾ ਮੁਸਕਰਾਉਂਦੀ ਅਤੇ ਖੁਸ਼ ਰਹਿੰਦੀ ਸੀ, ਅਤੇ ਸੁਭਾਅ ਦੀ ਮਜ਼ਾਕੀਆ ਸੀ, ਪਰ ਉਸ ਵਿੱਚ ਕੁਝ ਸੰਜਮ ਦਾ ਅੰਸ਼ ਵੀ ਸੀ ਜਿਸ ਕਾਰਨ ਉਸ ਦਾ ਪੇਸ਼ਾ ਉਸਨੂੰ ਪੂਰੀ ਤਰ੍ਹਾਂ ਗੜੂੰਦ ਨਾ ਕਰ ਸਕਿਆ। ਉਜੱਡ ਸ਼ਬਦਾਂ ਨਾਲ ਉਹ ਸਦਾ ਕੰਬ ਜਾਂਦੀ ਸੀ, ਅਤੇ ਜਦੋਂ ਕੋਈ ਵੀ ਭੈੜੇ ਢੰਗ ਨਾਲ ਪਲਿਆ ਜੁਆਨ ਆਦਮੀ ਉਸ ਦੇ ਧੰਦੇ ਨੂੰ ਇਸ ਦੇ ਅਸਲ ਨਾਂ ਨਾਲ ਪੁਕਾਰਦਾ ਸੀ ਉਹ ਗੁੱਸੇ ਅਤੇ ਨਿਰਾਸ਼ ਹੋ ਜਾਂਦੀ ਸੀ।

ਮੁੱਕਦੀ ਗੱਲ ਉਹ ਮਨ ਦੀ ਬੜੀ ਸਾਫ਼ ਔਰਤ ਸੀ ਅਤੇ ਬੇਸ਼ੱਕ ਉਹ ਆਪਣੀਆਂ ਔਰਤਾਂ ਨਾਲ ਦੋਸਤਾਂ ਵਾਂਗ ਰਹਿੰਦੀ ਸੀ ਫੇਰ ਵੀ ਉਹ ਅਕਸਰ ਕਹਿੰਦੀ ਹੁੰਦੀ ਸੀ ਕਿ ਉਹ ਇੱਕੋ ਮਿੱਟੀ ਦੀਆਂ ਬਣੀਆਂ ਹੋਈਆਂ ਨਹੀਂ ਹਨ।

ਹਫ਼ਤੇ ਵਿੱਚ ਕਈ ਵਾਰ ਉਹ ਬੱਘੀ ਕਰਦੀ ਅਤੇ ਆਪਣੀਆਂ ਕਈ ਕੁੜੀਆਂ ਨੂੰ ਲੈ ਕੇ ਦੂਰ ਨਿਕਲ ਜਾਂਦੀ ਜਿੱਥੇ ਉਹ ਨਿੱਕੇ ਜਿਹੇ ਦਰਿਆ ਦੇ ਕਿਨਾਰੇ ਘਾਹ ਉੱਤੇ ਮੌਜ ਮੇਲਾ ਕਰਦੀਆਂ। ਉਹ ਸਕੂਲੋਂ ਛੁਟੀਆਂ ਕੁੜੀਆਂ ਵਾਂਗ ਫਿਰਦੀਆਂ ਅਤੇ ਦੌੜਾਂ ਲਾਉਂਦੀਆਂ ਤੇ ਬੱਚਿਆਂ ਵਾਲੀਆਂ ਖੇਡਾਂ ਖੇਡਦੀਆਂ ਉਹ ਘਾਹ ਉੱਤੇ ਹੀ ਠੰਢਾ ਖਾਣਾ ਖਾਂਦੀਆਂ ਅਤੇ ਸੇਬਾਂ ਦੀ ਸ਼ਰਾਬ ਪੀਂਦੀਆਂ, ਅਤੇ ਐਨ ਥੱਕ ਟੁੱਟ ਕੇ ਘਰ ਮੁੜਦੀਆਂ, ਅਤੇ ਬੱਘੀ ਵਿੱਚ ਦਿਆਲੂ ਮਾਂ ਵਰਗੀ ਮੈਡਮ ਨੂੰ ਚੁੰਮਦੀਆਂ ਜੋ ਚੰਗਿਆਈ ਅਤੇ ਮਗਨਤਾ ਨਾਲ ਭਰਪੂਰ ਸੀ।

ਮਕਾਨ ਦੇ ਦੋ ਦਰਵਾਜ਼ੇ ਸਨ। ਕੋਨੇ ਵਿੱਚ ਇਕ ਛੋਟਾ ਜਿਹਾ ਕਾਫੀ ਹਾਊਸ ਸੀ, ਜਿੱਥੇ ਬਾਦਬਾਨ ਅਤੇ ਨੀਵੇਂ ਲੋਕ ਰਾਤ ਵੇਲੇ ਅਕਸਰ ਆਉਂਦੇ, ਅਤੇ ਉਸ ਕੋਲ ਦੋ ਕੁੜੀਆਂ ਸਨ ਜਿਨ੍ਹਾਂ ਦੀ ਉਸ ਕੰਮ ’ਤੇ ਉਚੇਚੀ ਡਿਊਟੀ ਸੀ। ਬੈਰੇ ਦੀ ਸਹਾਇਤਾ ਨਾਲ ਜਿਸ ਦਾ ਨਾਂ ਫਰੈਡਰਿਕ ਸੀ ਅਤੇ ਜੋ ਛੋਟਾ, ਹਲਕੇ ਵਾਲ਼ਾਂ ਵਾਲਾ ਅਣਦਾੜੀਆ ਅਤੇ ਘੋੜੇ ਵਾਂਗ ਤਕੜਾ ਸੀ ਉਹ ਸ਼ਰਾਬ ਦੀਆਂ ਅੱਧੀਆਂ ਬੋਤਲਾਂ ਅਤੇ ਬੀਅਰ ਦੇ ਜੱਗ ਹਿਲਣ ਵਾਲੇ ਮਰਮਰੀ ਮੇਜ਼ਾਂ ’ਤੇ ਸਜਾਉਂਦੀਆਂ ਅਤੇ ਗਾਹਕਾਂ ਦੇ ਅੱਗੇ ਨਿਉਂ ਕੇ ਉਨ੍ਹਾਂ ਨੂੰ ਪੀਣ ਲਈ ਬੇਨਤੀ ਕਰਦੀਆਂ।

ਤਿੰਨ ਹੋਰ ਕੁੜੀਆਂ (ਉਹ ਸਾਰੀਆਂ ਪੰਜ ਸਨ) ਨੇ ਇਕ ਤਰ੍ਹਾਂ ਦੀ ਮਨਾਪਲੀ ਬਣਾਈ ਹੋਈ ਸੀ, ਅਤੇ ਪਹਿਲੀ ਮੰਜ਼ਿਲ ਦੀ ਸੰਗਤ ਲਈ ਰਾਖਵੀਆਂ ਸਨ, ਜਿੰਨਾ ਚਿਰ ਉਨ੍ਹਾਂ ਦੀ ਥੱਲੇ ਲੋੜ ਨਾ ਹੋਵੇ ਅਤੇ ਪਹਿਲੀ ਮੰਜਿਲ ਤੇ ਕੋਈ ਬੰਦਾ ਨਾ ਹੋਵੇ।

ਸ਼ਰੋਮਣੀ ਦੇਵਤੇ ਦਾ ਸਵਾਗਤੀ ਕਮਰਾ, ਜਿੱਥੇ ਵਪਾਰੀ ਆਮ ਤੌਰ ’ਤੇ ਮਿਲਿਆ ਕਰਦੇ ਸਨ, ਦੀਆਂ ਕੰਧਾਂ ਨੀਲੇ ਕਾਗਜ਼ ਨਾਲ ਸਜਾਈਆਂ ਸਨ, ਇਕ ਵੱਡੇ ਚਿੱਤਰ ਨਾਲ ਸੋਹਣਾ ਬਣਾਇਆ ਸੀ ਜਿਸ ਵਿੱਚ ਇਕ ਲੇਡੀ ਹੰਸ ਦੇ ਹੇਠ ਲਿਟੀ ਪਈ ਸੀ। ਇਸ ਕਮਰੇ ਵਿੱਚ ਵਲਦਾਰ ਪੌੜੀਆਂ ਨਾਲ ਚੜ੍ਹਿਆ ਜਾਂਦਾ ਸੀ ਜੋ ਗ਼ਲੀ ਵਿੱਚ ਖੁੱਲ੍ਹਦੇ ਇਕ ਤੰਗ ਦਰਵਾਜ਼ੇ ਕੋਲ ਜਾ ਕੇ ਮੁੱਕਦੀਆਂ ਸਨ ਅਤੇ ਇਸ ਦੇ ਉੱਪਰ ਸਾਰੀ ਰਾਤ ਇਕ ਛੋਟਾ ਦੀਵਾ ਬਲਦਾ ਸੀ ਜਿਹੋ ਜਿਹਾ ਕਿ ਅਜੇ ਵੀ ਕਈ ਨਗਰਾਂ ਵਿੱਚ ਸੰਤਾ ਦੇ ਮੰਦਰਾਂ ਦੇ ਪੈਰਾਂ ਵਿੱਚ ਬਲਦਾ ਦੇਖਿਆ ਜਾਂਦਾ

ਮਕਾਨ ਜੋ ਕਿ ਪੁਰਾਣਾ ਅਤੇ ਸਿਲ੍ਹਾ ਜਿਹਾ ਸਗੋਂ ਉੱਲੀ ਲੱਗੇ ਵਰਗਾ ਸੀ। ਕਿਸੇ ਸਮੇਂ ਇਸ ਦੇ ਲਾਂਘਿਆ ਵਿੱਚ ਕਾਲਗਨੇ ਦੀ ਬਣੀ ਹੋਏ ਅਤਰ ਦੀ ਮਹਿਕ ਸੀ, ਜਾਂ ਹੇਠਲੀ ਛੱਤ ਦੇ ਖੁੱਲ੍ਹੇ ਦਰਵਾਜ਼ੇ ਰਾਹੀ ਥੱਲੇ ਬੈਠੇ ਪੀ ਰਹੇ ਆਮ ਆਦਮੀਆਂ ਦਾ ਸ਼ੋਰ ਸ਼ਰਾਬਾ ਪਹਿਲੀ ਮੰਜ਼ਿਲ ਤੱਕ ਜਾਂਦਾ ਸੀ ਜੋ ਉੱਥੇ ਬੈਠੇ ਸੱਜਣ ਪੁਰਸ਼ਾਂ ਨੂੰ ਅਕਾ ਦਿੰਦਾ ਸੀ।ਮੈਡਮ ਜੋ ਉਨ੍ਹਾਂ ਗਾਹਕਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ ਜਿੰਨਾ ਨਾਲ ਉਸ ਦੀ ਚੰਗੀ ਦੋਸਤੀ ਸੀ, ਸਵਾਗਤੀ ਕਮਰੇ ਨੂੰ ਛੱਡ ਕੇ ਨਹੀਂ ਜਾਂਦੀ ਸੀ। ਉਹ ਨਗਰ ਦੀ ਸਥਿਤੀ ਵਿੱਚ ਬਹੁਤ ਦਿਲਚਸਪੀ ਲੈਂਦੀ ਸੀ ਅਤੇ ਉਹ ਉਸ ਨੂੰ ਸਾਰੀਆਂ ਖ਼ਬਰਾਂ ਸੁਣਾ ਦਿੰਦੇ ਸਨ। ਉਸ ਦੀ ਗੰਭੀਰ ਗੱਲਬਾਤ ਤਿੰਨਾਂ ਔਰਤਾਂ ਦੀ ਅਰੋਕ ਟੈਂ ਟੈਂ ਤੋਂ ਇਕ ਤਬਦੀਲੀ ਦੀ ਤਰ੍ਹਾਂ ਸੀ; ਇਹ ਮੁਸ਼ਟੰਡਿਆਂ ਦੇ ਸ਼ੱਕ ਭਰੇ ਮਖੌਲਾਂ ਤੋਂ ਸੁੱਖ ਦਾ ਸਾਹ ਸੀ ਜੋ ਹਰ ਸ਼ਾਮ ਢਿੱਲੇ ਆਚਰਣ ਦੀਆਂ ਕੁੜੀਆਂ ਨਾਲ ਕੁਝ ਪੀਂਦੇ ਹੋਏ ਘਟੀਆਂ ਪ੍ਰਕਾਰ ਦੀ ਮੌਜ ਮਨਾਉਂਦੇ ਸਨ।

ਪਹਿਲੀ ਮੰਜ਼ਲ ਦੀਆਂ ਕੁੜੀਆਂ ਦੇ ਨਾਂ ਸਨ ਫਰਨੰਦੇ, ਰਫੈਲੇ ਅਤੇ ਰੋਜ਼ "ਜੇਡ" ਕਿਉਂਕਿ ਸਟਾਫ਼ ਸੀਮਤ, ਮੈਡਮ ਨੇ ਕੋਸ਼ਿਸ਼ ਕੀਤੀ ਸੀ ਕਿ ਉਸ ਦਾ ਹਰ ਮੈਂਬਰ ਇਕ ਨਮੂਨਾ ਹੋਣਾ ਚਾਹੀਦਾ ਹੈ, ਔਰਤ ਦੀ ਹਰ ਕਿਸਮ ਦਾ ਨਮੂਨਾ ਕਿ ਹਰ ਗਾਹਕ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ ਆਪਣੀ ਪਸੰਦ ਮਿਲ ਜਾਵੇ। ਫਰਨੰਦੇ ਕਦੀ ਸੁੰਦਰਤਾ ਦੀ ਪ੍ਰਤੀਨਿਧ ਸੀ ਉਹ ਬਹੁਤ ਲੰਮੀ, ਮੋਟੀ ਅਤੇ ਸੁਸਤ ਸੀ; ਇਕ ਪੇਂਡੂ ਕੁੜੀ ਜੋ ਛਾਹੀਆਂ ਤੋਂ ਛੁਟਕਾਰਾਂ ਨਹੀਂ ਪਾ ਸਕੀ ਸੀ, ਅਤੇ ਜਿਸ ਦੇ ਛੋਟੇ, ਹਲਕੇ ਲਗਭਗ ਬੇਰੰਗੇ ਸਣ ਵਰਗੇ ਵਾਲ਼ ਜੋ ਕੰਘਾ ਕੀਤਿਆਂ ਸਣ ਵਾਂਗ ਲੱਗ ਰਹੇ ਸਨ, ਮੁਸ਼ਕਿਲ ਨਾਲ ਉਸ ਦੇ ਸਿਰ ਨੂੰ ਢੱਕਦੇ ਸਨ।

ਰਫੈਲੇ, ਜੋ ਮਾਰਸੀਲਸ ਤੋਂ ਆਈ ਸੀ ਜੋ ਸੁੰਦਰ ਯਹੂਦਣ ਦਾ ਜ਼ਰੂਰੀ ਪਾਰਟ ਅਦਾ ਕਰ ਰਹੀ ਸੀ। ਉਹ ਪਤਲੀ ਸੀ, ਜਿਸ ਦੀਆਂ ਉੱਚੀਆਂ ਗਲ੍ਹਾਂ ’ਤੇ ਲਾਲੀ ਮਲੀ ਹੁੰਦੀ ਸੀ, ਅਤੇ ਉਸ ਦੇ ਕਾਲੇ ਵਾਲ਼ ਜਿਨ੍ਹਾਂ ’ਤੇ ਸਦਾ ਕਰੀਮ ਮਲੀ ਰਹਿੰਦੀ ਸੀ, ਉਸ ਦੇ ਮੱਥੇ ’ਤੇ ਕੁੰਡਲ ਬਣਾਉਂਦੇ ਸਨ। ਉਸ ਦੀਆਂ ਅੱਖਾਂ ਸੋਹਣੀਆਂ ਹੁੰਦੀਆਂ ਜੇ ਸੱਜੀ ਅੱਖ ਵਿੱਚ ਦਾਗ਼ ਨਾ ਹੁੰਦਾ। ਉਸ ਦਾ ਰੋਮਨ ਨੱਕ ਚੌਰਸ

ਜਬਾੜਿਆਂ ਉੱਤੇ ਝੁਕਿਆ ਹੋਇਆ ਸੀ, ਜਿੱਥੇ ਦੇ ਉੱਪਰਲੇ ਬਣਾਉਟੀ ਦੰਦ ਬਾਕੀਆਂ ਦੇ ਭੱਦੇ ਰੰਗ ਨਾਲ ਅਜੀਬ ਅਸਮਾਨਤਾ ਪੈਦਾ ਕਰ ਰਹੇ ਸਨ।

ਰੋਜ਼ਾ ਮੋਟੀ ਗੋਲ ਮੋਲ ਜਿਹੀ ਸੀ ਉਸ ਦਾ ਢਿੱਡ ਹੀ ਢਿੱਡ ਨਜ਼ਰ ਆਉਂਦਾ ਸੀ; ਅਤੇ ਛੋਟੀਆਂ ਛੋਟੀਆਂ ਲੱਤਾਂ ਸਨ। ਸਵੇਰ ਤੋਂ ਲੈ ਕੇ ਸ਼ਾਮ ਤੱਕ ਉਹ ਗੀਤ ਗਾਉਂਦੀ ਰਹਿੰਦੀ ਸੀ ਜੋ ਬਦਲਵੇਂ ਰੂਪ ਵਿੱਚ ਅਸ਼ਲੀਲ ਅਤੇ ਭਾਵੁਕ ਹੁੰਦੇ ਸਨ, ਖਰ੍ਹਵੀ ਅਵਾਜ਼ ਵਿੱਚ ਮੂਰਖਤਾ ਭਰੀਆਂ ਪੁਰਾਤਨ ਅਮੁੱਕ ਕਹਾਣੀਆਂ ਸੁਣਾਉਂਦੀ, ਅਤੇ ਸਿਰਫ਼ ਖਾਣ ਲਈ ਹੀ ਰੁਕਦੀ, ਜਾਂ ਗੱਲਾਂ ਕਰਨ ਲਈ ਖਾਣੋ ਹਟਦੀ। ਉਹ ਕਦੇ ਵੀ ਨਿਚਲੀ ਨਹੀਂ ਸੀ ਰਹਿੰਦੀ, ਅਤੇ ਗਾਲ੍ਹੜ ਵਾਂਗ ਚੁਸਤ ਸੀ, ਆਪਣੇ ਮੋਟਾਪੇ ਅਤੇ ਛੋਟੀਆਂ ਲੱਤਾਂ ਦੇ ਬਾਵਜੂਦ; ਅਤੇ ਉਸ ਦਾ ਹਾਸਾ ਜਿਹੜਾ ਚੀਕਾਂ ਦਾ ਹੜ੍ਹ ਸੀ, ਨਿਰੰਤਰ ਸੌਣ-ਕਮਰੇ ਵਿੱਚ, ਅਟਾਰੀ ਵਿੱਚ, ਕਾਫ਼ੀ ਹਾਊਸ ਵਿੱਚ ਹਰ ਥਾਂ ਹਮੇਸ਼ਾ ਅਕਾਰਨ ਹੀ ਸੁਣਾਈ ਦਿੰਦਾ ਰਹਿੰਦਾ।

ਹੇਠਲੀ ਮੰਜ਼ਲ ’ਤੇ ਦੋ ਔਰਤਾਂ ਰਹਿੰਦੀਆਂ ਸਨ, ਲੂਇਸ ਜਿਸ ਨੂੰ "ਕੋਕੋਟੇ" ਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ ਅਤੇ ਫਲੌਰਾ ਜਿਸ ਨੂੰ ਉਹ ਬੈਲੈਂਕੁਆਇਰ ਕਹਿੰਦੇ ਸਨ ਕਿਉਂਕਿ ਉਹ ਕੁਝ ਲੰਗੜਾ ਕੇ ਚੱਲਦੀ ਸੀ। ਦੋਵੇਂ ਕਿਸੇ ਰਸਮੀ ਜਸ਼ਨ ਲਈ ਰਸੋਈਏ ਵਾਂਗ ਦਿਸਦੀਆਂ ਸਨ, ਪਹਿਲੀ ਸਦਾ ਅਜ਼ਾਦੀ ਨਾਲ ਕੱਪੜੇ ਪਾਉਂਦੀ ਸੀ, ਤਿੰਨ ਰੰਗਾਂ ਪਟਕਾ ਰੱਖਦੀ ਸੀ, ਅਤੇ ਦੂਜੀ ਸਪੇਨੀ ਔਰਤ ਵਾਂਗ ਪਹਿਨਦੀ ਸੀ ਜਿਸ ਦੇ ਲਾਲ ਵਾਲ਼ਾਂ ਵਿੱਚ ਤਾਂਬੇ ਦੇ ਸਿੱਕਿਆਂ ਦੀ ਲੜੀ ਸੀ ਜਿਹੜੀ ਹਰ ਕਦਮ ’ਤੇ ਖੜਕਦੀ ਸੀ। ਉਹ ਆਮ ਗ਼ਰੀਬ ਔਰਤਾਂ ਵਾਂਗ ਸਨ ਜੋ ਆਮ ਨਾਲੋਂ ਨਾ ਭੱਦੀਆਂ ਸਨ ਤੇ ਨਾ ਹੀ ਬਹੁਤ ਸੋਹਣੀਆਂ ਸਨ। ਅਸਲ ਵਿੱਚ ਉਹ ਕਿਸੇ ਸਰਾਂ ਦੇ ਨੌਕਰਾਂ ਵਾਂਗ ਦਿਖਾਈ ਦਿੰਦੀਆਂ ਸਨ ਅਤੇ ਆਮ ਤੌਰ ਤੇ “ਦੋ ਪੰਪ” ਕਹੀਆਂ ਜਾਂਦੀਆਂ ਸਨ।

ਮੈਡਮ ਦੀ ਮਿਲਾਪੜੀ ਸਿਆਣਪ ਅਤੇ ਲਗਾਤਾਰ ਚੰਗੇ ਹਾਸੀ ਮਖ਼ੌਲ ਕਾਰਨ ਇਨ੍ਹਾਂ ਪੰਜਾਂ ਔਰਤਾਂ ਵਿਚ ਰਸ਼ਕ ਭਰੀ ਸ਼ਾਂਤੀ ਵਰਤਦੀ ਸੀ; ਅਤੇ ਇਹ ਅੱਡਾ ਇਸ ਛੋਟੇ ਜਿਹੇ ਨਗਰ ਵਿੱਚ ਆਪਣੀ ਹੀ ਕਿਸਮ ਦਾ ਸੀ, ਜਿਸ ਵਿੱਚ ਬਹੁਤ

ਆਵਾਜਾਈ ਰਹਿੰਦੀ ਸੀ, ਮੈਡਮ ਇਸ ਨੂੰ ਅਜਿਹੀ ਸਤਿਕਾਰਯੋਗ ਬਣਾਵਟ ਦੇਣ ਵਿੱਚ ਸਫ਼ਲ ਰਹੀ ਸੀ; ਉਹ ਇੰਨੀ ਪਿਆਰੀ ਤੇ ਹਰ ਬੰਦੇ ’ਤੇ ਅਹਿਸਾਨ ਕਰਨ ਵਾਲੀ ਸੀ, ਉਸ ਦਾ ਚੰਗਾ ਹਿਰਦਾ ਇੰਨਾ ਪ੍ਰਸਿੱਧ ਸੀ ਕਿ ਉਸ ਦਾ ਵਿਸ਼ੇਸ ਤੌਰ ’ਤੇ ਸਤਿਕਾਰ ਕੀਤਾ ਜਾਂਦਾ ਸੀ। ਬਕਾਇਦਾ ਗਾਹਕ ਉਸਦੀ ਵਧੇਰੇ ਕਦਰ ਕਰਦੇ ਅਤੇ ਜਦੋਂ ਉਹ ਉਨ੍ਹਾਂ ਨਾਲ ਵਿਸ਼ੇਸ਼ ਤੌਰ ’ਤੇ ਦੋਸਤਾਨਾ ਹੁੰਦੀ ਤਾਂ ਉਹ ਪ੍ਰਸੰਨ ਹੋ ਜਾਂਦੇ। ਜਦੋਂ ਉਹ ਦਿਨੇ ਮਿਲਦੇ ਤਾਂ ਆਖਦੇ : "ਅੱਜ ਸ਼ਾਮ ਤੈਨੂੰ ਪਤਾ ਕਿੱਥੇ, ਜਿਵੇਂ ਆਦਮੀ ਆਖਦੇ ਹਨ "ਖਾਣੇ ਪਿੱਛੋਂ ਕਾਫ਼ੀ ਹਾਊਸ" ਮੁੱਕਦੀ ਗੱਲ ਮੈਡਮ ਟੈਲੀਅਰ ਦਾ ਮਕਾਨ ਅਜਿਹੀ ਥਾਂ ਸੀ ਜਿੱਥੇ ਜਾਣਾ ਯੋਗ ਸੀ, ਅਤੇ ਉਸ ਦੇ ਗਾਹਕ ਕਦੇ ਹੀ ਉੱਥੋਂ ਦੀ ਆਪਣੀ ਰੋਜ਼ਾਨਾ ਮੁਲਾਕਾਤ ਤੋਂ ਖੁੰਝਦੇ।

ਮਈ ਦੇ ਅਖ਼ੀਰ ਵਿੱਚ ਇਕ ਸ਼ਾਮ ਪਹਿਲਾਂ ਪਹੁੰਚਣ ਵਾਲਾ ਮੌਨਸ਼ੀਅਰ ਪੋਲੀਨ, ਜੋ ਕਿ ਟਿੱਬਰ ਮਰਚੈਂਟ ਸੀ, ਅਤੇ ਮੇਅਰ ਰਿਹਾ ਸੀ ਨੇ, ਦਰਵਾਜ਼ਾ ਬੰਦ ਦੇਖਿਆ, ਸੀਖਾਂ ਵਾਲੇ ਚੁੱਲ੍ਹੇ ਦੇ ਪਿੱਛੇ ਛੋਟੀ ਬੱਤੀ ਵੀ ਬਲ ਨਹੀਂ ਸੀ ਰਹੀ ; ਘਰ ਵਿੱਚ ਕੋਈ ਅਵਾਜ਼ ਨਹੀਂ ਸੀ ; ਹਰ ਚੀਜ਼ ਚੁੱਪ ਸੀ। ਪਹਿਲਾਂ ਉਸ ਨੇ ਹੌਲੀ ਜਿਹੀ ਬੂਹਾ ਖੜਕਾਇਆ, ਫੇਰ ਹੋਰ ਉੱਚੀ ਪਰ ਦਰਵਾਜ਼ਾ ਖੜਕਾਉਣ ਦਾ ਕੋਈ ਉੱਤਰ ਨਾ ਆਇਆ। ਫੇਰ ਉਹ ਹੌਲੀ ਹੌਲੀ ਗ਼ਲੀ ਵਿੱਚ ਅੱਗੇ ਚਲਾ ਗਿਆ ਅਤੇ ਜਦੋਂ ਉਹ ਬਾਜ਼ਾਰ ਵਿੱਚ ਪਹੁੰਚਿਆ ਉਸ ਨੂੰ ਮੌਨਸ਼ੀਅਰ ਡੁਵਰਟ ਜਹਾਜ਼ ਬਣਾਉਣ ਵਾਲਾ ਮਿਲਿਆ, ਜੋ ਉੱਥੇ ਹੀ ਜਾ ਰਿਹਾ ਸੀ, ਇਸ ਲਈ ਇਕਠੇ ਹੀ ਵਾਪਿਸ ਹੋ ਗਏ, ਪਰ ਉਨ੍ਹਾਂ ਨੂੰ ਕੋਈ ਵਧੇਰੇ ਸਫ਼ਲਤਾ ਨਾ ਹੋਈ ਪਰ ਤੁਰੰਤ ਉਨ੍ਹਾਂ ਨੂੰ ਆਪਣੇ ਨੇੜੇ ਸ਼ੋਰ ਸ਼ਰਾਬਾ ਸੁਣਿਆ। ਅਤੇ ਘਰ ਦੇ ਕੋਠੇ ਤੱਕ ਜਾਂਦਿਆਂ ਉਨ੍ਹਾਂ ਨੇ ਕੁਝ ਅੰਗਰੇਜ਼ ਅਤੇ ਫਰੈਂਚ ਜਹਾਜ਼ਰਾਨ ਦੇਖੇ ਜੋ ਕਾਫ਼ੀ ਹਾਊਸ ਦੇ ਬੰਦ ਦਰਵਾਜ਼ੇ ’ਤੇ ਆਪਣੀਆਂ ਮੁੱਕੀਆਂ ਮਾਰ ਰਹੇ ਸਨ।

ਦੋ ਵਪਾਰੀ ਤਾਂ ਸ਼ੱਕ ਪੈਣ ਦੇ ਡਰੋਂ ਤੁਰੰਤ ਬਚ ਕੇ ਨਿਕਲ ਗਏ ਪਰ ਇਕ ਸ਼ਖਸ਼ ਨੇ ਉਨ੍ਹਾਂ ਨੂੰ ਰੋਕ ਲਿਆ, ਇਹ ਮੌਨਸ਼ੀਅਰ ਟੌਰਨੇਵਾਊ ਮੱਛੀ ਸਾਫ਼ ਕਰਨ ਵਾਲਾ ਸੀ ਜਿਸ ਨੇ ਉਨ੍ਹਾਂ ਨੂੰ ਪਹਿਚਾਣ ਲਿਆ ਅਤੇ ਉਨ੍ਹਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ ਉਨ੍ਹਾਂ ਨੇ ਉਸ ਨੂੰ ਜੋ ਵਾਪਰਿਆ ਸੀ ਉਹ ਦੱਸਿਆ, ਅਤੇ ਉਹ

ਇਕ ਤਰ੍ਹਾਂ, ਨਾਲ ਖਿਝ ਹੀ ਗਿਆ, ਕਿਉਂਕਿ ਉਹ ਵਿਆਹੁਤਾ ਆਦਮੀ ਅਤੇ ਇਕ ਪਿਤਾ ਸੀ, ਸਿਰਫ ਸ਼ਨਿਚਰਵਾਰ ਨੂੰ ਹੀ ਜਾਂਦਾ ਸੀ ਉਸ ਨੇ ਸਿਹਤ ਨੀਤੀ ਦਾ ਇਹ ਤਰੀਕਾ ਅਪਣਾਇਆ ਜੋ ਕਿ ਉਸ ਨੂੰ ਉਸ ਦੇ ਡਾਕਟਰ ਦੋਸਤ ਬੋਰਡੇ ਨੇ ਪਾਲਣ ਲਈ ਦੱਸਿਆ ਸੀ। ਇਹ ਉਸ ਦੀ ਵਾਰੀ ਦੀ ਸ਼ਾਮ ਸੀ ਅਤੇ ਹੁਣ ਉਸ ਨੂੰ ਹਫ਼ਤਾ ਭਰ ਇਸ ਤੋਂ ਵਾਂਝਾ ਰਹਿਣਾ ਪਵੇਗਾ।

ਉਹ ਤਿੰਨੋ ਬੰਦੇ ਘਾਟ ਦੇ ਨਾਲ ਨਾਲ ਤੁਰੇ ਗਏ, ਅਤੇ ਰਸਤੇ ਵਿੱਚ ਉਹ ਛੋਟੇ ਮੌਨਸ਼ੀਅਰ ਫਿਲਿਪ ਬੈਂਕਰ ਦੇ ਪੁੱਤਰ, ਜੋ ਉੱਥੇ ਰੋਜ਼ਾਨਾ ਜਾਂਦਾ ਸੀ, ਕਲੈਕਟਰ ਮੌਨਸ਼ੀਅਰ ਪਿਨੀਪੀਜ਼ ਨੂੰ ਮਿਲੇ। ਉਹ ਸਾਰੇ ਆਖ਼ਰੀ ਯਤਨ ਕਰਨ ਲਈ 'ਦੀ ਘੇਟੋ' ਨਾਂ ਦੀ ਗ਼ਲੀ ਵੱਲ ਮੁੜ ਪਏ। ਪਰ ਗੁੱਸੇ ਹੋਏ, ਜਹਾਜ਼ਰਾਨ ਅਜੇ ਵੀ ਮਕਾਨ ਨੂੰ ਘੇਰੀ ਖੜ੍ਹੇ ਸਨ, ਸ਼ਟਰਾਂ ਨੂੰ ਵੱਟੇ ਮਾਰ ਰਹੇ ਸਨ, ਅਤੇ ਰੌਲ਼ਾ ਪਾ ਰਹੇ ਸਨ ਅਤੇ ਪਹਿਲੀ ਮੰਜ਼ਿਲ ਦੇ ਪੰਜ ਗਾਹਕ ਛੇਤੀ ਤੋਂ ਛੇਤੀ ਚਲੇ ਗਏ ਜੋ ਗ਼ਲੀ ਵਿੱਚ ਬੇਮਤਲਬ ਘੁੰਮਦੇ ਸਨ।

ਹੁਣ ਉਹ ਮੌਨਸ਼ੀਅਰ ਡੂਪੁਇਸ ਬੀਮਾ ਏਜੰਟ ਨੂੰ ਮਿਲੇ ਫੇਰ ਮੌਲਸ਼ੀਅਰ ਵਾਸੀ ਵਪਾਰ ਦੀ ਜੱਜ ਮੰਡਲੀ ਦੇ ਜੱਜ ਨੂੰ ਅਤੇ ਉਹ ਸਾਰੇ ਲੰਮੀ ਸੈਰ ਕਰਦੇ ਹੋਏ ਖੰਬੇ, ਤੱਕ ਗਏ। ਉੱਥੇ ਉਹ ਇਕ ਝੰਜੂਰ ਦੇ ਕਿੰਗਰੇ ’ਤੇ ਇਕ ਕਤਾਰ ਵਿੱਚ ਬੈਠ ਗਏ ਅਤੇ ਉੱਠਦੇ ਜਵਾਰ ਨੂੰ ਦੇਖਣ ਲੱਗੇ, ਅਤੇ ਜਦੋਂ ਸੈਲਾਨੀ ਕੁਝ ਚਿਰ ਲਈ ਉੱਥੇ ਬੈਠੇ ਰਹੇ, ਮੌਨਸ਼ੀਅਰ ਟੌਰਨੇਵਾਉ ਨੇ ਕਿਹਾ : "ਇਹ ਬਹੁਤੀ ਦਿਲਚਸਪੀ ਵਾਲੀ ਗੱਲ ਨਹੀਂ"।

"ਬਿਲਕੁਲ ਨਹੀਂ" ਮੌਨਸ਼ੀਅਰ ਪਿਨੀਮੇਜ਼ ਨੇ ਉੱਤਰ ਦਿੱਤਾ ਅਤੇ ਉਨ੍ਹਾਂ ਨੇ ਫੇਰ ਸੈਰ ਸ਼ੁਰੂ ਕਰ ਦਿਤੀ।

ਗ਼ਲੀ ਵਿੱਚੋਂ ਲੰਘ ਕੇ ਪਹਾੜੀ ਦੀ ਸਿਖ਼ਰ ’ਤੇ ਜਾ ਕੇ, ਉਹ ਲੱਕੜੀ ਦੇ ਪੁਲ ਤੋਂ ਦੀ ਵਾਪਸ ਜਿਹੜਾ ਰੈਟਿਨਿਉ ਦੇ ਉੱਤੋਂ ਦੀ ਲੰਘਦਾ ਸੀ, ਰੇਲਵੇ ਦੇ ਕੋਲੋਂ ਦੀ ਲੰਘ ਕੇ ਫਿਰ ਬਜ਼ਾਰ ਵਿੱਚ ਆ ਗਏ ਜਦੋਂ ਮੌਨਸ਼ੀਅਰ ਪਿਨੀਪੀਜ਼ ਅਤੇ

ਮੌਨਸ਼ੀਅਰ ਟੌਰਨੇਵਾਉ ਵਿਚਕਾਰ ਇਕ ਖੁੰਭ ਵਾਸਤੇ ਅਚਾਨਕ ਲੜਾਈ ਹੋ ਪਈ ਜਿਸ ਨੂੰ ਉਨ੍ਹਾਂ ਵਿੱਚੋਂ ਇਕ ਨੇ ਦਾਅਵਾ ਕੀਤਾ ਕਿ ਮੈਂ ਆਪਣੇ ਨੇੜਿਉਂ ਲੱਭੀ ਹੈ।

ਜਿਵੇਂ ਕਿ ਉਹ ਖਿੱਝ ਕਾਰਨ ਪਹਿਲਾਂ ਹੀ ਆਪੇ ਤੋਂ ਬਾਹਰ ਸਨ, ਬਹੁਤ ਸੰਭਾਵਨਾ ਸੀ ਕਿ ਉਹ ਗਾਲਾਂ ’ਤੇ ਉਤਰ ਆਉਂਦੇ ਜੇ ਦੂਜੇ ਉਨ੍ਹਾਂ ਨੂੰ ਨਾ ਰੋਕਦੇ, ਮੌਨਸ਼ੀਅਰ ਪਿਨੀਪੀਜ਼ ਜਾਂਗਲੀ ਹੋ ਗਿਆ ਸੀ ਅਤੇ ਛੇਤੀ ਹੀ ਮੌਨਸ਼ੀਅਰ ਪੋਲਿਨ ਅਤੇ ਮੌਨਸ਼ੀਅਰ ਡਿਉਪਿਸ ਬੀਮਾ ਏਜੰਟ ਵਿਚਕਾਰ ਟੈਕਸ ਕਲੈਕਟਰ ਦੀ ਤਨਖ਼ਾਹ ਅਤੇ ਉਸ ਨੂੰ ਪ੍ਰਾਪਤ ਫਾਇਦਿਆਂ ਸੰਬੰਧੀ ਝੜਪ ਹੋ ਗਈ। ਉਹ ਇਕ ਦੂਜੇ ਨੂੰ ਖੁੱਲ੍ਹਮ ਖੁੱਲੀਆਂ ਗਾਲਾਂ ਦੇ ਕੇ ਬੇਇੱਜ਼ਤੀ ਕਰ ਰਹੇ ਸਨ, ਜਦੋਂ ਉਨ੍ਹਾਂ ਦਾ ਬਹੁਤ ਚੀਕ ਚਿਹਾੜਾ ਸੁਣਾਈ ਦਿਤਾ, ਅਤੇ ਜਹਾਜ਼ਰਾਨਾ ਦੀ ਮੰਡਲੀ ਜੋ ਕਾਫੀ ਚਿਰ ਤੋਂ ਬੰਦ ਮਕਾਨ ਦੇ ਬਾਹਰ ਇੰਤਜ਼ਾਰ ਕਰਦੇ ਕਰਦੇ ਥੱਕ ਗਏ ਸਨ, ਰੁੱਖਾਂ ਨਾਲ ਘਿਰੇ ਖੇਤ ਵਿੱਚ ਆ ਗਈ। ਉਹ ਬਾਂਹ ਵਿੱਚ ਬਾਂਹ ਪਾ ਕੇ ਦੋ ਦੋ ਕਰਕੇ ਇਕ ਜਲੂਸ ਦੀ ਸ਼ਕਲ ਵਿੱਚ ਜਾਂਗਲੀਆਂ ਵਾਂਗ ਰੌਲਾ ਪਾਉਂਦੇ ਤੁਰ ਰਹੇ ਸਨ। ਖੇਤ ਦੇ ਰਾਖੇ ਭੱਜ ਕੇ ਦਰਵਾਜ਼ੇ ਵਿੱਚ ਲੁਕ ਗਏ, ਚਿੰਘਾੜਾਂ ਮਾਰਨ ਵਾਲੀ ਟੋਲੀ ਮੱਠ ਵੱਲ ਚਲੀ ਗਈ। ਕਾਫੀ ਲੰਮੇਂ ਸਮੇਂ ਉਨ੍ਹਾਂ ਨੂੰ ਸ਼ੋਰ ਸੁਣਦਾ ਰਿਹਾ, ਜਿਹੜਾ ਦੂਰ ਜਾ ਕੇ ਹਨੇਰੀ ਵਾਂਗ ਘਟਦਾ ਗਿਆ, ਅਤੇ ਫੇਰ ਚੁਪ ਹੋ ਗਈ। ਮੌਲਸ਼ੀਅਰ ਪਾਉਲਿਨ ਅਤੇ ਮੌਨਸ਼ੀਅਰ ਡਿਉਪਿਸ ਜਿਹੜੇ ਇਕ ਦੂਜੇ ਨਾਲ ਗੁੱਸੇ ਸਨ, ਵੱਖਰੀਆ ਦਿਸ਼ਾਵਾਂ ਵੱਲ ਬਿਨਾਂ ਸਲਾਮ ਕੀਤੇ ਚਲੇ ਗਏ।

ਦੂਜੇ ਚਾਰ ਫੇਰ ਅਚੇਤ ਰੂਪ ਵਿੱਚ ਹੀ ਮੈਡਮ ਟੈਲੀਅਰ ਦੇ ਅੱਡੇ ਵੱਲ ਚਲੇ ਗਏ, ਜਿਹੜਾ ਅਜੇ ਵੀ ਬੰਦ, ਖਾਮੋਸ਼ ਅਹਿਲ ਸੀ। ਇਕ ਖਾਮੋਸ਼ ਪਰ ਜ਼ਿੱਦੀ ਸ਼ਰਾਬੀ ਕਾਫ਼ੀ ਹਾਊਸ ਦਾ ਬੂਹਾ ਖਟਖਟਾ ਰਿਹਾ ਸੀ : ਫੇਰ ਉਸ ਨੇ ਖਲੋ ਕੇ ਫਰੈਡਰਿਕ ਬੈਰੇ ਨੂੰ ਧੀਮੀ ਆਵਾਜ਼ ਵਿੱਚ ਬੁਲਾਇਆ, ਪਰ ਇਹ ਵੇਖਕੇ ਕਿ ਉਸ ਨੂੰ ਕੋਈ ਉੱਤਰ ਨਹੀਂ ਮਿਲਿਆ ਉਹ ਦਲ੍ਹੀਜ਼ਾਂ ਵਿੱਚ ਬਹਿ ਕੇ ਹਾਲਾਤ ਦੀ ਉਡੀਕ ਕਰਨ ਲੱਗਿਆ।

ਦੂਜੇ ਵਾਪਸ ਜਾ ਹੀ ਰਹੇ ਸਨ ਜਦੋਂ ਸ਼ੋਰ ਪਾਉਂਦੀ ਜਹਾਜ਼ਰਾਨਾਂ ਦੀ ਮੰਡਲੀ ਫੇਰ ਗ਼ਲੀ ਦੇ ਅਖ਼ੀਰ ਵਿੱਚ ਨਜ਼ਰ ਆਈ। ਫਰਾਂਸੀਸੀ ਜਹਾਜ਼ਰਾਨ ਉੱਚੀ ਪੁਕਾਰ ਰਹੇ ਸਨ "ਮਾਰਸੀਲੇਜ਼" ਅਤੇ “ਅੰਗਰੇਜ਼ ਬਰਤਾਨੀਆ ਰਾਜ ਕਰੇ"। ਕੁਝ

ਚਿਰ ਉਹ ਕੰਧ ਦੇ ਨਾਲ ਇੱਧਰ ਉੱਧਰ ਮੁੜਦੇ ਰਹੇ ਫਿਰ ਉਹ ਸ਼ਰਾਬੀ ਬੇਵਕੂਫ ਘਾਟ ਵੱਲ ਚਲੇ ਗਏ, ਜਿੱਥੇ ਦੋ ਕੌਮਾਂ ਵਿਚਕਾਰ ਲੜਾਈ ਹੋ ਪਈ ਜਿਸ ਵਿੱਚ ਇਕ ਅੰਗਰੇਜ਼ ਦੀ ਬਾਂਹ ਟੁੱਟ ਗਈ ਤੇ ਫ਼ਰਾਂਸੀਸੀ ਦਾ ਨੱਕ ਭੰਨਿਆ ਗਿਆ।

ਉਹ ਸ਼ਰਾਬੀ ਜੋ ਦਰਵਾਜ਼ੇ ਦੇ ਬਾਹਰ ਬੈਠਾ ਸੀ, ਹੁਣ ਚੀਕਾਂ ਮਾਰ ਰਿਹਾ ਸੀ, ਜਿਵੇਂ ਸ਼ਰਾਬੀ ਅਤੇ ਬੱਚੇ ਖਿਝ ਕੇ ਰੋਂਦੇ ਹਨ, ਅਤੇ ਦੂਜੇ ਚਲੇ ਗਏ। ਹੌਲੀ ਹੌਲੀ ਸ਼ੋਰ ਭਰੇ ਨਗਰ ਵਿੱਚ ਸ਼ਾਂਤੀ ਹੋ ਗਈ; ਕਦੇ ਕਦੇ, ਇੱਥੇ ਉੱਥੇ ਦੂਰੋਂ ਅਵਾਜ਼ਾਂ ਸੁਣਾਈ ਦਿੰਦੀਆਂ ਸਨ, ਜੋ ਦੂਰ ਖ਼ਤਮ ਹੋ ਜਾਂਦੀਆਂ ਸਨ।

ਇਕ ਆਦਮੀ ਅਜੇ ਵੀ ਘੁੰਮ ਫਿਰ ਰਿਹਾ ਸੀ ਮੌਨਸ਼ੀਅਰ ਟੌਰਨੇਵਾਉ, ਮੱਛੀ ਵਾਲਾ ਜੋ ਅਗਲੇ ਸ਼ਨੀਚਰਵਾਰ ਤੱਕ ਉਡੀਕਣ ਲਈ ਮਜਬੂਰ ਹੋਣ ’ਤੇ ਖਿਝਿਆ ਹੋਇਆ ਸੀ, ਪਰ ਉਸ ਨੂੰ ਪਤਾ ਨਹੀਂ ਸੀ ਕੀ। ਪਰ ਉਸ ਨੂੰ ਪੁਲਸ ਉੱਤੇ ਇਸ ਤਰ੍ਹਾਂ ਅਜਿਹੇ ਲੋਕਾਂ ਦੇ ਕੰਮ ਆਉਣ ਵਾਲੇ ਅੱਡੇ ਨੂੰ ਜਿਹੜਾ ਉਨ੍ਹਾਂ ਦੇ ਕਾਬੂ ਵਿੱਚ ਸੀ, ਬੰਦ ਕਰਨ ਦੀ ਆਗਿਆ ਦੇਣ ’ਤੇ ਗੁੱਸਾ ਆ ਰਿਹਾ ਸੀ।

ਉਹ ਫਿਰ ਇਸ ਵੱਲ ਮੁੜਿਆ; ਕੰਧਾਂ ਨੂੰ ਦੇਖਿਆ ਕੋਈ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ। ਸ਼ਟਰ ਉੱਤੇ ਉਸ ਨੇ ਇਕ ਨੋਟਿਸ ਲੱਗਿਆ ਦੇਖਿਆ ਇਸ ਲਈ ਉਸ ਨੇ ਦੀਆ ਸਲਾਈ ਬਾਲ ਕੇ ਲੰਮੇ ਤੇ ਉੱਚੇ ਨੀਵੇਂ ਹੱਥ ਵਿੱਚ ਲਿਖਿਆ ਪੜ੍ਹਿਆ "ਬਪਤਿਸਮਾ ਦੇ ਸਮਾਗਮ ਕਾਰਨ ਬੰਦ ਹੈ ਜੀ।"

ਫੇਰ ਉਹ ਚਲਾ ਗਿਆ, ਜਦੋਂ ਉਸਨੇ ਦੇਖਿਆ ਕਿ ਇੱਥੇ ਬੈਠਣਾ ਫ਼ਜ਼ੂਲ ਹੈ ਅਤੇ ਪੱਟੜੀ ਉੱਤੇ ਘੂਕ ਸੁੱਤੇ ਸ਼ਰਾਬੀ ਨੂੰ ਨਾਖੁਸ਼ਾਮਦੀਦ ਦਰਵਾਜੇ ਅੱਗੇ ਪਿਆ ਛੱਡ ਗਿਆ।

ਅਗਲੇ ਦਿਨ ਸਾਰੇ ਹੀ ਨਿਤਨੇਮੀ ਗਾਹਕਾਂ ਨੇ ਸਹਾਇਤਾ ਲਈ ਬਾਹਵਾਂ ਹੇਠ ਕਾਗਜ਼ ਦੱਬ ਕੇ ਗ਼ਲੀ ਵਿੱਚੋਂ ਲੰਘਣ ਦਾ ਕੋਈ ਬਹਾਨਾ ਲੱਭ ਲਿਆ ਅਤੇ ਚੋਰ ਨਜ਼ਰਾਂ ਨਾਲ ਉਨ੍ਹਾਂ ਸਾਰਿਆਂ ਨੇ ਭੇਦ ਭਰਿਆ ਨੋਟਿਸ ਪੜ੍ਹਿਆ।

“ਬਪਤਿਸਮਾ ਦੇ ਸਮਾਗਮ ਕਾਰਨ ਬੰਦ ਹੈ ਜੀ”

## II

ਮੈਡਮ ਦਾ ਇਕ ਭਰਾ ਸੀ ਜੋ ਉਨ੍ਹਾਂ ਦੇ ਜਨਮ ਅਸਥਾਨ ਵਿਰਵਿਲੇਨ ਵਿੱਚ ਇਊਰ ਦੇ ਮਹਿਕਮੇ ਵਿੱਚ ਤਰਖਾਣ ਸੀ। ਜਦ ਮੈਡਮ ਕੋਲ ਅਜੇ ਵਿਟਟ ਵਿੱਚ ਸਰਾਂ ਸੀ, ਉਹ ਅਪਣੀ ਭਤੀਜੀ ਦੀ ਧਰਮ ਦੀ ਮਾਂ ਬਣੀ ਸੀ, ਜਿਸ ਦਾ ਨਾ ਕੌਂਸਟੈਂਸ ਰਿਵਟ ਸੀ, ਉਹ ਆਪ ਆਪਣੇ ਪਿਤਾ ਵੱਲੋਂ ਇਕ ਰਿਵਟ ਹੀ ਸੀ। ਉਹ ਤਰਖਾਣ ਜੋ ਜਾਣਦਾ ਸੀ ਕਿ ਉਸ ਦੀ ਭੈਣ ਚੰਗੀ ਸਥਿਤੀ ਵਿੱਚ ਹੈ ਇਸ ਲਈ ਉਸ ਦੀ ਨੇੜਤਾ ਗਵਾਈ ਨਹੀਂ ਸੀ, ਭਾਵੇਂ ਉਹ ਆਮ ਨਹੀਂ ਮਿਲਦੇ ਸਨ, ਕਿਉਂਕਿ ਉਨ੍ਹਾਂ ਨੂੰ ਆਪਣੇ ਕੰਮ ਧੰਦੇ ਕਾਰਨ ਘਰਾਂ ਵਿਚ ਟਿਕਣਾ ਪੈ ਰਿਹਾ ਸੀ, ਅਤੇ ਇਕ ਦੂਜੇ ਨਾਲੋਂ ਕਾਫੀ ਦੂਰ ਰਹਿੰਦੇ ਸਨ। ਪਰ ਜਦੋਂ ਲੜਕੀ ਬਾਰਾਂ ਸਾਲਾਂ ਦੀ ਹੋਈ ਅਤੇ ਬਾਪਤਿਸਮ ਮਨਾਉਣ ਦੇ ਯੋਗ ਸੀ, ਉਸ ਨੂੰ ਆਪਣੀ ਭੈਣ ਨੂੰ ਚਿੱਠੀ ਲਿਖਣ ਦਾ ਅਵਸਰ ਮਿਲਿਆ, ਉਸ ਨੂੰ ਇਸ ਅਵਸਰ ’ਤੇ ਹਾਜ਼ਰ ਹੋਣ ਲਈ ਲਿਖਿਆ। ਉਸ ਦੇ ਬੁੱਢੇ ਮਾਂ ਬਾਪ ਮਰ ਚੁੱਕੇ ਸਨ ਅਤੇ ਮੈਡਮ ਦਾ ਇਨਕਾਰ ਕਰਨਾ ਠੀਕ ਨਹੀਂ ਸੀ, ਉਸ ਨੇ ਸੱਦਾ ਪ੍ਰਵਾਨ ਕਰ ਲਿਆ ਉਸ ਦੇ ਭਰਾ ਜੋਸਫ ਨੇ ਉਸ ਦੀ ਭੈਣ ਦੇ ਧਿਆਨ ਦੇਣ ਦੇ ਢੰਗ ਨੂੰ ਦੇਖ ਕੇ ਇਹ ਆਸ ਲਾ ਲਈ ਕਿ ਉਸਨੂੰ ਕੁੜੀ ਲਈ ਵਸੀਅਤ ਕਰਨ ਲਈ ਮਨਾਇਆ ਜਾ ਸਕਦਾ ਹੈ ਕਿਉਂਕਿ ਉਸ ਦੇ ਕੋਈ ਬੱਚਾ ਨਹੀਂ।

ਉਸ ਦੀ ਭੈਣ ਦਾ ਪੇਸ਼ਾ ਉਸ ਦੇ ਮਨ ਨੂੰ ਭੰਗ ਨਹੀਂ ਕਰਦਾ ਸੀ, ਅਤੇ ਇਸ ਤੋਂ ਇਲਾਵਾ ਵਿਰਵਿਲੇ ਵਿੱਚ ਇਸ ਬਾਰੇ ਕੋਈ ਨਹੀਂ ਜਾਣਦਾ ਸੀ। ਜਦੋਂ ਉਹ ਉਸ ਬਾਰੇ ਗੱਲ ਕਰਦੇ ਤਾਂ ਇਹੋ ਕਹਿੰਦੇ "ਮੈਡਮ ਟੈਲੀਅਰ ਫੀਕੈਂਪ ਵਿੱਚ ਰਹਿੰਦੀ ਹੈ", ਜਿਸ ਦਾ ਭਾਵ ਇਹ ਵੀ ਹੋ ਸਕਦਾ ਸੀ ਕਿ ਉਹ ਆਪਣੀ ਨਿੱਜੀ ਆਮਦਨ ’ਤੇ ਗੁਜ਼ਾਰਾ ਕਰਦੀ ਸੀ। ਫੀਕੈਂਪ ਤੋਂ ਵਿਰਵਿਲੇ ਲਗਭਗ ਵੀਹ ਲੀਗ (ਤਿੰਨ ਮੀਲ ਦੇ ਲਗਭਗ) ਦੂਰ ਸੀ ਅਤੇ ਵੀਹ ਲੀਗ ਇਕ ਕਿਸਾਨ ਲਈ ਇਕ ਪੜ੍ਹੇ ਲਿਖੇ ਦੇ ਸਮੁੰਦਰ ਪਾਰ ਕਰਨ ਵਾਂਗ ਸੀ। ਵਿਰਵਿਲੇ ਦੇ ਲੋਕ ਕਦੀ ਰਾਵਿਨ ਤੋਂ ਅੱਗੇ ਨਹੀਂ ਗਏ ਸਨ, ਅਤੇ ਫੀਕੈਂਪ ਤੋਂ ਪੰਜ ਸੌ ਘਰਾਂ ਦੇ ਪਿੰਡ ਵਿੱਚ ਕੋਈ ਦਿਲਚਸਪੀ ਨਹੀਂ ਸੀ ਜੋ ਮੈਦਾਨਾਂ ਦੇ ਵਿੱਚ ਸੀ ਅਤੇ ਇਕ ਵੱਖਰੇ ਖੇਤਰ ਵਿੱਚ ਸੀ। ਕਿਸੇ ਵੀ ਤਰ੍ਹਾਂ ਉਸ ਦੇ ਪੈਸੇ ਬਾਰੇ ਕੋਈ ਨਹੀਂ ਜਾਣਦਾ ਸੀ।

ਸਮਾਗਮ ਆ ਰਿਹਾ ਸੀ ਅਤੇ ਮੈਡਮ ਵਿਚਾਰੀ ਬਹੁਤ ਪ੍ਰੇਸ਼ਾਨ ਸੀ। ਉਸ ਕੋਲ ਕੋਈ ਹੋਰ ਅਧੀਨ ਮਾਲਕਣ ਨਹੀਂ ਸੀ ਅਤੇ ਇਕ ਦਿਨ ਲਈ ਵੀ ਘਰ ਨੂੰ ਛੱਡਣਾ ਨਹੀਂ ਸੀ ਚਾਹੁੰਦੀ। ਉਸ ਨੂੰ ਡਰ ਸੀ ਕਿ ਹੇਠਲੀਆਂ ਤੇ ਉੱਪਰਲੀਆਂ ਕੁੜੀਆਂ ਵਿੱਚ ਈਰਖਾ ਜ਼ਰੂਰ ਫੁੱਟ ਪਵੇਗੀ; ਕਿ ਫਰੈਂਡਰਿਕ ਜ਼ਰੂਰ ਪੀਵੇਗਾ ਅਤੇ ਜਦੋਂ ਉਹ ਪੀ ਲੈਂਦਾ ਹੈ ਤਾਂ ਕਿਸੇ ਨੂੰ ਵੀ ਨਿੱਕੀ ਜਿਹੀ ਗੱਲ ’ਤੇ ਹੂਰਾ ਕੱਢ ਮਾਰਦਾ ਹੈ। ਆਖ਼ਿਰਕਾਰ ਉਸ ਨੇ ਹਰ ਇਕ ਨੂੰ ਨਾਲ ਲੈ ਜਾਣ ਦਾ ਮਨ ਬਣਾਇਆ, ਸਿਰਫ਼ ਆਦਮੀ ਨੂੰ ਛੱਡਿਆ ਜਿਸ ਨੂੰ ਉਸ ਨੇ ਅਗਲੇ ਦਿਨ ਸਿਰਫ਼ ਇਕ ਦਿਨ ਦੀ ਛੁੱਟੀ ਦੇ ਦਿਤੀ।

ਜਦੋਂ ਉਸ ਨੇ ਆਪਣੇ ਭਰਾ ਨੂੰ ਪੁੱਛਿਆ ਤਾਂ ਉਸ ਨੇ ਕੋਈ ਇਤਰਾਜ਼ ਨਾ ਕੀਤਾ, ਪਰ ਉਨ੍ਹਾਂ ਸਭਨਾਂ ਨੂੰ ਇਕ ਦਿਨ ਸਾਂਭਣ ਲਈ ਹੀ ਇਕਰਾਰ ਕੀਤਾ, ਇਸ ਤਰ੍ਹਾਂ ਐਤਵਾਰ ਸਵੇਰੇ 8 ਵਜੇ ਦੀ ਗੱਡੀ ਵਿੱਚ ਮੈਡਮ ਤੇ ਉਸ ਦੀਆਂ ਸਾਥਣਾਂ ਦੂਜੇ ਦਰਜੇ ਦੇ ਡੱਬੇ ਵਿੱਚ ਸਵਾਰ ਹੋਈਆਂ। ਬਿਉਜੀਲ ਤੱਕ ਉਹ ਇਕਲੀਆਂ ਹੀ ਸਨ ਅਤੇ ਉਹ ਚਿੜੀਆਂ ਵਾਂਗ ਚਿਰਚੋਲਰ ਪਾਉਂਦੀਆਂ ਗਈਆਂ ਪਰ ਉਸ ਸਟੇਸ਼ਨ ’ਤੇ ਇਕ ਜੋੜਾ ਅੰਦਰ ਆ ਗਿਆ। ਉਸ ਵੱਡੀ ਉਮਰ ਦੇ ਕਿਰਸਾਣ ਆਦਮੀ ਨੇ ਨੀਲੇ ਰੰਗ ਦੇ ਮੁੜਵੇਂ ਕਾਲਰਾਂ ਵਾਲਾ ਕਮੀਜ਼ ਪਾਇਆ ਹੋਇਆ ਸੀ ਜਿਸ ਦੀਆਂ ਖੁਲ੍ਹੀਆ ਬਾਹਵਾਂ ਪੌਂਚਿਆਂ ਕੋਲੋਂ ਤੰਗ ਸਨ, ਅਤੇ ਚਿੱਟੀ ਕਢਾਈ ਕੀਤੀ ਹੋਈ ਸੀ, ਪੁਰਾਣਾ ਉੱਚਾ ਤੇ ਲੰਮੀ ਮਖਮਲੀ ਤਹਿ ਵਾਲਾ ਹੈਟ ਪਹਿਨਿਆ ਹੋਇਆ ਸੀ। ਉਸ ਨੇ ਇਕ ਹੱਥ ਵਿੱਚ ਵੱਡੀ ਹਰੀ ਛਤਰੀ ਫੜੀ ਹੋਈ ਸੀ। ਦੂਜੇ ਹੱਥ ਵਿਚ ਵੱਡੀ ਟੋਕਰੀ ਸੀ। ਜਿਸ ਵਿੱਚੋਂ ਡਰੀਆਂ ਹੋਇਆਂ ਬੱਤਖਾਂ ਦੀਆਂ ਸਿਰੀਆਂ ਨਿਕਲੀਆਂ ਹੋਈਆਂ ਸਨ ਉਹ ਔਰਤ ਪੇਂਡੂ ਸਜਾਵਟ ਵਿੱਚ ਆਕੜ ਨਾਲ ਬੈਠੀ ਸੀ ਉਸ ਦਾ ਚਿਹਰਾ ਮੁਰਗੇ ਵਰਗਾ ਸੀ ਅਤੇ ਚੁੰਝ ਵਰਗਾ ਨੱਕ ਸੀ।

ਉਹ ਆਪਣੇ ਪਤੀ ਦੇ ਸਾਹਮਣੇ ਅਹਿਲ ਬੈਠੀ ਸੀ ਜਿਵੇਂ ਇੰਨੇ ਚੁਸਤ ਸਾਥ ਵਿੱਚ ਆ ਕੇ ਘਬਰਾ ਗਈ ਹੁੰਦੀ ਹੈ।

ਡੱਬੇ ਵਿੱਚ ਸਚਮੁੱਚ ਹੀ ਰੰਗ ਬਿਰੰਗੀਆਂ ਪੁਸ਼ਾਕਾਂ ਸਨ। ਮੈਡਮ ਨੇ ਸਿਰ ਤੋਂ ਪੈਰਾਂ ਤੱਕ ਨੀਲੇ ਰੰਗ ਦੀ ਸਿਲਕ ਪਾਈ ਸੀ ਤੇ ਪੁਸ਼ਾਕ ਉੱਤੇ ਫਰਾਂਸੀਸੀ ਉੱਨ ਦੀ ਨਕਲ ਦਾ ਚੁੰਧਿਆ ਦੇਣ ਵਾਲਾ ਲਾਲ ਰੰਗ ਦਾ ਸ਼ਾਲ ਲਿਆ ਹੋਇਆ ਸੀ। ਫ਼ਰਨੰਡੇ

ਸਕੋਟਿਸ਼ ਪਲੇਡ ਪੁਸ਼ਾਕ ਵਿੱਚ ਹੌਂਕ ਰਹੀ ਸੀ, ਜਿਸ ਦੀ ਚੌਲ਼ੀ ਉਸ ਦੀ ਸਹੇਲੀਆਂ ਨੇ ਜਿੰਨੀ ਕਸ ਸਕਦੀਆਂ ਸਨ ਕਸ ਕੇ ਬੰਨ੍ਹੀ ਹੋਈ ਸੀ ਅਤੇ ਉਸ ਦੀ ਢਿਲਕੀ ਹਿੱਕ ਦੀਆਂ ਦੋ ਛੱਤਰੀਆਂ ਬਣਾ ਦਿੱਤੀਆਂ ਸਨ ਜੋ ਨਿਰੰਤਰ ਉੱਪਰ ਨੀਚੇ ਹੋ ਰਹੀਆ ਸਨ ਜਿਵੇਂ ਕਿਸੇ ਚੀਜ਼ ਵਿੱਚ ਪਾਣੀ ਭਰਿਆ ਹੋਵੇ। ਰਫੈਲੇ ਨੇ ਸਿਰ ਉੱਤੇ ਖੰਭਾਂ ਵਾਲੀ ਟੋਪੀ ਲਈ ਹੋਈ ਸੀ ਜੋ ਪੰਛੀਆਂ ਦੇ ਭਰੇ ਆਲ੍ਹਣੇ ਵਾਂਗ ਲੱਗਦੀ ਸੀ ਅਤੇ ਸੁਨਹਿਰੀ ਟਿੱਕਿਆਂ ਵਾਲੀ ਹਲਕੇ ਲਾਲ ਰੰਗ ਦੀ ਪੁਸ਼ਾਕ ਪਈ ਸੀ ਉਸ ਵਿੱਚ ਪੂਰਬੀ ਰੰਗ ਝਲਕਦਾ ਸੀ ਜੋ ਉਸ ਦੇ ਯਹੂਦੀ ਚਿਹਰੇ ਨੂੰ ਸਜਦਾ ਸੀ। ਰੋਜ਼ਾ ਨੇ ਗੁਲਾਬੀ ਰੰਗ ਦਾ ਝਾਲਰਾਂ ਵਾਲਾਂ ਵਾਲਾ ਸੂਟ ਪਾਇਆ ਹੋਇਆ ਸੀ, ਜੋ ਮੋਟੇ ਠਿੰਗਣੇ ਬੱਚੇ ਵਾਂਗ ਲੱਗ ਰਹੀ ਸੀ ਜਦੋਂ ਕਿ ਦੋ ਪੰਪ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਉਨ੍ਹਾਂ ਨੇ ਆਪਣੀਆਂ ਪੁਸ਼ਾਕਾਂ ਰੀਸਟੋਰੇਸ਼ਨ ਵੇਲੇ ਫੁੱਲਾਂ ਵਾਲੇ ਪੁਰਾਣੇ ਪੜਦਿਆਂ ਤੋਂ ਬਣਾਈਆਂ ਹੋਣ।

ਇਹ ਵੇਖ ਕੇ ਕਿ ਡੱਬੇ ਵਿੱਚ ਉਹ ਇਕਲੀਆਂ ਨਹੀਂ ਹਨ, ਉਨ੍ਹਾਂ ਨੇ ਸ਼ਰੀਫਾਨਾ ਨਜ਼ਰਾਂ ਕਰ ਲਈਆਂ ਅਤੇ ਅਜਿਹੇ ਵਿਸ਼ਿਆਂ ਸੰਬੰਧੀ ਗੱਲਾਂ ਕਰਨ ਲੱਗੀਆਂ, ਜਿਸ ਤੋਂ ਉਨ੍ਹਾਂ ਦਾ ਚੰਗਾ ਅਸਰ ਪਵੇ। ਪਰ ਬਾਲਬਕ ਵਿਖੇ ਇਕ ਸੱਜਣ ਜਿਸਦੇ ਹਲਕੀਆਂ ਮੁੱਛਾਂ, ਸੋਨੇ ਦੀ ਜੰਜੀਰ ਅਤੇ ਦੋ ਤਿੰਨ ਅੰਗੂਠੀਆਂ ਪਹਿਨੀਆਂ ਹੋਈਆਂ ਸਨ। ਅਤੇ ਮੋਮਜਾਮੇ ਵਿੱਚ ਬੰਨ੍ਹੇ ਕਈ ਪਾਰਸਲ ਆਪਣੇ ਸਿਰ ਉੱਪਰ ਰੱਖੀ ਜਾਲੀ ਵਿੱਚ ਧਰ ਲਏ ਉਹ ਮਖੌਲੀਆਂ ਅਤੇ ਹੱਸਮੁਖ ਸੁਭਾਅ ਵਾਲਾ ਬੰਦਾ ਦਿਸਦਾ ਸੀ।

“ਕੀ ਤੁਸੀਂ ਆਪਣਾ ਅੱਡਾ ਬਦਲ ਰਹੀਆਂ ਹੋ?" ਉਸ ਨੇ ਪੁੱਛਿਆ।

ਇਸ ਪ੍ਰਸ਼ਨ ਨੇ ਉਨ੍ਹਾਂ ਨੂੰ ਕਾਫੀ ਘਬਰਾਇਆ। ਮੈਡਮ ਨੇ ਜਿਵੇਂ ਕਿਵੇਂ ਤੁਰੰਤ ਸੰਤੁਲਨ ਕਾਇਮ ਕੀਤਾ ਅਤੇ ਆਪਣੇ ਜੱਥੇ ਦੀ ਇੱਜ਼ਤ ਦਾ ਬਦਲਾ ਲੈਣ ਲਈ ਤੁਰੰਤ ਜਵਾਬ ਦਿੱਤਾ।

"ਮੇਰਾ ਖਿਆਲ ਹੈ ਕਿ ਤੁਹਾਨੂੰ ਨਿਮਰ ਹੋਣ ਦਾ ਯਤਨ ਕਰਨਾ ਚਾਹੀਦਾ ਹੈ?"

ਉਸਨੇ ਮਾਫ਼ੀ ਮੰਗੀ ਅਤੇ ਕਿਹਾ "ਮਾਫ਼ ਕਰਨਾ ਮੈਨੂੰ ਬੇਸ਼ੱਕ ਤੁਹਾਡਾ ਕੁਆਰ ਕੋਠਾ ਕਹਿਣਾ ਚਾਹੀਦਾ ਸੀ।"

ਕਿਉਂਕਿ ਮੈਡਮ ਨੂੰ ਅਜਿਹੇ ਪਰਤਵੇਂ ਉੱਤਰ ਦੀ ਆਸ ਨਹੀਂ ਸੀ ਜਾਂ ਸ਼ਾਇਦ ਪੂਰੀ ਤਰ੍ਹਾਂ ਉਸ ਨੂੰ ਠੀਕ ਸਮਝ ਰਹੀ ਸੀ, ਇਸ ਲਈ ਉਸ ਨੂੰ ਨਮਸਕਾਰ ਕੀਤੀ ਤੇ ਬੁੱਲ੍ਹ ਟੁੱਕੇ।

ਫੇਰ ਉਹ ਸੱਜਣ ਜੋ ਰੋਜ਼ਾ ਅਤੇ ਬੁੱਢੇ ਕਿਰਸਾਣ ਦੇ ਵਿਚਕਾਰ ਬੈਠਾ ਸੀ ਉਨ੍ਹਾਂ ਬੱਤਖਾਂ ਵੱਲ ਜਾਣ ਬੁਝ ਕੇ ਅੱਖਾਂ ਮਾਰਨ ਲੱਗਾ, ਜਿਨ੍ਹਾਂ ਦੀਆਂ ਸਿਰੀਆਂ ਟੋਕਰੀਆਂ ਤੋਂ ਬਾਹਰ ਨਿਕਲੀਆਂ ਹੋਈਆਂ ਸਨ। ਜਦੋਂ ਉਸ ਨੇ ਸਮਝਿਆ ਕਿ ਉਸ ਨੇ ਲੋਕਾਂ ਦਾ ਧਿਆਨ ਖਿੱਚ ਲਿਆ ਹੈ ਉਹ ਉਨ੍ਹਾਂ ਦੀਆਂ ਚੁੰਝਾਂ ਨੂੰ ਛੇੜਨ ਲੱਗ ਪਿਆ ਅਤੇ ਸਾਥੀਆਂ ਨੂੰ ਹਸਾਉਣ ਲਈ ਮਜ਼ਾਕ ਨਾਲ ਆਖਿਆ।

"ਅਸੀਂ ਨਿੱਕੀ ਸੀਖ 'ਤੇ ਜਾਣ ਲਈ ਆਪਣਾ ਨਿੱਕਾ ਤਲਾਅ ਛੱਡਿਆ ਹੈ ਕੁਐਕ ਕੁਐਕ।"

ਵਿਚਾਰੇ ਪੰਛੀਆਂ ਨੇ ਲਾਡ ਪਿਆਰ ਤੋਂ ਬਚਣ ਲਈ ਆਪਣੀਆਂ ਗਰਦਨਾਂ ਮੋੜੀਆਂ ਅਤੇ ਛਟੀਆਂ ਦੀ ਜੇਲ੍ਹ ਤੋਂ ਬਚਣ ਲਈ ਅਸਫ਼ਲ ਯਤਨ ਕੀਤੇ। ਅਤੇ ਫੇਰ ਅਚਾਨਕ ਇਕਦਮ ਨਿਰਾਸ਼ਾ ਵਿੱਚ ਰੋਣ ਵਰਗੀ ਅਵਾਜ਼ ਕੱਢੀ। ਔਰਤਾਂ ਹੱਸ ਪਈਆਂ ਉਹ ਅੱਗੇ ਨੂੰ ਝੁਕੀਆਂ ਅਤੇ ਚੰਗੀ ਤਰ੍ਹਾਂ ਦੇਖਣ ਲਈ ਇਕ ਦੂਜੇ ਨੂੰ ਤੱਕਣ ਲੱਗੀਆਂ, ਉਹ ਬੱਤਖਾਂ ਵਿੱਚ ਬਹੁਤ ਦਿਲਚਸਪੀ ਲੈ ਰਹੀਆਂ ਸਨ ਅਤੇ ਭੱਦਰ ਪੁਰਸ਼ ਨੇ ਆਪਣੀ ਮੌਜ ਮਖ਼ੌਲ ਅਤੇ ਛੇੜ ਛਾੜ ਨੂੰ ਹੋਰ ਦੁੱਗਣਾ ਕਰ ਦਿਤਾ।

ਰੋਜ਼ਾ ਵੀ ਸ਼ਾਮਲ ਹੋ ਗਈ ਅਤੇ ਆਪਣੇ ਗੁਆਂਢੀ ਦੇ ਗੋਡਿਆਂ 'ਤੇ ਝੁੱਕ ਕੇ ਤਿੰਨੇ ਜਾਨਵਰਾਂ ਦੀਆਂ ਸਿਰੀਆਂ ਨੂੰ ਚੁੰਮਿਆ ਤੁਰੰਤ ਸਭ ਕੁੜੀਆਂ ਨੇ ਉਨ੍ਹਾਂ ਨੂੰ ਵਾਰੀ ਵਾਰੀ ਚੁੰਮਣਾ ਚਾਹਿਆ ਅਤੇ ਉਸ ਸੱਜਣ ਨੇ ਉਨ੍ਹਾਂ ਨੂੰ ਗੋਡਿਆਂ ਤੋਂ ਲੈ ਕੇ ਉੱਪਰ ਨੀਚੇ ਉਛਾਲਿਆ ਤੇ ਚੂੰਢੀ ਵੱਢੀ। ਦੋ ਕਿਰਸਾਣ ਜਿਹੜੇ ਕਿ ਆਪਣੀ ਪੋਲਟਰੀ ਨਾਲੋਂ ਵਧੇਰੇ ਹੜਬੜੀ ਵਿੱਚ ਸਨ ਬਿਨਾਂ ਹਿਲਣ ਦਾ ਹੀਲਾ ਕੀਤੇ ਆਪਣੀਆਂ ਅੱਖਾਂ ਫੇਰ ਰਹੇ ਸਨ ਜਿਵੇਂ ਉਨ੍ਹਾਂ ਨੂੰ ਭੂਤ ਚਿੰਮੜੇ ਹੋਣ, ਅਤੇ ਉਹਨਾਂ ਝੁਰੜੀਆਂ ਵਾਲੇ ਚਿਹਰਿਆਂ 'ਤੇ ਮੁਸਕਰਾਟ ਨਹੀਂ ਸੀ।

ਫੇਰ ਉਸ ਸੱਜਣ ਨੇ ਜਿਹੜਾ ਕਿ ਵਪਾਰੀ ਯਾਤਰੂ ਸੀ, ਮਖ਼ੌਲ ਵਜੋਂ ਔਰਤਾਂ ਦੇ ਤਸਮੇ ਪੇਸ਼ ਕੀਤੇ ਅਤੇ ਇਕ ਇਕ ਪੈਕਟ ਲੈ ਕੇ ਖੋਲ੍ਹ ਦਿਤਾ। ਇਹ ਇਕ ਚਲਾਕੀ

ਸੀ ਕਿਉਂਕਿ ਪਾਰਸਲ ਵਿੱਚ ਗੈਟਸ ਸਨ। ਉਨ੍ਹਾਂ ਵਿੱਚ ਨੀਲੇ ਸਿਲਕ, ਗੁਲਾਬੀ ਸਿਲਕ, ਲਾਲ ਸਿਲਕ, ਊਦੇ ਸਿਲਕ, ਕਾਸ਼ਨੀ ਸਿਲਕ ਦੇ ਗੈਟਸ ਸਨ ਅਤੇ ਬੱਕਲ, ਮੁਲੰਮੇ ਦੇ ਜੱਫੀਆਂ ਪਾਉਂਦੇਂ ਦੋ ਕਾਮਦੇਵਾਂ ਦੇ ਬਣੇ ਸਨ। ਲੜਕੀਆਂ ਨੇ ਖ਼ੁਸ਼ ਹੋ ਕੇ ਵਾਹ ਵਾਹ ਕੀਤੀ ਅਤੇ ਉਸ ਖਿੱਚ ਨਾਲ ਉਨ੍ਹਾਂ ਵੱਲ ਵੇਖਿਆ ਜਿਹੜੀ ਕਿ ਸੌਦਾ ਕਰ ਰਹੀ ਜਨਾਨੀ ਵਿੱਚ ਸੁਭਾਵਿਕ ਹੁੰਦੀ ਹੈ। ਉਨ੍ਹਾਂ ਨੇ ਨਜ਼ਰਾਂ ਹੀ ਨਜ਼ਰਾਂ ਨਾਲ ਜਾਂ ਘੁਸਰ ਮੁਸਰ ਕਰਕੇ ਇਕ ਦੂਜੀ ਨਾਲ ਸਲਾਹ ਕੀਤੀ ਤੇ ਜਵਾਬ ਦਿੱਤਾ ਅਤੇ ਮੈਡਮ ਲਾਲਸਾ ਨਾਲ ਇਕ ਗੈਟਸ ਨੂੰ ਫੜ ਦੇਖ ਰਹੀ ਸੀ ਜਿਹੜਾ ਦੂਜਿਆਂ ਨਾਲੋਂ ਬਹੁਤੇ ਰੋਅਬ ਵਾਲਾ ਸੀ; ਅਤੇ ਅਜਿਹੇ ਅੱਡੇ ਦੀ ਮਾਲਕਣ ਸੱਚਮੁਚ ਯੋਗ ਸੀ।

ਉਹ ਉਡੀਕ ਰਿਹਾ ਸੀ। ਕਿਉਂਕਿ ਉਸ ਦੇ ਮਨ ਵਿੱਚ ਇਕ ਖ਼ਿਆਲ ਸੀ।

"ਆਓ ਮੇਰੇ ਬਲੂੰਗੜਿਓ" ਉਸ ਨੇ ਕਿਹਾ "ਤੁਸੀਂ ਪਹਿਨ ਕੇ ਦੇਖੋ"

ਉਨ੍ਹਾਂ ਨੇ ਚੀਕਾਂ ਮਾਰ ਕੇ ਪੇਟੀਕੋਟ ਆਪਣੀ ਲੱਤਾਂ ਵਿੱਚ ਲੈ ਲਏ ਜਿਵੇਂ, ਉਨ੍ਹਾਂ, ਨੇ ਸੋਚਿਆ ਕਿ ਉਹ ਉਨ੍ਹਾਂ ਦੀ ਬੇਇੱਜ਼ਤੀ ਕਰਨ ਲੱਗਾ ਹੋਵੇ, ਪਰ ਉਹ ਕੁਝ ਚਿਰ ਇੰਤਜ਼ਾਰ ਕਰਦਾ ਰਿਹਾ "ਅੱਛਾ ਜੇ ਤੁਸੀਂ ਨਹੀਂ ਪਹਿਨਦੀਆਂ ਤਾਂ ਉਨ੍ਹਾਂ ਨੂੰ ਫੇਰ ਮੈਂ ਪੈਕ ਕਰ ਦਿੰਦਾ ਹਾਂ।"

ਉਸ ਨੇ ਫਿਰ ਸ਼ਰਾਰਤ ਨਾਲ ਕਿਹਾ "ਮੈਂ ਕੋਈ ਵੀ ਜੋੜਾ ਦੇਣ ਨੂੰ ਤਿਆਰ ਹਾਂ ਜੇਕਰ ਉਹ ਪਹਿਨ ਕੇ ਦੇਖਣ।"

ਪਰ ਉਹ ਨਾ ਹਿਲੀਆਂ, ਅਤੇ ਸਿੱਧੀਆਂ ਸ਼ਾਨ ਨਾਲ ਬੈਠੀਆਂ ਰਹੀਆਂ।

ਪਰ ਦੋ ਪੰਪ ਇਸ ਤਰ੍ਹਾਂ ਨਿਰਾਸ਼ ਨਜ਼ਰ ਆ ਰਹੇ ਸਨ, ਕਿ ਉਸ ਨੇ ਉਨ੍ਹਾਂ ਨੂੰ ਆਪਣੀ ਪੇਸ਼ਕਸ਼ ਫੇਰ ਦੁਹਰਾਈ। ਫਲੋਰਾ ਖ਼ਾਸ ਤੌਰ ’ਤੇ ਹਿਚਕਚਾਈ ਅਤੇ ਉਸ ਨੇ ਜ਼ੋਰ ਪਾਇਆ

"ਆਉ ਮੇਰੀ ਪਿਆਰੀ, ਹੌਸਲਾ ਕਰ ਜ਼ਰਾ ਦੇਖ ਇਸ ਜਾਮਣੀ ਜੋੜੇ ਨੂੰ; ਇਹ ਤੇਰੀ ਪੁਸ਼ਾਕ ਨਾਲ ਬੜਾ ਜਚੇਗਾ।

ਇਸ ਨਾਲ ਉਸ ਨੇ ਸਲਾਹ ਬਣਾ ਲਈ ਅਤੇ ਆਪਣੀ ਪੁਸ਼ਾਕ ਖਿੱਚ ਕੇ ਖੁਰਦਰੀਆ ਜੁਰਾਬਾਂ ਵਿੱਚ ਬੁਰੀ ਤਰ੍ਹਾਂ ਫਿੱਟ ਹੋਈ ਗੁਜਰੀ ਵਰਗੀ ਲੱਤ ਕੱਢ ਕੇ ਵਿਖਾ ਦਿਤੀ। ਮੁਸਾਫਿਰ ਨੇ ਹੇਠਾਂ ਝੁਕ ਕੇ ਗੈਟਸ ਨੂੰ ਪਹਿਲਾਂ ਗੋਡਿਆਂ ਤੋਂ ਕਸਿਆ ਫੇਰ ਉੱਪਰ ਅਤੇ ਉਸ ਨੇ ਲੜਕੀ ਦੇ ਕੁਤ- ਕੁਤਾੜੀਆਂ ਕੀਤੀਆਂ ਜਿਸ ਕਾਰਣ ਉਹ ਚੀਕ ਮਾਰ ਕੇ ਛਾਲ ਮਾਰ ਗਈ। ਜਦੋਂ ਉਸ ਨੇ ਇਹ ਕਰ ਲਿਆ ਤਾਂ ਉਸ ਨੂੰ ਗੁਲਾਬੀ ਜੋੜਾ ਦੇ ਦਿੱਤਾ ਅਤੇ ਪੁੱਛਿਆ "ਅਗਲੀ ਕੌਣ !"

"ਮੈਂ ਮੈਂ" ਉਹ ਇਕਦਮ ਬੋਲੀਆਂ ਅਤੇ ਉਸ ਨੇ ਰੋਜ਼ਾ ਤੋਂ ਆਰੰਭ ਕੀਤਾ ਜਿਸ ਨੇ ਬੇਢੱਬੀ ਗੋਲ ਅਤੇ ਗਿੱਟੇ ਤੋਂ ਬਿਨਾਂ ਲੱਤ ਕੱਢੀ ਜੋ ਰਫੈਲੇ ਦੇ ਆਖਣ ਅਨੁਸਾਰ ਬਿਲਕੁਲ ਮਾਸ ਦੀ ਫਾਕ ਵਰਗੀ ਸੀ।

ਮੁਸਾਫ਼ਰ ਨੇ ਫੇਰ ਫਰਨੰਡੇ ਵੱਲ ਇਸ਼ਾਰਾ ਕੀਤਾ ਅਤੇ ਉਸ ਦੇ ਤਕੜੇ ਸਤਨ ਦੇਖ ਕੇ ਜੋਸ਼ੀਲਾ ਹੋ ਗਿਆ।

ਸੋਹਣੀ ਯਹੂਦਣ ਦੀ ਪਤਲੀ ਪਿੰਜਣੀ ਦੀ ਘੱਟ ਪ੍ਰਸ਼ੰਸਾ ਹੋਈ ਅਤੇ ਲਈਸ ਕੋਕੋਟੇ ਨੇ ਮਖ਼ੌਲ ਨਾਲ ਆਪਣਾ ਪੇਟੀ ਕੋਟ ਉਸ ਆਦਮੀ ਦੇ ਸਿਰ ਉਤੇ ਰੱਖ ਦਿੱਤਾ ਤਾਂ ਜੋ ਅਜਿਹੇ ਭੱਦੇ ਵਰਤਾਉ ਨੂੰ ਰੋਕਣ ਲਈ ਮੈਡਮ ਨੂੰ ਦਖ਼ਲ ਦੇਣ ਲਈ ਮਜ਼ਬੂਰ ਕੀਤਾ ਜਾਵੇ।

ਅਖ਼ੀਰ ਵਿੱਚ ਮੈਡਮ ਨੇ ਆਪ ਆਪਣੀ ਸੁੰਦਰ ਨਰੋਈ ਨੌਰਮਨ ਲੱਤ ਕੱਢੀ। ਵਪਾਰੀ ਨੇ ਇਕ ਸੱਚੇ ਫਰਾਂਸੀਸੀ ਨੌਜਵਾਨ ਵਾਂਗ ਸਭ ਤੋਂ ਸੋਹਣੀ ਪਿੰਜਣੀ ਨੂੰ ਹੈਟ ਉਤਾਰ ਕੇ ਸਲਾਮ ਕੀਤੀ।

ਦੋ ਕਿਰਸਾਣ ਜਿਹੜੇ ਹੈਰਾਨੀ ਕਰਕੇ ਚੁੱਪ ਸਨ; ਅੱਖਾਂ ਦੇ ਕੋਇਆਂ ਵਿੱਚੋਂ ਦੇਖ ਰਹੇ ਸਨ। ਉਹ ਕੁੱਕੜਾਂ ਵਾਂਗ ਲੱਗ ਰਹੇ ਸਨ, ਕਿ ਉਹ ਹਲਕੀਆਂ ਮੁੱਛਾਂ ਵਾਲਾ ਮਨੁੱਖ ਜਦੋਂ ਬੈਠਣ ਲੱਗਿਆ ਤਾਂ ਉਨ੍ਹਾਂ ਦੇ ਨੇੜੇ ਕਰ ਕੇ ਬੋਲਿਆ "ਕੁਕੜੂ ਘੜੂੰ" ਅਤੇ ਇਸ ਨਾਲ ਮੌਜ ਮੇਲੇ ਦੀ ਇਕ ਹੋਰ ਲਹਿਰ ਉੱਠੀ। ਉਹ ਬੁੱਢੇ ਆਪਣੀ ਟੋਕਰੀ ਆਪਣੀਆਂ ਬੱਤਖਾਂ ਅਤੇ ਆਪਣੀ ਛੱਤਰੀ ਲੈ ਕੇ ਮੌਟਵਿਲੇ ਉਤਰ ਗਏ, ਅਤੇ ਉਹ ਔਰਤ ਜਾਣ ਵੇਲੇ ਆਪਣੇ ਆਦਮੀ ਨੂੰ ਕਹਿੰਦੀ ਸੁਣੀ :-

"ਉਹ ਅਵਾਰਾ ਔਰਤਾਂ ਹਨ ਜੋ ਪੈਰਿਸ ਦੇ ਨਰਕ ਤੋਂ ਆ ਰਹੀਆਂ ਹਨ।"

ਮਜ਼ਾਕੀਆ ਵਪਾਰੀ ਮੁਸਾਫਿਰ ਇੰਨਾ ਖਰ੍ਹਵਾ ਵਰਤਾਉ ਕਰਕੇ ਰਾਵਿਨ ਵਿਖੇ ਉਤਰ ਗਿਆ ਕਿ ਮੈਡਮ ਨੂੰ ਤੇਜ਼ੀ ਨਾਲ ਉਸ ਨੂੰ ਸਹੀ ਟਿਕਾਣੇ ਲਿਆਉਣਾ ਪਿਆ। ਨਤੀਜੇ ਵਜੋਂ ਉਸ ਨੇ ਕਿਹਾ "ਇਸ ਤੋਂ ਸਾਨੂੰ ਸਿੱਖਿਆ ਲੈਣੀ ਚਾਹੀਦੀ ਹੈ ਕਿ ਅਜਨਬੀ ਨਾਲ ਨਹੀਂ ਬੋਲਣਾ।"

ਆਇਸਲ ਵਿਖੇ ਉਨ੍ਹਾਂ, ਨੇ ਗੱਡੀ ਬਦਲੀ ਅਤੇ ਅਗਲੇ ਇਕ ਛੋਟੇ ਜਿਹੇ ਸਟੇਸ਼ਨ ’ਤੇ ਮੌਨਸ਼ੀਅਰ ਜੋਸਫ ਰਿਵਟ ਉਨ੍ਹਾਂ ਨੂੰ ਇਕ ਵੱਡੀ ਗੱਡੀ ਲਈ ਉਡੀਕ ਰਿਹਾ ਸੀ ਜਿਸ ਵਿੱਚ ਕਈ ਕੁਰਸੀਆਂ ਰੱਖੀਆਂ ਸਨ ਅਤੇ ਜਿਸ ਨੂੰ ਚਿੱਟਾ ਘੋੜਾ ਜੁੜਿਆ ਹੋਇਆ ਸੀ।

ਤਰਖਾਣ ਨੇ ਮਲਕੜੇ ਜਿਹੇ ਸਭ ਕੁੜੀਆਂ ਨੂੰ ਚੁੰਮਿਆ ਅਤੇ ਫੇਰ ਉਨ੍ਹਾਂ ਨੂੰ ਆਪਣੀ ਗੱਡੀ ਵਿੱਚ ਚੜ੍ਹਨ ਲਈ ਮੱਦਦ ਕੀਤੀ।

ਉਨ੍ਹਾਂ ਵਿੱਚੋਂ ਤਿੰਨ ਪਿਛਲੀਆਂ ਸੀਟਾਂ ’ਤੇ ਬੈਠ ਗਈਆਂ, ਰਫੈਲੇ ਮੈਡਮ ਅਤੇ ਉਸ ਦਾ ਭਰਾ ਅਗਲੀਆਂ ਸੀਟਾਂ ’ਤੇ ਬੈਠ ਗਏ ਅਤੇ ਰੋਜ਼ਾ, ਜਿਸ ਨੂੰ ਕਈ ਸੀਟ ਨਹੀਂ ਸੀ ਮਿਲੀ, ਜਿੰਨੇ ਕੁ ਅਰਾਮ ਨਾਲ ਉਹ ਬੈਠ ਸਕਦੀ ਸੀ ਫਰਨੰਡੋ ਦੇ ਗੋਡਿਆਂ ’ਤੇ ਬੈਠ ਗਈ ਅਤੇ ਫੇਰ ਉਹ ਚੱਲ ਪਏ।

ਪਰ ਘੋੜੇ ਦੀ ਝੂਟਾ ਦੇਣ ਵਾਲੀ ਚਾਲ ਨੇ ਗੱਡੀ ਨੂੰ ਬੁਰੀ ਤਰ੍ਹਾਂ ਹਿਲਾ ਦਿੱਤਾ ਕਿ ਕੁਰਸੀਆਂ ਨੱਚਣ ਲੱਗ ਪਈਆਂ, ਜਿਸ ਨਾਲ ਮੁਸਾਫਿਰ ਸੱਜੇ ਖੱਬੇ ਹੋ ਗਏ ਜਿਵੇਂ ਉਹ ਪੁਤਲੀਆਂ ਹੋਣ। ਇਸ ਨਾਲ ਉਨ੍ਹਾਂ ਦੀਆਂ ਚੀਕਾਂ ਨਿਕਲ ਗਈਆਂ ਜੋ ਗੱਡੀ ਦੇ ਇਕ ਹੋਰ ਹਿਲੂਣੇ ਨਾਲ ਮੁੱਕੀਆਂ।

ਉਹ ਗੱਡੀ ਦੇ ਪਾਸਿਆਂ ਨਾਲ ਚਿੰਬੜ ਗਈਆਂ ਉਨ੍ਹਾਂ ਦੀਆਂ ਟੋਪੀਆਂ ਪਿੱਠ ’ਤੇ ਗਿਰ ਗਈਆਂ, ਉਨ੍ਹਾਂ ਦੇ ਨੱਕ ਇਕ ਦੂਜੇ ਦੇ ਮੋਢਿਆਂ ’ਤੇ ਲੱਗ ਗਏ ਤੇ ਚਿੱਟਾ ਘੋੜਾ ਉਲਾਂਘਾਂ ਭਰਦਾ ਗਿਆ ਜਿਸ ਦੀ ਗਰਦਨ ਖਿੱਚੀ ਹੋਈ ਸੀ ਅਤੇ ਪੂਛ ਸਿੱਧੀ ਸੀ ਜੋ ਵਾਲ਼ ਰਹਿਤ ਚੂਹੇ ਦੀ ਪੂਛ ਵਰਗੀ ਸੀ ਜੋ ਸਮੇਂ ਸਮੇਂ ਉਸ ਦੀ ਪਿੱਠ ’ਤੇ ਫਿਰਦੀ ਸੀ।

ਜੋਸਫ ਰਿਵਟ ਇਕ ਟੰਗ ਬਾਹੀ ’ਤੇ ਰੱਖੀ ਦੂਜੀ ਨੂੰ ਮੋੜੀ, ਕੂਹਣੀਆਂ ਨਾਲ ਲਗਾਮਾਂ ਨੂੰ ਉੱਚਾ ਚੁੱਕੀ ਬੈਠਾ ਅਤੇ ਮੂੰਹੋਂ ਟਿਚ-ਟਿਚ ਕਰ ਰਿਹਾ ਸੀ, ਜਿਸ ਨਾਲ ਘੋੜਾ ਕੰਨ ਚੁੱਕ ਲੈਂਦਾ ਸੀ ਅਤੇ ਤੇਜ਼ ਚੱਲਦਾ ਸੀ।

ਸੜਕ ਦੇ ਦੋਹੀਂ ਪਾਸੀਂ ਹਰਾ ਮੈਦਾਨ ਸੀ, ਅਤੇ ਥਾਂ ਥਾਂ ਸਰ੍ਹੋਂ, ਦੇ ਫੁੱਲ ਖਿੜੇ ਹੋਏ ਸਨ ਜਿਸ ਵਿਚੋਂ ਤਕੜੀ ਭਰਵੀ ਮਿੱਠੀ ਵਿੰਨ੍ਹਣ ਵਾਲੀ ਮਹਿਕ ਉੱਠਦੀ ਜਿਸ ਨੂੰ ਹਵਾ ਕੁਝ ਦੂਰ ਤੱਕ ਲੈ ਜਾਂਦੀ ਸੀ।

ਰਾਈ ਵਿੱਚੋਂ ਕਾਰਨ ਫੁਲਾਵਰ ਦੀਆਂ ਨੀਲੀਆਂ ਛੋਟੀਆਂ ਡੋਡੀਆਂ ਉੱਪਰ ਨੂੰ ਉੱਭਰੀਆਂ ਹੋਈਆਂ ਸਨ, ਔਰਤਾਂ ਨੇ ਉਹ ਤੋੜਨੇ ਚਾਹੇ ਪਰ ਮੌਨਸ਼ੀਅਰ ਰਿਵਟ ਨੇ ਠਹਿਰਨ ਤੋਂ ਇਨਕਾਰ ਕਰ ਦਿੱਤਾ।

ਕਿਤੇ ਕਿਤੇ ਕੋਈ ਲਾਲ ਸੂਹਾ ਖੇਤ ਆਉਂਦਾ, ਬਹੁਤ ਸੰਘਣਾ ਪੋਸਤ ਉੱਗਿਆ ਸੀ, ਅਤੇ ਗੱਡੀ ਜੋ ਵਧੇਰੇ ਸੋਹਣੇ ਰੰਗ ਬਿਰੰਗੇ ਫੁੱਲਾਂ ਨਾਲ ਲੱਦੀ ਜਾਪਦੀ ਸੀ, ਫੁੱਲਾਂ ਭਰੇ ਖੇਤਾਂ ਵਿੱਚ ਲੰਘੀ ਜਾਂਦੀ ਸੀ ਜੋ ਕਿਸੇ ਫਾਰਮ ਦੇ ਰੁੱਖਾਂ ਵਿੱਚ ਲੁਕ ਜਾਦੀ ਸੀ ਅਤੇ ਫੇਰ ਲਾਲ ਨੀਲੇ ਫੁੱਲਾਂ ਨਾਲ ਜੜੀਆਂ ਪੀਲੀਆਂ ਅਤੇ ਹਰੀਆਂ ਫ਼ਸਲਾਂ ਵਿੱਚੋਂ ਦਿਸਦੀ ਅਤੇ ਲੰਘਦੀ ਸੀ।

ਇਕ ਵੱਜ ਚੁੱਕਿਆ ਸੀ ਜਦੋਂ ਉਹ ਤਰਖਾਣ ਦੇ ਬੂਹੇ ਅੱਗੇ ਪਹੁੰਚੀਆਂ। ਉਹ ਥੱਕੀਆਂ ਹੋਈਆਂ ਅਤੇ ਭੁੱਖੀਆਂ ਸਨ ਕਿਉਂਕਿ ਉਨ੍ਹਾਂ ਨੇ ਘਰੋਂ ਆਉਣ ਤੋਂ ਬਾਅਦ ਕੁਝ ਨਹੀਂ ਸੀ ਖਾਧਾ। ਮੈਡਮ ਰਿਵਟ ਦੌੜੀ ਆਈ, ਉਨ੍ਹਾਂ ਨੂੰ ਵਾਰੀ ਵਾਰੀ ਉਤਾਰਿਆ। ਅਤੇ ਥੱਲੇ ਉਤਰਦੀਆਂ ਨੂੰ ਹੀ ਚੁੰਮਿਆ। ਇਉਂ ਜਾਪਦਾ ਸੀ ਜਿਵੇਂ ਉਹ ਆਪਣੀ ਭਰਜਾਈ ਨੂੰ ਚੁੰਮਣ ਤੋਂ ਨਹੀਂ ਥੱਕੇਗੀ ਜਿਸ ਨੂੰ ਉਹ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦੀ ਸੀ। ਉਨ੍ਹਾਂ ਨੇ ਵਰਕਸ਼ਾਪ ਵਿੱਚ ਲੰਚ ਕੀਤਾ ਜੋ ਅਗਲੇ ਖਾਣੇ ਲਈ ਖ਼ਾਲੀ ਕੀਤੀ ਗਈ ਸੀ।

ਇਕ ਵੱਡੇ ਆਮਲੇਟ ਉੱਬਲੇ ਹੋਏ ਚਿਕਨ ਲਿੰਗਜ਼ ਜੋ ਸੇਆਂ ਦੇ ਰਸ ਵਿੱਚ ਭਿਗੋਏ ਹੋਏ ਸਨ, ਦੇ ਨਾਲ ਸਭ ਨੇ ਸੁੱਖ ਅਨੁਭਵ ਕੀਤਾ।

ਰਿਵਟ ਨੇ ਗਲਾਸ ਫੜਿਆ ਤਾਂ ਜੋ ਉਹ ਉਨ੍ਹਾਂ ਨਾਲ ਹਮਪਿਆਲਾ ਬਣ ਸਕੇ ਅਤੇ ਉਸ ਦੀ ਪਤਨੀ ਪਕਾਉਂਦੀ ਸੀ ਤੇ ਉਨ੍ਹਾਂ ਨੂੰ ਖਵਾਉਂਦੀ ਸੀ, ਖਾਣੇ ਲਿਆਉਂਦੀ ਅਤੇ ਉਨ੍ਹਾਂ ਨੂੰ ਬਾਹਰ ਲੈ ਜਾਂਦੀ ਅਤੇ ਸਾਰਿਆਂ ਨੂੰ ਕੰਨ ਵਿੱਚ ਪੁੱਛਦੀ ਕਿ ਕੁਝ ਹੋਰ ਚਾਹੀਦਾ ਹੋਵੇ। ਲੱਕੜੀਆਂ ਦੇ ਫੱਟੇ ਕੰਧ ਨਾਲ ਲਾਏ ਖੜੇ ਸਨ, ਕੰਧ ਨਾਲ ਲੱਗਾ ਲੱਕੜੀਆਂ ਦੇ ਫੱਟਿਆਂ ਅਤੇ ਕੋਨੇ ਵਿੱਚ ਲੱਗੇ ਬੂਹੇ ਦੇ ਢੇਰ ਵਿੱਚੋਂ ਰੰਦੀ ਹੋਈ ਲੱਕੜੀ ਦੀ ਗੰਧ ਆ ਰਹੀ, ਬਰੋਜ਼ੇ ਵਾਲੀ ਮਹਿਕ ਜੋ ਫੇਫੜਿਆਂ ਨੂੰ ਵੀ ਵਿੰਨ੍ਹ ਰਹੀ ਸੀ।

ਉਨ੍ਹਾਂ ਨੇ ਛੋਟੀ ਬੱਚੀ ਨੂੰ ਮਿਲਣਾ ਚਾਹਿਆ। ਪਰ ਉਹ ਚਰਚ ਗਈ ਹੋਈ ਸੀ ਅਤੇ ਸ਼ਾਮ ਤੱਕ ਵਾਪਸ ਨਹੀਂ ਸੀ ਆਉਣਾ ਇਸ ਲਈ ਉਹ ਬਾਹਰ ਸੈਰ ’ਤੇ ਚੜ੍ਹ ਗਈਆਂ।

ਇਹ ਛੋਟਾ ਜਿਹਾ ਪਿੰਡ ਸੀ ਜਿਸ ਵਿੱਚੋਂ ਵੱਡੀ ਸੜਕ ਲੰਘਦੀ ਸੀ। ਸੜਕ ਦੇ ਦੋਵੇਂ ਪਾਸੇ ਦਸ ਜਾਂ ਬਾਰਾਂ ਘਰਾਂ ਵਿੱਚ ਕਸਾਈ, ਪੰਸਾਰੀ, ਸਰਾਂ ਵਾਲੇ, ਮੋਚੀ ਰੋਟੀਆਂ ਵਾਲੇ ਅਤੇ ਹੋਰ ਕਿਰਾਏਦਾਰ ਸਨ।

ਚਰਚ ਗ਼ਲੀ ਦੇ ਅੰਤ ਵਿੱਚ ਸੀ। ਇਸ ਦੇ ਦੁਆਲੇ ਚੁਗਾਠ ਸੀ ਅਤੇ ਚਾਰ ਨਿੰਬੂਆਂ ਦੇ ਬੂਟੇ ਸਨ ਜੋ ਦਰਵਾਜ਼ੇ ਦੇ ਬਾਹਰ ਸਨ ਜਿਨ੍ਹਾਂ ਨੇ ਗੇਟ ਨੂੰ ਬਿਲਕੁਲ ਢਕਿਆ ਹੋਇਆ ਸੀ। ਇਹ ਪੱਥਰ ਦਾ ਬਣਿਆ ਹੋਇਆ ਸੀ ਜੋ ਕਿਸੇ ਵਿਸ਼ੇਸ਼ ਢੰਗ ਨਾਲ ਨਹੀਂ ਸੀ ਬਣਿਆ, ਅਤੇ ਉੱਪਰ ਜਿਸ ਦੇ ਉੱਤੇ ਛੱਤਿਆ ਹੋਇਆ ਬੁਰਜ ਸੀ।

ਜਦੋਂ ਇਸ ਨੂੰ ਲੰਘ ਜਾਈਏ ਤਾਂ ਅੱਗੇ ਫਿਰ ਖੁੱਲ੍ਹੇ ਖੇਤ ਆ ਜਾਂਦੇ ਹਨ, ਜਿਸ ਵਿੱਚ ਕਿਤੇ ਕਿਤੇ ਦਰੱਖ਼ਤਾਂ ਦੇ ਝੁੰਡਾਂ ਵਿੱਚ ਲੁਕੇ ਕੋਠੇ ਹਨ।

ਰਿਵਟ ਨੇ ਆਦਰ ਨਾਲ ਆਪਣੀ ਬਾਂਹ ਆਪਣੀ ਭੈਣ ਨੂੰ ਦਿੱਤੀ ਹੋਈ ਸੀ, ਭਾਵੇਂ ਉਹ ਆਪਣੇ ਕੰਮ ਕਾਰੀ ਕੱਪੜਿਆਂ ਵਿੱਚ ਹੀ ਸੀ ਅਤੇ ਉਸ ਨਾਲ ਸ਼ਾਨ ਨਾਲ ਚੱਲ ਰਿਹਾ ਸੀ।

ਉਸ ਦੀ ਪਤਨੀ, ਜਿਸ ਨੂੰ ਰਫੈਲੇ ਦੇ ਸੁਨਹਿਰੀ ਧਾਰੀਆਂ ਵਾਲੇ ਸੂਟ ਨੇ ਕਾਬੂ ਕੀਤਾ ਹੋਇਆ ਸੀ ਉਸ ਦੇ ਅਤੇ ਫਰਨੰਡੇ ਦੇ ਵਿਚਕਾਰ ਤੁਰ ਰਹੀ ਸੀ, ਅਤੇ

ਮੋਟਲ ਰੋਜ਼ਾ ਲੂਈਸ ਕੋਕਟੇ ਅਤੇ ਫਲੋਰਾ ਦੇ ਪਿੱਛੇ ਥੱਕੀ ਹੋਈ ਉਸ ਝੂਲੇ ਵਾਂਗ ਕਦਮ ਪੁੱਟਦੀ ਆ ਰਹੀ ਸੀ।

ਲੋਕੀ ਆਪਣੇ ਬੂਹਿਆਂ ਅੱਗੇ ਆ ਗਏ ਬੱਚਿਆਂ ਨੇ ਖੇਲ੍ਹਣਾ ਛੱਡ ਦਿੱਤਾ, ਕੋਈ ਖਿੜਕੀ ਦਾ ਪੜਦਾ ਉਠਾਉਂਦਾ ਤੇ ਮਲਮਲੀ ਟੋਪੀ ਦਿਸਦੀ, ਜਦੋਂ ਕਿ ਇਕ ਖੂੰਡੀ ਵਾਲੀ ਬੁੱਢੀ ਜੋ ਲਗਭਗ ਅੰਨ੍ਹੀ ਸੀ ਇਸ ਤਰ੍ਹਾਂ ਕੋਲੋਂ ਲੰਘੀ ਜਿਵੇਂ ਇਹ ਕੋਈ ਧਾਰਮਿਕ ਜਲੂਸ ਹੋਵੇ। ਉਹ ਕਾਫੀ ਚਿਰ ਤੱਕ ਸ਼ਹਿਰ ਆਈਆਂ ਔਰਤਾਂ ਨੂੰ ਦੇਖਦੇ ਰਹਿੰਦੇ ਜੋ ਜੋਸਫ ਰਿਵਟ ਦੀ ਨਿੱਕੀ ਜਿਹੀ ਲੜਕੀ ਦੇ ਬਪਤਿਸਮੇ ਉੱਤੇ ਆਈਆਂ ਸਨ ਅਤੇ ਤਰਖਾਣ ਲੋਕਾਂ ਦੀਆਂ ਨਜ਼ਰਾਂ ਵਿੱਚ ਬਹੁਤ ਉੱਚਾ ਹੋ ਗਿਆ ਸੀ।

ਜਦੋਂ ਉਹ ਚਰਚ ਕੋਲੋਂ ਲੰਘੀਆਂ ਉਨ੍ਹਾਂ ਨੇ ਕੁਝ ਬੱਚੇ ਗਾਉਂਦੇ ਸੁਣੇ, ਪਤਲੀਆਂ ਨਿੱਕੀਆਂ ਆਵਾਜ਼ਾਂ ਇਕ ਭਜਨ ਗਾ ਰਹੀਆਂ ਸਨ ਪਰ ਮੈਡਮ ਨੇ ਉਨ੍ਹਾਂ ਨੂੰ ਅੰਦਰ ਨਾ ਜਾਣ ਦਿੱਤਾ ਤਾਂ ਕਿ ਛੋਟੇ ਛੋਟੇ ਦੇਵਤੇ ਅਸ਼ਾਂਤ ਨਾ ਹੋ ਜਾਣ।

ਸੈਰ ਤੋਂ ਪਿੱਛੋਂ, ਜਿਸ ਵਿੱਚ ਜੋਸਫ ਰਿਵਟ ਨੇ ਸਭ ਜ਼ਿਮੀਂਦਾਰਾਂ ਬਾਰੇ ਜ਼ਮੀਨ ਦੀ ਫ਼ਸਲ ਬਾਰੇ ਅਤੇ ਗਊਆਂ ਅਤੇ ਭੇਡਾਂ ਦੇ ਫ਼ਾਇਦੇ ਬਾਰੇ ਗੱਲਾਂ ਕੀਤੀਆਂ ਸਨ, ਉਹ ਔਰਤਾਂ ਦੇ ਝੁੰਡ ਨੂੰ ਆਪਣੇ ਘਰ ਲੈ ਗਿਆ ਅਤੇ ਉਨ੍ਹਾਂ ਨੂੰ ਆਪਣੇ ਘਰ ਵਿੱਚ ਟਿਕਾ ਦਿੱਤਾ ਜੋ ਬਹੁਤ ਹੀ ਛੋਟਾ ਸੀ, ਉਸ ਨੇ ਦੋ ਦੋ ਨੂੰ ਇਕ-ਇਕ ਕਮਰਾ ਦੇ ਦਿੱਤਾ।

ਸਿਰਫ਼, ਰਿਵਟ ਨੇ ਵਰਕਸ਼ਾਪ ਵਿੱਚ ਬੂਰੇ ਦੇ ਢੇਰ ’ਤੇ ਸੌਣਾ ਸੀ; ਉਸ ਦੀ ਪਤਨੀ ਨੇ ਆਪਣੀ ਨਣਦ ਨਾਲ ਸੌਣਾ ਸੀ। ਅਤੇ ਫਰਨੰਡੇ, ਅਤੇ ਰਫੈਲੇ ਅਗਲੇ ਕਮਰੇ ਵਿੱਚ ਇਕੱਠੀਆਂ ਸੌਣ ਲੱਗੀਆਂ ਸਨ। ਲੂਈਸ ਅਤੇ ਫਲੋਰਾ ਕਿਚਨ ਵਿੱਚ ਸਨ, ਜਿੱਥੇ ਉਨ੍ਹਾਂ ਨੇ ਫ਼ਰਸ਼ ’ਤੇ ਦਰੀ ਵਿਛਾਈ ਹੋਈ ਸੀ ਅਤੇ ਰੋਜ਼ਾ ਨੇ ਆਪਣੇ ਲਈ ਮਮਟੀ ਦੇ ਕੋਲ ਜਿੱਥੇ ਬਪਤਿਸਮਾਉਣ ਵਾਲੇ ਬੱਚੇ ਨੇ ਸੌਣਾ ਸੀ, ਪੌੜੀਆਂ ’ਤੇ ਇਕ ਕਾਲਾ ਜਿਹਾ ਫੱਟਾ ਲਾਇਆ ਹੋਇਆ ਸੀ। ਜਦੋਂ ਕੁੜੀ ਅੰਦਰ ਆਈ ਉਸ ਦਾ ਚੁੰਮੀਆਂ ਨਾਲ ਨੱਕ ਵਿੱਚ ਦਮ ਕਰ ਦਿੱਤਾ ਗਿਆ; ਸਾਰੀਆਂ ਤ੍ਰੀਮਤਾਂ ਉਸ ਨਾਲ

ਅਤਿ ਪਿਆਰ ਨਾਲ ਲਾਡ ਕਰਨਾ ਚਾਹੁੰਦੀਆਂ ਸਨ, ਜੋ ਉਨ੍ਹਾਂ ਦੇ ਪੇਸ਼ੇ ਅਨੁਸਾਰ ਇਕ ਆਦਤ ਸੀ ਜਿਸ ਕਰਕੇ ਉਨ੍ਹਾਂ ਰੇਲ ਗੱਡੀ ਵਿੱਚ ਬੱਤਖਾਂ ਨੂੰ ਚੁੰਮਿਆ ਸੀ।

ਉਨ੍ਹਾਂ ਨੇ ਉਸ ਨੂੰ ਆਪਣੀ ਗੋਦ ਵਿੱਚ ਲਿਆ ਅਤੇ ਉਸ ਦੇ ਨਰਮ ਹਲਕੇ ਵਾਲਾਂ 'ਤੇ ਹੱਥ ਫੇਰਿਆ, ਅਤਿ ਜੋਸ਼ ਅਤੇ ਪਿਆਰ ਦੇ ਵੇਗ ਨਾਲ ਉਸ ਨੂੰ ਬਾਂਹਾਂ ਵਿੱਚ ਘੁੱਟਿਆ ਅਤੇ ਬੱਚੇ ਨੇ ਜੋ ਬੜੇ ਚੰਗੇ ਸੁਭਾਅ ਦਾ ਅਤੇ ਆਗਿਆਕਾਰੀ ਸੀ, ਇਹ ਸਾਰਾ ਕੁਝ ਧੀਰਜ ਨਾਲ ਬਰਦਾਸ਼ਤ ਕੀਤਾ।

ਕਿਉਂਕਿ ਦਿਨ ਸਾਰਿਆਂ ਲਈ ਹੀ ਥਕਾ ਦੇਣ ਵਾਲਾ ਸੀ, ਉਹ ਖਾਣੇ ਤੋਂ ਪਿੱਛੋਂ ਤੁਰੰਤ ਸੌਂ ਗਏ। ਸਾਰੇ ਪਿੰਡ ਵਿੱਚ ਮੁਕੰਮਲ ਖ਼ਾਮੋਸ਼ੀ ਛਾਈ ਹੋਈ ਸੀ, ਜੋ ਬਿਲਕੁਲ ਧਾਰਮਿਕ ਸ਼ਾਂਤੀ ਵਾਂਗ ਹੀ ਸੀ ਅਤੇ ਕੁੜੀਆਂ ਦੇ ਮਨ 'ਤੇ, ਜੋ ਆਪਣੇ ਅੱਡੇ 'ਤੇ ਸ਼ੋਰ ਦੀਆਂ ਭਰੀਆਂ ਸ਼ਾਮਾਂ ਵਿੱਚ ਗਿੱਝੀਆਂ ਹੋਈਆਂ ਸਨ, ਸੁੱਤੇ ਹੋਏ ਪਿੰਡ ਦੀ ਸ਼ਾਂਤੀ ਨੇ ਅਸਰ ਪਾਇਆ ਸੀ। ਉਹ ਕੰਬ ਰਹੀਆਂ ਸਨ ਠੰਢ ਨਾਲ ਨਹੀਂ ਪਰ ਇਕੱਲਪੁਣੇ ਦੇ ਕਾਂਬੇ ਨਾਲ ਜੋ ਬੇਚੈਨ ਅਤੇ ਦੁੱਖੀ ਦਿਲਾਂ ਨੂੰ ਹੋਇਆ ਕਰਦਾ ਹੈ।

ਜਿਉਂ ਹੀ ਉਹ ਬਿਸਤਰੇ ਵਿੱਚ ਦੋ ਦੋ ਵੜੀਆਂ ਉਨ੍ਹਾਂ ਨੇ ਇਕ ਦੂਜੀ ਨੂੰ ਬਾਹਵਾਂ ਵਿੱਚ ਘੁੱਟ ਲਿਆ ਤਾਂ ਜੋ ਚੁੱਪ ਦੀ ਭਾਵਨਾ ਅਤੇ ਧਰਤੀ ਦੀ ਗੂੜ੍ਹੀ ਨੀਂਦਰ ਤੋਂ ਆਪਣੀ ਰੱਖਿਆ ਕਰ ਸਕਣ ਪਰ ਰੋਜ਼ ਨੇ ਜੋ ਇਕ ਨਿੱਕੇ ਕਮਰੇ ਵਿੱਚ ਪਈ ਸੀ, ਇਕ ਅਸਪੱਸ਼ਟ ਅਤੇ ਦੁੱਖਦਾਈ ਜਜ਼ਬਾ ਆਪਣੇ 'ਤੇ ਹਾਵੀ ਹੁੰਦਾ ਮਹਿਸੂਸ ਕੀਤਾ।

ਉਹ ਨਾ ਸੌਂ ਸਕਣ ਕਾਰਨ ਆਪਣੇ ਬਿਸਤਰੇ ਵਿੱਚ ਪਾਸੇ ਮਾਰ ਰਹੀ ਸੀ, ਉਸ ਨੇ ਆਪਣੇ ਸਿਰ ਦੇ ਨੇੜੇ ਪਾਰਟੀਸ਼ਨ ਵਿੱਚੋਂ ਇਕ ਬੱਚੇ ਦੀਆਂ ਸਿਸਕੀਆਂ ਸੁਣੀਆਂ। ਉਹ ਡਰ ਗਈ ਅਤੇ ਆਵਾਜ਼ ਦਿੱਤੀ ਉਸ ਦੇ ਉੱਤਰ ਵਿੱਚ ਇਕ ਹਟਕੋਰਿਆਂ ਭਰੀ ਗਰੀਕ ਆਵਾਜ਼ ਆਈ ਇਹ ਨਿੱਕੀ ਬੱਚੀ ਸੀ ਜੋ ਆਪਣੀ ਮਾਂ ਦੇ ਕਮਰੇ ਵਿੱਚ ਸੌਣਾ ਗਿੱਝੀ ਹੋਣ ਕਾਰਨ ਹੁਣ ਛੋਟੀ ਮਮਟੀ ਵਿੱਚ ਡਰ ਰਹੀ ਸੀ।

ਰੋਜ਼ਾ ਖ਼ੁਸ਼ ਹੋ ਗਈ, ਮਲਕੜੇ ਜਿਹੇ ਉੱਠੀ ਤਾਂ ਜੋ ਕੋਈ ਹੋਰ ਨਾ ਜਾਗ ਪਵੇ ਅਤੇ ਜਾ ਕੇ ਬੱਚੀ ਨੂੰ ਚੁੱਕ ਲਿਆਈ। ਉਸ ਨੇ ਬੱਚੀ ਨੂੰ ਆਪਣੇ ਨਿੱਘੇ ਬਿਸਤਰੇ ਵਿੱਚ ਵਾੜ ਲਿਆ ਚੁੰਮਿਆ ਅਤੇ ਛਾਤੀ ਨਾਲ ਘੁੱਟ ਲਈ, ਲਾਡ ਪਿਆਰ ਕੀਤਾ, ਬੜੀ

ਕੋਮਲਤਾ ਨਾਲ ਪੁਚਕਾਰਿਆ, ਅਤੇ ਆਖ਼ਿਰ ਟਿਕ ਕੇ ਸੌਂ ਗਈ। ਅਤੇ ਸਵੇਰ ਤੱਕ ਬਪਤਿਸਮਾ ਦਾ ਉਮੀਦਵਾਰ ਰੋਜ਼ਾ ਦੀ ਨੰਗੀ ਛਾਤੀ 'ਤੇ ਸੁਤਾ ਰਿਹਾ।

5 ਵਜੇ ਚਰਚ ਨੇ ਦੇਵ-ਪੂਜਾ ਦੀ ਘੰਟੀ ਵਜਾ ਕੇ ਇਨ੍ਹਾਂ ਔਰਤਾਂ ਨੂੰ ਜਗਾ ਦਿੱਤਾ ਜੋ ਨੇਮ ਅਨੁਸਾਰ ਸਵੇਰੇ ਸਵੇਰੇ ਸੌਂਦੀਆਂ ਹੁੰਦੀਆਂ ਸਨ।

ਕਿਸਾਨ ਪਹਿਲਾਂ ਹੀ ਜਾਗ ਚੁੱਕੇ ਸਨ ਅਤੇ ਔਰਤਾਂ ਮਾਵੇ ਨਾਲ ਆਕੜੇ ਗੱਤਿਆਂ ਵਿੱਚ ਰੱਖੇ ਸੂਤੀ ਸੂਟ, ਜਾਂ ਬਹੁਤ ਲੰਮੀਆਂ ਮੋਮਬਤੀਆਂ ਜਾਂ ਰੇਸ਼ਮੀ ਝਾਲਰ ਵਾਲੀਆਂ ਮੱਧ ਵਿੱਚ ਸੋਨੇ ਜੜੀਆਂ ਮੋਮ ਦੇ ਮੁੱਠੇ ਵਾਲੀਆਂ ਕਮਾਨਾਂ ਨੂੰ ਸਾਵਧਾਨੀ ਨਾਲ ਚੁੱਕੀ ਤਾਵਲੀਆਂ ਤਾਵਲੀਆਂ ਘਰਾਂ ਵਿੱਚ ਫਿਰਦੀਆਂ ਸਨ।

ਸੂਰਜ ਆਸਮਾਨ ਵਿੱਚ ਪਹਿਲਾਂ ਹੀ ਕਾਫ਼ੀ ਉੱਚਾ ਉੱਠ ਚੁੱਕਿਆ ਸੀ ਜੋ ਅਜੇ ਵੀ ਦਿਸਹੱਦੇ 'ਤੇ ਗੁਲਾਬੀ ਭਾਹ ਮਾਰ ਰਿਹਾ ਸੀ ਜਿਵੇਂ ਸਰਘੀ ਦਾ ਮੱਧਮ ਜਿਹਾ ਨਿਸ਼ਾਨ ਬਾਕੀ ਹੋਵੇ। ਮੁਰਗੀਆਂ ਦੀਆਂ ਡਾਰਾਂ ਖੁੱਡਿਆਂ ਕੋਲ ਘੁੰਮ ਰਹੀਆਂ ਸਨ, ਅਤੇ ਕਿਤੇ ਕਿਤੇ ਚਿਲਕਦੀ ਛਾਤੀ ਨਾਲ ਕਾਲਾ ਕੁੱਕੜ ਕਲਗ਼ੀ ਵਾਲਾ ਸਿਰ ਚੁੱਕ ਕੇ ਆਪਣੇ ਖੰਭ ਖਿੰਡਾ ਕੇ ਤਿੱਖੀ ਬਾਂਗ ਦਿੰਦਾ। ਜਿਸ ਨੂੰ ਦੂਜੇ ਮੁਰਗੇ ਦੁਹਰਾਉਂਦੇ।

ਹਰ ਤਰ੍ਹਾਂ ਦੀਆਂ ਸਵਾਰੀਆਂ ਦੂਜੇ ਹਲਕੇ ਤੋਂ ਆਈਆਂ ਜਿਨ੍ਹਾਂ ਵਿੱਚੋਂ ਕਾਲੇ ਕੱਪੜਿਆਂ ਵਾਲੀਆਂ, ਹਿੱਕ 'ਤੇ ਲਟਕਦੇ ਰੁਮਾਲਾਂ ਵਾਲੀਆਂ, 100 ਸਾਲ ਪੁਰਾਣੇ ਚਾਂਦੀ ਦੇ ਜੜਾਊ ਪਿੰਨ ਬੰਨ੍ਹੀ ਲੰਮੀਆਂ ਨੌਰਮਨ ਔਰਤਾਂ ਉੱਤਰੀਆਂ।

ਆਦਮੀਆਂ ਨੇ ਨਵੇਂ ਫਰਾਕ ਕੋਟਾਂ ਤੇ ਜਾਂ ਹਰੇ ਕੱਪੜੇ ਦੇ ਪੁਰਾਣੇ ਡਰੈਸਕੋਟਾਂ ਉੱਤੇ ਜਿਨ੍ਹਾਂ ਦੇ ਦੋ ਪੱਲੇ ਬਲਾਊਜ਼ ਤੋਂ ਹੇਠਾਂ ਲਮਕਦੇ ਸਨ, ਬਲਾਊਜ਼ ਪਹਿਨੇ ਹੋਏ ਸਨ। ਜਦੋਂ ਘੋੜੇ ਅਸਤਬਲ ਵਿੱਚ ਖੜੇ ਸਨ, ਸੜਕ ਦੇ ਨਾਲ ਨਾਲ ਪੇਂਡੂ ਗੱਡੀਆਂ ਦੀਆਂ ਦੂਹਰੀਆਂ ਕਤਾਰਾਂ ਖੜੀਆਂ ਸਨ; ਗੱਡੇ, ਇਕ ਸੀਟ ਵਾਲੀਆਂ ਅਤੇ ਇਕ ਘੋੜੇ ਵਾਲੀਆਂ ਬੱਘੀਆਂ, ਖੁੱਲ੍ਹੀਆਂ ਮੋਟਰ ਗੱਡੀਆਂ, ਗੱਡੀਆਂ ਦੋ ਪਹੀਆਂ ਵਾਲੀਆਂ ਹਰ ਨਮੂਨੇ ਤੇ ਹਰ ਕਾਲ ਦੀਆਂ ਟਮ-ਟਮਾਂ ਡੰਡੇ ਸੁੱਟੀ ਜਾਂ ਉੱਪਰ ਨੂੰ ਚੁੱਕੀ ਖੜੀਆਂ ਸਨ !

ਤਰਖਾਣ ਦਾ ਘਰ ਮਖਿਆਲ ਦੇ ਛੱਤੇ ਵਾਂਗ ਰੁੱਝਾ ਹੋਇਆ ਸੀ। ਸੰਵਾਰੀਆਂ ਹੋਈਆਂ ਜੈਕਟਾਂ ਅਤੇ ਪੇਟੀਕੋਟਾਂ ਵਾਲੀਆਂ ਔਰਤਾਂ ਆਪਣੇ ਲੰਮੇ ਪਤਲੇ ਤੇ ਹਲਕੇ ਵਾਲ਼ਾਂ ਵਾਲੀਆਂ, ਜੋ ਵਰਤਣ ਨਾਲ ਮੱਧਮ ਅਤੇ ਰੁੱਖੇ ਲਗਦੇ ਸਨ, ਔਰਤਾਂ ਬੱਚੀ ਨੂੰ ਤਿਆਰ ਕਰਨ ਵਿੱਚ ਰੁਝੀਆਂ ਹੋਈਆਂ ਸਨ ਜੋ ਮੇਜ਼ ਉੱਤੇ ਅਹਿਲ ਖਲੋਤੀ ਸੀ, ਜਦੋਂ ਕਿ ਮੈਡਮ ਟੈਲੀਅਰ ਆਪਣੀ ਬਟਾਲੀਅਨ ਦੀਆਂ ਹਰਕਤਾਂ ਲਈ ਹਦਾਇਤਾਂ ਕਰ ਰਹੀ ਸੀ।

ਉਨ੍ਹਾਂ ਨੇ ਉਸ ਨੂੰ ਨਹਾਇਆ; ਉਸ ਦੇ ਵਾਲ਼ ਬਣਾਏ, ਉਸ ਦੇ ਕੱਪੜੇ ਪਹਿਨਾਏ ਅਤੇ ਪਿੰਨ ਲਾ ਕੇ ਪੁਸ਼ਾਕ ਦੀਆਂ ਕੋਰਾਂ ਖੜੀਆਂ ਕੀਤੀਆਂ, ਅਤੇ ਚੋਲੀ ਪਾਈ ਜੋ ਬਹੁਤ ਵੱਡੀ ਸੀ।

ਅਤੇ ਜਦੋਂ ਉਹ ਤਿਆਰ ਹੋ ਗਈ ਉਸ ਨੂੰ ਟਿਕ ਕੇ ਬੈਠਣ ਲਈ ਕਿਹਾ ਗਿਆ ਅਤੇ ਤ੍ਰੀਮਤਾਂ ਜਲਦੀ ਜਲਦੀ ਤਿਆਰ ਹੋਣ ਲੱਗੀਆਂ। ਚਰਚ ਦੀ ਘੰਟੀ ਫੇਰ ਵੱਜਣੀ ਸ਼ੁਰੂ ਹੋ ਗਈ ਅਤੇ ਇਸ ਦੀ ਗੂੰਜ ਹਵਾ ਵਿੱਚ ਗੂੰਜ ਗਈ ਜਿਵੇਂ ਕਮਜ਼ੋਰ ਧੁਨੀ ਖ਼ਲਾਅ ਵਿੱਚ ਡੁੱਬ ਜਾਂਦੀ ਹੈ। ਉਮੀਦਵਾਰ ਘਰਾਂ ਵਿੱਚੋਂ ਬਾਹਰ ਆਏ ਅਤੇ ਗਿਰਜੇ ਦੀ ਇਮਾਰਤ ਵੱਲ ਚੱਲ ਪਏ ਜਿਸ ਵਿੱਚ ਦੋ ਸਕੂਲ ਅਤੇ ਇਕ ਟਾਊਨ ਹਾਲ ਸੀ। ਇਹ ਪਿੰਡ ਦੇ ਬਿਲਕੁਲ ਇਕ ਪਾਸੇ ਸੀ, ਜਦੋਂ ਕਿ ਚਰਚ ਦੂਜੇ ਪਾਸੇ ਸੀ।

ਮਾਪੇ ਬਹੁਤ ਸੋਹਣੇ ਕੱਪੜੇ ਪਾਈ ਓਪਰੀਆਂ ਨਜ਼ਰਾਂ ਨਾਲ ਵੇਖਦੇ ਅਤੇ ਕੁਢੱਬੀਆਂ ਸਰੀਰਕ ਹਰਕਤਾਂ ਜੋ ਕੰਮ ਵੇਲੇ ਕੀਤੀਆਂ ਜਾਂਦੀਆਂ ਹਨ, ਕਰਦੇ ਆਪਣੇ ਬੱਚਿਆਂ ਦੇ ਪਿੱਛੇ ਜਾ ਰਹੇ ਸਨ।

ਛੋਟੀਆਂ ਕੁੜੀਆਂ ਮਲਮਲ ਦੇ ਬੱਦਲਾਂ ਵਿੱਚ ਲੁਕ ਗਈਆਂ ਜੋ ਕੱਟੀ ਹੋਈ ਮਲਾਈ ਵਰਗੀਆਂ ਲੱਗਦੀਆਂ ਸਨ, ਅਤੇ ਲੜਕੇ ਕਾਫ਼ੀ ਹਾਊਸ ਦੇ ਨਵੇਂ ਬੈਰਿਆਂ ਵਰਗੇ ਲੱਗਦੇ ਸਨ। ਜਿਨ੍ਹਾਂ ਦੇ ਸਿਰਾਂ ’ਤੇ ਫੁਲੇਲ ਲੱਗਿਆ ਹੋਇਆ ਸੀ, ਲੱਤਾਂ ਚੌੜੀਆਂ ਕਰਕੇ ਤੁਰ ਰਹੇ ਸਨ ਤਾਂ ਕਿ ਉਨ੍ਹਾਂ ਦੇ ਕਾਲੇ ਪਜਾਮਿਆਂ ’ਤੇ ਮਿੱਟੀ ਨਾ ਪੈ ਜਾਵੇ।

ਉਸ ਪਰਿਵਾਰ ਲਈ ਇਹ ਬੜੇ ਗੌਰਵ ਦੀ ਗੱਲ ਸੀ ਕਿਉਂਕਿ ਦੂਰੋਂ ਦੂਰੋਂ ਆਏ ਬਹੁਤ ਸਾਰੇ ਰਿਸ਼ਤੇਦਾਰਾਂ ਨੇ ਬੱਚੇ ਨੂੰ ਘੇਰਿਆ ਹੋਇਆ ਸੀ ਅਤੇ ਅੰਤ ਤਰਖਾਣ ਦੀ ਜਿੱਤ ਮੁਕੰਮਲ ਸੀ।

ਮੈਡਮ ਟੈਲੀਅਰ ਦੀ ਰਜਮੈਂਟ ਆਪਣੀ ਸੁਆਮਣੀ ਦੇ ਪਿੱਛੇ ਲੜਕੀ ਨਾਲ ਚੱਲੀ; ਲੜਕੀ ਦੇ ਬਾਪ ਨੇ ਆਪਣੀ ਬਾਂਹ ਨਾਲ ਭੈਣ ਨੂੰ ਸਹਾਰਾ ਦਿੱਤਾ, ਉਸ ਦੀ ਮਾਂ ਰਫੈਲ ਦੇ ਨਾਲ ਫਰਨੰਡੇ ਰੋਜ਼ਾ ਦੇ ਨਾਲ, ਅਤੇ ਦੋਵੇਂ ਪੰਪ ਇਕੱਠੇ ਚਲੇ। ਇਸ ਤਰ੍ਹਾਂ ਉਹ ਪੂਰੀ ਵਰਦੀ ਵਿੱਚ ਇਕ ਜਰਨੈਲ ਦੇ ਸਟਾਫ਼ ਵਾਂਗ ਪਿੰਡ ਦੇ ਵਿੱਚੋਂ ਦੀ ਸ਼ਾਨ ਨਾਲ ਲੰਘੀਆਂ ਜਦੋਂ ਕਿ ਪਿੰਡ ਦੇ ਲੋਕ ਹੈਰਾਨ ਹੋ ਰਹੇ ਸਨ। ਸਕੂਲ ਵਿੱਚ ਜਾ ਕੇ ਕੁੜੀਆਂ ਭੈਣ ਜੀ ਦੇ ਅਧੀਨ ਅਤੇ ਲੜਕੇ ਸਕੂਲ ਮਾਸਟਰ ਦੇ ਅਧੀਨ ਇਕੱਠੇ ਹੋ ਗਏ, ਅਤੇ ਜਦੋਂ ਉਹ ਚਲੇ ਉਨ੍ਹਾਂ ਨੇ ਇਕ ਭਜਨ ਗਾਉਣਾ ਸ਼ੁਰੂ ਕਰ ਦਿੱਤਾ। ਲੜਕਿਆਂ ਨੇ, ਗੱਡੀਆਂ ਦੀਆਂ ਦੋ ਕਤਾਰਾਂ ਦੇ ਵਿਚਕਾਰ ਜਿਨ੍ਹਾਂ ਵਿੱਚੋਂ ਘੋੜੇ ਕੱਢ ਲਏ ਗਏ ਸਨ, ਦੋ ਪਾਲਾਂ ਵਿੱਚ ਰਸਤਾ ਬਣਾਇਆ ਅਤੇ ਕੁੜੀਆਂ ਵੀ ਉਸੇ ਤਰ੍ਹਾਂ ਤੁਰੀਆਂ। ਆਦਰ ਭਾਵ ਕਰਕੇ ਪਿੰਡ ਦੇ ਲੋਕਾਂ ਨੇ ਨਗਰ ਦੀਆਂ ਔਰਤਾਂ ਨੂੰ ਪਹਿਲ ਦਿੱਤੀ ਉਹ ਲੜਕੀਆਂ ਬਿਲਕੁਲ ਪਿੱਛੇ ਤਿੰਨ ਇਕ ਪਾਸੇ, ਅਤੇ ਤਿੰਨ ਇਕ ਪਾਸੇ ਲੱਗ ਗਈਆਂ ਜਿਸ ਨਾਲ ਜਲੂਸ ਦੀ ਦੂਹਰੀ ਲਾਈਨ ਲੰਮੀ ਹੋ ਗਈ, ਜਦੋਂ ਕਿ ਉਨ੍ਹਾਂ ਦੀਆਂ ਪੁਸ਼ਾਕਾਂ ਆਤਸ਼ਕਾਰੀ ਦੇ ਗੁਲਦਸਤੇ ਵਾਂਗ ਚਮਕ ਰਹੀਆਂ ਸਨ।

ਜਦੋਂ ਉਹ ਚਰਚ ਵਿੱਚ ਗਈਆਂ ਤਾਂ ਸੰਗਤ ਉਤੇਜਿਤ ਹੋ ਉੱਠੀ। ਉਹ ਦੇਖਣ ਲਈ ਇਕ ਦੂਜੇ ਨੂੰ ਦੱਸਣ ਲੱਗੇ, ਮੁੜ ਘਿੜ ਕੇ ਧੱਕਮ ਧੱਕਾ ਹੋਣ ਲੱਗੇ। ਕਈ ਸ਼ਰਧਾਲੂ ਔਰਤਾਂ ਨੂੰ ਵੇਖ ਕੇ ਹੈਰਾਨੀ ਵਿੱਚ ਉੱਚੀ ਬੋਲ ਰਹੇ ਸਨ। ਉਨ੍ਹਾਂ ਦੀਆਂ ਪੁਸ਼ਾਕਾਂ ਪਾਦਰੀ ਦੇ ਚੋਗੇ ਨਾਲੋਂ ਵਧੇਰੇ ਮਿਹਨਤ ਨਾਲ ਤਿਆਰ ਕੀਤੀਆਂ ਹੋਈਆਂ ਸਨ।

ਮੇਅਰ ਨੇ ਉਨ੍ਹਾਂ ਲਈ ਆਪਣੇ ਬੈਠਣ ਦੀ ਥਾਂ ਖ਼ਾਲੀ ਕੀਤੀ ਜੋ ਸੱਜੇ ਪਾਸੇ ਪਹਿਲੀ ਅਤੇ ਭਜਨ ਮੰਡਲੀ ਦੇ ਨਾਲ ਸੀ ਅਤੇ ਮੈਡਮ ਟੈਲੀਅਰ ਉੱਥੇ ਆਪਣੀ ਨਣਦ ਦੇ ਨਾਲ ਬੈਠ ਗਈ ਫਰਨੰਡੇ ਅਤੇ ਰਫੈਲੇ, ਰੋਜ਼ਾ ਦੀ ਜੋੜ ਅਤੇ ਦੋ ਪੰਪਾਂ ਨੇ ਤਰਖਾਣ ਦੇ ਨਾਲ ਦੂਜੀ ਸੀਟ ਮੱਲ ਲਈ।

ਭਜਨ ਮੰਡਲੀ ਬੱਚਿਆਂ ਨਾਲ ਭਰੀ ਪਈ ਸੀ ਜੋ ਗੋਡਿਆਂ ਭਾਰ ਬੈਠੇ ਸਨ ਕੁੜੀਆਂ ਇਕ ਪਾਸੇ ਅਤੇ ਮੁੰਡੇ ਇਕ ਪਾਸੇ ਅਤੇ ਲੰਮੀਆਂ ਮੋਮਬੱਤੀਆਂ ਜਿਹੜੀਆਂ ਉਹ ਲਿਆਏ ਸਨ ਸਭ ਪਾਸੇ ਲੱਗੇ ਬਰਛਿਆਂ ਵਾਂਗ ਲੱਗ ਰਹੀਆਂ ਸਨ। ਤਿੰਨ ਬੰਦੇ ਲੈਕਟਰਨ ਦੇ ਸਾਹਮਣੇ ਖੜ੍ਹੇ ਇੰਨੀ ਉੱਚੀ ਗਾ ਰਹੇ ਸਨ ਜਿੰਨਾ ਗਾ ਸਕਦੇ ਸਨ।

ਉਹ ਜੋਸ਼ਲੀ ਲੇਟਿਨ ਦੇ ਸ਼ਬਦਾਂਸ਼ਾ ਨੂੰ ਅਨਿਸ਼ਚਿਤ ਰੂਪ ਵਿੱਚ ਲਮਕਾਉਂਦੇ ਸਨ, ਜਿਸ ਵਿੱਚ ਆਮੀਨ ਨੂੰ ਬੇਓੜਕ ਆ-ਆ-ਵਿੱਚ ਗਾਇਆ ਜਾਂਦਾ ਸੀ, ਜਿਨ੍ਹਾਂ ਨੂੰ ਬੰਸਰੀ ਲੰਮੀ ਧੁਨ ਨਾਲ ਇਕਸੁਰਤਾ ਵਿੱਚ ਰੱਖਦੀ ਸੀ।

ਇਕ ਬੱਚੇ ਦੀ ਤਿੱਖੀ ਆਵਾਜ਼ ਉੱਤਰ ਦਿੰਦੀ। ਅਤੇ ਸਮੇਂ ਸਮੇਂ ਮੰਚ ਉੱਤੇ ਬੈਠਾ ਇਕ ਪਾਦਰੀ ਜਿਸ ਨੇ ਚੌਰਸ ਤੇ ਠੋਸ ਕਿਸਮ ਦਾ ਟੋਪ ਪਹਿਨਿਆ ਹੋਇਆ ਸੀ, ਕੁਝ ਉਚਾਰਦਾ ਅਤੇ ਫੇਰ ਸੀਟ ’ਤੇ ਬੈਠ ਜਾਂਦਾ ਤਿੰਨੇ ਗਾਇਕ ਆਪਣੀਆਂ ਅੱਖਾਂ ਉਸ ਗੀਤਾਂ ਦੀ ਵੱਡੀ ਕਿਤਾਬ ਜੋ ਧਰੁਵ ਉੱਤੇ ਬੈਠੀ ਇਹਦੇ ਫੈਲਾਏ ਹੋਏ ਖੰਭਾਂ ’ਤੇ ਖੁੱਲ੍ਹੀ ਪਈ ਸੀ ਤੇ ਲਾਈ ਬੈਠੀਆਂ ਸਨ।

ਫੇਰ ਚੁੱਪ ਵਰਤ ਗਈ। ਰਸਮ ਸ਼ੁਰੂ ਹੋਈ ਇਸ ਦੇ ਅਖ਼ੀਰ ਵਿੱਚ ਰੋਜ਼ਾ ਨੇ ਆਪਣੇ ਸਿਰ ਨੂੰ ਦੋਹਾਂ ਹੱਥਾਂ ਵਿੱਚ ਫੜ ਕੇ ਅਜਿਹੇ ਹੀ ਅਵਸਰ ’ਤੇ ਆਪਣੀ ਮਾਂ ਅਤੇ ਆਪਣਾ ਪਿੰਡ ਯਾਦ ਕੀਤਾ। ਉਸ ਨੇ ਖ਼ਿਆਲ ਕੀਤਾ ਉਹ ਦਿਨ ਆ ਗਿਆ ਸੀ ਜਦੋਂ ਉਹ ਬਹੁਤ ਛੋਟੀ ਸੀ ਅਤੇ ਚਿੱਟੀ ਪੁਸ਼ਾਕ ਵਿੱਚ ਲੁਕੀ ਹੋਈ ਸੀ ਅਤੇ ਉਸ ਨੇ ਰੋਣਾ ਸ਼ੁਰੂ ਕਰ ਦਿੱਤਾ।

ਪਹਿਲਾਂ ਉਹ ਚੁੱਪ ਚਾਪ ਰੋਈ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਕਿਰ ਰਹੇ ਸਨ। ਪਰ ਉਸ ਦੀਆਂ ਯਾਦਾਂ ਨਾਲ ਉਸ ਦਾ ਵਲ਼ਵਲਾ ਤੇਜ਼ ਹੋ ਗਿਆ ਅਤੇ ਉਸ ਨੇ ਸਿਸਕੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਆਪਣਾ ਰੁਮਾਲ ਕੱਢਿਆ ਤੇ ਆਪਣੇ ਹੰਝੂ ਪੂੰਝ ਲਏ ਅਤੇ ਇਸ ਨੂੰ ਮੂੰਹ ਵਿੱਚ ਤੁੰਨ ਲਿਆ ਤਾਂ ਜੋ ਚੀਕ ਨਾ ਨਿਕਲ ਜਾਵੇ ਪਰ ਸਭ ਵਿਅਰਥ।

ਇਕ ਤਰ੍ਹਾਂ ਦੀ ਕੂੰ ਕੂੰ ਉਸ ਦੇ ਗਲ਼ੇ ਵਿੱਚੋਂ ਨਿਕਲ ਹੀ ਗਈ ਅਤੇ ਉੱਤਰ ਵਿੱਚ ਦੋ ਸਪੱਸ਼ਟ ਦਿਲ ਟੁੰਬਣ ਵਾਲੀਆਂ ਸਿਸਕੀਆਂ ਆਈਆਂ ਕਿਉਂਕਿ ਉਸ ਦੇ ਨੇੜੇ ਬੈਠੀਆਂ ਲੂਈਸ ਅਤੇ ਫਲੋਰਾਂ ਅਜਿਹੇ ਯਾਦਾਂ ਦੇ ਪ੍ਰਭਾਵ ਹੇਠ ਆ ਕੇ ਹਟਕੋਰੇ

ਭਰ ਰਹੀਆਂ ਸਨ। ਹੰਝੂਆਂ ਦਾ ਹੜ੍ਹ ਆ ਗਿਆ ਸੀ, ਕਿਉਂਕਿ ਰੋਣਾ ਛੂਤ ਦੀ ਬਿਮਾਰੀ ਹੈ ਮੈਡਮ ਨੇ ਵੀ ਆਪਣੀਆਂ ਅੱਖਾਂ ਸੇਜਲ ਮਹਿਸੂਸ ਕੀਤੀਆਂ ਤੇ ਆਪਣੀ ਨਣਦ ਵੱਲ ਮੁੜ ਕੇ ਉਸ ਨੇ ਦੇਖਿਆ ਚਰਚ ਵਿੱਚ ਬੈਂਚ 'ਤੇ ਬੈਠੇ ਸਾਰੇ ਹੀ ਰੋ ਰਹੇ ਸਨ।

ਛੇਤੀ ਹੀ ਸਾਰੇ ਚਰਚ ਵਿੱਚ ਥਾਂ ਥਾਂ ਕੋਈ ਪਤਨੀ, ਕੋਈ ਮਾਂ, ਕੋਈ ਭੈਣ, ਤੇਜ਼ ਵਲ਼ਵਲੇ ਦੀ ਪਕੜ ਵਿੱਚ ਆ ਗਈ, ਅਤੇ ਝੁਕੀਆਂ ਹੋਈਆਂ ਸੁੰਦਰ ਔਰਤਾਂ ਦੇ ਦੁੱਖ ਦੀ ਉਕਸਾਹਟ ਵਿੱਚ ਅੱਗੇ ਜੋ ਸਿਸਕੀਆਂ ਨਾਲ ਹਲੂਣੀਆਂ ਜਾ ਰਹੀਆਂ ਸਨ, ਆਪਣੇ ਧੜਕਦੇ ਦਿਲ ਨੂੰ ਖੱਬੇ ਹੱਥ ਨਾਲ ਫੜ ਕੇ ਸੂਤੀ ਰੁਮਾਲ ਭਿਓਣ ਲੱਗੀਆਂ।

ਜਿਵੇਂ ਇੰਜਣ ਵਿੱਚੋਂ ਨਿਕਲੀਆਂ ਚਿੰਗਾਰੀਆਂ ਸੁੱਕੇ ਘਾਹ ਨੂੰ ਜਲਾ ਦਿੰਦੀਆਂ ਹਨ, ਇਸੇ ਤਰਾਂ ਰੋਜ਼ਾ ਅਤੇ ਉਸ ਦੇ ਸਾਥੀਆਂ ਦੇ ਹੰਝੂਆਂ ਨੇ ਸਾਰੀ ਸੰਗਤ ਨੂੰ ਰੁਆ ਦਿੱਤਾ। ਔਰਤਾਂ, ਬੁੱਢੇ ਅਤੇ ਨੀਲੀਆਂ ਬਲਾਊਜ਼ਾਂ ਵਾਲੇ ਮੁੰਡੇ ਸਿਸਕੀਆਂ ਭਰ ਰਹੇ ਸਨ ਕੋਈ ਅਲੌਕਿਕ ਚੀਜ਼ ਉਨ੍ਹਾਂ ਦੇ ਸਿਰਾਂ ਉੱਤੇ ਮੰਡਲਾ ਰਹੀ ਲੱਗਦੀ ਸੀ ਕੋਈ ਆਤਮਾ, ਸਰਬ ਸ਼ਕਤੀਮਾਨ ਸ਼ਕਤੀ ਦਾ ਸ਼ਕਤੀਸ਼ਾਲੀ ਸੁਆਸ।

ਅਚਾਨਕ ਹੀ ਚਰਚ ਵਿੱਚ ਇਕ ਕਿਸਮ ਦਾ ਪਾਗ਼ਲਪਣ ਛਾ ਗਿਆ, ਝੱਲੀ ਹੋਈ ਭੀੜ ਦੀਆਂ ਆਵਾਜ਼ਾਂ ਸਿਸਕੀਆਂ ਦਾ ਸ਼ੋਰ ਸ਼ਰਾਬਾ, ਅਤੇ ਤੇਜ਼ ਚੀਕਾਂ ਸੁਣਾਈ ਦੇਣ ਲੱਗੀਆਂ। ਇਹ ਲੋਕਾਂ ਦੇ ਸਿਰਾਂ 'ਤੇ ਹਵਾ ਦੇ ਬੁੱਲ੍ਹਿਆਂ ਵਾਂਗ ਲੰਘ ਗਈ ਜੋ ਵਣ ਦੇ ਰੁੱਖਾਂ ਨੂੰ ਨਿਵਾ ਦਿੰਦੇ ਹਨ, ਅਤੇ ਪਾਦਰੀ ਵਲ਼ਵਲੇ ਵਿੱਚ ਆ ਕੇ ਥਥਲਾ ਕੇ ਅਸੰਗਤ ਅਰਦਾਸ ਕਰਨ ਲੱਗਿਆ; ਅਜਿਹੀਆਂ ਅਰਦਾਸਾਂ ਜੋ ਪਰਮਾਰਥ ਵੱਲ ਉੱਡ ਰਹੀ ਆਤਮਾ ਵਿੱਚੋਂ ਨਿਕਲਦੀਆਂ ਹਨ।

ਉਸ ਦੇ ਪਿੱਛੇ ਲੋਕ ਹੌਲੀ ਹੌਲੀ ਚੁੱਪ ਹੋ ਗਏ। ਪਾਦਰੀ ਆਪਣੇ ਚਿੱਟੇ ਜਾਮੇ ਦੀ ਸ਼ਾਨ ਵਿੱਚ ਅਨਿਸ਼ਚਿਤ ਆਵਾਜ਼ ਨਾਲ ਅਰਦਾਸ ਕਰਦਾ ਰਿਹਾ। ਵਾਜਾ ਆਪ ਘੱਗੀ ਅਵਾਜ਼ ਵਿੱਚ ਬੋਲ ਰਿਹਾ ਸੀ ਜਿਵੇਂ ਸਾਜ਼ ਵੀ ਰੋ ਰਿਹਾ ਹੋਵੇ। ਪਾਦਰੀ ਨੇ ਉਨ੍ਹਾਂ ਨੂੰ ਚੁੱਪ ਕਰਵਾਉਣ ਲਈ ਆਪਣਾ ਹੱਥ ਚੁੱਕਿਆ, ਅਤੇ ਚੌਕੀ ਦੀਆਂ ਪੌੜੀਆਂ ਚੜ੍ਹਨ ਲੱਗਿਆ। ਸਾਰੇ ਇਕਦਮ ਚੁੱਪ ਹੋ ਗਏ।

ਜੋ ਕੁਝ ਵਾਪਰਿਆ ਸੀ ਉਸ ਬਾਰੇ ਟਿੱਪਣੀ ਦੇ ਕੇ, ਜਿਸ ਨੂੰ ਉਸ ਨੇ ਇਕ ਕਰਾਮਾਤ ਕਿਹਾ ਸੀ ਉਸ ਨੇ ਉਨ੍ਹਾਂ ਸੀਟਾਂ ਵੱਲ ਮੁੜਦਿਆਂ ਜਿੱਥੇ ਤਰਖਾਣ ਦੇ ਮਹਿਮਾਨ ਬੈਠੇ ਸਨ ਗੱਲ ਜਾਰੀ ਰੱਖੀ।

"ਮੈਂ ਆਪਣੀਆਂ ਭੈਣਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ ਜੋ ਇੰਨੀ ਦੂਰ ਤੋਂ ਆਈਆਂ ਹਨ ਜਿਨ੍ਹਾਂ ਦੀ ਮੌਜੂਦਗੀ ਜਿਨ੍ਹਾਂ ਦੇ ਪ੍ਰਤੱਖ ਵਿਸ਼ਵਾਸ ਅਤੇ ਤੁੰਦ ਪਵਿੱਤਰਤਾ ਨੇ ਅਜਿਹੀ ਕਲਿਆਣਕਾਰੀ ਉਦਾਹਰਨ ਪੇਸ਼ ਕੀਤੀ ਹੈ। ਤੁਸੀਂ ਮੇਰੇ ਸੂਬੇ ਦਾ ਉਧਾਰ ਕੀਤਾ ਹੈ; ਤੁਹਾਡੇ ਜਜ਼ਬਾਤ ਨੇ ਸਭ ਹਿਰਦਿਆਂ ਨੂੰ ਗਰਮਾਇਆ ਹੈ ਤੁਹਾਡੇ ਬਿਨਾਂ ਸ਼ਾਇਦ ਇਹ ਦਿਨ ਇਹੋ ਜਿਹਾ ਦੈਵੀ ਰੰਗ ਨਾ ਧਾਰਦਾ। ਕਿਸੇ ਵੇਲ਼ੇ ਇਹ ਠੀਕ ਹੁੰਦਾ ਹੈ, ਕਿ ਇਕ ਚੋਣਵੀਂ ਹਸਤੀ ਸਾਰੀ ਮੰਡਲੀ ਨੂੰ ਕਾਬੂ ਵਿੱਚ ਰੱਖਣ ਲਈ ਹੋਵੇ ਤਾਂ ਜੋ ਸਾਰੀ ਮੰਡਲੀ 'ਤੇ ਬਖ਼ਸ਼ਿਸ਼ ਹੋ ਸਕੇ।

ਵਲ਼ਵਲੇ ਕਾਰਨ ਉਸ ਦੀ ਅਵਾਜ਼ ਫੇਰ ਬੰਦ ਹੋ ਗਈ ਅਤੇ ਉਸ ਨੇ ਕੁਝ ਨਾ ਆਖਿਆ ਅਤੇ ਰਸਮ ਨੂੰ ਬੰਦ ਕਰ ਦਿੱਤਾ।

ਉਹ ਸਭ ਛੇਤੀ ਤੋਂ ਛੇਤੀ ਚਰਚ ਵਿੱਚੋਂ ਨਿਕਲ ਗਏ। ਬੱਚੇ ਆਪ ਬੇਚੈਨ ਸਨ ਜੋ ਇੰਨੇ ਲੰਮੇ ਦਿਮਾਗ਼ੀ ਤਣਾਅ ਕਾਰਨ ਥੱਕੇ ਹੋਏ ਸਨ ਇਸ ਤੋਂ ਬਿਨਾਂ ਵੱਡੇ ਵੀ ਭੁੱਖੇ ਸਨ, ਅਤੇ ਇਕ ਇਕ ਕਰਕੇ ਖਾਣਾ ਖਾਣ ਲਈ ਚਰਚ ਵਿੱਚੋਂ ਚਲੇ ਗਏ।

ਬਾਹਰ ਬੜੀ ਭੀੜ ਸੀ ਰੌਲਾ ਪਾ ਰਹੀ ਭੀੜ, ਉੱਚੀਆਂ ਆਵਾਜ਼ਾਂ ਦੀ ਕਾਂਵਾਂ ਰੌਲ਼ੀ ਪਈ ਹੋਈ ਸੀ ਜਿਸ ਵਿੱਚੋਂ ਨੌਰਮਨ ਲਹਿਜ਼ੇ ਨੂੰ ਸਮਝਿਆ ਜਾ ਸਕਦਾ ਸੀ ਪਿੰਡ ਵਾਸੀਆਂ ਨੇ ਦੋ ਕਤਾਰਾਂ ਬਣਾ ਲਈਆਂ ਅਤੇ ਜਦੋਂ ਬੱਚੇ ਬਾਹਰ ਆਏ ਹਰ ਪਰਿਵਾਰ ਨੇ ਆਪਣਾ ਬੱਚਾ ਕਾਬੂ ਕਰ ਲਿਆ।

ਔਰਤਾਂ ਦੇ ਸਾਰੇ ਝੁੰਡ ਨੇ ਕਾਨਸਟੈਂਸ ਨੂੰ ਫੜ ਕੇ ਘੇਰ ਲਿਆ ਅਤੇ ਚੁੰਮਿਆ ਅਤੇ ਰੋਜ਼ਾ ਵਿਸ਼ੇਸ਼ ਤੌਰ 'ਤੇ ਇਸ ਦਾ ਪ੍ਰਦਰਸ਼ਨ ਕਰ ਰਹੀ ਸੀ। ਆਖ਼ਿਰਕਾਰ ਉਸ ਨੇ ਉਸ ਦਾ ਇਕ ਹੱਥ ਫੜ ਲਿਆ ਅਤੇ ਮੈਡਮ ਨੇ ਦੂਜਾ ਫੜ ਲਿਆ ਰਫੈਲਾ ਅਤੇ ਫਰਨੰਡੇ ਨੇ ਉਸ ਦੀ ਮਲਮਲ ਦੀ ਲੰਮੀ ਚੋਲੀ ਫੜ ਲਈ ਤਾਂ ਜੋ ਇਹ ਥੱਲੇ ਮਿੱਟੀ ਵਿੱਚ ਨਾ ਘਸੀਟੀ ਜਾਵੇ। ਲੂਇਸ ਅਤੇ ਫਲੋਰਾ ਮੈਡਮ ਰਿਵਟ

ਦੇ ਨਾਲ ਬੱਚੇ ਦੇ ਪਿੱਛੇ ਹੋ ਗਈਆਂ, ਅਤੇ ਬੱਚਾ ਜੋ ਬਹੁਤ ਚੁੱਪ ਅਤੇ ਵਿਚਾਰਸ਼ੀਲ ਸੀ ਸਤਿਕਾਰਨੀ ਪਹਿਰੇ ਦੇ ਵਿੱਚ ਘਰ ਨੂੰ ਚਲਿਆ।

ਖਾਣਾ ਵਰਕਸ਼ਾਪ ਵਿੱਚ ਲੱਕੜੀਆਂ ਦੇ ਛੱਤਾਂ ਵਾਲੇ ਇਕ ਢਾਂਚੇ ’ਤੇ ਫੱਟੇ ਰੱਖ ਕੇ ਦਿੱਤਾ ਗਿਆ ਅਤੇ ਖੁੱਲ੍ਹੇ ਦਰਵਾਜ਼ੇ ਵਿੱਚੋਂ ਸਾਰੇ ਮੌਜ ਮੇਲੇ ਦੇਖੇ ਜਾ ਰਹੇ ਸਨ ਹਰ ਥਾਂ ਲੋਕ ਪ੍ਰੀਤੀ ਭੋਜਨ ਕਰ ਰਹੇ ਸਨ; ਹਰ ਬਾਰੀ ਵਿੱਚੋਂ ਮੇਜ਼ ਦੇਖੇ ਜਾ ਸਕਦੇ ਸਨ ਜਿਨ੍ਹਾਂ ਦੇ ਉਦਾਲੇ ਲੋਕ ਐਤਵਾਰ ਦੇ ਕੱਪੜਿਆਂ ਵਿੱਚ ਖਲੋਤੇ ਸਨ। ਹਰ ਘਰ ਵਿੱਚ ਹਾਸਾ ਮਖ਼ੌਲ ਹੋ ਰਿਹਾ ਸੀ ਆਦਮੀ ਬਾਂਹਾਂ ਵਾਲੀਆਂ ਕਮੀਜ਼ਾਂ ਪਾਈ ਬੈਠੇ ਸਨ, ਸੇਆਂ ਦੇ ਰਸ ਦੇ ਗਲਾਸ ਦੇ ਗਿਲਾਸ ਚਾੜ੍ਹ ਰਹੇ ਸਨ।

ਤਰਖਾਣ ਦੇ ਘਰ ਵਿੱਚ ਫੀਸਟ ਕੁੜੀਆਂ ਦੇ ਸਵੇਰ ਵਾਲੇ ਵਲ਼ਵਲੇ ਦੇ ਨਤੀਜੇ ਵਜੋਂ ਕੁਝ ਗੰਭੀਰ ਸੀ ਸਿਰਫ਼ ਇਕ ਰਿਵਟ ਹੀ ਚੰਗੇ ਮੂਡ ਵਿੱਚ ਸੀ। ਅਤੇ ਬਹੁਤ ਜ਼ਿਆਦਾ ਪੀ ਰਿਹਾ ਸੀ। ਮੈਡਮ ਟੈਲੀਅਰ ਹਰ ਵੇਲ਼ੇ ਘੜੀ ਦੇਖ ਰਹੀ ਸੀ ਤਾਂ ਜੋ ਦੋ ਦਿਨ ਖ਼ਰਾਬ ਨਾ ਹੋ ਜਾਣ, ਅਤੇ ਉਹ 3-55 ਦੀ ਗੱਡੀ ਫੜ ਲੈਣ ਜਿਹੜੀ ਉਨ੍ਹਾਂ ਨੂੰ ਹਨ੍ਹੇਰਾ ਹੋਣ ਤੱਕ ਫੀਕੈਂਪ ਪਹੁੰਚਾ ਦੇਵੇਗੀ।

ਤਰਖਾਣ ਨੇ ਉਸ ਦੀ ਤਵੱਜੋ ਬਦਲਣ ਲਈ ਬਹੁਤ ਕੋਸ਼ਿਸ਼ ਕੀਤੀ ਤਾਂ ਜੋ ਉਹ ਆਪਣੇ ਮਹਿਮਾਨਾਂ ਨੂੰ ਅਗਲੇ ਦਿਨ ਤੱਕ ਰੱਖ ਲਵੇ ਪਰ ਉਹ ਸਫ਼ਲ ਨਾ ਹੋਇਆ ਕਿਉਂਕਿ ਜਦੋਂ ਕੋਈ ਕੰਮ ਕਰਨ ਵਾਲਾ ਹੋਵੇ ਉਹ ਬਿਲਕੁਲ ਮਜ਼ਾਕ ਨਹੀਂ ਕਰਦੀ ਸੀ ਅਤੇ ਜਿਉਂ ਹੀ ਉਹ ਕਾਫੀ ਪੀ ਚੁੱਕੀਆਂ ਉਸ ਨੇ ਕੁੜੀਆਂ ਨੂੰ ਛੇਤੀ ਤਿਆਰ ਹੋਣ ਲਈ ਕਿਹਾ। ਅਤੇ ਭਰਾ ਵੱਲ ਮੁੜ ਕੇ ਕਿਹਾ

"ਤੂੰ ਛੇਤੀ ਕਰ ਘੋੜਾ ਜੋੜ ਲੈ," ਅਤੇ ਉਹ ਆਪ ਆਪਣੀ ਤਿਆਰੀ ਮੁਕੰਮਲ ਕਰਨ ਲਈ ਚਲੀ ਗਈ।

ਜਦੋਂ ਉਹ ਫੇਰ ਥੱਲੇ ਆਈ ਉਸ ਦੀ ਨਣਦ ਉਸ ਨਾਲ ਬੱਚੇ ਬਾਰੇ ਗੱਲਾਂ ਕਰਨ ਲਈ ਉਡੀਕ ਰਹੀ ਸੀ, ਅਤੇ ਕਾਫੀ ਲੰਮੀ ਗੱਲਬਾਤ ਹੋਈ ਜਿਸ ਵਿੱਚੋਂ ਕੁਝ ਵੀ ਤਹਿ ਨਹੀਂ ਹੋ ਸਕਿਆ। ਤਰਖਾਣ ਦੀ ਔਰਤ ਨੇ ਬਹੁਤ ਕੋਮਲਤਾ ਅਤੇ ਭਾਵੁਕਤਾ ਦਿਖਾਈ, ਅਤੇ ਮੈਡਮ ਟੈਲੀਅਰ ਜੋ ਲੜਕੀ ਨੂੰ ਗੋਡਿਆਂ ਤੇ ਲਈ ਬੈਠੀ ਸੀ, ਕੋਈ ਨਿਸ਼ਚਿਤ ਵਾਅਦਾ ਨਹੀਂ ਕਰ ਰਹੀ ਸੀ, ਸਿਰਫ਼ ਅਸਪੱਸ਼ਟ ਜਿਹੇ ਵਚਨ

ਦੇ ਰਹੀ ਸੀ, ਉਹ ਉਸ ਨੂੰ ਭੁਲੇਗੀ ਨਹੀਂ ਅਜੇ ਸਮਾਂ ਬਹੁਤ ਹੈ, ਅਤੇ ਉਹ ਫੇਰ ਵੀ ਜ਼ਰੂਰ ਮਿਲਣਗੀਆਂ।

ਪਰ ਗੱਡੀ ਦਰਵਾਜ਼ੇ ਵਿੱਚ ਨਾ ਆਈ ਅਤੇ ਔਰਤਾਂ ਥੱਲੇ ਨਾ ਉਤਰੀਆਂ ਕੋਠ ਤੇ ਉਨ੍ਹਾਂ ਨੂੰ ਉੱਚਾ ਹਾਸਾ, ਡਿੱਗਣਾ, ਛੋਟੀਆਂ ਚੀਕਾਂ ਅਤੇ ਹੱਥਾਂ ਦਾ ਤਾੜੀਆਂ ਮਾਰਨਾ ਸੁਣਾਈ ਦਿੱਤਾ, ਜਦੋਂ ਤਰਖਾਣ ਦੀ ਪਤਨੀ ਅਸਤਬਲ ਵੱਲ ਵੇਖਣ ਗਈ ਕਿ ਕੀ ਗੱਡੀ ਤਿਆਰ ਹੈ, ਮੈਡਮ ਕੋਠੇ ’ਤੇ ਚਲੀ ਗਈ।

ਰਿਵਟ ਜੋ ਕਿ ਬਹੁਤ ਸ਼ਰਾਬੀ ਅਤੇ ਅੱਧ ਨੰਗਾ ਸੀ, "ਰੋਜ਼ਾ" ਨੂੰ ਚੁੰਮਣ ਦੀ ਵਿਅਰਥ ਕੋਸ਼ਿਸ਼ ਕਰ ਰਿਹਾ ਸੀ। ਹਾਸੇ ਨਾਲ ਰੋਜ਼ਾ ਦਾ ਗਲ਼ਾ ਘੁੱਟ ਰਿਹਾ ਸੀ। ਦੋ ਪੰਪਾਂ ਨੇ ਉਸ ਨੂੰ ਬਾਂਹਾਂ ਤੋਂ ਫੜਿਆ ਹੋਇਆ ਸੀ ਅਤੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ, ਕਿਉਂਕਿ ਸਵੇਰ ਦੀ ਅਜਿਹੀ ਰਸਮ ਤੋਂ ਪਿੱਛੋਂ ਅਜਿਹੇ ਦ੍ਰਿਸ਼ ਨੂੰ ਦੇਖ ਕੇ ਕੰਬ ਗਈਆਂ ਸਨ; ਪਰ ਰਫੈਲੇ ਅਤੇ ਫਰਨੰਡੋ ਉਸ ਨੂੰ ਉਕਸਾ ਰਹੀਆਂ ਸਨ, ਵੱਖੀਆਂ ਫੜ ਕੇ ਹਾਸੇ ਵਿੱਚ ਲੋਟ ਪੋਟ ਹੋ ਰਹੀਆਂ ਸਨ ਅਤੇ ਹਰ ਅਸਫ਼ਲ ਯਤਨ ’ਤੇ ਚੀਕ ਮਾਰਦੀਆਂ ਸਨ ਜੋ ਉਹ ਸ਼ਰਾਬੀ ਕਰਦਾ ਸੀ।

ਉਹ ਵਹਿਸ਼ੀ ਹੋ ਰਿਹਾ ਸੀ, ਅਤੇ ਉਸ ਦਾ ਚਿਹਰਾ ਲਾਲ ਸੀ, ਪੁਸ਼ਾਕ ਵਿੰਗੀ ਟੇਢੀ ਹੋ ਗਈ। ਅਤੇ ਉਹ ਦੋਵੇਂ ਤ੍ਰੀਮਤਾਂ ਨੂੰ ਪਰੇ ਸੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਹੜੀਆਂ ਉਸ ਨੂੰ ਚੰਬੜੀਆਂ ਸਨ, ਉਹ ਰੋਜ਼ਾ ਦੀ ਪੁਸ਼ਾਕ ਫੜ ਕੇ ਪੂਰੇ ਜ਼ੋਰ ਨਾਲ ਖਿੱਚ ਰਿਹਾ ਸੀ ਅਤੇ ਕਹਿ ਸੀ "ਤੂੰ ਨਹੀਂ ਮੰਨਦੀ ਕੁਜਾਤੇ"।

ਪਰ ਮੈਡਮ ਜੋ ਬਹੁਤ ਖ਼ਫ਼ਾ ਹੋਈ ਸੀ, ਆਪਣੇ ਭਰਾ ਕੋਲ ਕੋਠੇ ’ਤੇ ਗਈ, ਉਸ ਨੂੰ ਮੋਢਿਆਂ ਤੋਂ ਫੜ ਕੇ ਕਮਰੇ ਵਿੱਚੋਂ ਇੰਨੀ ਬੁਰੀ ਤਰ੍ਹਾਂ ਬਾਹਰ ਸੁੱਟਿਆ ਕਿ ਉਹ ਰਸਤੇ ਵਿੱਚ ਕੰਧ ਨਾਲ ਜਾ ਡਿੱਗਿਆ। ਇਕ ਮਿੰਟ ਪਿੱਛੋਂ ਉਨ੍ਹਾਂ ਨੇ ਉਸ ਨੂੰ ਸਿਰ ਵਿੱਚ ਪਾਣੀ ਪਾਉਣ ਲਈ ਵਿਹੜੇ ਵਿੱਚ ਪੰਪ ਗੇੜਦੇ ਸੁਣਿਆ। ਜਦੋਂ ਉਹ ਗੱਡੀ ਲੈ ਕੇ ਆਇਆ ਉਹ ਬਿਲਕੁਲ ਸ਼ਾਂਤ ਸੀ।

ਉਹ ਕੱਲ੍ਹ ਵਾਂਗ ਹੀ ਸੀਟਾਂ ’ਤੇ ਬੈਠ ਗਈਆਂ ਅਤੇ ਛੋਟਾ ਸਫ਼ੈਦ ਘੋੜਾ ਆਪਣੀ ਤੇਜ਼ ਦੁੜਕੀ ਚਾਲ ਚੱਲ ਪਿਆ। ਨਿੱਘੀ ਧੁੱਪ ਵਿੱਚ ਉਨ੍ਹਾਂ ਦਾ ਮਜ਼ਾਕ

ਜਿਹੜਾ ਖਾਣੇ ਸਮੇਂ ਬੰਦ ਹੋ ਗਿਆ ਸੀ ਫੇਰ ਫੁੱਟ ਪਿਆ। ਕੁੜੀਆਂ ਹੁਣ ਗੱਡੀ ਦੇ ਹਿਚਕੋਲਿਆਂ ਨਾਲ ਖ਼ੁਸ਼ ਹੋ ਰਹੀਆਂ ਸਨ, ਇਕ ਦੂਜੇ ਦੇ ਨਾਲ ਦੀ ਕੁਰਸੀ ਨੂੰ ਧੱਕਾ ਦਿੰਦੀਆਂ ਅਤੇ ਮਿੰਟ ਮਿੰਟ ਖਿੜਖਿੜਾ ਕੇ ਹੱਸਦੀਆਂ ਕਿਉਂਕਿ ਰਿਫਟ ਦੇ ਅਸਫ਼ਲ ਯਤਨ ਕਾਰਨ ਉਹ ਇਸ ਰੰਗ ਵਿੱਚ ਸਨ।

ਧੁੰਦ ਪੈ ਕੇ ਹਟੀ ਸੀ ਸੜਕ ਚਮਕ ਰਹੀ ਸੀ ਤੇ ਉਨ੍ਹਾਂ ਦੀਆਂ ਅੱਖਾਂ ਨੂੰ ਚੁੰਧਿਆ ਰਹੀ ਸੀ। ਪਹੀਆਂ ਨਾਲ ਮਿੱਟੀ ਵਿੱਚ ਦੋ ਲਕੀਰਾਂ ਬਣਦੀਆਂ ਜੋ ਸੜਕ ਉੱਤੇ ਗੱਡੀ ਦੇ ਪਿੱਛੇ ਕਾਫੀ ਚਿਰ ਤੱਕ ਦਿਸਦੀਆਂ। ਅਤੇ ਫਰਨੰਡੇ ਨੇ ਜੋ ਸੰਗੀਤ ਦੀ ਸ਼ੁਕੀਨ ਸੀ ਰੋਜ਼ਾ ਨੂੰ ਕੋਈ ਚੀਜ਼ ਗਾਉਣ ਲਈ ਕਿਹਾ। ਉਸ ਨੇ ਹੌਂਸਲੇ ਨਾਲ "ਗਰੌਸ ਕਿਉਰ ਡੀ ਮਿਉਡਨ' ਸ਼ੁਰੂ ਕੀਤਾ ਪਰ ਮੈਡਮ ਨੇ ਤੁਰੰਤ ਉਸ ਨੂੰ ਬੰਦ ਕਰ ਦਿੱਤਾ ਇਹ ਸੋਚ ਕੇ ਕਿ ਇਹ ਗੀਤ ਅਜਿਹੇ ਦਿਨ ਉੱਤੇ ਅਢੁੱਕਵਾਂ ਸੀ ਅਤੇ ਕਿਹਾ "ਸਾਨੂੰ ਕੋਈ ਬੈਰੇਂਗਰ ਦੀ ਚੀਜ਼ ਸੁਣਾ।"

ਇਕ ਮਿੰਟ ਦੀ ਝਿਜਕ ਪਿੱਛੋਂ ਰੋਜ਼ਾ ਨੇ ਟੁੱਟੀ ਫੁੱਟੀ ਆਵਾਜ਼ ਵਿੱਚ ਬੈਰੇਂਗਰ ਦਾ ਗੀਤ ਸ਼ੁਰੂ ਕੀਤਾ "ਦਾਦੀ" ਅਤੇ ਸਾਰੀਆਂ ਕੁੜੀਆਂ ਅਤੇ ਮੈਡਮ ਆਪ ਉਸ ਦੇ ਨਾਲ ਕੋਰਸ ਵਿੱਚ ਸ਼ਾਮਿਲ ਹੋਈਆਂ

ਮੈਂ ਕਿਵੇਂ ਅਫ਼ਸੋਸ ਕਰਾਂ

ਮੇਰੀਆਂ ਟੋਏ ਵਾਲੀਆ ਬਾਂਹਾਂ

ਮੇਰੀਆਂ ਚੰਗੀਆਂ ਬਣੀਆਂ ਲੱਤਾਂ

ਅਤੇ ਮੇਰੀ ਮਰ ਚੁੱਕੀ ਸੁੰਦਰਤਾ

ਇਹ ਬਹੁਤ ਵਧੀਆ ਹੈ

ਲੈਅ ਵਿੱਚ ਝੂਮ ਕੇ ਰਿਵਟ ਨੇ ਕਿਹਾ। ਉਹ ਹਰ ਤੁਕ ਦੇ ਨਾਲ ਸਥਾਈ ਬੋਲਦੀਆਂ ਸਨ ਜਦੋਂ ਕਿ ਰਿਵਟ ਸ਼ੈਫਟਾਂ ਉੱਤੇ ਪੈਰਾਂ ਨਾਲ, ਅਤੇ ਘੋੜੇ ਦੀ ਪਿੱਠ ’ਤੇ ਲਗਾਮਾਂ ਨਾਲ ਤਾਲ ਦੇ ਰਿਹਾ ਸੀ। ਘੋੜਾ ਵੀ ਲੈਅ ਵਿੱਚ ਵਹਿ ਗਿਆ ਅਤੇ ਸਰਪਟ ਦੌੜ ਪਿਆ ਜਿਸ ਨਾਲ ਔਰਤਾਂ ਇਕ ਦੂਜੀ ਦੇ ਉੱਤੇ ਗੱਡੀ ਵਿੱਚ ਢੇਰੀ ਹੋ ਗਈਆਂ।

ਉਹ ਝੱਲਿਆਂ ਵਾਂਗ ਹੱਸਦੀਆਂ ਉੱਠ ਖੜੀਆਂ, ਅਤੇ ਨੀਲੇ ਅਸਮਾਨ ਦੇ ਹੇਠ, ਚਮਕ ਰਹੀਆਂ ਫ਼ਸਲਾਂ ਦੇ ਵਿੱਚ, ਛੋਟੇ ਘੋੜੇ ਦੀ ਸਰਪਟ ਦੌੜ ਦੇ ਨਾਲ ਜੋ ਹਰ ਵਾਰ ਸਥਾਈ ਗਾਉਣ ਦੇ ਨਾਲ ਦੌੜ ਪੈਂਦਾ ਸੀ ਅਤੇ ਉਨ੍ਹਾਂ ਦੀ ਖ਼ੁਸ਼ੀ ਵਿੱਚ 100 ਗਜ਼ ਦੌੜਦਾ ਸੀ, ਉੱਚੀ ਆਵਾਜ਼ ਵਿੱਚ ਗੀਤ ਗਾਉਂਦੀਆਂ ਰਹੀਆਂ। ਕਿਤੇ ਕਿਤੇ ਕੋਈ ਰੋੜਾ ਕੁੱਟ ਸੜਕ ਦੇ ਕਿਨਾਰੇ ਬੈਠ ਕੇ ਖਰੂਦੀ ਅਤੇ ਚੀਕ ਰਹੀਆਂ ਔਰਤਾਂ ਨੂੰ ਤਾਰਾਂ ਵਾਲੀਆਂ ਐਨਕਾਂ ਵਿੱਚੋਂ ਦੇਖਦਾ।

ਜਦੋਂ ਉਹ ਸਟੇਸ਼ਨ ’ਤੇ ਉੱਤਰੀਆਂ ਤਾਂ ਤਰਖਾਣ ਨੇ ਕਿਹਾ :

"ਮੈਨੂੰ ਅਫ਼ਸੋਸ ਹੈ ਕਿ ਤੁਸੀਂ ਜਾ ਰਹੀਆਂ ਹੋ ਅਸੀਂ ਕੁਝ ਮੌਜ ਮੇਲਾ ਕਰਦੇ!"

ਪਰ ਮੈਡਮ ਨੇ ਬੜੀ ਸਮਝਦਾਰੀ ਨਾਲ ਜੁਆਬ ਦਿੱਤਾ "ਹਰ ਚੀਜ਼ ਦਾ ਕੋਈ ਸਮਾਂ ਹੁੰਦਾ ਹੈ, ਅਸੀਂ ਸਦਾ ਰੰਗਰਲ਼ੀਆਂ ਨਹੀਂ ਮਨਾ ਸਕਦੇ।"

ਫੇਰ ਉਸ ਨੇ ਛੇਤੀ ਹੀ ਕਿਹਾ, “ਦੇਖ ਮੈਂ ਤੁਹਾਡੇ ਕੋਲ ਫੀਕੈਂਪ ਅਗਲੇ ਮਹੀਨੇ ਆਵਾਂਗਾ” ਅਤੇ ਉਸ ਨੇ ਲਾਲ ਅੱਖਾਂ ਨਾਲ ਤਾੜਵੀ ਨਜ਼ਰ ਸੁੱਟੀ।

"ਜ਼ਰੂਰ ਆਈ" ਮੈਡਮ ਨੇ ਕਿਹਾ " ਤੈਨੂੰ ਸਮਝਦਾਰ ਹੋਣਾ ਚਾਹੀਦਾ ਹੈ; ਜੇ ਚਾਹੇਂ ਤਾਂ ਆ ਸਕਦਾ ਹੈ ਪਰ ਤੂੰ ਚਲਾਕੀਆਂ ਕਰਨ ਜੋਗਾ ਨਹੀਂ।"

ਉਸ ਨੇ ਕੋਈ ਜੁਆਬ ਨਾ ਦਿੱਤਾ, ਅਤੇ ਜਦੋਂ ਉਸ ਨੇ ਗੱਡੀ ਦੀ ਵਿਸਲ ਸੁਣੀ ਉਸ ਨੇ ਸਭ ਨੂੰ ਉਨ੍ਹਾਂ ਸਾਰੀਆਂ ਨੂੰ ਚੁੰਮਣਾ ਸ਼ੁਰੂ ਕਰ ਦਿੱਤਾ। ਜਦੋਂ ਰੋਜ਼ਾ ਦੀ ਵਾਰੀ ਆਈ ਉਸ ਨੇ ਚੁੰਮੀ ਲੈਣ ਦਾ ਯਤਨ ਕੀਤਾ ਪਰ ਉਹ ਆਪਣੇ ਬੁੱਲ੍ਹ ਮੀਟ ਕੇ ਹਰ ਵਾਰ ਤੇਜ਼ੀ ਨਾਲ ਸਿਰ ਫੇਰ ਕੇ ਪਰੇ ਕਰ ਲੈਂਦੀ। ਉਸ ਨੇ ਉਸ ਨੂੰ ਬਾਂਹਾਂ ਵਿੱਚ ਫੜ ਲਿਆ। ਪਰ ਉਹ ਆਪਣੇ ਟੀਚੇ ’ਤੇ ਨਾ ਪਹੁੰਚ ਸਕਿਆ, ਕਿਉਂਕਿ ਉਸ ਦੀ ਛਮਕ, ਜੋ ਉਹ ਆਪਣੇ ਹੱਥ ਵਿੱਚ ਫੜ ਕੇ ਕੁੜੀ ਦੀ ਪਿੱਠ ਪਿੱਛੇ ਫੇਰ ਰਿਹਾ ਸੀ, ਉਸ ਦੇ ਯਤਨ ਵਿੱਚ ਰੋਕ ਪਾਈ। "ਕਿਰਪਾ ਕਰਕੇ ਰਾਵਿਨ ਦੇ ਯਾਤਰੂ ਆਪਣੀ ਸੀਟਾਂ ’ਤੇ ਬੈਠ ਜਾਵੋ।" ਇਕ ਗਾਰਡ ਚੁੱਕਿਆ ਅਤੇ ਉਹ ਅੰਦਰ ਚਲੇ ਗਏ। ਇਕ ਹਲ਼ਕੀ ਵਿਸਲ ਨਿਕਲੀ ਜਿਸ ਦੇ ਪਿੱਛੋਂ ਇੰਜਣ ਵਿੱਚੋਂ ਉੱਚੀ ਚੀਕ ਵੱਜੀ, ਜਿਸ ਨੇ ਸ਼ੋਰ ਮਚਾਉਂਦੇ ਹੋਏ ਭਾਫ਼ ਦਾ ਸਰਨਾਟਾ ਛੱਡਿਆ ਜਦੋਂ ਕਿ ਪਹੀਏ ਇਸ ਦੇ ਯਤਨ

ਨਾਲ ਥੋੜ੍ਹਾ ਥੋੜ੍ਹਾ ਹਿਲੇ। ਰਿਵਟ ਸਟੇਸ਼ਨ ਛੱਡ ਕੇ ਲਾਈਨ ਦੇ ਨਾਲ ਦੋ ਦਰਵਾਜ਼ੇ ਵਿੱਚ ਰੋਜ਼ਾ ਨੂੰ ਦੇਖਣ ਗਿਆ, ਅਤੇ ਜਦੋਂ ਮਨੁੱਖੀ ਮਾਲ ਦੀ ਭਰੀ ਗੱਡੀ ਉਸ ਦੇ ਕੋਲੋਂ ਲੰਘੀ ਉਹ ਛਮਕ ਨੂ ਤੋੜਨ ਅਤੇ ਛਾਲਾਂ ਮਾਰਨ ਲੱਗ ਪਿਆ ਅਤੇ ਉਹ ਉੱਚੀ ਆਵਾਜ਼ ਵਿੱਚ ਗਾਉਣ ਲੱਗਿਆ

ਮੈਂ ਕਿਵੇਂ ਅਫ਼ਸੋਸ ਕਰਾਂ

ਮੇਰੀਆਂ ਟੋਏ ਵਾਲੀਆਂ ਬਹਾਵਾਂ

ਮੇਰੀਆਂ ਸੁੰਦਰ ਲੱਤਾਂ

ਮੇਰੀ ਮਰ ਚੁੱਕੀ ਅਦਾ"

ਅਤੇ ਫੇਰ ਉਸ ਨੇ ਇਕ ਚਿੱਟਾ ਰੁਮਾਲ ਦੇਖਿਆ ਜਿਸ ਨੂੰ ਕੋਈ ਬੰਦਾ ਹਿਲਾ ਰਿਹਾ ਸੀ, ਜੋ ਦੂਰ ਗੁੰਮ ਹੋ ਗਿਆ।

## III

ਉਹ ਰਾਵਿਨ ਤੱਕ ਗੂੜ੍ਹੀ ਨੀਂਦ ਸੁੱਤੀਆਂ ਜਦੋਂ ਉਹ ਤਾਜ਼ਾ ਦਮ ਹੋ ਕੇ ਅਰਾਮ ਕਰਕੇ ਘਰ ਆਈਆਂ ਮੈਡਮ ਇਹ ਕੁਝ ਕਹੇ ਬਿਨਾਂ ਨਾ ਰਹਿ ਸਕੀ :

"ਇਹ ਸਭ ਬਹੁਤ ਸੋਹਣਾ ਸੀ ਪਰ ਮੈਂ ਘਰ ਆਉਣ ਲਈ ਲੋਚ ਰਹੀ ਸੀ।"

ਉਨ੍ਹਾਂ ਨੇ ਛੇਤੀ ਛੇਤੀ ਸ਼ਾਮ ਦਾ ਖਾਣਾ ਖਾਧਾ, ਅਤੇ ਫੇਰ ਜਦੋਂ ਉਨ੍ਹਾਂ ਨੇ ਰੋਜ਼ ਦਾ ਸ਼ਾਮ ਦਾ ਹਲਕਾ ਬਾਣਾ ਪਾਲਿਆ ਤਾਂ ਉਹ ਰੋਜ਼ ਆਉਣ ਵਾਲੇ ਗਾਹਕਾਂ ਦੀ ਉਡੀਕ ਕਰਨ ਲੱਗੀਆਂ। ਦਰਵਾਜ਼ੇ ਦੇ ਬਾਹਰ ਛੋਟੇ ਰੰਗੀਨ ਲੈਂਪ ਨੇ ਹਰ ਲੰਘਣ ਵਾਲੇ ਨੂੰ ਦੱਸਿਆ ਕਿ ਇੱਜੜ ਵਾੜੇ ਵਿੱਚ ਵਾਪਸ ਆ ਗਿਆ ਹੈ। ਅਤੇ ਇਕ ਪਲ਼ ਵਿੱਚ ਹੀ ਪਤਾ ਨਹੀਂ ਕਿਵੇਂ ਅਤੇ ਕਿਸ ਰਾਹੀਂ ਇਹ ਖ਼ਬਰ ਸਾਰੇ ਫੈਲ ਗਈ।

ਬੈਂਕਰ ਦੇ ਪੁੱਤਰ ਮੌਨਸੀਅਰ ਫਿਲਪ ਨੇ ਅਤਿ ਦਲੇਰੀ ਨਾਲ ਮੌਨਸ਼ੀਅਰ ਟੌਰਨੇਵਾਉ ਨੂੰ ਬੁਲਾਉਣ ਲਈ ਪਰਿਵਾਰ ਵਿੱਚ ਬੈਠੇ ਕੋਲ ਬੰਦਾ ਭੇਜਿਆ।

ਮੱਛੀਆਂ ਸਾਫ਼ ਕਰਨ ਵਾਲੇ ਕੋਲ ਹਰ ਐਤਵਾਰ ਨੂੰ ਖਾਣੇ ਉੱਤੇ ਕਈ ਭਰਾ ਇਕੱਠੇ ਹੁੰਦੇ ਸਨ, ਅਤੇ ਉਹ ਕਾਫ਼ੀ ਪੀ ਰਹੇ ਸਨ ਜਦੋਂ ਇਕ ਬੰਦਾ ਚਿੱਠੀ ਲੈ ਕੇ ਆ ਪੁੱਜਿਆ।

ਮੌਨਸ਼ੀਅਰ ਟੌਰਨੇਵਾਉ ਇਸ ਨਾਲ ਭੜਕ ਉੱਠਿਆ; ਉਸ ਨੇ ਲਿਫ਼ਾਫ਼ਾ ਖੋਲ੍ਹਿਆ ਅਤੇ ਪੀਲਾ ਹੋ ਗਿਆ ਇਸ ਵਿੱਚ ਪੈਨਸਿਲ ਨਾਲ ਸਿਰਫ਼ ਹੇਠ ਲਿਖੇ ਅੱਖਰ ਲਿਖੇ ਸਨ :

"ਮੱਛੀਆਂ ਦਾ ਭਾਰ ਲੱਭ ਗਿਆ ਹੈ; ਜਹਾਜ਼ ਬੰਦਰਗਾਹ ਵਿੱਚ ਆ ਗਿਆ ਹੈ; ਤੇਰੇ ਲਈ ਬਹੁਤ ਚੰਗਾ ਕੰਮ ਹੈ। ਤੁਰੰਤ ਆ ਜਾਹ"

ਉਸ ਨੇ ਜੇਬਾਂ ਫਰੋਲੀਆਂ ਸੁਨੇਹਾ ਲਿਆਉਣ ਵਾਲੇ ਨੂੰ ਦੋ ਪੈਨਸ ਪਾ ਦਿੱਤੇ ਹੋਣ, ਅਤੇ ਅਚਾਨਕ ਕੰਨਾਂ ਤੱਕ ਮੂੰਹ ਲਾਲ ਕਰਕੇ ਉਸ ਨੇ ਕਿਹਾ "ਮੈਨੂੰ ਜ਼ਰੂਰ ਜਾਣਾ ਚਾਹੀਦਾ ਹੈ।" ਉਸ ਨੇ ਆਪਣੀ ਪਤਨੀ ਨੂੰ ਦੋ ਹਰਫ਼ਾਂ ਅਤੇ ਭੇਤ ਭਰਿਆ ਨੋਟ ਦਿੱਤਾ, ਘੰਟੀ ਵਜਾਈ, ਅਤੇ ਜਦੋਂ ਨੌਕਰ ਅੰਦਰ ਆਇਆ ਉਸ ਨੂੰ ਤੁਰੰਤ ਹੈਟ ਅਤੇ ਓਵਰ ਕੋਟ ਲਿਆਉਣ ਲਈ ਕਿਹਾ। ਜਦੋਂ ਹੀ ਗ਼ਲੀ ਵਿੱਚ ਗਿਆ, ਉਹ ਦੌੜਨ ਲੱਗ ਪਿਆ, ਅਤੇ ਆਪਣੀ ਬੇਸਬਰੀ ਕਾਰਨ ਉਸ ਨੂੰ ਰਸਤਾ ਰੋਜ਼ ਨਾਲੋਂ ਦੁੱਗਣਾ ਲੱਗ ਰਿਹਾ ਸੀ।

ਮੈਡਮ ਟੈਲੀਅਰ ਦਾ ਅੱਡਾ ਛੁੱਟੀ ਦੇ ਦਿਨ ਵਾਂਗ ਦਿਸ ਰਿਹਾ ਸੀ। ਹੇਠਾਂ ਕਈ ਜਹਾਜ਼ਰਾਨ ਕੰਨ ਬੋਲ਼ੇ ਕਰਨ ਵਾਲਾ ਸ਼ੋਰ ਪਾ ਰਹੇ ਸੀ ਅਤੇ ਲੂਇਸ ਅਤੇ ਫਲੋਰਾ ਕਦੀ ਇਕ ਨਾਲ ਕਦੀ ਦੂਜੇ ਨਾਲ ਪੀ ਰਹੀਆਂ ਸਨ ਤਾਂ ਜੋ ਦੋ ਪੰਪਾਂ ਦੇ ਤੌਰ ’ਤੇ ਸਦਾ ਨਾਲੋਂ ਵਧੇਰੇ ਆਪਣੇ ਆਪ ਨੂੰ ਯੋਗ ਬਣਾ ਸਕਣ। ਉਨ੍ਹਾਂ ਨੂੰ ਹਰ ਥਾਂ ਤੁਰੰਤ ਸੱਦਿਆ ਜਾ ਰਿਹਾ ਸੀ, ਉਹ ਪਹਿਲਾਂ ਹੀ ਆਪਣੇ ਕੰਮ ਲਈ ਕਾਫ਼ੀ ਨਹੀਂ ਸਨ, ਅਤੇ ਰਾਤ ਰੁਝੇਵੇਂ ਵਾਲੀ ਰੰਗੀਨ ਲੱਗ ਰਹੀ ਸੀ।

ਕੋਠੇ ਵਾਲਾ ਕਮਰਾ 9 ਵਜੇ ਤੱਕ ਭਰਪੂਰ ਹੋ ਚੁੱਕਿਆ ਸੀ। ਮੌਨਸ਼ਿਉਰ ਵਾਸੀ, ਵਪਾਰ ਮੰਡਲ ਦਾ ਜੱਜ, ਮੈਡਮ ਦਾ ਨਿੱਤ ਦਾ ਆਸ਼ਿਕ, ਉਸ ਨਾਲ ਇਕ

ਕੋਨੇ ਵਿੱਚ ਹੌਲੀ ਹੌਲੀ ਗੱਲਾਂ ਕਰ ਰਿਹਾ ਸੀ, ਅਤੇ ਉਹ ਦੋਵੇਂ ਮੁਸਕਰਾ ਰਹੇ ਸਨ ਜਿਵੇਂ ਉਹ ਕਿਸੇ ਸਮਝੌਤੇ ’ਤੇ ਪਹੁੰਚਣ ਵਾਲੇ ਹੋਣ।

ਮੌਨਸ਼ੀਅਰ ਪੋਲਿਨ ਰਹਿ ਚੁੱਕਾ ਮੇਅਰ ਰੋਜ਼ਾ ਨੂੰ ਆਪਣੇ ਗੋਡਿਆਂ ’ਤੇ ਬਿਠਾਈਂ ਬੈਠਾ ਸੀ : ਅਤੇ ਉਹ ਆਪਣਾ ਨੱਕ ਉਸ ਦੇ ਨੱਕ ਕੋਲ ਲਿਜਾ ਕੇ, ਆਪਣੇ ਦੋਵੇਂ ਹੱਥ ਉਸ ਸੱਜਣ ਦੀਆਂ ਚਿੱਟੀਆਂ ਮੁੱਛਾਂ ’ਤੇ ਫੇਰ ਰਹੀ ਸੀ।

ਲੰਮੀ ਫਰਨੰਡੇ, ਜੋ ਸੋਫ਼ੇ ਉੱਤੇ ਲਿਟੀ ਪਈ ਸੀ, ਨੇ ਆਪਣੇ ਦੋਵੇਂ ਪੈਰ ਮੌਨਸ਼ੀਅਰ ਪਿਨੀਮੇਜ਼ ਟੈਕਸ ਕਲੈਕਟਰ ਦੇ ਢਿੱਡ ਉੱਤੇ ਲਾਏ ਹੋਏ ਸਨ; ਆਪਣੀ ਪਿੱਠ ਮੌਨਸ਼ੀਅਰ ਫਿਲਿਪ ਦੀ ਫ਼ਤੂਹੀ ਕੁੜਤੇ ਦੀ ਸੱਜੀ ਬਾਂਹ ਉਸ ਦੇ ਗਲ਼ ਵਿੱਚ ਪਾਈ ਹੋਈ ਸੀ ਅਤੇ ਉਸ ਦੇ ਖੱਬੇ ਹੱਥ ਵਿੱਚ ਇਕ ਸਿਗਰਟ ਸੀ।

ਰਫੈਲੇ ਮੌਨਸ਼ੀਅਰ ਡੁਪੂਇਸ ਬੀਮਾ ਏਜੰਟ ਨਾਲ ਕੋਈ ਗੱਲ ਕਰ ਰਹੀ ਦਿਸਦੀ ਸੀ ਅਤੇ ਉਸ ਨੇ ਇਹ ਕਹਿ ਕੇ ਖ਼ਤਮ ਕੀਤਾ "ਹਾਂ ਪਿਆਰੇ ਮੈਂ ਕਰਾਂਗੀ।"

ਇੰਨੇ ਨੂੰ ਅਚਾਨਕ ਦਰਵਾਜ਼ਾ ਖੁੱਲ੍ਹਿਆ ਅਤੇ ਮੌਨਸ਼ੀਅਰ ਟੌਰਨੇਵਾਰ ਅੰਦਰ ਆਇਆ। ਜੋਸ਼ ਦੀਆਂ ਅਵਾਜ਼ਾਂ ਨਾਲ ਉਸ ਨੂੰ ਪ੍ਰਣਾਮ ਕੀਤੀ ਗਈ "ਜੀਂਦੇ ਰਹੋ ਟੌਰਨੇਵਾਉ" ਅਤੇ ਰਫੈਲੇ ਜੋ ਘੁੰਮਦੀ ਫਿਰਦੀ ਸੀ ਜਾ ਕੇ ਉਸ ਦੀਆਂ ਬਹਾਵਾਂ ਵਿੱਚ ਗਿਰ ਪਈ। ਉਸ ਨੇ ਉਸ ਨੂੰ ਘੁੱਟ ਕੇ ਜੱਫੀ ਪਾ ਲਈ, ਅਤੇ ਕੁਝ ਵੀ ਕਹੇ ਬਿਨਾਂ ਉਸ ਨੂੰ ਖੰਭ ਵਾਂਗ ਚੁੱਕ ਕੇ ਕਮਰੇ ਵਿੱਚੋਂ ਦੀ ਲੈ ਗਿਆ।

ਰੋਜ਼ਾ ਐਕਸ-ਮੇਅਰ ਨਾਲ ਗੱਲ ਕੱਥ ਅਤੇ ਪਲ਼ ਪਲ਼ ਚੁੰਮਣ ਚੱਟਣ ਕਰ ਰਹੀ ਸੀ, ਅਤੇ ਉਸੇ ਵੇਲ਼ੇ ਉਸ ਦੇ ਸਿਰ ਨੂੰ ਸਿੱਧਾ ਰੱਖਣ ਲਈ ਮੁੱਛਾਂ ਖਿੱਚ ਰਹੀ ਸੀ।

ਵਰਨੰਡੇ ਅਤੇ ਮੈਡਮ ਚਾਰ ਬੰਦਿਆਂ ਕੋਲ ਰਹਿ ਗਈਆਂ, ਅਤੇ ਮੌਨਸ਼ੀਅਰ ਫਿਲਿਪ ਪੁਕਾਰਿਆ "ਮੈਂ ਸੰਪੇਨ ਦੇ ਪੈਸੇ ਦਿਆਂਗਾ ਮੈਡਮ ਟੈਲੀਅਰ ਤਿੰਨ ਬੋਤਲਾਂ ਮੰਗਵਾਓ ਫਰਨੰਡੇ ਨੇ ਗਲ਼ ਲੱਗ ਕੇ ਉਸ ਦੇ ਕੰਨ ਵਿੱਚ ਕਿਹਾ "ਕਿਰਪਾ ਕਰਕੇ ਘੁੰਮਰ ਨਾਚ ਦੀ ਤਰਜ਼ ਬਜਾਓ” ਇਸ ਲਈ ਉਹ ਉੱਠ ਕੇ ਕੋਠੇ ਵਿੱਚ ਪਏ ਪਿਆਨੋ ’ਤੇ ਜਾ ਬੈਠਿਆ ਅਤੇ ਬੈਠਵੀਂ ਆਵਾਜ਼ ਵਿੱਚ ਸਾਜ਼ ਦੀਆਂ ਸੁਰਾਂ ਵਿੱਚੋਂ ਘੁੰਮਰ ਦੀ ਤਰਜ਼ ਕੱਢੀ।

ਲੰਮੀ ਕੁੜੀ ਨੇ ਟੈਕਸ ਕਲੈਕਟਰ ਦੇ ਗਲ਼ ਵਿੱਚ ਬਾਂਹਾਂ ਪਾ ਦਿੱਤੀਆਂ, ਮੈਡਮ ਨੇ ਮੌਨਸ਼ੀਅਰ ਵਾਸੀ ਨੂੰ ਕਿਹਾ ਕਿ ਉਸ ਨੂੰ ਬਾਂਹਾਂ ਵਿੱਚ ਲੈ ਲਵੇ ਅਤੇ ਦੋ ਜੋੜੇ ਇਕ ਦੂਜੇ ਨੂੰ ਚੁੰਮਦੇ ਹੋਏ ਨੱਚਦੇ ਗੇੜਾ ਦੇਣ ਲੱਗੇ। ਮੌਨਸ਼ੀਅਰ ਵਾਸੀ ਜੋ ਪਹਿਲਾਂ ਚੰਗੀ ਸੋਸਾਇਟੀ ਵਿੱਚ ਡਾਂਸ ਕਰ ਚੁੱਕੀ ਸੀ, ਨੇ ਇੰਨਾ ਸ਼ਾਨਦਾਰ ਘੁੰਮਰ ਪਾਇਆ ਕਿ ਮੈਡਮ ਦਾ ਮਨ ਮੋਹ ਲਿਆ।

ਫਰੈਡਰਿਕ ਸ਼ੈਂਪੇਨ ਲਿਆਇਆ; ਪਹਿਲਾ ਕਾਰਕ ਗੇਜਾਂ ਦੇ ਕੇ ਤੋੜਿਆ ਗਿਆ ਅਤੇ ਮੌਨਸ਼ੀਅਰ ਫਿਲਿਪ ਨੇ ਚੌਕੜੀ ਲਈ ਉਥਾਨਕਾ ਵਜਾਈ ਜਿਸ ਨਾਚ ਨਾਲ ਚਾਰੇ ਡਾਂਸਰ ਸੋਸਾਇਟੀ ਢੰਗ ਨਾਲ ਚੱਜ ਆਚਾਰ ਨਾਲ, ਢੁਕਵੀਂ ਚਾਲ ਨਾਲ ਨਮਸਕਾਰ ਕਰਦੇ ਅਤੇ ਸਿਸ਼ਟਤਾ ਨਾਲ ਚੱਲੇ, ਅਤੇ ਫੇਰ ਉਨ੍ਹਾਂ ਨੇ ਪੀਣੀ ਸ਼ੁਰੂ ਕੀਤੀ।

ਫੇਰ ਮੌਨਸ਼ੀਅਰ ਫਿਲਿਪ ਨੇ ਫੁਰਤੀਲਾ ਪੋਲਕਾ ਵਜਾਇਆ ਅਤੇ ਮੌਨਸ਼ੀਅਰ ਟੌਰਨੇਵਾਉ ਨੇ ਖ਼ੂਬਸੂਰਤ ਯਹੂਦਣ ਨਾਲ ਨੱਚਣਾ ਸ਼ੁਰੂ ਕੀਤਾ ਜਿਸ ਨੂੰ ਹਵਾ ਵਿੱਚ ਚੁੱਕ ਲਿਆ ਕਿ ਉਸ ਦੇ ਪੈਰ ਥੱਲੇ ਨਹੀਂ ਸਨ ਲੱਗਦੇ। ਮੌਨਸ਼ੀਅਰ ਪਿਨੀਪੀਜ਼ ਅਤੇ ਮੌਨਸ਼ੀਅਰ ਵਾਸੀ ਨੇ ਨਵੇਂ ਜੋਸ਼ ਨਾਲ ਅਰੰਭ ਕੀਤਾ ਕਦੇ ਕਦੇ ਇਕ ਜਾਂ ਦੂਜਾ ਜੋੜਾ ਚਮਕਦੀ ਸ਼ਰਾਬ ਦਾ ਲੰਮਾ ਗਲਾਸ ਉਛਾਲਣ ਲਈ ਖੜ੍ਹ ਜਾਂਦਾ। ਜਦੋਂ ਰੋਜ਼ਾ ਨੇ ਦਰਵਾਜ਼ਾ ਖੋਲ੍ਹਿਆ ਨਾਚ ਕਦੇ ਵੀ ਨਾ ਮੁੱਕਣ ਵਾਲਾ ਦਿਸਦਾ ਸੀ।

"ਮੈਂ ਨੱਚਣਾ ਚਾਹੁੰਦੀ ਹਾਂ" ਉਸ ਨੇ ਕਿਹਾ ਅਤੇ ਉਸ ਨੇ ਮੌਨਸ਼ੀਅਰ ਡੁਪੂਇਸ ਨੂੰ ਫੜ ਲਿਆ ਜੋ ਕਾਊਚ ਉੱਤੇ ਸੁਸਤ ਬੈਠਾ ਸੀ ਅਤੇ ਨਾਚ ਫੇਰ ਸ਼ੁਰੂ ਹੋ ਗਿਆ।

ਪਰ ਬੋਤਲਾਂ ਖ਼ਾਲੀ ਸਨ। "ਮੈਂ ਇਕ ਬੋਤਲ ਦੇ ਪੈਸੇ ਦਿਆਂਗਾ" ਮੌਨਸ਼ੀਅਰ ਟੌਰਨੇਵਾਉ ਨੇ ਕਿਹਾ।

"ਮੈਂ ਵੀ" ਮੌਨਸ਼ੀਅਰ ਵਾਸੀ ਨੇ ਐਲਾਨ ਕੀਤਾ।

"ਅਤੇ ਮੈਂ ਵੀ ਇਵੇਂ ਕਰਾਂਗਾ" ਮੌਨਸ਼ੀਅਰ ਡੁਪੂਇਸ ਨੇ ਵੀ ਹਾਂ ਵਿੱਚ ਹਾਂ ਮਿਲਾਈ।

ਉਹ ਸਾਰੇ ਤਾੜੀਆਂ ਵਜਾਉਣ ਲੱਗੇ ਅਤੇ ਛੇਤੀ ਹੀ ਇਹ ਪੱਕਾ ਨਾਚ ਬਣ ਗਿਆ। ਸਮੇਂ ਸਮੇਂ ਲੂਇਸ ਅਤੇ ਫਲੋਰਾ ਤੇਜ਼ੀ ਨਾਲ ਉੱਪਰ ਚੜ੍ਹ ਜਾਂਦੀਆਂ ਅਤੇ ਕੁਝ ਚੱਕਰ ਲਾਉਂਦੀਆਂ ਜਦੋਂ ਉਨ੍ਹਾਂ ਦੇ ਗਾਹਕ ਥੱਲੇ ਬੇਸਬਰੇ ਹੋ ਰਹੇ ਹੁੰਦੇ ਉਹ ਫੇਰ ਨਿਰਾਸ਼ ਹੋ ਕੇ ਕਾਫ਼ੀ ਹਾਊਸ ਵਿੱਚ ਆ ਜਾਂਦੀਆਂ। ਅੱਧੀ ਰਾਤ ਤੱਕ ਉਹ ਅਜੇ ਵੀ ਨੱਚ ਰਹੇ ਸਨ।

ਜੋ ਕੁਝ ਹੋ ਰਿਹਾ ਸੀ ਮੈਡਮ ਨੇ ਉਸ ਤੋਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਉਹ ਮੌਨਸ਼ੀਅਰ ਵਾਸੀ ਨਾਲ ਕੋਨਿਆਂ ਵਿੱਚ ਬਹੁਤ ਲੰਮੀਆਂ ਗੱਲਾਂ ਕਰ ਚੁੱਕੀ ਸੀ ਜਿਵੇਂ ਕਿਸੇ ਚੀਜ਼ ਦਾ ਆਖ਼ਰੀ ਵੇਰਵਾ ਤਿਆਰ ਕਰ ਰਹੀ ਹੋਵੇ ਜਿਸ ਦੀ ਪ੍ਰਵਾਨਗੀ ਪਹਿਲਾਂ ਹੀ ਹੋ ਚੁੱਕੀ ਸੀ।

ਆਖ਼ਰਕਾਰ ਇਕ ਵਜੇ ਦੋ ਵਿਆਹੁਤਾ ਵਿਅਕਤੀ ਮੌਨਸ਼ੀਅਰ ਟੌਰਨੇਵਾਉ ਅਤੇ ਮੌਨਸ਼ੀਅਰ ਪਿਨੀਪੀਜ਼ ਨੇ ਐਲਾਨ ਕੀਤਾ ਕਿ ਉਹ ਘਰ ਜਾ ਰਹੇ ਹਨ ਅਤੇ ਅਦਾਇਗੀ ਕਰਨਾ ਚਾਹੁੰਦੇ ਹਨ। ਸ਼ੈਂਪੇਨ ਤੋਂ ਬਿਨਾਂ ਉਨ੍ਹਾਂ ਤੋਂ ਹੋਰ ਕਿਸੇ ਚੀਜ਼ ਦੇ ਪੈਸੇ ਨਾ ਲਏ ਗਏ ਅਤੇ ਉਹ ਵੀ ਆਮ ਕੀਮਤ ਦਸ ਦੀ ਬਜਾਏ ਛੇ ਫਰੈਂਕ ਅਤੇ ਜਦੋਂ ਉਨ੍ਹਾਂ ਨੇ ਇਸ ਦਿਆਲਤਾ ’ਤੇ ਹੈਰਾਨਗੀ ਪ੍ਰਗਟ ਕੀਤੀ ਤਾਂ ਮੈਡਮ ਨੇ, ਜੋ ਖਿੜੀ ਹੋਈ ਸੀ, ਉਨ੍ਹਾਂ ਨੂੰ ਕਿਹਾ

"ਅਸੀਂ ਰੋਜ਼ ਰੋਜ਼ ਛੁੱਟੀ ਨਹੀਂ ਮਨਾਉਂਦੇ?'"

# ਰੱਸੀ ਦਾ ਟੁਕੜਾ

ਗਾਡਰਵਿਲ ਦੇ ਚੁਫੇਰੇ ਸਾਰੀਆਂ ਸੜਕਾਂ ’ਤੇ, ਕਿਸਾਨ ਅਤੇ ਉਨ੍ਹਾਂ ਦੀਆਂ ਔਰਤਾਂ ਸ਼ਹਿਰ ਵੱਲ ਆ ਰਹੇ ਸਨ ਕਿਉਂਕਿ ਅੱਜ ਖ਼ਰੀਦੋ ਫ਼ਰੋਖ਼ਤ ਦਾ ਦਿਨ ਸੀ। ਆਦਮੀ ਹੌਲੀ ਹੌਲੀ ਚੱਲ ਰਹੇ ਸਨ, ਜਿਨ੍ਹਾਂ ਦਾ ਸਾਰਾ ਲੰਮੀਆਂ ਸਰੀਰ ਵਿੰਗੀਆਂ ਲੱਤਾਂ ਦੀ ਹਰ ਹਰਕਤ ਨਾਲ ਅੱਗੇ ਨੂੰ ਝੁਕਦਾ ਸੀ ਜੋ ਉਨ੍ਹਾਂ ਦੀ ਸਖ਼ਤ ਮਿਹਨਤ ਕਰਕੇ ਅਤੇ ਹਲ ਉੱਤੇ ਵਜ਼ਨ ਦੇਣ ਕਰਕੇ ਸਨ, ਇਸ ਦੇ ਨਾਲ ਨਾਲ ਹੀ ਖੱਬੇ ਮੋਢੇ ਨੂੰ ਉੱਤੇ ਚੁੱਕਣ ਨੇ ਉਨ੍ਹਾਂ ਦੇ ਸਰੂਪ ਨੂੰ ਵਿਗਾੜ ਦਿੱਤਾ ਸੀ, ਕਣਕ ਵੱਢਣ ਕਰਕੇ ਉਨ੍ਹਾਂ ਦੇ ਗੋਡੇ ਫੈਲ ਗਏ ਸਨ, ਪਿੰਡਾਂ ਦੀ ਧੀਮੀ ਤੇ ਦੁੱਖਦਾਈ ਮਜ਼ਦੂਰੀ ਨਾਲ ਉਨ੍ਹਾਂ ਦੀਆਂ ਸ਼ਕਲਾਂ ਕਰੂਪ ਹੋ ਗਈਆਂ ਸਨ। ਉਨ੍ਹਾਂ ਦੇ ਬਲਾਊਜ਼ ਮਾਵੇ ਨਾਲ ਆਕੜੇ ਇਸ ਤਰਾਂ ਚਮਕ ਰਹੇ ਸਨ ਜਿਵੇਂ ਰੰਗ ਕੀਤਾ ਹੋਵੇ, ਜੋ ਗਰਦਨ ਅਤੇ ਗੁੱਟ ਉੱਤੇ ਚਿੱਟੇ ਰੰਗ ਦਾ ਡਿਜ਼ਾਈਨ ਬਣਾ ਕੇ ਸਜਾਏ ਹੋਏ ਸਨ, ਉਨ੍ਹਾਂ ਦੇ ਪਿੰਜਰ ਦੇ ਦੁਆਲੇ ਫੁੱਲੇ ਹੋਏ ਸਨ, ਜਿਵੇਂ ਬੈਲੂਨ ਉਨ੍ਹਾਂ ਨੂੰ ਉਡਾ ਕੇ ਲੈ ਜਾਣ ਲਈ ਤਿਆਰ ਹੋਣ। ਉਨ੍ਹਾਂ ਸਾਰਿਆਂ ਵਿੱਚੋਂ ਇਕ ਸਿਰ, ਦੋ ਬਾਂਹਾਂ ਅਤੇ ਦੋ ਪੈਰ ਬਾਹਰ ਨਿਕਲੇ ਹੋਏ ਸਨ।

ਉਹ ਗਊਆਂ ਜਾਂ ਵੱਛਿਆਂ ਨੂੰ ਰੱਸਾ ਫੜ ਕੇ ਤੋਰੀ ਲਈ ਜਾਂਦੇ ਸਨ ਅਤੇ ਉਨ੍ਹਾਂ ਦੀਆਂ ਔਰਤਾਂ ਪਿੱਛੇ ਪਿੱਛੇ ਪੱਤਿਆਂ ਵਾਲੀਆਂ ਟਾਹਣੀਆਂ ਨਾਲ ਉਨ੍ਹਾਂ ਨੂੰ ਹੱਕਦੀਆਂ ਜਾਂਦੀਆਂ ਸਨ। ਬਾਂਹਾਂ ਵਿੱਚ ਉਨ੍ਹਾਂ ਨੇ ਵੱਡੀਆਂ ਟੋਕਰੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ ਵਿੱਚੋਂ ਚੂਚੇ ਅਤੇ ਬੱਤਖ਼ਾਂ ਦੀਆਂ ਗਰਦਨਾਂ ਬਾਹਰ ਨਜ਼ਰ ਆਉਂਦੀਆਂ ਸਨ। ਅਤੇ ਉਹ ਆਪਣੇ ਪਤੀਆਂ ਨਾਲੋਂ ਫੁਰਤੀਲੇ ਅਤੇ ਚੁਸਤ ਕਦਮਾਂ ਨਾਲ ਤੁਰ ਰਹੀਆਂ ਸਨ। ਉਨ੍ਹਾਂ ਦੇ ਪਤਲੇ ਸਿੱਧੇ ਸਰੀਰ ਛੋਟੇ ਜਿਹੇ ਸ਼ਾਲ ਵਿੱਚ ਲਪੇਟੇ ਹੋਏ ਸਨ, ਜਿਨ੍ਹਾਂ ਨੂੰ ਉਨ੍ਹਾਂ ਦੀ ਹਿੱਕ ਦੇ ਦੁਆਲੇ ਪਿੰਨ ਲੱਗੇ ਹੋਏ ਸਨ, ਅਤੇ

ਉਨ੍ਹਾਂ ਦੇ ਸਿਰ ਚਿੱਟੇ ਕੱਪੜੇ ਨਾਲ ਢਕੇ ਹੋਏ ਸਨ ਜੋ ਵਾਲਾਂ ਨੂੰ ਚੰਬੜਿਆ ਹੋਇਆ ਸੀ ਅਤੇ ਜਿਸ ਦੇ ਉੱਤੇ ਟੋਪੀਆਂ ਪਾਈਆਂ ਹੋਈਆਂ ਸਨ।

ਤਾਂ ਇਕ ਵੈਗਨ ਦੁੜੱਕੀਆਂ ਮਾਰਦੀ ਕੋਲੋਂ ਦੀ ਲੰਘੀ ਜਿਸ ਨਾਲ ਦੋ ਵਿਅਕਤੀ ਸੀਟ ਤੇ ਨਾਲ ਨਾਲ ਬੈਠੇ ਅਤੇ ਹੇਠਾਂ ਬੈਠੀ ਇਕ ਜ਼ਨਾਨੀ ਹਿਲੂਣੀ ਗਈ, ਜੋ ਸਖ਼ਤ ਹਲੂਣਿਆਂ ਤੋਂ ਬਚਣ ਲਈ ਇਕ ਪਾਸੇ ਨੂੰ ਹੋ ਗਈ।

ਗਾਡਰਵਿਲ ਦੀ ਮੰਡੀ ਵਿੱਚ ਭੀੜ ਸੀ, ਮਨੁੱਖਾਂ ਅਤੇ ਪਸ਼ੂਆਂ ਦਾ ਰਲਿਆ ਮਿਲਿਆ ਇਕੱਠ। ਪਸ਼ੂਆਂ ਦੇ ਸਿੰਙ, ਅਮੀਰ ਕਿਰਸਾਨਾਂ ਦੇ ਲੰਮੀ ਮਖ਼ਮਲੀ ਤਹਿ ਵਾਲੇ ਲੰਮੇ ਹੈਟ, ਅਤੇ ਕਿਰਸਾਨਾਂ ਦੀਆਂ ਔਰਤਾਂ ਦੇ ਹੈਟ ਇਕੱਠ ਦੇ ਤਲ ਤੋਂ ਉੱਪਰ ਉੱਠੇ ਹੋਏ ਸਨ, ਅਤੇ ਉਸ ਭੀੜ ਵਿੱਚ ਖ਼ੂਬ ਕਾਂਵਾਂ ਰੌਲੀ ਪਈ ਹੋਈ ਸੀ ਜੋ ਇਕ ਨਿਰੰਤਰ ਅਤੇ ਜਾਂਗਲੀ ਸ਼ੋਰ ਸੀ ਜਿਸ ਵਿੱਚੋਂ ਕਦੇ ਕਦੇ ਪੇਂਡੂ ਲੋਕਾਂ ਦੇ ਉੱਚੇ ਹਾਸੇ ਦੀ ਆਵਾਜ਼ ਜਾਂ ਕੰਧ ਨਾਲ ਬੰਨ੍ਹੀ ਗਊ ਦੇ ਰੰਭਣ ਦੀ ਆਵਾਜ਼ ਉਭਰਵੀਂ ਸੁਣਾਈ ਦਿੰਦੀ ਸੀ।

ਇਹ ਸਭ ਕੁਝ ਅਸਤਬਲ ਵਰਗਾ ਲੱਗਦਾ ਸੀ, ਡੇਅਰੀ ਅਤੇ ਗੰਦ ਦੇ ਢੇਰ, ਸੁੱਕੇ ਘਾਹ ਅਤੇ ਪਸ਼ੂਆਂ ਅਤੇ ਮਨੁੱਖਾਂ ਦੇ ਮੁੜ੍ਹਕੇ ਵਿੱਚੋਂ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਵਰਗੀ ਬਦਬੂ ਆ ਰਹੀ ਸੀ।

ਬਰੀਊਟ ਦਾ ਮੇਟਰ ਹਾਊਚੀਕਮ, ਅਜੇ ਹੁਣੇ ਹੀ ਗਾਡਰਵਿਲ ਆਇਆ ਸੀ, ਅਤੇ ਉਹ ਮੰਡੀ ਵੱਲ ਜਾ ਰਿਹਾ ਸੀ ਜਦੋਂ ਉਸ ਨੇ ਜ਼ਮੀਨ ’ਤੇ ਇਕ ਰੱਸੀ ਦਾ ਟੁੱਕੜਾ ਪਿਆ ਦੇਖਿਆ/ਮੇਟਰ ਹਾਊਚੀਕਮ, ਨੇ ਜੋ ਸੱਚੇ ਨੌਰਮਨ ਵਾਂਗ ਕੰਜੂਸ ਸੀ, ਸੋਚਿਆ ਵਰਤੋਂ ਦੀ ਹਰ ਚੀਜ਼ ਚੁੱਕ ਲੈਣੀ ਚਾਹੀਦੀ ਹੈ ਅਤੇ ਉਹ ਔਖਾ ਹੋ ਕੇ ਝੁਕਿਆ ਕਿਉਂਕਿ ਉਸ ਨੂੰ ਗਠੀਏ ਦੀ ਸ਼ਿਕਾਇਤ ਸੀ। ਉਸ ਨੇ ਪਤਲੀ ਰੱਸੀ ਦਾ ਟੁਕੜਾ ਜ਼ਮੀਨ ਤੋਂ ਚੁੱਕਿਆ ਅਤੇ ਧਿਆਨ ਨਾਲ ਵਲ੍ਹੇਟਣ ਲੱਗ ਪਿਆ ਇੰਨੇ ਨੂੰ ਉਸ ਨੇ ਮੇਟਰ ਮੈਲਨ ਡੇਇਨ ਜੋਤਰੇ ਬਣਾਉਣ ਵਾਲੇ ਨੂੰ ਆਪਣੀਆਂ ਦਲੀਜ਼ਾਂ ਵਿੱਚ ਖੜਿਆ ਵੇਖਿਆ ਜੋ ਉਸ ਵੱਲ ਤੱਕ ਰਿਹਾ ਸੀ। ਉਹ ਇਸ ਤੋਂ ਪਹਿਲਾਂ ਫਾਹੇ ਦੀਆਂ ਰਸੀਆਂ ਬਣਾਉਣ ਦਾ ਕੰਮ ਸਾਂਝਾ ਕਰਦੇ ਸਨ ਅਤੇ ਹੁਣ ਉਨ੍ਹਾਂ ਦੀ ਵਿਗੜੀ ਹੋਈ

ਸੀ, ਦੋਵੇਂ ਚੰਗੀ ਘ੍ਰਿਣਾ ਕਰਨ ਵਾਲੇ ਸਨ। ਮੇਟਰ ਹਾਊਚੀਕਮ ਨੇ ਆਪਣੇ ਦੁਸ਼ਮਣ ਦੇ ਸਾਹਮਣੇ ਇਸ ਤਰ੍ਹਾਂ ਗੰਦਗੀ ਵਿੱਚੋਂ ਰੱਸੀ ਦਾ ਟੁਕੜਾ ਚੁੱਕਦਿਆਂ ਦੇਖਣ ’ਤੇ ਸ਼ਰਮ ਮਹਿਸੂਸ ਕੀਤੀ। ਉਸ ਨੇ ਆਪਣੀ ਚੀਜ਼ ਤੁਰੰਤ ਬਲਾਊਜ਼ ਵਿੱਚ ਫੇਰ ਉਸਨੇ ਅਜੇ ਵੀ ਜ਼ਮੀਨ ਉੱਤੇ ਅਜਿਹੀ ਚੀਜ਼ ਦੇਖਦੇ ਰਹਿਣ ਦਾ ਬਹਾਨਾ ਕੀਤਾ ਜਿਹੜੀ ਉਸ ਨੂੰ ਲੱਭ ਨਹੀਂ ਰਹੀ ਸੀ, ਅਤੇ ਫੇਰ ਉਹ ਦੁੱਖ ਨਾਲ ਹੋਰ ਸਿਰ ਝੁਕਾ ਕੇ ਮਾਰਕਿਟ ਵਿੱਚ ਚਲਿਆ ਗਿਆ।

ਉਹ ਛੇਤੀ ਹੀ ਸ਼ੋਰ ਭਰੀ ਅਤੇ ਹੌਲ਼ੀ ਹਰਕਤ ਕਰ ਰਹੀ ਭੀੜ ਵਿੱਚ ਜਾ ਰਲਿਆ ਜੋ ਅਮੁੱਕ ਸਦੀਆਂ ਵਿੱਚ ਰੁੱਝੀ ਹੋਈ ਸੀ। ਕਿਰਸਾਣ ਦੁੱਧ ਚੋਂਦੇ, ਜਾਂਦੇ ਤੇ ਆਉਂਦੇ ਸਦਾ ਇਸ ਡਰ ਨਾਲ ਘਬਰਾਏ ਹੋਏ ਕਿ ਠੱਗੇ ਨਾ ਜਾਣ, ਕੋਈ ਫ਼ੈਸਲਾ ਕਰਨ ਦਾ ਹੀਆ ਨਾ ਕਰਦੇ, ਵੇਚਣ ਵਾਲੇ ਦੀਆਂ ਅੱਖਾਂ ਵਿੱਚ ਵੇਖਦੇ ਸਦਾ ਮਨੁੱਖੀ ਚਲਾਕੀ ਅਤੇ ਜਾਨਵਰ ਦੀ ਕਮਜ਼ੋਰੀ ਫੜਨ ਦੀ ਕੋਸਿਸ਼ ਕਰਦੇ।

ਔਰਤਾਂ ਨੇ ਆਪਣੀਆਂ ਬਾਸਕਟਾਂ ਨੂੰ ਪੈਰਾਂ ਵਿੱਚ ਰੱਖ ਕੇ ਮੁਰਗੇ ਮੁਰਗੀਆਂ ਨੂੰ ਬਾਹਰ ਕੱਢਿਆ ਜੋ ਇਕੱਠੇ ਬੰਨ੍ਹੇ ਹੋਏ, ਪੈਰਾਂ ਨਾਲ ਡਰਦੀਆਂ ਅੱਖਾਂ ਨਾਲ ਅਤੇ ਕਿਰਮਚੀ ਕਲਗੀਆਂ ਨਾਲ ਜ਼ਮੀਨ ’ਤੇ ਪਏ ਸਨ।

ਉਹ ਮੁਲ ਸੁਣਦੀਆਂ, ਖੁਸ਼ਕ ਭਾਵ ਵਿੱਚ ਕੋਰੇ ਚਿਹਰੇ ਨਾਲ ਕੀਮਤਾਂ ਦੱਸਦੀਆਂ, ਜਾਂ ਸ਼ਾਇਦ ਅਚਾਨਕ ਕਹੀ ਗਈ ਘੱਟ ਕੀਮਤ ਤੇ ਮੰਨਦੀਆਂ ਹੋਈਆਂ ਗਾਹਕ ਨੂੰ ਵਾਜ ਮਾਰਦੀਆਂ ਜੋ ਹੌਲੀ ਹੌਲੀ ਦੂਰ ਜਾ ਰਿਹਾ ਹੁੰਦਾ, “ਠੀਕ ਹੈ ਮੇਟਰ ਮਾਥਰੀਨ ਮੈਂ ਇਸੇ ਕੀਮਤ ਉੱਤੇ ਤੈਨੂੰ ਦੇ ਦਿਆਂਗੀ।"

ਤਾਂ ਹੌਲੀ ਹੌਲੀ ਮੰਡੀ ਖ਼ਾਲੀ ਹੋ ਗਈ ਅਤੇ ਜਦੋਂ ਦੁਪਹਿਰੇ ਚਰਚ ਦੀ ਘੰਟੀ ਵੱਜੀ ਜੋ ਕਾਫ਼ੀ ਚਿਰ ਤੋਂ ਖੜੇ ਸਨ ਆਪੋ ਆਪਣੀਆਂ ਦੁਕਾਨਾਂ ’ਤੇ ਚਲੇ ਗਏ।

ਜੌਰਡੀਅਨ ਵਿੱਚ ਵੱਡਾ ਕਮਰਾ ਆ ਰਹੇ ਲੋਕਾਂ ਨਾਲ ਭਰਿਆ ਪਿਆ ਸੀ ਜਿਵੇਂ ਕਿ ਵੱਡੀ ਕਚਹਿਰੀ ਹਰ ਕਿਸਮ ਦੀਆਂ ਸਵਾਰੀਆਂ ਨਾਲ ਭਰੀ ਹੋਵੇ, ਗੱਡੇ ਟਮਟਮ ਵੈਗਨ, ਢੇਰ ਚੁੱਕਣ ਵਾਲੇ ਗੱਡੇ ਮੈਲ਼ ਨਾਲ ਪੀਲੇ ਹੋਏ, ਮੁਰੰਮਤ ਕੀਤੇ ਹੋਏ ਅਤੇ ਗੰਢੇ ਹੋਏ, ਦੋ ਸਾਂਗਾਂ ਵਾਂਗ ਸ਼ੈਫਟਾਂ ਅਸਮਾਨ ਵੱਲ ਚੁੱਕੀ; ਜਾਂ ਸ਼ਾਇਦ ਸ਼ੈਫਟਾਂ

ਜ਼ਮੀਨ 'ਤੇ ਰੱਖੀ ਅਤੇ ਪਿੱਠਾਂ ਉੱਪਰ ਵੱਲ ਕਰੀ। ਮੇਜ਼ ਉੱਤੇ ਬੈਠੇ ਖਾਣਾ ਖਾਣ ਵਾਲਿਆਂ ਦੇ ਬਿਲਕੁਲ ਸਾਹਮਣੇ, ਵੱਡੀ ਭੱਠੀ ਵਿੱਚ ਅੰਗਾਰੇ ਭਖ਼ ਰਹੇ ਸਨ, ਸੱਜੇ ਪਾਸੇ ਦੀ ਕਤਾਰ ਵਿਚਲੇ ਲੋਕਾਂ ਦੀਆਂ ਪਿੱਠਾਂ ਨੂੰ ਕਾਂਡੀ ਗਰਮਾ ਰਹੀ ਸੀ। ਤਿੰਨ ਸੀਖਾਂ ਪਲਟੀਆਂ ਜਾ ਰਹੀਆਂ ਸਨ ਜਿਨ੍ਹਾਂ ਦੇ ਉੱਤੇ ਚੂਚੇ, ਕਬੂਤਰ, ਮਾਸ ਦੇ ਪੱਠੇ; ਅਤੇ ਭੁੰਨੇ ਹੋਏ ਗੋ ਮਾਸ ਦੀ ਭੁੱਖ ਲਾਉਣ ਵਾਲੀ ਮਹਿਕ, ਚੁੱਲ੍ਹੇ ਵਿੱਚੋਂ ਸੁੰਦਰ ਸਾਂਵਲੀ ਚਮੜੀ 'ਤੇ ਚੋ ਰਿਹਾ ਸੋਰਬਾ, ਨੇ ਰੰਗੀਲੇਪਣ ਵਿੱਚ ਵਾਪਸ ਕੀਤਾ ਅਤੇ ਹਰ ਇਕ ਦੇ ਮੂੰਹ ਵਿੱਚ ਪਾਣੀ ਭਰ ਦਿੱਤਾ।

ਸਭ ਅਮੀਰ ਕਿਰਸਾਨ ਉੱਥੇ ਮੇਟਰ ਕੌਰਤੀਅਨ ਦੇ ਖਾਣਾ ਖਾਂਦੇ ਸਨ ਠੇਕੇਦਾਰ ਘੋੜਿਆਂ ਦੇ ਵਪਾਰੀ ਅਤੇ ਪੈਸੇ ਵਾਲੇ ਗੁੰਡੇ।

ਪਲੇਟਾਂ ਆਉਂਦੀਆਂ ਤੇ ਖ਼ਾਲੀ ਹੋ ਜਾਂਦੀਆਂ ਇਸ ਤਰ੍ਹਾਂ ਪੀਲੇ ਸਿਉ ਰਸ ਦੇ ਜੱਗ। ਹਰ ਕੋਈ ਆਪਣੀਆਂ ਗੱਲਾਂ ਦੱਸਦਾ ਸੀ, ਖ਼ਰੀਦਦੀਆਂ ਅਤੇ ਵੇਚਦੀਆਂ। ਉਹ ਫ਼ਸਲਾਂ ਦੀਆਂ ਗੱਲਾਂ ਕਰਦੇ। ਮੌਸਮ ਹਰੀਆਂ ਫ਼ਸਲਾਂ ਲਈ ਤਾਂ ਠੀਕ ਸੀ ਪਰ ਕਣਕ ਲਈ ਚੰਗਾ ਨਹੀਂ ਸੀ।

ਅਚਾਨਕ ਸਦਨ ਦੇ ਸਾਹਮਣੇ ਕਚਹਿਰੀ ਵਿੱਚ ਢੋਲ ਵੱਜਿਆ। ਕੁਝ ਬੇਪਰਵਾਹ ਬੰਦਿਆਂ ਤੋਂ ਬਿਨਾਂ ਸਭ ਉੱਠ ਖੜੇ ਹੋਏ। ਭਰੇ ਹੋਏ ਮੂੰਹਾਂ ਦੇ ਨਾਲ ਹੱਥਾਂ ਵਿੱਚ ਪਰਨੇ ਫੜੀ ਸਭ ਦਰਵਾਜ਼ੇ ਅਤੇ ਖਿੜਕੀਆਂ ਵੱਲ ਭੱਜੇ।

ਹੋਕਾ ਦੇਣ ਵਾਲੇ ਨੇ ਢੋਲ ਬਜਾਉਣ ਤੋਂ ਪਿੱਛੋਂ ਝੰਜੋੜ ਦੇਣ ਵਾਲੀ ਆਵਾਜ਼ ਵਿੱਚ ਬੰਨੇਮੇ ਫ਼ਗੇ ਨਾਲ ਆਪਣੇ ਅਖਾਣ ਵਰਤ ਕੇ ਕਿਹਾ "ਕਾਫਰਵਿਲ ਵਾਸੀਆਂ ਨੂੰ ਅਤੇ ਮੰਡੀ ਵਿੱਚ ਹਾਜ਼ਰ ਸਭ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੈਨਜ਼ੇਵਿਲ ਨੂੰ ਜਾਣ ਵਾਲੀ ਸੜਕ ਦੇ ਉੱਤੇ ਇਕ ਕਾਲੇ ਚਮੜੇ ਦੀ ਪਾਕਟਬੁਕ ਜਿਸ ਵਿੱਚ ਪੰਜ ਸੌ ਫਰੈਂਕ ਅਤੇ ਕੁੱਝ ਕਾਗ਼ਜ਼ ਪੱਤਰ ਹਨ ਗੁੰਮ ਹੋ ਗਈ ਹੈ। ਲੱਭਣ ਵਾਲੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਉਸ ਨੂੰ ਛੇਤੀ ਤੋਂ ਛੇਤੀ ਮੇਅਰ ਦੇ ਦਫ਼ਤਰ ਜਾਂ ਮੈਨੀਵਿਲੇ ਦੇ ਮੇਇਟਰ ਫਾਰਚੂਨ ਹਾਊਲ ਬਰੀਕ ਨੂੰ ਵਾਪਸ ਕਰ ਦੇਵੇ। ਇਸ ਗੱਲ ਲਈ ਵੀਹ ਫਰੈਂਕ ਇਨਾਮ ਦਿੱਤਾ ਜਾਵੇਗਾ।"

ਤਾਂ ਉਹ ਮਨੁੱਖ ਚਲਾ ਗਿਆ ਢੋਲ ਦਾ ਖੜਕਾ ਅਤੇ ਹੋਕਾ ਦੇਣ ਵਾਲੇ ਦੀ ਆਵਾਜ਼ ਫੇਰ ਦੂਰ ਸੁਣਾਈ ਦਿੱਤੀ। ਫੇਰ ਉਹ ਇਸ ਘਟਨਾ ਬਾਰੇ ਚਰਚਾ ਕਰਨ ਲੱਗੇ ਕਿੰਨੀ ਮੇਟਰ ਹਾਉਲਬਰੀਕ ਨੂੰ ਉਸ ਦੀ ਪਾਕਟ ਬੁੱਕ ਲੱਭ ਜਾਵੇਗੀ ਜਾਂ ਨਹੀਂ।

ਅਤੇ ਖਾਣਾ ਮੁੱਕ ਗਿਆ। ਉਹ ਕਾਫ਼ੀ ਪੀ ਰਹੇ ਸਨ ਜਦੋਂ ਇਕ ਸਿਪਾਹੀਆਂ ਦਾ ਮੁਖੀ ਦਲੀਜ਼ ਉੱਤੇ ਆ ਖਲੋਤਾ।

ਉਸ ਨੇ ਪੁੱਛਿਆ "ਕੀ ਬਰੀਊਟ ਦਾ ਮੇਟਰ ਹਾਊਚੀਕਮ ਇੱਥੇ ਹੈ?"

ਮੇਟਰ ਹਾਊਚੀਕਮ, ਮੇਜ਼ ਦੇ ਦੂਜੇ ਸਿਰੇ ਬੈਠਾ ਬੋਲਿਆ "ਮੈਂ ਬੈਠਾ ਹਾਂ"

ਉਹ ਅਫ਼ਸਰ ਫੇਰ ਬੋਲਿਆ "ਮੇਟਰ ਹਾਊਚੀਕਮ ਕੀ ਤੁਸੀਂ ਮੇਰੇ ਨਾਲ ਮੇਅਰ ਦੇ ਦਫ਼ਤਰ ਜਾਣ ਦੀ ਖੇਚਲ ਕਰੋਗੇ? ਮੇਅਰ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹੈ।”

ਕਿਰਸਾਨ ਹੈਰਾਨੀ ਵਿੱਚ ਘਾਬਰ ਗਿਆ ਅਤੇ ਬਰਾਂਡੀ ਦਾ ਨਿੱਕਾ ਜਿਹਾ ਗਲਾਸ ਇੱਕੋ ਘੁੱਟ ਵਿੱਚ ਪੀ ਕੇ ਉੱਠ ਖਲੋਤਾ, ਸਵੇਰ ਨਾਲ ਵੀ ਜ਼ਿਆਦਾ ਝੁਕਿਆ ਹੋਇਆ, ਕਿਉਂਕਿ ਅਰਾਮ ਤੋਂ ਪਿੱਛੋਂ ਪਹਿਲੇ ਕਦਮ ਵਿਸ਼ੇਸ਼ ਕਰਕੇ ਔਖੇ ਹੁੰਦੇ ਹਨ, ਬਾਰ ਬਾਰ ਇਹ ਕਹਿੰਦਾ ਰਿਹਾ 'ਮੈਂ ਇੱਥੇ ਹਾਂ, ਮੈਂ ਇੱਥੇ ਹਾਂ।'

ਮੇਅਰ ਉਸ ਨੂੰ ਬਾਂਹਾਂ ਵਾਲੀ ਕੁਰਸੀ ’ਤੇ ਬੈਠਾ ਉਡੀਕ ਰਿਹਾ ਸੀ। ਉਹ ਗੁਆਂਢ ਦੇ ਇਲਾਕੇ ਦਾ ਨਾਜ਼ਰ ਰਜਿਸਟਰ ਸੀ ਇਕ ਤਕੜਾ ਅਤੇ ਗੰਭੀਰ ਆਦਮੀ, ਲੱਛੇਦਾਰ ਅਖਾਣਾਂ ਵਾਲਾ ਸੀ।

“ਮੇਟਰ ਹਾਊਚੀਕਮ" ਉਸ ਨੇ ਕਿਹਾ "ਤੂੰ ਅੱਜ ਸਵੇਰੇ ਬੈਨਜ਼ੈਵਿਲ ਨੂੰ ਜਾਣ ਵਾਲੀ ਸੜਕ ਮੈਨੇਵਿਲੇ ਦੇ ਮੇਟਰ ਹਾਉਲਬਰੀਕ ਦੀ ਗੁੰਮੀ ਹੋਈ ਪਾਕਟ ਬੁੱਕ ਚੁੱਕਦਾ ਵੇਖਿਆ ਗਿਆ ਹੈ।"

ਪੇਂਡੂ ਚੌਂਕਿਆ ਉਸ ਦੇ ਜਾਣਨ ਤੋਂ ਬਿਨਾਂ ਕਿ ਕਿਉਂ ਉਸ ਉੱਤੇ ਸ਼ੱਕ ਕੀਤਾ ਜਾ ਰਿਹਾ ਹੈ। ਉਹ ਡਰਿਆ ਹੋਇਆ ਮੇਅਰ ਵੱਲ ਦੇਖਣ ਲੱਗਿਆ।

"ਮੈਂ ਮੈਂ ਮੈਂ ਚੁੱਕੀ ਹੈ ਪਾਕਟ ਬੁੱਕ ?"

"ਜਨਾਬ ਮੈਨੂੰ ਤਾਂ ਪਤਾ ਵੀ ਨਹੀਂ।"

"ਤੂੰ ਦੇਖਿਆ ਗਿਆ ਹੈ।"

"ਮੈਂ ਦੇਖਿਆ ਗਿਆ ਹਾਂ, ਮੈਂ? ਕੌਣ ਕਹਿੰਦਾ ਹੈ ਉਸ ਨੇ ਮੈਨੂੰ ਦੇਖਿਆ ਹੈ ?

"ਮੌਨਸੀਅਰ ਮੈਲਨਡੇਇਨ ਜੋਤਰੇ ਬਣਾਉਣ ਵਾਲਾ"

ਬੁੱਢੇ ਨੂੰ ਯਾਦ ਆ ਗਿਆ, ਸਮਝ ਗਿਆ ਅਤੇ ਗ਼ੁੱਸੇ ਨਾਲ ਉਸ ਦਾ ਮੂੰਹ ਲਾਲ ਹੋ ਗਿਆ।" ਓ, ਉਸ ਪੇਂਡੂ ਨੇ ਮੈਨੂੰ ਮੈਨੂੰ ਰੱਸੀ ਚੁੱਕਦਿਆਂ ਦੇਖਿਆ ਹੈ ਮੇਅਰ ਸਾਹਿਬ" ਅਤੇ ਜੇਬ ਵਿੱਚੋਂ ਫੋਲਾ ਫਾਲੀ ਕਰਕੇ ਉਸ ਨੇ ਰੱਸੀ ਦਾ ਟੁੱਕੜਾ ਕੱਢਿਆ।

ਪਰ ਮੇਅਰ ਨੇ ਸ਼ੱਕ ਵਿੱਚ ਸਿਰ ਹਿਲਾਇਆ

"ਤੂੰ ਮੈਨੂੰ ਯਕੀਨ ਨਹੀਂ ਕਰਵਾ ਸਕੇਗਾ ਮੇਟਰ ਹਾਉਚੀਕਮ ਕਿ ਮੌਨਸੀਅਰ ਮੈਲਨਡੇਇਨ ਵਰਗਾ ਇਤਬਾਰ ਵਾਲਾ ਬੰਦਾ ਰੱਸੀ ਨੂੰ ਪਾਕਟ ਬੁੱਕ ਸਮਝ ਸਕਦਾ ਹੈ।"

ਕਿਰਸਾਣ ਨੇ ਬਾਰ ਬਾਰ ਇਹ ਕਹਿੰਦੇ ਹੋਏ ਗ਼ੁੱਸੇ ਵਿੱਚ ਹੱਥ ਚੁੱਕਿਆ, ਅਤੇ ਆਪਣੀ ਇੱਜ਼ਤ ਨੂੰ ਰੱਖਣ ਲਈ ਇਕ ਪਾਸੇ ਥੁੱਕਿਆ "ਇਹ ਫੇਰ ਵੀ ਰੱਬੀ ਸੱਚਾਈ ਹੈ, ਪਵਿੱਤਰ ਸੱਚਾਈ ਮੇਅਰ ਐੱਮ ਸਿਉ ਮੈਂ ਇਸ ਨੂੰ ਆਪਣੀ ਆਤਮਾ ਅਤੇ ਆਪਣੇ ਕਲਿਆਣ ਦੀ ਸੌਂਹ ਖਾ ਕੇ ਕਹਿੰਦਾ ਹਾਂ।"

ਮੇਅਰ ਨੇ ਫੇਰ ਕਿਹਾ "ਉਹ ਚੀਜ਼ ਚੁੱਕ ਕੇ ਤੂੰ ਫੇਰ ਚਿੱਕੜ ਵੱਲ ਝਾਕਦਾ ਰਿਹਾ ਇਹ ਦੇਖਣ ਲਈ ਕਿ ਕੋਈ ਪੈਸਾ ਡਿੱਗ ਨਾ ਪਿਆ ਹੋਵੇ !

ਨੇਕ ਬੁੱਢੇ ਆਦਮੀ ਦਾ ਗ਼ੁੱਸੇ ਅਤੇ ਡਰ ਨਾਲ ਗਲ਼ਾ ਭਰ ਗਿਆ।

"ਕੋਈ ਕਿਵੇਂ ਕਹਿ ਸਕਦਾ ਹੈ ਕੋਈ ਕਿਵੇਂ ਕਹਿ ਸਕਦਾ ਹੈ—ਕਿਸੇ ਦੀ ਬੇਇੱਜ਼ਤੀ ਕਰਨ ਲਈ ਅਜਿਹੇ ਝੂਠ ਜੋੜ ਸਕਦਾ ਹੈ ! ਕੋਈ ਕਿਵੇਂ ......."

ਉਸ ਦੇ ਵਿਰੋਧ ਦਾ ਕੋਈ ਫ਼ਾਇਦਾ ਨਹੀਂ ਸੀ; ਕੋਈ ਉਸ ਦਾ ਯਕੀਨ ਨਹੀਂ ਕਰਦਾ ਸੀ। ਉਸ ਦਾ ਮੌਨਸ਼ੀਅਰ ਮੈਲਨਡੇਇਨ ਨਾਲ ਸਾਹਮਣਾ ਹੋ ਗਿਆ ਜੋ

ਆਪਣੀ ਗੱਲ ਦੁਹਰਾ ਰਿਹਾ ਸੀ ਉਹ ਘੰਟਾ ਭਰ ਇਕ ਦੂਜੇ ਨੂੰ ਗਾਲ੍ਹਾਂ ਕੱਢਦੇ ਰਹੇ। ਉਸ ਦੀ ਆਪਣੀ ਬੇਨਤੀ ’ਤੇ ਮੇਟਰ ਹਾਊਚੀਕਮ ਦੀ ਤਲਾਸ਼ੀ ਲਈ ਗਈ; ਕੁਝ ਵੀ ਲੱਭ ਨਾ ਸਕਿਆ ਅਖ਼ੀਰ ਵਿੱਚ ਮੇਅਰ ਨੇ ਬਹੁਤ ਝੁੰਜਲਾ ਕੇ ਇਹ ਚਿਤਾਵਨੀ ਦਿੰਦੇ ਹੋਏ ਉਸ ਨੂੰ ਛੱਡ ਦਿੱਤਾ ਕਿ ਉਹ ਸਰਕਾਰੀ ਵਕੀਲ ਨਾਲ ਅਗਲੀ ਕਾਰਵਾਈ ਬਾਰੇ ਗੱਲ ਕਰੇਗਾ।

ਖ਼ਬਰ ਫੈਲ ਚੁੱਕੀ ਸੀ। ਜਦੋਂ ਉਹ ਮੇਅਰ ਦੇ ਦਫ਼ਤਰ ਵਿੱਚੋਂ ਨਿਕਲਿਆ ਤਾਂ ਉਸ ਨੂੰ ਲੋਕਾਂ ਨੇ ਘੇਰ ਲਿਆ, ਅਤੇ ਗੰਭੀਰ ਅਤੇ ਛੇੜਛਾੜ ਵਾਲੀ ਉਤਸੁਕਤਾ ਨਾਲ ਪ੍ਰਸ਼ਨ ਪੁੱਛਣ ਲੱਗੇ ਜਿਨ੍ਹਾਂ ਵਿੱਚ ਕੋਈ ਗ਼ੁੱਸਾ ਨਹੀਂ ਸੀ। ਉਹ ਰੱਸੀ ਦੀ ਕਹਾਣੀ ਦੱਸਣ ਲੱਗ ਪਿਆ। ਕਿਸੇ ਨੂੰ ਉਸ ਦਾ ਯਕੀਨ ਨਾ ਆਇਆ। ਉਹ ਉਸ ’ਤੇ ਹੱਸਣ ਲੱਗੇ।

ਉਹ ਨਾਲ ਨਾਲ ਤੁਰਦਾ ਗਿਆ ਆਪਣੇ ਦੋਸਤਾਂ ਨੂੰ ਖੜ੍ਹਾਉਂਦਾ ਨਿਰੰਤਰ ਆਪਣਾ ਬਿਆਨ ਆਪਣੇ ਉਜ਼ਰ ਸੁਣਾਉਂਦਾ ਆਪਣੀਆਂ ਜੇਬਾਂ ਅੰਦਰੋਂ ਫਰੋਲ ਕੇ ਦਿਖਾਉਂਦਾ ਇਹ ਸਿੱਧ ਕਰਨ ਲਈ ਕਿ ਉਸ ਕੋਲ ਕੁਝ ਨਹੀਂ। ਉਨ੍ਹਾਂ ਨੇ ਕਿਹਾ "ਬੁੱਢੇ ਗੁੰਡੇ ਬਾਹਰ ਚਲਾ ਜਾਹ!"

ਅਤੇ ਉਹ ਗ਼ੁੱਸੇ ਹੋ ਗਿਆ, ਨਾ ਯਕੀਨ ਕੀਤੇ ਜਾਣ ਕਾਰਨ ਖਿਝ ਕੇ ਗਰਮ ਹੋ ਕੇ, ਤੰਗ ਹੋ ਕੇ ਇਹ ਜਾਣੇ ਬਿਨਾਂ ਕਿ ਕੀ ਕਰਨਾ ਹੈ ਉਹ ਆਪਣੀ ਗੱਲ ਵਾਰ ਵਾਰ ਕਹਿੰਦਾ ਰਿਹਾ।

ਰਾਤ ਆਈ ਉਸ ਨੂੰ ਜ਼ਰੂਰ ਜਾਣਾ ਚਾਹੀਦਾ ਹੈ। ਉਹ ਤਿੰਨ ਗੁਆਂਢੀਆਂ ਨਾਲ ਚੱਲ ਪਿਆ ਜਿਨ੍ਹਾਂ ਨੂੰ ਉਸ ਨੇ ਉਹ ਥਾਂ ਦਿਖਾਈ ਜਿੱਥੇ ਉਸ ਨੇ ਰੱਸੀ ਦਾ ਟੁਕੜਾ ਚੁੱਕਿਆ ਸੀ ਅਤੇ ਸਾਰਾ ਰਸਤਾ ਆਪਣੇ ਖ਼ਤਰਾ ਸਹੇੜਨ ਬਾਰੇ ਬੋਲਦਾ ਰਿਹਾ।

ਸ਼ਾਮ ਨੂੰ ਉਹ ਸਾਰਿਆਂ ਨੂੰ ਦੱਸਣ ਲਈ ਪਿੰਡ ਬਰੀਊਟ ਵੱਲ ਮੁੜਿਆ ਉਸ ’ਤੇ ਸਿਰਫ਼ ਸ਼ੱਕ ਕੀਤਾ ਗਿਆ ਸੀ।

ਇਸ ਨਾਲ ਉਹ ਰਾਤ ਨੂੰ ਬਿਮਾਰ ਹੋ ਗਿਆ।

ਅਗਲੇ ਦਿਨ 1 ਵਜੇ ਦੇ ਲਗਭਗ ਦੁਪਹਿਰ ਤੋਂ ਪਿੱਛੋਂ ਮੇਰੀਅਸ ਪੌਮਿਲੇ, ਮੇਟਰ ਬਰੀਟਨ, ਯਮਨ ਵਿਲੇ ਦੇ ਇਕ ਕਿਰਸਾਣ ਦੇ ਨੌਕਰ ਨੇ ਪਾਕਟ ਬੁੱਕ ਅਤੇ ਚੀਜ਼ਾਂ ਮੈਨੀਵਲੇ ਦੇ ਮੇਟਰ ਹਾਉਲ ਬਰੀਕ ਨੂੰ ਮੋੜ ਦਿੱਤੀਆਂ।

ਉਸ ਆਦਮੀ ਨੇ ਦਾਅਵਾ ਕੀਤਾ ਕਿ ਇਹ ਚੀਜ਼ਾਂ ਉਸ ਨੂੰ ਸੜਕ ਉੱਤੇ ਲੱਭੀਆਂ ਹਨ; ਪਰ ਪੜ੍ਹਨਾ ਨਾ ਜਾਣਦੇ ਹੋਏ ਉਹ ਇਨ੍ਹਾਂ ਨੂੰ ਘਰ ਲੈ ਗਿਆ ਅਤੇ ਆਪਣੇ ਮਾਲਕ ਨੂੰ ਦੇ ਦਿੱਤੀਆਂ।

ਗਵਾਂਢ ਵਿੱਚੋਂ ਖ਼ਬਰ ਫ਼ੈਲ ਗਈ ਮੇਟਰ ਹਾਉਚੀਕਮ ਨੂੰ ਵੀ ਇਸ ਦਾ ਪਤਾ ਚੱਲ ਗਿਆ। ਉਹ ਤੁਰੰਤ ਸਾਰਕਟ ਵਿੱਚ ਗਿਆ ਅਤੇ ਸੁਖਾਂਤ ਵਿੱਚ ਆਪਣੀ ਮੁਕੰਮਲ ਹੋਈ ਕਹਾਣੀ ਸੁਣਾਉਣ ਲੱਗ ਪਿਆ। ਉਹ ਜਿੱਤਿਆ ਹੋਇਆ ਸੀ ਉਹ ਆਪਣੀ ਇਹ ਗੱਲ ਸਾਰਾ ਦਿਨ ਕਰਦਾ ਰਿਹਾ। ਉਸ ਨੇ ਇਹ ਗੱਲ ਸੜਕ ਤੋਂ ਲੰਘਣ ਵਾਲਿਆਂ ਨੂੰ ਪੀ ਰਹੇ ਲੋਕਾਂ ਨੂੰ, ਅਤੇ ਚਰਚ ਤੋਂ ਬਾਹਰ ਆ ਰਹੇ ਲੋਕਾਂ ਨੂੰ ਸੀ ਉਹ ਆਪਣੀ ਇਹ ਗੱਲ ਲੰਘਣ ਵਾਲਿਆਂ ਨੂੰ ਠੇਕੇ ਵਿੱਚ ਵਿੱਚ ਪੀ ਰਹੇ ਲੋਕਾਂ ਨੂੰ ਸੁਣਾਈ। ਉਹ ਗੱਲ ਸੁਣਾਉਣ ਲਈ ਅਜਨਬੀਆਂ ਨੂੰ ਰੋਕ ਲੈਂਦਾ ! ਉਹ ਹੁਣ ਸ਼ਾਂਤ ਸੀ ਪਰ ਅਜੇ ਵੀ ਕੋਈ ਚੀਜ਼ ਉਸ ਨੂੰ ਬੇਚੈਨ ਕਰ ਰਹੀ ਸੀ ਜਿਸ ਦਾ ਉਸ ਨੂੰ ਸਹੀ ਪਤਾ ਨਹੀਂ ਸੀ। ਲੋਕ ਹਾਸੀ ਵਿੱਚ ਉਸ ਦੀ ਗੱਲ ਨੂੰ ਸੁਣਦੇ ਸਨ। ਉਨ੍ਹਾਂ ਨੂੰ ਯਕੀਨ ਨਹੀਂ ਆਇਆ ਲੱਗਦਾ ਸੀ। ਉਸ ਨੂੰ ਜਾਪਿਆ ਜਿਵੇਂ :- ਲੋਕ ਉਸ ਦੀ ਪਿੱਠ ਪਿੱਛੇ ਗੱਲਾਂ ਕਰਦੇ ਹੋਣ।

ਅਗਲੇ ਹਫ਼ਤੇ ਦੇ ਮੰਗਲਵਾਰ ਉਹ ਸਿਰਫ਼ ਇਸ ਮਾਮਲੇ ’ਤੇ ਗੱਲ ਕਰਨ ਦੀ ਤੀਬਰ ਇੱਛਾ ਕਾਰਣ ਗਾਡਰਵਿਲ ਦੇ ਬਾਜ਼ਾਰ ਵਿੱਚ ਗਿਆ।

ਮੈਲਨਡੇਇਨ ਜੋ ਦਰਵਾਜ਼ੇ ਵਿੱਚ ਖੜ੍ਹਾ ਸੀ, ਉਸ ਨੂੰ ਲੰਘਦੇ ਨੂੰ ਦੇਖ ਕੇ ਹੱਸ ਪਿਆ। ਕਿਉਂ ਉਹ ਕਰੀਕਿਉਟਟ ਦੇ ਇਕ ਕਿਰਸਾਣ ਕੋਲ ਗਿਆ, ਜਿਸ ਨੇ ਉਸ ਦੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਹੀ ਢਿੱਡ ਉੱਤੇ ਧੱਫਾ ਮਾਰਕੇ ਕਿਹਾ "ਤੂੰ ਮਹਾਂ ਬਦਮਾਸ਼।"

ਫੇਰ ਉਸ ਨੇ ਪਿੱਠ ਕਰ ਲਈ।

ਮੇਟਰ ਹਾਊਚੀਕਮ ਘਬਰਾਇਆ ਹੋਇਆ ਸੀ। ਉਸ ਨੂੰ ਬਦਮਾਸ਼ ਕਿਉਂ ਕਿਹਾ ਗਿਆ ਹੈ?

ਜੋਰਡੀਅਨ ਦੇ ਠੇਕੇ ਵਿੱਚ ਵਿੱਚ ਬੈਠ ਕੇ ਉਸ ਨੇ ਇਸ 'ਮਾਮਲੇ' ਦੀ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ।

ਮੋਨਵਿਲੀਅਰਜ਼ ਤੋਂ ਇਕ ਘੋੜਿਆਂ ਦੇ ਵਪਾਰੀ ਨੇ ਉਸ ਨੂੰ ਕਿਹਾ 'ਆ ਆ, ਨੌਸਰਬਾਜ਼ ਬੁੱਢਿਆ, ਇਹ ਪੁਰਾਣੀ ਚਲਾਕੀ ਹੈ; ਮੈਂ ਤੇਰੇ ਰੱਸੀ ਦੇ ਟੁਕੜੇ ਬਾਰੇ ਸਭ ਕੁਝ ਜਾਣਦਾ ਹਾਂ।'

ਹਾਊਚੀਕਮ ਥਥਲਾਇਆ "ਪਰ ਪਾਕਟ ਬੁੱਕ ਤਾਂ ਲੱਭ ਗਈ ਹੈ ਨਾ"

ਪਰ ਦੂਜੇ ਬੰਦੇ ਨੇ ਉੱਤਰ ਦਿੱਤਾ : “ਚੁੱਪ ਕਰ ਬਾਬਾ ਕਿਸੇ ਨੂੰ ਲੱਭਦੀ ਹੈ, ਤੇ ਕੋਈ ਹੋਰ ਸੂਚਨਾ ਦਿੰਦਾ ਹੈ, ਕੁਝ ਵੀ ਹੋਵੇ ਤੇਰਾ ਇਸ ਵਿੱਚ ਹੱਥ ਜ਼ਰੂਰ ਹੈ”

ਕਿਰਸਾਣਾਂ ਦਾ ਗਲ਼ਾ ਭਰ ਗਿਆ। ਉਹ ਸਮਝ ਗਿਆ ਉਹ ਉਸ ਉੱਤੇ ਆਪਣੇ ਜੁੰਡੀਦਾਰ ਸਹਿ-ਅਪ੍ਰਾਧੀ ਰਾਹੀਂ ਪਾਕਟ ਬੁੱਕ ਵਾਪਸ ਕਰਨ ਦਾ ਦੋਸ਼ ਲਾਉਂਦੇ ਹਨ।

ਉਸ ਨੇ ਵਿਰੋਧ ਵਿੱਚ ਕੁਝ ਕਹਿਣਾ ਚਾਹਿਆ ਮੇਜ਼ ’ਤੇ ਬੈਠੇ ਸਾਰੇ ਲੋਕ ਹੱਸ ਪਏ।

ਉਹ ਆਪਣਾ ਖਾਣਾ ਨਾ ਖਾ ਸਕਿਆ, ਅਤੇ ਝੇਡਾਂ ਸੁਣਦਾ ਹੋਇਆ ਉੱਠ ਗਿਆ।

ਉਹ ਸ਼ਰਮਿੰਦਾ ਅਤੇ ਖਿਝਿਆ ਹੋਇਆ, ਗ਼ੁੱਸੇ ਅਤੇ ਘਬਰਾਹਟ ਨਾਲ ਘੁਟਿਆ ਹੋਇਆ ਘਰ ਚਲਾ ਗਿਆ, ਬਹੁਤਾ ਉਚਾਟ ਇਸ ਕਰਕੇ ਸੀ ਕਿ ਉਹ ਆਪਣੀ ਨੌਰਮਨ ਚਲਾਕੀ ਨਾਲ ਉਹ ਕੁਝ ਕਰ ਸਕਣ ਦੇ ਸਮਰੱਥ ਸੀ, ਜੋ ਦੋਸ਼ ਉਹ ਉਸ ਉੱਤੇ ਲਾ ਰਹੇ ਸਨ ਅਤੇ ਇਸ ਦੀ ਚੰਗੀ ਫੜ੍ਹ ਵੀ ਉਹ ਮਾਰਦਾ ਸੀ। ਉਸ ਦੀ ਘਬਰਾਈ ਹੋਈ ਮਸੂਮੀਅਤ ਲਈ ਇਹ ਸਿੱਧ ਕਰ ਸਕਣਾ ਅਸੰਭਵ ਸੀ ਕਿਉਂਕਿ

ਉਸ ਦੀ ਚੁਸਤੀ ਤੋਂ ਲੋਕ ਜਾਣੂ ਸਨ। ਅਤੇ ਸੰਦੇਹ ਦੀ ਬੇਇਨਸਾਫ਼ੀ ਨਾਲ ਉਸ ਦੇ ਮਨ ’ਤੇ ਸੱਟ ਵੱਜੀ ਸੀ।

ਫੇਰ ਉਸ ਨੇ ਆਪਣੇ ਕਾਰਨਾਮੇ ਦੁਬਾਰਾ ਸੁਣਾਉਣੇ ਸ਼ੁਰੂ ਕੀਤੇ, ਰੋਜ਼ ਕਹਾਣੀ ਵਧਾ ਕੇ, ਹਰ ਵੇਲੇ ਨਵੀਂਆਂ ਦਲੀਲਾਂ ਸ਼ਾਮਲ ਕਰਕੇ ਹੋਰ ਵਧੇਰੇ ਸ਼ਕਤੀਸ਼ਾਲੀ ਵਿਰੋਧ ਅਤੇ ਗੰਭੀਰ ਸੌਂਹਾਂ ਚੁੱਕ ਕੇ, ਜਿਨ੍ਹਾਂ ਨੂੰ ਉਸ ਨੇ ਇਕਾਂਤ ਦੇ ਘੰਟਿਆਂ ਵਿੱਚ ਸੋਚਿਆ ਤੇ ਤਿਆਰ ਕਰਿਆ ਸੀ, ਉਸ ਦਾ ਸਾਰਾ ਮਨ ਰਸੀ ਦੀ ਕਹਾਣੀ ਵਿੱਚ ਲੱਗਿਆ ਹੋਇਆ ਸੀ ਉਸ ਨੂੰ ਥੋੜ੍ਹਾ ਬਹੁਤ ਯਕੀਨ ਹੋਇਆ ਕਿਉਂਕਿ ਓਸ ਦਾ ਬਚਾਉ ਬਹੁਤ ਗੁੰਝਲਦਾਰ ਅਤੇ ਦਲੀਲਬਾਜ਼ੀ ਬਹੁਤ ਸੂਖ਼ਮ ਸੀ।

"ਇਹ ਝੂਠੇ ਬਹਾਨੇ ਹਨ" ਉਹ ਉਸ ਦੀ ਪਿੱਠ ਪਿੱਛੇ ਕਹਿੰਦੇ।

ਉਸ ਨੇ ਇਹ ਗੱਲ ਮਹਿਸੂਸ ਕੀਤੀ, ਇਸ ਉੱਤੇ ਆਪਣਾ ਦਿਲ ਖਪਾ ਦਿੱਤਾ, ਅਤੇ ਅਸਫ਼ਲ ਯਤਨਾਂ ਨਾਲ ਆਪਣਾ ਆਪ ਥਕਾ ਦਿੱਤਾ। ਉਹ ਉਨ੍ਹਾਂ ਦੀਆ ਅੱਖਾਂ ਵਿੱਚ ਗਿਰ ਚੁੱਕਿਆ ਸੀ।

ਮਸ਼ਕਰੇ ਉਸ ਤੋਂ ਠੱਠਾ ਮਖ਼ੌਲ ਕਰਨ ਲਈ ਰੱਸੀ ਦੀਆਂ ਗੱਲਾਂ ਕਰਾਉਂਦੇ ਜਿਵੇਂ ਲੜਾਈ ਵਿੱਚ ਗਏ ਫ਼ੌਜੀ ਤੋਂ ਲੜਾਈ ਦੀਆਂ ਗੱਲਾਂ ਕਰਾਉਂਦੇ ਹਨ। ਉਸ ਦੇ ਦਿਮਾਗ਼ ’ਤੇ ਡੂੰਘਾ ਅਸਰ ਹੋਇਆ ਸੀ, ਅਤੇ ਕਮਜ਼ੋਰ ਹੋਣ ਲੱਗ ਪਿਆ। ਦਸੰਬਰ ਦੇ ਅਖ਼ੀਰ ਤੱਕ ਉਹ ਮੰਜੇ ਵਿੱਚ ਪੈ ਗਿਆ।

ਜਨਵਰੀ ਦੇ ਪਹਿਲੇ ਦਿਨਾਂ ਵਿੱਚ ਉਹ ਮਰ ਗਿਆ, ਅਤੇ ਆਪਣੀ ਮੌਤ ਦੀ ਜਦੋਂ ਜਹਿਦ ਦੇ ਸਰਸਾਮ ਵਿੱਚ ਉਹ ਆਪਣੀ ਬੇਗੁਨਾਹੀ ਦਾਅਵਾ ਕਰਦਾ ਰਿਹਾ ਅਤੇ ਵਾਰ ਵਾਰ ਕਹਿੰਦਾ ਰਿਹਾ "ਇਕ ਰੱਸੀ ਦਾ ਟੁਕੜਾ, ਇਕ ਰੱਸੀ ਦਾ ਟੁਕੜਾ ਮੇਅਰ ਐੱਮ ਸਿਉ ਇਹ ਦੇਖ।"

# ਇਕ ਕਿਸਾਨ ਲੜਕੀ ਦੀ ਕਹਾਣੀ

ਜਿਹਾ ਕਿ ਮੌਸਮ ਬਹੁਤ ਸੁਹਾਵਣਾ ਸੀ ਖੇਤ ਵਿੱਚ ਲੋਕਾਂ ਨੇ ਹਰ ਰੋਜ਼ ਨਾਲੋਂ ਜਲਦੀ ਰੋਟੀ ਖਾ ਲਈ ਸੀ ਅਤੇ ਖੇਤਾਂ ਵੱਲੋਂ ਵਾਪਸ ਆ ਗਏ ਸਨ।

ਇਕ ਨੌਕਰਾਣੀ ਰੋਜ਼ ਵੱਡੇ ਰਸੋਈ ਘਰ ਵਿੱਚ ਇਕੱਲੀ ਰਹਿ ਗਈ ਸੀ, ਜਿੱਥੇ ਚੁੱਲ੍ਹੇ ਵਿੱਚ ਗਰਮ ਪਾਣੀ ਦੇ ਬਰਤਨ ਹੇਠਾਂ ਅੱਗ ਬੁਝ ਰਹੀ ਸੀ। ਸਮੇਂ ਸਮੇਂ ਉਹ ਉਸ ਵਿੱਚੋਂ ਪਾਣੀ ਲੈ ਰਹੀ ਸੀ ਅਤੇ ਹੌਲੀ ਹੌਲੀ ਪਲੇਟਾਂ ਅਤੇ ਪਿਆਲੀਆਂ ਬਰਤਨ ਸਾਫ਼ ਕਰ ਰਹੀ ਸੀ ਕਦੀ ਕਦੀ ਖਿੜਕੀ ਵਿੱਚੋਂ ਰੋਸ਼ਨੀ ਦੀਆਂ ਆ ਰਹੀਆਂ ਦੋ ਕਿਰਨਾਂ ਵੇਖਣ ਲਈ ਰੁਕ ਜਾਂਦੀ ਸੀ ਜਿਨ੍ਹਾਂ ਤੋਂ ਸ਼ੀਸ਼ੇ ਦੇ ਨੁਕਸ ਦਾ ਪਤਾ ਲੱਗਦਾ ਸੀ।

ਤਿੰਨ ਚੁਸਤ ਮੁਰਗੀਆਂ ਕੁਰਸੀਆਂ ਦੇ ਹੇਠਾਂ ਜਾ ਜਾ ਕੇ ਚੋਗਾ ਚੁਗ ਰਹੀਆਂ ਸਨ ਜਦੋਂ ਕਿ ਮੁਰਗੀਆਂ ਵਾਲੇ ਵਿਹੜੇ ਵਿੱਚੋਂ ਦਰਵਾਜ਼ਾ ਖੁੱਲ੍ਹਾ ਹੋਣ ਕਰਕੇ ਗਾਵਾਂ ਦੀ ਖੁਰਲੀ ਤੋਂ ਵੀ ਜ਼ਿਆਦਾ ਮੁਸ਼ਕ ਆ ਰਹੀ ਸੀ, ਅਤੇ ਇਕ ਪਾਸੇ ਤੋਂ ਮੁਰਗਾ ਬੋਲਦਾ ਸੁਣਾਈ ਦੇ ਰਿਹਾ ਸੀ।

ਜਦੋਂ ਉਸ ਨੇ ਕੰਮ ਖ਼ਤਮ ਕਰ ਲਿਆ ਤਾਂ ਮੇਜ਼ ਸਾਫ਼ ਕੀਤੀ, ਅੰਗੀਠੀ ਵੀ ਸਾਫ਼ ਕੀਤੀ ਅਤੇ ਪਲੇਟਾਂ ਉੱਚੇ ਫੱਟੇ 'ਤੇ ਰੱਖ ਦਿੱਤੀਆਂ ਜੋ ਲੱਕੜੀ ਦੇ ਕਲਾਕ ਦੇ ਨਾਲ ਹੀ ਸੀ; ਉਸ ਨੇ ਲੰਮਾ ਸਾਹ ਲਿਆ, ਜਿਵੇਂ ਅਣਜਾਣੇ ਹੀ ਉਹ ਤੰਗ ਹੋ ਗਈ ਹੋਵੇ।

ਉਸ ਨੇ ਕਾਲੀ ਮਿੱਟੀ ਦੀਆਂ ਕੱਚੀਆਂ ਕਾਲੀਆ ਕੰਧਾਂ ਵੱਲ ਵੇਖਿਆ ਬਾਲੇ ਵੀ ਧੂੰਏਂ ਨਾਲ ਕਾਲੇ ਹੋ ਗਏ ਸਨ ਜਿਨ੍ਹਾਂ ਵਿੱਚ ਮੱਕੜੀ ਦੇ ਜਾਲੇ ਲਟਕ ਕੇ

ਪਿਆਜ਼ ਨੂੰ ਵੀ ਲੱਗ ਗਏ ਸਨ ਅਤੇ ਫਿਰ ਉਹ ਬੈਠ ਗਈ, ਫ਼ਰਸ਼ ਤੋਂ ਆ ਰਹੀ ਬਦਬੋ ਦਾ ਧਿਆਨ ਨਾ ਕੀਤਾ ਜੋ ਕਿ ਬਹੁਤ ਸਾਰੀਆਂ ਚੀਜ਼ਾਂ ਡੁੱਲ੍ਹਣ ਕਰਕੇ ਆ ਰਹੀ ਸੀ। ਇੰਨੇ ਨਾਲ ਹੀ ਦੁੱਧ ਦੇ ਬਰਤਨਾਂ ਦੀ ਹਵਾੜ੍ਹ ਵੀ ਮਿਲ ਗਈ ਸੀ, ਜਿਹੜਾ ਕਿ ਡੇਅਰੀ ਤੋਂ ਕਰੀਮ ਕਢਾਉਣ ਲਈ ਰੱਖੇ ਗਏ ਸਨ। ਉਹ ਰੋਜ਼ ਦੀ ਤਰ੍ਹਾਂ ਸਿਲਾਈ ਕਰਨਾ ਚਾਹੁੰਦੀ ਸੀ ਪਰ ਉਹ ਇਸ ਯੋਗ ਨਹੀਂ ਮਹਿਸੂਸ ਕਰ ਰਹੀ ਸੀ। ਇਸ ਲਈ ਉਹ ਦਰਵਾਜ਼ੇ ’ਤੇ ਤਾਜ਼ੀ ਹਵਾ ਲੈਣ ਵਾਸਤੇ ਗਈ ਜੋ ਉਸ ਨੂੰ ਚੰਗੀ ਲੱਗੀ।

ਮੁਰਗੇ ਗੋਹੇ ਦੇ ਢੇਰ ’ਤੇ ਪਏ ਸਨ, ਉਨ੍ਹਾਂ ਵਿੱਚੋਂ ਕੁਝ ਉਸ ਨੂੰ ਇਕ ਪੰਜੇ ਨਾਲ ਕੀੜੇ ਲੱਭਣ ਲਈ ਫਰੋਲ ਰਹੇ ਸਨ ਜਦੋਂ ਕਿ ਮੁਰਗਾ ਉਨ੍ਹਾਂ ਵਿੱਚ ਮਾਣ ਨਾਲ ਖੜ੍ਹਾ ਸੀ। ਕਦੇ ਕਦੇ ਉਹ ਉਹਨਾਂ ਵਿੱਚੋਂ ਕਿਸੇ ਦੇ ਦੁਆਲੇ ਚੱਕਰ ਕੱਟਦਾ ਇਸ ਤਰ੍ਹਾਂ ਕਰਨ ’ਤੇ ਮੁਰਗੀ ਬੜੀ ਲਾਪਰਵਾਹੀ ਨਾਲ ਉੱਠੀ ਜਦੋਂ ਉਸ ਦਾ ਧਿਆਨ ਮੁਰਗੇ ’ਤੇ ਪਿਆ ਆਪਣੀਆਂ ਲੱਤਾਂ ਦੇ ਸਹਾਰੇ ਖੜ੍ਹੇ ਹੋ ਕੇ ਉਸ ਨੇ ਆਪਣੇ ਖੰਭਾਂ ’ਤੇ ਮੁਰਗੇ ਨੂੰ ਸਹਾਰਿਆ ਅਤੇ ਮਿੱਟੀ ਝਾੜਨ ਲਈ ਆਪਣੇ ਖੰਭ ਹਿਲਾਏ ਫਿਰ ਗੋਹੇ ਦੇ ਢੇਰ ਉੱਤੇ ਬਾਹਰ ਵੱਲ ਲੇਟ ਗਈ ਜਦੋਂ ਕਿ ਮੁਰਗੇ ਨੇ ਖ਼ੁਸ਼ੀ ਵਿੱਚ ਬਾਗ਼ਾਂ ਦਿੱਤੀਆਂ ਅਤੇ ਨਾਲ ਵਾਲੇ ਫਾਰਮ ਦੇ ਮੁਰਗਿਆਂ ਨੇ ਉਸ ਦਾ ਜੁਆਬ ਦਿੱਤਾ ਜਿਵੇਂ ਉਹ ਉਸ ਨੂੰ ਆਪਣੇ ਆਪਣੇ ਫਾਰਮਾਂ ਤੋਂ ਵੰਗਾਰ ਰਹੇ ਹੋਣ।

ਲੜਕੀ ਨੇ ਉਨ੍ਹਾਂ ਨੂੰ ਬਿਨਾਂ ਸੋਚੇ ਸਮਝੇ ਵੇਖਿਆ : ਫਿਰ ਉਸ ਨੇ ਜਦੋਂ ਆਪਣੀਆਂ ਅੱਖਾਂ ਚੁੱਕ ਕੇ ਵੇਖਿਆ ਤਾਂ ਸੇਬ ਦੇ ਦਰੱਖ਼ਤਾਂ ’ਤੇ ਬਹਾਰ ਵੇਖ ਕੇ ਬਿਲਕੁਲ ਹੈਰਾਨ ਹੋ ਗਈ ਜੋ ਕਿ ਸਾਰੇ ਦੇ ਸਾਰੇ ਸਫ਼ੈਦ ਸਿਰਾਂ ਦੀ ਤਰ੍ਹਾਂ ਲੱਗ ਰਹੇ ਸਨ। ਫਿਰ ਇਕ ਅੱਲ੍ਹੜ ਆਦਮੀ ਨੱਚਦਾ ਟੱਪਦਾ ਉਸ ਦੇ ਪਿੱਛੋਂ ਲੰਘਿਆ ਉਹ ਦੋ ਵਾਰ ਖਾਈ ਤੋਂ ਟੱਪਿਆ ਅਤੇ ਫਿਰ ਅਚਾਨਕ ਰੁਕ ਗਿਆ ਜਿਵੇਂ ਕਿ ਇਕੱਲਾ ਹੋਣ ਕਰਕੇ ਹੈਰਾਨ ਹੋ ਗਿਆ ਹੋਵੇ।

ਉਸ ਕੁੜੀ ਨੇ ਵੀ ਦੌੜਨ ਭੱਜਣ ਦੀ ਸੋਚੀ ; ਉਸ ਦਾ ਹਰਕਤ ਵਿੱਚ ਆਉਣ ਅਤੇ ਆਪਣੇ ਅੰਗਾਂ ਨੂੰ ਹਿਲਾਉਣ ਅਤੇ ਧੁੱਪ ਵਿੱਚ ਨਿੱਘੇ ਕਰਨ ਅਤੇ ਖੜ੍ਹੀ ਹਵਾ ਵਿੱਚ ਕੁਝ ਆਰਾਮ ਕਰਨ ਨੂੰ ਜੀਅ ਕੀਤਾ। ਉਸ ਨੇ ਬਿਨਾਂ ਕਿਸੇ ਇਰਾਦੇ ਤੋਂ ਇੱਧਰ ਉੱਧਰ ਕੁਝ ਕਦਮ ਪੁੱਟੇ ਅਤੇ ਆਪਣੀਆਂ ਅੱਖਾਂ ਬੰਦ ਕੀਤੀਆਂ ਉਹ

ਜਜ਼ਬਾਤ ਦਾ ਨਿੱਘ ਮਾਣਨਾ ਚਾਹੁੰਦੀ ਸੀ ਫੇਰ ਉਹ ਖੁੱਡੇ ਵਿੱਚ ਆਂਡੇ ਵੇਖਣ ਚਲੀ ਗਈ। ਉੱਥੇ ਤੇਰਾਂ ਆਂਡੇ ਸਨ ਉਸ ਨੇ ਉਹ ਚੁੱਕ ਕੇ ਸਟੋਰ ਵਿੱਚ ਰੱਖ ਦਿੱਤੇ, ਪਰ ਰਸੋਈ ਦੀ ਵਾਸ਼ਨਾ ਨੇ ਉਸ ਨੂੰ ਦਿੱਕ ਕਰ ਦਿੱਤਾ ਅਤੇ ਉਹ ਘਾਹ ’ਤੇ ਕੁਝ ਸਮਾਂ ਬੈਠਣ ਲਈ ਚਲੀ ਗਈ।

ਫਾਰਮ ਦਾ ਵਿਹੜਾ, ਜਿਹੜਾ ਕਿ ਦਰੱਖ਼ਤਾਂ ਨਾਲ ਘਿਰਿਆ ਹੋਇਆ ਸੀ, ਬਿਲਕੁਲ ਸ਼ਾਂਤ ਲਗ ਰਿਹਾ ਸੀ ਘਾਹ ਵਿੱਚ ਪੀਲੇ ਗੁਲਾਬ ਦੇ ਫੁੱਲ ਪੀਲੀ ਰੌਸ਼ਨੀ ਵਾਂਗ ਜੜੇ ਸਨ ਇਕ ਦਮ ਹਰਾ ਝਲਕਾਰਾ ਪਾ ਰਿਹਾ ਸੀ। ਸੇਬ ਦੇ ਦਰੱਖ਼ਤ ਸਾਰੇ ਪਾਸੇ ਆਪਣਾ ਸਾਇਆ ਨਿਖਾਰ ਰਹੇ ਸਨ, ਅਤੇ ਛੱਪਰ ਵਾਲੇ ਘਰਾਂ, ਜਿਨ੍ਹਾਂ ਉੱਤੇ ਪੀਲੇ ਅਤੇ ਨੀਲੇ ਫੁੱਲ ਆਪਣੇ ਤਿੱਖੇ ਪੱਤਿਆਂ ਨਾਲ ਉੱਗੇ ਹੋਏ ਸਨ, ਵਿੱਚੋਂ ਧੂੰਆਂ ਆ ਰਿਹਾ ਸੀ। ਜਿਵੇਂ ਅਸਤਬਲ ਅਤੇ ਦਾਣਿਆਂ ਦੀ ਕੋਠੀ ਵਿੱਚੋਂ ਸਿੱਲ੍ਹ ਤਿਣਕਿਆਂ ਰਾਹੀਂ ਬਾਹਰ ਆ ਰਹੀ ਹੋਵੇ।

ਲੜਕੀ ਸ਼ੈੱਡ ਵਿੱਚ ਗਈ ਜਿੱਥੇ ਗੱਡੇ ਅਤੇ ਤਰੰਗੜ ਰੱਖੇ ਹੋਏ ਸਨ। ਇਸ ਦੇ ਨੇੜੇ ਹੀ ਇਕ ਖਾਈ ਵਿੱਚ ਬਨਫ਼ਸ਼ੇ ਦੇ ਫੁੱਲਾਂ ਦੀ ਵਾੜੀ ਸੀ ਜਿਸ ਦੀ ਖ਼ੁਸ਼ਬੋ ਸਾਰੇ ਪਾਸੇ ਫੈਲੀ ਹੋਈ ਸੀ ਇਸ ਤੋਂ ਅੱਗੇ ਖੁੱਲ੍ਹਾ ਮੈਦਾਨ ਦਿਖਾਈ ਦਿੰਦਾ ਸੀ ਜਿੱਥੇ ਫ਼ਸਲ ਉੱਗੀ ਹੋਈ ਸੀ ਕੁਝ ਫ਼ਾਸਲੇ ਤੋਂ ਦਰੱਖ਼ਤਾਂ ਦੇ ਝੁੰਡ ਅਤੇ ਕਾਮਿਆਂ ਦੀਆਂ ਟੋਲਿਆਂ ਇੱਧਰ ਉੱਧਰ ਸਨ, ਜੋ ਕਿ ਗੁੱਡਿਆਂ ਵਰਗੇ ਛੋਟੇ ਛੋਟੇ ਲੱਗ ਰਹੇ ਸਨ ਅਤੇ ਸਫ਼ੈਦ ਘੋੜੇ ਖਿਡੌਣਿਆਂ ਵਾਂਗ, ਜੋ ਬੱਚੇ ਦੇ ਛੁਕੜੇ ਨੂੰ ਖਿੱਚਦੇ ਹਨ, ਚਾਲਕ ਜੋ ਉਂਗਲ ਜਿੱਨੇ ਲੰਬੇ ਹੁੰਦੇ ਹਨ।

ਉਸ ਨੇ ਕੱਖਾਂ ਦੀ ਪੰਡ ਚੁੱਕੀ ਅਤੇ ਖਾਈ ਵਿੱਚ ਸੁੱਟ ਦਿੱਤੀ ਉਸ ਉੱਤੇ ਬੈਠ ਗਈ; ਫਿਰ ਅਰਾਮ ਨਾ ਮਹਿਸੂਸ ਕਰਦੇ ਹੋਏ ਉਸ ਨੂੰ ਖੋਲ੍ਹ ਕੇ ਖਿਲਾਰ ਦਿੱਤਾ ਅਤੇ ਉਸ ’ਤੇ ਪੈ ਗਈ ਦੋਵੇਂ ਬਾਂਹਾਂ ਸਿਰ ਹੇਠਾਂ ਰੱਖ ਕੇ ਉਸ ਨੇ ਆਪਣੇ ਅੰਗ ਚੰਗੀ ਤਰ੍ਹਾਂ ਨਿਸਲ ਕੀਤੇ।

ਹੌਲੇ ਹੌਲੇ ਉਸ ਨੇ ਅੱਖਾਂ ਬੰਦ ਕਰ ਲਈਆਂ ਅਤੇ ਉਸ ਨੂੰ ਊਂਘ ਆਉਣ ਲੱਗੀ।

ਉਹ ਸੌਂ ਹੀ ਗਈ ਸੀ, ਜਦੋਂ ਉਸ ਨੇ ਦੋ ਹੱਥ ਆਪਣੀ ਛਾਤੀ ’ਤੇ ਪਏ ਮਹਿਸੂਸ ਕੀਤੇ ਅਤੇ ਉਹ ਫਿਰ ਅੱਬੜਵਾਹੇ ਉੱਠੀ, ਇਹ ਜਾਕੁਇਸ ਫਾਰਮ ਦਾ

ਇਕ ਕਿਰਤੀ ਸੀ, ਇਕ ਲੰਮਾ ਨੌਜਵਾਨ ਪਕਾਰਡੀ ਦਾ ਰਹਿਣ ਵਾਲਾ ਕਾਫੀ ਸਮੇਂ ਤੋਂ ਉਸ ਨੂੰ ਪਿਆਰ ਕਰਦਾ ਸੀ: ਉਹ ਭੇਡਾਂ ਦੀ ਦੇਖਭਾਲ ਕਰ ਰਿਹਾ ਸੀ ਅਤੇ ਉਸ ਨੂੰ ਛਾਂ ਵਿੱਚ ਪਈ ਨੂੰ ਦੇਖ ਉਹ ਚੁਪਕੇ ਜਿਹੇ ਆ ਗਿਆ ਸੀ ਅਤੇ ਉਸ ਨੇ ਸਾਹ ਰੋਕ ਲਿਆ ਉਹ ਚਮਕਦੀਆਂ ਅੱਖਾਂ ਨਾਲ ਦੇਖ ਰਿਹਾ ਸੀ ਅਤੇ ਛੋਟੇ ਛੋਟੇ ਕੱਖ ਉਸ ਦੇ ਵਾਲਾਂ ਵਿੱਚ ਫਸੇ ਸਨ।

ਉਸ ਨੇ ਕੁੜੀ ਦਾ ਚੁੰਮਣ ਲੈਣ ਦੀ ਕੋਸ਼ਿਸ਼ ਕੀਤੀ ਪਰ ਉਸ ਕੁੜੀ ਨੇ ਉਸ ਦੇ ਮੂੰਹ ’ਤੇ ਥੱਪੜ ਮਾਰਿਆ, ਕਿਉਂਕਿ ਉਹ ਵੀ ਉਸ ਜਿੰਨੀ ਹੀ ਤਕੜੀ ਸੀ। ਉਹ ਕੁੜੀ ਚਲਾਕ ਸੀ ਉਸ ਨੇ ਮਾਫ਼ੀ ਮੰਗ ਲਈ: ਇਸ ਲਈ ਉਹ ਨਾਲ ਨਾਲ ਹੀ ਬੈਠ ਗਏ ਅਤੇ ਪਿਆਰ ਨਾਲ ਗੱਲਾਂ ਕਰਨ ਲੱਗੇ। ਉਨ੍ਹਾਂ ਨੇ ਰੰਗੀਨ ਮੌਸਮ ਬਾਰੇ, ਆਪਣੇ ਮਾਲਕ ਬਾਰੇ ਜੋ ਕਿ ਚੰਗਾ ਆਦਮੀ ਹੈ, ਗੱਲਾਂ ਕੀਤੀਆਂ। ਫਿਰ ਆਪਣੇ ਗਵਾਂਢੀਆਂ ਬਾਰੇ, ਇਲਾਕੇ ਬਾਰੇ ਜੋ ਉਨ੍ਹਾਂ ਦੇ ਆਲ਼ੇ ਦੁਆਲੇ ਸੀ ਆਪਣੇ ਅਤੇ ਆਪਣੇ ਪਿੰਡ ਬਾਰੇ ਆਪਣੀ ਜਵਾਨੀ ਦੇ ਦਿਨਾਂ ਬਾਰੇ ਆਪਣੀਆਂ ਰਿਸ਼ਤੇਦਾਰਾਂ ਬਾਰੇ ਜਿਨ੍ਹਾਂ ਨੂੰ ਉਨ੍ਹਾਂ ਨੇ ਕਾਫੀ ਸਮੇਂ ਨਹੀਂ ਵੇਖਿਆ ਸੀ ਅਤੇ ਹੋ ਸਕਦਾ ਦੋਬਾਰਾ ਨਹੀਂ ਦੇਖਣਗੇ। ਉਹ ਉਦਾਸ ਹੋ ਗਈ ਜਿਵੇਂ ਹੀ ਉਸ ਨੂੰ ਇਹ ਖ਼ਿਆਲ ਆਇਆ ਜਦੋਂ ਕਿ ਉਹ ਇਕ ਨਿਸ਼ਚਿਤ ਵਿਚਾਰ ਨਾਲ ਆਪਣੀ ਤ੍ਰਿਸ਼ਨਾ ਅਧੀਨ ਕੰਬਦਾ ਹੋਇਆ ਉਸ ਨਾਲ ਲੱਗ ਗਿਆ।

"ਮੈਂ ਕਾਫ਼ੀ ਸਮੇਂ ਤੋਂ ਆਪਣੀ ਮਾਤਾ ਜੀ ਨੂੰ ਨਹੀਂ ਵੇਖਿਆ" ਉਸ ਲੜਕੀ ਨੇ ਕਿਹਾ, “ਇਸ ਤਰ੍ਹਾਂ ਅਲੱਗ ਰਹਿਣਾ ਬੜਾ ਮੁਸ਼ਕਲ ਹੈ” ਅਤੇ ਉਸ ਨੇ ਉਤਰ ਵੱਲ ਕੁਝ ਫ਼ਰਕ ’ਤੇ ਪਿੰਡ ਵੱਲ ਵੇਖਿਆ ਜਿਹੜਾ ਉਹ ਹੁਣ ਛੱਡ ਆਈ ਸੀ।

ਅਚਾਨਕ ਹੀ ਫੇਰ ਉਸ ਮੁੰਡੇ ਨੇ ਗਲ਼ ਤੋ ਪਕੜ ਕੇ ਉਸ ਨੂੰ ਦੋਬਾਰਾ ਚੁੰਮ ਲਿਆ ਪਰ ਉਸ ਲੜਕੀ ਨੇ ਜ਼ੋਰ ਦੀ ਵੱਟ ਕੇ ਮੁੱਕਾ ਮਾਰਿਆ ਕਿ ਉਸ ਦੇ ਨੱਕ ਤੋਂ ਖ਼ੂਨ ਆਉਣ ਲੱਗ ਪਿਆ ਅਤੇ ਉਹ ਉੱਠਿਆ ਤੇ ਆਪਣਾ ਸਿਰ ਦਰੱਖ਼ਤ ਦੀ ਟਾਹਣੀ ਨਾਲ ਲਾ ਲਿਆ। ਜਦੋਂ ਲੜਕੀ ਨੇ ਵੇਖਿਆ, ਉਸ ਨੂੰ ਦੁੱਖ ਹੋਇਆ ਅਤੇ ਉਸ ਕੋਲ਼ ਜਾ ਕੇ ਕਿਹਾ, "ਮੇਰੇ ਤੋਂ ਚੋਟ ਲੱਗ ਗਈ ਹੈ?”

ਉਹ ਫੇਰ ਵੀ ਹੱਸ ਪਿਆ 'ਨਹੀਂ, ਕੁਝ ਨਹੀਂ' ਬੇਸ਼ੱਕ ਉਸ ਨੇ ਹੀ ਉਸ ਦੇ ਨੱਕ 'ਤੇ ਮਾਰਿਆ ਸੀ "ਕਿੰਨੀ ਸ਼ੈਤਾਨ ਹੈ" ਉਸ ਨੇ ਕਿਹਾ, ਅਤੇ ਉਸ ਕੁੜੀ ਵੱਲ ਤਾਰੀਫ਼ ਦੀ ਨਿਗਾਹ ਨਾਲ ਵੇਖਿਆ। ਕਿਉਂਕਿ ਉਸ ਵਿੱਚ ਉਸ ਲਈ ਇੱਜ਼ਤ ਅਤੇ ਇਕ ਖ਼ਾਸ ਕਿਸਮ ਦੀ ਤਾਰੀਫ਼ ਦੀ ਭਾਵਨਾ ਸੀ ਜਿਹੜੀ ਕਿ ਉਸ ਦਾ ਪਿਆਰ ਹੋਣ ਕਰਕੇ ਸੀ।

ਜਦੋਂ ਖ਼ੂਨ ਵਹਿਣਾ ਰੁਕ ਗਿਆ ਉਸ ਨੇ ਚੱਲਣ ਵਾਸਤੇ ਫ਼ਰਮਾਇਸ਼ ਕੀਤੀ ਜਿਵੇਂ ਕਿ ਉਹ ਆਪਣੇ ਸਾਥੀ ਦੇ ਭਾਰੇ ਹੱਥ ਤੋਂ ਡਰਦਾ ਸੀ, ਜੋ ਉਹ ਬਹੁਤ ਸਮਾਂ ਇਸ ਤਰ੍ਹਾਂ ਨਾਲ ਨਾਲ ਰਹਿੰਦੇ ਪਰ ਉਸ ਕੁੜੀ ਨੇ ਉਸ ਦੀ ਬਾਂਹ ਆਪਣੀ ਹੀ ਮਰਜ਼ੀ ਨਾਲ ਪਕੜੀ ਸੀ ਛਾਂ ਦਾਰ ਸੜਕ 'ਤੇ, ਜਿਵੇਂ ਕਿ ਉਹ ਸ਼ਾਮ ਦੀ ਸੈਰ ਵਾਸਤੇ ਗਏ ਹੋਣ ਅਤੇ ਉਸ ਨੇ ਕਿਹਾ", ਇਸ ਤਰ੍ਹਾਂ ਮੈਨੂੰ ਨਫ਼ਰਤ ਕਰਨਾ ਤੁਹਾਡੇ ਵਾਸਤੇ ਚੰਗਾ ਨਹੀਂ ਹੈ ਜੈਕੁਇਸ।"

ਮੁੰਡੇ ਨੇ ਉੱਤਰ ਵਿੱਚ ਕਿਹਾ ਨਹੀਂ, ਉਹ ਉਸ ਨੂੰ ਨਫ਼ਰਤ ਨਹੀਂ ਕਰਦਾ ਸਗੋਂ ਪਿਆਰ ਕਰਦਾ ਹੈ ਇਹ ਹੀ ਸਭ ਕੁਝ ਹੈ।

"ਅੱਛਾ ਤੁਸੀਂ ਸੱਚਮੁੱਚ ਮੇਰੇ ਨਾਲ ਵਿਆਹ ਕਰਨਾ ਚਾਹੁੰਦੇ ਹੋ" ਕੁੜੀ ਨੇ ਪੁੱਛਿਆ ਉਹ ਲੜਕਾ ਕੁਝ ਝਿਜਕਿਆ ਅਤੇ ਫੇਰ ਉਸ ਵੱਲ ਤਿਰਛੀ ਨਜ਼ਰ ਨਾਲ ਵੇਖਿਆ ਜਦੋਂ ਕਿ ਉਸ ਨੇ ਵੀ ਉਸ ਵੱਲ ਸਿਧਾ ਵੇਖਿਆ ਉਸ ਦੀਆਂ ਮੋਟੀਆਂ ਲਾਲ ਗੱਲ੍ਹਾਂ ਭਰਵੀਆਂ ਸਨ ਉੱਭਰਿਆ ਹੋਇਆ ਸੀਨਾ ਉਸ ਦੀ ਮਲਮਲ ਦੀ ਡਰੈੱਸ ਵਿੱਚ ਮੋਟੇ ਲਾਲ ਬੁੱਲ੍ਹ ਅਤੇ ਉਸ ਦੀ ਨੰਗੀ ਗਰਦਨ 'ਤੇ ਪਸੀਨੇ ਦੇ ਛੋਟੇ ਛੋਟੇ ਕਤਰੇ ਸਨ। ਉਸ ਨੂੰ ਨਵੀਂ ਇੱਛਾ ਪੈਦਾ ਹੋਈ ਅਤੇ ਆਪਣੇ ਬੁੱਲ੍ਹ ਉਸ ਦੇ ਕੰਨ ਤੇ ਰੱਖ ਕੇ ਕਿਹਾ "ਹਾਂ ਬੇਸ਼ੱਕ ਮੈਂ ਕਰਨਾ ਚਾਹੁੰਦਾ ਹਾਂ"।

ਫੇਰ ਉਸ ਕੁੜੀ ਨੇ ਆਪਣੀਆਂ ਬਾਂਹਾਂ ਉਸ ਦੇ ਗਲ਼ ਵਿੱਚ ਪਾ ਦਿੱਤੀਆਂ ਅਤੇ ਕਿੰਨਾ ਚਿਰ ਉਸ ਨੂੰ ਚੁੰਮਦੀ ਰਹੀ ਉਹ ਦੋਵੇਂ ਇਕ ਮਿਕ ਹੋ ਗਏ ਉਦੋਂ ਤੋਂ ਹੀ ਉਨ੍ਹਾਂ ਦੀ ਪਿਆਰ ਦੀ ਕਹਾਣੀ ਸ਼ੁਰੂ ਹੋ ਗਈ। ਉਹ ਇਕ ਦੂਜੇ ਨੂੰ ਤੰਗ ਕਰਦੇ ਸਨ ਉਹ ਚਾਨਣੀ ਰਾਤ ਵਿੱਚ ਇਕ ਛੌਰੀ ਦੇ ਹੇਠਾਂ ਮਿਲਦੇ ਹਨ ਅਤੇ ਇਕ ਦੂਜੇ ਦੀ ਲੱਤ 'ਤੇ ਆਪਣੇ ਭਾਰੀ ਬੂਟਾਂ ਦੀ ਚੁੰਝ ਨਾਲ ਘਸੜ ਮਾਰਦੇ ਸਨ। ਬੇਸ਼ੱਕ ਹੌਲੀ ਹੌਲੀ

ਜੈਇਕਸ ਉਸ ਤੋਂ ਤੰਗ ਹੋਇਆ ਲੱਗਦਾ ਸੀ : ਉਸ ਤੋਂ ਦੂਰ ਰਹਿੰਦਾ ਬਹੁਤ ਘੱਟ ਬੋਲਦਾ ਇਕੱਲੀ ਨੂੰ ਨਾ ਮਿਲਦਾ ਉਸ ਨੇ ਲੜਕੀ ਨੂੰ ਇਨਕਾਰ ਕੀਤਾ; ਜਿਸਤੋਂ ਲੜਕੀ ਦੁਖੀ ਅਤੇ ਬੇਸਬਰੀ ਹੋ ਗਈ ਖ਼ਾਸ ਕਰਕੇ ਜਦੋਂ ਉਸ ਨੂੰ ਪਤਾ ਲੱਗਾ ਕਿ ਉਹ ਗਰਭਵਤੀ ਹੋ ਗਈ ਸੀ।

ਪਹਿਲਾਂ ਤਾਂ, ਉਹ ਘਾਬਰ ਗਈ, ਫਿਰ ਨਾਰਾਜ਼ ਹੋ ਗਈ ਅਤੇ ਉਸ ਦਾ ਗ਼ੁੱਸਾ ਦਿਨ ਪਰ ਦਿਨ ਵੱਧਦਾ ਗਿਆ, ਕਿਉਂਕਿ ਉਹ ਉਸ ਨੂੰ ਮਿਲ ਨਹੀਂ ਸਕਦੀ ਸੀ ਕਿਉਂਕਿ ਉਹ ਉਸ ਨੂੰ ਮਿਲਣ ਤੋਂ ਸੰਕੋਚ ਕਰਦਾ ਸੀ। ਆਖ਼ਰਕਾਰ ਇਕ ਰਾਤ ਜਦੋਂ ਸਾਰੇ ਘਰ ਵਿੱਚ ਸੁੱਤੇ ਪਏ ਸਨ ਉਹ ਚੁੱਪ ਕਰਕੇ ਆਪਣੇ ਪੇਟੀਕੋਟ ਨਾਲ ਹੀ ਨੰਗੇ ਪੈਰੀਂ ਬਾਹਰ ਗਈ ਵਿਹੜਾ ਲੰਘ ਕੇ ਉਸ ਨੇ ਅਸਤਬਲ ਦਾ ਦਰਵਾਜ਼ਾ ਖੋਲ੍ਹਿਆ ਜਿੱਥੇ ਜੈਇਕਸ ਆਪਣੇ ਘੋੜਿਆਂ ਦੇ ਉੱਪਰ ਘਾਹ ਦੇ ਬਕਸੇ ਵਿੱਚ ਸੁੱਤਾ ਪਿਆ ਸੀ। ਜਦੋਂ ਉਸ ਨੇ ਲੜਕੀ ਦੇ ਆਉਣ ਦੀ ਆਵਾਜ਼ ਸੁਣੀ ਤਾਂ ਘੁਰਾੜੇ ਮਾਰਨ ਦਾ ਵਿਖਾਵਾ ਕਰਨ ਲੱਗ ਪਿਆ, ਪਰ ਉਹ ਝੁਕ ਕੇ ਉਸ ਨੂੰ ਉਦੋਂ ਤੱਕ ਹਲੂਣਦੀ ਰਹੀ ਜਦੋਂ ਤੱਕ ਉੱਠ ਕੇ ਬੈਠ ਨਾ ਗਿਆ।

"ਤੂੰ ਕੀ ਚਾਹੁੰਦੀ ਹੈ" ਫਿਰ ਉਸ ਨੇ ਪੁੱਛਿਆ ਕੁੜੀ ਨੇ ਦੰਦ ਕਚੀੜਦੇ ਹੋਏ ਅਤੇ ਗ਼ੁੱਸੇ ਨਾਲ ਕੰਬਦੇ ਹੋਏ ਜਵਾਬ ਦਿੱਤਾ ਮੈਂ ਚਾਹੁੰਦੀ ਹਾਂ ਮੈਂ ਚਾਹੁੰਦੀ ਹਾਂ ਕਿ ਤੂੰ ਮੇਰੇ ਨਾਲ ਵਿਆਹ ਕਰਵਾ ਜਿਵੇਂ ਤੂੰ ਵਾਅਦਾ ਕੀਤਾ ਸੀ।

ਪਰ ਉਹ ਕੇਵਲ ਹੱਸ ਪਿਆ ਅਤੇ ਜਵਾਬ ਦਿੱਤਾ: "ਉਹ! ਜੇ ਇਕ ਆਦਮੀ ਜਿੰਨੀਆਂ ਲੜਕੀਆਂ ਨੂੰ ਕਹਿੰਦਾ ਹੈ ਸਭ ਨਾਲ ਹੀ ਵਿਆਹ ਕਰਵਾ ਲਏ ਤਾਂ ਉਹ ਬਹੁਤ ਵਿਆਹ ਕਰ ਲਏ ਜਿੰਨੇ ਕਰ ਸਕਦਾ ਹੈ।"

ਫਿਰ ਉਸ ਨੇ ਉਸ ਨੂੰ ਗਲ਼ ਤੋਂ ਜ਼ੋਰ ਦੀ ਪਕੜ ਲਿਆ ਅਤੇ ਧੱਕਾ ਦੇ ਕੇ ਸੁੱਟ ਦਿੱਤਾ ਤਾਂ ਕਿ ਉਹ ਆਪਣੇ ਆਪ ਨੂੰ ਨਾ ਛੁਡਾ ਸਕੇ, ਅਤੇ ਉਸਨੂੰ ਗਲ਼ ਤੋਂ ਅੱਧਾ ਘੁੱਟਦੇ ਹੋਏ ਚਿੱਲਾਈ: "ਮੈਂ ਗਰਭਵਤੀ ਹਾਂ ਤੈਨੂੰ ਸੁਣਦੈ ਮੈਂ ਗਰਭਵਤੀ ਹਾਂ!"

ਉਸ ਦਾ ਸਾਹ ਤਕਰੀਬਨ ਅਟਕ ਗਿਆ ਸੀ ਉਹ ਸਾਹ ਲੈਣ ਲਈ ਹਟਕੋਰੇ ਲੈਣ ਲੱਗਾ ਅਤੇ ਇਸ ਲਈ ਉਹ ਦੋਵੇਂ ਹੀ ਬਿਨਾਂ ਬੋਲੇ ਬਿਨਾਂ ਹਿੱਲੇ ਖੜੇ

ਰਹੇ, ਇਸ ਘੋਰ ਚੁੱਪ ਵਿੱਚ ਜੋ ਕਿ ਇਕ ਘੋੜੇ ਨੇ ਤੋੜੀ ਕਿਉਂਕਿ ਉਹ ਸੁੱਕਾ ਘਾਹ ਖੁਰਲੀ ਵਿੱਚੋਂ ਖਿੱਚ ਰਿਹਾ ਸੀ ਅਤੇ ਫੇਰ ਹੋਲੀ ਹੋਲੀ ਚਬਾ ਰਿਹਾ ਸੀ।

ਜਦੋਂ ਜੈਕੁਇਸ ਨੂੰ ਪਤਾ ਲੱਗਾ ਕਿ ਉਹ ਲੜਕੀ ਉਸ ਤੋਂ ਜ਼ੋਰ ਵਾਲੀ ਹੈ, ਉਹ ਥਥਲਾਉਣ ਲੱਗਾ "ਬਹੁਤ ਚੰਗਾ ਮੈਂ ਤੇਰੇ ਨਾਲ ਵਿਆਹ ਕਰਵਾ ਲਵਾਂਗਾ ਜੇ ਇਸ ਤਰ੍ਹਾਂ ਦੀ ਗੱਲ ਹੈ।"

ਪਰ ਉਸ ਨੂੰ ਉਸ ਦੇ ਵਾਅਦੇ ’ਤੇ ਵਿਸ਼ਵਾਸ ਨਹੀਂ ਸੀ ਹੁੰਦਾ “ਇਹ ਇਸੇ ਸਮੇਂ ਹੋਣਾ ਚਾਹੀਦਾ ਹੈ" ਉਸ ਨੇ ਕਿਹਾ "ਤੁਹਾਨੂੰ ਗਿਰਜਾ ਵਿੱਚ ਵਿਆਹ ਕਰਨਾ ਚਾਹੀਦਾ ਹੈ।

"ਹੁਣੇ ਹੀ” ਉਸ ਨੇ ਜਵਾਬ ਦਿੱਤਾ।

"ਕਸਮ ਖਾਓ ਕਿ ਤੁਸੀਂ ਕਰੋਗੇ" ਉਹ ਕੁਝ ਮਿੰਟ ਲਈ ਫਿਰ ਸੋਚਣ ਲੱਗਾ ਅਤੇ ਫੇਰ ਕਿਹਾ : "ਮੈਂ ਪ੍ਰਮਾਤਮਾ ਦੀ ਕਸਮ ਖਾਂਦਾ ਹਾਂ।"

ਫਿਰ ਉਸ ਨੇ ਮੁੰਡੇ ਨੂੰ ਛੱਡ ਦਿੱਤਾ ਅਤੇ ਬਿਨਾਂ ਕੁਝ ਕਹੇ ਚਲੀ ਗਈ।

ਕੁੜੀ ਨੂੰ ਉਸ ਨਾਲ ਕਈ ਦਿਨ ਤੱਕ ਬੋਲਣ ਦਾ ਮੌਕਾ ਨਾ ਮਿਲਿਆ ਅਤੇ ਬਾਰੀ ਹਮੇਸ਼ਾ ਰਾਤ ਨੂੰ ਬੰਦ ਹੁੰਦੀ ਸੀ, ਉਹ ਕਿਸੇ ਤਰ੍ਹਾਂ ਦਾ ਰੌਲਾ ਪਾਉਣ ਤੋਂ ਵੀ ਬਦਨਾਮੀ ਹੋਣ ਕਰਕੇ ਡਰਦੀ ਸੀ। ਇਕ ਦਿਨ ਉਸ ਨੇ ਇਕ ਹੋਰ ਆਦਮੀ ਖਾਣੇ ਦੇ ਸਮੇਂ ਆਉਂਦਾ ਵੇਖਿਆ ਅਤੇ ਉਸ ਨੂੰ ਕਿਹਾ, ਕੀ ਜੈਕੁਇਸ ਇੱਥੋਂ ਚਲਾ ਗਿਆ ਹੈ ?"

"ਹਾਂ" ਆਦਮੀ ਨੇ ਜਵਾਬ ਦਿੱਤਾ, "ਮੈਂ ਉਸ ਦੀ ਥਾਂ ਲੈ ਲਈ ਹੈ।"

ਇਸ ਗੱਲ ਨੇ ਉਸ ਨੂੰ ਇੰਨੀ ਬੁਰੀ ਤਰ੍ਹਾਂ ਕੰਬਾ ਦਿੱਤਾ ਕਿ ਉਹ ਅੱਗ ਤੋਂ ਕੜਾਹੀ ਵੀ ਨਾ ਉਤਾਰ ਸਕੀ; ਅਤੇ ਬਾਅਦ ਵਿੱਚ ਜਦੋਂ ਸਾਰੇ ਕੰਮ ’ਤੇ ਗਏ ਹੋਏ ਸਨ, ਉਹ ਆਪਣੇ ਕਮਰੇ ਵਿੱਚ ਗਈ ਅਤੇ ਗੋਡਿਆ ਵਿੱਚ ਸਿਰ ਦੇ ਕੇ ਜ਼ੋਰ ਦੀ ਰੋਣ ਲੱਗੀ ਤਾਂ ਜੋ ਕਿਸੇ ਨੂੰ ਸੁਣਾਈ ਨਾ ਦੇਵੇ। ਦਿਨ ਵਿੱਚ ਉਸ ਨੇ ਬਿਨਾਂ ਕਿਸੇ ਸ਼ੱਕ ਪੈਦਾ ਹੋਣ ਦੇ ਕੋਈ ਸੂਹ ਲੈਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੀ ਬਦਕਿਸਮਤੀ ਨਾਲ ਦੁੱਖੀ ਸੀ, ਉਸ ਨੂੰ ਲੱਗਦਾ ਸੀ ਕਿ ਜਿਨ੍ਹਾਂ ਲੋਕਾਂ ਨੂੰ ਵੀ ਉਹ ਪੁੱਛੇਗੀ ਉਹ ਬੁਰੀ ਤਰ੍ਹਾਂ

ਹੱਸਣਗੇ। ਉਸ ਨੂੰ ਕੇਵਲ ਇਹੀ ਪਤਾ ਲੱਗ ਸਕਿਆ ਕਿ ਉਹ ਇੱਥੋਂ ਬਿਲਕੁਲ ਚਲਾ ਗਿਆ ਹੈ।

## ਭਾਗ-2

ਫਿਰ ਉਸ ਲਈ ਦੁੱਖਾਂ ਅਤੇ ਮੁਸੀਬਤਾਂ ਸ਼ੁਰੂ ਹੋ ਗਈਆਂ। ਉਹ ਰਾਤ ਦਿਨ ਕੰਮ ਕਰਦੀ, ਬਿਨਾਂ ਕੁਝ ਸੋਚੇ ਸਮਝੇ ਕਿ ਉਹ ਕੀ ਕਰ ਰਹੀ ਸੀ, ਉਸ ਦੇ ਦਿਮਾਗ਼ ਵਿੱਚ ਇਕ ਹੀ ਨਿਸ਼ਚਤ ਖ਼ਿਆਲ ਸੀ। "ਜੇ ਲੋਕਾਂ ਨੂੰ ਪਤਾ ਲਗ ਗਿਆ।"

ਇਸ ਲਗਾਤਾਰ ਸੋਚ ਨੇ ਉਸ ਨੂੰ ਇੰਨਾ ਬੇਸਮਝ ਬਣਾ ਦਿੱਤਾ ਕਿ ਉਹ ਬਦਨਾਮੀ ਨੂੰ ਦੂਰ ਕਰਨ ਦੇ ਵੀ ਕਿਸੇ ਸਾਧਨ ਬਾਰੇ ਨਹੀਂ ਸੋਚ ਸਕਦੀ ਸੀ ਜੋ ਉਹ ਸਮਝਦੀ ਸੀ ਕਿ ਜ਼ਰੂਰ ਹੋਣੀ ਹੈ ਜਿਸ ਨੂੰ ਟਾਲਿਆ ਨਹੀਂ ਜਾ ਸਕਦਾ ਸੀ। ਅਤੇ ਹਰ ਰੋਜ਼ ਦਿਨ ਨੇੜੇ ਆ ਰਹੇ ਸਨ, ਅਤੇ ਜੋ ਮੌਤ ਦੀ ਤਰ੍ਹਾਂ ਯਕੀਨੀ ਸੀ ਉਹ ਸਵੇਰੇ ਦੂਸਰਿਆਂ ਨਾਲੋਂ ਪਹਿਲਾ ਉੱਠਦੀ ਅਤੇ ਆਪਣਾ ਆਪ ਉਸ ਟੁੱਟੇ ਹੋਏ ਸ਼ੀਸ਼ੇ ਵਿੱਚੋਂ ਵੇਖਣ ਦੀ ਬਰਾਬਰ ਕੋਸ਼ਿਸ ਕਰਦੀ ਜਿਸ ਵਿੱਚੋਂ ਉਹ ਆਪਣੇ ਵਾਲ ਬਣਾਉਂਦੀ ਸੀ, ਉਹ, ਇਹ ਜਾਣਨ ਵਾਸਤੇ ਵੀ ਬੜੀ ਉਤਸੁਕ ਸੀ ਕਿ ਕੋਈ ਉਸ ਵਿੱਚ ਤਬਦੀਲੀ ਨੋਟ ਕਰਦਾ ਹੈ, ਅਤੇ ਦਿਨ ਵਿੱਚ ਕਈ ਵਾਰ ਕੁਝ ਮਿੰਟਾਂ ਬਾਅਦ ਉਹ ਆਪਣੇ ਆਪ ਨੂੰ ਸਿਰ ਤੋਂ ਪੈਰਾਂ ਤੱਕ ਵੇਖਣ ਲਈ ਕੰਮ ਕਰਦੀ ਕਰਦੀ ਕੁਝ ਰੁਕ ਜਾਂਦੀ ਸੀ, ਵੇਖਦੀ ਕਿ ਉਸ ਦਾ ਐਪਰਨ ਉਸ ਦੇ ਪੇਟ ਲਈ ਦੇਖਣ ਨੂੰ ਬਹੁਤ ਛੋਟਾ ਤਾਂ ਨਹੀਂ ਲੱਗ ਰਿਹਾ।

ਕਈ ਮਹੀਨੇ ਬੀਤ ਗਏ। ਉਹ ਹੁਣ ਬਹੁਤ ਘੱਟ ਬੋਲਦੀ ਸੀ, ਅਤੇ ਜਦੋਂ ਉਸ ਨੂੰ ਕੋਈ ਗੱਲ ਪੁੱਛੀ ਜਾਂਦੀ ਤਾਂ ਉਸ ਵੱਲ ਧਿਆਨ ਨਾ ਦੇਂਦੀ ਲੱਗਦੀ। ਉਹ ਭੈ ਭੀਤ ਨਜ਼ਰ ਆਉਂਦੀ ਦੱਬੀਆਂ ਅੱਖਾਂ ਅਤੇ ਕੰਬਦੇ ਹੱਥ। ਜਿਸ ਕਰਕੇ ਉਸ ਦੇ ਮਾਲਕ ਨੇ ਉਸ ਨੂੰ ਅਕਸਰ ਮਿਲਣ 'ਤੇ ਕਿਹਾ "ਮੇਰੀ ਬੱਚੀ, ਤੂੰ ਕੁਝ ਸਮੇਂ ਤੋਂ ਕਿੰਨੀ ਅਜੀਬ ਹੋ ਗਈ ਹੈ।"

ਚਰਚ ਵਿੱਚ ਉਹ ਇਕ ਥੰਮ੍ਹ ਦੇ ਪਿੱਛੇ ਛੁੱਪ ਗਈ, ਅਤੇ ਆਪਣੇ ਅਪਰਾਧ ਨੂੰ ਮੰਨਣ ਦਾ ਕਾਫ਼ੀ ਸਮਾਂ ਹੌਸਲਾ ਨਾ ਹੋਇਆ। ਉਹ ਪਾਦਰੀ ਦਾ ਸਾਹਮਣਾ ਕਰਨ

ਤੋਂ ਡਰਦੀ ਸੀ ਜਿਸ ਨੂੰ ਉਹ ਮਹਾਨ ਆਤਮਾ ਸਮਝਦੀ ਸੀ, ਜੋ ਲੋਕਾਂ ਦੀ ਆਤਮਾ ਸਮਝ ਲੈਂਦਾ ਸੀ ਅਤੇ ਖਾਣੇ ਦੇ ਸਮੇਂ ਉਸ ਦੇ ਸਾਥੀ ਕੰਮ ਕਰਨ ਵਾਲਿਆਂ ਦੀਆਂ ਨਜ਼ਰਾਂ ਨੇ ਉਸ ਨੂੰ ਦਿਮਾਗ਼ੀ ਪਰੇਸ਼ਾਨੀ ਕਰਕੇ ਬੇਸੁਧ ਕਰ ਦਿੱਤਾ। ਉਸ ਨੂੰ ਹਮੇਸ਼ਾ ਸ਼ੱਕ ਰਹਿੰਦਾ ਸੀ ਕਿ ਉਸ ਨੂੰ ਗਵਾਲੇ ਨੇ ਵੇਖ ਲਿਆ ਹੈ ਜੋ ਇਕ ਛੋਟਾ ਜਿਹਾ ਚਲਾਕ ਮੁੰਡਾ, ਜਿਸ ਦੀਆਂ ਚਮਕੀਲੀਆਂ ਅੱਖਾਂ ਉਸ ਨੂੰ ਹਮੇਸ਼ਾ ਵੇਖਦੀਆਂ ਰਹਿੰਦੀਆਂ ਸਨ।

ਇਕ ਸਵੇਰ ਡਾਕੀਆ ਉਸ ਲਈ ਇਕ ਚਿੱਠੀ ਲਿਆਇਆ, ਅਤੇ ਪਹਿਲਾਂ ਉਸ ਨੂੰ ਜ਼ਿੰਦਗੀ ਵਿੱਚ ਕਦੀ ਕੋਈ ਚਿੱਠੀ ਨਹੀਂ ਮਿਲੀ ਸੀ, ਉਹ ਇਸ ਨਾਲ ਇੰਨਾ ਘਬਰਾ ਗਈ ਕਿ ਬੈਠਣ ਲਈ ਮਜਬੂਰ ਹੋ ਗਈ। ਸ਼ਾਇਦ ਇਹ ਉਸ ਵੱਲੋਂ ਸੀ? ਪਰ ਕਿਉਂਕਿ ਉਹ ਪੜ੍ਹ ਨਹੀਂ ਸਕਦੀ ਸੀ ਉਸ ਕਾਗ਼ਜ਼ ਦੇ ਟੁਕੜੇ ਨੂੰ ਜੋ ਲਿਖਿਆ ਹੋਇਆ ਸੀ ਹੱਥ ਵਿੱਚ ਲੈ ਕੇ ਬੈਠ ਗਈ। ਕੁਝ ਸਮੇਂ ਬਾਅਦ ਉਹ ਉਸ ਨੇ ਆਪਣੀ ਜੇਬ ਵਿੱਚ ਪਾ ਲਿਆ ਕਿਉਂਕਿ ਉਸ ਵਿੱਚ ਆਪਣਾ ਭੇਦ ਕਿਸੇ ਨੂੰ ਦੱਸਣ ਦਾ ਹੌਸਲਾ ਨਹੀਂ ਸੀ। ਉਹ ਕੰਮ ਕਰਦੀ ਕਰਦੀ ਸਤਰਾਂ ਪੜ੍ਹਨ ਵਾਸਤੇ ਰੁਕ ਜਾਂਦੀ ਸੀ ਜੋ ਇਕ ਸਾਰ ਲਿਖੀਆਂ ਹੋਈਆਂ ਸਨ ਅਤੇ ਹੇਠਾਂ ਦਸਤਖ਼ਤ ਵੀ ਕੀਤੇ ਹੋਏ ਸਨ, ਉਹ ਕਲਪਨਾ ਕਰਦੀ ਕਿ ਅਚਾਨਕ ਹੀ ਉਹ ਇਸ ਦਾ ਮਤਲਬ ਸਮਝ ਜਾਵੇਗੀ। ਆਖ਼ਰਕਾਰ, ਜਦੋਂ ਬੇਸਬਰੀ ਅਤੇ ਉਤਸੁਕਤਾ ਨਾਲ ਉਹ ਅਧਪਾਗ਼ਲ ਜਿਹੀ ਹੋ ਗਈ। ਉਹ ਸਕੂਲ ਮਾਸਟਰ ਕੋਲ ਗਈ ਜਿਸ ਨੇ ਉਸ ਨੂੰ ਬੈਠਣ ਵਾਸਤੇ ਕਿਹਾ ਅਤੇ ਚਿੱਠੀ ਪੜ੍ਹਦੇ ਸੁਣਾਈ ਜੋ ਇਸ ਤਰਾਂ ਸੀ।

"ਮੇਰੀ ਪਿਆਰੀ ਬੱਚੀ: ਮੈਂ ਤੈਨੂੰ ਇਹ ਦੱਸਣ ਵਾਸਤੇ ਲਿਖ ਰਹੀ ਹਾਂ ਕਿ ਮੈਂ ਬਹੁਤ ਬਿਮਾਰ ਹਾਂ ਸਾਡਾ ਪੜੋਸੀ, ਮੌਨਸਾਇਰ ਡੈਂਟੂ ਤੁਹਾਨੂੰ ਆਉਣ ਵਾਸਤੇ ਕਹਿੰਦਾ ਹੈ ਜੇ ਤੂੰ ਆ ਸਕਦੀ ਹੈ।

ਤੇਰੀ ਆਪਣੀ ਪਿਆਰੀ ਮਾਤਾ ਲਈ

"ਸੀਜੀਅਰ ਡੈਂਟੂ,

ਡਿਪਟੀ ਮੇਅਰ"

ਉਸ ਨੇ ਕੋਈ ਵੀ ਸ਼ਬਦ ਨਾ ਕਿਹਾ, ਅਤੇ ਚਲੀ ਗਈ ਪਰ ਜਿਸ ਵੇਲੇ ਉਹ ਇਕੱਲੀ ਸੀ ਤੁਰਨਾ ਮੁਸ਼ਕਲ ਹੋ ਗਿਆ ਅਤੇ ਉਹ ਸੜਕ ਦੇ ਕਿਨਾਰੇ ਗਿਰ ਗਈ, ਅਤੇ ਰਾਤ ਤੱਕ ਉੱਥੇ ਹੀ ਰਹੀ।

ਜਦੋਂ ਉਹ ਵਾਪਸ ਆਈ, ਤਾਂ ਉਸ ਨੇ ਕਿਸਾਨ ਨੂੰ ਆਪਣੀ ਮੁਸ਼ਕਲ ਦੱਸੀ। ਉਸ ਨੇ ਉਸ ਦੀ ਮਰਜ਼ੀ ਅਨੁਸਾਰ ਘਰ ਜਾਣ ਦੀ ਆਗਿਆ ਦੇ ਦਿੱਤੀ, ਵਾਹਿਦਾ ਕਰਦੇ ਹੋਏ ਕਿ ਉਸ ਦਾ ਕੰਮ ਕਿਸੇ ਹੋਰ ਵੱਲੋਂ ਕੀਤਾ ਜਾਵੇਗਾ ਅਤੇ ਵਾਪਸ ਆ ਕੇ ਆਪ ਲੈ ਲਵੇਗੀ।

ਜਦੋਂ ਉਹ ਉੱਥੇ ਪਹੁੰਚੀ ਹੀ ਸੀ ਉਸ ਦੀ ਮਾਤਾ ਜਲਦੀ ਹੀ ਮਰ ਗਈ, ਅਤੇ ਅਗਲੇ ਦਿਨ ਹੀ ਰੋਜ਼ ਨੇ ਇਕ ਸਤਮਾਹ ਬੱਚੇ ਨੂੰ ਜਨਮ ਦਿੱਤਾ, ਬਹੁਤ ਕਮਜ਼ੋਰ ਇਕ ਹੱਡੀਆਂ ਦੀ ਮੁੱਠ, ਇਹ ਇੰਨਾ ਕਮਜ਼ੋਰ ਸੀ ਕਿ ਦੇਖ ਕੇ ਡਰ ਲੱਗਦਾ ਸੀ। ਉਸ ਦੇ ਆਪਣੇ ਅੰਗਾਂ ਨੂੰ ਹਿਲਾਉਣ ਤੋਂ ਪਤਾ ਲੱਗਦਾ ਸੀ ਕਿ ਉਸ ਨੂੰ ਲਗਾਤਾਰ ਬੜਾ ਦੁੱਖ ਮਹਿਸੂਸ ਹੋ ਰਿਹਾ ਹੈ; ਜੋ ਕਿ ਕੇਕੜੇ ਦੀਆਂ ਲੱਤਾਂ ਵਾਂਗ ਕਮਜ਼ੋਰ ਸਨ, ਪਰ ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਉਹ ਬੱਚ ਗਿਆ ਸੀ। ਉਹ ਦੱਸਦੀ ਸੀ ਕਿ ਉਹ ਵਿਆਹੀ ਹੋਈ ਹੈ ਪਰ ਤਾਂ ਵੀ ਉਹ ਬੱਚੇ ਦੀ ਪਾਲਣਾ ਦਾ ਭਾਰ ਨਹੀਂ ਲੈਣਾ ਚਾਹੁੰਦੀ ਸੀ, ਇਸ ਲਈ ਉਸ ਨੇ ਬੱਚੇ ਨੂੰ ਪੜੋਸੀਆਂ ਕੋਲ ਛੱਡ ਦਿੱਤਾ, ਜਿਨ੍ਹਾਂ ਨੇ ਉਸ ਨੂੰ ਚੰਗੀ ਤਰ੍ਹਾਂ ਪਾਲਣ ਦਾ ਵਾਅਦਾ ਕੀਤਾ, ਅਤੇ ਉਹ ਵਾਪਸ ਖੇਡ ਚਲੀ ਗਈ।

ਫੇਰ ਵੀ ਉਸ ਦੇ ਦਿਲ ਵਿੱਚ ਜੋ ਕਿ ਬਹੁਤ ਪਹਿਲਾਂ ਜ਼ਖ਼ਮੀ ਹੋ ਚੁਕਾ ਸੀ ਕੁਝ ਆਸ ਦੀ ਚਮਕ ਸੀ, ਉਸ ਛੋਟੇ ਬੱਚੇ ਦਾ ਅਣਜਾਣਿਆ ਪਿਆਰ ਜਿਸ ਨੂੰ ਉਹ ਪਿੱਛੇ ਛੱਡ ਆਈ ਸੀ ਪਰ ਉਹ ਕੁਝ ਨਵੇਂ ਦੁਖ ਹਰ ਮਿੰਟ ਮਹਿਸੂਸ ਕਰਦੀ ਸੀ ਕਿਉਂਕਿ ਉਹ ਬੱਚੇ ਤੋਂ ਅਲੱਗ ਹੋ ਗਈ ਸੀ। ਉਸ ਨੂੰ ਬਹੁਤਾ ਦੁਖੀ ਤਾਂ ਉਸ ਨੂੰ ਚੁੰਮਣ ਦੀ ਇੱਛਾ ਕਰਦੀ ਸੀ। ਉਸ ਨੂੰ ਆਪਣੀਆਂ ਬਾਂਹਾਂ ਵਿੱਚ ਘੁੱਟ ਕੇ ਆਪਣੀ ਛਾਤੀ ਨਾਲ ਲਗਾ ਕੇ ਉਸ ਨੂੰ ਪਿਆਰ ਕਰਨਾ ਚਾਹੁੰਦੀ ਸੀ। ਉਸ ਨੂੰ ਰਾਤ ਨੂੰ ਨੀਂਦ ਵੀ ਨਹੀਂ ਆਉਂਦੀ ਸੀ; ਉਹ ਇਸ ਬਾਰੇ ਹੀ ਸਾਰਾ ਦਿਨ ਸੋਚਦੀ ਸੀ, ਅਤੇ ਸ਼ਾਮ ਨੂੰ ਜਦੋਂ ਉਸ ਦਾ ਕੰਮ ਖ਼ਤਮ ਹੋ ਜਾਂਦਾ ਉਹ ਅੱਗ ਦੇ ਸਾਹਮਣੇ ਬੈਠ ਕੇ ਉਸ ਵੱਲ

ਵੇਖਦੀ ਜਿਸ ਤਰ੍ਹਾਂ ਲੋਕ ਆਮ ਤੌਰ ’ਤੇ ਕਰਦੇ ਹਨ ਜੋ ਖ਼ਿਆਲਾਂ ਵਿੱਚ ਸੋਚਦੇ ਰਹਿੰਦੇ ਹਨ।

ਉਹ ਉਸ ਬਾਰੇ ਗੱਲਾਂ ਕਰਨ ਬੈਠ ਜਾਂਦੇ ਅਤੇ ਉਸ ਦੇ ਪ੍ਰੇਮੀ ਬਾਰੇ ਉਸ ਨੂੰ ਚਿੜਾਂਦੇ। ਉਹ ਉਸ ਨੂੰ ਪੁੱਛਦੇ ਕੀ ਉਹ ਲੰਬਾ, ਸੁੰਦਰ ਅਤੇ ਅਮੀਰ ਸੀ। ਵਿਆਹ ਕਦੋਂ ਹੋਣਾ ਸੀ, ਅਤੇ ਕਦੋਂ ਈਸਾਈ ਬਣੀ ਸੀ। ਅਕਸਰ ਉਹ ਇਨ੍ਹਾਂ ਪ੍ਰਸ਼ਨਾਂ ਨੂੰ ਸੁਣ ਕੇ ਦੂਰ ਚਲੀ ਜਾਂਦੀ ਜਿਵੇਂ ਕਿ ਉਸ ਨੂੰ ਇਨ੍ਹਾਂ ਨਾਲ ਦੁੱਖ ਹੁੰਦਾ ਹੋਵੇ, ਇਕ ਪਿੰਨ ਦੇ ਚੁੱਭਣ ਦੀ ਤਰ੍ਹਾਂ ਅਤੇ ਉਹ ਉਨ੍ਹਾਂ ਦੇ ਮਜ਼ਾਕ ਮਸ਼ਕਰੀਆਂ ਭੁੱਲ ਜਾਣ ਲਈ ਹੋਰ ਵੀ ਲਗਨ ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦੀ, ਅਤੇ ਅਜੇ ਵੀ ਆਪਣੇ ਬੱਚੇ ਬਾਰੇ ਸੋਚਦੀ, ਉਹ ਉਸ ਵਾਸਤੇ ਪੈਸੇ ਬਚਾਉਣ ਲਈ ਸੋਚਦੀ ਅਤੇ ਵੱਧ ਕੰਮ ਕਰਨ ਦਾ ਫ਼ੈਸਲਾ ਕਰਦੀ ਤਾਂ ਜੋ ਉਸ ਦਾ ਮਾਲਕ ਉਸ ਦੀ ਤਨਖ਼ਾਹ ਵਧਾ ਦੇਵੇ।

ਫੇਰ ਉਸ ਨੇ ਹੌਲੀ ਹੌਲੀ ਸਾਰਾ ਕੰਮ ਆਪ ਲੈ ਲਿਆ ਅਤੇ ਉਸ ਨੂੰ ਇਕ ਨੌਕਰ ਲੜਕੀ ਨੂੰ ਹਟਾਉਣ ਵਾਸਤੇ ਕਿਹਾ, ਉਹ ਫ਼ਜ਼ੂਲ ਹੈ ਕਿਉਂਕਿ ਉਸ ਨੇ ਦੋ ਦੇ ਬਰਾਬਰ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਉਹ ਰੋਟੀ, ਤੇਲ ਅਤੇ ਮੋਮਬੱਤੀ ਦੀ, ਦਾਣਿਆਂ ਦੀ ਜੋ ਉਹ ਪਾਲਤੂ ਮੁਰਗੀਆਂ ਨੂੰ ਪਾਉਂਦੀ ਸੀ ਦੀ ਫ਼ਜ਼ੂਲ ਖ਼ਰਚੀ ਰੋਕਦੀ ਅਤੇ ਘੋੜਿਆਂ ਅਤੇ ਪਸ਼ੂਆਂ ਨੂੰ ਪਾਉਣ ਵਾਲੇ ਦਾਣੇ ਨੂੰ ਜੋ ਕਿ ਖ਼ਰਾਬ ਕੀਤਾ ਜਾਂਦਾ ਸੀ ਜਾਇਆ ਨਹੀਂ ਹੋਣ ਦਿੰਦੀ ਸੀ। ਉਹ ਆਪਣੇ ਮਾਲਕ ਦੇ ਪੈਸੇ ਲਈ ਇੰਨੀ ਕੰਜੂਸ ਸੀ ਜਿਸ ਤਰ੍ਹਾਂ ਕਿ ਉਸ ਦਾ ਆਪਣਾ ਪੈਸਾ ਹੋਵੇ ਅਤੇ ਚੰਗਾ ਸੌਦਾ ਕਰਨ ਦੀ ਉਪਜ ਦੀ ਚੰਗੀ ਕੀਮਤ ਮਿਲ ਜਾਵੇ, ਅਤੇ ਜਦੋਂ ਕੋਈ ਚੀਜ਼ ਵੇਖਣ ਵਾਸਤੇ ਦਿਖਾਉਂਦੀ ਤਾਂ ਪੂਰੀ ਚਲਾਕੀ ਨਾਲ। ਉਹ ਆਖ਼ਰ ਹਰ ਚੀਜ਼ ਖ਼ਰੀਦਣ ਅਤੇ ਵੇਚਣ ਲਈ ਉਸ ’ਤੇ ਵਿਸ਼ਵਾਸ ਕਰਨ ਲੱਗ ਪਿਆ, ਸਾਰੇ ਕੰਮ ਕਰਨ ਵਾਲਿਆਂ ਨੂੰ ਹਦਾਇਤਾਂ ਅਤੇ ਘਰ ਦੀਆਂ ਜ਼ਰੂਰੀ ਵਸਤਾਂ ਕਰਕੇ ਉਹ ਉਸ ਲਈ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਬਹੁਤ ਮਹੱਤਵਪੂਰਨ ਬਣ ਗਈ। ਉਹ ਉਸ ਲਈ ਹਰ ਚੀਜ਼ ’ਤੇ ਕਰੜੀ ਨਜ਼ਰ ਰੱਖਦੀ ਸੀ, ਉਸ ਦੀਆਂ ਹਦਾਇਤਾਂ ਨਾਲ ਫਾਰਮ ਵਿੱਚ ਬਹੁਤ ਉੱਨਤੀ ਹੋਈ, ਅਤੇ ਪੰਜ ਮੀਲ ਦੂਰ ਤੱਕ ਦੇ ਲੋਕ ਮਾਸਟਰ ਵੇਲੀਅਨ ਦੀ ਨੌਕਰਾਣੀ ਦੀਆਂ ਗੱਲਾਂ ਕਰਨ

ਲੱਗੇ," ਅਤੇ ਕਿਸਾਨ ਨੇ ਆਪ ਵੀ ਸਭ ਨੂੰ ਦੱਸਿਆ : ਕਿ ਇਹ ਲੜਕੀ ਤਾਂ ਇਸ ਦੇ ਬਰਾਬਰ ਸੋਨੇ ਦੇ ਭਾਰ ਤੋਂ ਵੀ ਮਹਿੰਗੀ ਹੈ।

ਪਰ ਸਮਾਂ ਲੰਘਦਾ ਗਿਆ, ਅਤੇ ਉਸ ਦੀ ਤਨਖ਼ਾਹ ਉਤਨੀ ਹੀ ਰਹੀ। ਉਸ ਦੀ ਮਿਹਨਤ ਤਾਂ ਉਸ ਤਰ੍ਹਾਂ ਹੀ ਸਮਝੀ ਗਈ ਜਿਵੇਂ ਇਕ ਚੰਗੀ ਨੌਕਰ ਤੋਂ ਆਸ ਕੀਤੀ ਜਾਂਦੀ ਹੈ ਅਤੇ ਉਸ ਦੀਆਂ ਚੰਗੀਆਂ ਭਾਵਨਾਵਾਂ ਤੋਂ ਜ਼ਿਆਦਾ ਉਹ ਕੁਝ ਹੋਰ ਸੋਚਣ ਲੱਗ ਪਈ ਕਿ ਜੇ ਕਿਸਾਨ ਪੰਜਾਹ ਜਾਂ ਸੌ ਵਾਧੂ ਸਿੱਕੇ ਹਰ ਮਹੀਨੇ ਬੈਂਕ ਵਿੱਚ ਜਮਾਂ ਕਰਵਾ ਸਕਦਾ ਹੈ, ਉਹ ਅਜੇ ਵੀ ਸਿਰਫ਼ ਦੋ ਸੌ ਫਰੈਂਕ ਹੀ ਇਕ ਸਾਲ ਵਿੱਚ ਕਮਾ ਰਹੀ ਸੀ, ਨਾ ਜ਼ਿਆਦਾ ਨਾ ਘੱਟ, ਇਸ ਲਈ ਉਸ ਨੇ ਆਪਣਾ ਮਨ ਬਣਾਇਆ ਕਿ ਉਹ ਤਨਖ਼ਾਹ ਵਧਾਉਣ ਵਾਸਤੇ ਕਹੇਗੀ। ਉਹ ਇਸ ਲਈ ਸਕੂਲ ਮਾਸਟਰ ਨੂੰ ਮਿਲਣ ਲਈ ਤਿੰਨ ਵਾਰ ਗਈ, ਪਰ ਜਦੋਂ ਉਹ ਉਸ ਨੂੰ ਮਿਲਿਆ ਉਸ ਨੇ ਕੁਝ ਹੋਰ ਹੀ ਕਿਹਾ। ਉਹ ਪੈਸੇ ਬਾਰੇ ਕਹਿਣੋਂ ਕੁਝ ਕੁਝ ਝਿਜਕਦੀ ਸੀ, ਜਿਸ ਤਰ੍ਹਾਂ ਇਹ ਕੋਈ ਅਪਮਾਨਜਨਕ ਗੱਲ ਸੀ, ਪਰ ਆਖ਼ਰਕਾਰ ਇਕ ਦਿਨ ਜਦੋਂ ਕਿਸਾਨ ਆਪ ਰਸੋਈ ਵਿੱਚ ਨਾਸ਼ਤਾ ਕਰ ਰਿਹਾ ਸੀ ਉਸ ਨੇ ਉਸ ਨੂੰ ਕੁਝ ਘਬਰਾਹਟ ਨਾਲ ਕਿਹਾ ਕਿ ਉਹ ਉਸ ਨੂੰ ਕੁਝ ਖ਼ਾਸ ਕਹਿਣਾ ਚਾਹੁੰਦੀ ਸੀ; ਕਿਸਾਨ ਨੇ ਹੈਰਾਨੀ ਨਾਲ ਆਪਣਾ ਸਿਰ ਚੁੱਕਿਆ, ਦੋਵੇਂ ਹੱਥ ਮੇਜ਼ 'ਤੇ ਰੱਖ ਕੇ ਇਕ ਹੱਥ ਵਿੱਚ ਆਪਣਾ ਚਾਕੂ ਪਕੜੇ ਹੋਏ ਅਤੇ ਦੂਜੇ ਹੱਥ ਵਿੱਚ ਰੋਟੀ ਦੀ ਬੁਰਕੀ ਸੀ। ਉਸ ਨੇ ਲੜਕੀ ਵੱਲ ਗ਼ੌਰ ਨਾਲ ਵੇਖਿਆ, ਜੋ ਉਸ ਦੇ ਘੂਰਨ ਨਾਲ ਮਾਯੂਸ ਹੋ ਗਈ ਸੀ, ਪਰ ਇਕ ਹਫ਼ਤੇ ਦੀ ਛੁੱਟੀ ਲਈ ਕਿਹਾ, ਇਸ ਲਈ ਕਿ ਉਹ ਦੂਰ ਚਲੀ ਜਾਣਾ ਚਾਹੁੰਦੀ ਸੀ, ਕਿਉਂਕਿ ਉਸ ਦੀ ਤਬੀਅਤ ਠੀਕ ਨਹੀਂ ਸੀ ਉਸ ਨੇ ਇਕ ਦਮ ਹੀ ਉਸ ਦੀ ਗੱਲ ਮੰਨ ਲਈ, ਅਤੇ ਕੁਝ ਤੰਗੀ ਜਿਹੀ ਨਾਲ ਪੁੱਛਿਆ : "ਤੂੰ ਕਦੋਂ ਵਾਪਸ ਆਵੇਗੀ ਮੈਂ ਵੀ ਤੈਨੂੰ ਕੁਝ ਕਹਿਣਾ ਹੈ।"

## ਭਾਗ-3

ਬੱਚਾ ਲਗਭਗ ਅੱਠ ਮਹੀਨੇ ਦਾ ਹੋ ਗਿਆ ਸੀ ਉਹ ਬੜਾ ਮੋਟਾ ਅਤੇ ਉਸ ਦਾ ਰੰਗ ਲਾਲ ਹੋ ਗਿਆ ਸੀ। ਉਹ ਆਪਣਾ ਆਪ ਉਸ ’ਤੇ ਇਸ ਤਰ੍ਹਾਂ ਸੁੱਟ ਦਿੰਦੀ ਜਿਵੇਂ ਕੋਈ ਸ਼ਿਕਾਰ ਹੋਵੇ ਅਤੇ ਉਸ ਨੂੰ ਇੰਨੀ ਜ਼ੋਰ ਦੀ ਚੁੰਮਦੀ ਕਿ ਉਹ ਡਰ ਨਾਲ ਡਡਿਆਉਣ ਲੱਗ ਜਾਂਦਾ, ਫੇਰ ਉਹ ਆਪ ਵੀ ਚਿਲਾਉਣ ਲੱਗ ਜਾਂਦੀ, ਕਿਉਂਕਿ ਉਹ ਉਸ ਨੂੰ ਜਾਣਦਾ ਨਹੀਂ ਸੀ, ਅਤੇ ਆਪਣੀਆਂ ਬਾਂਹਾਂ ਨਰਸ ਵੱਲ ਕਰਦਾ ਜਦੋਂ ਵੀ ਬੱਚਾ ਉਸ ਵੱਲ ਵੇਖਦਾ ਪਰ ਅਗਲੇ ਦਿਨ ਤੋਂ ਹੀ ਉਹ ਉਸ ਨਾਲ ਘੁਲ ਮਿਲ ਗਿਆ ਅਤੇ ਜਦੋਂ ਉਸ ਵੱਲ ਵੇਖਦਾ ਉਹ ਹੱਸ ਪੈਂਦਾ ਅਤੇ ਉਹ ਉਸ ਨੂੰ ਖੇਤਾਂ ਵੱਲ ਲੈ ਜਾਂਦੀ ਅਤੇ ਨਾਲ ਨਾਲ ਬੜੀ ਖ਼ੁਸ਼ੀ ਨਾਲ ਦੌੜਦੀ ਅਤੇ ਦਰੱਖ਼ਤਾਂ ਦੀ ਛਾਂ ਵਿੱਚ ਬੈਠ ਜਾਂਦੀ ਅਤੇ ਫੇਰ ਜ਼ਿੰਦਗੀ ਵਿੱਚ ਪਹਿਲੀ ਵਾਰ ਉਸ ਨੇ ਆਪਣਾ ਦਿਲ ਕਿਸੇ ਅੱਗੇ ਫੋਲਿਆ ਅਤੇ ਉਸ ਮਾਸੂਮ ਬੱਚੇ ਨੂੰ ਆਪਣੀਆਂ ਮੁਸ਼ਕਲਾਂ ਦੱਸੀਆਂ, ਹੁਣ ਉਸ ਦਾ ਕੰਮ ਕਿੰਨਾ ਮੁਸ਼ਕਲ ਸੀ ਉਸ ਦੀਆਂ ਆਸ਼ਾਵਾਂ ਅਤੇ ਉਸ ਦਾ ਲਾਡ ਪਿਆਰ ਬੱਚੇ ਨੂੰ ਬਿਲਕੁਲ ਥਕਾ ਦਿੰਦਾ ਸੀ।

ਉਹ ਉਸ ਨੂੰ ਚੁੱਕਣ ਨਹਾਉਣ ਧੁਆਉਣ ਅਤੇ ਤਿਆਰ ਕਰਨ ਵਿੱਚ ਸਭ ਤੋਂ ਜ਼ਿਆਦਾ ਖ਼ੁਸ਼ੀ ਮਹਿਸੂਸ ਕਰਦੀ ਸੀ। ਕਿਉਂਕਿ ਉਸ ਨੂੰ ਇਹ ਮਹਿਸੂਸ ਹੁੰਦਾ ਸੀ ਕਿ ਇਹ ਸਭ ਮਾਂਪੁਣੇ ਦੇ ਸੰਸਕਾਰ ਹਨ। ਉਹ ਉਸ ਨੂੰ ਹੈਰਾਨੀ ਨਾਲ ਦੇਖਦੀ ਕਿ ਉਹ ਉਸ ਦਾ ਆਪਣਾ ਬੱਚਾ ਹੈ, ਅਤੇ ਉਹ ਹੌਲੀ ਹੌਲੀ ਆਪਣੇ ਆਪ ਨੂੰ ਕਹਿੰਦੀ ਜਿਵੇਂ ਕਿ ਉਹ ਉਸ ਦੀਆਂ ਬਾਂਹਾਂ ਵਿੱਚ ਕੁੱਦਦਾ ਖੇਲ੍ਹਦਾ ਹੈ “ਇਹ ਮੇਰਾ ਬੱਚਾ ਹੈ, ਇਹ ਮੇਰਾ ਬੱਚਾ ਹੈ”

ਉਹ ਸਾਰਾ ਰਸਤਾ ਰੋਂਦੀ ਰਹੀ ਜਦੋਂ ਉਹ ਖੇਤ ਵਾਪਸ ਆਈ ਅਤੇ ਅੰਦਰ ਵੜਦੀ ਨੂੰ ਹੀ ਮਾਲਕ ਨੇ ਬੁਲਾ ਲਿਆ। ਉਹ ਘਬਰਾਈ ਹੋਈ ਡਰਦੀ ਡਰਦੀ ਬਿਨਾਂ ਕੁਝ ਜਾਣੇ ਅੰਦਰ ਗਈ।

"ਇੱਥੇ ਬੈਠ ਜਾਂ" ਉਸ ਨੇ ਕਿਹਾ, ਉਹ ਬੈਠ ਗਈ ਅਤੇ ਕੁਝ ਮਿੰਟ ਉਹ ਨਾਲ ਨਾਲ ਰਹੇ, ਕੁਝ ਔਖੇ ਹੋ ਕੇ, ਆਪਣੀਆਂ ਬਾਂਹਾਂ ਪਾਸੇ ਕਰਕੇ ਰੱਖੀਆਂ

ਜਿਵੇਂ ਕਿ ਪਤਾ ਨਾ ਹੋਵੇ ਕਿ ਇਨ੍ਹਾਂ ਨਾਲ ਕੀ ਕਰਨਾ ਹੈ ਅਤੇ ਇਸ ਤਰ੍ਹਾਂ ਇਕ ਦੂਜੇ ਦੇ ਚਿਹਰੇ ਵੱਲ ਵੇਖਦੇ ਰਹੇ।

ਕਿਸਾਨ ਇਕ ਤਕੜਾ, ਸ਼ੁਗਲੀ ਅਤੇ ਜਿੱਦੀ, ਪੰਤਾਲੀ ਸਾਲ ਦਾ ਆਦਮੀ, ਜਿਸ ਦੀਆਂ ਦੋ ਔਰਤਾਂ ਪਹਿਲਾਂ ਮਰ ਗਈਆਂ, ਬੜਾ ਦੁਖੀ ਸੀ ਜੋ ਉਸ ਵਾਸਤੇ ਬੜਾ ਔਖਾ ਸੀ। ਪਰ ਆਖ਼ਰਕਾਰ ਉਸ ਨੇ ਆਪਣਾ ਮਨ ਬਣਾ ਲਿਆ ਅਤੇ ਖਿੜਕੀ ਵਿੱਚੋਂ ਬਾਹਰ ਦੇਖਦੇ ਹੋਏ ਝਿਜਕਦਾ ਹੋਇਆ ਬੋਲਿਆ। "ਰੋਜ਼ ਇਹ ਕਿਵੇਂ ਹੈ" ਉਸ ਨੇ ਕਿਹਾ, "ਕਿ ਤੂੰ ਕਦੇ ਵੀ ਜ਼ਿੰਦਗੀ ਵਿੱਚ ਟਿਕ ਜਾਣ ਬਾਰੇ ਨਹੀਂ ਸੋਚਿਆ।"

ਉਹ ਇੰਨੀ ਪੀਲੀ ਹੋ ਗਈ ਜਿਵੇਂ ਮਰ ਗਈ ਹੋਵੇ ਇਹ ਸਮਝਦਾ ਹੋਇਆ ਕਿ ਉਸ ਨੇ ਕਈ ਉੱਤਰ ਨਹੀਂ ਦਿੱਤਾ ਉਸ ਨੇ ਕਿਹਾ:-

"ਤੂੰ ਇਕ ਚੰਗੀ ਚੁਸਤ ਤੇ ਸਮਝਦਾਰ ਲੜਕੀ ਹੈ ਅਤੇ ਤੇਰੇ ਵਰਗੀ ਪਤਨੀ ਇਕ ਆਦਮੀ ਦੀ ਕਿਸਮਤ ਬਦਲ ਸਕਦੀ ਹੈ।"

ਉਹ ਚੁੱਪ ਬੈਠੀ ਰਹੀ ਅਤੇ ਡਰੀ ਹੋਈ ਦਿਖਾਈ ਦਿੱਤੀ, ਉਸ ਨੇ ਨਾ ਹੀ ਇਸ ਦਾ ਮਤਲਬ ਸਮਝਣ ਦੀ ਕੋਸ਼ਿਸ ਕੀਤੀ, ਉਸ ਦੇ ਵਿਚਾਰ ਹਨੇਰੀ ਵਾਂਗ ਤੇਜ਼ ਧੁੰਦਲੇ ਸਨ ਜੋ ਕਿ ਕਿਸੇ ਖ਼ਤਰੇ ਦੀ ਸੰਭਾਵਨਾ ਦਾ ਸੰਕੇਤ ਕਰ ਰਹੇ ਸਨ ਇਸ ਲਈ ਉਹ ਕੁਝ ਮਿੰਟ ਇੰਤਜ਼ਾਰ ਕਰਨ ਤੋਂ ਬਾਅਦ ਕਹਿਣ ਲੱਗਾ:

"ਤੁਸੀਂ ਵੇਖੋ ਕਿ ਖੇਤ ਦਾ ਕੰਮ ਮਾਲਕਣ ਤੋਂ ਬਿਨਾਂ ਕਿਵੇਂ ਚੱਲ ਸਕਦਾ ਹੈ ਭਾਵੇਂ ਤੇਰੇ ਵਰਗੀ ਨੌਕਰਾਣੀ ਵੀ ਹੋਵੇ।"

ਫੇਰ ਉਹ ਰੁਕ ਗਿਆ, ਇਸ ਲਈ ਕਿ ਉਹਨੂੰ ਪਤਾ ਨਹੀਂ ਲੱਗਦਾ ਸੀ ਕਿ ਹੋਰ ਕੀ ਕਹੇ, ਅਤੇ ਰੋਜ਼ ਨੇ ਉਸ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਕੋਈ ਕਾਤਲ ਤੋਂ ਬਚਣ ਬਾਰੇ ਸੋਚਦਾ ਹੈ, ਅਤੇ ਹਰ ਘੜੀ ਖਿਸਕ ਜਾਣ ਵਾਸਤੇ ਮੌਕਾ ਵੇਖਦਾ ਹੈ; ਪਰ ਪੰਜ ਮਿੰਟ ਉਡੀਕ ਕਰਨ ਤੋਂ ਬਾਦ ਉਸ ਨੇ ਉਸ ਨੂੰ ਕਿਹਾ।

"ਅੱਛਾ, ਕੀ ਇਹ ਤੁਹਾਨੂੰ ਠੀਕ ਰਹੇਗਾ?"

“ਮਾਸਟਰ ਮੈਨੂੰ ਕੀ ਠੀਕ ਰਹੇਗਾ?"

ਅਤੇ ਉਸ ਨੇ ਜਲਦੀ ਨਾਲ ਕਿਹਾ; "ਪ੍ਰਮਾਤਮਾ ਦੀ ਕਸਮ ਤੂੰ ਮੇਰੇ ਨਾਲ ਵਿਆਹ ਕਰ ਲੈ।" ਉਹ ਖੜੀ ਹੋ ਗਈ ਫਿਰ ਆਪਣੀ ਕੁਰਸੀ ਵਿੱਚ ਗਿਰ ਗਈ ਜਿਵੇਂ ਕਿ ਕੋਈ ਆਪਣੀ ਬਦਕਿਸਮਤੀ ਦੇ ਭਾਰ ਨਾਲ ਬਹੁਤ ਦੱਬ ਜਾਂਦਾ ਹੈ। ਪਰ ਆਖ਼ਰ ਵਿੱਚ ਕਿਸਾਨ ਉਤਾਵਲਾ ਹੋ ਗਿਆ ਅਤੇ ਕਿਹਾ "ਇੱਧਰ ਆਓ ਹੋਰ ਤੂੰ ਇਸ ਤੋਂ ਜ਼ਿਆਦਾ ਕੀ ਚਾਹੁੰਦੀ ਹੈ?"

ਉਸ ਨੇ ਉਸ ਵੱਲ ਡਰਦੀ ਹੋਈ ਵੇਖਿਆ, ਅਤੇ ਫੇਰ ਅਚਾਨਕ ਉਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ, ਉਸ ਨੇ ਦੋ ਵਾਰ ਰੁਕ ਰੁਕ ਕੇ ਕਿਹਾ "ਮੈਂ ਨਹੀਂ ਕਰ ਸਕਦੀ, ਮੈਂ ਨਹੀਂ ਕਰ ਸਕਦੀ।"

"ਕਿਉਂ ਨਹੀਂ? ਉਸਨੇ ਪੁੱਛਿਆ" ਆ, ਬੇਵਕੂਫ਼ ਨਾ ਬਣ; ਮੈਂ ਇਸ ’ਤੇ ਸੋਚਣ ਵਾਸਤੇ ਤੈਨੂੰ ਕੱਲ੍ਹ ਤੱਕ ਦਾ ਸਮਾਂ ਦਿੰਦਾ ਹਾਂ"।

ਉਹ ਕਾਹਲੀ ਨਾਲ ਕਮਰੇ ਤੋਂ ਬਾਹਰ ਚਲਿਆ ਗਿਆ ਬੜਾ ਖ਼ੁਸ਼ ਸੀ ਉਹ ਕੰਮ ਖ਼ਤਮ ਕਰਕੇ ਜਿਸ ਨੇ ਉਸ ਨੂੰ ਕਾਫ਼ੀ ਤੰਗ ਕੀਤਾ ਹੋਇਆ ਸੀ ਉਸ ਨੂੰ ਸ਼ੱਕ ਨਹੀਂ ਸੀ ਅਗਲੀ ਸਵੇਰ ਉਹ ਉਸ ਦੀ ਗੱਲ ਮੰਨ ਲਵੇਗੀ ਜਿਹੜੀ ਕਿ ਉਸ ਨੇ ਕਦੇ ਵੀ ਨਹੀਂ ਮੰਨਣੀ ਸੀ, ਜੋ ਕਿ ਉਸ ਲਈ ਸਭ ਤੋਂ ਮਹਾਨ ਕੰਮ ਸੀ, ਜਿਵੇਂ ਕਿ ਉਸ ਨੇ ਇਕ ਔਰਤ ਨੂੰ ਪਾਬੰਦ ਕਰ ਲਿਆ ਹੋਵੇ ਜੋ ਕਿ ਨਿਸ਼ਚਤ ਹੀ ਉਸ ਲਈ ਬਹੁਤ ਕੁਝ ਲੈ ਆਵੇਗੀ ਜੋ ਉਸ ਨੂੰ ਦਾਜ ਵਿੱਚ ਮਿਲਣਾ ਸੀ।

ਇਸ ਵਿੱਚ ਬਿਲਕੁਲ ਵੀ ਸ਼ੱਕ ਨਹੀਂ ਸੀ ਕਿ ਉਹਨਾਂ ਦਾ ਜੋੜ ਬਰਾਬਰ ਦਾ ਨਹੀਂ ਸੀ ਜਿਵੇਂ ਕਿ ਦੇਸ਼ ਵਿੱਚ ਹਰ ਕੋਈ ਥੋੜ੍ਹਾ ਬਹੁਤ ਬਰਾਬਰ ਹੁੰਦਾ ਹੈ। ਕਿਸਾਨ ਆਪਣੇ ਕਾਮਿਆਂ ਦੀ ਤਰ੍ਹਾਂ ਕੰਮ ਕਰਦਾ ਸੀ; ਕਾਮੇ ਹੌਲੀ ਹੌਲੀ ਉਸ ਦੀ ਥਾਂ ਮਾਸਟਰ ਬਣ ਗਏ ਅਤੇ ਨੌਕਰਾਣੀਆਂ ਉਸ ਅਦਾਰੇ ਦੀਆ ਮਾਲਕਣਾਂ ਬਣ ਗਈਆਂ, ਬਿਨਾਂ ਕਿਸੇ ਆਪਣੀਆਂ ਆਦਤਾਂ ਨੂੰ ਬਦਲੇ।

ਰੋਜ਼ ਉਸ ਰਾਤ ਸੋ ਨਹੀਂ ਸਕੀ ਸੀ ਉਹ ਜਿਸ ਤਰ੍ਹਾਂ ਤਿਆਰ ਸੀ ਉਸ ਤਰ੍ਹਾਂ ਹੀ ਬਿਸਤਰ ’ਤੇ ਗਿਰ ਗਈ, ਅਤੇ ਉਸ ਵਿੱਚ ਇੰਨੀ ਵੀ ਸੱਤਿਆ ਨਹੀਂ

ਸੀ ਕਿ ਉੱਚੀ ਉੱਚੀ ਰੋ ਸਕੇ, ਉਹ ਬਹੁਤ ਪ੍ਰੇਸ਼ਾਨ ਜਿਹੀ ਸੀ। ਉਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਸ ਦਾ ਸਰੀਰ ਵੀ ਨਾਲ ਹੈ ਉਹ ਅਹਿਲ ਚੁੱਪ ਚਾਪ ਪਈ ਰਹੀ, ਅਤੇ ਇਹ ਜਾਣਦੇ ਹੋਏ ਕਿ ਉਸ ਨਾਲ ਕੀ ਵਾਪਰਿਆ ਹੈ, ਸੋਚਣ 'ਤੇ ਮਜਬੂਰ ਸੀ, ਅਤੇ ਉਹ ਇਸ ਵਿਚਾਰ ਨਾਲ ਸੋਚ ਕੇ ਡਰ ਗਈ ਜੋ ਅਗਲੇ ਦਿਨ ਵਾਪਰਨਾ ਹੈ ਉਸ ਦਾ ਡਰ ਵੱਧਦਾ ਗਿਆ ਅਤੇ ਹਰ ਵਾਰ ਜਦੋਂ ਰਸੋਈ ਦਾ ਵੱਡਾ ਕਲਾਕ ਵੱਜਦਾ ਉਹਨੂੰ ਤਰੇਲੀਆਂ ਆਉਣ ਲੱਗ ਜਾਂਦੀਆਂ। ਉਸ ਦੀ ਸੋਚਣ ਸ਼ਕਤੀ ਖ਼ਤਮ ਹੋ ਗਈ ਸੀ ਅਤੇ ਇਹ ਸਭ ਇਕ ਡਰਾਉਣੇ ਸੁਪਨੇ ਦੀ ਤਰ੍ਹਾਂ ਸੀ; ਉਸ ਦੀ ਮੋਮਬੱਤੀ ਬੁਝ ਗਈ ਅਤੇ ਉਹ ਫੇਰ ਸੋਚਣ ਲੱਗ ਗਈ ਕਿ ਕਿਸੇ ਨੇ ਉਸ ਉੱਤੇ ਜਾਦੂ ਕੀਤਾ ਹੈ ਜਿਵੇਂ ਪੇਂਡੂ ਲੋਕ ਵਹਿਮ ਕਰਦੇ ਹਨ ਉਸ ਦਾ ਮਨ ਬੀਤਣ ਵਾਲੀ ਬਦਕਿਸਮਤੀ ਤੋਂ ਪਹਿਲਾਂ ਦੂਰ ਚਲੇ ਜਾਣ ਨੂੰ ਕਰਦਾ ਸੀ ਜਿਵੇਂ ਕਿ ਜਹਾਜ਼ ਹਨੇਰੀ ਤੋਂ ਅੱਗੇ ਚਲਾ ਜਾਂਦਾ ਹੈ।

ਇਕ ਉੱਲੂ ਬੋਲਿਆ ਅਤੇ ਉਹ ਸਹਿਮ ਕੇ ਬੈਠ ਗਈ ਅਤੇ ਆਪਣੇ ਹੱਥ ਆਪਣੇ ਮੂੰਹ ਅਤੇ ਵਾਲਾਂ 'ਤੇ ਰੱਖ ਲਏ ਅਤੇ ਸਾਰੇ ਸਰੀਰ 'ਤੇ ਰੱਖਦੀ ਅਤੇ ਫੇਰ ਹੇਠਾਂ ਚਲੀ ਜਾਂਦੀ ਹੈ ਜਿਵੇਂ—ਕਿ ਨੀਂਦ ਵਿੱਚ ਹੀ ਤੁਰ ਰਹੀ ਹੋਵੇ। ਜਦੋਂ ਉਹ ਵਿਹੜੇ ਵਿੱਚ ਪਹੁੰਚ ਗਈ ਤਾਂ ਝੁਕ ਗਈ ਤਾਂ ਕਿ ਕੋਈ ਦੌੜਦਾ ਭੱਜਦਾ ਉਸ ਨੂੰ ਦੇਖ ਨਾ ਲਵੇ, ਚੰਦਰਮਾ ਜੋ ਕਿ ਅਸਤ ਹੋ ਰਿਹਾ ਸੀ ਖੇਤਾਂ ਵਿੱਚ ਚਮਕਦੀ ਰੌਸ਼ਨੀ ਪਾ ਰਿਹਾ ਸੀ। ਦਰਵਾਜ਼ਾ ਖੋਲ੍ਹਣ ਦੀ ਬਜਾਏ ਉਹ ਜੰਗਲੇ ਤੋਂ ਹੀ ਟੱਪ ਗਈ ਅਤੇ ਜਿਉਂ ਹੀ ਉਹ ਬਾਹਰ ਗਈ ਉਸਨੇ ਦੌੜਨਾ ਸ਼ੁਰੂ ਕਰ ਦਿੱਤਾ, ਉਹ ਤੇਜ਼ੀ ਨਾਲ ਸਿੱਧੀ ਗਈ, ਅਤੇ ਸਮੇਂ ਸਮੇਂ 'ਤੇ ਉਹ ਅਚਨਚੇਤ ਨਾ ਸੁਣਨ ਵਾਲੀ ਚੀਕ ਮਾਰਦੀ ਸੀ। ਉਸ ਦੀ ਪਰਛਾਈਂ ਹੀ ਉਸ ਦੇ ਨਾਲ ਸੀ, ਅਤੇ ਕੋਈ ਕੋਈ ਪੰਛੀ ਉਸ ਤੋਂ ਦੀ ਉੱਡ ਕੇ ਲੰਘਦੇ ਸਨ, ਜਦੋਂ ਕਿ ਕੁੱਤੇ ਬਾਹਰ ਖੇਤਾਂ ਵਿੱਚ ਭੌਂਕ ਰਹੇ ਸਨ, ਜਿਵੇਂ ਕਿ ਉਹ ਉਸ ਨੂੰ ਉੱਥੋਂ ਲੰਘਦਿਆਂ ਸੁਣਦੇ ਹੋਣ। ਇੱਥੋਂ ਤੱਕ ਇਕ ਨੇ ਖਾਲ ਟੱਪ ਕੇ, ਉਸ ਦਾ ਪਿੱਛਾ ਕੀਤਾ, ਅਤੇ ਉਸ ਨੂੰ ਕੱਟਣ ਦੀ ਕੋਸ਼ਿਸ਼ ਕੀਤੀ ਪਰ ਉਹ ਇਸ ਦੇ ਪਾਸੇ ਹੋ ਗਈ, ਅਤੇ ਅਜਿਹਾ ਬੁਰੀ ਤਰ੍ਹਾਂ ਲਲਕਾਰਿਆ ਕਿ ਡਰਿਆ ਹੋਇਆ ਕੁੱਤਾ ਪਰ੍ਹੇ ਵਾਪਸ ਚਲਾ ਗਿਆ, ਅਤੇ ਚੁੱਪ ਚਾਪ ਗੰਦੀ ਨਾਲੀ ਵਿੱਚ ਘੁੱਸ ਗਿਆ। ਤਾਰੇ ਥੋੜ੍ਹੇ ਮੱਧਮ ਹੋ

ਗਏ ਅਤੇ ਪੰਛੀਆਂ ਦੀ ਚਿਰ ਚਿਰ ਸ਼ੁਰੂ ਹੋ ਗਈ ਦਿਨ ਚੜ੍ਹ ਰਿਹਾ ਸੀ। ਲੜਕੀ ਥੱਕ ਟੁੱਟ ਕੇ ਹਫ ਗਈ ਸੀ, ਅਤੇ ਜਦੋਂ ਸੂਰਜ ਅਕਾਸ਼ ਵਿੱਚ ਚੜ੍ਹ ਗਿਆ ਤਾਂ ਉਹ ਰੁਕ ਗਈ ਇਸ ਲਈ ਕਿ ਉਸ ਦੇ ਸੁੱਜੇ ਹੋਏ ਪੈਰਾਂ ਨੇ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ। ਪਰ ਉਸ ਨੇ ਕੁਝ ਫ਼ਾਸਲੇ 'ਤੇ ਵੇਖਿਆ ਇਕ ਬਹੁਤ ਵੱਡਾ ਛੱਪੜ ਜਿਸ ਦਾ ਖੜ੍ਹਾ ਪਾਣੀ ਨਵੇਂ ਦਿਨ ਦੀ ਰੌਸ਼ਨੀ ਦੀ ਲਾਲੀ ਨਾਲ ਖ਼ੂਨ ਦੀ ਤਰ੍ਹਾਂ ਲੱਗ ਰਿਹਾ ਸੀ, ਅਤੇ ਉਹ ਛੋਟੇ ਛੋਟੇ ਕਦਮਾਂ ਨਾਲ ਆਪਣੇ ਹੱਥ ਦਿਲ 'ਤੇ ਰੱਖ ਕੇ ਆਪਣੇ ਦੋਵੇਂ ਪੈਰ ਪਾਣੀ ਵਿੱਚ ਡਬੋਣ ਵਾਸਤੇ ਅੱਗੇ ਵਧੀ।

ਉਹ ਘਾਹ ਦੀ ਤਹਿ 'ਤੇ ਬੈਠ ਗਈ ਅਤੇ ਆਪਣੀਆਂ ਖੜਾਵਾਂ ਉਤਾਰ ਦਿੱਤੀਆਂ ਜੋ ਕਿ ਮਿੱਟੀ ਨਾਲ ਭਰੀਆਂ ਹੋਈਆਂ ਸਨ ਆਪਣੀ ਜੁਰਾਬਾਂ ਉਤਾਰ ਦਿੱਤੀਆਂ ਅਤੇ ਲੱਤਾਂ ਸ਼ਾਂਤ ਪਾਣੀ ਵਿੱਚ ਪਾ ਦਿੱਤੀਆਂ, ਜਿੱਥੇ ਕਿ ਇੱਧਰ ਉੱਧਰ ਪਾਣੀ ਦੇ ਬੁਲਬੁਲੇ ਉੱਠ ਰਹੇ ਸਨ।

ਠੰਢ ਦੀ ਇਕ ਭਾਵਨਾ ਨੇ ਉਸ ਨੂੰ ਸਿਰ ਤੋਂ ਪੈਰਾ ਤੱਕ ਕੰਬਾ ਦਿੱਤਾ ਸੀ, ਅਤੇ ਅਚਾਨਕ ਜਦੋਂ ਉਹ ਗਹਿਰੇ ਤਲਾਅ ਵੱਲ ਵੇਖ ਰਹੀ ਸੀ, ਉਸ ਨੂੰ ਚੱਕਰ ਆ ਗਿਆ, ਅਤੇ ਉਦੋਂ ਪਾਗ਼ਲਾਂ ਦੀ ਤਰ੍ਹਾਂ ਉਸ ਦਾ ਮਨ ਉਸ ਵਿੱਚ ਛਾਲ ਮਾਰਨ ਨੂੰ ਕੀਤਾ ਉਸ ਦੀਆਂ ਸਾਰੀਆਂ ਮੁਸੀਬਤਾਂ ਹਮੇਸ਼ਾ ਲਈ ਇੱਥੇ ਹੀ ਖ਼ਤਮ ਹੋ ਜਾਣਗੀਆਂ। ਉਸ ਨੇ ਆਪਣੇ ਬੱਚੇ ਬਾਰੇ ਵੀ ਨਾ ਸੋਚਿਆ, ਉਹ ਤਾਂ ਸ਼ਾਂਤੀ ਚਾਹੁੰਦੀ ਸੀ, ਪੂਰਾ ਆਰਾਮ ਅਤੇ ਹਮੇਸ਼ਾ ਲਈ ਸੌਂ ਜਾਣਾ, ਉਸ ਨੇ ਬਾਂਹਾਂ ਚੁੱਕ ਕੇ ਦੋ ਕਦਮ ਅੱਗੇ ਰੱਖੇ। ਉਹ ਲੱਕ ਤੱਕ ਪਾਣੀ ਵਿੱਚ ਸੀ, ਉਹ ਉਸ ਵਿੱਚ ਰੁੜ੍ਹਨ ਹੀ ਵਾਲੀ ਸੀ, ਜਦ ਗਿੱਟੇ ਦੇ ਬਹੁਤ ਜ਼ਿਆਦਾ ਦਰਦ ਨੇ ਉਸ ਨੂੰ ਵਾਪਸ ਮੋੜ ਦਿੱਤਾ ਉਹ ਬੜੇ ਦੁੱਖ ਨਾਲ ਚੀਕੀ, ਕਿਉਂਕਿ ਉਸ ਦੇ ਗੋਡੇ ਤੋਂ ਪੈਰਾਂ ਦੀਆਂ ਉਂਗਲੀਆਂ ਤੱਕ ਮੋਟੀਆਂ ਕਾਲੀਆਂ ਜੋਕਾਂ ਉਸ ਦਾ ਖ਼ੂਨ ਚੂਸ ਰਹੀਆਂ ਸਨ। ਅਤੇ ਮੋਟੀਆਂ ਹੋ ਰਹੀਆਂ ਸਨ। ਉਸ ਨੇ ਉਹਨਾਂ ਨੂੰ ਪਕੜ ਕੇ ਉਤਾਰਨ ਦਾ ਹੌਂਸਲਾ ਨਾ ਕੀਤਾ ਅਤੇ ਡਰ ਨਾਲ ਘਬਰਾ ਗਈ, ਉਸ ਦੀਆਂ ਚੀਕਾਂ ਨੇ ਇਕ ਕਿਸਾਨ ਦਾ ਧਿਆਨ ਖਿੱਚਿਆ, ਜੋ ਉਸ ਸਮੇਂ ਇਕੱਲਾ ਕੁਝ ਫ਼ਾਸਲੇ 'ਤੇ ਜਾ ਰਿਹਾ ਸੀ ਤੇ ਇਕ ਇਕ ਕਰਕੇ ਜੋਕਾਂ ਨੂੰ

ਉਤਾਰਿਆ ਜ਼ਖ਼ਮਾਂ 'ਤੇ ਜੜੀਆਂ ਬੂਟੀਆਂ ਲਗਾਈਆਂ ਅਤੇ ਆਪਣੀ ਟਮਟਮ ਵਿੱਚ ਲੜਕੀ ਨੂੰ ਉਸ ਦੇ ਮਾਸਟਰ ਦੇ ਖੇਤ ਤੱਕ ਲੈ ਗਿਆ।

ਉਹ ਪੰਦਰਾਂ ਦਿਨਾਂ ਤੱਕ ਬਿਸਤਰੇ ਵਿੱਚ ਹੀ ਰਹੀ ਅਤੇ ਜਿਸ ਦਿਨ ਬਿਸਤਰ ਤੋਂ ਉੱਠੀ ਉਹ ਪਹਿਲੇ ਦਿਨ ਦਰਵਾਜ਼ੇ ਵਿੱਚ ਬੈਠੀ ਸੀ ਕਿ ਅਚਾਨਕ ਕਿਸਾਨ ਆ ਗਿਆ ਅਤੇ ਆਪ ਉਸ ਦੇ ਸਾਹਮਣੇ ਖੜ੍ਹਾ ਹੋ ਗਿਆ।

"ਠੀਕ ਹੈ" ਉਸ ਨੇ ਕਿਹਾ" ਮੈਨੂੰ ਲਗਦਾ ਹੈ ਕਿ ਤੂੰ ਗੱਲ ਬਾਰੇ ਫੈਲਾਅ ਕਰ ਲਿਆ ਹੋਵੇਗਾ।"

ਉਸ ਨੇ ਪਹਿਲਾਂ ਤਾਂ ਉੱਤਰ ਨਾ ਦਿੱਤਾ, ਅਤੇ ਫੇਰ ਉਹ ਖੜੀ ਉਸ ਦੀਆਂ ਅੱਖਾਂ ਵੱਲ ਦੇਖਦੀ ਰਹਿ ਗਈ, ਉਸ ਨੇ ਬੜੀ ਮੁਸ਼ਕਲ ਨਾਲ ਕਿਹਾ, "ਨਹੀਂ ਮਾਸਟਰ, ਮੈਂ ਨਹੀਂ ਕਰ ਸਕਦੀ।"

ਪਰ ਉਹ ਇਕ ਦਮ ਗ਼ੁੱਸੇ ਵਿੱਚ ਭਰ ਗਿਆ। "ਤੂੰ ਨਹੀਂ ਕਰ ਸਕਦੀ ਤੂੰ ਨਹੀਂ ਕਰ ਸਕਦੀ। ਮੈਨੂੰ ਕਾਰਨ ਪਤਾ ਹੋਣਾ ਚਾਹੀਦਾ ਹੈ ਕਿ ਕਿਉਂ ਨਹੀਂ?"

ਉਸ ਨੇ ਚਿਲਾਉਣਾ ਸ਼ੁਰੂ ਕਰ ਦਿੱਤਾ ਅਤੇ ਦੋਬਾਰਾ ਕਿਹਾ, 'ਮੈਂ ਨਹੀਂ ਕਰ ਸਕਦੀ"।

ਉਸ ਨੇ ਉਸ ਵੱਲ ਵੇਖਿਆ ਅਤੇ ਗ਼ੁੱਸੇ ਵਿੱਚ ਕਿਹਾ, ਫੇਰ ਮੈਨੂੰ ਲਗਦਾ ਹੈ ਕਿ ਤੇਰਾ ਕੋਈ ਹੋਰ ਪ੍ਰੇਮੀ ਹੈ।"

"ਸ਼ਾਇਦ ਇਵੇਂ ਹੀ ਹੈ," ਉਸ ਨੇ ਸ਼ਰਮ ਨਾਲ ਥਰਥਰਾਂਦੇ ਹੋਏ ਜੁਆਬ ਦਿੱਤਾ।

ਆਦਮੀ ਗ਼ੁੱਸੇ ਨਾਲ ਪੋਸਤ ਦੇ ਡੋਡੇ ਵਾਂਗ ਲਾਲ ਹੋ ਗਿਆ ਅਤੇ ਗ਼ੁੱਸੇ ਵਿੱਚ ਬੋਲਿਆ "ਹੂੰ। ਤਾਂ ਤੂੰ ਇਹ ਮੰਨਦੀ ਹੈ, ਤੂੰ ਬਦਜ਼ਾਤ ਦੱਸ ਉਹ ਕੌਣ ਹੈ। ਮੇਰਾ ਖ਼ਿਆਲ ਹੈ ਕੋਈ ਕੰਗਾਲ ਭੁੱਖਾ ਅਤੇ ਅਵਾਰਾਗਰਦ ਹੋਵੇਗਾ? ਮੈਂ ਕਹਿੰਦਾ ਹਾਂ ਉਹ ਕੋਣ ਹੈ।" ਅਤੇ ਜਿਵੇਂ ਹੀ ਉਸ ਨੇ ਕੋਈ ਜੁਆਬ ਨਾ ਦਿੱਤਾ ਉਹ ਬੋਲਦਾ ਗਿਆ : "ਹੂੰ ਇਸ ਲਈ ਤੂੰ ਮੈਨੂੰ ਨਹੀਂ ਦੱਸੇਗੀ। ਫੇਰ ਮੈਂ ਹੀ ਤੈਨੂੰ ਦੱਸਦਾ ਹਾਂ ; ਉਹ ਜੀਨ ਦਾਉਦਾ ਹੈ

“ਨਹੀਂ, ਉਹ ਨਹੀਂ" ਉਹ ਕਹਿੰਦੀ ਹੈ।

"ਫੇਰ ਉਹ ਪਾਇਰੀ ਮਾਰਟਨ ਹੈ। "

"ਉਹ ਨਹੀਂ ਮਾਸਟਰ”

ਅਤੇ ਉਹ ਗ਼ੁੱਸੇ ਨਾਲ ਸਾਰੇ ਜਵਾਨ ਸਾਥੀਆਂ ਦੇ ਜੋ ਉਸ ਇਲਾਕੇ ਵਿੱਚ ਸਨ ਦੇ ਨਾਂ ਲੈ ਦਿੰਦਾ ਹੈ, ਉਹ ਇਨਕਾਰ ਕਰ ਦਿੰਦੀ ਹੈ, ਅਤੇ ਹਰ ਵਾਰ ਆਪਣੀਆਂ ਅੱਖਾਂ ਨੀਲੇ ਰੰਗ ਦੇ ਦੁਪੱਟੇ ਦੀ ਚੂਕ ਨਾਲ ਪੂੰਝਦੀ ਹੈ। ਪਰ ਤਾਂ ਵੀ ਉਹ ਅਜੇ ਪਤਾ ਕਰਨਾ ਚਾਹੁੰਦਾ ਹੈ, ਅਤੇ ਜਿਵੇਂ ਕਿ ਇਸ ਭੇਦ ਨੂੰ ਜਾਣਨ ਵਾਸਤੇ ਉਹ ਉਸ ਦਾ ਦਿਲ ਟਟੋਲ ਰਿਹਾ ਸੀ ਇਸ ਤਰ੍ਹਾਂ ਬੁਰੀ ਤਰ੍ਹਾਂ ਜ਼ਿੱਦ ਕਰ ਰਿਹਾ ਸੀ ਜਿਵੇਂ ਕੋਈ ਖੁੱਡ ਵਿੱਚੋਂ ਚੂਹਾ ਕੱਢਣ ਦੀ ਲਾਲਸਾ ਨਾਲ ਖੁੱਡ ਨੂੰ ਖੁਰਚ ਰਿਹਾ ਹੋਵੇ ਅਚਾਨਕ ਆਦਮੀ ਚਿੱਲਾਇਆ ਰੱਬ ਦੀ ਕਸਮ ਇਹ ਜੈਕੁਇਸ ਹੈ, ਆਦਮੀ ਜੋ ਪਿਛਲੇ ਸਾਲ ਇੱਥੇ ਸੀ। ਉਹ ਕਹਿੰਦੇ ਨੇ ਕਿ ਤੁਸੀਂ ਹਮੇਸ਼ਾ ਇਕੱਠੇ ਗੱਲਾਂ ਕਰਦੇ ਅਤੇ ਤੁਸੀਂ ਵਿਆਹ ਕਰਨ ਵਾਸਤੇ ਸੋਚਦੇ ਸੀ।”

ਰੋਜ਼ ਦਾ ਗਲ਼ਾ ਘੁੱਟਦਾ ਜਾ ਰਿਹਾ ਸੀ, ਅਤੇ ਉਹ ਗੁਲਾਨਾਰੀ ਹੋ ਗਈ, ਜਦੋਂ ਅਚਾਨਕ ਉਸ ਦੇ ਹੰਝੂ ਰੁਕ ਗਏ ਅਤੇ ਉਸ ਦੀਆਂ ਗੱਲ੍ਹਾਂ ਤੋਂ ਵੀ ਸੁੱਕ ਗਏ, ਜਿਵੇਂ ਕਿ ਗਰਤਮ ਪੈਰਿਸ ਤੇ ਪਾਣੀ ਦੇ ਤੁਪਕੇ ਸੁੱਕ ਜਾਂਦੇ ਹਨ, ਉਹ ਕਹਿੰਦੀ ਹੈ” ਨਹੀਂ ਇਹ ਉਹ ਨਹੀਂ ਹੈ ਇਹ ਉਹ ਨਹੀਂ ਹੈ।

"ਕੀ ਇਹ ਸੱਚ ਹੈ"! ਚਲਾਕ ਕਿਸਾਨ ਨੇ ਪੁੱਛਿਆ, ਜਿਸ ਨੇ ਸੱਚਾਈ ਦਾ ਕੁਝ ਕੁ ਪਤਾ ਲੱਗਾ ਲਿਆ ਸੀ, ਅਤੇ ਉਸ ਲੜਕੀ ਨੇ ਕਾਹਲੀ ਨਾਲ ਜੁਆਬ ਦਿੱਤਾ।

"ਮੈਂ ਇਸ ਦੀ ਕਸਮ ਖਾਂਦੀ ਹਾਂ ਮੈਂ ਤੁਹਾਡੇ ਕੋਲ ਕਸਮ ਖਾਂਦੀ ਹਾਂ" ਉਹ ਸੋਚ ਰਹੀ ਸੀ ਕਿ ਕਿਸ ਦੀ ਕਸਮ ਚੁੱਕੀ ਜਾਵੇ, ਉਹ ਪਵਿੱਤਰ ਨਾਂ ਲੈ ਕੇ ਕਸਮ ਨਹੀਂ ਖਾਣਾ ਚਾਹੁੰਦੀ ਸੀ

ਪਰ ਉਸ ਨੂੰ ਵਿੱਚੋਂ ਟੋਕ ਦਿੱਤਾ "ਕਿਸੇ ਵੀ ਕੀਮਤ 'ਤੇ, ਉਹ ਹਰ ਥਾਂ ਤੇਰਾ ਪਿੱਛਾ ਕਰਦਾ ਸੀ, ਅਤੇ ਰੋਟੀ ਖਾਣ ਸਮੇਂ ਤੈਨੂੰ ਦੇਖਦਾ ਸੀ। ਕੀ ਤੂੰ ਕਦੀ ਉਸ ਨਾਲ ਵਾਅਦਾ ਵੀ ਕੀਤਾ ਸੀ।

ਇਸ ਵਾਰ ਉਸ ਨੇ ਆਪਣੇ ਮਾਸਟਰ ਦੇ ਚਿਹਰੇ ਵੱਲ ਸਿੱਧਾ ਵੇਖਿਆ, ਨਹੀਂ ਕਦੀ ਨਹੀਂ ਮੈਂ ਕਸਮ ਖਾ ਕੇ ਕਹਿੰਦੀ ਹਾਂ ਕਿ ਜੇ ਉਹ ਅੱਜ ਵੀ ਆ ਜਾਂਦਾ ਹੈ ਅਤੇ ਮੈਨੂੰ ਵਿਆਹ ਕਰਨ ਵਾਸਤੇ ਕਹਿੰਦਾ ਹੈ, ਮੈਂ ਉਸ ਨਾਲ ਕੁਝ ਨਹੀਂ ਕਰਾਂਗੀ।"

ਉਹ ਇੰਨਾ ਸਾਫ਼ ਸਾਫ਼ ਬੋਲੀ ਕਿ ਕਿਸਾਨ ਝਿਜਕ ਗਿਆ ਅਤੇ ਫੇਰ ਉਸ ਨੇ ਕਹਿਣਾ ਜਾਰੀ ਰੱਖਿਆ, ਜਿਵੇਂ ਉਹ ਆਪਣੇ ਆਪ ਨੂੰ ਕਹਿ ਰਿਹਾ ਹੋਵੇ; "ਫੇਰ ਕੀ ਤੇਰੀ ਬਦਕਿਸਮਤੀ ਨਹੀਂ ਹੈ? ਜਿਵੇਂ ਉਹ ਕਹਿੰਦੇ ਹਨ, ਜਾਂ ਇਹ ਸਮਝਿਆ ਜਾਂਦਾ ਹੈ ਕਿ ਕਿਸੇ ਵੀ ਹਾਲਤ ਵਿੱਚ ਕੋਈ ਲੜਕੀ ਆਪਣੇ ਮਾਸਟਰ ਨੂੰ ਇਸ ਕਰਕੇ ਕਿਸੇ ਕੀਮਤ 'ਤੇ ਨਾਂਹ ਨਹੀਂ ਕਰੇਗੀ। ਬੇਸ਼ੱਕ ਇਸ ਦੇ ਵਿੱਚ ਕੁਝ ਗੱਲ ਜ਼ਰੂਰ ਹੈ।" ਉਹ ਨਾਂਹ ਕਹਿ ਸਕਦੀ ਸੀ; ਉਸ ਵਿੱਚ ਬੋਲਣ ਦੀ ਤਾਕਤ ਨਹੀਂ ਸੀ, ਅਤੇ ਉਸ ਨੇ ਉਸ ਨੂੰ ਦੁਬਾਰਾ ਪੁੱਛਿਆ "ਤੂੰ ਨਹੀਂ ਕਰੇਗੀ।"

"ਮੈਂ ਨਹੀਂ ਕਰ ਸਕਦੀ ਮਾਸਟਰ।"

ਉਸ ਨੇ ਹੌਕਾ ਲੈਂਦੇ ਹੋਏ ਕਿਹਾ ਅਤੇ ਉਹ ਵਾਪਸ ਮੁੜ ਗਿਆ।

ਉਸ ਨੇ ਸੋਚਿਆ ਕਿ ਉਸ ਨੂੰ ਉਸ ਤੋਂ ਬਿਲਕੁਲ ਛੁਟਕਾਰਾ ਮਿਲ ਗਿਆ ਅਤੇ ਬਾਕੀ ਦਾ ਦਿਨ ਸ਼ਾਂਤੀ ਨਾਲ ਬੀਤੇਗਾ, ਪਰ ਥੱਕੀ ਪਈ ਉਹ ਸੀ, ਜਿਵੇਂ ਸਫ਼ੈਦ ਘੋੜੇ ਦੀ ਥਾਂ ਸਾਰਾ ਦਿਨ ਗਹਾਈ ਵਾਲੀ ਮਸ਼ੀਨ ਚਲਾਉਂਦੀ ਰਹੀ ਹੋਵੇ। ਉਹ ਜਿੰਨੀ ਜਲਦੀ ਹੋ ਸਕਿਆ ਬਿਸਤਰੇ ਵਿੱਚ ਚਲੀ ਗਈ ਅਤੇ ਉਦੋਂ ਹੀ ਸੌਂ ਗਈ ਸੀ। ਅੱਧੀ ਰਾਤ ਸਮੇਂ ਦੋ ਹੱਥਾਂ ਦੇ ਛੂਹਣ ਕਰਕੇ ਜਾਗ ਪਈ। ਉਹ ਡਰ ਨਾਲ ਕੰਬ ਰਹੀ ਸੀ ਪਰ ਉਹ ਉਦੋਂ ਹੀ ਕਿਸਾਨ ਦੀ ਅਵਾਜ਼ ਸਮਝ ਗਈ ਜਦੋਂ ਉਸ ਨੇ ਕਿਹਾ "ਰੋਜ਼ ਡਰ ਨਾ", ਮੈਂ ਤੇਰੇ ਨਾਲ ਗੱਲ ਕਰਨ ਆਇਆ ਹਾਂ।"

ਉਹ ਪਹਿਲਾ ਤਾਂ ਹੈਰਾਨ ਹੋਈ ਪਰ ਜਦੋਂ ਉਹ ਉਸ ਨਾਲ ਖੁੱਲ੍ਹ ਲੈਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਉਹ ਸਮਝ ਗਈ ਕਿ ਉਹ ਕੀ ਚਾਹੁੰਦਾ ਹੈ ਅਤੇ ਬੁਰੀ ਤਰ੍ਹਾਂ ਕੰਬਣ ਲੱਗ ਪਈ। ਉਹ ਅੰਧੇਰੇ ਵਿੱਚ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦੀ ਸੀ ਅਤੇ ਨੀਂਦ ਵਿੱਚ ਮਸਤ ਸੀ ਬਿਲਕੁਲ ਅਸੁਰੱਖਿਅਤ ਉਸ ਆਦਮੀ ਤੋਂ ਜੋ ਉਸ ਕੋਲ ਖੜ੍ਹਾ ਸੀ ਉਹ ਬਿਲਕੁਲ ਰਜ਼ਾਮੰਦ ਨਹੀਂ ਸੀ ਪਰ ਲਾਪਰਵਾਹੀ ਨਾਲ ਵਿਰੋਧ ਕਰਦੀ ਰਹੀ, ਉਸ ਦੀ ਇੱਛਾ ਦੇ ਵਿਰੁੱਧ ਜੋ ਬਹੁਤ ਪ੍ਰਬਲ ਸੀ ਜਿਸ ਅੱਗੇ ਦੁਚਿੱਤੀ ਹਾਰ ਹੁਟ ਜਾਂਦੀ ਹੈ। ਫਿਰ ਉਸ ਨੇ ਆਪਣਾ ਸਿਰ ਦੀਵਾਰ ਵੱਲ ਕਰ ਲਿਆ ਅਤੇ ਫਿਰ ਕਮਰੇ ਵੱਲ ਉਸ ਮੰਦ ਭਾਵਨਾ ਨੂੰ ਟਾਲਣ ਲਈ ਜੋ ਕਿਸਾਨ ਉਸ ਤੋਂ ਅਜ਼ਮਾਉਣਾ ਚਾਹੁੰਦਾ ਸੀ ਉਹ ਰਜਾਈ ਵਿੱਚ ਉਸਲ-ਵੱਟੇ ਲੈਣ ਲੱਗੀ ਅਤੇ ਜਿਵੇਂ ਕਿ ਬਹੁਤ ਵੱਡੇ ਘੋਲ ਤੋਂ ਬਾਅਦ ਬੜੀ ਥੱਕ ਹਾਰ ਗਈ ਹੋਵੇ, ਜਦੋਂ ਕਿ ਉਸ ਆਦਮੀ ਦੇ ਮਨ ’ਤੇ ਕਾਮ ਦਾ ਭੂਤ ਸਵਾਰ ਹੋ ਗਿਆ।

ਉਹ ਇਕੱਠੇ ਪਤੀ ਅਤੇ ਪਤਨੀ ਦੀ ਤਰ੍ਹਾਂ ਰਹਿਣ ਲੱਗੇ ਅਤੇ ਇਕ ਸਵੇਰ ਉਹ ਉਸ ਨੂੰ ਕਹਿੰਦਾ ਹੈ "ਮੈਂ ਆਪਣੇ ਬੰਧਨ ਖ਼ਤਮ ਕਰ ਦੇਵਾਂਗਾ ਅਤੇ ਅਗਲੇ ਮਹੀਨੇ ਆਪਾਂ ਵਿਆਹ ਕਰਵਾ ਲਵਾਂਗੇ।"

ਉਹ ਜੁਆਬ ਨਹੀਂ ਦਿੰਦੀ ਇਸ ਲਈ ਕਿ ਉਹ ਕਹਿ ਕੀ ਸਕਦੀ ਹੈ? ਉਹ ਵਿਰੋਧ ਨਹੀਂ ਕਰਦੀ, ਉਹ ਕੀ ਕਰ ਸਕਦੀ ਸੀ?

## ਭਾਗ 4

ਵਿਆਹ ਹੋ ਗਿਆ। ਉਸ ਨੇ ਮਹਿਸੂਸ ਕੀਤਾ ਕਿ ਉਹ ਉਸ ਟੋਏ ਵਿੱਚ ਹੈ ਜਿਸ ਦੇ ਕਿਨਾਰੇ ਵੀ ਨਹੀਂ ਅਤੇ ਸਾਰੀਆਂ ਬਦਕਿਸਮਤੀਆਂ ਉਸ ਦੇ ਸਿਰ ਤੋਂ ਇਕ ਚਟਾਨ ਦੀ ਤਰ੍ਹਾਂ ਉਸ ਤਰ੍ਹਾਂ ਹੀ ਛਾਈਆਂ ਹਨ, ਜੋ ਕਿ ਪਹਿਲੇ ਮੌਕੇ ’ਤੇ ਹੀ ਉਸ ’ਤੇ ਗਿਰ ਜਾਣਗੀਆਂ। ਉਸ ਦੇ ਪਤੀ ਨੇ ਉਸ ਨਾਲ ਅਜਿਹਾ ਵਤੀਰਾ ਅਖ਼ਤਿਆਰ ਕੀਤਾ ਜਿਸ ਨੇ ਉਸ ਤੋਂ ਕੁਝ ਚੁਰਾਇਆ ਹੋਵੇ ਅਤੇ ਜਿਹੜਾ ਕਿ ਕਿਸੇ ਨਾ ਕਿਸੇ ਦਿਨ ਉਸ ਨੂੰ ਪਤਾ ਲੱਗ ਜਾਏਗਾ। ਤੇ ਫੇਰ ਉਹ ਆਪਣੇ ਬੱਚੇ ਬਾਰੇ ਸੋਚਣ ਲੱਗੀ ਜੋ ਉਸ ਦੀਆਂ ਮੁਸੀਬਤਾਂ ਦਾ ਕਾਰਨ ਸੀ, ਪਰ ਧਰਤੀ ’ਤੇ ਸਾਰੀਆਂ ਖ਼ੁਸ਼ੀਆਂ

ਦਾ ਕਾਰਨ ਵੀ ਉਹ ਹੀ ਸੀ ਉਹ ਸਾਲ ਵਿੱਚ ਦੋ ਵਾਰ ਉਸ ਨੂੰ ਦੇਖਣ ਜਾਂਦੀ ਸੀ, ਅਤੇ ਹਰ ਵਾਰ ਉਹ ਪਹਿਲਾ ਨਾਲੋਂ ਜ਼ਿਆਦਾ ਮਾਯੂਸ ਵਾਪਸ ਆਉਂਦੀ।

ਪਰ ਹੌਲੀ ਹੌਲੀ ਉਹ ਆਪਣੀ ਜ਼ਿੰਦਗੀ ਦੀ ਆਦੀ ਹੋ ਗਈ ਸੀ ਉਸ ਦਾ ਡਰ ਦੂਰ ਹੋ ਗਿਆ ਸੀ, ਉਸ ਦਾ ਦਿਲ ਵੀ ਆਰਾਮ ਮਹਿਸੂਸ ਕਰਦਾ ਸੀ, ਅਤੇ ਉਹ ਉੱਥੇ ਆਰਾਮ ਨਾਲ ਰਹਿਣ ਲੱਗੀ ਭਾਵੇਂ ਕੁਝ ਡਰ ਉਸ ਦੇ ਦਿਮਾਗ਼ ਵਿੱਚ ਰਹਿੰਦਾ ਸੀ ਇਸ ਤਰ੍ਹਾਂ ਸਾਲ ਬੀਤਦੇ ਗਏ, ਅਤੇ ਬੱਚਾ ਛੇ ਸਾਲ ਦਾ ਹੋ ਗਿਆ ਉਹ ਹੁਣ ਕਾਫ਼ੀ ਖ਼ੁਸ਼ ਸੀ ਜਦੋਂ ਅਚਾਨਕ ਕਿਸਾਨ ਦਾ ਗ਼ੁੱਸਾ ਬਹੁਤ ਬੁਰੀ ਤਰ੍ਹਾਂ ਵੱਧ ਗਿਆ।

ਦੋ ਤਿੰਨ ਸਾਲ ਤੋਂ ਉਹ ਕਿਸੇ ਭੇਦ ਨੂੰ ਛੁਪਾਈ ਬੈਠਾ ਸੀ, ਕਿਸੇ ਖ਼ਾਸ ਗੱਲ ਦਾ ਧਿਆਨ ਕਰਕੇ ਕੁਝ ਦਿਮਾਗ਼ੀ ਉਲਝਣਾਂ, ਜਿਹੜੀਆਂ ਧੀਰੇ ਧੀਰੇ ਵੱਧਦੀਆਂ ਜਾਂਦੀਆਂ ਸਨ। ਉਹ ਰੋਟੀ ਖਾਣ ਤੋਂ ਬਾਅਦ ਵੀ ਕਾਫ਼ੀ ਸਮਾਂ ਆਪਣਾ ਸਿਰ ਪਕੜ ਕੇ ਮੇਜ਼ ਕੋਲ ਹੀ ਬੈਠਾ ਰਹਿੰਦਾ ਬੜਾ ਉਦਾਸ ਹੋ ਜਾਂਦਾ। ਉਹ ਹਮੇਸ਼ਾ ਕਾਹਲੀ ਨਾਲ ਬੋਲਦਾ, ਕਈ ਵਾਰੀ ਬੁਰੀ ਤਰ੍ਹਾਂ ਖਿਝ ਜਾਂਦਾ ਅਤੇ ਇੱਥੇ ਤੱਕ ਲੱਗਦਾ ਕਿ ਆਪਣੀ ਪਤਨੀ ਨਾਲ ਹੋ ਰਿਹਾ ਹੈ ਇਸ ਲਈ ਉਹ ਉਸ ਨੂੰ ਕਈ ਵਾਰੀ ਗ਼ੁੱਸੇ ਵਿੱਚ ਬੁਰੀ ਤਰ੍ਹਾਂ ਜੁਆਬ ਦਿੰਦਾ। ਇਕ ਦਿਨ ਜਦੋਂ ਗੁਆਂਢੀਆਂ ਦਾ ਮੁੰਡਾ ਕੁਝ ਆਂਡੇ ਲੈਣ ਲਈ ਆਇਆ ਅਤੇ ਉਹ ਉਸ ਨਾਲ ਖਰ੍ਹਵਾ ਬੋਲੀ ਕਿਉਂਕਿ ਉਹ ਕੰਮ ਵਿੱਚ ਬਹੁਤ ਰੁੱਝੀ ਹੋਈ ਸੀ, ਉਸ ਦਾ ਪਤੀ ਅਚਾਨਕ ਹੀ ਅੰਦਰ ਆਇਆ ਅਤੇ ਉਸ ਨੂੰ ਉਸ ਨੇ ਰੁੱਖੀ ਆਵਾਜ਼ ਵਿੱਚ ਕਿਹਾ: “ਜੇਕਰ ਉਹ ਤੇਰਾ ਆਪਣਾ ਬੱਚਾ ਹੁੰਦਾ ਤਾਂ ਤੂੰ ਉਸ ਨਾਲ ਅਜਿਹਾ ਸਲੂਕ ਨਾ ਕਰਦੀ।"

ਉਸ ਨੂੰ ਇਸ ਗੱਲ ਦਾ ਦੁੱਖ ਲੱਗਾ ਅਤੇ ਉਸ ਨੇ ਕੋਈ ਉੱਤਰ ਨਾ ਦਿੱਤਾ, ਅਤੇ ਦੁਖੀ ਦਿਲ ਨਾਲ ਘਰ ਦੇ ਅੰਦਰ ਚਲੀ ਗਈ। ਰਾਤ ਦੇ ਖਾਣੇ ਦੇ ਸਮੇਂ ਕਿਸਾਨ ਨਾ ਹੀ ਉਸ ਨਾਲ ਬੋਲਿਆ, ਨਾ ਹੀ ਉਸ ਨੇ ਉਸ ਵੱਲ ਵੇਖਿਆ ਅਤੇ ਉਹ ਉਸ ਨੂੰ ਤੁੱਛ ਸਮਝ ਕੇ ਘਿਰਨਾ ਕਰਦਾ ਲੱਗਿਆ ਜਿਵੇਂ ਉਹ ਜਾਣਨਾ ਚਾਹੁੰਦੇ ਹੋਵੇ ਕਿ ਆਖ਼ਰਕਾਰ ਮਾਮਲਾ ਕੀ ਸੀ। ਇਸ ਦੇ ਫ਼ਲ਼ਸਰੂਪ ਉਹ ਘਬਰਾ ਗਈ ਅਤੇ

ਖਾਣਾ ਖ਼ਤਮ ਕਰਨ ਤੋਂ ਬਾਅਦ ਉਸ ਦਾ ਉਸ ਨਾਲ ਇਕੱਲੇ ਰਹਿਣ ਨੂੰ ਦਿਲ ਨਹੀਂ ਕੀਤਾ, ਇਸ ਲਈ ਉਹ ਕਮਰਾ ਛੱਡ ਕੇ ਕਾਹਲੀ ਨਾਲ ਗਿਰਜੇ ਨੂੰ ਚਲੀ ਗਈ।

ਤਰਕਾਲਾਂ ਦਾ ਸਮਾਂ ਸੀ ਗਿਰਜੇ ਦੇ ਵਿਚਾਲੇ ਹਿੱਸੇ ਵਿਚ ਘੋਰ ਹਨੇਰਾ ਸੀ ਪਰ ਉਸ ਨੇ ਭਜਨ ਮੰਡਲੀ ਦੇ ਕਦਮਾਂ ਦੀ ਆਵਾਜ ਸੁਣੀ, ਗਿਰਜੇ ਦਾ ਮਜਾਵਰ ਰਾਤ ਲਈ ਰੌਸ਼ਨੀ ਵਾਸਤੇ ਲੈਂਪ ਤਿਆਰ ਕਰ ਰਿਹਾ ਸੀ। ਕੰਬਦੀ ਰੌਸ਼ਨੀ ਵਿੱਚ ਕਿਸਾਨ ਜੋ ਕਿ ਡਾਟਾ ਦੇ ਹਨੇਰੇ ਵਿਚ ਗੁੰਮ ਹੋ ਗਏ ਸਨ। ਰੋਜ਼ ਨੂੰ ਉਸ ਦੀ ਆਖ਼ਰੀ ਉਮੀਦ ਵਰਗੇ ਵਿਖਾਈ ਦਿੱਤੇ, ਅਤੇ ਇੰਨ੍ਹਾਂ 'ਤੇ ਅੱਖਾਂ ਜਮਾ ਕੇ ਉਹ ਗੋਡਿਆਂ ਭਾਰ ਝੁਕ ਗਈ। ਜ਼ੰਜੀਰ ਖੜ ਖੜ ਕਰਨ ਲੱਗੀ ਜਿਉਂ ਹੀ ਛੋਟਾ ਲੈਂਪ ਹਵਾ ਵਿਚ ਹਿਲਿਆ ਅਤੇ ਜਲਦੀ ਹੀ ਛੋਟੀ ਘੰਟੀ ਵਜਦੀ ਹੋਈ ਧੁੰਦ ਵਿਚ ਅਲੌਕਿਕ ਰੂਪ ਵਿਚ ਖੜਕੀ। ਉਹ ਉਸ ਕੋਲ ਗਈ ਜਦੋਂ ਕਿ ਉਹ ਬਾਹਰ ਜਾ ਰਿਹਾ ਸੀ।

"ਕੀ ਸ੍ਰੀਮਾਨ ਪਾਦਰੀ ਜੀ ਘਰ ਹਨ? ਉਸ ਨੇ ਪੁੱਛਿਆ।

"ਸ਼ਾਇਦ ਉਹ ਘਰ ਹੀ ਹਨ; ਇਹ ਉਨ੍ਹਾਂ ਦੇ ਖਾਣੇ ਦਾ ਸਮਾਂ ਹੈ।"

ਉਹ ਕੰਬ ਗਈ ਜਿਉਂ ਹੀ ਉਸ ਨੇ ਪਾਦਰੀ ਦੇ ਨਿਵਾਸ-ਸਥਾਨ ਦੀ ਘੰਟੀ ਵਜਾਈ। ਪਾਦਰੀ ਰਾਤ ਦੇ ਖਾਣੇ ਲਈ ਬੈਠ ਹੀ ਰਿਹਾ ਸੀ ਅਤੇ ਉਸ ਨੇ ਉਸ ਨੂੰ ਵੀ ਬਿਠਾ ਲਿਆ। "ਹਾਂ, ਹਾਂ ਮੈਂ ਇਸ ਬਾਰੇ ਸਭ ਕੁਝ ਜਾਣਦਾ ਹਾਂ। ਤੁਹਾਡੇ ਪਤੀ ਨੇ ਸਾਰਾ ਮਾਮਲਾ ਮੈਨੂੰ ਦੱਸ ਦਿਤਾ ਹੈ ਜੋ ਤੈਨੂੰ ਇੱਥੇ ਲਿਆਇਆ ਹੈ।"

ਵਿਚਾਰੀ ਔਰਤ ਲਗਭਗ ਬੇਹੋਸ਼ ਹੋ ਗਈ ਅਤੇ ਪਾਦਰੀ ਨੇ ਕਹਿਣਾ ਜਾਰੀ ਰਖਿਆ : "ਮੇਰੇ ਬਾਰੇ, ਤੁਸੀਂ ਕੀ ਚਾਹੁੰਦੇ ਹੋ?" ਅਤੇ ਉਸ ਨੇ ਜਲਦੀ ਨਾਲ ਕਈ ਚਮਚੇ ਸੂਪ ਦੇ ਪੀ ਲਏ, ਜਿਨ੍ਹਾਂ ਵਿਚੋਂ ਕੁਝ ਉਸ ਦੇ ਲੰਬੇ ਚੋਲੇ 'ਤੇ ਡਿੱਗ ਪਏ। ਪਰ ਰੋਜ਼ ਕੁਝ ਹੋਰ ਨਹੀਂ ਸੀ ਕਹਿਣਾ ਚਾਹੁੰਦੀ, ਜਾਣ ਲਈ ਉੱਠ ਪਈ, ਜਦੋਂ ਕਿ ਪਾਦਰੀ ਨੇ ਕਿਹਾ "ਹੌਸਲਾ ਕਰ।"

ਉਹ ਬਾਹਰ ਚਲੀ ਗਈ ਅਤੇ ਫ਼ਾਰਮ ਵੱਲ ਮੁੜ ਪਈ ਨਾ ਜਾਣਦਿਆ ਹੋਇਆ ਕਿ ਉਹ ਕੀ ਕਰ ਰਹੀ ਸੀ। ਕਿਰਸਾਣ ਉਸ ਦੀ ਉਡੀਕ ਕਰ ਰਿਹਾ ਸੀ ਕਿਉਂਕਿ ਮਜ਼ਦੂਰ ਉਸ ਦੀ ਗ਼ੈਰਹਾਜ਼ਰੀ ਵਿੱਚ ਚਲੇ ਗਏ ਸਨ ਅਤੇ ਰੋਜ਼ ਨੂੰ

ਆਪਣੇ ਪੈਰ ਭਾਰੇ ਮਹਿਸੂਸ ਹੋ ਰਹੇ ਸਨ ਅਤੇ ਜ਼ਾਰੋ ਜ਼ਾਰ ਰੋਂਦੀ ਹੋਈ ਨੇ ਉਸ ਨੂੰ ਕਿਹਾ "ਤੁਹਾਨੂੰ ਮੇਰੇ ਵਿਰੁੱਧ ਕੀ ਸ਼ਿਕਾਇਤ ਹੈ?" ਉਸ ਨੇ ਉੱਚੀ ਉੱਚੀ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਸਹੁੰ ਚੁੱਕ ਕੇ ਕਹਿਣ ਲੱਗਾ "ਮੈਨੂੰ ਕੀ ਗਿਲਾ ਹੈ ਤੇਰੇ ਵਿਰੁੱਧ? ਸਹੁੰ ਰੱਬ ਦੀ ਇਹ ਹੀ ਨਾ ਕਿ ਮੇਰੇ ਬੱਚੇ ਨਹੀਂ ਹਨ ਜਦੋਂ ਕੋਈ ਆਦਮੀ ਪਤਨੀ ਵਿਆਹ ਕੇ ਲਿਆਂਦਾ ਹੈ ਤਾਂ ਉਹ ਆਪਣੇ ਆਪ ਨੂੰ ਆਖ਼ਰੀ ਦਿਨਾਂ ਤੱਕ ਉਸ ਨਾਲੋਂ ਇਕੱਲਾ ਨਹੀਂ ਛੱਡਣਾ ਚਾਹੁੰਦਾ ਇਹ ਹੀ ਗੱਲ ਹੈ ਜਿਸ ਦੀ ਮੈਨੂੰ ਤੇਰੇ ਖਿਲਾਫ਼ ਸ਼ਿਕਾਇਤ ਹੈ।

ਜਦੋਂ ਕਿਸੇ ਗਾਂ ਦੇ ਵੱਛੇ ਨਹੀਂ ਹੁੰਦੇ ਤਾਂ ਉਹ ਕਿਸੇ ਕੰਮ ਦੀ ਨਹੀਂ ਹੁੰਦੀ ਅਤੇ ਜਦੋਂ ਕਿਸੇ ਇਸਤਰੀ ਦੇ ਬੱਚੇ ਨਹੀਂ ਹੁੰਦੇ ਤਾਂ ਉਹ ਵੀ ਕਿਸੇ ਕੰਮ ਦੀ ਨਹੀਂ ਹੁੰਦੀ ਹੈ।"

ਉਸ ਨੇ ਚੀਕਣਾ ਸ਼ੁਰੂ ਕਰ ਦਿਤਾ ਅਤੇ ਕਿਹਾ "ਇਹ ਮੇਰਾ ਕਸੂਰ ਨਹੀਂ ਹੈ। ਇਹ ਮੇਰਾ ਕਸੂਰ ਨਹੀਂ ਹੈ।"

ਜਦੋਂ ਉਸ ਨੇ ਇਹ ਗੱਲ ਸੁਣੀ ਤਾਂ ਉਹ ਜ਼ਿਆਦਾ ਨਰਮ ਹੋ ਗਿਆ ਅਤੇ ਕਿਹਾ "ਮੈਂ ਇਹ ਨਹੀਂ ਕਹਿੰਦਾ ਕਿ ਤੇਰਾ ਕਸੂਰ ਹੈ, ਪਰ ਇਹ ਸਭ ਕੁਝ ਬਹੁਤ ਪਰੇਸ਼ਾਨ ਕਰ ਰਿਹਾ ਹੈ।"

## ਭਾਗ-5

ਉਸ ਦਿਨ ਤੋਂ ਬਾਦ ਉਸ ਦੇ ਦਿਮਾਗ਼ ਵਿੱਚ ਇੱਕੋ ਇਕ ਵਿਚਾਰ ਸੀ ਕਿ ਉਸ ਦਾ ਬੱਚਾ ਹੋਵੇ, ਇਕ ਹੋਰ ਬੱਚਾ। ਉਸ ਨੇ ਆਪਣੀ ਇੱਛਾ ਹਰ ਇਕ ਅੱਗੇ ਪ੍ਰਗਟ ਕੀਤੀ ਅਤੇ ਇਸ ਦੇ ਨਤੀਜੇ ਵਜੋਂ ਇਕ ਗੁਆਂਢੀ ਨੇ ਉਸ ਨੂੰ ਇਕ ਪੱਕਾ ਇਲਾਜ ਦੱਸਿਆ। ਇਹ ਸੀ ਕਿ ਉਹ ਆਪਣੇ ਪਤੀ ਨੂੰ ਹਰ ਸ਼ਾਮ ਨੂੰ ਇਕ ਗਲਾਸ ਪਾਣੀ ਵਿੱਚ ਇਕ ਚੁਟਕੀ ਸੁਆਹ ਦੀ ਪਾ ਕੇ ਦੇਵੇ। ਕਿਰਸਾਣ ਇਸ ਨੂੰ ਕਰਨ ਲਈ ਰਜ਼ਾਮੰਦ ਹੋ ਗਿਆ, ਪਰ ਕੋਈ ਕਾਮਯਾਬੀ ਨਾ ਹੋਈ ਤਦ ਉਨ੍ਹਾਂ ਨੇ ਇਕ ਦੂਜੇ ਨੂੰ

ਕਿਹਾ "ਸ਼ਾਇਦ ਕੁਝ ਭੇਦ ਭਰੇ ਢੰਗ ਹੋਣ?" ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਇਕ ਆਜੜੀ ਬਾਰੇ ਦੱਸਿਆ ਗਿਆ ਜੋ ਤੀਹ ਮੀਲ ਦੀ ਦੂਰੀ 'ਤੇ ਰਹਿੰਦਾ ਸੀ, ਅਤੇ ਇਸ ਲਈ ਵਾਲਿਨ ਇਕ ਦਿਨ ਉਸ ਦੀ ਸਲਾਹ ਲੈਣ ਲਈ ਚਲਾ ਗਿਆ। ਆਜੜੀ ਨੇ ਉਸ ਨੂੰ ਇਕ ਰੋਟੀ ਦਿੱਤੀ, ਜਿਸ ਉੱਤੇ ਉਸ ਨੇ ਕੁਝ ਨਿਸ਼ਾਨ ਬਣਾਏ ਹੋਏ ਸਨ, ਜੋ ਕਿ ਜੜ੍ਹੀ ਬੂਟੀਆਂ ਉੱਤੇ ਗੁੰਨ ਕੇ ਬਣਾਏ ਹੋਏ ਸਨ, ਅਤੇ ਉਨ੍ਹਾਂ ਦੋਵਾਂ ਨੇ ਆਪਸੀ ਮਿਲਾਪ ਤੋਂ ਪਹਿਲਾਂ ਅਤੇ ਬਾਅਦ ਵਿੱਚ ਇਕ ਇਕ ਟੁਕੜਾ ਖਾਣਾ ਸੀ, ਪਰ ਕਿਸੇ ਨਤੀਜੇ ਦੀ ਪ੍ਰਾਪਤੀ ਤੋਂ ਬਿਨਾਂ ਹੀ ਉਹ ਸਾਰਾ ਖਾ ਗਏ।

ਫੇਰ ਇਕ ਸਕੂਲ ਮਾਸਟਰ ਨੇ ਭੇਤ ਤੋਂ ਪਰਦਾ ਚੁੱਕਿਆ ਅਤੇ ਪਿਆਰ ਦੇ ਤਰੀਕੇ ਜਿਸ ਤੋਂ ਕਿ ਦੇਸ਼ ਦੇ ਲੋਕ ਅਣਜਾਣ ਸਨ, ਦੱਸੇ, ਪਰ ਉਨ੍ਹਾਂ ਵਿੱਚੋਂ ਇਕ ਵੀ ਕਾਰਗਰ ਸਾਬਤ ਨਾ ਹੋਇਆ। ਤਦ ਪਾਦਰੀ ਨੇ ਉਨ੍ਹਾਂ ਨੂੰ ਫੀਕੈਂਪ ਦੇ ਧਰਮ ਸਥਾਨ ਦੀ ਤੀਰਥ ਯਾਤਰਾ ਕਰਨ ਦੀ ਸਲਾਹ ਦਿੱਤੀ। ਰੋਜ਼ ਇਕ ਟੋਲੀ ਦੇ ਨਾਲ ਗਈ ਅਤੇ ਉਸ ਨੇ ਆਪਣੇ ਆਪ ਨੂੰ ਮੱਠ ਵਿਚ ਮੂਧਾ ਪਾ ਲਿਆ ਅਤੇ ਉਹ ਆਪਣੀਆਂ ਪ੍ਰਾਥਨਾਵਾਂ ਆਲ਼ੇ ਦੁਆਲੇ ਦੇ ਕਿਰਸਾਨਾਂ ਦੀਆਂ ਤੁੱਛ ਇੱਛਾਵਾਂ ਨਾਲ ਮਿਲਾ ਰਹੀ ਸੀ, ਉਸ ਨੇ ਪ੍ਰਾਰਥਨਾ ਕੀਤੀ ਕਿ ਉਹ ਦੂਜੀ ਵਾਰੀ ਕਾਮਯਾਬ ਹੋ ਜਾਵੇ; ਪਰ ਸਭ ਕੁਝ ਵਿਅਰਥ ਸੀ, ਅਤੇ ਤਦ ਉਸ ਨੇ ਸੋਚਿਆ ਕਿ ਉਸ ਨੂੰ ਆਪਣੇ ਪਹਿਲੇ ਕਸੂਰ ਦੀ ਸਜ਼ਾ ਮਿਲ ਰਹੀ ਸੀ, ਅਤੇ ਉਹ ਕਿਸੇ ਭਿਆਨਕ ਦੁੱਖ ਨਾਲ ਜਕੜੀ ਗਈ। ਉਹ ਦੁੱਖ ਨਾਲ ਅਜਾਈਂ ਘੁਲ ਰਹੀ ਸੀ, ਉਸ ਦਾ ਪਤੀ ਉਮਰ ਤੋਂ ਪਹਿਲਾਂ ਹੀ ਬੁੱਢਾ ਹੋ ਰਿਹਾ ਸੀ ਅਤੇ ਉਹ ਨਿਸਫ਼ਲ ਉਮੀਦਾਂ ਨਾਲ ਥੱਕ ਗਿਆ ਸੀ।

ਫੇਰ ਉਨ੍ਹਾਂ ਦੋਵਾਂ ਵਿੱਚ ਲੜਾਈ ਸ਼ੁਰੂ ਹੋ ਗਈ। ਵਾਲਿਨ ਨੇ ਉਸ ਨੂੰ ਗਾਲਾਂ ਕੱਢੀਆਂ ਅਤੇ ਮਾਰਿਆ। ਉਹ ਸਾਰਾ ਦਿਨ ਝਗੜਦੇ ਰਹਿੰਦੇ ਅਤੇ ਰਾਤ ਨੂੰ ਜਦੋਂ ਉਹ ਬਿਸਤਰੇ ਵਿੱਚ ਇਕਠੇ ਤਾਂ ਉਸ ਨੇ ਉਸਦਾ ਅਪਮਾਨ ਕੀਤਾ ਅਤੇ ਉਸ ਨਾਲ ਗੰਦਾ ਵਿਵਹਾਰ ਕੀਤਾ, ਗੁੱਸੇ ਨਾਲ ਹਫੇ ਹੋਏ ਨੇ ਜਦੋਂ ਇਕ ਰਾਤ ਨੂੰ ਜ਼ਿਆਦਾ ਉਹ ਦੁਖੀ ਕਰਨ ਦਾ ਤਰੀਕਾ ਸੋਚਣ ਦੇ ਕਾਬਲ ਨਹੀਂ ਸੀ, ਵਾਲਿਨ ਨੇ ਉਸ ਨੂੰ ਉੱਠਣ ਦਾ ਹੁਕਮ ਦਿੱਤਾ ਅਤੇ ਦਰਵਾਜੇ ਤੋਂ ਬਾਹਰ ਸਵੇਰ ਹੋਣ ਤੱਕ ਬਾਰਸ਼ ਵਿੱਚ

ਖੜੇ ਹੋਣ ਲਈ ਕਿਹਾ। ਜਦੋਂ ਉਸ ਨੇ ਉਸ ਦਾ ਹੁਕਮ ਨਾ ਮੰਨਿਆ ਤਾਂ ਉਸ ਨੇ ਉਸ ਨੂੰ ਗਲ਼ੇ ਤੋਂ ਫੜਿਆ ਅਤੇ ਉਸ ਦੇ ਮੂੰਹ ਤੇ ਮੁੱਕੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਪਰ ਉਸ ਨੇ ਕੁਝ ਨਾ ਕਿਹਾ ਅਤੇ ਨਾ ਹੀ ਉਹ ਹਿੱਲੀ। ਆਪਣੇ ਕ੍ਰੋਧ ਵਿੱਚ ਉਸ ਨੇ ਉਸ 'ਤੇ ਗੋਡੇ ਏਕ ਦਿੱਤੇ, ਅਤੇ ਦੰਦ ਕਰੀਚਦੇ ਹੋਏ ਅਤੇ ਗ਼ੁੱਸੇ ਨਾਲ ਪਾਗ਼ਲ ਹੋਏ ਨੇ, ਉਸ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਤਦ ਉਸ ਨੇ ਆਪਣੀ ਨਿਰਾਸ਼ਾ ਵਿੱਚ ਉਸ ਦਾ ਵਿਦਰੋਹ ਕੀਤਾ ਅਤੇ ਜ਼ੋਰ ਨਾਲ ਉਸ ਨੂੰ ਕੰਧ ਵਲ ਧੱਕਾ ਦੇ ਕੇ ਉਹ ਬੈਠ ਗਈ ਅਤੇ ਬਦਲੀ ਹੋਈ ਆਵਾਜ਼ ਵਿੱਚ ਬੋਲੀ : "ਮੇਰਾ ਇਕ ਬੱਚਾ ਹੋਇਆ ਸੀ, ਇਹ ਜੈਕੁਇਸ ਤੋਂ ਹੋਇਆ ਸੀ। ਤੁਸੀਂ ਜੈਕੁਇਸ ਨੂੰ ਚੰਗੀ ਤਰ੍ਹਾਂ ਜਾਣਦੇ ਹੋ। ਉਸ ਨੇ ਮੇਰੇ ਨਾਲ ਵਿਆਹ ਕਰਨ ਦਾ ਵਚਨ ਕੀਤਾ ਸੀ ਪਰ ਉਹ ਆਪਣਾ ਵਚਨ ਪੂਰਾ ਨਾ ਕਰ ਕੇ ਇਹ ਗੁਆਂਢ ਛੱਡ ਗਿਆ।"

ਉਸ ਆਦਮੀ 'ਤੇ ਜਿਵੇਂ ਬਿਜਲੀ ਡਿੱਗ ਪਈ ਸੀ ਅਤੇ ਉਹ ਮੁਸ਼ਕਿਲ ਨਾਲ ਹੀ ਬੋਲ ਸਕਦਾ ਸੀ, ਪਰ ਆਖ਼ਰਕਾਰ ਉਹ ਥਥਿਆ ਕੇ ਬੋਲਿਆ; "ਕੀ ਕਹਿ ਰਹੀ ਹੈਂ ਤੂੰ? ਕੀ ਕਹਿ ਰਹੀ ਹੈਂ ਤੂੰ?"

ਤਦ ਉਸ ਨੇ ਸਿਸਕੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਅੱਥਰੂ ਵਹਾਉਂਦਿਆ ਉਸ ਨੇ ਕਿਹਾ : "ਇਹੀ ਕਾਰਣ ਸੀ, ਜਿਸ ਕਰਕੇ ਮੈਂ ਤੇਰੇ ਨਾਲ ਸ਼ਾਦੀ ਨਹੀਂ ਸੀ ਕਰਨਾ ਚਾਹੁੰਦੀ। ਮੈਂ ਤੈਨੂੰ ਨਹੀਂ ਸੀ ਦੱਸ ਸਕਦੀ, ਨਹੀਂ ਤਾਂ ਤੂੰ ਮੈਨੂੰ ਮੇਰੇ ਬੱਚੇ ਲਈ ਕਿਸੇ ਆਸਰੇ ਤੋਂ ਬਿਨਾਂ ਹੀ ਛੱਡ ਜਾਂਦਾ ! ਤੁਹਾਡਾ ਕਦੇ ਕੋਈ ਬੱਚਾ ਨਹੀਂ ਸੀ, ਇਸ ਕਰਕੇ ਤੁਸੀਂ ਨਹੀਂ ਸਮਝ ਸਕਦੇ, ਤੁਸੀਂ ਨਹੀਂ ਸਮਝ ਸਕਦੇ।

ਉਸ ਨੇ ਫੇਰ ਉਸੇ ਰਉਂ ਵਿਚ ਵੱਧਦੀ ਹੋਈ ਹੈਰਾਨੀ ਨਾਲ ਕਿਹਾ "ਕੀ ਤੇਰਾ ਬੱਚਾ ਹੈ? ਕੀ ਤੇਰਾ ਬੱਚਾ ਹੈ?"

"ਤੁਸੀਂ ਮੈਨੂੰ ਤਾਕਤ ਨਾਲ ਜਿੱਤਿਆ, ਜਿਵੇਂ ਕਿ ਤੁਹਾਨੂੰ ਪਤਾ ਹੀ ਹੈ। ਮੈਂ ਤੁਹਾਡੇ ਨਾਲ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦੀ" ਉਸ ਨੇ ਅਜੇ ਵੀ ਹਉਕੇ ਲੈਂਦਿਆ ਕਿਹਾ।

ਤਦ ਉਹ ਉੱਠਿਆ ਮੋਮਬਤੀ ਜਗਾਈ ਅਤੇ ਬਾਹਵਾਂ ਪਿੱਛੇ ਕਰਕੇ ਇਕ ਪਾਸੇ ਤੋਂ ਦੂਜੇ ਪਾਸੇ ਟਹਿਲਣ ਲੱਗਾ। ਉਹ ਮੰਜੇ ਤੋਂ ਡਰ ਨਾਲ ਤ੍ਰਬਕ ਕੇ ਬੈਠੀ

ਹੋਈ ਰੋ ਰਹੀ ਸੀ, ਅਤੇ ਅਚਾਨਕ ਉਹ ਉਸ ਦੇ ਸਾਹਮਣੇ ਆ ਕੇ ਰੁੱਕ ਗਿਆ ਅਤੇ ਕਹਿਣ ਲੱਗਾ ਤਦ ਕੀ ਇਹ ਮੇਰਾ ਕਸੂਰ ਹੈ ਕਿ ਕੋਈ ਬੱਚਾ ਨਹੀਂ?

ਉਸ ਨੇ ਕੋਈ ਉੱਤਰ ਨਾ ਦਿੱਤਾ ਅਤੇ ਉਸ ਨੇ ਦੋਬਰਾ ਇਕ ਪਾਸੇ ਤੋਂ ਘੁੰਮਣਾ ਸ਼ੁਰੂ ਕਰ ਦਿੱਤਾ, ਅਤੇ ਤਦ ਉਸ ਨੇ ਦੁਬਾਰਾ ਰੁੱਕ ਕੇ ਫੇਰ ਕਹਿਣਾ ਸ਼ੁਰੂ ਕੀਤਾ:

“ਤੇਰਾਂ ਬੱਚਾ ਕਿੰਨੀ ਉਮਰ ਦਾ ਹੈ?”

“ਛੇ ਸਾਲ ਦਾ" ਪਤਨੀ ਨੇ ਹੌਲੀ ਜਿਹੇ ਕਿਹਾ।

“ਤੂੰ ਮੈਨੂੰ ਪਹਿਲਾਂ ਇਸ ਬਾਰੇ ਕਿਉਂ ਨਹੀਂ ਦੱਸਿਆ?" ਉਸ ਨੇ ਪੁੱਛਿਆ।

ਮੈਂ ਕਿਵੇਂ ਦੱਸ ਸਕਦੀ ਸੀ?" ਉਸ ਨੇ ਹਉਕਾ ਭਰਦੇ ਹੋਏ ਉੱਤਰ ਦਿੱਤਾ ਉਹ ਅਹਿਲ ਖੜ੍ਹਾ ਰਿਹਾ "ਏਧਰ ਆ, ਉੱਠ”, ਉਸ ਨੇ ਕਿਹਾ।

ਉਹ ਕੁਝ ਮੁਸ਼ਕਿਲ ਨਾਲ ਉੱਠੀ ਜਦੋਂ ਉਹ ਫ਼ਰਸ ’ਤੇ ਖੜ੍ਹੀ ਸੀ ਤਾਂ ਉਸ ਦੇ ਪਤੀ ਨੇ ਅਚਾਨਕ ਹੀ ਹੱਸਣਾ ਸ਼ੁਰੂ ਕਰ ਦਿੱਤਾ ਜਿਵੇਂ ਉਹ ਆਪਣੇ ਚੰਗੇ ਦਿਨਾਂ ਵਿੱਚ ਦਿਲ ਭਰ ਕੇ ਹੱਸਦਾ ਸੀ ਅਤੇ ਇਹ ਵੇਖ ਕੇ ਕਿ ਉਹ ਕਿੰਨੀ ਹੈਰਾਨ ਸੀ, ਉਸ ਨੇ ਕਿਹਾ “ਠੀਕ ਹੈ, ਅਸੀਂ ਜਾਵਾਂਗੇ ਅਤੇ ਬੱਚੇ ਨੂੰ ਲੈ ਆਵਾਂਗੇ, ਕਿਉਂਕਿ ਸਾਡੇ ਦੋਹਾਂ ਦਾ ਬੱਚਾ ਨਹੀਂ ਹੋ ਸਕਦਾ।"

ਉਹ ਇੰਨੀ ਡਰ ਗਈ ਸੀ ਕਿ ਜੇਕਰ ਉਸ ਵਿੱਚ ਤਾਣ ਹੁੰਦਾ ਤਾਂ ਉਹ ਜ਼ਰੂਰ ਦੂਰ ਭੱਜ ਜਾਂਦੀ ਪਰ ਕਿਸਾਨ ਨੇ ਆਪਣੇ ਹੱਥ ਮਲਣੇ ਸ਼ੁਰੂ ਕਰ ਦਿੱਤੇ ਅਤੇ ਕਿਹਾ: "ਮੈਂ ਇਕ ਬੱਚਾ ਅਪਨਾਉਣਾ ਚਾਹੁੰਦਾ ਸੀ, ਅਤੇ ਹੁਣ ਸਾਨੂੰ ਇਹ ਮਿਲ ਗਿਆ ਹੈ। ਮੈਂ ਕੁਝ ਅਰਸਾ ਪਹਿਲਾਂ ਪਾਦਰੀ ਨੂੰ ਇਕ ਯਤੀਮ ਬੱਚੇ ਬਾਰੇ ਪੁੱਛਿਆ ਸੀ।"

ਫੇਰ ਹੱਸਦੇ ਹੋਏ, ਉਸ ਨੇ ਆਪਣੀ ਰੋਂਦੀ ਅਤੇ ਘਬਰਾਈ ਹੋਈ ਪਤਨੀ ਨੂੰ ਦੋਵੇਂ ਗੱਲ੍ਹਾਂ ਤੋਂ ਚੁੰਮ ਲਿਆ ਅਤੇ ਬਹੁਤ ਉੱਚੀ ਬੋਲਿਆ, ਜਿਵੇਂ ਕਿ ਉਹ

ਉਸ ਨੂੰ ਸੁਣ ਨਹੀਂ ਸਕਦੀ ਸੀ, ਮੇਰੇ ਨਾਲ ਆ ਆਪਾਂ ਜਾ ਕੇ ਵੇਖਦੇ ਹਾਂ ਕਿ ਸੂਪ ਹੈ ਜਾ ਨਹੀਂ; ਮੈਂ ਤਾਂ, ਪੂਰੀ ਪਲੇਟ ਪੀ ਲਵਾਂਗਾ।"

ਉਸ ਦੀ ਪਤਨੀ ਨੇ ਆਪਣਾ ਪੇਟੀਕੋਟ ਪਾਇਆ ਤੇ ਉਹ ਦੋਵੇਂ ਪੌੜੀਆਂ ਉੱਤਰ ਗਏ ਅਤੇ ਜਦੋਂ ਉਹ ਚੁੱਲ੍ਹੇ ਅੱਗੇ ਝੁਕੀ ਹੋਈ ਸੀ ਅਤੇ ਕੜਾਹੀ ਹੇਠਾਂ ਅੱਗ ਬਾਲ ਰਹੀ ਸੀ, ਉਦੋਂ ਉਹ ਰਸੋਈ ਵਿੱਚ ਲੰਮੇ ਲੰਮੇ ਕਦਮਾਂ ਨਾਲ ਇੱਧਰੋਂ ਉੱਧਰ ਅਤੇ ਉੱਧਰੋਂ ਇੱਧਰ ਤੁਰਦਾ ਰਿਹਾ ਅਤੇ ਉਸ ਕਿਹਾ "ਠੀਕ ਹੈ, ਮੈਂ ਸੱਚੀ ਇਸ ਗੱਲ ’ਤੇ ਖ਼ੁਸ਼ ਹਾਂ, ਮੈਂ ਇਹ ਗੱਲ ਐਵੇਂ ਹੀ ਨਹੀਂ ਕਹਿ ਰਿਹਾ, ਸਗੋਂ ਮੈਂ ਖੁਸ਼ ਹਾਂ, ਮੈਂ ਸੱਚਮੁਚ ਬਹੁਤ ਖੁਸ਼ ਹਾਂ।"

# ਮੋਰਿਨ ਇਕ ਸੂਰ

“ਮੇਰੇ ਮਿੱਤਰ, ਤੁਸੀਂ ਹੁਣੇ ਉਹੀ ਪੰਜ ਸ਼ਬਦ ਦੁਹਰਾਏ ਹਨ "ਦੈਟ ਪਿਗ ਆਫ਼ ਏ ਮੇਰਿਨ," ਮੈਂ ਲਬਾਰਬੇ ਨੂੰ ਕਿਹਾ। ਮੈਂ ਕਿਤੇ ਵੀ ਮੋਰਿਨ ਦਾ ਨਾਂ ਸੂਰ ਦੇ ਨਾਲ ਸਬੰਧਤ ਕੀਤੇ ਬਿਨਾਂ ਕਿਉਂ ਨਹੀਂ ਸੁਣਿਆ?”

ਲਬਾਰਬੇ ਨੇ ਜਿਹੜਾ ਕਿ ਇਕ ਡਿਪਟੀ ਹੈ, ਉੱਲੂ ਵਰਗੀਆਂ ਅੱਖਾਂ ਨਾਲ ਮੇਰੇ ਵੱਲ ਤੱਕਦਿਆਂ ਕਿਹਾ ਕਿ ਤੁਹਾਡਾ ਭਾਵ ਹੈ ਕਿ ਤੁਹਾਨੂੰ ਮੋਰਿਨ ਦੀ ਕਹਾਣੀ ਦਾ ਪਤਾ ਨਹੀਂ ਅਤੇ ਤੁਸੀਂ ਲਾਰੁਚੇਲੇ ਤੋਂ ਆਏ ਹੋ?" ਮੈਂ ਦੱਸਿਆ ਕਿ ਮੈਨੂੰ ਮੋਰਿਨ ਦੀ ਕਹਾਣੀ ਦਾ ਨਹੀਂ ਪਤਾ ਅਤੇ ਫੇਰ ਲਬਾਰਬੇ ਨੇ ਹੱਥ ਮਲ਼ਦਿਆਂ ਦੱਸਣਾ ਸ਼ੁਰੂ ਕੀਤਾ।

"ਤੁਸੀਂ ਮੋਰਿਨ ਨੂੰ ਜਾਣਦੇ ਸੀ, ਕੀ ਤੁਸੀਂ ਨਹੀਂ ਜਾਣਦੇ ਸੀ ਅਤੇ ਤੁਹਾਨੂੰ ਉਸ ਦੀ ਕੁਆਈ ਡੀਲਾ ਰੁਚੇਲੇ ਵਿਖੇ ਬਜਾਜੀ ਦੀ ਦੁਕਾਨ ਦਾ ਵੀ ਪਤਾ ਹੈ?"

"ਹਾਂ, ਬਿਲਕੁਲ।"

“ਤਾਂ, ਠੀਕ ਹੈ। ਤੁਸੀਂ ਜ਼ਰੂਰ ਜਾਣਦੇ ਹੋਵੋਗੇ ਕਿ 1862 ਜਾਂ 1863 ਵਿੱਚ ਮੋਰਿਨ ਵਸਤਾਂ ਵਟਾਉਣ ਦਾ ਬਹਾਨਾ ਕਰਕੇ ਆਪਣੀ ਅਯਾਸ਼ੀ ਕਰਨ ਲਈ ਇਕ ਪੰਦਰਵਾੜੇ ਲਈ ਪੈਰਿਸ ਗਿਆ ਸੀ ਅਤੇ ਤੁਸੀਂ ਇਹ ਵੀ ਜਾਣਦੇ ਹੋਵੋਗੇ ਕਿ ਇਕ ਪੇਂਡੂ ਦੁਕਾਨਦਾਰ ਲਈ ਪੈਰਿਸ ਵਿੱਚ ਇਹ ਪੰਦਰਵਾੜਾ ਬਿਤਾਉਣ ਦੇ ਕੀ ਅਰਥ ਹੁੰਦੇ ਹਨ; ਉਨ੍ਹਾਂ ਵਿੱਚ ਜੋਸ਼ ਪੈਦਾ ਹੋ ਜਾਂਦਾ ਹੈ। ਹਰ ਸ਼ਾਮ ਨੂੰ ਸਿਨੇਮਾ ਘਰ, ਤੁਹਾਡੇ ਸਾਹਮਣੇ ਇਸਤਰੀਆਂ ਦੀਆਂ ਨਵੀਆਂ ਨਵੀਆਂ ਆਕਰਸ਼ਕ ਡਰੈੱਸਾਂ ਆਉਂਦੀਆਂ ਹਨ, ਉਤੇਜਨਾ ਇੰਨੀ ਵੱਧ ਜਾਂਦੀ ਹੈ ਕਿ ਆਦਮੀ ਇਸ ਨਾਲ ਲਗਭਗ ਪਾਗ਼ਲ ਜਿਹਾ ਹੋ ਜਾਂਦਾ ਹੈ। ਆਦਮੀ ਨੂੰ ਤੰਗ ਕੱਪੜਿਆਂ ਵਿੱਚ ਨਚਾਰ, ਘਟੀਆ ਕੱਪੜਿਆਂ

ਵਿੱਚ ਐਕਟ੍ਰੈੱਸਾਂ, ਗੋਲ ਲੱਤਾਂ, ਭਾਰ ਬਾਹਾਂ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਆਉਂਦਾ, ਇਹ ਸਾਰੀਆਂ ਚੀਜਾਂ ਤੁਹਾਡੇ ਤੋਂ ਥੋੜੇ ਫਾਸਲੇ 'ਤੇ ਹੁੰਦੀਆਂ ਹਨ, ਕੋਈ ਵੀ ਇਨ੍ਹਾਂ ਨੂੰ ਫੜਨ ਦੀ ਦਲੇਰੀ ਨਹੀਂ ਕਰ ਸਕਦਾ ਜਾਂ ਹੱਥ ਨਹੀਂ ਲਾ ਸਕਦਾ ਅਤੇ ਚੰਗੀ ਖ਼ੁਰਾਕ ਖਾਣ ਨੂੰ ਮਿਲਦੀ ਹੈ ਅਤੇ ਵਿਅਕਤੀ ਉਸ ਨੂੰ ਫੜਫੜਾਉਂਦੇ ਦਿਲ ਨਾਲ ਅਤੇ ਲੋਚਦੇ ਮਨ ਨਾਲ ਛੱਡਦਾ ਹੈ ਜਦੋਂ ਕਿ ਉਸ ਦੇ ਬੁੱਲ੍ਹ ਚੁੰਮੀਆਂ ਲਈ ਸਹਿਕ ਰਹੇ ਹੁੰਦੇ ਹਨ।

"ਮੋਰਿਨ ਦੀ ਵੀ ਇਹੋ ਜਿਹੀ ਹੀ ਹਾਲਤ ਸੀ ਜਦੋਂ ਕਿ ਉਸਨੇ 8 ਵੱਜ ਕੇ 40 ਮਿੰਟ 'ਤੇ ਲਾ ਰੁਚੇਲੇ ਜਾਣ ਲਈ ਰਾਤ ਦੀ ਐਕਸਪ੍ਰੈੱਸ ਗੱਡੀ ਦੀ ਟਿਕਟ ਲਈ। ਉਹ ਸਟੇਸ਼ਨ 'ਤੇ ਵੇਟਿੰਗ ਰੂਮ ਦੇ ਇੱਧਰ ਉੱਧਰ ਘੁੰਮ ਰਿਹਾ ਸੀ ਜਦੋਂ ਉਹ ਇਕ ਦਮ ਨੌਜਵਾਨ ਇਸਤਰੀ ਦੇ ਸਾਹਮਣੇ ਆ ਕੇ ਖੜ੍ਹ ਗਿਆ ਜਿਹੜੀ ਕਿ ਇਕ ਵੱਡੀ ਇਸਤਰੀ ਦੀਆਂ ਚੁੰਮੀਆਂ ਲੈ ਰਹੀ ਸੀ। ਉਸ ਨੇ ਆਪਣਾ ਬੁਰਕਾ ਉੱਪਰ ਉਠਾਇਆ ਅਤੇ ਮੋਰਿਨ ਖ਼ੁਸ਼ੀ ਵਿੱਚ ਬੁੜਬੜਾਇਆ "ਕਿੰਨੀ ਸੁੰਦਰ ਇਸਤਰੀ ਹੈ।"

"ਜਦੋਂ ਉਸ ਨੇ ਬੁੱਢੀ ਇਸਤਰੀ ਨੂੰ ਅਲਵਿਦਾ ਕਹੀ ਤਾਂ ਉਹ ਵੇਟਿੰਗ ਰੂਮ ਵਿੱਚ ਗਈ ਅਤੇ ਅਤੇ ਮੋਰਿਨ ਵੀ ਉਸ ਦੇ ਪਿੱਛੇ ਗਿਆ, ਫੇਰ ਉਹ ਪਲੇਟਫਾਰਮ 'ਤੇ ਗਈ ਅਤੇ ਇਕ ਖਾਲੀ ਡੱਬੇ ਵਿੱਚ ਚੜ੍ਹ ਗਈ। ਅਤੇ ਮੋਰਿਨ ਨੇ ਉੱਥੇ ਵੀ ਉਸ ਦਾ ਪਿੱਛਾ ਕੀਤਾ। ਐਕਸਪ੍ਰੈੱਸ ਦੀਆਂ ਸਵਾਰੀਆਂ ਥੋੜ੍ਹੀਆਂ ਸਨ, ਇੰਜਨ ਨੇ ਸੀਟੀ ਵਜਾਈ ਅਤੇ ਗੱਡੀ ਚੱਲ ਪਈ। ਉਹ ਇਕੱਲੇ ਹੀ ਸਨ। ਮੋਰਿਨ ਉਸ ਵੱਲ ਵੇਖਦਾ ਰਿਹਾ। ਉਹ 19-20 ਸਾਲ ਦੀ ਜਾਪਦੀ ਸੀ, ਉਹ ਸੁੰਦਰ, ਲੰਮੀ ਅਤੇ ਸ਼ਰਮਾਕਲ ਸੀ। ਉਸ ਨੇ ਆਪਣੀਆਂ ਲੱਤਾਂ ਦੁਆਲ਼ੇ ਕੱਪੜਾ ਲਪੇਟਿਆ ਅਤੇ ਸੌਣ ਲਈ ਆਪਣੇ ਪੈਰ ਪਸਾਰੇ।

"ਮੋਰਿਨ ਨੇ ਆਪਣੇ ਆਪ ਤੋਂ ਪੁੱਛਿਆ, ਮੈਂ ਹੈਰਾਨ ਹਾਂ ਕਿ ਉਹ ਕੌਣ ਹੈ? ਅਤੇ ਉਸ ਦੇ ਦਿਮਾਗ਼ ਵਿੱਚ ਹਜ਼ਾਰਾਂ ਖ਼ਿਆਲਾਂ ਅਤੇ ਵਿਉਂਤਾਂ ਆਈਆਂ। ਉਸ ਨੇ ਆਪਣੇ ਆਪ ਨੂੰ ਆਖਿਆ, "ਰੇਲਵੇ ਸਫ਼ਰ ਦੇ ਦੌਰਾਨ ਵਾਪਰਦੀਆਂ ਬਹੁਤ ਸਾਰੀਆਂ ਕਹਾਣੀਆਂ ਦੱਸੀਆਂ ਜਾਂਦੀਆਂ ਹਨ, ਹੋ ਸਕਦਾ ਹੈ ਕਿ ਇਹ ਵੀ ਉਸੇ

ਕਿਸਮ ਦੀ ਇਕ ਹੋਵੇ ਜਿਹੜੀ ਕਿ ਮੇਰੇ ਨਾਲ ਵਾਪਰ ਰਹੀ ਹੈ। ਕੌਣ ਜਾਣ ਸਕਦਾ ਹੈ? ਇਹ ਖ਼ੁਸ਼ਕਿਸਮਤੀ ਵਾਲੀ ਘਟਨਾ ਇਕ ਦਮ ਵਾਪਰਦੀ ਹੈ, ਅਤੇ ਮੈਨੂੰ ਕੁਝ ਹੌਸਲਾ ਕਰਨ ਦੀ ਲੋੜ ਹੈ। ਕੀ ਇਹ ਡਾਂਟਨ ਨਹੀਂ ਸੀ ਜਿਸ ਨੇ ਇਹ ਕਿਹਾ: "ਦਲੇਰੀ, ਵਧੇਰੇ ਦਲੇਰੀ ਅਤੇ ਸਦਾ ਦਲੇਰੀ।" ਜੇਕਰ ਇਹ ਗੱਲ ਡਾਂਟਨ ਨੇ ਨਹੀਂ ਕਹੀ ਤਾਂ ਮਿਰਾਬੀਊ ਨੇ ਕਹੀ ਹੋਵੇਗੀ। ਪਰ ਇਸ ਨਾਲ ਕੀ ਫ਼ਰਕ ਪੈਂਦਾ ਹੈ, ਤਾਂ ਕੀ ਮੇਰੇ ਵਿੱਚ ਕੋਈ ਦਲੇਰੀ ਨਹੀਂ ਅਤੇ ਇਹੀ ਮੁਸ਼ਕਲ ਹੈ। ਉਹ ! ਜੇ ਕਰ ਕਿਸੇ ਨੂੰ ਪਤਾ ਹੁੰਦਾ ਜੇ ਕਰ ਕੋਈ ਲੋਕਾਂ ਦੇ ਮਨਾਂ ਨੂੰ ਪੜ੍ਹ ਸਕਦਾ ! ਹਰ ਦਿਨ ਵਿਅਕਤੀ ਪਾਸੋਂ ਕਿੰਨੇ ਸ਼ਾਨਦਾਰ ਅਵਸਰ ਲੰਘਦੇ ਹਨ, ਜਿਨ੍ਹਾਂ ਨੂੰ ਕਿ ਉਹ ਜਾਣਦਾ ਨਹੀਂ ਭਾਵੇਂ ਇਕ ਤੱਕਣੀ ਆਪਣੇ ਆਪ ਦਾ ਪ੍ਰਗਟਾਵਾ ਕਰ ਦਿੰਦੀ ਹੈ।

"ਫੇਰ ਉਸ ਨੇ ਆਪਣੇ ਆਪ ਕੁਝ ਇਹੋ ਜਿਹੀਆਂ ਮਿਲਵੀਆਂ ਗੱਲਾਂ ਸੋਚੀਆਂ ਜਿਹੜੀਆਂ ਉਸ ਨੂੰ ਜਿੱਤ ਵੱਲ ਲੈ ਗਈਆਂ। ਉਸ ਨੇ ਕੁਝ ਬਹਾਦਰੀ ਦੇ ਕੰਮ ਜਾਂ ਉਹ ਛੋਟੇ ਜਿਹੇ ਕੰਮ ਦਿਲ ਵਿੱਚ ਚਿਤਰੇ ਜੋ ਉਸ ਨੇ ਉਸ ਵਾਸਤੇ ਕੀਤੇ ਸਨ। ਇਕ ਦਿਲਚਸਪ, ਬਹਾਦਰੀ, ਪੂਰਣ ਗੱਲਬਾਤ ਜੋ ਕਿ ਇਕ ਫ਼ੈਸਲੇ ਵਿੱਚ ਮੁੱਕੀ ਇਸ ਗੱਲ ਵਿੱਚ ਮੁੱਕੀ ਜੋ ਤੁਸੀਂ ਸੋਚ ਸਕਦੇ ਹੋ।

ਪਰ ਉਹ ਕੋਈ ਰਸਤਾ ਨਾ ਲੱਭ ਸਕਿਆ ਅਤੇ ਉਸ ਨੇ ਕਿਸੇ ਚੰਗੇ ਸ਼ੁੱਭ ਮੌਕੇ ਦੀ ਉਡੀਕ ਕੀਤੀ, ਉਸ ਦਾ ਦਿਲ ਲੁੱਟ ਚੁੱਕਾ ਸੀ, ਉਸ ਦਾ ਮਨ ਬੇਤਾਬ ਸੀ। ਦਿਨ ਚੜ੍ਹ ਗਿਆ ਸੀ ਪਰ ਸੁੰਦਰ ਲੜਕੀ ਅਜੇ ਵੀ ਸੁੱਤੀ ਹੋਈ ਸੀ, ਜਦੋਂ ਮੋਰਿਨ ਆਪਣੇ ਵਿਕਾਸ ਬਾਰੇ ਅੰਤਰ ਧਿਆਨ ਸੀ। ਦਿਨ ਚੜ੍ਹ ਗਿਆ ਸੀ ਅਤੇ ਛੇਤੀ ਹੀ ਧੁੱਪ ਦੀ ਪਹਿਲੀ ਕਿਰਨ ਅਸਮਾਨ ਵਿੱਚ ਨਜ਼ਰੀ ਆਈ, ਇਕ ਲੰਬੀ ਸਾਫ਼ ਕਿਰਨ ਜੋ ਕਿ ਸੁੱਤੀ ਲੜਕੀ ਦੇ ਮੂੰਹ 'ਤੇ ਪਈ ਅਤੇ ਉਸ ਨੂੰ ਜਗਾ ਦਿੱਤਾ, ਉਹ ਉੱਠ ਕੇ ਬਹਿ ਗਈ, ਉਸ ਨੇ ਬਾਹਰ ਪਿੰਡ ਵੱਲ, ਫੇਰ ਮੋਰਿਨ ਵੱਲ ਵੇਖਿਆ ਅਤੇ ਮੁਸਕਰਾਈ ਇਸਤਰੀ ਵਾਂਗ ਮੁਸਕਰਾਈ, ਦਿਲ-ਖਿਚਵੀਆਂ ਤੇ ਚਮਕੀਲੀਆ ਅੱਖਾਂ ਨਾਲ, ਮੋਰਿਨ ਕੰਬ ਗਿਆ। ਬੇਸ਼ੱਕ ਉਹ ਮੁਸਕਰਾਹਟ ਉਸ ਲਈ ਹੀ ਸੀ, ਇਹ ਸਾਫ਼ ਅਤੇ ਸਾਦਾ ਸੀ, ਉਹ ਇਸ਼ਾਰਾ ਜਿਸ ਦੀ ਉਡੀਕ ਕਰ ਰਿਹਾ ਸੀ। ਉਸ ਦੀ

ਮੁਸਕਰਾਹਟ ਦਾ ਅਰਥ ਸੀ ਕਿ 'ਤੂੰ ਕਿੰਨਾ ਬੇਵਕੂਫ਼, ਕਿੰਨ ਨੰਨ੍ਹਾ, ਕਿੰਨਾ ਊਤ, ਕਿੰਨਾ ਖੋਤਾ ਹੈਂ ਜੋ ਸਾਰੀ ਰਾਤ ਥੰਮ੍ਹ ਵਾਂਗ ਆਪਣੀ ਸੀਟ ’ਤੇ ਹੀ ਬੈਠਾ ਰਿਹਾ ਹੈ।" "ਜ਼ਰਾ ਮੇਰੇ ਵੱਲ ਵੇਖ, ਕੀ ਮੈਂ ਸੁੰਦਰ ਨਹੀਂ ਹਾਂ, ਅਤੇ ਤੂੰ ਸਾਰੀ ਰਾਤ ਇਸ ਤਰ੍ਹਾਂ ਬੈਠਾ ਰਿਹਾ ਹੈ ਜਦੋਂ ਕਿ ਤੂੰ ਇਕ ਸੁੰਦਰ ਔਰਤ ਨਾਲ ਸਾਰੀ ਰਾਤ ਇਕੱਲਾ ਰਿਹਾ ਹੈਂ, ਤੂੰ ਬੁੱਧੂ।"

"ਉਹ ਅਜੇ ਵੀ ਉਸ ਵੱਲ ਵੇਖਦੀ ਮੁਸਕਰਾ ਰਹੀ ਸੀ, ਇੱਥੋਂ ਤੱਕ ਕਿ ਉਹ ਹੱਸਣ ਲੱਗ ਪਈ ਅਤੇ ਉਸ ਨੇ ਕੁਝ ਢੁੱਕਵੀਂ ਗੱਲ ਕਹਿਣ ਲਈ ਭਾਵੇਂ ਕੁਝ ਵੀ ਹੋਵੇ ਸਿਰ ਖਪਾਉਣਾ ਸ਼ੁਰੂ ਕਰ ਦਿੱਤਾ। ਪ੍ਰੰਤੂ ਉਹ ਕੁਝ ਵੀ ਨਾ ਸੋਚ ਸਕਿਆ, ਕੁਝ ਵੀ ਨਾ, ਅਤੇ ਫੇਰ ਡਰਪੋਕ ਦੇ ਹੌਂਸਲੇ ਵਾਂਗ ਕਾਇਲ ਹੋ ਕੇ ਉਸ ਨੇ ਆਪਣੇ ਆਪ ਨੂੰ ਕਿਹਾ ਭਾਵੇਂ ਕਿੰਨਾ ਵੀ ਬੁਰਾ ਹੋਵੇ, ਮੈਂ ਸਭ ਕੁਝ ਦਾਅ ’ਤੇ ਲਾ ਦੇਵਾਂਗਾ, ਅਤੇ ਇਕ ਦਮ, ਬਿਨਾਂ ਕਿਸੇ ਡਰ ਤੋਂ ਉਹ ਆਪਣੀਆ ਬਾਹਾਂ ਖੋਲ੍ਹ ਕੇ, ਆਪਣੇ ਬੁੱਲ੍ਹ ਖੋਲ੍ਹ ਕੇ, ਉਸ ਵੱਲ ਗਿਆ, ਅਤੇ ਬਾਹਵਾਂ ਤੋਂ ਪਕੜ ਕੇ ਉਸ ਨੂੰ ਚੁੰਮ ਲਿਆ।

"ਉਹ ਭਟਕੇ ਨਾਲ ਉੱਛਲ ਪਈ ਅਤੇ ਚਿਲਾਉਣ ਲੱਗੀ: 'ਮੱਦਦ ਕਰੋ। ਮੱਦਦ ਕਰੋ, ਅਤੇ ਡਰ ਨਾਲ ਚੀਕਣ ਲੱਗੀ, ਫੇਰ ਉਸ ਨੇ ਡੱਬੇ ਦਾ ਦਰਵਾਜ਼ਾ ਖੋਲ੍ਹਿਆ, ਅਤੇ ਆਪਣੀ ਬਾਂਹ ਬਾਹਰ ਕੱਢ ਕੇ ਹਿਲਾਈ, ਫੇਰ ਡਰ ਨਾਲ ਪਾਗ਼ਲ ਹੋ ਕੇ ਉਹ ਬਾਹਰ ਕੁੱਦਣ ਦੀ ਕੋਸ਼ਿਸ਼ ਕਰਨ ਲੱਗੀ। ਜਦੋਂ ਮੋਰਿਨ ਨੇ, ਜੋ ਕਿ ਚਕਰਾ ਗਿਆ ਸੀ ਅਤੇ ਇਹ ਸੋਚਦੇ ਹੋਏ ਕਿ ਬਾਹਰ ਕੁੱਦ ਪਵੇਗੀ, ਉਸ ਨੂੰ ਸਕੱਰਟ ਤੋਂ ਪਕੜ ਲਿਆ ਤੇ ਥਥਲਾਉਣ ਲੱਗਾ।; ਉਹ! ਸ੍ਰੀਮਤੀ ਜੀ ! ਓਹ। ਸ੍ਰੀਮਤੀ ਜੀ !

"ਗੱਡੀ ਦੀ ਰਫ਼ਤਾਰ ਹੌਲੀ ਹੋ ਗਈ, ਅਤੇ ਫੇਰ ਖੜ੍ਹੀ ਹੋ ਗਈ। ਦੋ ਪਹਿਰੇਦਾਰ ਇਸਤਰੀ ਦੇ ਭਿਆਨਕ ਇਸ਼ਾਰਿਆ ਕਰਕੇ ਉਸ ਵੱਲ ਭੱਜ ਕੇ ਆ ਗਏ ਅਤੇ ਉਸ ਨੇ ਆਪਣੇ ਆਪ ਨੂੰ ਤਤਲਾਉਂਦੇ ਹੋਏ ਉਨ੍ਹਾਂ ਦੀਆਂ ਬਾਹਵਾਂ ਵਿੱਚ ਸੁੱਟ ਦਿੱਤਾ, ਉਹ ਆਦਮੀ ਚਾਹੁੰਦਾ ਸੀ-ਚਾਹੁੰਦਾ ਸੀ-ਕਿ-ਕਿ ਅਤੇ ਫੇਰ ਉਹ ਬੇਹੋਸ਼ ਹੋ ਗਈ ਸੀ।

ਉਹ ਮੌਜੇ ਸਟੇਸ਼ਨ ’ਤੇ ਸਨ, ਅਤੇ ਡਿਊਟੀ ’ਤੇ ਖੜ੍ਹੇ ਸਿਪਾਹੀ ਨੇ ਮੋਰਿਨ ਨੂੰ ਗ੍ਰਿਫ਼ਤਾਰ ਕਰ ਲਿਆ। ਜਦੋਂ ਉਸ ਦੇ ਜ਼ੁਲਮ ਦੀ ਸ਼ਿਕਾਰ ਹੋਈ ਇਸਤਰੀ ਹੋਸ਼ ਵਿੱਚ ਆਈ, ਉਸ ਨੇ ਉਸ ਵਿਰੁੱਧ ਦੋਸ਼ ਲਾਇਆ, ਅਤੇ ਪੁਲਿਸ ਨੇ ਉਸ ਨੂੰ ਅੱਗੇ ਲਾ ਲਿਆ। ਗ਼ਰੀਬ ਬਜ਼ਾਜ ਰਾਤ ਤੱਕ ਘਰ ਨਾ ਪਹੁੰਚਿਆ, ਉਸ ’ਤੇ ਆਮ ਜਗ੍ਹਾ ਵਿੱਚ ਪੱਤ ਲੁੱਟਣ ਦੀ ਕੋਸ਼ਿਸ਼ ਕਰਨ ਦਾ ਮੁਕੱਦਮਾ ਚੱਲ ਪਿਆ।

## II

"ਉਸ ਵੇਲੇ ਮੈਂ ਫੈਨਲ ਡੇਸ ਚਾਰੈਂਟਸ ਦਾ ਸੰਪਾਦਕ ਸਾਂ, ਅਤੇ ਮੈਂ ਮੋਰਿਨ ਨੂੰ ਹਰ ਰੋਜ਼ ਕੈਫੇ ਡੂ ਕਮਰਸ ’ਤੇ ਮਿਲਦਾ ਸਾਂ। ਆਪਣੀ ਉਸ ਘਟਨਾ ਤੋਂ ਪਿੱਛੋਂ ਮੈਨੂੰ ਮਿਲਣ ਆਇਆ, ਕਿਉਂਕਿ ਉਹ ਇਹ ਨਹੀਂ ਸੀ ਜਾਣਦਾ ਕਿ ਕੀ ਕੀਤਾ ਜਾਵੇ। ਮੈਂ ਉਸ ਤੋਂ ਆਪਣੀ ਰਾਏ ਨਾ ਛੁਪਾਈ, ਪ੍ਰੰਤੂ ਉਸ ਨੂੰ ਕਿਹਾ: "ਤੂੰ ਇਕ ਸੂਰ ਤੋਂ ਚੰਗਾ ਨਹੀਂ ਹੈ। ਕੋਈ ਚੰਗਾ ਆਦਮੀ ਇਸ ਤਰ੍ਹਾਂ ਵਰਤਾਉ ਨਹੀਂ ਕਰਦਾ।"

ਉਹ ਚਿਲਾਇਆ। ਉਸ ਦੀ ਪਤਨੀ ਨੇ ਉਸ ਨੂੰ ਕੁੱਟਿਆ ਹੈ, ਅਤੇ ਉਸ ਨੂੰ ਆਪਣੇ ਵਪਾਰ ਦੇ ਨਸ਼ਟ ਹੋਣ ਦਾ ਡਰ ਹੈ, ਉਸ ਦੇ ਨਾਂ ’ਤੇ ਚਿੱਕੜ ਉਛਾਲਿਆ ਜਾ ਰਿਹਾ ਹੈ ਅਤੇ ਉਸ ਦੀ ਬੇਇੱਜ਼ਤੀ ਕੀਤੀ ਜਾ ਰਹੀ ਹੈ, ਉਸ ਦੇ ਮਿੱਤਰ ਨਰਾਜ਼ ਹੋ ਗਏ ਹਨ ਅਤੇ ਉਸ ਵੱਲ ਕੋਈ ਧਿਆਨ ਨਹੀਂ ਦਿੰਦੇ। ਅੰਤ ਵਿੱਚ ਉਸ ਨੇ ਮੇਰੀ ਦਿਆਲਤਾ ਨੂੰ ਜਗਾ ਲਿਆ। ਅਤੇ ਮੈਂ ਆਪਣੇ ਸਾਥੀ ਰਿਵਟ ਨੂੰ, ਜੋ ਇਕ ਮਖੌਲੀਆ, ਪਰ ਬਹੁਤ ਸਮਝਦਾਰ ਸੀ, ਸਾਨੂੰ ਸਲਾਹ ਦੇਣ ਲਈ ਬੁਲਾ ਲਿਆ।

"ਉਸ ਨੇ ਮੈਨੂੰ ਪਬਲਿਕ ਪ੍ਰਾਸੀਕਿਊਟਰ ਨੂੰ ਮਿਲਣ ਵਾਸਤੇ ਕਿਹਾ, ਜਿਹੜਾ ਮੇਰਾ ਮਿੱਤਰ ਸੀ ਇਸ ਲਈ ਮੈਂ ਮੋਰਿਨ ਨੂੰ ਘਰ ਭੇਜ ਦਿੱਤਾ, ਅਤੇ ਮੈਜਿਸਟਰੇਟ ਨੂੰ ਮਿਲਣ ਚਲਾ ਗਿਆ। ਉਸ ਨੇ ਮੈਨੂੰ ਦੱਸਿਆ ਕਿ ਜਿਸ ਇਸਤਰੀ ਦੀ ਬੇਇੱਜ਼ਤੀ ਕੀਤੀ ਗਈ ਹੈ, ਉਹ ਇਕ ਜਵਾਨ ਅਣਵਿਆਹੀ ਹੈਨਰੇਟਬੋਨਲ ਹੈ,

ਜਿਸ ਨੇ ਹੁਣੇ ਹੀ ਪੈਰਿਸ ਵਿੱਚ ਖਿਡਾਵੀ ਦਾ ਸਰਟੀਫੀਕੇਟ ਪ੍ਰਾਪਤ ਕੀਤਾ ਹੈ, ਅਤੇ ਉਸ ਨੇ ਆਪਣੀਆਂ ਛੁੱਟੀਆਂ ਆਪਣੇ ਅੰਕਲ ਨਾਲ ਬਿਤਾਈਆਂ ਸਨ ਜੋ ਕਿ ਮੌਜ਼ੇ ਵਿੱਚ ਬੜੇ ਇੱਜ਼ਤਦਾਰ ਵਪਾਰੀ ਲੋਕ ਹਨ. ਅਤੇ ਮੋਰਿਨ ਦਾ ਕੇਸ ਇਸ ਗੱਲੋਂ ਹੋਰ ਵਧੇਰੇ ਮਾੜਾ ਹੋਇਆ ਕਿ ਉਸ ਦੇ ਅੰਕਲ ਨੇ ਸ਼ਿਕਾਇਤ ਦਰਜ ਕਰਵਾਈ ਹੈ ਪ੍ਰੰਤੂ ਸਰਕਾਰੀ ਅਫ਼ਸਰਾਂ ਨੇ ਮਾਮਲੇ ਨੂੰ ਰਫ਼ਾ ਦਫ਼ਾ ਕਰਨ ਲਈ ਮੰਨ ਲਿਆ ਹੈ ਪਰ ਜੇਕਰ ਸ਼ਿਕਾਇਤ ਵਾਪਸ ਲੈ ਲਈ ਜਾਵੇ, ਇਸ ਲਈ ਸਾਨੂੰ ਕੋਸ਼ਿਸ਼ ਕਰਕੇ ਉਸ ਤੋਂ ਇਹ ਗੱਲ ਕਰਵਾਉਣੀ ਚਾਹੀਦੀ ਹੈ।

ਮੈਂ ਵਾਪਿਸ ਮੋਰਿਨ ਦੇ ਘਰ ਗਿਆ ਅਤੇ ਉਸ ਨੂੰ ਬਿਸਤਰੇ ਵਿੱਚ ਪਿਆ ਵੇਖਿਆ, ਜੋ ਕਿ ਘਬਰਾਹਟ ਅਤੇ ਤਕਲੀਫ਼ ਕਰਕੇ ਬੀਮਾਰ ਸੀ। ਉਸ ਦੀ ਪਤਨੀ ਇਕ ਲੰਮੀ, ਬਹੁਤ ਪਤਲੀ ਤੇ ਦਾੜ੍ਹੀ ਵਾਲੀ ਇਸਤਰੀ ਸੀ ਜਿਹੜੀ ਉਸ ਨੂੰ ਲਗਾਤਾਰ ਗਾਲ੍ਹਾਂ ਕੱਢ ਰਹੀ ਸੀ, ਅਤੇ ਚਿਲਾਉਂਦੀ ਹੋਈ ਉਹ ਮੈਨੂੰ ਕਮਰੇ ਅੰਦਰ ਲੈ ਗਈ "ਸੋ ਤੁਸੀਂ ਮੋਰਿਨ ਸੂਰ ਨੂੰ ਮਿਲਣ ਆਏ ਹੋ, ਠੀਕ ਹੈ, ਉਹ ਉੱਥੇ ਹੈ, ਡਾਰਲਿੰਗ। ਅਤੇ ਉਹ ਢਾਕਾਂ 'ਤੇ ਹੱਥ ਰੱਖ ਕੇ ਬਿਸਤਰ ਸਾਹਮਣੇ ਖੜ੍ਹੀ ਹੋ ਗਈ। ਮੈਂ ਉਸ ਨੂੰ ਦੱਸਿਆ ਕਿ ਮਾਮਲਾ ਕਿਵੇਂ ਹੈ ਅਤੇ ਉਸ ਨੇ ਮੈਨੂੰ ਉਸ ਲੜਕੀ ਦੇ ਅੰਕਲ ਤੋਂ ਆਂਟੀ ਨੂੰ ਮਿਲਣ ਲਈ ਬੇਨਤੀ ਕੀਤੀ। ਇਹ ਇਕ ਨਾਜ਼ੁਕ ਮਿਸ਼ਨ ਸੀ, ਪਰ ਮੈਂ ਇਹ ਕੰਮ ਕਰਨਾ ਮੰਨ ਲਿਆ, ਅਤੇ ਗ਼ਰੀਬ ਸ਼ੈਤਾਨ ਪੁਰਸ਼ ਬਾਰ ਬਾਰ ਇਹ ਦੁਹਰਾਉਂਦਾ ਰਿਹਾ : ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਮੈਂ ਉਸ ਨੂੰ ਚੁੰਮਿਆ ਵੀ ਨਹੀਂ; ਇਹ ਵੀ ਨਹੀਂ। ਮੈਂ ਇਸ ਬਾਰੇ ਸੌਂਹ ਚੁੱਕ ਲਵਾਂਗਾ।

"ਮੈਂ ਉੱਤਰ ਦਿੱਤਾ : ਇਹ ਸਭ ਇੱਕੋ ਹੀ ਗੱਲ ਹੈ ; ਤੂੰ ਇਕ ਸੂਰ ਤੋਂ ਸਿਵਾ ਕੁਝ ਵੀ ਨਹੀਂ ਹੈ। ਅਤੇ ਮੈਂ ਇਕ ਹਜ਼ਾਰ ਫਰਾਂਸ ਲੈ ਲਏ ਜਾਂ ਉਸ ਨੇ ਮੈਨੂੰ, ਜਿਵੇਂ ਮੈਂ ਠੀਕ ਸਮਝਿਆ, ਖਰਚਣ ਲਈ ਦਿੱਤੇ ਸਨ, ਪ੍ਰੰਤੂ ਕਿਉਂਕਿ ਮੈਂ ਉਸ ਦੇ ਅੰਕਲ ਦੇ ਘਰ ਇਕੱਲਿਆਂ ਜਾਣਾ ਠੀਕ ਨਾ ਸਮਝਿਆ ਮੈਂ ਰਿਵਟ ਨੂੰ ਨਾਲ ਚੱਲਣ ਲਈ ਬੇਨਤੀ ਕੀਤੀ ਜੋ ਉਸ ਨੇ ਇਕ ਸ਼ਰਤ 'ਤੇ ਮੰਨ ਲਈ ਕਿ ਅਸੀਂ ਛੇਤੀ ਚੱਲੀਏ ਕਿਉਂਕਿ ਉਸ ਨੂੰ ਉਸੇ ਦੁਪਹਿਰ ਲਾ ਰੁਚੇਲੇ ਇਕ ਜ਼ਰੂਰੀ ਕੰਮ ਸੀ। ਇਸ ਲਈ ਦੋ ਘੰਟੇ ਪਿਛੋਂ ਅਸੀਂ ਇਕ ਪਿੰਡ ਦੇ ਸੁੰਦਰ ਮਕਾਨ ਦੇ ਦਰਵਾਜ਼ੇ ਨੂੰ ਜਾ ਖੜਕਾਇਆ।

ਇਕ ਸੁੰਦਰ ਲੜਕੀ ਆਈ ਤੇ ਉਸ ਨੇ ਸਾਡੇ ਲਈ ਦਰਵਾਜ਼ਾ ਖੋਲ੍ਹਿਆ, ਜੋ ਕਿ ਬੇਸ਼ੱਕ ਉਹੀ ਇਸਤਰੀ ਸੀ ਜਿਸ ਬਾਰੇ ਗੱਲ ਚੱਲ ਰਹੀ ਸੀ ਅਤੇ ਮੈਂ ਹੌਲੀ ਜਿਹੀ ਆਵਾਜ਼ ਵਿੱਚ ਰਿਵਟ ਨੂੰ ਕਿਹਾ : "ਹੁਣ ਸਮਝ ਆਈ। ਮੋਰਿਨ ਨੇ ਕਿਉਂ ਕੀਤਾ।"

"ਅੰਕਲ ਸ੍ਰੀਮਾਨ ਟੋਨਲੈਟ ਨੇ ਫੈਨਲ ਦਾ ਚੰਦਾ ਭਰਿਆ ਸੀ, ਅਤੇ ਸਾਡਾ ਸਰਗਰਮ ਰਾਜਨੀਤਕ ਸਹਿ ਧਰਮੀ ਸੀ। ਉਹ ਸਾਨੂੰ ਬੜੇ ਪਿਆਰ ਨਾਲ ਮਿਲਿਆ, ਅਤੇ ਉਸ ਨੇ ਸਾਨੂੰ ਵਧਾਈ ਦਿੱਤੀ ਅਤੇ ਸਾਡੇ ਲਈ ਸ਼ੁਭਕਾਮਨਾ ਮੰਗੀ ; ਉਹ ਦੋ ਸੰਪਾਦਕਾਂ ਨੂੰ ਆਪਣੇ ਘਰ ਆਇਆ ਨੂੰ ਵੇਖ ਕੇ ਬੜਾ ਖੁਸ਼ ਹੋਇਆ ਸੀ, ਅਤੇ ਰਿਵਟ ਨੇ ਮੇਰੇ ਕੰਨ ਵਿੱਚ ਕਿਹਾ: "ਮੈਂ ਸੋਚਦਾ ਹਾਂ ਕਿ ਅਸੀਂ ਉਸ ਸੂਰ ਮੋਰਿਨ ਦਾ ਮਾਮਲਾ ਉਸ ਦੇ ਹੱਕ ਵਿੱਚ ਸੁਲਝਾ ਲਵਾਂਗੇ।"

ਉਸਦੀ ਭਤੀਜੀ ਕਮਰੇ ਵਿੱਚੋਂ ਚਲੀ ਗਈ ਸੀ, ਮੈਂ ਨਾਜ਼ੁਕ ਵਿਸ਼ੇ ਨੂੰ ਛੂਹਿਆ। ਮੈਂ ਉਸ ਦੀਆਂ ਅੱਖਾਂ ਸਾਹਮਣੇ ਕਲੰਕ ਦੇ ਦ੍ਰਿਸ਼ ਨੂੰ ਚਿਤਰਿਆ; ਮੈਂ ਉਸ ਅਟੱਲ ਬੇਇਜ਼ਤੀ ਨੂੰ ਉੱਚੀ ਦੇ ਕੇ ਉਚਾਰਣ ਕੀਤਾ, ਜੋ ਕਿ ਉਸ ਇਸਤਰੀ ਨੂੰ ਸਹਿਣੀ ਪਵੇਗੀ, ਜੇ ਇਹ ਮਾਮਲਾ ਲੋਕਾਂ ਨੂੰ ਪਤਾ ਲੱਗ ਜਾਵੇ, ਕਿਉਂਕਿ ਕੋਈ ਵੀ ਕੇਵਲ ਇਕ ਚੁੰਮਨ ਦੀ ਗੱਲ ਨੂੰ ਨਹੀਂ ਮੰਨੇਗਾ। ਭੱਦਰ ਪੁਰਸ਼ ਦੋਚਿੱਤਾ ਸੀ, ਪ੍ਰੰਤੂ ਆਪਣੀ ਪਤਨੀ ਬਿਨਾਂ ਕਿਸੇ ਗੱਲ ਬਾਰੇ ਆਪਣਾ ਮਨ ਪੱਕਾ ਨਹੀਂ ਕਰ ਸਕਦਾ ਸੀ ਜੋ ਕਿ ਸ਼ਾਮ ਨੂੰ ਦੇਰ ਤੱਕ ਘਰ ਨਹੀਂ ਆਏਗੀ। ਪ੍ਰੰਤੂ ਇਕਦਮ ਹੀ ਉਸ ਨੇ ਇਕ ਜਿੱਤ ਦਾ ਪ੍ਰਗਟਾਵਾ ਜ਼ਾਹਿਰ ਕੀਤਾ: "ਵੇਖੋ, ਮੇਰਾ ਇਕ ਵਧੀਆ ਵਿਚਾਰ ਹੈ। ਮੈਂ ਤੁਹਾਨੂੰ ਰਾਤ ਦੇ ਖਾਣੇ ਅਤੇ ਸੌਣ ਲਈ ਇੱਥੇ ਰੋਕਾਂਗਾ। ਅਤੇ ਜਦੋਂ ਮੇਰੀ ਪਤਨੀ ਘਰ ਆਏਗੀ, ਮੈਨੂੰ ਉਮੀਦ ਹੈ ਅਸੀਂ ਮਾਮਲਾ ਨਿਪਟਾ ਲਵਾਂਗੇ।"

“ਰਿਵਟ ਨੇ ਪਹਿਲਾਂ ਜ਼ਿੱਦ ਕੀਤੀ, ਪਰ ਸੂਰ ਮੋਰਿਨ ਨੂੰ ਬਚਾਉਣ ਦੀ ਇੱਛਾ ਨੇ ਉਸ ਨੂੰ ਮਨਾ ਲਿਆ। ਉਸ ਨੇ ਸੱਦੇ ਨੂੰ ਮੰਨ ਲਿਆ। ਇਸ ਕਰਕੇ ਅੰਕਲ ਖ਼ੁਸ਼ੀ ਨਾਲ ਉੱਠਿਆ, ਅਤੇ ਉਸ ਨੇ ਆਪਣੀ ਭਤੀਜੀ ਨੂੰ ਬੁਲਾਇਆ, ਅਤੇ ਇਹ ਕਹਿੰਦੇ ਹੋਏ ਤਜਵੀਜ਼ ਕੀਤੀ ਕਿ ਸਾਨੂੰ ਉਸ ਦੇ ਮੈਦਾਨ ਵਿੱਚ ਸੈਰ ਕਰਨੀ ਚਾਹੀਦੀ: "ਅਸੀਂ ਗੰਭੀਰ ਵਿਸ਼ਿਆ ਨੂੰ ਸਵੇਰ ਤੱਕ ਛੱਡ ਦੇਵਾਂਗੇ।" ਰਿਵਟ ਅਤੇ ਉਹ

ਰਾਜਨੀਤੀ ਬਾਰੇ ਗੱਲਾਂ ਕਰਨ ਲੱਗ ਪਏ, ਜਦਕਿ ਮੈਂ ਆਪਣੇ ਆਪ ਨੂੰ ਲੜਕੀ ਨਾਲ ਉਨ੍ਹਾਂ ਤੋਂ ਕੁਝ ਪਿੱਛੇ ਰਹਿ ਗਿਆ ਵੇਖਿਆ, ਜੋ ਕਿ ਸੱਚਮੁਚ ਸੁੰਦਰ ਸੀ, ਸੁੰਦਰ ਅਤੇ ਬੜੀ ਸਾਵਧਾਨੀ ਨਾਲ ਮੈਂ ਉਸ ਨਾਲ ਉਸ ਦੀ ਉਸ ਘਟਨਾ ਬਾਰੇ ਗੱਲ ਸ਼ੁਰੂ ਕੀਤੀ, ਅਤੇ ਉਸ ਨਾਲ ਮਿੱਤਰਤਾ ਗੰਢਣੀ ਸ਼ੁਰੂ ਕੀਤੀ। ਉਹ ਜ਼ਰਾ ਵੀ ਘਬਰਾਈ ਨਹੀਂ ਜਾਪਦੀ ਸੀ ਅਤੇ ਉਸ ਨੇ ਮੇਰੀ ਸਾਰੀ ਗੱਲ ਨੂੰ ਬੜੇ ਸੁਆਦ ਨਾਲ ਸੁਣਿਆ।

ਮੈਂ ਉਸ ਨੂੰ ਕਿਹਾ : 'ਜ਼ਰਾ ਸੋਚੋ, ਕੁਮਾਰੀ ਜੀ, ਤੁਹਾਡੇ ਲਈ ਇਹ ਕਿੰਨਾ ਦੁਖਦਾਈ ਹੋਵੇਗਾ। ਤੁਹਾਨੂੰ ਅਦਾਲਤ ਵਿੱਚ ਪੇਸ਼ ਹੋਣਾ ਪਵੇਗਾ, ਭੇੜੀਆਂ ਨਜ਼ਰਾਂ ਦਾ ਸਾਹਮਣਾ ਕਰਨਾ ਪਵੇਗਾ ਸਭ ਦੇ ਸਾਹਮਣੇ ਬੋਲਣਾ ਪਵੇਗਾ, ਅਤੇ ਗੱਡੀ ਦੇ ਡੱਬੇ ਦੀ ਦੁਖਦਾਇਕ ਘਟਨਾ ਨੂੰ ਸਭ ਦੇ ਸਾਹਮਣੇ ਦੱਸਣਾ ਪਵੇਗਾ। ਆਪਸ ਵਿੱਚ ਜੇ ਅਸੀਂ ਗੱਲ ਕਰੀਏ ਤਾਂ ਕੀ ਤੁਹਾਡੇ ਲਈ ਇਹ ਠੀਕ ਨਹੀਂ ਸੀ ਕਿਸੇ ਨੂੰ ਮੱਦਦ ਲਈ ਬੁਲਾਣ ਦੀ ਬਜਾਏ ਉਸ ਪਾਪੀ ਬਦਮਾਸ਼ ਨੂੰ ਉਸ ਦੀ ਆਪਣੀ ਜਗ੍ਹਾ 'ਤੇ ਬਿਠਾ ਦਿੰਦੇ। ਅਤੇ ਤੁਸੀਂ ਕੇਵਲ ਆਪਣਾ ਡੱਬਾ ਬਦਲ ਲੈਂਦੇ? ਉਹ ਹੱਸਣ ਲੱਗ ਪਈ, ਅਤੇ ਉਸ ਨੇ ਉੱਤਰ ਦਿੱਤਾ, 'ਜੋ ਤੁਸੀਂ ਕਹਿੰਦੇ ਹੋ ਬਿਲਕੁਲ ਸੱਚ ਹੈ। ਪਰ ਮੈਂ ਕੀ ਕਰ ਸਕਦੀ ਸਾਂ? ਮੈਂ ਡਰ ਗਈ ਸਾਂ, ਅਤੇ ਜਦੋਂ ਕੋਈ ਡਰ ਜਾਵੇ, ਉਹ ਸੋਚਣ ਲਈ ਨਹੀਂ ਰੁਕਦਾ। ਜਦੋਂ ਮੈਨੂੰ ਹਾਲਾਤ ਦਾ ਖ਼ਿਆਲ ਆਇਆ ਮੈਨੂੰ ਬਹੁਤ ਅਫ਼ਸੋਸ ਹੋਇਆ ਕਿ ਮੈਂ ਕਿਸੇ ਨੂੰ ਬੁਲਾਇਆ ਸੀ, ਪ੍ਰੰਤੂ ਉਸ ਸਮੇਂ ਦੇਰ ਹੋ ਚੁੱਕੀ ਸੀ। ਤੁਹਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਉਸ ਬੇਵਕੂਫ਼ ਨੇ ਪਾਗ਼ਲਾਂ ਵਾਂਗ ਬਿਨਾਂ ਇਕ ਸ਼ਬਦ ਬੋਲੇ ਆਪਣੇ ਆਪ ਨੂੰ ਮੇਰੇ ਉੱਪਰ ਸੁੱਟ ਦਿੱਤਾ ਸੀ। ਮੈਨੂੰ ਇਹ ਵੀ ਨਹੀਂ ਪਤਾ ਲੱਗਾ ਸੀ ਕਿ ਉਹ ਮੇਰੇ ਤੋਂ ਕੀ ਚਾਹੁੰਦਾ ਹੈ।'

ਉਹ ਬਿਨਾਂ ਘਬਰਾਉਣ ਜਾਂ ਕਿਸੇ ਡਰ ਦੇ ਮੇਰੇ ਚਿਹਰੇ ਵੱਲ ਨਜ਼ਰ ਭਰ ਕੇ ਵੇਖ ਰਹੀ ਸੀ ਅਤੇ ਮੈਂ ਆਪਣੇ ਆਪ ਨੂੰ ਸੰਬੋਧਨ ਕਰਦਿਆਂ ਕਿਹਾ : 'ਉਹ ਇਕ ਅਜੀਬ ਲੜਕੀ ਹੈ, ਮੈਂ ਚੰਗੀ ਤਰ੍ਹਾਂ ਸਮਝ ਸਕਦਾ ਹਾਂ ਕਿ ਸੂਰ ਮੋਰਿਨ ਨੇ ਕਿਵੇਂ ਗ਼ਲਤੀ ਕੀਤੀ। ਅਤੇ ਮੈਂ ਮਜ਼ਾਕ ਕਰਦਿਆਂ ਕਿਹਾ 'ਆਓ ਕੁਮਾਰੀ ਜੀ, ਤੁਸੀਂ ਇਹ ਮੰਨ ਜਾਓ ਕਿ ਉਸ ਨੂੰ ਮਾਫ਼ ਕੀਤਾ ਜਾ ਸਕਦਾ ਹੈ, ਕਿਉਂਕਿ ਇਕ ਆਦਮੀ ਤੁਹਾਡੇ

ਵਰਗੀ ਸੁੰਦਰ ਲੜਕੀ ਦੇ ਸਾਹਮਣੇ, ਚੁੰਮਣ ਦੀ ਵਾਸਤਵਿਕ ਖਾਹਿਸ਼ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦਾ।"

ਉਹ ਅੱਗੇ ਨਾਲੋਂ ਵਧੇਰੇ ਹੱਸੀ ਅਤੇ ਉਸ ਨੇ ਆਪਣੇ ਦੰਦ ਵਿਖਾਉਂਦਿਆਂ ਕਿਹਾ: "ਖਾਹਿਸ਼ ਅਤੇ ਕਾਰਜ ਵਿਚਕਾਰ, ਸ੍ਰੀਮਾਨ ਜੀ, ਕੁਝ ਇੱਜ਼ਤ ਦੀ ਵੀ ਥਾਂ ਹੁੰਦੀ ਹੈ। ਇਹ ਬੜਾ ਅਜੀਬ ਵਿਚਾਰ ਪ੍ਰਗਟਾਇਆ ਗਿਆ ਸੀ, ਭਾਵੇਂ ਇਹ ਬਹੁਤਾ ਸਪੱਸ਼ਟ ਨਹੀਂ ਸੀ, ਅਤੇ ਮੈਂ ਇਕਦਮ ਪੁੱਛਿਆ : "ਠੀਕ ਹੈ ਹੁਣ, ਫਰਜ਼ ਕਰੋ ਮੈਂ ਤੁਹਾਨੂੰ ਚੁੰਮਾਂ ਤਾਂ ਤੁਸੀਂ ਕੀ ਕਰੋਗੇ? ਉਹ ਮੈਨੂੰ ਸਿਰ ਤੋਂ ਪੈਰਾਂ ਤੱਕ ਵੇਖਣ ਲਈ ਰੁਕੀ, ਅਤੇ ਉਸ ਨੇ ਫੇਰ ਸ਼ਾਂਤੀ ਨਾਲ ਕਿਹਾ, 'ਓਹ। ਤੁਸੀਂ? ਇਹ ਬਿਲਕੁਲ ਵੱਖਰੀ ਗੱਲ ਹੈ।

"ਮੈਂ ਚੰਗੀ ਤਰ੍ਹਾਂ ਜਾਣਦਾ ਸੀ, ਪਰਮਾਤਮਾ ਦੀ ਸੌਂਹ ਕਿ ਇਹ ਇੱਕੋ ਗੱਲ ਨਹੀਂ ਸੀ, ਕਿਉਂਕਿ ਮੇਰੇ ਗਵਾਂਢ ਵਿੱਚ ਸਭ ਮੈਨੂੰ 'ਖ਼ੂਬਸੂਰਤ ਲਬਾਰਬੇ' ਕਹਿੰਦੇ ਸਨ। ਮੈਂ ਉਨ੍ਹਾਂ ਦਿਨਾਂ ਵਿੱਚ 30 ਸਾਲ ਦਾ ਸਾਂ, ਪ੍ਰੰਤੂ ਮੈਂ ਉਸ ਨੂੰ ਪੁੱਛਿਆ "ਅਤੇ ਕਿਉਂ, ਕਿਰਪਾ ਕਰ ਕੇ ਦੱਸੋ?"

ਉਸ ਨੇ ਆਪਣੇ ਮੋਢੇ ਹਿਲਾਏ, ਅਤੇ ਉੱਤਰ ਦਿਤਾ, 'ਠੀਕ ! ਕਿਉਂਕਿ ਤੁਸੀਂ ਉਸ ਜਿੰਨੇ ਮੂਰਖ ਨਹੀਂ ਹੋ। ਅਤੇ ਫੇਰ ਉਸ ਨੇ ਮੇਰੇ ਵੱਲ ਅੱਖ ਬਚਾ ਕੇ ਵੇਖਦੇ ਹੋਏ ਕਿਹਾ, ਨਾ ਹੀ ਇੰਨੇ ਭੱਦੇ ਹੋ।'

"ਇਸ ਤੋਂ ਪਹਿਲਾਂ ਕਿ ਉਹ ਮੇਰੇ ਤੋਂ ਬਚਣ ਲਈ ਹਿਲ ਸਕਦੀ ਮੈਂ ਉਸ ਦੀ ਗਲ੍ਹ ਨੂੰ ਜੀਅ ਭਰ ਕੇ ਚੁੰਮ ਲਿਆ। ਉਹ ਇਕਦਮ ਇਕ ਪਾਸੇ ਉੱਛਲ ਗਈ, ਪ੍ਰੰਤੂ ਇਹ ਬਹੁਤ ਚਿਰਾਕਾ ਸੀ, ਅਤੇ ਫੇਰ ਉਸ ਨੇ ਕਿਹਾ, "ਠੀਕ ਤੁਸੀਂ ਬਹੁਤ ਸ਼ਰਮਾਕਲ ਵੀ ਨਹੀਂ ਹੋ। ਇਹੋ ਜਿਹੀ ਗੱਲ ਫੇਰ ਨਾ ਕਰਨਾ।"

"ਮੈਂ ਬੜੀ ਨਿਮਰਤਾ ਨਾਲ ਵੇਖਿਆ ਅਤੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ। 'ਓਹ! ਕੁਮਾਰੀ ਜੀ, ਮੇਰੀ ਗੱਲ, ਜੇ ਮੈਂ ਇਕ ਹੋਰ ਗੱਲ ਦੀ ਇੱਛਾ ਕਰਾਂ ਤਾਂ ਮੇਰੇ ਉੱਪਰ ਵੀ ਮੈਜਿਸਟਰੇਟ ਸਾਹਮਣੇ ਮੋਰਿਨ ਵਰਗਾ ਦੋਸ਼ ਲੱਗ ਜਾਣਾ ਚਾਹੀਦਾ ਹੈ।"

"ਕਿਉਂ?' ਉਸ ਨੇ ਕਿਹਾ।

ਉਸ ਵੱਲ ਇਕ ਟੱਕ ਵੇਖਦੇ ਹੋਏ, ਮੈਂ ਉੱਤਰ ਦਿੱਤਾ : 'ਕਿਉਂਕਿ ਤੁਸੀਂ ਸਭ ਤੋਂ ਸੁੰਦਰ ਜੀਵਾਂ ਵਿੱਚੋਂ ਇਕ ਹੈ; ਕਿਉਂਕਿ ਮੇਰੇ ਲਈ ਇਹ ਬੜੇ ਸਤਿਕਾਰ ਅਤੇ ਸ਼ਾਨ ਵਾਲੀ ਗੱਲ ਹੋਵੇਗੀ। ਜੇਕਰ ਮੈਂ ਤੁਹਾਨੂੰ ਆਪਣੇ ਉੱਤੇ ਜ਼ੁਲਮ ਕਰਨ ਦੇਵਾਂ ਅਤੇ ਕਿਉਂਕਿ ਲੋਕੀ ਤੁਹਾਨੂੰ ਵੇਖਣ ਤੋਂ ਪਿੱਛੋਂ ਕਹਿਣਗੇ, 'ਠੀਕ, ਲਬਾਰਬੇ ਇਸ ਕੁੱਟ ਦਾ ਪੂਰਾ ਹੱਕਦਾਰ ਸੀ ਜੋ ਉਸ ਨੂੰ ਨਸੀਬ ਹੋਈ ਹੈ ਪਰ ਫੇਰ ਵੀ ਉਹ ਕਿਸਮਤ ਵਾਲਾ ਹੈ।'

ਉਹ ਫੇਰ ਬੜੀ ਖੁੱਲ੍ਹ ਕੇ ਹੱਸਣ ਲੱਗ ਪਈ, ਅਤੇ ਉਸ ਨੇ ਕਿਹਾ, 'ਤੁਸੀਂ ਕਿੰਨੇ ਮਖੌਲੀਏ ਹੋ। ਅਤੇ ਉਸਨੇ ਅਜੇ ਮਖੌਲੀਆ ਸ਼ਬਦ ਪੂਰਾ ਵੀ ਨਹੀਂ ਸੀ ਕੀਤਾ ਕਿ ਉਸ ਤੋਂ ਪਹਿਲਾਂ ਹੀ ਮੈਂ ਉਸ ਨੂੰ ਆਪਣੇ ਆਗੋਸ਼ ਵਿੱਚ ਲੈ ਲਿਆ ਅਤੇ ਬੜੇ ਜੋਸ਼ ਨਾਲ ਜਿੱਥੇ ਵੀ ਮੈਨੂੰ ਜਗ੍ਹਾ ਮਿਲੀ, ਉਸ ਦੇ ਮੱਥੇ ’ਤੇ, ਉਸ ਦੀਆਂ ਅੱਖਾਂ ’ਤੇ, ਅਕਸਰ ਉਸ ਦੇ ਬੁਲ੍ਹਾਂ ’ਤੇ, ਉਸ ਦੀਆਂ ਗੱਲ੍ਹਾਂ ’ਤੇ, ਅਸਲ ਵਿੱਚ, ਉਸ ਦੇ ਸਾਰੇ ਸਿਰ ’ਤੇ, ਕਿਸੇ ਵੀ ਹਿੱਸੇ ’ਤੇ ਜੋ ਨੰਗਾ ਸੀ, ਚੁੰਮਣਾ ਸ਼ੁਰੂ ਕਰ ਦਿੱਤਾ। ਅੰਤ ਵਿੱਚ ਉਹ ਆਪਣੇ ਆਪ ਨੂੰ ਮੁੱਕਤ ਕਰਾਉਣ ਵਿੱਚ ਸਫ਼ਲ ਹੋਈ, ਸ਼ਰਮਾਉਂਦੀ ਹੋਈ ਤੇ ਗੁੱਸੇ ਨਾਲ। 'ਤੁਸੀਂ ਬਹੁਤ ਬਦਤਮੀਜ਼ ਹੋ, ਸ੍ਰੀਮਾਨ ਜੀ, ’ਉਸ ਨੇ ਕਿਹਾ, “ਮੈਨੂੰ ਅਫ਼ਸੋਸ ਹੈ ਕਿ ਮੈਂ ਤੁਹਾਡੀ ਗੱਲ ਸੁਣੀ।"

"ਮੈਂ ਬੜੀ ਘਬਰਾਹਟ ਨਾਲ ਉਸ ਦਾ ਹੱਥ ਫੜ ਲਿਆ, ਅਤੇ ਥਥਲਾਇਆ, ਮੈਂ ਤੁਹਾਡੇ ਤੋਂ ਮਾਫੀ ਮੰਗਦਾ ਹਾਂ—ਮੈਂ ਤੁਹਾਡੇ ਤੋਂ ਮਾਫ਼ੀ ਮੰਗਦਾ ਹਾਂ, ਕੁਮਾਰੀ ਜੀ ਮੈਂ ਤੁਹਾਡੀ ਨਿਰਾਦਰੀ ਕੀਤੀ ਹੈ : ਮੈਂ ਇਕ ਜ਼ਾਲਮ ਵਾਂਗ ਵਰਤਾਓ ਕੀਤਾ ਹੈ। ਮੇਰੇ ਕੀਤੇ ’ਤੇ ਮੇਰੇ ਨਾਲ ਨਰਾਜ਼ ਨਾ ਹੋਵੋ। ਜੇ ਤੁਸੀਂ ਜਾਣਦੇ—"

“ਮੈਂ ਕੋਈ ਬਹਾਨਾ ਲੱਭਣ ਦੀ ਕੋਸ਼ਿਸ਼ ਕੀਤੀ, ਅਤੇ ਕੁਝ ਪਲ ਵਿੱਚ ਮੈਂ ਕਿਹਾ, ਮੇਰੇ ਲਈ ਜਾਣਨ ਲਈ ਕੁਝ ਨਹੀਂ, ਕੁਮਾਰੀ ਜੀ,' ਪਰ ਮੈਂ ਕਹਿਣ ਲਈ

ਕੁਝ ਲੱਭ ਲਿਆ, ਅਤੇ ਮੈਂ ਚਿਲਾਇਆ, ਕੁਮਾਰੀ ਜੀ, 'ਮੈਂ ਤੁਹਾਨੂੰ ਪਿਆਰ ਕਰਦਾ ਹਾਂ !'

"ਉਹ ਸਚਮੁੱਚ ਹੈਰਾਨ ਹੋ ਗਈ ਸੀ, ਅਤੇ ਉਸ ਨੇ ਮੇਰੇ ਵੱਲ ਵੇਖਣ ਲਈ ਅੱਖਾਂ ਉੱਪਰ ਚੁੱਕੀਆਂ, ਅਤੇ ਮੈਂ ਕਹਿਣਾ ਸ਼ੁਰੂ ਕਰ ਦਿੱਤਾ, 'ਹਾਂ, ਕੁਮਾਰੀ ਜੀ, ਕਿਰਪਾ ਕਰਕੇ ਮੇਰੀ ਗੱਲ ਸੁਣੋ। ਮੈਂ ਮੋਰਿਨ ਨੂੰ ਨਹੀਂ ਜਾਣਦਾ, ਅਤੇ ਮੈਂ ਉਸ ਬਾਰੇ ਕੁਝ ਪਰਵਾਹ ਨਹੀਂ ਕਰਦਾ। ਮੈਨੂੰ ਇਸ ਗੱਲ ਦਾ ਬਿਲਕੁਲ ਕੋਈ ਫ਼ਿਕਰ ਨਹੀਂ ਜੇਕਰ ਉਸ ਦੀ ਸਮਾਇਤ ਸ਼ੁਰੂ ਹੋ ਜਾਵੇ ਅਤੇ ਇਸ ਦੌਰਾਨ ਉਸ ਨੂੰ ਹਵਾਲਾਤ ਅੰਦਰ ਬੰਦ ਕਰ ਦਿੱਤਾ ਜਾਵੇ। ਮੈਂ ਤੁਹਾਨੂੰ ਇੱਥੇ ਪਿਛਲੇ ਸਾਲ ਵੇਖਿਆ ਸੀ ਅਤੇ ਮੈਂ ਤੁਹਾਡੇ 'ਤੇ ਇੰਨਾ ਮੋਹਿਤ ਹੋਇਆ ਸੀ, ਕਿ ਤੁਹਾਡਾ ਖ਼ਿਆਲ ਉਸ ਸਮੇਂ ਤੋਂ ਮੇਰੇ ਦਿਲੋਂ ਨਹੀਂ ਨਿਕਲਿਆ ਅਤੇ ਭਾਵੇਂ ਤੁਸੀਂ ਮੇਰੀ ਗੱਲ ਦਾ ਵਿਸ਼ਵਾਸ਼ ਕਰੋ ਜਾਂ ਨਾ ਮੈਨੂੰ ਇਸ ਦਾ ਕੋਈ ਫ਼ਰਕ ਨਹੀਂ। ਮੈਂ ਤੁਹਾਨੂੰ ਪਿਆਰ ਕਰਨ ਦੇ ਲਾਇਕ ਸਮਝਿਆ, ਅਤੇ ਤੁਹਾਡੀ ਯਾਦ ਨੇ ਮੇਰੇ ਉੱਪਰ ਇਸ ਤਰ੍ਹਾਂ ਕਾਬੂ ਪਾ ਲਿਆ ਕਿ ਮੈਂ ਤੁਹਾਨੂੰ ਫੇਰ ਦੁਬਾਰਾ ਵੇਖਣਾ ਚਾਹਿਆ ਅਤੇ ਇਸ ਲਈ ਮੈਂ ਪਾਗਲ ਮੋਰਿਨ ਦੀ ਗੱਲ ਦਾ ਬਹਾਨਾ ਲਾਇਆ ਅਤੇ ਮੈਂ ਇੱਥੇ ਪਹੁੰਚ ਗਿਆ। ਹਾਲਾਤ ਨੇ ਮੈਨੂੰ ਇੱਜ਼ਤ ਦੀ ਹੱਦ ਟੱਪਣ ਲਈ ਮਜ਼ਬੂਰ ਕਰ ਦਿੱਤਾ ਅਤੇ ਮੈਂ ਕੇਵਲ ਤੁਹਾਡੇ ਤੋਂ ਮਾਫ਼ੀ ਦੀ ਮੰਗ ਕਰ ਸਕਦਾ ਹਾਂ।"

"ਉਸ ਨੇ ਮੇਰੀਆਂ ਨਜ਼ਰਾਂ ਵਿੱਚ ਸੱਚਾਈ ਲੱਭ ਲਈ, ਅਤੇ ਉਹ ਮੁਸਕਰਾਉਣ ਲਈ ਤਿਆਰ ਸੀ, ਫੇਰ ਉਹ ਬੁੜਬੁੜਾਈ, 'ਧੋਖੇਬਾਜ਼ ! ਪਰ ਮੈਂ ਆਪਣਾ ਹੱਥ ਉੱਪਰ ਉਠਾਇਆ, ਅਤੇ ਸ਼ੁਭ ਚਿੰਤਕ ਆਵਾਜ਼ ਵਿੱਚ ਕਿਹਾ ਅਤੇ ਮੈਂ ਸੱਚਮੁਚ ਯਕੀਨ ਕਰਦਾ ਹਾਂ ਕਿ ਮੈਂ ਸ਼ੁਭ ਚਿੰਤਕ ਸਾ, 'ਮੈਂ ਸੌਂਹ ਚੁੱਕਦਾ ਹਾਂ ਕਿ ਮੈਂ ਸੱਚ ਬੋਲ ਰਿਹਾ ਹਾਂ।"

ਉਸ ਨੇ ਬੜਾ ਸਾਦਾ ਜਿਹਾ ਉੱਤਰ ਦਿੱਤਾ: 'ਸੱਚ'।

"ਅਸੀਂ ਇਕੱਲੇ ਸਾਂ, ਬਿਲਕੁਲ ਇਕੱਲੇ, ਕਿਉਂਕਿ ਰਿਵਟ ਅਤੇ ਉਸ ਦਾ ਅੰਕਲ ਸੈਰ ਕਰਦੇ ਹੋਏ ਅਲੋਪ ਹੋ ਗਏ ਸਨ, ਮੈਂ ਉਸ ਨੂੰ ਪਿਆਰ ਦਾ ਸੱਚਾ

ਵਾਅਦਾ ਕੀਤਾ, ਜਦੋਂ ਮੈਂ ਉਸ ਦੇ ਹੱਥ ਨੂੰ ਘੁੱਟਿਆ ਤੇ ਚੁੰਮਿਆ, ਉਸ ਨੇ ਇਹ ਗੱਲ ਨਵੀਂ ਤੇ ਮੰਨਣਯੋਗ ਸਮਝ ਕੇ ਸੁਣੀ, ਇਹ ਜਾਣੇ ਬਿਨਾਂ ਕਿ ਉਸ ਨੇ ਇਸ ਵਿਚੋਂ ਕਿੰਨੀ ਕੁ ਗੱਲ ਦਾ ਇਤਬਾਰ ਕੀਤਾ ਸੀ, ਜਦੋਂ ਕਿ ਮੈਂ ਅੰਤ ਵਿੱਚ ਉਕਸਾਹਟ ਮਹਿਸੂਸ ਕੀਤੀ, ਅਤੇ ਅੰਤ ਵਿੱਚ ਮੈਂ ਆਪ ਉਸ ਤੇ ਇਤਬਾਰ ਕੀਤਾ ਜੋ ਮੈਂ ਕਿਹਾ ਸੀ। ਮੇਰਾ ਰੰਗ ਪੀਲਾ ਪੈ ਗਿਆ ਸੀ, ਮੈਂ ਚਿੰਤਾਵਾਨ ਸਾਂ, ਅਤੇ ਕੰਬਦੇ ਹੋਏ ਅਤੇ ਪਿਆਰ ਨਾਲ ਮੈਂ ਆਪਣਾ ਹੱਥ ਉਸ ਦੇ ਲੱਕ ਦੁਆਲੇ ਪਾ ਲਿਆ ਅਤੇ ਉਸ ਦੇ ਕੰਨਾਂ ਉੱਪਰ ਘੁੰਗਰਾਲੇ ਵਾਲਾਂ ਵਿੱਚ ਹੌਲੇ ਜਿਹੇ ਉਸ ਨਾਲ ਗੱਲ ਕੀਤੀ ਉਹ ਖਿਆਲਾਂ ਵਿੱਚ ਇੰਨੀ ਰੁਝੀ ਹੋਈ ਸੀ ਕਿ ਉਹ ਮਰੀ ਹੋਈ ਵਿਖਾਈ ਦਿੰਦੀ ਸੀ।

"ਫੇਰ ਉਸ ਦਾ ਹੱਥ ਮੇਰੇ ਹੱਥ ਨਾਲ ਛੂਹਿਆ, ਅਤੇ ਉਸ ਨੇ ਇਸ ਨੂੰ ਘੁੱਟ ਲਿਆ ਅਤੇ ਮੈਂ ਉਸ ਨੂੰ ਪਿਆਰ ਨਾਲ ਪਹਿਲਾਂ ਕੰਬਦੇ ਹੋਏ ਤੇ ਫੇਰ ਹੌਲੀ ਹੌਲੀ ਜ਼ੋਰ ਨਾਲ ਲੱਕ ਦੁਆਲੇ ਘੁੱਟ ਲਿਆ। ਉਹ ਹੁਣ ਹਿੱਲ ਨਹੀਂ ਰਹੀ ਸੀ ਅਤੇ ਮੈਂ ਉਸ ਦੀਆਂ ਗੱਲ੍ਹਾਂ ਨੂੰ ਆਪਣੇ ਹੋਠਾਂ ਨਾਲ ਛੂਹਿਆ, ਅਤੇ ਅਚਾਨਕ ਅਣਜਾਣੇ ਮੇਰੇ ਬੁੱਲ੍ਹ ਉਸ ਦੇ ਬੁੱਲ੍ਹਾਂ ਨੂੰ ਛੂਹ ਗਏ। ਇਹ ਲੰਮੀ ਚੁੰਮੀ ਸੀ ਅਤੇ ਇਹ ਹੋਰ ਵੀ ਲੰਮੀ ਹੁੰਦੀ ਜੇਕਰ ਮੈਨੂੰ ਆਪਣੇ ਪਿੱਛੇ ਹੂੰ! ਹੂੰ ! ਨਾ ਸੁਣਾਈ ਦਿੰਦਾ ਉਹ ਝਾੜੀਆਂ ਵਿੱਚ ਨੱਠ ਗਈ, ਅਤੇ ਮੈਂ ਮੁੜਦੇ ਹੋਏ ਵੇਖਿਆ ਕਿ ਰਿਵਟ ਮੇਰੇ ਵੱਲ ਆ ਰਿਹਾ ਸੀ ਅਤੇ ਰਸਤੇ ਦੇ ਵਿਚਕਾਰ ਚੱਲ ਰਿਹਾ ਸੀ। ਉਸ ਨੇ ਮੈਨੂੰ ਮੁਸਕਰਾਉਣ ਤੋਂ ਬਿਨਾਂ ਕਿਹਾ: 'ਸੋ ਇਹ ਤਰੀਕਾ ਹੈ ਜਿਸ ਨਾਲ ਤੁਸੀਂ ਸੂਰ ਮੋਰਿਨ ਦੇ ਮਾਮਲੇ ਨੂੰ ਨਿਪਟਾ ਰਹੇ ਹੋ।”

"ਮੈਂ ਮਜਾਜ਼ ਨਾਲ ਉੱਤਰ ਦਿੱਤਾ : ਮੇਰੇ ਮਿੱਤਰ, ਹਰ ਕੋਈ, ਜੋ ਉਸ ਦੀ ਸਮਰੱਥਾ ਵਿੱਚ ਹੋਵੇ, ਕਰਦਾ ਹੈ। ਪ੍ਰੰਤੂ ਅੰਕਲ ਬਾਰੇ ਕਿਵੇਂ ਹੈ? ਤੂੰ ਉਸ ਨਾਲ ਕਿੰਨਾ ਕੁ ਨਜਿੱਠਿਆ ਹੈ? ਨੀਸ ਦਾ ਮੈਂ ਜ਼ਿੰਮੇਵਾਰ ਹਾਂ।

"ਉਸ ਨਾਲ ਮੇਰੀ ਕਿਸਮਤ ਕੁਝ ਏਨੀ ਤੇਜ਼ ਨਹੀਂ ਸੀ ਰਹੀ।" ਉਸ ਨੇ ਉੱਤਰ ਦਿੱਤਾ। ਜਿਸ ’ਤੇ ਮੈਂ ਉਸ ਦੀ ਬਾਂਹ ਫੜ ਲਈ, ਅਤੇ ਅਸੀਂ ਅੰਦਰ ਚਲੇ ਗਏ।

## ਭਾਗ-3

"ਰਾਤ ਦੇ ਖਾਣੇ ਨੇ ਮੇਰਾ ਬਿਲਕੁਲ ਸਿਰ ਫੇਰ ਦਿਤਾ। ਮੈਂ ਉਸ ਦੇ ਨਾਲ ਦੀ ਸੀਟ 'ਤੇ ਬੈਠ ਗਿਆ, ਅਤੇ ਮੇਰੇ ਹੱਥ ਮੇਜ਼ਪੋਸ਼ ਹੇਠਾਂ ਲਗਾਤਾਰ ਉਸ ਦੇ ਹੱਥਾਂ ਨੂੰ, ਮੇਰੇ ਪੈਰ ਉਸ ਦੇ ਪੈਰਾਂ ਨੂੰ ਮਿਲਦੇ ਰਹੇ, ਅਤੇ ਸਾਡੀਆਂ ਨਜ਼ਰਾਂ ਇਕ ਦੂਜੇ ਨਾਲ ਟਕਰਾਉਂਦੀਆ ਰਹੀਆਂ।"

"ਰਾਤ ਦੇ ਖਾਣੇ ਪਿੱਛੋਂ ਅਸੀਂ ਚੰਨ ਦੀ ਚਾਨਣੀ ਵਿੱਚ ਸੈਰ ਕੀਤੀ ਅਤੇ ਮੈਂ ਸਾਰੀਆ ਕੋਮਲ ਗੱਲਾਂ, ਜੋ ਮੈਂ ਸੋਚ ਸਕਿਆ, ਉਸ ਦੇ ਕੰਨਾਂ ਵਿੱਚ ਕਹਿੰਦਾ ਰਿਹਾ। ਮੈਂ ਉਸ ਨੂੰ ਆਪਣੇ ਨਾਲ ਲਾਈ ਰੱਖਿਆ, ਹਰ ਪਲ਼ ਉਸ ਨੂੰ ਚੁੰਮਦਾ ਰਿਹਾ, ਆਪਣੇ ਬੁੱਲ੍ਹਾਂ ਨੂੰ ਉਸ ਦੇ ਬੁੱਲ੍ਹਾਂ ਨਾਲ ਗਿੱਲਾ ਕਰਦਾ ਰਿਹਾ, ਜਦਕਿ ਉਸ ਦਾ ਅੰਕਲ ਅਤੇ ਰਿਵਟ ਸਾਡੇ ਅੱਗੇ ਚੱਲਦੇ ਝਗੜ ਰਹੇ ਸਨ। ਅਸੀਂ ਅੰਦਰ ਗਏ, ਅਤੇ ਛੇਤੀ ਹੀ ਇਕ ਹਰਕਾਰੇ ਨੇ ਉਸ ਦੀ ਆਂਟੀ ਦੀ ਇਕ ਤਾਰ ਲਿਆਂਦੀ ਜਿਸ ਵਿੱਚ ਲਿਖਿਆ ਸੀ ਕਿ ਉਹ ਅਗਲੀ ਸਵੇਰ 7 ਵਜੇ ਵਾਪਿਸ ਆਵੇਗੀ।

"ਠੀਕ ਹੈ ਹੈਨਰੇਟ, ਉਸ ਦੇ ਅੰਕਲ ਨੇ ਕਿਹਾ, 'ਜਾਓ ਅਤੇ ਭੱਦਰ ਪੁਰਸ਼ਾਂ ਨੂੰ ਉਨ੍ਹਾਂ ਦੇ ਕਮਰੇ ਵਿਖਾਓ। ਉਸ ਨੇ ਰਿਵਟ ਨੂੰ ਪਹਿਲਾਂ ਉਸ ਦਾ ਕਮਰਾ ਵਿਖਾਇਆ ਅਤੇ ਉਸ ਨੇ ਮੇਰੇ ਕੰਨ ਵਿੱਚ ਕਿਹਾ : 'ਇਸ ਵਿੱਚ ਕੋਈ ਡਰ ਨਹੀਂ ਸੀ ਜੇ ਉਹ ਸਾਨੂੰ ਦੋਹਾਂ ਨੂੰ ਤੁਹਾਡੇ ਕਮਰੇ ਵਿੱਚ ਪਹਿਲਾਂ ਲਿਜਾਂਦੀ।' ਫੇਰ ਉਹ ਮੈਨੂੰ ਮੇਰੇ ਕਮਰੇ ਵਿੱਚ ਲੈ ਗਈ, ਅਤੇ ਜਿਉਂ ਹੀ ਮੇਰੇ ਕੋਲ ਇਕੱਲੀ ਰਹਿ ਗਈ ਮੈਂ ਉਸ ਨੂੰ ਫੇਰ ਆਪਣੀਆਂ ਬਾਹਾਂ ਵਿਚ ਲੈ ਲਿਆ ਅਤੇ ਉਸ ਦੇ ਜ਼ਜਬਿਆਂ ਨੂੰ ਜੋਸ਼ ਦੇਣ ਅਤੇ ਉਸ ਦੀ ਨਾਂਹ ਨੁੱਕਰ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਉਸ ਨੇ ਮਹਿਸੂਸ ਕੀਤਾ ਕਿ ਉਸ ਦਾ ਸਾਹ ਘੁੱਟ ਰਿਹਾ ਸੀ ਤਾਂ ਉਹ ਕਮਰੇ ਵਿੱਚੋਂ ਬਚ ਕੇ ਨਿਕਲ ਗਈ ਅਤੇ ਮੈਂ, ਬਹੁਤ ਉੱਖੜਿਆ ਹੋਇਆ ਅਤੇ ਜ਼ੋਸ ਵਿੱਚ, ਚਾਦਰਾਂ ਵਿੱਚ ਵੜ ਗਿਆ, ਕਿਉਂਕਿ ਮੈਂ ਜਾਣਦਾ ਸੀ ਕਿ ਮੈਨੂੰ ਬਹੁਤ ਸੌਣਾ ਨਹੀਂ ਚਾਹੀਦਾ। ਮੈਂ ਹੈਰਾਨ ਸਾਂ ਕਿ ਮੈਂ ਇਹੋ ਜਿਹੀ ਗ਼ਲਤੀ ਕਿਵੇਂ ਕਰ ਲਈ ਜਦੋਂ ਮੇਰੇ ਦਰਵਾਜ਼ੇ ਉੱਪਰ ਹੌਲੀ ਜਿਹੇ ਠਕ-

ਠਕ ਹੋਈ, ਅਤੇ ਮੇਰੇ ਪੁੱਛਣ 'ਤੇ ਕਿ ਕੌਣ ਸੀ ਇਕ ਹੌਲੀ ਜਿਹੀ ਅਵਾਜ ਨੇ ਉੱਤਰ ਦਿੱਤਾ : "ਮੈਂ।"

"ਮੈਂ ਛੇਤੀ ਨਾਲ ਕੱਪੜੇ ਪਾਏ ਅਤੇ ਬੂਹਾ ਖੋਲਿਆ, ਉਹ ਅੰਦਰ ਆ ਗਈ, ਮੈਂ ਤੁਹਾਨੂੰ ਪੁੱਛਣਾ ਭੁੱਲ ਗਈ ਸਾਂ ਕਿ ਤੁਸੀਂ ਸਵੇਰੇ ਕੀ ਲਓਗੇ, ਉਸ ਨੇ ਕਿਹਾ, ਚਾਕਲੇਟ, ਚਾਹ ਜਾਂ ਕਾਫ਼ੀ? ਮੈਂ ਆਪਣੀਆਂ ਬਾਹਾਂ ਉਸ ਦੁਆਲੇ ਜ਼ੋਰ ਨਾਲ ਲਪੇਟ ਲਈਆਂ ਅਤੇ ਉਸ ਨੂੰ ਚੁੰਮੀਆਂ ਨਾਲ ਹੜੱਪ ਕਰਦਿਆਂ ਹੋਏ ਕਿਹਾ: 'ਮੈਂ ਲਵਾਂਗਾ-ਮੈਂ ਲਵਾਂਗਾ-' ਪ੍ਰੰਤੂ ਉਸ ਨੇ ਆਪਣੇ ਆਪ ਨੂੰ ਮੇਰੀਆਂ ਬਾਹਾਂ ਵਿਚੋਂ ਛੁਡਾ ਲਿਆ। ਮੇਰੀ ਮੋਮਬੱਤੀ ਬੁਝਾ ਦਿੱਤੀ, ਅਤੇ ਅਲੋਪ ਹੋ ਗਈ ਅਤੇ ਮੈਨੂੰ ਹਨੇਰੇ ਵਿੱਚ ਇਕੱਲਾ ਛੱਡ ਗਈ, ਗੁੱਸੇ ਨਾਲ, ਮੈਂ ਤੀਲ੍ਹਾਂ ਦੀ ਡੱਬੀ ਢੂੰਡਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਲੱਭ ਨਾ ਸਕਿਆ। ਅੰਤ ਵਿੱਚ ਮੈਨੂੰ ਇਕ ਲੱਭ ਪਈ ਅਤੇ ਮੈਂ ਨੀਮ-ਪਾਗ਼ਲ ਵਾਂਗ ਮਹਿਸੂਸ ਕਰਦੇ ਹੋਏ ਆਪਣੀ ਮੋਮਬੱਤੀ ਹੱਥ ਵਿੱਚ ਲੈ ਕੇ ਰਸਤੇ ਵਿੱਚ ਚਲਾ ਗਿਆ।

"ਮੈਂ ਕੀ ਕਰਨ ਜਾ ਰਿਹਾ ਸੀ? ਮੈਂ ਸੋਚਣ ਲਈ ਨਾ ਰੁਕਿਆ, ਮੈਂ ਕੇਵਲ ਉਸ ਨੂੰ ਢੂੰਡਣਾ ਚਾਹਿਆ, ਅਤੇ ਮੈਂ ਢੂੰਡਾਂਗਾ। ਮੈਂ ਕੁਝ ਕਦਮ ਬਿਨਾਂ ਸੋਚੇ ਚਲਾ ਗਿਆ, ਪ੍ਰੰਤੂ ਫੇਰ ਮੈਂ ਇਕਦਮ ਆਪਣੇ ਆਪ ਸੋਚਿਆ: 'ਮੰਨ ਲਓ ਮੈਂ ਅੰਕਲ ਦੇ ਕਮਰੇ ਵਿੱਚ ਚਲਾ ਜਾਵਾਂ, ਮੈਨੂੰ ਕੀ ਕਹਿਣਾ ਚਾਹੀਦਾ ਹੈ? ਮੈਂ ਅਹਿਲ ਖੜ੍ਹਾ ਹੋ ਗਿਆ, ਮੇਰਾ ਸਿਰ ਚਕਰਾ ਰਿਹਾ ਸੀ ਅਤੇ ਮੇਰਾ ਦਿਲ ਧੜਕ ਰਿਹਾ ਸੀ।

"ਪ੍ਰੰਤੂ ਕੁਝ ਪਲ਼ ਵਿੱਚ ਮੈਨੂੰ ਇਕ ਉੱਤਰ ਸੁਝ ਪਿਆ। ਫੇਰ ਮੈਂ ਕਹਿ ਦਿਆਂਗਾ ਕਿ ਮੈਂ ਰਿਵਟ ਨਾਲ ਕਿਸੇ ਜ਼ਰੂਰੀ ਕੰਮ ਬਾਰੇ ਗੱਲ ਕਰਨ ਲਈ ਉਸ ਦਾ ਕਮਰਾ ਲੱਭ ਰਿਹਾ ਸੀ, ਅਤੇ ਉਸ ਦਾ ਬੂਹਾ ਢੂੰਡਣ ਵਾਸਤੇ, ਸਾਰੇ ਬੂਹੇ ਵੇਖਣੇ ਸ਼ੁਰੂ ਕਰ ਦਿੱਤੇ, ਅੰਤ ਵਿੱਚ ਮੈਂ ਕੋਸ਼ਿਸ਼ ਕਰਕੇ ਇਕ ਹੱਥੀ ਫੜੀ, ਇਸ ਨੂੰ ਘੁੰਮਾਇਆ ਅਤੇ ਅੰਦਰ ਚਲਾ ਗਿਆ। ਉੱਥੇ ਹੈਨਰੇਟ, ਆਪਣੇ ਬਿਸਤਰੇ ਵਿੱਚ ਬੈਠੀ ਅਤੇ ਅੱਖਾਂ ਵਿੱਚ ਅੱਥਰੂ ਭਰੀ ਮੇਰੇ ਵੱਲ ਵੇਖ ਰਹੀ ਸੀ। ਇਸ ਲਈ ਮੈਂ ਹੌਲੇ ਜਿਹੇ ਚਾਬੀ ਘੁੰਮਾਈ, ਅਤੇ ਪੱਬਾਂ-ਭਾਰ ਉਸ ਕੋਲ ਪਹੁੰਚ ਕੇ ਕਿਹਾ: 'ਮੈਂ ਕੁਮਾਰੀ ਜੀ, ਤੁਹਾਡੇ ਤੋਂ

ਕੁਝ ਪੜ੍ਹਨ ਲਈ ਮੰਗਣਾ ਭੁੱਲ ਗਿਆ।' ਮੈਂ ਤੁਹਾਨੂੰ ਪੁਸਤਕ ਨਹੀਂ ਦੱਸਾਂਗਾ ਜੋ ਮੈਂ ਪੜ੍ਹੀ, ਪ੍ਰੰਤੂ ਇਹ ਪਿਆਰ ਕਹਾਣੀਆਂ ਵਿੱਚੋਂ ਸਭ ਤੋਂ ਅਜੀਬ ਸੀ, ਕਵਿਤਾਵਾਂ ਵਿੱਚੋਂ ਬਹੁਤ ਦੇਵੀ ਸੀ। ਜਦੋਂ ਮੈਂ ਇਕ ਵਾਰੀ ਪਹਿਲਾ ਪੰਨਾ ਪਲਟ ਲਿਆ ਤਾਂ ਉਸ ਨੇ ਮੈਨੂੰ, ਜਿੰਨੇ ਪੰਨੇ ਮੈਂ ਚਾਹੇ, ਪਲਟਣ ਦਿੱਤੇ, ਅਤੇ ਮੈਂ ਇੰਨੇ ਕਾਡਾਂ ਵਿੱਚੋਂ ਦੀ ਲੰਘ ਗਿਆ ਕਿ ਸਾਡੀਆਂ ਮੋਮਬੱਤੀਆਂ ਪੂਰੀ ਤਰ੍ਹਾਂ ਬਣ ਗਈਆਂ ਸਨ।"

ਫੇਰ, ਉਸ ਦਾ ਧੰਨਵਾਦ ਕਰਕੇ, ਮੈਂ ਚੋਰੀ ਚੋਰੀ ਆਪਣੇ ਕਮਰੇ ਵਿੱਚ ਵਾਪਸ ਆ ਰਿਹਾ ਸੀ, ਜਦੋਂ ਇਕ ਖਰ੍ਹਵੇ ਹੱਥ ਨੇ ਮੈਨੂੰ ਪਕੜ ਲਿਆ ਅਤੇ ਇਕ ਅਵਾਜ਼ ਰਿਵਟ ਨੇ ਮੇਰੇ ਕੰਨਾਂ ਵਿੱਚ ਕਿਹਾ : "ਸੋ ਤੂੰ ਅਜੇ ਤੱਕ ਮੋਰਿਨ ਦਾ ਮਾਮਲਾ ਤੈਅ ਨਹੀਂ ਕੀਤਾ ਹੈ?

ਅਗਲੀ ਸਵੇਰ 7 ਵਜੇ, ਉਹ ਆਪ ਮੇਰੇ ਲਈ ਚਾਕਲੇਟ ਦਾ ਕੱਪ ਲੈ ਕੇ ਆਈ। ਮੈਂ ਕਦੇ ਵੀ ਇਹੋ ਜਿਹੀ ਹਲਕੀ, ਮੁਲਾਇਮ, ਸੁਗੰਧਤ ਅਤੇ ਸੁਆਦੀ ਚੀਜ਼ ਨਹੀਂ ਪੀਤੀ ਸੀ। ਮੈਂ ਬੁੱਲ੍ਹ, ਮਸਾਂ ਕੱਪ ਨਾਲੋਂ ਲਾਹੇ ਹੀ ਸਨ ਅਤੇ ਉਹ ਅਜੇ ਮੇਰੇ ਕਮਰੇ ਵਿਚੋਂ ਗਈ ਹੀ ਸੀ ਕਿ ਰਿਵਟ ਅੰਦਰ ਆ ਗਿਆ। ਉਹ ਉਸ ਮਨੁੱਖ ਵਾਂਗ ਘਬਰਾਇਆ ਹੋਇਆ ਅਤੇ ਚਿੜਚਿੜਾ ਵਿਖਾਈ ਦਿੰਦਾ ਸੀ ਜੋ ਕਿ ਸੁਤਾ ਨਾ ਹੋਵੇ, ਅਤੇ ਉਸ ਨੇ ਨਰਾਜ਼ ਹੁੰਦੇ ਹੋਏ ਮੈਨੂੰ ਕਿਹਾ, ਜੇ ਤੂੰ ਇਵੇਂ ਹੀ ਕਰਦਾ ਰਿਹਾ, ਤਾਂ ਤੂੰ ਸੂਰ ਮੋਰਿਨ ਦਾ ਮਾਮਲਾ ਵਿਗਾੜ ਕੇ ਹਟੇਂਗਾ।

ਅੱਠ ਵਜੇ ਆਂਟੀ ਆਈ। ਸਾਡੀ ਵਾਰਤਾਲਾਪ ਬਹੁਤ ਛੋਟੀ ਸੀ ਕਿਉਂਕਿ ਉਨ੍ਹਾਂ ਆਪਣੀ ਸ਼ਿਕਾਇਤ ਵਾਪਸ ਲੈ ਲਈ, ਅਤੇ ਮੈਂ ਸ਼ਹਿਰ ਦੇ ਗ਼ਰੀਬਾਂ ਲਈ ਪੰਜ ਸੌ ਫਰੈਂਕ ਉਨ੍ਹਾਂ ਨੂੰ ਦੇ ਦਿੱਤੇ। ਉਨ੍ਹਾਂ ਸਾਨੂੰ ਉਸ ਦਿਨ ਉੱਥੇ ਰੱਖਣਾ ਚਾਹਿਆ, ਅਤੇ ਉਨ੍ਹਾਂ ਨੇ ਖੰਡਰਾਤ ਵੇਖਣ ਲਈ ਸੈਰ ਸਪਾਟੇ ਦਾ ਪ੍ਰਬੰਧ ਕੀਤਾ। ਹੈਨਰੇਟ ਨੇ ਅੰਕਲ ਦੀ ਪਿੱਠ ਪਿੱਛੇ ਮੈਨੂੰ ਰਹਿਣ ਦਾ ਇਸ਼ਾਰਾ ਕੀਤਾ। ਅਤੇ ਮੈਂ ਮੰਨ ਲਿਆ, ਪਰੰਤੂ ਰਿਵਟ ਨੇ ਜਾਣ ਦਾ ਫ਼ੈਸਲਾ ਕੀਤਾ ਹੋਇਆ ਸੀ, ਭਾਵੇਂ ਮੈਂ ਉਸ ਨੂੰ ਇਕ ਪਾਸੇ ਲੈ ਗਿਆ ਸੀ, ਅਤੇ ਉਸ ਨੂੰ ਮੇਰੇ ਲਈ ਇਵੇਂ ਕਰਨ ਦੀ ਮਿੰਨਤ ਅਤੇ ਬੇਨਤੀ ਕੀਤੀ,ਪਰ ਉਹ ਬਹੁਤ ਖਿਝਿਆ ਹੋਇਆ ਵਿਖਾਈ ਦਿੰਦਾ ਸੀ ਅਤੇ ਮੈਨੂੰ

ਕਹਿੰਦਾ ਰਿਹਾ: ਮੇਰੇ ਕੋਲ ਸੂਰ ਮੋਰਿਨ ਵਰਗੇ ਕਈ ਮਾਮਲੇ ਹਨ, ਕੀ ਤੁਹਾਨੂੰ ਮੇਰੀ ਗੱਲ ਸੁਣਾਈ ਦਿੰਦੀ ਹੈ?

ਬੇਸ਼ਕ ਮੈਨੂੰ ਵੀ ਜਾਣ ’ਤੇ ਮਜਬੂਰ ਹੋਣਾ ਪਿਆ, ਅਤੇ ਇਹ ਮੇਰੇ ਜੀਵਨ ਦੀ ਇਕ ਬਹੁਤ ਔਖੀ ਘੜੀ ਸੀ। ਮੈਂ ਉਸ ਕੰਮ ਨੂੰ ਜਿੰਨੀ ਦੇਰ ਉੱਥੇ ਰਹਿੰਦਾ ਜਾਰੀ ਰੱਖ ਸਕਦਾ ਸੀ ਅਤੇ ਜਦੋਂ ਅਸੀਂ ਰੇਲ ਦੇ ਡੱਬੇ ਵਿੱਚ ਪਹੁੰਚ ਗਏ। ਉਸ ਨਾਲ ਚੁਪੀਤੇ ਜਿਹੇ ਹੱਥ ਮਿਲਾ ਕੇ ਮੈਂ ਰਿਵਟ ਨੂੰ ਕਿਹਾ? "ਤੂੰ ਬਿਲਕੁਲ ਨਿਰਦਈ ਹੈ।" ਅਤੇ ਉਸ ਨੇ ਉੱਤਰ ਦਿੱਤਾ: "ਮੇਰੇ ਪਿਆਰੇ ਮਿੱਤਰ, ਤੂੰ ਮੈਨੂੰ ਖੱਜਲ ਕਰ ਰਿਹਾ ਸੀ।"

ਫੈਨਲ ਦਫਤਰ ਪੁੱਜ ਕੇ, ਮੈਂ ਇਕ ਇਕੱਠ ਨੂੰ ਆਪਣੀ ਉਡੀਕ ਕਰਦਾ ਵੇਖਿਆ, ਅਤੇ ਜਿਉਂ ਹੀ ਉਨ੍ਹਾਂ ਸਾਨੂੰ ਵੇਖਿਆ, ਉਨ੍ਹਾਂ ਸਭ ਨੇ ਪੁੱਛਿਆ, ਠੀਕ, ਕੀ ਤੁਸੀਂ ਸੂਰ ਮੋਰਿਨ ਦਾ ਮਾਮਲਾ ਤੈਅ ਕਰ ਲਿਆ ਹੈ? ਸਾਰਾ ਲਾਰੋਚੇਲੇ ਇਸ ਬਾਰੇ ਜੋਸ਼ ਵਿੱਚ ਸੀ, ਅਤੇ ਰਿਵਟ ਜਿਸ ਨੇ ਆਪਣੇ ਮੰਦ-ਹਾਸੇ ਨੂੰ ਰਸਤੇ ਵਿੱਚ ਕਾਬੂ ਕਰ ਰੱਖਿਆ ਸੀ, ਹੱਸਣੋ ਰਹਿਣ ਵਿੱਚ ਬਹੁਤ ਤਕਲੀਫ਼ ਮਹਿਸੂਸ ਕੀਤੀ ਜਦੋਂ ਉਸ ਨੇ ਕਿਹਾ, "ਹਾਂ, ਅਸੀਂ ਠੀਕ ਕਰ ਲਿਆ ਹੈ, ਲਬਾਰਬੇ ਦਾ ਧੰਨਵਾਦ।" ਅਤੇ ਅਸੀਂ ਮੋਰਿਨ ਦੇ ਘਰ ਗਏ।

"ਉਹ ਇਕ ਅਰਾਮ ਕੁਰਸੀ ਵਿੱਚ ਆਪਣੀਆਂ ਟੰਗਾਂ ਉੱਪਰ ਸਰ੍ਹੋਂ ਦਾ ਲੇਪ ਕਰਵਾਈ ਅਤੇ ਸਿਰ ਉੱਪਰ ਠੰਡੀਆਂ ਪੱਟੀਆਂ ਕਰਵਾਈ ਬੈਠਾ ਸੀ, ਉਹ ਦੁੱਖਾਂ ਨਾਲ ਮਰਿਆ ਜਾਪਦਾ ਸੀ, ਜੋ ਉਹ ਮਰਦੇ ਆਦਮੀ ਵਾਂਗ ਥੋੜ੍ਹਾ ਖੰਘ ਰਿਹਾ ਸੀ, ਕਿਸੇ ਨੂੰ ਇਹ ਪਤਾ ਨਹੀਂ ਸੀ, ਕਿ ਇਹ ਖੰਘ ਉਸ ਨੂੰ ਕਿਵੇਂ ਲੱਗੀ ਸੀ, ਅਤੇ ਉਸ ਦੀ ਪਤਨੀ ਸ਼ੇਰਨੀ ਵਾਂਗ ਉਸ ਨੂੰ ਖਾਣ ਲਈ ਤਿਆਰ ਵਿਖਾਈ ਦਿੰਦੀ ਸੀ। ਜਿਉਂ ਹੀ ਉਸ ਨੇ ਸਾਨੂੰ ਵੇਖਿਆ ਉਹ ਇੰਨੇ ਜ਼ੋਰ ਨਾਲ ਕੰਬਿਆ ਕਿ ਉਸ ਦੇ ਹੱਥ ਅਤੇ ਗੋਡੇ ਹਿਲਣ ਲੱਗ ਪਏ, ਇਸ ਲਈ ਮੈਂ ਇਕਦਮ ਉਸ ਨੂੰ ਕਿਹਾ, ਸਭ ਠੀਕ ਹੋ ਗਿਆ ਹੈ, ਗੰਦੇ, ਅਵਾਰਾ, ਇਹੋ ਜਿਹਾ ਕੰਮ ਅੱਗੋਂ ਨਾ ਕਰੀ।

ਉਹ ਉੱਠਿਆ ਅਤੇ ਉਸ ਨੇ ਸਾਹ ਘੁੱਟਦੇ ਹੋਏ, ਮੇਰੇ ਹੱਥ ਫੜੇ ਅਤੇ ਚੁੰਮੇ ਜਿਵੇਂ ਕਿ ਇਹ ਕਿਸੇ ਸਹਿਜਾਦੇ ਦੇ ਹੱਥ ਹੋਣ, ਚਿਲਾ ਕੇ ਬੇਹੋਸ਼ ਹੋ ਗਿਆ, ਰਿਵਟ ਨੂੰ ਜੱਫੀ ਪਾਈ, ਅਤੇ ਇੱਥੋਂ ਤੱਕ ਕਿ ਉਸਨੇ ਸ੍ਰੀਮਤੀ ਮੋਰਿਨ ਨੂੰ ਵੀ ਚੁੰਮ ਲਿਆ, ਉਸ ਨੇ ਇਹੋ ਜਿਹਾ ਛੱਕਾ ਮਾਰਿਆ ਕਿ ਉਹ ਲੜਖੜਾਉਂਦਾ ਹੋਇਆ ਆਪਣੀ ਕੁਰਸੀ ਉੱਪਰ ਪਹੁੰਚ ਗਿਆ। ਪ੍ਰੰਤੂ ਉਹ ਆਪਣੇ ਤੋਂ ਕਾਬੂ ਨਾ ਪਾ ਸਕਿਆ। ਉਸ ਦਾ ਮਨ ਡੋਲ ਗਿਆ ਸੀ। ਸਾਰੇ ਸ਼ਹਿਰ ਵਿੱਚ, ਉਸ ਨੂੰ ਸੂਰ ਮੋਰਿਨ ਤੋਂ ਸਿਵਾ ਕਿਸੇ ਹੋਰ ਨਾਂ ਨਾਲ ਨਹੀਂ ਬੁਲਾਇਆ ਜਾਂਦਾ ਸੀ, ਅਤੇ ਇਹ ਉਪਨਾਮ ਜਦੋਂ ਵੀ ਉਹ ਸੁਣਦਾ ਉਸ ਵਿਚੋਂ ਤਲਵਾਰ ਦੀ ਖੋਭ ਵਾਂਗ ਲੰਘਦੀ। ਜਦੋਂ ਕੋਈ ਗ਼ਲੀ ਦਾ ਲੜਕਾ ਉਸ ਨੂੰ ਚਿੜ੍ਹਾਉਦਾ, ਸੂਰ !" ਉਹ ਇਕਦਮ ਆਪਣਾ ਸਿਰ ਮੋੜਦਾ। ਉਸ ਦੇ ਮਿੱਤਰ ਵੀ ਉਸ ਨੂੰ ਭੱਦੀਆ ਮਖੌਲਾਂ ਨਾਲ ਗੁੱਸਾ ਚੜ੍ਹਾਉਂਦੇ ਅਤੇ ਜਦੋਂ ਵੀ ਉਹ ਮਾਸ ਖਾਂਦੇ ਹੁੰਦੇ ਉਸ ਨੂੰ ਇਹ ਕਹਿ ਕੇ ਤੰਗ ਕਰਦੇ ਇਹ ਤੁਹਾਡਾ ਇਕ ਟੁਕੜਾ ਹੈ। ਉਹ ਦੋ ਸਾਲ ਬਾਅਦ ਮਰ ਗਿਆ।

ਜਿੱਥੋਂ ਤੱਕ ਮੇਰਾ ਸੰਬੰਧ ਹੈ ਜਦੋਂ ਮੈਂ 1875 ਵਿੱਚ ਡਿਪਟੀ ਚੈਂਬਰ ਲਈ ਇਕ ਉਮੀਦਵਾਰ ਸਾਂ, ਤਾਂ ਮੈਂ ਫੋਨ ਸੈਰੇ ਵਿੱਚ ਨੋਟਰੀ ਸ੍ਰੀਮਾਨ ਬੇਲੋਨਕਲ ਨੂੰ ਉਸ ਦੀ ਵੋਟ ਲਈ ਕਹਿਣ ਗਿਆ ਅਤੇ ਇਕ ਲੰਮੀ ਖ਼ੂਬਸੂਰਤ, ਅਤੇ ਸੱਚਮੁਚ ਅਮੀਰ ਇਸਤਰੀ ਨੇ ਮੇਰਾ ਸੁਆਗਤ ਕੀਤਾ। ਤੁਸੀਂ ਮੈਨੂੰ ਫੇਰ ਨਹੀਂ ਪਛਾਣਿਆ? ਨਹੀਂ ਤਾਂ ਉਸ ਨੇ ਕਿਹਾ।

"ਮੈਂ ਥਥਲਾਇਆ, ਪਰ ਨਹੀਂ, ਸ੍ਰੀਮਤੀ ਜੀ।"

"ਹੈਕਰੇਟ ਬੋਨਲ?"

"ਆਹ ! ਮੈਂ ਆਪਣੇ ਆਪ ਨੂੰ ਪੀਲਾ ਪੈਂਦਾ ਮਹਿਸੂਸ ਕੀਤਾ, ਜਦੋਂ ਕਿ ਉਹ ਬਿਲਕੁਲ ਅਰਾਮ ਮਹਿਸੂਸ ਕਰ ਰਹੀ ਸੀ, ਅਤੇ ਮੁਸਕਰਾ ਕੇ ਮੇਰੇ ਵੱਲ ਵੇਖ ਰਹੀ ਸੀ।

ਜਿਉਂ ਹੀ ਉਸ ਨੇ ਮੈਨੂੰ ਆਪਣੇ ਪਤੀ ਕੋਲ ਇਕੱਲਾ ਛੱਡਿਆ, ਉਸ ਨੇ ਮੇਰੇ ਦੋਵੇਂ ਹੱਥ ਫੜ ਲਏ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਘੁੱਟਦੇ ਹੋਏ ਕਿਹਾ ਜਿਵੇਂ ਕਿ ਉਹ ਇਨ੍ਹਾਂ ਨੂੰ ਮਸਲ ਦੇਣਾ ਚਾਹੁੰਦਾ ਹੋਵੇ। ਉਹਨੇ ਕਿਹਾ "ਪਿਆਰੇ ਸ੍ਰੀਮਾਨ ਜੀ, ਮੈਂ ਬਹੁਤ ਚਿਰ ਤੋਂ ਤੁਹਾਨੂੰ ਮਿਲਣਾ ਚਾਹੁੰਦਾ ਸੀ, ਕਿਉਂਕਿ ਮੇਰੀ ਪਤਨੀ ਅਕਸਰ ਤੁਹਾਡੇ ਬਾਰੇ ਗੱਲਾਂ ਕਰਦੀ ਰਹੀ ਹੈ। ਮੈਨੂੰ ਪਤਾ ਹੈ ਕਿੰਨਾਂ ਦੁੱਖ ਭਰੇ ਹਾਲਾਤ ਵਿੱਚ ਤੁਹਾਡੀ ਉਸ ਨਾਲ ਜਾਣ ਪਛਾਣ ਹੋਈ, ਅਤੇ ਮੈਂ ਇਹ ਵੀ ਜਾਣਦਾ ਹਾਂ ਕਿ ਤੁਸੀਂ ਉਸ ਨਾਲ ਕਿੰਨਾ ਠੀਕ ਵਰਤਾਵ ਕੀਤਾ, ਅਤੇ ਤੁਸੀਂ ਉਸ ਮਾਮਲੇ ਵਿੱਚ ਕਿੰਨੀ ਨਜ਼ਾਕਤ ਅਤੇ ਸਦਭਾਵਨਾ ਵਿਖਾਈ ਸੀ, ਉਹ ਝਿਜਕਿਆ ਅਤੇ ਫੇਰ ਹੌਲੀ ਜਿਹੀ ਅਵਾਜ਼ ਵਿੱਚ ਕਿਹਾ, ਜਿਵੇਂ ਕਿ ਉਹ ਕੋਈ ਘਟੀਆ ਜਾਂ ਭੱਦੀ ਗੱਲ ਕਹਿ ਰਿਹਾ ਹੋਵੇ : "ਸੂਰ ਮੋਰਿਨ ਦੇ ਮਾਮਲੇ ਵਿੱਚ।"

# ਛਤਰੀ

ਸ੍ਰੀਮਤੀ ਔਰਲੇ ਇਕ ਬਹੁਤ ਸੰਜਮੀ ਇਸਤਰੀ ਸੀ; ਉਸ ਨੂੰ ਅੱਧੀ ਪੈਨੀ ਦੀ ਕੀਮਤ ਦਾ ਵੀ ਚੰਗੀ ਤਰ੍ਹਾਂ ਪਤਾ ਸੀ, ਅਤੇ ਉਹ ਪੈਸੇ ਨੂੰ ਗੁਣਾਂ ਕਰਨ ਬਾਰੇ ਪੱਕੇ ਸਿਧਾਂਤਾਂ ਦੀ ਮਾਲਕ ਸੀ, ਇਸ ਕਰਕੇ ਉਸ ਦੇ ਰਸੋਈਏ ਨੂੰ ਨੌਕਰਾਂ ਦੀ ਬੋਲੀ ਵਿੱਚ "ਮਾਰਕਿਟ ਪੈਨੀ" ਬਣਾਉਣ ਵਿੱਚ ਬਹੁਤ ਤਕਲੀਫ਼ ਹੁੰਦੀ ਸੀ ਜਦੋਂ ਕਿ ਉਸ ਦੇ ਪਤੀ ਨੂੰ ਕਦੇ ਹੀ ਜੇਬ-ਖ਼ਰਚ ਮਿਲਦਾ ਸੀ। ਉਹ, ਫੇਰ ਵੀ, ਬੜੇ ਆਰਾਮ ਨਾਲ ਜੀਅ ਰਹੇ ਸਨ ਅਤੇ ਉਨ੍ਹਾਂ ਦੇ ਕੋਈ ਬੱਚਾ ਨਹੀਂ ਸੀ। ਸ੍ਰੀਮਤੀ ਔਰਲੇ ਨੂੰ ਪੈਸਾ ਖ਼ਰਚ ਹੁੰਦਾ ਵੇਖ ਕੇ ਸੱਚਮੁਚ ਦੁੱਖ ਹੁੰਦਾ; ਉਸ ਲਈ ਆਪਣੀ ਜੇਬ ਵਿੱਚੋਂ ਸੋਹਣੇ ਸੋਹਣੇ ਸਿੱਕੇ ਕੱਢਣਾ ਆਪਣੇ ਦਿਲ ਦੀਆਂ ਰਗਾਂ ਤੋੜਨ ਦੇ ਬਰਾਬਰ ਸੀ। ਅਤੇ ਜਦੋਂ ਕਦੇ ਉਸ ਨੂੰ ਕੁਝ ਖ਼ਰਚ ਕਰਨਾ ਪੈਂਦਾ ਭਾਵੇਂ ਇਹ ਕਿੰਨਾ ਵੀ ਜ਼ਰੂਰੀ ਕਿਉਂ ਨਾ ਹੁੰਦਾ, ਉਸ ਨੂੰ ਰਾਤ ਨੀਂਦ ਨਾ ਆਉਂਦੀ।

ਔਰਲੇ ਲਗਾਤਾਰ ਆਪਣੀ ਪਤਨੀ ਨੂੰ ਕਹਿੰਦਾ ਰਹਿੰਦਾ :

"ਤੁਹਾਨੂੰ ਅਸਲ ਵਿੱਚ ਜ਼ਿਆਦਾ ਖੁੱਲ੍ਹ-ਦਿਲਾ ਹੋਣਾ ਚਾਹੀਦਾ ਹੈ। ਸਾਡੇ ਕੋਈ ਸੰਤਾਨ ਨਹੀਂ ਹੈ ਅਤੇ ਉਹ ਕਦੇ ਸਾਡੀ ਕਮਾਈ ਨਹੀਂ ਖਰਚਦੇ।'

ਉਹ ਛੋਟੇ ਕੱਦ ਦੀ ਤਕਰੀਬਨ ਚਾਲ੍ਹੀ ਸਾਲ ਦੀ ਬਹੁਤ ਚੁਸਤ ਸਗੋਂ ਕਾਹਲੀ, ਝੁਰੜੀਆਂ ਵਾਲੀ, ਬਹੁਤ ਸਾਫ਼ ਸੁਥਰੀ ਅਤੇ ਗੁੱਸੇ ਵਾਲੀ ਇਸਤਰੀ ਸੀ। ਉਸ ਦਾ ਪਤੀ ਅਕਸਰ ਉਨ੍ਹਾਂ ਸਾਰੀਆਂ ਔਕੜਾਂ ਬਾਰੇ ਸ਼ਿਕਾਇਤ ਕਰਦਾ ਜੋ ਉਸ ਕਰਕੇ ਉਸ ਨੂੰ ਸਹਿਣੀਆਂ ਪੈਂਦੀਆਂ ਸਨ; ਉਨ੍ਹਾਂ ਵਿੱਚੋਂ ਕੁਝ ਉਸ ਲਈ ਖ਼ਾਸ ਦੁਖਦਾਇਕ ਸਨ, ਕਿਉਂਕਿ ਉਹ ਉਸ ਦੀ ਨਿਰਾਰਥਕਤਾ ਨੂੰ ਛੂੰਹਦੀਆਂ ਸਨ। ਉਸ ਦਾ ਪਤੀ ਯੁੱਧ-ਦਫ਼ਤਰ ਵਿੱਚ ਅੱਪਰ-ਕਲਰਕ ਸੀ ਅਤੇ ਉਹ ਉੱਥੇ ਆਪਣੀ ਪਤਨੀ

ਦੀ ਇੱਛਾ ਦੀ ਪਾਲਣਾ ਕਰਨ ਲਈ ਲੱਗਿਆ ਹੋਇਆ ਸੀ, ਤਾਂ ਜੋ ਆਪਣੀ ਆਮਦਨ ਵਿੱਚ ਵਾਧਾ ਕੀਤਾ ਜਾਵੇ ਜੋ ਕਿ ਉਹ ਤਕਰੀਬਨ ਬਿਲਕੁਲ ਖ਼ਰਚ ਨਹੀਂ ਕਰਦੇ ਸਨ।

ਉਹ ਦੋ ਸਾਲਾਂ ਤੋਂ ਹਮੇਸ਼ਾਂ ਉਸੇ ਪੁਰਾਣੀ ਟਾਕੀਆਂ ਵਾਲੀ ਛਤਰੀ ਨਾਲ ਦਫ਼ਤਰ ਆਉਂਦਾ ਸੀ, ਜੋ ਕਿ ਉਸ ਦੇ ਕਲਰਕ ਸਾਥੀਆਂ ਲਈ ਬਹੁਤ ਮਖ਼ੌਲ ਦਾ ਵਿਸ਼ਾ ਬਣੀ ਹੋਈ ਸੀ। ਅੰਤ ਵਿੱਚ ਉਹ ਉਨ੍ਹਾਂ ਦੀਆਂ ਮਖੌਲਾਂ ਤੋਂ ਤੰਗ ਆ ਗਿਆ ਸੀ ਅਤੇ ਉਸ ਨੇ ਆਪਣੀ ਪਤਨੀ ਨੂੰ ਇਕ ਨਵੀਂ ਛੱਤਰੀ ਖ਼ਰੀਦਣ ਲਈ ਮਜ਼ਬੂਰ ਕੀਤਾ। ਉਸ ਨੇ ਇਕ ਛਤਰੀ ਸਾਢੇ ਅੱਠ ਫਰੈਂਕ ਦੀ ਖ਼ਰੀਦੀ ਜੋ ਉਨ੍ਹਾਂ ਸਸਤੀਆਂ ਚੀਜਾਂ ਵਿੱਚੋਂ ਸੀ ਜੋ ਕਿ ਵੱਡੇ ਕਾਰਖ਼ਾਨੇਦਾਰ ਆਪਣੀ ਮਸ਼ਹੂਰੀ ਲਈ ਵੇਚਦੇ ਸਨ। ਜਦੋਂ ਦਫ਼ਤਰ ਵਿੱਚ ਦੂਜਿਆਂ ਨੇ ਇਹ ਚੀਜ਼ ਵੇਖੀ, ਜੋ ਕਿ ਪੈਰਿਸ ਵਿੱਚ ਹਜ਼ਾਰਾਂ ਵੇਚਦੇ ਹਨ, ਤਾਂ ਉਨ੍ਹਾਂ ਆਪਣੀਆਂ ਮਖੌਲਾਂ ਦੁਬਾਰਾ ਸ਼ੁਰੂ ਕਰ ਦਿੱਤੀਆਂ ਅਤੇ ਔਰਲੇ ਨੇ ਉਨ੍ਹਾਂ ਨਾਲ ਬਹੁਤ ਔਖਾ ਸਮਾਂ ਬਿਤਾਇਆ ਸੀ। ਇੱਥੋਂ ਤੱਕ ਕਿ ਉਨ੍ਹਾਂ ਨੇ ਇਸ ਬਾਰੇ ਗਾਣੇ ਵੀ ਬਣਾ ਲਏ ਸਨ, ਜੋ ਕਿ ਉਹ ਸਵੇਰ ਤੋਂ ਲੈ ਕੇ ਰਾਤ ਤੱਕ ਇਸ ਵੱਡੀ ਇਮਾਰਤ ਵਿੱਚ ਸੁਣਦਾ ਸੀ।

ਔਰਲੇ ਬਹੁਤ ਨਰਾਜ਼ ਸੀ ਅਤੇ ਉਸ ਨੇ ਰੋਹਬ ਨਾਲ ਆਪਣੀ ਪਤਨੀ ਨੂੰ ਉਸ ਲਈ ਇਕ ਨਵੀਂ ਚੰਗੀ ਸਿਲਕੀ, ਵੀਹ ਫਰੈਂਕ ਵਾਲੀ ਛੱਤਰੀ ਖ਼ਰੀਦਣ ਅਤੇ ਬਿਲ ਨਾਲ ਲਿਆਉਣ ਲਈ ਕਿਹਾ ਤਾਂ ਜੋ ਉਹ ਇਹ ਵੇਖ ਸਕੇ ਕਿ ਇਹ ਠੀਕ ਸੀ।

ਉਹ ਉਸ ਲਈ ਇਕ ਅਠਾਰਾਂ ਫਰੈਂਕ ਦੀ ਛਤਰੀ ਖ਼ਰੀਦ ਕੇ ਲੈ ਆਈ ਅਤੇ ਪਤੀ ਨੂੰ ਗ਼ੁੱਸੇ ਨਾਲ ਫੜਾਉਂਦਿਆਂ ਲਾਲ ਹੁੰਦੀ ਹੋਈ ਬੋਲੀ :

"ਇਹ ਤੇਰੇ ਕੋਲ ਘੱਟੋ ਘੱਟ ਪੰਜ ਸਾਲ ਚੱਲੇਗੀ।'

ਔਰਲੇ ਨੇ ਕਾਫੀ ਗੌਰਵ ਮਹਿਸੂਸ ਕੀਤਾ, ਅਤੇ ਇਸ ਪ੍ਰਾਪਤੀ ਨਾਲ ਉਸ ਦੀ ਦਫ਼ਤਰ ਵਿੱਚ ਥੋੜ੍ਹੀ ਬਹੁਤ ਵਾਹਵਾ ਹੋਈ। ਸ਼ਾਮ ਨੂੰ ਜਦੋਂ ਉਹ ਘਰ ਗਿਆ ਤਾਂ ਉਸ ਦੀ ਪਤਨੀ ਨੇ ਛਤਰੀ ਵੱਲ ਬੇਅਰਾਮੀ ਨਾਲ ਵੇਖਦੇ ਹੋਏ ਉਸ ਨੂੰ ਕਿਹਾ :

"ਤੁਹਾਨੂੰ ਇਸ ਨੂੰ ਇਲਾਸਟਿਕ ਨਾਲ ਬੱਝੇ ਨਹੀਂ ਰੱਖਣਾ ਚਾਹੀਦਾ। ਤੁਹਾਨੂੰ ਇਸ ਦਾ ਖ਼ਿਆਲ ਕਰਨਾ ਚਾਹੀਦਾ ਹੈ, ਕਿਉਂਕਿ ਮੈਂ ਹੁਣ ਤੁਹਾਨੂੰ ਛੇਤੀ ਛੇਤੀ ਨਵੀਂ ਨਹੀਂ ਖ਼ਰੀਦ ਕੇ ਦੇਵਾਂਗੀ।

ਉਸ ਨੇ ਉਹ ਲੈ ਕੇ ਖੋਲ੍ਹੀ ਅਤੇ ਹੈਰਾਨੀ ਅਤੇ ਗ਼ੁੱਸੇ ਨਾਲ ਹੱਕੀ ਬੱਕੀ ਰਹਿ ਗਈ। ਸਿਲਕ ਦੇ ਵਿਚਕਾਰ ਛੇ-ਪੈਨਸ ਦੇ ਸਿੱਕੇ ਜਿੰਨੀ ਵੱਡੀ ਮੋਰੀ ਸੀ, ਜਿਵੇਂ ਕਿ ਇਹ ਸ਼ਿੰਗਾਰ ਦੇ ਸਿਰੇ ਨਾਲ ਬਣਾਈ ਗਈ ਹੋਵੇ।

"ਇਹ ਕੀ ਹੈ" ਉਹ ਚਿਲਾਈ।

ਉਸ ਦੇ ਪਤੀ ਨੇ ਹੌਲ਼ੀ ਜਿਹੀ ਬਿਨਾਂ ਇਸ ਵੱਲ ਵੇਖੇ ਉੱਤਰ ਦਿੱਤਾ।

"ਇਹ ਕੀ ਹੈ? ਤੇਰਾ ਕੀ ਮਤਲਬ ਹੈ?"

ਗ਼ੁੱਸੇ ਨਾਲ ਉਸ ਦਾ ਗਲ਼ਾ ਘੁੱਟ ਰਿਹਾ ਸੀ ਅਤੇ ਉਹ ਇਕ ਸ਼ਬਦ ਵੀ ਨਾ ਬੋਲ ਸਕੀ।

"ਤੂੰ-ਤੂੰ-ਜਲ਼ਾ ਦਿੱਤੀ- ਆਪਣੀ ਛੱਤਰੀ। ਕਿਉਂ—ਤੂੰ ਜ਼ਰੂਰ ਪਾਗ਼ਲ ਹੋਵੇਗਾ। ਕੀ ਤੂੰ ਸਾਨੂੰ ਬਿਲਕੁਲ ਬਰਬਾਦ ਕਰਨਾ ਚਾਹੁੰਦਾ ਹੈ?"

ਉਹ ਜਲਦੀ ਨਾਲ ਪਿੱਛੇ ਮੁੜਿਆ ਜਿਵੇਂ ਕਿ ਉਹ ਡਰ ਗਿਆ ਹੋਵੇ।

" ਤੁਸੀਂ ਕੀ ਗੱਲਾਂ ਕਰ ਰਹੇ ਹੋ?”

ਜ਼ਰਾ ਇੱਧਰ ਵੇਖੋ।"

ਮੈਂ ਕਹਿੰਦੀ ਹਾਂ ਕਿ ਤੂੰ ਆਪਣੀ ਛੱਤਰੀ ਜਲ਼ਾ ਦਿੱਤੀ ਹੈ।

ਅਤੇ ਉਸ ਵੱਲ ਇਵੇਂ ਵੱਧ ਕੇ ਜਿਵੇਂ ਕਿ ਉਸ ਨੂੰ ਮਾਰਨ ਜਾ ਰਹੀ ਸੀ ਉਸ ਨੇ ਬੜੇ ਗ਼ੁੱਸੇ ਨਾਲ ਛੋਟੀ ਜਿਹੀ ਗੋਲ ਜਲ਼ਾਈ ਹੋਈ ਮੋਰੀ ਨੂੰ ਉਸ ਦੇ ਨੱਕ ਹੇਠਾਂ ਧਮਾ ਦਿੱਤਾ।

ਉਹ ਇਹ ਦੇਖ ਦੇ ਇੰਨਾ ਹੱਕਾ ਬੱਕਾ ਹੋ ਗਿਆ ਸੀ ਕਿ ਉਹ ਕੇਵਲ ਥਥਲਾ ਗਿਆ।

"ਕੀ—ਇਹ ਕੀ ਹੈ? ਮੈਂ ਕਿਵੇਂ ਜਾਣ ਸਕਦਾ ਹਾਂ?"

ਮੈਂ ਕੁਝ ਨਹੀਂ ਕੀਤਾ ਹੈ, ਮੈਂ ਸੌਂਹ ਖਾਂਦਾ ਹਾਂ।

ਮੈਨੂੰ ਪਤਾ ਨਹੀਂ ਛਤਰੀ ਨੂੰ ਕੀ ਹੋਇਆ ਹੈ।"

"ਤੂੰ ਦਫ਼ਤਰ ਵਿੱਚ ਇਸ ਨਾਲ ਖੇਡਾਂ ਕਰਦਾ ਰਿਹਾ ਹੈਂ; ਤੂੰ ਪਾਗ਼ਲਾਂ ਵਾਂਗ ਖੇਡਦਾ ਰਿਹਾ ਹੈਂ ਤੇ ਇਸ ਨੂੰ ਵਿਖਾਉਣ ਵਾਸਤੇ ਖੋਲ੍ਹਦਾ ਰਿਹਾ ਹੈਂ।" ਉਹ ਚਿਲਾਈ।

"ਮੈਂ ਇਸ ਨੂੰ ਕੇਵਲ ਇਕ ਵਾਰੀ, ਉਨ੍ਹਾਂ ਸਭ ਨੂੰ ਵਿਖਾਉਣ ਵਾਸਤੇ ਕਿ ਇਹ ਕਿੰਨੀ ਸੁੰਦਰ ਹੈ, ਖੋਲ੍ਹਿਆ ਸੀ, ਬੱਸ ਮੈਂ ਠੀਕ ਦੱਸਦਾ ਹਾਂ।'

ਪ੍ਰੰਤੂ ਉਸ ਨੇ ਗ਼ੁੱਸੇ ਨਾਲ ਸਿਰ ਫੇਰਿਆ, ਅਤੇ ਵਿਆਹੁਤਾ ਜੀਵਨ ਦਾ ਇਕ ਉਹੋ ਜਿਹਾ ਦ੍ਰਿਸ਼ ਪੈਦਾ ਕਰ ਦਿੱਤਾ ਜੋ ਕਿ ਇਕ ਅਮਨ ਪਸੰਦ ਆਦਮੀ ਦੇ ਦਿਲ ਵਿੱਚ, ਮੈਦਾਨੇ-ਜੰਗ ਜਿੱਥੇ ਕਿ ਗੋਲ਼ੀਆਂ ਵਰ੍ਹ ਰਹੀਆਂ ਹੋਣ, ਨਾਲੋਂ ਵੀ ਘਰ ਵਿੱਚ ਹੀ ਵਧੇਰੇ ਡਰ ਪੈਦਾ ਕਰ ਦਿੰਦਾ ਹੈ।"

ਉਸ ਨੇ ਇਸ ਦੀ ਪੁਰਾਣੀ ਛੱਤਰੀ ਵਿੱਚੋਂ ਕੱਟੇ ਸਿਲਕ ਦੇ ਇਕ ਟੁਕੜੇ ਨਾਲ ਮੁਰੰਮਤ ਕੀਤੀ, ਜੋ ਕਿ ਵੱਖਰੇ ਰੰਗ ਦਾ ਸੀ ਅਤੇ ਅਗਲੇ ਦਿਨ ਔਰਲੇ ਬੜਾ ਨਿਮਾਣਾ ਹੋ ਕੇ ਮੁਰੰਮਤ ਕੀਤੀ ਛੱਤਰੀ ਆਪਣੇ ਹੱਥ ਵਿੱਚ ਫੜ ਕੇ ਦਫ਼ਤਰ ਗਿਆ। ਉਸ ਨੇ ਇਸ ਨੂੰ ਅਲਮਾਰੀ ਵਿੱਚ ਰੱਖ ਦਿੱਤਾ ਅਤੇ ਇਸ ਬਾਰੇ ਕਿਸੇ ਬੇਸੁਆਦੀ ਯਾਦ ਤੋਂ ਵੱਧ ਨਾ ਸੋਚਿਆ।

ਪ੍ਰੰਤੂ ਉਹ ਉਸ ਸ਼ਾਮ ਘਰ ਪਹੁੰਚਿਆ ਹੀ ਸੀ ਕਿ ਉਸ ਦੀ ਪਤਨੀ ਨੇ ਛੱਤਰੀ ਉਸ ਤੋਂ ਲੈ ਲਈ, ਇਸ ਨੂੰ ਖੋਲ੍ਹਿਆ, ਅਤੇ ਜਦੋਂ ਉਸ ਨੇ ਛਤਰੀ ਨੂੰ ਵੇਖਿਆ ਤਾਂ ਉਹ ਲਗਭਗ ਬੇਹੋਸ਼ ਜਿਹੀ ਹੋ ਗਈ ਕਿਉਂਕਿ ਨੁਕਸਾਨ, ਹੁਣ, ਮੁਰੰਮਤ ਹੋਣ ਦੇ ਯੋਗ ਨਹੀਂ ਸੀ। ਇਹ ਛੋਟੀਆਂ ਮੋਰੀਆਂ ਨਾਲ ਭਰੀ ਹੋਈ ਸੀ ਜੋ ਕਿ ਸੜਨ ਕਰਕੇ ਹੀ ਹੋਈਆਂ ਸਨ, ਇਵੇਂ ਲੱਗਦਾ ਸੀ ਜਿਵੇਂ ਕਿਸੇ ਨੇ ਸੁਲਘਦੀ ਪਾਈਪ ਵਿੱਚੋਂ ਇਸ ਉੱਪਰ ਸੁਆਹ ਸੁੱਟ ਦਿੱਤੀ ਹੋਵੇ। ਇਹ ਬਿਲਕੁਲ ਮੁਰੰਮਤ ਹੋਣ ਯੋਗ ਨਹੀਂ ਰਹੀ ਸੀ।

ਉਹ ਇਸ ਨੂੰ ਬਿਨਾਂ ਇਕ ਵੀ ਸ਼ਬਦ ਕਹੇ ਵੇਖਦੀ ਰਹੀ, ਇੰਨੇ ਵਧੇਰੇ ਗ਼ੁੱਸੇ ਨਾਲ ਕਿ ਉਹ ਕੁਝ ਕਹਿਣ ਤੋਂ ਅਸਮਰੱਥ ਸੀ। ਜਦੋਂ ਉਸ ਨੇ ਨੁਕਸਾਨ ਵੇਖਿਆ ਉਹ ਆਪ ਵੀ, ਡਰਾਉਣੀ ਘਬਰਾਹਟ ਵਾਲੀ ਹਾਲਤ ਵਿੱਚ ਬਿਲਕੁਲ ਚੁੱਪ ਹੋ ਕੇ ਰਹਿ ਗਿਆ।

ਉਨ੍ਹਾਂ ਨੇ ਇਕ ਦੂਜੇ ਵੱਲ ਵੇਖਿਆ; ਫੇਰ ਉਸ ਨੇ ਫ਼ਰਸ਼ ਉੱਪਰ ਵੇਖਿਆ। ਅਗਲੇ ਪਲ਼ ਹੀ ਉਸ ਨੇ ਬੇਕਾਰ ਛਤਰੀ, ਬੜੇ ਗ਼ੁੱਸੇ ਨਾਲ ਚਿਲਾਉਂਦੇ ਹੋਏ, ਕਿਉਂਕਿ ਹੁਣ ਉਸ ਦੀ ਅਵਾਜ਼ ਠੀਕ ਹੋ ਗਈ ਸੀ, ਉਸ ਉੱਪਰ ਵਗਾਹ ਸੁੱਟੀ:

"ਉਹ | ਜ਼ਾਲਮ ! ਜ਼ਾਲਮ। ਤੂੰ ਇਹ ਜਾਣ ਬੁਝ ਕੇ ਕੀਤਾ ਹੈ, ਪ੍ਰੰਤੂ ਮੈਂ ਤੈਨੂੰ ਇਸ ਦਾ ਮਜ਼ਾ ਚਖਾਵਾਂਗੀ। ਤੈਨੂੰ ਹੋਰ ਛਤਰੀ ਨਹੀਂ ਮਿਲੇਗੀ।

ਫੇਰ ਦ੍ਰਿਸ਼ ਦੁਬਾਰਾ ਸ਼ੁਰੂ ਹੋ ਗਿਆ। ਜਦੋਂ ਕਿ ਝਗੜਾ ਹੁੰਦਿਆਂ ਇਕ ਘੰਟਾ ਬੀਤ ਚੁੱਕਿਆ ਸੀ ਤਾਂ ਉਹ, ਘੱਟੋ ਘੱਟ ਆਪਣੇ ਆਪ ਨੂੰ ਸਮਝਾਉਣ ਦੇ ਕਾਬਲ ਹੋਇਆ। ਉਸ ਨੇ ਦੱਸਿਆ ਕਿ ਉਹ ਇਸ ਨੂੰ ਬਿਲਕੁਲ ਨਹੀਂ ਸਮਝਿਆ ਅਤੇ ਕਿ ਇਹ ਕਿਸੇ ਈਰਖਾ ਜਾਂ ਬਦਲੇ ਦੀ ਭਾਵਨਾ ਕਰਕੇ ਹੋਇਆ ਸੀ।

ਘੰਟੀ ਦੀ ਇਕ ਖੜਕਾਰ ਨੇ ਉਸ ਨੂੰ ਬਚਾਇਆ : ਇਹ ਇਕ ਮਿੱਤਰ ਸੀ ਜਿਸ ਦਾ ਉਹ ਸ਼ਾਮ ਦੇ ਖਾਣੇ ਤੋਂ ਇੰਤਜ਼ਾਰ ਕਰ ਰਹੇ ਸਨ।

ਸ੍ਰੀਮਤੀ ਔਰਲੇ ਨੇ ਕੇਸ ਉਸ ਨੂੰ ਪੇਸ਼ ਕੀਤਾ। ਨਵੀਂ ਛਤਰੀ ਖ਼ਰੀਦਣ ਦੀ ਗੱਲ ਤਾਂ ਬਿਲਕੁਲ ਅਸੰਭਵ ਸੀ, ਉਸ ਦੇ ਪਤੀ ਨੂੰ ਦੂਜੀ ਨਹੀਂ ਲੈਣੀ ਚਾਹੀਦੀ। ਮਿੱਤਰ ਨੇ ਬੜੀ ਅਕਲਮੰਦੀ ਨਾਲ ਕਿਹਾ ਕਿ ਉਸ ਹਾਲਤ ਵਿੱਚ ਉਸ ਦੇ ਕੱਪੜੇ ਖ਼ਰਾਬ ਹੋਣਗੇ, ਅਤੇ ਉਹ ਨਿਰਸੰਦੇਹ, ਛੱਤਰੀ ਤੋਂ ਵਧੇਰੇ ਕੀਮਤੀ ਸਨ। ਪ੍ਰੰਤੂ ਛੋਟੇ ਕੱਦ ਦੀ ਇਸਤਰੀ ਨੇ, ਜੋ ਅਜੇ ਵੀ ਗ਼ੁੱਸੇ ਵਿੱਚ ਸੀ, ਨੇ ਉੱਤਰ ਦਿੱਤਾ।

'ਠੀਕ ਹੈ, ਫੇਰ, ਜਦੋਂ ਬਾਰਸ਼ ਹੋਵੇ ਉਹ ਰਸੋਈ ਖਾਨੇ ਦੀ ਛਤਰੀ ਲੈ ਸਕਦਾ ਹੈ, ਕਿਉਂਕਿ ਮੈਂ ਉਸ ਨੂੰ ਸਿਲਕ ਦੀ ਨਵੀਂ ਛਤਰੀ ਨਹੀਂ ਲੈ ਕੇ ਦੇਵਾਂਗੀ।"

ਔਰਲੇ ਨੇ ਇਸ ਗੱਲ ਦਾ ਪੁਰਜ਼ੋਰ ਵਿਰੋਧ ਕੀਤਾ।

"ਠੀਕ ਹੈ" ਉਸ ਨੇ ਕਿਹਾ ; "ਫੇਰ ਮੈਂ ਨੌਕਰੀ ਤੋਂ ਅਸਤੀਫ਼ਾ ਦੇ ਦੇਵਾਂਗਾ। ਮੈਂ ਦਫ਼ਤਰ ਰਸੋਈ-ਖਾਨੇ ਦੀ ਛਤਰੀ ਲੈ ਕੇ ਨਹੀਂ ਜਾਵਾਂਗਾ।"

ਮਿੱਤਰ ਨੇ ਗੱਲ ਟੁੱਕੀ :

"ਇਸ ਨੂੰ ਠੀਕ ਕਰਾ ਲਓ ; ਇਸ ਉੱਪਰ ਵਧੇਰੇ ਖ਼ਰਚ ਨਹੀਂ ਆਵੇਗਾ।"

ਪ੍ਰੰਤੂ ਸ੍ਰੀਮਤੀ ਔਰਲੇ, ਗ਼ੁੱਸੇ ਵਿੱਚ ਹੋਣ ਕਰਕੇ, ਬੋਲੀ:

"ਇਸ ਨੂੰ ਠੀਕ ਕਰਾਉਣ 'ਤੇ ਘੱਟੋ ਘੱਟ ਅੱਠ ਫਰੈਂਕ ਖ਼ਰਚ ਆਉਣਗੇ ! ਅੱਠ ਤੇ ਅਠਾਰਾਂ ਛੱਬੀ ਬਣਦੇ ਹਨ। ਜ਼ਰਾ ਸੋਚੋ-ਛਤਰੀ ਵਾਸਤੇ ਛੱਬੀ ਫਰੈਂਕ, ਇਹ ਬਿਲਕੁਲ ਪਾਗ਼ਲਪਣ ਹੈ।"

ਮਿੱਤਰ ਨੂੰ ਜੋ ਕਿ ਮੱਧ-ਵਰਗ ਦਾ ਗ਼ਰੀਬ ਆਦਮੀ ਸੀ, ਫੁਰਨਾ ਫੁਰਿਆ :

"ਆਪਣੀ ਅੱਗ ਦੀ ਇੰਨਸੋਰੈਂਸ ਕੰਪਨੀ ਨੂੰ ਇਸ ਦੀ ਕੀਮਤ ਭਰਨ ਲਈ ਕਹੋ। ਕੰਪਨੀਆਂ ਸਾਰੀਆਂ ਚੀਜ਼ਾਂ ਦੀ ਜੋ ਘਰ ਵਿੱਚ ਸੜਦੀਆਂ ਹਨ, ਕੀਮਤ ਭਰਦੀਆਂ ਹਨ।"

ਇਹ ਸੁਣ ਕੇ ਛੋਟੇ ਕੱਦ ਦੀ ਇਸਤਰੀ ਝੱਟ ਸ਼ਾਂਤ ਹੋ ਗਈ, ਅਤੇ ਫੇਰ ਕੁਝ ਪਲ਼ ਸੋਚਣ ਪਿੱਛੋਂ, ਉਸ ਨੇ ਆਪਣੇ ਪਤੀ ਨੂੰ ਕਿਹਾ :

"ਕੱਲ੍ਹ ਦਫ਼ਤਰ ਜਾਣ ਤੋਂ ਪਹਿਲਾਂ ਤੂੰ ਮੈਟਰਨੀ ਇੰਨਸੋਰੈਂਸ ਕੰਪਨੀ ਜਾਵੀਂ, ਉਨ੍ਹਾਂ ਨੂੰ ਛਤਰੀ ਦੀ ਹਾਲਤ ਵਿਖਾਵੀਂ ਅਤੇ ਨੁਕਸਾਨ ਭਰਨ ਲਈ ਕਹੀ।"

ਸ੍ਰੀ ਔਰਲੇ ਜ਼ੋਰ ਨਾਲ ਕੁੱਦਿਆ, ਉਹ ਇਸ ਤਜਵੀਜ਼ 'ਤੇ ਤ੍ਰਭਕ ਉੱਠਿਆ।

"ਮੈਂ ਜੀਵਨ ਭਰ ਇਹ ਨਹੀਂ ਕਰਾਂਗਾ। ਇਹ ਨੁਕਸਾਨ ਕੇਵਲ ਅਠਾਰਾਂ ਫਰੈਂਕ ਦਾ ਹੈ ਬੱਸ। ਅਸੀਂ ਇਸ ਨਾਲ ਬਰਬਾਦ ਨਹੀਂ ਹੋ ਜਾਵਾਂਗੇ।"

ਅਗਲੀ ਸਵੇਰ ਜਦੋਂ ਉਹ ਗਿਆ ਉਸ ਨੇ ਸੈਰ ਦੀ ਛਿਟੀ (ਛੜੀ) ਲੈ ਲਈ, ਕਿਉਂਕਿ, ਚੰਗੇ ਭਾਗੀ ਮੌਸਮ ਸਾਫ਼ ਸੀ।

ਘਰ ਵਿੱਚ ਇਕੱਲੀ ਰਹਿ ਜਾਣ ’ਤੇ ਸ੍ਰੀਮਤੀ ਔਰਲੇ ਅਠਾਰਾਂ ਫਰੈਂਕ ਦੇ ਨੁਕਸਾਨ ਨੂੰ ਕਿਸੇ ਤਰੀਕੇ ਵੀ ਭੁੱਲ ਨਾ ਸਕੀ। ਉਸ ਨੇ ਛਤਰੀ ਖਾਣ ਕਮਰੇ ਵਿਚਲੀ ਮੇਜ਼ ’ਤੇ ਰੱਖੀ ਸੀ, ਅਤੇ ਉਹ ਬਿਨਾਂ ਕਿਸੇ ਫ਼ੈਸਲੇ ’ਤੇ ਪੁੱਜਿਆਂ ਇਸ ਵੱਲ ਵੇਖ ਰਹੀ ਸੀ।

ਹਰ ਪਲ਼ ਉਹ ਇੰਨਸੋਰੈਂਸ ਕੰਪਨੀ ਬਾਰੇ ਸੋਚ ਰਹੀ ਸੀ, ਪ੍ਰੰਤੂ ਉਸ ਨੂੰ ਉਨ੍ਹਾਂ ਆਦਮੀਆਂ ਦੀਆਂ ਵਚਿੱਤਰ ਅੱਖਾਂ ਦਾ ਸਾਹਮਣਾ ਕਰਨ ਦਾ ਹੌਂਸਲਾ ਨਹੀਂ ਪੈਂਦਾ ਸੀ ਜੋ ਉਸ ਦਾ ਸੁਆਗਤ ਕਰਨਗੀਆਂ ਕਿਉਂਕਿ ਉਹ ਲੋਕਾਂ ਸਾਹਮਣੇ ਬਹੁਤ ਡਰਪੋਕ ਸੀ, ਅਤੇ ਬਿਲਕੁਲ ਛੋਟੀ ਜਿਹੀ ਗੱਲ ਤੋਂ ਲਾਲ ਹੋ ਜਾਂਦੀ ਸੀ, ਜਦੋਂ ਉਸ ਨੂੰ ਅਣਪਛਾਤੇ ਲੋਕਾਂ ਨਾਲ ਗੱਲ ਕਰਨੀ ਪੈਂਦੀ ਤਾਂ ਉਹ ਉਲਝਣ ਮਹਿਸੂਸ ਕਰਦੀ।

ਪ੍ਰੰਤੂ ਅਠਾਰਾਂ ਫਰੈਂਕ ਦੇ ਨੁਕਸਾਨ ਦੇ ਪਛਤਾਵੇ ਨੇ ਉਸ ਨੂੰ ਇਵੇਂ ਪੀੜਤ ਕੀਤਾ ਸੀ ਜਿਵੇਂ ਕਿ ਉਹ ਜ਼ਖ਼ਮੀ ਹੋ ਗਈ ਹੋਵੇ। ਉਸ ਨੇ ਇਸ ਬਾਰੇ ਨਾ ਸੋਚਣ ਦੀ ਕੋਸ਼ਿਸ਼ ਕੀਤੀ, ਅਤੇ ਅਜੇ ਤੱਕ ਹਰ ਪਲ਼ ਨੁਕਸਾਨ ਦੀ ਯਾਦ ਉਸ ਨੂੰ ਦੁਖ ਦੇ ਰਹੀ ਸੀ। ਫੇਰ ਵੀ ਉਸ ਨੂੰ ਕੀ ਕਰਨਾ ਚਾਹੀਦਾ ਸੀ। ਸਮਾਂ ਗੁਜ਼ਰਦਾ ਗਿਆ ਅਤੇ ਉਹ ਫ਼ੈਸਲਾ ਨਾ ਕਰ ਸਕੀ, ਪ੍ਰੰਤੂ ਅਚਾਨਕ ਹੋਰ ਡਰਪੋਕਾਂ ਵਾਂਗ, ਉਸ ਨੇ ਫ਼ੈਸਲਾ ਕੀਤਾ।

"ਮੈਂ ਜਾਵਾਂਗੀ, ਅਤੇ ਅਸੀਂ ਵੇਖਾਂਗੇ ਕੀ ਹੋਵੇਗਾ।"

ਪ੍ਰੰਤੂ ਸਭ ਤੋਂ ਪਹਿਲਾਂ ਉਸ ਨੇ ਛਤਰੀ ਦੀ ਤਿਆਰੀ ਕਰਨੀ ਸੀ ਤਾਂ ਜੋ ਨੁਕਸਾਨ ਪੂਰਾ ਹੋ ਜਾਵੇ, ਅਤੇ ਕਾਰਨ ਪ੍ਰਤੱਖ ਸੀ। ਉਸ ਨੇ ਕਾਣਸ ਤੋਂ ਮਾਚਸ ਚੁੱਕੀ, ਅਤੇ ਛਤਰੀ ਦੀਆਂ ਤਾਰਾਂ ਵਿਚਲੇ ਕੱਪੜੇ ਨੂੰ ਜਲਾ ਕੇ ਆਪਣੀ ਹਥੇਲੀ ਜਿੰਨੀ ਵੱਡੀ ਮੋਰੀ ਕਰ ਲਈ। ਫੇਰ ਉਸ ਨੇ ਇਸ ਨੂੰ ਬੜੇ ਧਿਆਨ ਨਾਲ ਪੂਰੀ ਤਰ੍ਹਾਂ ਠੱਪ ਲਿਆ, ਇਸ ਨੂੰ ਇਲਾਸਟਿਕ ਦੇ ਫੀਤੇ ਨਾਲ ਬੰਨ੍ਹ ਲਿਆ। ਆਪਣੀ ਟੋਪੀ ਅਤੇ ਸ਼ਾਲ ਪਹਿਨ ਲਈ, ਅਤੇ ਛੇਤੀ ਹੀ ਰਿਊ ਡੀ ਰਿਵੋਲੀ ਚਲੀ ਗਈ ਜਿੱਥੇ ਇੰਨਸੋਰੈਂਸ ਦਾ ਦਫ਼ਤਰ ਸੀ।

ਪ੍ਰੰਤੂ ਜਿਉਂ ਜਿਉਂ ਨੇੜੇ ਗਈ ਉਹ ਹੌਲੀ ਹੌਲੀ ਤੁਰਨ ਲੱਗੀ। ਉਹ ਕੀ ਕਹੇਗੀ ਅਤੇ ਉਸ ਨੂੰ ਕੀ ਉੱਤਰ ਮਿਲੇਗਾ?

ਉਸ ਨੇ ਘਰਾਂ ਦੇ ਨੰਬਰਾਂ ਵੱਲ ਵੇਖਿਆ, ਅਜੇ ਅਠਾਈ ਹੀ ਹੋਏ ਸਨ। ਇਹ ਠੀਕ ਹੈ, ਉਸ ਕੱਲ੍ਹ ਸੋਚਣ ਲਈ ਸਮਾਂ ਸੀ, ਅਤੇ ਉਹ ਹੌਲੀ ਹੌਲੀ ਟੁਰਨ ਲੱਗੀ। ਅਚਾਨਕ ਉਸ ਨੇ ਇਕ ਦਰਵਾਜ਼ੇ ’ਤੇ ਲੱਗੀ ਇਕ ਵੱਡੀ ਪਿੱਤਲ ਦੀ ਪਲੇਟ ਵੇਖੀ ਜਿਸ ਉਪਰ "ਲਾ ਮੈਟਰਨਲੀ, ਇਨਸੋਰੈਸ਼ ਦਫ਼ਤਰ" ਉੱਕਰਿਆ ਹੋਇਆ ਸੀ। ਪਹਿਲਾਂ ਹੀ, ਉਸ ਨੇ ਪਲ਼ ਕੁ ਇੰਤਜ਼ਾਰ ਕੀਤਾ, ਕਿਉਂਕਿ ਉਹ ਘਬਰਾਹਟ ਅਤੇ ਸ਼ਰਮਿੰਦਗੀ ਮਹਿਸੂਸ ਕਰ ਰਹੀ ਸੀ, ਫੇਰ ਅੱਗੇ ਲੰਘ ਗਈ, ਵਾਪਸ  ਗਈ, ਫੇਰ ਅੱਗੇ ਲੰਘ ਗਈ ਅਤੇ ਫੇਰ ਦੁਬਾਰਾ ਵਾਪਸ ਆ ਗਈ।

ਅੰਤ ਵਿੱਚ ਉਸ ਨੇ ਆਪਣੇ ਆਪ ਨੂੰ ਕਿਹਾ :

ਫੇਰ ਵੀ ਮੈਨੂੰ ਅੰਦਰ ਜ਼ਰੂਰ ਜਾਣਾ ਚਾਹੀਦਾ ਹੈ, ਮੈਨੂੰ ਹੁਣੇ ਹੀ ਜਾਣਾ ਚਾਹੀਦਾ ਹੈ ਪਿੱਛੋਂ ਵੀ ਤਾਂ ਜਾਵਾਂਗੀ।"

ਫੇਰ ਵੀ ਉਸ ਨੇ ਮਹਿਸੂਸ ਕੀਤਾ ਕਿ ਅੰਦਰ ਜਾਣ ਵੇਲੇ ਉਸ ਦਾ ਦਿਲ ਕਿਵੇਂ ਧੜਕਿਆ ਸੀ। ਉਹ ਇਕ ਵੱਡੇ ਕਮਰੇ ਵਿੱਚ ਗਈ ਜਿਸ ਦੇ ਸਾਰੇ ਪਾਸੇ ਸੀਖਾਂ ਵਾਲੀਆਂ ਖਿੜਕੀਆਂ ਸਨ ਜਿਨ੍ਹਾਂ ਵਿੱਚੋਂ ਹਰ ਇਕ ਦੇ ਪਿੱਛੇ ਇਕ ਇਕ ਆਦਮੀ ਸੀ, ਅਤੇ ਜਿਉਂ ਹੀ ਇਕ ਭੱਦਰ ਪੁਰਸ਼ ਕੁਝ ਕਾਗ਼ਜ਼ ਚੁੱਕੀ ਉਸ ਕੋਲੋਂ ਲੰਘਿਆ, ਉਸ ਨੇ ਉਸ ਨੂੰ ਖੜ੍ਹਾਇਆ ਅਤੇ ਡਰਦੇ ਹੋਏ ਕਿਹਾ :-

“ਮਾਫ਼ ਕਰਨਾ, ਸ੍ਰੀਮਾਨ ਜੀ, ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਮੈਨੂੰ ਦੁਰਘਟਨਾ ਨਾਲ ਜਲ਼ੀ ਕਿਸੇ ਚੀਜ਼ ਦੀ ਅਦਾਇਗੀ ਵਾਸਤੇ ਕਿੱਥੇ ਬਿਨੈਪੱਤਰ ਦੇਣਾ ਚਾਹੀਦਾ ਹੈ?"

ਉਸ ਨੇ ਗੂੰਜਵੀ ਆਵਾਜ਼ ਵਿੱਚ ਉੱਤਰ ਦਿੱਤਾ :

"ਖੱਬੇ ਪਾਸੇ ਪਹਿਲਾ ਦਰਵਾਜ਼ਾ, ਉਹ ਵਿਭਾਗ ਹੈ ਜੋ ਤੁਸੀਂ ਚਾਹੁੰਦੇ ਹੋ।"

ਇਸ ਨੇ ਉਸ ਨੂੰ ਹੋਰ ਡਰਾ ਦਿੱਤਾ, ਅਤੇ ਉਸ ਦਾ ਨੱਠ ਜਾਣ ਨੂੰ, ਕੋਈ ਕਲੇਮ ਨਾ ਲੈਣ ਨੂੰ ਅਤੇ ਆਪਣੇ ਅਠਾਰਾਂ ਫਰੈਂਕ ਦਾ ਨੁਕਸਾਨ ਸਹਿਣ ਲਈ ਦਿਲ ਕੀਤਾ। ਪ੍ਰੰਤੂ ਉਸ ਰਕਮ ਦੇ ਖ਼ਿਆਲ ਨੇ ਉਸ ਦਾ ਹੌਸਲਾ ਤਾਜ਼ਾ ਕਰ ਦਿੱਤਾ, ਅਤੇ ਉਹ

ਸਾਹੋ ਸਾਹ ਹੋਈ, ਹਰ ਪੌੜੀ ’ਤੇ ਖੜ੍ਹੀ ਹੁੰਦੀ ਹੋਈ, ਉੱਪਰ ਚੜ੍ਹ ਗਈ।

ਉਸ ਨੇ ਉਸ ਦਰਵਾਜ਼ੇ ਨੂੰ ਖਟਖਟਾਇਆ ਜੋ ਉਸ ਨੇ ਪਹਿਲੀ ਮੰਜ਼ਲ ’ਤੇ ਵੇਖਿਆ, ਅਤੇ ਇਕ ਸਾਫ਼ ਆਵਾਜ਼ ਨੇ ਉੱਤਰ ਵਿੱਚ ਕਿਹਾ :

"ਅੰਦਰ ਆ, ਜਾਓ"

ਉਸ ਨੇ ਕਠਪੁਤਲੀ ਵਾਂਗ ਪਾਲਨਾ ਕੀਤੀ, ਅਤੇ ਆਪਣੇ ਆਪ ਨੂੰ ਇਕ ਵੱਡੇ ਕਮਰੇ ਵਿੱਚ ਪਾਇਆ ਜਿੱਥੇ ਤਿੰਨ ਗੰਭੀਰ ਭੱਦਰ ਪੁਰਸ਼, ਆਪਣੇ ਕਾਜਾਂ ਵਿੱਚ ਫੁੱਲ ਸਜਾਈਂ, ਖੜ੍ਹੇ ਗੱਲਾਂ ਕਰ ਰਹੇ ਸਨ।

ਉਨ੍ਹਾਂ ਵਿੱਚੋਂ ਇਕ ਨੇ ਉਸ ਨੂੰ ਪੁੱਛਿਆ, "ਤੁਸੀਂ ਕੀ ਚਾਹੁੰਦੇ ਹੋ, ਸ੍ਰੀਮਤੀ ਜੀ",

ਉਹ ਆਪਣੇ ਸ਼ਬਦ ਮੁਸ਼ਕਿਲ ਨਾਲ ਮੂੰਹੋਂ ਕੱਢ ਸਕੀ, ਪ੍ਰੰਤੂ ਥਥਲਾਈ : "ਮੈਂ ਆਈ ਹਾਂ— ਮੈਂ ਕਿਸੀ ਦੁਰਘਟਨਾ ਕਰਕੇ ਆਈ ਹਾਂ, ਕੁਝ..."

ਉਸ ਨੇ ਬੜੀ ਨਿਮਰਤਾ ਨਾਲ ਉਸ ਨੂੰ ਇਕ ਸੀਟ ਵੱਲ ਇਸ਼ਾਰਾ ਕੀਤਾ "ਜੇ ਤੁਸੀਂ ਕਿਰਪਾ ਕਰਕੇ ਬੈਠ ਜਾਓ ਮੈਂ ਇਕ ਪਲ਼ ਮਗਰੋਂ ਤੁਹਾਡੇ ਵੱਲ ਧਿਆਨ ਦੇ ਸਕਾਂਗਾ।"

ਅਤੇ, ਦੂਜੇ ਦੋ ਆਦਮੀਆਂ ਵੱਲ ਮੂੰਹ ਮੋੜਦੇ ਹੋਏ, ਉਸ ਨੇ ਗੱਲਬਾਤ ਜਾਰੀ ਰੱਖੀ।

ਭੱਦਰ ਪੁਰਸ਼ੋ, ਕੰਪਨੀ ਦੇ ਵਿਚਾਰ ਅਨੁਸਾਰ ਉਹ ਤੁਹਾਨੂੰ ਚਾਰ ਹਜ਼ਾਰ ਤੋਂ ਵੱਧ ਰਕਮ ਦੇ ਕਲੇਮ ਵੱਲ, ਜੋ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਨੂੰ ਅਦਾ ਕਰੀਏ, ਕੋਈ ਧਿਆਨ ਨਹੀਂ ਦੇਵੇਗੀ। ਇਸ ਤੋਂ ਇਲਾਵਾ ਸਰਵੇਖਕ ਦੁਆਰਾ ਕੀਤਾ ਗਿਆ ਮੁਲਾਂਕਣ......

ਦੂਜਿਆਂ ਵਿੱਚੋਂ ਇਕ ਨੇ ਉਸ ਦੀ ਗੱਲ ਟੁੱਕੀ :

"ਇਹ ਕਾਫੀ ਹੈ, ਸ੍ਰੀਮਾਨ ਜੀ, ਕਾਨੂੰਨ ਦੀ ਅਦਾਲਤ ਸਾਡੇ ਵਿਚਕਾਰ ਫ਼ੈਸਲਾ ਕਰੇਗੀ ਅਤੇ ਸਾਨੂੰ ਤੁਹਾਡੇ ਤੋਂ ਛੁੱਟੀ ਲੈਣ ਤੋਂ ਸਿਵਾ ਹੋਰ ਕੁਝ ਨਹੀਂ ਕਰਨਾ ਹੈ।" ਅਤੇ ਉਹ ਇਕ ਦੂਜੇ ਵੱਲ ਰਸਮੀ ਤਰੀਕੇ ਨਾਲ ਝੁਕ ਕੇ ਬਾਹਰ ਚਲੇ ਗਏ।

ਉਹ! ਕਾਸ਼ ਜੇ ਉਹ ਉਨ੍ਹਾਂ ਨਾਲ ਹੀ ਜਾ ਸਕਦੀ ਤਾਂ ਉਹ ਕਿੰਨੀ ਖ਼ੁਸ਼ੀ ਨਾਲ ਇਵੇਂ

ਕਰਦੀ, ਉਹ ਦੌੜ ਗਈ ਹੁੰਦੀ ਅਤੇ ਸਭ ਕੁਝ ਭੁੱਲ ਜਾਂਦੀ। ਪ੍ਰੰਤੂ ਹੁਣ ਕਾਫੀ ਦੇਰ ਹੋ ਗਈ ਸੀ ਕਿਉਂਕਿ ਭੱਦਰ ਪੁਰਸ਼ ਵਾਪਸ ਆਇਆ, ਅਤੇ ਝੁਕਦੇ ਹੋਏ ਬੋਲਿਆ,

"ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ, ਸ੍ਰੀਮਤੀ ਜੀ?"

ਉਹ ਬੋਲ ਨਾ ਸਕੀ, ਪ੍ਰੰਤੂ ਆਖ਼ਿਰ ਇਹ ਕਹਿਣ ਦੇ ਸਮਰੱਥ ਹੋਈ,

"ਮੈਂ ਇਸ ਲਈ ਆਈ ਹਾਂ?-

ਮੈਨੇਜਰ ਨੇ ਉਸ ਚੀਜ਼ ਵੱਲ ਵੇਖਿਆ ਜੋ ਉਹ ਚੁੱਪ ਚੁਪੀਤੇ ਹੈਰਾਨੀ ਨਾਲ ਉਸ ਵੱਲ ਫੜੀਂ ਖੜ੍ਹੀ ਸੀ। ਕੰਬਦੀਆਂ ਉਂਗਲਾਂ ਨਾਲ ਉਸ ਨੇ ਇਲਾਸਟਿਕ ਖੋਲ੍ਹਣ ਦੀ ਕੋਸਿਸ਼ ਕੀਤੀ, ਅਤੇ ਬਹੁਤ ਕੋਸਿਸ਼ ਮਗਰੋਂ ਸਫ਼ਲ ਹੋਈ ਛੇਤੀ ਛੇਤੀ ਛਤਰੀ ਦੇ ਨੁਕਸਾਨ ਹੋਏ ਬਾਕੀ ਬਚੇ ਹਿੱਸੇ ਨੂੰ ਖੋਲ੍ਹਿਆ।

"ਮੈਨੂੰ ਇਹ ਬਹੁਤ ਮਾੜੀ ਹਾਲਤ ਵਿੱਚ ਵਿਖਾਈ ਦਿੰਦਾ ਹੈ।"

ਉਸ ਨੇ ਬੜੇ ਦਰਦ ਨਾਲ ਕਿਹਾ।

"ਮੈਨੂੰ ਇਹ ਵੀਹ ਫਰੈਂਕ ਦਾ ਪਿਆ ਹੈ," ਉਸ ਨੇ ਕੁਝ ਹਿਚਕਚਾਉਂਦੇ ਹੋਏ ਕਿਹਾ।

ਉਹ ਹੈਰਾਨ ਵਿਖਾਈ ਦਿੰਦਾ ਸੀ।“ਸੱਚ ! ਇੰਨਾ ਜ਼ਿਆਦਾ?"

"ਹਾਂ, ਇਹ ਵੱਡੀ ਵਸਤ ਹੈ ਅਤੇ ਮੈਂ ਤੁਹਾਨੂੰ ਇਸ ਦੀ ਹਾਲਤ ਵਿਖਾਉਣਾ ਚਾਹੁੰਦੀ ਸੀ।"

"ਠੀਕ ਹੈ, ਮੈਂ ਵੇਖਦਾ ਹਾਂ, ਠੀਕ ਹੈ। ਪਰੰਤੂ ਮੈਂ ਸੱਚਮੁਚ ਨਹੀਂ ਸਮਝਦਾ ਕਿ ਇਸ ਦਾ ਮੇਰੇ ਨਾਲ ਕੀ ਸਬੰਧ ਹੈ।"

ਉਹ ਬੇਅਰਾਮੀ ਜਿਹੀ ਮਹਿਸੂਸ ਕਰਨ ਲੱਗੀ; ਸ਼ਾਇਦ ਇਹ ਕੰਪਨੀ ਇਹੋ ਜਿਹੀਆਂ ਛੋਟੀਆਂ ਚੀਜ਼ਾਂ ਦੀ ਅਦਾਇਗੀ ਨਹੀਂ ਕਰਦੀ, ਅਤੇ ਉਸ ਨੇ ਕਿਹਾ :

"ਪ੍ਰੰਤੂ - ਇਹ ਜਲਿਆ ਹੋਇਆ ਹੈ।"

ਉਹ ਇਸ ਤੋਂ ਇਨਕਾਰ ਨਾ ਕਰ ਸਕਿਆ।

"ਮੈਂ ਇਹ ਚੰਗੀ ਤਰ੍ਹਾਂ ਵੇਖ ਰਿਹਾ ਹਾਂ।" ਉਸ ਨੇ ਕਿਹਾ।

ਇਹ ਨਾ ਜਾਣਦੇ ਹੋਏ ਕਿ ਅੱਗੇ ਕੀ ਕਹਿਣਾ ਚਾਹੀਦਾ ਹੈ, ਉਸ ਦਾ ਮੂੰਹ ਖੁੱਲ੍ਹਾ ਹੀ ਰਹਿ ਗਿਆ। ਫੇਰ ਅਚਾਨਕ ਇਹ ਭੁੱਲਦੇ ਹੋਏ ਕਿ ਅਸਲੀ ਗੱਲ ਤਾਂ ਛੱਡ ਹੀ ਗਈ ਹੈ, ਉਸ ਨੇ ਛੇਤੀ ਨਾਲ ਕਿਹਾ,

"ਮੈਂ ਸ੍ਰੀਮਤੀ ਔਰਲੇ ਹਾਂ, ਅਸੀਂ ਲਾ ਮੈਟਰਨਲੇ ਵਿੱਚ ਬੀਮਾ ਕਰਵਾਇਆ ਹੋਇਆ ਹੈ। ਅਤੇ ਮੈਂ ਨੁਕਸਾਨ ਦੀ ਕੀਮਤ ਦਾ ਕਲੇਮ ਕਰਨ ਲਈ ਆਈ ਹਾਂ। ਮੈਂ ਕੇਵਲ ਇਹ ਚਾਹੁੰਦੀ ਹਾਂ ਕਿ ਤੁਸੀਂ ਇਸ ਦੀ ਕੀਮਤ ਭਰੋ," ਉਸ ਨੇ ਪੱਕੇ ਇਨਕਾਰ ਦੇ ਡਰੋਂ ਛੇਤੀ ਨਾਲ ਕਿਹਾ।

ਮੈਨੇਜਰ ਕੁਝ ਤੰਗ ਜਿਹਾ ਸੀ ਅਤੇ ਉਸ ਨੇ ਕਿਹਾ,

"ਪ੍ਰੰਤੂ, ਸੱਚਮੁਚ ਅਸੀਂ ਛਤਰੀਆਂ ਨਹੀਂ ਵੇਚਦੇ, ਅਸੀਂ ਇਹੋ ਜਿਹੀ ਮੁਰੰਮਤ ਕਰਨ ਦੀ ਜ਼ਿੰਮੇਵਾਰੀ ਨਹੀਂ ਲੈ ਸਕਦੇ।"

ਛੋਟੇ ਕੱਦ ਦੀ ਔਰਤ ਨੇ ਆਪਣਾ ਹੌਸਲਾ ਵੱਧਦਾ ਮਹਿਸੂਸ ਕੀਤਾ; ਉਹ ਬਿਨਾਂ, ਟਿਲ ਲਾਏ ਇਸ ਗੱਲ ਨੂੰ ਨਹੀਂ ਛੱਡੇਗੀ; ਉਹ ਹੁਣ ਡਰਦੀ ਵੀ ਨਹੀਂ ਸੀ; ਇਸ ਲਈ ਉਸ ਨੇ ਕਿਹਾ :

"ਮੈਂ ਕੇਵਲ ਇਹੋ ਚਾਹੁੰਦੀ ਹਾਂ ਕਿ ਤੁਸੀਂ ਇਸ ਦੀ ਮੁਰੰਮਤ ਕਰਨ ਦੀ ਕੀਮਤ ਭਰੋ; ਮੈਂ ਆਪ ਇਸ ਦੀ ਮੁਰੰਮਤ ਕਰਵਾ ਲਵਾਂਗੀ।"

ਭੱਦਰ ਪੁਰਸ਼ ਕੁਝ ਬੌਂਦਲਿਆ ਵਿਖਾਈ ਦਿੰਦਾ ਸੀ।

ਸੱਚ ਸ੍ਰੀਮਤੀ ਜੀ, ਇਹ ਇੰਨੀ ਛੋਟੀ ਗੱਲ ਹੈ। ਸਾਨੂੰ ਕਦੇ ਵੀ ਕਿਸੇ ਨੇ ਇਹੋ ਜਿਹੇ ਛੋਟੇ ਨੁਕਸਾਨਾਂ ਦਾ ਮੁਆਵਜ਼ਾ ਦੇਣ ਲਈ ਨਹੀਂ ਕਿਹਾ। ਤੁਹਾਨੂੰ ਇਹ ਛੋਟ ਦੇਣੀ ਚਾਹੀਦੀ ਹੈ ਕਿਉਂਕਿ ਅਸੀਂ ਰੁਮਾਲਾਂ, ਦਸਤਾਨਿਆਂ, ਝਾੜੂਆਂ, ਸਲੀਪਰਾਂ ਆਦਿ ਸਾਰੀਆਂ ਛੋਟੀਆਂ ਚੀਜ਼ਾਂ ਨੂੰ ਜਿਨ੍ਹਾਂ ਦੀ ਹਰ ਰੋਜ਼ ਜਲ਼ਨ ਦੀ ਸੰਭਾਵਨਾ ਰਹਿੰਦੀ ਹੈ, ਭਰ ਨਹੀਂ ਸਕਦੇ।

ਉਹ ਲਾਲ ਹੋ ਗਈ, ਅਤੇ ਉਸ ਨੇ ਗ਼ੁੱਸੇ ਹੋਣਾ ਚਾਹਿਆ।

"ਪ੍ਰੰਤੂ ਸ੍ਰੀਮਾਨ ਜੀ, ਪਿਛਲੇ ਦਸੰਬਰ ਸਾਡੀ ਇਕ ਚਿਮਨੀ ਨੂੰ ਅੱਗ ਲੱਗ ਗਈ ਅਤੇ ਘੱਟੋ ਘੱਟ ਪੰਜ ਸੌ ਫਰੈਂਕ ਦਾ ਨੁਕਸਾਨ ਹੋ ਗਿਆ। ਔਰਲੇ ਨੇ ਕੰਪਨੀ ’ਤੇ ਕੋਈ ਕਲੇਮ ਨਹੀਂ ਕੀਤਾ ਅਤੇ ਇਸ ਲਈ ਕੰਪਨੀ ਨੂੰ ਹੁਣ ਮੇਰੀ ਛੱਤਰੀ ਦੀ ਕੀਮਤ ਭਰਨੀ ਚਾਹੀਦੀ ਹੈ।"

ਮੈਨੇਜਰ ਨੇ ਇਹ ਅੰਦਾਜ਼ਾ ਲਾਉਂਦਿਆਂ ਕਿ ਉਹ ਝੂਠ ਬੋਲ ਰਹੀ ਹੈ ਮੁਸਕਰਾਉਂਦੇ ਹੋਏ ਕਿਹਾ:

ਤੁਸੀਂ ਇਹ ਗੱਲ ਮੰਨੋਗੇ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਸ੍ਰੀਮਤੀ ਜੀ ਮਿਸਟਰ ਔਰਲੇ ਪੰਜ ਸੌ ਫਰੈਂਕ ਦੇ ਨੁਕਸਾਨ ਦਾ ਕਲੇਮ ਨਾ ਕਰਨ, ਅਤੇ ਹੁਣ ਇਕ ਛੱਤਰੀ ਦੀ ਮੁਰੰਮਤ ਲਈ ਪੰਜ ਛੇ ਫਰੈਂਕ ਦੇ ਮੁਆਵਜ਼ੇ ਦੀ ਮੰਗ ਕਰਨ।"

ਉਸ ਦੀ ਅਜੇ ਬਿਲਕੁਲ ਤਸੱਲੀ ਨਹੀਂ ਹੋਈ ਸੀ ਅਤੇ ਉਸ ਨੇ ਉੱਤਰ ਦਿੱਤਾ,

"ਮੁਆਫ਼ ਕਰਨਾ, ਸ੍ਰੀਮਾਨ ਜੀ, ਪੰਜ ਸੌ ਫਰੈਂਕ ਦਾ ਅਸਰ ਮਿਸਟਰ ਔਰਲੇ ਦੀ ਜੇਬ ’ਤੇ ਪਿਆ ਸੀ, ਜਦੋਂ ਕਿ ਇਸ ਅਠਾਰਾਂ ਫਰੈਂਕ ਦਾ ਸੰਬੰਧ ਸ੍ਰੀਮਤੀ ਔਰਲੇ ਨਾਲ ਹੈ ਜੋ ਕਿ ਇਕ ਬਿਲਕੁਲ ਵੱਖਰੀ ਗੱਲ ਹੈ।"

ਜਦ ਉਸ ਨੇ ਵੇਖਿਆ ਕਿ ਉਸ ਤੋਂ ਛੁਟਕਾਰਾ ਪਾਉਣ ਦੀ ਕੋਈ ਸੰਭਾਵਨਾ ਨਹੀਂ ਅਤੇ ਉਹ ਕੇਵਲ ਉਸ ਦਾ ਸਮਾਂ ਖ਼ਰਾਬ ਕਰੇਗੀ ਤਾਂ ਉਸ ਨੇ ਬੜੇ ਧੀਰਜ ਨਾਲ ਕਿਹਾ :

ਕੀ ਤੁਸੀਂ ਮਿਹਰਬਾਨੀ ਕਰਕੇ ਮੈਨੂੰ ਇਹ ਦੱਸੋਗੇ ਕਿ ਨੁਕਸਾਨ ਕਿਵੇਂ ਹੋਇਆ।"

ਉਸ ਨੇ ਮਹਿਸੂਸ ਕੀਤਾ ਕਿ ਉਸ ਨੇ ਜਿੱਤ ਪ੍ਰਾਪਤ ਕਰ ਲਈ ਹੈ, ਅਤੇ ਕਿਹਾ,

“ਸ੍ਰੀਮਾਨ ਜੀ, ਇਹ ਇਵੇਂ ਹੋਇਆ, ਕਿ ਸਾਡੇ ਵੱਡਾ ਕਮਰੇ ਵਿੱਚ ਇਕ ਪਿੱਤਲ ਦਾ ਛੜੀ ਅਤੇ ਛਤਰੀ ਦਾ ਸਟੈਂਡ ਹੈ, ਅਤੇ ਪਿਛਲੇ ਦਿਨੀਂ ਜਦੋਂ ਮੈਂ ਅੰਦਰ ਆਈ, ਮੈਂ ਆਪਣੀ ਛਤਰੀ ਇਸ ਉੱਪਰ ਟਿਕਾਈ। ਮੈਂ ਇਹ ਦੱਸਣਾ ਜ਼ਰੂਰੀ ਸਮਝਦੀ ਹਾਂ ਕਿ ਇਸ ਦੇ ਬਿਲਕੁਲ ਉੱਪਰ ਮੋਮਬੱਤੀਆਂ ਅਤੇ ਤੀਲ੍ਹਾਂ ਦੀ ਡੱਬੀ ਰੱਖਣ ਲਈ ਇਕ

ਕਾਣਸ ਹੈ। ਮੈਂ ਆਪਣਾ ਹੱਥ ਉਪਰ ਕੀਤਾ, ਤਿੰਨ ਜਾਂ ਚਾਰ ਤੀਲ੍ਹਾਂ ਲਈਆਂ, ਅਤੇ ਇਕ ਘਸਾਈ, ਪ੍ਰੰਤੂ ਉਹ ਜਲ਼ੀ ਨਾ ਇਸ ਲਈ ਮੈਂ ਇਕ ਹੋਰ ਘਸਾਈ, ਜੋ ਜਲ਼ ਗਈ, ਪ੍ਰੰਤੂ ਛੇਤੀ ਹੀ ਬੁਝ ਗਈ, ਅਤੇ ਤੀਜੀ ਵੀ ਇਵੇਂ ਹੀ ਹੋਈ।"

ਮੈਨੇਜਰ ਨੇ ਮਖ਼ੌਲ ਕਰਨ ਵਾਸਤੇ ਗੱਲ ਕੱਟੀ।

"ਮੈਂ ਸਮਝਦਾ ਹਾਂ ਕਿ ਇਹ ਸਰਕਾਰੀ ਤੀਲ੍ਹਾਂ ਹੋਣੀਆਂ ਹਨ, ਫੇਰ?

ਉਹ ਉਸ ਦੀ ਗੱਲ ਨਾ ਸਮਝੀ ਅਤੇ ਗੱਲ ਕਰਨ ਲੱਗ ਪਈ,

"ਬਹੁਤ ਸੰਭਵ ਹੈ। ਕਿਸੇ ਤਰ੍ਹਾਂ, ਚੌਥੀ ਬਲ ਪਈ ਅਤੇ ਮੈਂ ਆਪਣੀ ਮੋਮਬੱਤੀ ਜਗਾਈ ਅਤੇ ਆਪਣੇ ਕਮਰੇ ਵਿੱਚ ਸੌਣ ਵਾਸਤੇ ਚਲੀ ਗਈ; ਪ੍ਰੰਤੂ ਮੇਰਾ ਖ਼ਿਆਲ ਹੈ ਪੰਦਰਾਂ ਕੁ ਮਿੰਟਾਂ ਪਿੱਛੋਂ ਮੈਨੂੰ ਕਿਸੇ ਚੀਜ਼ ਦੇ ਜਲ਼ਨ ਦੀ ਬੋਅ ਆਈ ਅਤੇ ਮੈਂ ਹਮੇਸ਼ਾ ਅੱਗ ਤੋਂ ਬਹੁਤ ਡਰਦੀ ਹਾਂ। ਜੇਕਰ ਸਾਡੇ ਕਦੇ ਵੀ ਕੋਈ ਦੁਰਘਟਨਾ ਹੋਵੇ ਤਾਂ ਇਹ ਮੇਰਾ ਕਸੂਰ ਨਹੀਂ, ਮੈਂ ਤੁਹਾਨੂੰ ਯਕੀਨ ਦੁਆਉਂਦੀ ਹਾਂ ਕਿ ਜਦ ਤੋਂ ਸਾਡੀ ਚਿਮਨੀ ਨੂੰ ਅੱਗ ਲੱਗੀ ਸੀ, ਮੈਂ ਬਹੁਤ ਡਰਦੀ ਹਾਂ, ਜਿਵੇਂ ਕਿ ਮੈਂ ਤੁਹਾਨੂੰ ਦੱਸਿਆ ਸੀ; ਇਸ ਲਈ ਮੈਂ ਉੱਠੀ ਅਤੇ ਜਿਵੇਂ ਕਿ ਕੁੱਤਾ ਹਰ ਥਾਂ ਨੂੰ ਸੁੰਘਦਾ ਹੈ ਮੈਂ ਹਰ ਚੀਜ਼ ਨੂੰ ਵੇਖਿਆ ਅਤੇ ਅੰਤ ਵਿੱਚ ਮੈਂ ਆਪਣੀ ਛਤਰੀ ਸੜਦੀ ਵੇਖੀ। ਬਹੁਤ ਸੰਭਵ ਹੈ ਕਿ ਉਸ ਦੀਆਂ ਤੈਹਾਂ ਵਿੱਚ ਤੀਲ੍ਹੀ ਡਿੱਗ ਪਈ ਹੋਵੇ ਅਤੇ ਉਸ ਨੇ ਇਸ ਨੂੰ ਸਾੜ ਦਿੱਤਾ ਹੋਵੇ। ਤੁਸੀਂ ਵੇਖ ਸਕਦੇ ਹੋ ਕਿ ਇਸ ਨੇ ਇਸ ਦਾ ਕਿਵੇਂ ਨੁਕਸਾਨ ਕਰ ਦਿੱਤਾ ਹੈ।"

ਮੈਨੇਜਰ ਨੇ ਆਪਣਾ ਸੁਰਾਗ ਲੈ ਲਿਆ ਅਤੇ ਉਸ ਨੂੰ ਪੁੱਛਿਆ,

"ਤੁਹਾਡਾ ਨੁਕਸਾਨ ਬਾਰੇ ਕੀ ਅੰਦਾਜ਼ਾ ਹੈ?"

ਉਸ ਨੂੰ ਇਹ ਪਤਾ ਨਹੀਂ ਸੀ ਕਿ ਕੀ ਕਹੇ। ਕਿਉਂਕਿ ਉਸ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਕਿੰਨਾ ਕੁ ਖਰਚਾ ਹੋਵੇਗਾ, ਪ੍ਰੰਤੂ ਆਖ਼ਰ ਉਸ ਨੇ ਉੱਤਰ ਦਿੱਤਾ,

ਮੇਰੇ ਖ਼ਿਆਲ ਵਿੱਚ ਤੁਸੀਂ ਆਪ ਹੀ ਮੁਰੰਮਤ ਕਰਵਾ ਲਓ। ਮੈਂ ਇਹ ਤੁਹਾਡੇ 'ਤੇ ਹੀ ਛੱਡਦੀ ਹਾਂ।"

ਪ੍ਰੰਤੂ ਉਸ ਨੇ ਕੁਦਰਤੀ ਤੌਰ ’ਤੇ ਇਨਕਾਰ ਕਰ ਦਿੱਤਾ।

"ਨਹੀਂ ਸ੍ਰੀਮਤੀ ਜੀ, ਮੈਂ ਇਹ ਨਹੀਂ ਕਰ ਸਕਦਾ। ਮੈਨੂੰ ਆਪਣੇ ਕਲੇਮ ਦੀ ਰਕਮ ਦੱਸੋ, ਮੈਂ ਬਸ ਇਹ ਕੁਝ ਹੀ ਜਾਣਨਾ ਚਾਹੁੰਦਾ ਹਾਂ।"

"ਠੀਕ !-ਮੈਂ ਸੋਚਦੀ ਹਾਂ ਕਿ ਵੇਖੋ, ਸ੍ਰੀਮਾਨ ਜੀ, ਮੈਂ ਤੁਹਾਡੇ ਤੋਂ ਕੋਈ ਫ਼ਾਲਤੂ ਰਕਮ ਨਹੀਂ ਲੈਣਾ ਚਾਹੁੰਦੀ, ਇਸ ਲਈ ਮੈਂ ਤੁਹਾਨੂੰ ਦੱਸਦੀ ਹਾਂ ਕਿ ਅਸੀਂ ਕੀ ਕਰਾਂਗੇ ਮੈਂ ਆਪਣੀ ਛਤਰੀ ਮੁਰੰਮਤ ਕਰਨ ਵਾਲੇ ਕੋਲ ਲੈ ਜਾਵਾਂਗੀ, ਜੋ ਇਸ ਨੂੰ ਚੰਗੀ, ਮਜ਼ਬੂਤ ਸਿਲਕ ਨਾਲ ਮੁਰੰਮਤ ਕਰ ਦੇਵੇਗਾ। ਅਤੇ ਮੈਂ ਬਿਲ ਤੁਹਾਡੇ ਕੋਲ ਲੈ ਆਵਾਂਗੀ। ਕੀ ਇਹ ਤੁਹਾਨੂੰ ਠੀਕ ਲੱਗੇਗਾ ਸ੍ਰੀਮਾਨ ਜੀ?"

ਬਿਲਕੁਲ ਠੀਕ, ਸ੍ਰੀਮਤੀ ਜੀ, ਅਸੀਂ ਇਸ ਆਧਾਰ ’ਤੇ ਇਸ ਦਾ ਫ਼ੈਸਲਾ ਕਰਾਂਗੇ। ਇਹ ਖ਼ਜ਼ਾਨਚੀ ਦੇ ਨਾਂ ਚਿੱਟ ਹੈ, ਜੋ ਤੁਹਾਨੂੰ ਛਤਰੀ ’ਤੇ ਖ਼ਰਚ ਕੀਤੀ ਕੀਮਤ ਦੇ ਦੇਵੇਗਾ।’

ਉਸ ਨੇ ਸ੍ਰੀਮਤੀ ਔਰਲੇ ਨੂੰ ਕਾਗ਼ਜ਼ ਦੀ ਚਿੱਟ ਦੇ ਦਿੱਤੀ। ਉਹ ਉੱਠ ਪਈ ਅਤੇ ਉਸ ਦਾ ਧੰਨਵਾਦ ਕਰਕੇ ਚੱਲ ਪਈ ਕਿਉਂਕਿ ਉਸ ਨੂੰ ਉੱਥੋਂ ਸੀ ਕਿ ਕਿਧਰੋਂ ਉਹ ਆਪਣਾ ਇਰਾਦਾ ਬਦਲ ਨਾ ਲਵੇ।

ਉਹ ਛੇਤੀ ਛੇਤੀ ਗਲੀਆਂ ਵਿੱਚੋਂ, ਕਿਸੇ ਚੰਗੀ ਛਤਰੀ ਬਣਾਉਣ ਵਾਲੇ ਨੂੰ ਭਾਲਦੀ ਹੋਈ, ਚਲਦੀ ਗਈ। ਅਤੇ ਜਦੋਂ ਉਸ ਨੇ ਇਹ ਦੁਕਾਨ ਵੇਖੀ ਜੋ ਕਿ ਉਸ ਨੂੰ ਵਧੀਆ ਲੱਗੀ ਉਹ ਅੰਦਰ ਚਲੀ ਗਈ, ਅਤੇ ਦ੍ਰਿੜ੍ਹਤਾ ਨਾਲ ਕਿਹਾ,

"ਮੈਂ ਇਹ ਛੱਤਰੀ ਚੰਗੀ ਸਿਲਕ ਨਾਲ ਮੁਰੰਮਤ ਕਰਵਾਉਣਾ ਚਾਹੁੰਦੀ ਹਾਂ। ਤੁਹਾਡੇ ਕੋਲ ਜਿਹੜੀ ਸਭ ਤੋਂ ਵਧੀਆ ਅਤੇ ਮਜ਼ਬੂਤ ਹੋਵੇ ਤੁਸੀਂ ਉਹ ਵਰਤੋਂ। ਮੈਨੂੰ ਖ਼ਰਚ ਦੀ ਕੋਈ ਪਰਵਾਹ ਨਹੀਂ।"

# ਕੀ ਇਹ ਸੁਪਨਾ ਸੀ?

ਮੈਂ ਉਸ ਨੂੰ ਬਹੁਤ ਪਿਆਰ ਕੀਤਾ ਸੀ !

"ਆਦਮੀ ਕਿਉਂ ਪਿਆਰ ਕਰਦਾ ਹੈ? ਇਹ ਕਿੰਨੀ ਅਜੀਬ ਗੱਲ ਹੈ, ਕੇਵਲ ਇੱਕੋ ਆਦਮੀ ਨੂੰ ਦੁਨੀਆ ਵਿੱਚ ਵੇਖਣਾ, ਦਿਮਾਗ਼ ਵਿੱਚ ਕੇਵਲ ਇੱਕੋ ਗੱਲ ਸਮਾਈ ਰੱਖਣਾ, ਦਿਲ ਵਿੱਚ ਇੱਕੋ ਖ਼ਾਹਿਸ਼ ਅਤੇ ਹੋਠਾਂ ਉੱਤੇ ਕੇਵਲ ਇੱਕੋ ਨਾਂ ਇੱਕੋ ਨਾਂ ਜੋ ਲਗਾਤਾਰ ਚਸ਼ਮੇ ਵਿੱਚੋਂ ਪਾਣੀ ਦੀ ਤਰ੍ਹਾਂ ਦਿਲ ਵਿੱਚੋਂ ਹੋਠਾਂ 'ਤੇ ਆਉਂਦਾ ਹੈ, ਨਾਂ ਜਿਸ ਨੂੰ ਆਦਮੀ ਬਾਰ ਬਾਰ ਦੁਹਰਾਉਂਦਾ ਹੈ, ਜਿਸ ਨੂੰ ਆਦਮੀ ਲਗਾਤਾਰ ਇਕ ਪ੍ਰਾਰਥਨਾ ਦੀ ਤਰ੍ਹਾਂ ਹਰ ਵਕਤ ਗੁਣਗੁਣਾਉਂਦਾ ਹੈ।

ਮੈਂ ਤੁਹਾਨੂੰ ਆਪਣੀ ਕਹਾਣੀ ਸੁਣਾਉਣ ਲੱਗਾ ਹਾਂ, ਕਿਉਂਕਿ ਪਿਆਰ ਦੇ ਸਾਹਮਣੇ ਕੇਵਲ ਇਕ ਗੱਲ ਹੁੰਦੀ ਹੈ ਜੋ ਸਦਾ ਇਕ ਹੁੰਦੀ ਹੈ। ਮੈਂ ਉਸ ਨੂੰ ਮਿਲਿਆ ਅਤੇ ਪਿਆਰ ਕੀਤਾ; ਇਹ ਹੈ ਸਾਰਾ ਕੁਝ। ਅਤੇ ਸਾਰਾ ਸਾਲ ਮੈਂ ਉਸ ਦੇ ਕੋਮਲਪਨ, ਉਸ ਦੇ ਲਾਡਾਂ ਵਿੱਚ ਉਸ ਦੀਆਂ ਬਾਂਹਾਂ ਵਿੱਚ, ਉਸ ਦੇ ਬਸਤਰਾਂ, ਉਸ ਦੇ ਸ਼ਬਦਾਂ ਵਿੱਚ ਜੋ ਵੀ ਚੀਜ਼ ਉਸ ਵੱਲੋਂ ਆਈ ਮੁਕੰਮਲ ਤੌਰ 'ਤੇ ਉਸ ਵਿੱਚ ਖੁੱਭਿਆ ਰਿਹਾ ਅਤੇ ਮੈਂ ਆਪਣੀ ਇਸ ਪ੍ਰਾਚੀਨ ਧਰਤੀ ਉੱਤੇ ਬਿਲਕੁਲ ਪ੍ਰਵਾਹ ਨਹੀਂ ਕੀਤੀ, ਆਇਆ ਦਿਨ ਸੀ ਜਾਂ ਰਾਤ, ਆਇਆ ਜਿਊਂਦਾ ਸੀ ਜਾਂ ਮਰਿਆ, ਹੋਇਆ।

ਅਤੇ ਇਸ ਪਿੱਛੋਂ ਉਹ ਮਰ ਗਈ, ਕਿਵੇਂ? ਮੈਨੂੰ ਪਤਾ ਨਹੀਂ; ਮੈਨੂੰ ਇਸ ਬਾਰੇ ਕੁਝ ਪਤਾ ਨਹੀਂ। ਪਰੰਤੂ ਇਕ ਸ਼ਾਮ ਉਹ ਘਰ ਭਿੱਜੀ ਹੋਈ ਆਈ ਕਿਉਂਕਿ ਇਸ ਸਮੇਂ ਕਾਫ਼ੀ ਵਰਖਾ ਹੋ ਰਹੀ ਸੀ ਅਤੇ ਅਗਲੇ ਦਿਨ ਉਸ ਨੂੰ ਖਾਂਸੀ ਲੱਗ ਗਈ ਅਤੇ ਉਸ ਨੂੰ ਇਕ ਹਫ਼ਤਾ ਖਾਂਸੀ ਰਹੀ ਅਤੇ ਉਹ ਬਿਸਤਰ ਨਾਲ ਲੱਗ ਗਈ। ਕੀ ਹੋਇਆ ਇਸ ਸਮੇਂ ਮੈਨੂੰ ਬਿਲਕੁਲ ਯਾਦ ਨਹੀਂ ਪਰੰਤੂ ਡਾਕਟਰ ਆਉਂਦੇ ਰਹੇ,

ਲਿਖਦੇ ਰਹੇ ਅਤੇ ਜਾਂਦੇ ਰਹੇ। ਦਵਾਈਆਂ ਲਿਆਂਦੀਆਂ ਗਈਆਂ ਸਨ ਅਤੇ ਇਕ ਔਰਤ ਉਸ ਨੂੰ ਪਿਆ ਦਿੰਦੀ ਸੀ। ਉਸ ਦੇ ਹੱਥ ਗਰਮ ਸਨ। ਉਸ ਦਾ ਮੱਥਾ ਗਰਮ ਸੀ, ਅਤੇ ਉਸ ਦੀਆਂ ਅੱਖਾਂ ਵਿੱਚ ਚਮਕ ਸੀ ਅਤੇ ਉਦਾਸ ਸਨ। ਜਦੋਂ ਮੈਂ ਉਸ ਨਾਲ ਗੱਲਬਾਤ ਕਰਦਾ ਸੀ ਤਾਂ ਉਹ ਜਵਾਬ ਦਿੰਦੀ ਸੀ ਪਰਤੂੰ ਮੈਨੂੰ ਯਾਦ ਨਹੀਂ ਸੀ ਕਿ ਅਸੀਂ ਕੀ ਗੱਲਾਂ ਕੀਤੀਆਂ ਸਨ। ਮੈਨੂੰ ਸਭ ਕੁਝ ਭੁੱਲ ਗਿਆ ਹੈ ਸਭ ਕੁਝ, ਉਹ ਮਰ ਗਈ ਅਤੇ ਮੈਨੂੰ ਉਸ ਦਾ ਪਤਲਾ ਅਤੇ ਕਮਜ਼ੋਰ ਜਿਹਾ ਹੌਂਕਾ ਯਾਦ ਹੈ ਨਰਸ ਨੇ ਕਿਹਾ, "ਆਹ" ਅਤੇ ਮੈਂ ਸਮਝ ਗਿਆ ਮੈਂ ਸਮਝ ਗਿਆ।

ਮੈਨੂੰ ਇਸ ਬਾਰੇ ਵਧੇਰੇ ਪਤਾ ਨਹੀਂ ਸੀ, ਕੁਝ ਵੀ ਮੈਂ ਇਕ ਪਾਦਰੀ ਨੂੰ ਵੇਖਿਆ, ਜਿਸ ਨੇ ਕਿਹਾ ਤੁਹਾਡੀ ਪਤਨੀ? ਅਤੇ ਇਉਂ ਪ੍ਰਤੀਤ ਹੁੰਦਾ ਸੀ ਕਿ ਉਹ ਉਸ ਦੀ ਬੇਇੱਜ਼ਤੀ ਕਰ ਰਿਹਾ ਹੈ। ਕਿਉਂਕਿ ਉਹ ਮਰ ਚੁੱਕੀ ਸੀ ਇਸ ਲਈ ਕਿਸੇ ਆਦਮੀ ਨੂੰ ਕੋਈ ਗੱਲ ਕਹਿਣ ਦਾ ਹੱਕ ਨਹੀਂ ਸੀ, ਅਤੇ ਮੈਂ ਉਸ ਨੂੰ ਬਾਹਰ ਕੱਢ ਦਿੱਤਾ ਇਕ ਹੋਰ ਆਦਮੀ ਆਇਆ ਜੋ ਬੜਾ ਮਿਹਰਬਾਨ ਅਤੇ ਨਰਮ ਦਿਲ ਸੀ, ਅਤੇ ਮੈਂ ਰੋਇਆ ਜਦੋਂ ਉਸ ਨੇ ਉਸ ਬਾਰੇ ਗੱਲ ਕੀਤੀ।

ਉਨ੍ਹਾਂ ਨੇ ਮੇਰੇ ਨਾਲ ਦਫ਼ਨਾਉਣ ਬਾਰੇ ਵਿਚਾਰ ਕੀਤਾ ਪਰੰਤੂ ਮੈਨੂੰ ਉਨ੍ਹਾਂ ਨੇ ਜੋ ਕੁਝ ਵੀ ਕਿਹਾ ਯਾਦ ਨਹੀਂ; ਭਾਵੇਂ ਮੈਨੂੰ ਕਫ਼ਨ ਅਤੇ ਹਥੌੜੇ ਦੀ ਆਵਾਜ਼, ਯਾਦ ਹੈ, ਉਨ੍ਹਾਂ ਨੇ ਉਸ ਨੂੰ ਵਿੱਚ ਰੱਖਿਆ, ਓ! ਪ੍ਰਮਾਤਮਾ ਪ੍ਰਮਾਤਮਾ।

ਉਸ ਨੂੰ ਦਫ਼ਨਾਇਆ ਗਿਆ ਉਸ ਖੱਡ ਵਿੱਚ! ਕੁਝ ਲੋਕ ਆਏ ਸਹੇਲੀਆਂ, ਮੈਂ ਆਪਣੇ ਆਪ ਨੂੰ ਬਚਾ ਕੇ ਦੌੜ ਗਿਆ। ਮੈਂ ਭੱਜ ਗਿਆ ਅਤੇ ਇਸ ਪਿੱਛੋਂ ਗ਼ਲੀਆਂ ਵਿੱਚੋਂ ਲੰਘਦੇ ਹੋਏ ਘਰ ਚਲਾ ਗਿਆ ਅਤੇ ਅਗਲੇ ਦਿਨ ਸਫ਼ਰ ’ਤੇ ਚਲਾ ਗਿਆ।

"ਕੱਲ੍ਹ ਮੈਂ ਪੈਰਿਸ ਵਾਪਸ ਆਇਆ ਅਤੇ ਜਦੋਂ ਮੈਂ ਦੁਬਾਰਾ ਆਪਣਾ ਕਮਰਾ, ਸਾਡਾ ਕਮਰਾ ਸਾਡਾ ਬਿਸਤਰ, ਸਾਡਾ ਫ਼ਰਨੀਚਰ, ਹਰੇਕ ਚੀਜ਼ ਜੋ ਆਦਮੀ ਦੀ ਮੌਤ ਪਿੱਛੋਂ ਬਾਕੀ ਰਹਿੰਦੀ ਹੈ, ਵੇਖੀ ਮੈਨੂੰ ਨਵਾਂ ਸਖ਼ਤ ਸਦਮਾ ਲੱਗਿਆ ਅਤੇ ਦਿਲ ਕਰਦਾ ਸੀ ਕੀਤਾ ਕਿ ਖਿੜਕੀ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਗ਼ਲੀ ਵਿੱਚ ਛਾਲ ਮਾਰ ਦੇਵਾਂ। ਮੈਂ ਇਨ੍ਹਾਂ ਚੀਜ਼ਾਂ ਵਿੱਚ, ਇਨ੍ਹਾਂ ਦੀਵਾਰਾਂ ਵਿੱਚ ਜਿਨ੍ਹਾਂ ਨੇ ਉਸ ਨੂੰ

ਘੇਰਿਆ ਹੋਇਆ ਸੀ ਅਤੇ ਸੁਰੱਖਿਅਤ ਰੱਖਿਆ ਹੋਇਆ ਸੀ, ਜਿਨ੍ਹਾਂ ਵਿੱਚ ਅਛੋਹ ਤ੍ਰੇੜਾਂ ਦੀ ਸ਼ਕਲ ਵਿੱਚ ਉਸ ਦੇ, ਉਸ ਦੀ ਚਮੜੀ ਦੇ ਅਤੇ ਉਸ ਦੇ ਸਾਹ ਦੇ ਹਜ਼ਾਰਾਂ ਕਣ ਮੌਜੂਦ ਸਨ। ਮੈਂ ਦੌੜ ਜਾਣ ਲਈ ਆਪਣਾ ਹੱਠ ਕੀਤਾ ਅਤੇ ਜਿਉਂ ਹੀ ਮੈਂ ਦਰਵਾਜ਼ੇ ਕੋਲ ਪਹੁੰਚਿਆ ਮੈਂ ਹਾਲ ਵਿੱਚ ਲੱਗੇ ਇਕ ਵੱਡੇ ਸ਼ੀਸ਼ੇ ਪਾਸੋਂ ਲੰਘਿਆ ਜੋ ਉਸ ਨੇ ਉੱਥੇ ਰੱਖਿਆ ਹੋਇਆ ਸੀ ਤਾਂ ਜੋ ਉਹ ਬਾਹਰ ਜਾਣ ਸਮੇਂ ਸਿਰ ਤੋਂ ਲੈ ਕੇ ਪੈਰਾਂ ਤੱਕ ਆਪਣੇ ਆਪ ਨੂੰ ਵੇਖ ਸਕੇ, ਇਹ ਵੇਖਣ ਲਈ ਕਿ ਉਸ ਦੇ ਕੱਪੜੇ ਠੀਕ ਠਾਕ ਹਨ ਅਤੇ ਬੂਟਾਂ ਤੋਂ ਲੈ ਕੇ ਟੋਪੀ ਤੱਕ ਠੀਕ ਹੈ।

"ਮੈਂ ਉਸ ਸ਼ੀਸ਼ੇ ਦੇ ਸਾਹਮਣੇ ਖੜ੍ਹ ਗਿਆ ਜਿਸ ਵਿੱਚ ਉਹ ਆਪਣੇ ਆਪ ਨੂੰ ਇੰਨਾ ਅਕਸਰ ਇੰਨਾ ਵੇਖਦੀ ਹੁੰਦੀ ਸੀ, ਜਾਪਦਾ ਸੀ ਕਿ ਇਸ ਵਿੱਚ ਉਸ ਦਾ ਪਰਛਾਵਾਂ ਸਮਾ ਗਿਆ ਹੋਵੇਗਾ।

ਮੈਂ ਉੱਥੇ ਖੜ੍ਹਾ ਕੰਬ ਰਿਹਾ ਸਾਂ, ਮੇਰੀਆਂ ਅੱਖਾਂ ਉਸ ਸ਼ੀਸ਼ੇ ਵਿੱਚ ਗੱਡੀਆਂ ਹੋਈਆਂ ਸਨ ਉਸ ਚੌੜੇ, ਵਧੀਆ ਅਤੇ ਸੱਖਣੇ ਸ਼ੀਸ਼ੇ ’ਤੇ ਜੋ ਸਾਰੀ ਦੀ ਸਾਰੀ ਉਸ ਵਿੱਚ ਮੌਜੂਦ ਸੀ ਜਿੰਨੀ ਮੇਰੇ ਵਿੱਚ ਅਤੇ ਜਿੰਨੀ ਮੇਰੀਆਂ ਭੁੱਖੀਆਂ ਅੱਖਾਂ ਵਿੱਚ ਮੈਨੂੰ ਜਿਵੇਂ ਕਿ ਮੈਂ ਇਸ ਸ਼ੀਸ਼ੇ ਨੂੰ ਪਿਆਰ ਕਰਦਾ ਹਾਂ। ਮੈਂ ਇਸ ਨੂੰ ਹੱਥ ਲਾਇਆ, ਇਹ ਠੰਢਾ ਸੀ ਉਹ ਪਰਛਾਵਾਂ! ਅਫ਼ਸੋਸਨਾਕ ਸ਼ੀਸ਼ਾ ਸੜ ਰਿਹਾ ਸੀ, ਸ਼ੀਸ਼ਾ ਡਰਾਉਣਾ ਸ਼ੀਸ਼ਾ, ਤਾਂ ਜੋ ਆਦਮੀ ਨੂੰ ਤਸੀਹਾ ਮਿਲ ਸਕੇ। ਉਹ ਆਦਮੀ ਖ਼ੁਸ਼ਕਿਸਮਤ ਹੈ ਜਿਸ ਦਾ ਦਿਲ ਉਸ ਹਰੇਕ ਚੀਜ਼ ਨੂੰ ਭੁੱਲ ਜਾਂਦਾ ਹੈ ਜਿਹੜੀ ਇਸ ਵਿੱਚ ਮੌਜੂਦ ਸੀ, ਹਰੇਕ ਚੀਜ਼ ਜਿਹੜੀ ਇਸ ਦੀਆਂ ਅੱਖਾਂ ਸਾਹਮਣਿਓਂ ਲੰਘੀ ਸੀ, ਹਰੇਕ ਚੀਜ਼ ਜਿਸ ਨੇ ਇਸ ਵਿੱਚ ਝਾਤੀ ਮਾਰੀ ਸੀ ਜਿਹੜੀ ਪਿਆਰ ਵਿੱਚ ਤਬਦੀਲ ਹੋਈ ਸੀ। ਮੈਨੂੰ ਕਿੰਨਾ ਦੁੱਖ ਹੋ ਰਿਹਾ ਹੈ।

ਮੈਂ ਬਿਨਾਂ ਜਾਣੇ, ਬਿਨਾਂ ਚਾਹੇ ਕਬਰਸਤਾਨ ਵੱਲ ਵਧਿਆ। ਉਸ ਦੀ ਇਕ ਸਾਧਾਰਨ ਜਿਹੀ ਕਬਰ ਸੀ ਜਿਸ ਉੱਤੇ ਚਿੱਟੇ ਮਰਮਰ ਦੇ ਪੱਥਰ ਦਾ ਕਰਾਸ ਲੱਗਿਆ ਹੈ ਜਿਸ ਉੱਤੇ ਲਿਖਿਆ ਸੀ :

"ਉਸ ਨੂੰ ਪਿਆਰ ਸੀ, ਉਸ ਨੂੰ ਪਿਆਰ ਕੀਤਾ ਗਿਆ ਅਤੇ ਉਹ ਮਰ ਗਈ।"

"ਉਹ ਉੱਥੇ ਦੱਬੀ ਪਈ ਹੈ। ਗਲੀ ਸੜੀ ਹੋਈ ! ਕਿੰਨੀ ਡਰਾਉਣੀ", ਮੈਂ ਆਪਣਾ ਸਿਰ ਜ਼ਮੀਨ 'ਤੇ ਰੱਖ ਕੇ ਸਿਸਕੀਆਂ ਲਈਆਂ ਅਤੇ ਕਾਫੀ ਦੇਰ ਉੱਥੇ ਖੜ੍ਹਾ ਰਿਹਾ। ਇਸ ਤੋਂ ਪਿੱਛੋਂ ਮੈਂ ਵੇਖਿਆ ਕਿ ਹਨੇਰਾ ਪੈ ਰਿਹਾ ਸੀ ਅਤੇ ਇਕ ਅਜੀਬ ਪਾਗ਼ਲਪਣ ਵਾਲੀ ਚਾਲ 'ਚ ਹਨਾ ਇਕ ਮਾਯੂਸ ਆਸ਼ਕ ਵਾਲੀ, ਉਸ ਦੀ ਕਬਰ ਉੱਤੇ ਰਾਤ ਆਖ਼ਰੀ ਰਾਤ ਗੁਜ਼ਾਰਨ ਦੀ ਖ਼ਾਹਿਸ਼ ਪੈਦਾ ਹੋਈ ਪਰੰਤੂ ਜੇ ਮੈਨੂੰ ਵੇਖਿਆ ਗਿਆ ਤਾਂ ਮੈਨੂੰ ਕੱਢ ਦਿੱਤਾ ਜਾਵੇਗਾ। ਇਹ ਮੈਂ ਕਿਵੇਂ ਕਰਾਂ? ਮੈਂ ਹੁਸ਼ਿਆਰ ਸੀ, ਉੱਠਿਆ ਅਤੇ ਮੁਰਦਿਆਂ ਦੇ ਸ਼ਹਿਰ ਵਿੱਚ ਘੁੰਮਣਾ ਸ਼ੁਰੂ ਕਰ ਦਿੱਤਾ। ਮੈਂ ਚਲਦਾ ਗਿਆ, ਇਹ ਸ਼ਹਿਰ ਦੂਜੇ ਸ਼ਹਿਰਾਂ ਦੇ ਮੁਕਾਬਲੇ ਜਿਸ ਵਿੱਚ ਅਸੀਂ ਰਹਿ ਰਹੇ ਹਾਂ ਕਿੰਨਾ ਛੋਟਾ ਹੈ। ਅਤੇ ਫਿਰ ਵੀ ਜਿਊਂਦਿਆਂ ਦੇ ਮੁਕਾਬਲੇ ਮੁਰਦਿਆਂ ਦੀ ਗਿਣਤੀ ਕਿੰਨੀ ਜ਼ਿਆਦਾ ਹੈ। ਅਸੀਂ ਚਾਹੁੰਦੇ ਹਾਂ ਉੱਚੇ ਉੱਚੇ ਘਰ ਹੋਣ, ਖੁੱਲ੍ਹੀਆਂ ਖੁੱਲ੍ਹੀਆਂ ਗ਼ਲੀਆਂ ਅਤੇ ਕਾਫ਼ੀ ਥਾਂ ਜੋ ਚਾਰ ਪੁਸ਼ਤਾਂ ਲਈ ਕਾਫ਼ੀ ਹੋਵੇ ਜੋ ਉਸ ਸਮੇਂ ਚਾਨਣ ਵੇਖ ਸਕਦੇ ਹਨ, ਚਸ਼ਮੇ ਵਿੱਚੋਂ ਪਾਣੀ ਪੀ ਸਕਦੇ ਹਨ, ਅਤੇ ਦਾਖਾਂ ਦੀਆਂ ਬੇਲਾਂ ਵਿੱਚੋਂ ਸ਼ਰਾਬ ਪੀ ਸਕਦੇ ਹਨ ਅਤੇ ਮੈਦਾਨਾਂ ਵਿੱਚੋਂ ਰੋਟੀ ਖਾ ਸਕਦੇ ਹਨ।

"ਅਤੇ ਮੁਰਦਿਆਂ ਦੀਆਂ ਸਾਰੀਆਂ ਪੁਸ਼ਤਾਂ ਲਈ, ਸਾਡੇ ਤੱਕ ਪਹੁੰਚੀਆਂ ਸਾਰੀਆਂ ਪੁਸ਼ਤਾਂ ਲਈ ਕੋਈ ਵੀ ਚੀਜ਼ ਨਹੀਂ ਹੈ ਕੋਈ ਵੀ ਚੀਜ਼ ਨਹੀਂ ਹੈ। ਧਰਤੀ ਉਨ੍ਹਾਂ ਨੂੰ ਸਮਾ ਲੈਂਦੀ ਹੈ ਅਤੇ ਅਸਹਿਮਤੀ ਉਨ੍ਹਾਂ ਨੂੰ ਭੁਲਾ ਦਿੰਦੀ ਹੈ। ਅਲਵਿਦਾ !

"ਕਬਰਸਤਾਨ ਦੇ ਆਖ਼ੀਰ ਤੋਂ ਮੈਂ ਅਚਾਨਕ ਵੇਖਿਆ ਕਿ ਮੈਂ ਇਸ ਦੇ ਪੁਰਾਣੇ ਹਿੱਸੇ ਵਿੱਚ ਸੀ ਜਿੱਥੇ ਉਹ ਜਿਹੜੇ ਕਾਫੀ ਸਮਾਂ ਪਹਿਲੇ ਦਫ਼ਨਾਏ ਗਏ ਸਨ ਮਿੱਟੀ ਵਿੱਚ ਮਿਲ ਰਹੇ ਹਨ ਜਿੱਥੇ ਨਿਸ਼ਾਨ ਆਪਣੇ ਆਪ ਮਿਟ ਰਹੇ ਹਨ ਜਿੱਥੇ ਸੰਭਵ ਹੈ ਕਿ ਨਵੇਂ ਆਉਣ ਵਾਲੇ ਦਫ਼ਨਾਏ ਜਾਣਗੇ ਇਸ ਵਿੱਚ ਆਪਮੁਹਾਰੇ ਫੁੱਟੇ ਗੁਲਾਬ ਦੇ ਫੁੱਲ ਵੱਡੇ ਅਤੇ ਘਣੇ ਸਰੂ ਦੇ ਦਰੱਖ਼ਤ ਮਾਯੂਸ ਅਤੇ ਖ਼ੂਬਸੂਰਤ ਬਾਗ਼ ਲੱਗਿਆ ਹੋਇਆ ਹੈ; ਜੋ ਇਨਸਾਨੀ ਮਾਸ ਉੱਤੇ ਪਲਿਆ ਹੈ।

"ਮੈਂ ਇਕੱਲਾ ਸੀ ਬਿਲਕੁਲ ਇਕੱਲਾ ਇਸ ਲਈ ਮੈਂ ਇਕ ਹਰੇ ਦਰੱਖ਼ਤ ਵੱਲ ਚਲਾ ਗਿਆ ਅਤੇ ਆਪਣੇ ਆਪ ਨੂੰ ਘਣੀ ਛਾਂ ਅਤੇ ਸੋਹਣੀਆਂ ਟਾਹਣੀਆਂ ਵਿੱਚ ਛੁਪਾ ਲਿਆ। ਮੈਂ ਦਰੱਖ਼ਤ ਦੇ ਟਾਹਣੇ ਨਾਲ ਚੰਬੜ ਕੇ ਇੰਤਜ਼ਾਰ ਕੀਤਾ ਜਿਵੇਂ ਕਿ ਸਮੁੰਦਰੀ ਜਹਾਜ਼ ਵਿੱਚ ਤਬਾਹ ਹੋਇਆ ਆਦਮੀ ਫੱਟੇ ਨੂੰ ਪਕੜ ਲੈਂਦਾ ਹੈ।

"ਜਦੋਂ ਬਿਲਕੁਲ ਰਾਤ ਹੋ ਗਈ ਮੈਂ ਆਪਣੀ ਝੌਂਪੜੀ ਵਿੱਚੋਂ ਨਿਕਲ ਆਇਆ ਅਤੇ ਮੁਰਦਘਾਟ ਵਿੱਚੋਂ ਧੀਰੇ ਧੀਰੇ, ਹੌਲੀ ਹੌਲੀ ਚੁੱਪ ਚਾਪ ਲੰਘ ਗਿਆ। ਮੈਂ ਕਾਫੀ ਸਮਾਂ ਘੁੰਮਦਾ ਰਿਹਾ ਪਰੰਤੂ ਦੋਬਾਰਾ ਉਸ ਦਾ ਮਕਬਰਾ ਨਾ ਲੱਭ ਸਕਿਆ ਮੈਂ ਆਪਣੇ ਹੱਥ ਫੈਲਾਅ ਕੇ ਆਪਣੇ ਹੱਥਾਂ, ਆਪਣੇ ਪੈਰਾਂ, ਗੋਡਿਆਂ, ਆਪਣੀ ਛਾਤੀ ਇੱਥੋਂ ਤੱਕ ਕਿ ਆਪਣੇ ਸਿਰ ਨਾਲ ਮਕਬਰੇ ਨੂੰ ਟੌਹਦਾ ਹੋਇਆ ਵੱਧਦਾ ਗਿਆ। ਮੈਂ ਆਪਣਾ ਰਸਤਾ ਲੱਭਣ ਲਈ ਇਕ ਅੰਨ੍ਹੇ ਆਦਮੀ ਵਾਂਗ ਇੱਧਰ ਉੱਧਰ ਟੌਹਦਾ ਗਿਆ, ਮੈਂ ਮਹਿਸੂਸ ਕੀਤਾ ਕਿ ਪੱਥਰ ਸਨ, ਕਰਾਸ ਸਨ ਲੋਹੇ ਦੇ ਜੰਗਲੇ ਸਨ, ਲੋਹੇ ਦੇ ਛੱਲੇ ਸਨ, ਅਤੇ ਕੁਮਲਾਏ ਹੋਏ ਫੁੱਲਾਂ ਦੇ ਹਾਰ ਸਨ। ਮੈਂ ਸ਼ਬਦਾਂ ਉੱਤੇ ਉਂਗਲਾਂ ਫੇਰ ਕੇ ਨਾਂ ਪੜ੍ਹਦਾ ਹਾਂ। ਕੀ ਅਜੀਬ ਰਾਤ ਹੈ। ਮੈਂ ਉਸ ਨੂੰ ਦੋਬਾਰਾ ਨਹੀਂ ਲੱਭ ਸਕਿਆ।

"ਹਨੇਰੀ ਰਾਤ ਸੀ, ਕੀ ਅਜੀਬ ਰਾਤ ਸੀ। ਕਬਰਾਂ ਦੀਆਂ ਦੋ ਕਤਾਰਾਂ ਵਿੱਚ ਇਨ੍ਹਾਂ ਤੰਗ ਰਸਤਿਆਂ ਵਿੱਚ ਮੈਂ ਡਰ ਗਿਆ, ਬਹੁਤ ਡਰ ਗਿਆ, ਕਬਰਾਂ ਕਬਰਾਂ ਕਬਰਾਂ, ਕਬਰਾਂ ਤੋਂ ਸਿਵਾਇ ਕੁਝ ਨਹੀਂ ਸੀ। ਮੇਰੇ ਸੱਜੇ, ਮੇਰੇ ਖੱਬੇ, ਮੇਰੇ ਸਾਹਮਣੇ, ਆਲ਼ੇ ਦੁਆਲੇ ਹਰ ਪਾਸੇ ਕਬਰਾਂ ਹੀ ਕਬਰਾਂ ਸਨ। ਮੈਂ ਉਨ੍ਹਾਂ ਵਿੱਚੋਂ ਇਕ ਉੱਤੇ ਬੈਠ ਗਿਆ ਕਿਉਂਕਿ ਮੈਂ ਹੋਰ ਨਹੀਂ ਚੱਲ ਸਕਦਾ ਸੀ, ਮੇਰੇ ਗੋਡੇ ਕਮਜ਼ੋਰ ਸਨ, ਮੈਂ ਆਪਣੇ ਦਿਲ ਦੀ ਧੜਕਣ ਸੁਣ ਸਕਦਾ ਸੀ। ਅਤੇ ਮੈਂ ਕੁਝ ਹੋਰ ਵੀ ਸੁਣਿਆ। ਕੀ? ਇਕ ਰਲ ਗੱਡ ਬੇਨਾਮ ਸ਼ੋਰ। ਕੀ ਇਹ ਸ਼ੋਰ ਮੇਰੇ ਦਿਮਾਗ਼ ਵਿੱਚ ਸੀ, ਘੁੱਪ ਹਨੇਰੀ ਰਾਤ ਵਿੱਚ ਜਾਂ ਭੇਦ ਭਰੀ ਧਰਤੀ ਦੇ ਹੇਠਾਂ, ਇਨਸਾਨੀ ਲਾਸ਼ਾਂ ਨਾਲ ਬੀਜੀ ਧਰਤੀ ਵਿੱਚ ਸੀ? ਮੈਂ ਆਪਣੇ ਆਲ਼ੇ ਦੁਆਲੇ ਵੇਖਿਆ, ਪਰੰਤੂ ਮੈਂ ਨਹੀਂ ਕਹਿ

ਸਕਦਾ ਕਿ ਮੈਂ ਉੱਥੇ ਕਿੰਨੀ ਦੇਰ ਰਿਹਾ ; ਮੈਂ ਡਰ ਨਾਲ ਸੁੰਨ, ਭੈਅ ਨਾਲ ਠੰਢਾ ਹੋ ਗਿਆ ਅਤੇ ਚੀਕਾਂ ਮਾਰਨ ਲਈ ਅਤੇ ਮਰਨ ਲਈ ਤਿਆਰ ਸੀ।

"ਅਚਾਨਕ ਮੈਨੂੰ ਇਹ ਅਨੁਭਵ ਹੋਇਆ ਕਿ ਸਿਲ ਜਿਸ ਉੱਤੇ ਮੈਂ ਬੈਠਿਆ ਸੀ ਹਿੱਲ ਰਿਹਾ ਹੈ ਉਹ ! ਯਕੀਨਨ ਇਹ ਹਿੱਲ ਰਿਹਾ ਸੀ, ਜਿਵੇਂ ਕਿ ਇਸ ਨੂੰ ਉੱਪਰ ਉਠਾਇਆ ਜਾ ਰਿਹਾ ਹੋਵੇ। ਇਕ ਉਛਾਲੇ ਨਾਲ, ਮੈਂ ਨਾਲ ਦੇ ਮਕਬਰੇ 'ਤੇ ਜਾ ਪਿਆ ਅਤੇ ਮੈਂ ਵੇਖਿਆ, ਜਿਹੜਾ ਮੈਂ ਛੱਡ ਕੇ ਆਇਆ ਸੀ ਉੱਪਰ ਨੂੰ ਉੱਠ ਰਿਹਾ ਸੀ। ਇਸ ਪਿੱਛੋਂ ਮੁਰਦਾ ਉੱਠ ਖੜ੍ਹਿਆ, ਨੰਗਾ ਪਿੰਜਰ, ਜੋ ਆਪਣੀ ਝੁਕੀ ਹੋਈ ਪਿੱਠ ਨਾਲ ਪੱਥਰ ਨੂੰ ਬਾਹਰ ਧੱਕ ਰਿਹਾ ਸੀ। ਭਾਵੇਂ ਕਿ ਰਾਤ ਇੰਨੀ ਕਾਲੀ ਸੀ ਫਿਰ ਵੀ ਮੈਂ ਇਸ ਨੂੰ ਸਾਫ਼ ਸਾਫ਼ ਵੇਖਿਆ। ਮੈਂ ਕਰਾਸ ਉੱਤੇ ਪੜ੍ਹ ਸਕਦਾ ਸੀ ;

"ਇੱਥੇ ਜੈਕਸ ਓਲੀਵੰਟ ਦਫ਼ਨਾਇਆ ਗਿਆ ਹੈ, ਜੋ ਇਕਵੰਜਾ ਸਾਲ ਦੀ ਉਮਰ ਵਿੱਚ ਮਰ ਗਿਆ ਸੀ। ਉਹ ਆਪਣੇ ਪਰਿਵਾਰ ਨਾਲ ਪਿਆਰ ਕਰਦਾ ਸੀ, ਬੜੀ ਮਿਹਰਬਾਨੀ ਅਤੇ ਸਤਿਕਾਰ ਵਾਲਾ ਸੀ ਅਤੇ ਪ੍ਰਮਾਤਮਾ ਦੀ ਮਿਹਰ ਸਦਕਾ ਮ੍ਰਿਤੂ ਨੂੰ ਪ੍ਰਾਪਤ ਹੋਇਆ।'

ਮੁਰਦੇ ਨੇ ਵੀ ਆਪਣੇ ਮਕਬਰੇ 'ਤੇ ਉੱਕਰੇ ਸ਼ਬਦ ਪੜ੍ਹੇ ਇਸ ਪਿੱਛੋਂ ਉਸ ਨੇ ਰਸਤੇ ਤੋਂ ਹਟ ਕੇ ਇਕ ਛੋਟਾ ਜਿਹਾ ਨੁਕੀਲਾ ਪੱਥਰ ਉਠਾਇਆ। ਅਤੇ ਬੜੇ ਧਿਆਨ ਨਾਲ ਸ਼ਬਦਾਂ ਨੂੰ ਮਿਟਾਉਣ ਲਗ ਪਿਆ। ਉਸ ਨੇ ਹੌਲੀ ਹੌਲੀ ਸ਼ਬਦ ਮਿਟਾ ਦਿੱਤੇ, ਅਤੇ ਉਸ ਨੇ ਆਪਣੀਆਂ ਖਾਲੀ ਅੱਖਾਂ ਨਾਲ ਉਨ੍ਹਾਂ ਥਾਂਵਾਂ ਨੂੰ ਵੇਖਿਆ ਜਿੱਥੇ ਉਹ ਉੱਕਰੇ ਗਏ ਸਨ। ਇਸ ਪਿੱਛੋਂ ਉਸ ਨੇ ਆਪਣੀਆਂ ਉਂਗਲਾਂ ਵਿੱਚ ਫੜੀ ਹੱਡੀ ਦੀ ਨੋਕ ਨਾਲ ਉਨ੍ਹਾਂ ਸਤਰਾਂ ਵਾਂਗ ਚਮਕੀਲੇ ਸ਼ਬਦ ਲਿਖੇ ਜਿਹੜੀਆਂ ਬੱਚੇ ਸਲਾਈ ਦੀ ਨੋਕ ਨਾਲ ਦੀਵਾਰਾਂ 'ਤੇ ਲਿਖਦੇ ਹਨ।

"ਇੱਥੋਂ ਜੈਕਸ ਓਲੀਵਟ ਦਫ਼ਨਾਇਆ ਗਿਆ ਹੈ ਜੋ ਇਕਵੰਜਾ ਸਾਲ ਦੀ ਉਮਰ ਵਿੱਚ ਮਰ ਗਿਆ ਸੀ। ਉਸ ਨੇ ਬੇਰਹਿਮੀ ਕਾਰਨ ਆਪਣੇ ਪਿਤਾ ਦੀ ਮੌਤ ਛੇਤੀ ਲੈ ਆਂਦੀ ਕਿਉਂਕਿ ਉਹ ਉਸ ਦੀ ਦੌਲਤ ਲੈਣਾ ਚਾਹੁੰਦਾ ਸੀ, ਉਸ ਨੇ ਆਪਣੀ ਪਤਨੀ ਨੂੰ ਤੰਗ ਕੀਤਾ, ਬੱਚਿਆਂ ਨੂੰ ਤਸੀਹਾ ਦਿੱਤਾ, ਗੁਆਂਢੀਆਂ ਨੂੰ ਧੋਖਾ

ਦਿੱਤਾ, ਜਿਸ ਨੂੰ ਵੀ ਲੁੱਟ ਸਕਦਾ ਸੀ ਲੁੱਟਿਆ ਅਤੇ ਮੁਸੀਬਤ ਦਾ ਮਾਰਿਆ ਮਰ ਗਿਆ।

"ਜਦੋਂ ਉਸ ਨੇ ਲਿਖਣਾ ਖ਼ਤਮ ਕਰ ਦਿੱਤਾ ਤਾਂ ਉਹ ਅਹਿਲ ਖੜ੍ਹਾ ਹੋ ਗਿਆ ਅਤੇ ਆਪਣੇ ਕੰਮ ਨੂੰ ਵੇਖਣ ਲੱਗ ਪਿਆ। ਜਦੋਂ ਮੁੜ ਕੇ ਵੇਖਿਆ ਤਾਂ ਸਾਰੀਆਂ ਕਬਰਾਂ ਖੁੱਲ੍ਹੀਆਂ ਹੋਈਆ ਸਨ ਅਤੇ ਸਾਰੀਆਂ ਲਾਸ਼ਾਂ ਉਨ੍ਹਾਂ ਵਿੱਚੋਂ ਨਿਕਲ ਆਈਆਂ ਸਨ ਅਤੇ ਉਹ ਸਾਰੀਆਂ ਸਤਰਾਂ ਜੋ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਉਕਰਾਈਆਂ ਸਨ ਮਿਟਾ ਦਿੱਤੀਆਂ ਸਨ, ਉਨ੍ਹਾਂ ਦੀ ਥਾਂ ਸੱਚਾਈ ਉੱਕਰੀ ਸੀ। ਅਤੇ ਮੈਂ ਵੇਖਿਆ ਕਿ ਸਾਰੇ ਆਪਣੇ ਗੁਆਂਢੀਆਂ ਨੂੰ ਤਸੀਹਾ ਦੇਣ ਵਾਲੇ ਸਨ ਮੰਦਭਾਵੇ, ਬੇਈਮਾਨ, ਕਪਟੀ, ਝੂਠੇ ਬਦਮਾਸ਼, ਨਿੰਦਕ, ਪਾਪੀ, ਉਨ੍ਹਾਂ ਨੇ ਚੋਰੀ ਕੀਤੀ ਸੀ, ਧੋਖਾ ਦਿੱਤਾ ਸੀ ਹਰੇਕ ਬੇਇੱਜ਼ਤੀ ਵਾਲਾ ਅਤੇ ਘ੍ਰਿਣਾਜਨਕ ਕੰਮ ਕੀਤਾ ਸੀ, ਇਨ੍ਹਾਂ ਚੰਗੇ ਪਿਉਆਂ ਇਨ੍ਹਾਂ ਵਿਸ਼ਵਾਸਪਾਤਰ ਪਤਨੀਆਂ, ਇਨ੍ਹਾਂ ਫਰਮਾਂ ਬਰਦਾਰ ਪੁੱਤਰਾਂ ਇਨ੍ਹਾਂ ਪਵਿੱਤਰ ਲੜਕੀਆਂ ਇਨ੍ਹਾਂ ਇਮਾਨਦਾਰ  ਵਪਾਰੀਆਂ ਇਨ੍ਹਾਂ ਆਦਮੀਆਂ ਅਤੇ ਔਰਤਾਂ ਦੇ ਜਿਨ੍ਹਾਂ ਨੂੰ ਪਵਿੱਤਰ ਕਿਹਾ ਜਾਂਦਾ ਹੈ। ਇੱਕੋ ਸਮੇਂ ਉਹ ਆਪਣੇ ਸਦੀਵੀ ਸਾਰੇ ਟਿਕਾਣੇ ਦੀ ਦੇਹਲੀ ਉੱਤੇ ਪਵਿੱਤਰ ਸੱਚਾਈ ਲਿਖ ਰਹੇ ਸਨ ਜਿਸ ਬਾਰੇ ਲੋਕਾਂ ਨੂੰ ਪਤਾ ਨਹੀਂ ਸੀ ਜਾਂ ਪਤਾ ਨਾ ਹੋਣ ਦਾ ਬਹਾਨਾ ਕਰਦੇ ਸਨ, ਜਦੋਂ ਉਹ ਜ਼ਿੰਦਾ ਸਨ।

"ਮੇਰਾ ਖ਼ਿਆਲ ਸੀ ਕਿ ਉਸ ਨੇ ਵੀ ਆਪਣੇ ਮਕਬਰੇ ਉੱਤੇ ਕੁਝ ਨਾ ਕੁਝ ਲਿਖਿਆ ਹੋਵੇਗਾ, ਅਤੇ ਹੁਣ ਅੱਧ ਖੁੱਲ੍ਹੇ ਬਕਸਿਆਂ, ਲਾਸ਼ਾਂ ਅਤੇ ਪਿੰਜਰਾਂ ਵਿੱਚ ਬਿਨਾਂ ਕਿਸੇ ਡਰ ਦੇ ਦੌੜਦਿਆਂ ਮੈਂ ਉਸ ਵੱਲ ਦ੍ਰਿੜ੍ਹਤਾ ਨਾਲ ਵਧਿਆ ਕਿ ਮੈਂ ਉਸ ਨੂੰ ਲੱਭ ਲਵਾਂਗਾ ਮੈਂ ਉਸ ਨੂੰ ਉਸ ਦਾ ਚਿਹਰਾ ਵੇਖੇ ਬਿਨਾਂ, ਜੋ ਚਾਦਰ ਨਾਲ ਢੱਕਿਆ ਹੋਇਆ ਸੀ, ਪਛਾਣ ਲਿਆ, ਅਤੇ ਸੰਗਮਰਮਰ ਦੇ ਕਰਾਸ ਉੱਤੇ ਜਿੱਥੇ ਥੋੜ੍ਹੀ ਦੇਰ ਪਹਿਲਾਂ ਮੈਂ ਪੜ੍ਹਿਆ ਸੀ:

"ਉਹ ਪਿਆਰ ਕਰਦੀ ਸੀ, ਉਸ ਨੂੰਪਿਆਰ ਕੀਤਾ ਗਿਆ, ਅਤੇ ਮਰ ਗਈ,"

ਮੈਂ ਹੁਣ ਵੇਖਿਆ :

"ਇਕ ਦਿਨ ਬਾਰਸ਼ ਵਾਲੇ ਦਿਨ ਉਹ ਆਪਣੇ ਪਿਆਰੇ ਨੂੰ ਧੋਖਾ ਦੇ ਕੇ, ਗਈ ਉਸ ਨੂੰ ਠੰਢ ਲੱਗ ਗਈ ਅਤੇ ਮਰ ਗਈ।"

"ਇਹ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਮੈਨੂੰ ਸਵੇਰ ਹੁੰਦਿਆਂ ਕਬਰ ਉੱਤੇ ਬੇਹੋਸ਼ ਪਿਆ ਲੱਭ ਲਿਆ ਸੀ"।

# ਝੂਠੇ ਹੀਰੇ

ਐੱਮ ਲੈਂਟਿਨ ਆਪਣੇ ਦਫ਼ਤਰ ਦੇ ਮੁੱਖ ਸਹਾਇਕ ਦੇ ਘਰ ਸਮਾਰੋਹ ਵਿੱਚ ਇਕ ਮੁਟਿਆਰ ਨੂੰ ਮਿਲਿਆ, ਅਤੇ ਪਹਿਲੀ ਨਜ਼ਰੀ ਉਸ ਨਾਲ ਪਿਆਰ ਹੋ ਗਿਆ।

ਉਹ ਪਿੰਡ ਦੇ ਡਾਕਟਰ ਦੀ ਲੜਕੀ ਸੀ, ਜੋ, ਕੁਝ ਮਹੀਨੇ ਪਹਿਲਾਂ ਮਰ ਗਿਆ ਸੀ, ਉਹ ਆਪਣੀ ਮਾਂ ਕੋਲ ਪੈਰਿਸ ਵਿੱਚ ਰਹਿਣ ਆਈ ਸੀ, ਜੋ ਆਪਣੇ ਵਾਕਫ਼ਕਾਰਾਂ ਕੋਲ ਕਾਫ਼ੀ ਵਾਰੀ ਗਈ ਤਾਂ ਜੋ ਉਹ ਆਪਣੀ ਲੜਕੀ ਦੀ ਚੰਗੀ ਸ਼ਾਦੀ ਕਰ ਸਕੇ। ਉਹ ਗ਼ਰੀਬ ਇਮਾਨਦਾਰ ਸਿੱਧੇ ਸਾਦੇ ਸਨ।

ਨੌਜਵਾਨ ਲੜਕੀ ਇਕ ਗੁਣਵਾਨ ਕਿਸਮ ਦੀ ਔਰਤ ਸੀ ਜਿਸ ਨੂੰ ਹਰੇਕ ਸੂਝਵਾਨ ਵਿਅਕਤੀ ਆਪਣੀ ਜੀਵਨ ਸਾਥੀ ਬਣਾਉਣਾ ਚਾਹੇਗਾ। ਉਸ ਦਾ ਸਾਧਾਰਨ ਸੁਹੱਪਣ ਪਰੀਆਂ ਵਾਲਾ ਸੀ, ਅਤੇ ਅਛੋਹ ਮੁਸਕਰਾਹਟ ਜਿਹੜੀ ਉਸ ਦੇ ਬੁੱਲ੍ਹਾਂ ’ਤੇ ਛਾਈ ਹੋਈ ਸੀ, ਸੱਚੀ ਅਤੇ ਪਿਆਰੀ ਰੂਹ ਦੀ ਝਲਕ ਦਿੰਦੀ ਸੀ, ਚਾਰੇ ਪਾਸੇ ਉਸ ਦੀ ਤਾਰੀਫ਼ ਹੋ ਰਹੀ ਸੀ। ਲੋਕ ਇਹ ਕਹਿੰਦੇ ਨਹੀਂ ਥੱਕਦੇ ਸਨ "ਉਹ ਆਦਮੀ ਖ਼ੁਸ਼ਕਿਸਮਤ ਹੋਵੇਗਾ ਜੋ ਉਸ ਦਾ ਪਿਆਰ ਪ੍ਰਾਪਤ ਕਰੇਗਾ। ਉਸ ਨੂੰ ਇਸ ਤੋਂ ਚੰਗੀ ਪਤਨੀ ਨਹੀਂ ਮਿਲ ਸਕਦੀ।

ਹੁਣ ਐੱਮ. ਲੈਟਨ ਨੂੰ 700 ਡਾਲਰ ਦੀ ਕਾਫ਼ੀ ਆਮਦਨ ਸੀ, ਅਤੇ ਇਹ ਖ਼ਿਆਲ ਕਰਦੇ ਹੋਏ ਕਿ ਉਹ ਸ਼ਾਦੀ ਦੀਆਂ ਜ਼ਿੰਮੇਵਾਰੀਆਂ ਸੰਭਾਲ ਸਕਦਾ ਹੈ, ਇਸ ਖ਼ੂਬਸੂਰਤ ਨੌਜਵਾਨ ਲੜਕੇ ਨੂੰ ਸ਼ਾਦੀ ਦੀ ਪੇਸ਼ਕਸ਼ ਕੀਤੀ ਜੋ ਪ੍ਰਵਾਨ ਹੋ ਗਈ।

ਉਹ ਉਸ ਨਾਲ ਅਤਿ ਖ਼ੁਸ਼ ਸੀ; ਉਸ ਨੇ ਰਸੋਈ ਦਾ ਬੜੀ ਸਿਆਣਪ ਅਤੇ ਸੰਜਮ ਨਾਲ ਪ੍ਰਬੰਧ ਕੀਤਾ ਹੋਇਆ ਸੀ ਕਿ ਉਨ੍ਹਾਂ ਦਾ ਰਹਿਣ ਸਹਿਣ ਸ਼ਾਹਾਨਾ ਪ੍ਰਤੀਤ ਹੁੰਦਾ ਸੀ, ਉਹ ਆਪਣੇ ਪਤੀ ਵੱਲ ਪੂਰਾ ਧਿਆਨ ਦਿੰਦੀ ਸੀ, ਉਸ ਦਾ

ਦਿਲ ਪਰਚਾਉਂਦੀ ਸੀ ਅਤੇ ਖ਼ੁਸ਼ ਰੱਖਦੀ ਸੀ, ਅਤੇ ਉਸ ਦੀ ਹੋਂਦ ਇੰਨੀ ਲੁਭਾਏਮਾਨ ਸੀ ਕਿ ਉਨ੍ਹਾਂ ਦੀ ਸ਼ਾਦੀ ਤੋਂ ਛੇ ਸਾਲ ਬਾਅਦ ਐੱਮ. ਲੈਂਟਨ ਨੂੰ ਪਤਾ ਲੱਗਿਆ ਕਿ ਉਹ ਆਪਣੀ ਪਤਨੀ ਨੂੰ ਸੁਹਾਗ-ਮਹੀਨੇ ਦੇ ਪਹਿਲੇ ਦਿਨਾਂ ਤੋਂ ਵੀ ਵੱਧ ਪਿਆਰ ਕਰਦਾ ਸੀ।

ਉਸ ਨੂੰ ਉਸ ਦੇ ਖ਼ਿਲਾਫ਼ ਕੇਵਲ ਦੋ ਗੱਲਾਂ ਕਰਕੇ ਸ਼ਿਕਾਇਤ ਸੀ। ਥੀਏਟਰ ਲਈ ਉਸ ਦਾ ਪਿਆਰ, ਅਤੇ ਮਸਨੂਹੀ ਜ਼ੇਵਰਾਤ ਲਈ ਪਸੰਦਗੀ। ਉਸ ਦੇ ਮਿੱਤਰ (ਉਸ ਦਾ ਕੁਝ ਅਫ਼ਸਰਾਂ ਦੀਆਂ ਪਤਨੀਆਂ ਨਾਲ ਪਰਿਚਯ ਕਰਾਇਆ ਗਿਆ ਸੀ) ਆਮ ਤੌਰ ’ਤੇ ਉਸ ਲਈ ਥੀਏਟਰ ਵਿੱਚ ਇਕ ਬੌਕਸ ਬੁੱਕ ਕਰਾਉਂਦੇ ਹੁੰਦੇ ਸੀ, ਅਕਸਰ ਨਵੇਂ ਨਾਟਕਾਂ ਦੇ ਪਹਿਲੀ ਵਾਰ ਪੇਸ਼ ਕਰਨ ਉੱਤੇ ਅਤੇ ਉਸ ਦੇ ਪਤੀ ਨੂੰ ਇਨ੍ਹਾਂ ਖ਼ੁਸ਼ੀਆਂ ਦੇ ਸਮਾਗਮਾਂ ਵਿੱਚ ਜਾਣਾ ਪੈਂਦਾ ਸੀ ਭਾਵੇਂ ਉਹ ਚਾਹੇ ਜਾਂ ਨਾ, ਉਹ ਉਸ ਨੂੰ ਦਫ਼ਤਰ ਵਿੱਚ ਦਿਨ ਭਰ ਦੀ ਮਿਹਨਤ ਤੋਂ ਪਿੱਛੋਂ ਕਾਫੀ ਉਕਤਾਉਂਦੇ ਸਨ।

ਕੁਝ ਸਮੇਂ ਪਿੱਛੋਂ', ਐੱਮ. ਲੈਂਟਿਨ ਨੇ ਆਪਣੀ ਪਤਨੀ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਨਾਲ ਆਪਣੀ ਜਾਣ ਪਛਾਣ ਦੀ ਕੋਈ ਹੋਰ ਔਰਤ ਨੂੰ ਨਾਲ ਲੈ ਜਾਵੇ। ਉਸ ਨੇ ਪਹਿਲਾਂ ਤਾਂ ਅਜਿਹੇ ਪ੍ਰਬੰਧ ਬਾਰੇ ਨਾਂਹ ਨੁੱਕਰ ਕੀਤਾ, ਪਰੰਤੂ ਉਸ ਵੱਲੋਂ ਬਹੁਤਾ ਕਹਿਣ ’ਤੇ ਉਹ ਆਪਣੇ ਪਤੀ ਦੀ ਖ਼ੁਸ਼ੀ ਲਈ ਮੰਨ ਗਈ।

ਹੁਣ ਉਸ ਦੇ ਥੀਏਟਰ ਦੇ ਪਿਆਰ ਦੇ ਨਾਲ ਨਾਲ ਉਸ ਅੰਦਰ ਆਪਣੇ ਸਰੀਰ ਨੂੰ ਸਜਾਉਣ ਦੀ ਖ਼ਾਹਿਸ਼ ਵੀ ਪੈਦਾ ਹੋਈ। ਉਸ ਦਾ ਪਹਿਰਾਵਾ ਪਹਿਲਾਂ ਵਾਂਗ ਸਾਦਾ ਅਤੇ ਠੀਕ ਰਿਹਾ ਪਰੰਤੂ ਛੇਤੀ ਹੀ ਉਹ ਆਪਣੇ ਕੰਨਾਂ ਨੂੰ ਬਣਾਉਟੀ ਪੱਥਰਾਂ ਨਾਲ ਸਜਾਉਣ ਲੱਗ ਪਈ ਜੋ ਅਸਲੀ ਹੀਰਿਆਂ ਵਾਂਗ ਚਮਕਦੇ ਸਨ। ਆਪਣੀ ਗਰਦਨ ਦੁਆਲੇ ਨਕਲੀ ਮੋਤੀ ਪਹਿਨਦੀ ਸੀ ਅਤੇ ਆਪਣੇ ਬਾਜ਼ੂਆਂ ’ਤੇ ਨਕਲੀ ਸੋਨੇ ਦੇ ਗਜਰੇ ਪਾਉਂਦੀ ਸੀ।

ਉਸ ਦਾ ਪਤੀ ਉਸ ਨੂੰ ਅਕਸਰ ਸਮਝਾਉਂਦਾ ਸੀ, ਕਹਿੰਦਾ ਸੀ :

ਮੇਰੀ ਪਿਆਰੀ ਜੇ ਤੁਸੀਂ ਅਸਲੀ ਹੀਰੇ ਜਵਾਹਰਾਤ ਨਹੀਂ ਖ਼ਰੀਦ ਸਕਦੇ ਤਾਂ ਤੁਹਾਨੂੰ ਕੇਵਲ ਆਪਣੀ ਖ਼ੂਬਸੂਰਤੀ ਅਤੇ ਸਾਦਗੀ ਵਿੱਚ ਰਹਿਣਾ ਚਾਹੀਦਾ ਹੈ, ਜੋ ਤੁਹਾਡੇ ਜਿਸਮ ਦੇ ਖ਼ਾਸ ਗਹਿਣੇ ਹਨ।"

ਪਰੰਤੂ ਉਹ ਮਿੱਠਾ ਜਿਹਾ ਹੱਸ ਛੱਡਦੀ ਅਤੇ ਕਹਿੰਦੀ,

"ਮੈਂ ਮਜਬੂਰ ਹਾਂ? ਮੈਂ ਹੀਰੇ ਜ਼ਵਾਹਰਾਤ ਦੀ ਬਹੁਤ ਸ਼ੁਕੀਨ ਹਾਂ। ਕੇਵਲ ਇਹ ਮੇਰੀ ਕਮਜ਼ੋਰੀ ਹੈ,। ਅਸੀਂ ਆਪਣੀਆਂ ਆਦਤਾਂ ਨਹੀਂ ਬਦਲ ਸਕਦੇ।"

ਇਸ ਤੋਂ ਪਿੱਛੋਂ ਉਹ ਮੋਤੀਆਂ ਦੇ ਨੈਕਲਸ ਨੂੰ ਆਪਣੀਆਂ ਉਂਗਲਾਂ ਉੱਤੇ ਲਪੇਟ ਲੈਂਦੀ ਅਤੇ ਆਪਣੇ ਪਤੀ ਦੀ ਖ਼ੁਸ਼ੀ ਲਈ ਚਮਕੀਲੇ ਨਗ ਚੁੱਕ ਲੈਂਦੀ ਅਤੇ ਹੌਲੀ ਹੌਲੀ ਉਸ ਨੂੰ ਖ਼ੁਸ਼ ਕਰਦੀ।

ਵੇਖੋ, ਕੀ ਇਹ ਪਿਆਰੇ ਨਹੀਂ ਹਨ?

“ਸਹੁੰ ਖਾ ਕੇ ਕਹਿ ਸਕਦੇ ਹਾਂ ਕਿ ਇਹ ਅਸਲੀ ਹਨ।”

ਇਸ ਪਿੱਛੋਂ' ਐੱਮ. ਲੈਂਟਿਨ ਹੌਲੀ ਜਿਹੀ ਹੱਸ ਪੈਂਦਾ :

"ਮੇਰੀ ਪਿਆਰੀ ਤੁਹਾਡੀਆਂ ਬੋਹੀਮਿਅਨਾਂ ਦੀਆਂ ਆਦਤਾਂ ਹਨ।"

ਇਕ ਸ਼ਾਮ ਨੂੰ ਜਦੋਂ ਉਹ ਅੱਗ ਦੇ ਕੋਲ ਬੈਠ ਕੇ ਇਕਾਂਤ ਮਨਾ ਰਹੇ ਸਨ, ਉਸ ਚਾਹ ਵਾਲੇ ਮੇਜ਼ ’ਤੇ ਚਮੜੇ ਦਾ ਬਕਸਾ ਰੱਖਿਆ ਜਿਸ ਨੂੰ ਐੱਮ. ਲੈਂਟਿਨ ਟਰਾਸ਼ ਕਹਿੰਦਾ ਸੀ। ਉਹ ਝੂਠੇ ਨਗਾਂ ਨੂੰ ਬੜੇ ਠਰ੍ਹੰਮੇ ਨਾਲ ਵੇਖਦੀ ਜਿਵੇਂ ਕਿ ਉਹ ਕਿਸੇ ਤਰ੍ਹਾਂ ਪੂਰਨ ਅਤੇ ਗੁਪਤ ਖ਼ੁਸ਼ੀ ਨਾਲ ਸਬੰਧਿਤ ਹੋਣ, ਅਤੇ ਅਕਸਰ ਨੈਕਲਸ ਨੂੰ ਆਪਣੇ ਪਤੀ ਦੀ ਗਰਦਨ ਨਾਲ ਲਪੇਟਣ ’ਤੇ ਜ਼ੋਰ ਦਿੰਦੀ ਸੀ, ਅਤੇ ਕਹਿੰਦੀ "ਕਿੰਨੇ ਅਨੋਖੇ ਪ੍ਰਤੀਤ ਹੁੰਦੇ ਹੋ। ਇਸ ਤੋਂ ਪਿੱਛੋਂ ਉਹ ਉਸ ਦੀਆਂ ਬਾਂਹਾਂ ਵਿੱਚ ਗਿਰ ਜਾਂਦੀ ਅਤੇ ਪਿਆਰ ਸਹਿਤ ਉਸ ਨੂੰ ਚੁੰਮਦੀ। ਸਰਦੀਆਂ ਦੇ ਦਿਨਾਂ ਵਿੱਚ ਇਕ ਰਾਤ ਉਹ ਗੀਤ-ਨਾਟਕ ਵੇਖਣ ਗਈ ਅਤੇ ਵਾਪਸੀ ਉੱਤੇ ਉਸ ਨੂੰ ਸਰਦੀ ਲੱਗ ਗਈ ਅਤੇ ਜ਼ੁਕਾਮ ਲੱਗ ਗਿਆ। ਅਗਲੇ ਦਿਨ ਉਸ ਨੂੰ ਖੰਘ ਲੱਗ ਗਈ ਅਤੇ ਅੱਠ ਦਿਨ ਬਾਅਦ ਉਹ ਫੇਫੜਿਆਂ ਦੀ ਸੋਜ ਕਰਕੇ ਮਰ ਗਈ।

ਐੱਮ. ਲੇਟਿਨ ਦੀ ਮਾਯੂਸੀ ਇੰਨੀ ਵੱਧ ਗਈ ਕਿ ਉਸ ਦੇ ਵਾਲ਼ ਇਕ ਮਹੀਨੇ ਵਿੱਚ ਸਫ਼ੈਦ ਹੋ ਗਏ। ਉਹ ਜ਼ਾਰ ਜ਼ਾਰ ਰੋਇਆ, ਉਸ ਦਾ ਦਿਲ ਗ਼ਮ ਨਾਲ ਫਟ ਗਿਆ ਅਤੇ ਉਸ ਦੇ ਦਿਮਾਗ਼ ਵਿੱਚ ਉਸ ਦੀ ਖ਼ੂਬਸੂਰਤ ਸਵਰਗਵਾਸੀ ਪਤਨੀ ਦੀ ਯਾਦ, ਮੁਸਕਰਾਹਟ ਅਤੇ ਆਵਾਜ਼ ਗੂੰਜਦੀ ਰਹੀ।

ਸਮਾਂ ਜੋ ਗ਼ਮ ਭੁਲਾ ਦਿੰਦਾ ਹੈ, ਉਸ ਦੇ ਗ਼ਮ ਨੂੰ ਘਟਾ ਨਾ ਸਕਿਆ। ਅਕਸਰ ਦਫ਼ਤਰ ਦੇ ਸਮੇਂ ਦੇ ਦੌਰਾਨ, ਜਦੋਂ ਉਸ ਦੇ ਸਾਥੀ ਦਿਨ ਦੀਆਂ ਗੱਲਾਂ ’ਤੇ ਵਿਚਾਰ ਕਰਦੇ ਸਨ ਤਾਂ ਉਸ ਦੀਆਂ ਅੱਖਾਂ ਵਿੱਚ ਅੱਥਰੂ ਭਰ ਜਾਂਦੇ, ਅਤੇ ਉਹ ਆਪਣੇ ਗ਼ਮ ਦੀ ਹਵਾੜ੍ਹ ਹਿਚਕੀਆਂ ਭਰ ਕੇ ਕੱਢਦਾ। ਉਸ ਦੀ ਪਤਨੀ ਦੇ ਕਮਰੇ ਵਿੱਚ ਉਸ ਦੇ ਮਰਨ ਤੋਂ ਪਹਿਲਾਂ ਪਈ ਚੀਜ਼ ਉਸੇ ਤਰ੍ਹਾਂ ਪਈ ਰਹੀ; ਅਤੇ ਇੱਥੇ ਉਹ ਹਰ ਰੋਜ਼ ਆਪਣੇ ਆਪ ਨੂੰ ਲੁਕਾ ਲੈਂਦਾ ਸੀ ਅਤੇ ਉਸ ਬਾਰੇ ਸੋਚਦਾ ਰਹਿੰਦਾ ਸੀ ਜੋ ਉਸ ਦਾ ਖ਼ਜ਼ਾਨਾ ਸੀ ਉਸ ਦੀ ਹੋਂਦ ਦੀ ਖ਼ੁਸ਼ੀ ਸੀ।

ਪਰੰਤੂ ਫ਼ੌਰਨ ਉਸ ਦੀ ਜ਼ਿੰਦਗੀ ਦੀ ਜੱਦੋਂ ਜਹਿਦ ਸ਼ੁਰੂ ਹੋ ਗਈ। ਉਸ ਦੀ ਆਮਦਨ ਜਿਸ ਨਾਲ ਉਸ ਦੀ ਪਤਨੀ ਘਰ ਦਾ ਸਾਰਾ ਖ਼ਰਚ ਕਰਦੀ ਸੀ ਹੁਣ ਕੇਵਲ ਉਸ ਦੀਆਂ ਲੋੜਾਂ ਲਈ ਵੀ ਨਾ ਕਾਫੀ ਹੋ ਗਈ, ਅਤੇ ਉਹ ਹੈਰਾਨ ਸੀ ਕਿ ਉਹ ਇਸ ਆਮਦਨ ਨਾਲ ਉਸ ਲਈ ਇੰਨੀ ਵਧੀਆ ਬਰਾਬਰ ਕਿਵੇਂ ਖ਼ਰੀਦਦੀ ਸੀ। ਅਤੇ ਅਜਿਹੀਆਂ ਨਾਯਾਬ ਚੀਜ਼ਾਂ, ਜਿਹੜੀਆਂ ਕਿ ਉਹ ਆਪਣੀ ਇਸ ਆਮਦਨ ਨਾਲ ਨਹੀਂ ਖ਼ਰੀਦ ਸਕਦਾ ਸੀ।

ਉਸ ਨੇ ਕੁਝ ਕਰਜ਼ੇ ਵੀ ਲਏ ਅਤੇ ਛੇਤੀ ਹੀ ਉਹ ਅਤਿ ਗ਼ਰੀਬ ਹੋ ਗਿਆ। ਇਕ ਸਵੇਰ, ਜਦੋਂ ਉਸ ਦੀ ਜੇਬ ਵਿੱਚ ਇਕ ਸੈਂਟ ਵੀ ਨਹੀਂ ਸੀ ਉਸ ਨੇ ਸੋਚਿਆ ਕਿ ਕੋਈ ਚੀਜ਼ ਵੇਚੀ ਜਾਵੇ, ਅਤੇ ਫ਼ੌਰਨ ਉਸ ਦੇ ਦਿਮਾਗ਼ ਵਿੱਚ ਆਇਆ ਕਿ ਆਪਣੀ ਪਤਨੀ ਦੇ ਕੱਚ ਦੇ ਜਵਾਹਰਾਤ ਵੇਚ ਦੇਵੇ। ਉਸ ਦੇ ਦਿਲ ਵਿੱਚ ਨਕਲੀ ਜਵਾਹਰਾਤ ਵਿਰੁੱਧ ਰੜਕ ਸੀ। ਇਹ ਉਸਨੂੰ ਪਹਿਲਾਂ ਵੀ ਤੰਗ ਕਰਦੇ ਸਨ, ਅਤੇ ਉਨ੍ਹਾਂ ਨੂੰ ਵੇਖਣ ਨਾਲ ਉਸ ਦੀ ਸਵਰਗਵਾਸੀ ਮਹਿਬੂਬਾ ਦੀ ਯਾਦ ਫਿੱਕੀ ਪੈਂਦੀ ਸੀ।

ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨਾਂ ਵਿੱਚ ਵੀ ਉਹ ਖ਼ਰੀਦਾਦਾਰੀ ਕਰਦੀ ਰਹਿੰਦੀ ਸੀ; ਅਤੇ ਤਕਰੀਬਨ ਹਰ ਸ਼ਾਮ ਨਵੇਂ ਜਵਾਹਰਾਤ ਘਰ ਲਿਆਉਂਦੀ ਸੀ। ਉਸ ਨੇ ਫ਼ੈਸਲਾ ਕੀਤਾ ਕਿ ਸਭ ਤੋਂ ਭਾਰਾ ਨੈਕਲਸ ਜਿਹੜਾ ਕਿ ਉਹ ਪਸੰਦ ਕਰਦੀ ਸੀ ਵੇਚ ਦਿੱਤਾ ਜਾਵੇ, ਅਤੇ ਜਿਸ ਬਾਰੇ ਉਸ ਦਾ ਖ਼ਿਆਲ ਸੀ ਕਿ 6 ਜਾਂ 7 ਫਰੈਂਕਸ ਤੋਂ ਵੱਧ ਨਹੀਂ ਸੀ; ਕਿਉਂਕਿ ਭਾਵੇਂ ਉਹ ਕੱਚ ਦੇ ਸਨ ਫਿਰ ਵੀ ਚੰਗੀ ਕਾਰੀਗਰੀ ਦਾ ਨਮੂਨਾ ਸਨ।

ਉਸ ਨੇ ਇਹ ਆਪਣੀ ਜੇਬ ਵਿੱਚ ਪਾ ਲਿਆ ਅਤੇ ਜੌਹਰੀ ਦੀ ਦੁਕਾਨ ਦੀ ਭਾਲ਼ ਕਰਨੀ ਸ਼ੁਰੂ ਕਰ ਦਿੱਤੀ, ਜੋ ਦੁਕਾਨ ਉਸ ਨੇ ਪਹਿਲਾਂ ਵੇਖੀ ਉਸ ਵਿੱਚ ਦਾਖ਼ਲ ਹੋ ਗਿਆ। ਉਸ ਨੇ ਆਪਣੀ ਗ਼ਰੀਬੀ ਦੱਸਣ ਅਤੇ ਅਜਿਹੀ ਨਿਕੰਮੀ ਚੀਜ਼ ਵੇਚਣ ਲਈ ਪੇਸ਼ ਕਰਨ ਵਿੱਚ ਸ਼ਰਮ ਮਹਿਸੂਸ ਕੀਤੀ।

ਸ੍ਰੀਮਾਨ ਜੀ, ਉਸ ਨੇ ਸੁਦਾਗਰ ਨੂੰ ਕਿਹਾ, "ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਦੀ ਕੀਮਤ ਕੀ ਹੈ।"

ਉਸ ਆਦਮੀ ਨੇ ਨੈਕਲਸ ਉਠਾਇਆ ਵੇਖਿਆ ਆਪਣੇ ਕਲਰਕ ਨੂੰ ਬੁਲਾਇਆ ਅਤੇ ਧੀਮੀ ਜਿਹੀ ਆਵਾਜ਼ ਵਿੱਚ ਕੁਝ ਕਿਹਾ; ਇਸ ਪਿੱਛੋਂ ਉਸ ਨੇ ਗਹਿਣਾ ਕਾਊਂਟਰ 'ਤੇ ਰੱਖ ਦਿੱਤਾ, ਅਤੇ ਇਸ ਦਾ ਅਸਰ ਜਾਂਚਣ ਲਈ ਫ਼ਾਸਲੇ ਤੋਂ ਵੇਖਣ ਲੱਗ ਪਿਆ।

ਅਜਿਹਾ ਕੁਝ ਕਰਨ ਨਾਲ ਐੱਮ. ਲੈਂਟਨ ਨਾਰਾਜ਼ ਹੋ ਗਿਆ ਅਤੇ ਇਹ ਕਹਿਣ ਵਾਲਾ ਸੀ, ਓ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਸ ਦੀ ਕੋਈ ਕੀਮਤ ਨਹੀਂ ਹੈ ਜਦ ਜੋਹਰੀ ਨੇ ਕਿਹਾ "ਸ੍ਰੀਮਾਨ ਜੀ ਨੈਕਲਸ ਦੀ ਕੀਮਤ 12 ਤੋਂ 15 ਹਜ਼ਾਰ ਫਰੈਂਕਸ ਹੈ; ਪਰੰਤੂ ਜਦ ਤੱਕ ਤੁਸੀਂ ਇਹ ਨਹੀਂ ਦੱਸੋਗੇ ਕਿ ਇਹ ਕਿੱਥੋਂ ਆਇਆ ਹੈ ਮੈਂ ਨਹੀਂ ਖ਼ਰੀਦ ਸਕਦਾ।"

ਰੰਡਾ ਆਦਮੀ ਹੈਰਾਨ ਹੋ ਗਿਆ ਅਤੇ ਸੁਦਾਗਰ ਦੇ ਅਰਥ ਨਾ ਸਮਝਦੇ ਹੋਏ ਉਸ ਦਾ ਮੂੰਹ ਖੁੱਲ੍ਹਾ ਰਹਿ ਗਿਆ। ਉਹ ਥਥਲਾ ਗਿਆ; ਤੁਸੀਂ ਕਹਿੰਦੇ ਹੋ ਕੀ ਤੁਹਾਨੂੰ ਯਕੀਨ ਹੈ? ਦੂਜੇ ਨੇ ਬੜੀ ਬੇਰੁਖ਼ੀ ਨਾਲ ਉੱਤਰ ਦਿੱਤਾ, "ਤੁਸੀਂ ਕਿਸੇ ਹੋਰ

ਥਾਂ ਤਲਾਸ਼ ਕਰ ਸਕਦੇ ਹੋ ਅਤੇ ਵੇਖੋ ਜੇ ਕੋਈ ਆਦਮੀ ਜ਼ਿਆਦਾ ਰਕਮ ਦੇ ਦੇਵੇ। ਮੇਰੇ ਵਿਚਾਰ ਅਨੁਸਾਰ ਇਸ ਦੀ ਕੀਮਤ 15 ਹਜ਼ਾਰ ਹੈ। ਜੇ ਤੁਹਾਨੂੰ ਜ਼ਿਆਦਾ ਨਾ ਮਿਲਣ ਤਾਂ ਇੱਥੇ ਆ ਜਾਣਾ।"

ਐੱਮ. ਲੈਟਨ ਨੇ ਹੈਰਾਨਗੀ ਨਾਲ ਨੈਕਲਸ ਉਠਾ ਲਿਆ ਅਤੇ ਸਟੋਰ ਵਿੱਚੋਂ ਨਿਕਲ ਗਿਆ। ਉਸ ਨੂੰ ਵਿਖਾਉਣ ਵਾਸਤੇ ਸਮਾਂ ਚਾਹੀਦਾ ਸੀ।

ਇਕ ਵਾਰੀ ਬਾਹਰ, ਉਸ ਨੇ ਹੱਸਣਾ ਚਾਹਿਆ; ਉਸ ਨੇ ਕਿਹਾ "ਬੇਵਕੂਫ਼! ਜੇ ਮੈਂ ਉਸ ਦੇ ਸ਼ਬਦਾਂ ’ਤੇ ਵਿਸ਼ਵਾਸ ਕਰ ਲੈਂਦਾ। ਉਹ ਜੌਹਰੀ ਅਸਲੀ ਹੀਰਿਆਂ ਅਤੇ ਨਕਲੀ ਹੀਰਿਆਂ ਵਿੱਚ ਫ਼ਰਕ ਨਹੀਂ ਦੱਸ ਸਕਦਾ।"

ਇਕ ਮਿੰਟ ਪਿੱਛੋਂ ਉਹ ਰੂਈ ਡੀਲਾ ਪੈਕਸ ਵਿੱਚ ਇਕ ਹੋਰ ਸਟੋਰ ਵਿੱਚ ਦਾਖ਼ਲ ਹੋ ਗਿਆ। ਜਿਉਂ ਹੀ ਮਾਲਕ ਨੇ ਨੈਕਲਸ ਵੇਖਿਆ ਤਾਂ ਉਸ ਨੇ ਚੀਕ ਮਾਰੀ,

"ਓ ਸਹੁੰ ਰੱਬ ਦੀ ਮੈਂ ਚੰਗੀ ਤਰ੍ਹਾਂ ਪਛਾਣਦਾ ਹਾਂ ਇਹ ਇੱਥੋਂ ਖਰੀਦਿਆ ਗਿਆ ਸੀ।"

ਐੱਮ. ਲੈਂਟਿਨ ਘਬਰਾ ਗਿਆ ਅਤੇ ਪੁੱਛਿਆ,

"ਇਸ ਦੀ ਕਿੰਨੀ ਕੀਮਤ ਹੈ?"

ਹਾਂ ਮੈਂ ਇਹ 20 ਹਜ਼ਾਰ ਫਰੈਂਕ ਦਾ ਵੇਚਿਆ ਸੀ। ਜਦੋਂ ਤੁਸੀਂ ਦੱਸ ਦੇਵੋਗੇ ਤਾਂ ਮੈਂ ਇਹ 18 ਹਜ਼ਾਰ ਵਿੱਚ ਖ਼ਰੀਦ ਲਵਾਂਗਾ ਜਦੋਂ ਤੁਸੀਂ ਸਾਡੇ ਅਸੂਲ ਮੁਤਾਬਕ ਇਹ ਦੱਸ ਦੇਵੋਗੇ ਕਿ ਇਹ ਤੁਹਾਡੇ ਕੋਲ ਕਿਵੇਂ ਆਇਆ।"

ਇਸ ਵਾਰੀ ਐੱਮ. ਲੈਂਟਿਨ ਉੱਤਰ ਨਾ ਦੇ ਸਕਿਆ। ਉਸ ਨੇ ਉੱਤਰ ਦਿੱਤਾ।

"ਪਰੰਤੂ ਪਰੰਤੂ ਇਸ ਨੂੰ ਚੰਗੀ ਤਰ੍ਹਾਂ ਵੇਖ ਲਵੋ। ਹੁਣ ਤੱਕ ਮੇਰਾ ਖ਼ਿਆਲ ਸੀ ਕਿ ਇਹ ਨਕਲੀ ਹਨ।"

ਜੌਹਰੀ ਨੇ ਕਿਹਾ :

“ਤੁਹਾਡਾ ਕੀ ਨਾਂ ਹੈ ਸ੍ਰੀਮਾਨ ਜੀ?"

"ਲੈਂਟਿਨ ਮੈਂ ਗ੍ਰਹਿ ਵਿਭਾਗ ਵਿੱਚ ਮੁਲਾਜ਼ਮ ਹਾਂ। ਮੈਂ ਨੰ: 16 ਰੀਓ ਡੈਸ ਮਾਰਟਾ- ਇਰਜ਼ ਵਿੱਚ ਰਹਿੰਦਾ ਹਾਂ।”

ਸੁਦਾਗਰ ਨੇ ਆਪਣੀਆਂ ਕਿਤਾਬਾਂ ਵੇਖੀਆਂ ਇੰਦਰਾਜ ਲੱਭ ਲਿਆ "ਉਹ ਨੈਕਲਸ ਸ੍ਰੀਮਤੀ ਲੈਂਟਿਨ ਦੇ ਪਤੇ 16 ਰੀਓ ਡੈਸ ਮਾਰਟਾਇਰਜ਼ ਨੂੰ 20 ਜੁਲਾਈ, 1876 ਨੂੰ ਭੇਜਿਆ ਗਿਆ ਸੀ।"

ਦੋਹਾਂ ਆਦਮੀਆਂ ਨੇ ਇਕ ਦੂਜੇ ਦੀਆਂ ਅੱਖਾਂ ਵਿੱਚ ਵੇਖਿਆ ਰੰਡਾ ਹੈਰਾਨਗੀ ਨਾਲ ਕੁਝ ਨਾ ਬੋਲ ਸਕਿਆ, ਜੌਹਰੀ ਸਮਝਿਆ ਕੋਈ ਚੋਰ ਹੈ। ਦੂਜੇ ਨੇ ਖ਼ਾਮੋਸ਼ੀ ਤੋੜਦਿਆਂ ਹੋਇਆਂ ਕਿਹਾ,

"ਕੀ ਤੁਸੀਂ ਇਹ ਨੈਕਸਲ 24 ਘੰਟਿਆਂ ਲਈ ਇੱਥੇ ਛੱਡ ਜਾਉਗੇ? ਮੈਂ ਤੁਹਾਨੂੰ ਰਸੀਦ ਦੇਵਾਂਗਾ।"

ਐੱਮ. ਲੈਂਟਿਨ ਨੇ ਛੇਤੀ ਨਾਲ ਉੱਤਰ ਦਿੱਤਾ, "ਯਕੀਨਨ," ਉਸ ਨੇ ਟਿਕਟ ਜੇਬ ਵਿੱਚ ਪਾ ਲਈ ਅਤੇ ਸਟੋਰ ਵਿੱਚੋਂ ਨਿਕਲ ਗਿਆ।

ਉਹ ਬਿਨਾਂ ਮਤਲਬ ਗ਼ਲੀਆਂ ਵਿੱਚ ਘੁੰਮਦਾ ਰਿਹਾ ਅਤੇ ਉਸ ਦਾ ਦਿਮਾਗ਼ ਉਲਝਣ ਵਾਲੀ ਹਾਲਤ ਵਿੱਚ ਸੀ। ਉਸ ਨੇ ਸਮਝਣ ਦੀ ਕੋਸ਼ਿਸ਼ ਕੀਤੀ ਉਸ ਦੀ ਪਤਨੀ ਇੰਨੇ ਕੀਮਤੀ ਗਹਿਣੇ ਨਹੀਂ ਖ਼ਰੀਦ ਸਕਦੀ ਸੀ। ਬਿਲਕੁਲ ਨਹੀਂ। ਪਰੰਤੂ ਤਾਂ ਇਹ ਜ਼ਰੂਰੀ ਤੋਹਫ਼ੇ ਹੋਣੇ ਹਨ। ਤੋਹਫ਼ਾ ਕਿਸ ਤੋਂ? ਇਹ ਉਸ ਨੂੰ ਕਿਉਂ ਦਿੱਤਾ ਗਿਆ?

ਉਹ ਖੜ੍ਹ ਗਿਆ ਅਤੇ ਸੜਕ ਦੇ ਅੱਧ ਵਿੱਚ ਖੜ੍ਹਾ ਰਿਹਾ। ਉਸ ਦੇ ਦਿਮਾਗ਼ ਵਿੱਚ ਗੰਭੀਰ ਸੁਝਾਅ ਪੈਦਾ ਹੋ ਗਿਆ "ਉਹ? ਤਾਂ ਦੂਜੇ ਹੀਰੇ ਵੀ ਤੋਹਫ਼ੇ ਹੀ ਹੋਣਗੇ। ਉਸ ਨੂੰ ਪੈਰਾਂ ਹੇਠ ਧਰਤੀ ਕੰਬਦੀ, ਦਰੱਖ਼ਤ ਡਿੱਗਦੇ ਪ੍ਰਤੀਤ ਹੁੰਦੇ ਸਨ ਉਸ ਨੇ ਆਪਣੇ ਹੱਥ ਉੱਪਰ ਵੱਲ ਨੂੰ ਉਲਾਰੇ, ਉਹ ਜ਼ਮੀਨ ’ਤੇ ਗਿਰ ਕੇ ਬੇਹੋਸ਼ ਹੋ ਗਿਆ, ਇਕ ਫਾਰਮੇਸੀ ਵਿੱਚ ਉਸ ਨੂੰ ਹੋਸ਼ ਆਈ ਜਿਸ ਵਿੱਚ ਰਾਹ ਗੁਜ਼ਰੂਆਂ ਨੇ

ਉਸ ਨੂੰ ਦਾਖ਼ਲ ਕੀਤਾ ਸੀ ਤੇ ਉਸ ਤੋਂ ਬਾਅਦ ਉਸ ਨੂੰ ਘਰ ਲਿਜਾਇਆ ਗਿਆ। ਜਦੋਂ ਉਹ ਪਹੁੰਚਿਆ ਤਾਂ ਉਸ ਨੇ ਆਪਣੇ ਆਪ ਨੂੰ ਕਮਰੇ ਵਿੱਚ ਬੰਦ ਕਰ ਲਿਆ ਅਤੇ ਰਾਤ ਪੈਣ ਤੱਕ ਰੋਂਦਾ ਰਿਹਾ। ਅੰਤ ਵਿੱਚ ਉਹ ਬਹੁਤ ਥੱਕ ਗਿਆ ਬਿਸਤਰ ਵਿੱਚ ਗਿਰ ਗਿਆ ਜਿੱਥੇ ਉਸ ਨੇ ਬੇਚੈਨੀ ਨਾਲ ਰਾਤ ਬਤੀਤ ਕੀਤੀ।

ਅਗਲੀ ਸਵੇਰ ਉਹ ਉੱਠਿਆ ਅਤੇ ਦਫ਼ਤਰ ਜਾਣ ਲਈ ਤਿਆਰ ਹੋ ਗਿਆ ਅਜਿਹੇ ਫ਼ਿਕਰ ਤੋਂ ਪਿੱਛੋਂ ਕੰਮ ਕਰਨਾ ਬੜਾ ਮੁਸ਼ਕਲ ਸੀ ਉਸ ਨੇ ਆਪਣੇ ਮਾਲਕ ਨੂੰ ਛੁੱਟੀ ਲਈ ਪੱਤਰ ਲਿਖਿਆ। ਤਾਂ ਉਸ ਨੂੰ ਯਾਦ ਆਇਆ ਕਿ ਉਸ ਨੇ ਜੌਹਰੀ ਕੋਲ ਵਾਪਸ ਜਾਣਾ ਹੈ। ਉਸ ਨੂੰ ਇਹ ਗੱਲ ਪਸੰਦ ਨਾ ਆਈ ਪਰੰਤੂ ਉਹ ਨੈਕਲਸ ਉਸ ਆਦਮੀ ਕੋਲ ਨਹੀਂ ਛੱਡ ਸਕਦਾ ਸੀ। ਇਸ ਲਈ ਉਸ ਨੇ ਕੱਪੜੇ ਪਾਏ ਤੇ ਬਾਹਰ ਚਲਾ ਗਿਆ ਇਹ ਇਕ ਪਿਆਰਾ ਤੇ ਸੁਹਾਵਣਾ ਦਿਨ ਸੀ; ਅਸਮਾਨ ਬੜਾ ਸਾਫ਼ ਸੀ, ਅਤੇ ਸੈਰ ਕਰਨ ਵਾਲੇ ਆਦਮੀ ਆਪਣੀਆਂ ਜੇਬਾਂ ਵਿੱਚ ਹੱਥ ਪਾਈ ਘੁੰਮ ਰਹੇ ਸਨ।

ਇਹ ਵੇਖ ਕੇ ਐੱਮ. ਲੈਂਟਿਨ ਨੇ ਆਪਣੇ ਆਪ ਨੂੰ ਕਿਹਾ, "ਅਮੀਰ ਵਾਕਿਆਈ ਖ਼ੁਸ਼ ਹਨ। ਮਾਇਆ ਨਾਲ ਵੱਡੇ ਤੋਂ ਵੱਡਾ ਗ਼ਮ ਭੁਲਾਇਆ ਜਾ ਸਕਦਾ ਹੈ। ਜਿੱਥੇ ਚਾਹੇ ਆਦਮੀ ਜਾ ਸਕਦਾ ਹੈ ਅਤੇ ਸਫ਼ਰ ਵਿੱਚ ਉਹ ਦਿਲਪਰਚਾਵਾ ਲੈ ਸਕਦਾ ਹੈ ਜੋ ਯਕੀਨੀ ਤੌਰ 'ਤੇ ਫ਼ਿਕਰ ਨੂੰ ਦੂਰ ਕਰ ਸਕਦਾ ਹੈ। ਓ, ਜੇ ਮੈਂ ਅਮੀਰ ਹੁੰਦਾ।"

ਉਸ ਨੂੰ ਭੁੱਖ ਮਹਿਸੂਸ ਹੋਈ, ਪਰੰਤੂ ਉਸ ਦੀ ਜੇਬ ਵਿੱਚ ਪੈਸਾ ਨਹੀਂ ਸੀ। ਉਸ ਨੂੰ ਨੈਕਲਸ ਫਿਰ ਯਾਦ ਆਇਆ। ਅਠਾਰਾਂ ਹਜ਼ਾਰ ਫਰੈਂਕਸ ਅਠਾਰਾਂ ਹਜ਼ਾਰ ਫਰੈਂਕਸ। ਕਿੰਨੀ ਵੱਡੀ ਰਕਮ।

ਉਹ ਛੇਤੀ ਛੇਤੀ ਜੌਹਰੀ ਦੇ ਸਾਹਮਣੇ ਰੀਓ ਡੀਲਾ ਪੈਕਸ ਵਿੱਚ ਆ ਗਿਆ ਅਠਾਰਾਂ ਹਜ਼ਾਰ ਫਰੈਂਕਸ ! ਵੀਹ ਬਾਰ ਉਹ ਜਾਣ ਨੂੰ ਤਿਆਰ ਹੋਇਆ ਪਰੰਤੂ ਸ਼ਰਮ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕੀ ਰੱਖਿਆ। ਉਸ ਨੂੰ ਭੁੱਖ ਲੱਗੀ ਹੋਈ ਸੀ, ਕਿਵੇਂ ਕਿੰਨੀ ਭੁੱਖ ਅਤੇ ਉਸ ਦੀ ਜੇਬ ਵਿੱਚ ਕੋਈ ਸੈਂਟ ਨਹੀਂ ਸੀ। ਉਸ ਨੇ ਫ਼ੌਰਨ

ਫ਼ੈਸਲਾ ਕੀਤਾ ਉਹ ਸੜਕ ਵਿੱਚ ਦੂਜੇ ਪਾਸੇ ਦੌੜ ਗਿਆ ਤਾਂ ਜੋ ਮੁੜ ਵਿਚਾਰ ਕਰਨ ਦਾ ਮੌਕਾ ਹੀ ਨਾ ਮਿਲੇ, ਅਤੇ ਸਟੋਰ ਵਿੱਚ ਦਾਖ਼ਲ ਹੋ ਗਿਆ।

ਮਾਲਕ ਫ਼ੌਰਨ ਅੱਗੇ ਵਧਿਆ, ਅਤੇ ਅਤਿ ਨਿਮਰਤਾ ਸਹਿਤ ਕੁਰਸੀ ਪੇਸ਼ ਕੀਤੀ ਕਲਰਕ ਨੇ ਜਾਣ ਬੁਝ ਕੇ ਉਸ ਵੱਲ ਵੇਖਿਆ।

"ਐੱਮ. ਲੈਂਟਿਨ ਮੈਂ ਪੜਤਾਲ ਕਰ ਲਈ ਹੈ" ਜੌਹਰੀ ਨੇ ਕਿਹਾ "ਅਤੇ ਜੇ ਤੁਸੀਂ ਹੀਰੇ ਵੇਚਣਾ ਚਾਹੁੰਦੇ ਹੋ ਤਾਂ ਮੈਂ ਪੇਸ਼ ਕੀਤੀ ਗਈ ਕੀਮਤ ਦੇਣ ਨੂੰ ਤਿਆਰ ਹਾਂ"।

ਐੱਮ. ਲੈਂਟਿਨ ਨੇ ਕਿਹਾ "ਯਕੀਨੀ ਸ੍ਰੀਮਾਨ ਜੀ"।

ਅਜਿਹਾ ਕਰਨ ਪਿੱਛੋਂ ਮਾਲਕ ਨੇ ਦਰਾਜ਼ ਵਿੱਚੋਂ ਐਨ ਵੱਡੀਆਂ ਹੁੰਡੀਆਂ ਦੰਦੀਆਂ ਗਿਣੀਆਂ ਅਤੇ ਐੱਮ. ਲੈਂਟਿਨ ਦੇ ਹਵਾਲੇ ਕਰ ਦਿੱਤੀਆਂ ਜਿਸ ਨੇ ਰਸੀਦ ’ਤੇ ਦਸਤਖ਼ਤ ਕੀਤੇ ਅਤੇ ਕੰਬਦੇ ਹੋਏ ਹੱਥਾਂ ਨਾਲ ਰਕਮ ਆਪਣੀ ਜੇਬ ਵਿੱਚ ਪਾ ਲਈ।

ਜਦੋਂ ਉਹ ਸਟੋਰ ਵਿੱਚੋਂ ਨਿਕਲਣ ਲੱਗਾ ਤਾਂ ਉਸ ਨੇ ਮੁੜ ਕੇ ਸੁਦਾਗਰ ਵੱਲ ਵੇਖਿਆ ਉਸ ਦੇ ਚਿਹਰੇ ’ਤੇ ਉਹੀ ਮੁਸਕਰਾਹਟ ਸੀ ਅਤੇ ਆਪਣੀਆਂ ਅੱਖਾਂ ਨੀਵੀਂਆਂ ਪਾਉਂਦੇ ਹੋਏ ਕਿਹਾ:-

“ਮੇਰੇ ਕੋਲ ਹੋਰ ਵੀ ਹੀਰੇ ਹਨ ਜੋ ਮੈਂ ਉਸੇ ਸਾਧਨ ਤੋਂ ਪ੍ਰਾਪਤ ਕੀਤੇ ਹਨ। ਕੀ ਤੁਸੀਂ ਉਹ ਖ਼ਰੀਦੋਗੇ"?

ਸੁਦਾਗਰ ਝੁਕਿਆ "ਯਕੀਨੀ ਸ੍ਰੀਮਾਨ ਜੀ"।

ਐੱਮ. ਲੈਂਟਿਨ ਨੇ ਸੰਜੀਦਗੀ ਨਾਲ ਕਿਹਾ "ਮੈਂ ਇਹ ਤੁਹਾਡੇ ਕੋਲ ਲਿਆਵਾਂਗਾ।"

ਵੱਡੀਆਂ ਹੀਰੇ ਦੀਆਂ ਵਾਲ਼ੀਆਂ 20 ਹਜ਼ਾਰ ਫਰੈਂਕ, ਗਜਰੇ 35 ਹਜ਼ਾਰ; ਮੁੰਦਰੀਆਂ 16 ਹਜ਼ਾਰ, ਪੰਨਿਆਂ ਅਤੇ ਨੀਲਮ ਦਾ ਸੈੱਟ 14 ਹਜ਼ਾਰ, ਸੋਨੇ ਦੀ ਚੇਨ

ਅਤੇ ਇਕ ਨਗ ਵਾਲਾ ਬਟਨ ਚਾਲੀ ਹਜ਼ਾਰ ਇਹ ਸਾਰਾ ਕੁਝ ਇਕ ਸੌ ਤਰਤਾਲੀ ਹਜ਼ਾਰ ਫਰੈਂਕ ਦਾ ਸੀ।

ਜੌਹਰੀ ਨੇ ਮਜ਼ਾਕ ਨਾਲ ਕਿਹਾ "ਇਕ ਆਦਮੀ ਸੀ ਜਿਸ ਨੇ ਆਪਣੀ ਸਾਰੀ ਆਮਦਨ ਕੀਮਤੀ ਹੀਰਿਆ ਵਿੱਚ ਲਾ ਦਿੱਤੀ।

ਐੱਮ. ਲੈਂਟਿਨ ਨੇ ਬੜੀ ਗੰਭੀਰਤਾ ਸਹਿਤ ਉੱਤਰ ਦਿੱਤਾ :-

"ਇਹ ਕੇਵਲ ਪੂੰਜੀ ਲਾਉਣ ਦਾ ਇਕ ਹੋਰ ਢੰਗ ਹੈ।"

ਉਸ ਦਿਨ ਉਸ ਨੇ ਦੁਪਹਿਰ ਦਾ ਖਾਣਾ ਵਾਇਸਨ ਵਿੱਚ ਖਾਧਾ ਅਤੇ ਵੀਹ ਫਰੈਂਕ ਦੀ ਸ਼ਰਾਬ ਦੀ ਬੋਤਲ ਪੀਤੀ। ਉਸ ਤੋਂ ਪਿੱਛੋਂ ਉਸ ਨੇ ਗੱਡੀ ਕਿਰਾਏ 'ਤੇ ਲਈ ਅਤੇ ਬੋਇਸ ਦਾ ਦੌਰਾ ਕੀਤਾ, ਉਸ ਨੇ ਘੁਮੰਡ ਨਾਲ ਕਈ ਗ਼ਲੀਆਂ ਦੇ ਚੱਕਰ ਲਾਏ ਅਤੇ ਉੱਥੇ ਰਹਿਣ ਵਾਲਿਆਂ ਨੂੰ ਕਹੇ ਬਿਨਾਂ ਰਹਿ ਨਾ ਸਕਿਆ।

"ਮੈਂ ਵੀ ਅਮੀਰ ਹਾਂ ਮੇਰੇ ਕੋਲ ਦੋ ਲੱਖ ਫਰੈਂਕ ਹਨ।"

ਅਚਾਨਕ ਉਸ ਨੂੰ ਆਪਣੇ ਮਾਲਕ ਦਾ ਖ਼ਿਆਲ ਆਇਆ ਉਹ ਦਫ਼ਤਰ ਗਿਆ ਅਤੇ ਖ਼ੁਸ਼ੀ ਖ਼ੁਸ਼ੀ ਦਾਖ਼ਲ ਹੋਇਆ ਅਤੇ ਕਿਹਾ :

ਸ੍ਰੀਮਾਨ ਜੀ ਮੈਂ ਆਪਣੀ ਨੌਕਰੀ ਤੋਂ ਅਸਤੀਫ਼ਾ ਦੇਣ ਆਇਆ ਹਾਂ। ਮੈਨੂੰ ਹੁਣੇ ਹੁਣੇ ਤਿੰਨ ਲੱਖ ਫਰੈਂਕ ਵਿਰਸੇ ਵਿੱਚ ਮਿਲੇ ਹਨ।

ਉਸ ਨੇ ਆਪਣੇ ਸਾਬਕਾ ਸਾਥੀਆਂ ਨਾਲ ਹੱਥ ਮਿਲਾਏ ਅਤੇ ਭਵਿੱਖਤ ਸਬੰਧੀ ਆਪਣੀਆਂ ਵਿਉਂਤਾਂ ਉਨ੍ਹਾਂ ਸਾਹਮਣੇ ਰੱਖੀਆਂ, ਉਸ ਤੋਂ ਪਿੱਛੋਂ ਉਹ ਕੈਫ਼ੇ ਏਂਜਲਸ ਵਿੱਚ ਖਾਣਾ ਖਾਣ ਚਲਾ ਗਿਆ।

ਉਹ ਇਕ ਠਾਠ ਬਾਠ ਰੱਖਣ ਵਾਲੇ ਆਦਮੀ ਪਾਸ ਬੈਠ ਗਿਆ ਅਤੇ ਖਾਣੇ ਦੇ ਦੌਰਾਨ ਉਸ ਆਦਮੀ ਨੂੰ ਦੱਸਿਆ ਕਿ ਉਸ ਨੂੰ 4 ਲੱਖ ਫਰੈਂਕ ਵਿਰਸੇ ਵਿੱਚ ਮਿਲੇ ਹਨ। ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਉਹ ਥੀਏਟਰ ਵਿੱਚ ਮਾਯੂਸ ਨਹੀਂ ਸੀ ਹੋਇਆ ਅਤੇ ਬਾਕੀ ਦੀ ਰਾਤ ਖ਼ੁਸ਼ੀ ਖ਼ੁਸ਼ੀ ਗੁਜ਼ਾਰੀ।

ਛੇ ਮਹੀਨੇ ਬਾਅਦ ਉਸ ਨੇ ਦੁਬਾਰਾ ਸ਼ਾਦੀ ਕਰ ਲਈ। ਉਸ ਦੀ ਦੂਜੀ ਪਤਨੀ ਨੇਕ ਇਸਤਰੀ ਪਰੰਤੂ ਸੁਭਾਅ ਦੀ ਤੇਜ਼ ਸੀ। ਉਹ ਉਸ ਨੂੰ ਤੰਗ ਕਰਦੀ ਸੀ।

# ਹਾਊਟਟ ਸੀਨੀਅਰ ਅਤੇ ਹਾਊਟਟ ਜੂਨੀਅਰ

ਘਰ ਦੇ ਸਾਹਮਣੇ, ਜੋ ਅੱਧਾ ਫਾਰਮ ਹਾਊਸ ਅੱਧਾ ਜਗੀਰ ਹਾਊਸ ਲਗਦਾ ਸੀ,-ਜੋ ਅਰਧ ਜਗੀਰੀ ਦਿਹਾਤੀ ਰਿਹਾਇਸ਼ ਦੀ ਰਲ਼ੀ ਮਿਲੀ ਕਿਸਮ ਦਾ ਸੀ ਜਿੱਥੇ ਕਿ ਅੱਜ ਕੱਲ੍ਹ ਅਮੀਰ ਕਿਸਾਨ ਰਹਿੰਦੇ ਹਨ-ਬਾਗ਼ ਵਿੱਚ ਸੇਬ ਦੇ ਦਰੱਖ਼ਤਾਂ ਦੇ ਨਾਲ ਬੰਨ੍ਹੇ ਹੋਏ ਕੁੱਤੇ, ਗੇਮ ਕੀਪਰ ਦੇ ਥੈਲਿਆਂ ਅਤੇ ਸ਼ਰਾਰਤੀ ਬੱਚਿਆਂ ਨੂੰ ਦੇਖ ਕੇ ਭੌਂਕ ਰਹੇ ਸਨ। ਇਕ ਵੱਡੇ ਖਾਣਾ ਖਾਣ ਵਾਲੇ ਕਮਰੇ ਦੀ ਰਸੋਈ ਵਿੱਚ ਹਾਊਟਟ ਸੀਨੀਅਰ ਅਤੇ ਹਾਊਟਟ ਜੂਨੀਅਰ ਐੱਮ ਬਰਮਾਊਟ ਟੈਕਸ ਕੁਲੈਕਟਰ ਅਤੇ ਐੱਮ. ਮੰਡਰੂ ਨੋਟਰੀ ਸ਼ਿਕਾਰ ਨੂੰ ਜਾਣ ਤੋਂ ਪਹਿਲਾਂ ਕੁਝ ਖਾ ਰਹੇ ਸਨ ਅਤੇ ਸ਼ਰਾਬ ਪੀ ਰਹੇ ਸਨ।

ਹਾਊਟਟ ਸੀਨੀਅਰ ਆਪਣੀ ਦੌਲਤ ਦਾ ਅਭਿਮਾਨੀ ਸ਼ਿਕਾਰ ਨੂੰ ਜਾਣ ਤੋਂ ਪਹਿਲਾਂ ਸ਼ੇਖ਼ੀ ਵਾਲੀਆਂ ਗੱਲਾਂ ਕਰਦਾ ਸੀ ਜਿਹੜੀਆਂ ਮਹਿਮਾਨਾਂ ਨੂੰ ਸ਼ਿਕਾਰ ਦੌਰਾਨ ਪਤਾ ਲੱਗਣੀਆਂ ਸਨ। ਉਹ ਇਕ ਵੱਡਾ ਨਾਰਮਨ ਸੀ, ਉਨ੍ਹਾਂ ਸ਼ਕਤੀਸ਼ਾਲੀ ਲਾਲ ਲਾਲ ਚਿਹਰਿਆਂ ਵਾਲੇ ਰਿਸ਼ਟ-ਪੁਸ਼ਟ ਵਿਅਕਤੀਆਂ ਵਿੱਚੋਂ ਸੀ ਜੋ ਆਪਣੇ ਮੋਢਿਆਂ ਉੱਤੇ ਸੇਬਾਂ ਦਾ ਗੱਡੇ ਦਾ ਭਾਰ ਚੁੱਕ ਸਕਦੇ ਹਨ ਅੱਧਾ ਜ਼ਿਮੀਂਦਾਰ ਅੱਧਾ ਭਰਪੂਰ, ਅਮੀਰ ਮੁਅਜ਼ਜ਼, ਬਾਰਸੂਖ, ਖ਼ੁਦਮੁਖ਼ਤਾਰ ਹੈ ਉਸ ਨੇ ਆਪਣੇ ਬੱਚੇ ਨੂੰ ਜਿੱਥੇ ਤੱਕ ਹੋ ਸਕਿਆ ਤੀਜੀ ਜਮਾਤ ਤੱਕ ਪੜ੍ਹਾਇਆ, ਤਾਂ ਜੋ ਉਹ ਪੜ੍ਹਿਆ ਲਿਖਿਆ ਆਦਮੀ ਬਣ ਸਕੇ; ਅਤੇ ਉੱਥੇ ਉਸ ਦੀ ਪੜ੍ਹਾਈ ਬੰਦ ਕਰਾ ਦਿੱਤੀ ਇਸ ਡਰ ਕਾਰਨ ਕਿ ਉਹ ਇਕ ਵਧੀਆ ਭੱਦਰ ਪੁਰਸ਼ ਬਣ ਜਾਵੇਗਾ ਅਤੇ ਆਪਣੀ ਜ਼ਮੀਨ ਵੱਲ ਕੋਈ ਧਿਆਨ ਨਹੀਂ ਦੇਵੇਗਾ।

ਸੀਜ਼ਰ ਹਾਊਟਟ, ਤਕਰੀਬਨ ਆਪਣੇ ਪਿਤਾ ਵਾਂਗ ਉੱਚਾ ਲੰਮਾ, ਪਰੰਤੂ ਪਤਲਾ, ਇਕ ਚੰਗਾ ਆਗਿਆਕਾਰ ਪੁੱਤਰ ਸੀ ਉਸ ਨੂੰ ਹਰ ਚੀਜ਼ ਵੱਲੋਂ ਤਸੱਲੀ ਸੀ,

ਉਸ ਦੀ ਹਰ ਪਾਸੇ ਸ਼ਲਾਘਾ ਅਤੇ ਸਤਿਕਾਰ ਹੁੰਦਾ ਸੀ ਅਤੇ ਆਪਣੇ ਪਿਤਾ ਦੀਆਂ ਖ਼ਾਹਿਸ਼ਾਂ ਅਤੇ ਰਾਵਾਂ ਦਾ ਸਤਿਕਾਰ ਕਰਦਾ ਸੀ।

ਐੱਮ ਬਰਮੋਟ, ਟੈਕਸ ਕੁਲੈਕਟਰ, ਛੋਟੇ ਜਿਹੇ ਕੱਦ ਦਾ ਮਜ਼ਬੂਤ ਆਦਮੀ ਜਿਸ ਦੀਆਂ ਗਲ੍ਹਾਂ ਉੱਤੇ ਵੈਂਗਣੀ ਰੰਗ ਦੀਆਂ ਨਾੜਾਂ ਸਨ ਜੋ ਨਕਸ਼ਿਆਂ ਉੱਤੇ, ਦਰਿਆ ਨਦੀਆਂ ਨਾਲਿਆਂ ਵਾਂਗ ਲੱਗਦੀਆਂ ਸਨ, ਨੇ ਪੁੱਛਿਆ,

"ਅਤੇ ਖ਼ਰਗੋਸ਼-ਕੀ ਉੱਥੇ ਕੋਈ ਖ਼ਰਗੋਸ਼ ਹਨ?"

ਹਾਊਟਟ ਸੀਨੀਅਰ ਨੇ ਜਵਾਬ ਦਿੱਤਾ,

"ਜਿੰਨੇ ਤੁਸੀਂ ਪਸੰਦ ਕਰੋ, ਖ਼ਾਸ ਤੌਰ ’ਤੇ ਪੁਈਸੇਟੀਰ ਖੱਡਾ ਵਿੱਚ "।

"ਅਸੀਂ ਕਿਸ ਪਾਸੇ ਜਾਵਾਂਗੇ? ਖੁਸ਼ਬਾਸ ਨੋਟਰੀ ਜਿਸ ਦਾ ਮੋਟਾ ਅਤੇ ਪੀਲਾ ਢਿੱਡ ਵੀ ਵਧਿਆ ਹੋਇਆ ਸੀ ਨੇ ਪੁੱਛਿਆ ਅਤੇ ਰਾਉਨ ਵਿਖੇ ਬਿਲਕੁਲ ਨਵੇਂ ਖ਼ਰੀਦੇ ਸ਼ਿਕਾਰ ਵਾਲੇ ਕੱਪੜਿਆਂ ਵਿੱਚ ਅੱਗੇ ਵਧਿਆ।

"ਅੱਛਾ ਉਸ ਰਸਤੇ, ਉਨ੍ਹਾਂ ਭੋਆਂ ਵਿੱਚੋਂ। ਅਸੀਂ ਤਿੱਤਰਾਂ ਨੂੰ ਉਡਾ ਕੇ ਮੈਦਾਨਾਂ ਵਿੱਚ ਲੈ ਆਵਾਂਗੇ ਅਤੇ ਉੱਥੇ ਮਾਰਾਂਗੇ।

ਹਾਊਟਟ ਸੀਨੀਅਰ ਉੱਠ ਖਲੋਤਾ। ਉਨ੍ਹਾਂ ਸਾਰਿਆਂ ਨੇ ਵੀ ਉਸੇ ਤਰ੍ਹਾਂ ਕੀਤਾ, ਕੋਨੇ ਵਿੱਚੋਂ ਆਪਣੀਆਂ ਬੰਦੂਕਾਂ ਉਠਾਈਆਂ, ਵੇਖੀਆਂ, ਅਤੇ ਆਪਣੇ ਪੈਰ ਹੇਠਾਂ ਮਾਰੇ ਇਹ ਵੇਖਣ ਲਈ ਕਿ ਉਨ੍ਹਾਂ ਦੇ ਬੂਟ ਠੀਕ ਸਨ ਜੋ ਜ਼ਰਾ ਸਖ਼ਤ ਸਨ ਅਤੇ ਖ਼ੂਨ ਦੀ ਗਰਮੀ ਕਰਕੇ ਨਰਮ ਨਹੀਂ ਹੋਏ ਸਨ। ਉਹ ਬਾਹਰ ਚਲੇ ਗਏ; ਅਤੇ ਕੁੱਤੇ ਜੋ ਪਟਿਆਂ ’ਤੇ ਝੁਕੇ ਸਨ, ਹਵਾ ਵਿੱਚ ਪੰਜੇ ਮਾਰਦੇ ਹੋਏ ਭੌਂਕਣ ਲੱਗ ਪਏ।

ਉਹ ਉਨ੍ਹਾਂ ਖੱਡਾਂ ਵੱਲ ਚੱਲ ਪਏ। ਜੋ ਇਕ ਛੋਟੀ ਜਿਹੀ ਵਾਦੀ ਵਿੱਚ ਸਨ, ਜੋ ਉੱਚੀ ਨੀਵੀਂ ਜ਼ਮੀਨ ਦਾ ਟੁਕੜਾ ਸੀ ਜੋ ਕਾਸ਼ਤ ਦੇ ਯੋਗ ਨਹੀਂ ਸੀ। ਖਾਈਆਂ ਖੱਡਿਆਂ ਨਾਲ ਭਰਪੂਰ ਸੀ ਉੱਪਰ ਝਾੜੀਆਂ ਖੜੀਆਂ ਸਨ ਅਤੇ ਫਰਨ ਸਨ, ਅਤੇ ਸ਼ਿਕਾਰ ਲਈ ਇਕ ਵਧੀਆ ਥਾਂ ਰੱਖੀ ਗਈ ਸੀ।

ਸ਼ਿਕਾਰੀਆਂ ਨੇ ਇਕ ਦੂਜੇ ਤੋਂ ਕੁਝ ਫ਼ਾਸਲੇ ’ਤੇ ਆਪਣੀਆਂ ਪੁਜ਼ੀਸ਼ਨਾਂ ਅਖ਼ਤਿਆਰ ਕਰ ਲਈਆਂ ਸਨ, ਹਾਊਟਟ ਸੀਨੀਅਰ ਸੱਜੇ ਪਾਸੇ, ਹਾਊਟਾਟ ਜੂਨੀਅਰ ਖੱਬੇ ਪਾਸੇ ਅਤੇ ਦੋ ਮਹਿਮਾਨ ਦਰਮਿਆਨ ਵਿੱਚ ਬੈਠ ਗਏ। ਕੀਪਰ ਅਤੇ ਉਹ ਜਿਨ੍ਹਾਂ ਨੇ ਸ਼ਿਕਾਰ ਥੈਲੇ ਪਕੜੇ ਹੋਏ ਸਨ ਪਿੱਛੇ ਪਿੱਛੇ ਆ ਰਹੇ ਸਨ। ਇਕ ਗੰਭੀਰ ਸਮਾਂ ਹੁੰਦਾ ਹੈ ਜਦੋਂ ਪਹਿਲੀ ਗੋਲੀ ਦਾ ਇੰਤਜ਼ਾਰ ਹੁੰਦਾ ਹੈ ਜਦੋਂ ਦਿਲ ਧੜਕਦਾ ਹੈ ਜਦ ਕਿ ਉਨ੍ਹਾਂ ਕੰਬਦੀਆਂ ਉਂਗਲਾਂ ਘੋੜਿਆਂ ’ਤੇ ਰੱਖੀਆਂ ਸਨ।

ਅਚਾਨਕ ਗੋਲੀ ਚੱਲ ਗਈ ਹਾਊਟਟ ਸੀਨੀਅਰ ਨੇ ਗੋਲੀ ਚਲਾਈ ਸੀ। ਉਹ ਸਾਰੇ ਖੜ੍ਹੇ ਹੋ ਗਏ ਤੇ ਇਕ ਤਿੱਤਰ ਆਪਣੀ ਡਾਰ ਵਿੱਚੋਂ ਵੱਖ ਹੋ ਗਿਆ ਜੋ ਤੇਜ਼ ਰਫ਼ਤਾਰ ’ਤੇ ਭੱਜ ਰਿਹਾ ਸੀ, ਅਤੇ ਘਣੀਆਂ ਝਾੜੀਆਂ ਵਿੱਚ ਗਿਰ ਗਿਆ। ਸ਼ਿਕਾਰੀ ਉਤਸੁਕ ਹੋਇਆ ਰਸਤੇ ਵਿੱਚ ਵੱਡੀਆਂ ਝਾੜੀਆਂ ਹਟਾਉਂਦਾ ਹੋਇਆ ਤੇਜ਼ ਕਦਮਾਂ ਨਾਲ ਵਧਿਆ ਅਤੇ ਸ਼ਿਕਾਰ ਲਈ ਘਣੀਆਂ ਝਾੜੀਆਂ ਵਿੱਚ ਲੁਕ ਗਿਆ।

ਤਕਰੀਬਨ ਉਸ ਸਮੇਂ ਦੂਜੀ ਗੋਲੀ ਦੀ ਅਵਾਜ਼ ਸੁਣੀ ਗਈ।

“ਉਹ ਬਦਮਾਸ਼" ਐੱਮ, ਬਰਮਾਊਟ ਨੇ ਕਿਹਾ "ਉਹ ਖ਼ਰਗੋਸ਼ ਕੱਢ ਲਵੇਗਾ।"

ਉਨ੍ਹਾਂ ਸਾਰਿਆਂ ਦੀਆਂ ਨਜ਼ਰਾਂ ਟਾਹਣੀਆਂ ਦੇ ਢੇਰ ’ਤੇ ਲੱਗੀਆਂ ਹੋਈਆਂ ਸਨ ਜਿਸ ਵਿੱਚ ਉਨ੍ਹਾਂ ਦੀ ਨਿਗਾਹ ਨਹੀਂ ਵੇਖ ਸਕਦੀ ਸੀ।

ਨੋਟਰੀ ਨੇ ਹੱਥਾਂ ਦੀ ਅਵਾਜ਼ ਨਾਲ ਬੁਲਾਉਂਦੇ ਹੋਏ ਕਿਹਾ,

"ਕੀ ਉਹ ਤੁਹਾਨੂੰ ਮਿਲ ਗਏ?"

ਹਾਊਟਟ ਸੀਨੀਅਰ ਨੇ ਕੋਈ ਜਵਾਬ ਨਹੀਂ ਦਿੱਤਾ।

ਇਸ ਤੋਂ ਪਿੱਛੋਂ ਸੀਜ਼ਰ ਨੇ ਕੀਪਰ ਵੱਲ ਘੁੰਮਦੇ ਹੋਏ ਕਿਹਾ,

ਜੌਸਫ ਜ਼ਰਾ ਜਾਓ ਅਤੇ ਉਸ ਦੀ ਸਹਾਇਤਾ ਕਰੋ ਸਾਨੂੰ ਸਿੱਧੀ ਕਤਾਰ ਵਿੱਚ ਇੰਤਜ਼ਾਰ ਕਰਨੀ ਚਾਹੀਦੀ ਹੈ। ਅਸੀਂ ਇੰਤਜ਼ਾਰ ਕਰਾਂਗੇ।"

ਅਤੇ ਜੌਸਫ ਇਕ ਪਤਲਾ ਬਜ਼ੁਰਗ ਸੀ ਜਿਸ ਦੇ ਸਾਰੇ ਜੋੜਾਂ ਵਿੱਚ ਸੋਜਸ ਸੀ ਖੱਡ ਦੇ ਹੇਠਾਂ ਬੜੀ ਬੇਅਰਾਮੀ ਦੀ ਹਾਲਤ ਵਿੱਚ ਗਿਆ ਅਤੇ ਲੂੰਬੜ ਵਾਂਗ ਲੱਭਦਾ ਜਾਂਦਾ ਸੀ ਉਸ ਨੇ ਅਚਾਨਕ ਚੀਕ ਮਾਰੀ।

"ੳ ਆਓ ਆਓ ਇਕ ਮਾੜੀ ਗੱਲ ਹੋਈ ਹੈ।"

ਉਹ ਝਾੜੀ ਵਿੱਚੋਂ ਲੰਘਦੇ ਹੋਏ ਅੱਗੇ ਵਧੇ।

ਹਊਟਟ ਸੀਨੀਅਰ ਜੋ ਬੇਹੋਸ਼ੀ ਦੀ ਹਾਲਤ ਵਿੱਚ ਇਕ ਪਾਸੇ ਗਿਰ ਗਿਆ ਸੀ ਨੇ ਆਪਣੇ ਦੋਵੇਂ ਹੱਥ ਪੇਟ 'ਤੇ ਰੱਖ ਲਏ ਸਨ ਜਿਸ ਵਿੱਚੋਂ ਖ਼ੂਨ ਦੀਆਂ ਨਦੀਆਂ ਵਗ ਰਹੀਆਂ ਸਨ। ਜਦੋਂ ਉਹ ਆਪਣੀ ਬੰਦੂਕ ਹੇਠਾਂ ਰੱਖ ਰਿਹਾ ਸੀ ਤਿੱਤਰ ਪਕੜਨ ਲਈ ਦੂਜੇ ਫਾਇਰ ਨੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਨੇ ਉਸ ਦੇ ਕੱਪੜੇ ਲਾਹੇ ਅਤੇ ਇਕ ਡਰਾਉਣਾ ਜ਼ਖ਼ਮ ਵੇਖਿਆ ਜਿਸ ਵਿੱਚੋਂ ਆਂਤੜੀਆਂ ਬਾਹਰ ਆ ਗਈਆਂ ਤਾਂ ਉਸ ਦੀ ਚੰਗੀ ਤਰ੍ਹਾਂ ਪੱਟੀ ਕਰਨ ਪਿੱਛੋਂ ਡਾਕਟਰ ਦਾ ਇੰਤਜ਼ਾਰ ਕੀਤਾ, ਜਿਸ ਨੂੰ ਬੁਲਾਵਾ ਭੇਜਿਆ ਗਿਆ ਸੀ ਜੋ ਪਾਦਰੀ ਵੀ ਸੀ।

ਜਦੋਂ ਡਾਕਟਰ ਪਹੁੰਚਿਆ ਤਾਂ ਉਸ ਨੇ ਆਪਣਾ ਸਿਰ ਹਿਲਾਇਆ, ਅਤੇ ਆਪਣਾ ਮੂੰਹ ਹਾਊਟਟ ਵੱਲ ਕੀਤਾ ਜੋ ਕੁਰਸੀ 'ਤੇ ਬੈਠਾ ਹਿਚਕੀਆਂ ਲੈ ਰਿਹਾ ਸੀ।

"ਮੇਰੇ ਬੱਚੇ" ਉਸ ਨੇ ਕਿਹਾ, "ਇਹ ਬੁਰਾ ਹੋਇਆ।"

ਪਰੰਤੂ ਜਦੋਂ ਪੱਟੀ ਖ਼ਤਮ ਹੋ ਗਈ ਤਾਂ ਜ਼ਖ਼ਮੀ ਆਦਮੀ ਨੇ ਆਪਣੀਆਂ ਉਂਗਲਾਂ ਹਿਲਾਈਆਂ, ਆਪਣਾ ਮੂੰਹ ਖੋਲ੍ਹਿਆ ਅਤੇ ਆਪਣੀਆਂ ਅੱਖਾਂ ਖੋਲ੍ਹ ਕੇ ਦੁੱਖ ਭਰੀ ਨਿਗਾਹ ਸੁਣੀ ਅਤੇ ਇਉਂ ਪ੍ਰਤੀਤ ਹੋਇਆ ਕਿ ਉਹ ਆਪਣੀ ਯਾਦਦਾਸ਼ਤ ਦੁਹਰਾਅ ਰਿਹਾ ਸੀ। ਯਾਦ ਕਰ ਰਿਹਾ ਸੀ ਸਮਝ ਗਿਆ ਅਤੇ ਉਸ ਨੇ ਕਿਹਾ।

ਆਹ ਚੰਗੇ ਪਰਮਾਤਮਾ, ਮੇਰੇ ਲਈ ਇਹ ਕੁਝ ਰੱਖਿਆ ਹੈ।

ਡਾਕਟਰ ਨੇ ਉਸ ਦਾ ਹੱਥ ਪਕੜਿਆ।

"ਕਿਉਂ ਨਹੀਂ, ਕਿਉਂ ਨਹੀਂ, ਕੇਵਲ ਕੁਝ ਦਿਨ ਅਰਾਮ ਦੇ, ਇਹ ਕੁਝ ਨਹੀਂ।"

ਹਾਊਟਟ ਵਾਪਸ ਆ ਗਿਆ।

ਮੈ ਖ਼ਤਮ ਹਾਂ ਮੇਰਾ ਪੇਟ ਚਾਕ ਕਰ ਦਿੱਤਾ ਹੈ ਮੈਨੂੰ ਚੰਗੀ ਤਰ੍ਹਾਂ ਪਤਾ ਹੈ।"

ਤਾਂ ਬਿਲਕੁਲ ਅਚਾਨਕ,

"ਜੇ ਸਮਾਂ ਹੈ ਤਾਂ ਮੈਂ ਆਪਣੇ ਬੱਚੇ ਨਾਲ ਗੱਲ ਕਰਾਂਗਾ।"

ਹਾਊਟਟ ਜੂਨੀਅਰ ਰੋ ਪਿਆ ਅਤੇ ਛੋਟੇ ਬੱਚੇ ਵਾਂਗ ਕਹਿੰਦਾ ਰਿਹਾ,

“ਪਾਪਾ, ਪਾਪਾ, ਬੇਚਾਰੇ ਪਾਪਾ।"

ਪਰੰਤੂ ਪਿਤਾ ਨੇ ਪੱਕੇ ਇਰਾਦੇ ਨਾਲ ਕਿਹਾ, 'ਆ ਜਾ ਰੋਣਾ ਬੰਦ ਕਰ ਦੇ ਇਹ ਸਮਾਂ ਨਹੀਂ ਹੈ। ਮੈਂ ਤੁਹਾਡੇ ਨਾਲ ਗੱਲ ਕਰਨੀ ਹੈ, ਮੇਰੇ ਕੋਲ ਬੈਠ ਜਾਓ, ਇਹ ਛੇਤੀ ਲਵਾਂਗਾ ਅਤੇ ਫੇਰ ਮੈਨੂੰ ਚੈਨ ਆ ਜਾਵੇਗਾ। ਜਿੱਥੋਂ ਤੱਕ ਤੁਹਾਡੇ ਵਿੱਚੋਂ ਬਾਕੀਆਂ ਦਾ ਸੰਬੰਧੀ ਹੈ ਮਿਹਰਬਾਨੀ ਕਰਕੇ ਮੈਨੂੰ ਇਕ ਮਿੰਟ ਦਿਓ।"

ਜਿਉਂ ਹੀ ਉਹ ਇਕੱਲੇ ਸਨ ਪੁੱਤਰ ਸੁਣੋ ਤੁਹਾਡੀ ਉਮਰ 24 ਸਾਲ ਹੈ; ਕੋਈ ਆਦਮੀ ਤੁਹਾਡੇ ਨਾਲ ਗੱਲਾਂ ਕਰ ਸਕਦਾ ਹੈ। ਅਤੇ ਇਨ੍ਹਾਂ ਮਾਮਲਿਆਂ ਸੰਬੰਧੀ ਅਜਿਹੀ ਕੋਈ ਗੁਪਤ ਗੱਲ ਨਹੀਂ ਹੈ ਜਿਵੇਂ ਕਿ ਅਸੀਂ ਕਹਿ ਰਹੇ ਹਾਂ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਤੁਹਾਡੀ ਮਾਤਾ ਨੂੰ ਗੁਜ਼ਰੇ ਸੱਤ ਸਾਲ ਹੋ ਗਏ ਹਨ ਕੀ ਇਸ ਤਰ੍ਹਾਂ ਨਹੀਂ ਹੈ? ਅਤੇ ਇਹ ਕਿ ਮੈਂ 45 ਸਾਲ ਤੋਂ ਵੱਧ ਨਹੀਂ ਹਾਂ, ਮੇਰੀ ਸ਼ਾਦੀ 19 ਸਾਲ ਦੀ ਉਮਰ ਵਿੱਚ ਹੋਈ ਸੀ? ਕੀ ਇਸ ਵਿੱਚ ਸੱਚਾਈ ਨਹੀਂ ਹੈ?’’

ਪੁੱਤਰ ਕੰਬਿਆ "ਹਾਂ ਇਹ ਸੱਚ ਹੈ।"

"ਸੋ ਤੁਹਾਡੀ ਮਾਤਾ ਨੂੰ ਗੁਜ਼ਰੇ ਸੱਤ ਸਾਲ ਹੋ ਗਏ ਸਨ, ਮੈਂ ਰੰਡਾ ਹੋ ਗਿਆ ਸਾਂ। ਅੱਛਾ ਮੇਰੇ ਵਰਗਾ 38 ਸਾਲ ਦੀ ਉਮਰ ਵਾਲਾ ਆਦਮੀ ਪਤਨੀ ਤੋਂ ਬਿਨਾਂ ਨਹੀਂ ਰਹਿ ਸਕਦਾ ਕੀ ਇਹ ਸੱਚ ਨਹੀਂ ਹੈ?

ਪੁੱਤਰ ਨੇ ਉਤਰ ਦਿੱਤਾ : "ਹਾਂ ਇਹ ਸੱਚ ਹੈ"।

ਪਿਤਾ ਜਿਸ ਦਾ ਸਾਹ ਉੱਖੜਿਆ ਹੋਇਆ ਸੀ,ਅਤੇ ਦੁੱਖ ਨਾਲ ਚਿਹਰਾ ਉੱਸਰਿਆ ਹੋਇਆ ਸੀ ਨੇ ਕਿਹਾ :

"ਪਰਮਾਤਮਾ, ਕਿਸ ਕਿਸਮ ਦੀ ਤਕਲੀਫ਼ ਮੈਂ ਅਨੁਭਵ ਕਰ ਰਿਹਾ ਹਾਂ ਅੱਛਾ ਤੁਸੀਂ ਸਮਝ ਸਕਦੇ ਹੋ। ਇਨਸਾਨ ਨੂੰ ਇਕੱਲਿਆਂ ਰਹਿਣ ਲਈ ਨਹੀਂ ਬਣਾਇਆ ਗਿਆ, ਪਰੰਤੂ ਮੈਂ ਤੁਹਾਡੀ ਮਾਤਾ ਦੀ ਥਾਂ ਹੋਰ ਨਹੀਂ ਬਣਾਉਣਾ ਚਾਹੁੰਦਾ ਸੀ ਕਿਉਂਕਿ ਮੈਂ ਅਜਿਹਾ ਨਾ ਕਰਨ ਦਾ ਵਾਅਦਾ ਕੀਤਾ ਸੀ ਤਾਂ ਤੁਸੀਂ ਸਮਝਦੇ ਹੋ?"

ਹਾਂ, ਪਿਤਾ ਜੀ"।

"ਇਸ ਲਈ ਮੈਂ ਰੋਇਨ, ਰੂਏ ਐਂਡ ਏਪਰਲਨ 18 ਤੀਜੀ ਮੰਜ਼ਲ ਉੱਤੇ ਦੂਜੇ ਕਮਰੇ ਵਿੱਚ ਇਕ ਨੌਜਵਾਨ ਲੜਕੀ ਰੱਖੀ ਸੀ ਮੈਂ ਤੁਹਾਨੂੰ ਇਹ ਦੱਸ ਦੇਣਾ ਚਾਹੁੰਦਾ ਹਾਂ ਭੁੱਲਣਾ ਨਹੀਂ ਪਰੰਤੂ ਇਹ ਨੌਜਵਾਨ ਲੜਕੀ ਜੋ ਮੇਰੇ ਪ੍ਰਤੀ ਇਕ ਚੰਗੀ ਪਿਆਰ ਵਾਲੀ, ਸੇਵਾ ਵਾਲੀ, ਇਕ ਸੱਚੀ ਔਰਤ ਸਾਬਤ ਹੋਈ ਹੈ, ਸੁਣੋ? ਮੇਰੇ ਬੱਚੇ ਤੁਸੀਂ ਸਮਝ ਰਹੇ ਹੋ?

"ਹਾਂ ਪਿਤਾ ਜੀ।"

ਇਸ ਲਈ ਜੇ ਮੈਂ ਵਹੁਟੀ ਕੀਤੀ ਤਾਂ ਉਸ ਦੀਆਂ ਲੋੜਾਂ ਪੂਰੀਆਂ ਕਰਨਾ ਵੀ ਮੇਰਾ ਫ਼ਰਜ਼ ਹੈ।

"ਹਾਂ ਪਿਤਾ ਜੀ"।

ਮੈਂ ਤੁਹਾਨੂੰ ਦੱਸਾਂ ਕਿ ਉਹ ਇਕ ਇਮਾਨਦਾਰ ਲੜਕੀ ਹੈ ਅਤੇ ਜੇ ਮੈਨੂੰ ਤੁਹਾਡਾ ਤੁਹਾਡੀ ਮਾਂ ਦਾ ਅਤੇ ਇਸ ਤੋਂ ਇਲਾਵਾ ਉਸ ਘਰ ਦਾ ਛੱਡ ਕੇ ਜਿਸ ਵਿੱਚ ਅਸੀਂ ਤਿੰਨੋ ਰਹਿੰਦੇ ਹਾਂ, ਖ਼ਿਆਲ ਨਾ ਹੁੰਦਾ ਮੈਂ ਉਸ ਨੂੰ ਇੱਥੇ ਲੈ ਆਉਂਦਾ ਅਤੇ ਇਸ ਪਿੱਛੋਂ ਉਸ ਨਾਲ ਸ਼ਾਦੀ ਕਰ ਲੈਂਦਾ ਮੇਰੇ ਬੱਚੇ ਸੁਣੋ। ਮੈਂ ਵਸੀਅਤ ਕਰ ਸਕਦਾ ਸੀ ਪਰ ਮੈਂ ਅਜਿਹਾ ਨਹੀਂ ਕੀਤਾ ਮੈਂ ਅਜਿਹਾ ਨਹੀਂ ਕਰਨਾ ਚਾਹੁੰਦਾ ਸੀ ਕਿਉਂਕਿ ਚੀਜ਼ਾਂ ਦਾ ਲਿਖਣਾ ਜ਼ਰੂਰੀ ਨਹੀਂ ਹੈ ਇਸ ਕਿਸਮ ਦੀਆਂ ਚੀਜ਼ਾਂ ਜਾਇਜ਼ ਬੱਚਿਆਂ ਲਈ ਦੁਖਦਾਈ ਗੱਲ ਹੈ ਅਤੇ ਤਾਂ ਹੀ ਹਰੇਕ ਚੀਜ਼ ਉਲਝਣ ਵਿੱਚ ਪੈ ਜਾਂਦੀ ਹੈ, ਇਸ

ਨਾਲ ਹਰੇਕ ਚੀਜ਼ ਤਬਾਹ ਹੋ ਜਾਂਦੀ ਹੈ, ਤੁਸੀਂ ਸਟੈਂਪ ਪੇਪਰ ਵੇਖੋ ਇਸ ਦੀ ਕੋਈ ਲੋੜ ਨਹੀਂ ਇਸ ਦੀ ਕਦੇ ਵਰਤੋਂ ਨਾ ਕਰੋ ਜੇ ਮੈਂ ਅਮੀਰ ਹਾਂ ਤਾਂ ਇਸ ਦਾ ਕਾਰਨ ਇਹ ਹੈ ਕਿ ਜੋ ਕੁਝ ਮੈਂ ਆਪਣੇ ਜੀਵਨ ਵਿੱਚ ਕਮਾਇਆ ਹੈ ਮੈਂ ਇਸ ਨੂੰ ਜ਼ਾਇਆ ਨਹੀਂ ਕੀਤਾ। ਮੇਰੇ ਪੁੱਤਰ ਤੁਸੀਂ ਸਮਝ ਗਏ ਹੋ?"

"ਦੋਬਾਰਾ ਸੁਣੋ ਮੈਨੂੰ ਪੂਰੀ ਤਰ੍ਹਾਂ ਸੁਣੋ ਤਾਂ ਮੈਂ ਕੋਈ ਵਸੀਅਤ ਨਹੀਂ ਕੀਤੀ ਮੈਂ ਅਜਿਹਾ ਕਰਨਾ ਨਹੀਂ ਚਾਹੁੰਦਾ ਸੀ ਅਤੇ ਫਿਰ ਮੈਂ ਜਾਣਦਾ ਸੀ ਕਿ ਤੁਸੀਂ ਕੀ ਚੀਜ਼ ਹੋ; ਤੁਸੀਂ ਦਿਲ ਦੇ ਬਹੁਤ ਅੱਛੇ ਹੋ; ਤੁਸੀਂ ਲਾਲਚੀ ਨਹੀਂ ਹੋ, ਨਾ ਹੀ ਕਿਸੇ ਤਰ੍ਹਾਂ ਨਜ਼ਦੀਕ ਹੋ; ਮੈਂ ਆਪਣੇ ਆਪ ਨੂੰ ਕਿਹਾ ਕਿ ਜਦੋਂ ਮੇਰਾ ਅੰਤ ਆ ਜਾਵੇਗਾ ਮੈਂ ਇਸ ਸੰਬੰਧ ਵਿੱਚ ਤੁਹਾਨੂੰ ਸਾਰਾ ਕੁਝ ਦੱਸ ਦੇਵਾਂਗਾ'। ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਉਸ ਲੜਕੀ ਨੂੰ ਨਾ ਭੁੱਲਣਾ। ਅਤੇ ਦੋਬਾਰਾ ਸੁਣੋ। ਜਦੋਂ ਮੈਂ ਚਲਾ ਜਾਵਾਂ ਤਾਂ ਤੁਸੀਂ ਫ਼ੌਰਨ ਉਸ ਥਾਂ 'ਤੇ ਚਲੇ ਜਾਓ ਅਤੇ ਅਜਿਹਾ ਪ੍ਰਬੰਧ ਕਰੋ ਕਿ ਉਹ ਮੇਰੇ ਬਾਰੇ ਕੁਝ ਨਾ ਕਹੇ ਮੇਰੇ ਕਈ ਸਾਧਨ ਹਨ, ਮੈਂ ਤੁਹਾਨੂੰ ਦਿੰਦਾ ਹਾਂ ਮੈਂ ਤੁਹਾਡੇ ਲਈ ਕਾਫ਼ੀ ਕੁਝ ਛੱਡ ਰਿਹਾ ਹਾਂ। ਸੁਣੋ ਤੁਸੀਂ ਉਸ ਨੂੰ ਹਫ਼ਤੇ ਵਿੱਚ ਹਰ ਰੋਜ਼ ਘਰ ਨਹੀਂ ਮਿਲ ਸਕੋਗੇ ਉਹ ਰੂਈ ਬਿਊਵਿਸਨ ਵਿਖੇ ਮੈਡਮ ਮੋਰੀਓ ਵਿੱਚ ਕੰਮ ਕਰਦੀ ਹੈ। ਤੁਸੀਂ ਵੀਰਵਾਰ ਉੱਥੇ ਜਾਓ। ਉਸ ਦਿਨ ਉਹ ਮੇਰੀ ਆਸ ਰੱਖਦੀ ਹੈ ਪਿਛਲੇ ਛੇ ਸਾਲਾਂ ਤੋਂ ਮੈਂ ਇਸੇ ਦਿਨ ਮਿਲਦਾ ਹਾਂ। ਬਹੁਤ ਮਾਮੂਲੀ ਜਿਹੀ ਗੱਲ ਹੈ। ਉਹ ਰੋਣ ਲੱਗ ਜਾਵੇਗੀ ਮੈਂ ਤੁਹਾਨੂੰ ਇਹ ਸਾਰੀ ਗੱਲ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਮੈਂ ਤੁਹਾਨੂੰ ਸਾਰਾ ਕੁਝ ਦੱਸ ਚੁੱਕਿਆ ਹਾਂ, ਕੋਈ ਆਦਮੀ ਇਹ ਗੱਲਾਣ ਆਮ ਨਹੀਂ ਕਰਦਾ, ਨਾ ਨੋਟਰੀ ਨੂੰ ਦੱਸਦਾ ਹੈ ਨਾ ਹੀ ਪਾਦਰੀ ਨੂੰ। ਇਹੋ ਜਿਹੀਆਂ ਗੱਲਾਂ ਦਿਨ ਕਿਲਾ ਇਸ ਕਰਕੇ ਕਰ ਰਿਹਾ ਹਾਂ ਕਿਉਂ ਕਿ ਮੈਂ ਤੁਹਾਨੂੰ ਸਾਰਾ ਕੁਝ ਦਸ ਚੁੱਕਿਆ ਹਾਂ, ਇਸ ਸਾਰੀ ਹੀ ਇਹ ਗੱਲਾਂ ਆਮ ਨਹੀਂ ਕਰਦਾ, ਨਾ ਨੋਟਰੀ ਨੂੰ ਦੱਸਦਾ ਹੈ ਨਾ ਹੀ ਪਾਦਰੀ ਨੂੰ। ਇਹੋ ਜਿਹੀਆਂ ਗੱਲਾਂ ਹੁੰਦੀਆਂ ਹਨ ਹਰੇਕ ਆਦਮੀ ਇਹ ਜਾਣਦਾ ਹੈ ਪਰੰਤੂ ਲੋੜ ਤੋਂ ਬਿਨਾਂ ਇਹ ਗੱਲਾਂ ਆਮ ਨਹੀਂ ਕੀਤੀਆਂ ਜਾਂਦੀਆਂ ਇਸ ਭੇਤ ਦਾ ਪਰਿਵਾਰ ਤੋਂ ਸਿਵਾਏ ਬਾਹਰ ਦੇ ਕਿਸੇ ਆਦਮੀ ਨੂੰ ਨਹੀਂ ਪਤਾ ਕਿਉਂਕਿ ਪਰਿਵਾਰ ਕੇਵਲ ਇਕ ਵਿਅਕਤੀ ਦਾ ਹੈ। ਤੁਸੀਂ ਸਮਝ ਗਏ।

"ਹਾਂ, ਪਿਤਾ ਜੀ"

"ਕੀ ਤੁਸੀਂ ਵਾਅਦਾ ਕਰਦੇ ਹੋ?"

"ਹਾਂ ਪਿਤਾ ਜੀ।"

"ਕੀ ਤੁਸੀਂ ਸੌਂਹ ਖਾ ਕੇ ਕਹਿੰਦੇ ਹੋ?"

"ਹਾਂ ਪਿਤਾ ਜੀ।"

'ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਨਾ ਭੁੱਲਣਾ। ਮੈਂ ਤੁਹਾਨੂੰ ਇਸ ਦਾ ਪਾਬੰਦ ਕਰਦਾ ਹਾਂ।

"ਨਹੀਂ, ਪਿਤਾ ਜੀ।"

"ਤੁਸੀਂ ਆਪ ਉੱਥੇ ਜਾਓ, ਮੈਂ ਚਾਹੁੰਦਾ ਹਾਂ ਕਿ ਤੁਹਾਨੂੰ ਹਰੇਕ ਗੱਲ ਬਾਰੇ ਪਤਾ ਲੱਗ ਜਾਵੇ।

"ਹਾਂ ਪਿਤਾ ਜੀ।"

"ਅਤੇ ਫਿਰ ਤੁਹਾਨੂੰ ਪਤਾ ਲੱਗ ਜਾਵੇਗਾ ਜੋ ਕੁਝ ਉਹ ਤੁਹਾਨੂੰ ਦੱਸੇਗੀ, ਤੁਹਾਨੂੰ ਪਤਾ ਲੱਗ ਜਾਵੇਗਾ, ਜਿੱਥੇ ਤੱਕ ਮੇਰਾ ਸੰਬੰਧ ਹੈ ਮੈਂ ਤੁਹਾਨੂੰ ਹੋਰ ਕੁਝ ਨਹੀਂ ਦੱਸ ਸਕਦਾ। ਤੁਸੀਂ ਅਜਿਹਾ ਕਰਨ ਦੀ ਸੌਂਹ ਖਾਂਦੇ ਹੋ।"

ਹਾਂ, ਪਿਤਾ ਜੀ।"

"ਮੇਰੇ ਪੁੱਤਰ ਇਹ ਚੰਗੀ ਗੱਲ ਹੈ। ਮੈਨੂੰ ਗਲ਼ ਨਾਲ ਲਗਾ ਲਵੋ। ਅੱਛਾ ਮੈਂ ਥੱਕ ਗਿਆ ਹਾਂ ਅਤੇ ਜਾਣ ਲੱਗਾ ਹਾਂ ਮੈਨੂੰ ਯਕੀਨ ਹੈ। ਉਨ੍ਹਾਂ ਨੂੰ ਕਹਿ ਦਿਓ ਉਹ ਅੰਦਰ ਆ ਸਕਦੇ ਹਨ।"

ਨੌਜਵਾਨ ਹਾਉਟਟ ਨੇ ਆਪਣੇ ਪਿਤਾ ਨੂੰ ਜੱਫੀ ਪਾ ਲਈ, ਜਦੋਂ ਉਹ ਅਜਿਹਾ ਕਰ ਰਿਹਾ ਸੀ ਤਾਂ ਭੁੱਬਾਂ ਮਾਰ ਰਿਹਾ ਸੀ; ਸਦਾ ਵਾਂਗ ਆਗਿਆਕਾਰ ਉਸ

ਨੇ ਦਰਵਾਜ਼ਾ ਖੋਲ੍ਹਿਆ ਅਤੇ ਪਾਦਰੀ ਜਿਸ ਨੇ ਸਫ਼ੈਦ ਜਾਮਾ ਪਾਇਆ ਹੋਇਆ ਸੀ, ਪਵਿੱਤਰ ਤੇਲ ਹੱਥ ਵਿੱਚ ਫੜੀ ਅੰਦਰ ਦਾਖ਼ਲ ਹੋਇਆ।

ਪਰੰਤੂ ਮਰਨ ਵਾਲੇ ਆਦਮੀ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਸਨ ਅਤੇ ਉਸ ਨੇ ਦੁਬਾਰਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ, ਉਸ ਨੇ ਉਤਰ ਦੇਣ ਤੋਂ ਇਨਕਾਰ ਕਰ ਦਿੱਤਾ, ਉਸ ਨੇ ਇਸ਼ਾਰੇ ਨਾਲ ਵੀ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ, ਕਿ ਉਹ ਸਮਝ ਗਿਆ ਹੈ।

ਉਸ ਨੇ ਕਾਫੀ ਗੱਲਾਂ ਕੀਤੀਆਂ ਸਨ। ਉਹ ਹੋਰ ਨਹੀਂ ਬੋਲ ਸਕਦਾ ਸੀ। ਇਸ ਤੋਂ ਇਲਾਵਾ ਉਸ ਨੇ ਹੁਣ ਮਹਿਸੂਸ ਕੀਤਾ ਕਿ ਉਸ ਦਾ ਦਿਲ ਬੈਠ ਗਿਆ। ਉਹ ਅਮਨ ਨਾਲ ਮਰਨਾ ਚਾਹੁੰਦਾ ਸੀ। ਹੁਣ ਉਹ ਪਾਦਰੀ ਦੇ ਸਾਹਮਣੇ ਇਕਬਾਲ ਨਹੀਂ ਕਰਨਾ ਚਾਹੁੰਦਾ ਸੀ, ਜਿਵੇਂ ਕਿ ਉਸ ਨੇ ਆਪਣੇ ਪੁੱਤਰ ਸਾਹਮਣੇ ਕੀਤਾ ਸੀ, ਜੋ ਉਸ ਦੇ ਪਰਿਵਾਰ ਨਾਲ ਸੰਬੰਧਿਤ ਸੀ।

ਉਸ ਦੇ ਦੋਸਤਾਂ ਅਤੇ ਗੋਡਿਆਂ ਭਾਰ ਹੋਏ ਉਸ ਦੇ ਨੌਕਰਾਂ ਦੀ ਹਾਜ਼ਰੀ ਵਿੱਚ ਉਸ ਦੀਆਂ ਅੰਤਿਮ ਰਸਮਾਂ ਕੀਤੀਆਂ ਗਈਆਂ, ਸ਼ੁੱਧ ਕੀਤਾ ਗਿਆ ਅਤੇ ਮੁਆਫ਼ ਕੀਤਾ ਗਿਆ ਉਸ ਦੇ ਚਿਹਰੇ ਦੇ ਨਾ ਹਿੱਲਣ ਤੋਂ ਇਹ ਮਲੂਮ ਹੁੰਦਾ ਸੀ ਕਿ ਉਹ ਅਜੇ ਜੀਅ ਰਿਹਾ ਹੈ।

ਚਾਰ ਘੰਟੇ ਤੜਫਣ ਪਿੱਛੋਂ ਉਹ ਮਰ ਗਿਆ ਜਿਸ ਤੋਂ ਇਹ ਪਤਾ ਚੱਲਦਾ ਸੀ ਕਿ ਉਸ ਦੀਆਂ ਅੰਤਿਮ ਘੜੀਆਂ ਬਹੁਤ ਦੁਖਦਾਈ ਗੁਜ਼ਰੀਆਂ ਹੋਣੀਆਂ ਹਨ।

## II

ਮੰਗਲਵਾਰ ਉਨ੍ਹਾਂ ਨੇ ਉਸ ਨੂੰ ਦਫ਼ਨਾ ਦਿੱਤਾ; ਸ਼ਿਕਾਰ ਐਤਵਾਰ ਸ਼ੁਰੂ ਹੋਇਆ ਸੀ। ਆਪਣੇ ਪਿਤਾ ਜੀ ਨਾਲ ਕਬਰਸਤਾਨ ਜਾਣ ਪਿੱਛੋਂ ਆਪਣੇ ਘਰ ਵਾਪਸ ਪਹੁੰਚਣ ਉੱਤੇ ਸ਼ੀਜ਼ਰ ਹਾਊਟਟ ਬਾਕੀ ਸਾਰਾ ਦਿਨ ਰੋਂਦਾ ਰਿਹਾ। ਉਹ ਅਗਲੀ ਰਾਤ ਬਿਲਕੁਲ ਨਹੀਂ ਸੌਂ ਸਕਿਆ; ਅਤੇ ਉੱਠਣ ਤੋਂ ਪਿੱਛੋਂ ਉਹ ਹੈਰਾਨ ਸੀ ਕਿ ਉਹ ਕਿਵੇਂ ਜ਼ਿੰਦਾ ਰਹੇਗਾ।

ਐਪਰ ਉਸ ਸ਼ਾਮ ਤੱਕ ਸੋਚਦਾ ਰਿਹਾ ਕਿ ਆਪਣੇ ਪਿਤਾ ਦੀ ਆਖ਼ਰੀ ਖ਼ਾਹਿਸ਼ ਪੂਰੀ ਕਰਨ ਲਈ ਉਸ ਨੂੰ ਅਗਲੇ ਦਿਨ ਰੂਈਨ ਦਾ ਸਫ਼ਰ ਕਰਨਾ ਚਾਹੀਦਾ ਹੈ ਅਤੇ ਲੜਕੀ ਕੈਰੋਲਿਨ ਡੋਨੈਟ ਨੂੰ ਵੇਖਣਾ ਚਾਹੀਦਾ ਹੈ ਜੋ ਰੂਈ ਐਡ ਐਪਰਲਿਨ ਵਿੱਚ ਤੀਜੀ ਮੰਜ਼ਿਲ ਅਤੇ ਦੂਜੇ ਕਮਰੇ ਵਿੱਚ ਰਹਿੰਦੀ ਹੈ। ਉਹ ਹੌਲੇ ਜਿਹੇ ਆਪਣੇ ਆਪ ਵਿੱਚ ਜਿਵੇਂ ਕਿ ਇਕ ਛੋਟਾ ਜਿਹਾ ਬੱਚਾ ਪ੍ਰਾਰਥਨਾ ਦੁਹਰਾਉਂਦਾ ਰਿਹਾ ਤਾਂ ਜੋ ਉਸ ਨੂੰ ਇਹ ਭੁੱਲ ਨਾ ਜਾਵੇ, ਉਹ ਲਗਾਤਾਰ ਤੋਤਲਿਆਂ ਵਾਂਗ ਬੋਲਦਾ ਰਿਹਾ ਉਸ ਦੇ ਦਿਮਾਗ਼ ਉੱਤੇ ਇਹ ਸ਼ਬਦ ਛਾ ਗਏ।

ਇਸ ਅਨੁਸਾਰ ਅਗਲੇ ਦਿਨ ਤਕਰੀਬਨ ਅੱਠ ਵਜੇ ਉਸ ਨੇ ਗ੍ਰੀਨਡਾਰਜ ਨੂੰ ਬੱਘੀ ਜੋੜਨ ਲਈ ਹੁਕਮ ਦਿੱਤਾ ਅਤੇ ਐਨਵਿਲ ਤੋਂ ਰੋਇਨ ਤੱਕ ਦੀ ਵੱਡੀ ਸੜਕ ’ਤੇ ਵੱਡੇ ਨਾਰਮਨ ਘੋੜਿਆਂ ਦੀ ਤਿਲੋਰਿਆਂ ਵਾਲੀ ਚਾਲ ਚੱਲ ਪਿਆ। ਉਸ ਨੇ ਆਪਣਾ ਕਾਲਾ ਫਰਾਕ ਕੋਟ, ਸਿਰ ਉੱਤੇ ਉੱਚੀ ਸਿਲਕੀ ਟੋਪੀ, ਅਤੇ ਪਜਾਮਾ ਪਾਇਆ ਹੋਇਆ ਸੀ ਅਤੇ ਉਸ ਮੌਕੇ ਕਾਰਨ ਉਸ ਨੇ ਆਪਣਾ ਨੀਲੇ ਰੰਗ ਦਾ ਚੋਗਾ ਨਹੀਂ ਪਾਇਆ ਸੀ, ਜੋ ਕੱਪੜਿਆਂ ਨੂੰ ਗਰਦ ਅਤੇ ਦਾਗ਼ ਤੋਂ ਬਚਾਉਂਦਾ ਸੀ ਅਤੇ ਜਿਹੜਾ ਬੱਘੀ ਵਿੱਚੋਂ ਬਾਹਰ ਨਿਕਲਣ ਸਮੇਂ ਹਟਾ ਦਿੱਤਾ ਜਾਂਦਾ ਸੀ।

ਉਹ 10 ਵਜੇ ਰੋਇਨ ਵਿੱਚ ਦਾਖ਼ਲ ਹੋਇਆ, ਉੱਪਰ ਚਲਾ ਗਿਆ ਜਿਵੇਂ ਉਹ ਰੂਏ ਡੈਸ ਟਰਾਇਸ ਮਾਰਕਸ ਵਿੱਚ ਹੋਟਲ ਡੈਸ ਬੋਨ ਇਨਫੈਟਸ ਵਿੱਚ ਆਮ ਜਾਂਦਾ ਸੀ। ਮਾਲਕ ਮਕਾਨ ਉਸ ਦੀ ਪਤਨੀ ਅਤੇ ਉਨ੍ਹਾਂ ਦੇ ਪੰਜ ਬੱਚਿਆਂ ਸਾਹਮਣੇ ਗਿਆ, ਕਿਉਂਕਿ ਉਨ੍ਹਾਂ ਨੇ ਉਸ ਦੀਆਂ ਉਦਾਸੀ ਭਰੀਆਂ ਖ਼ਬਰਾਂ ਸੁਣੀਆਂ ਸਨ। ਉਸ ਤੋਂ ਪਿੱਛੋਂ ਉਸ ਨੂੰ ਦੁਰਘਟਨਾ ਸਬੰਧੀ ਸਾਰੇ ਵੇਰਵੇ ਦੱਸਣੇ ਪਏ, ਜਿਸ ਕਾਰਨ ਉਸ ਨੂੰ ਰੋਣਾ ਪਿਆ ਉਨ੍ਹਾਂ ਦੀਆ ਸੇਵਾਵਾਂ ਠੁਕਰਾਣੀਆਂ ਪਈਆਂ ਜੋ ਉਸਦੀ ਅਮੀਰੀ ਕਾਰਨ ਉਸ ਨੂੰ ਮਿਲੀਆਂ ਸਨ ਅਤੇ ਸਵੇਰ ਦਾ ਖਾਣਾ ਵੀ ਛੱਡਣਾ ਪਿਆ। ਇਸ ਤਰ੍ਹਾਂ ਉਨ੍ਹਾਂ ਦੇ ਮਨੋਭਾਵਾਂ ਨੂੰ ਠੇਸ ਲੱਗੀ।

ਫਿਰ ਆਪਣੇ ਹੈਟ ਤੋਂ ਮਿੱਟੀ ਝਾੜਨ ਪਿੱਛੋਂ ਆਪਣੇ ਕੋਟ ਤੋਂ ਮਿੱਟੀ ਝਾੜਨ ਅਤੇ ਬੂਟਾਂ ਤੋਂ ਧੱਬੇ ਉਤਾਰਨ ਪਿੱਛੋਂ ਉਹ ਰੂਏ ਐਂਡ ਐਪਰਲੇਨ ਦੀ ਭਾਲ਼ ਵਿੱਚ

ਨਿਕਲਿਆ ਕਿਸੇ ਤੋਂ ਵੀ ਪੁੱਛ ਗਿੱਛ ਨਹੀਂ ਕੀਤੀ, ਇਸ ਦਾ ਕਾਰਨ ਇਹ ਸੀ ਕਿ ਕਿਸੇ ਵੱਲੋਂ ਪਛਾਣਿਆ ਨਾ ਜਾਵੇ ਅਤੇ ਸ਼ੱਕ ਪੈਦਾ ਨਾ ਹੋ ਜਾਵੇ।

ਆਖ਼ਰਕਾਰ ਉਸ ਨੂੰ ਕੋਈ ਥਾਂ ਨਾ ਮਿਲੀ ਉਸ ਨੇ ਇਕ ਪਾਦਰੀ ਲੰਘਦਿਆਂ ਵੇਖਿਆ ਪੇਸ਼ਵਾਰਾਨਾ ਸੂਝ ਕਾਰਨ ਉਸ ’ਤੇ ਵਿਸ਼ਵਾਸ ਕਰਦੇ ਹੋਏ ਉਸ ਨੇ ਪਾਦਰੀ ਨੂੰ ਸਵਾਲ ਕੀਤਾ।

ਉਸ ਨੇ ਕੇਵਲ ਸੌ ਕਦਮ ਹੋਰ ਅੱਗੇ ਜਾਣਾ ਸੀ, ਇਹ ਬਿਲਕੁਲ ਸੱਜੇ ਪਾਸੇ ਦੂਜੀ ਗਲ਼ੀ ਸੀ।

ਫਿਰ ਉਹ ਝਿਜਕ ਗਿਆ। ਉਸ ਸਮੇਂ ਤੱਕ ਉਸ ਨੇ ਮ੍ਰਿਤਕ ਦੀ ਸਪੱਸ਼ਟ ਖ਼ਾਹਿਸ਼ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਸੀ ਉਸ ਨੇ ਇਸ ਔਰਤ ਦੀ ਹਾਜ਼ਰੀ ਵਿੱਚ ਜਿਹੜੀ ਕਿ ਉਸ ਦੇ ਪਿਤਾ ਜੀ ਦੀ ਪ੍ਰੇਮਿਕਾ ਸੀ ਆਪਣੇ ਆਪ ਨੂੰ ਪੁੱਤਰ ਸਮਝਣ ਦੇ ਖ਼ਿਆਲ ਨਾਲ ਬਿਲਕੁਲ ਵਿਆਕੁਲਤਾ ਅਤੇ ਘਬਰਾਹਟ ਅਨੁਭਵ ਕੀਤੀ। ਉਹ ਸਾਰਾ ਇਖ਼ਲਾਕ ਜੋ ਸਾਡੀਆਂ ਛਾਤੀਆਂ ਵਿੱਚ ਭਰਿਆ ਹੋਇਆ ਹੈ ਉਹ ਸਾਰਾ ਕੁੱਝ ਜੋ ਸਾਨੂੰ ਬੁਰੀਆਂ ਇਸਤਰੀਆਂ ਸੰਬੰਧੀ ਸਿਖਾਇਆ ਜਾਂਦਾ ਹੈ, ਜਜ਼ਬਾਤੀ ਨਫ਼ਰਤ ਜੋ ਹਰੇਕ ਆਦਮੀ ਉਨ੍ਹਾਂ ਲਈ ਰੱਖਦਾ ਹੈ। ਭਾਵੇਂ ਉਹ ਉਨ੍ਹਾਂ ਵਿੱਚੋਂ ਇਕ ਨਾਲ ਵਿਆਹ ਕਰ ਲਵੇ ਅਤੇ ਇਕ ਜ਼ਿਮੀਂਦਾਰ ਦੀ ਤੰਗ-ਦਿਲੀ, ਇਸ ਸਭ ਕੁਝ ਨੇ ਉਸ ਨੂੰ ਰੋਕੀ ਰੱਖਿਆ ਅਤੇ ਉਹ ਸ਼ਰਮ ਨਾਲ ਲਾਲ ਪੀਲਾ ਹੋ ਰਿਹਾ ਸੀ।

ਪਰੰਤੂ ਉਸ ਨੇ ਆਪਣੇ ਆਪ ਕਿਹਾ "ਮੈਂ ਆਪਣੇ ਪਿਤਾ ਜੀ ਨਾਲ ਵਾਅਦਾ ਕੀਤਾ ਹੋਇਆ ਹੈ, ਮੈਨੂੰ ਵਾਅਦਾ ਤੋੜਨਾ ਨਹੀਂ ਚਾਹੀਦਾ।"

ਤਾਂ ਉਸ ਨੇ 18 ਨੰਬਰ ਵਾਲੇ ਮਕਾਨ ਦੇ ਦਰਵਾਜ਼ੇ ਨੂੰ ਧੱਕਿਆ, ਜੋ ਅੱਧ ਖੁੱਲ੍ਹਾ ਪਿਆ ਸੀ ਉਸ ਨੂੰ ਸੁੱਜੀਆਂ ਜਿਹੀਆਂ ਪੌੜੀਆਂ ਦਿਸੀਆਂ, ਉੱਪਰਲੀਆਂ ਤਿੰਨ ਪੌੜੀਆਂ ਚੜ੍ਹ ਕੇ ਉਸ ਨੇ ਇਕ ਦਰਵਾਜ਼ਾ ਅਤੇ ਦੂਜਾ ਦਰਵਾਜ਼ਾ ਵੇਖਿਆ, ਘੰਟੀ ਦੀ ਤਾਰ ਨੂੰ ਵੇਖਿਆ ਅਤੇ ਇਸ ਨੂੰ ਖਿੱਚਿਆ। ਜਿਸ ਕਮਰੇ ਸਾਹਮਣੇ ਉਹ ਖੜ੍ਹਿਆ ਸੀ, ਉਸ ਵਿੱਚ ਘੰਟੀ ਦੀ ਆਵਾਜ਼ ਗੂੰਜੀ ਜਿਸ ਨੇ ਉਸ ਦੇ ਸਰੀਰ ਵਿੱਚ ਕੰਬਣੀ ਛੇੜ ਦਿੱਤੀ। ਦਰਵਾਜ਼ਾ ਖੋਲ੍ਹਿਆ ਗਿਆ ਅਤੇ ਉਸ ਸਾਹਮਣੇ ਇਕ ਸੁਹਣੀ ਪੁਸ਼ਾਕ ਪਾਈ

ਔਰਤ ਖੜ੍ਹੀ ਸੀ, ਵਾਲਾਂ ਦਾ ਰੰਗ ਕੱਕਾ ਸੀ, ਜਿਸ ਨੇ ਹੈਰਾਨੀ ਭਰੀਆਂ ਅੱਖਾਂ ਨਾਲ ਉਸ ਵੱਲ ਵੇਖਿਆ।

ਉਸ ਨੂੰ ਪਤਾ ਨਹੀਂ ਸੀ ਕਿ ਉਸ ਨੂੰ ਕੀ ਕਿਹਾ ਜਾਵੇ ਅਤੇ ਉਹ ਕੁਝ ਨਹੀਂ ਸਮਝ ਸਕੀ ਜੋ ਉਸ ਦੇ ਪਿਤਾ ਦਾ ਇੰਤਜ਼ਾਰ ਕਰ ਰਹੀ ਸੀ ਉਸ ਨੂੰ ਅੰਦਰ ਆਉਣ ਲਈ ਕੁਝ ਨਹੀਂ ਕਿਹਾ ਉਹ ਤਕਰੀਬਨ ਅੱਧਾ ਮਿੰਟ ਇਕ ਦੂਜੇ ਵੱਲ ਵੇਖਦੇ ਰਹੇ ਅਤੇ ਅਖ਼ੀਰ ਵਿੱਚ ਉਸ ਨੇ ਪ੍ਰਸ਼ਨ ਦੀ ਸ਼ਕਲ ਵਿੱਚ ਕੁੱਝ ਕਿਹਾ,

"ਸ੍ਰੀਮਾਨ ਜੀ ਤੁਸੀਂ ਮੈਨੂੰ ਕੁੱਝ ਕਹਿਣਾ ਹੈ?"

ਉਸ ਨੇ ਕੰਬਦੀ ਆਵਾਜ਼ ਵਿੱਚ ਉੱਤਰ ਦਿੱਤਾ।

"ਮੈਂ ਐੱਮ. ਹਾਊਟਟ ਦਾ ਪੁੱਤਰ ਹਾਂ।"

ਉਸ ਨੇ ਪਹਿਲ ਕੀਤੀ, ਰੰਗ ਪੀਲਾ ਪੈ ਗਿਆ, ਅਤੇ ਰੁਕਦੇ ਰੁਕਦੇ ਕਿਹਾ, ਜਿਵੇਂ ਕਿ ਉਹ ਉਸ ਨੂੰ ਕਾਫ਼ੀ ਸਮੇਂ ਤੋਂ ਜਾਣਦੀ ਹੋਵੇ।

"ਮੌਸ਼ੀਅਰ, ਸੀਜ਼ਰ?"

"ਅਤੇ ਦੱਸੋ?"

ਮੈਂ ਆਪਣੇ ਪਿਤਾ ਜੀ ਦੀ ਤਰਫ਼ੋਂ ਤੁਹਾਨੂੰ ਕੁੱਝ ਕਹਿਣ ਆਇਆ ਹਾਂ।"

"ਉਸ ਨੇ ਕਿਹਾ "ਹੇ ਮੇਰੇ ਪ੍ਰਮਾਤਮਾ।" ਫਿਰ ਉਹ ਪਿੱਛੇ ਹਟ ਗਈ ਤਾਂ ਜੋ ਉਹ ਅੰਦਰ ਦਾਖ਼ਲ ਹੋ ਸਕੇ। ਉਸ ਨੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਉਸ ਦੇ ਪਿੱਛੇ ਪਿੱਛੇ ਅੰਦਰ ਚਲਾ ਗਿਆ। ਉਸ ਨੇ ਵੇਖਿਆ ਕਿ ਇਕ ਛੋਟਾ ਜਿਹਾ ਚਾਰ ਜਾਂ ਪੰਜ ਸਾਲ ਦਾ ਬੱਚਾ ਜੋ ਸਟੋਵ ਦੇ ਸਾਹਮਣੇ ਫ਼ਰਸ਼ ਉੱਤੇ ਖੇਡ ਰਿਹਾ ਸੀ ਜਿਸ ਵਿੱਚੋਂ ਖਾਣਿਆਂ ਦੀ ਭਾਫ਼ ਬਾਹਰ ਨਿਕਲ ਰਹੀ ਸੀ, ਅਤੇ ਇਨ੍ਹਾਂ ਨੂੰ ਗਰਮ ਰੱਖਿਆ ਜਾ ਰਿਹਾ ਸੀ।

ਉਸ ਨੇ ਕਿਹਾ, "ਬੈਠ ਜਾਓ।"

ਉਹ ਬੈਠ ਗਿਆ।

ਉਸ ਨੇ ਕਿਹਾ,

"ਅੱਛਾ ਦੱਸੋ?"

ਉਸ ਨੇ ਕਮਰੇ ਦੇ ਵਿਚਕਾਰ ਪਏ ਮੇਜ਼, ਜੋ ਦੋ ਵੱਡਿਆਂ ਅਤੇ ਇਕ ਬੱਚੇ ਲਈ ਸੀ ਉੱਤੇ ਆਪਣੀਆਂ ਨਿਗਾਹਾਂ ਟਿਕਾਈਆਂ ਫੇਰ ਉਸ ਨੇ ਉਸ ਕੁਰਸੀ ਵੱਲ ਵੇਖਿਆ ਜਿਸ ਦੀ ਪਿੱਠ ਅੱਗ ਵੱਲ ਸੀ। ਉਹ ਉਸ ਦਾ ਇੰਤਜ਼ਾਰ ਕਰ ਰਹੇ ਸਨ ਇਹ ਉਸ ਦੀ ਰੋਟੀ ਸੀ ਜੋ ਉਸ ਨੇ ਵੇਖੀ, ਅਤੇ ਜਿਹੜੀ ਉਸ ਨੇ ਕਾਂਟੇ ਦੇ ਨੇੜੇ ਪਹਿਚਾਣ ਲਈ ਕਿਉਂਕਿ ਹਾਉਟਟ ਦੇ ਦੰਦ ਖ਼ਰਾਬ ਸਨ ਸੌ ਚਾਪੜ ਹਟਾਏ ਗਏ ਸਨ ਤਾਂ ਉਸ ਨੇ ਉੱਪਰ ਵੱਲ ਦੇਖਿਆ ਅਤੇ ਆਪਣੇ ਪਿਤਾ ਜੀ ਦੀ ਤਸਵੀਰ ਪਹਿਚਾਣ ਲਈ ਇਹ ਵੱਡੀ ਤਸਵੀਰ ਜੀ ਨੁਮਾਇਸ਼ ਦੇ ਅਤੇ ਸਾਲ ਪੈਰਿਸ ਵਿੱਚ ਖਿਚਾਈ ਗਈ ਸੀ ਇਹ ਤਸਵੀਰ ਉਸੇ ਤਰ੍ਹਾਂ ਦੀ ਹੈ ਜੋ ਐਨਵਿਲ ਵਿੱਚ ਸੌਣ ਦੇ ਕਮਰੇ ਵਿੱਚ ਲਟਕਾਈ ਗਈ ਹੈ।

ਉਸ ਨੌਜਵਾਨ ਔਰਤ ਨੇ ਫਿਰ ਪੁੱਛਿਆ,

"ਅੱਛਾ, ਮੌਨਸ਼ੀਅਰ ਸੀਜ਼ਰ?"

ਉਹ ਉਸ ਵੱਲ ਵੇਖ ਰਿਹਾ ਸੀ। ਉਸ ਦੇ ਚਿਹਰੇ ਤੋਂ ਵੇਦਨਾ ਦੀ ਭਾਅ ਮਾਰ ਰਹੀ ਸੀ। ਅਤੇ ਉਹ ਖੜ੍ਹੀ ਸੀ, ਉਸ ਦੇ ਹੱਥ ਡਰ ਨਾਲ ਕੰਬ ਰਹੇ ਸਨ।

ਤਾਂ ਉਸ ਨੇ ਹੌਸਲਾ ਕੀਤਾ।

"ਅੱਛਾ ਸ੍ਰੀਮਤੀ ਜੀ, ਪਿਤਾ ਜੀ ਪਿਛਲੇ ਐਤਵਾਰ ਸ਼ਿਕਾਰ ਖੇਡਣ ਦੇ ਸਮੇਂ ਗੁਜ਼ਰ ਗਏ। ਉਸ ਤੇ ਇੰਨਾ ਅਸਰ ਹੋਇਆ ਕਿ ਉਹ ਗੁੰਮ ਹੋ ਗਈ। ਕੁੱਝ ਸੈਕੰਡ ਚੁੱਪ ਰਹਿਣ ਤੋਂ ਪਿੱਛੋਂ ਉਸ ਨੇ ਧੀਮੀ ਜਿਹੀ ਆਵਾਜ਼ ਵਿੱਚ ਕੰਬਦੇ ਕੰਬਦੇ ਕਿਹਾ :

ਓ ਇਹ ਸੰਭਵ ਨਹੀਂ ਹੈ।"

ਤਾਂ ਅਚਾਨਕ ਅੱਥਰੂ ਉਸ ਦੀਆਂ ਅੱਖਾਂ ਵਿੱਚ ਉੱਤਰ ਆਏ, ਉਸ ਨੇ ਆਪਣਾ ਚਿਹਰਾ ਆਪਣੇ ਹੱਥਾਂ ਨਾਲ ਲੁਕਾ ਲਿਆ ਅਤੇ ਹਟਕੋਰੇ ਲੈਣੇ ਸ਼ੁਰੂ ਕਰ ਦਿੱਤੇ।

ਆਪਣੀ ਮਾਂ ਨੂੰ ਰੋਂਦਿਆਂ ਵੇਖ ਕੇ ਬੱਚੇ ਨੇ ਪਿੱਠ ਫੇਰੀ ਅਤੇ ਚਿੰਘਾੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਫਿਰ ਇਹ ਸੋਚਿਆ ਕਿ ਅਚਾਨਕ ਮੁਸੀਬਤ ਅਜਨਬੀ ਦੁਆਰਾ ਲਿਆਂਦੀ ਗਈ ਸੀ, ਉਹ ਨੇ ਸੀਜ਼ਰ ਉੱਤੇ ਹਮਲਾ ਕੀਤਾ ਅਤੇ ਇਕ ਹੱਥ ਨਾਲ ਉਸ ਦੀ ਪਤਲੂਨ ਫੜ ਲਈ ਅਤੇ ਦੂਜੇ ਹੱਥ ਨਾਲ ਆਪਣੀ ਪੂਰੀ ਤਾਕਤ ਨਾਲ ਠੁੱਡਾ ਮਾਰਿਆ ਅਤੇ ਇਕ ਪਾਸੇ ਇਸ ਔਰਤ ਵੱਲੋਂ ਉਸ ਦੇ ਪਿਤਾ ਦੇ ਅਕਾਲ ਚਲਾਣਾ ਕਰ ਜਾਣ ਕਰਕੇ ਅਫ਼ਸੋਸ ਪ੍ਰਗਟ ਕਰਨ ਨਾਲ ਸੀਜ਼ਰ ਅੰਦਰ ਹਲਚਲ ਪੈਦਾ ਹੋ ਗਈ ਅਤੇ ਦੂਜੇ ਪਾਸੇ ਇਹ ਛੋਟਾ ਲੜਕਾ ਆਪਣੀ ਮਾਂ ਦਾ ਪੱਖ ਲੈਂਦਾ ਸੀ। ਉਸ ਨੇ ਆਪਣੇ ਆਪ ’ਤੇ ਕਾਬੂ ਪਾਉਂਦੇ ਹੋਏ ਉਨ੍ਹਾਂ ਦੀਆਂ ਭਾਵਨਾਵਾਂ ਦਾ ਅਹਿਸਾਸ ਕੀਤਾ ਅਤੇ ਉਸ ਦੀਆਂ ਅੱਖਾਂ ਅਫ਼ਸੋਸ ਨਾਲ ਘੁੰਮ ਰਹੀਆਂ ਸਨ; ਇਸ ਲਈ ਆਪਣੇ ਆਪ ’ਤੇ ਕਾਬੂ ਪਾ ਕੇ ਉਸ ਨੇ ਬੋਲਣਾ ਸ਼ੁਰੂ ਕੀਤਾ।

"ਹਾਂ ਉਸ ਨੇ ਕਿਹਾ" ਦੁਰਘਟਨਾ ਐਤਵਾਰ ਨੂੰ ਅੱਠ ਵਜੇ ਹੋਈ..."

ਅਤੇ ਉਸ ਨੇ, ਕੋਈ ਵੀ ਵੇਰਵਾ ਭੁੱਲੇ ਬਿਨਾ ਇਕ ਪੇਂਡੂ ਆਦਮੀ ਦੇ ਵਾਂਗ ਛੋਟੀਆਂ ਤੋਂ ਛੋਟੀਆਂ ਗੱਲਾ ਸੰਪੂਰਨ ਵੇਰਵੇ ਸਮੇਤ ਦੱਸੀਆਂ ਜਿਵੇਂ ਕਿ ਉਹ ਉਸ ਨੂੰ ਸੁਣ ਰਹੀ ਹੋਵੇ ਅਤੇ ਬੱਚਾ ਅਜੇ ਵੀ ਗੱਲਾਂ ਕਰ ਰਿਹਾ ਸੀ ਅਤੇ ਉਸ ਦੇ ਗਿੱਟਿਆਂ ’ਤੇ ਮਾਰ ਰਿਹਾ ਸੀ।

ਜਦੋਂ ਉਹ ਉਸ ਗੱਲ ’ਤੇ ਪਹੁੰਚਿਆ ਜਦੋਂ ਉਸ ਦੇ ਪਿਤਾ ਜੀ ਨੇ ਉਸ (ਔਰਤ) ਬਾਰੇ ਦੱਸਿਆ ਸੀ, ਆਪਣਾ ਨਾਂ ਸੁਣ ਕੇ ਉਸ ਦਾ ਧਿਆਨ ਖਿੱਚਿਆ ਗਿਆ ਅਤੇ ਆਪਣੇ ਚਿਹਰੇ ਤੋਂ ਕੱਪੜਾ ਹਟਾਇਆ ਅਤੇ ਕਿਹਾ

"ਮੁਆਫ਼ ਕਰਨਾ ਮੈਂ ਸੁਣ ਨਹੀਂ ਸਕੀ ਮੈਂ ਜਾਣਨਾ ਚਾਹੁੰਦੀ ਹਾਂ ਜੇ ਤੁਸੀਂ ਦੋਬਾਰਾ ਦੱਸਣਾ ਮਹਿਸੂਸ ਨਾ ਕਰੋ"।

ਉਸ ਨੇ ਹਰੇਕ ਗੱਲ ਵੇਰਵੇ ਸਹਿਤ ਵਕਫਿਆਂ ਅਤੇ ਆਪਣੇ ਖ਼ਿਆਲਾਤ ਸਮੇਤ ਦੱਸੀ। ਉਸ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਔਰਤ ਵਾਲੀ ਸੂਝ ਨਾਲ ਆਪਣੀ ਕਿਸਮਤ ਦੀਆਂ ਸਾਰੀਆਂ ਤਬਦੀਲੀਆਂ ਬਾਰੇ ਅਨੁਭਵ ਕੀਤਾ, ਡਰ ਨਾਲ ਕੰਬਦੀ ਹੋਈ ਕਦੇ ਕਦੇ ਕਹਿੰਦੀ :

"ਹੇ ਮੇਰੇ ਪ੍ਰਮਾਤਮਾ।"

ਛੋਟੇ ਜਿਹੇ ਬੱਚੇ ਨੇ ਇਹ ਅਨੁਭਵ ਕਰਦੇ ਹੋਏ ਕਿ ਉਸ ਦੀ ਮਾਂ ਚੁੱਪ ਹੋ ਗਈ ਹੈ ਸੀਜ਼ਰ ਨੂੰ ਮਾਰਨਾ ਬੰਦ ਕਰ ਦਿੱਤਾ, ਤਾਂ ਜੋ ਉਹ ਆਪਣੀ ਮਾਂ ਦਾ ਹੱਥ ਫੜ ਸਕੇ ਅਤੇ ਉਸ ਨੇ ਧਿਆਨ ਨਾਲ ਸੁਣਿਆ ਵੀ, ਜਿਵੇਂ ਕਿ ਉਹ ਸਮਝ ਗਿਆ ਹੋਵੇ।

ਜਦੋਂ ਕਹਾਣੀ ਖ਼ਤਮ ਹੋ ਗਈ ਤਾਂ ਨੌਜਵਾਨ ਹਾਊਟਟ ਨੇ ਕਿਹਾ :

"ਹੁਣ ਅਸੀਂ ਉਸ ਦੀਆਂ ਖ਼ਾਹਿਸ਼ਾਂ ਅਨੁਸਾਰ ਮਾਮਲੇ ਨੂੰ ਨਜਿੱਠਾਂਗੇ। ਸੁਣੋ ਮੈਂ ਰੱਜਿਆ ਪੁੱਜਿਆ ਹਾਂ, ਮੇਰੇ ਕੋਲ ਕਾਫ਼ੀ ਦੌਲਤ ਹੈ ਮੈਂ ਨਹੀਂ ਚਾਹੁੰਦਾ ਕਿ ਤੁਸੀਂ ਕਿਸੇ ਗੱਲ ਬਾਰੇ ਸ਼ਿਕਾਇਤ ਕਰੋ.................”

ਉਹ ਛੇਤੀ ਨਾਲ ਵਿੱਚ ਬੋਲ ਪਈ :

"ਓ ਮੌਨਸੀਅਰ ਸੀਜ਼ਰ ਮੌਨਸੀਅਰ ਸੀਜ਼ਰ ਅੱਜ ਮੇਰਾ ਦਿਲ ਫਟ ਗਿਆ ਹੈ ਅੱਜ ਹੀ ਨਹੀਂ...ਫੇਰ ਕਿਸੇ ਦਿਨ... ਮੈਂ ਮੰਨ ਲਵਾਂਗੀ ਸੁਣ "ਇਹ ਮੇਰੇ ਲਈ ਨਹੀਂ। ਮੈਂ ਤੁਹਾਡੀ ਸੌਂਹ ਖਾਂਦੀ ਹਾਂ। ਇਹ ਬੱਚੇ ਲਈ ਹੈ। ਇਸ ਤੋਂ ਇਲਾਵਾ, ਇਸੇ ਦੇ ਨਾਂ ਕੀਤਾ ਜਾਵੇਗਾ।

ਇਸ ਕਾਰਨ ਸੀਜ਼ਰ ਡਰ ਗਿਆ ਅਤੇ ਆਵਾਜ਼ ਰੁਕਣ ਲੱਗ ਪਈ,

"ਕੀ ਇਹ ਉਸ ਦਾ ਬੱਚਾ ਹੈ।

"ਕਿਉਂ ਹਾਂ," ਉਸ ਨੇ ਕਿਹਾ।

ਅਤੇ ਹਾਊਟਟ ਜੂਨੀਅਰ ਨੇ ਹੈਰਾਨਗੀ ਅਤੇ ਦੁੱਖ ਨਾਲ ਆਪਣੇ ਭਰਾ ਵੱਲ ਵੇਖਿਆ, ਕਾਫੀ ਲੰਮੀ ਖ਼ਾਮੋਸ਼ੀ ਤੋਂ ਪਿੱਛੋਂ ਉਹ ਦੋਬਾਰਾ ਰੋਣ ਲੱਗ ਪਈ ਸੀਜ਼ਰ ਬਿਲਕੁਲ ਵਿਆਕੁਲ ਹੋਇਆ ਕਹਿੰਦਾ ਗਿਆ।

ਅੱਛਾ ਤਾਂ ਡੋਨੈਟ, ਮੈਂ ਜਾਂਦਾ ਹਾਂ ਤੁਸੀਂ ਮੇਰੇ ਨਾਲ ਇਸ ਬਾਰੇ ਕਦੋਂ ਗੱਲ ਕਰੋਗੇ?"

ਉਸ ਨੇ ਹੈਰਾਨਗੀ ਪ੍ਰਗਟ ਕੀਤੀ ਓ ਨਹੀਂ ਨਹੀਂ ਨਾ ਜਾਓ ਮੈਨੂੰ ਈਮਾਈਲ ਨਾਲ ਇਕੱਲੇ ਛੱਡ ਕੇ ਨਾ ਜਾਓ। ਮੈਂ ਗ਼ਮ ਨਾਲ ਮਰ ਜਾਵਾਂਗੀ ਮੇਰਾ ਮੇਰੇ ਬੱਚੇ ਤੋਂ ਸਿਵਾਏ, ਕੋਈ ਨਹੀਂ ਹੈ।

ਓ ਕੀ ਮੁਸੀਬਤ ਕੀ ਮੁਸੀਬਤ। ਮੌਨਸ਼ੀਅਰ ਸੀਜ਼ਰ ਬੱਸ ਬੈਠ ਜਾਓ। ਤੁਸੀਂ ਮੈਨੂੰ ਹੋਰ ਗੱਲ ਦੱਸੋ। ਤੁਸੀਂ ਮੈਨੂੰ ਦੱਸੋ ਕਿ ਉਹ ਸਾਰਾ ਹਫ਼ਤਾ ਕੀ ਕਰਦਾ ਰਿਹਾ ਹੈ।"

ਅਤੇ ਸੀਜ਼ਰ ਕਹਿਣਾ ਮੰਨਦਾ ਹੋਇਆ ਆਪਣੀ ਥਾਂ ’ਤੇ ਬੈਠ ਗਿਆ। ਉਹ ਸਟੋਵ ਦੇ ਸਾਹਮਣੇ ਇਕ ਹੋਰ ਕੁਰਸੀ ਖਿੱਚ ਕੇ ਲੈ ਆਈ ਜਿੱਥੇ ਖਾਣਾ ਉੱਬਲ ਰਿਹਾ ਸੀ, ਈਮਾਈਲ ਨੂੰ ਆਪਣੇ ਗੋਡਿਆਂ ’ਤੇ ਬਿਠਾ ਲਿਆ ਅਤੇ ਸੀਜ਼ਰ ਪਾਸੋਂ ਉਸ ਦੇ ਪਿਤਾ ਸੰਬੰਧੀ ਬਹੁਤ ਸਾਰੇ ਸਵਾਲ ਪੁੱਛੇ, ਜਿਸ ਤੋਂ ਉਸ ਨੂੰ ਮਹਿਸੂਸ ਹੋਇਆ ਉਹ ਹਾਊਟਟ ਨੂੰ ਅਤਿ ਪਸੰਦ ਕਰਦੀ ਸੀ।

ਆਪਣੇ ਕੁਦਰਤੀ ਵਿਚਾਰਾਂ ਨਾਲ ਜਿਹੜੇ ਗਿਣਤੀ ਵਿੱਚ ਕੁਝ ਕੁ ਸਨ ਉਸ ਨੇ ਦੁਰਘਟਨਾ ਨੂੰ ਇਕ ਵਾਰ ਫਿਰ ਦੁਹਰਾਇਆ ਅਤੇ ਕਹਾਣੀ ਨੂੰ ਦੋਬਾਰਾ ਉਸੇ ਵੇਰਵਿਆਂ ਸਹਿਤ ਦੱਸਣਾ ਸ਼ੁਰੂ ਕੀਤਾ।

ਜਦੋਂ ਉਸ ਨੇ ਕਿਹਾ "ਉਸ ਦੇ ਪੇਟ ਵਿੱਚ ਮੋਰੀ ਹੋ ਗਈ ਸੀ ਕਿ ਤੁਸੀਂ ਦੋਵੇਂ ਮੁਕੇ ਉਸ ਵਿੱਚ ਪਾ ਸਕਦੇ ਹੋ," ਉਸ ਨੇ ਇਕ ਚੀਕ ਮਾਰੀ ਅਤੇ ਉਸ ਦੀਆਂ ਅੱਖਾਂ ਵਿੱਚੋਂ ਫ਼ੌਰਨ ਅੱਥਰੂ ਵਗ ਪਏ।

ਤਾਂ ਸੀਜ਼ਰ ਵੀ ਗ਼ਮਜ਼ਦਾ ਹੋ ਕੇ ਰੋਣ ਲੱਗ ਪਿਆ ਅਤੇ ਕਿਉਂਕਿ ਅੱਥਰੂ ਦਿਲ ਨੂੰ ਨਰਮ ਬਣਾ ਦਿੰਦੇ ਹਨ ਉਹ ਈਮਾਈਲ ਉੱਤੇ ਝੁਕ ਗਿਆ ਜਿਸ ਦਾ ਮੱਥਾ ਉਸ ਦੇ ਆਪਣੇ ਮੂੰਹ ਦੇ ਨੇੜੇ ਸੀ ਅਤੇ ਉਸ ਨੂੰ ਚੁੰਮ ਲਿੱਤਾ।

ਮਾਂ ਨੇ ਹੋਸ਼ ਵਿੱਚ ਆਉਣ ਤੋਂ ਪਿੱਛੋਂ ਕਿਹਾ "ਵਿਚਾਰਾ ਬੱਚਾ, ਹੁਣ ਉਹ ਯਤੀਮ ਹੋ ਗਿਆ ਹੈ।"

"ਅਤੇ ਇਸ ਤਰ੍ਹਾਂ ਮੈਂ ਵੀ, "ਸੀਜ਼ਰ ਨੇ ਕਿਹਾ, ਅਤੇ ਉਨ੍ਹਾਂ ਨੇ ਗੱਲਬਾਤ ਬੰਦ ਕਰ ਦਿੱਤੀ।

ਪਰੰਤੂ ਅਚਾਨਕ ਘਰੇਲੂ ਪਤਨੀ ਦਾ ਅਮਲੀ ਜਜ਼ਬਾ ਜੋ ਬਹੁਤ ਸਾਰੀਆਂ ਚੀਜ਼ਾਂ ਬਾਰੇ ਸੋਚਦਾ ਰਹਿੰਦਾ ਹੈ, ਮੁੜ ਨੌਜਵਾਨ ਔਰਤ ਦੇ ਸੀਨੇ ਵਿੱਚ ਪੈਦਾ ਹੋ ਗਿਆ।

"ਮੌਨਸ਼ੀਅਰ ਸੀਜ਼ਰ ਸ਼ਾਇਦ ਤੁਸੀਂ ਸਵੇਰ ਦਾ ਕੁੱਝ ਨਹੀਂ ਖਾਧਾ।"

"ਨਹੀਂ ਮੈਡਮ।"

"ਓ ਤੁਹਾਨੂੰ ਭੁੱਖ ਲੱਗੀ ਹੋਵੇਗੀ। ਤੁਸੀਂ ਇਕ ਗਰਾਹੀ ਲਵੋਗੇ।"

"ਧੰਨਵਾਦ" ਉਸ ਨੇ ਕਿਹਾ, "ਮੈਨੂੰ ਭੁੱਖ ਨਹੀਂ ਹੈ; ਮੈਨੂੰ ਕਾਫ਼ੀ ਤਕਲੀਫ਼ ਰਹੀ ਹੈ।" ਉਸ ਨੇ ਉੱਤਰ ਦਿੱਤਾ :

"ਫ਼ਿਕਰ ਦੇ ਬਾਵਜੂਦ ਸਾਨੂੰ ਜ਼ਰੂਰ ਜ਼ਿੰਦਾ ਰਹਿਣਾ ਚਾਹੀਦਾ ਹੈ। ਤੁਸੀਂ ਇਨਕਾਰ ਨਹੀਂ ਕਰੋਗੇ ਜੋ ਮੈਂ ਤੁਹਾਡੇ ਲਈ ਕੋਈ ਚੀਜ਼ ਲੈ ਕੇ ਆਵਾਂ। ਜਦੋਂ ਤੁਸੀਂ ਚਲੇ ਜਾਓਗੇ ਮੈਨੂੰ ਪਤਾ ਨਹੀਂ ਮੇਰਾ ਕੀ ਬਣੇਗਾ।

ਉਹ ਥੋੜ੍ਹੀ ਜਿਹੀ ਹੋਰ ਨਾਂਹ ਨੁੱਕਰ ਕਰਨ ਤੋਂ ਪਿੱਛੋਂ ਮੰਨ ਗਿਆ ਅਤੇ ਅੱਗ ਵੱਲ ਪਿੱਠ ਅਤੇ ਉਸ ਵੱਲ ਮੂੰਹ ਕਰਕੇ ਬੈਠ ਗਿਆ ਉਸ ਨੇ ਉਝਰੀ ਦੀ ਭਰੀ ਹੋਈ ਪਲੇਟ ਖਾਧੀ ਜੋ ਸਟੋਵ 'ਤੇ ਉੱਬਲ ਰਹੀ ਸੀ ਅਤੇ ਲਾਲ ਸ਼ਰਾਬ ਦਾ ਇਕ ਗਲਾਸ ਪੀਤਾ ਪਰੰਤੂ ਉਸ ਨੇ ਸਫ਼ੈਦ ਸ਼ਰਾਬ ਦੀ ਬੋਤਲ ਖੋਲ੍ਹਣ ਦੀ ਆਗਿਆ ਨਹੀਂ ਦਿੱਤੀ। ਉਸ ਨੇ ਛੋਟੇ ਜਿਹੇ ਬੱਚੇ ਦਾ ਕਈ ਵਾਰੀ ਮੂੰਹ ਪੂੰਝਿਆ ਜਿਸ ਦੀ ਠੋਡੀ ਤਰੀ ਨਾਲ ਭਰ ਗਈ ਸੀ।

ਜਦੋਂ ਉਹ ਜਾਣ ਲਈ ਖੜ੍ਹਾ ਹੋ ਰਿਹਾ ਸੀ ਉਸ ਨੇ ਕਿਹਾ।

"ਡੋਨਿਟ ਮੈਂ ਦੁਬਾਰਾ ਇਸ ਮਾਮਲੇ ਸੰਬੰਧੀ ਗੱਲਬਾਤ ਕਰਨ ਲਈ ਕਦੋਂ ਆਵਾਂ?"

"ਜੇ ਇਹ ਤੁਹਾਡੇ ਲਈ ਠੀਕ ਹੈ ਤਾਂ ਕਹੋ ਅਗਲੇ ਵੀਰਵਾਰ ਮੌਨਸੀਅਰ ਸੀਜ਼ਰ। ਇਸ ਤਰ੍ਹਾਂ ਮੇਰਾ ਕਿਸੇ ਤਰ੍ਹਾਂ ਵੀ ਵਕਤ ਜਾਇਆ ਨਹੀਂ ਹੋਵੇਗਾ ਕਿਉਂਕਿ ਵੀਰਵਾਰ ਮੈਨੂੰ ਸਦਾ ਛੁੱਟੀ ਹੁੰਦੀ ਹੈ।"

"ਇਹ ਮੇਰੇ ਲਈ ਠੀਕ ਰਹੇਗਾ ਅਗਲਾ ਵੀਰਵਾਰ।"

"ਤੁਸੀਂ ਦੁਪਹਿਰ ਦਾ ਖਾਣਾ ਖਾਣ ਆਉਗੇ।

ਕੀ ਤੁਸੀਂ ਨਹੀਂ ਆਉਗੇ?"

"ਓ ਇਸ ਗੱਲ ਦਾ ਮੈਂ ਵਾਅਦਾ ਨਹੀਂ ਕਰ ਸਕਦਾ।"

ਤੁਹਾਨੂੰ ਪਤਾ ਹੀ ਹੈ ਕਿ ਲੋਕ ਖਾਣ ਵੇਲੇ ਵੱਧ ਗੱਲਾਂ ਕਰ ਸਕਦੇ ਹਨ। ਉਨ੍ਹਾਂ ਕੋਲ ਵਕਤ ਬਹੁਤ ਹੁੰਦਾ ਹੈ।"

"ਅੱਛਾ ਠੀਕ ਹੈ, ਤਾਂ ਤਕਰੀਬਨ ਬਾਰਾਂ ਵਜੇ।" ਅਤੇ ਉਹ ਛੋਟੇ ਈਮਾਈਲ ਨੂੰ ਚੁੰਮਣ ਅਤੇ ਡੋਨੈਂਟ ਦਾ ਹੱਥ ਦਬਾਉਣ ਤੋਂ ਪਿੱਛੋਂ ਚਲਾ ਗਿਆ।

## III

ਸੀਜ਼ਰ ਹਾਊਟਟ ਲਈ ਹਫ਼ਤਾ ਬਹੁਤ ਲੰਮਾ ਹੋ ਗਿਆ। ਉਹ ਪਹਿਲਾਂ ਕਦੇ ਇਕੱਲਾ ਨਹੀਂ ਰਿਹਾ ਸੀ। ਅਤੇ ਇਕੱਲ ਉਸ ਦੀ ਸਹਾਇਤਾ ਨਹੀਂ ਕਰਦੀ ਸੀ। ਹੁਣ ਤੱਕ ਉਹ ਆਪਣੇ ਪਿਤਾ ਪਾਸ ਰਹਿੰਦਾ ਸੀ, ਉਸ ਦੇ ਪਰਛਾਵੇਂ ਦੀ ਤਰ੍ਹਾਂ ਉਸ ਨਾਲ ਖੇਤਾਂ ਵਿੱਚ ਜਾਂਦਾ ਸੀ, ਉਸ ਦੇ ਹੁਕਮਾਂ ਦੀ ਤਾਮੀਲ ਦੀ ਨਿਗਰਾਨੀ ਕਰਦਾ ਸੀ, ਅਤੇ ਜਦੋਂ ਉਹ ਥੋੜ੍ਹੇ ਸਮੇਂ ਲਈ ਵੱਖ ਹੁੰਦੇ ਸਨ। ਉਨ੍ਹਾਂ ਨੇ ਰਾਤਾਂ ਇਕ ਦੂਜੇ ਦੇ ਸਾਹਮਣੇ ਬੈਠ ਕੇ ਪਾਈਪ ਪੀਂਦਿਆਂ ਘੋੜਿਆਂ ਗਾਵਾਂ, ਜਾ ਭੇਡਾਂ ਦੀਆਂ ਗੱਲਾਂ ਕਰਕੇ ਬਿਤਾਈਆਂ ਸਨ ਅਤੇ ਜਦੋਂ ਉਹ ਸਵੇਰੇ ਉੱਠ ਕੇ ਹੱਥ ਮਿਲਾਂਦੇ ਸਨ, ਤਾਂ ਇਹ ਦੋਵੇਂ ਪਾਸਿਓਂ ਪਰਿਵਾਰ ਦੇ ਪਿਆਰ ਦਾ ਪ੍ਰਗਟਾ ਹੁੰਦਾ ਸੀ।

ਹੁਣ ਸੀਜ਼ਰ ਇਕੱਲਾ ਇਕੱਲਾ ਸੀ ਪਤਝੜ ਦੇ ਮੌਸਮ ਵਿੱਚ ਜਦੋਂ ਕਾਮੇ ਵਾਢ ਕਰਦੇ, ਉਹ ਇਕੱਲਾ ਇਕੱਲਾ ਘੁੰਮਦਾ ਸੀ ਅਤੇ ਹਰ ਸਮੇਂ ਇਹ ਉਮੀਦ ਕਰਦਾ ਸੀ ਕਿ ਖੇਤ ਦੇ ਆਖ਼ੀਰ 'ਤੇ ਉਸ ਦਾ ਪਿਤਾ ਖੜ੍ਹਾ ਹੋਵੇਗਾ। ਸਮਾਂ ਬਿਤਾਉਣ

ਲਈ ਉਹ ਗੁਆਂਢੀਆਂ ਦੇ ਘਰਾਂ ਵਿੱਚ ਦਾਖ਼ਲ ਹੋ ਜਾਂਦਾ ਅਤੇ ਉਨ੍ਹਾਂ ਸਾਰਿਆਂ ਨੂੰ ਦੁਰਘਟਨਾ ਬਾਰੇ ਦੱਸਦਾ ਜਿਨ੍ਹਾਂ ਨੂੰ ਪਤਾ ਨਹੀਂ ਸੀ ਹੁੰਦਾ ਅਤੇ ਕਈ ਵਾਰੀ ਦੂਜਿਆਂ ਨੂੰ ਦੁਹਰਾਉਂਦਾ। ਫਿਰ ਆਪਣਾ ਕੰਮ ਖ਼ਤਮ ਕਰਨ ਅਤੇ ਉਸ ਤੇ ਪੁਨਰ ਵਿਚਾਰ ਕਰਨ ਪਿੱਛੋਂ ਉਹ ਸੜਕ ਦੇ ਕਿਨਾਰੇ ਬੈਠ ਜਾਂਦਾ ਆਪਣੇ ਆਪ ਨੂੰ ਪੁੱਛਦਾ ਕਿ ਕੀ ਇਹ ਜ਼ਿੰਦਗੀ ਸਦਾ ਇਸੇ ਤਰਾਂ ਗੁਜ਼ਰੇਗੀ।

ਉਸ ਨੂੰ ਬਾਰ ਬਾਰ ਮੈਡਮ ਮੌਸਲ ਡੋਨੈਟ ਦਾ ਖ਼ਿਆਲ ਆਉਂਦਾ, ਉਹ ਉਸ ਨੂੰ ਪਸੰਦ ਕਰਦਾ ਸੀ ਜਿਵੇਂ ਕਿ ਉਸ ਦੇ ਪਿਤਾ ਨੇ ਉਸ ਨੂੰ ਦੱਸਿਆ ਸੀ ਉਹ ਉਸ ਨੂੰ ਬਿਲਕੁਲ ਮੁਅਜ਼ਜ਼ ਸ਼ਰੀਫ ਅਤੇ ਇਮਾਨਦਾਰ  ਔਰਤ ਸਮਝਦਾ ਸੀ, ਹਾਂ ਉਹ ਬਿਨਾਂ ਸ਼ੱਕ ਇਕ ਇਮਾਨਦਾਰ  ਲੜਕੀ ਸੀ। ਉਸ ਨੇ ਉਸ ਪ੍ਰਤੀ ਚੰਗਾ ਵਰਤਾਓ ਕਰਨ ਅਤੇ ਦੋ ਹਜ਼ਾਰ ਫਰੈਂਕਸ ਸਾਲਾਨਾ ਬੱਚੇ ’ਤੇ ਖ਼ਰਚ ਕਰਨ ਲਈ ਦੇਣ ਦਾ ਫ਼ੈਸਲਾ ਕੀਤਾ ਉਸ ਨੂੰ ਇਹ ਖ਼ਿਆਲ ਕਰਕੇ ਇਕ ਖ਼ੁਸ਼ੀ ਜਿਹੀ ਅਨੁਭਵ ਹੋਈ ਕਿ ਉਹ ਅਗਲੇ ਵੀਰਵਾਰ ਉਸ ਨੂੰ ਮਿਲਣ ਅਤੇ ਉਸ ਨਾਲ ਇਸ ਮਾਮਲੇ ਸੰਬੰਧੀ ਗੱਲਬਾਤ ਕਰਨ ਜਾ ਰਿਹਾ ਹੈ। ਅਤੇ ਫਿਰ ਇਸ ਦਾ ਭਰਾ, ਪੰਜ ਸਾਲ ਦਾ ਛੋਟਾ ਜਿਹਾ ਬੱਚਾ ਜਿਹੜਾ ਉਸ ਦੇ ਪਿਉ ਦਾ ਪੁੱਤਰ ਸੀ ਦਾ ਖ਼ਿਆਲ ਉਸ ਨੂੰ ਆਉਂਦਾ ਤਾਂ ਉਹ ਥੋੜ੍ਹਾ ਜਿਹਾ ਨਾਰਾਜ਼ ਹੋ ਜਾਂਦਾ ਅਤੇ ਨਾਲੋਂ ਨਾਲ, ਇਸ ਬੱਚੇ ਨਾਲ ਉਸ ਨੂੰ ਦੋਸਤੀ ਦੀ ਸਾਂਝ ਅਨੁਭਵ ਹੁੰਦੀ ਭਾਵੇਂ ਕਿ ਇਹ ਆਪਣੇ ਨਾਂ ਨਾਲ ਹਾਊਟਟ ਨਹੀਂ ਲਿਖ ਸਕੇਗਾ, ਪਰ ਫੇਰ ਵੀ ਇਸ ਪਰਿਵਾਰ ਦਾ ਮੈਂਬਰ ਹੈ ਜਿਸ ਨੂੰ ਉਹ ਚਾਹੇ ਅਪਣਾ ਸਕਦਾ ਹੈ ਜਾਂ ਛੱਡ ਸਕਦਾ ਹੈ ਪਰੰਤੂ ਉਹ ਉਸ ਦੇ ਪਿਤਾ ਦੀ ਯਾਦ ਕਰਾਉਂਦਾ ਰਹੇਗਾ ਅਤੇ ਇਸ ਤਰ੍ਹਾਂ ਜਦੋਂ ਉਹ ਵੀਰਵਾਰ ਸਵੇਰੇ ਰੋਈਨ ਵਾਲੀ ਸੜਕ ਤੋਂ ਗ੍ਰੇਨਡਾਰਜ ਪਿੱਠ ’ਤੇ ਦੁੜਕੀ ਚਾਲ ਨਾਲ ਜਾ ਰਿਹਾ ਸੀ ਉਸ ਨੇ ਆਪਣੇ ਆਪ ਨੂੰ ਗ਼ਮ ਤੋਂ ਬਾਅਦ ਹਲਕਾ ਅਤੇ ਠਰ੍ਹੰਮੇ ਵਿੱਚ ਮਹਿਸੂਸ।

ਡੋਨੇਟ ਦੇ ਕਮਰੇ ਵਿੱਚ ਦਾਖ਼ਲ ਹੋਣ ਤੋਂ ਪਿੱਛੋਂ ਉਸ ਨੇ ਪਿਛਲੇ ਵੀਰਵਾਰ ਵਾਂਗ ਪਿਆ ਮੇਜ਼ ਵੇਖਿਆ ਕੇਵਲ ਫ਼ਰਕ ਇਹ ਸੀ ਰੋਟੀ ਤੋਂ ਚੇਪੜ ਨਹੀਂ ਹਟਾਇਆ ਗਿਆ ਸੀ। ਉਸ ਨੇ ਨੌਜਵਾਨ ਔਰਤ ਦਾ ਹੱਥ ਦਬਾਇਆ ਈਮਾਈਲ ਦੀਆਂ ਗੱਲ੍ਹਾਂ ਚੁੰਮੀਆਂ ਅਤੇ ਬੈਠ ਗਿਆ, ਇਸ ਤਰ੍ਹਾਂ ਜਿਵੇਂ ਕਿ ਉਹ ਆਪਣੇ ਘਰ ਵਿੱਚ ਬੈਠਿਆ ਹੋਵੇ, ਭਾਵੇਂ ਉਸ ਦਾ ਦਿਲ ਉਸੇ ਤਰ੍ਹਾਂ ਭਾਰਾ ਸੀ। ਡੋਨੇਟ ਉਸ ਨੂੰ ਜ਼ਰਾ ਪਤਲੀ ਅਤੇ

ਪੀਲੀ ਜਾਪੀ ਜਿਵੇਂ ਉਹ ਰੱਜ ਕੇ ਰੋਈ ਹੋਵੇ, ਉਸ ਦੀ ਹਾਜ਼ਰੀ ਵਿੱਚ ਉਹ ਉੱਖੜੀ ਉੱਖੜੀ ਲੱਗ ਰਹੀ ਸੀ ਜਿਵੇਂ, ਕਿ ਉਸ ਨੇ ਉਹ ਕੁਝ ਸਮਝ ਲਿਆ ਹੋਵੇ ਜੋ ਇਕ ਹਫ਼ਤਾ ਪਹਿਲਾਂ ਉਸ ਨੂੰ ਕਿਸਮਤ ਦੀ ਪਹਿਲੀ ਸੱਟ ਅਧੀਨ ਪਤਾ ਨਹੀਂ ਸੀ ਅਤੇ ਉਸ ਪ੍ਰਤੀ ਨਿਮਰਤਾ ਦਾ ਪ੍ਰਗਟਾ ਕੀਤਾ ਅਤੇ ਉਸ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕੀਤੀ, ਜਿਵੇਂ ਕਿ ਉਸ ਵੱਲ ਵਿਸ਼ੇਸ਼ ਧਿਆਨ ਦੇ ਕੇ ਇਵਜ਼ਾਨਾ ਦੇਣਾ ਚਾਹੁੰਦੀ ਹੋਵੇ। ਉਹ ਖਾਣੇ ਸਮੇਂ ਕਾਫ਼ੀ ਦੇਰ ਤੱਕ ਉਸ ਮਾਮਲੇ ਉੱਤੇ ਗੱਲਬਾਤ ਕਰਦੇ ਰਹੇ ਜਿਸ ਕਾਰਨ ਉਹ ਉੱਥੇ ਇਕੱਠੇ ਹੋਏ ਸਨ। ਉਹ ਇਤਨੀ ਰਕਮ ਨਹੀਂ ਲੈਣਾ ਚਾਹੁੰਦੀ ਸੀ। ਇਹ ਬਹੁਤ ਜ਼ਿਆਦਾ ਸੀ। ਉਹ ਆਪਣੇ ਜ਼ਿੰਦਾ ਰਹਿਣ ਲਈ ਕਾਫ਼ੀ ਕਮਾਂਦੀ ਸੀ ਪਰੰਤੂ ਉਹ ਕੇਵਲ ਇਹ ਚਾਹੁੰਦੀ ਸੀ ਕਿ ਈਮਾਈਲ ਨੂੰ ਥੋੜ੍ਹਾ ਜਿਹਾ ਵੱਡਾ ਹੋਣ ਲਈ ਅਧਾਰ ਦੀ ਲੋੜ ਹੈ ਐਪਰ ਸੀਜ਼ਰ ਦ੍ਰਿੜ੍ਹ ਰਿਹਾ ਅਤੇ ਇਕ ਹਜ਼ਾਰ ਫਰੈਂਕਸ ਅਫ਼ਸੋਸ ਲਈ ਹੋਰ ਦਿੱਤੇ।

ਜਦੋਂ ਉਹ ਕਾਫ਼ੀ ਪੀ ਹਟਿਆ ਤਾਂ ਉਸ ਨੇ ਪੁੱਛਿਆ :

ਕੀ ਤੁਸੀਂ ਸਿਗਰਟ ਪੀਂਦੇ ਹੋ?"

"ਹਾਂ ਮੇਰੇ ਕੋਲ ਆਪਣਾ ਪਾਈਪ ਹੈ।"

ਉਸ ਨੇ ਆਪਣੀ ਜੇਬ ਵੇਖੀ। ਓ ਪ੍ਰਮਾਤਮਾ ਉਹ ਭੁੱਲ ਆਇਆ ਹੈ ਉਹ ਦੁਖੀ ਹੋ ਰਿਹਾ ਸੀ ਜਦੋਂ ਉਸ ਨੇ ਉਸ ਦੇ ਪਿਤਾ ਦਾ ਪਾਈਪ ਉਸ ਨੂੰ ਪੇਸ਼ ਕੀਤਾ ਜੋ ਉਸ ਨੇ ਅਲਮਾਰੀ ਵਿੱਚ ਬੰਦ ਕਰਕੇ ਰੱਖਿਆ ਸੀ। ਉਸ ਨੇ ਆਪਣੇ ਹੱਥਾਂ ਵਿੱਚ ਲੈ ਲਿਆ, ਪਹਿਚਾਣ ਕੀਤੀ, ਸੁੰਘਿਆ ਅਤੇ ਜੋਸ਼ ਵਿੱਚ ਇਸ ਦੇ ਗੁਣਾਂ ਦਾ ਜ਼ਿਕਰ ਕੀਤਾ ਇਸ ਵਿੱਚ ਤੰਬਾਕੂ ਭਰਿਆ ਅਤੇ ਜਲਾਇਆ। ਫਿਰ ਉਸ ਨੇ ਈਮਾਈਲ ਨੂੰ ਗੋਡਿਆਂ ’ਤੇ ਬਿਠਾ ਲਿਆ, ਅਤੇ ਘੋੜ ਸਵਾਰੀ ਕਰਾਈ ਉਸ ਨੇ ਮੇਜ਼ਪੋਸ਼ ਹਟਾ ਦਿੱਤਾ ਅਤੇ ਚੀਨੀ ਦੀਆਂ ਪਲੇਟਾਂ ਇਕ ਪਾਸੇ ਕਰ ਦਿੱਤੀਆਂ ਤਾਂ ਜੋ ਉਸ ਦੇ ਜਾਣ ਤੋਂ ਪਿੱਛੋਂ ਇਸ ਨੂੰ ਧੋਇਆ ਜਾਵੇ।

ਤਕਰੀਬਨ ਤਿੰਨ ਵਜੇ ਉਹ ਝਿਜਕਦਾ ਉੱਠ ਖੜ੍ਹਿਆ ਅਤੇ ਜਾਣ ਦੇ ਖ਼ਿਆਲ ਨਾਲ ਉਸ ਨੂੰ ਬੜਾ ਅਫ਼ਸੋਸ ਲੱਗਾ।

"ਅੱਛਾ ਡੋਨੇਟ," ਉਸ ਨੇ ਕਿਹਾ ਮੈਂ ਤੈਨੂੰ ਸ਼ੁਭ ਇੱਛਾ ਕਹਿੰਦਾ ਹਾਂ ਅਤੇ ਮੈਨੂੰ ਤੁਹਾਨੂੰ ਮਿਲ ਕੇ ਖ਼ੁਸ਼ੀ ਹੋਈ ਹੈ।"

ਉਹ ਉਸ ਦੇ ਸਾਹਮਣੇ ਖੜੀ ਸ਼ਰਮਾ ਰਹੀ ਸੀ ਪ੍ਰਭਾਵਿਤ ਹੋਈ ਸੀ ਅਤੇ ਉਸ ਵੱਲ ਵੇਖ ਕੇ ਉਸ ਦੇ ਪਿਤਾ ਨੂੰ ਯਾਦ ਕਰ ਰਹੀ ਸੀ

"ਕੀ ਅਸੀਂ ਦੋਬਾਰਾ ਇਕ ਦੂਜੇ ਨੂੰ ਨਹੀਂ ਮਿਲ ਸਕਾਂਗੇ" ਉਸ ਨੇ ਕਿਹਾ।

ਉਸ ਨੇ ਸਾਧਾਰਨ ਜਿਹਾ ਉੱਤਰ ਦਿੱਤਾ :

"ਕਿਉਂ ਨਹੀਂ ਹਾਂ, ਜੇ ਇਸ ਨਾਲ ਤੁਹਾਨੂੰ ਖ਼ੁਸ਼ੀ ਮਿਲਦੀ ਹੈ।

"ਜ਼ਰੂਰ ਮੌਂਨਸ਼ੀਅਰ ਸੀਜ਼ਰ। ਕੀ ਅਗਲਾ ਵੀਰਵਾਰ ਠੀਕ ਹੈ?

'ਹਾਂ, ਡੋਨੇਟ"।

"ਤੁਸੀਂ ਜ਼ਰੂਰ ਖਾਣੇ 'ਤੇ ਆਇਓ"

"ਅੱਛਾ ਜੋ ਤੁਸੀਂ ਮੈਨੂੰ ਸਦਾ ਦੇਣ ਦੀ ਕਿਰਪਾ ਕੀਤੀ ਹੈ; ਮੈਂ ਇਨਕਾਰ ਨਹੀਂ ਕਰ ਸਕਦਾ।"

"ਫਿਰ ਇਹ ਤੈਅ ਹੋ ਗਿਆ ਮੌਂਨਸ਼ੀਅਰ ਸੀਜ਼ਰ ਅਗਲੇ ਵੀਰਵਾਰ ਠੀਕ ਹੈ?"

"ਵੀਰਵਾਰ ਬਾਰਾਂ ਵਜੇ ਡੋਨੇਟ।"

# ਇਕ ਪਰਿਵਾਰਿਕ ਸਮੱਸਿਆ

ਨਿਊਲੀ ਸਟੀਮ-ਟਰਾਮ ਹੁਣੇ ਹੁਣੇ ਪੋਰਟੇ ਮੋਲੇਟ ਤੋਂ ਲੰਘੀ ਸੀ, ਅਤੇ ਇਕ ਚੌੜੀ ਛਾਂਦਾਰ ਸੜਕ ਤੋਂ ਲੰਘ ਰਹੀ ਸੀ ਜੋ ਸੀਇਨ ਤੱਕ ਜਾਂਦੀ ਸੀ। ਗੱਡੀ ਦੇ ਨਾਲ ਲੱਗੇ ਛੋਟੇ ਇੰਜਣ ਨੇ ਰਸਤੇ ਵਿੱਚ ਆਉਂਦੀ ਰੁਕਾਵਟ ਨੂੰ ਦੂਰ ਕਰਨ ਲਈ ਸੀਟੀ ਮਾਰੀ, ਭਾਫ਼ ਨਿਕਲ ਰਹੀ ਸੀ। ਦੌੜਨ ਤੋਂ ਬਾਦ ਸਾਹੋ ਸਾਹੀਂ ਹੋਏ ਆਦਮੀ ਦੇ ਸਾਹ ਦੀ ਧੁਕ ਧਕੀ ਵਾਂਗ ਆਵਾਜ਼ ਆ ਰਹੀ ਸੀ, ਅਤੇ ਲੋਹੇ ਦੀਆ ਲੱਤਾਂ ਦੇ ਦੌੜਨ ਵਾਂਗੂ ਗੱਡੀ ਦੇ ਪਿਸਟਨਾਂ ਨੇ ਬਹੁਤ ਸ਼ੋਰ ਪਾਇਆ ਹੋਇਆ ਸੀ। ਜੁਲਾਈ ਦੇ ਅਖ਼ੀਰਲੇ ਦਿਨ ਦੀ ਤਪਸ਼ ਸਾਰੇ ਸ਼ਹਿਰ ਵਿੱਚ ਸੀ ਅਤੇ ਸੜਕ ’ਤੇ ਸਾਹ ਲੈਣ ਲਈ ਵੀ ਹਵਾ ਨਹੀਂ ਸੀ, ਸਾਰੇ ਪਾਸੇ ਸਫ਼ੈਦ, ਮਿੱਟੀ, ਧੁੰਦਲਾਪਣ ਘੁਟਣ ਅਤੇ ਘੱਟਾ ਛਾਇਆ ਹੋਇਆ ਸੀ, ਜੋ ਪਸੀਨੇ ਵਾਲੀ ਚਮੜੀ ਨਾਲ ਚਿਪਕਦਾ ਸੀ, ਅੱਖਾਂ ਇਸ ਘੱਟੇ ਨਾਲ ਭਰ ਗਈਆਂ ਸਨ ਤੇ ਇਹ ਅੰਦਰ ਫੇਫੜਿਆਂ ਤੱਕ ਧੱਸ ਚੁੱਕਾ ਸੀ। ਲੋਕ ਆਪਣੇ ਘਰਾਂ ਦੇ ਦਰਵਾਜ਼ਿਆਂ ਵਿੱਚ ਹਵਾ ਲੈਣ ਲਈ ਖੜ੍ਹੇ ਸਨ।

ਸਟੀਮ-ਟਰਾਮ ਦੀਆਂ ਖਿੜਕੀਆਂ ਬੰਦ ਹੋ ਗਈਆਂ ਅਤੇ ਪਰਦੇ ਹਵਾ ਵਿੱਚ ਉੱਡ ਰਹੇ ਸਨ। ਅੰਦਰ ਕੁਝ ਹੀ ਮੁਸਾਫ਼ਰ ਸਨ, ਕਿਉਂਕਿ ਅਜਿਹੇ ਗ਼ਰਮੀ ਦੇ ਦਿਨ ਵਿੱਚ ਜ਼ਿਆਦਾ ਲੋਕ ਉੱਪਰ ਜਾਂ ਪਲੇਟ ਫ਼ਾਰਮ ’ਤੇ ਬੈਠਦੇ ਹਨ। ਅੰਦਰ ਵਾਲੇ ਲੋਕਾਂ ਵਿੱਚੋਂ ਕੁਝ ਅਜੀਬ ਸ਼ਿੰਗਾਰ ਵਾਲੀਆਂ ਸਰੀਰਕ ਤੌਰ ’ਤੇ ਤਕੜੀਆਂ ਔਰਤਾਂ, ਸ਼ਹਿਰ ਦੇ ਆਸ-ਪਾਸ ਦੇ ਇਲਾਕਿਆਂ ਦੇ ਦੁਕਾਨਦਾਰਾਂ ਦੀਆਂ ਪਤਨੀਆਂ ਸਨ, ਜਿਨ੍ਹਾਂ ਨੇ ਕੋਈ ਬਨਾਵਟ ਜਾਂ ਵਿਖਾਵੇ ਦਾ ਸ਼ਿੰਗਾਰ ਨਹੀਂ ਕੀਤਾ ਸੀ। ਦਫ਼ਤਰ ਤੋਂ ਥੱਕੇ ਹੋਏ ਆਦਮੀ ਸਨ ਜਿਨ੍ਹਾਂ ਦੇ ਚਿਹਰਿਆਂ ’ਤੇ ਪਿਲੱਤਣ ਛਾਈ ਹੋਈ ਸੀ ਤੇ ਇਕ ਮੋਢਾ ਦੂਜੇ ਨਾਲੋਂ ਝੁਕਿਆ ਹੋਇਆ ਸੀ ਜੋ ਕਾਫ਼ੀ ਸਮੇਂ ਤੱਕ ਡੈਸਕ ਤੇ ਕੋਡੇ ਹੋਕੇ ਕੰਮ ਕਰਨ ਦਾ ਸਿੱਟਾ ਸੀ। ਉਨ੍ਹਾਂ ਦੇ ਉੱਤਰੇ ਹੋਏ ਅਤੇ ਮਾਯੂਸ

ਚਿਹਰਿਆਂ ਤੋਂ ਘਰੋਗੀ ਪਰੇਸ਼ਾਨੀਆਂ, ਪੈਸੇ ਦੀ ਲਗਾਤਾਰ ਬੁੜ ਅਤੇ ਪਹਿਲੀਆਂ ਆਸ਼ਾਵਾਂ ਜਿਨ੍ਹਾਂ ਤੋਂ ਆਖ਼ਿਰ ਉਹ ਨਿਰਾਸ ਹੋ ਚੁੱਕੇ ਸਨ, ਸਾਫ਼ ਜ਼ਾਹਿਰ ਸਨ। ਉਹ ਸਾਰੇ ਹੀ ਗ਼ਰੀਬ ਤੇ ਭੁੱਖੇ ਨੰਗੇ ਬਦਨਸੀਬਾਂ ਦੇ ਵਰਗ ਨਾਲ ਸੰਬੰਧ ਰੱਖਦੇ ਸਨ ਜੋ ਘਟੀਆ ਪਲੱਸਤਰ ਕੀਤੇ ਹੋਏ ਘਰਾਂ ਵਿੱਚ ਰਹਿੰਦੇ ਸਨ ਜਿਨ੍ਹਾਂ ਵਿੱਚ ਨਿੱਕੇ ਨਿੱਕੇ ਬਗ਼ੀਚੇ ਸਨ, ਜ਼ਿਲ੍ਹੇ, ਦੇ ਵਿੱਚਕਾਰ ਜਿੱਥੇ ਕੂੜਾ ਕਰਕਟ ਪੈਰਿਸ ਦੇ ਬਾਹਰਲੇ ਹਿੱਸੇ ਵਿੱਚ ਇਕੱਠਾ ਹੁੰਦਾ ਸੀ, ਉੱਥੇ ਬਣੇ ਹੋਏ ਸਨ।

ਇਕ ਛੋਟਾ ਤੇ ਮੋਟਾ ਆਦਮੀ ਜਿਸ ਦਾ ਢਿੱਡ ਵਧਿਆ ਹੋਇਆ ਸੀ, ਚਿਹਰਾ ਫੁੱਲਿਆ ਹੋਇਆ ਸੀ, ਕਾਲੀ ਪੁਸ਼ਾਕ ਵਿੱਚ ਸੀ, ਕਮੀਜ਼ ਦੇ ਕਾਜਾਂ ਵਿੱਚ ਸਜਾਵਟ ਕੀਤੀ ਹੋਈ ਸੀ ਇਕ ਪਤਲੇ ਤੇ ਲੰਮੇ ਮਨੁੱਖ ਨਾਲ ਗੱਲਾਂ ਕਰ ਰਿਹਾ ਸੀ, ਜਿਸ ਦੇ ਕੱਪੜੇ ਗੰਦੇ ਸਨ, ਉਸ ਦੀ ਸਫ਼ੈਦ ਲੀਲਨ ਦੇ ਸੂਣ ਦੇ ਬਟਨ ਖੁੱਲ੍ਹੇ ਸਨ ਅਤੇ ਚਿੱਟੀ ਪਨਾਮਾ ਟੋਪੀ ਪਹਿਨੀ ਹੋਈ ਸੀ। ਪਹਿਲਾਂ ਇੰਨੀ ਹੌਲੀ ਬੋਲ ’ਤੇ ਝਿਜਕ ਰਿਹਾ ਸੀ ਕਿ ਕਦੇ ਕਦੇ ਉਹ ਇੰਝ ਮਹਿਸੂਸ ਹੁੰਦਾ ਜਿਵੇਂ ਥਥਲਾ ਰਿਹਾ ਹੋਵੇ, ਇਹ ਸ੍ਰੀਮਾਨ ਕੈਰਾਵਾਨ, ਐਡਮਾਇਰੈਲਟੀ ਵਿੱਚ ਮੁੱਖ ਕਲਰਕ ਸੀ। ਦੂਜਾ ਪਹਿਲਾਂ ਵਪਾਰਕ ਜਹਾਜ਼ ’ਤੇ ਸਰਜਨ ਸੀ, ਤੇ ਕੋਰਬੀਵੋਏ ਵਿੱਚ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਸੀ, ਜਿੱਥੇ ਉਸ ਨੇ ਡਾਕਟਰੀ ਦਾ ਬਚਿਆ ਖੁਚਿਆ ਗਿਆਨ ਲਾਇਆ ਜੋ ਉਸ ਨੇ ਉਸ ਜ਼ਿਲ੍ਹੇ ਦੇ ਪੀੜਤ ਲੋਕਾਂ ਦੇ ਦੁੱਖ ਦੂਰ ਕਰਨ ਸਮੇਂ ਪ੍ਰਾਪਤ ਕੀਤਾ ਸੀ, ਤੇ ਉਸ ਦੇ ਇਖ਼ਲਾਕ ਦੀ ਅਜੀਬ ਚਰਚਾ ਸੀ।

ਮੌਨਸ਼ੀਅਰ ਕੈਰਾਵਾਨ ਨੇ ਹਮੇਸ਼ਾ ਸਰਕਾਰੀ ਦਫ਼ਤਰ ਵਿੱਚ ਸਾਧਾਰਨ ਜ਼ਿੰਦਗੀ ਬਤੀਤ ਕੀਤੀ ਸੀ। ਪਿਛਲੇ ਤੀਹ ਸਾਲਾਂ ਤੋਂ ਉਹ ਹਰ ਰੋਜ਼ ਉਸੇ ਰਸਤੇ ’ਤੇ ਉਸੇ ਸਮੇਂ ਦਫ਼ਤਰ ਜਾਂਦਾ, ਉਸੇ ਸਮੇਂ ਕੰਮ ’ਤੇ ਜਾਣ ਵਾਲੇ ਉਨ੍ਹਾਂ ਹੀ ਆਦਮੀਆਂ ਨੂੰ ਉਨ੍ਹਾਂ ਹੀ ਥਾਵਾਂ ’ਤੇ ਮਿਲਦਾ, ਅਤੇ ਸ਼ਾਮ ਨੂੰ ਉਸੇ ਰਸਤੇ ਤੋਂ ਘਰ ਵਾਪਸ ਮੁੜਦਾ ਤੇ ਦੋਬਾਰਾ ਉਨ੍ਹਾਂ ਹੀ ਲੋਕਾਂ ਨੂੰ ਦੇਖਦਾ ਜਿਨ੍ਹਾਂ ’ਤੇ ਬੁਢਾਪਾ ਛਾ ਰਿਹਾ ਸੀ। ਹਰ ਸਵੇਰ ਫਾਬੋਰਗ ਸੇਟ-ਹੌਨਰੇ ਦੇ ਕੋਨੇ ਤੋਂ ਅੱਧੀ ਪੈਨੀ ਦਾ ਕਾਗ਼ਜ਼ ਖ਼ਰੀਦਣ ਪਿੱਛੋਂ ਉਹਦੇ ਰਜਿਸਟਰ ਖ਼ਰੀਦਦਾ ਅਤੇ ਫਿਰ ਇਨਸਾਫ਼ ਲੈਣ ਵਾਲੇ ਇਕ ਮੁਜਰਮ ਵਾਂਗ ਆਪਣੇ ਦਫ਼ਤਰ ਜਾਂਦਾ। ਉਹ ਆਪਣੇ ਡੈਸਕ ’ਤੇ ਜਿੰਨੀ ਛੇਤੀ ਸੰਭਵ ਹੁੰਦਾ

ਬੈਠ ਜਾਂਦਾ ਤੇ ਹਮੇਸ਼ਾ ਬੇਚੈਨੀ ਮਹਿਸੂਸ ਕਰਦਾ ਜਿਵੇਂ ਕਿ ਉਹ ਆਪਣੀ ਡਿਊਟੀ ਦੀ ਅਣਗਹਿਲੀ ਕਰਕੇ ਝਿੜਕਾਂ ਦੀ ਉਡੀਕ ਕਰ ਰਿਹਾ ਹੋਵੇ ਜਿਸ ਲਈ ਉਹ ਕਸੂਰਵਾਰ ਸਮਝਦਾ ਸੀ।

ਉਸ ਦੀ ਜ਼ਿੰਦਗੀ ਦੇ ਇਸ ਨੀਰਸ ਵਾਤਾਵਰਣ ਵਿੱਚ ਤਬਦੀਲੀ ਲਿਆਉਣ ਲਈ ਕਦੇ ਕੁਝ ਵੀ ਨਹੀਂ ਵਾਪਰਿਆ ਸੀ, ਦਫ਼ਤਰ, ਭੱਤੇ, ਗਰੈਚੂਟੀ ਅਤੇ ਤਰੱਕੀ ਤੋਂ ਬਿਨਾਂ ਕਿਸੇ ਵੀ ਘਟਨਾ ਦਾ ਉਸ ’ਤੇ ਅਸਰ ਨਹੀਂ ਹੋਇਆ ਸੀ। ਉਹ ਭਾਵੇਂ ਐਡਮਿਰੈਲਟੀ ਜਾਂ ਘਰ ਵਿੱਚ ਹੁੰਦਾ, ਆਪਣੀ ਡਿਊਟੀ ਦੀਆਂ ਗੱਲਾਂ ਕਰਨ ਤੋਂ ਬਿਨਾਂ ਹੋਰ ਕੋਈ ਗੱਲ ਨਾ ਕਰਦਾ, ਕਿਉਂਕਿ ਉਸ ਨੇ ਆਪਣੇ ਸਾਥੀ ਕਰਮਚਾਰੀ ਦੀ ਦਾਜ ਹੀਣ ਲੜਕੀ ਨਾਲ ਵਿਆਹ ਕਰਵਾ ਲਿਆ ਸੀ। ਉਸ ਦੇ ਦਿਮਾਗ਼ ਵਿੱਚ, ਜੋ ਰੋਜ਼ਾਨਾ ਨਿਰਾਸ਼ਾਜਨਕ ਕੰਮ ਕਰਕੇ ਕਮਜ਼ੋਰੀ ਦੀ ਹਾਲਤ ਵਿੱਚ ਸੀ, ਦਫ਼ਤਰੀ ਕੰਮਾਂ ਤੋਂ ਬਿਨਾਂ ਕੋਈ ਹੋਰ ਵਿਚਾਰ, ਆਸ ਜਾਂ ਸੁਪਨੇ ਨਹੀਂ ਸਨ, ਅਤੇ ਉੱਥੇ ਇਕ ਲਗਾਤਾਰ ਕਠੋਰਤਾ ਸੀ ਜਿਸ ਨੇ ਉਸ ਦੀ ਪਹਿਲੀ ਪ੍ਰਾਪਤ ਕੀਤੀ ਹੋਈ ਹਰ ਖ਼ੁਸ਼ੀ ਨੂੰ ਤਬਾਹ ਕੀਤਾ, ਇਹ ਸੀ ਨੇਵੀ ਦੇ ਕਈ ਕਮਿਸ਼ਨਰਾਂ ਦਾ ਹਾਲ ਤੇ ਉਨ੍ਹਾਂ ਨੂੰ ਪਹਿਲੇ ਦਰਜੇ ਦੇ ਕਲਰਕ ਅਤੇ ਦਫ਼ਤਰ ਦੇ ਮੁਖੀ ਹੋਣ ਕਰਕੇ ‘ਟਿਨਮੈਨ’ ਕਿਹਾ ਜਾਂਦਾ ਸੀ। ਹਰ ਸ਼ਾਮ ਦੇ ਖਾਣੇ ਸਮੇਂ ਉਹ ਆਪਣੀ ਪਤਨੀ ਨਾਲ ਇਸ ਮਾਮਲੇ ’ਤੇ ਚੰਗੀ ਬਹਿਸ ਕਰਦਾ ਸੀ, ਜੋ ਉਸ ਦੀਆਂ ਗ਼ੁੱਸੇ ਵਾਲੀਆਂ ਭਾਵਨਾਵਾਂ ਵਿੱਚ ਹਿੱਸਾ ਲੈਂਦੀ ਅਤੇ ਆਪਣੀ ਤਸੱਲੀ ਅਨੁਸਾਰ ਇਹ ਸਿੱਧ ਕਰੋ ਕਿ ਪੈਰਿਸ ਵਿੱਚ ਉਨ੍ਹਾਂ ਆਦਮੀਆਂ ਨੂੰ ਥਾਂ ਦੇਣੀ ਹਰ ਤਰ੍ਹਾਂ ਅਨਿਆਂ ਸੀ, ਜਿਨ੍ਹਾਂ ਨੂੰ ਨੇਵੀ ਵਿੱਚ ਨੌਕਰੀ ਮਿਲ ਸਕਦੀ ਹੈ।

ਹੁਣ ਉਹ ਬਜ਼ੁਰਗ ਹੋ ਗਿਆ ਸੀ, ਉਸ ਨੇ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਕਿ ਉਸ ਦੀ ਜ਼ਿੰਦਗੀ ਕਿਵੇਂ ਗੁਜ਼ਰ ਰਹੀ ਸੀ, ਉਹ ਬਿਨਾਂ ਕਿਸੇ ਪਰਿਵਰਤਨ ਨੂੰ ਮਹਿਸੂਸ ਕਰਦੇ ਹੋਏ ਸਕੂਲ ਤੋਂ ਦਫ਼ਤਰ ਵਿੱਚ ਆ ਗਿਆ ਸੀ, ਅਤੇ ਦਰਬਾਨ ਜਿਨ੍ਹਾਂ ਤੋਂ ਉਹ ਪਹਿਲਾਂ ਘਬਰਾ ਗਿਆ ਸੀ, ਉਹ ਉਸ ਦੇ ਮੁਖੀਆਂ ਰਾਹੀਂ ਬਦਲ ਦਿੱਤੇ ਗਏ ਸਨ ਜਿਨ੍ਹਾਂ ਤੋਂ ਉਹ ਬਹੁਤ ਡਰਦਾ ਸੀ। ਜਦੋਂ ਉਹ ਇਨ੍ਹਾਂ ਹਾਕਮਾਂ ਦੇ ਕਮਰਿਆਂ ਵਿੱਚ ਜਾਂਦਾ ਸੀ ਤਾਂ ਉਹ ਸਿਰ ਤੋਂ ਪੈਰਾਂ ਤੱਕ ਕੰਬ ਜਾਂਦਾ ਅਤੇ ਇਸ

ਲਗਾਤਾਰ ਡਰ ਨੇ ਉਨ੍ਹਾਂ ਦੀ ਮੌਜੂਦਗੀ ਵਿੱਚ ਉਸ ਨੂੰ ਅਜੀਬ ਬਣਾ ਦਿੱਤਾ, ਇਕ ਨਿਮਰਤਾ ਭਰਪੂਰ ਸਲੂਕ ਅਤੇ ਘਬਰਾਹਟ ਨਾਲ ਥਥਲਾਉਂਦੀ ਅਵਾਜ਼ ਵਾਲਾ।

ਉਹ ਪੈਰਿਸ ਸੰਬੰਧੀ ਇੰਨਾ ਕੁਝ ਵੀ ਨਾ ਜਾਣ ਸਕਿਆ ਜਿੰਨਾ ਇਕ ਅੰਨ੍ਹਾ ਆਦਮੀ ਜਾਣ ਸਕਦਾ ਸੀ ਜਿਸ ਨੂੰ ਹਰ ਰੋਜ਼ ਉਸ ਦਾ ਕੁੱਤਾ ਉਸ ਦੇ ਠਿਕਾਣੇ ’ਤੇ ਲੈ ਜਾਂਦਾ ਸੀ। ਜੋ ਉਹ ਆਪਣੇ ਅੱਧੇ-ਪੈਨੀ ਅਖ਼ਬਾਰ ਵਿੱਚ ਕੋਈ ਵਿਸ਼ੇਸ਼ ਘਟਨਾ ਜਾਂ ਹੇਰਾ ਫੇਰੀ ਸਬੰਧੀ ਪੜ੍ਹਦਾ ਤਾਂ ਉਹ ਉਸ ਨੂੰ ਅਨੋਖੀਆਂ ਕਹਾਣੀਆਂ ਵਾਂਗ ਪ੍ਰਤੀਤ ਹੁੰਦੇ, ਜੋ ਕਿਸੇ ਪੱਤਰਕਾਰ ਨੇ ਛੋਟੇ ਕਰਮਚਾਰੀਆਂ ਨੂੰ ਖ਼ੁਸ਼ ਕਰਨ ਲਈ ਆਪਣੇ ਦਿਮਾਗ਼ ਤੋਂ ਬਣਾਈਆਂ ਹੋਣ। ਉਹ ਰਾਜਨੀਤਕ ਖ਼ਬਰਾਂ ਨਹੀਂ ਪੜ੍ਹਦਾ ਸੀ, ਜੋ ਉਸ ਦੇ ਅਖ਼ਬਾਰ ਵਿੱਚ ਆਮ ਤੌਰ ’ਤੇ ਲੋੜ ਅਨੁਸਾਰ ਬਦਲ ਦਿੱਤੀਆਂ ਜਾਂਦੀਆਂ ਸਨ ਕਿਉਂਕਿ ਉਹ ਨਵੀਂਆਂ ਕਾਢਾਂ ਦਾ ਸ਼ੌਕੀਨ ਨਹੀਂ ਸੀ, ਅਤੇ ਜਦੋਂ ਉਹ ਹਰ ਸ਼ਾਮ ਨੂੰ ਚੈਂਪਸ-ਇਲਸੀਜ਼ ਦੇ ਛਾਂਦਾਰ ਰਸਤੇ ਤੋਂ ਗੁਜ਼ਰਦਾ, ਪੈਦਲ ਤੁਰਨ ਵਾਲਿਆਂ ਦੀ ਜੋਸ਼ੀਲੀ ਭੀੜ ਅਤੇ ਗੱਡੀਆਂ ਦੀ ਲਾਈਨ ਵੱਲ ਇਕ ਅਜਿਹੇ ਯਾਤਰੀ ਵਾਂਗੂ ਦੇਖਦਾ ਜੋ ਬਦੇਸ਼ ਵਿੱਚ ਆਪਣਾ ਰਸਤਾ ਭੁੱਲ ਗਿਆ ਹੋਵੇ।

ਜਿਉਂ ਹੀ ਉਸ ਨੇ ਜਨਵਰੀ ਦੀ 1 ਤਾਰੀਖ਼ ਨੂੰ ਆਪਣੀ ਨੌਕਰੀ ਦੇ ਅਵੱਸ਼ਕ 30 ਸਾਲ ਪੂਰੇ ਕੀਤੇ ਉਸ ਨੂੰ “ਲੀਜ਼ਨ ਆਫ਼ ਆਨਰ ਨਾਮੀ ਮਾਣ ਪੱਤਰ ਦਿੱਤਾ ਗਿਆ, ਜੋ ਅਰਧ-ਫ਼ੌਜੀ ਸਰਕਾਰੀ ਦਫ਼ਤਰਾਂ ਦੀ ਦੁਖਦਾਈ ਗ਼ੁਲਾਮੀ ਲਈ ਇਨਾਮ ਮੰਨਿਆ ਜਾਂਦਾ ਸੀ-ਸਰਕਾਰੀ ਕਹਾਵਤ "ਵਫ਼ਾਦਾਰ ਸੇਵਾਵਾਂ”-ਉਨ੍ਹਾਂ ਅਭਾਗਿਆਂ ਲਈ ਹੋ ਜੋ ਆਪਣੇ ਮੇਜ਼ਾਂ ਨਾਲ ਜੁੜੇ ਰਹਿੰਦੇ ਹਨ। ਉਸ ਅਚਾਨਕ ਸ਼ਾਨ ਤੋਂ ਉਸ ਨੂੰ ਆਪਣੀਆਂ ਯੋਗਤਾਵਾਂ ਦੇ ਵੱਧ ਘੱਟ ਹੋਣ ਦਾ ਪਤਾ ਲੱਗ ਗਿਆ ਤੇ ਉਸ ਵਿੱਚ ਕਾਫੀ ਤਬਦੀਲੀ ਆ ਗਈ। ਉਸ ਨੇ ਇਕ ਦਮ ਮੁਲਾਇਮ ਪਜਾਮਾ ਤੇ ਵਧੀਆ ਰੰਗਦਾਰ ਛੋਟਾ ਕੋਟ ਪਹਿਨਣਾ ਬੰਦ ਕਰ ਦਿੱਤਾ ਕਾਲਾ ਪਜਾਮਾ ਤੇ ਲੰਮਾਕੋਟ ਪਾਉਣਾ ਸ਼ੁਰੂ ਕਰ ਦਿੱਤਾ ਜਿਸ ਉੱਤੇ ਉਸ ਦਾ ‘ਰਿਬਨ' ਜੋ ਕਾਫ਼ੀ ਚੌੜਾ ਸੀ ਤੇ ਜ਼ਿਆਦਾ ਸੋਹਣਾ ਲੱਗਦਾ ਸੀ। ਉਹ ਹਰ ਰੋਜ਼ ਹਜਾਮਤ ਕਰਦਾ ਸੀ, ਬੜੇ ਧਿਆਨ ਨਾਲ ਨਹੁੰ ਕੱਟਦਾ ਸੀ, ਹਰ ਦੋ ਦਿਨਾਂ ਪਿੱਛੋਂ ਆਪਣੇ ਕੱਪੜੇ ਬਦਲਦਾ ਸੀ, ਨਿਯਮਕ ਪੱਖ ਤੋਂ ਜੋ ਠੀਕ ਸੀ ਕੌਮੀ ਰਵਾਇਤ ਜਿਸ ਦਾ ਉਹ ਅੰਗ ਸੀ ਦੇ

ਸਤਿਕਾਰ ਵਜੋਂ ਸੀ। ਅਸਲ ਵਿੱਚ ਉਸ ਦਿਨ ਤੋਂ ਉਹ ਦੂਜਾ ਕੈਰਾਵਾਨ, ਅਚਰਨਸ਼ੀਲ ਗੌਰਵਸ਼ਾਲੀ ਅਤੇ ਨਿਵਾਜਣ ਵਾਲਾ ਬਣ ਗਿਆ ਸੀ।

ਘਰ ਵਿੱਚ ਹਰ ਵੇਲੇ ਕਹਿੰਦਾ "ਮੇਰੇ ਪ੍ਰਮਾਤਮਾ', ਅਤੇ ਉਹ ਇੰਨਾ ਹੰਕਾਰੀ ਹੋ ਗਿਆ ਸੀ ਕਿ ਉਹ ਹੋਰ ਦੂਜੇ ਆਦਮੀਆਂ ਨੂੰ ਆਪਣੇ ਕਾਜਾਂ ਵਿੱਚ ਰਿਬਨ ਪਾਏ ਹੋਏ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਦਾ ਸੀ। ਉਸ ਨੂੰ ਅਜੀਬ ਆਦੇਸ਼ ਵੇਖ ਕੇ ਗ਼ੁੱਸਾ ਆਉਂਦਾ ਜਿਨ੍ਹਾਂ ਅਨੁਸਾਰ ਕੋਈ ਵੀ ਆਦਮੀ ਫਰਾਂਸ ਵਿੱਚ ਪੁਸ਼ਾਕ ਨਹੀਂ ਪਾ ਸਕਦਾ ਸੀ ਅਤੇ ਉਹ ਈਰਖਾ ਵੱਸ ਚੈਨਟ ਨੂੰ ਰੋਜ਼ ਬੋਰ ਕਰਦਾ ਜੋ ਤਰ੍ਹਾਂ ਤਰ੍ਹਾਂ ਦੀਆਂ ਪੁਸ਼ਾਕਾਂ ਪਾਈ ਉਸ ਨੂੰ ਟਰਾਮ ਕਾਰ ਵਿੱਚ ਮਿਲਦਾ।

ਦੋ ਆਦਮੀਆਂ ਦੀ ਗੱਲਬਾਤ ਆਰਕ ਡੀ ਟਰਾਏਓਂਫ ਤੋਂ ਨਿਊਲੀ ਤੱਕ ਉਹੀ ਰਹੀ। ਇਕ ਦਿਨ ਸਾਰਿਆਂ ਤੋਂ ਪਹਿਲਾਂ ਉਨ੍ਹਾਂ ਨੇ ਕਈ ਤਰ੍ਹਾਂ ਦੀਆਂ ਸਥਾਨਕ ਗਾਲ੍ਹਾਂ 'ਤੇ ਵਿਚਾਰ ਵਟਾਂਦਰਾ ਕੀਤਾ, ਜਿਨ੍ਹਾਂ ਤੋਂ ਉਹ ਦੋਵੇਂ ਤੰਗ ਆਏ ਹੋਏ ਸਨ ਅਤੇ ਨਿਊਲੀ ਦੇ ਮੇਅਰ 'ਤੇ ਵੀ ਪੂਰਾ ਇਲਜ਼ਾਮ ਲਾਇਆ ਗਿਆ। ਫਿਰ ਜਿਵੇਂ ਇਕ ਡਾਕਟਰ ਦੇ ਸਾਥ ਵਿੱਚ ਵਾਪਰਦਾ ਹੈ, ਕੈਰਾਵਾਨ ਬਿਮਾਰੀ ਦੇ ਵਿਸ਼ੇ ਉੱਤੇ ਵਿਸਥਾਰ ਸ਼ੁਰੂ ਕੀਤਾ, ਤੇ ਇਸ ਤਰੀਕੇ ਨਾਲ ਉਸ ਨੇ ਮੁਫ਼ਤ ਵਿੱਚ ਸਲਾਹ ਪ੍ਰਾਪਤ ਕਰਨ ਦੀ ਉਮੀਦ ਰੱਖੀ। ਉਸ ਦੀ ਮਾਂ ਦੀ ਉਸ ਨੂੰ ਕਾਫ਼ੀ ਸਮੇਂ ਤੋਂ ਚਿੰਤਾ ਸੀ ਉਸ ਨੂੰ ਬੇਹੋਸ਼ੀ ਦੇ ਕਾਫੀ ਲੰਮੇ ਦੌਰੇ ਪੈਂਦੇ ਸਨ ਅਤੇ ਭਾਵੇਂ ਉਹ 90 ਸਾਲਾਂ ਦੀ ਸੀ, ਉਹ ਆਪਣਾ ਧਿਆਨ ਨਹੀਂ ਰੱਖਦੀ ਸੀ।

ਜਦੋਂ ਕੈਰਾਵਾਨ ਨੇ ਉਸ ਦੀ ਵੱਡੀ ਉਮਰ ਦੱਸੀ ਤਾਂ ਉਸ ਦਾ ਦਿਲ ਤਰਸ ਨਾਲ ਭਰ ਗਿਆ, ਅਤੇ ਇਕ ਤੋਂ ਜ਼ਿਆਦਾ ਵਾਰੀ ਉਸ ਨੇ ਡਾਕਟਰ ਚੈਨੇਟ ਨੂੰ "ਡਾਕਟਰ" ਸ਼ਬਦ ਤੇ ਜ਼ਿਆਦਾ ਜ਼ੋਰ ਦਿੰਦੇ ਹੋਏ ਪੁੱਛਿਆ ਕਿ ਕੀ ਕਦੇ ਉਹ ਇੰਨੀ ਵੱਡੀ ਉਮਰ ਦੇ ਮਰੀਜ਼ ਨੂੰ ਮਿਲਿਆ ਹੈ ਅਤੇ ਉਸ ਨੇ ਖ਼ੁਸ਼ੀ ਨਾਲ ਆਪਣੇ ਹੱਥ ਰਗੜੇ, ਸ਼ਾਇਦ ਇਸ ਲਈ ਨਹੀਂ ਕਿ ਉਸ ਨੇ ਧਰਤੀ 'ਤੇ ਇਕ ਚੰਗੀ ਔਰਤ ਦੇ ਦੇਖਭਾਲ ਦੀ ਇੱਛਾ ਰੱਖੀ ਸੀ ਪਰ ਇਸ ਲਈ ਕਿ ਉਸ ਦੀ ਮਾਂ ਦੀ ਜ਼ਿੰਦਗੀ ਦਾ ਸਮਾਂ ਕਾਫ਼ੀ ਸੀ, ਤੇ ਜਿਵੇਂ ਇਹ ਬੁੱਢੀ ਉਮਰ ਉਸ ਦੇ ਆਪਣੇ ਲਈ ਇਕ ਉਤਸ਼ਾਹ ਹੋਵੇ। ਫਿਰ ਉਸ ਨੇ ਕਹਿਣਾ ਜਾਰੀ ਰੱਖਿਆ :-

"ਮੇਰੇ ਪਰਵਾਰ ਵਿੱਚ ਲੰਮੀ ਉਮਰ ਹੁੰਦੀ ਹੈ ਅਤੇ ਮੈਨੂੰ ਯਕੀਨ ਹੈ ਕਿ ਜਦੋਂ ਤੱਕ ਮੇਰੇ ਨਾਲ ਦੁਰਘਟਨਾ ਨਹੀਂ ਹੁੰਦੀ ਮੈਂ ਜਦੋਂ ਤੱਕ ਬਹੁਤ ਬੁੱਢਾ ਨਹੀਂ ਹੋ ਜਾਂਦਾ ਮੈਂ ਨਹੀਂ ਮਰਾਂਗਾ।"

ਡਾਕਟਰ ਨੇ ਆਪਣੇ ਗੁਆਂਢੀ ਦੇ ਭਖ਼ਦੇ ਚਿਹਰੇ, ਉਸ ਦੀ ਛੋਟੀ ਤੇ ਮੋਟੀ ਗਰਦਨ, ਅਤੇ ਉਸ ਦੀਆਂ ਢਿਲਮ ਢਿੱਲੀਆਂ ਅਤੇ ਫੁੱਲੀਆਂ ਹੋਈਆਂ ਲੱਤਾਂ ’ਤੇ ਲਮਕਦਾ ਸਰੀਰ ਜਿਸ ਨੂੰ ਚੈਨੇਟ "ਕਾਰਪੋਰੇਸ਼ਨ" ਕਹਿੰਦਾ ਸੀ, ਅਤੇ ਉਸ ਕਮਜ਼ੋਰ ਅਫ਼ਸਰ ਦੇ ਮੁਟਾਪੇ ਵੱਲ ਪਲ਼ ਭਰ ਲਈ ਤਰਸ ਭਰੀ ਨਿਗਾਹ ਨਾਲ ਵੇਖਿਆ। ਆਪਣੇ ਸਿਰ ਤੋਂ ਸਫ਼ੈਦ ਪਨਾਮਾ ਟੋਪੀ ਉਤਾਰਦੇ ਹੋਏ ਕਿਹਾ:— "ਮੇਰੇ ਪੁਰਾਣੇ ਸਾਥੀ, ਮੈਨੂੰ ਇਸ ਦਾ ਇੰਨਾ ਭਰੋਸਾ ਨਹੀਂ, ਤੁਹਾਡੀ ਮਾਂ ਲੋਹੇ ਦੀ ਬਣੀ ਹੋਈ ਹੈ ਅਤੇ ਮੈਨੂੰ ਇਹ ਕਹਿਣਾ ਚਾਹੀਦਾ ਹੈ ਕਿ ਤੁਹਾਡੀ ਜ਼ਿੰਦਗੀ ਬਹੁਤ ਚੰਗੀ ਨਹੀਂ ਹੈ।"

ਆਖ਼ਰ ਇਸ ਚੀਜ਼ ਨੇ ਕੈਰਾਵਾਨ ਨੂੰ ਬੇਚੈਨ ਕਰ ਦਿੱਤਾ ਜੋ ਫਿਰ ਨਾ ਬੋਲਿਆ ਜਦੋਂ ਤੱਕ ਟਰਾਮ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਠਿਕਾਣੇ ਤੱਕ ਨਾ ਪਹੁੰਚਾਇਆ। ਦੋਵੇਂ ਦੋਸਤ ਉੱਤਰੇ ਅਤੇ ਚੈਨੇਟ ਨੇ ਆਪਣੇ ਦੋਸਤ ਨੂੰ 'ਕੈਫ ਟੂ ਗਲੋਬ ਦੇ ਸਾਹਮਣੇ ਵਾਲੀ ਥਾਂ ਜਿੱਥੇ ਉਹ ਆਮ ਤੌਰ ’ਤੇ ਇਕੱਠੇ ਹੁੰਦੇ ਸਨ 'ਵਰਮਥ' (ਸ਼ਰਾਬ) ਦਾ ਇਕ ਗਿਲਾਸ ਲੈਣ ਲਈ ਕਿਹਾ। ਮਾਲਕ ਜੋ ਉਨ੍ਹਾਂ ਦਾ ਦੋਸਤ ਸੀ, ਉਸ ਨੇ ਕਾਊਂਟਰ ’ਤੇ ਪਈਆਂ ਬੋਤਲਾਂ ਦੇ ਉੱਤੇ ਦੀ ਹੱਥ ਘੁਮਾ ਕੇ ਉਂਗਲਾਂ ਨਾਲ ਉਂਗਲਾਂ ਮਿਲਾਈਆਂ ਤੇ ਫਿਰ ਉਹ ਆਪਣੇ ਤਿੰਨ ਦੋਸਤਾਂ ਨਾਲ ਜਾ ਮਿਲੇ; ਜਿਹੜੇ ਦੁਪਹਿਰ ਤੋਂ ਡੋਮੀਨੋਜ਼, ਦੀ ਖੇਡ ਖੇਡ ਰਹੇ ਸਨ। ਉਨ੍ਹਾਂ ਨੇ ਹਾਰਦਿਕ ਨਮਸਕਾਰ ਕੀਤੀ ਤੇ ਸਾਧਾਰਨ ਵਾਂਗੂ "ਕੋਈ ਹੋਰ ਗੱਲਬਾਤ" ਫਿਰ ਤਿੰਨ ਖਿਡਾਰੀਆਂ ਨੇ ਆਪਣੀ ਖੇਡ ਜਾਰੀ ਰੱਖੀ, ਅਤੇ ਉਨ੍ਹਾਂ ਨੇ ਬਿਨਾਂ ਦੇਖੇ ਆਪਣੇ ਹੱਥ ਉੱਪਰ ਕੀਤੇ ਜਦੋਂ ਦੂਜਿਆਂ ਨੇ ਉਨ੍ਹਾਂ ਨੂੰ ਅਲਵਿਦਾ, ਕਿਹਾ ਅਤੇ ਰਾਤ ਦੇ ਖਾਣੇ ਲਈ ਘਰ ਚਲੇ ਗਏ।

ਕੈਰਾਵਾਨ ਕੋਰਬੀਵੋਇ ਵਿੱਚ ਮਿਲ ਰਹੀਆਂ ਦੋ ਸੜਕਾਂ ਦੇ ਨੇੜੇ ਇਕ ਛੋਟੇ ਜਿਹੇ ਦੋ ਮੰਜਿਲਾਂ ਘਰ ਵਿੱਚ ਰਹਿੰਦਾ ਸੀ। ਹੇਠਲੇ ਹਿੱਸੇ ਵਿੱਚ ਇਕ ਨਾਈ

ਸੀ। ਉਸ ਘਰ ਵਿੱਚ ਦੋ ਸੌਣ ਵਾਲੇ ਕਮਰੇ, ਇਕ ਖਾਣ ਪੀਣ ਦਾ ਕਮਰਾ, ਤੇ ਇਕ ਰਸੋਈ ਸੀ ਅਤੇ ਸ੍ਰੀਮਤੀ ਕੈਰਾਵਾਨ ਆਪਣਾ ਸਾਰਾ ਸਮਾਂ ਇਸ ਨੂੰ ਸਾਫ਼ ਕਰਨ ਵਿੱਚ ਲਗਾਉਂਦੀ ਸੀ ਜਦੋਂ ਕਿ ਉਸ ਦੀ ਲੜਕੀ ਮੇਰੀ ਲੂਈਸ ਜਿਸ ਦੀ ਉਮਰ 12 ਸਾਲ ਅਤੇ ਲੜਕਾ ਫਿਲੀਪੀ-ਅਗਸਟੇ, ਦੋਵੇਂ ਗੁਆਢੀਆਂ ਦੇ ਗੰਦੇ, ਸ਼ਰਾਰਤੀ ਤੇ ਛੋਟੇ ਬੱਚਿਆਂ ਨਾਲ ਇੱਧਰ ਉੱਧਰ ਦੌੜਦੇ ਤੇ ਗੰਦੀਆਂ ਨਾਲ਼ੀਆਂ ਵਿੱਚ ਖੇਡਦੇ ਰਹਿੰਦੇ ਸਨ।

ਕੈਰਾਵਾਨ ਨੇ ਆਪਣੀ ਮਾਂ ਨੂੰ ਮੋਢੀ ਬਣਾਇਆ ਹੋਇਆ ਸੀ ਜੋ ਲਾਲਚੀ ਹੋਣ ਕਰਕੇ ਸਾਰੇ ਗੁਆਂਢ ਵਿੱਚ ਉਘੀ ਸੀ, ਉਹ ਬਹੁਤ ਪਤਲੀ ਸੀ ਤੇ ਉਨ੍ਹਾਂ ਤੋਂ ਉੱਪਰ ਵਾਲੇ ਕਮਰੇ ਵਿੱਚ ਸੀ। ਉਹ ਹਮੇਸ਼ਾ ਗ਼ੁੱਸੇ ਵਿੱਚ ਰਹਿੰਦੀ ਸੀ ਅਤੇ ਕਦੇ ਵੀ ਕਿਸੇ ਨਾਲ ਲੜੇ ਬਿਨਾਂ ਤੇ ਬਹੁਤ ਕ੍ਰੋਧਿਤ ਹੋਏ ਬਿਨਾਂ ਸਾਰਾ ਦਿਨ ਨਹੀਂ ਗੁਜ਼ਾਰ ਸਕਦੀ ਸੀ। ਉਹ ਆਪਣੇ ਆਪਣੇ ਘਰਾਂ ਦੇ ਦਰਵਾਜ਼ਿਆਂ ਵਿੱਚ ਖੜੇ ਗੁਆਂਢੀਆਂ ਗ਼ਲੀਆਂ ਵਿੱਚ ਚੀਜ਼ਾਂ ਵੇਚਣ ਵਾਲਿਆਂ, ਗ਼ਲੀਆਂ ਸਾਫ਼ ਕਰਨ ਵਾਲਿਆਂ ਅਤੇ ਗ਼ਲੀ ਦੇ ਲੜਕਿਆਂ ਨੂੰ ਸੁਣਾ ਸੁਣਾ ਗਾਲ੍ਹਾਂ ਕੱਢਦੀ ਕੋਸਦੀ ਰਹਿੰਦੀ ਅਤੇ, ਉਹ ਸਾਰੇ ਜਦੋਂ ਉਹ ਕਿਧਰੇ ਬਾਹਰ ਜਾਂਦੀ ਬਦਲਾ ਲੈਣ ਲਈ ਉਸ ਦਾ ਪਿੱਛਾ ਕਰਦੇ ਅਤੇ ਉਸਦੇ ਪਿੱਛੇ ਪਿੱਛੇ ਮੰਦੇ ਬੋਲ ਬੋਲਦੇ।

ਨੌਰਮੰਡੀ ਤੋਂ ਇਕ ਛੋਟੀ ਨੌਕਰ ਜੋ ਬਹੁਤ ਸੁਸਤ ਤੇ ਬੇਸਮਝ ਸੀ ਘਰ ਦਾ ਸਾਰਾ ਕੰਮ ਕਰਦਾ ਸੀ, ਅਤੇ ਦੂਜੀ ਮੰਜਿਲ ਤੋਂ ਬੁੱਢੀ ਔਰਤ ਦੇ ਉਸ ਕਮਰੇ ਵਿੱਚ ਸੌਂਦਾ ਸੀ, ਕਿ ਰਾਤ ਸਮੇਂ ਉਸ ਦਾ ਖ਼ਿਆਲ ਰੱਖ ਸਕੇ।

ਜਦੋਂ ਕੈਰਾਵਾਨ ਅੰਦਰ ਆਇਆ ਤਾਂ ਉਸ ਦੀ ਪਤਨੀ ਜਿਸ ਨੂੰ ਸਫ਼ਾਈ ਦੀ ਕਾਫੀ ਲਗਨ ਸੀ, ਸਾਗਵਾਨ ਦੀਆਂ ਕੁਰਸੀਆਂ ਨੂੰ ਜੋ ਖਿੱਲਰੀਆਂ ਹੋਈਆਂ ਸਨ ਫਲਾਲੈਨ ਦੇ ਟੁਕੜੇ ਨਾਲ ਪਾਲਿਸ਼ ਕਰ ਰਹੀ ਸੀ। ਇਕ ਉਹ ਹਮੇਸ਼ਾਂ ਸੂਤੀ ਦਸਤਾਨੇ ਪਾਉਂਦੀ, ਸਿਰ ’ਤੇ ਇਕ ਰੰਗ ਬਿਰੰਗੇ ਰਿਬਨਾਂ ਨਾਲ ਸੱਜੀ ਹੋਈ ਟੋਪੀ ਪਾਉਂਦੀ ਜਿਹੜੀ ਹਮੇਸ਼ਾਂ ਇਕ ਕੰਨ ਵੱਲ ਟੇਢੀ ਹੁੰਦੀ ਅਤੇ ਜਦੋਂ ਉਸ ਨੂੰ ਕੋਈ ਪਾਲਿਸ਼ ਕਰਦੇ ਹੋਏ, ਸਫ਼ਾਈ ਜਾਂ ਧੋਂਦੇ ਹੋਏ ਵੇਖਦਾ ਤਾਂ ਉਹ ਕਹਿੰਦੀ :-

"ਮੈਂ ਅਮੀਰ ਨਹੀਂ ਹਾਂ, ਮੇਰੇ ਘਰ ਵਿੱਚ ਹਰ ਚੀਜ਼ ਸਾਦੀ ਹੈ। ਪ੍ਰੰਤੂ ਸਫ਼ਾਈ ਰੱਖਣਾ ਮੇਰੀ ਐਸ਼ ਹੈ ਅਤੇ ਇਹ ਬਿਲਕੁਲ ਦੂਜੀ ਐਸ਼ ਵਾਂਗ ਹੈ।"

ਜਿਵੇਂ ਉਸ ਪਾਸ ਆਵਾਜ਼, ਦ੍ਰਿੜ੍ਹਤਾ ਤੇ ਸੂਝ ਸਮਝ ਦੀ ਕੁਦਰਤੀ ਦਾਤ ਸੀ, ਉਸ ਨੇ ਹਰ ਪੱਖੋਂ ਆਪਣੇ ਪਤੀ ’ਤੇ ਆਪਣਾ ਸਿੱਕਾ ਜਮਾਇਆ ਹੋਇਆ ਸੀ। ਹਰ ਸ਼ਾਮ ਦੇ ਖਾਣੇ ਸਮੇਂ ਅਤੇ ਪਿੱਛੋਂ ਜਦੋਂ ਉਹ ਬਿਸਤਰੇ ਵਿੱਚ ਹੁੰਦੇ, ਦਫ਼ਤਰ ਵਿਚਲੇ ਕੰਮਾਂ ਸੰਬੰਧੀ ਗੱਲਬਾਤ ਕਰਦੇ, ਅਤੇ ਭਾਵੇਂ ਉਹ ਉਸ ਤੋਂ 20 ਸਾਲ ਛੋਟੀ ਸੀ ਉਸ ਦਾ ਪਤੀ ਹਰ ਗੱਲ ਉਸ ਨਾਲ ਸਾਂਝੀ ਕਰਦਾ ਸੀ, ਤੇ ਹਰ ਮਾਮਲੇ ਵਿੱਚ ਜਦੋਂ ਉਹ ਕੋਈ ਵੀ ਸਲਾਹ ਦਿੰਦੀ ਉਹ ਉਸੇ ਸਲਾਹ ’ਤੇ ਚੱਲਦਾ।

ਉਹ ਪਹਿਲਾਂ ਵੀ ਸੁੰਦਰ ਨਹੀਂ ਸੀ ਅਤੇ ਹੁਣ ਬਦਸ਼ਕਲ ਹੋ ਗਈ ਸੀ, ਇਸ ਦੇ ਨਾਲ ਉਹ ਮਧਰੀ ਤੇ ਪਤਲੀ ਸੀ, ਤੇ ਉਸ ਦੀ ਆਪਣੇ ਆਪ ਨੂੰ ਸ਼ਿੰਗਾਰਨ ਦੇ ਤਰੀਕੇ ਵਿੱਚ ਲਾਪਰਵਾਹੀ ਤੇ ਅਰੁੱਚੀ ਉਸ ਦੇ ਕਈ ਜਨਾਨਾ ਗੁਣਾਂ ਨੂੰ ਲੁਕਾਉਂਦੀ ਸੀ ਜੋ ਉੱਘੜ ਸਕਦੇ ਸਨ ਜੇਕਰ ਉਨ੍ਹਾਂ ਨੂੰ ਕੱਪੜੇ ਪਾਉਣ ਦਾ ਚੰਗਾ ਢੰਗ ਹੁੰਦਾ। ਉਸ ਦੇ ਪੇਟੀਕੋਟ ਹਮੇਸ਼ਾ ਵਿੰਗੇ ਟੇਢੇ ਹੁੰਦੇ, ਆਪਣੇ ਆਪ ਨੂੰ ਖੁਰਕਦੀ ਰਹਿੰਦੀ, ਕੋਈ ਵੀ ਥਾਂ ਹੋਵੇ, ਭਾਵੇਂ ਕੋਈ ਵੀ ਹੋਰ ਉੱਥੇ ਹੋਵੇ ਉਹ ਹਮੇਸ਼ਾ ਲਾਪਰਵਾਹ ਹੁੰਦੀ, ਤੇ ਇੰਨੀ ਵਾਰ ਖੁਰਕ ਕਰਦੀ ਕਿ ਜੋ ਵੀ ਉਸ ਨੂੰ ਵੇਖਦਾ ਉਹ ਸੋਚਦਾ ਕਿ ਉਸ ਨੂੰ ਖ਼ਾਰਸ਼ ਹੈ। ਕੇਵਲ ਰੇਸ਼ਮੀ ਰਿਬਨ ਹੀ ਉਸ ਦਾ ਗਹਿਣਾ ਸੀ, ਜਿਨ੍ਹਾਂ ਦੀ ਉਸ ਕੋਲ ਬਹੁਤਾਤ ਸੀ। ਅਤੇ ਜਿਹੜੀਆਂ ਦਿਖਾਵੇਦਾਰ ਟੋਪੀਆਂ ਉਹ ਘਰ ਪਹਿਨਦੀ ਸੀ ਉਹ ਅਨੇਕ ਰੰਗਾਂ ਦੀਆਂ ਹੁੰਦੀਆਂ ਸਨ।

ਜਿਉਂ ਹੀ ਉਸ ਦਾ ਪਤੀ ਆਇਆ ਉਹ ਉੱਠੀ ਉਸ ਨੂੰ ਚੁੰਮਿਆ।

"ਕੀ ਤੁਸੀਂ ਪੌਂਟਿਨ ਨੂੰ ਜਾਣਦੇ ਹੋ, ਮੇਰੇ ਪਿਆਰੇ"

ਉਹ ਹੈਰਾਨੀ ਨਾਲ ਕੁਰਸੀ ’ਤੇ ਬੈਠ ਗਿਆ, ਕਿਉਂਕਿ ਇਹ ਚੌਥੀ ਵਾਰੀ ਸੀ ਜਦੋਂ ਉਹ ਉਸ ਨਾਲ ਕੀਤੇ ਕਮਿਸ਼ਨ ਦੇ ਵਾਅਦੇ ਨੂੰ ਭੁੱਲ ਗਿਆ ਸੀ।

"ਇਹ ਦੁੱਖ ਦੀ ਗੱਲ ਹੈ, ਉਸ ਨੇ ਕਿਹਾ, ਸਾਰਾ ਦਿਨ ਇਸ ਸੰਬੰਧੀ ਸੋਚਦਾ ਰਿਹਾ ਅਤੇ ਸ਼ਾਮ ਨੂੰ ਭੁੱਲ ਗਿਆ।"

ਪ੍ਰੰਤੂ ਜਿਵੇਂ ਉਹ ਸੱਚਮੁਚ ਹੀ ਬਹੁਤ ਅਫ਼ਸੋਸ ਭਰਿਆ ਦਿਖਾਈ ਦਿੱਤਾ, ਉਸ ਨੇ ਬਿਲਕੁਲ ਚੁੱਪ ਚਾਪ ਕਿਹਾ :-

"ਮੈਂ ਕਹਿੰਦੀ ਹਾਂ ਕਿ ਕੱਲ੍ਹ ਤੁਸੀਂ ਇਸ ਸੰਬੰਧੀ ਕੁਝ ਸੋਚੋਗੇ। ਕੀ ਦਫ਼ਤਰ ਵਿੱਚ ਕੋਈ ਨਵੀਂ ਗੱਲ ਹੈ?

"ਹਾਂ, ਇਕ ਵੱਡੀ ਖ਼ਬਰ ਹੈ ਇਕ ਹੋਰ ਟਿਨਮੈਨ ਨੂੰ ਸੀਨੀਅਰ ਮੁੱਖ ਕਲਰਕ ਨਿਯੁਕਤ ਕੀਤਾ ਗਿਆ ਹੈ" ਉਹ ਗ਼ੁੱਸੇ ਹੋ ਗਈ।

"ਇਸ ਤਰ੍ਹਾਂ ਉਸ ਨੇ ਰਮਨ ਦੀ ਥਾਂ ਲੈ ਲਈ। ਇਹੀ ਆਸਾਮੀ ਸੀ ਜਿਹੜੀ ਮੈਂ ਤੁਹਾਡੇ ਲਈ ਚਾਹੁੰਦੀ ਸੀ। ਅਤੇ ਰਮਨ ਦਾ ਕੀ ਬਣਿਆ?"

"ਉਹ ਪੈਨਸ਼ਨ 'ਤੇ ਰਿਟਾਇਰ ਹੋ ਗਿਆ ਹੈ"

ਉਹ ਬੜੀ ਲੋਹੀ ਲਾਖੀ ਹੋ ਗਈ, ਉਸ ਦੀ ਟੋਪੀ ਖਿਸਕ ਕੇ ਮੋਢੇ ਤੱਕ ਆ ਗਈ ਸੀ, ਅਤੇ ਉਸ ਨੇ ਕਹਿਣਾ ਜਾਰੀ ਰੱਖਿਆ:-

"ਹੁਣ ਕੁਝ ਨਹੀਂ ਹੋ ਸਕਦਾ ਨਵੇਂ ਕਮਿਸ਼ਨਰ ਦਾ ਕੀ ਨਾਂ ਹੈ?"

"ਬੋਨਾਸਟ"

ਉਸ ਨੇ 'ਨੇਵਲ ਈਅਰ ਬੁੱਕ" ਚੁੱਕੀ ਜੋ ਉਹ ਹਮੇਸ਼ਾਂ ਆਪਣੇ ਪਾਸ ਰੱਖਿਆ ਕਰਦੀ ਸੀ ਅਤੇ ਉਸ ਵੱਲ ਵੇਖਿਆ।

''ਬੋਨਾਸਟ-ਟਾਉਲਨ, ਸੰਨ 1851 ਵਿੱਚ ਪੈਦਾ ਹੋਇਆ : ਸੰਨ 1871 ਵਿੱਚ ਵਿਦਿਆਰਥੀ ਕਮਿਸ਼ਨਰ, ਅਤੇ 1875 ਵਿੱਚ ਉਪ-ਕਮਿਸ਼ਨਰ, ਰਹੇ”

ਕੀ ਉਨ੍ਹਾਂ ਨੇ ਕੋਈ ਸਮੁੰਦਰੀ ਯਾਤਰਾ ਕੀਤੀ ਹੈ?" ਉਸ ਨੇ ਜਾਰੀ ਰੱਖਿਆ, ਅਤੇ ਇਸ ਸੁਆਲ ’ਤੇ ਕੈਰਾਵਾਨ ਦੀਆਂ ਨਜ਼ਰਾਂ ਸਾਫ਼ ਹੋ ਗਈਆਂ ਤੇ ਉਹ ਹੱਸ ਹੱਸ ਕੇ ਦੂਹਰਾ ਹੋਣ ਲੱਗਾ।

"ਬਿਲਕੁਲ ਬੈਲਿਨ ਵਾਂਗੂ,.......ਬਿਲਕੁਲ ਬੈਲਿਨ ਵਾਂਗ, ਉਸ ਦਾ ਮੁਖੀਆ” ਫਿਰ ਉਸ ਨੇ ਇਕ ਪੁਰਾਣਾ ਦਫ਼ਤਰੀ ਚੁਟਕਲਾ ਸੁਣਾਇਆ, ਅਤੇ ਬਹੁਤ ਜ਼ਿਆਦਾ ਹੱਸਿਆ।

"ਉਨ੍ਹਾਂ ਨੂੰ ਸਮੁੰਦਰ ਰਾਹੀ ਪੁਆਇੰਟ-ਡੂ ਜ਼ੋਰ ਦਾ ਮੁਆਇਨਾ ਕਰਨ ਲਈ ਵੀ ਭੇਜਿਆ ਨਹੀਂ ਜਾ ਸਕਦਾ ਸੀ, ਕਿਉਂਕਿ ਉਹ ਸੀਇਨ ਸਟੀਮ ਬੋਟ ’ਤੇ ਬਿਮਾਰ ਹੋ ਜਾਣਗੇ।”

ਪ੍ਰੰਤੂ ਉਹ ਇੰਝ ਖ਼ਾਮੋਸ਼ ਰਹੀ ਜਿਵੇਂ ਉਸ ਨੇ ਉਸ ਨੂੰ ਸੁਣਿਆ ਨਾ ਹੋਵੇ ਅਤੇ ਫਿਰ ਉਸ ਨੇ ਆਪਣੀ ਠੋਡੀ ਨੂੰ ਖੁਰਕਦੇ ਹੋਏ ਨੀਵੀਂ ਆਵਾਜ਼ ਵਿੱਚ ਕਿਹਾ।

"ਜੇ ਸਾਡਾ ਕੋਈ ਉਪ ਮੰਤਰੀ ਹੁੰਦਾ ਜਿਸ ’ਤੇ ਅਸੀਂ ਨਿਰਭਰ ਕਰ ਸਕਦੇ। ਜਦੋਂ ਸਦਨ ਹਰ ਗੱਲ ਸੁਣੇਗਾ ਜੋ ਐਡਮਾਇਰੈਲਟੀ ਵਿੱਚ ਚੱਲ ਰਹੀ ਹੈ ਤਾਂ ਮੰਤਰੀ ਨੂੰ ਕੱਢ ਦਿੱਤਾ ਜਾਏਗਾ।”

ਪੌੜੀਆਂ ਦੇ ਸ਼ੋਰ ਨੇ ਉਸ ਨੂੰ ਤੰਗ ਕਰ ਦਿੱਤਾ। ਮੇਰੀ ਲੂਈਸ ਅਤੇ ਫਿਲੀਪੀ-ਅਗਸਟੇ ਜੋ ਹੁਣੇ ਗ਼ਲੀ ਵਿੱਚੋਂ ਆਏ ਸਨ ਪੌੜੀਆਂ ਚੜ੍ਹਦੇ ਹੋਏ ਇਕ ਦੂਜੇ ਨੂੰ ਚਪੇੜਾਂ ਮਾਰ ਰਹੇ ਸਨ। ਉਨ੍ਹਾਂ ਦੀ ਮਾਂ ਉਨਾਂ ਵੱਲ ਗ਼ੁੱਸੇ ਨਾਲ ਦੌੜ ਕੇ ਆਈ ਹਰ ਇਕ ਨੂੰ ਬਾਂਹ ਤੋਂ ਪਕੜ ਕੇ ਜ਼ੋਰ ਨਾਲ ਹੁਝਕੇ ਮਾਰਦੀ ਹੋਈ ਕਮਰੇ ਵਿੱਚ ਲੈ ਆਈ, ਪ੍ਰੰਤੂ ਜਿਉਂ ਹੀ ਉਨ੍ਹਾਂ ਨੇ ਆਪਣੇ ਪਿਤਾ ਨੂੰ ਵੇਖਿਆ ਉਸ ਵੱਲ ਦੌੜ ਕੇ ਚਲੇ ਗਏ। ਉਸ ਨੇ ਉਨ੍ਹਾਂ ਨੂੰ ਪਿਆਰ ਨਾਲ ਚੁੰਮਿਆ ਅਤੇ ਦੋਹਾਂ ਨੂੰ ਆਪਣੇ ਗੋਡਿਆਂ ’ਤੇ ਬਿਠਾ ਕੇ ਉਨ੍ਹਾਂ ਨਾਲ ਗੱਲਾਂ ਕਰਨ ਲੱਗਾ।

ਫਿਲੀਪ ਅਗਸਟੇ ਬਦਸ਼ਕਲ, ਖਿੱਲਰੇ ਵਾਲ਼ਾਂ ਵਾਲਾ ਛੋਟਾ ਬੱਚਾ, ਸਿਰ ਤੋਂ ਪੈਰਾਂ ਤੱਕ ਗੰਦਾ, ਤੇ ਬੇਵਕੂਫ਼ਾਂ ਵਰਗਾ ਚਿਹਰਾ, ਅਤੇ ਮੇਰੀ ਲੂਈਸ ਪਹਿਲਾਂ

ਹੀ ਆਪਣੀ ਮਾਂ ਵਰਗੀ ਸੀ-ਉਹ ਉਸੇ ਦੇ ਕਹੇ ਹੋਏ ਸ਼ਬਦ ਦੁਹਰਾਉਂਦੀ, ਉਸ ਦੀਆਂ ਹਰਕਤਾਂ ਦੀ ਵੀ ਨਕਲ ਕਰਦੀ। ਉਹ ਵੀ ਉਸ ਨੂੰ ਪੁੱਛਦੀ ਕਿ ਦਫ਼ਤਰ ਵਿੱਚ ਕੋਈ ਨਵੀਂ ਘਟਨਾ ਵਾਪਰੀ ਹੈ ਅਤੇ ਉਸ ਨੇ ਖ਼ੁਸ਼ੀ ਨਾਲ ਉੱਤਰ ਦਿੱਤਾ :-

"ਤੇਰਾ ਦੋਸਤ ਰਮਨ ਜੋ ਹਰ ਐਤਵਾਰ ਇੱਥੇ ਆਉਂਦਾ ਹੈ ਤੋਂ ਸਾਡੇ ਨਾਲ ਖਾਣਾ ਖਾਂਦਾ ਹੈ ਉਹ ਸਾਡੇ ਤੋਂ ਦੂਰ ਜਾ ਰਿਹਾ ਹੈ ਉਸ ਦੀ ਥਾਂ ਹੁਣ ਨਵਾਂ ਸੀਨੀਅਰ ਹੈੱਡ ਕਲਰਕ ਹੈ।"

ਉਸ ਨੇ ਆਪਣੇ ਪਿਤਾ ਵੱਲ ਤੱਕਿਆ ਅਤੇ ਤਰਸਦਾਇਕ ਬੱਚੇ ਵਾਂਗ ਅੱਗੋਂ ਹੀ ਬੋਲ ਉੱਠੀ:-

"ਇਸ ਤਰ੍ਹਾਂ ਫਿਰ ਤੁਹਾਡੇ ਉੱਤੇ ਮੁਖੀਆ ਨੀਯਤ ਕੀਤਾ ਗਿਆ ਹੈ।"

ਉਹ ਹੱਸਣੋਂ ਰੁਕ ਗਿਆ ਅਤੇ ਉੱਤਰ ਨਾ ਦਿੱਤਾ। ਫਿਰ ਉਸ ਨੇ ਵਾਤਾਵਰਣ ਨੂੰ ਬਦਲਣ ਲਈ ਆਪਣੀ ਪਤਨੀ ਨੂੰ ਸੰਬੋਧਨ ਕੀਤਾ ਜੋ ਖਿੜਕੀਆਂ ਸਾਫ਼ ਕਰ ਰਹੀ ਸੀ :

"ਉੱਪਰ ਮਾਂ ਦਾ ਕੀ ਹਾਲ ਹੈ?

ਸ੍ਰੀਮਤੀ ਕੈਰਵਾਨ ਖਿੜਕੀ ਸਾਫ਼ ਕਰਨੀ ਛੱਡਦੀ ਹੋਈ, ਆਪਣੀ ਟੋਪੀ ਨੂੰ ਉੱਪਰ ਕਰਦੀ ਹੋਈ ਢਿਲਕ ਕੇ ਪਿੱਠ ਤੱਕ ਆ ਗਈ ਸੀ, ਕੰਬਦੇ ਹੋਠਾਂ ਨਾਲ ਬੋਲੀ:-ਆਹ ਹਾ, ਜ਼ਰਾ।

ਆਪਣੀ ਮਾਂ ਦੀ ਗੱਲ ਸੁਣੋ। ਕਿਉਂਕਿ ਉਸ ਨੇ ਸੋਹਣਾ ਤਮਾਸ਼ਾ ਦਿਖਾਇਆ ਹੈ। ਥੋੜ੍ਹਾ ਜਿਹਾ ਸੋਚੋ ਕਿ ਹੁਣੇ ਹੁਣੇ ਸ੍ਰੀਮਤੀ ਲੇਬੈਦੀਨ, ਨਾਈ ਦੀ ਪਤਨੀ ਮੇਰੇ ਕੋਲ ਉੱਪਰ ਆਟੇ ਦਾ ਇਕ ਪੈਕਟ ਉਧਾਰ ਲੈਣ ਲਈ ਆਈ, ਅਤੇ ਜਿਵੇਂ ਮੈਂ ਘਰ ਨਹੀਂ ਸਾਂ, ਤੁਹਾਡੀ ਮਾਂ ਨੇ ਉਸ ਨੂੰ ਇਕ ਮੰਗਤੀ ਕਿਹਾ, ਤੇ ਉਸ ਨੂੰ ਬਾਹਰ ਕੱਢ ਦਿੱਤਾ, ਪ੍ਰੰਤੂ ਮੈਂ ਉਸ ਬੁੱਢੀ ਔਰਤ ਨੂੰ ਦੇ ਦਿੱਤਾ। ਉਸ ਨੇ ਨਾ ਸੁਣਨ ਦਾ ਬਹਾਨਾ ਕੀਤਾ, ਜਿਵੇਂ ਕਿ ਉਹ ਪਹਿਲਾਂ ਹਮੇਸ਼ਾ ਕਰਦੀ ਹੈ ਜਦੋਂ ਕੋਈ ਉਸ ਨੂੰ ਕੌੜੀ ਸੱਚਾਈ ਦੱਸਦਾ ਹੈ, ਪ੍ਰੰਤੂ ਜਿਵੇਂ ਤੁਸੀਂ ਜਾਣਦੇ ਹੋ ਉਹ ਮੇਰੇ ਨਾਲੋਂ ਵਧੇਰੇ ਬੋਲ਼ੀ ਨਹੀਂ

ਹੈ। ਇਹ ਸਾਰਾ ਪਾਖੰਡ ਹੈ, ਇਸ ਦਾ ਸਬੂਤ ਇਹ ਹੈ ਕਿ ਉਹ ਜਲਦੀ ਹੀ ਬਿਨਾਂ ਕੁਛ ਕਹੇ ਉੱਪਰ ਆਪਣੇ ਕਮਰੇ ਵਿੱਚ ਚਲੀ ਗਈ।

ਕੈਰਵਾਨ ਨੇ ਕੁਝ ਨਾ ਕਿਹਾ ਅਤੇ ਉਸੇ ਵਕਤ ਛੋਟਾ ਨੌਕਰ ਸ਼ਾਮ ਦੇ ਖਾਣੇ ਵਾਸਤੇ ਕਹਿਣ ਲਈ ਆਇਆ। ਉਸ ਨੇ ਆਪਣੀ ਮਾਂ ਨੂੰ ਦੱਸਣ ਲਈ ਇਕ ਬਹੁਕਰ ਦਾ ਹੈਂਡਲ ਪਕੜਿਆ ਜੋ ਹਮੇਸ਼ਾ ਇਕ ਨੁੱਕਰੇ ਪਿਆ ਹੁੰਦਾ ਸੀ ਅਤੇ ਤਿੰਨ ਵਾਰ ਛੱਤ ਨਾਲ ਖੜਕਾਇਆ ਅਤੇ ਫਿਰ ਉਹ ਖਾਣੇ ਦੇ ਕਮਰੇ ਵਿੱਚ ਚਲੇ ਗਏ ਗਏ। ਸ੍ਰੀਮਤੀ ਛੋਟੀ ਕੈਰਵਾਨ ਨੇ ਸੂਪ ਵਰਤਾਇਆ ਅਤੇ ਬੁੱਢੀ ਔਰਤ ਦੀ ਉਡੀਕ ਕੀਤੀ। ਉਹ ਨਾ ਆਈ ਤੇ ਸੂਪ ਠੰਢਾ ਹੋ ਰਿਹਾ ਸੀ, ਇਸ ਕਰਕੇ ਉਨ੍ਹਾਂ ਹੌਲੀ ਹੌਲੀ ਖਾਣਾ ਸ਼ੁਰੂ ਕੀਤਾ, ਜਦੋਂ ਉਨ੍ਹਾਂ ਦੀਆਂ ਪਲੇਟਾਂ ਖ਼ਾਲੀ ਹੋ ਗਈਆਂ ਤਾਂ ਉਨ੍ਹਾਂ ਨੇ ਫਿਰ ਉਡੀਕ ਕੀਤੀ। ਫਿਰ ਸ੍ਰੀਮਤੀ ਕੈਰਵਾਨ ਜੋ ਗ਼ੁੱਸੇ ਵਿੱਚ ਸੀ ਆਪਣੇ ਪਤੀ ਨਾਲ ਝਗੜੀ:

ਉਸ ਨੇ ਇਹ ਜਾਣ ਬੁਝ ਕੇ ਕੀਤਾ ਹੈ, ਤੁਸੀਂ ਜਾਣਦੇ ਹੋ ਪਰ ਤੁਸੀਂ ਹਮੇਸ਼ਾ ਉਸ ਦਾ ਪੱਖ ਪੂਰਦੇ ਹੋ।"

ਦੋਹਾਂ ਵਿਚਕਾਰ ਇਸ ਵੱਡੀ ਉਲਝਣ ਵਿੱਚ ਹੀ ਉਸ ਨੇ ਮੇਰੀ ਲੂਈਸ ਨੂੰ ਆਪਣੀ ਦਾਦੀ ਨੂੰ ਲਿਆਉਣ ਲਈ ਉੱਤੇ ਭੇਜਿਆ, ਤੇ ਆਪ ਚੁੱਪ ਚਾਪ ਅੱਖਾਂ ਹੇਠਾਂ ਕਰਕੇ ਬੈਠ ਗਿਆ, ਜਦੋਂ ਉਸ ਦੀ ਪਤਨੀ ਨੇ ਗ਼ੁੱਸੇ ਵਿੱਚ ਚਾਕੂ ਗਿਲਾਸ ਨਾਲ ਖੜਕਾਇਆ, ਇਕ ਮਿੰਟ ਵਿੱਚ ਹੀ ਅਚਾਨਕ ਦਰਵਾਜ਼ਾ ਖੁੱਲ੍ਹਿਆ, ਤੇ ਬੱਚਾ ਦੁਬਾਰਾ ਅੰਦਰ ਆਇਆ ਉਸ ਨੂੰ ਸਾਹ ਚੜ੍ਹਿਆ ਹੋਇਆ ਤੇ ਮੂੰਹ ਫਿੱਕਾ ਪਿਆ ਹੋਇਆ ਸੀ। ਉਸ ਨੇ ਇਕ ਦਮ ਕਿਹਾ :-

"ਦਾਦੀ ਹੇਠਾਂ ਜ਼ਮੀਨ 'ਤੇ ਡਿੱਗੀ ਪਈ ਹੈ।"

ਕੈਰਾਵਾਨ ਉੱਠਿਆ, ਆਪਣੇ ਖਾਣੇ ਵਾਲਾ ਤੋਲੀਆਂ ਹੇਠਾਂ ਸੁੱਟਿਆ, ਤੇ ਉੱਪਰ ਭੱਜਿਆ, ਪਰ ਉਸ ਦੀ ਪਤਨੀ ਨੇ ਆਪਣੀ ਸੱਸ ਦਾ ਇਹ ਇਕ ਪਾਖੰਡ ਸਮਝਿਆ, ਤੇ ਉਹ ਆਪਣੇ ਮੋਢਿਆਂ ਨੂੰ ਹਿਲਾਉਂਦੀ ਹੋਈ ਇੰਝ ਉੱਪਰ ਗਈ ਜਿਵੇਂ ਇਸ ਵਿੱਚ ਆਪਣਾ ਸ਼ੱਕ ਸਮਝ ਰਹੀ ਹੋਵੇ। ਜਦੋਂ ਉੱਪਰ ਪਹੁੰਚੇ ਤਾਂ ਦੇਖਿਆ ਕਿ

ਬੁੱਢੀ ਔਰਤ ਕਮਰੇ ਵਿਚਕਾਰ ਲੇਟੀ ਪਈ ਸੀ, ਅਤੇ ਜਦੋਂ ਉਨ੍ਹਾਂ ਨੇ ਉਸ ਨੂੰ ਉਠਾਇਆ ਤਾਂ ਦੇਖਿਆ ਕਿ ਉਹ ਬਿਲਕੁਲ ਬੇਹੋਸ਼ ਤੇ ਸੁੰਨ-ਮੁੰਨ ਹੋਈ ਸੀ। ਉਸ ਦਾ ਸਰੀਰ ਪਹਿਲਾਂ ਨਾਲੋਂ ਪੀਲਾਨੀ ਤੇ ਝੁਰੜੀਆਂ ਪੈ ਗਈਆਂ ਸਨ, ਅੱਖਾਂ ਬੰਦ ਸਨ, ਦੰਦ ਜੁੜੇ ਹੋਏ ਅਤੇ ਪਤਲਾ ਸਰੀਰ ਆਕੜਿਆ ਪਿਆ ਸੀ।

ਕੈਰਾਵਾਨ ਉਸ ਕੋਲ ਗੋਡਿਆਂ ਭਾਰ ਬੈਠਾ ਵਿਰਲਾਪ ਕਰਨ ਲੱਗਾ? ਮੇਰੀ ਵਿਚਾਰੀ ਮਾਂ "ਉਸ ਨੇ ਕਿਹਾ। ਪ੍ਰੰਤੂ ਸ੍ਰੀਮਤੀ ਕੈਰਾਵਾਨ ਨੇ ਕਿਹਾ :-

ਉਸ ਨੂੰ ਹੁਣ ਫਿਰ ਦੌਰਾ ਪਿਆ ਹੈ, ਇਹੀ ਗੱਲ ਹੈ ਕਿ ਉਸ ਨੇ ਸਾਡੇ ਆਰਾਮ ਨਾਲ ਖਾਣਾ ਖਾਣ ਵਿੱਚ ਵਿਘਨ ਪਾਉਣ ਲਈ ਇਹ ਕੀਤਾ ਹੈ, ਤੁਹਾਨੂੰ ਇਸ ਬਾਰੇ ਯਕੀਨ ਕਰ ਲੈਣਾ ਚਾਹੀਦਾ ਹੈ।'"

ਉਨ੍ਹਾਂ ਨੇ ਉਸ ਨੂੰ ਬਿਸਤਰ ’ਤੇ ਲਿਟਾਇਆ, ਅਤੇ ਸਾਰੇ ਕੱਪੜੇ ਉਤਾਰ ਦਿੱਤੇ, ਅਤੇ ਕੇਰਾਵਾਨ, ਉਸ ਦੀ ਪਤਨੀ ਤੇ ਨੌਕਰ ਨੇ ਉਸ ਨੂੰ ਮਲ਼ਣਾ ਸ਼ੁਰੂ ਕੀਤਾ, ਪ੍ਰੰਤੂ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਸ ਨੂੰ ਹੋਸ਼ ਨਾ ਆਈ, ਇਸ ਲਈ ਉਨ੍ਹਾਂ ਨੇ ਆਪਣੀ ਨੌਕਰ ਰੋਜ਼ਲੀ ਨੂੰ ਚੈਨਟ ਡਾਕਟਰ ਨੂੰ ਬੁਲਾਉਣ ਲਈ ਭੇਜਿਆ' ਉਹ ਕਾਫੀ ਦੂਰ ਸਰੇਸਨਸ ਨੂੰ ਜਾਂਦੇ ਪੱਤਣ ’ਤੇ ਰਹਿੰਦਾ ਸੀ ਅਤੇ ਇਸ ਲਈ ਉਸ ਦੇ ਆਉਣ ਵਿੱਚ ਕਾਫੀ ਦੇਰ ਸੀ। ਆਖ਼ਿਰ ਜਿਵੇਂ ਹੋਇਆ ਉਹ ਆਇਆ ਅਤੇ ਬੁੱਢੀ ਔਰਤ ਨੂੰ ਦੇਖਣ ਤੋਂ ਮਗਰੋਂ ਉਸ ਦੀ ਨਬਜ਼ ਵੇਖ ਕੇ ਕਿਹਾ "ਸਭ ਕੁਝ ਖ਼ਤਮ ਹੈ।”

ਕੈਰਾਵਾਨ ਜ਼ੋਰ ਜ਼ੋਰ ਨਾਲ ਸਿਸਕੀਆਂ ਲੈਂਦਾ ਹੋਇਆ ਉਸ ਦੇ ਸਰੀਰ ’ਤੇ ਡਿੱਗ ਪਿਆ। ਉਸ ਨੇ ਆਪਣੀ ਮਾਂ ਦੇ ਆਕੜੇ ਹੋਏ ਚਿਹਰੇ ਨੂੰ ਚੁੰਮਿਆ ਅਤੇ ਇਨ੍ਹਾਂ ਰੋਇਆ ਕਿ ਵੱਡੇ ਵੱਡੇ ਅੱਥਰੂ ਪਾਣੀ ਦੇ ਕਤਰਿਆਂ ਵਾਂਗ ਲਾਸ਼ ਦੇ ਚਿਹਰੇ ਉੱਤੇ ਗਿਰੇ।

ਸੁਭਾਵਿਕ ਹੀ ਛੋਟੀ ਸ੍ਰੀਮਤੀ ਕੈਰਾਵਾਨ ਨੇ ਵਿਖਾਵੇ ਦਾ ਸ਼ੋਕ ਪ੍ਰਗਟ ਕੀਤਾ ਹੌਲੀ ਵੈਣ ਪਾਏ ਤੇ ਆਪਣੇ ਪਤੀ ਦੇ ਪਿੱਛੇ ਖੜੀ ਹੋ ਕੇ ਹੌਲੀ ਹੌਲੀ ਸਿਸਕੀਆਂ ਭਰੀਆਂ ਅਤੇ ਜ਼ੋਰ ਨਾਲ ਆਪਣੀਆਂ ਅੱਖਾਂ ਮਲ਼ੀਆਂ।

ਪ੍ਰੰਤੂ ਅਚਾਨਕ ਹੀ ਕੈਰਾਵਾਨ ਖੜ੍ਹਾ ਹੋਇਆ ਉਸ ਦੇ ਬਾਰੀਕ ਵਾਲ਼ ਉਲਝੇ ਹੋਏ ਸਨ ਤੇ ਦੁੱਖ ਵਿੱਚ ਬੜੀ ਅਜੀਬ ਹਾਲਤ ਲੱਗ ਰਹੀ ਸੀ।

ਪਰ ਕੀ ਤੁਹਾਨੂੰ ਯਕੀਨ ਹੈ ਡਾਕਟਰ? ਕੀ ਤੁਹਾਨੂੰ ਬਿਲਕੁਲ ਯਕੀਨ ਹੈ?"

ਡਾਕਟਰ ਸਰੀਰ 'ਤੇ ਝੁਕਿਆ ਤੇ ਆਪਣੀ ਪੇਸ਼ਾਵਰ ਨਿਪੁੰਨਤਾ ਨਾਲ ਫੜ ਕੇ ਦਿਖਾਉਂਦੇ ਹੋਏ, ਜਿਵੇਂ ਇਕ ਦੁਕਾਨਦਾਰ ਆਪਣੀਆਂ ਚੀਜ਼ਾਂ ਦਿਖਾਉਂਦਾ ਹੈ ਕਿਹਾ, "ਵੇਖੋ, ਮੇਰੇ ਪਿਆਰੇ ਦੋਸਤ, ਦੇਖੋ ਇਸ ਦੀਆਂ ਅੱਖਾਂ ਵੱਲ ਦੇਖੋ।"

ਉਸ ਨੇ ਪਲਕਾਂ ਉੱਪਰ ਉਠਾਈਆਂ ਤੇ ਬੁੱਢੀ ਔਰਤ ਦੀਆਂ ਨਜ਼ਰਾਂ ਉਸ ਦੀ ਉਂਗਲੀ ਹੇਠਾਂ ਫਿਰ ਚਮਕ ਪਈਆਂ, ਤੇ ਅੱਖਾਂ ਦੀਆਂ ਤਲੀਆਂ ਜ਼ਰਾ ਵੱਡੀਆਂ ਸਨ ਅਤੇ ਕੈਰਾਵਾਨ ਨੂੰ ਇਸ ਦ੍ਰਿਸ਼ ਤੋਂ ਇਕ ਵੱਡਾ ਝਟਕਾ ਲੱਗਾ। ਫਿਰ ਮੌਨਸ਼ੀਅਰ ਚੈਨਟ ਨੇ ਉਸ ਦੀ ਪਤਲੀ ਬਾਂਹ ਪਕੜੀ ਉਂਗਲੀਆਂ ਨੂੰ ਜ਼ੋਰ ਨਾਲ ਖੋਲ੍ਹਿਆ ਅਤੇ ਗ਼ੁੱਸੇ ਵਿੱਚ ਕਿਹਾ, ਜਿਵੇਂ ਉਸ ਦੀ ਗੱਲ ਕੱਟੀ ਗਈ ਸੀ।

ਜ਼ਰਾ ਇਸ ਦੇ ਹੱਥ ਵੱਲ ਵੇਖੋ, ਮੈਂ ਕਦੇ ਗ਼ਲਤ ਨਹੀਂ ਕਹਿੰਦਾ?, ਤੁਹਾਨੂੰ ਯਕੀਨ ਹੋ ਜਾਣਾ ਚਾਹੀਦਾ ਹੈ।"

ਕੈਰਾਵਾਨ ਬਿਸਤਰੇ ਤੋਂ ਡਿੱਗ ਪਿਆ ਤੇ ਜ਼ੋਰ ਨਾਲ ਚੀਕ ਰਿਹਾ ਸੀ ਜਦੋਂ ਉਸ ਦੀ ਪਤਨੀ ਹਾਲੇ ਵੀ ਉਸ ਸਮੇਂ ਡੁਸਕ ਰਹੀ ਸੀ।

ਉਹ ਮੇਜ਼ ਲਿਆਈ ਜਿਸ 'ਤੇ ਮੇਜ਼-ਪੋਸ਼ ਮੋਮਬੱਤੀਆਂ ਲਾਈਆਂ ਤੇ ਜਗਾ ਦਿੱਤੀਆਂ, ਫਿਰ ਵਿਛਾਇਆ। ਫਿਰ ਇਕ (ਬਾਕਸ) ਖ਼ਾਸ ਕਿਸਮ ਦੀ ਝਾੜੀ ਦੀ ਟਾਹਣੀ ਜਿਹੜੀ ਚਿਮਨੀ ਦੇ ਸ਼ੀਸ਼ੇ ਉੱਤੇ ਲਟਕ ਰਹੀ ਸੀ, ਮੋਮਬਤੀਆਂ ਵਿਚਕਾਰ ਉਸ ਪਲੇਟ ਵਿੱਚ ਰੱਖੀ ਜਿਹੜੀ ਉਸ ਨੇ ਪਵਿੱਤਰ ਪਾਣੀ ਨਾ ਹੋਣ ਕਰਕੇ ਸਾਫ਼ ਪਾਣੀ ਨਾਲ ਭਰ ਦਿੱਤੀ ਸੀ। ਛੇਤੀ ਹੀ ਸੋਚ ਕੇ ਉਸ ਨੇ ਇਕ ਚੁਟਕੀ ਲੂਣ ਦੀ ਪਾਣੀ ਵਿੱਚ ਪਾਈ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੰਝ ਉਹ ਪਵਿੱਤਰ-ਕਰਨ ਦੇ ਖ਼ਿਆਲ ਨਾਲ ਕਰ ਰਹੀ ਸੀ। ਜਦੋਂ ਉਸ ਨੇ ਇਹ ਕਰ ਲਿਆ ਉਹ ਚੁੱਪ ਚਾਪ ਖੜੀ ਰਹੀ ਤੇ ਡਾਕਟਰ ਨੇ ਉਸ ਨਾਲ ਕੁਝ ਘੁਸਰ-ਮੁਸਰ ਕੀਤੀ:-

“ਸਾਨੂੰ ਕੈਰਾਵਾਨ ਨੂੰ ਦੂਰ ਲੈ ਜਾਣਾ ਚਾਹੀਦਾ ਹੈ।"

ਉਸ ਨੇ ਸਿਰ ਹਿਲਾ ਕੇ ਹਾਮੀ ਭਰੀ, ਆਪਣੇ ਪਤੀ ਕੋਲ ਉੱਪਰ ਜਾ ਕੇ ਜਿਹੜਾ ਹਾਲੇ ਵੀ ਗੋਡਿਆ ਪਰਨੇ ਬੈਠਾ ਝੁਕਿਆ ਹੋਇਆ ਸਿਸਕੀਆਂ ਲੈ ਰਿਹਾ ਸੀ, ਉਸ ਨੇ ਉਸ ਨੂੰ ਇਕ ਬਾਂਹ ਤੋਂ ਪਕੜ ਕੇ ਅਤੇ ਚੈਨਟ ਨੇ ਉਸ ਨੂੰ ਦੂਜੀ ਬਾਂਹ ਤੋਂ ਪਕੜ ਕੇ ਖੜ੍ਹਾ ਕੀਤਾ।

ਉਨ੍ਹਾਂ ਨੇ ਉਸ ਨੂੰ ਕੁਰਸੀ ’ਤੇ ਬਿਠਾ ਦਿੱਤਾ, ਉਸ ਦੀ ਪਤਨੀ ਨੇ ਉਸ ਦਾ ਮੱਥਾ ਚੁੰਮਿਆ ਤੇ ਉਸ ਨੂੰ ਕਹਿਣਾ ਸ਼ੁਰੂ ਕੀਤਾ। ਚੈਨਲ ਨੇ ਉਸ ਦੇ ਸ਼ਬਦਾਂ ’ਤੇ ਜ਼ੋਰ ਦਿੱਤਾ ਤੇ ਜ਼ਬਰਦਸਤ ਮੁਸੀਬਤਾਂ ਲਈ ਜੋ ਚਾਹੀਦਾ ਹੈ ਜਿਵੇਂ, ਦ੍ਰਿੜ੍ਹਤਾ, ਹੌਂਸਲਾ ਤੇ ਸਹਿਣਸ਼ੀਲਤਾ ਦਾ ਉਪਦੇਸ਼ ਦਿੱਤਾ-ਅਤੇ ਫਿਰ ਉਨ੍ਹਾਂ ਦੋਹਾਂ ਨੇ ਦੁਬਾਰਾ ਉਸ ਨੂੰ ਬਾਂਹਾਂ ਤੋਂ ਪਕੜਿਆ ਤੇ ਬਾਹਰ ਲਿਆਂਦਾ।

ਉਹ ਇਕ ਵੱਡੇ ਬੱਚੇ ਵਾਂਗ ਰੁਕ ਰੁਕ ਕੇ ਹਟਕੋਰੇ ਲੈ ਕੇ ਰੋ ਰਿਹਾ ਸੀ, ਉਸ ਦੀਆਂ ਬਾਂਹਾਂ ਹੇਠਾਂ ਲਟਕ ਰਹੀਆਂ ਸਨ ਤੇ ਲੱਤਾਂ ਲੜਖੜਾ ਰਹੀਆਂ ਸਨ, ਉਹ ਬਿਨਾ ਜਾਣੇ ਕਿ ਉਹ ਕੀ ਕਰ ਰਿਹਾ ਸੀ, ਹੇਠਾਂ ਗਿਆ ਤੇ ਉਸ ਦੀਆਂ ਲੱਤਾਂ ਮਸ਼ੀਨ ਵਾਂਗ ਘੁੰਮ ਗਈਆਂ। ਉਨ੍ਹਾਂ ਨੇ ਉਸ ਨੂੰ ਉਸ ਕੁਰਸੀ ’ਤੇ ਬਿਠਾਇਆ ਜਿੱਥੇ ਉਹ ਖਾਣੇ ਸਮੇਂ ਹਮੇਸ਼ਾ ਬੈਠਦਾ ਹੁੰਦਾ ਸੀ, ਉਸ ਦੇ ਸਾਹਮਣੇ ਸੂਪ ਦੀ ਖ਼ਾਲੀ ਪਲੇਟ ਪਈ ਸੀ। ਅਤੇ ਉਹ ਬਿਨਾਂ ਹਿੱਲੇ ਉੱਥੇ ਬੈਠਿਆ ਸੀ, ਉਸ ਦੀਆਂ ਅੱਖਾਂ ਗਲਾਸ ਵੱਲ ਸਨ ਤੇ ਦੁੱਖ ਨਾਲ ਹੋਸ਼ ਇੰਨੇ ਗੁੰਮੇ ਹੋਏ ਸਨ ਕਿ ਉਹ ਸੋਚ ਵੀ ਨਹੀਂ ਸਕਦਾ ਸੀ।

ਇਕ ਨੁੱਕਰ ਵਿੱਚ ਸ੍ਰੀਮਤੀ ਕੈਰਾਵਾਨ ਡਾਕਟਰ ਨਾਲ ਗੱਲਾਂ ਕਰ ਰਹੀ ਸੀ ਤੇ ਪੁੱਛ ਰਹੀ ਸੀ ਕਿਹੜੀਆਂ ਰਸਮਾਂ ਜ਼ਰੂਰੀ ਹਨ, ਕਿਉਂਕਿ ਉਹ ਸਾਰੀ ਜ਼ਰੂਰੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੀ ਸੀ। ਅੰਤ ਵਿੱਚ, ਮੌਨਸ਼ੀਅਰ ਚੈਨਟ ਜਿਹੜਾ ਕਿਸੇ ਚੀਜ਼ ਦੀ ਉਡੀਕ ਕਰ ਰਿਹਾ ਸੀ, ਆਪਣੀ ਟੋਪੀ ਚੁੱਕੀ ਤੇ ਇਹ ਕਹਿੰਦੇ ਹੋਏ ਜਾਣ ਲਈ ਤਿਆਰ ਹੋਇਆ ਕਿ ਉਸ ਨੇ ਹਾਲੇ ਤੱਕ ਖਾਣਾ ਨਹੀਂ ਖਾਧਾ ਸੀ, ਜਿਸ ’ਤੇ ਉਸ ਨੇ ਅਫ਼ਸੋਸ ਨਾਲ ਕਿਹਾ

"ਕੀ ਤੁਸੀਂ ਖਾਣਾ ਨਹੀਂ ਖਾਧਾ? ਪ੍ਰੰਤੂ ਡਾਕਟਰ, ਇੱਥੇ ਠਹਿਰੋ, ਜਾਓ ਨਾ। ਤੁਹਾਨੂੰ ਉਹ ਕੁਝ ਹੀ ਲੈਣਾ ਪਏਗਾ ਜੋ ਅਸੀਂ ਤੁਹਾਨੂੰ ਦੇ ਸਕਦੇ ਹਾਂ, ਇਸ ਲਈ ਸ਼ਾਇਦ ਤੁਸੀਂ ਸਮਝ ਗਏ ਹੋਵੋਗਾ ਕਿ ਅਸੀਂ ਬਹੁਤ ਵਧੀਆ ਨਹੀਂ ਖਾਂਦੇ," ਪਰ ਉਸ ਨੇ ਬਹਾਨੇ ਲਾਏ ਤੇ ਮਾਫ਼ੀ ਮੰਗੀ, ਪ੍ਰੰਤੂ ਉਸ ਨੇ ਜ਼ਿੱਦ ਕੀਤੀ ਤੇ ਕਿਹਾ :-

"ਤੁਹਾਨੂੰ ਸੱਚਮੁਚ ਠਹਿਰਨਾ ਚਾਹੀਦਾ ਹੈ, ਅਜਿਹੇ ਮੌਕਿਆਂ 'ਤੇ ਲੋਕੀਂ ਆਪਣੇ ਦੋਸਤਾਂ ਨੂੰ ਕੋਲ ਰੱਖਦੇ ਹਨ, ਤੇ ਇਸ ਤੋਂ ਇਲਾਵਾ ਸ਼ਾਇਦ ਤੁਸੀਂ ਮੇਰੇ ਪਤੀ ਨੂੰ ਕੁਝ ਚੰਗੀ ਖ਼ੁਰਾਕ ਲੈਣ ਲਈ ਵੀ ਪ੍ਰੇਰਿਤ ਕਰੋਗੇ ਕਿਉਂਕਿ ਉਨ੍ਹਾਂ ਨੂੰ ਆਪਣੀ ਸਿਹਤ ਠੀਕ ਰੱਖਣੀ ਚਾਹੀਦੀ ਹੈ।" ਡਾਕਟਰ ਰਜ਼ਾਮੰਦ ਹੋਇਆ ਤੇ ਆਪਣੀ ਟੋਪੀ ਹੇਠਾਂ ਰੱਖਦੇ ਹੋਏ ਕਿਹਾ, "ਇਸ ਕਰਕੇ ਮੈਂ ਤੁਹਾਡੀ ਗੱਲ ਪ੍ਰਵਾਨ ਕਰਦਾ ਹਾਂ, ਸ੍ਰੀਮਤੀ ਜੀ।" ਉਸ ਨੇ ਰੋਜ਼ਲੀ ਨੂੰ ਕੁਝ ਹੁਕਮ ਦਿੱਤੇ ਜੋ ਆਪਣੀ ਹੋਸ਼ ਖੋ ਬੈਠੀ ਸੀ, ਅਤੇ ਬੈਠ ਗਈ, ਜਿਵੇਂ ਉਸ ਨੇ ਕਿਹਾ ਸੀ, "ਡਾਕਟਰ ਦਾ ਸਾਥ ਦੇਣ ਲਈ,"

ਸੂਪ ਦੋਬਾਰਾ ਲਿਆਂਦਾ ਗਿਆ, ਮੌਨਸ਼ੀਅਰ ਨੇ ਦੋ ਵਾਰੀ ਲਿਆ। ਫਿਰ ਇਕ ਅਜਿਹੀ ਘਟੀਆ ਜਿਹੀ ਵਸਤੂ, ਆਈ ਜਿਸ ਵਿੱਚੋਂ ਪਿਆਜ਼ਾਂ ਦੀ ਬੋਅ ਆ ਰਹੀ ਸੀ, ਤੇ ਜਿਸ ਦਾ ਸ੍ਰੀਮਤੀ ਕੈਰਾਵਾਨ ਨੇ ਸੁਆਦ ਚੱਖਣ ਦਾ ਮਨ ਬਣਾਇਆ।

"ਇਹ ਖ਼ੂਬ ਹੈ," ਡਾਕਟਰ ਨੇ ਕਿਹਾ ਜਿਸ ਤੇ ਉਹ ਮੁਸਕਰਾਈ ਅਤੇ ਆਪਣੇ ਪਤੀ ਵੱਲ ਮੁੜਦੇ ਹੋਏ ਉਸ ਨੂੰ ਕਿਹਾ :-

"ਥੋੜ੍ਹਾ ਜਿਹਾ ਲਓ, ਮੇਰੇ ਪਿਆਰੇ ਐਲਫਰੈਡ, ਸਿਰਫ਼ ਆਪਣੇ ਪੇਟ ਵਿੱਚ ਕੁਝ ਨਾ ਕੁਝ ਪਾਉਣ ਲਈ। ਯਾਦ ਹੈ ਕਿ ਤੁਸੀਂ ਉਸ ਦੀ ਦੇਖ ਭਾਲ਼ ਲਈ ਹੀ ਰਾਤ ਗੁਜ਼ਾਰਨੀ ਹੈ।"

ਉਸ ਨੇ ਆਗਿਆਕਾਰ ਬਣਦੇ ਹੋਏ ਪਲੇਟ ਫੜੀ ਜਿਵੇਂ ਉਹ ਉਸ ਦੀ ਆਗਿਆ ਅਨੁਸਾਰ ਜਦੋਂ ਉਹ ਜਾਣ ਲਈ ਕਹਿੰਦੀ ਬਿਸਤਰ 'ਤੇ ਜਾਂਦਾ ਤੇ ਉਸ

ਦੀ ਹਰ ਗੱਲ ਬਿਨਾਂ ਕਿਸੇ ਵਿਰੋਧ ਤੇ ਬਿਨਾਂ ਕਿਸੇ ਨੁਕਤਾਚੀਨੀ ਦੇ ਮੰਨਦਾ; ਇਸੇ ਤਰ੍ਹਾਂ ਖਾਣ ਲੱਗਾ। ਡਾਕਟਰ ਨੇ ਤਿੰਨ ਵਾਰੀ ਆਪਣੀ ਸਹਾਇਤਾ ਆਪ ਹੀ ਕੀਤੀ ਜਦੋਂਕਿ ਸ੍ਰੀਮਤੀ ਕੈਰਾਵਾਨ ਸਮੇਂ ਸਮੇਂ 'ਤੇ ਆਪਣੇ ਕਾਂਟੇ ਦੇ ਸਿਰੇ ਨਾਲ ਇਕ ਵੱਡਾ ਟੁਕੜਾ ਚੁੱਕਦੀ ਤੇ ਬੇਧਿਆਨੀ ਜਿਹੀ ਨਾਲ ਨਿਗਲ ਲੈਂਦੀ।

ਜਦੋਂ ਮੈਕਰੋਨੀ ਨਾਲ ਭਰਿਆ ਹੋਇਆ ਸਲਾਦ ਵਾਲਾ ਕਟੋਰਾ ਲਿਆਂਦਾ ਗਿਆ ਤਾਂ ਡਾਕਟਰ ਨੇ ਕਿਹਾ:-

"ਸੌਂਹ ਰੱਬ ਦੀ। ਮੈਨੂੰ ਇਸ ਦਾ ਬੜਾ ਸ਼ੌਕ ਹੈ", ਅਤੇ ਇਸ ਸਮੇਂ ਸ੍ਰੀਮਤੀ ਕੈਰਾਵਾਨ ਨੇ ਹਰ ਇਕ ਨੂੰ ਵਰਤਾਇਆ। ਉਸ ਨੇ ਬੱਚਿਆਂ ਦੀਆਂ ਪਲੇਟਾਂ ਵੀ ਭਰ ਦਿੱਤੀਆਂ ਜੋ ਉਨ੍ਹਾਂ ਚੱਟ ਕੇ ਬਿਲਕੁਲ ਖ਼ਾਲੀ ਕਰ ਦਿੱਤੀਆਂ ਸਨ, ਅਤੇ ਜੋ ਆਪਹੁਦਰੇ ਹੋਣ ਕਾਰਨ ਸ਼ਰਾਬ ਪਾਣੀ ਤੋਂ ਬਿਨਾਂ ਹੀ ਪੀ ਰਹੇ ਤੇ ਮੇਜ਼ ਦੇ ਹੇਠ ਇਕ ਦੂਜੇ ਨੂੰ ਠੁੱਡੇ ਮਾਰ ਰਹੇ ਸਨ।

ਚੈਨੇਟ ਨੂੰ ਯਾਦ ਸੀ ਕਿ ਰੌਸ਼ਨੀ ਇਟਲੀ ਦੇ ਇਕ ਗੀਤਕਾਰ ਖਾਣੇ ਦਾ ਬਹੁਤ ਸ਼ੌਕੀਨ ਸੀ, ਉਹ ਇਕ ਦਮ ਬੋਲ ਉੱਠਿਆ :-

"ਕਿਉਂ ਇਹ ਤੁਕਬੰਦੀ, ਅਤੇ ਕੁਝ ਲਾਈਨਾਂ

ਇੰਝ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ।

"ਇਕ ਗੀਤਕਾਰ ਰੋਸ਼ੀਨੀ

ਪਸੰਦ ਕਰਦਾ ਸੀ ਮੈਕਰੋਨੀ।"

ਕਿਸੇ ਨੇ ਉਸ ਨੂੰ ਨਾ ਸੁਣਿਆ ! ਸ੍ਰੀਮਤੀ ਕੈਰਾਵਾਨ ਜੋ ਅਚਾਨਕ ਬਹੁਤ ਵਿਚਾਰਸ਼ੀਲ ਬਣ ਗਈ ਸੀ, ਇਸ ਘਟਨਾ ਦੇ ਸੰਭਾਵੀ ਸਿੱਟਿਆਂ ਸੰਬੰਧੀ ਸੋਚ ਰਹੀ ਸੀ, ਜਦੋਂ ਉਸ ਦੇ ਪਤੀ ਨੇ ਰੋਟੀ ਦੀਆਂ ਗੋਲੀਆਂ ਬਣਾ ਕੇ ਤੇ ਮੇਜ਼ਪੋਸ਼ ਉੱਤੇ ਰੱਖੀਆਂ, ਤੇ ਮੂਰਖਾਂ ਵਾਂਗ ਵੇਖਣ ਲੱਗਿਆ। ਉਸ ਨੂੰ ਪਿਆਸ ਬਹੁਤ ਲੱਗੀ ਸੀ ਕਿ ਘੜੀ ਘੜੀ ਗਲਾਸ ਆਪਣੇ ਬੁੱਲ੍ਹਾਂ ਨਾਲ ਲਗਾਉਂਦਾ ਸੀ, ਅਤੇ ਇਸ ਦਾ ਸਿੱਟਾ

ਇਹ ਸੀ ਕਿ ਉਹ ਪਹਿਲਾਂ ਹੀ ਸਦਮੇ ਅਤੇ ਦੁੱਖ ਕਾਰਨ ਉਸ ਦੇ ਹੋਸ਼ ਟਿਕਾਣੇ ਨਹੀਂ ਸਨ, ਤੇ ਉਸ ਦਾ ਸਿਰ ਘੁੰਮਣ ਲੱਗਿਆ ਕਿਉਂਕਿ ਮਿਹਦੇ 'ਤੇ ਭਾਰ ਪੈ ਗਿਆ ਸੀ।

ਇਸੇ ਦੌਰਾਨ ਡਾਕਟਰ ਜੋ ਆਰਾਮ ਨਾਲ ਸ਼ਰਾਬ ਪੀ ਰਿਹਾ ਸੀ, ਨਸ਼ੇ ਵਿੱਚ ਪੂਰਾ ਗੁੱਟ ਦਿਖਾਈ ਦੇ ਰਿਹਾ ਸੀ ਅਤੇ ਸ੍ਰੀਮਤੀ ਕੈਰਾਵਾਨ ਨੇ ਆਪ ਵੀ ਕੁਝ ਅਸਰ ਮਹਿਸੂਸ ਕੀਤਾ ਜਿਸ ਨਾਲ ਉਸ ਨੂੰ ਸਾਰੇ ਮਾਨਸਿਕ ਦੁੱਖ ਯਾਦ ਆਏ। ਉਹ ਘਬਰਾਈ ਤੇ ਭੜਕੀ ਹੋਈ ਸੀ, ਭਾਵੇਂ ਉਹ ਪਾਣੀ ਤੋਂ ਬਿਨਾਂ ਕੁਝ ਨਹੀਂ ਪੀ ਰਹੀ ਸੀ, ਫਿਰ ਵੀ ਉਸ ਦਾ ਸਿਰ ਚਕਰਾ ਰਿਹਾ ਸੀ।

ਚੈਨੇਟ ਨੇ ਹੌਲੀ ਹੌਲੀ ਮੌਤਾਂ ਦੀਆਂ ਕਹਾਣੀਆਂ ਸੁਣਾਉਣੀਆਂ ਸ਼ੁਰੂ ਕੀਤੀਆਂ, ਜੋ ਉਸ ਨੂੰ ਬਹੁਤ ਅਨੋਖੀਆਂ ਜਾਪਦੀਆਂ ਸਨ। ਪੈਰਿਸ ਦੇ ਲਾਗਲੇ ਇਲਾਕਿਆਂ ਵਿੱਚ, ਜੋ ਰਾਜ ਵਿੱਚੋਂ ਆਏ ਲੋਕਾਂ ਨਾਲ ਭਰੇ ਹੋਏ ਸਨ, ਜਿੱਥੇ ਮਨੁੱਖ ਆਪਣੀ ਮਾਂ ਬਾਪ ਦੀ ਮੌਤ ਤੋਂ ਵੀ ਲਾਪਰਵਾਹ ਹੁੰਦੇ ਹਨ ਸਤਿਕਾਰ ਦੀ ਥੁੱੜ ਅਤੇ ਪੱਥਰ ਦਿਲੀ ਜੋ ਪਿੰਡਾਂ ਵਿੱਚ ਆਮ ਹੈ ਪਰ ਪੈਰਿਸ ਵਿੱਚ ਇੰਝ ਘੱਟ ਹੀ ਹੁੰਦਾ ਹੈ, ਉਸ ਨੇ ਕਿਹਾ :-

"ਮੈਨੂੰ ਪਿਛਲੇ ਹਫ਼ਤੇ ਰਿਊ-ਡੂ-ਪੁਟੀਏਅਕਸ ਭੇਜਿਆ ਗਿਆ ਸੀ, ਜਦੋਂ ਮੈਂ ਉੱਥੇ ਗਿਆ, ਮੈਂ ਵੇਖਿਆ ਬਿਮਾਰ ਆਦਮੀ (ਅਤੇ ਸਾਰਾ ਪਰਿਵਾਰ ਚੁੱਪ ਚਾਪ ਮੰਜੇ ਦੇ ਨੇੜੇ ਬੈਠਾ ਸੀ) ਸੌਫ਼ੀਆ ਸ਼ਰਾਬ ਦੀ ਬੋਤਲ ਖ਼ਤਮ ਕਰ ਰਿਹਾ ਸੀ, ਜਿਹੜੀ ਮਰ ਰਹੇ ਆਦਮੀ ਦੀ ਆਖ਼ਰੀ ਖ਼ਾਹਿਸ਼ ਪੂਰਾ ਕਰਨ ਲਈ ਲਿਆਂਦੀ ਗਈ ਸੀ।"

ਪ੍ਰੰਤੂ ਸ੍ਰੀਮਤੀ ਕੈਰਾਵਾਨ ਨਹੀਂ ਸੁਣ ਰਹੀ ਸੀ, ਉਹ ਵਿਰਾਸਤ ਸੰਬੰਧੀ ਡੂੰਘੀ ਤਰ੍ਹਾਂ ਸੋਚ ਰਹੀ ਸੀ ਅਤੇ ਕੈਰਾਵਾਨ ਨੂੰ ਕੋਈ ਗੱਲ ਸਮਝ ਨਹੀਂ ਆ ਰਹੀ ਸੀ।

ਛੇਤੀ ਹੀ ਰੋਜ਼ਲੀ ਨੇ ਕੌਫ਼ੀ ਦਿੱਤੀ ਜੋ ਬਹੁਤ ਤੇਜ਼ ਬਣਾਈ ਗਈ ਸੀ, ਅਤੇ ਇਸ ਕੌਫ਼ੀ ਨੇ ਸਾਰਿਆਂ ਦੇ ਚਿਹਰੇ ਲਾਲ ਕਰ ਦਿੱਤੇ ਅਤੇ ਉਨ੍ਹਾਂ ਦੇ ਵਿਚਾਰਾਂ ਵਿੱਚ ਹੋਰ ਵੀ ਹਫ਼ੜਾ ਦਫ਼ੜੀ ਮਚਾ ਦਿੱਤੀ। ਮਾਮਲਿਆਂ ਨੂੰ ਹੋਰ ਵੀ ਗੰਭੀਰ

ਬਣਾਉਣ ਲਈ ਚੈਨੇਟ ਨੇ ਅਚਾਨਕ ਬਰਾਂਡੀ ਦੀ ਇਕ ਹੋਰ ਬੋਤਲ ਫੜੀ ਤੇ "ਇਕ ਤੁਪਕਾ ਕੇਵਲ ਆਪਣੇ ਮੂੰਹਾਂ ਨੂੰ ਸਾਫ਼ ਕਰਨ ਲਈ" ਤੇ ਹਰ ਇਕ ਨੂੰ ਇਹ ਲੈਣ ਲਈ ਸੰਕੇਤ ਕੀਤਾ। ਫਿਰ, ਰਾਤ ਦੇ ਖਾਣੇ ਤੋਂ ਪਿੱਛੋਂ ਸ਼ਰਾਬ ਲਈ ਅਤੇ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਤੇ ਪਸ਼ੂ ਬਿਰਤੀ ਵਾਲੇ ਆਨੰਦ ਦਾ ਅਸਰ ਹੋ ਰਿਹਾ ਸੀ, ਇਸ ਸਮੇਂ ਉਨ੍ਹਾਂ ਨੇ ਬਿਨਾਂ ਕੁਝ ਬੋਲੇ ਮਿੱਠੀ ਕੌਂਗਨੈਕ (ਸ਼ਰਾਬ) ਦੇ ਘੁੱਟ ਭਰੇ ਜੋ ਉਨ੍ਹਾਂ ਦੇ ਕੱਪਾਂ ਹੇਠਾਂ ਪੀਲੇ ਸ਼ਰਬਤ ਵਾਂਗ ਦਿਸਦਾ ਸੀ।

ਬੱਚੇ ਸੌਂ ਗਏ ਸਨ ਅਤੇ ਰੋਜ਼ਲੀ ਉਨ੍ਹਾਂ ਨੂੰ ਬਿਸਤਰਿਆਂ ’ਤੇ ਲੈ ਗਈ ਸੀ। ਫਿਰ ਕੈਰਾਵਾਨ ਨੇ ਆਪਣੇ ਆਪ ਨੂੰ ਭੁੱਲਣ ਦੀ ਇੱਛਾ ਨਾਲ ਦੁਖੀ ਮਨੁੱਖਾਂ ਵਾਂਗ ਕਈ ਵਾਰੀ ਫਿਰ ਬਰਾਂਡੀ (ਸ਼ਰਾਬ) ਲਈ ਅਤੇ ਉਸ ਦੀਆਂ ਸੁਸਤ ਅੱਖਾਂ ਚਮਕ ਪਈਆਂ। ਅੰਤ ਵਿੱਚ ਡਾਕਟਰ ਜਾਣ ਲਈ ਉੱਠਿਆ ਅਤੇ ਆਪਣੇ ਦੋਸਤ ਦੀ ਬਾਂਹ ਪਕੜਦੇ ਹੋਏ ਉਸ ਨੇ ਕਿਹਾ :-

"ਮੇਰੇ ਨਾਲ ਆਓ, ਤੁਹਾਨੂੰ ਥੋੜ੍ਹੀ ਤਾਜ਼ੀ ਹਵਾ ਠੀਕ ਰਹੇਗੀ। ਜਦੋਂ ਤੁਹਾਨੂੰ ਤਕਲੀਫ਼ ਹੋਵੇ ਤਾਂ ਤੁਹਾਨੂੰ ਇਕ ਹੀ ਜਗ੍ਹਾ ’ਤੇ ਨਹੀਂ ਰਹਿਣਾ ਚਾਹੀਦਾ।"

ਦੂਜੇ ਨੇ ਪੂਰੀ ਤਰ੍ਹਾਂ ਹੁਕਮ ਦੀ ਪਾਲਣਾ ਕੀਤੀ ਤੇ ਉਸ ਨੇ ਟੋਪੀ ਪਾਈ, ਸੋਟੀ ਫੜੀ ਅਤੇ ਬਾਹਰ ਚਲਾ ਗਿਆ ਅਤੇ ਦੋਵੇਂ ਰਾਤ ਨੂੰ ਤਾਰਿਆਂ ਦੀ ਰੋਸ਼ਨੀ ਵਿੱਚ ਬਾਂਹ ਪਾ ਕੇ ਸੀਈਨ ਵੱਲ ਚਲੇ ਗਏ।

ਹਵਾ ਨਿੱਘੀ ਅਤੇ ਸੁਹਾਵਣੀ ਸੀ, ਸਾਲ ਦੀ ਇਸ ਰੁੱਤ ਵਿੱਚ ਆਸ ਪਾਸ ਦੇ ਸਾਰੇ ਬਾਗ਼ ਫੁੱਲਾਂ ਨਾਲ ਭਰੇ ਹੋਏ ਸਨ, ਅਤੇ ਉਨ੍ਹਾਂ ਦੀ ਖ਼ੁਸ਼ਬੂ ਜਿਹੜੀ ਦਿਨ ਵਿੱਚ ਬੜੀ ਮੁਸ਼ਕਿਲ ਨਾਲ ਅਨੁਭਵ ਹੁੰਦੀ, ਰਾਤ ਪੈਣ ਦੇ ਨਾਲ ਨਾਲ ਜਾਗ ਰਹੀ ਸੀ ਅਤੇ ਹਲਕੀਆਂ ਹਵਾਵਾਂ ਦੇ ਵਿੱਚ ਰਲ਼ ਰਹੀ ਸੀ ਜਿਹੜੀਆਂ ਉਨ੍ਹਾਂ ਦੇ ਉੱਤੋਂ ਹਨੇਰੇ ਵਿੱਚ ਲੰਘ ਰਹੀਆਂ ਸਨ।

ਗੈਸ ਲੈਂਪਾਂ ਦੀਆਂ ਦੋ ਲਾਈਨਾਂ ਵਾਲਾ ਇਹ ਚੌੜਾ ਰਸਤਾ ਆਰਕ ਡੀ ਟਰਾਇੰਡ, ਇਹ ਇੰਨਾ ਉਜਾੜ ਤੇ ਸ਼ਾਂਤ ਸੀ, ਪਰ ਦੂਰੀ ’ਤੇ ਪੈਰਿਸ ਦਾ ਸ਼ੋਰ ਸੀ ਜਿਸ ’ਤੇ ਹਲਕੀ ਲਾਲੀ ਛਾਈ ਹੋਈ ਸੀ। ਇਹ ਲਗਾਤਾਰ ਗੜ ਗੜ ਅਵਾਜ਼ ਸੀ

ਜਿਸ ਵਿੱਚ ਕਦੇ ਕਦੇ ਪੂਰੀ ਰਫ਼ਤਾਰ ’ਤੇ ਚਲਦੀ ਹੋਈ ਗੱਡੀ ਦੀ ਸੀਟੀ ਦੀ ਆਵਾਜ਼ ਆਉਂਦੀ ਸੀ, ਜਦੋਂ ਗੱਡੀ ਰਾਜਾਂ ਵਿੱਚੋਂ ਦੂਰ ਸਮੁੰਦਰ ਵੱਲ ਜਾ ਰਹੀ ਸੀ।

ਤਾਜ਼ੀ ਹਵਾ ਉਨ੍ਹਾਂ ਦੋਹਾਂ ਆਦਮੀਆਂ ਦੇ ਮੂੰਹਾਂ ’ਤੇ ਛਾ ਗਈ, ਫੇਰ ਡਾਕਟਰ ਦਾ ਸੰਤੁਲਨ ਗਵਾ ਦਿੱਤਾ ਤੇ ਕੈਰਾਵਾਨ ਦੀ ਸੁਸਤੀ ਹੋਰ ਵੱਧ ਗਈ, ਜੋ ਉਸ ਨੂੰ ਰਾਤ ਦੇ ਖਾਣੇ ਪਿੱਛੋਂ ਹੋ ਰਹੀ ਸੀ। ਉਹ ਇੰਝ ਤੁਰ ਰਿਹਾ ਸੀ ਜਿਵੇਂ ਸੁਪਨੇ ਵਿੱਚ ਤੁਰ ਰਿਹਾ ਹੋਵੇ, ਉਸ ਦੇ ਵਿਚਾਰਾਂ ਦੀ ਲੜੀ ਟੁੱਟ ਰਹੀ ਸੀ ਭਾਵੇਂ ਉਹ ਜ਼ਿਆਦਾ ਦੁੱਖ ਮਹਿਸੂਸ ਨਹੀਂ ਸੀ ਕਰਦਾ ਕਿਉਂਕਿ ਉਸ ਨੂੰ ਕੁਝ ਸੁਸਤੀ ਹੋ ਗਈ ਸੀ। ਜਿਹੜੀ ਸ਼ਾਂਤ ਰਾਤ ਕਾਰਨ ਵੱਧ ਗਈ ਸੀ।

ਜਦੋਂ ਉਹ ਪੁੱਲ ’ਤੇ ਪਹੁੰਚੇ, ਉਹ ਸੱਜੇ ਪਾਸੇ ਮੁੜੇ ਅਤੇ ਨਦੀ ਵੱਲੋਂ ਤਾਜ਼ੀ ਹਵਾ ਲਈ, ਜੋ ਸ਼ਾਂਤ, ਉਦਾਸ ਤੇ ਲੰਮੇ ਚਿਨਾਰ ਦੇ ਦਰਖ਼ਤਾਂ ਨਾਲ ਘਿਰੀ ਹੋਈ ਸੀ। ਤਾਰੇ ਇੰਝ ਦਿਖਾਈ ਦੇ ਰਹੇ ਸਨ ਜਿਵੇਂ ਪਾਣੀ ਉੱਤੇ ਤਰ ਰਹੇ ਹੋਣ ਅਤੇ ਲਹਿਰਾਂ ਦੇ ਨਾਲ ਨਾਲ ਚੱਲਦੇ ਸਨ। ਇਕ ਹਲਕੀ ਚਿੱਟੀ ਧੁੰਦ ਜੋ ਸਾਹਮਣੇ ਕਿਨਾਰਿਓਂ ਆਈ ਤੇ ਉਨ੍ਹਾਂ ਦੇ ਫੇਫੜਿਆਂ ਨੂੰ ਠੰਢ ਦਾ ਅਹਿਸਾਸ ਹੋਇਆ, ਅਤੇ ਕੈਰਾਵਾਨ ਇਕ ਦਮ ਰੁਕਿਆ ਕਿਉਂਕਿ ਉਸ ਨੂੰ ਪਾਣੀ ਦੀ ਖ਼ੁਸ਼ਬੂ ਤੋਂ ਅਜਿਹਾ ਖ਼ਿਆਲ ਆਇਆ ਕਿ ਉਸ ਦੇ ਦਿਮਾਗ਼ ਵਿੱਚ ਪੁਰਾਣੀਆਂ ਗੱਲਾਂ ਦਾ ਖ਼ਿਆਲ ਆਉਣ ਲੱਗਾ। ਅਚਾਨਕ ਹੀ ਉਸ ਨੇ ਆਪਣੇ ਖ਼ਿਆਲ ਵਿੱਚ ਆਪਣੀ ਮਾਂ ਨੂੰ ਪੀਕਾਰਡੇ ਵਿੱਚ ਦੇਖਿਆ, ਜਿਵੇਂ ਉਸ ਨੇ ਕਈ ਸਾਲ ਪਹਿਲਾਂ ਵੇਖਿਆ ਸੀ, ਆਪਣੇ ਬਾਗ਼ ਵਿੱਚੋਂ ਵਹਿ ਰਹੀ ਨਦੀ ਵਿੱਚ ਚਾਦਰਾਂ ਦੇ ਢੇਰ ਧੋਂਦੇ ਹੋਏ ਤੇ ਆਪਣੇ ਦਰਵਾਜ਼ੇ ਸਾਹਮਣੇ ਝੁਕਦੇ ਹੋਏ। ਉਸ ਨੇ ਇਹ ਸੋਚਿਆ ਜਿਵੇਂ ਉਹ ਉਸ ਥਾਪੀ ਦੀ ਅਵਾਜ਼ ਸੁਣਦਾ ਸੀ ਜਿਸ ਨਾਲ ਉਹ ਸ਼ਾਂਤ ਵਾਤਾਵਰਣ ਵਿੱਚ ਚਾਦਰਾਂ ਧੋ ਰਹੀ ਸੀ ਤੇ ਉਸ ਨੂੰ ਅਵਾਜ਼ ਮਾਰਦੀ "ਐਲਫਰੇਡ, ਮੈਨੂੰ ਸਾਬਣ ਦਿਓ' ਅਤੇ ਉਸ ਨੇ ਹੌਲੀ ਹੌਲੀ ਵਹਿ ਰਹੇ ਪਾਣੀ ਦੀ ਧਾਰਾ ਦੀ ਵਾਸ਼ਨਾ, ਗਿੱਲੀ ਜ਼ਮੀਨ ਤੋਂ ਉੱਠ ਰਹੀ ਧੁੰਦ, ਤੇ ਗਿੱਲੀਆਂ ਚਾਦਰਾਂ ਦੇ ਢੇਰ ਨੂੰ ਸੁੰਘਿਆ ਜੋ ਉਸ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਤੇ ਇਹ ਵਾਸ਼ਨਾ ਉਸ ਸ਼ਾਮ ਨੂੰ ਘੱਟ ਆਈ ਜਿਸ ਦਿਨ ਉਸ ਦੀ ਮਾਂ ਦੀ ਮੌਤ ਹੋਈ।

ਉਹ ਸਦੀਵੀ ਵਿਛੋੜੇ ਕਰਕੇ ਦੁਖੀ ਅਤੇ ਟੁੱਟੇ ਦਿਲ ਨਾਲ ਰੁਕ ਗਿਆ। ਉਸ ਦੀ ਜ਼ਿੰਦਗੀ ਅੱਧੀ ਰਹਿ ਗਈ ਸੀ, ਜਵਾਨੀ ਢਲ ਗਈ, ਮੌਤ ਨੇ ਉਸ ਨੂੰ ਹੜੱਪ ਕਰ ਲਿਆ ਪਹਿਲੀ ਸਾਰੀ ਜ਼ਿੰਦਗੀ ਭੁੱਲ ਗਈ, ਉਸ ਦੀ ਜਵਾਨੀ ਦੇ ਦਿਨਾਂ ਦੀਆਂ ਯਾਦਾਂ ਮੁੜ ਜਾਗੀਆਂ, ਭਵਿੱਖ ਵਿੱਚ ਗੱਲਾਂ ਕਰਨ ਲਈ ਕੋਈ ਨਹੀਂ ਹੋਵੇਗਾ ਕਿ ਗੁਜ਼ਰੇ ਦਿਨਾਂ ਵਿੱਚ ਕੀ ਵਾਪਰਿਆ, ਤੇ ਉਨ੍ਹਾਂ ਲੋਕਾਂ ਸੰਬੰਧੀ ਜਿਹੜੇ ਉਸ ਨੂੰ ਜਾਣਦੇ ਸਨ, ਦੇਸ਼ ਵਿੱਚ ਉਸ ਦੇ ਆਪਣੇ ਹਿੱਸੇ ਬਾਰੇ ਤੇ ਉਸ ਦੀ ਗੁਜ਼ਰੀ ਜ਼ਿੰਦਗੀ ਸੰਬੰਧੀ ਯਾਦ ਕਰਾ ਸਕੇ ਜੋ ਉਸ ਦੀ ਹੋਂਦ ਦਾ ਇਕ ਹਿੱਸਾ ਸੀ ਜੋ ਹੁਣ ਨਹੀਂ ਹੈ, ਅਤੇ ਦੂਜਾ ਵੀ ਖ਼ਤਮ ਹੋ ਜਾਏਗਾ।

ਫਿਰ ਉਸ ਨੇ ਆਪਣੀ ਮਾਂ ਨੂੰ ਇੰਝ ਵੇਖਿਆ ਜਿਵੇਂ ਜਦੋਂ ਉਹ ਜਵਾਨ ਸੀ ਤੇ ਚੰਗੇ ਤਰੀਕੇ ਨਾਲ ਕੱਪੜੇ ਪਹਿਨਦੀ ਸੀ, ਜੋ ਉਸ ਨੂੰ ਅਜਿਹੇ ਕਾਫ਼ੀ ਸਮੇਂ ਤੱਕ ਯਾਦ ਸਨ ਕਿ ਉਹ ਉਸ ਤੋਂ ਅਨਿੱਖੜਵੇਂ ਦਿਖਾਈ ਦਿੰਦੇ ਸਨ। ਉਸ ਨੇ ਉਸ ਦੇ ਜੀਵਨ ਦੀਆਂ ਸਾਰੀਆਂ ਘਟਨਾਵਾਂ ਨੂੰ ਧਿਆਨ ਵਿੱਚ ਲਿਆਂਦਾ, ਉਸ ਦੀਆਂ ਵੱਖ-ਵੱਖ ਕਿਸਮ ਦੀਆਂ ਅਵਾਜ਼ਾਂ, ਰੁਚੀਆਂ, ਆਦਤਾਂ, ਉਸ ਦਾ ਅਧਿਕ ਉਤਸ਼ਾਹ, ਗ਼ੁੱਸੇ ਭਰੇ ਹਾਲਤ ਸਮੇਂ ਚਿਹਰੇ ਦੀਆਂ ਝੁਰੜੀਆਂ, ਪਤਲੀਆਂ ਉਂਗਲਾਂ ਦੀਆਂ ਹਰਕਤਾਂ ਅਤੇ ਉਸ ਦੇ ਸਾਰੇ ਵਿਸ਼ੇਸ਼ ਵਿਵਹਾਰ ਜਿਹੜੇ ਫਿਰ ਨਹੀਂ ਹੋਣਗੇ ਤੇ ਡਾਕਟਰ ਦੀ ਪਕੜ ਵਿੱਚ ਉਸ ਨੇ ਵਿਰਲਾਪ ਕਰਨਾ ਤੇ ਰੋਣਾ ਸ਼ੁਰੂ ਕੀਤਾ। ਉਸ ਦੀਆਂ ਪਤਲੀਆਂ ਲੱਤਾਂ ਕੰਬਣ ਲੱਗੀਆਂ ਉਸ ਦੇ ਮਜ਼ਬੂਤ ਨਿੱਗਰ ਸਰੀਰ ਨੂੰ ਸਿਸਕੀਆਂ ਨੇ, ਹਲੂਣ ਦਿੱਤਾ ਸੀ, ਤੇ ਜੋ ਕੁਝ ਉਹ ਕਹਿ ਸਕਦਾ ਸੀ :-

"ਮੇਰੀ ਮਾਂ, ਮੇਰੀ ਵਿਚਾਰੀ ਮਾਂ, ਮੇਰੀ ਵਿਚਾਰੀ ਮਾਂ," ਪ੍ਰੰਤੂ ਉਸ ਦਾ ਸਾਥੀ, ਜੋ ਹਾਲੇ ਵੀ ਸ਼ਰਾਬ ਵਿੱਚ ਗੁੱਟ ਸੀ, ਅਤੇ ਜਿਸ ਨੇ ਆਪਣੀ ਸ਼ਾਮ ਖ਼ਾਸ ਭੇੜੀਆਂ ਥਾਵਾਂ 'ਤੇ ਗੁਜ਼ਾਰਨੀ ਸੀ ਜਿੱਥੇ ਆਮ ਤੌਰ 'ਤੇ ਲੁਕ ਛੁਪ ਕੇ ਜਾਂਦਾ ਸੀ, ਉਸ ਨੇ ਉਸ ਨੂੰ ਨਦੀ ਦੇ ਕਿਨਾਰੇ 'ਤੇ ਬੈਠਣ ਲਈ ਕਿਹਾ, ਅਤੇ ਉਹ ਛੇਤੀ ਹੀ ਇਕ ਮਰੀਜ਼ ਵੇਖਣ ਲਈ ਜਾਣ ਦਾ ਬਹਾਨਾ ਕਰਕੇ ਖਿਸਕ ਗਿਆ।

ਕੈਰਾਵਾਨ ਫਿਰ ਕਾਫ਼ੀ ਦੇਰ ਤੱਕ ਰੋਂਦਾ ਰਿਹਾ। ਜਦੋਂ ਉਸ ਦੇ ਹੰਝੂ ਖ਼ਤਮ ਹੋ ਗਏ ਜਦੋਂ ਉਸ ਦਾ ਦੁੱਖ ਵੀ ਘੱਟ ਗਿਆ — ਉਸ ਨੇ ਦੁਬਾਰਾ ਚੰਨ, ਅਰਾਮ, ਤੇ ਠਰ੍ਹੰਮਾ ਮਹਿਸੂਸ ਕੀਤਾ।

ਚੰਦਰਮਾ ਚੜ੍ਹ ਗਿਆ ਅਤੇ ਸਾਰੇ ਦਿਗ-ਮੰਡਲ ਵਿੱਚ ਇਸ ਦੀ ਨਿੰਮੀ ਰੌਸ਼ਨੀ ਛਾ ਗਈ। ਲੰਮੇ ਚਨਾਰ ਦੇ ਦਰੱਖ਼ਤਾਂ ਤੋਂ ਚਾਂਦੀ ਵਰਗੀ ਚਮਕ ਆਉਂਦੀ ਸੀ, ਤੇ ਮੈਦਾਨ ਵਿੱਚ ਧੁੰਦ ਬਰਫ਼ ਵਾਂਗ ਵਹਿ ਰਹੀ ਸੀ। ਦਰਿਆ ਜਿਸ ਵਿੱਚ ਤਾਰਿਆਂ ਦੇ ਪ੍ਰਤੀਬਿੰਬ ਮੋਤੀਆਂ ਵਾਂਗੂ ਚਮਕ ਰਹੇ ਸਨ, ਇਹ ਹਵਾ ਨਾਲ ਲਹਿਰਾਉਂਦੇ ਦਿਖਾਈ ਦਿੰਦੇ ਸਨ। ਬੜੀ ਸੁਹਾਵਣੀ ਹਵਾ ਸੀ ਅਤੇ ਕੈਰਾਵਾਨ ਤੀਬਰ ਲਾਲਸਾ ਨਾਲ ਸਾਹ ਲੈ ਰਿਹਾ ਸੀ, ਇਹ ਸੋਚ ਕੇ ਕਿ ਉਹ ਤਾਜ਼ੀ ਸ਼ਾਂਤਮਈ ਅਤੇ ਦੈਵੀ ਤਸੱਲੀ ਦੇਣ ਵਾਲੀ ਭਾਵਨਾ ਪ੍ਰਤੀਤ ਕਰ ਸਕੇ।

ਉਸ ਨੇ ਸੱਚਮੁਚ ਸੁੱਖ ਅਤੇ ਚੈਨ ਦੀ ਭਾਵਨਾ ਦਾ ਵਿਰੋਧ ਕੀਤਾ ਅਤੇ ਆਪਣੇ ਆਪ ਹੀ ਕਹਿਣਾ ਜਾਰੀ ਰੱਖਿਆ "ਮੇਰੀ ਮਾਂ, ਮੇਰੀ ਵਿਚਾਰੀ ਮਾਂ।" ਉਹ ਦਿਲੋਂ ਭੁੱਬਾਂ ਮਾਰ ਕੇ ਰੋਣਾ ਚਾਹੁੰਦਾ ਸੀ ਪਰੰਤੂ ਉਹ ਜ਼ਿਆਦਾ ਦੇਰ ਨਾ ਰੁੱਕ ਸਕਿਆ, ਅਤੇ ਦੁਖੀ ਹਾਲਤ ਜਿਸ ਨੇ ਬੜੀ ਦੇਰ ਲਈ ਪਹਿਲਾਂ ਉਸ ਨੂੰ ਬੁਰੀ ਤਰ੍ਹਾਂ ਹਿਚਕੀਆਂ ਲੈਣ ਲਈ ਮਜਬੂਰ ਕਰ ਦਿੱਤਾ ਸੀ, ਖ਼ਤਮ ਹੋ ਗਈ ਸੀ। ਕੁਝ ਹੀ ਪਲਾਂ ਵਿੱਚ ਉਹ ਉੱਠਿਆ ਅਤੇ ਨਿੱਖਰੀ ਹੋਈ ਰਾਤ ਸਮੇਂ ਹਲਕੇ ਮਨ ਨਾਲ ਘਰ ਵੱਲ ਚਲਾ ਗਿਆ।

ਜਦੋਂ ਉਹ ਪੁਲ ’ਤੇ ਪਹੁੰਚਿਆ, ਉਸ ਨੇ ਵੇਖਿਆ ਕਿ ਅਖੀਰਲੀ ਟਰਾਮ ਕਾਰ ਜਾਣ ਲਈ ਤਿਆਰ ਸੀ ਅਤੇ ਕੇਨ ਡੂ ਗਲੋਬ ਦੀਆਂ ਖਿੜਕੀਆਂ ਵਿੱਚੋਂ ਬਾਹਰ ਆਉਂਦੀ ਰੋਸ਼ਨੀ ਵੇਖੀ, ਅਤੇ ਆਪਣੇ ਆਪ ਨੂੰ ਦਿਲਚਸਪ ਬਣਾਉਣ ਲਈ ਤੇ ਆਪਣੇ ਲਈ ਤਰਸ ਉਭਾਰਨ ਲਈ ਅਤੇ ਜੋ ਕੁਝ ਵਾਪਰਿਆ; ਉਸ ਕਰੋਪੀ ਬਾਰੇ ਕਿਸੇ ਨੂੰ ਦੱਸਣ ਦੀ ਲਾਲਸਾ ਮਹਿਸੂਸ ਕੀਤੀ। ਉਸ ਨੇ ਅਫ਼ਸੋਸਨਾਕ ਚਿਹਰਾ ਬਣਾਇਆ ਤੇ ਧੱਕ ਕੇ ਦਰਵਾਜ਼ਾ ਖੋਲ੍ਹਿਆ ਤੇ ਕਾਊਂਟਰ ਤੱਕ ਗਿਆ ਜਿੱਥੇ ਹਾਲੇ ਵੀ ਮਾਲਕ ਉੱਥੇ ਹੀ ਸੀ। ਉਹ ਇਸ ਦਾ ਅਸਰ ਵੇਖਦਾ ਰਿਹਾ ਤੋਂ ਉਮੀਦ ਕੀਤੀ ਕਿ ਹਰ ਇਕ ਉੱਠੇਗਾ ਅਤੇ ਫੈਲਾਏ ਹੋਏ ਹੱਥਾਂ ਨਾਲ ਉਸ ਵੱਲ ਆਏਗਾ ਤੇ ਕਹੇਗਾ,

ਕਿਉਂ ਤੁਹਾਨੂੰ ਕੀ ਹੈ?" ਪਰੰਤੂ ਕਿਸੇ ਨੇ ਵੀ ਉਸ ਦੇ ਨਿੰਮੋਝੂਣੇ ਚਿਹਰੇ ਵੱਲ ਧਿਆਨ ਨਾ ਦਿੱਤਾ। ਇਸ ਲਈ ਉਸ ਨੇ ਕਾਊਂਟਰ 'ਤੇ ਆਪਣੀਆਂ ਕੂਹਣੀਆਂ ਟੇਕ ਲਈਆਂ ਅਤੇ ਹੱਥਾਂ ਨਾਲ ਆਪਣਾ ਚਿਹਰਾ ਛੁਪਾਉਂਦੇ ਹੋਏ ਉਹ ਬੁੜਬੁੜਾਇਆ 'ਹੇ ਰੱਬਾ। ਹੇ ਰੱਬਾ।'

ਮਾਲਕ ਨੇ ਉਸ ਵੱਲ ਵੇਖਿਆ ਤੇ ਕਿਹਾ, "ਕੀ ਤੁਸੀਂ ਬਿਮਾਰ ਹੋ, ਮੌਨਸੀਅਰ ਕੈਰਾਵਾਨ?"

'ਨਹੀਂ ਮੇਰੇ ਦੋਸਤ, ਉਸ ਨੇ ਉੱਤਰ ਦਿੱਤਾ ਪਰੰਤੂ ਮੇਰੀ ਮਾਂ ਹੁਣੇ ਹੀ ਮਰ ਗਈ ਹੈ;

"ਆਹ। ਉਸ ਨੇ ਕਿਹਾ ਅਤੇ ਇਕ ਗਾਹਕ ਨੇ ਬਾਵੇਰੀਅਨ ਬੀਅਰ ਦਾ ਇਕ ਗਿਲਾਸ ਮੰਗਿਆ ਤਾਂ ਉਹ ਉਸ ਵੱਲ ਚਲਾ ਗਿਆ ਤੇ ਕੈਰਾਵਨ ਨੂੰ ਤਰਸਯੋਗ ਹਾਲਤ ਵਿੱਚ ਛੱਡ ਗਿਆ।

ਡੋਮਿਨੋ ਦੇ ਤਿੰਨ ਖਿਲਾੜੀ ਉਸੇ ਮੇਜ਼ 'ਤੇ ਬੈਠੇ ਸਨ ਜਿਹੜਾ ਉਨ੍ਹਾਂ ਨੇ ਰਾਤ ਦੇ ਖਾਣੇ ਤੋਂ ਪਹਿਲਾਂ ਹੀ ਮੱਲ ਲਿਆ ਸੀ, ਤੇ ਖੇਡ ਵਿੱਚ ਪੂਰੀ ਤਰ੍ਹਾਂ ਮਗਨ ਸਨ, ਕੈਰਾਵਾਨ ਆਪਣੀ ਤਰਸਯੋਗ ਹਾਲਤ ਵਿੱਚ ਉਨ੍ਹਾਂ ਵੱਲ ਗਿਆ, ਪਰ ਕਿਸੇ ਨੇ ਵੀ ਉਸ ਵੱਲ ਧਿਆਨ ਨਾ ਦਿੱਤਾ ਤਾਂ ਉਸ ਨੇ ਬੋਲਣ ਲਈ ਆਪਣਾ ਮਨ ਬਣਾ ਲਿਆ।

"ਜਦੋਂ ਤੋਂ ਮੈਂ ਇੱਥੋਂ ਗਿਆ ਹਾਂ ਮੇਰਾ ਬਹੁਤ ਬੁਰਾ ਹਾਲ ਹੈ" ਉਸ ਨੇ ਕਿਹਾ।

ਉਸ ਸਮੇਂ ਤਿੰਨਾਂ ਨੇ ਹੌਲੇ ਜਿਹੇ ਸਿਰ ਉੱਤੇ ਚੁੱਕੇ ਪਰ ਉਨ੍ਹਾਂ ਦੀਆਂ ਨਜ਼ਰਾਂ ਉਨ੍ਹਾਂ ਟੁਕੜਿਆਂ 'ਤੇ ਹੀ ਟਿਕੀਆਂ ਹੋਈਆਂ ਸਨ ਜਿਹੜੇ ਉਨ੍ਹਾਂ ਦੇ ਹੱਥਾਂ ਵਿੱਚ ਸਨ।

"ਤੁਸੀਂ ਕੀ ਕਹਿੰਦੇ ਹੋ?"

"ਮੇਰੀ ਮਾਂ ਮਰ ਗਈ ਹੈ।"

ਇਸ ’ਤੇ ਉਨ੍ਹਾਂ ਵਿੱਚੋਂ ਇਕ ਨੇ ਕਿਹਾ "ਉਹ ! ਰੱਬਾ" ਇਕ ਵਿਖਾਵੇ ਭਰਪੂਰ ਅਫ਼ਸੋਸ ਨਾਲ ਜਿਸ ਦਾ ਰੂਪ ਬੇਪ੍ਰਵਾਹ ਲੋਕ ਧਾਰਨ ਕਰਦੇ ਹਨ। ਦੂਜੇ ਨੇ, ਜਿਸ ਕੋਲ ਕਹਿਣ ਲਈ ਕੁਝ ਨਹੀਂ ਸੀ, ਇਕ ਹਮਦਰਦੀ ਭਰੀ ਆਹ ਭਰੀ ਤੇ ਆਪਣਾ ਸਿਰ ਹਿਲਾਇਆ ਅਤੇ ਤੀਜਾ ਆਪਣੀ ਖੇਡ ਵੱਲ ਦੁਬਾਰਾ ਮਸਤ ਹੋ ਗਿਆ ਜਿਵੇਂ ਉਹ ਆਪਣੇ ਆਪ ਨੂੰ ਕਹਿ ਰਿਹਾ ਹੋਵੇ “ਬੱਸ ਇਹੀ ਗਲ ਹੈ।"

ਕੈਰਾਵਾਨ ਨੂੰ ਅਜਿਹੀਆਂ ਗੱਲਾਂ ਦੀ ਆਸ ਸੀ ਜਿਨ੍ਹਾਂ ਨੂੰ ਦਿਲੋਂ ਕਿਹਾ ਜਾਂਦਾ ਹੈ, ਅਤੇ ਜਦੋਂ ਉਸ ਨੇ ਵੇਖਿਆ ਕਿ ਉਸ ਦੀ ਖ਼ਬਰ ਨੂੰ ਲੋਕਾਂ ਨੇ ਕਿਵੇਂ ਲਿਆ ਇਕ ਦੋਸਤ ਲਈ ਅਫ਼ਸੋਸ ਦੇ ਸਾਹਮਣੇ ਉਨ੍ਹਾਂ ਦੀ ਸ਼ਾਂਤੀ ਵੇਖੀ ਤਾਂ ਇਸ ਦੇ ਗ਼ੁੱਸੇ ਵਜੋਂ ਉਹ ਮੇਜ਼ ਤੋਂ ਉੱਠਦੇ ਦੂਰ ਚਲਾ ਗਿਆ। ਭਾਵੇਂ ਉਹ ਇਸ ਸਮੇਂ ਦੁੱਖ ਵਿੱਚ ਇੰਨਾ ਬਦਲਿਆ ਹੋਇਆ ਸੀ ਕਿ ਉਸ ਨੇ ਮਹਿਸੂਸ ਨਾ ਕੀਤਾ, ਅਤੇ ਘਰ ਚਲਾ ਗਿਆ। ਜਦੋਂ ਉਹ ਘਰ ਪਹੁੰਚਿਆ ਤਾਂ ਉਸ ਦੀ ਪਤਨੀ ਰਾਤ ਦੀ ਪੁਸ਼ਾਕ ਵਿੱਚ, ਖੁੱਲ੍ਹੀ ਖਿੜਕੀ ਕੋਲ ਨੀਵੀਂ ਕੁਰਸੀ ’ਤੇ ਬੈਠੀ ਉਸ ਦੀ ਉਡੀਕ ਕਰ ਰਹੀ ਸੀ, ਤੇ ਹਾਲੇ ਤੱਕ ਉਹ ਵਿਰਾਸਤ ਸੰਬੰਧੀ ਸੋਚ ਰਹੀ ਸੀ।

“ਕੱਪੜੇ ਉਤਾਰੋ”, ਉਸ ਨੇ ਕਿਹਾ, 'ਅਸੀਂ ਉਦੋਂ ਗੱਲਬਾਤ ਕਰਾਂਗੇ ਜਦੋਂ ਬਿਸਤਰ ਵਿੱਚ ਹੋਵਾਂਗੇ।

ਉਸ ਨੇ ਆਪਣਾ ਸਿਰ ਚੁੱਕਿਆ, ਅਤੇ ਛੱਤ ਵੱਲ ਦੇਖਦੇ ਹੋਏ ਉਸ ਨੇ ਕਿਹਾ 'ਪ੍ਰੰਤੂ ਉੱਪਰ ਕੋਈ ਨਹੀਂ ਹੈ।"

"ਮੈਂ ਮਾਫ਼ੀ ਮੰਗਦੀ ਹਾਂ, ਰੋਜ਼ਲੀ ਉਸ ਨਾਲ ਹੈ, ਤੁਸੀਂ ਜਾ ਸਕਦੇ ਹੋ, ਅਤੇ ਸਵੇਰੇ ਤਿੰਨ ਵਜੇ ਉਸ ਦੀ ਥਾਂ ਲੈ ਸਕਦੇ ਹੋ, ਜਦੋਂ ਤੁਸੀਂ ਨੀਂਦ ਪੂਰੀ ਕਰ ਲਓਗੇ।"

ਕਿਵੇਂ ਵੀ ਹੋਇਆ ਉਸ ਨੇ ਆਪਣੇ ਪੂਰੇ ਕੱਪੜੇ ਨਾ ਉਤਾਰੇ, ਇੰਝ ਤਿਆਰ ਸੀ ਜਿਵੇਂ ਕੁਝ ਹੋਣ ਵਾਲਾ ਹੈ, ਅਤੇ ਇਕ ਰੇਸ਼ਮੀ ਰੁਮਾਲ ਆਪਣੇ ਸਿਰ ’ਤੇ ਬੰਨ੍ਹਣ ਪਿੱਛੋਂ ਆਪਣੀ ਪਤਨੀ ਨਾਲ ਜਾ ਮਿਲਿਆ ਜਿਸ ਨੇ ਉਸ ਸਮੇਂ ਚਾਦਰਾਂ

ਉੱਪਰ ਲੈ ਲਈਆਂ ਸਨ। ਕੁਝ ਸਮੇਂ ਲਈ ਉਹ ਨਾਲ ਨਾਲ ਪਏ ਰਹੇ, ਅਤੇ ਦੋਹਾਂ ਵਿੱਚੋਂ ਕਦੀ ਨਾ ਬੋਲਿਆ। ਉਹ ਸੋਚ ਰਹੀ ਸੀ।

ਬਿਸਤਰੇ ਵਿੱਚ ਵੀ ਉਸ ਦੀ ਰਾਤ ਦੀ ਟੋਪੀ ਲਾਲ ਰਿਬਨ ਨਾਲ ਚਮਕ ਰਹੀ ਸੀ ਤੇ ਇਕ ਕੰਨ ਉੱਤੇ ਖਿਸਕੀ ਹੋਈ ਸੀ ਜਿਵੇਂ ਸਾਰੀਆਂ ਟੋਪੀਆਂ ਪਹਿਨੀਆਂ ਜਾਂਦੀਆਂ ਹਨ ਇੰਝ ਪਹਿਨੀ ਹੋਈ ਸੀ। ਹੁਣ ਉਸ ਨੇ ਉਸ ਵੱਲ ਮੂੰਹ ਕੀਤਾ 'ਤੇ ਕਿਹਾ।

"ਕੀ ਤੁਹਾਨੂੰ ਇਹ ਪਤਾ ਹੈ ਕਿ ਤੁਹਾਡੀ ਮਾਂ ਨੇ ਕੋਈ ਵਸੀਅਤ ਕੀਤੀ ਹੈ? ਉਹ ਇਕ ਪਲ਼ ਹਿਚਕਚਾਇਆ ਅਤੇ ਫਿਰ ਉੱਤਰ ਦਿੱਤਾ "ਮੈਨੂੰ-ਮੈਨੂੰ ਨਹੀਂ ਪਤਾ ਨਹੀਂ, ਮੈਨੂੰ ਯਕੀਨ ਹੈ ਕਿ ਉਸ ਨੇ ਕੋਈ ਵਸੀਅਤ ਨਹੀਂ ਕੀਤੀ।"

ਉਸ ਦੀ ਪਤਨੀ ਨੇ ਉਸ ਵੱਲ ਵੇਖਿਆ ਅਤੇ, ਗ਼ੁੱਸੇ ਵਿੱਚ ਧੀਮੀ ਅਵਾਜ਼ ਨਾਲ ਕਿਹਾ :

"ਉਹ ਭੈੜੀ ਸੀ, ਇੱਥੇ ਅਸੀਂ ਉਸ ਦੀ ਦੱਸ ਸਾਲ ਸੇਵਾ ਕੀਤੀ ਉਸ ਦੇ ਖਾਣ ਪੀਣ ਰਹਿਣ ਬਹਿਣ ਦਾ ਪ੍ਰਬੰਧ ਕੀਤਾ ਜੇਕਰ ਮੈਨੂੰ ਇਹ ਪਤਾ ਹੁੰਦਾ ਕਿ ਮੈਨੂੰ ਇਹ ਇਨਾਮ ਮਿਲਣਾ ਹੈ ਤਾਂ ਨਾ ਮੈਂ ਤੇ ਨਾ ਤੁਹਾਡੀ ਭੈਣ ਉਸ ਲਈ ਇੰਨਾ ਕੁਝ ਕਰਦੇ। ਹਾਂ ਉਸ ਵੱਲੋਂ ਇਸ ਤਰ੍ਹਾਂ ਨਾ ਕੀਤਾ ਜਾਣਾ ਬੁਰੀ ਗੱਲ ਹੈ ਮੈਂ ਇਹ ਕਹਿਣ ਦੀ ਹਿੰਮਤ ਕਰਦੀ ਹਾਂ ਕਿ ਤੁਸੀਂ ਦੱਸੋਗੇ ਕੀ ਉਸ ਨੇ ਸਾਨੂੰ ਪੈਸਾ ਦਿੱਤਾ ਹੈ ਪਰ ਕੋਈ ਵੀ ਆਪਣੇ ਬੱਚਿਆਂ ਉਨ੍ਹਾਂ ਦੇ ਕੰਮਾਂ ਬਦਲੇ ਨਕਦੀ ਨਹੀਂ ਦੇ ਸਕਦਾ ਹੈ ਜਿਵੇਂ ਕਿ, ਸਿਆਣੇ ਲੋਕ ਕਰਦੇ ਹਨ। ਇਹ ਬਦਲਾ ਮੌਤ ਪਿੱਛੋਂ ਚੁਕਾਇਆ ਜਾਂਦਾ ਹੈ ਇਸ ਲਈ ਮੇਰੀਆਂ ਸਾਰੀਆਂ ਚਿੰਤਾਵਾਂ ਤੇ ਮੁਸੀਬਤਾਂ ਫ਼ਜ਼ੂਲ ਸਨ। ਓ ਇਹ ਬਿਲਕੁਲ ਠੀਕ ਹੈ। ਉਹ ਬਹੁਤ ਚੰਗਾ ਹੈ" ਵਿਚਾਰਾ ਕੈਰਾਵਾਨ ਜੋ ਪਰੇਸ਼ਾਨੀ ਮਹਿਸੂਸ ਕਰ ਰਿਹਾ ਸੀ ਕਹਿੰਦਾ ਰਿਹਾ :

"ਮੇਰੀ ਪਿਆਰੀ, ਮੇਰੀ ਪਿਆਰੀ, ਕਿਰਪਾ ਕਰਕੇ, ਕਿਰਪਾ ਕਰਕੇ ਚੁੱਪ ਰਹੋ।"

ਉਹ ਹੌਲੀ ਹੌਲੀ ਸ਼ਾਂਤ ਹੁੰਦੀ ਗਈ ਅਤੇ ਆਪਣੀ ਸਾਧਾਰਨ ਆਵਾਜ਼ ਤੇ ਲਹਿਜ਼ੇ ਨਾਲ ਬੋਲਣ ਲੱਗੀ।

ਤੁਹਾਡੀ ਭੈਣ ਨੂੰ ਕੱਲ੍ਹ ਸਭ ਕੁਝ ਦੱਸ ਦਿੱਤਾ ਜਾਵੇਗਾ।"

ਉਸ ਨੇ ਬੋਲਣਾ ਸ਼ੁਰੂ ਕੀਤਾ ਅਤੇ ਕਿਹਾ :-

“ਬਿਲਕੁਲ ਸਾਨੂੰ ਦੱਸਣਾ ਚਾਹੀਦਾ ਹੈ, ਮੈਂ ਇਸ ਸੰਬੰਧੀ ਸਭ ਕੁਝ ਭੁੱਲ ਗਿਆ ਸੀ, ਸਵੇਰੇ ਸਭ ਤੋਂ ਪਹਿਲਾਂ ਮੈਂ ਉਸ ਨੂੰ ਤਾਰ ਭੇਜਾਂਗਾ।”

“ਨਹੀਂ” ਉਸਨੇ ਅਜਿਹੀ ਇਸਤਰੀ ਵਾਂਗ ਉੱਤਰ ਦਿੱਤਾ ਜਿਸ ਨੇ ਇਹ ਸਭ ਕੁਝ ਪਹਿਲਾਂ ਹੀ ਵੇਖਿਆ ਹੋਵੇ, "ਨਹੀਂ, ਦਸ ਜਾਂ ਗਿਆਰਾਂ ਵਜੇ ਤੋਂ ਪਹਿਲਾਂ ਇਹ ਤਾਰ ਨਾ ਭੇਜੋ, ਤਾਂ ਕਿ ਉਸ ਦੇ ਆਉਣ ਤੱਕ ਸਾਡੇ ਕੋਲ ਸਮਾਂ ਹੋਵੇ। ਚਾਰਨਟਨ ਤੋਂ ਇੱਥੇ ਪਹੁੰਚਣ ਲਈ ਦੋ ਘੰਟੇ ਤੋਂ ਵੱਧ ਸਮਾਂ ਨਹੀਂ ਲੱਗਦਾ ਅਤੇ ਅਸੀਂ ਕਹਿ ਸਕਦੇ ਹਾਂ ਕਿ ਦੁੱਖ ਵਿੱਚ ਤੁਸੀਂ ਆਪਣੀ ਹੋਸ਼ ਖੋ ਬੈਠੇ ਸੀ। ਜੇ ਅਸੀਂ ਦਿਨ ਵਿੱਚ ਉਸ ਨੂੰ ਇਹ ਦੱਸ ਦੇਈਏ, ਇਹੀ ਕਾਫ਼ੀ ਜਲਦੀ ਹੋਵੇਗਾ ਅਤੇ ਸਾਡੇ ਕੋਲ ਹੋਰ ਕੰਮਾਂ ਲਈ ਸਮਾਂ ਹੋਵੇਗਾ।"

ਪ੍ਰੰਤੂ ਕੈਰਾਵਾਨ ਨੇ ਆਪਣੇ ਮੱਥੇ ’ਤੇ ਹੱਥ ਰੱਖਿਆ, ਅਤੇ ਉਹੀ ਧੀਮੀ ਆਵਾਜ਼ ਜਿਸ ਵਿੱਚ ਉਹ ਆਪਣੇ ਮੁਖੀ ਨਾਲ ਗੱਲਾਂ ਕਰਦਾ ਹੁੰਦਾ ਸੀ, ਜਿਸ ਦੇ ਖ਼ਿਆਲ ਨੇ ਉਸ ਨੂੰ ਕੰਬਾ ਦਿੱਤਾ, ਉਸ ਨੇ ਕਿਹਾ :-

'ਮੈਨੂੰ ਦਫ਼ਤਰ ਵਿੱਚ ਹੀ ਉਨ੍ਹਾਂ ਨੂੰ ਦੱਸ ਦੇਣਾ ਚਾਹੀਦਾ ਹੈ,'

“'ਕਿਉਂ?" ਉਸ ਨੇ ਉੱਤਰ ਦਿੱਤਾ, ਅਜਿਹੇ ਮੌਕਿਆਂ ’ਤੇ ਇਹ ਭੁੱਲ ਜਾਣਾ ਹਮੇਸ਼ਾ ਖਿਮਾਯੋਗ ਹੁੰਦਾ ਹੈ, ਮੇਰੀ ਸਲਾਹ ਲਓ ਅਤੇ ਉਸ ਨੂੰ ਪਤਾ ਨਾ ਲੱਗਣ ਦਿਓ, ਤੁਹਾਡਾ ਅਫ਼ਸਰ ਤੁਹਾਨੂੰ ਕੁਝ ਨਹੀਂ ਕਹੇਗਾ ਅਤੇ ਤੁਸੀਂ ਉਸ ਨੂੰ ਇਕ ਚੰਗੀ ਉਲਝਣ ਵਿੱਚ ਪਾ ਦਿਓਗੇ।"

ਓ ਹਾਂ, ਬੇਸ਼ੱਕ ਮੈਂ ਕਰਾਂਗਾ, ਅਤੇ ਜਦੋਂ ਉਸ ਨੂੰ ਮੇਰੇ ਇੱਥੇ ਨਾ ਹੋਣ ਦਾ ਪਤਾ ਲੱਗੇਗਾ ਬਹੁਤ ਗ਼ੁੱਸੇ ਹੋਵੇਗਾ, ਹਾਂ, ਤੁਸੀਂ ਠੀਕ ਕਹਿੰਦੇ ਹੋ, ਇਹ ਬਿਲਕੁਲ ਠੀਕ ਹੈ ਅਤੇ ਜਦੋਂ ਮੈਂ ਉਸ ਨੂੰ ਦੱਸਾਂਗਾ ਕਿ ਮੇਰੀ ਮਾਂ ਮਰ ਗਈ ਹੈ, ਉਹ ਆਪਣੇ ਆਪ ਚੁੱਪ ਹੋ ਜਾਵੇਗਾ।”

ਅਤੇ ਉਸ ਨੇ ਮਖ਼ੌਲ ਵਿੱਚ ਹੱਸਦੇ ਹੋਏ ਆਪਣੇ ਹੱਥ ਮਲ਼ੇ ਜਦੋਂ ਉਸ ਨੇ ਆਪਣੇ ਅਫ਼ਸਰ ਦੇ ਚਿਹਰੇ ਦਾ ਖ਼ਿਆਲ ਕੀਤਾ, ਜਦੋਂਕਿ ਬੁੱਢੀ ਔਰਤ ਦੀ ਲਾਸ਼ ਉੱਥੇ ਪਈ ਸੀ ਅਤੇ ਨੌਕਰ ਉਸ ਦੇ ਕੋਲ ਹੀ ਸੁੱਤੀ ਪਈ ਸੀ।

ਪ੍ਰੰਤੂ ਸ੍ਰੀਮਤੀ ਕੈਰਾਵਾਨ ਵਿਚਾਰਾਂ ਵਿੱਚ ਡੁੱਬੀ ਹੋਈ ਸੀ ਅਜਿਹੇ ਖ਼ਿਆਲਾਂ ਵਿੱਚ ਡੁੱਬੀ ਹੋਈ ਸੀ ਜਿਨ੍ਹਾਂ ਨੂੰ ਉਹ ਦੱਸਣਾ ਨਹੀਂ ਚਾਹੁੰਦੀ ਸੀ। ਪ੍ਰੰਤੂ ਆਖ਼ਰ ਉਸ ਨੇ ਕਿਹਾ :-

'ਤੁਹਾਡੀ ਮਾਂ ਨੇ ਤੁਹਾਨੂੰ ਆਪਣੀ ਘੜੀ ਦਿੱਤੀ ਹੈ, ਕੀ ਨਹੀਂ ਦਿੱਤੀ, ਕੱਪ ਅਤੇ ਬਾਲ ਨਾਲ ਖੇਡ ਰਹੀ ਲੜਕੀ?" ਉਸ ਨੇ ਇਕ ਪਲ਼ ਸੋਚਿਆ ਅਤੇ ਫਿਰ ਉੱਤਰ ਦਿੱਤਾ

'ਹਾਂ, ਹਾਂ, ਉਸ ਨੇ ਕਾਫੀ ਸਮਾਂ ਪਹਿਲਾਂ ਮੈਨੂੰ ਦੱਸਿਆ ਸੀ, ਜਦੋਂ ਉਹ ਪਹਿਲਾਂ ਪਹਿਲ ਇੱਥੇ ਆਈ ਸੀ। 'ਜੇ ਤੁਸੀਂ ਮੇਰੀ ਦੇਖਭਾਲ਼ ਚੰਗੀ ਤਰ੍ਹਾਂ ਕਰੋਗੇ, ਮੈਂ ਇਹ ਘੜੀ ਤੁਹਾਨੂੰ ਦੇ ਦੇਵਾਂਗੀ।’

ਸ੍ਰੀਮਤੀ ਕੈਰਾਵਾਨ ਨੂੰ ਮੁੜ ਭਰੋਸਾ ਆਇਆ ਤੇ ਸ਼ਾਂਤ ਹੋ ਗਈ ਅਤੇ ਕਿਹਾ :-

'ਹਾਂ, ਤਾਂ ਫਿਰ ਤੁਸੀਂ ਕਮਰੇ ਵਿੱਚੋਂ ਘੜੀ ਲੈ ਆਓ, ਕਿਉਂਕਿ ਜੇ ਤੁਹਾਡੀ ਭੈਣ ਇੱਥੇ ਆ ਗਈ ਤਾਂ ਉਹ ਸਾਨੂੰ ਨਹੀਂ ਲੈਣ ਦੇਵੇਗੀ।' ਉਹ ਝਿੜਕਿਆ ਕੀ ਤੂੰ ਇਸ ਤਰ੍ਹਾਂ ਸੋਚਦੀ ਹੈ?' ਇਸ ’ਤੇ ਉਸ ਨੂੰ ਗ਼ੁੱਸਾ ਆ ਗਿਆ।

'ਮੈਂ ਵੀ ਇਹੀ ਸੋਚਦੀ ਹਾਂ, ਜਿੰਨੀ ਛੇਤੀ ਇਹ ਸਾਡੇ ਕਬਜ਼ੇ ਵਿੱਚ ਹੋਵੇਗੀ ਉਸ ਨੂੰ ਬਿਲਕੁਲ ਪਤਾ ਨਹੀਂ ਲੱਗੇਗਾ ਕਿ ਇਹ ਕਿੱਥੋਂ ਆਈ ਹੈ, ਇਹ ਸਾਡੀ ਮਲਕੀਅਤ ਹੋਏਗੀ। ਇਹ ਉਸ ਦੇ ਕਮਰੇ ਵਿੱਚ ਸੰਗਮਰਮਰ ਦਰਾਜ਼ਾਂ ਵਾਲੀ ਪੇਟੀ ਨਾਲ ਲੱਗੀ ਹੋਈ, ਉਹ ਘੜੀ ਹੈ, ਇਹ ਉਸ ਨੇ ਮੈਨੂੰ ਇਕ ਦਿਨ ਦਿੱਤੀ ਸੀ ਜਦੋਂ ਉਹ ਖ਼ੁਸ਼ ਸੀ। ਅਸੀਂ ਇਸੇ ਸਮੇਂ ਇਸ ਨੂੰ ਹੇਠਾਂ ਲਿਆਵਾਂਗੇ।'

ਫੇਰ ਕੈਰਾਵਾਨ ਕੁਝ ਝਿਜਕਦਾ ਦਿਖਾਈ ਦਿੱਤਾ ਅਤੇ ਕਿਹਾ,

'ਪ੍ਰੰਤੂ, ਮੇਰੀ ਪਿਆਰੀ, ਇਹ ਇਕ ਭਾਰੀ ਜ਼ਿੰਮੇਵਾਰੀ ਹੈ।

ਉਹ ਗ਼ੁੱਸੇ ਵਿੱਚ ਬੋਲੀ।

ਓਹ ! ਬੇਸ਼ੱਕ ਤੁਹਾਡੇ ਸੁਭਾਅ ਵਿੱਚ ਕਦੇ ਤਬਦੀਲੀ ਨਹੀਂ ਆਵੇਗੀ? ਤੁਸੀਂ ਅਜਿਹਾ ਕਰਨ ਨਾਲੋਂ, ਆਪਣੇ ਬੱਚਿਆਂ ਨੂੰ ਭੁੱਖਾ ਮਰਨ ਦਿਓਗੇ। ਕੀ ਉਹ ਦਰਾਜ਼ਾਂ ਵਾਲੀ ਪੇਟੀ ਸਾਡੀ ਨਹੀਂ ਹੈ ਕਿਉਂਕਿ ਉਹ ਉਸ ਨੇ ਮੈਨੂੰ ਦਿੱਤੀ ਸੀ? ਅਤੇ ਜੇ ਤੁਹਾਡੀ ਭੈਣ ਨੂੰ ਤਸੱਲੀ ਨਹੀਂ ਹੈ ਤਾਂ ਉਸ ਨੂੰ ਅਜਿਹਾ ਮੈਨੂੰ ਦੱਸ ਦੇਣ ਦਿਓ। ਮੈਨੂੰ ਤੁਹਾਡੀ ਭੈਣ ਦੀ ਕੋਈ ਪ੍ਰਵਾਹ ਨਹੀਂ ਹੈ।

ਆਓ, ਉੱਠੋ, ਜੋ ਤੁਹਾਡੀ ਮਾਂ ਨੇ ਸਾਨੂੰ ਦਿੱਤਾ ਹੈ ਅਸੀਂ ਜਲਦੀ ਹੀ ਉਹ ਹੇਠਾਂ ਲਿਆਵਾਂਗੇ।"

ਕੰਬਦੇ ਹੋਏ ਅਤੇ ਨਿਢਲ ਮਹਿਸੂਸ ਕਰਦੇ ਹੋਏ ਉਹ ਬਿਸਤਰੇ ਤੋਂ ਉੱਠਿਆ ਤੇ ਆਪਣਾ ਪਜਾਮਾ ਪਾਉਣ ਲੱਗਾ ਪਰ ਉਸ ਨੇ ਉਸ ਨੂੰ ਰੋਕ ਦਿੱਤਾ :

"ਤੁਹਾਡਾ ਕੱਪੜੇ ਪਾਉਣਾ ਠੀਕ ਨਹੀਂ, ਤੁਹਾਡੀ ਪਹਿਨੀ ਹੋਈ ਹੇਠਲੀ ਪੁਸ਼ਾਕ ਹੀ ਕਾਫ਼ੀ ਹੈ, ਮੇਰਾ ਭਾਵ ਹੈ ਕਿ ਮੇਰੇ ਵਾਂਗ ਹੀ ਚੱਲੋ।"

ਦੋਵੇਂ ਆਪਣੇ ਰਾਤ ਦੇ ਕੱਪੜਿਆਂ ਵਿੱਚ ਹੀ ਕਮਰੇ ਤੋਂ ਬਾਹਰ ਆਏ ਤੇ ਬਿਲਕੁਲ ਚੁੱਪ ਚਾਪ ਉੱਪਰ ਗਏ, ਦਰਵਾਜ਼ਾ ਖੋਲ੍ਹਿਆ ਤੇ ਕਮਰੇ ਅੰਦਰ ਗਏ ਜਿੱਥੇ ਚਾਰ ਜਗਦੀਆਂ ਮੋਮਬਤੀਆਂ ਅਤੇ ਪੇਟੀ ਦੀ ਮੋਟੀ ਕਿੱਲ ਨਾਲ ਲੱਗੀ ਹੋਈ ਪਲੇਟ ਇੰਝ ਦਿਖਾਈ ਦੇ ਰਹੀ ਸੀ ਜਿਵੇਂ ਬੁੱਢੀ ਔਰਤ ਦੀ ਛਾਤੀ ਨੂੰ ਧਿਆਨ ਨਾਲ ਦੇਖ ਰਹੀ ਹੋਵੇ, ਤੇ ਰੋਜ਼ਲੀ ਆਰਾਮ ਕੁਰਸੀ 'ਤੇ ਲੱਤਾਂ ਨਿਸਾਲ ਕੇ ਢੋਅ ਲਾ ਕੇ ਪਈ ਸੀ, ਹੱਥ ਇਕੱਠੇ ਕਰਕੇ ਗੋਦੀ ਵਿੱਚ ਰੱਖੇ ਹੋਏ ਸਨ, ਤੇ ਸਿਰ ਇਕ ਪਾਸੇ ਕੀਤਾ ਹੋਇਆ ਸੀ, ਉਹ ਵੀ ਸ਼ਾਂਤ ਸੀ ਤੇ ਮੂੰਹ ਖੋਲ੍ਹ ਕੇ ਘੁਰਾੜੇ ਮਾਰ ਰਹੀ ਸੀ।

ਕੈਰਾਵਾਨ ਨੇ ਘੜੀ ਉਠਾਈ ਜੋ ਉਸ ਸਲਤਨਤ ਸਮੇਂ ਕਾਫ਼ੀ ਮਾਤਰਾ ਵਿੱਚ ਪੇਸ਼ ਕੀਤੀਆਂ ਵਡਮੁੱਲੀਆਂ ਚੀਜ਼ਾਂ ਵਿੱਚੋਂ ਇਕ ਸੀ। ਕਾਂਸੀ ਦੇ ਮੁਲੰਮੇ ਵਾਲੀ ਕੱਪ ਤੇ ਬਾਲ ਪਕੜਦੀ ਹੋਈ ਇਕ ਲੜਕੀ ਦੀ ਤਸਵੀਰ, ਅਤੇ ਬਾਲ ਦੀ ਸ਼ਕਲ ਪੈਂਡੂਲਮ ਵਰਗੀ ਸੀ।

"ਉਹ ਮੈਨੂੰ ਦਿਓ", ਉਸ ਦੀ ਪਤਨੀ ਨੇ ਕਿਹਾ,

'ਅਤੇ ਦਰਾਜ਼ਾਂ ਦਾ ਸੰਗਮਰਮਰੀ ਹਿੱਸਾ ਉਤਾਰੋ"

ਉਸ ਨੇ ਬੜੀ ਕੋਸ਼ਿਸ਼ ਨਾਲ ਸੰਗਮਰਮਰ ਨੂੰ ਚੁੱਕ ਕੇ ਆਪਣੇ ਮੋਢੇ ਉੱਤੇ ਰੱਖਿਆ ਅਤੇ ਉਹ ਕਮਰੇ ਤੋਂ ਬਾਹਰ ਚਲੇ ਗਏ। ਕੈਰਾਵਾਨ ਨੂੰ ਦਰਵਾਜ਼ੇ ਵਿੱਚੋਂ ਝੁਕਣਾ ਪਿਆ, ਅਤੇ ਹੇਠਾਂ ਜਾਣ ਵੇਲੇ ਕੰਬ ਰਿਹਾ ਸੀ, ਉਸ ਦੀ ਪਤਨੀ ਨੇ ਪਿੱਛੇ ਮੁੜ ਕੇ ਮੋਮਬੱਤੀ ਨਾਲ ਰੌਸ਼ਨੀ ਕੀਤੀ ਜੋ ਉਸ ਦੇ ਇਕ ਹੱਥ ਵਿੱਚ ਸੀ ਤੇ ਦੂਜੀ ਬਾਂਹ ਹੇਠ ਘੜੀ ਫੜੀ ਹੋਈ ਸੀ।

ਜਦੋਂ ਉਹ ਆਪਣੇ ਕਮਰੇ ਵਿੱਚ ਪਹੁੰਚੇ ਤਾਂ ਉਸ ਨੇ ਹਉਕਾ ਲਿਆ।

ਅਸੀਂ ਸਭ ਤੋਂ ਵੱਡਾ ਤੇ ਔਖਾ ਕੰਮ ਕਰ ਲਿਆ ਹੈ," ਉਸ ਨੇ ਕਿਹਾ "ਸੋ ਅਸੀਂ ਚੱਲੀਏ ਤੇ ਦੂਜੀਆਂ ਚੀਜ਼ਾਂ ਲਿਆਈਏ।"

ਪ੍ਰੰਤੂ ਦਰਾਜ਼ ਬੁੱਢੀ ਔਰਤ ਦੇ ਪਹਿਨਣ ਵਾਲੇ ਕੱਪੜਿਆਂ ਨਾਲ ਭਰੇ ਪਏ ਸਨ ਜਿਨ੍ਹਾਂ ਨੂੰ ਕਿਸੇ ਪਾਸੇ ਛੁਪਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਅਤੇ ਸ੍ਰੀਮਤੀ ਕੈਰਾਵਾਨ ਨੂੰ ਛੇਤੀ ਹੀ ਇਕ ਤਰਕੀਬ ਸੁਝੀ।

'ਜਾਓ ਅਤੇ ਬਰਾਂਡੇ ਵਿੱਚੋਂ ਇਕ ਲੱਕੜੀ ਦਾ ਸੰਦੂਕ ਲਿਆਓ ਇਹ ਕੋਈ ਲਾਭਦਾਇਕ ਨਹੀਂ ਹੈ ਅਤੇ ਅਸੀਂ ਉਸ ਨੂੰ ਇੱਥੇ ਰੱਖੀਏ।

ਅਤੇ ਜਦੋਂ ਉਹ ਇਸ ਨੂੰ ਉੱਪਰ ਲੈ ਆਇਆ ਇਕ ਤਬਦੀਲੀ ਸ਼ੁਰੂ ਹੋਈ। ਉਸ ਨੇ ਇਕ ਇਕ ਕਰਕੇ ਸਾਰੇ, ਕਾਲਰ, ਕਫ, ਸ਼ਮੀਜਾਂ, ਟੋਪੀਆਂ, ਤੇ ਹੋਰ ਸਾਰੀਆਂ ਪਹਿਨਣ ਵਾਲੀਆਂ ਚੰਗੀਆਂ ਚੀਜ਼ਾਂ ਨੂੰ ਚੁੱਕਿਆ ਜੋ ਉਸ ਬੁੱਢੀ ਔਰਤ ਦੀਆਂ ਸਨ ਜੋ ਉਨ੍ਹਾਂ ਦੇ ਪਿੱਛੇ ਪਈ ਸੀ, ਅਤੇ ਲੱਕੜੀ ਦੇ ਸੰਦੂਕ ਵਿੱਚ ਉਨ੍ਹਾਂ ਨੂੰ ਤਰਤੀਬਵਾਰ ਰੱਖਿਆ, ਅਜਿਹੇ ਤਰੀਕੇ ਨਾਲ ਕਿ ਸ੍ਰੀਮਤੀ ਬਰਾਊਕਸ ਜੋ ਸਵਰਗਵਾਸੀ ਔਰਤ ਦੀ ਦੂਜੀ ਲੜਕੀ ਸੀ ਨੂੰ ਧੋਖਾ ਦਿੱਤਾ ਜਾ ਸਕੇ ਜੋ ਅਗਲੇ ਦਿਨ ਉੱਥੇ ਆ ਰਹੀ ਸੀ।

ਜਦੋਂ ਉਨ੍ਹਾਂ ਨੇ ਸਭ ਕੁਝ ਸਮਾਪਤ ਕੀਤਾ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਸਾਰੇ ਦਰਾਜ਼ ਹੇਠਾਂ ਲਿਆਂਦੇ ਬਾਕੀ ਹਿੱਸਾ ਪਿੱਛੋਂ। ਦੋਹਾਂ ਨੇ ਇਸ ਨੂੰ ਸਿਰਿਆਂ ਤੋਂ ਪਕੜਿਆ ਹੋਇਆ ਸੀ ਕੁਝ ਸਮਾਂ ਪਹਿਲਾਂ ਇਹ ਫ਼ੈਸਲਾ ਕਰ ਸਕਦੇ ਸਨ ਕਿ ਇਹ ਕਿੱਥੇ ਸਭ ਤੋਂ ਜ਼ਿਆਦਾ ਠੀਕ ਰਹੇਗਾ, ਪਰ ਆਖ਼ਿਰ ਉਨ੍ਹਾਂ ਨੇ ਇਸ ਨੂੰ ਆਪਣੇ ਕਮਰੇ ਵਿੱਚ ਹੀ ਰੱਖ ਲਿਆ, ਖਿੜਕੀਆਂ ਵਿਚਕਾਰ ਬਿਸਤਰੇ ਦੇ ਸਾਹਮਣੇ ਰੱਖ ਲਿਆ। ਜਿਉਂ ਹੀ ਇਹ ਆਪਣੀ ਥਾਂ ਤੋਂ ਠੀਕ ਟਿਕਿਆ ਸ੍ਰੀਮਤੀ ਕੈਰਾਵਾਨ ਨੇ ਇਸ ਨੂੰ ਆਪਣੀਆਂ ਚੀਜ਼ਾਂ ਨਾਲ ਭਰ ਦਿੱਤਾ। ਘੜੀ ਨੂੰ ਖਾਣ ਵਾਲੇ ਕਮਰੇ ਵਿੱਚ ਚਿਮਨੀ ਉੱਤੇ ਰੱਖਿਆ ਗਿਆ। ਉਨ੍ਹਾਂ ਵੇਖਿਆ ਕਿ ਇਸ ਦਾ ਕੀ ਅਸਰ ਹੋਇਆ ਦੋਵੇਂ ਇਸ ਨਾਲ ਬਹੁਤ ਖ਼ੁਸ਼ ਹੋਏ ਤੇ ਇਕ ਦੂਜੇ ਨਾਲ ਸਹਿਮਤ ਸਨ ਕਿ ਇਸ ਤੋਂ ਚੰਗਾ ਹੋਰ ਕੁਝ ਨਹੀਂ ਹੈ। ਫਿਰ ਆਪਣੇ ਬਿਸਤਰੇ ਵਿੱਚ ਗਏ, ਉਸ ਨੇ ਮੋਮਬੱਤੀ ਬੁਝਦੀ ਅਤੇ ਜਲਦੀ ਹੀ ਘਰ ਵਿੱਚ ਸਾਰੇ ਜਣੇ ਸੌਂ ਗਏ।

ਜਦੋਂ ਕੈਰਾਵਾਨ ਨੇ ਦੁਬਾਰਾ ਆਪਣੀਆਂ ਅੱਖਾਂ ਖੋਲ੍ਹੀਆਂ ਕਾਫ਼ੀ ਦਿਨ ਚੜ੍ਹ ਗਿਆ ਸੀ। ਜਦੋਂ ਉਹ ਉੱਠਿਆ ਤਾਂ ਉਹ ਕੁਝ ਪਰੇਸ਼ਾਨ ਸੀ ਅਤੇ ਕੁਝ ਪਲ਼ਾਂ ਲਈ ਉਸ ਨੂੰ ਇਹ ਯਾਦ ਨਹੀਂ ਸੀ ਕਿ ਕੀ ਹੋਇਆ ਹੈ, ਜਦੋਂ ਉਸ ਨੂੰ ਯਾਦ ਆਇਆ ਤਾਂ ਉਸ ਨੇ ਬਹੁਤ ਦੁੱਖ ਮਹਿਸੂਸ ਕੀਤਾ ਤੇ ਬਿਸਤਰੇ ਤੋਂ ਇੰਝ ਉੱਠਿਆ ਜਿਵੇਂ ਫਿਰ ਚੀਕਣ ਲੱਗਾ ਹੋਵੇ। ਉਹ ਇਕ ਦਮ ਉੱਪਰਲੇ ਕਮਰੇ ਵਿੱਚ ਗਿਆ ਜਿੱਥੇ ਰੋਜ਼ਲੀ ਪਹਿਲਾਂ ਵਾਂਗ ਹਾਲੇ ਵੀ ਸੁਤੀ ਪਈ ਸੀ ਤੇ ਸਾਰੇ ਸਮੇਂ ਵਿੱਚ ਇਕ ਵਾਰ ਵੀ ਨਹੀਂ ਜਾਗੀ ਸੀ। ਉਸ ਨੇ ਉਸ ਨੂੰ ਆਪਣਾ ਕੰਮ ਕਰਨ ਲਈ ਭੇਜਿਆ, ਜਿਹੜੀਆਂ ਮੋਮਬੱਤੀਆਂ ਜਲ ਗਈਆਂ ਸਨ ਉਨ੍ਹਾਂ ਦੀ ਥਾਂ ਨਵੀਂਆਂ ਮੋਮਬੱਤੀਆਂ ਲਾਉਣ ਲਈ ਕਿਹਾ ਅਤੇ ਫਿਰ ਜ਼ਾਹਿਰ ਤੌਰ ’ਤੇ ਗੰਭੀਰ ਵਿਚਾਰ, ਜਿਹੜੇ ਧਾਰਮਿਕ ਤੇ ਦਾਰਸ਼ਨਿਕ ਥਾਂਵਾਂ ਨਾਲ ਸੰਬੰਧ ਰੱਖਦੇ ਹਨ ਜੋ ਮੌਤ ਦੇ ਸਾਹਮਣੇ ਦਰਮਿਆਨੇ ਦਿਲਾਂ ਵਾਲੇ ਲੋਕਾਂ ਨੂੰ ਔਖਾ ਕਰਦੇ ਹਨ, ਸੋਚਦੇ ਹੋਏ ਆਪਣੀ ਮਾਂ ਵੱਲ ਵੇਖਿਆ।

ਪਰ ਜਿਉਂ ਹੀ ਉਸਦੀ ਪਤਨੀ ਨੇ ਉਸ ਨੂੰ ਬੁਲਾਇਆ ਉਹ ਇਕਦਮ ਹੇਠਾਂ ਚਲਾ ਗਿਆ। ਉਸ ਨੇ ਇਕ ਸੂਚੀ ਤਿਆਰ ਕੀਤੀ ਸੀ ਕਿ ਸਵੇਰੇ ਕੀ ਕੁਝ ਕਰਨਾ ਸੀ ਜਦੋਂ ਉਸ ਨੇ ਇਹ ਵੇਖਿਆ ਤਾਂ ਉਹ ਸਹਿਮ ਹੀ ਗਿਆ।

1. ਮੇਅਰ ਦੇ ਅਫ਼ਸਰ ਨੂੰ ਮੌਤ ਦੀ ਸੂਚਨਾ ਦਿਓ।

2. ਡਾਕਟਰ ਨੂੰ ਮਿਲੋ ਜਿਸ ਨੇ ਉਸ ਦੀ ਦੇਖ ਭਾਲ ਕੀਤੀ।

3. ਤਾਬੂਤ ਲਈ ਹੁਕਮ ਦਿਓ।

4. ਚਰਚ ਨੂੰ ਸੂਚਨਾ ਭੇਜੋ

5. ਅਚਾਰਜੀ ਕੋਲ ਜਾਉ

6. ਅਖ਼ਬਾਰ ਨੂੰ ਉਸ ਦੀ ਮੌਤ ਦੀ ਸੂਚਨਾ ਦਿਓ

7. ਵਕੀਲ ਕੋਲ ਜਾਓ

8. ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਤਾਰ ਰਾਹੀਂ ਖ਼ਬਰ ਭੇਜੋ।

ਇਸ ਸਾਰੇ ਦੇ ਬਾਵਜੂਦ ਵੀ ਉੱਥੇ ਹੋਰ ਵੀ ਕਾਫ਼ੀ ਗਿਣਤੀ ਵਿੱਚ ਹੁਕਮ (ਕੰਮ) ਸਨ, ਇਸ ਕਰਕੇ ਉਸ ਨੇ ਆਪਣੀ ਟੋਪੀ ਲਈ ਅਤੇ ਬਾਹਰ ਚਲਾ ਗਿਆ। ਜਿਉਂ ਹੀ ਇਹ ਇਹ ਖ਼ਬਰ ਫੈਲੀ ਸ੍ਰੀਮਤੀ ਕੈਰਾਵਾਨ ਦੀਆਂ ਸਹੇਲੀਆਂ ਅਤੇ ਗੁਆਂਢੀ ਜਲਦੀ ਨਾਲ ਅੰਦਰ ਆਉਣੇ ਸ਼ੁਰੂ ਹੋ ਗਏ ਅਤੇ ਲਾਸ਼ ਨੂੰ ਵੇਖਣ ਦੀ ਇੱਛਾ ਪ੍ਰਗਟ ਕਰਨ ਲੱਗੇ। ਹੇਠਲੀ ਮੰਜਿਲ ’ਤੇ ਨਾਈ ਦੇ ਘਰ, ਜਦੋਂ ਉਹ ਇਕ ਗਾਹਕ ਦੀ ਹਜਾਮਤ ਕਰ ਰਿਹਾ ਸੀ ਉਸ ਸਮੇਂ ਪਤੀ ਪਤਨੀ ਵਿਚਕਾਰ ਇਸ ਮਾਮਲੇ ਸੰਬੰਧੀ ਗੱਲਬਾਤ ਹੋ ਰਹੀ ਸੀ। ਇਸਤਰੀ ਨੇ ਜੋ ਬੁਣਨ ਵਿੱਚ ਮਗਨ ਸੀ, ਕਿਹਾ "ਹਾਂ, ਇੱਥੇ ਇਕ ਘਾਟਾ ਹੈ, ਅਤੇ ਇਕ ਐਨਾ ਕੰਜੂਸ ਹੈ ਜਿੰਨਾ ਕਦੇ ਕਿਸੇ ਨੂੰ ਟੱਕਰਿਆ ਨਾ ਹੋਵੇ। ਮੈਂ ਵੀ ਉਸ ਨੂੰ ਦਿਲੋਂ ਚੰਗਾ ਨਹੀਂ ਸਮਝਦੀ ਸੀ ਪਰ ਫਿਰ ਵੀ ਮੈਨੂੰ ਉਸ ਦੀ ਹਾਲਤ ਵੇਖਣ ਲਈ ਜਾਣਾ ਚਾਹੀਦਾ ਹੈ।”

ਪਤਨੀ ਨੇ, ਜੋ ਗਾਹਕ ਦੀ ਠੋਡੀ ਤੇ ਹਜਾਮਤ ਵਾਲੀ ਕਰੀਮ ਮਲ ਰਿਹਾ ਸੀ ਕਿਹਾ :-

"ਇਹ ਹੋਰ ਅਜੀਬ ਗੱਲ ਹੈ। ਇਕ ਇਸਤਰੀ ਤੋਂ ਬਿਨਾਂ ਕੋਈ ਵੀ ਅਜਿਹੀ ਚੀਜ਼ ਸੰਬੰਧੀ ਨਹੀਂ ਸੋਚੇਗਾ। ਉਹ ਤੁਹਾਨੂੰ ਜੀਂਦੇ ਜੀ ਹੀ ਤੰਗ ਨਹੀਂ ਕਰਨਗੇ, ਪ੍ਰੰਤੂ ਉਹ ਤੁਹਾਨੂੰ ਮਰਨ ਤੋਂ ਪਿੱਛੋਂ ਵੀ ਸ਼ਾਂਤੀ ਨਹੀਂ ਬਖ਼ਸ਼ਣਗੇ।"

ਪ੍ਰੰਤੂ ਉਸ ਦੀ ਪਤਨੀ ਨੇ ਉੱਤਰ ਦਿੱਤਾ, ਮੈਂ ਤਾਂ ਜ਼ਰੂਰ ਜਾਂਦਾ ਹੈ। ਮੈਨੂੰ ਸਵੇਰ ਤੋਂ ਇਹੀ ਮਹਿਸੂਸ ਹੋ ਰਿਹਾ ਹੈ। ਜੇ ਮੈਂ ਉਸ ਨੂੰ ਨਾ ਦੇਖਾਂ ਤਾਂ ਜ਼ਿੰਦਗੀ ਭਰ ਇਹ ਸੋਚਦੀ ਰਹਾਂਗੀ, ਪਰ ਜਦੋਂ ਮੈਂ ਉਸ ਨੂੰ ਚੰਗੀ ਤਰ੍ਹਾਂ ਦੇਖ ਲਵਾਂਗੀ ਤਾਂ ਸੰਤੁਸ਼ਟ ਹੋਵਾਂਗੀ।"

ਨਾਈ ਨੇ ਆਪਣੇ ਮੋਢੇ ਹਿਲਾਏ, ਅਤੇ ਧੀਮੀ ਅਵਾਜ਼ ਵਿੱਚ ਉਸ ਸ਼ਰੀਫ਼ ਆਦਮੀ ਨੂੰ ਕਿਹਾ ਜਿਸ ਦੀ ਗੱਲ੍ਹ ਉਹ ਰਗੜ ਰਿਹਾ ਸੀ

"ਤੁਸੀਂ ਵੇਖੋ ਇਨ੍ਹਾਂ ਕੁੜੀਆਂ ਦੇ ਕਿਹੋ ਜਿਹੇ ਖ਼ਿਆਲ ਹਨ?

ਮੈਨੂੰ ਇਕ ਮੁਰਦਾ ਦੇਹ ਵੇਖ ਕੇ ਖ਼ੁਸ਼ ਨਹੀਂ ਹੋਣਾ ਚਾਹੀਦਾ।"

ਪ੍ਰੰਤੂ ਉਸ ਦੀ ਪਤਨੀ ਨੇ ਉਸ ਨੂੰ ਸੁਣਿਆ ਅਤੇ ਆਰਾਮ ਨਾਲ ਬੋਲੀ:-

"ਪਰ ਮੈਂ ਖ਼ੁਸ਼ ਹਾਂ, ਮੈਂ ਖ਼ੁਸ਼ ਹਾਂ" ਅਤੇ ਫਿਰ ਉਹ ਆਪਣਾ ਬੁਨਣਾ ਹੇਠਾਂ ਕਾਊਂਟਰ 'ਤੇ ਰੱਖਦੀ ਹੋਈ ਉੱਪਰ ਪਹਿਲੀ ਮੰਜ਼ਲ 'ਤੇ ਗਈ ਜਿੱਥੇ ਉਹ ਦੋ ਹੋਰ ਗੁਆਂਢੀਆਂ ਨੂੰ ਮਿਲੀ। ਇਹ ਹੁਣੇ ਆਏ ਸਨ ਅਤੇ ਸ੍ਰੀਮਤੀ ਕੈਰਾਵਾਨ ਨਾਲ ਇਸ ਘਟਨਾ ਸੰਬੰਧੀ ਗੱਲਬਾਤ ਕਰ ਰਹੇ ਸਨ ਜੋ ਉਨ੍ਹਾਂ ਨੂੰ ਵਿਸਥਾਰਸਹਿਤ ਦੱਸ ਰਹੀ ਸੀ। ਫਿਰ ਉਹ ਚਾਰੇ ਇਕੱਠੇ ਉਸ ਕਮਰੇ ਵਿੱਚ ਗਏ ਜਿੱਥੇ ਮੌਤ ਹੋਈ ਸੀ, ਇਸਤਰੀਆਂ, ਇਕ ਤੋਂ ਬਾਅਦ ਦੂਜੀ ਹੌਲੀ ਹੌਲੀ ਅੰਦਰ ਗਈਆਂ ਕੱਪੜਿਆਂ 'ਤੇ ਪਾਣੀ ਛਿੜਕਿਆ, ਗੋਡੇ ਟੇਕੇ ਕਰਾਸ ਦੀ ਸ਼ਕਲ ਬਣਾਈ ਅਤੇ ਉਨ੍ਹਾਂ ਨੇ ਇਕ ਪ੍ਰਾਰਥਨਾ ਕੀਤੀ ਫਿਰ ਉਹ ਉੱਠੀਆਂ ਤੇ ਕਾਫ਼ੀ ਸਮੇਂ ਤੱਕ ਲਾਸ਼ ਕੋਲ ਸਤਿਕਾਰ ਵਜੋਂ ਖੜ੍ਹੀਆਂ ਰਹੀਆਂ, ਜਦੋਂ ਸਵਰਗਵਾਸੀ ਬੁੱਢੀ ਇਸਤਰੀ ਦੀ ਨੂੰਹ ਆਪਣੇ ਮੂੰਹ 'ਤੇ ਰੁਮਾਲ ਰੱਖ ਕੇ ਵਿਖਾਵੇ ਦੇ ਤੌਰ 'ਤੇ ਸਿਸਕੀਆਂ ਭਰ ਰਹੀ ਸੀ।

ਜਦੋਂ ਉਹ ਜਾਣ ਲਈ ਮੁੜੀ ਤਾਂ ਉਸ ਨੇ ਦਰਵਾਜ਼ੇ ਨਾਲ ਮੇਰੀ ਲੂਈਸ ਅਤੇ ਫਿਲੀਪ-ਅਗਸਟੇ ਸਨ ਖੜੇ ਵੇਖੇ ਜੋ ਬੜੀ ਗੋਹ ਨਾਲ ਸਾਰੇ ਹਾਲਾਤ ਵੇਖ ਰਹੇ ਸਨ। ਫਿਰ ਉਸ ਨੇ ਆਪਣੇ ਗ਼ੁੱਸੇ ਨੂੰ ਕਾਬੂ ਵਿੱਚ ਨਾ ਰੱਖਦੀ ਹੋਈ, ਹੱਥਾਂ ਨੂੰ ਉੱਪਰ ਚੁੱਕਦੇ ਹੋਏ ਆਪਣਾ ਆਪ ਉਨ੍ਹਾਂ 'ਤੇ ਸੁੱਟਿਆ ਤੇ ਭਿਆਨਕ ਅਵਾਜ਼ ਵਿੱਚ ਚਿਲਾਈ "ਤੁਸੀਂ ਬੱਚਿਓ, "ਕੀ ਇਸ ਵਿੱਚੋਂ ਕੱਢੋਗੇ।"

ਦਸਾਂ ਮਿੰਟਾਂ ਪਿੱਛੋਂ ਅਚਾਨਕ ਹੋਰਨਾਂ ਗੁਆਂਢੀਆਂ ਨਾਲ ਉਹ ਉੱਪਰ ਗਈ, ਪ੍ਰਾਰਥਨਾ ਕੀਤੀ, ਖੁੱਲ੍ਹ ਕੇ ਰੋਈ ਤੇ ਸਾਰੇ ਕਰਤੱਵ ਨਿਭਾਏ, ਅਤੇ ਦੁਬਾਰਾ ਬੱਚਿਆਂ ਨੂੰ ਆਪਣੇ ਪਿੱਛੇ ਉੱਪਰ ਜਾਣ ਤੋਂ ਰੋਕਿਆ। ਉਨ੍ਹਾਂ ਦੇ ਕੰਨਾਂ 'ਤੇ ਉਸ ਨੇ ਚਾਂਟੇ ਮਾਰੇ। ਪ੍ਰੰਤੂ ਉਸ ਤੋਂ ਬਾਅਦ ਉਸ ਨੇ ਉਨ੍ਹਾਂ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਅਫ਼ਸੋਸ ਕਰਨ ਲਈ ਹੋਰ ਆਉਣ ਵਾਲੇ ਉੱਪਰ ਕੋਠੇ ਵਿੱਚ ਇਕੱਠੇ ਸਨ ਉਨ੍ਹਾਂ ਦੇ ਵਿਰਲਾਪ ਵਿੱਚ ਦੋ ਲੜਕਿਆਂ ਨੇ ਉਨ੍ਹਾਂ ਵਾਂਗ ਹੀ ਕੀਤਾ ਤੇ ਆਪਣੀ ਮਾਂ ਦੀ ਪੂਰੀ ਨਕਲ ਕੀਤੀ ਜਿਵੇਂ ਉਨ੍ਹਾਂ ਨੇ ਵੇਖਿਆ।

ਸ਼ਾਮ ਨੂੰ ਕਾਫ਼ੀ ਲੋਕਾਂ ਦੀ ਭੀੜ ਘਟਣੀ ਸ਼ੁਰੂ ਹੋਈ ਅਤੇ ਜਲਦੀ ਹੀ ਉੱਥੇ ਕੋਈ ਆਉਣ ਵਾਲਾ ਨਾ ਰਿਹਾ। ਸ੍ਰੀਮਤੀ ਕੈਰਾਵਾਨ ਆਪਣੇ ਕਮਰੇ ਵੱਲ ਮੁੜਦੀ ਹੋਈ ਦਫ਼ਨਾਉਣ ਲਈ ਜ਼ਰੂਰੀ ਤਿਆਰੀਆਂ ਕਰਨ ਲੱਗੀ ਅਤੇ ਲਾਸ਼ ਨੂੰ ਇਕੱਲਾ ਛੱਡ ਦਿੱਤਾ ਗਿਆ।

ਕਮਰੇ ਦੀ ਖਿੜਕੀ ਖੁੱਲ੍ਹੀ ਸੀ। ਮਿੱਟੀ ਘੱਟੇ ਨਾਲ ਤੇਜ਼ ਗਰਮ ਹਵਾ ਅੰਦਰ ਆਈ, ਚੋਹਾਂ ਮੋਮਬਤੀਆਂ ਦੀਆਂ ਲਾਟਾਂ ਮ੍ਰਿਤਕ ਸਰੀਰ 'ਤੇ ਟਿਮਟਿਮਾ ਰਹੀਆਂ ਸਨ ਅਤੇ ਉਸ ਕੱਪੜੇ 'ਤੇ, ਜਿਸ ਨਾਲ ਉਸ ਦਾ ਮੂੰਹ ਢਕਿਆ ਹੋਇਆ ਸੀ, ਉਸ ਦੀਆਂ ਅੱਖਾਂ ਬੰਦ ਸਨ, ਦੋਵੇਂ ਹੱਥ ਖਿੱਚ ਕੇ ਸਿੱਧੇ ਕੀਤੇ ਹੋਏ ਸਨ ਅਤੇ ਛੋਟੀਆਂ ਚਮਕਦੀਆਂ ਮੱਖੀਆਂ ਆਈਆਂ ਤੇ ਲਗਾਤਾਰ ਇਕ ਘੰਟਾ ਬੁੱਢੀ ਔਰਤ ਤੋਂ ਮ੍ਰਿਤਕ ਸਰੀਰ ਦੇ ਉੱਪਰ ਭਿਣਕਦੀਆਂ ਰਹੀਆਂ।

ਮੇਰੀ-ਲੂਈਸ ਅਤੇ ਫਿਲੀਪ ਅਗਸਟੇ ਜਿਵੇਂ ਵੀ ਹੋਇਆ ਹੁਣ ਕਮਰੇ ਤੋਂ ਬਾਹਰ ਚਲੇ ਗਏ ਅਤੇ ਗ਼ਲੀ ਵਿੱਚ ਇੱਧਰ ਉੱਧਰ ਦੌੜ ਰਹੇ ਸਨ। ਜਲਦੀ ਹੀ ਉਹ ਆਪਣੇ ਖਿਡਾਰੀ ਸਾਥੀਆਂ ਨਾਲ ਮਿਲ ਗਏ ਛੋਟੀਆਂ ਲੜਕੀਆਂ ਅਤੇ ਵਿਸ਼ੇਸ਼

ਕਰਕੇ ਜੋ ਵੱਡੀਆਂ ਸਨ ਅਤੇ ਜੋ ਜ਼ਿੰਦਗੀ ਦੇ ਰਹੱਸ ਵਿੱਚ ਦਿਲਚਸਪੀ ਰੱਖਦੀਆਂ ਸਨ ਉਨ੍ਹਾਂ ਨੇ ਵੱਡੇ ਬੰਦਿਆਂ ਵਾਂਗੂ ਸੁਆਲ ਪੁੱਛੇ।

"ਫਿਰ ਤੁਹਾਡੀ ਦਾਦੀ, ਮਰ ਗਈ ਹੈ?

"ਹਾਂ, ਉਹ ਕੱਲ੍ਹ ਸ਼ਾਮ ਨੂੰ ਮਰ ਗਈ ਸੀ।"

"ਕਿਵੇਂ ਅਤੇ ਕਿਸ ਤਰੀਕੇ ਨਾਲ ਉਸ ਦੀ ਮੌਤ ਹੋਈ?' ਫਿਰ ਮੇਰੀ ਨੇ ਮੋਮਬਤੀਆਂ ਤੇ ਮੁਰਦਾ ਚਿਹਰੇ ਬਾਰੇ ਹੋਰ ਦੱਸਣਾ ਸ਼ੁਰੂ ਕੀਤਾ। ਥੋੜ੍ਹੀ ਦੇਰ ਤੋਂ ਸਾਰੇ ਬੱਚਿਆਂ ਦੇ ਹਿਰਦਿਆਂ ਵਿੱਚ ਕਾਫ਼ੀ ਉਤਸੁਕਤਾ ਪੈਦਾ ਹੋ ਰਹੀ ਸੀ, ਅਤੇ ਉਨ੍ਹਾਂ ਨੇ ਉੱਪਰ ਜਾ ਕੇ ਵਿੱਛੜੀ ਰੂਹ ਨੂੰ ਵੇਖਣ ਦੀ ਆਗਿਆ ਮੰਗੀ।

ਫਿਰ ਮੇਰੀ ਲੁਈਸ ਨੇ ਪਹਿਲੀ ਮੁਲਾਕਾਤ ਲਈ ਪਾਰਟੀ ਦਾ ਪ੍ਰਬੰਧ ਕੀਤਾ ਜਿਸ ਵਿੱਚ ਪੰਜ ਲੜਕੀਆਂ ਅਤੇ ਦੋ ਲੜਕੇ ਸ਼ਾਮਲ ਸਨ- ਜੋ ਵੱਡੇ ਅਤੇ ਬਹੁਤ ਹੌਂਸਲੇ ਵਾਲੇ ਸਨ। ਉਸ ਨੇ ਉਨ੍ਹਾਂ ਨੂੰ ਆਪਣੇ ਜੁੱਤੇ ਉਤਾਰਨ ਲਈ ਕਿਹਾ ਤਾਂ ਕਿ ਉਨ੍ਹਾਂ ਦੀ ਪਛਾਣ ਨਾ ਹੋ ਜਾਏ। ਸਾਰਾ ਜੱਥਾ ਘਰ ਵਿੱਚ ਇਕੱਠਾ ਹੋਇਆ ਇੰਞ ਚੁੱਪ ਕਰਕੇ ਉੱਪਰ ਚੜ੍ਹਿਆ ਜਿਵੇਂ ਚੂਹਿਆਂ ਦੀ ਫ਼ੌਜ ਹੋਵੇ।

ਕਮਰੇ ਵਿੱਚ ਛੋਟੀ ਲੜਕੀ ਆਪਣੀ ਮਾਂ ਰੀਸ ਕਰਕੇ ਸਾਰੀ ਰਵਾਇਤ ਪੂਰੀ ਕੀਤੀ ਸੀ। ਉਹ ਮਰਿਆਦਾ ਪੂਰਵਕ ਆਪਣੇ ਸਾਥੀਆਂ ਦੇ ਅੱਗੇ ਅੱਗੇ ਚੱਲੀ, ਗੋਡਿਆਂ ਪਰਨੇ ਹੋਈ ਤੇ, 'ਕਰਾਸ' ਦੀ ਸ਼ਕਲ ਬਣਾਈ ਅਤੇ ਪਾਣੀ ਦੇ ਕੁਝ ਤੁਪਕਿਆਂ ਨਾਲ ਮ੍ਰਿਤਕ ਸਰੀਰ ਦੇ ਬੁੱਲ੍ਹ ਗਿੱਲੇ ਕੀਤੇ, ਫਿਰ ਖੜੀ ਹੋਈ, ਬਿਸਤਰੇ ’ਤੇ ਪਾਣੀ ਦੇ ਛਿੱਟੇ ਮਾਰੇ, ਜਦੋਂਕਿ ਸਾਰੇ ਬੱਚੇ ਡਰੇ ਹੋਏ, ਉਤਸੁਕ ਅਤੇ ਸਵਰਗੀ ਦੇ ਹੱਥ ਮੂੰਹ ਦੇਖਣ ਲਈ ਬੜੇ ਉਤਾਵਲੇ ਇਕੱਠੇ ਹੋ ਗਏ—ਉਸ ਨੇ ਅਚਾਨਕ ਸਿਸਕੀਆਂ ਭਰਨੀਆਂ ਤੇ ਆਪਣਾ ਛੋਟਾ ਜਿਹਾ ਰੁਮਾਲ ਅੱਖਾਂ ਅੱਗੇ ਰੱਖਣਾ ਸ਼ੁਰੂ ਕੀਤਾ। ਫਿਰ ਇਕ ਦਮ ਦੂਜੇ ਬੱਚਿਆਂ ਸੰਬੰਧੀ ਸੋਚ ਕੇ ਜੋ ਹੇਠਾਂ ਦਰਵਾਜ਼ੇ ’ਤੇ ਖੜੇ ਉਡੀਕ ਰਹੇ ਸਨ ਚੁੱਪ ਕਰ ਗਈ ਉਹ ਕਾਹਲੀ ਨਾਲ ਗਈ ਤੇ ਇਕ ਮਿੰਟ ਵਿੱਚ ਹੀ ਦੂਜੇ ਗਰੁੱਪ ਨਾਲ ਮੁੜੀ, ਫਿਰ ਤੀਜਾ, ਇਸ ਤਰ੍ਹਾਂ ਸਾਰੇ ਗੁਆਂਢ ਦੇ ਛੋਟੇ ਬੱਚੇ ਇੱਥੋਂ ਤੱਕ ਕਿ ਪਾਟੇ ਹੋਏ ਚੀਥੜਿਆਂ ਵਿੱਚ ਛੋਟੇ ਭਿਖਾਰੀ ਵੀ

ਇਸ ਨਵੀਂ ਖ਼ੁਸ਼ੀ ਵਿੱਚ ਸ਼ਾਮਲ ਹੋਣ ਲਈ ਇਕੱਠੇ ਹੋਏ। ਹਰ ਸਮੇਂ ਉਸ ਨੇ ਆਪਣੀ ਮਾਂ ਦੀਆਂ ਬਿਲਕੁਲ ਠੀਕ ਨਕਲਾਂ ਉਤਾਰੀਆਂ।

ਆਖ਼ਰਕਾਰ, ਉਹ ਇਸ ਤੋਂ ਥੱਕ ਗਈ। ਕਿਸੇ ਖੇਡਦੀ ਖਿੱਚ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਸਾਰੇ ਬੱਚੇ ਘਰੋਂ ਬਾਹਰ ਗਏ, ਬਜ਼ੁਰਗ ਦਾਦੀ ਇਕੱਲੀ ਰਹਿ ਗਈ ਅਤੇ ਉਸ ਵੱਲ ਕਿਸੇ ਦਾ ਖ਼ਿਆਲ ਨਹੀਂ ਸੀ।

ਕਮਰੇ ਵਿੱਚ ਇਕ ਭਿਆਨਕ, ਉਦਾਸੀ ਛਾ ਗਈ, ਅਤੇ ਕੁਝ ਮੋਮਬੱਤੀਆਂ ਦੀਆਂ ਬੁਝ ਰਹੀਆਂ ਲਾਟਾਂ ਦੀ ਰੌਸ਼ਨੀ, ਕਦੇ ਕਦੇ ਉਸ ਮੁਰਝਾਏ ਤੇ ਆਕੜੇ ਮ੍ਰਿਤਕ ਸਰੀਰ ’ਤੇ ਪੈ ਰਹੀ ਸੀ।

ਅੱਠ ਵਜੋਂ ਦੇ ਨੇੜੇ ਕੈਰਾਵਾਨ ਮ੍ਰਿਤਕ ਦੇ ਕਮਰੇ ਵਿੱਚ ਆਇਆ ਖਿੜਕੀਆਂ ਬੰਦ ਕੀਤੀਆਂ, ਅਤੇ ਮੋਮਬੱਤੀਆਂ ਜਗਾਈਆਂ ਅੰਦਰ ਆਉਣ ਸਮੇਂ ਹੁਣ ਉਹ ਬਿਲਕੁਲ ਫ਼ਿਕਰਮੰਦ ਨਹੀਂ ਸੀ ਲਾਸ਼ ਦਾ ਆਦੀ ਹੋ ਗਿਆ ਸੀ ਜਿਵੇਂ ਕਿ ਉਹ ਇਕ ਮਹੀਨੇ ਤੋਂ ਹੀ ਉੱਥੇ ਹੋਵੇ। ਉਹ ਹਾਲੇ ਵੀ ਇਹੀ ਦੱਸ ਰਿਹਾ ਸੀ, ਕਿ ਉੱਥੇ ਸੜਨ ਦਾ ਕੋਈ ਨਿਸ਼ਾਨ ਨਹੀਂ ਸੀ, ਇਹ ਉਹ ਉਸ ਸਮੇਂ ਕਹਿ ਰਿਹਾ ਸੀ ਜਦੋਂ ਉਹ ਤੇ ਉਸ ਦੀ ਪਤਨੀ ਮੇਜ਼ ਤੇ ਬੈਠਣ ਲੱਗੇ ਸਨ, “ਛੀ ਛੀ, ! ਉਸ ਨੇ ਉੱਤਰ ਦਿੱਤਾ," ਉਹ ਲੱਕੜ ਦੀ ਬਣੀ ਹੋਈ ਹੈ ਉਹ ਇਕ ਸਾਲ ਲਈ ਰਹਿ ਸਕਦੀ ਹੈ। ਸੂਪ ਖਾਣ ਸਮੇਂ ਕੋਈ ਵੀ ਨਾ ਬੋਲਿਆ। ਬੱਚੇ ਜੋ ਸਾਰਾ ਦਿਨ ਅਜ਼ਾਦ ਸਨ, ਹੁਣ ਉਹ ਬਨਾਵਟ ਨਾਲ ਚੂਰ ਹੋ ਗਏ ਸਨ ਤੇ ਆਪਣੀਆਂ ਕੁਰਸੀਆਂ ’ਤੇ ਗੂੜ੍ਹੀ ਨੀਂਦ ਸੌਂ ਰਹੇ ਸਨ ਅਤੇ ਇਸ ਚੁੱਪ ਨੂੰ ਤੋੜਨ ਦੀ ਕਿਸੇ ਵਿੱਚ ਵੀ ਹਿੰਮਤ ਨਹੀਂ ਸੀ।

ਅਚਾਨਕ ਲੈਂਪ ਦੀ ਰੌਸ਼ਨੀ ਮੱਧਮ ਹੋ ਗਈ। ਸ੍ਰੀਮਤੀ ਕੈਰਾਵਾਨ ਨੇ ਛੇਤੀ ਨਾਲ ਬੱਤੀ ਉੱਪਰ ਕੀਤੀ, ਇਕ ਲੰਮੀ ਸੜ ਸੜ ਦੀ ਅਵਾਜ਼ ਆਈ ਤੇ ਰੌਸ਼ਨੀ ਬੁਝ ਗਈ। ਦਿਨ ਵਿੱਚ ਉਹ ਤੇਲ ਖ਼ਰੀਦਣਾ ਭੁੱਲ ਗਈ ਸੀ ਹੁਣ ਪਨਸਾਰੀ ਤੋਂ ਲੈਣ ਲਈ ਜਾਣ ਨਾਲ ਰਾਤ ਦਾ ਖਾਣਾ ਪਿੱਛੇ ਪੈਂਦਾ ਸੀ ਤੇ ਹਰ ਇਕ ਨੇ ਮੋਮਬੱਤੀ ਦੀ ਭਾਲ ਸ਼ੁਰੂ ਕੀਤੀ। ਪਰ ਸਿਵਾਏ ਰਾਤ ਦੀਆਂ ਬੱਤੀਆਂ ਦੇ ਕੁਝ ਵੀ ਨਾ ਲੱਭਾ, ਜੋ ਮ੍ਰਿਤਕ ਦੇ ਕਮਰੇ ਵਿੱਚ ਉਪਰ ਮੇਜ਼ ’ਤੇ ਪਈਆਂ ਸਨ।

ਸ੍ਰੀਮਤੀ ਕੈਰਾਵਾਨ ਹਮੇਸ਼ਾ ਫ਼ੈਸਲਾ ਲੈਣ ਵਿੱਚ ਫੁਰਤੀ ਦਿਖਾਉਂਦੀ ਸੀ, ਉਸ ਨੇ ਛੇਤੀ ਨਾਲ ਮੇਰੀ ਲੂਈਸ ਨੂੰ ਦੋ ਮੋਮਬੱਤੀਆਂ ਲਿਆਉਣ ਲਈ ਭੇਜਿਆ ਤੇ ਘੁੱਪ ਹਨੇਰੇ ਵਿੱਚ ਉਸ ਦੀ ਉਡੀਕ ਹੋ ਰਹੀ ਸੀ।

ਲੜਕੀ ਦੇ ਕਦਮਾਂ ਦੀ ਆਵਾਜ਼ ਜੋ ਉੱਪਰ ਚੜ੍ਹ ਰਹੀ ਸੀ ਇਕ ਅਜੀਬ ਤਰ੍ਹਾਂ ਸੁਣਾਈ ਦੇ ਰਹੀ ਸੀ। ਫਿਰ ਕੁਝ ਸਕਿੰਟਾਂ ਲਈ ਚੁੱਪ ਵਰਤ ਗਈ ਤੇ ਫਿਰ ਬੱਚਾ ਕਾਹਲੀ ਨਾਲ ਹੇਠਾਂ ਉਤਰਿਆ। ਉਸ ਨੇ ਡਰਦੇ ਹੋਏ ਦਰਵਾਜ਼ਾ ਖੋਲ੍ਹਿਆ ਤੇ ਰੁਕਦੀ ਹੋਈ ਆਵਾਜ਼ ਵਿੱਚ ਬੁੜਬੁੜਾਈ 'ਓ। ਪਾਪਾ, ਦਾਦੀ ਮਾਂ ਕੱਪੜੇ ਪਹਿਨ ਕੇ ਤਿਆਰ ਹੋ ਰਹੀ ਹੈ।

ਕੈਰਾਵਾਨ ਐਨੀ ਕਾਹਲੀ ਨਾਲ ਕਦਮ ਰੱਖ ਰਿਹਾ ਸੀ ਕਿ ਉਸ ਦੀ ਕੁਰਸੀ ਉੱਲਟ ਕੇ ਦੂਜੀ ਕੁਰਸੀ ਨਾਲ ਟਕਰਾ ਗਈ। ਉਹ ਥਥਲਾ ਕੇ ਬੋਲਿਆ : 'ਕੀ ਕਿਹਾ? ਤੁਸੀਂ ਕੀ ਕਹਿੰਦੇ ਹੋ? ਪਰ ਮੇਰੀ ਲੂਈਸ ਜੋ ਘਬਰਾ ਕੇ ਹਟਕੋਰੇ ਲੈ ਰਹੀ ਸੀ ਨੇ ਦੋਬਾਰਾ ਕਿਹਾ। 'ਦਾਦੀ-ਦਾਦੀ-ਦਾਦੀ ਮਾਂ, ਆਪਣੇ ਕੱਪੜੇ ਪਾ ਰਹੀ ਹੈ, ਅਤੇ ਹੇਠਾਂ ਆ ਰਹੀ ਹੈ।

ਕੈਰਾਵਾਨ ਹੌਸਲੇ ਨਾਲ ਚੁੱਪਚਾਪ ਉੱਪਰ ਦੌੜਿਆਂ ਤੇ ਉਸ ਦੀ ਪਤਨੀ ਉਸ ਦੇ ਪਿੱਛੇ ਜਾਣ ਲੱਗੀ, ਘਬਰਾਇਆ ਹੋਇਆ ਕਮਰੇ ਦੇ ਦਰਵਾਜ਼ੇ ’ਤੇ ਆਇਆ, ਉਸ ਵਿੱਚ ਕਮਰੇ ਅੰਦਰ ਦਾਖ਼ਲ ਹੋਣ ਦੀ ਹਿੰਮਤ ਨਹੀਂ ਸੀ। ਉਹ ਕੀ ਦੇਖਣ ਜਾ ਰਿਹਾ ਸੀ? ਸ੍ਰੀਮਤੀ ਕੈਰਾਵਾਨ ਨੇ ਜ਼ਿਆਦਾ ਹੌਸਲੇ ਨਾਲ ਦਰਵਾਜ਼ੇ ਦਾ ਹੈਂਡਲ ਮੋੜਿਆਂ ਤੇ ਕਮਰੇ ਅੰਦਰ ਕਦਮ ਵਧਾਏ।

ਕਮਰੇ ਅੰਦਰ ਹਨੇਰਾ ਦਿਖਾਈ ਦਿੱਤਾ ਅਤੇ ਵਿਚਕਾਰ ਕਰਕੇ ਇਕ ਸੁਕੜੀ, ਲੰਬੀ ਸ਼ਕਲ ਘੁੰਮ ਰਹੀ ਸੀ। ਬੁੱਢੀ ਔਰਤ ਸਿੱਧੀ ਖੜ੍ਹੀ ਸੀ, ਅਤੇ ਡੂੰਘੀ ਨੀਂਦ ਤੋਂ ਜਾਗ ਰਹੀ ਸੀ, ਉਸ ਨੂੰ ਹਾਲੇ ਪੂਰੀ ਹੋਸ਼ ਨਹੀਂ ਆਈ ਸੀ; ਉਹ ਕਰਵੱਟ ਲੈਂਦੀ ਹੋਈ ਕੂਹਣੀ ਭਾਰ ਉੱਠ ਰਹੀ ਸੀ, ਉਸਨੇ ਤਿੰਨ ਮੋਮਬੱਤੀਆਂ ਬੁਝਾ ਦਿੱਤੀਆਂ ਸਨ ਜੋ ਮੁਰਦਾ ਦੇਹ ਦੇ ਮੰਜੇ ਕੱਲ੍ਹ ਬਲਦੀਆਂ ਸਨ। ਫਿਰ ਉਹ ਤਾਕਤ ਮਹਿਸੂਸ ਕਰਦੀ ਹੋਈ, ਬਿਸਤਰੇ ਤੋਂ ਉੱਠੀ ਅਤੇ ਆਪਣੀਆਂ ਚੀਜ਼ਾਂ ਲੱਭਣੀਆਂ ਸ਼ੁਰੂ

ਕੀਤੀਆਂ। ਸਭ ਤੋਂ ਪਹਿਲਾਂ ਜਦੋਂ ਉਸ ਨੂੰ ਪੇਟੀ ਨਜ਼ਰ ਨਾ ਆਈ ਤਾਂ ਦੁੱਖ ਹੋਇਆ, ਪਰ ਇਕ ਪ਼ਲ ਪਿੱਛੋਂ ਲੱਕੜੀ ਦੇ ਟਰੰਕ ਵਿੱਚੋਂ ਚੀਜ਼ਾਂ ਮਿਲ ਗਈਆਂ ਅਤੇ ਹੁਣ ਉਹ ਆਰਮ ਨਾਲ ਕੱਪੜੇ ਪਾ ਰਹੀ ਸੀ। ਉਸ ਨੇ ਲੂਣ ਵਾਲੇ ਪਾਣੀ ਦੀ ਭਰੀ ਹੋਈ ਪਲੇਟ ਨੂੰ ਖ਼ਾਲੀ ਕੀਤਾ ਅਤੇ ਸੰਦੂਕ ਨੂੰ ਉੱਥੋਂ ਚੁੱਕਿਆ ਜੋ ਸ਼ੀਸ਼ੇ ਦੇ ਪਿੱਛੇ ਪਿਆ ਸੀ, ਕੁਰਸੀਆਂ ਨੂੰ ਠੀਕ ਟਿਕਾਣਿਆਂ ’ਤੇ ਰੱਖਿਆ ਅਤੇ ਹੇਠਾਂ ਜਾਣ ਲਈ ਤਿਆਰ ਹੀ ਸੀ ਜਦੋਂ ਉਸ ਦਾ ਲੜਕਾ ਤੇ ਨੂੰਹ ਆ ਪਹੁੰਚੇ।

ਕੈਰਾਵਾਨ ਅੱਗੇ ਵਧਿਆ ਅਤੇ ਉਸ ਨੂੰ ਹੱਥਾਂ ਤੋਂ ਪਕੜ ਕੇ ਜੱਫੀ ਵਿੱਚ ਲਿਆ, ਉਸ ਦੀਆਂ ਅੱਖਾਂ ਵਿੱਚ ਅੱਥਰੂ ਆਏ ਹੋਏ ਸਨ, ਜਦੋਂਕਿ ਉਸ ਦੀ ਪਤਨੀ ਜੋ ਉਸ ਦੇ ਪਿੱਛੇ ਸੀ, ਨੇ ਫਫੇਕੁਟਣੀ ਵਾਲੀ ਆਵਾਜ਼ ਵਿੱਚ ਕਿਹਾ, "ਉਹ, ਕਿੰਨੀ ਮਿਹਰ ਹੋਈ ਹੈ। ਉਹ, ਕਿੰਨੀ ਮਿਹਰ ਹੋਈ ਹੈ।"

ਪਰ ਉਹ ਬੁੱਢੀ ਔਰਤ ਬਿਲਕੁਲ ਨਾ ਹਿੱਲੀ, ਉਹ ਇਕ ਬੁੱਤ ਵਾਂਗ ਸਥਿਰ ਸੀ, ਅੱਖਾਂ ਪਥਰਾਈਆਂ ਹੋਈਆਂ ਸਨ, ਬੱਸ ਉਸ ਨੇ ਇਨ੍ਹਾਂ ਹੀ ਕਿਹਾ “ਕੀ ਰਾਤ ਦਾ ਖਾਣਾ ਜਲਦੀ ਤਿਆਰ ਹੋਏਗਾ?'

“ਉਹ ਨਾ ਜਾਣਦੇ ਹੋਏ ਕਿ ਉਸ ਨੇ ਕੀ ਕਿਹਾ ਬੁੜਬੁੜਾਇਆ ਉਹ ਹਾਂ, ਮਾਂ ਅਸੀਂ ਤੁਹਾਡੀ ਉਡੀਕ ਕਰ ਰਹੇ ਹਾਂ; ਅਤੇ ਉਸ ਨੇ ਇਕ ਵਿਸ਼ੇਸ਼ ਚੁਸਤੀ ਨਾਲ ਉਸ ਨੂੰ ਬਾਂਹਾਂ ਤੋਂ ਪਕੜਿਆ, ਅਤੇ ਸ੍ਰੀਮਤੀ ਕੈਰਾਵਾਨ ਨੇ ਮੋਮਬੱਤੀ ਫੜੀ ਤੇ ਉਨ੍ਹਾਂ ਨੂੰ ਹੇਠਾਂ ਜਾਣ ਲਈ ਰੌਸ਼ਨੀ ਦਿਖਾਈ, ਤੇ ਉਹ ਇੰਝ ਪਿੱਛੇ ਪਿੱਛੇ ਕਦਮ ਰੱਖ ਰਹੀ ਸੀ ਜਿਵੇਂ ਉਸ ਨੇ ਪਿਛਲੀ ਰਾਤ ਕੀਤਾ ਸੀ ਜਦੋਂ ਉਸ ਦਾ ਪਤੀ ਸੰਗਮਰਮਰ ਹੇਠਾਂ ਲਿਆ ਰਿਹਾ ਸੀ।

ਪਹਿਲੀ ਮੰਜ਼ਲ ’ਤੇ ਪਹੁੰਚਦੇ ਸਾਰ, ਉਹ ਉਹਨਾਂ ਲੋਕਾਂ ਵੱਲ ਗਈ ਜੋ ਆ ਰਹੇ ਸਨ। ਇਹ ਚੇਰਟਨ ਪਰਵਾਰ ਸੀ, ਆਪਣੇ ਪਤੀ ਦੇ ਪਿੱਛੇ ਸ੍ਰੀਮਤੀ ਬਰੁਕਸ ਸੀ। ਪਤਨੀ ਜੋ ਲੰਬੀ ਤੇ ਮੋਟੀ ਸੀ, ਨੇ ਆਪਣੀਆਂ ਅਚੰਭਿਤ ਅੱਖਾਂ ਖੋਲ੍ਹੀਆਂ ਤੇ ਭੱਜਣ ਲਈ ਤਿਆਰ ਸੀ। ਪਤੀ ਇਕ ਜੁੱਤੇ ਤਿਆਰ ਕਰਨ ਵਾਲਾ

ਸਮਾਜਵਾਦੀ ਤੇ ਛੋਟੇ ਵਾਲ਼ਾਂ ਵਾਲਾ ਆਦਮੀ ਸੀ, ਬੰਦਰ ਦੀ ਸ਼ਕਲ ਵਾਂਗ ਬੇਤੁਕਾ ਹੀ ਬੁੜਬੁੜਾਇਆ, "ਹਾਂ, ਹੋਰ ਕੀ? ਕੀ ਉਹ ਪੁਨਰ-ਜੀਵਤ ਹੋ ਗਈ ਹੈ?"

ਜਿਉਂ ਹੀ ਸ੍ਰੀਮਤੀ ਕੈਰਾਵਾਨ ਨੇ ਉਹਨਾਂ ਨੂੰ ਪਛਾਣ ਲਿਆ, ਉਸਨੇ ਉਨ੍ਹਾਂ ਸਾਹਮਣੇ ਨਿਰਾਸ਼ਤਾ ਪ੍ਰਗਟ ਕੀਤੀ, ਫਿਰ ਉੱਚੀ ਬੋਲਦੇ ਹੋਏ ਕਿਹਾ, ਰੱਬ ਦੀ ਮਿਹਰ ਹੋਈ ਹੈ ! "ਤੁਹਾਡਾ ਕੀ ਖ਼ਿਆਲ ਹੈ? ਉੱਧਰ ਦੇਖੋ ! ਕਿਤਨੀ ਹੈਰਾਨੀ ਵਾਲੀ ਗੱਲ ਹੈ।"

ਪ੍ਰੰਤੂ ਸ੍ਰੀਮਤੀ ਬਰਾਊਕਸ ਕੁਝ ਨਾ ਸਮਝੀ ਤੇ ਚੁੱਪ ਖੜੀ ਰਹੀ। ਉਸ ਨੇ ਧੀਮੀ ਆਵਾਜ਼ ਵਿੱਚ ਉਤਰ ਦਿੱਤਾ। "ਇਹ ਤੁਹਾਡੀ ਹੀ ਚਿੱਠੀ ਸੀ ਜਿਸ ਕਰਕੇ ਸਾਨੂੰ ਇੱਥੇ ਆਉਣਾ ਪਿਆ, ਅਸੀਂ ਵਿਸ਼ਵਾਸ ਕੀਤਾ ਕਿ ਬੁੱਢੀ ਮਰ ਗਈ ਹੈ।”

ਉਸ ਦੇ ਪਤੀ ਨੇ ਜੋ ਉਸ ਦੇ ਪਿੱਛੇ ਸੀ, ਉਸ ਨੂੰ ਚਾਂਦੀ ਵੱਢ ਕੇ ਚੁੱਪ ਰਹਿਣ ਲਈ ਕਿਹਾ। ਉਹ ਵੈਰ ਭਾਵਨਾ ਨਾਲ ਹੱਸਿਆ ਜਿਸ ਨੂੰ ਉਸ ਦੀ ਭਰਵੀਂ ਦਾੜ੍ਹੀ ਨੇ ਢੱਕ ਲਿਆ, ਕਿਹਾ: ਤੁਸੀਂ ਸਾਨੂੰ ਇੱਥੇ ਬੁਲਾ ਕੇ ਬਹੁਤ ਮਿਹਰਬਾਨੀ ਕੀਤੀ ਹੈ। ਮੇਲ ਤਾਂ ਹੋ ਗਿਆ-ਇਕ ਅਜਿਹੀ ਗੱਲ ਜਿਸ ਤੋਂ ਦੋਵੇਂ ਘਰਾਂ ਵਿਚਕਾਰ ਕਾਫ਼ੀ ਸਮੇਂ ਤੋਂ ਪੈਦਾ ਹੋਈ, ਵਿਰੋਧਤਾ ਦਾ ਪਤਾ ਲੱਗਦਾ ਹੈ। ਫਿਰ, ਜਿਉਂ ਹੀ ਬੁੱਢੀ ਇਸਤਰੀ ਹੇਠਲੀਆਂ ਪੌੜੀਆਂ ਤੱਕ ਪਹੁੰਚੀ ਉਹ ਛੇਤੀ ਨਾਲ ਅੱਗੇ ਵਧਿਆ ਅਤੇ ਚਿਹਰੇ ਦੇ ਵਾਲ਼ ਉਸ ਦੀਆਂ ਗਲ੍ਹਾਂ ਨਾਲ ਘਸਾਉਂਦਿਆਂ, ਉਸ ਨੂੰ ਘੱਟ ਸੁਣਦਾ ਹੋਣ ਕਰਕੇ ਉੱਚੀ ਆਵਾਜ਼ ਵਿੱਚ ਕੰਨ ਵਿੱਚ ਕਿਹਾ 'ਤੁਸੀਂ ਕਿੰਨਾ ਠੀਕ ਨਜ਼ਰ ਆ ਰਹੇ ਹੋ, ਮਾਂ, ਪਹਿਲਾਂ ਵਾਂਗ ਬਿਲਕੁਲ ਠੀਕ-ਠਾਕ, ਆਹਾ।"

ਸ੍ਰੀਮਤੀ ਬਰਾਊਕਸ ਨੇ, ਬੁੱਢੀ ਔਰਤ ਨੂੰ ਹੈਰਾਨੀ ਨਾਲ ਵੇਖਦੇ ਹੋਏ, ਜਿਸ ਨੂੰ ਉਹ ਸਾਰੇ ਮਰ ਚੁੱਕੀ ਸਮਝਦੇ ਸਨ ਨੂੰ ਮਿਲਣ ਦਾ ਹੌਸਲਾ ਵੀ ਨਾ ਕੀਤਾ, ਉਸ ਦੇ ਮੋਟੇ ਸਰੀਰ ਨੇ ਰਸਤਾ ਰੋਕਿਆ ਹੋਇਆ ਸੀ ਤੇ ਲੋਕਾਂ ਨੂੰ ਅੱਗੇ ਜਾਣ ਤੋਂ ਬੰਦ ਕਰ ਦਿੱਤਾ ਹੋਇਆ ਸੀ। ਬੁੱਢੀ ਔਰਤ ਬੈਚੇਨ ਤੇ ਸ਼ੱਕੀ ਸੀ ਪਰ ਉਸ ਨੇ ਬਿਨਾਂ ਕੁਝ ਕਹੇ ਆਪਣੇ ਆਸ ਪਾਸ ਵੇਖਿਆ। ਉਸ ਦੀਆਂ ਛੋਟੀਆਂ ਬਿੱਲੀਆਂ ਅੱਖਾਂ, ਤੀਖਣ

ਤੇ ਕਦੇ ਇੱਧਰ ਤੇ ਕਦੇ ਉੱਧਰ ਵੇਖਦੀਆਂ ਸਨ। ਉਨ੍ਹਾਂ ਦੀ ਤੱਕਣੀ ਇੰਨੀ ਡਰਾਉਣੀ ਸੀ ਕਿ ਬੱਚੇ ਡਰ ਜਾਂਦੇ ਸਨ।

ਕੈਰਾਵਾਨ ਨੇ ਮਾਮਲੇ ਨੂੰ ਸਮਝਾਉਣ ਲਈ ਕਿਹਾ, "ਉਹ ਕੁਝ ਬਿਮਾਰ ਸੀ, ਪਰ ਹੁਣ ਕੁਝ ਠੀਕ ਹੈ-ਸ਼ਾਇਦ ਬਿਲਕੁਲ ਠੀਕ, ਕੀ ਤੁਸੀਂ ਠੀਕ ਨਹੀਂ ਮਾਂ?

ਫਿਰ ਬਜ਼ੁਰਗ ਇਸਤਰੀ ਨੇ ਚਲਦੇ ਚਲਦੇ ਰੁਕ ਕੇ ਮੱਧਮ ਆਵਾਜ਼ ਵਿੱਚ ਉੱਤਰ ਦਿੱਤਾ, ਜਿਵੇਂ ਇਹ ਆਵਾਜ਼ ਦੂਰੀ ਤੋਂ ਆ ਰਹੀ ਹੋਵੇ, 'ਇਹ ਮਿਰਗੀ ਦਾ ਦੌਰਾ ਸੀ, ਪਰ ਮੈਂ ਤੁਹਾਡੀਆਂ ਗੱਲਾਂ ਸੁਣਦੀ ਰਹੀ।

ਇਕ ਪਰੇਸ਼ਾਨ ਚੁੱਪ ਵਰਤ ਗਈ। ਉਹ ਖਾਣ ਵਾਲੇ ਕਮਰੇ ਵਿੱਚ ਗਏ ਅਤੇ ਕੁਝ ਹੀ ਮਿੰਟਾਂ ਵਿੱਚ ਇਕ ਕੰਮ ਚਲਾਊ ਖਾਣੇ ਲਈ ਬੈਠ ਗਏ।

ਕੇਵਲ ਸ੍ਰੀ ਬਰਾਊਕਸ ਨੇ ਆਪਣੇ 'ਤੇ ਕਾਬੂ ਰੱਖਿਆ, ਉਸ ਦਾ ਗੁਰੀਲਾ ਚਿਹਰਾ ਸ਼ੈਤਾਨਾਂ ਵਾਂਗ ਹੱਸਿਆ ਜਦੋਂ ਉਸ ਨੇ ਕੁਝ ਦੋ ਭਾਵਾਂ ਵਾਲੇ ਸ਼ਬਦ ਕਹੇ, ਜਿਨ੍ਹਾਂ ਨੇ ਹਰ ਇਕ ਨੂੰ ਬੁਰੀ ਤਰ੍ਹਾਂ ਵਿਆਕੁਲ ਕਰ ਦਿੱਤਾ। ਪਰ ਖਾਣੇ ਵਾਲੇ ਕਮਰੇ ਵਿਚਲੀ ਘੰਟੀ ਵਾਰ ਵਾਰ ਵੱਜ ਰਹੀ ਸੀ, ਅਤੇ ਰੋਜ਼ਲੀ ਜੋ ਬੌਂਦਲੀ ਫਿਰਦੀ ਸੀ, ਕੈਰਾਵਾਨ ਵੱਲ ਅੰਦਰ ਆਈ, ਜੋ ਉਸ ਵੱਲ ਉਹ ਤਲੀਆਂ ਸੁੱਟ ਕੇ ਇਕਦਮ ਬਾਹਰ ਨੂੰ ਗਿਆ। ਉਸ ਦੇ ਭਣਵਈਏ ਨੇ ਵੀ ਉਸ ਤੋਂ ਪੁੱਛਿਆ ਕਿ ਕਿਧਰੇ ਇਹ ਵੀ ਮਹਿਮਾਨਾਂ ਦਾ ਦਿਨ ਨਹੀਂ, ਜਿਸ ਦੇ ਉੱਤਰ ਵਿੱਚ ਉਹ ਥਥਲਾ ਕੇ ਬੋਲਿਆ ਨਹੀਂ ਕੋਈ ਸੁਨੇਹਾ ਹੋਵੇਗਾ।

ਫਿਰ ਇਕ ਪੈਕਟ ਲਿਆਂਦਾ ਗਿਆ ਜਿਸ ਨੂੰ ਉਸ ਨੇ ਮਾਯੂਸੀ ਨਾਲ ਖੋਲ੍ਹਣਾ ਸ਼ੁਰੂ ਕੀਤਾ, ਇਸ ਵਿੱਚੋਂ ਅਚਾਨਕ ਇਕ ਅਜਿਹੀ ਚਿੱਠੀ ਨਿਕਲੀ ਜਿਸ ਦੇ ਚਾਰੇ ਪਾਸੇ ਕਾਲਾ ਹਾਸ਼ੀਆ ਸੀ। ਅੱਖਾਂ ਲਾਲ ਕਰਦੇ ਹੋਏ ਕੈਰਾਵਾਨ ਨੇ ਕਾਹਲੀ ਨਾਲ ਚਿੱਠੀ ਚੁੱਕੀ ਤੇ ਆਪਣੇ ਛੋਟੇ ਕੋਟ ਦੀ ਜੇਬ ਵਿੱਚ ਪਾ ਲਈ।

ਉਸ ਦੀ ਮਾਂ ਨੇ ਇਹ ਨਹੀਂ ਵੇਖੀ ਸੀ। ਉਹ ਲਗਾਤਾਰ ਆਪਣੀ ਘੜੀ ਵੱਲ ਵੇਖ ਰਹੀ ਸੀ ਜੋ ਉੱਪਰ ਕਾਰਨਸ 'ਤੇ ਪਈ ਸੀ ਅਤੇ ਇਸ ਨਾਲ

ਬਰਫ਼ਾਨੀ ਚੁੱਪ ਵਿੱਚ ਵਿਆਕੁਲਤਾ ਵੱਧ ਗਈ। ਬੁੱਢੀ ਔਰਤ ਨੇ ਜਿਸ ਦੀਆਂ ਅੱਖਾਂ ਨਫ਼ਰਤ ਅਤੇ ਗ਼ੁੱਸੇ ਨਾਲ ਭਰੀਆਂ ਹੋਈਆਂ ਸਨ, ਆਪਣੀ ਲੜਕੀ ਵੱਲ ਵੇਖਦੇ ਹੋਏ ਕਿਹਾ :

"ਸੋਮਵਾਰ, ਤੁਸੀਂ ਮੈਨੂੰ ਆਪਣੇ ਨਾਲ ਲੈ ਜਾਣਾ, ਤਾਂ ਕਿ ਮੈਂ ਤੁਹਾਡੀ ਛੋਟੀ ਲੜਕੀ ਵੇਖ ਸਕਾਂ। ਮੈਂ ਉਸ ਨੂੰ ਵੇਖਣਾ ਚਾਹੁੰਦੀ ਹਾਂ। "ਸ੍ਰੀਮਤੀ ਬਰਾਉਕਸ ਨੇ ਬੜੀ ਖ਼ੁਸ਼ੀ ਨਾਲ ਕਿਹਾ, ਜ਼ਰੂਰ, ਮਾਂ ਮੈਂ ਅਜਿਹਾ ਕਰਾਂਗੀ "ਜਦੋਂ ਛੋਟੀ ਸ੍ਰੀਮਤੀ ਕੈਰਾਵਾਨ ਦਾ ਚਿਹਰਾ ਪੀਲਾ ਹੋ ਗਿਆ ਤੇ ਉਹ ਮਾਨਸਿਕ ਤੌਰ ’ਤੇ ਦੁੱਖੀ ਲੱਗ ਰਹੀ ਸੀ, ਹੌਲੀ ਹੌਲੀ ਦੋਵੇਂ ਆਦਮੀ ਆਪਸ ਵਿੱਚ ਗੱਲਾਂ ਕਰਨ ਲੱਗੇ ਅਤੇ ਛੇਤੀ ਹੀ ਉਹ ਸਿਆਸੀ ਹਾਲਾਤ ਬਾਰੇ ਗੱਲਾਂ ਕਰਨ ਵਿੱਚ ਰੁੱਝ ਗਏ। ਬਰਾਊਕਸ ਨੇ ਕ੍ਰਾਂਤੀਕਾਰੀ ਅਤੇ ਸਮਾਜਵਾਦੀ ਸਿਧਾਂਤ ਪੇਸ਼ ਕੀਤੇ ਤੇ, ਆਪਣੀਆਂ ਬਾਂਹਾਂ ਨੂੰ ਹਿਲਾ ਹਿਲਾ ਕੇ ਹਾਵ ਭਾਵ ਵਿਅਕਤ ਕਰ ਰਿਹਾ ਸੀ ਤੇ ਉਸ ਦੀਆਂ ਅੱਖਾਂ ਇਕ ਸ਼ਿਕਾਰੀ ਕੁੱਤੇ ਦੀਆਂ ਅੱਖਾਂ ਵਾਂਗ ਚਮਕ ਰਹੀਆਂ ਸਨ।

ਸ੍ਰੀਮਾਨ ਜੀ", ਉਸ ਨੇ ਕਿਹਾ “ਜਾਇਦਾਦ, ਕਾਮੇ ਵਰਗ ’ਤੇ ਕੀਤੀ ਹੋਈ ਲੁੱਟਮਾਰ ਹੈ, ਜ਼ਮੀਨ ਹਰ ਆਦਮੀ ਦੀ ਸਾਂਝੀ ਜਾਇਦਾਦ ਹੈ, ਵਿਰਾਸਤ, ਬਦਨਾਮੀ ਤੇ ਅਪਮਾਨਜਨਕ ਹਨ।" ਪ੍ਰੰਤੂ ਅਚਾਨਕ ਰੁਕ ਗਿਆ ਅਜਿਹਾ ਮੂੰਹ ਬਣਾ ਲਿਆ ਜਿਵੇਂ ਉਸ ਨੇ ਕੋਈ ਮੂਰਖਤਾ ਭਰੀ ਗੱਲ ਕੀਤੀ ਹੋਵੇ ਫਿਰ ਕੁਝ ਰੁਕ ਕੇ ਸਹਿਜੇ ਜਿਹੇ ਬੋਲਿਆ," ਪਰ ਮੈਂ ਇਹ ਬਿਲਕੁਲ ਠੀਕ ਸਮਝਦਾ ਹਾਂ ਕਿ ਅਜਿਹੀਆਂ ਗੱਲਾਂ ਬਾਰੇ ਬਹਿਸ ਕਰਨ ਦਾ ਇਹ ਠੀਕ ਮੌਕਾ ਨਹੀਂ ਹੈ।"

ਦਰਵਾਜ਼ਾ ਖੁੱਲ੍ਹਿਆ ਅਤੇ ਡਾਕਟਰ ਚੈਨਟ ਅੰਦਰ ਆਇਆ। ਕੁਝ ਦੇਰ ਲਈ ਉਹ ਹੱਕਾ ਬੱਕਾ ਦਿਖਾਈ ਦਿੱਤਾ, ਪਰ ਇਕ ਬਣਾਉਟੀ ਮੁਸਕਰਾਹਟ ਆਪਣੇ ਚਿਹਰੇ ’ਤੇ ਲਿਆਉਂਦਾ ਹੋਇਆ ਉਹ ਅਲਬੇਲਿਆਂ ਵਾਂਗ ਬੁੱਢੀ ਔਰਤ ਕੋਲ ਗਿਆ ਅਤੇ ਕਿਹਾ :-

ਆਹਾ ! ਮਾਂ, ਤੁਸੀਂ ਅੱਜ ਕਾਫ਼ੀ ਠੀਕ ਹੋ। ਉਹ ! ਮੈਂ ਤੁਹਾਡੇ ਠੀਕ ਹੋਣ ’ਤੇ ਕਦੇ ਵੀ ਸ਼ੱਕ ਨਹੀਂ ਕੀਤਾ, ਪਰ ਤੁਸੀਂ ਫਿਰ ਉਸੇ ਹਾਲਤ ਵਿੱਚ ਆ

ਜਾਉਗੇ, ਮੈਂ ਆਪਣੇ ਆਪ ਨੂੰ ਕਿਹਾ ਜਦੋਂ ਮੈਂ ਉੱਪਰ ਚੜ੍ਹ ਰਿਹਾ ਸੀ "ਮੇਰਾ ਖ਼ਿਆਲ ਹੈ ਕਿ ਬੁੱਢੀ ਔਰਤ ਫਿਰ ਇਕ ਵਾਰ ਠੀਕ ਹੋ ਜਾਵੇਗੀ।" ਉਸ ਨੇ ਹੌਲੀ ਜਿਹੇ ਉਸ ਦੀ ਪਿੱਠ 'ਤੇ ਥਪਕੀ ਦਿੱਤੀ। ਆਹ ! ਉਹ ਐਨੀ ਠੀਕ ਹੈ ਜਿੰਨਾ ਪੌਂਟ-ਨਿਊਫ? ਉਹ ਸਾਨੂੰ ਸਭ ਨੂੰ ਮਾਰਕੇ ਮਰੇਗੀ ਤੁਸੀਂ ਵੇਖ ਲੈਣਾ।

ਉਹ ਬੈਠ ਗਿਆ ਕਾਫ਼ੀ ਦਾ ਕੱਪ ਲਿਆ ਜੋ ਉਸ ਨੂੰ ਦਿੱਤਾ ਗਿਆ ਸੀ, ਤੇ ਛੇਤੀ ਨਾਲ ਬਰਾਊਕਸ ਨੂੰ ਸ਼ਹਿ ਦਿੰਦੇ ਹੋਏ ਦੋ ਆਦਮੀਆਂ ਦੀ ਗੱਲਬਾਤ ਵਿੱਚ ਸ਼ਾਮਲ ਹੋਇਆ, ਕਿਉਂਕਿ ਉਹ ਆਪ ਵੀ ਸਾਂਝੀਵਾਲ ਸੰਸਥਾ ਵਿੱਚ ਸ਼ਾਮਲ ਹੋ ਗਿਆ ਸੀ।

ਹੁਣ ਬੁੱਢੀ ਔਰਤ ਥਕਾਵਟ ਮਹਿਸੂਸ ਕਰ ਰਹੀ ਸੀ ਤੇ ਉਸ ਕਮਰੇ ਵਿੱਚੋਂ ਜਾਣਾ ਚਾਹੁੰਦੀ ਸੀ ਪਰ ਕੈਰਾਵਾਨ ਅੱਗੇ ਵਧਿਆ। ਉੱਥੇ ਉਸ ਨੇ ਉਸ ਦੀਆਂ ਅੱਖਾਂ ਵੱਲ ਦੇਖਿਆ ਤੇ ਉਸ ਨੂੰ ਕਿਹਾ :-

"ਤੁਹਾਨੂੰ ਇਕਦਮ ਮੇਰੀ ਘੜੀ 'ਤੇ ਪੇਟੀ ਫਿਰ ਉੱਪਰ ਲਿਜਾਣੀ ਚਾਹੀਦੀ ਹੈ।"

"ਹਾਂ, ਮਾਂ, ਉਸ ਨੇ ਉਬਾਸੀ ਲੈਂਦੇ ਹੋਏ ਉੱਤਰ ਦਿੱਤਾ, 'ਮੈਂ ਇਹ ਕਰਾਂਗਾ।" ਬਜ਼ੁਰਗ ਔਰਤ ਨੇ ਆਪਣੀ ਲੜਕੀ ਦੀ ਬਾਂਹ ਪਕੜੀ ਅਤੇ ਕਮਰੇ ਵਿੱਚੋਂ ਬਾਹਰ ਚਲੀ ਗਈ। ਸ੍ਰੀਮਤੀ ਤੇ ਸ੍ਰੀਮਾਨ ਕੋਰਾਵਾਨ ਚੁੱਪ ਚਾਪ ਜ਼ਮੀਨ 'ਤੇ ਜੰਮ ਕੇ ਬੈਠ ਗਏ ਅਤੇ ਡੂੰਘੇ ਦੁੱਖ ਵਿੱਚ ਡੁੱਬ ਗਏ, ਜਦੋਂ ਬਰਾਊਕਸ ਨੇ ਆਪਣੇ ਹੱਥ ਮਲ਼ੇ ਅਤੇ ਮਜ਼ੇ ਨਾਲ ਆਪਣੀ ਕਾਫ਼ੀ ਪੀਤੀ।

ਅਚਾਨਕ ਸ੍ਰੀਮਤੀ ਕੈਰਾਵਾਨ ਗ਼ੁੱਸੇ ਨਾਲ ਉਸ 'ਤੇ ਵਰ੍ਹੀ ਤੇ ਚਿੱਲਾ ਉੱਠੀ: "ਤੁਸੀਂ ਚੋਰ ਹੋ, ਇਕ ਕਮੀਨੇ, ਇਕ ਨੀਚ ਆਦਮੀ ਹੋ। ਮੈਂ ਤੁਹਾਡੇ ਮੂੰਹ 'ਤੇ ਥੁੱਕਦੀ ਹਾਂ ਜੇ-ਮੈਂ ਹੁੰਦੀ-" ਉਹ ਗ਼ੁੱਸੇ ਵਿੱਚ ਤਿਲਮਿਲਾ ਰਹੀ ਸੀ ਤੇ ਕਹਿ ਕੁਝ ਨਹੀਂ ਸਕਦੀ ਸੀ, ਜਦੋਂ ਬਰਾਊਨ ਹਾਲੇ ਵੀ ਮੁਸਕਰਾ ਕੇ ਆਪਣੀ ਕਾਫ਼ੀ ਪੀ ਰਿਹਾ ਸੀ।

ਉਸ ਦੀ ਪਤਨੀ ਉਸੇ ਵੇਲੇ ਵਾਪਸ ਆ ਗਈ ਤੇ ਆਪਣੀ ਭਰਜਾਈ ਵੱਲ ਵਧੀ ਅਤੇ ਦੋਵੇਂ ਇਕ ਜਿਸਦਾ ਭਾਰੀ ਜੁੱਸਾ ਤੇ ਦੂਜੀ ਮਿਰਗੀ ਦੀ ਮਰੀਜ਼ ਅਤੇ

ਪਤਲੀ ਸੀ, ਬਦਲੀ ਹੋਈ ਆਵਾਜ਼ ਤੇ ਕੰਬਦੇ ਹੱਥਾਂ ਨਾਲ, ਆਪਸ ਵਿੱਚ ਟਕਰਾਈਆਂ ਤੇ ਇਕ ਦੂਜੀ ਨੂੰ ਗਲ਼ ਤੋਂ ਪਕੜਿਆ।

ਚੈਨਟ ਅਤੇ ਬਰਾਊਕਸ ਹੁਣ ਵਿੱਚੋਂ ਹੀ ਬੋਲ ਉੱਠੇ, ਅਤੇ ਬਰਾਊਕਸ ਨੇ ਆਪਣੀ ਪਤਨੀ ਨੂੰ ਮੋਢਿਆਂ ਤੋਂ ਫੜ ਕੇ ਦਰਵਾਜ਼ੇ ਤੋਂ ਬਾਹਰ ਕੱਢ ਦਿੱਤਾ।

"ਬਾਹਰ ਨਿਕਲ ਖੋਤੀਏ ਕਿੰਨਾ ਸ਼ੋਰ ਮਚਾਉਂਦੀ ਹੈ" ਫਿਰ ਦੋਵੇਂ, ਬਾਹਰ ਗਲ਼ੀ ਵਿੱਚ ਲੜਦੇ ਦੂਰ ਤੱਕ ਸੁਣਾਈ ਦਿੰਦੇ ਰਹੇ।

ਸ੍ਰੀ ਚੈਨਟ ਵੀ ਕੈਰਾਵਾਨ ਜੋੜੇ ਨੂੰ ਆਹਮੋ ਸਾਹਮਣੇ ਛੱਡ ਕੇ ਚਲਾ ਗਿਆ। ਪਤੀ ਆਪਣੀ ਕੁਰਸੀ 'ਤੇ ਵਾਪਸ ਡਿੱਗ ਪਿਆ। ਉਸ ਦੀਆਂ ਪੁੜਪੁੜੀਆਂ ਤੋਂ ਠੰਢੇ ਪਸੀਨੇ ਦੇ ਤੁਪਕੇ ਗਿਰ ਰਹੇ ਸਨ ਤੇ ਉਹ ਬੁੜਬੁੜਾਇਆ "ਮੈਂ ਕੱਲ੍ਹ ਆਪਣੇ ਦਫ਼ਤਰ ਵਿੱਚ ਕੀ ਕਹਾਂਗਾ?"

# ਇਕ ਨੌਰਮੈਂਡੀ ਮਜ਼ਾਕ

ਬਰਾਤ ਉਸ ਖ਼ਾਲੀ ਸੜਕ ’ਤੇ ਆ ਗਈ, ਜਿਸ ਉੱਪਰ ਖੇਤਾਂ ਦੀਆਂ ਢਲਾਣਾਂ ਉੱਤੇ ਉੱਗੇ ਹੋਏ। ਲੰਮੇ ਲੰਮੇ ਦਰੱਖ਼ਤਾਂ ਦੀ ਛਾਂ ਸੀ, ਸਭ ਤੋਂ ਪਹਿਲਾਂ ਸਜ ਵਿਆਹਿਆ ਜੋੜਾ ਫੇਰ ਰਿਸ਼ਤੇਦਾਰ, ਫੇਰ ਜਦੋਂ ਹੋਏ ਮਹਿਮਾਨ ਅਤੇ ਅੰਤ ਵਿੱਚ ਆਂਢ ਗੁਆਂਢ ਦੇ ਗ਼ਰੀਬ ਲੋਕ ਆਏ। ਜਦੋਂ ਕਿ ਪਿੰਡ ਦੇ ਛੋਟੇ ਛੋਟੇ ਬੱਚੇ ਅਤੇ ਲੜਕੇ ਜੋ ਕਿ ਉਸ ਤੰਗ ਸੜਕ ਦੇ ਆਲ਼ੇ ਦੁਆਲੇ ਮੁਖੀਆਂ ਵਾਂਗ ਮੰਡਲਾ ਰਹੇ ਸਨ, ਕਦੇ ਬਰਾਤ ਵਿੱਚੋਂ ਕਿਤੇ ਨਿਕਲ ਜਾਂਦੇ ਤੇ ਕਦੇ ਕਿਤਿਓਂ ਜਾਂ ਫਿਰ ਇਸ ਨੂੰ ਚੰਗੀ ਤਰ੍ਹਾਂ ਵੇਖਣ ਲਈ ਦਰੱਖ਼ਤਾਂ ਤੇ ਚੜ੍ਹ ਜਾਂਦੇ।

ਲਾੜਾ ਜੀਨਪਾਟੂ ਆਂਢ ਗੁਆਂਢ ਵਿੱਚ ਸਭ ਤੋਂ ਅਮੀਰ ਕਿਰਸਾਣ ਅਤੇ ਬਹੁਤ ਸੁੰਦਰ ਜਵਾਨ ਸੀ। ਇਨ੍ਹਾਂ ਸਭ ਗੱਲਾਂ ਤੋਂ ਉਪਰ, ਉਹ ਇਕ ਜੁਸ਼ੀਲਾ ਸ਼ਿਕਾਰੀ ਸੀ, ਜੋ ਆਪਣੀ ਇਸ ਤੀਬਰ ਇੱਛਾ ਨੂੰ ਪੂਰਾ ਕਰਨ ਲਈ ਆਪਣੀ ਬੁੱਧੀ ਵੀ ਖੋ ਲੈਂਦਾ ਸੀ। ਉਹ ਆਪਣੇ ਕੁੱਤਿਆਂ, ਨੌਕਰਾਂ-ਚਾਕਰਾਂ ਆਪਣੀਆਂ ਬੰਦੂਕਾਂ ਅਤੇ ਖ਼ੋਜੀ ਜਾਨਵਰਾਂ ਤੇ ਬਹੁਤ ਜ਼ਿਆਦਾ ਰੁਪਿਆ ਖ਼ਰਚ ਕਰਦਾ ਸੀ। ਵਹੁਟੀ ਰੋਜ਼ਾ ਰਸੂਲ ਜ਼ਿਲ੍ਹੇ ਦੇ ਲਗ ਭਾਗ ਸਾਰੇ ਨੌਜੁਆਨਾਂ ਵਿੱਚ ਪ੍ਰਸਿੱਧ ਹੋ ਚੁੱਕੀ ਸੀ ਕਿਉਂਕਿ ਉਹ ਉਸ ਨੂੰ ਪਹਿਲਾਂ ਤੋਂ ਹੀ ਗ੍ਰਹਿਣ ਕਰਨ ਯੋਗ ਸਮਝਦੇ ਸਨ ਅਤੇ ਉਹ ਇਹ ਵੀ ਜਾਣਦੇ ਸਨ ਕਿ ਉਸ ਤੋਂ ਕਾਫ਼ੀ ਦਹੇਜ ਮਿਲੇਗਾ। ਪਰ ਉਸ ਨੇ ਪਾਟੂ ਨੂੰ ਚੁਣਿਆ ਸੀ ਕੁਝ ਤਾਂ ਇਸ ਲਈ ਕਿ ਸ਼ਾਇਦ ਉਹ ਉਸ ਨੂੰ ਦੂਜਿਆਂ ਤੋਂ ਜ਼ਿਆਦਾ ਪਸੰਦ ਕਰਦੀ ਸੀ। ਪਰ ਇਸ ਤੋਂ ਵੀ ਜ਼ਿਆਦਾ ਇਕ ਸਮਝਦਾਰ ਨੌਰਮੰਡੀ ਕੁੜੀ ਵਾਂਗ ਇਸ ਲਈ ਕਿ ਉਸ ਕੋਲ ਜ਼ਿਆਦਾ ਧਨ ਸੀ।

ਜਦੋਂ ਉਹ ਉਸ ਦੇ ਪਤੀ ਦੇ ਫਾਰਮ ਦੇ ਸਫ਼ੈਦ ਦਰਵਾਜ਼ੇ ਤੇ ਪਹੁੰਚੇ ਤਾਂ ਚਾਲੀ ਗੋਲੀਆਂਚਲਾਈਆਂ ਗਈਆਂ। ਪਰ ਕੋਈ ਵੀ ਇਹ ਨਾ ਰੱਖ ਸਕਿਆ ਕਿ

ਇਹ ਗੱਡੀਆਂ ਕਿਸ ਨੇ ਚਲਾ, ਦੀਆਂ ਸਨ। ਗੋਲੀਆਂ ਚਲਾਉਣ ਵਾਲੇ ਖਾਈਆਂ ਵਿੱਚ ਲੁਕੇ ਹੋਏ ਸਨ ਅਤੇ ਇਸ ਸੰਗ ਨੇ ਉਨ੍ਹਾਂ ਸਭ ਆਦਮੀਆਂ ਨੂੰ ਜੋ ਚੰਗੇ ਕੱਪੜੇ ਪਾ ਕੇ ਭੂਮ ਰਹੇ ਸਨ, ਬਹੁਤ ਹੀ ਪ੍ਰਸੈਨ ਕਰ ਦਿੱਤਾ। ਪਾਟੂ ਆਪਣੀ ਵਹੁਟੀ ਨੂੰ ਛੱਡ ਕੇ ਦੌੜ ਕੇ ਫਾਰਮ ਦੇ ਨੌਕਰ ਕੋਲ ਗਿਆ ਜਿਸ ਨੂੰ ਉਸ ਨੇ ਦਰੱਖਤ ਦੇ ਪਿੱਛੇ ਖੜ੍ਹਾ ਵੱਖ ਲਿਆ ਸੀ। ਅਤੇ ਉਸ ਦੀ ਬੰਦੂਕ ਲੈ ਕੇ ਆਪਣੀਆਂ ਅੱਡੀਆਂ ਚੁੱਕਦਿਆਂ ਹੋਏ ਇਕ ਅਨਾੜੀ ਆਦਮੀ ਵਾਂਗ ਆਪ ਇਕ ਵਾਇਰ ਕੀਤਾ। ਵੀਰ ਉਹ ਉੱਚ ਉੱਚ ਘਾਹ ਵਿੱਚੋਂ ਵੱਛਿਆਂ ਦੇ ਝੁੰਡ ਵਿੱਚੋਂ ਦੀ ਹੁੰਦੇ ਹੋਏ, ਜਿਨ੍ਹਾਂ ਨੇ ਆਪਣੀਆਂ ਵੱਡੀਆਂ ਵੱਡੀਆਂ ਅੱਖਾਂ ਨਾਲ ਉਨ੍ਹਾਂ ਨੂੰ ਵੇਖਿਆ ਅਤੇ ਹੌਲੀ ਜਿਹੇ ਉੱਠੇ ਅਤੇ ਆਪਣਾ ਮੂੰਹ ਸਿਧਾ ਬਰਾਤ ਵੱਲ ਕਰਕੇ ਖੜ੍ਹੇ ਹੋ ਗਏ ਸਨ, ਫਲ਼ਾਂ ਨਾਲ ਲੱਦੇ ਹੋਏ ਸੇਬਾਂ ਦੇ ਦਰੱਖ਼ਤਾਂ ਥੱਲੇ ਜਾ ਪਹੁੰਚੇ।

ਬਰਾਤੀ ਜਦੋਂ ਖਾਣੇ ਦੇ ਸਥਾਨ ਤੋਂ ਥੋੜ੍ਹੀ ਹੀ ਦੂਰ ਰਹਿ ਗਏ ਤਾਂ ਉਹ ਚੁੱਪ ਚਾਪ ਹੋ ਗਏ। ਉਨ੍ਹਾਂ ਵਿੱਚੋਂ ਕੁਝ ਅਮੀਰਾਂ ਨੇ ਚਮਕਦੇ ਹੋਏ ਸਿਲਕ ਦੇ ਲੰਬੇ ਹੋਣ ਪਾਏ ਹੋਏ ਸਨ, ਜੋ ਉੱਥੇ ਬਿਲਕੁਲ ਹੀ ਬੇਮੇਲ ਲਗ ਰਹੇ ਸਨ। ਹੈਟਾਂ ਤੇ ਪੁਰਾਣੇ ਸਰਦਾਰ ਕਵਰ ਚੜ੍ਹੇ ਹੋਏ ਸਨ ਅਤੇ ਜੋ ਲੋਕ ਗ਼ਰੀਬ ਸਨ, ਉਨ੍ਹਾਂ ਨੇ ਕੇਵਲ ਟੱਪੀਆਂ ਪਾਈਆਂ ਹੋਈਆਂ ਸਨ। ਸਾਰੀਆਂ ਇਸਤਰੀਆਂ ਨੇ ਸਾਲਾਂ ਲਈਆਂ ਹੋਈਆਂ ਸਨ, ਜੋ ਕਿ ਉਨ੍ਹਾਂ ਨੇ ਢਿੱਲੀਆਂ ਲਪੇਟ ਕੇ ਉਨ੍ਹਾਂ ਦੇ ਸਿਰੇ ਬਾਂਹਾਂ ਥੱਲੇ ਦੱਬੇ ਹੋਏ ਸਨ। ਉਨ੍ਹਾਂ ਦੇ ਲਾਲ ਸਾਲ ਅੱਗ ਵਾਂਗ ਲਗਦੇ ਸਨ। ਰਹੋ ਤੇ ਬੈਠੇ ਹੋਏ ਕਾਲੇ ਕੁੱਕੜ, ਗੰਦੇ ਛੱਪੜ ਦੇ ਕੰਢੇ ਤੇ ਬੈਠੀਆਂ ਬੱਤਖ਼ਾਂ ਅਤੇ ਫੂਸ ਦੀਆਂ ਛੱਤਾਂ ਤੇ ਬੈਠੇ ਹੋਏ ਕਬੂਤਰ ਸਾਲਾਂ ਦੀ ਚਮਕ ਤੋਂ ਹੈਰਾਨ ਹੋਏ ਪ੍ਰਤੀਤ ਹੁੰਦੇ ਸਨ।

ਫਾਰਮ ਹਾਊਸ ਦੀ ਲੰਬੀ ਚੌੜੀ ਇਮਾਰਤ ਅੰਦਰ ਜੋ ਸੇਬਾਂ ਦੇ ਦਰੱਖ਼ਤਾਂ ਦੇ ਗੋਲਦਾਰ ਰਸਤੇ ਦੇ ਸਿਰੇ ਤੇ ਸੀ, ਬਰਾਤ ਦੀ ਉਡੀਕ ਕੀਤੀ ਜਾ ਰਹੀ ਸੀ, ਇਕ ਤਰ੍ਹਾਂ ਦੀ ਭਾਫ਼ ਖੁੱਲ੍ਹੇ ਹੋਏ ਦਰਵਾਜ਼ੇ ਅਤੇ ਖਿੜਕੀਆਂ ਵਿੱਚੋਂ ਨਿਕਲ ਰਹੀ ਸੀ ਅਤੇ ਖਾਣ ਵਾਲੇ ਪਦਾਰਥਾਂ ਦੀ ਖ਼ੁਸ਼ਬੂ ਜੋ ਉਸ ਵਿਸ਼ਾਲ ਭਵਨ ਵਿੱਚ ਚਾਰੇ ਪਾਸੇ ਫੈਲੀ ਹੋਈ ਸੀ ਜੋ ਉਸ ਦੀਆਂ ਖਿੜਕੀਆਂ ਵਿੱਚੋਂ ਇੱਥੋਂ ਤੱਕ ਕਿ ਦੀਵਾਰਾਂ ਤੋਂ ਵੀ ਆ ਰਹੀ ਸੀ। ਬਰਾਤ ਦੀ ਕਤਾਰ ਵੱਲਗਣ ਵਿੱਚੋਂ ਅੱਗੇ ਲੰਘ ਗਈ; ਜਦੋਂ ਸਭ ਤੋਂ ਅੱਗੇ

ਦੇ ਮਹਿਮਾਨ ਘਰ ਤੱਕ ਪਹੁੰਚ ਗਏ ਉਦੋਂ ਪੰਕਤੀਆਂ ਟੁੱਟ ਗਈਆਂ ਅਤੇ ਉਹ ਫੈਲ ਗਏ ਪਰ ਪਿਛਲੇ ਦਰਵਾਜ਼ੇ ਤੋਂ ਮਹਿਮਾਨ ਅਜੇ ਤੱਕ ਆ ਰਹੇ ਸਨ ਖਾਈਆਂ ਵਿੱਚ ਬੱਚੇ ਅਤੇ ਗ਼ਰੀਬ ਲੋਕ ਖੜ੍ਹੇ ਸਨ। ਗਲੀਆਂ ਦੀ ਆਵਾਜ਼ ਅਜੇ ਬੰਦ ਨਹੀਂ ਸੀ ਹੋਈ ਅਤੇ ਧੂੰਏਂ ਦਾ ਬਦਲ ਉਡਾਉਂਦੀ ਹੋਈ ਅਤੇ ਵਾਯੂ-ਮੰਡਲ ਵਿੱਚ ਪਾਊਡਰ ਵਰਗੀ ਸੁਗੰਧ ਜੋ ਨਸ਼ਾ ਪੈਦਾ ਕਰਦੀ ਹੈ, ਉੱਡਦੀ ਹੋਈ, ਚਾਰੇ ਪਾਸਿਉਂ ਅਜੇ ਤੱਕ ਆ ਰਹੀ ਸੀ।

ਇਸਤਰੀਆਂ ਦਰਵਾਜ਼ੇ ਤੋਂ ਬਾਹਰ ਮਿੱਟੀ ਤੋਂ ਬਚਣ ਲਈ ਆਪਣੇ ਕੱਪੜਿਆਂ ਨੂੰ ਝਾੜ ਰਹੀਆਂ ਸਨ, ਆਪਣੀਆਂ ਟੋਪੀਆਂ ਖੋਲ੍ਹ ਰਹੀਆਂ ਸਨ ਅਤੇ ਆਪਣੀਆਂ ਸ਼ਾਲਾਂ ਨੂੰ ਤਹਿ ਕਰਕੇ ਆਪਣੀਆਂ ਬਹਾਵਾਂ ਤੇ ਰੱਖ ਰਹੀਆਂ ਸਨ। ਫਿਰ ਉਹ ਉਨ੍ਹਾਂ ਨੂੰ ਕੁਝ ਸਮੇਂ ਲਈ ਪਾਸੇ ਰੱਖਣ ਲਈ ਕਮਰੇ ਅੰਦਰ ਦਾਖਲ ਹੋਈਆਂ। ਮੇਜ਼ ਜਿਸ ਤੇ ਇਕ ਸੋ ਮਹਿਮਾਨ ਇਕਵਾਰੀ ਭੋਜਨ ਖਾ ਸਕਦੇ ਸਨ, ਵੱਡੇ ਰਸੋਈ ਘਰ ਦੇ ਅੰਦਰ ਰੱਖੀ ਹੋਈ ਸੀ। ਉਹ ਲੋਕ ਦੋ ਵਜੇ ਭੋਜਨ ਖਾਣ ਬੈਠੇ ਅਤੇ ਅੱਠ ਵਜੇ ਤੱਕ ਭੋਜਨ ਕਰਦੇ ਰਹੇ। ਆਦਮੀ ਜਿਨ੍ਹਾਂ ਨੇ ਪੂਰੀਆਂ ਭੋਜਨ ਦੀਆਂ ਕਮੀਆਂ ਪਾਈਆਂ ਹੋਈਆਂ ਸਨ ਅਤੇ ਉਨ੍ਹਾਂ ਦੀਆਂ ਵਾਸਕਟਾਂ ਦੇ ਬਟਨ ਖੁੱਲ੍ਹੇ ਸਨ, ਅਤੇ ਉਹ ਲੋਕ ਲਾਲ ਚਿਹਰਿਆਂ ਨਾਲ ਭੋਜਨ ਤੇ ਸ਼ਰਾਬ ਨੂੰ ਇਸ ਤਰ੍ਹਾਂ ਨਿਗਲ ਰਹੇ ਸਨ, ਜਿਸ ਤਰ੍ਹਾਂ ਉਹ ਕਦੀ ਰੱਜ ਨਹੀਂ ਸਨ ਸਕਦੇ। ਸੇਬਾਂ ਦਾ ਰਸ ਵੱਡੇ ਵੱਡੇ ਸਾਫ਼ ਅਤੇ ਸੁਨਹਿਰੀ ਗਲਾਸਾਂ ਵਿੱਚ, ਗੁੜ੍ਹੇ ਲਾਲ ਰੰਗ ਦੀ ਸ਼ਰਾਬ ਦੇ ਕੋਲ ਹੀ ਰੱਖਿਆ ਹੋਇਆ, ਚਮਕ ਰਿਹਾ ਸੀ ਅਤੇ ਹਰੇਕ ਟਰੇ ਦੇ ਵਿੱਚਕਾਰ ਬਰਾਂਡੀ ਦੇ ਇਕ ਗਲਾਸ ਦੇ ਨਾਲ ਨੌਰਮੈਂਡੀ ਟਰਉ ਰੱਖਿਆ ਹੋਇਆ ਸੀ. ਜੋ ਸਰੀਰ ਨੂੰ ਭੜਕਾ ਦਿੰਦਾ ਅਤੇ ਸਿਰ ਵਿੱਚ ਮੂਰਖਤਾ ਵਾਲੇ ਹਾਵ-ਭਾਵ ਭਰ ਦਿੰਦਾ ਸੀ।

"ਵਾਰੋ ਵਾਰੀ ਮਹਿਮਾਨਾਂ ਵਿੱਚੋਂ ਕੋਈ ਨਾ ਕੋਈ ਕੁੱਪ ਵਾਂਗ ਪੇਟ ਭਰ ਕੇ ਹਵਾ ਲੈਣ ਦੇ ਬਹਾਨੇ ਕੁਝ ਪਲਾਂ ਲਈ ਬਾਹਰ ਨਿਕਲਦਾ ਅਤੇ ਉਹ ਦੁੱਗਣੀ ਭੁੱਖ ਦੇ ਨਾਲ ਵਾਪਸ ਆ ਜਾਂਦਾ। ਗੁਲਾਬੀ ਚਿਹਰਿਆਂ ਵਾਲੀਆਂ ਕਿਰਸਾਣਾ ਦੀਆਂ ਪਤਨੀਆਂ ਜਿਨ੍ਹਾਂ ਦੀਆਂ ਚੋਲੀਆਂ ਲਗ ਭਗ ਫਟੀਆਂ ਹੀ ਜਾ ਰਹੀਆਂ ਸਨ, ਪਰ ਉਨ੍ਹਾਂ ਦੀਆਂ ਉਦਾਹਰਨਾਂ ਨੂੰ ਉਦੋਂ ਤੱਕ ਦੁਹਰਾਉਣਾ ਨਹੀਂ ਸਨ ਚਾਹੁੰਦੀਆਂ ਜਦੋਂ

ਤੱਕ ਉਨ੍ਹਾਂ ਵਿੱਚੋਂਇਕ ਦੂਜੇ ਤੋਂ ਜ਼ਿਆਦਾ ਅੱਖ ਦਾ ਅਹਿਸਾਸ ਕਰਕੇ ਬਾਹਰ ਨਾ ਗਈ। ਫੇਰ ਹਰ ਇਕ ਨੇ ਉਸ ਦੀ ਨਕਲ ਕੀਤੀ ਅਤੇ ਫਿਰ ਕਿਸੇ ਮਜ਼ਾਕ ਲਈ ਤਿਆਰ ਹੋ ਕੇ ਵਾਪਸ ਪਰਤਿਆ ਅਤੇ ਖਰ੍ਹਵੇ ਮਜ਼ਾਕ ਮੁੜ ਤਾਜ਼ਾ ਹੋ ਗਏ। ਮੌਜ ਦੇ ਆਲ਼ੇ ਦੁਆਲੇ ਬੈਠੇ ਲੋਕਾਂ ਵਿੱਚ ਸ਼ਾਦੀ ਦੀ ਉਸ ਰਾਤ ਨੂੰ ਅਨਿਸਚਿਤ ਮਜ਼ਾਕ ਹੁੰਦੇ ਰਹੇ, ਜਦੋਂ ਤੱਕ ਪੇਂਡੂ ਮਜ਼ਾਕਾਂ ਦਾ ਅਸਲਾ ਖਾਨਾ ਮੁੱਕ ਨਾ ਗਿਆ। ਸੌ ਸਾਲਾਂ ਤੋਂ ਇਹੋ ਜਿਹੇ ਖੁੱਲ੍ਹੇ ਡਲੋ ਮਜ਼ ਕ ਇਨ੍ਹਾਂ ਮੋਕਿਆ ਤੇ ਕੀਤੇ ਜਾਂਦੇ ਸਨ ਅਤੇ ਭਾਵੇਂ ਸਾਰੇ ਹੀ ਉਨ੍ਹਾਂ ਤੋਂ ਜਾਣੂ ਸਨ, ਪਰ ਫੇਰ ਵੀ ਉਹ ਉਨ੍ਹਾਂ ਨੂੰ ਬਹੁਤ ਪਸੰਦ ਆਉਂਦੇ ਅਤੇ ਮਹਿਮਾਨਾਂ ਦੀਆਂ ਦੋਵੇਂ ਕਤਾਰਾਂ ਬੜੀ ਜ਼ੋਰ ਨਾਲ ਹੱਸਣ ਲਗ ਜਾਂਦੀਆਂ।

ਮੇਜ਼ ਦੇ ਅਖੀਰ ਤੇ ਚਾਰ ਨੌਜਵਾਨ ਜੋ ਗੁਆਂਢੀ ਸਨ ਨਵੇਂ ਵਿਆਹੇ ਜੋੜੇ ਲਈ ਕੁਝ ਅਮਲੀ ਮਜ਼ਾਕ ਤਿਆਰ ਕਰਨ ਵਿੱਚ ਲੱਗੇ ਹੋਏ ਸਨ। ਉਨ੍ਹਾਂ ਨੇ ਜਿਸ ਢੰਗ ਨਾਲ ਘੁਸਰ ਮੁਸਰ ਕੀਤੀ ਅਤੇ ਜਿਵੇਂ ਹੱਸੇ ਸਨ; ਉਸ ਤੋਂ ਲਗਦਾ ਸੀ ਕਿ ਉਨ੍ਹਾਂ ਨੂੰ ਕੋਈ ਚੰਗਾ ਮਜ਼ਾਕ ਸੁੱਝ ਗਿਆ ਸੀ। ਅਚਾਨਕ ਉਨ੍ਹਾਂ ਵਿੱਚੋਂਇਕ ਨੇ ਪਲ ਭਰ ਦੀ ਚੁੱਪ ਦਾ ਲਾਭ ਉਠਾਉਂਦੇ ਹੋਏ ਚੀਖ਼ ਕੇ ਕਿਹਾ ਸ਼ਿਕਾਰ ਚੋਰਾਂ ਨੂੰ ਅੱਜ ਦੀ ਰਾਤ ਇਸ ਚੰਨ ਤੋਂ ਬਹੁਤ ਲਾਭ ਹੋਵੇਗਾ ਜੀਨ ਮੈਂ ਕਹਿੰਦਾ ਹਾਂ ਤੂੰ ਚੰਨ ਫਲ਼ ਨਹੀਂ ਵੇਖਾਂਗਾ ਕਿ ਵੇਖੇਂਗਾ? ਲਾੜੇ ਨੇ ਉਸ ਵੱਲ ਮੁੜ ਕੇ ਝੱਟ ਹੀ ਉੱਤਰ ਦਿੱਤਾ : "ਬੱਸ ਉਨ੍ਹਾਂ ਨੂੰ ਆ ਲੈਣ ਦਿਓ। ਪਰ ਦੂਜਾ ਸਾਥੀ ਹੱਸਣ ਲੱਗਾ ਅਤੇ ਬੋਲਿਆ "ਮੇਰਾ ਤਾਂ ਵਿਚਾਰ ਨਹੀਂ ਹੈ ਕਿ ਤੁਸੀਂ ਉਨ੍ਹਾਂ ਕਾਹਣ ਆਪਣੇ ਕਰਤੱਵ ਨੂੰ ਭੁੱਲ ਬੈਠੋਗੇ।"

ਮੇਜ਼ ਦੇ ਦੁਆਲੇ ਬੈਠੇ ਹੋਏ ਸਾਰੇ ਲੋਕਾਂ ਦੇ ਹੱਸ ਹੱਸ ਕੇ ਪੇਟ ਵਿੱਚਵੱਲ ਪੈ ਗਏ, ਗਲਾਸ ਹਿਲ ਗਏ ਲੜੇ ਨੂੰ ਇਸ ਗੱਲ ਤੇ ਗ਼ੁੱਸਾ ਆ ਗਿਆ ਕਿ ਉਸ ਦੀ ਸ਼ਾਦੀ ਦੇ ਮੌਕੇ ਤੋਂ ਲਾਭ ਉਠਾ ਕੇ ਕੋਈ ਉਸ ਦੇ ਖੇਤ ਵਿੱਚ ਆਏ ਅਤੇ ਚੋਰੀ ਨਾਲ ਸ਼ਿਕਾਰ ਖੇਲੇ, ਅਤੇ ਉਸ ਨੇ ਆਪਣੀ ਗੱਲਮੁੜ ਦੁਹਰਾਈ :-

"ਮੈਂ ਤਾਂ ਸਿਰਫ਼ ਇਹ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਆ ਤਾਂ ਲੈਣ ਦਿਓ।

ਜਦੋਂ ਕਿ ਦੁਲਹਨ ਪਹਿਲਾਂ ਤੋਂ ਹੀ ਪੂਰਵ ਅਨੁਮਾਨ ਨਾਲ ਕੰਬ ਰਹੀ ਸੀ ਪਰ ਜਦੋਂ ਦੂਹਰੇ ਅਰਥਾਂ ਦੀਆਂ ਗੱਲਾਂ ਦਾ ਸਮੁੰਦਰ ਉੱਛਲ ਆਇਆ ਤਾਂ ਉਹ ਸ਼ਰਮ ਨਾਲ ਲਾਲ ਹੋ ਗਈ ਅਤੇ ਜਦੋਂ ਉਨ੍ਹਾਂ ਨੇ ਸਾਰੀ ਬਰਾਂਡੀ ਪੀ ਲਈ ਤਾਂ ਸਭ

ਲੋਕ ਸੌਣ ਲਈ ਚਲੇ ਗਏ। ਨੌਜੁਆਨ ਜੋੜਾ ਆਪਣੇ ਕਮਰੇ ਵਿੱਚ, ਜੋ ਹੇਠਲੀ ਮੰਜ਼ਲ ਤੇ ਸੀ, ਜਿਸ ਤਰ੍ਹਾਂ ਕਿ ਖੇਤਾਂ ਦੇ ਮਕਾਨਾਂ ਵਿੱਚ ਹੁੰਦੇ ਹਨ, ਚਲੇ ਗਏ। ਉੱਥੇ ਗਰਮੀ ਬਹੁਤ ਸੀ. ਇਸ ਲਈ ਉਨ੍ਹਾਂ ਨੇ ਬਾਰੀਆਂ ਖੋਲ੍ਹ ਲਈਆਂ ਅਤੇ ਦਰਵਾਜ਼ੇ ਬੰਦ ਕਰ ਦਿੱਤੇ।ਇਕ ਛੋਟਾ ਜਿਹਾ ਲੰਪ ਜੋ ਵਹੁਟੀ ਦੇ ਪਿਤਾ ਨੇ ਭੇਂਟ ਕੀਤਾ ਸੀ, ਦਰਾਜ਼ ਤੇ ਪਿਆ ਹੌਲੀ ਹੌਲੀ ਬਲ ਰਿਹਾ ਸੀ ਅਤੇ ਪਲੰਘ ਨੌਜੁਆਨ ਜੋੜੇ ਦਾ ਸੁਆਗਤ ਕਰਨ ਲਈ ਤਿਆਰ ਸੀ। ਪਲੰਘ ਸਾਰੀਆਂ ਰਸਮਾਂ ਵਿੱਚ ਖੜ੍ਹਾ ਨਹੀਂ ਕੀਤਾ ਗਿਆ ਇਹ ਖੜ੍ਹਾ ਰੱਖਣ ਦੀ ਰੀਤ ਜ਼ਿਆਦਾ ਸਭਿਅਕ ਲੋਕਾਂ ਵਿੱਚ ਪ੍ਰਚਲਿਤ ਹੈ।

ਦੁਲਹਨ ਦਾ ਹਾਰ ਅਤੇ ਉਸ ਦੀ ਪੁਸ਼ਾਕ ਪਹਿਲਾਂ ਹੀ ਇਕ ਨੌਜਵਾਨ ਇਸਤਰੀ ਨੇ ਉਤਾਰ ਦਿੱਤੀ ਸੀ। ਉਸ ਨੇ ਪੇਟੀਕੋਟ ਪਾਇਆ ਹੋਇਆ ਸੀ ਅਤੇ ਆਪਣੀਆਂ ਜੁੱਤੀਆਂ ਉਤਾਰ ਰਹੀ ਸੀ। ਜੀਨ ਸਿਗਰਟ ਫੂਕਦਾ ਹੋਇਆ, ਤਿਰਛੀਆਂ ਨਿਗਾਹਾਂ ਨਾਲ ਦੇਖ ਰਿਹਾ ਸੀ। ਉਸ ਦੀ ਤੱਕਣੀ ਵਿੱਚ ਕੋਮਲਤਾ ਨਾਲੋਂ ਜੋਸ਼ ਅਤੇ ਤੀਬਰਤਾ ਜ਼ਿਆਦਾ ਸੀ। ਕਿਉਂਕਿ ਉਸ ਨੂੰ ਉਸ ਦੇ ਪ੍ਰਤੀ ਪ੍ਰੇਮ ਤੋਂ ਵਾਸ਼ਨਾ ਦਾ ਅਨੁਭਵ ਵਧੇਰੇ ਹੋ ਰਿਹਾ ਸੀ। ਅਚਾਨਕ ਬੜੀ ਫੁਰਤੀ ਨਾਲ ਉਸ ਨੇ, ਕਿਸੇ ਅਜਿਹੇ ਮਨੁੱਖ ਦੀ ਤਰ੍ਹਾਂ ਜੋ ਕੋਈ ਕੰਮ ਕਰਨ ਲਈ ਤਿਆਰ ਹੋ ਰਿਹਾ ਹੋਵੇ, ਆਪਣਾ ਕੋਟ ਉਤਾਰਿਆ। ਉਹ ਆਪਣੀਆਂ ਜੁੱਤੀਆਂ ਉਤਾਰ ਚੁੱਕੀ ਸੀ ਅਤੇ ਜਦੋਂ ਉਹ ਜੁਰਾਬਾਂ ਉਤਾਰ ਰਹੀ ਸੀ। ਉਦੋਂ ਉਸ ਨੇ ਜੀਨ ਨੂੰ ਕਿਹਾ "ਜਾਓ ਅਤੇ ਪਰਦੇ ਦੇ ਓਹਲੇ ਹੋ ਜਾਓ, ਤਾਂ ਕਿ ਮੈਂ ਬਿਸਤਰੇ ਤੇ ਲੇਟ ਜਾਵਾਂ।"

ਪਹਿਲਾਂ ਉਸ ਦਾ ਇਨਕਾਰ ਕਰਨ ਨੂੰ ਜੀ ਮ ਕੀਤਾ ਪਰ ਉਹ ਚਲਾਕੀ ਨਾਲ ਵੇਖਦਾ ਹੋਇਆ ਪਰਦੇ ਦੇ ਪਿੱਛੇ ਸਿਰ ਬਾਹਰ ਕੱਢ ਕੇ ਛੁਪ ਗਿਆ। ਉਹ ਹੱਸ ਪਈ ਅਤੇ ਉਸ ਨੇ ਉਸ ਦੀਆਂ ਅੱਖਾਂ ਨੂੰ ਢਕਣਾ ਚਾਹਿਆ ਅਤੇ ਉਨ੍ਹਾਂ ਦੋਹਾਂ ਵਿੱਚ ਬਿਨਾਂ ਕਿਸੇ ਝਿਜਕ ਅਤੇ ਸ਼ਰਮ ਦੇ ਹਾਸਾ ਤੇ ਦਿਲਲਗੀ ਹੋਣ ਲੱਗੀ। ਅੰਤ ਵਿੱਚ ਉਸ ਨੇ ਉਸ ਦੇ ਕਹਿਣ ਅਨੁਸਾਰ ਕੰਮ ਕੀਤਾ ਅਤੇ ਇਕ ਹੀ ਪਲ ਵਿੱਚ ਉਸ ਨੇ ਆਪਣਾ ਪੇਟੀਕੋਟ ਖੋਲ੍ਹ ਦਿੱਤਾ, ਜੋ ਉਸ ਦੀਆਂ ਲੱਤਾਂ ਤੋਂ ਥੱਲੇ ਖਿਸਕ ਕੇ ਉਸ ਦੇ ਪੈਰਾਂ ਤੇ ਆ ਪਿਆ ਅਤੇ ਗੱਲ ਧਾਰੇ ਦੀ ਸ਼ਕਲ ਵਿੱਚ ਫ਼ਰਸ਼ ਤੇ ਜਾ ਡਿੱਗਿਆ। ਉਸ ਨੇ ਪੇਟੀਕੋਟ ਉੱਥੇ ਹੀ ਰਹਿਣ ਦਿੱਤਾ ਉਸ ਦੇ ਇਕ ਸ਼ਮੀਜ਼ ਦੇ ਉਹ

ਨੰਗੀ ਹੋ ਕੇ ਆਪਣੇ ਪਲੰਘ ਤੇ ਨਾਲ ਚੀਂ ਚੀਂ ਕਰਨ ਲੱਗੇ, ਨੰਗੇ ਪੈਰੀਂ ਉਹ ਛੇਤੀ ਉੱਪਰੋਂ ਕਦਮ ਪੁੱਟਦੀ ਹੋਈ ਤੇ ਸਿਵਾਏ ਜਾ ਲੇਟੀ ਜਿਸ ਦੇ ਸਪਰਿੰਗ ਉਹਦੇ ਭਾਰ ਹੀ ਉਸ ਕੋਲ ਗਿਆ ਅਤੇ ਆਪਣੀ ਪਤਨੀ ਦੇ ਉਪਰ ਝੁਕ ਕੇ ਉਸ ਦੇ ਬੁੱਲ੍ਹਾਂ ਨੂੰ ਜਿਨ੍ਹਾਂ ਨੂੰ ਉਸ ਨੇ ਸਿਰਹਾਣੇ ਨਾਲ ਢੱਕ ਲਿਆ ਸੀ, ਲੱਭਣ ਲੱਗਾ। ਉਦੋਂ ਹੀ ਉਸ ਨੂੰ ਦੂਰ ਤੋਂ ਗੋਲੀ ਚਲਣ ਦੀ ਇਕ ਆਵਾਜ਼ ਸੁਣਾਈ ਦਿੱਤੀ, ਉਸ ਦੇਵਿਚਾਰ ਅਨੁਸਾਰ ਉਹ ਆਵਾਜ਼ ਰੂਪੀ ਦੇ ਜੰਗਲਾਂ ਵੱਲੋਂ ਆਈ ਸੀ।

ਉਹ ਬੇਚੈਨੀ ਨਾਲ ਉੱਠਿਆ ਅਤੇ ਆਪਣੇ ਧੜਕਦੇ ਹੋਏ ਦਿਲ ਨਾਲ ਖਿੜਕੀ ਕੋਲ ਦੋੜ ਕੇ ਉਸ ਨੇ ਚਿੰਤਾ ਖੋਲ੍ਹ ਦਿੱਤੇ। ਪੂਰੇ ਚੰਦ ਨੇ ਵਿਹੜੇ ਨੂੰ ਪੀਲੀ ਚਾਂਦਨੀ ਨਾਲ ਭਰ ਰੱਖਿਆ ਸੀ ਅਤੇ ਇਕ ਪਾਸੇ ਤੋਂ ਸੇਬ ਦੇ ਦਰੱਖਤਾਂ ਦੀ ਕਾਲੀ ਛਾਂ ਉਹਦੇ ਪੈਰਾਂ ਤੇ ਪੈ ਰਹੀ ਸੀ, ਜਦੋਂ ਕਿ ਕੁਝ ਦੂਰੀ ਤੋਂ ਤਿਆਰ ਹੋਈ ਫ਼ਸਲ ਨਾਲ ਖੇਤ ਚਮਕ ਰਹੇ ਸਨ। ਪਰ ਉਹ ਬਾਹਰ ਝੁਕ ਕੇ ਉਸ ਖਾਮੋਜ ਰਾਤ ਵਿੱਚ ਹਰ ਇਕ ਆਵਾਜ਼ ਨੂੰ ਸੁਣ ਰਿਹਾ ਸੀ, ਉਦੋਂ ਹੀ ਉਸ ਦੇ ਗਲੇ ਵਿੱਚ ਦੇ ਨੰਗੀਆਂ ਬਾਂਹਾਂ ਲਿਪਟ ਗਈਆਂ ਅਤੇ ਉਸ ਦੀ ਪਤਨੀ ਨੇ ਉਸ ਨੂੰ ਵਾਪਸ ਖਿੱਚਣ ਦੀ ਕੋਸ਼ਸ਼ ਕਰਦੇ ਹੋਏ ਹੌਲੀ ਜਿਹੀ ਕਿਹਾ: "ਉਨ੍ਹਾਂ ਨੂੰ ਛੱਡੋ ਉਨ੍ਹਾਂ ਨਾਲ ਤੁਹਾਡਾ ਕੀ ਕੰਮ ਹੈ ਆਓ ਬਿਸਤਰੇ ਤੇ ਚੱਲੀਏ।"

ਉਹ ਮੁੜਿਆ ਅਤੇ ਉਸ ਨੂੰ ਆਪਣੀਆਂ ਬਹਾਵਾਂ ਦੇ ਕਲਾਵੇ ਵਿੱਚ ਲੈ ਲਿਆ ਪਤਲੇ ਜਿਹੇ ਕੱਪੜੇ ਵਿੱਚੋਂ ਉਸ ਦੇ ਜਿਸਮ ਦਾ ਨਿੱਘ ਮਹਿਸੂਸ ਕਰਦੇ ਹੋਏ ਆਪਣੀਆਂ ਸ਼ਕਤੀਸ਼ਾਲੀ ਬਹਾਵਾਂ ਨਾਲ ਚੁੱਕ ਕੇ ਉਸ ਨੂੰ ਪਲੰਘ ਤੇ ਲੈ ਗਿਆ। ਰਿਹਾ ਸੀ ਤਾਂ ਉਸ ਨੇ ਦੂਜੀ ਆਵਾਜ਼ ਸੁਣੀ ਜੋ ਬਹੁਤ ਕਰੋਧ ਨਾਲ ਉਤੇਜਿਤ ਹੋ ਕੇ ਬੋਲਿਆ : ਜਦੋਂ ਉਹ ਉਸ ਨੂੰ ਪਲੰਘ ਤੇ ਲਿਟਾਉਣ ਜਾ ਹੀ ਸ਼ਾਇਦ ਪਹਿਲੀ ਨਾਲੋਂ ਜ਼ਿਆਦਾ ਸੀ।ਜੀਨ ਬਹੁਤ ਕਰੋਧ ਨਾਲ ਉਤੇਜਿਤ ਹੋ ਕੇ ਬੋਲਿਆ :

"ਵਾਹ ਮੇਰੇ ਭਗਵਾਨ ਕੀ ਤੂੰ ਸੋਚਦੀ ਹੈ ਕਿ ਤੇਰੇ ਕਾਰਨ ਮੈਂ ਬਾਹਰ ਜਾ ਕੇ ਇਹ ਨਹੀਂ ਵੇਖਾਂਗਾ ਕਿ ਕੀ ਹੋ ਰਿਹਾ ਹੈ? ਥੋੜ੍ਹੀ ਦੇਰ ਅਜੇ ਰੁਕੋ।" ਉਸ ਨੇ ਆਪਣੀਆਂ ਤੀਆਂ ਪਾਈਆਂ, ਬੰਦੂਕ ਲਈ, ਜੋ ਹਮੇਸ਼ਾ ਕੰਧ ਤੇ ਉਸ ਦੇ ਕੋਲ ਹੀ ਟੰਗੀ ਰਹਿੰਦੀ ਸੀ, ਅਤੇ ਜਿਉਂ ਹੀ ਉਸ ਦੀ ਪਤਨੀ ਡਰ ਨਾਲ ਆਪਣੇ ਗੋਡਿਆਂ

ਭਾਰ ਬੈਠ ਕੇ ਉਸ ਨੂੰ ਨਾ ਜਾਣ ਦੀ ਬੇਨਤੀ ਕਰਨ ਲੱਗੀ ਤਾਂ ਉਹ ਤੁਰੰਤ ਆਪਣੇ ਆਪ ਨੂੰ ਛੁਡਾ ਕੇ ਖਿੜਕੀ ਵੱਲ ਦੌੜਿਆ ਅਤੇ ਵਿਹੜੇ ਵਿੱਚ ਕੁੱਦ ਪਿਆ।

ਉਹ ਇਕ ਘੰਟਾ ਦੋ ਘੰਟੇ ਏਥੋਂ ਤੱਕ ਕਿ ਸਵੇਰ ਤੱਕ ਇੰਤਜ਼ਾਰ ਕਰਦੀ ਰਹੀ ਪਰ ਉਸ ਦਾ ਪਤੀ ਵਾਪਸ ਨਾ ਆਇਆ। ਉਸ ਨੇ ਦੁਖੀ ਹੋ ਕੇ ਸਾਰੇ ਘਰ ਨੂੰ ਜਗਾ ਦਿੱਤਾ ਅਤੇ ਦੱਸਿਆ ਕਿ ਜੀਨ ਕਿੰਨਾ ਗ਼ੁੱਸੇ ਹੋ ਕੇ ਸ਼ਿਕਾਰੀ-ਚੋਰਾਂ ਦਾ ਪਿੱਛਾ ਕਰਨ ਚਲਾ ਗਿਆ ਸੀ। ਫਿਰ ਛੇਤੀ ਹੀ ਸਾਰੇ ਨੌਕਰ ਇੱਥੋਂ ਤੱਕ ਕਿ ਬੱਚੇ ਵੀ ਆਪਣੇ ਮਾਲਕ ਦੀ ਭਾਲ ਵਿੱਚ ਨਿਕਲ ਆਏ। ਉਨ੍ਹਾਂ ਨੇ ਖੇਤ ਦੇ ਮਕਾਨ ਤੋਂ ਡੇਢ ਮੀਲ ਦੂਰ ਵੇਖਿਆ ਕਿ ਉਸ ਦੇ ਹੱਥ ਪੈਰ ਬੰਨ੍ਹੇ ਹੋਏ ਸਨ ਬੰਦੂਕ ਟੁੱਟੀ ਪਈ ਸੀ, ਉਸ ਦਾ ਪਜਾਮਾ ਪੁੱਠਾ ਸੀ ਤਿੰਨ ਮਰੇ ਹੋਏ ਖ਼ਰਗੋਸ਼ ਉਸ ਦੀ ਗਰਦਨ ਵਿੱਚ ਲਟਕ ਰਹੇ ਸਨ; ਅਤੇ ਉਹ ਗ਼ੁੱਸੇ ਨਾਲ ਅੱਧ ਮਰਿਆ ਹੋ ਰਿਹਾ ਸੀ। ਉਸ ਦੀ ਛਾਤੀ ਤੇ ਇਕ ਪੋਸਟਰ ਲੱਗਾ ਹੋਇਆ ਸੀ ਜਿਸ ਤੇ ਲਿਖਿਆ ਸੀ :

"ਜੋ ਕਰਦਾ ਹੈ ਪਿੱਛਾ ਉਹ ਗੁਆਂਦਾ ਹੈ ਥਾਂ ਆਪਣੀ"

ਅਤੇ ਬਾਦ ਵਿੱਚ ਜਦੋਂ ਹੀ ਆਪਣੀ ਸ਼ਾਦੀ ਵਾਲੀ ਰਾਤ ਦੀ ਇਸ ਕਹਾਣੀ ਨੂੰ ਸੁਣਾਉਂਦਾ ਤਾਂ ਉਹ ਜੋੜ ਕੇ ਕਹਿੰਦਾ "ਆਹ : ਜਿੱਥੋਂ ਤੱਕ ਮਜ਼ਾਕ ਦਾ ਪ੍ਰਸ਼ਨ ਸੀ, ਇਹ ਬਹੁਤ ਅੱਛਾਮਜ਼ਾਕ ਸੀ। ਉਨ੍ਹਾਂ ਨੇ ਮੈਨੂੰ ਇਕ ਜਾਲ ਵਿੱਚ ਪਕੜ ਲਿਆ ਜਿਵੇਂ ਮੈਂ ਕੋਈ ਖ਼ਰਗੋਸ਼ ਹੋਵਾਂ ਅਤੇ ਉਨ੍ਹਾਂ ਗੰਦੇ ਹਬਸ਼ੀਆਂ ਨੇ ਮੇਰਾ ਸਿਰ ਬੋਰੇ ਵਿੱਚ ਬੰਦ ਕਰ ਦਿੱਤਾ। ਪਰ ਜੇਕਰ ਮੈਂ ਉਨ੍ਹਾਂ ਵਿੱਚੋਂ ਕਿਸੇ ਨੂੰ ਕਿਸੇ ਵੀ ਦਿਨ, ਫੜ ਲਵਾਂ ਤਾਂ ਉਨ੍ਹਾਂ ਦੇ ਕੀਤੇ ਦਾ ਫਲ਼ ਤਾਂ ਚੁਕਾ ਹੀ ਦੇਵਾਂ।"

ਇਸ ਤਰ੍ਹਾਂ ਉਹ ਲੋਕ ਨੌਰਮੈਂਡੀ ਵਿੱਚ, ਵਿਆਹ ਦੇ ਦਿਨ ਦਿਲ-ਪਰਚਾਵਾ ਕਰਦੇ ਹਨ।

# ਹੀਰਿਆਂ ਦਾ ਹਾਰ

ਉਹ ਉਨ੍ਹਾਂ ਸੁੰਦਰ ਅਤੇ ਮਨਮੋਹਣੀਆਂ ਮੁਟਿਆਰਾਂ ਵਿੱਚੋਂ ਇਕ ਸੀ, ਜਿਸ ਨੂੰ ਸਮਝੋ ਕਿ ਕਿਸਮਤ ਦੀ ਗ਼ਲਤੀ ਦੇ ਕਾਰਨ ਕਲਰਕਾਂ ਦੇ ਪਰਿਵਾਰ ਵਿੱਚ ਜਨਮ ਲੈਣਾ ਪਿਆ। ਉਸ ਦੇ ਕੋਲ ਕੋਈ ਦਹੇਜ ਨਹੀਂ ਸੀ, ਕੋਈ ਆਸ਼ਾਵਾਂ ਨਹੀਂ ਸਨ, ਪ੍ਰਸਿੱਧੀ ਹੋਣ, ਪ੍ਰਸ਼ੰਸਾ ਪ੍ਰਾਪਤ ਕਰਨ ਅਤੇ ਧਨੀ ਜਾਂ ਕਿਸੇ ਨਾਮਵਰ ਵਿਅਕਤੀ ਨਾਲ ਵਿਆਹ ਕਰਨ ਦਾ ਕੋਈ ਸਾਧਨ ਨਹੀਂ ਸੀ । ਉਸ ਨੇ ਸਿੱਖਿਆ ਬੋਰਡ ਦੇ ਇਕ ਛੋਟੇ ਜਿਹੇ ਕਲਰਕ ਨਾਲ ਵਿਆਹ ਕਰ ਲਿਆ ।

ਉਹ ਸ਼ਿੰਗਾਰ ਕਰਨ ਤੋਂ ਅਸਮਰੱਥ ਸੀ ਅਤੇ ਸਿੱਧੇ ਅਤੇ ਸਾਧਾਰਨ ਢੰਗ ਨਾਲ ਰਹਿੰਦੀ ਸੀ, ਪਰ ਉਹ ਇਕ ਅਜਿਹੀ ਇਸਤਰੀ ਵਾਂਗ ਦੁਖੀ ਸੀ ਜੋ ਆਪਣੇ ਵਰਗ ਤੋਂ ਬਾਹਰ ਹੋਵੇ ਕਿਉਂਕਿ ਇਸਤਰੀਆਂ ਦੀ ਕੋਈ ਜ਼ਾਤ ਨਹੀਂ ਹੁੰਦੀ; ਕੋਈ ਨਸਲ ਨਹੀਂ ਹੁੰਦੀ ਅਤੇ ਉਨ੍ਹਾਂ ਦੀ ਸੁੰਦਰਤਾ ਜੋਬਨ ਅਤੇ ਉਨ੍ਹਾਂ ਦੀ ਖਿੱਚ ਜਨਮ ਸਥਾਨ ਅਤੇ ਪਰਿਵਾਰ ਦੀ ਥਾਂ ਕੰਮ ਕਰਦੀ ਹੈ, ਉਨ੍ਹਾਂ ਦੀ ਕੁਦਰਤੀ ਕੋਮਲਤਾ ਸੁਭਾਵਿਕ ਸ਼ੋਭਾ ਬੁੱਧੀ ਤੱਤਪਰਤਾ ਹੀ ਉਨ੍ਹਾਂ ਦੀ ਕੁਲੀਨਤਾ ਹੁੰਦੀ ਹੈ ਜੋ ਲੋਕਾਂ ਦੀਆਂ ਕੁਝ ਲੜਕੀਆਂ ਨੂੰ ਮਹਾਨ ਇਸਤਰੀਆਂ ਦੇ ਬਰਾਬਰ ਦੀਆਂ ਬਣਾ ਦਿੰਦੀਆਂ ਹਨ ।

ਉਹ ਹਮੇਸ਼ਾ ਦੁਖੀ ਰਹਿੰਦੀ ਸੀ ਉਹ ਸੋਚਦੀ ਕਿ ਉਸ ਦਾ ਜੀਵਨ ਭੋਗ ਵਿਲਾਸ ਅਤੇ ਐਸ਼ ਇਸ਼ਰਤ ਦੇ ਲਈ ਹੈ । ਆਪਣੇ ਕਮਰੇ, ਗੰਦੀਆਂ ਕੰਧਾਂ, ਟੁੱਟੀਆਂ ਕੁਰਸੀਆਂ ਅਤੇ ਮਲੀਨ ਚੀਜ਼ਾਂ ਦੀ ਗ਼ਰੀਬੀ ਦੀ ਹਾਲਤ ਤੋਂ ਉਸ ਨੂੰ ਦੁੱਖ ਹੁੰਦਾ ਸੀ । ਉਸ ਦੀ ਥਾਂ ਜੇ ਕੋਈ ਹੋਰ ਇਸਤਰੀ ਹੁੰਦੀ ਤਾਂ ਉਨ੍ਹਾਂ ਸਾਰੀਆਂ ਚੀਜ਼ਾਂ ਵੱਲ ਨਾ ਤਾਂ ਉਸ ਦਾ ਧਿਆਨ ਹੀ ਜਾਂਦਾ ਅਤੇ ਨਾ ਹੀ ਉਹ ਚੀਜ਼ਾਂ ਉਸ ਨੂੰ ਦੁਖੀ ਅਤੇ ਕ੍ਰੋਧਿਤ ਕਰਦੀਆਂ ਉਸ ਛੋਟੇ ਬਰੇਟਨ, ਜਿਸਨੇ ਇਹ ਨਿਗੁਣਾ ਘਰ ਬਣਾਇਆ ਸੀ ਦੇ ਉੱਪਰ ਨਜ਼ਰ ਪਾਉਂਦਿਆਂ ਹੀ ਉਸ ਦੇ ਅੰਦਰ ਦੁੱਖ ਭਰੇ ਪਸ਼ਚਾਤਾਪ ਅਤੇ ਨਿਰਾਸ਼ਾਜਨਕ ਸੁਪਨੇ ਜਾਗ ਉੱਠਦੇ । ਉਸ ਨੇ ਕਲਪਨਾ ਕੀਤੀ ਸੀ ਡਿਉਦੀਆਂ ਦੀ ਜਿਨ੍ਹਾਂ ਵਿੱਚ ਝਾੜਫਨੂਸ ਲਟਕਦੇ ਹੋਣ ਜਿਸ ਵਿੱਚ ਵੱਡੀਆਂ ਵੱਡੀਆਂ ਲੈਂਪਾਂ ਰੌਸ਼ਨੀ ਲਈ ਲੱਗੀਆਂ ਹੋਈਆਂ ਸਨ, ਕਮਰਿਆਂ ਦੀ’ ਤੇ ਪਜਾਮਾ ਪਾਏ ਦੋ ਚੌਕੀਦਾਰਾਂ ਦੀ

ਜੋ ਵੱਡੀਆਂ ਵੱਡੀਆਂ ਅਰਾਮ ਕੁਰਸੀਆਂ ਤੇ ਹੀਟਰਾਂ ਵਿੱਚੋਂ ਨਿਕਲਣ ਵਾਲੀ ਗਰਮ ਗਰਮ ਹਵਾ ਦੇ ਕਾਰਨ ਉਨੀਂਦੇ ਹੋ ਉੱਠੇ ਹੋਣ। ਉਸ ਨੇ ਸੁਪਨੇ ਲਏ ਸਨ ਵੱਡੀਆਂ ਵੱਡੀਆਂ ਬੈਠਕਾਂ ਦੇ ਜਿਨ੍ਹਾਂ ਵਿੱਚ ਸਿਲਕ ਦੇ ਪਰਦੇ ਲਟਕ ਰਹੇ ਹੋਣ, ਕੀਮਤੀ ਫ਼ਰਨੀਚਰ ਲੱਗਿਆ ਹੋਵੇ, ਅਤੇ ਛੋਟੇ ਛੋਟੇ ਸਜ-ਧਜ ਵਾਲੇ ਸੁਗੰਧਿਤ ਕਮਰਿਆਂ ਦੀ ਕਲਪਨਾ ਕੀਤੀ ਸੀ ਜੋ ਸ਼ਾਮ ਨੂੰ ਪੰਜ ਵਜੇ ਆਪਣੇ ਗੂੜ੍ਹੇ ਮਿੱਤਰਾਂ ਨਾਲ ਗੱਲਬਾਤ ਕਰਨ ਲਈ ਹੋਣ । ਅਤੇ ਦੋਸਤ ਵੀ ਉਹ ਲੱਭੇ ਅਤੇ ਬਣਾਏ ਜਾਣ ਜਿਨ੍ਹਾਂ ਨੂੰ ਸਾਰੀਆਂ ਇਸਤਰੀਆਂ ਚਾਹੁੰਦੀਆਂ ਹੋਣ ਅਤੇ ਜਿਨ੍ਹਾਂ ਪ੍ਰਤੀ ਉਹ ਈਰਖਾ ਰੱਖਦੀਆਂ ਹੋਣ ।

ਜਦੋਂ ਉਹ ਭੋਜਨ ਕਰਨ ਲਈ ਗੋਲਮੇਜ਼ ਦੇ ਸਾਹਮਣੇ, ਜਿਸ ’ਤੇ ਤਿੰਨ ਦਿਨ ਦਾ ਇਸਤੇਮਾਲ ਕੀਤਾ ਹੋਇਆ ਮੇਜ਼ਪੋਸ਼ ਵਿਛਿਆ ਹੁੰਦਾ ਆਪਣੇ ਪਤੀ ਦੇ ਸਾਹਮਣੇ ਜੋ ਸ਼ੋਰਬੇ ਦੀ ਢੱਕੀ ਹੋਈ ਤਸ਼ਤਰੀ ਨੂੰ ਨੰਗਾ ਕਰਦਾ ਅਤੇ ਪ੍ਰਸੰਨ ਹੋ ਕੇ ਕਹਿੰਦਾ ਕਿੰਨੀ ਸੁੰਦਰ ਹੈ, ਮੈਂ ਤਾਂ ਇਸ ਤੋਂ ਚੰਗੀ ਕਿਤੇ ਨਹੀਂ ਵੇਖੀ "- ਤਦ ਉਹ ਸ਼ਾਨਦਾਰ ਖਾਣਿਆਂ ਬਾਰੇ ਚਾਂਦੀ ਦੇ ਚਮਕਦੇ ਬਰਤਨਾਂ ਅਤੇ ਕੰਧਾਂ ਦੀ ਕਲਪਨਾ ਕਰਨ ਲੱਗਦੀ, ਜਿਨ੍ਹਾਂ ਉੱਪਰ ਗਲੀਚੇ ਲੱਗੇ ਹੋਣ ਜਿਨ੍ਹਾਂ ’ਤੇ ਪੁਰਾਣੀਆਂ ਸ਼ਖ਼ਸੀਅਤਾਂ ਅਤੇ ਪਰੀ-ਜੰਗਲਾਂ ਦੇ ਸੋਹਣੇ ਪੰਛੀਆਂ ਦੇ ਚਿੱਤਰ ਬਣੇ ਹੋਣ । ਉਹ ਸ਼ਾਨਦਾਰ ਤਸ਼ਤਰੀਆਂ ਵਿੱਚ ਵਧੀਆ ਭੋਜਨ ਪਰੋਸੇ ਜਾਣ ਬਾਰੇ ਹੌਲੀ ਹੌਲੀ ਪ੍ਰੇਮ ਪਿਆਰ ਦੀਆਂ ਗੱਲਾਂ ਕਰਨ ਅਤੇ ਟ੍ਰਾਉਟ ਮੱਛੀ ਦਾ ਗੁਲਾਬੀ ਗੁਲਾਬੀ ਮਾਸ ਜਾਂ ਮੁਰਗ਼ੇ ਦੀ ਟੰਗ ਖਾਂਦਿਆਂ ਸਫਿਨਕਸ ਦੀ ਮੂਰਤੀ ਕੋਲ ਮੁਸਕਰਾਉਂਦੀ ਹੋਈ ਪਿਆਰ ਦੀਆਂ ਗੱਲਾਂ ਸੁਣਨ ਬਾਰੇ ਲੱਗਦੀ ।

ਉਸ ਕੋਲ ਕੁਝ ਵੀ ਨਹੀਂ ਸੀ, ਨਾ ਤਾਂ ਫਰਾਕਾਂ ਸਨ ਅਤੇ ਨਾ ਹੀਰੇ ਮੋਤੀ ਅਤੇ ਉਹ ਕੇਵਲ ਇਨ੍ਹਾਂ ਵਸਤਾਂ ਨਾਲ ਹੀ ਪ੍ਰੇਮ ਕਰਦੀ ਸੀ । ਉਸ ਨੂੰ ਇਸ ਤਰ੍ਹਾਂ ਲੱਗਦਾ ਕਿ ਉਹ ਉਨ੍ਹਾਂ ਲਈ ਹੀ ਬਣੀ ਹੈ। ਖ਼ੁਸ਼ ਕੀਤੇ ਜਾਣ ਦੀ, ਯਾਦ ਕੀਤੇ ਜਾਣ ਦੀ, ਪ੍ਰਬੀਨ ਹੋਣ ਅਤੇ ਪਿਆਰ ਕੀਤੇ ਜਾਣ ਦੀ ਉਸ ਦੀ ਬਹੁਤ ਇੱਛਾ ਸੀ। ਉਸ ਦੀ ਇਕ ਅਮੀਰ ਸਹੇਲੀ ਸੀ, ਸਕੂਲ ਵਿੱਚ ਉਸ ਨਾਲ ਪੜ੍ਹਦੀ ਸੀ ਜਿਸ ਦੇ ਘਰ ਜਾਣਾ ਉਹ ਪਸੰਦ ਨਹੀਂ ਸੀ ਕਰਦੀ । ਜਦੋਂ ਤੋਂ ਉਹ ਵਾਪਸ ਆਈ ਸੀ ਉਦੋਂ ਤੋਂ ਹੀ ਉਸ ਨੂੰ ਇੰਨਾ ਜ਼ਿਆਦਾ ਦੁੱਖ ਮਹਿਸੂਸ ਹੋ ਰਿਹਾ ਸੀ । ਅਤੇ ਉਹ ਦੁੱਖ, ਨਿਰਾਸ਼ਾ ਅਤੇ ਪਸ਼ਚਾਤਾਪ ਨਾਲ ਕਈ ਦਿਨ ਰੋਂਦੀ ਰਹੀ ।

ਇਕ ਦਿਨ ਸ਼ਾਮ ਨੂੰ ਉਸ ਦਾ ਪਤੀ ਆਪਣੇ ਹੱਥ ਵਿੱਚ ਇਕ ਵੱਡਾ ਸਾਰਾ ਲਿਫ਼ਾਫ਼ਾ ਲੈ ਕੇ ਖ਼ੁਸ਼ੀ ਨਾਲ ਘਰ ਵਾਪਸ ਪਰਤਿਆ ।

ਉਹ ਬੋਲਿਆ" ਇਹ ਵੇਖ ਇਹ ਤੇਰੇ ਲਈ ਹੈ । "ਉਸ ਨੇ ਛੇਤੀ ਹੀ ਲਪੇਟੇ ਹੋਏ ਲਿਫ਼ਾਫ਼ੇ ਨੂੰ ਪਾੜਿਆ ਅਤੇ ਇਕ ਛਪਿਆ ਹੋਇਆ ਕਾਰਡ ਕੱਢਿਆ ਜਿਸ ’ਤੇ ਸ਼ਬਦ ਲਿਖੇ ਹੋਏ ਸਨ : “ਸਿੱਖਿਆ ਮੰਤਰੀ ਅਤੇ ਸ੍ਰੀਮਤੀ ਜਾਰਜ ਰੈਪੋਨਯੂ ਸ੍ਰੀਮਾਨ ਅਤੇ ਸ੍ਰੀਮਤੀ ਲੋਸੇਲ ਨੂੰ ਪ੍ਰਾਰਥਨਾ ਕਰਦੇ ਹਨ ਕਿ ਸੋਮਵਾਰ 18 ਜਨਵਰੀ ਦੀ ਸ਼ਾਮ ਨੂੰ ਮੰਤਰੀ ਨਿਵਾਸ ਵਿਖੇ ਆਉਣ ਦੀ ਕਿਰਪਾਲਤਾ ਕਰਨ, ਉਨ੍ਹਾਂ ਦੀ ਉਪਸਥਿਤੀ ਨਾਲ ਸਾਨੂੰ ਬਹੁਤ ਖ਼ੁਸ਼ੀ ਹੋਵੇਗੀ।”

ਪਤੀ ਦੀ ਆਸ਼ਾ ਦੇ ਉਲਟ ਉਹ ਖ਼ੁਸ਼ ਨਹੀਂ ਹੋਈ ਅਤੇ ਉਸ ਨੇ ਨਿਮੰਤਰਣ ਪੱਤਰ ਨੂੰ ਬੁੜ ਬੁੜ ਕਰਦੇ ਹੋਏ ਘਿਰਨਾ ਨਾਲ ਸੁੱਟ ਦਿੱਤਾ:

"ਤੁਸੀਂ ਕੀ ਸੋਚਦੇ ਹੋ ਕਿ ਮੈਨੂੰ ਇਸ ਨਾਲ ਕੀ ਮਿਲ ਜਾਵੇਗਾ ।"

"ਪਰ ਮੇਰੀ ਪਿਆਰੀ, ਮੇਰਾ ਖ਼ਿਆਲ ਸੀ ਕਿ ਤੂੰ ਇਸ ਨੂੰ ਪਾ ਕੇ ਖ਼ੁਸ਼ ਹੋ ਜਾਵੇਗੀ। ਤੂੰ ਕਦੀ ਵੀ ਕਿਧਰੇ ਨਹੀਂ ਜਾਂਦੀ ਅਤੇ ਇਹ ਇਕ ਮੌਕਾ ਅਤੇ ਇਕ ਬਹੁਤ ਹੀ ਚੰਗਾ ਮੌਕਾ ਮੈਨੂੰ ਬਹੁਤ ਮੁਸ਼ਕਲ ਨਾਲ ਮਿਲਿਆ ਹੈ । ਇਸ ਨੂੰ ਹਰ ਇਕ ਚਾਹੁੰਦਾ ਹੈ ਪਰ ਇਹ ਮਿਲਦਾ ਕਿਸੇ ਕਿਸੇ ਨੂੰ ਹੀ ਹੈ ਅਤੇ ਦਫ਼ਤਰ ਵਿੱਚ ਕੰਮ ਕਰਨ ਵਾਲਿਆਂ ਵਿੱਚੋਂ ਬਹੁਤ ਘੱਟ ਵਿਅਕਤੀਆਂ ਨੂੰ ਮਿਲਿਆ ਹੈ ਉੱਥੇ ਤੈਨੂੰ ਸਾਰੇ ਸਰਕਾਰੀ ਵਿਅਕਤੀਆਂ ਨੂੰ ਵੇਖਣ ਦਾ ਅਵਸਰ ਮਿਲੇਗਾ ।"

ਉਸ ਨੇ ਉਸ ਵੱਲ ਚਿੜ੍ਹ ਕੇ ਵੇਖਿਆ ਅਤੇ ਬੇਸਬਰੀ ਨਾਲ ਬੋਲੀ: "ਤੁਹਾਡਾ ਕੀ ਵਿਚਾਰ ਹੈ ਉੱਥੇ ਜਾਣ ਲਈ ਮੈਨੂੰ ਇਹ ਪਹਿਨਣਾ ਪਵੇਗਾ ?" ਉਸ ਨੇ ਇਸ ਬਾਰੇ ਨਹੀਂ ਸੋਚਿਆ ਸੀ ; ਉਹ ਥਥਲਾ ਕੇ ਬੋਲਿਆ:

"ਕਿਉਂ ਉਹ ਪੁਸ਼ਾਕ ਜੋ ਤੂੰ ਪਹਿਨਦੀ ਹੈ; ਜਦੋਂ ਅਸੀਂ ਥੀਏਟਰ ਜਾਂਦੇ ਹਾਂ । ਮੈਨੂੰ ਉਹ ਬਹੁਤ ਚੰਗੀ ਲੱਗਦੀ ਹੈ ।

ਆਪਣੀ ਪਤਨੀ ਨੂੰ ਰੋਂਦਾ ਵੇਖ ਕੇ ਉਸ ਨੂੰ ਬਹੁਤ ਦੁੱਖ ਹੋਇਆ ਅਤੇ ਉਹ ਗ਼ਮਗੀਨ ਜਿਹਾ ਹੋ ਕੇ ਖ਼ਾਮੋਸ਼ ਹੋ ਗਿਆ। ਦੋ ਵੱਡੇ ਵੱਡੇ ਅੱਥਰੂ ਉਸ ਦੀ ਪਤਨੀ ਦੀਆਂ ਅੱਖਾਂ ਚੋਂ ਨਿਕਲ ਕੇ, ਉਸ ਦੇ ਬੁੱਲ੍ਹਾਂ ਦੇ ਦੋਵੇਂ ਪਾਸੇ ਡਿੱਗ ਪਏ । ਉਹ ਥਥਲਾ ਕੇ ਬੋਲਿਆ:

"ਕੀ ਗੱਲ ਹੈ ? ਕੀ ਗੱਲ ਹੈ ?"

ਬਹੁਤ ਕੋਸ਼ਿਸ਼ ਕਰਨ ਤੋਂ ਬਾਦ ਉਹ ਆਪਣੇ ਅੱਥਰੂਆਂ ਨੂੰ ਰੋਕ ਸਕੀ ਅਤੇ ਆਪਣੀਆਂ ਭਿੱਜੀਆਂ ਹੋਈਆਂ ਗਲ੍ਹਾਂ ਨੂੰ ਪੂੰਝਦੀ ਹੋਈ ਸ਼ਾਂਤ ਸੁਰ ਵਿੱਚ ਬੋਲੀ:

"ਕੁਝ ਵੀ ਨਹੀਂ : ਮੇਰੇ ਪਾਸ ਕੋਈ ਚੰਗੀ ਪੋਸ਼ਾਕ ਨਹੀਂ ਹੈ ਅਤੇ ਇਸ ਲਈ ਮੈਂ ਇਸ ਪਾਰਟੀ ਵਿੱਚ ਨਹੀਂ ਜਾ ਸਕਦੀ । ਤੁਸੀਂ ਇਹ ਸੱਦਾ-ਪੱਤਰ ਆਪਣੇ ਕਿਸੇ ਹੋਰ ਸਾਥੀ ਨੂੰ ਜਿਸ ਦੀ ਪਤਨੀ ਕੋਲ ਮੇਰੇ ਤੋਂ ਜ਼ਿਆਦਾ ਸ਼ਿੰਗਾਰ ਦਾ ਸਾਮਾਨ ਹੋਵੇ ਦੇ ਦਿਓ । ਉਸ ਦੇ ਦਿਲ ਨੂੰ ਬਹੁਤ ਠੇਸ ਪਹੁੰਚੀ ਪਰ ਉਸ ਨੇ ਉੱਤਰ ਦਿੱਤਾ:

"ਮਟੀਲਡਾ ਜ਼ਰਾ ਅਸੀਂ ਸੋਚੀਏ; ਇਕ ਵਧੀਆ ਪੁਸ਼ਾਕ ਜੋ ਸਾਦੀ ਹੀ ਹੋਵੇ, ਜੋ ਹੋਰ ਮੌਕਿਆਂ 'ਤੇ ਵੀ ਕੰਮ ਆ ਜਾਵੇ, ਕਿੰਨੇ ਕੁ ਵਿੱਚ ਤਿਆਰ ਹੋ ਜਾਵੇਗੀ ?"

ਉਹ ਗਿਣਤੀ ਕਰਦੀ ਹੋਈ ਕੁਝ ਪਲਾਂ ਲਈ ਸੋਚਦੀ ਰਹੀ ਕਿ ਉਸ ਨੂੰ ਉਸ ਸੰਜਮੀ ਕਲਰਕ ਤੋਂ ਕਿੰਨੇ ਰੁਪਏ ਮੰਗਣੇ ਚਾਹੀਦੇ ਹਨ, ਜਿਸ ਨਾਲ ਨਾ ਤਾਂ ਉਹ ਇਕ ਦਮ ਨਾਂਹ ਕਰ ਸਕੇ ਅਤੇ ਨਾ ਹੀ ਉਹ ਹੈਰਾਨੀ ਨਾਲ ਮੂੰਹ ਚੜ੍ਹਾਵੇ । ਅੰਤ ਵਿੱਚ ਉਸ ਨੇ ਝਿਜਕਦੇ ਝਿਜਕਦੇ ਕਿਹਾ:

"ਠੀਕ ਠੀਕ ਤਾਂ ਨਹੀਂ ਕਹਿ ਸਕਦੀ, ਹਾਂ ਮੇਰਾ ਅੰਦਾਜ਼ਾ ਹੈ ਕਿ ਚਾਰ ਸੌ ਫਰੈਂਕ ਤਾਂ ਲੱਗ ਹੀ ਜਾਣਗੇ।"

ਉਹ ਕੁਝ ਪੀਲਾ ਪੈ ਗਿਆ, ਕਿਉਂਕਿ ਇੰਨੀ ਹੀ ਰਕਮ ਤਾਂ ਉਹ ਆਉਣ ਵਾਲੀਆਂ ਗਰਮੀਆਂ ਵਿੱਚ ਨਾਨਏਰੇ ਦੇ ਮੈਦਾਨਾਂ ਵਿੱਚ ਇਕ ਸ਼ਿਕਾਰੀ ਟੋਲੇ ਨਾਲ ਸ਼ਾਮਲ ਹੋਣ ਲਈ ਆਪਣੇ ਦੋਸਤਾਂ ਨਾਲ ਚੰਡੂਲਾਂ ਦਾ ਸ਼ਿਕਾਰ ਖੇਡਣ ਲਈ ਤੇ ਇਕ ਬੰਦੂਕ ਖ਼ਰੀਦਣ ਵਾਸਤੇ ਇਕੱਠੀ ਕਰ ਸਕਿਆ ਸੀ । ਫਿਰ ਵੀ ਉਸ ਨੇ ਕਿਹਾ:

"ਠੀਕ ਹੈ, ਮੈਂ ਤੈਨੂੰ ਚਾਰ ਸੌ ਫਰੈਂਕ ਦੇ ਦੇਵਾਂਗਾ ਪਰ ਬਹੁਤ ਸੁੰਦਰ ਪੁਸ਼ਾਕ ਬਣਾਉਣ ਦਾ ਯਤਨ ਕਰਨਾ।"

ਨਾਚ-ਉਤਸਵ ਦਾ ਦਿਨ ਨਜ਼ਦੀਕ ਆ ਗਿਆ ਅਤੇ ਸ੍ਰੀਮਤੀ ਲੋਸੇਲ ਉਦਾਸ, ਪਰੇਸ਼ਾਨ ਅਤੇ ਵਿਆਕੁਲ ਵਿਖਾਈ ਦੇਣ ਲੱਗੀ। ਉਸ ਦੀ ਪੁਸ਼ਾਕ ਲਗਭਗ ਤਿਆਰ ਸੀ ।

ਇਕ ਦਿਨ ਸ਼ਾਮ ਨੂੰ ਉਸ ਦੇ ਪਤੀ ਨੇ ਕਿਹਾ:

"ਤੈਨੂੰ ਕੀ ਹੋ ਗਿਆ ਹੈ ? ਦੋ ਤਿੰਨ ਦਿਨ ਤੋਂ ਤੇਰਾ ਵਰਤਾਓ ਅਜੀਬ ਜਿਹਾ ਵਿਖਾਈ ਦੇ ਰਿਹਾ ਹੈ ।"

ਉਸ ਨੇ ਉੱਤਰ ਦਿੱਤਾ" : ਮੈਨੂੰ ਦੁੱਖ ਹੈ ਕਿ ਮੇਰੇ ਕੋਲ ਪਹਿਨਣ ਲਈ ਕੋਈ ਵੀ ਜੜਾਊ ਗਹਿਣਾ ਨਹੀਂ ਹੈ। ਮੈਂ ਉੱਥੇ ਬਹੁਤ ਹੀ ਨਿਰਧਨ ਜਿਹੀ ਲੱਗਾਂਗੀ । ਇਸ ਤੋਂ ਤਾਂ ਮੈਂ ਚਾਹੁੰਦੀ ਹਾਂ ਕਿ ਮੈਂ ਉਸ ਪਾਰਟੀ ’ਤੇ ਜਾਵਾਂ ਹੀ ਨਾ!

ਉਸ ਨੇ ਉੱਤਰ ਦਿੱਤਾ : ਕਿ ਤੂੰ ਕੁਦਰਤੀ ਫੁੱਲਾਂ ਦਾ ਸ਼ਿੰਗਾਰ ਕਰ ਸਕਦੀ ਹੈ । ਇਸ ਮੌਸਮ ਵਿੱਚ ਤਾਂ ਉਹ ਬਹੁਤ ਹੀ ਸੋਹਣੇ ਲਗਦੇ ਹਨ। ਦਸ ਫਰੈਂਕਾਂ ਵਿੱਚ ਤੈਨੂੰ ਦੋ ਤਿੰਨ ਸ਼ਾਨਦਾਰ ਗੁਲਾਬ ਦੇ ਫੁੱਲ ਮਿਲ ਸਕਦੇ ਹਨ ।"

ਉਹ ਇਸ ਨਾਲ ਸੰਤੁਸ਼ਟ ਨਾ ਹੋਈ। ਉਸ ਨੇ ਉੱਤਰ ਦਿੱਤਾ ਨਹੀਂ "ਅਮੀਰ ਇਸਤਰੀਆਂ ਦੇ ਵਿਚਕਾਰ ਅਜੀਬ ਢੰਗ ਨਾਲ ਜਾਣ ਤੋਂ ਜ਼ਿਆਦਾ ਅਪਮਾਨਜਨਕ ਹੋਰ ਕੁਝ ਨਹੀਂ ਹੋ ਸਕਦਾ ।"

ਤਦ ਉਸ ਦਾ ਪਤੀ ਚਿੱਲਾਇਆ" ਕਿੰਨੇ ਮੂਰਖ ਹਾਂ ਅਸੀਂ ਲੋਕ। ਜਾ ਅਤੇ ਆਪਣੀ ਸਹੇਲੀ ਸ੍ਰੀਮਤੀ ਫੋਰਸਟੀਅਰ ਨੂੰ ਕਹਿ ਕਿ ਉਹ ਤੈਨੂੰ ਆਪਣੇ ਗਹਿਣੇ ਪਹਿਨਣ ਲਈ ਦੇ ਦੇਵੇ ਤੇਰੀ ਉਹ ਚੰਗੀ ਵਾਕਫ਼ ਹੈ ।"

ਉਸ ਦੇ ਮੂੰਹੋਂ ਖ਼ੁਸ਼ੀ ਨਾਲ ਇਕ ਚੀਕ ਜਿਹੀ ਨਿਕਲ ਗਈ" : ਇਹ ਠੀਕ ਹੈ । "ਉਸ ਨੇ ਕਿਹਾ" ਮੈਂ ਤਾਂ ਇਹ ਸੋਚਿਆ ਹੀ ਨਹੀਂ ਸੀ ।"

ਅਗਲੇ ਦਿਨ ਉਹ ਆਪਣੀ ਸਹੇਲੀ ਦੇ ਘਰ ਗਈ ਅਤੇ ਉਸ ਨੂੰ ਆਪਣੀ ਪਰੇਸ਼ਾਨੀ ਦੱਸੀ। ਸ੍ਰੀਮਤੀ ਫੋਰਸਟੀਅਰ ਆਪਣੀ ਕੋਠੜੀ, ਜਿਸ ਦਾ ਦਰਵਾਜ਼ਾ ਸ਼ੀਸ਼ੇ ਵਾਲਾ ਸੀ ਵਿੱਚ ਗਈ ਅਤੇ ਇਕ ਵੱਡਾ ਗਹਿਣਿਆਂ ਦਾ ਡੱਬਾ ਚੁੱਕ ਲਿਆਈ, ਉਸ ਨੂੰ ਖੋਲ੍ਹਿਆ ਅਤੇ ਬੋਲੀ" ਮੇਰੀ ਪਿਆਰੀ ਚੁਣ ਲੈ।”

ਪਹਿਲੇ ਉਸ ਨੇ ਕੁਝ ਬਾਜ਼ੂਬੰਦ ਵੇਖੇ, ਫਿਰ ਮੋਤੀਆਂ ਦਾ ਇਕ ਹਾਰ, ਫਿਰ ਸੋਨੇ ਅਤੇ ਨਗੀਨਿਆਂ ਦਾ ਵੈਨੀਟੀਅਨ ਕਰਾਸ ਜੋ ਕਾਰੀਗਰੀ ਦਾ ਇਕ ਖ਼ਾਸ ਨਮੂਨਾ ਸੀ । ਉਸ ਨੇ ਸ਼ੀਸ਼ੇ ਦੇ ਸਾਹਮਣੇ ਉਨ੍ਹਾਂ ਨੂੰ ਪਹਿਨ ਕੇ ਵੇਖਿਆ, ਹਿਚਕਚਾਈ ਪਰ ਨਾ ਤਾਂ ਉਨ੍ਹਾਂ ਨੂੰ ਛੱਡਣ ਅਤੇ ਨਾ ਹੀ ਲੈ ਜਾਣ ਦਾ ਨਿਸ਼ਚਾ ਕਰ ਸਕੀ । ਫਿਰ ਉਹ ਬੋਲੀ,

"ਤੇਰੇ ਕੋਲ ਹੋਰ ਨਹੀਂ ਹਨ?ö

ਕਿਉਂ, ਹੈਨ । ਆ ਤੂੰ ਵੇਖ ਲੈ ਮੈਨੂੰ ਨਹੀਂ ਪਤਾ, ਤੈਨੂੰ ਕਿਹੜਾ ਪਸੰਦ ਆਵੇਗਾ।

ਅਚਾਨਕ ਹੀ ਉਸ ਨੂੰ ਇਕ ਕਾਲੇ ਮਖ਼ਮਲੀ ਡੱਬੇ ਵਿੱਚ ਹੀਰਿਆਂ ਦਾ ਬਹੁਤ ਸੁੰਦਰ ਹਾਰ ਮਿਲ ਗਿਆ, ਅਤੇ ਉਸ ਦਾ ਦਿਲ ਤੀਬਰ ਇੱਛਾ ਨਾਲ ਧੜਕਣ ਲੱਗਾ । ਉਸ ਨੂੰ ਚੁੱਕਦਿਆਂ ਹੀ ਉਸ ਦੇ ਹੱਥ ਕੰਬਣ ਲੱਗੇ । ਉਸ ਨੇ

ਆਪਣੇ ਗਲ਼ ਵਿੱਚ ਪਹਿਨਿਆ ਅਤੇ ਉਸ ਨੂੰ ਪਹਿਨ ਕੇ ਉਹ ਹੈਰਾਨ ਹੋ ਗਈ। ਤਦ ਉਸ ਨੇ ਉਤਸੁਕਤਾ ਨਾਲ, ਝਿਜਕਦੇ ਹੋਏ ਪੁੱਛਿਆ:

"ਕੀ ਤੂੰ ਮੈਨੂੰ ਉਧਾਰ ਦੇ ਸਕੇਂਗੀ ?" ਬੱਸ ਕੇਵਲ ਇਹ ਹੀ ?

"ਕਿਉਂ ਨਹੀਂ, ਹਾਂ ਜ਼ਰੂਰ"

ਉਹ ਆਪਣੀ ਸਹੇਲੀ ਦੇ ਗਲ਼ ਵਿੱਚ ਬਹਾਵਾਂ ਪਾ ਕੇ ਝੂਮ ਗਈ ਅਤੇ ਉਸ ਨੇ ਜੋਸ਼ ਨਾਲ ਉਸ ਨੂੰ ਚੁੰਮ ਲਿਆ ਅਤੇ ਫੇਰ ਉਸ ਦਾ ਉਹ ਖ਼ਜ਼ਾਨਾ ਲੈ ਕੇ ਚਲੀ ਗਈ ।

ਨਾਚ ਉਤਸਵ ਦਾ ਦਿਨ ਆਇਆ । ਸ੍ਰੀਮਤੀ ਲੋਸੇਲ ਨੂੰ ਹੈਰਾਨੀਜਨਕ ਸਫ਼ਲਤਾ ਮਿਲੀ । ਉਹ ਸਭ ਤੋਂ ਵੱਧ ਸੁੰਦਰ ਸਜੀ ਹੋਈ, ਖ਼ੂਬਸੂਰਤ, ਪ੍ਰਸੰਨ ਅਤੇ ਅਨੰਦ ਮਗਨ ਵਿਖਾਈ ਦੇ ਰਹੀ ਸੀ। ਹਰ ਇਕ ਵਿਅਕਤੀ ਨੇ ਉਸ ਨੂੰ ਵੇਖਿਆ, ਉਸ ਦਾ ਨਾਂ ਪੁੱਛਿਆ, ਅਤੇ ਉਸ ਨੂੰ ਮਿਲਣਾ ਚਾਹਿਆ । ਮੰਤਰੀ ਮੰਡਲ ਦੇ ਸਭ ਮੈਂਬਰਾਂ ਨੇ ਉਸ ਨਾਲ ਨਾਚ ਕਰਨਾ ਚਾਹਿਆ । ਸਿੱਖਿਆ ਮੰਤਰੀ ਨੇ ਉਸ ਵੱਲ ਧਿਆਨ ਦਿੱਤਾ ਸੀ ।

ਅਨੰਦ ਨਾਲ ਭਰਪੂਰ, ਉਤਸ਼ਾਹ ਅਤੇ ਆਪਣੀ ਸੁੰਦਰਤਾ ਦੀ ਜਿੱਤ ਵਿੱਚ ਸੁੱਧ ਬੁੱਧ ਖੋ ਕੇ ਇਕ ਅਜਿਹੇ ਖ਼ੁਸ਼ੀਆਂ ਦੇ ਬੱਦਲਾਂ ਵਿੱਚ, ਜੋ ਉਸ ਦੇ ਸੁਆਗਤ, ਉਸ ਦੀ ਸ਼ਲਾਘਾ ਤੋਂ, ਉਸ ਦੀਆਂ ਜਾਗੀਆਂ ਭਾਵਨਾਵਾਂ 'ਚੋਂ ਅਤੇ ਆਪਦੀ ਪੂਰਨ ਵਿਜੈ ਜੋ ਇਸਤਰੀ ਨੂੰ ਬਹੁਤ ਪਿਆਰੀ ਲੱਗਦੀ ਹੈ, ਤੋਂ ਪੈਦਾ ਹੋਏ ਸਨ ਵਿੱਚ ਮਸਤ ਹੋ ਕੇ ਉਹ ਨੱਚੀ ।

ਸਵੇਰੇ ਚਾਰ ਵਜੇ ਉਹ ਘਰ ਗਈ । ਉਸ ਦਾ ਪਤੀ ਅੱਧੀ ਰਾਤ ਤੋਂ ਤਿੰਨ ਹੋਰ ਵਿਅਕਤੀਆਂ ਨਾਲ ਜਿਨ੍ਹਾਂ ਦੀਆਂ ਪਤਨੀਆਂ ਨਾਚ ਦਾ ਅਨੰਦ ਲੈ ਰਹੀਆਂ ਸਨ ਇਕ ਕਮਰੇ ਵਿੱਚ ਸੁੱਤਾ ਪਿਆ ਸੀ ।

ਉਸ ਨੇ ਉਸ ਦੇ ਰੋਜ਼ਾਨਾ ਦੇ ਪਹਿਨਣ ਵਾਲੇ ਕੰਬਲ ਨੂੰ ਜਿਸ ਦੀ ਦੀਨਤਾ ਨਾਚ ਦੀ ਸਜਾਵਟੀ ਪੁਸ਼ਾਕ ਨਾਲ ਟਕਰਾ ਗਈ ਸੀ, ਉਸ ਦੇ ਮੋਢਿਆਂ ’ਤੇ ਸੁੱਟ ਦਿੱਤਾ। ਉਨ੍ਹਾਂ ਕੰਬਲਾਂ ਨੂੰ ਉਹ ਵਾਪਸ ਆਉਂਦੇ ਸਮੇਂ ਲੈਣ ਲਈ ਲਿਆਏ ਸਨ । ਉਸ ਨੇ ਇਹ ਗੱਲ ਮਹਿਸੂਸ ਕੀਤੀ ਅਤੇ ਉਹ ਹੋਰ ਇਸਤਰੀਆਂ ਦੀ ਨਜ਼ਰ ਤੋਂ ਬਚਣ ਲਈ, ਜੋ ਕਿ ਫ਼ਰ ਦੇ ਵਧੀਆ ਕੱਪੜੇ ਉੱਪਰ ਲੈ ਰਹੀਆਂ ਸਨ, ਛੇਤੀ ਕਰਕੇ ਜਾਣ ਲੱਗੀ।

ਲੋਸੇਲ ਨੇ ਉਸ ਨੂੰ ਰੋਕ ਲਿਆ “ਠਹਿਰੋ” ਉਹ ਬੋਲਿਆ" ਤੈਨੂੰ ਬਾਹਰ ਨਿਕਲਦੇ ਹੀ ਠੰਢ ਲੱਗ ਜਾਏਗੀ । ਮੈਂ ਇਕ ਬੱਘੀ ਫੜ ਲਿਆਵਾਂ।” ਪਰ ਉਹ ਨਾ ਮੰਨੀ ਅਤੇ ਛੇਤੀ ਨਾਲ ਪੌੜੀਆਂ ਉੱਤਰ ਗਈ। ਜਦੋਂ ਉਹ ਗ਼ਲੀ ਵਿੱਚ ਪਹੁੰਚੇ ਤਾਂ ਉੱਥੇ ਵੀ ਉਨ੍ਹਾਂ ਨੂੰ ਕੋਈ ਗੱਡੀ ਨਾ ਮਿਲੀ; ਅਤੇ ਉਹ ਗੱਡੀ ਲੱਭਣ ਲੱਗੇ ਇਕ ਗਾਡੀਵਾਨ ਉਨ੍ਹਾਂ ਨੂੰ ਕਾਫ਼ੀ ਦੂਰ ਵਿਖਾਈ ਦਿੱਤਾ, ਉਹ ਉਸ ਨੂੰ ਆਵਾਜ਼ ਦੇਣ ਲੱਗੇ ।

ਨਿਰਾਸ਼ ਹੋ ਕੇ ਠੰਢ ਨਾਲ ਕੰਬਦੇ ਹੋਏ ਉਹ ਸੇਨ ਵੱਲ ਚਲੇ ਗਏ । ਆਖ਼ਰ ਵਿੱਚ ਉਨ੍ਹਾਂ ਨੂੰ ਘਾਟ ਤੋਂ ਇਕ ਪੁਰਾਣਾ ਛਕੜਾ ਮਿਲਿਆ ਜੋ ਕਿ ਰਾਤ ਦੇ ਸਮੇਂ ਪੈਰਿਸ ਵਿੱਚ ਹਰ ਕੋਈ ਵੇਖ ਸਕਦਾ ਹੈ, ਜਿਵੇਂ ਕਿ ਉਹ ਆਪਣੀ ਬਦਕਿਸਮਤੀ ਤੋਂ ਸ਼ਰਮਿੰਦਾ ਹੋ ਕੇ ਦਿਨ ਵਿੱਚ ਮੂੰਹ ਲੁਕਾਈ ਖੜ੍ਹੇ ਰਹਿੰਦੇ ਹੋਣ । ਉਸ ਵਿੱਚ ਬੈਠ ਕੇ ਉਹ ਮਾਰਟਾਇਰ ਸਟਰੀਟ ਵਿੱਚ ਆਪਣੇ ਘਰ ਤੱਕ ਗਏ ਅਤੇ ਥੱਕ ਕੇ ਉਹ ਆਪਣੇ ਕਮਰੇ ਵਿੱਚ ਜਾ ਪਹੁੰਚੇ । ਉਸ ਨੂੰ ਤਾਂ ਹੁਣ ਕੋਈ ਕੰਮ ਨਹੀਂ ਸੀ । ਉਸ ਦੇ ਪਤੀ ਨੇ ਸਵੇਰੇ ਦਸ ਵਜੇ ਦਫ਼ਤਰ ਵਿੱਚ ਹਾਜ਼ਰ ਹੋਣਾ ਸੀ।

ਉਸ ਨੇ ਸ਼ੀਸ਼ੇ ਸਾਹਮਣੇ ਜਾ ਕੇ ਆਪਣੇ ਮੋਢਿਆਂ ਤੋਂ ਆਪਣੀ ਮਹੱਤਤਾ ਦਾ ਅੰਤਿਮ ਦਰਸ਼ਨ ਕਰਨ ਲਈ ਕੰਬਲ ਹਟਾਇਆ ਅਚਾਨਕ ਉਸ ਦੀ ਚੀਕ ਨਿਕਲ ਗਈ। ਉਸ ਦੀ ਗਰਦਨ ਵਿੱਚ ਉਸ ਦਾ ਹਾਰ ਨਹੀਂ ਸੀ ।

ਉਸ ਦਾ ਪਤੀ ਜੋ ਆਪਣੇ ਕੱਪੜੇ ਉਤਾਰ ਰਿਹਾ ਸੀ ਬੋਲਿਆ ਕੀ ਗੱਲ ਹੈ ?" ਉਹ ਤੇਜ਼ੀ ਨਾਲ ਉਸ ਵੱਲ ਮੁੜੀ:

"ਮੇਰੇ ਤੋਂ ਸ੍ਰੀਮਤੀ ਫੋਰਸਟੀਅਰ ਦਾ ਹਾਰ ਕਿਤੇ ਡਿੱਗ ਪਿਆ ਹੈ।”

ਉਹ ਦੁੱਖ ਨਾਲ ਬੋਲ ਉੱਠਿਆ 'ਕੀ ? ਇਹ ਕਿਵੇਂ ਹੋ ਗਿਆ ? ਇਹ ਨਹੀਂ ਹੋ ਸਕਦਾ ।

ਅਤੇ ਉਨ੍ਹਾਂ ਨੇ ਕੱਪੜਿਆਂ ਦੀ ਤਹਿ ਵਿੱਚ ਲੱਭਿਆ-ਦੁਪੱਟੇ ਦੀ ਤਹਿ ਵਿੱਚ ਵੇਖਿਆ, ਜੇਬਾਂ ਵਿੱਚ ਵੇਖਿਆ, ਸਭ ਜਗ੍ਹਾ ਲੱਭਿਆ ਪਰ ਹਾਰ ਨਾ ਮਿਲਿਆ ।

ਉਸ ਨੇ ਪੁੱਛਿਆ 'ਤੈਨੂੰ ਇਹ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਅਸੀਂ ਘਰ ਤੋਂ ਨਿਕਲੇ ਤਾਂ ਹਾਰ ਤੇਰੇ ਗਲ਼ੇ ਵਿੱਚ ਹੀ ਸੀ ?' 'ਹਾਂ ਜਦੋਂ ਅਸੀਂ ਵੱਡਾ ਕਮਰੇ ਵਿੱਚੋਂ ਬਾਹਰ ਆਏ ਤਾਂ ਮੈਨੂੰ ਲੱਗਾ ਕਿ ਉਹ ਮੇਰੇ ਗਲ਼ ਵਿੱਚ ਸੀ ।'

'ਪਰ ਜੇਕਰ ਸੜਕ ’ਤੇ ਡਿੱਗਿਆ ਹੁੰਦਾ ਤਾਂ ਸਾਨੂੰ ਜ਼ਰੂਰ ਉਸ ਦੇ ਡਿੱਗਣ ਦੀ ਆਵਾਜ਼ ਸੁਣਾਈ ਦਿੰਦੀ। ਇਹ ਗੱਡੀ ਵਿੱਚ ਹੀ ਹੋਣਾ ਚਾਹੀਦਾ ਹੈ ।

'ਹਾਂ ਇਹ ਸੰਭਵ ਹੈ । ਕੀ ਤੂੰ ਉਸ ਦਾ ਨੰਬਰ ਨੋਟ ਕੀਤਾ ਸੀ ।'

'ਨਹੀਂ ਅਤੇ ਤੁਸੀਂ ਕੀ ਵੇਖਿਆ ਸੀ ਕਿ ਇਹ ਕਿੰਨਾ ਸੀ ?'

'ਨਹੀਂ''

ਉਨ੍ਹਾਂ ਨੇ ਇਕ ਦੂਜੇ ਵੱਲ ਬਹੁਤ ਹੀ ਨਿੰਮੋਝੂਣੇ ਹੋ ਕੇ ਵੇਖਿਆ। ਲੋਸੇਲ ਨੇ ਮੁੜ ਕੱਪੜੇ ਪਾਏ । ਉਸ ਨੇ ਕਿਹਾ 'ਜਿੱਥੇ ਅਸੀਂ ਪੈਦਲ ਚਲੇ ਸੀ, ਉੱਥੇ ਵੇਖਣ ਜਾ ਰਿਹਾ ਹਾਂ, ਸ਼ਾਇਦ ਮੈਨੂੰ ਮਿਲ ਜਾਵੇ ।'

ਅਤੇ ਉਹ ਚਲਾ ਗਿਆ । ਉਹ ਆਪਣਾ ਸ਼ਾਮ ਦਾ ਪਹਿਨਣ ਵਾਲਾ ਗਾਊਨ ਹੀ ਪਾਏ ਹੋਏ ਖ਼ਾਲੀ ਹੀ ਇਕ ਕੁਰਸੀ ’ਤੇ ਲੱਤਾਂ ਪਸਾਰ ਕੇ ਬੈਠੀ ਰਹੀ । ਉਸ ਵਿੱਚ ਇੰਨੀ ਹਿੰਮਤ ਹੀ ਨਹੀਂ ਸੀ ਕਿ ਉਹ ਆਪਣੇ ਬਿਸਤਰੇ ’ਤੇ ਜਾ ਸਕੇ । ਲਗਭਗ ਸੱਤ ਵਜੇ ਉਸ ਦਾ ਪਤੀ ਵਾਪਸ ਆਇਆ । ਉਸ ਨੂੰ ਕੁਝ ਵੀ ਨਾ ਲੱਭਿਆ।

ਉਹ ਪੁਲਿਸ ਥਾਣੇ ਗਿਆ ਅਤੇ ਗੱਡੀਆਂ ਦੇ ਦਫ਼ਤਰ ਵਿੱਚ ਗਿਆ ਅਤੇ ਉਸ ਨੇ ਅਖ਼ਬਾਰ ਵਿੱਚ ਇਨਾਮ ਦਾ ਵਿਗਿਆਪਨ ਦਿੱਤਾ । ਉਸ ਨੇ ਜੋ ਜੋ ਉਮੀਦਾਂ ਦਿਵਾਉਣ ਵਾਲੇ ਕੰਮ ਸਨ, ਸਭ ਕੀਤੇ ।

ਦਿਨ ਭਰ ਉਹ ਇਸ ਭਿਅੰਕਰ ਤਬਾਹੀ ਦੇ ਡਰ ਨਾਲ ਭੈ-ਭੀਤ ਅਵਸਥਾ ਵਿੱਚ ਆਪਣੇ ਪਤੀ ਦੀ ਉਡੀਕ ਕਰਦੀ ਰਹੀ । ਸ਼ਾਮ ਨੂੰ ਲੋਸੇਲ ਮੁਰਝਾਏ ਅਤੇ ਉਤਰੇ ਹੋਏ ਚਿਹਰੇ ਨਾਲ ਘਰ ਵਾਪਸ ਆਇਆ, ਉਸ ਨੂੰ ਕੁਝ ਵੀ ਨਹੀਂ ਸੀ ਮਿਲਿਆ।

'ਇਹ ਗੱਲ ਜ਼ਰੂਰੀ ਹੈ' ਉਹ ਬੋਲਿਆ 'ਕਿ ਤੇਰੀ ਸਹੇਲੀ ਨੂੰ ਇਹ ਚਿੱਠੀ ਲਿਖੀ ਜਾਵੇ ਕਿ ਤੇਰੇ ਤੋਂ ਹਾਰ ਦਾ ਕੁੰਡਾ ਟੁੱਟ ਗਿਆ ਹੈ ਅਤੇ ਤੈਨੂੰ ਉਸ ਦੀ ਮੁਰੰਮਤ ਕਰਵਾਉਣੀ ਪੈ ਗਈ ਹੈ। ਇਸ ਦੌਰਾਨ ਸਾਨੂੰ ਕੁਝ ਕਰਨ ਦਾ ਸਮਾਂ ਮਿਲ ਜਾਵੇਗਾ ।'

ਉਸ ਨੇ ਉਸੇ ਤਰ੍ਹਾਂ ਇਕ ਚਿੱਠੀ ਲਿਖੀ ਜਿਸ ਤਰ੍ਹਾਂ ਉਸ ਨੇ ਦੱਸਿਆ ਸੀ।

ਇਕ ਹਫ਼ਤਾ ਬੀਤਣ ਤੋਂ ਬਾਦ, ਉਨ੍ਹਾਂ ਦੀਆਂ ਉਮੀਦਾਂ ’ਤੇ ਪਾਣੀ ਫਿਰ ਗਿਆ। ਅਤੇ ਲੋਸੇਲ ਜਿਸ ਦੀ ਉਮਰ ਪੰਜ ਸਾਲ ਜ਼ਿਆਦਾ ਸੀ ਨੇ ਕਿਹਾ 'ਸਾਨੂੰ ਇਹੋ ਦੂਜਾ ਹਾਰ ਬਣਾਉਣ ਦੀ ਕੋਸਿਸ਼ ਕਰਨੀ ਚਾਹੀਦੀ ਹੈ ।

ਅਗਲੇ ਦਿਨ ਉਨ੍ਹਾਂ ਨੇ ਉਹ ਬਕਸਾ, ਜਿਸ ਵਿੱਚ ਹਾਰ ਰੱਖਿਆ ਰਹਿੰਦਾ ਸੀ, ਲਿਆ ਅਤੇ ਇਕ ਜੌਹਰੀ ਕੋਲ ਜਿਸ ਦਾ ਨਾਂ ਉਸ ਦੇ ਅੰਦਰ ਖੁਦਿਆ ਹੋਇਆ ਸੀ, ਲੈ ਕੇ ਗਏ। ਉਸ ਨੇ ਆਪਣੀਆਂ ਕਿਤਾਬਾਂ ਵੇਖੀਆਂ ਅਤੇ ਬੋਲਿਆ।

ਸ੍ਰੀਮਤੀ ਜੀ ਇਹ ਹਾਰ ਮੈਂ ਨਹੀਂ ਵੇਖਿਆ ਸੀ, ਮੈਂ ਤਾਂ ਸਿਰਫ਼ ਇਸ ਦਾ ਸ਼ਿੰਗਾਰ-ਬਕਸ ਹੀ ਦਿੱਤਾ ਸੀ।'

ਫਿਰ ਉਹ ਵਾਰੋ ਵਾਰੀ ਹਰੇਕ ਜੌਹਰੀ ਕੋਲ ਉਸ ਵਰਗਾ ਹਾਰ ਖੋਜਦੇ ਹੋਏ ਗਏ। ਉਹ ਆਪਣੇ ਮੰਦੇ ਭਾਗਾਂ ਨੂੰ ਕੋਸਦੇ ਹੋਏ ਅਤੇ ਦੁਖੀ ਅਤੇ ਪਰੇਸ਼ਾਨ ਹੋ ਕੇ, ਉਸ ਹਾਰ ਦਾ ਰੂਪ ਰੰਗ ਯਾਦ ਕਰਦੇ ਹੋਏ ਕਿ ਉਹ ਕਿਸ ਤਰ੍ਹਾਂ ਦਾ ਬਣਿਆ ਹੋਇਆ ਸੀ, ਤੁਰੇ ਜਾ ਰਹੇ ਸਨ।

ਪਾਲਾਇਸ-ਰਾਇਲ ਦੀ ਇਕ ਦੁਕਾਨ ਵਿੱਚ, ਉਨ੍ਹਾਂ ਨੂੰ ਹੀਰਿਆ ਦਾ ਇਕ ਹਾਰ ਬਿਲਕੁਲ ਉਸੇ ਵਰਗਾ ਵਿਖਾਈ ਦਿੱਤਾ। ਉਸ ਦਾ ਮੁੱਲ ਚਾਲੀ ਹਜ਼ਾਰ ਫਰੈਂਕ ਸੀ। ਉਨ੍ਹਾਂ ਨੂੰ ਉਹ ਛੱਤੀ ਹਜ਼ਾਰ ਵਿੱਚ ਮਿਲ ਸਕਦਾ ਸੀ।

ਉਨ੍ਹਾਂ ਨੇ ਜੌਹਰੀ ਨੂੰ ਤਿੰਨ ਦਿਨ ਤੱਕ ਕਿਸੇ ਹੋਰ ਆਦਮੀ ਨੂੰ ਨਾ ਵੇਚਣ ਦੀ ਬੇਨਤੀ ਕੀਤੀ। ਅਤੇ ਉਨ੍ਹਾਂ ਨੇ ਉਸ ਨਾਲ ਇਹ ਸਮਝੌਤਾ ਕਰ ਲਿਆ ਕਿ ਜੇਕਰ ਗੁੰਮਿਆ ਹੋਇਆ ਹਾਰ ਫਿਰ ਮਿਲ ਜਾਏਗਾ ਤਾਂ ਉਹ ਉਸ ਨੂੰ ਚੌਂਤੀ ਹਜ਼ਾਰ ਫਰੈਂਕ ਵਿੱਚ ਫ਼ਰਵਰੀ ਦੇ ਅੰਤ ਤੱਕ ਵਾਪਸ ਕਰ ਜਾਣਗੇ।

ਲੋਸੇਲ ਕੋਲ ਉਸ ਦੇ ਪਿਤਾ ਦੇ ਛੱਡੇ ਹੋਏ ਅਠਾਰਾਂ ਹਜ਼ਾਰ ਫਰੈਂਕ ਸਨ। ਬਾਕੀ ਉਸ ਨੇ ਉਧਾਰ ਲੈ ਲਏ।

ਉਸ ਨੇ ਉਧਾਰ ਇਸ ਤਰ੍ਹਾਂ ਨਾਲ ਲਿਆ ਕਿ ਇਕ ਤੋਂ ਤਾਂ ਇਕ ਹਜ਼ਾਰ ਲਿਆ ਦੂਜੇ ਤੋਂ ਪੰਜ ਸੌ, ਪੰਜ ਲੁਇਸ ਤੀਜੇ ਤੋਂ ਅਤੇ ਤਿੰਨ ਲੁਇਸ ਇਕ ਹੋਰ ਤੋਂ। ਉਸ ਨੇ ਪ੍ਰੋ-ਨੋਟ ਲਿਖੇ ਬਰਬਾਦ ਕਰ ਦੇਣ ਵਾਲੇ ਵਾਅਦੇ ਕੀਤੇ, ਉਸ ਨੇ ਵਿਆਜੀਆਂ ਤੋਂ ਰੁਪਏ ਲਏ, ਹਰੇਕ ਉਧਾਰ ਦੇਣ ਵਾਲੇ ਤੋਂ ਉਸ ਨੇ ਉਧਾਰ ਲਿਆ। ਉਸ ਨੇ ਆਪਣੇ ਆਪ ਨੂੰ ਇਸ ਦਾਅ 'ਤੇ ਲਾ ਦਿੱਤਾ; ਅਸਲ ਵਿੱਚ ਤਾਂ ਉਸ ਨੇ ਇਹ ਬਿਨਾਂ ਜਾਣੇ ਹੀ ਕਿ ਉਹ ਇਸ ਰਕਮ ਨੂੰ ਚਕਾ ਵੀ ਪਾਏਗਾ ਕਿ ਨਹੀਂ, ਪਰ ਫੇਰ ਵੀ ਉਸ ਨੇ ਦੇਣਦਾਰੀਆਂ 'ਤੇ ਹਸਤਾਖ਼ਰ ਕਰ ਦਿੱਤੇ। ਭਵਿੱਖ ਦੀਆਂ ਚਿੰਤਾਵਾਂ ਨਾਲ ਗ੍ਰਸਿਆ ਹੋਇਆ ਮੰਦੇ ਭਾਗਾਂ, ਜਿਨ੍ਹਾਂ ਨਾਲ ਉਹ ਘਿਰਿਆ ਹੋਇਆ ਸੀ ਅਤੇ

ਸਰੀਰਕ ਅਤੇ ਮਾਨਸਿਕ ਦੁੱਖਾਂ ਨਾਲ ਗ੍ਰਸਤ, ਦੁਕਾਨਦਾਰ ਪਾਸ ਛੱਤੀ ਹਜ਼ਾਰ ਫਰੈਂਕ ਜਮਾਂ ਕਰਾ ਕੇ, ਉਹ ਨਵਾਂ ਹਾਰ ਖ਼ਰੀਦ ਲਿਆਇਆ ।

ਜਦੋਂ ਸ੍ਰੀਮਤੀ ਲੋਸੇਲ ਸ੍ਰੀਮਤੀ ਫਰੈਸਟੀਅਰ ਨੂੰ ਹਾਰ ਵਾਪਸ ਦੇਣ ਗਈ ਤਾਂ ਉਸ ਨੇ ਕੁੱਝ ਰੁੱਖੇ ਲਹਿਜ਼ੇ ਨਾਲ ਕਿਹਾ:

'ਤੈਨੂੰ ਹਾਰ ਛੇਤੀ ਵਾਪਸ ਕਰ ਦੇਣਾ ਚਾਹੀਦਾ ਸੀ, ਹੋ ਸਕਦਾ ਸੀ ਮੈਨੂੰ ਇਸ ਦੀ ਜ਼ਰੂਰਤ ਪੈ ਜਾਂਦੀ ।

ਉਸ ਨੇ ਹਾਰ ਦੇ ਡੱਬੇ ਨੂੰ ਖੋਲ੍ਹਿਆ ਜਿਸ ਤਰ੍ਹਾਂ ਕਿ ਉਸ ਦੇ ਮਨ ਵਿੱਚ ਡਰ ਸੀ । ਜੇਕਰ ਉਹ ਪਛਾਣ ਲੈਂਦੀ ਕਿ ਹਾਰ ਬਦਲਿਆ ਹੋਇਆ ਹੈ ਤਾਂ ਉਹ ਕੀ ਸੋਚੇਗੀ ? ਉਹ ਕੀ ਉੱਤਰ ਦੇਵੇਗੀ ? ਕੀ ਉਹ ਉਸ ਨੂੰ ਲੁਟੇਰਨ ਸਮਝੇਗੀ?'

ਸ੍ਰੀਮਤੀ ਲੋਸੇਲ ਹੁਣ ਜ਼ਰੂਰਤਾਂ ਦੇ ਭਿਆਨਕ ਜੀਵਨ ਨੂੰ ਸਮਝ ਗਈ ਸੀ । ਐਪਰ ਉਸ ਨੇ ਆਪਣਾ ਪਾਰਟ ਪੂਰੀ ਬਹਾਦਰੀ ਨਾਲ ਅਦਾ ਕੀਤਾ । ਇਸ ਭਿਆਨਕ ਕਰਜ਼ ਨੂੰ ਚੁਕਾਉਣਾ ਜ਼ਰੂਰੀ ਸੀ। ਉਹ ਇਸ ਨੂੰ ਚੁਕਾ ਦੇਵੇਗੀ। ਉਨ੍ਹਾਂ ਨੇ ਨੌਕਰਾਣੀ ਨੂੰ ਕੱਢ ਦਿੱਤਾ; ਉਨ੍ਹਾਂ ਨੇ ਆਪਣੀ ਰਿਹਾਇਸ਼ ਬਦਲ ਲਈ ਇਕ ਸਲਾਮੀ ਛੱਤ ਦੇ ਥੱਲੇ ਦੇ ਕੁਝ ਕਮਰੇ ਘੱਟ ਕਿਰਾਏ ’ਤੇ ਲੈ ਲਏ ।

ਉਸ ਨੇ ਘਰ ਗ੍ਰਹਿਸਤੀ ਦੇ ਭਾਰੇ ਅਤੇ ਔਖੇ ਅਤੇ ਰਸੋਈ ਘਰ ਛੋਟੇ ਛੋਟੇ ਸਭ ਸਿੱਖ ਲਏ।

ਉਹ ਤਸ਼ਤਰੀਆਂ ਧੋਂਦੀ ਅਤੇ ਬਰਤਨਾਂ ਨੂੰ ਆਪਣੀਆਂ ਗੁਲਾਬੀ ਉਂਗਲਾਂ ਨਾਲ ਖੁਰਚ ਖੁਰਚ ਕੇ ਸਾਫ਼ ਕਰਦੀ । ਉਹ ਲਿਨਨ ਦੇ ਬਣੇ ਹੋਏ ਮੇਲੇ ਕੱਪੜਿਆਂ, ਸ਼ਮੀਜਾਂ ਅਤੇ ਤਸ਼ਤਰੀ ਦੇ ਉਪਰ ਢੱਕਣ ਵਾਲੇ ਕੱਪੜਿਆਂ ਨੂੰ ਧੋਂਦੀ ਅਤੇ ਉਹ ਇਕ ਰਸੀ ’ਤੇ ਸੁਕਾਉਣ ਲਈ ਉਨ੍ਹਾਂ ਨੂੰ ਲਟਕਾਉਂਦੀ ਹਰ ਰੋਜ਼ ਸਵੇਰੇ ਉਹ ਜੂਠ ਲੈ ਕੇ ਗ਼ਲੀ ਵਿੱਚ ਜਾਂਦੀ। ਕਿੰਨੀਆਂ ਹੀ ਥਾਵਾਂ ’ਤੇ ਸਾਹ ਲੈਣ ਲਈ ਰੁਕਦੀ । ਪਾਣੀ ਭਰ ਕੇ ਲਿਆਉਂਦੀ ਅਤੇ ਸਾਧਾਰਨ ਇਸਤਰੀਆਂ ਵਾਂਗ ਕੱਪੜੇ ਪਾ ਕੇ ਉਹ ਪਸਾਰੀ, ਝਟਕਦੀ ਅਤੇ ਫਲ਼ਾਂ ਵਾਲਿਆਂ ਦੀਆਂ ਦੁਕਾਨਾਂ ’ਤੇ ਹੱਥ ਵਿੱਚ ਟੋਕਰੀ ਲਟਕਾਈ ਜਾਂਦੀ ਅਤੇ ਮੁੱਲ’ ਤੇ ਭਾਅ ਕਰਕੇ ਆਪਣੇ ਪੈਸਿਆਂ ਦਾ ਜੋ ਵੀ ਹਿੱਸਾ ਬਚਾ ਸਕੇ ਬਚਾਉਂਦੀ ।

ਇਹ ਜ਼ਰੂਰੀ ਸੀ ਕਿ ਹਰ ਮਹੀਨੇ ਕੁਝ ਹੁੰਡੀਆਂ ਫਿਰ ਤੋਂ ਲਿਖੇ ਅਤੇ ਇਸ ਤਰ੍ਹਾਂ ਦੂਜਿਆਂ ਨੂੰ ਰਕਮ ਅਦਾ ਕਰਨ ਦਾ ਸਮਾਂ ਪ੍ਰਾਪਤ ਕੀਤਾ ਜਾਵੇ ।

ਉਸ ਦਾ ਪਤੀ ਸ਼ਾਮ ਨੂੰ ਕੁਝ ਦੁਕਾਨਦਾਰਾਂ ਦੀਆਂ ਕਿਤਾਬਾਂ ਨੂੰ ਤਰਤੀਬ ਦੇਣ ਦਾ ਕੰਮ ਕਰਦੇ ਅਤੇ ਰਾਤ ਨੂੰ ਇਕ ਪੰਨਾ ਪੰਜ ਸੌ ਦੇ ਹਿਸਾਬ ਨਾਲ ਨਕਲ ਉਤਾਰਨਾ ਦਾ ਕੰਮ ਕਰਦਾ । ਅਤੇ ਇਸ ਤਰ੍ਹਾਂ ਦਸ ਸਾਲ ਤੱਕ ਚਲਦਾ ਰਿਹਾ।

ਦਸ ਸਾਲ ਬਾਦ ਉਨ੍ਹਾਂ ਪੂਰੀ ਪ੍ਰਾਪਤੀ ਕਰ ਲਈ ਮੂਲ ਅਤੇ ਵਿਆਜੜੀਆਂ ਦਾ ਵਿਆਜ ਅਤੇ ਇਸ ਤੋਂ ਇਲਾਵਾ ਕੁਝ ਵਿਆਜ ਹੋਰ ਵੀ ਇਕੱਠਾ ਕਰ ਲਿਆ।

ਸ੍ਰੀਮਤੀ ਲੱਸੈਲ ਹੁਣ ਬਿਰਧ ਲਗਣ ਲਗੀ । ਉਹ ਹੁਣ ਤਕੜੀ ਮਿਹਨਤੀ ਅਤੇ ਗਰੀਬ ਰਕਹਿਸਥੀ ਬਣ ਗਈ ਸੀ । ਉਸ ਨੇ ਆਪਣਾ ਸਿਰ ਠੀਕ ਤਰ੍ਹਾਂ ਨਾ ਵਾਹਿਆ ਹੁੰਦਾ ਉਸ ਦੇ ਕੱਪੜੇ ਗੰਦੇ ਹੁੰਦੇ, ਹੱਥ ਲਾਲ ਰਹਿੰਦੇ, ਉਹ ਜ਼ੋਰ ਨਾਲ ਉਚੀ ਆਵਾਜ ਵਿਚ ਬੋਲਦੀ, ਅਤੇ ਵਡੀਆਂ ਵਡੀਆਂ ਬਾਲਟੀਆਂ ਭਰ ਕੇ ਫਰਸ਼ਾਂ ਨੂੰ ਧੋਂਦੀ। ਪਰ ਕਦੀ ਕਦਾਈ ਜਦੋਂ ਉਸ ਦਾ ਪਤੀ ਦਫਤਰ ਵਿਚ ਹੁੰਦਾ ਉਦੋਂ ਉਹ ਖਿੜਕੀ ਦੇ ਸਾਹਮਣੇ ਬੈਠਦੀ ਅਤੇ ਉਨ੍ਹਾਂ ਦਿਨਾਂ ਦੀ ਉਸ ਸ਼ਾਮ ਦੀ ਦਾਵਤ ਬਾਰੇ ਅਤੇ ਉਸ ਨਾਚ ਉਤਸਵ ਬਾਰੇ ਸੋਚਦੀ, ਜਿੱਥੇ ਉਹ ਇੰਨੀ ਜ਼ਿਆਦਾ ਸੁੰਦਰ ਲੱਗ ਰਹੀ ਸੀ ਅਤੇ ਉਸ ਦੀ ਇੰਨੀ ਪ੍ਰਸ਼ੰਸਾ ਕੀਤੀ ਜਾ ਰਹੀ ਸੀ ।

ਜੇ ਉਸ ਦਾ ਹਾਰ ਨਾ ਗੁੰਮਦਾ ਤਾਂ ਅੱਜ ਕੀ ਪਤਾ ਕੀ ਹੁੰਦਾ ? ਕੌਣ ਜਾਣਦਾ ਹੈ ? ਕੌਣ ਜਾਣਦਾ ਹੈ ? ਜੀਵਨ ਕਿੰਨਾ ਅਣੋਖਾ ਅਤੇ ਪਰਿਵਰਤਨਸ਼ੀਲ ਹੈ । ਕਿਸ ਤਰ੍ਹਾਂ ਨਾਲ ਇਕ ਛੋਟੀ ਜਿਹੀ ਚੀਜ਼ ਜੀਵਨ ਦੀ ਰਖਿਆ ਜਾਂ ਤਬਾਹੀ ਕਰ ਸਕਦੀ ਹੈ।

ਇਕ ਐਤਵਾਰ ਨੂੰ ਜਦੋਂ ਉਹ ਚੈਪਸ ਏਲੀਸਸ ਵਿਚ ਹਫਤੇ ਭਰ ਦੀਆਂ ਚਿੰਤਾਵਾਂ ਤੋਂ ਮੁਕਤੀ ਪਾਉਣ ਲਈ ਘੁੰਮ ਰਹੀ ਸੀ ਤਾਂ ਅਚਾਨਕ ਉਸ ਨੂੰ ਇਕ ਇਸਤਰੀ ਇਕ ਬੱਚੇ ਨਾਲ ਜਾਂਦੀ ਹੋਈ ਵਿਖਾਈ ਦਿਤੀ। ਉਹ ਸ੍ਰੀਮਤੀ ਫੋਰਸਟੀਅਰ ਸੀ । ਉਹ ਅਜੇ ਵੀ ਜਵਾਨ, ਸੋਹਣੀ ਅਤੇ ਮਨਮੋਹਨ ਸੀ। ਸ੍ਰੀਮਤੀ ਲੋਸੇਲ ਵਿਚਾਰਾਂ ਵਿਚ ਪੈ ਗਈ। ਕੀ ਉਸ ਨੂੰ ਦਸ ਦੇਣਾ ਚਾਹੀਦਾ ਹੈ? ਹਾਂ, ਜ਼ਰੂਰ ਅਤੇ ਹੁਣ ਉਸ ਨੇ ਸਭ ਦਾ ਕਰਜ਼ ਚੁਕਾ ਦਿਤਾ ਹੈ । ਹੁਣ ਉਹ ਉਸ ਨੂੰ ਸਭ ਕੁਝ ਦਸ ਦੇਵੇਗੀ । ਕਿਉਂ ਨਹੀਂ ਜ਼ਰੂਰ ਦਸੇਗੀ।

ਉਹ ਉਸ ਕੋਲ ਪਹੁੰਚੀ "ਸ਼ੁਭ ਸਵੇਰ ਜੈਨੀ"

ਉਸ ਦੀ ਸਹੇਲੀ ਨੇ ਉਸ ਨੂੰ ਨਾ ਪਛਾਣਿਆ ਅਤੇ ਇਕ ਸਾਧਾਰਣ ਇਸਤਰੀ ਤੋਂ ਇੰਨੇ ਪ੍ਰੇਮ ਨਾਲ ਆਪਣਾ ਨਾਂ ਪੁਕਾਰਦਿਆਂ ਸੁਣ ਕੇ, ਉਹ ਹੈਰਾਨ ਹੋ ਗਈ। ਉਹ ਥਥਲਾਉਂਦੀ ਹੋਈ ਬੋਲੀ"

"ਪਰ ਸ੍ਰੀਮਤੀ ਜੀ ਮੈਂ ਤੁਹਾਨੂੰ ਨਹੀਂ ਜਾਣਦੀ ਤੁਹਾਨੂੰ ਭੁਲੇਖਾ ਲਗਿਆ ਹੈ।"

"ਨਹੀਂ : ਮੈਂ ਮਟੀਲਡਾ ਲੋਸੇਲ ਹਾਂ ।"

ਉਸ ਦੀ ਸਹੇਲੀ ਹੈਰਾਨੀ ਨਾਲ ਚੀਕ ਉਠੀ : ਆਹ ਮੇਰੀ ਵਿਚਾਰੀ ਮਟੀਲਡਾ ਤੂੰ ਕਿੰਨੀ ਬਦਲ ਗਈ ਹੈ।"

"ਹਾਂ ਤੈਨੂੰ ਮਿਲਣ ਤੋਂ ਬਾਦ ਮੇਰੇ ਉਤੇ ਕੁਝ ਔਖੇ ਅਤੇ ਦੁਖ ਭਰੇ ਦਿਨ ਆ ਗਏ ਸਨ ਅਤੇ ਇਹ ਸਾਰਾ ਕੁਝ ਤੇਰੇ ਕਾਰਣ ਹੀ ਹੋਇਆ।"

"ਮੇਰੇ ਕਾਰਣ ? ਕਿਸ ਤਰ੍ਹਾਂ ?"

"ਤੁਹਾਨੂੰ ਯਾਦ ਹੈ ਉਹ ਹੀਰਿਆਂ ਦਾ ਹਾਰ ਜੋ ਤੁਸੀਂ ਕਮਿਸ਼ਨਰ ਦੇ ਨਾਚ ਉਤਸਵ ਤੇ ਪਹਿਨਣ ਲਈ ਮੈਨੂੰ ਉਧਾਰ ਦਿਤਾ ਸੀ ?"

"ਹਾਂ, ਹਾਂ ਬਹੁਤ ਚੰਗੀ ਤਰ੍ਹਾਂ ।"

" ਉਹ ਮੇਰੋ ਤੋਂ ਗੁੰਮ ਹੋ ਗਿਆ ਸੀ ।"

"ਇਹ ਕਿਵੇਂ ਹੋ ਸਕਦਾ ਹੈ ਉਹ ਤਾਂ ਤੂੰ ਮੈਨੂੰ ਵਾਪਸ ਕਰ ਦਿਤਾ ਸੀ ?"

"ਮੈਂ ਤਾਂ ਤੁਹਾਨੂੰ ਬਿਲਕੁਲ ਉਸ ਵਰਗਾ ਦੂਜਾ ਹਾਰ ਵਾਪਸ ਕੀਤਾ ਸੀ। ਅਤੇ ਸਾਨੂੰ ਇਹ ਰਕਮ ਤਾਰਨ ਲਈ ਦਸ ਸਾਲ ਲਗ ਗਏ। ਤੂੰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਦੀ ਹੈਂ ਕਿ ਸਾਡੇ ਲਈ, ਜਿਨ੍ਹਾਂ ਦੇ ਕੋਲ ਕੁਝ ਵੀ ਨਹੀਂ ਸੀ, ਇਹ ਕੰਮ ਕੋਈ ਅਸਾਨ ਨਹੀਂ ਸੀ। ਪਰ ਹੁਣ ਸਾਰਾ ਕਰਜ਼ਾ ਮੁਕ ਗਿਆ ਅਤੇ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ, "

ਸ੍ਰੀਮਤੀ ਫੋਰਸਟੀਅਰ ਕੁਝ ਪਲ ਖਾਮੋਸ਼ ਰਹੀ ਅਤੇ ਫੇਰ ਉਹ ਬੋਲੀ :

"ਤੁਹਾਡਾ ਕਹਿਣਾ ਹੈ ਕਿ ਤੁਸੀਂ ਮੇਰੇ ਹਾਰ ਦੇ ਬਦਲੇ ਹੀਰਿਆਂ ਦਾ ਹਾਰ ਖਰੀਦ ਕੇ ਦਿਤਾ ਸੀ।"

"ਹਾਂ ਤੂੰ ਉਸ ਨੂੰ ਉਸ ਵਕਤ ਨਹੀਂ ਪਹਿਚਾਣ ਸਕੀ? ਉਹ ਦੋਨੋਂ ਬਿਲਕੁਲ ਇਕੋ ਜਿਹੇ ਸਨ।"

ਅਤੇ ਉਹ ਅਨੰਦ ਅਤੇ ਮਾਣ ਨਾਲ ਮੁਸਕਰਾਈ ਮੈਡਮ ਫੋਰਸਟੀਅਰ ਦਾ ਹਿਰਦਾ ਕੰਬ ਗਿਆ ਅਤੇ ਉਤਰ ਦਿੰਦੇ ਸਮੇਂ ਉਸ ਨੇ ਉਸ ਦੇ ਦੋਨੋਂ ਹਥਾਂ ਨੂੰ ਫੜ ਲਿਆ :

"ਓ ਬੇਚਾਰੀ ਮਟੀਲਡਾ ਮੇਰੇ ਹੀਰੇ ਤਾਂ ਨਕਲੀ ਸਨ । ਉਨ੍ਹਾਂ ਦਾ ਮੁਲ ਪੰਜ ਸੌ ਫਰੈਂਕ ਤੋਂ ਵਧ ਨਹੀਂ ਸੀ" ।

# ਚੰਨ ਚਾਨਣੀ ਵਿੱਚ

ਐਬੇ ਮੈਰੀਨਨ ਦੁਆਰਾ ਇਹ ਬਿਲਕੁਲ ਢੁੱਕਵਾਂ ਨਾਂ ਸੀ "ਰੱਬ ਦਾ ਸਿਪਾਹੀ।" ਉਹ ਪਤਲਾ ਲੰਮਾ ਪਾਦਰੀ ਸੀ, ਕੁਝ ਹੱਦ ਤੱਕ ਕੱਟੜ ਸੀ, ਪਰ ਨੇਕ ਪਵਿੱਤਰ ਆਤਮਾ ਵਾਲਾ ਸੀ। ਉਸ ਦੇ ਸਾਰੇ ਵਿਸ਼ਵਾਸ ਪੱਕੇ ਸਨ ਜੋ ਕਦੇ ਵੀ ਡੋਲਣ ਵਾਲੇ ਨਹੀਂ ਸਨ । ਉਸ ਦਾ ਖ਼ਿਆਲ ਸੀ ਕਿ ਪ੍ਰਮਾਤਮਾ ਨੂੰ ਉਸ ਨੇ ਚੰਗੀ ਤਰ੍ਹਾਂ ਸਮਝ ਲਿਆ ਹੈ, ਤੇ ਉਸ ਦੇ ਮੰਤਵਾਂ, ਉਸ ਦੀਆਂ ਇੱਛਾਵਾਂ ਅਤੇ ਉਸ ਦੇ ਇਰਾਦਿਆਂ ਦੀ ਪੂਰੀ ਸਮਝ ਆ ਗਈ ਹੈ ।

ਆਪਣੇ ਘਰ ਦੇ ਬਾਗ਼ ਦੀ ਸੈਰ ਵਿੱਚ ਇੱਧਰ ਉੱਧਰ ਵੱਡੇ ਵੱਡੇ ਕਦਮ ਰੱਖਦੇ ਹੋਏ ਕਦੇ ਕਦੇ ਉਸ ਦੇ ਦਿਮਾਗ਼ ਵਿੱਚ ਇਹ ਸੁਆਲ ਉੱਠਦਾ "ਪ੍ਰਮਾਤਮਾ ਨੇ ਇਹ ਸਭ ਕੁਝ ਕਿਉਂ ਬਣਾਇਆ ? ਫਿਰ ਉਹ ਖ਼ਿਆਲਾਂ ਵਿੱਚ ਹੀ ਆਪਣੇ ਆਪ ਨੂੰ ਰੱਬ ਸਮਝ ਕੇ ਬੜੇ ਸਿਰੜਪੁਣੇ ਨਾਲ ਭਾਲ਼ ਕਰਦਾ ਅਤੇ ਉਸ ਨੂੰ ਕੁਝ ਤਸੱਲੀ ਹੁੰਦੀ ਸੀ ਕਿ ਉਸ ਨੇ ਇਸ ਦਾ ਕਾਰਨ ਲੱਭ ਲਿਆ ਸੀ। ਉਹ ਪਵਿੱਤਰ ਨਿਰਮਾਣਤਾ ਕਹਿਣ ਵਾਲਾ ਆਦਮੀ ਨਹੀਂ ਸੀ, "ਓ ਪ੍ਰਮਾਤਮਾ ! ਤੇਰੇ ਰੰਗ, ਢੰਗ ਨਿਆਰੇ ਹਨ । "ਉਹ ਇਹ ਕਹਿੰਦਾ ਸੀ ।" ਮੈਂ ਪ੍ਰਮਾਤਮਾ ਦਾ ਸੇਵਕ ਹਾਂ, ਮੈਨੂੰ ਉਸ ਦੇ ਕੰਮਾਂ ਦਾ ਕਾਰਨ ਜਾਣਨਾ ਚਾਹੀਦਾ ਹੈ ਜਾਂ ਜੇ ਸਮਝ ਨਹੀਂ ਸਕਦਾ ਤਾਂ ਅਨੁਮਾਨ ਜ਼ਰੂਰ ਚਾਹੀਦਾ ਹੈ ।"

ਕੁਦਰਤ ਦੀ ਹਰ ਚੀਜ਼ ਉਸ ਨੂੰ ਠੀਕ ਅਤੇ ਪ੍ਰਸ਼ੰਸਾਯੋਗ ਯੁਕਤੀ ਨਾਲ ਬਣੀ ਨਜ਼ਰ ਆਉਂਦੀ। ਕਿਉਂ ਦਾ ਬਿਰਤਾਂਤ ਅਤੇ ਕਾਰਣ ਹਮੇਸ਼ਾ ਬਰਾਬਰ ਰੱਖੇ ਜਾਂਦੇ ਸਨ । ਸਵੇਰੇ ਉੱਠਣ ਸਮੇਂ ਪਹੁ-ਫੁਟਾਲਾ ਤੁਹਾਡੇ ਅਨੰਦ ਵਾਸਤੇ ਹੁੰਦਾ ਹੈ ਅਤੇ ਦਿਨ ਫ਼ਸਲਾਂ ਪੱਕਣ ਲਈ, ਮੀਂਹ ਉਨ੍ਹਾਂ ਨੂੰ ਪਾਣੀ ਦੇਣ ਲਈ, ਸ਼ਾਮ ਸੌਣ ਦੀ ਤਿਆਰੀ ਲਈ, ਹਨ੍ਹੇਰੀਆਂ ਰਾਤਾਂ ਨੀਂਦ ਲਈ ਹਨ।

ਖੇਤੀਬਾੜੀ ਦੀਆਂ ਜ਼ਰੂਰਤਾਂ ਅਨੁਸਾਰ ਚਾਰੇ ਰੁੱਤਾਂ ਬਿਲਕੁਲ ਠੀਕ ਹਨ, ਅਤੇ ਉਸ ਦੇ ਮਨ ਵਿੱਚ ਇਹ ਸ਼ੰਕਾ ਨਹੀਂ ਸੀ ਕਿ ਕੁਦਰਤ ਦਾ ਕੋਈ ਉਦੇਸ਼

ਨਹੀਂ, ਅਤੇ ਇਸ ਦੇ ਉੱਲਟ ਸਾਰੇ ਵੱਖ ਵੱਖ ਸਖ਼ਤ ਹਾਲਾਤ, ਪੌਣ ਪਾਣੀ ਤੇ ਪ੍ਰਕਿਰਤੀ ਵਿੱਚ ਰਹਿਣ ਦੇ ਆਦੀ ਹੋ ਗਏ ਹਨ।

ਪਰ ਉਹ ਔਰਤਾਂ ਨੂੰ ਨਫ਼ਰਤ ਕਰਦਾ ਸੀ ਉਹ ਅਚੇਤ ਤੌਰ ’ਤੇ ਹੀ ਉਨ੍ਹਾਂ ਨੂੰ ਨਫ਼ਰਤ ਕਰਦਾ ਸੀ ਜਿਵੇਂ ਉਸ ਦੇ ਮਨ ਵਿੱਚ ਹੀ ਉਨ੍ਹਾਂ ਲਈ ਘ੍ਰਿਣਾ ਸੀ । ਉਹ ਅਕਸਰ ਕਰਾਈਸਟ ਦੇ ਸ਼ਬਦ ਦੁਹਰਾਉਂਦਾ, 'ਇਸਤਰੀ ਮੈਂ ਤੈਨੂੰ ਕੀ ਕਰਨਾ ਹੈ?" ਅਤੇ ਉਹ ਹੋਰ ਕਹਿੰਦਾ ।" ਕੋਈ ਇਹ ਕਹਿ ਸਕਦਾ ਹੈ ਕਿ ਪ੍ਰਮਾਤਮਾ ਆਪ ਵੀ ਆਪਣੇ ਹੱਥਾਂ ਦੇ ਕੀਤੇ ਹੋਏ ਕੰਮ ਤੋਂ ਖ਼ੁਸ਼ ਨਹੀਂ ਸੀ' ਉਸ ਲਈ" ਇਸਤਰੀ ਬਹੁਤ ਗੰਦੀ ਸੀ," ਜਿਵੇਂ ਕਵੀ ਕਹਿੰਦਾ ਹੈ । ਉਹ ਭਰਮਾਉਣ ਵਾਲੀ ਸ਼ਕਤੀ ਸੀ, ਜਿਸ ਨੇ ਪਹਿਲੇ ਆਦਮੀ ਨੂੰ ਫੰਦੇ ਵਿੱਚ ਵਸਾਇਆ ਅਤੇ ਜਿਸ ਨੇ ਹਾਲੇ ਵੀ ਆਪਣਾ ਨਿੰਦਣ ਯੋਗ ਕੰਮ ਜਾਰੀ ਰੱਖਿਆ ਹੈ, ਉਹ ਜੀਵ ਹੈ ਜੋ ਕਮਜ਼ੋਰ, ਖ਼ਤਰਨਾਕ, ਭਿਆਨਕ, ਦੁਖਦਾਇਕ ਹੈ ਅਤੇ ਉਸ ਦੀ ਵਿਸ਼ੈਲੀ ਸੁੰਦਰਤਾ ਨਾਲੋਂ ਵੀ ਜ਼ਿਆਦਾ ਉਸ ਨੂੰ ਉਸ ਦੀ ਪਿਆਰ ਭਰੀ ਆਤਮਾ ਨਾਲ ਨਫ਼ਰਤ ਸੀ।

ਉਸ ਨੇ ਅਕਸਰ ਔਰਤਾਂ ਦੇ ਕੋਮਲਤਾ ਦੇ ਵਾਰਾਂ ਨੂੰ ਮਹਿਸੂਸ ਕੀਤਾ ਸੀ, ਭਾਵੇਂ ਉਹ ਆਪਣੇ ਆਪ ਨੂੰ ਇੰਝ ਸਮਝਦਾ ਸੀ ਕਿ ਉਸ ’ਤੇ ਕੋਈ ਅਸਰ ਨਹੀਂ ਹੋਵੇਗਾ, ਉਹ ਇਸ ਪਿਆਰ ਦੇ ਅਹਿਸਾਸ ਤੋਂ ਖਿਝਦਾ ਸੀ ਜਿਸ ਦੀ ਝਰਨਾਹਟ ਉਨ੍ਹਾਂ ਦੇ ਦਿਲਾਂ ਵਿੱਚ ਹਮੇਸ਼ਾ ਰਹਿੰਦੀ ਸੀ ।

ਉਸ ਦੇ ਦਿਮਾਗ਼ ਵਿੱਚ ਇਹ ਸੀ ਕਿ ਰੱਬ ਨੇ ਇਸਤਰੀ ਨੂੰ ਕੇਵਲ ਆਦਮੀ ਨੂੰ ਭਰਮਾਉਣ ਅਤੇ ਪਰਖਣ ਲਈ ਬਣਾਇਆ ਹੈ । ਆਦਮੀ ਨੂੰ ਆਪਣੇ ਬਚਾਓ ਲਈ ਉਨ੍ਹਾਂ ਸਾਵਧਾਨੀਆਂ ਤੋਂ ਉਨ੍ਹਾਂ ਡਰਾਂ ਤੋਂ ਬਿਨਾਂ, ਇਸਤਰੀਆਂ ਤੱਕ ਨਹੀਂ ਪਹੁੰਚਣਾ ਚਾਹੀਦਾ ਜੋ ਉਹ ਕਿਸੇ ਘਾਤ ਨੇੜੇ ਜਾਣ ਲੱਗੇ ਰੱਖਦਾ ਹੈ । ਇਸਤਰੀ ਅਸਲ ਵਿੱਚ ਇਕ ਫੰਧਾ ਹੈ ਆਦਮੀ ਵੱਲ ਉਸ ਦੀਆਂ ਬਾਂਹਾਂ ਪਸਰੀਆਂ ਹੋਈਆਂ ਅਤੇ ਬੁੱਲ੍ਹ ਖੁੱਲ੍ਹੇ ਹਨ ।

ਉਸ ਵਿੱਚ ਕੇਵਲ ਸਾਧਣੀਆਂ, ਜਿਨ੍ਹਾਂ ਨੂੰ ਪ੍ਰਤਿੱਗਿਆ ਦਿਵਾ ਕੇ ਨੁਕਸਾਨ ਰਹਿਤ ਕੀਤਾ ਗਿਆ ਸੀ, ਲਈ ਸਹਿਣ-ਸ਼ਕਤੀ ਸੀ, ਪਰ ਫਿਰ ਵੀ ਉਹ ਉਨ੍ਹਾਂ ਨਾਲ ਖਰ੍ਹਵਾ ਵਰਤਾਉ ਕਰਦਾ ਸੀ ਕਿਉਂਕਿ ਉਨ੍ਹਾਂ ਦੇ ਜਕੜੇ ਹੋਏ, ਪਵਿੱਤਰ ਦਿਲਾਂ ਵਿੱਚ ਉਸ ਨੇ ਦੈਵੀ ਕੋਮਲਤਾ ਵੇਖੀ ਸੀ, ਜੋ ਲਗਾਤਾਰ ਬਾਹਰ ਵਗਦੀ ਸੀ ਇੱਥੋਂ ਤੱਕ ਕਿ ਉਸ ਨੂੰ ਵੀ ਛੋਂਹਦੀ ਸੀ ਭਾਵੇਂ ਉਹ ਪਾਦਰੀ ਸੀ।

ਉਸ ਦੀ ਇਕ ਭਾਣਜੀ ਸੀ ਜੋ ਨੇੜੇ ਵਾਲੇ ਛੋਟੇ ਘਰ ਵਿੱਚ ਆਪਣੀ ਮਾਂ ਨਾਲ ਰਹਿੰਦੀ ਸੀ। ਉਸ ਦਾ ਝੁਕਾਓ ਉਸ ਨੂੰ ਧਰਮ ਆਸ਼ਰਮ ਦੀ ਭੈਣ ਬਣਾਉਣ ਵੱਲ ਸੀ । ਉਹ ਸੁੰਦਰ, ਤੇਜ਼ ਦਿਮਾਗ਼ ਵਾਲੀ ਅਤੇ ਬਹੁਤ ਚਿੜਚਿੜੀ ਸੀ । ਜਦੋਂ ਵੱਡੇ ਪਾਦਰੀ ਨੇ ਉਪਦੇਸ਼ ਦਿੱਤਾ ਤਾਂ ਉਹ ਹੱਸ ਪਈ ਤੇ ਜਦੋਂ ਉਹ ਉਸ ਨੂੰ ਗ਼ੁੱਸੇ ਹੋਇਆ ਤਾਂ ਉਸ ਨੇ ਉਸ ਨੂੰ ਜ਼ੋਰ ਨਾਲ ਤੇ ਘੁੱਟ ਕੇ ਛਾਤੀ ਨਾਲ ਲਾ ਲਿਆ, ਅਤੇ ਉਹ ਆਪਣੇ ਆਪ ਨੂੰ ਉਸ ਦੀ ਜੱਫੀ ਚੋਂ ਛਡਾਉਣ ਲਈ ਯਤਨ ਕਰਨ ਲੱਗਾ। ਇਸ ਦੇ ਬਾਵਜੂਦ ਵੀ ਉਸ ਨੂੰ ਵਿਸ਼ੇਸ਼ ਸੁਆਦ ਮਹਿਸੂਸ ਹੋਇਆ ਤੇ ਉਸ ਅੰਦਰ ਇਕ ਪਿਤਰੀ ਮਨੋਵੇਗ ਉੱਠਣ ਲੱਗਾ ਜੋ ਹਰ ਮਨੁੱਖ ਅੰਦਰ ਵੱਸਦਾ ਹੈ ।

ਉਸ ਨੇ ਖੇਤਾਂ ਵਿੱਚੋਂ ਪਗਡੰਡੀਆਂ ਤੇ ਉਸ ਨਾਲ ਚੱਲਦੇ ਹੋਏ ਰੱਬ ਬਾਰੇ ਤੇ ਆਪਣੇ ਰੱਬ ਬਾਰੇ ਗੱਲਾਂ ਕੀਤੀਆਂ । ਉਸ ਨੇ ਸੁਣਿਆ ਘੱਟ ਪਰ ਅਸਮਾਨ, ਘਾਹ, ਵੱਲਾਂ ਵੱਲ ਜਿਊਣ ਦਾ ਅਨੰਦ ਮਹਿਸੂਸ ਕਰਦੇ ਹੋਏ ਵੇਖਿਆ ਜੋ ਉਸ ਦੀਆਂ ਅੱਖਾਂ ਵਿੱਚ ਵੇਖਿਆ ਜਾ ਸਕਦਾ ਸੀ। ਕਦੇ ਕਦੇ ਉੱਡਦੀਆਂ ਤਿਤਲੀਆਂ ਨੂੰ ਫੜ ਕੇ ਲਿਆਉਣ ਲਈ ਦੌੜਦੀ ਤੇ ਕਹਿੰਦ, “ਵੇਖੋ ਅੰਕਲ ਇਹ ਕਿੰਨੀ ਸੁੰਦਰ ਹੈ, ਇਸ ਨਾਲ ਪਿਆਰ ਕਰਨ ਨੂੰ ਦਿਲ ਕਰਦਾ ਹੈ । ਤਿਤਲੀਆਂ ਜਾਂ ਸੋਹਣੇ ਫੁੱਲਾਂ ਲਈ ਪਿਆਰ ਦੇ ਇਸ ਅਹਿਸਾਸ ਨੇ ਪਾਦਰੀ ਸਕਦਾ ਸੀ। ਵੇਖੋ, ਅੰਕਲ ਅਤੇ ਇਨ੍ਹਾਂ ਨੂੰ ਨਿਰਾਸ਼, ਫ਼ਿਕਰਮੰਦ ਕਰ ਦਿੱਤਾ ਤੇ ਗ਼ੁੱਸਾ ਦਿਵਾ ਦਿੱਤਾ । ਉਸ ਨੇ ਉਸ ਵਿੱਚ ਵੀ ਉਹ ਅਟੱਲ ਕੋਮਲਤਾ ਵੇਖੀ ਜੋ ਇਸਤਰੀਆਂ ਦੇ ਦਿਲਾਂ ਵਿੱਚ ਉਗਮਦੀ ਹੈ ।

ਇਕ ਦਿਨ ਗਿਰਜੇ ਦੇ ਭੰਡਾਰੀ ਦੀ ਪਤਨੀ, ਜੋ ਵੱਡੇ ਪਾਦਰੀ ਮੈਰੀਨਨ ਦੇ ਘਰ ਦੀ ਦੇਖ ਭਾਲ ਕਰਦੀ ਸੀ, ਨੇ ਉਸ ਨੂੰ ਦੱਸਿਆ ਕਿ ਉਸ ਦੀ ਭਾਣਜੀ ਦਾ ਇਕ ਪ੍ਰੇਮੀ ਹੈ।

ਉਸ ਨੂੰ ਬਹੁਤ ਗ਼ੁੱਸਾ ਆਇਆ। ਹਜਾਮਤ ਕਰਦੇ ਸਮੇਂ ਮੂੰਹ ’ਤੇ ਲੱਗੇ ਸਾਬਣ ਸਮੇਤ ਹੀ ਭਰਿਆ ਭਕੁੰਨਿਆ ਖੜ੍ਹਾ ਹੋਇਆ।

ਜਦੋਂ ਉਸ ਨੇ ਆਪਣੇ ਆਪ ਨੂੰ ਸੋਚਣ ਤੇ ਬੋਲਣ ਦੇ ਯੋਗ ਸਮਝਿਆ ਤਾਂ ਉਹ ਇਕ ਵਾਰ ਬੋਲਿਆ 'ਇਹ ਠੀਕ ਨਹੀਂ ਹੈ, ਤੁਸੀਂ ਝੂਠ ਬੋਲ ਰਹੇ ਹੋ, ਮੈਲੀਨੀ।”

ਪਰ ਉਸ ਪੇਂਡੂ ਇਸਤਰੀ ਨੇ ਆਪਣੇ ਦਿਲ ’ਤੇ ਹੱਥ ਰੱਖਿਆ, "ਇਸ ਗੱਲ ਬਾਰੇ ਰੱਬ ਜਾਣਦਾ ਹੈ ਜੇ ਮੈਂ ਝੂਠ ਬੋਲ ਰਹੀ ਹੋਵਾਂ, ਮੌਨਸੀਅਰ ਜੀ ਕਿਉਂਰ, ਮੈਂ ਤੁਹਾਨੂੰ ਦੱਸਦੀ ਹਾਂ ਕਿ ਜਦੋਂ ਵੀ ਤੁਹਾਡੀ ਭੈਣ ਸੌਂ ਜਾਂਦੀ ਹੈ ਉਹ ਉਸ ਸਮੇਂ ਹਰ ਸ਼ਾਮ

ਉਸ ਕੋਲ ਜਾਂਦੀ ਹੈ। ਉਹ ਇਕ ਦੂਜੇ ਨੂੰ ਦਰਿਆ ਦੇ ਕੰਢੇ ਮਿਲਦੇ ਹਨ। ਤੁਸੀਂ ਦਸ ਵਜੇ ਅਤੇ ਅੱਧੀ ਰਾਤ ਦੇ ਵਿਚਕਾਰ ਉੱਥੇ ਜਾਓ ਅਤੇ ਆਪ ਇਹ ਵੇਖ ਸਕਦੇ ਹੋ।"

ਉਹ ਆਪਣੀ ਠੋਡੀ ਖੁਰਚਣ ਤੋਂ ਹੱਟ ਗਿਆ ਅਤੇ ਉਸ ਨੇ ਫ਼ੌਰਨ ਕਮਰੇ ਵਿੱਚ ਕਦਮ ਪੁੱਟਣੇ ਸ਼ੁਰੂ ਕੀਤੇ, ਜਿਵੇਂ ਉਹ ਹਮੇਸ਼ਾ ਸੋਚਾਂ ਵਿੱਚ ਡੁੱਬਿਆ ਹੋਣ ਸਮੇਂ ਕਰਦਾ ਸੀ। ਜਦੋਂ ਉਸ ਨੇ ਦੁਬਾਰਾ ਆਪਣੀ ਹਜਾਮਤ ਸ਼ੁਰੂ ਕਰਨ ਦੀ ਕੋਸਿਸ਼ ਕੀਤੀ ਤਾਂ ਨੱਕ ਤੋਂ ਕੰਨ ਤੱਕ ਉਸ ਦੇ ਤਿੰਨ ਝਰੀਟਾਂ ਲੱਗ ਗਈਆਂ।

ਉਹ ਗ਼ੁੱਸੇ ਤੇ ਜੋਸ਼ ਨਾਲ ਖਿੜਿਆ ਹੋਇਆ, ਸਾਰਾ ਦਿਨ ਚੁੱਪ ਬੈਠਾ ਰਿਹਾ। ਪਿਆਰ ਦੀ ਵੱਡੀ ਤਾਕਤ ਦੇ ਟਾਕਰੇ ਤੇ ਉਸ ਦੇ ਪਾਦਰੀ ਵਾਲੇ ਜੋਸ਼ ਵਿੱਚ ਇਕ ਪਿਤਾ ਦੀ ਇਕ ਅਧਿਆਪਕ ਦੀ, ਇਕ ਆਤਮਾ ਵਾਲੇ ਦੀ ਸਦਾਚਾਰਕ ਨਾਰਾਜ਼ਗੀ ਸ਼ਾਮਲ ਹੋ ਗਈ ਜਿਸ ਨੂੰ ਇਕ ਬੱਚੇ ਵੱਲੋਂ ਧੋਖਾ ਦਿੱਤਾ ਗਿਆ ਹੋਵੇ, ਲੁੱਟਿਆ ਗਿਆ ਹੋਵੇ ਅਤੇ ਛੱਲ ਕੀਤਾ ਗਿਆ ਹੋਵੇ। ਉਸ ਨੂੰ ਆਪਣੇ ਆਪ ’ਤੇ ਅਫ਼ਸੋਸ ਹੋ ਰਿਹਾ ਸੀ ਜੋ ਮਾਂ ਬਾਪ ਉਦੋਂ ਮਹਿਸੂਸ ਕਰਦੇ ਹਨ, ਜਦੋਂ ਉਨ੍ਹਾਂ ਦੀ ਲੜਕੀ ਉਨ੍ਹਾਂ ਦੀ ਨਸੀਹਤ ਦੇ ਬਾਵਜੂਦ, ਉਨ੍ਹਾਂ ਨੂੰ ਦੱਸੇ ਬਿਨਾਂ ਇਹ ਕਹੇ ਕਿ ਉਸ ਨੇ ਆਪਣਾ ਪਤੀ ਚੁਣ ਲਿਆ ਹੈ।

ਰਾਤ ਦੇ ਖਾਣੇ ਪਿੱਛੋਂ ਉਸ ਨੇ ਕੁਝ ਪੜ੍ਹਨ ਦੀ ਕੋਸਿਸ਼ ਕੀਤੀ, ਪਰ ਉਹ ਪੂਰੀ ਤਰ੍ਹਾਂ ਧਿਆਨ ਨਾ ਦੇ ਸਕਿਆ ਅਤੇ ਉਸ ਦਾ ਗ਼ੁੱਸਾ ਵੱਧਦਾ ਹੀ ਗਿਆ। ਜਦੋਂ ਦਸ ਵਜੇ ਉਸ ਨੇ ਆਪਣੀ ਸੋਟੀ ਲਈ, ਇਕ ਬਹੁਤ ਵੱਡੇ ਰੁੱਖ ਦਾ ਡੰਡਾ, ਜੋ ਉਹ ਰਾਤ ਨੂੰ ਬਿਮਾਰਾਂ ਨੂੰ ਵੇਖਣ ਜਾਣ ਸਮੇਂ ਹਮੇਸ਼ਾ ਕੋਲ ਰੱਖਦਾ ਸੀ। ਖ਼ੁਸ਼ ਹੁੰਦੇ ਹੋਏ ਉਸ ਨੇ ਇਸ ਵੱਡੀ ਸੋਟੀ ਨੂੰ ਬੜੀ ਦ੍ਰਿੜ੍ਹਤਾ ਨਾਲ ਆਪਣੀ ਮਜ਼ਬੂਤ ਮੁੱਠੀ ਵਿੱਚ ਫੜਿਆ, ਹਵਾ ਵਿੱਚ ਗ਼ੁੱਸੇ ਨਾਲ ਘੁਮਾਇਆ ਫਿਰ ਅਚਾਨਕ ਉਸ ਨੇ ਇਸ ਨੂੰ ਉੱਪਰ ਕੀਤਾ ਤੇ ਕਚੀਚੀਆਂ ਵੱਟਦੇ ਹੋਏ ਉਸ ਨੂੰ ਹੇਠਾਂ ਕੁਰਸੀ ਤੱਕ ਲਿਆਇਆ, ਜਿਸ ਦੀ ਢੋਹ ਟੁੱਟ ਕੇ ਜ਼ਮੀਨ’ ਤੇ ਡਿੱਗ ਪਈ।

ਉਸ ਨੇ ਬਾਹਰ ਜਾਣ ਲਈ ਦਰਵਾਜ਼ਾ ਖੋਲ੍ਹਿਆ ਤੇ ਚੰਨ ਚਾਨਣੀ ਦੀ ਇਕ ਅਜਿਹੀ ਤੇਜ਼ੀ ਤੋਂ ਹੈਰਾਨ ਹੋ ਕੇ ਦਹਿਲੀਜ਼ ’ਤੇ ਰੁਕ ਗਿਆ, ਜੋ ਤੁਸੀਂ ਕਦੇ ਕਦਾਈਂ ਵੇਖਦੇ ਹੋ।

ਉਹ ਇਕ ਉਚੀ ਆਤਮਾ ਵਾਲਾ ਆਦਮੀ ਹੈ, ਅਜਿਹੀ ਆਤਮਾ ਜੋ ਕਾਲਪਨਿਕ ਕਵੀਆਂ ਦੀ ਹੁੰਦੀ ਹੈ, ਚਰਚ ਦੇ ਪਿਤਾ, ਉਹ ਇਕਦਮ ਨਰਮ ਪੈ

ਗਿਆ ਅਤੇ ਟਿਕੀ ਚਾਨਣੀ ਦੀ ਸ਼ਾਨਦਾਰ ਤੇ ਸੰਜੀਦਾ ਸੁੰਦਰਤਾ ਤੋਂ ਪ੍ਰਭਾਵਿਤ ਹੋਇਆ।

ਉਹ ਆਪਣੇ ਛੋਟੇ ਬਾਗ਼ ਦੀ ਮਿੱਠੀ 'ਆਭਾ' ਵਿੱਚ ਰੰਗਿਆ ਗਿਆ, ਉਸ ਦੇ ਫਲ਼ਾਂ ਦੇ ਦਰੱਖਤਾਂ ਦੀ ਕਤਾਰ ਰਸਤੇ ਵਿੱਚ ਉਨ੍ਹਾਂ ਦੀਆਂ ਵਿਰਲੀਆਂ ਵਿਰਲੀਆਂ ਹਰਿਆਵਲ ਨਾਲ ਢੱਕੀਆਂ ਟਾਹਣੀਆਂ ਦੇ ਖਾਕੇ ਬਣਾ ਰਹੀਆਂ ਸਨ, ਜਦੋਂਕਿ ਘਰ ਦੀ ਕੰਧ ਉੱਤੇ ਇਕ ਮਖਿਆਲ ਲੱਗਾ ਹੋਇਆ ਸੀ ਜਿਸ ਦੀ ਮਿਠਾਸ ਦੀ ਸੁਗੰਧ, ਪਵਿੱਤਰ ਆਤਮਾ ਵਰਗੀ ਸਾਫ਼ ਤੇ ਸੁਹਾਵਣੀ ਰਾਤ ਵਿੱਚ 'ਉੱਡ' ਰਹੀ ਸੀ।

ਉਸ ਨੇ ਹਵਾ ਵਿੱਚ ਇੰਝ ਡੂੰਘੇ ਸਾਹ ਲੈਣੇ ਸ਼ੁਰੂ ਕੀਤੇ ਜਿਵੇਂ ਸ਼ਰਾਬੀ ਆਪਣੀ ਸ਼ਰਾਬ ਪੀਂਦੇ ਹਨ ਅਤੇ ਉਹ ਹੌਲੀ ਹੌਲੀ, ਮਸਤੀ ਵਿੱਚ, ਹੈਰਾਨ ਹੀ ਘੁੰਮ ਰਿਹਾ ਸੀ ਜਿਵੇਂ ਉਸਨੂੰ ਆਪਣੀ ਭਾਣਜੀ ਦਾ ਚੇਤਾ ਹੀ ਭੁੱਲ ਗਿਆ ਹੋਵੇ।

ਜਿਉਂ ਹੀ ਉਸ ਨੇ ਖੁੱਲ੍ਹੀ ਥਾਂ ’ਤੇ ਕਦਮ ਰੱਖਿਆ ਤਾਂ ਸਾਰੇ ਮੈਦਾਨ ਨੂੰ ਦੇਖਣ ਲਈ ਰੁਕਿਆ। ਪਿਆਰ ਭਰੀ ਚਮਕ ਨਾਲ ਝੂਮ ਉੱਠਿਆ ਅਤੇ ਉਹ ਸ਼ਾਂਤ ਰਾਤ ਦੀ ਕੋਮਲ ਤੇ ਮਦਭਰੀ ਖ਼ੁਸ਼ੀ ਵਿੱਚ ਡੁੱਬ ਗਿਆ। ਡੱਡੂ ਰਲ ਕੇ ਆਵਾਜ਼ਾਂ ਕੱਢ ਰਹੇ ਸਨ, ਚੰਨ ਚਾਨਣੀ ਨੂੰ ਕੀਲਦੇ ਹੋਏ ਦੂਰ ਪਰੇ ਬੁਲਬੁਲ ਆਪਣੇ ਗੀਤ ਅਲਾਪ ਰਹੇ ਸਨ, ਜੋ ਸੁਪਨਿਆਂ ਨੂੰ ਜਨਮ ਦੇਣ ਵਾਲੇ ਸਨ ਅਤੇ ਜਿਨ੍ਹਾਂ ਦੀ ਹਲਕੀ ਝੁੜਝੁੜੀਆਂ ਭਰੀ ਸੁਰੀਲੀ ਆਵਾਜ਼ ਚੁੰਬੜਾਂ ਵਾਂਗ ਲੱਗ ਰਹੀ ਸੀ।

ਪਾਦਰੀ ਚੱਲਦਾ ਰਿਹਾ ਉਸ ਦਾ ਹੌਂਸਲਾ ਢਹਿ ਰਿਹਾ ਸੀ। ਉਸ ਨੂੰ ਪਤਾ ਨਹੀਂ ਲੱਗਾ ਕਿ ਕਿਉਂ ! ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਇਸ ਨੇ ਉਸ ਨੂੰ ਕਮਜ਼ੋਰ ਕਰ ਦਿੱਤਾ ਹੋਵੇ ਅਤੇ ਅਚਾਨਕ ਉਸ ਦੀ ਸਾਰੀ ਤਾਕਤ ਖ਼ਤਮ ਹੋ ਗਈ ਹੋਵੇ ਤੇ ਉਸ ਨੇ ਕੁਝ ਦੇਰ ਉੱਥੇ ਬੈਠ ਕੇ ਰੱਬ ਦੀ ਤੇ ਉਸ ਦੇ ਸਾਰੇ ਕੰਮਾਂ ਦੀ ਪ੍ਰਸ਼ੰਸਾ ਕੀਤੀ।

ਉਸ ਦੇ ਹੇਠਲੇ ਪਾਸੇ ਛੋਟੇ ਦਰਿਆ ਦੇ ਵਿੰਗ ਵੱਲ ਚਿਨਾਰ ਦੇ ਦਰੱਖ਼ਤਾਂ ਦੀ ਇਕ ਲੰਮੀ ਕਤਾਰ ਨੂੰ ਢਾਅ ਲਾ ਰਹੇ ਸਨ। ਕਿਨਾਰਿਆਂ ਦੇ ਉੱਤੇ ਅਤੇ ਨਾਲ ਨਾਲ ਵਿੰਗੇ ਟੇਢੇ ਪਾਣੀ ਦੇ ਵਹਾਅ ਨੂੰ ਇਕ ਹਲਕੀ ਪਾਰਦਰਸ਼ੀ ਧੁੰਦ ਦੀ ਪਤਲੀ ਜਿਹੀ ਬੱਦਲੀ ਵਰਗੀ ਤਹਿ ਨੇ ਢੱਕਿਆ ਹੋਇਆ ਸੀ ਜਿਸ ਵਿੱਚੋਂ ਚੰਨ ਦੀਆਂ ਰਿਸ਼ਮਾਂ ਲੰਘ ਕੇ ਉਸ ਨੂੰ ਚਾਂਦੀ ਵਰਗੀ ਚਮਕ ਦੇ ਰਹੀਆਂ ਸਨ।

ਪਾਦਰੀ ਨੇ ਫਿਰ ਦਮ ਲਿਆ ਤੇ ਆਪਣੇ ਤੇ ਵੱਧ ਰਹੇ ਜਜ਼ਬਾਤਾਂ ਕਾਰਨ ਆਪਣੀ ਆਤਮਾ ਦੀ ਡੂੰਘਾਈ ਤੱਕ ਪੁੱਜਾ ਅਤੇ ਉਹ ਇਕ ਸ਼ੰਕਾ ਤੇ ਅਤਿ

ਬੇਚੈਨੀ ਵਿੱਚ ਜਕੜਿਆ ਗਿਆ। ਉਸ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਸੁਆਲਾਂ ਵਿੱਚੋਂ ਇਕ ਸੁਆਲ ਜੋ ਕਦੇ ਕਦੇ ਉਹ ਆਪਣੇ ਆਪ ਤੋਂ ਪੁੱਛਦਾ ਸੀ ਹੁਣ ਫਿਰ ਉਸ ਦੇ ਖ਼ਿਆਲ ਵਿੱਚ ਆਇਆ ।

ਰੱਬ ਨੇ ਇਹ ਕਿਉਂ ਕੀਤਾ ? ਜਦੋਂ ਰਾਤ ਸੌਣ ਲਈ, ਬੇਹੋਸ਼ੀ ਲਈ, ਆਰਾਮ ਲਈ, ਹਰ ਚੀਜ਼ ਭੁੱਲ ਜਾਣ ਲਈ ਨਿਯਤ ਕੀਤੀ ਹੈ ਤੇ ਫਿਰ ਇਸ ਨੂੰ ਦਿਨ ਨਾਲੋਂ ਜ਼ਿਆਦਾ ਸੁਹਾਵਣੀ, ਪਹੁ -ਫੁਟਾਲੇ ਤੇ ਸੰਝ ਨਾਲੋਂ ਜ਼ਿਆਦਾ ਸੁੰਦਰ, ਕਿਉਂ ਬਣਾਇਆ ਗਿਆ ਹੈ ? ਅਤੇ ਇਹ ਖਿੱਚ ਪਾਊ ਸੂਰਜ ਨਾਲੋਂ ਜ਼ਿਆਦਾ ਕਾਵਿਮਈ ਅਤੇ ਇੰਨਾ ਸ਼ਾਂਤ ਹੈ ਕਿ ਇਉਂ ਲੱਗਦਾ ਹੈ ਜਿਵੇਂ ਬਹੁਤ ਮਧੁਰ ਅਤੇ ਰਹੱਸਮਈ ਚੀਜ਼ਾਂ ਨੂੰ ਪ੍ਰਕਾਸ਼ ਦੇਣ ਲਈ ਬਦਲਿਆ ਗਿਆ ਹੋਵੇ । ਇਹ ਪਰਛਾਈਆਂ ਨੂੰ ਕਿਉਂ ਰੁਸ਼ਨਾਉਂਦਾ ਹੈ ?

ਸਾਰੇ ਗੀਤ ਗਾਉਣ ਵਾਲੇ, ਦੂਜਿਆਂ ਵਾਂਗ ਕਿਉਂ ਨਹੀਂ ਸੌਂ ਗਏ ਸਨ ? ਇਸ ਹਨ੍ਹੇਰੇ ਵਿੱਚ ਵਿਅਰਥ ਹੀ ਕਿਉਂ ਆਪਣੇ ਆਪ ਨੂੰ ਗਾਉਣ ਲਾਈ ਰੱਖਿਆ ਹੈ ? ਦੁਨੀਆ ਉੱਤੇ ਇਹ ਅੱਧਾ ਪਰਦਾ ਕਿਉਂ? ਦਿਲ ਦੀਆਂ ਇਹ ਧੜਕਣਾਂ ਥਰਥਰਾਹਟਾਂ, ਆਤਮਾ ਦੇ ਜਜ਼ਬਾਤ ਤੇ ਸਰੀਰਕ ਸਿਥਲਤਾ ਕਿਉਂ ? ਕੁਦਰਤ ਦਾ ਇਹ ਮਨਮੋਹਣਾ ਪ੍ਰਦਰਸ਼ਨ ਕਿਸ ਲਈ ਹੈ ਜੋ ਮਨੁੱਖਤਾ ਸੌਂ ਜਾਣ ਕਾਰਨ ਕਦੇ ਨਹੀਂ ਦੇਖਦੀ? ਇਸ ਸ਼ਾਨਦਾਰ ਦ੍ਰਿਸ਼ ਤੇ ਆਕਾਸ਼ ਤੋਂ ਜ਼ਮੀਨ ਉੱਤੇ ਕਵਿਤਾ ਦਾ ਹੜ੍ਹ ਕਿਸ ਲਈ ? ਇਹ ਵੱਡੇ ਪਾਦਰੀ ਨੂੰ ਬਿਲਕੁਲ ਸਮਝ ਨਾ ਆਇਆ । ਪਰ ਫਿਰ ਚਰਾਗਾਹ ਦੇ ਕਿਨਾਰੇ ਦੇ ਨਾਲ ਨਾਲ, ਦਰੱਖ਼ਤਾਂ ਦੀ ਗੋਲ ਛੱਤ ਹੇਠਾਂ ਜੋ ਚਮਕੀਲੀ ਧੁੰਦ ਨਾਲ ਭਿੱਜੇ ਹੋਏ ਸਨ ਦੋ ਪਰਛਾਵੇਂ ਨਾਲ ਨਾਲ ਚੱਲਦੇ ਨਜ਼ਰ ਆਏ ।

ਆਦਮੀ ਵੱਡਾ ਸੀ ਅਤੇ ਉਸ ਦੀ ਬਾਂਹ ਲੜਕੀ ਦੇ ਗਲ਼ੇ ਵਿੱਚ ਸੀ ਤੇ ਸਮੇਂ ਸਮੇਂ 'ਤੇ ਉਹ ਉਸ ਦੇ ਮੱਥੇ ਨੂੰ ਚੁੰਮਦਾ ਸੀ । ਉਨ੍ਹਾਂ ਇਕ ਬੇਜਾਨ ਦ੍ਰਿਸ਼ ਨੂੰ ਜੀਵਤ ਕੀਤਾ ਜਿਸ ਨੇ ਉਨ੍ਹਾਂ ਨੂੰ ਢੱਕ ਲਿਆ, ਇਕ ਰੱਬੀ ਆਕਾਰ ਜਿਵੇਂ ਇਹ ਜ਼ਰੂਰ ਉਨ੍ਹਾਂ ਲਈ ਹੀ ਬਣਿਆ ਹੋਵੇ । ਇਹ ਦੋਵੇਂ ਇਕ ਹੀ ਵਿਅਕਤੀ ਵਿਖਾਈ ਦਿੱਤੇ, ਉਹ ਜਿਸ ਲਈ ਇਹ ਸ਼ਾਂਤਮਈ ਰਾਤ ਬਣਾਈ ਗਈ ਹੋਵੇ ਅਤੇ ਉਹ ਇਕ ਜੀਓਂਦੇ ਜਾਗਦੇ ਉੱਤਰ ਵਾਂਗ ਪਾਦਰੀ ਤੱਕ ਪਹੁੰਚੇ ਇਹ ਉੱਤਰ ਉਸ ਦੇ ਮਾਲਕ ਵੱਲੋਂ ਸੀ ।

ਉਹ ਧੜਕਦੇ ਦਿਲ ਨਾਲ ਉੱਥੇ ਹੀ ਖੜ੍ਹਾ ਹੋ ਗਿਆ। ਉਸ ਨੇ ਇਸ ਦੀ ਬਾਈਬਲ ਕਹਾਣੀ, ਰੱਬ ਤੇ ਬੋਜ਼ ਦੇ ਪਿਆਰਾਂ ਦੀ ਕਹਾਣੀ ਨਾਲ ਤੁਲਨਾ ਕੀਤੀ, ਜਿਨ੍ਹਾਂ ਦ੍ਰਿਸ਼ਾਂ ਵਿੱਚ ਰੱਬ ਦੀ ਇੱਛਾ ਦੀ ਪੂਰਤੀ ਹੋਈ ਸੀ । ਉਸ ਦੇ ਦਿਮਾਗ਼ ਵਿੱਚ ਗੀਤ, ਬਿਹਬਲ ਪੁਕਾਰਾਂ, ਸਰੀਰ ਦੀਆਂ ਆਵਾਜ਼ਾਂ ਅਤੇ ਪਿਆਰ ਅਤੇ ਕੋਮਲਤਾ ਦੇ ਜਜ਼ਬਾਤਾਂ ਨਾਲ ਭੱਖਵੀਂ ਕਵਿਤਾ ਗੂੰਜ ਉੱਠੀ।

ਉਹ ਕਵਿਤਾ ਦੀ ਜਜ਼ਬਾਤੀ ਰਚਨਾ ਸੀ । ਉਸ ਨੇ ਆਪਣੇ ਆਪ ਨੂੰ ਕਿਹਾ, “ਸ਼ਾਇਦ ਰੱਬ ਨੇ ਇਹ ਰਾਤਾਂ ਆਦਮੀਆਂ ਦੇ ਪਿਆਰ ਨੂੰ ਕਲ਼ਪਣਾ ਨਾਲ ਕੱਜਣ ਲਈ ਬਣਾਈਆਂ ਹਨ ।"

ਉਹ ਉਸ ਜੋੜੇ ਤੋਂ ਦੂਰ ਹੋ ਗਿਆ ਜੋ ਬਾਂਹਾਂ ਵਿੱਚ ਬਾਂਹਾਂ ਪਾਈ ਜਾ ਰਿਹਾ ਸੀ । ਇਹ ਸੱਚਮੁਚ ਉਸ ਦੀ ਭਾਣਜੀ ਸੀ ਅਤੇ ਹੁਣ ਉਸ ਨੇ ਆਪਣੇ ਆਪ ਨੂੰ ਪੁੱਛਿਆ ਕਿ ਇਹ ਉਸ ਨੇ ਰੱਬ ਦੇ ਹੁਕਮਾਂ ਦੀ ਅਵੱਗਿਆ ਨਹੀਂ ਕੀਤੀ ਸੀ। ਕੀ ਰੱਬ ਨੇ ਪਿਆਰ ਦੀ ਪ੍ਰਵਾਨਗੀ ਨਹੀਂ ਦਿੱਤੀ । ਇੰਝ ਸ਼ਾਨ ਨਾਲ ਇਸ ਦੇ ਆਸਪਾਸ ਘੁੰਮਦਾ ਦਿਖਾਈ ਦਿੰਦਾ ਹੈ ?

ਅਤੇ ਉਹ ਡੌਰ ਭੌਰ ਅਤੇ ਸ਼ਰਮਿੰਦਾ ਹੋ ਕੇ ਉੱਥੋਂ ਦੂਰ ਚਲਾ ਗਿਆ ਜਿਵੇਂ ਉਸ ਨੇ ਅਜਿਹੇ ਮੰਦਰ ਵਿੱਚ ਕਦਮ ਰੱਖਿਆ ਹੋਵੇ, ਜਿੱਥੇ ਜਾਣ ਦਾ ਉਸ ਨੂੰ ਕੋਈ ਅਧਿਕਾਰ ਨਹੀਂ ਸੀ ।

# ਪਿਆਰ

## ਇਕ ਸ਼ਿਕਾਰੀ ਦੀ ਡਾਇਰੀ ਦੇ ਤਿੰਨ ਪੰਨੇ

ਮੈਂ ਹੁਣੇ ਹੁਣੇ ਇਕ ਅਖ਼ਬਾਰ ਦੀਆਂ ਆਮ ਖ਼ਬਰਾਂ ਵਿੱਚ ਵਾਸ਼ਨਾ ਦਾ ਇਕ ਨਾਟਕ ਪੜ੍ਹਿਆ ਹੈ। ਉਸ ਨੂੰ ਮਾਰ ਕੇ ਉਹ ਆਪ ਵੀ ਮਰ ਗਿਆ, ਇਸਦਾ ਅਰਥ ਹੈ ਕਿ ਉਹ ਉਸ ਨਾਲ ਪਿਆਰ ਵੀ ਕਰਦਾ ਰਿਹਾ ਹੋਵੇਗਾ। ਮੇਰੇ ਵਾਸਤੇ ਪ੍ਰੇਮੀ ਜਾਂ ਪ੍ਰੇਮਿਕਾ ਦਾ ਮਹੱਤਵ ਨਹੀਂ, ਮਹੱਤਵ ਹੈ ਤਾਂ ਪਿਆਰ ਦਾ, ਅਤੇ ਮੈਨੂੰ ਇਹ ਦਿਲਚਸਪ ਇਸ ਲਈ ਨਹੀਂ ਲੱਗਦਾ ਕਿ ਇਹ ਮੈਨੂੰ ਹਿਲਾ ਦਿੰਦਾ ਹੈ ਅਤੇ ਹੈਰਾਨ ਕਰ ਦਿੰਦਾ ਹੈ ਜਾਂ ਮੈਨੂੰ ਹਮਦਰਦੀ ਜਾਂ ਵਿਚਾਰ ਕਰਨ ਲਈ ਮਜ਼ਬੂਰ ਕਰਦਾ ਹੈ ਬਲਕਿ ਇਸ ਲਈ ਹੈ ਕਿ ਇਹ ਮੇਰੀਆਂ ਬੀਤੀਆਂ ਜਵਾਨੀ ਦੀਆਂ ਯਾਦਾਂ ਨੂੰ ਸ਼ਿਕਾਰ ਦੀ ਇਕ ਘਟਨਾ ਵਾਂਗ ਦਿਮਾਗ਼ ਵਿੱਚ ਚਿਤਰ ਦਿੰਦਾ ਹੈ ਜਿੱਥੇ ਮੈਨੂੰ ਈਸਾਈਆਂ ਦੇ ਕਰਾਸ ਵਾਂਗ ਪਿਆਰ ਦੇ ਦਰਸ਼ਨ ਹੋਏ।

ਮੇਰੇ ਅੰਦਰ ਜਨਮ ਤੋਂ ਹੀ ਰੂੜ੍ਹੀਵਾਦੀ ਆਦਮੀਆਂ ਦੀਆਂ ਪ੍ਰਵਿਰਤੀਆਂ ਅਤੇ ਧਾਰਨਾਵਾਂ ਹਨ ਅਤੇ ਮੈਂ ਇਕ ਸੱਭਿਆ ਮਨੁੱਖ ਦੇ ਤਰਕਾਂ ਅਤੇ ਪਾਬੰਦੀਆਂ ਦਾ ਹਾਮੀ ਹਾਂ ਸ਼ਿਕਾਰ ਦਾ ਤਾਂ ਮੈਨੂੰ ਸ਼ੌਕ ਹੈ ਪਰ ਜ਼ਖ਼ਮੀ ਪਸ਼ੂ ’ਤੇ ਨਜ਼ਰ ਪੈਂਦੇ ਹੀ ਜਾਂ ਆਪਣੇ ਹੱਥ ਜਾਂ ਕਿਸੇ ਪੰਛੀ ਦੇ ਖੰਭਾਂ ’ਤੇ ਖ਼ੂਨ ਦੇ ਨਿਸ਼ਾਨਾਂ ਨੂੰ ਦੇਖਦੇ ਹੀ ਮੇਰੇ ਦਿਲ ਵਿੱਚ ਹਲਚਲ ਜਿਹੀ ਮੱਚ ਉੱਠਦੀ ਹੈ ਜਿਸਦੇ ਕਾਰਨ ਮੈਂ ਕਦੇ ਕਦੇ ਤਾਂ ਸ਼ਿਕਾਰ ਖੇਡਣਾ ਲਗਭਗ ਬੰਦ ਹੀ ਕਰ ਦਿੰਦਾ ਹਾਂ।

ਉਸ ਸਾਲ ਸਰਦੀ ਰੁੱਤ ਦੇ ਖ਼ਤਮ ਹੁੰਦੇ ਸਮੇਂ ਠੰਢ ਇਕਦਮ ਬਹੁਤ ਜ਼ੋਰ ਨਾਲ ਪੈਣ ਲੱਗ ਪਈ ਸੀ ਅਤੇ ਮੇਰੇ ਕੋਲ ਮੇਰੇ ਚਚੇਰੇ ਭਾਈ, ਕਾਰਲ ਡੀ. ਰੋਬਿਲੇ ਨੇ ਸਵੇਰਾ ਹੁੰਦੇ ਹੀ ਉਸ ਦੇ ਨਾਲ ਦਲਦਲਾਂ ਵਿੱਚ ਜਾ ਕੇ ਬੱਤਖ਼ਾਂ ਦਾ ਸ਼ਿਕਾਰ ਖੇਡਣ ਲਈ ਸੱਦਾ ਪੱਤਰ ਭੇਜਿਆ।

ਮੇਰੇ ਚਚੇਰੇ ਭਾਈ ਸਾਹਿਬ ਚਾਲ੍ਹੀਂ ਸਾਲ ਦੇ ਹੱਸਮੁਖ ਨੌਜਵਾਨ ਸਨ। ਉਸ ਦੇ ਵਾਲ਼ ਮਹਿੰਦੀ ਰੰਗੇ, ਸਰੀਰ ਦੇ ਤਕੜੇ, ਦਾੜ੍ਹੀ ਵਧੀ ਹੋਈ, ਪੇਂਡੂ ਸੱਜਣ ਕੁਝ ਕੁਝ ਨਿਰਦਈ ਪਰ ਖ਼ੁਸ਼ ਅਤੇ ਮਿਲਣਸਾਰ ਗੋਲਿਕ ਮਸ਼ਕਰੀਆਂ ਵਾਲਾ ਬੰਦਾ ਸੀ। ਉਹ ਪਿੰਡ ਵਿੱਚ ਰਿਹਾ ਕਰਦੇ ਸਨ। ਉਨ੍ਹਾਂ ਦਾ ਮਕਾਨ ਜਿਸ ਵਿੱਚ ਉਹ ਰਹਿੰਦੇ

ਸਨ ਅੱਧੇ ਕਿੱਲ੍ਹੇ ਵਿੱਚ ਸੀ ਅਤੇ ਅੱਧਾ ਕਿੱਲ੍ਹਾ ਖੇਤੀ ਵਾਲਾ ਮਕਾਨ। ਜਿਸ ਘਾਟੀ ਵਿੱਚ ਉਹ ਮਕਾਨ ਸੀ ਉਸ ਘਾਟੀ ਵਿੱਚ ਇਕ ਨਦੀ ਵਹਿੰਦੀ ਸੀ । ਘਾਟੀ ਦੇ ਦੋਵੇਂ ਪਾਸੇ ਦੀਆਂ ਪਹਾੜੀਆਂ ਸੰਘਣੇ ਜੰਗਲਾਂ ਨਾਲ ਢੱਕੀਆਂ ਹੋਈਆਂ ਸਨ । ਪੁਰਾਣੇ ਸੰਘਣੇ ਜੰਗਲਾਂ ਨਾਲ ਢੱਕੀਆਂ ਹੋਈਆਂ । ਪੁਰਾਣੇ ਸ਼ਾਹੀ ਢੰਗ ਦੇ ਦਰੱਖ਼ਤ ਅਜੇ ਤੱਕ ਉੱਥੇ ਮਿਲਦੇ ਹਨ ਅਤੇ ਉਹ ਜਗ੍ਹਾ ਉੱਡਦੇ ਪੰਛੀਆਂ ਦੇ ਸ਼ਿਕਾਰ ਖੇਡਣ ਲਈ ਫਰਾਂਸ ਦੀਆਂ ਸਭ ਤੋਂ ਪ੍ਰਸਿੱਧ ਥਾਵਾਂ ਵਿੱਚੋਂ ਸੀ । ਇਨ੍ਹਾਂ ਦਾ ਸ਼ਿਕਾਰ ਤਾਂ ਕਦੇ ਕਦੇ ਹੁੰਦਾ ਅਤੇ ਤਰ੍ਹਾਂ ਤਰ੍ਹਾਂ ਦੇ ਪੰਛੀਆਂ ਦੇ ਸਮੂਹ ਜੋ ਕਿ ਬਹੁਤ ਸਾਰੀਆਂ ਬਸਤੀਆਂ ਵਿੱਚ ਘੱਟ ਦਿਖਾਈ ਦਿੰਦੇ ਹਨ, ਆਪਣੇ ਤਰ੍ਹਾਂ ਤਰ੍ਹਾਂ ਦੇ ਰੰਗਾਂ ਨਾਲ ਸ਼ਾਹ ਬਲੂਤ ਦੇ ਬ੍ਰਿਛਾ ਦੀ ਸ਼ਾਨ ਵਧਾਉਂਦੇ ਸਨ । ਜਿਵੇਂ ਉਹ ਅਸਲੀ ਜੰਗਲ ਦੇ ਕਿਸੇ ਛੋਟੇ ਜਿਹੇ ਕੋਨੇ ਨੂੰ ਜਾਣਦੇ ਜਾਂ ਪਹਿਚਾਣਦੇ ਸਨ ਕਿ ਉੱਥੇ ਉਨ੍ਹਾਂ ਨੂੰ ਰੈਣ ਬਸੇਰਾ ਮਿਲ ਜਾਂਦਾ ਸੀ ।

ਉਸ ਘਾਟੀ ਵਿੱਚ ਕਿੰਨੇ ਹੀ ਖੇਤ ਸਨ ਜੋ ਕਿ ਨਾਲੀ ਰਾਹੀਂ ਸਿੰਜੇ ਜਾਂਦੇ ਸਨ ਅਤੇ ਜਿਨ੍ਹਾਂ ਦੀਆਂ ਸੀਮਾਵਾਂ ਕੰਡੇਦਾਰ ਝਾੜੀਆਂ ਨੇ ਵੱਖਰੀਆਂ ਕਰ ਰੱਖੀਆਂ ਸਨ । ਉਹ ਨਦੀ ਜੋ ਉੱਥੋਂ ਤੱਕ ਤਾਂ ਆਪਣੇ ਕਿਨਾਰਿਆਂ ਨਾਲ ਜੁੜੀ ਹੋਈ ਚਲੀ ਜਾਂਦੀ, ਅੱਗੇ ਜਾ ਕੇ ਇਕ ਪੂਰੇ ਚੌੜੇ ਦਲਦਲ ਵਿੱਚ ਫੈਲ ਜਾਂਦੀ ਸੀ। ਮੈਂ ਸ਼ਿਕਾਰ ਖੇਡਣ ਲਈ ਉਸ ਦਲਦਲ ਤੋਂ ਚੰਗਾ ਥਾਂ ਅਜੇ ਤੱਕ ਕੋਈ ਨਹੀਂ ਦੇਖਿਆ। ਉਹ ਮੇਰੇ ਭਾਈ ਸਾਹਿਬ ਦੀ ਖ਼ਾਸ ਜਗ੍ਹਾ ਸੀ ਅਤੇ ਉਨ੍ਹਾਂ ਨੇ ਇਹ ਥਾਂ ਆਪਣੇ ਲਈ ਸੰਭਾਲ਼ ਰੱਖਿਆ ਸੀ। ਝਾੜੀਆਂ ਚਾਰੇ ਪਾਸੇ ਉੱਗੀਆਂ ਹੋਈਆਂ ਸਨ ਫੇਰ ਵੀ ਉਨ੍ਹਾਂ ਨੂੰ ਕੱਟ ਕੱਟ ਕੇ ਕੋਝੇ ਅਤੇ ਪਤਲੇ ਰਸਤੇ ਬਣਾ ਲਏ ਗਏ ਸਨ ਅਤੇ ਉਨ੍ਹਾਂ ਰਸਤਿਆਂ ਵਿੱਚੋਂ ਬੇੜੀਆਂ ਨੂੰ ਡੰਡਿਆਂ ਨਾਲ ਚਲਾ ਕੇ ਲਿਜਾਇਆ ਜਾਂਦਾ ਸੀ ਉਸ ਸ਼ਾਂਤ ਅਤੇ ਸਾਫ਼ ਪਾਣੀ ’ਤੇ ਜਦ ਡੰਡੇ ਮਾਰੇ ਜਾਂਦੇ ਤਾਂ ਵੱਡੀਆਂ ਵੱਡੀਆਂ ਮੱਛੀਆਂ ਡਰ ਕੇ ਘਾਹ ਫੂਸ ਦੇ ਹੇਠਾਂ ਛਿਪ ਜਾਂਦੀਆਂ ਅਤੇ ਕਾਲੇ, ਨੁਕੀਲੇ ਸਿਰ ਵਾਲੀਆਂ ਚਿੜੀਆਂ ਝਟਪਟ ਗੋਤਾ ਲਾ ਜਾਂਦੀਆਂ ।

ਸਮੁੰਦਰ ਬਹੁਤ ਚੌੜਾ ਅਤੇ ਬਹੁਤ ਕਰਮਸ਼ੀਲ ਹੁੰਦਾ ਹੈ ਉਸ ’ਤੇ ਮੇਰਾ ਕਿਸੇ ਵੀ ਤਰ੍ਹਾਂ ਵੱਸ ਨਹੀਂ ਚੱਲ ਸਕਦਾ, ਨਦੀਆਂ ਬਹੁਤ ਸੁੰਦਰ ਹੁੰਦੀਆਂ ਹਨ

ਅਤੇ ਸਦਾ ਬੇਰੋਕ ਗਤੀ ਨਾਲ ਚੱਲਦੀਆਂ ਜਾਂਦੀਆਂ ਹਨ ਅਤੇ ਦਲਦਲ ਜਿੱਥੇ ਸਾਰੇ ਪਾਣੀ ਵਿੱਚ ਰਹਿਣ ਵਾਲਿਆਂ ਦੀ ਹੋਂਦ ਦਾ ਡਰ ਬਣਿਆ ਰਹਿੰਦਾ ਹੈ ; ਪਰੰਤੂ ਇਹ ਸਭ ਹੁੰਦੇ ਹੋਏ ਵੀ ਮੈਂ ਸਮੁੰਦਰ ਅਤੇ ਪਾਣੀ ਦਾ ਬੇਹੱਦ ਸ਼ੁਕੀਨ ਹਾਂ। ਸੰਸਾਰ ਦੀ ਸ੍ਰਿਸ਼ਟੀ ਵਿੱਚ ਦਲਦਲ ਦੀ ਆਪਣੀ ਅਲੱਗ ਸ੍ਰਿਸ਼ਟੀ ਹੁੰਦੀ ਹੈ । ਇਹ ਸ੍ਰਿਸ਼ਟੀ ਬਿਲਕੁਲ ਅਲੱਗ ਹੁੰਦੀ ਹੈ ਇਸ ਵਿੱਚ ਆਪਣੀ ਹੀ ਤਰ੍ਹਾਂ ਦਾ ਜੀਵਨ, ਅਲੱਗ ਹੀ ਤਰ੍ਹਾਂ ਦੇ ਨਿਵਾਸੀ ਯਾਤਰੂ, ਆਵਾਜ਼ਾਂ, ਸ਼ੋਰ ਅਤੇ ਇਨ੍ਹਾਂ ਸਭ ਤੋਂ ਉੱਤੇ ਅਲੱਗ ਹੀ ਭੇਦ ਹੁੰਦਾ ਹੈ। ਦਲਦਲ ਤੋਂ ਜ਼ਿਆਦਾ ਅਸਰ, ਹਲਚਲ ਅਤੇ ਸਮੇਂ ਸਮੇਂ ’ਤੇ ਡਰ ਪੈਦਾ ਕਰ ਦੇਣ ਵਾਲਾ ਹੋਰ ਕੁਝ ਵੀ ਨਹੀਂ ਹੁੰਦਾ । ਜਲ ਨਾਲ ਢਕੇ ਹੋਏ ਇਨ੍ਹਾਂ ਹੇਠਲੇ ਮੈਦਾਨਾਂ ਵਿੱਚ ਡਰ ਕਿਉਂ ਬਣਿਆ ਰਹਿੰਦਾ ਹੈ ? ਕੀ ਘਾਹ ਨਾਲ ਟਕਰਾ ਕੇ ਜੋ ਆਵਾਜ਼ ਪੈਦਾ ਹੁੰਦੀ ਹੈ, ਉਸ ਦੇ ਕਾਰਨ ? ਬੈਂਤਾਂ ਦੇ ਆਪਸ ਵਿੱਚ ਟਕਰਾਉਣ ਨਾਲ ਅਜੀਬ ਚਮਕ ਪੈਦਾ ਹੋਣ ਦੇ ਕਾਰਨ ? ਰਾਤ ਦੀ ਸੁੰਨ ਸਾਨ੍ਹ ਕਾਲਮਾਂ ਦੇ ਕਾਰਨ ? ਸ਼ਾਂਤ ਕੁਹਰਾ ਜੋ ਇਸ ਦੀ ਤਹਿ ਤੇ ਕਫ਼ਨ ਦੀ ਤਰ੍ਹਾਂ ਪਿਆ ਰਹਿੰਦਾ ਹੈ ਉਸ ਦੇ ਕਾਰਨ ? ਜਾਂ ਬਹੁਤ ਮੁਸ਼ਕਲ ਨਾਲ ਸੁਣੇ ਜਾ ਸਕਣ ਵਾਲੇ ਛਪਾਕੇ ਦੀ ਆਵਾਜ਼ ਜੋ ਕਿ ਬਹੁਤ ਹੀ ਘੱਟ ਅਤੇ ਬਹੁਤ ਹੀ ਹੌਲੀ ਹੁੰਦੇ ਹੋਏ ਵੀ ਕਦੇ ਕਦੇ ਬਿਜਲੀ ਦੀਆਂ ਕੜਕਾਂ ਜਾਂ ਤੋਪਾਂ ਦੀਆ ਗੜਗੜਾਹਟਾਂ ਤੋਂ ਵੀ ਡਰਾਉਣਾ ਹੁੰਦਾ ਹੈ, ਉਸ ਦੇ ਕਾਰਨ? ਇਨ੍ਹਾਂ ਵਿੱਚੋਂ ਕਿਹੜੀਆਂ ਅਜਿਹੀਆਂ ਗੱਲਾਂ ਹਨ ਜੋ ਕਿ ਇਨ੍ਹਾਂ ਦਲਦਲਾਂ ਨੂੰ ਉਨ੍ਹਾਂ ਭਿਆਨਕ ਕਲਪਿਤ ਦੇਸ਼ਾਂ ਦੀ ਤੁਲਨਾ ਵਿੱਚ ਲੈ ਜਾਂਦੀਆਂ ਹਨ, ਜਿਨ੍ਹਾਂ ਵਿੱਚ ਇਕ ਅਨਜਾਣ ਅਤੇ ਭਿਆਨਕ ਭੇਦ ਹੁੰਦਾ ਹੈ?

ਨਹੀਂ ਇਸ ਵਿੱਚ ਕੋਈ ਹੋਰ ਹੀ ਗੱਲ ਹੈ ਕੋਈ ਦੂਜਾ ਹੀ ਭੇਦ ਹੈ, ਸ਼ਾਇਦ ਉਹ ਸ੍ਰਿਸ਼ਟੀ ਦਾ ਹੀ ਆਪਣਾ ਭੇਦ ਹੈ ! ਇਹ ਗੱਲ ਨਹੀਂ ਕਿ ਨਿਸ਼ਚਿਤ ਅਤੇ ਗੰਦੇ ਪਾਣੀ ਵਿੱਚ, ਇਸ ਗਿੱਲੀ ਧਰਤੀ ਦੀ ਬੇਹੱਦ ਸਿੱਲ੍ਹ ਵਿੱਚ, ਸੂਰਜ ਦੀ ਤਪਸ਼ ਦੇ ਹੇਠਾਂ ਸਭ ਤੋਂ ਪਹਿਲਾਂ ਜੀਵਾਂ ਦਾ ਸੰਚਾਰ ਹੋਇਆ ਅਤੇ ਉਸੇ ਕਾਰਨ ਅੱਜ ਇਹ ਰੂਪ ਦਿਖਾਈ ਦਿੰਦਾ ਹੈ ।

ਮੈਂ ਆਪਣੇ ਚਚੇਰੇ ਭਾਈ ਪਾਸ ਰਾਤ ਨੂੰ ਪਹੁੰਚਿਆ ਉਸ ਸਮੇਂ ਬਰਫ਼ ਇੰਨੀ ਜ਼ਿਆਦਾ ਜੰਮੀ ਹੁੰਦੀ ਸੀ ਕਿ ਉਹ ਪੱਥਰਾਂ ਦੇ ਵੀ ਟੁਕੜੇ ਕਰ ਸਕਦੀ ਸੀ ।

ਉਸ ਵੱਡੇ ਕਮਰੇ ਵਿੱਚ ਜਿੱਥੇ ਦੀਵਾਰਾਂ, ਚੌਖਟਿਆਂ ਛੱਤਾਂ ਸਭ ਤੋਂ ਹੀ ਮਸਾਲਿਆਂ ਨਾਲ ਭਰੇ ਹੋਏ ਪੰਛੀਆਂ ਨੂੰ ਜਿਨ੍ਹਾਂ ਦੇ ਖੰਭ ਫੈਲਾਏ ਹੋਏ ਸਨ ਅਤੇ ਟਾਹਣੀਆਂ ’ਤੇ ਬਿਠਾਇਆ ਸੀ ਕਿੱਲਾਂ ਨਾਲ ਠੋਕ ਠੋਕ ਕੇ ਸਜਾ ਰੱਖਿਆ ਸੀ, ਉਨ੍ਹਾਂ ਮਰੇ ਹੋਏ ਪੰਛੀਆਂ ਵਿੱਚ ਬਾਜ, ਬਗਲਾ, ਉੱਲੂ, ਨਾਈਟਜਾਰ, ਬਜਰਡ ਆਦਿ ਸਨ। ਮੇਰੇ ਭਾਈ ਸਾਹਿਬ ਨੇ ਜੋ ਕਿ ਸੀਲ ਦੀ ਖੱਲ ਦੀ ਜਾਕਟ ਪਾਉਣ ਦੇ ਕਾਰਨ ਖ਼ੁਦ ਹੀ ਕਿਸੇ ਠੰਢੇ ਦੇਸ਼ ਦੇ ਅਜੀਬ ਜਿਹੇ ਜਾਨਵਰ ਦੀ ਤਰ੍ਹਾਂ ਲੱਗ ਰਹੇ ਸਨ, ਮੈਨੂੰ ਉਸੇ ਕਮਰੇ ਵਿੱਚ ਭੋਜਨ ਕਰਦੇ ਸਮੇਂ ਦੱਸਿਆ ਕਿ ਉਨ੍ਹਾਂ ਨੇ ਉਸ ਰਾਤ ਦੇ ਲਈ ਕੀ ਕੀ ਤਿਆਰੀਆਂ ਕਰ ਰੱਖੀਆਂ ਸਨ।

ਅਸੀਂ ਲੋਕਾਂ ਨੇ ਸਾਢੇ ਤਿੰਨ ਵਜੇ ਚੱਲਣਾ ਸੀ ਤਾਂ ਕਿ ਅਸੀਂ ਮਿਥੇ ਹੋਏ ਥਾਂ ਤੇ ਚਾਰ ਵਜੇ ਤੱਕ ਪਹੁੰਚ ਜਾਈਏ। ਉੱਥੇ ਬਰਫ਼ ਦੇ ਢੇਰ ਨਾਲ ਇਕ ਝੌਂਪੜੀ ਬਣਵਾਈ ਗਈ ਸੀ ਤਾਂ ਕਿ ਸਵੇਰ ਹੋਣ ਤੋਂ ਪਹਿਲਾਂ ਚੱਲਣ ਵਾਲੀ ਠੰਢੀ ਹਵਾ ਤੋਂ ਬਚਾਅ ਹੋ ਸਕੇ। ਹਵਾ ਇੰਨੀ ਠੰਢੀ ਹੁੰਦੀ ਹੈ ਕਿ ਸਾਨੂੰ ਲੱਗਦਾ ਹੈ ਕਿ ਜਿਵੇਂ ਉਹ ਸਾਡੇ ਗੋਸ਼ਤ ਨੂੰ ਆਰੇ ਦੀ ਤਰ੍ਹਾਂ ਚੀਰ ਦੇ ਰਹੀ ਹੈ, ਚਾਕੂ ਤੇ ਬਲੇਡ ਦੀ ਤਰ੍ਹਾਂ ਕੱਟ ਰਹੀ ਹੈ, ਜ਼ਹਿਰੀਲੇ ਡੰਗ ਦੀ ਤਰ੍ਹਾਂ ਸਰੀਰ ਵਿੱਚ ਚੁੱਭਦੀ ਜਾਂਦੀ ਹੈ ਅਤੇ ਚਿਮਟੇ ਦੀ ਤਰ੍ਹਾਂ ਗੋਸ਼ਤ ਨੂੰ ਪਲਟ ਰਹੀ ਹੈ ਅਤੇ ਅੱਗ ਦੀ ਤਰ੍ਹਾਂ, ਸਾਨੂੰ ਜਲਾ ਰਹੀ ਹੈ।

ਮੇਰੇ ਭਾਈ ਸਾਹਿਬ ਨੇ ਆਪਣੇ ਹੱਥ ਮਲ਼ਦੇ ਹੋਏ ਕਿਹਾ" ਮੈਂ ਇਹੋ ਜਿਹੀ ਧੁੰਦ ਕਦੇ ਨਹੀਂ ਵੇਖੀ ਸ਼ਾਮ ਦੇ ਛੇ ਵਜੇ ਤੋਂ ਹੀ ਠੰਢ ਜ਼ੀਰੋ ਤੋਂ ਵੀ 12 ਡਿਗਰੀ ਹੇਠਾਂ ਹੈ।”

ਭੋਜਨ ਕਰਨ ਤੋਂ ਉਸੇ ਸਮੇਂ ਬਾਅਦ ਹੀ ਮੈਂ ਬਿਸਤਰੇ ’ਤੇ ਜਾ ਕੇ ਲੇਟ ਗਿਆ ਅਤੇ ਅੰਗੀਠੀ ਵਿੱਚ ਮੱਚਦੀ ਹੋਈ ਤੇਜ਼ ਅੱਗ ਦੀ ਰੋਸ਼ਨੀ ਦੇ ਕੋਲ ਜਾ ਕੇ ਸੌਂ ਗਿਆ।

ਉਨ੍ਹਾਂ ਨੇ ਤਿੰਨ ਵਜੇ ਮੈਨੂੰ ਜਗਾ ਦਿੱਤਾ। ਆਪਣੀ ਵਾਰੀ ਤੇ ਮੈਂ ਭੇਡ ਦੀ ਖੱਲ ਪਹਿਨ ਲਈ ਅਤੇ ਮੈਂ ਦੇਖਿਆ ਮੇਰੇ ਭਾਈ ਨੇ ਇਕ ਰਿੱਛ ਦੀ ਖੱਲ ਪਹਿਨ ਰੱਖੀ ਹੈ। ਦੋ ਦੋ ਕੱਪ ਗਰਮ ਗਰਮ ਕਾਫ਼ੀ ਦੇ ਪੀਣ ਤੋਂ ਪਿੱਛੋਂ ਅਸੀਂ ਬਰਾਂਡੀ ਦੇ ਗਲਾਸ ’ਤੇ ਗਲਾਸ ਚੜ੍ਹਾਏ ਅਤੇ ਇਕ ਗੇਮ ਕੀਪਰ ਅਤੇ ਆਪਣੇ ਕੁੱਤੇ ਪਲੋਨਜੂਨ ਅਤੇ ਪੀਰਟ ਨੂੰ ਲੈ ਕੇ ਅਸੀਂ ਰਵਾਨਾ ਹੋਏ।

ਬਾਹਰ ਨਿਕਲਦੇ ਹੀ ਮੈਨੂੰ ਲੱਗਿਆ ਕਿ ਠੰਢ ਮੇਰੀਆਂ ਹੱਡੀਆਂ ਵਿੱਚ ਵੜਦੀ ਜਾ ਰਹੀ ਹੈ। ਇਹ ਰਾਤ ਉਨ੍ਹਾਂ ਰਾਤਾਂ ਵਿੱਚੋਂ ਇਕ ਸੀ ਜਿਸ ਰਾਤ ਨੂੰ

ਲੱਗਦਾ ਹੈ ਕਿ ਧਰਤੀ ਠੰਢ ਦੇ ਕਾਰਨ ਮਰਦੀ ਪਈ ਹੈ । ਠੰਢੀ ਹਵਾ ਸਥੂਲ ਵਾਂਗ ਰੋਕ ਪਾਉਂਦੀ ਹੈ ਅਤੇ ਜਿਸ ਦਾ ਇੰਨਾ ਦੁੱਖ ਹੁੰਦਾ ਹੈ; ਇਹ ਤੁਹਾਨੂੰ ਕੱਟਣ ਨੂੰ ਭੱਜਦੀ ਹੈ, ਕੋਈ ਪੌਣ ਦਾ ਬੁਲਾ ਇਸ ਨੂੰ ਹਿਲਾਉਂਦਾ ਨਹੀਂ ਇਹ ਅਹਿਲ ਹੋ ਜਾਂਦੀ ਹੈ ਇਹ ਤੁਹਾਨੂੰ ਕੱਟਦੀ ਹੈ ਵਿੰਨ੍ਹਦੀ ਹੈ ਸੁਕਾ ਦਿੰਦੀ ਹੈ । ਅਤੇ ਬ੍ਰਿਛਾਂ, ਪੌਦਿਆਂ, ਕੀੜਿਆਂ ਨੂੰ ਨਸ਼ਟ ਕਰ ਦਿੰਦੀ ਹੈ । ਛੋਟੀਆਂ ਛੋਟੀਆਂ ਚਿੜੀਆਂ ਆਪਣੇ ਆਪ ਹੀ ਬਿਨਾਂ ਦੀਆਂ ਟਾਹਣੀਆਂ ਤੋਂ ਹੇਠਾਂ ਸਖ਼ਤ ਧਰਤੀ ’ਤੇ ਡਿੱਗ ਪੈਂਦੀਆਂ ਹਨ ਅਤੇ ਠੰਢ ਨਾਲ ਸੁੰਗੜ ਕੇ ਮਰ ਜਾਂਦੀਆਂ ਹਨ ।

ਚੰਦ ਜੋ ਆਪਣੀ ਯਾਤਰਾ ਖ਼ਤਮ ਕਰਨ ਵਾਲਾ ਸੀ ਅਤੇ ਇਕ ਪਾਸੇ ਝੁਕਿਆ ਹੋਇਆ ਸੀ ਰਸਤੇ ਵਿੱਚ ਹੀ ਫਿੱਕਾ ਪੈ ਗਿਆ, ਉਹ ਇੰਨਾ ਕਮਜ਼ੋਰ ਲੱਗ ਰਿਹਾ ਸੀ ਕਿ ਉਹ ਢਲ਼ ਹੀ ਨਹੀਂ ਰਿਹਾ ਸੀ ਅਤੇ ਮੌਸਮ ਦੀ ਗੰਭੀਰਤਾ ਤੋਂ ਚੌਕੰਨਾ ਹੋ ਕੇ ਸਾਹਮਣੇ ਡਟੇ ਰਹਿਣ ਲਈ ਮਜਬੂਰ ਹੋ ਗਿਆ ਸੀ ਉਹ ਆਪਣੇ ਅਖ਼ੀਰਲੇ ਸਮੇਂ ਵਿੱਚ ਸੰਸਾਰ ਨੂੰ ਠੰਢਾ ਅਤੇ ਦੁੱਖ ਭਰਿਆ ਪ੍ਰਕਾਸ਼ ਦੇ ਰਿਹਾ ਸੀ । ਉਹ ਉਜਾਲਾ ਉਹੋ ਜਿਹਾ ਸੀ ਜਿਹੋ ਜਿਹਾ ਨਿਰਬਲ ਅਤੇ ਮੰਦ ਉਜਾਲਾ ਹਰ ਮਹੀਨੇ ਦੇ ਅੰਤ ’ਤੇ ਦਿੰਦਾ ਹੁੰਦਾ ਹੈ ।

ਆਪਣੀ ਬੰਦੂਕ ਨੂੰ ਆਪਣੀਆਂ ਬਾਂਹਾਂ ਵਿੱਚ ਦੱਬੀ ਜੇਬਾਂ ਵਿੱਚ ਹੱਥ ਪਾਈ ਪਿੱਠਾਂ ਝੁਕਾਈ ਮੈਂ ਅਤੇ ਕਾਰਲ ਦੋਵੇਂ ਨਾਲ ਨਾਲ ਟੁਰ ਪਏ । ਸਾਡੇ ਜੁੱਤੇ ਜਿਨ੍ਹਾਂ ’ਤੇ ਇਸ ਲਈ ਉੱਨ ਲਪੇਟਿਆ ਹੋਇਆ ਸੀ ਕਿ ਕਿਤੇ ਜੰਮੀ ਹੋਈ ਨਦੀ ’ਤੇ ਅਸੀਂ ਲੋਕ ਫਿਸਲ ਨਾ ਜਾਈਏ ਕੋਈ ਆਵਾਜ਼ ਨਹੀਂ ਕਰ ਰਹੇ ਸੀ ਅਤੇ ਮੈਂ ਆਪਣੇ ਕੁੱਤਿਆਂ ਦੇ ਸਾਹਾਂ ਦੀ ਸਫ਼ੈਦ ਭਾਫ਼ ਨੂੰ ਦੇਖਿਆ।

ਛੇਤੀ ਹੀ ਅਸੀਂ ਲੋਕ ਦਲਦਲ ਦੇ ਇਕ ਸਿਰੇ ’ਤੇ ਪਹੁੰਚੇ, ਅਤੇ ਸੁੱਕੀ ਘਾਹ ’ਤੇ ਇਕ ਪਤਲੀ ਜਿਹੀ ਪਗਡੰਡੀ ’ਤੇ ਜੋ ਜੰਗਲ ਦੇ ਹੇਠਲੇ ਭਾਗ ਨੂੰ ਜਾਂਦੀ ਸੀ ਟੁਰ ਪਏ ।

ਰਿਬਨ ਵਾਂਗ ਲੰਮੀਆਂ ਪੱਤੀਆਂ ਨਾਲ ਸਾਡੀਆਂ ਕੂਹਣੀਆਂ ਛੂੰਹਦੇ ਹੀ ਇਕ ਅਜੀਬ ਜਿਹੀ ਆਵਾਜ਼ ਆਉਂਦੀ ਉਸ ਆਵਾਜ਼ ਨੂੰ ਸੁਣ ਕੇ ਮੈਂ ਡਰ ਗਿਆ । ਮੈਂ ਅਜਿਹੀਆਂ ਭਾਵਨਾਵਾਂ ਨਾਲ ਜੋ ਕਿ ਦਲਦਲ ਵਿੱਚ ਆਮ ਤੌਰ ’ਤੇ ਹੁੰਦੀਆਂ ਹਨ, ਪਹਿਲਾਂ ਕਦੇ ਇਨ੍ਹਾਂ ਨਹੀਂ ਡਰਿਆ। ਉਹ ਦਲਦਲ ਵਿੱਚ ਮਰਿਆ ਪਿਆ ਸੀ ਠੰਢ ਨਾਲ ਮਰਿਆ ਹੋਇਆ ਸੀ, ਪਰ ਅਸੀਂ ਉਨ੍ਹਾਂ ਬੈਂਤ ਦੀਆਂ ਸੁੱਕੀਆਂ ਸੰਘਣੀਆਂ ਪਤੀਆਂ ਵਿੱਚੋਂ ਦੀ ਜਾ ਰਹੇ ਸੀ ।

ਇਕ ਪਗਡੰਡੀ ਦੇ ਮੋੜ ’ਤੇ ਅਚਾਨਕ ਮੈਨੂੰ ਇਕ ਬਰਫ਼ ਦੀ ਬਣੀ ਹੋਈ ਝੌਂਪੜੀ ਜੋ ਕਿ ਸਾਡੇ ਬਚਾਉ ਲਈ ਬਣਾਈ ਗਈ ਸੀ ਦਿਖਾਈ ਦਿੱਤੀ। ਮੈਂ ਅੰਦਰ ਚਲਾ ਗਿਆ ਕਿਉਂਕਿ ਉਨ੍ਹਾਂ ਪੰਛੀਆਂ ਦੇ ਜਾਗਣ ਵਿਚ ਅਜੇ ਇਕ ਘੱਟੇ ਦੀ ਦੇਰ ਸੀ ਅਤੇ ਆਪਣੇ ਸ਼ਰੀਰ ਨੂੰ ਗਰਮੀ ਪਹੁੰਚਾਉਣ ਦੇ ਲਈ ਕੰਬਲ ਵਿਚ ਛੁਪ ਗਿਆ । ਫੇਰ ਪਿਠ ਦੇ ਭਾਰ ਲੇਟ ਕੇ ਉਸ ਵਿਗੜੀ ਹੋਈ ਸ਼ਕਲ ਵਾਲੇ ਚੰਦ ਦੇਖਣ ਲਗਿਆ। ਬਰਫ ਦੀ ਕੁੰਗੀ ਦੀ ਕੁਝ ਪਾਰਦਰਸ਼ੀ ਕੰਧਾਂ ਵਿਚੋਂ ਦਿਸਣ ਕਾਰਨ ਜਿਸ ਦੇ ਚਾਰ ਕਿਨਾਰੇ ਦਿਸਦੇ ਸਨ ਪਰੰਤੂ ਉਸ ਜੰਮੇ ਹੋਏ ਦਲਦਲ ਦੇ ਕੁਹਰੇ, ਇਨ੍ਹਾਂ ਕੰਧਾਂ ਦੀ ਠੰਢ ਅਤੇ ਅਜਮਾਨ ਦੀ ਠੰਢ ਨੇ ਮੈਨੂੰ ਇੰਨੀ ਬੁਰੀ ਤਰ੍ਹਾਂ ਜਕੜ ਲਿਆ ਸੀ ਕਿ ਮੈਨੂੰ ਜ਼ੁਕਾਮ ਹੋ ਗਿਆ। ਮੇਰੇ ਚਚੇਰੇ ਭਾਈ ਨੂੰ ਬੇਚੈਨੀ ਹੋਈ।

"ਖੈਰ ਜੇ ਅਸੀਂ ਅੱਜ ਜ਼ਿਆਦਾ ਸ਼ਿਕਾਰ ਨਾ ਖੇਡ ਸਕੇ ਤਾਂ ਕੋਈ ਗੱਲ ਨਹੀਂ, ਪਰੰਤੂ ਮੈਂ ਇਹ ਨਹੀਂ ਚਾਹੁੰਦਾ ਕਿ ਤੈਨੂੰ ਠੰਢ ਲੱਗ ਜਾਵੇ; ਅਸੀਂ ਹੁਣੇ ਅੱਗ ਮਚਾ ਲੈਂਦੇ ਹਾਂ।" ਉਹ ਬੋਲੇ ਅਤੇ ਉਨ੍ਹਾਂ ਨੇ ਗੇਮ ਕੀਪਰ ਨੂੰ ਘਾਹ ਫੂਸ ਕੱਟ ਕੇ ਲਿਆਉਣ ਨੂੰ ਕਿਹਾ।

ਅਸੀਂ ਆਪਣੀ ਝੌਂਪੜੀ ਦੇ ਵਿਚ ਢੇਰ ਲਾ ਲਿਆ । ਉਸ ਝੌਂਪੜੀ ਦੀ ਛੱਤ ਦੇ ਵਿਚੋਂ ਧੂੰਆ ਨਿਕਲਣ ਲਈ ਇਕ ਸੁਰਾਖ ਸੀ ਅਤੇ ਜਦ ਲਾਲ ਲਪਟਾਂ ਬਰਫ ਦੇ ਟੁਕੜਿਆਂ ਨਾਲ ਟਕਰਾਉਣ ਲੱਗ ਪਈਆਂ ਤਾਂ ਉਹ ਟੁਕੜੇ ਹੌਲੀ ਹੌਲੀ ਨਾ ਮਲੂਮ ਢੰਗ ਨਾਲ ਪਿਘਲਣ ਲੱਗੇ ਉਨ੍ਹਾਂ ਨੂੰ ਦੇਖ ਕੇ ਇੰਝ ਲਗਦਾ ਸੀ ਜਿਵੇਂ ਉਹ ਪਸੀਨੇ ਨਾਲ ਭਿੱਜ ਗਏ ਹੋਣ। ਕਾਰਲ ਬਾਹਰ ਹੀ ਖੜ੍ਹਾ ਸੀ ਉਸ ਨੇ ਮੈਨੂੰ ਬੁਲਾਇਆ। "ਇਥੇ ਆਉ-ਇਹ ਦੇਖ।" ਮੈਂ ਝੌਂਪੜੀ ਦੇ ਬਾਹਰ ਨਿਕਲਿਆ ਅਤੇ ਹੈਰਾਨ ਹੋ ਗਿਆ। ਸਾਡੀ ਤਿਕੋਣੀ ਝੌਂਪੜੀ ਦੇ ਵਿਚ ਅੱਗ ਜਲਣ ਦੇ ਕਾਰਣ ਉਹ ਇਕ ਬਹੁਤ ਵਿਸ਼ਾਲ ਹੀਰੇ ਦੀ ਤਰ੍ਹਾਂ ਲੱਗ ਰਹੀ ਸੀ। ਇਸ ਤਰ੍ਹਾਂ ਮਲੂਮ ਹੁੰਦਾ ਸੀ ਕਿ ਉਸ ਜਮੇ ਹੋਏ ਦਲਦਲ ਵਿਚ ਹੀਰਾ ਲਿਆ ਕੇ ਰੱਖ ਦਿੱਤਾ ਗਿਆ ਹੋਵੇ । ਉਸ ਝੌਂਪੜੀ ਵਿਚ ਸਾਨੂੰ ਦੋ ਅਨੋਖੇ ਜੀਵ ਦਿਖਾਈ ਦਿੱਤੇ । ਇਹ ਸਾਡੇ ਦੋਵੇਂ ਕੁੱਤੇ ਸਨ ਜੋ ਕਿ ਅੱਗ ਦੇ ਕੋਲ ਸੇਕ ਰਹੇ ਸਨ ।

ਸਾਡੇ ਸਿਰਾਂ ਦੇ ਉਪਰੋਂ ਇਕ ਖਾਸ ਕਿਸਮ ਦੀ ਭੁਲੀ ਭਟਕੀ ਤੁਰਦੀ ਫਿਰਦੀ ਆਵਾਜ਼ ਲੰਘੀ ਅਤੇ ਸਾਡੀ ਝੌਂਪੜੀ ਵਿਚੋਂ ਨਿਕਲਣ ਵਾਲੇ ਪ੍ਰਕਾਸ਼ ਵਿਚ ਉਹ ਜੰਗਲੀ ਪੰਛੀ ਦਿਖਾਈ ਦਿੱਤੇ ।

ਜੀਵਨ ਦੀ ਪਹਿਲੀ ਆਵਾਜ਼, ਜਿਸ ਨੂੰ ਕੋਈ ਸੁਣਦਾ ਨਹੀਂ, ਜੋ ਹਨੇਰੇ ਹਨੇਰੇ ਹੀ ਸਰਦੀਆਂ ਦੇ ਦਿਨ ਦੀ ਪਹਿਲੀ ਝਲਕ ਤੋਂ ਪਹਿਲਾਂ ਹੀ ਲੰਘ ਜਾਂਦੀ ਹੈ, ਤੋਂ ਵਧ ਟੁੰਬਣ ਵਾਲੀ ਕੋਈ ਚੀਜ਼ ਨਹੀਂ ਮੈਨੂੰ ਲਗਦਾ ਹੈ ਕਿ ਬਰਫਾਨੀ ਸਵੇਰ ਦੇ ਇਸ ਖਿਣ ਵਿਚ ਉਡਦੇ ਪੰਛੀਆਂ ਦੀ ਆਵਾਜ਼ ਕਿ ਉਨ੍ਹਾਂ ਦੇ ਖੰਭਾ ਨਾਲ ਦੂਰ ਚਲੀ ਜਾਂਦੀ ਹੈ, ਆਤਮਾ ਦੀ ਸੰਸਾਰ ਵਿਚੋਂ ਨਿਕਲਣ ਵਾਲੀ ਆਹ ਹੁੰਦੀ ਹੈ।

"ਅੱਗ ਬੁਝਾ ਦਿਓ, ਦਿਨ ਨਿਕਲਣ ਵਾਲਾ ਹੈ।"

ਕਾਰਲ ਨੇ ਕਿਹਾ।

ਸਚਮੁਚ ਪਹੁ ਫੁਟ ਪਈ ਸੀ ਅਤੇ ਬੱਤਖਾਂ ਦੇ ਝੁੰਡ ਲੰਮੀਆਂ ਕਤਾਰਾਂ ਬਣਾਈ ਤੇਜ਼ੀ ਨਾਲ ਉਡੇ ਤੇ ਅਸਮਾਨ ਵਿਚ ਛਿਪਣ ਲੱਗੇ।

ਰਾਤ ਵਿਚ ਇਕ ਰੌਸ਼ਨੀ ਦੀ ਧਾਰ ਜਿਹੀ ਚਮਕ ਉਠੀ, ਕਾਰਲ ਨੇ ਗੋਲੀ ਚਲਾ ਦਿੱਤੀ ਸੀ, ਅਤੇ ਦੋਵੇਂ ਕੁੱਤੇ ਅੱਗੇ ਭੱਜੇ । ਅਤੇ ਫੇਰ ਲਗਭਗ ਹਰ ਇਕ ਮਿੰਟ ਤੇ ਕਦੇ ਉਹ ਕਦੇ ਮੈਂ ਬੈਂਤ ਤੇ ਉਨ੍ਹਾਂ ਦੀ ਛਾਂ ਪੈਂਦੇ ਹੀ ਬੰਦੂਕਾਂ ਚਲਾਉਂਦੇ ਰਹੇ । ਪੀਰਟ ਅਤੇ ਪਲੋਨਜੂਨ ਦੇ ਸਾਹ ਫੁਲੇ ਹੋਏ ਸਨ ਫੇਰ ਵੀ ਉਹ ਖੁਸ਼ ਦਿਖਾਈ ਦੇ ਰਹੇ ਸਨ ਤੇ ਖੂਨ ਨਾਲ ਲਿਬੜੀਆਂ ਬੱਤਖਾਂ ਨੂੰ ਜਿਨ੍ਹਾਂ ਦੀਆਂ ਅੱਖਾਂ ਹੁਣ ਤਕ ਕਦੇ ਕਦੇ ਸਾਡੇ ਵਲ ਵੇਖਦੀਆਂ ਸਨ ਲਿਆ ਕੇ ਇਕੱਠਾ ਕਰ ਰਹੇ ਸਨ।

ਸੂਰਜ ਨਿਕਲ ਆਇਆ। ਉਹ ਦਿਨ ਸਾਫ ਸੀ, ਅਸਮਾਨ ਨੀਲਾ ਸੀ ਅਤੇ ਅਸੀਂ ਚਲਣ ਦਾ ਵਿਚਾਰ ਕਰ ਰਹੇ ਸੀ ਕਿ ਦੋ ਪੰਛੀ ਆਪਣੀ ਲੰਬੀ ਗਰਦਨ ਫੈਲਾ ਕੇ ਸਾਡੇ ਉਪਰੋਂ ਛੇਤੀ ਹੀ ਨਿਕਲ ਗਏ । ਮੈਂ ਬੰਦੂਕ ਚਲਾਈ ਅਤੇ ਉਨ੍ਹਾਂ ਵਿਚੋਂ ਇਕ ਮੇਰੇ ਪੈਰਾਂ ਦੇ ਕੋਲ ਆ ਕੇ ਡਿੱਗ ਪਿਆ। ਇਹ ਚਿੱਟੀ ਛਾਤੀ ਵਾਲੀ ਮੁਰਗਾਬੀ ਸੀ ਅਤੇ ਫੇਰ ਮੈਨੂੰ ਨੀਲੇ ਅਸਮਾਨ ਵਿਚ ਆਪਣੇ ਹੀ ਉਤੇ ਇਕ ਪੰਛੀ ਦੀ ਆਵਾਜ਼ ਸੁਣਾਈ ਦਿੱਤੀ। ਆਪਣੀ ਛੋਟੀ ਆਵਾਜ਼ ਨਾਲ ਕੋਈ ਪੰਛੀ ਵਾਰ-ਵਾਰ ਦਿਲ ਵਿੰਨ੍ਹਵਾ ਰੁਦਨ ਕਰ ਰਿਹਾ ਸੀ ਅਤੇ ਇਹ ਪੰਛੀ ਜੋ ਬਚ ਗਿਆ ਸੀ ਆਪਣੇ ਮਰ

ਚੁਕੇ ਸਾਥੀ ਨੂੰ ਮੇਰੇ ਹੱਥਾਂ ਵਿਚ ਫੜਿਆ ਵੇਖਕੇ ਸਾਡੇ ਸਿਰਾਂ ਉਤੇ ਚੱਕਰ ਕਟ ਰਿਹਾ ਸੀ ।

ਕਾਰਲ ਆਪਣੇ ਗੋਡਿਆਂ ਦੇ ਬਲ ਬੈਠਿਆ ਹੋਇਆ ਆਪਣੇ ਮੋਢਿਆਂ ਤੇ ਆਪਣੀ ਬੰਦੂਕ ਰੱਖ ਕੇ ਹੈਰਾਨੀ ਨਾਲ ਇਹ ਦੇਖ ਰਿਹਾ ਸੀ ਕਿ ਉਹ ਪੰਛੀ ਉਸ ਦੇ ਨਿਸ਼ਾਨੇ ਦਾ ਸ਼ਿਕਾਰ ਬਣੇ। ਉਹ ਬੋਲਿਆ ਮਦੀਨ ਨੂੰ ਤੂੰ ਮਾਰ ਦਿਤਾ ਤੇ ਨਰ ਹੁਣ ਬਚ ਕੇ ਨਹੀਂ ਜਾਵੇਗਾ ।

ਅਸਲ ਵਿਚ ਉਹ ਉਡ ਕੇ ਗਿਆ ਵੀ ਨਹੀਂ; ਉਹ ਸਾਡੇ ਸਿਰਾਂ ਦੇ ਉਪਰ ਹੀ ਚੱਕਰ ਕੱਟਦਾ ਅਤੇ ਕੁਰਲਾਹਟ ਕਰਦਾ ਰਿਹਾ। ਇਸ ਉਦਾਸ ਕੂਕ ਅਤੇ ਰੁਦਨਯੋਗ ਦੁਰਾਸੀਸ, ਨੇ ਜੋ ਆਕਾਸ਼ ਵਿਚ ਗੁੰਮ ਗਈ ਸੀ, ਤੋਂ ਵਧ ਕਿਸੇ ਵੀ ਦੁੱਖ ਭਰੀ ਕੁਰਲਾਹਟ ਨੇ ਮੈਨੂੰ ਪੀੜਤ ਨਹੀਂ ਕੀਤਾ ।

ਕਦੇ ਕਦੇ ਉਹ ਉਸ ਵਲ ਸਿੰਨ੍ਹੀ ਬੰਦੂਕ ਤੋਂ ਡਰ ਕੇ ਉਡ ਵੀ ਜਾਂਦਾ ਅਤੇ ਅਜਿਹਾ ਲਗਦਾ ਕਿ ਉਹ ਇਕੱਲਾ ਹੀ ਉਡ ਜਾਵੇਗਾ ਪਰੰਤੂ ਉਸ ਨੇ ਅਜਿਹਾ ਕਰਨ ਦਾ ਵਿਚਾਰ ਛੱਡ ਦਿੱਤਾ ਅਤੇ ਉਹ ਆਪਣੇ ਸਾਥੀ ਨੂੰ ਲੈਣ ਲਈ ਵਾਪਸ ਆ ਗਿਆ।

"ਉਸ ਨੂੰ ਧਰਤੀ ਤੇ ਰੱਖ ਦਿਓ ਅਤੇ ਉਹ ਹੌਲੀ ਹੌਲੀ ਮੇਰੇ ਨਿਸ਼ਾਨੇ ਦੇ ਅੰਦਰ ਆ ਜਾਵੇਗਾ ।" ਕਾਰਲ ਨੇ ਮੈਨੂੰ ਕਿਹਾ । ਅਤੇ ਸਚਮੁਚ ਉਹ ਆਪਣੇ ਸਾਥੀ ਜਿਸ ਨੂੰ ਮੈਂ ਮਾਰ ਦਿੱਤਾ ਸੀ ਦੇ ਲਈ ਖਿੱਚ, ਆਪਣੇ ਪਸ਼ੂਪਣ ਦੇ ਪ੍ਰੇਮ ਅਤੇ ਡਰਦੇ ਮਾਰੇ ਸਾਡੇ ਕੋਲ ਆ ਗਿਆ।

ਕਾਰਲ ਨੇ ਗੋਲੀ ਚਲਾ ਦਿੱਤੀ ਅਤੇ ਜਿਵੇਂ ਕਿਸੇ ਨੇ ਉਸ ਦੀ ਡੋਰ ਕੱਟ ਦਿਤੀ ਹੋਵੇ, ਜਿਸ ਨੇ ਹੁਣ ਤਕ ਉਸ ਨੂੰ ਰੋਕੀ ਰਖਿਆ ਸੀ । ਕੋਈ ਕਾਲੀ ਚੀਜ਼ ਮੈਂ ਹੇਠਾਂ ਗਿਰਦੀ ਵੇਖੀ ਅਤੇ ਬੈਂਤ ਵਿਚ ਗਿਰਨ ਦੀ ਆਵਾਜ਼ ਸੁਣੀ ਅਤੇ ਪੀਰਟ ਉਸ ਨੂੰ ਮੇਰੇ ਕੋਲ ਲੈ ਆਇਆ।

ਉਹ ਦੋਵੇਂ ਹੀ ਮਰ ਚੁਕੇ ਸਨ, ਮੈਂ ਉਨ੍ਹਾਂ ਨੂੰ ਇਕ ਥੈਲੇ ਵਿਚ ਪਾ ਦਿੱਤਾ ਅਤੇ ਉਸੇ ਸ਼ਾਮ ਨੂੰ ਪੈਰਿਸ ਵਾਪਸ ਆ ਗਿਆ।

# ਛੋਟੀ ਪੀਪੀ

ਜੂਲਿਸ ਚਿਕਟ ਸਰਾਂ ਦਾ ਰਖਵਾਲਾ, ਜੋ ਐਪਰੀਵਿਲ ਵਿੱਚ ਰਹਿੰਦਾ ਸੀ, ਨੇ ਆਪਣੀ ਮਾਂ ਮਗਲੋਰੀ ਦੇ ਖੇਤ ਵਿਚਲੇ ਘਰ ਦੇ ਸਾਹਮਣੇ ਆਪਣੀ ਦੋ ਪਹੀਆਂ ਵਾਲੀ ਗੱਡੀ ਰੋਕ ਲਈ । ਉਹ ਲਗਭਗ ਚਾਲੀ ਸਾਲ ਦਾ ਲੰਬਾ, ਮੋਟਾ ਅਤੇ ਲਾਲ ਮੂੰਹ ਵਾਲਾ ਅਤੇ ਆਮ ਤੌਰ ’ਤੇ ਚੰਗੇ ਸਿਆਣੇ ਗਾਹਕ ਵਜੋਂ ਜਾਣਿਆ ਜਾਂਦਾ ਸੀ ।

ਉਸ ਨੇ ਆਪਣੇ ਘੋੜੇ ਨੂੰ ਦਰਵਾਜ਼ੇ ’ਤੇ ਜਾ ਕੇ ਰੋਕਿਆ ਅਤੇ ਅੰਦਰ ਚਲਾ ਗਿਆ। ਉਸ ਦੀ ਉਸ ਬੁੱਢੀ ਔਰਤ ਦੀ ਜ਼ਮੀਨ ਨਾਲ ਲਗਵੀਂ ਕੁਝ ਜ਼ਮੀਨ ਸੀ । ਉਸ ਨੂੰ ਉਸ ਦੇ ਪਲਾਟ ਦੀ ਕਾਫ਼ੀ ਚਿਰ ਤੋਂ ਹਵਸ ਸੀ, ਅਤੇ ਕਈ ਵਾਰ ਉਸ ਨੂੰ ਖ਼ਰੀਦਣ ਲਈ ਉਸ ਨੇ ਨਾਕਾਮ ਕੋਸ਼ਿਸ਼ਾਂ ਕੀਤੀਆਂ ਪਰ ਹਰ ਵਾਰ ਉਸ ਨੇ ਵੇਚਣ ਤੋਂ ਸਾਫ਼ ਇਨਕਾਰ ਕਰ ਦਿੱਤਾ।

"ਮੈਂ ਇੱਥੇ ਹੀ ਪੈਦਾ ਹੋਈ ਹਾਂ ਅਤੇ ਇੱਥੇ ਹੀ ਮਰਨ ਦਾ ਇਰਾਦਾ ਹੈ," ਇਹੀ ਉਸ ਨੇ ਕਿਹਾ। ਉਸ ਨੇ ਉਸ ਨੂੰ ਖੇਤ ਵਿਚਲੇ ਘਰ ਦੇ ਬਾਹਰ ਆਲੂ ਛਿੱਲਦੇ ਹੋਏ ਵੇਖਿਆ। ਉਸ ਦੀ ਉਮਰ ਕੋਈ ਬਹੱਤਰ ਸਾਲ ਦੇ ਲਗਭਗ ਸੀ, ਉਹ ਬੜੀ ਪਤਲੀ, ਸੁੰਗੜੀ ਹੋਈ, ਝੁਰੜੀਆਂ ਵਾਲੀ ਬਿਲਕੁਲ ਸੁਕੜੀ ਅਤੇ ਕੁਬੀ ਹੋਈ ਸੀ, ਪਰ ਫਿਰ ਵੀ ਐਨੀ ਚੁਸਤ ਸੀ ਜਿਵੇਂ ਇਕ ਅਣਥੱਕ ਲੜਕੀ ਹੋਵੇ । ਚਿਕਟ ਨੇ ਬੜੇ ਦੋਸਤਾਨਾ ਤਰੀਕੇ ਨਾਲ ਉਸ ਦੀ ਪਿੱਠ ਥਪਕੀ ਅਤੇ ਇਕ ਸਟੂਲ ’ਤੇ ਉਸ ਦੇ ਕੋਲ ਬੈਠ ਗਿਆ।"

ਹਾਂ, ਮਾਂ, ਤੁਸੀਂ ਹਮੇਸ਼ਾ ਬਹੁਤ ਚੰਗੇ ਅਤੇ ਵਿਸ਼ਾਲ ਦਿਲ ਹੋ, ਮੈਂ ਤੁਹਾਨੂੰ ਮਿਲ ਕੇ ਬਹੁਤ ਖ਼ੁਸ਼ ਹਾਂ ।"

"ਕੋਈ ਖ਼ਾਸ ਸ਼ਿਕਵਾ ਸ਼ਿਕਾਇਤ ਨਹੀਂ, ਸ਼ੁਕਰੀਆ । ਤੁਹਾਡਾ ਕੀ ਹਾਲ ਹੈ, ਮੌਨਸ਼ੀਅਰ ਚਿਕਟ ।"

"ਓਹ ਬਹੁਤ ਅੱਛਾ ਸ਼ੁਕਰੀਆ, ਕੇਵਲ ਕਦੇ ਕਦੇ ਗਠੀਏ ਦਾ ਦਰਦ ਹੁੰਦਾ ਹੈ, ਨਹੀਂ ਤਾਂ ਮੈਨੂੰ ਹੋਰ ਕੋਈ ਤਕਲੀਫ਼ ਨਹੀਂ ।"

"ਉਹ ਸਭ ਠੀਕ ਹੈ ।"

ਅਤੇ ਫਿਰ ਉਸ ਨੇ ਹੋਰ ਕੁਝ ਨਾ ਕਿਹਾ, ਜਦੋਂ ਕਿ ਚਿਕਟ ਉਸ ਨੂੰ ਕੰਮ ਕਰਦੇ ਹੋਏ ਵੇਖਦਾ ਰਿਹਾ । ਉਸ ਦੀਆਂ ਵਿੰਗੀਆਂ ਟੇਢੀਆਂ ਗਠੀਲੀਆਂ ਉਂਗਲਾਂ ਨੇ ਜੋ ਐਨੀਆਂ ਸਖ਼ਤ ਸਨ ਜਿਵੇਂ ਝੀਂਗਾ ਮੱਛੀ ਦੀਆਂ ਨਹੁੰਦਰਾਂ ਹੋਣ, ਬਾਲਟੀ ਵਿੱਚ ਪਈਆਂ ਗੰਢਾਂ ਨੂੰ ਇਸ ਤਰ੍ਹਾਂ ਫੜਿਆ ਜਿਵੇਂ ਇਕ ਸੰਨ੍ਹੀਆਂ ਦਾ ਜੋੜਾ ਹੋਵੇ ਅਤੇ ਉਨ੍ਹਾਂ ਨੂੰ ਜਲਦੀ ਨਾਲ ਛਿੱਲਿਆ, ਤੇ ਇਕ ਪੁਰਾਣੇ ਚਾਕੂ ਨਾਲ ਛਿਲਕੇ ਦੀਆਂ ਲੰਮੀਆਂ ਲੰਮੀਆਂ ਫਾੜੀਆਂ ਕੀਤੀਆਂ ਅਤੇ ਦੂਜੇ ਹੱਥ ਨਾਲ ਛਿੱਲੇ ਆਲੂਆਂ ਨੂੰ ਪਾਣੀ ਵਿੱਚ ਸੁੱਟ ਰਹੀ ਸੀ । ਤਿੰਨ ਦਲੇਰ ਮੁਰਗੇ ਇਕ ਦੂਜੇ ਪਿੱਛੋਂ ਉਸ ਦੀ ਗੋਦੀ ਵਿੱਚ ਆਏ ਤੇ ਆਪਣੀਆਂ ਚੁੰਝਾਂ ਨਾਲ ਛੋਟੇ ਛੋਟੇ ਛਿਲਕੇ ਫੜ ਕੇ ਐਨਾ ਤੇਜ਼ ਦੌੜੇ ਜਿੰਨਾ ਉਹ ਦੌੜ ਸਕਦੇ ਸਨ ।

ਚਿਕਟ ਬੜਾ ਉਲਝਿਆ ਹੋਇਆ ਅਤੇ ਦੁਖੀ ਵਿਖਾਈ ਦਿੰਦਾ ਸੀ, ਉਸਦੀ ਜ਼ੁਬਾਨ 'ਤੇ ਕੋਈ ਗੱਲ ਸੀ ਜੋ ਉਹ ਦੱਸ ਨਹੀਂ ਸਕਿਆ ਸੀ । ਆਖ਼ਰਕਾਰ ਉਸ ਨੇ ਜਲਦੀ ਨਾਲ ਕਿਹਾ -

"ਮੈਂ ਕਹਿੰਦਾ ਹਾਂ, ਮਾਂ ਮੋਗਲੀਅਰ"

"ਹਾਂ, ਕੀ ਗੱਲ ਹੈ"

ਕੀ ਇਹ ਗੱਲ ਬਿਲਕੁਲ ਯਕੀਨੀ ਹੈ ਕਿ ਤੁਸੀਂ ਆਪਣੀ ਜ਼ਮੀਨ ਵੇਚਣਾ ਨਹੀਂ ਚਾਹੁੰਦੇ ।"

"ਬਿਲਕੁਲ ਨਹੀਂ, ਤੁਸੀਂ ਆਪਣਾ ਵਿਚਾਰ ਬਦਲ ਲਓ । "ਜੋ ਮੈਂ ਕਹਿਣਾ ਸੀ ਕਹਿ ਦਿੱਤਾ ਹੁਣ ਇਹ ਗੱਲ ਨਹੀਂ ਛੇੜਨੀ ਹੈ, ਇਸ ਲਈ ਫਿਰ ਇਹ ਨਾ ਕਹੋ ।"

"ਬਹੁਤ ਅੱਛਾ, ਮੇਰਾ ਤਾਂ ਖ਼ਿਆਲ ਹੈ ਕਿ ਮੈਂ ਅਜਿਹਾ ਢੰਗ ਅਖ਼ਤਿਆਰ ਕਰਨ ਲਈ ਸੋਚਿਆ ਹੈ ਜੋ ਸਾਨੂੰ ਦੋਹਾਂ ਨੂੰ ਠੀਕ ਰਹੇ"

"ਇਹ ਠੀਕ ਹੈ"

"ਤੁਸੀਂ ਇੱਥੇ ਹੋ । ਤੁਸੀਂ ਇਹ ਮੇਰੇ ਕੋਲ ਵੇਚ ਕੇ, ਆਪਣੇ ਕੋਲ ਹੀ ਰੱਖੋਗੇ । ਕੀ ਤੁਸੀਂ ਨਹੀਂ ? ਠੀਕ ਹੈ ਇਸ ਲਈ ਮੇਰੀ ਗੱਲ ਧਿਆਨ ਨਾਲ ਸੁਣੋ ।

ਬੁੱਢੀ ਔਰਤ ਨੇ ਆਲੂਆਂ ਨੂੰ ਛਿੱਲਣਾ ਛੱਡ ਦਿੱਤਾ, ਅਤੇ ਆਪਣੀਆਂ ਸੰਘਣੇ ਭਰਵੱਟਿਆਂ ਵਾਲੀਆਂ ਅੱਖਾਂ ਨਾਲ ਉਸ ਠੇਕੇਦਾਰ ਵੱਲ ਧਿਆਨ ਨਾਲ ਵੇਖਿਆ ਅਤੇ ਉਹ ਅੱਗੇ ਬੋਲਿਆ -

"ਮੈਨੂੰ ਆਪਣੇ ਆਪ ਵਿਸਥਾਰ ਕਰਨ ਦਿਓ ਮੈਂ ਹਰ ਮਹੀਨੇ ਤੁਹਾਨੂੰ ਇਕ ਸੌ ਪੰਜਾਹ ਫਰੈਂਕ ਦੇਵਾਂਗਾ। ਮੇਰਾ ਖ਼ਿਆਲ ਹੈ ਤੁਸੀਂ ਮੇਰਾ ਭਾਵ ਸਮਝ ਗਏ ਹੋ, ਮੈਂ ਹਰ ਮਹੀਨੇ ਆਵਾਂਗਾ ਅਤੇ ਤੁਹਾਡੇ ਲਈ ਤੀਹ ਸਿੱਕੇ ਲਿਆਵਾਂਗਾ, ਅਤੇ ਇਸ ਨਾਲ ਤੁਹਾਡੀ ਜ਼ਿੰਦਗੀ ਵਿੱਚ ਜ਼ਰਾ ਜਿੰਨਾ ਵੀ ਫ਼ਰਕ ਨਹੀਂ ਪਏਗਾ—ਜ਼ਰਾ ਵੀ ਨਹੀਂ। ਤੁਹਾਡਾ ਆਪਣਾ ਹੀ ਘਰ ਹੋਵੇਗਾ ਜਿਵੇਂ ਹੁਣ ਤੁਹਾਡੇ ਕੋਲ ਹੈ; ਅਤੇ ਤੁਹਾਨੂੰ, ਮੈਨੂੰ ਕੁਝ ਨਹੀਂ ਦੇਣਾ ਪਵੇਗਾ ਮੈਂ ਤੁਹਾਡੇ ਤੋਂ ਕੁਝ ਨਹੀਂ ਲੈਣਾ ਹੋਵੇਗਾ; ਤੁਸਾਂ ਤਾਂ ਕੇਵਲ ਮੇਰੇ ਕੋਲੋਂ ਪੈਸੇ ਲੈਣੇ ਹਨ । ਕੀ ਇਹ ਕੰਮ ਤੁਹਾਨੂੰ ਠੀਕ ਰਹੇਗਾ।

ਉਸ ਨੇ ਖ਼ੁਸ਼ੀ ਅਤੇ ਦਿਆਲਤਾ ਨਾਲ ਬੁੱਢੀ ਵੱਲ ਵੇਖਿਆ ਅਤੇ ਬੁੱਢੀ ਔਰਤ ਨੇ ਉਸ ਦੀ ਗੱਲ 'ਤੇ ਇਤਬਾਰ ਨਾ ਕੀਤਾ ਜਿਵੇਂ ਉਸ ਨੂੰ ਇਕ ਛਲ਼ ਕਪਟ ਦਾ ਸ਼ੱਕ ਹੋਵੇ, ਅਤੇ ਬੋਲੀ:-

"ਜਿੱਥੋਂ ਤੱਕ ਮੇਰਾ ਸੰਬੰਧ ਹੈ ਇਹ ਮੈਨੂੰ ਠੀਕ ਲੱਗਦਾ ਹੈ, ਪਰ ਇਸ ਨਾਲ ਤੁਹਾਨੂੰ ਜ਼ਮੀਨ ਨਹੀਂ ਮਿਲੇਗੀ ।"

"ਇਸ ਦੀ ਕੋਈ ਚਿੰਤਾ ਨਾ ਕਰੋ" ਉਸ ਨੇ ਕਿਹਾ" ਤੁਸੀਂ ਉਦੋਂ ਤੱਕ ਇੱਥੇ ਹੀ ਰਹੋਗੇ ਜਦੋਂ ਤੱਕ ਪ੍ਰਮਾਤਮਾ ਤੁਹਾਨੂੰ ਉਮਰ ਬਖ਼ਸ਼ਦਾ ਹੈ, ਇਹੀ ਤੁਹਾਡਾ ਘਰ ਹੋਵੇਗਾ । ਕੇਵਲ ਤੁਸੀਂ ਇਸ ਉੱਤੇ ਵਕੀਲ ਦੇ ਸਾਹਮਣੇ ਇਹ ਹਸਤਾਖ਼ਰ ਕਰਨੇ ਹਨ ਕਿ ਮੌਤ ਤੋਂ ਪਿੱਛੋਂ ਇਹ ਮੈਨੂੰ ਮਿਲੇਗਾ। ਤੁਹਾਡਾ ਕੋਈ ਬੱਚਾ ਨਹੀਂ, ਕੇਵਲ ਭਤੀਜੇ ਅਤੇ ਭਤੀਜੀਆਂ ਹਨ ਜਿੰਨਾ ਦੀ ਤੁਹਾਨੂੰ ਕੋਈ ਚਿੰਤਾ ਨਹੀਂ। ਕੀ ਇਹ ਤੁਹਾਨੂੰ ਠੀਕ ਰਹੇਗਾ? ਤੁਹਾਡੀ ਜ਼ਿੰਦਗੀ ਤੱਕ ਹਰ ਚੀਜ਼ ਤੁਹਾਡੀ ਹੋਵੇਗੀ ਅਤੇ ਮੈਂ ਹਰ ਮਹੀਨੇ ਤੁਹਾਨੂੰ ਤੀਹ ਸਿੱਕੇ ਦੇਵਾਂਗਾ । ਜਿੱਥੋਂ ਤੱਕ ਤੁਸੀਂ ਸੰਬੰਧ ਰੱਖਦੇ ਹੋ ਇਸ ਵਿੱਚ ਤੁਹਾਨੂੰ ਨਫ਼ਾ ਹੈ,"

ਬੁੱਢੀ ਔਰਤ ਹੈਰਾਨ ਸੀ, ਕੁਝ ਬੇਚੈਨ ਪਰ ਰਜ਼ਾਮੰਦ ਹੋਣ ਲਈ ਸੋਚ ਰਹੀ ਸੀ ਅਤੇ ਉਸ ਨੇ ਉੱਤਰ ਦਿੱਤਾ:-

"ਮੈਂ ਇਹ ਨਹੀਂ ਕਹਿੰਦੀ ਕਿ ਮੈਂ ਸਹਿਮਤ ਨਹੀਂ ਹੋਵਾਂਗੀ, ਪਰ ਮੈਨੂੰ ਇਸ ਸੰਬੰਧੀ ਸੋਚਣਾ ਚਾਹੀਦਾ ਹੈ । ਇਕ ਹਫ਼ਤੇ ਤੱਕ ਫਿਰ ਆਉਣਾ ਅਤੇ ਅਸੀਂ ਇਸ 'ਤੇ ਦੋਬਾਰਾ ਵਿਚਾਰ ਕਰਾਂਗੇ, ਅਤੇ ਮੈਂ ਫਿਰ ਤੁਹਾਨੂੰ ਆਪਣਾ ਪੱਕਾ ਉੱਤਰ ਦਿਆਂਗੀ ।" ਅਤੇ ਚਿਕਟ ਖ਼ੁਸ਼ੀ ਖ਼ੁਸ਼ੀ ਚਲਾ ਗਿਆ ਜਿਵੇਂ ਉਸ ਨੇ ਕਈ ਰਾਜ ਜਿੱਤਿਆ ਹੋਵੇ ।

ਮਾਂ ਮਗਲੋਰੀ ਵਿਚਾਰਾਂ ਵਿੱਚ ਡੁੱਬੀ ਹੋਈ ਸੀ ਅਤੇ ਸਾਰੀ ਰਾਤ ਸੌਂ ਨਾ ਸਕੀ ਅਸਲ ਵਿੱਚ ਉਹ ਚਾਰ ਦਿਨ ਦੁਬਿਧਾ ਦੀ ਹਾਲਤ ਵਿੱਚ ਰਹੀ। ਉਸ ਨੂੰ ਇੰਝ ਲੱਗਾ ਜਿਵੇਂ ਇਸ ਵਿੱਚ ਕੋਈ ਅਜਿਹਾ ਰਾਜ਼ ਹੈ ਜੋ ਉਸ ਲਈ ਲਾਭਦਾਇਕ ਨਹੀਂ, ਪਰ ਫਿਰ ਉਸ ਨੂੰ 30 ਸਿੱਕਿਆਂ ਦਾ ਖ਼ਿਆਲ ਆਇਆ ਜੋ ਉਸ ਦੇ ਐਪਰਨ ਵਿੱਚ ਛਣਕ ਰਹੇ ਸਨ, ਤੇ ਇਹ ਵਿਚਾਰ ਉਸ ਨੂੰ ਇੰਝ ਆ ਰਹੇ ਸਨ ਜਿਵੇਂ ਅਸਮਾਨ ਤੋਂ ਗਿਰ ਰਹੇ ਹੋਣ ਤੇ ਬਿਨਾਂ ਕੁਝ ਕੀਤੇ ਉਸ ਨੂੰ ਸੋਚਣ ਲਈ ਮਜਬੂਰ ਕਰ ਰਹੇ ਸਨ।

ਉਹ ਨੋਟਰੀ ਕੋਲ ਗਈ ਤੇ ਇਸ ਸੰਬੰਧੀ ਉਸ ਨੂੰ ਸਾਰਾ ਕੁਝ ਦੱਸਿਆ। ਉਸ ਨੇ ਉਸ ਨੂੰ ਚਿਕਟ ਦੀ ਪੇਸ਼ਕਸ਼ ਸਵੀਕਾਰ ਕਰਨ ਦੀ ਸਲਾਹ ਦਿੱਤੀ, ਪਰ ਤੀਹ ਸਿੱਕਿਆਂ ਦੀ ਥਾਂ ਪੰਜਾਹ ਸਿੱਕਿਆਂ ਦੀ ਮੰਗ ਕਰਨ ਲਈ ਕਿਹਾ, ਕਿਉਂਕਿ ਉਸ ਦੀ ਜ਼ਮੀਨ ਦੀ ਘੱਟ ਤੋਂ ਘੱਟ ਕੀਮਤ ਸੱਠ ਹਜ਼ਾਰ ਫਰੈਂਕ ਸੀ।

'ਜੇਕਰ ਤੁਸੀਂ ਪੰਦਰਾਂ ਸਾਲ ਹੋਰ ਜਿਊਂਦੇ ਹੋ, "ਉਸ ਨੇ ਕਿਹਾ, "ਫਿਰ ਵੀ ਉਹ ਇਸ ਦੀ ਪਚਵੰਜਾ ਹਜ਼ਾਰ ਫਰੈਂਕ ਕੀਮਤ ਹੀ ਚੁਕਾਏਗਾ ।"

ਬੁੱਢੀ ਇਸਤਰੀ ਇਕ ਮਹੀਨੇ ਦੇ ਪੰਜਾਹ ਸਿੱਕੇ ਲੈਣ ਦੀ ਖ਼ੁਸ਼ੀ ਵਿੱਚ ਝੂਮ ਉੱਠੀ, ਪਰ ਹਾਲੇ ਵੀ ਉਸ ਨੂੰ ਸ਼ੱਕ ਸੀ, ਕਿਸੇ ਚਲਾਕੀ ਦਾ ਡਰ ਸੀ ਅਤੇ ਕਾਫੀ ਸਮੇਂ ਤੱਕ ਵਕੀਲ ਤੋਂ ਸੁਆਲ ਪੁੱਛਦੀ ਰਹੀ ਕਿ ਇਹ ਇਰਾਦਾ ਬਣਾਇਆ ਜਾ ਸਕੇ, ਆਖ਼ਰ ਉਸ ਨੇ ਦਸਤਾਵੇਜ਼ ਲਿਖ ਕੇ ਦੇਣ ਲਈ ਕਿਹਾ ਅਤੇ ਘੁੰਮਣ ਘੇਰੀਆਂ ਵਿੱਚ ਉਲਝੀ ਹੋਈ ਘਰ ਵਾਪਸ ਆਈ, ਜਿਵੇਂ ਉਸ ਨੇ ਇਕ ਨਵੀਂ ਕਿਸਮ ਦੀ ਸ਼ਰਾਬ ਦੇ ਚਾਰ ਜੱਗ ਪੀਤੇ ਹੋਣ।

ਜਦੋਂ ਚਿਕਟ ਉਸ ਦਾ ਉੱਤਰ ਲੈਣ ਲਈ ਦੋਬਾਰਾ ਆਇਆ ਤਾਂ ਉਸ ਨੇ ਕਾਫ਼ੀ ਦਲੀਲਾਂ ਦਿੱਤੀਆਂ ਪਰ ਅੰਤ ਹਾਰ ਕੇ ਕਿਹਾ ਕਿ ਉਹ ਉਸਦੇ ਸੁਝਾਅ ਨਾਲ ਸਹਿਮਤ ਹੋਣ ਲਈ ਆਪਣਾ ਇਰਾਦਾ ਨਹੀਂ ਬਣਾ ਸਕੀ, ਭਾਵੇਂ ਉਹ ਘੋਰ ਮਾਨਸਿਕ ਕਸ਼ਟ ਦੀ ਦਸ਼ਾ ਵਿੱਚ ਸੀ ਕਿ ਕਿਧਰੇ ਉਹ ਉਸ ਨੂੰ ਪੰਜਾਹ ਸਿੱਕੇ ਦੇਣ ਲਈ ਰਜ਼ਾਮੰਦ ਨਾ ਹੋ ਜਾਵੇ । ਅੰਤ ਵਿੱਚ ਜਦ ਉਸ ਨੇ ਬਹੁਤ ਤਾਕੀਦ ਕੀਤੀ, ਤਾਂ ਉਸ ਨੇ ਉਸ ਨੂੰ ਦੱਸਿਆ ਕਿ ਉਹ ਆਪਣੀ ਜ਼ਮੀਨ ਦਾ ਕੀ ਚਾਹੁੰਦੀ ਹੈ ।ਉਹ ਹੈਰਾਨ ਅਤੇ ਨਿਰਾਸ਼ ਹੋ ਗਿਆ ਅਤੇ ਇਨਕਾਰ ਕਰ ਦਿੱਤਾ ।

ਫਿਰ ਉਸ ਨੇ ਉਸ ਨੂੰ ਮਨਾਉਣ ਲਈ ਆਪਣੇ ਜੀਵਨ ਦੀ ਸੰਭਵ ਉਮਰ ਬਾਰੇ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ।

"ਮੇਰਾ ਖ਼ਿਆਲ ਹੈ ਕਿ ਮੈਂ ਪੰਜ ਜਾਂ ਛੇ ਸਾਲਾਂ ਤੋਂ ਜ਼ਿਆਦਾ ਨਹੀਂ ਜੀਵਾਂਗੀ । ਮੇਰੀ ਉਮਰ 73 ਸਾਲ ਦੇ ਲਗਭਗ ਹੈ ਅਤੇ ਆਪਣੀ ਉਮਰ ਅਨੁਸਾਰ ਕਮਜ਼ੋਰ ਹਾਂ। ਕੱਲ੍ਹ ਸ਼ਾਮ ਮੈਂ ਇੰਝ ਸੋਚਿਆ ਜਿਵੇਂ ਮਰ ਰਹੀ ਹਾਂ ਅਤੇ ਬੜੀ ਮੁਸ਼ਕਿਲ ਨਾਲ ਰਿੜ੍ਹ ਕੇ ਆਪਣੇ ਬਿਹਤਰ ਤੱਕ ਜਾ ਸਕੀ ।"
ਪਰ ਚਿਕਟ ਗੱਲਾਂ ਵਿੱਚ ਨਹੀਂ ਆਉਂਦਾ ਸੀ ।

"ਆਓ, ਆਓ, ਬਜ਼ੁਰਗ ਇਸਤਰੀ, ਤੁਸੀਂ ਇੰਨੇ ਮਜ਼ਬੂਤ ਹੋ ਜਿਵੇਂ ਚਰਚ ਦਾ ਚਬੂਤਰਾ, ਤੇ ਘੱਟ ਤੋਂ ਘੱਟ ਸੌ ਸਾਲਾਂ ਤੱਕ ਜੀਉਗੇ, ਅਤੇ ਜ਼ਰੂਰ ਪਹਿਲਾਂ ਮੈਨੂੰ ਮਰਦਾ ਹੋਏ ਵੇਖੋਗੇ ।"

ਸਾਰਾ ਦਿਨ ਰਕਮ ਘੱਟ ਵੱਧ ਕਰਨ ਦੀ ਬਹਿਸ ’ਤੇ ਲਾਇਆ ਗਿਆ, ਅਤੇ ਜਦੋਂ ਬੁੱਢੀ ਇਸਤਰੀ ਨਾ ਮੰਨੀ ਤਾਂ ਜ਼ਿਮੀਂਦਾਰ ਪੰਜਾਹ ਸਿੱਕੇ ਦੇਣ ਲਈ ਰਜ਼ਾਮੰਦ ਹੋ ਗਿਆ, ਪਰ ਬਜ਼ੁਰਗ ਔਰਤ ਨੇ ਗੱਲ ਤਹਿ ਕਰਨ ਲਈ ਦਸ ਸਿੱਕੇ ਹੋਰ ਲੈਣ ਦੀ ਜ਼ਿੱਦ ਕੀਤੀ ।

ਤਿੰਨ ਸਾਲ ਗੁਜ਼ਰ ਗਏ ਅਤੇ ਬਜ਼ੁਰਗ ਔਰਤ ਦੀ ਸਿਹਤ ਵਿੱਚ ਕੋਈ ਫ਼ਰਕ ਵਿਖਾਈ ਨਾ ਦਿੱਤਾ । ਚਿਕਟ ਨੂੰ ਨਿਰਾਸਤਾ ਹੋਈ। ਉਸ ਨੂੰ ਇੰਝ ਲੱਗਾ ਜਿਵੇਂ ਉਸ ਨੂੰ ਪੰਜਾਹ ਸਾਲਾਂ ਲਈ ਰਕਮ ਦੇਣੀ ਪਵੇਗੀ, ਕਿ ਉਹ ਉਸ ਦੀਆਂ ਗੱਲਾਂ ਵਿੱਚ ਫਸ ਗਿਆ, ਹੋਸ਼ ਖੋ ਬੈਠਾ ਤੇ ਬਰਬਾਦ ਹੋ ਗਿਆ ਸੀ।

ਉਹ ਸਮੇਂ ਸਮੇਂ ਸਿਰ ਰਕਮ ਲੈਣ ਵਾਲੇ ਨੂੰ ਦੇਖਣ ਜਾਂਦਾ ਰਿਹਾ, ਜਿਵੇਂ ਆਦਮੀ ਜੁਲਾਈ ਵਿੱਚ ਆਪਣੀ ਫ਼ਸਲ ਦੀ ਕਟਾਈ ਵੇਖਣ ਜਾਂਦਾ ਹੈ। ਉਹ ਹਮੇਸ਼ਾ ਉਸਨੂੰ ਚਲਾਕ ਨਜ਼ਰਾਂ ਨਾਲ ਮਿਲਦੀ ਤੇ ਦੂਜਾ ਇਹ ਸੋਚਣ ਲਈ ਮਜਬੂਰ ਹੁੰਦਾ ਕਿ ਉਹ ਉਸ ਨਾਲ ਚਲਾਕੀ ਖੇਡਣ ’ਤੇ ਆਪਣੇ ਆਪ ਨੂੰ ਮੁਬਾਰਕਬਾਦ ਦਿੰਦੀ ਹੈ। ਉਸ ਨੂੰ ਵਿਸ਼ਾਲ ਦਿਲ ਤੇ ਤੰਦਰੁਸਤ ਦੇਖਦੇ ਹੋਏ, ਉਹ ਬਹੁਤ ਛੇਤੀ ਦੋਬਾਰਾ ਆਪਣੀ ਦੋ ਪਹੀਆਂ ਵਾਲੀ ਗੱਡੀ ਵਿੱਚ ਬੁੜਬੁੜਾਉਂਦਾ ਹੋਇਆ ਚੜ੍ਹ ਜਾਂਦਾ।

"ਕਦੇ ਮਰੇਂਗੀ ਵੀ ਬੁੱਢੀਏ? ਉਸ ਨੂੰ ਸਮਝ ਨਾ ਆਉਂਦੀ ਕਿ ਕੀ ਕੀਤਾ ਜਾਵੇ, ਅਤੇ ਜਦੋਂ ਉਹ ਉਸ ਨੂੰ ਵੇਖਦਾ ਉਸ ਦਾ ਗਲ਼ਾ ਘੋਟ ਦੇਣਾ ਚਾਹੁੰਦਾ। ਉਹ ਉਸ ਨੂੰ ਬੇਰਹਿਮੀ ਅਤੇ ਖੁਚਰੇਪਨ ਨਾਲ ਨਫ਼ਰਤ ਕਰਦਾ ਸੀ । ਇਕ ਅਜਿਹੇ

ਕਿਸਾਨ ਵਾਂਗ ਜਿਸ ਨੂੰ ਲੁੱਟਿਆ ਜਾ ਚੁੱਕਾ ਹੋਵੇ ਅਤੇ ਉਸ ਤੋਂ ਪਿੱਛੋਂ ਛੁਡਾਉਣ ਦੇ ਤਰੀਕੇ ਸੋਚਦਾ ਹੋਵੇ।

ਇਕ ਦਿਨ ਫਿਰ ਉਹ ਹੱਥ ਮੱਲ਼ਦਾ ਹੋਇਆ ਦੋਬਾਰਾ ਉਸ ਨੂੰ ਮਿਲਣ ਆਇਆ ਜਿਵੇਂ ਉਸ ਨੇ ਪਹਿਲੀ ਵਾਰ ਜਦੋਂ ਉਹ ਸੱਦਾ ਕਰਨ ਆਇਆ, ਕੀਤਾ ਸੀ ਕੁਝ ਮਿੰਟ ਗੱਪ-ਸ਼ਪ ਮਾਰਨ ਪਿੱਛੋਂ ਉਹ ਬੋਲਿਆ-

ਜਦੋਂ ਤੁਸੀਂ ਐਪਰੇਵਿਲ ਵਿੱਚ ਹੁੰਦੇ ਹੋ ਤਾਂ ਮੇਰੇ ਘਰ ਰਾਤ ਦੇ ਖਾਣੇ ਲਈ ਕਦੇ ਕਿਉਂ ਨਹੀਂ ਆਉਂਦੇ ? ਲੋਕ ਇਹ ਕਹਿੰਦੇ ਹਨ ਕਿ ਸਾਡੀ ਆਪਸ ਵਿੱਚ ਬਣਦੀ ਨਹੀਂ ਹੈ, ਇਸ ਦਾ ਮੈਨੂੰ ਦੁੱਖ ਹੁੰਦਾ ਹੈ। ਤੁਸੀਂ ਜਾਣਦੇ ਹੋ ਕਿ ਜੇ ਤੁਸੀਂ ਮੇਰੇ ਵੱਲ ਆਓ ਤਾਂ ਤੁਹਾਡਾ ਕੋਈ ਹਰਜ ਨਹੀਂ ਹੁੰਦਾ ਅਤੇ ਮੈਂ ਤੁਹਾਡੇ ਤੋਂ ਰਾਤ ਦੇ ਖਾਣੇ ਦਾ ਖ਼ਰਚ ਨਹੀਂ ਲੈਂਦਾ । ਜਦੋਂ ਵੀ ਤੁਸੀਂ ਮੁਨਾਸਬ ਸਮਝੋ, ਆਓ ਮੇਰੇ ਧੰਨਭਾਗ ਹੋਣਗੇ।

ਬਜ਼ੁਰਗ ਇਸਤਰੀ ਨੂੰ ਦੁਬਾਰਾ ਕਹਿਣ ਦੀ ਲੋੜ ਨਹੀਂ ਸੀ, ਅਤੇ ਅਗਲੇ ਹੀ ਦਿਨ ਸਭ ਤੋਂ ਪਹਿਲਾਂ ਉਹ ਕਿਸੇ ਕੰਮ ਕਰਕੇ ਸ਼ਹਿਰ ਜਾ ਰਹੀ ਸੀ, ਉਸ ਦਿਨ ਬਜ਼ਾਰ ਖੁੱਲ੍ਹਾ ਸੀ ਉਸ ਨੇ ਆਪਣੀ ਟਮ-ਟਮ ਜਿਸ ਨੂੰ ਉਸਦਾ ਕੋਚਵਾਨ ਚਲਾਉਂਦਾ ਸੀ ਬਿਨਾ ਕਿਸੇ ਸ਼ੰਕੇ ਤੋਂ ਚਿਕਟ ਦੇ ਤਬੇਲੇ ਵਿੱਚ ਜਾ ਖੜੀ ਕੀਤੀ, ਅਤੇ ਆਪਣੇ ਰਾਤ ਦੇ ਖਾਣੇ ਲਈ ਦਿੱਤੇ ਗਏ ਬਚਨ ਨੂੰ ਪੂਰਾ ਕਰਨ ਲਈ, ਉਸ ਵੱਲ ਗਈ।

ਮਾਲਕ ਉਸ 'ਤੇ ਬਹੁਤ ਖ਼ੁਸ਼ ਹੋਇਆ ਤੇ ਉਸ ਨਾਲ ਰਾਜਕੁਮਾਰੀ ਵਰਗਾ ਸਲੂਕ ਕੀਤਾ । ਅਤੇ ਉਸ ਨੂੰ ਭੁੰਨਿਆ ਹੋਇਆ ਮੁਰਗਾ, ਹਲਵਾ, ਮੁਰਗੇ ਦੀ ਲੱਤ, ਸੂਰ ਦਾ ਮਾਸ ਤੇ ਬੰਦ ਗੋਭੀ ਖਾਣ ਲਈ ਦਿੱਤੀ। ਉਸ ਨੇ ਕੁਝ ਨਾ ਖਾਧਾ, ਉਹ ਹਮੇਸ਼ਾ ਥੋੜ੍ਹਾ ਖਾਂਦੀ ਸੀ, ਅਤੇ ਆਮ ਤੌਰ 'ਤੇ ਥੋੜ੍ਹਾ ਜਿਹਾ ਸੂਪ ਅਤੇ ਥੋੜ੍ਹੀ ਰੋਟੀ ਤੇ ਮੱਖਣ 'ਤੇ ਗੁਜ਼ਾਰਾ ਕਰਦੀ ਸੀ ।

ਚਿਕਟ ਮਾਯੂਸ ਹੋਇਆ ਅਤੇ ਉਸ ਨੂੰ ਹੋਰ ਖਾਣ ਲਈ ਜ਼ੋਰ ਲਾਇਆ ਪਰ ਉਸ ਨੇ ਇਨਕਾਰ ਕਰ ਦਿੱਤਾ । ਉਹ ਹੋਰ ਕੁਝ ਪੀਏਗੀ ਵੀ ਨਹੀਂ, ਅਤੇ ਕਾਫ਼ੀ ਲਈ ਵੀ ਨਾਂਹ ਕਰ ਦਿੱਤੀ, ਤਾਂ ਉਸ ਨੇ ਉਸ ਨੂੰ ਪੁੱਛਿਆ ।

"ਪ੍ਰੰਤੂ ਤੁਸੀਂ ਜ਼ਰੂਰ ਥੋੜ੍ਹੀ ਬਰਾਂਡੀ ਜਾਂ ਸ਼ਰਾਬ ਲਓਗੇ

"ਅੱਛਾ, ਉਸ ਵਾਂਗ, ਮੈਂ ਨਹੀਂ ਸਮਝਦੀ ਕਿ, ਮੈਂ ਉਸ ਤੋਂ ਇਨਕਾਰ ਕਰਾਂਗੀ "ਇਸ 'ਤੇ ਉਹ ਚਿੱਲਾ ਉੱਠਿਆ-:

"ਰੋਜ਼ਲੀ, ਸਭ ਤੋਂ ਵਧੀਆ ਬਰਾਂਡੀ ਲਿਆਓ -ਸਪੈਸ਼ਲ ਜਿਹੜੀ ਤੈਨੂੰ ਪਤਾ ਹੈ।"

ਨੌਕਰ ਅੰਗੂਰਾਂ ਦੇ ਪੱਤਿਆਂ ਦੇ ਕਾਗਜ਼ ਵਿੱਚ ਲਪੇਟੀ ਹੋਈ ਇਕ ਲੰਬੀ ਬੋਤਲ ਲੈ ਕੇ ਅਤੇ ਸ਼ਰਾਬ ਦੇ ਦੋ ਗਲਾਸ ਭਰ ਦਿੱਤੇ ।

"ਜ਼ਰਾ ਲਓ, ਤੁਸੀਂ ਇਸ ਨੂੰ ਅੱਵਲ ਦਰਜੇ ਦੀ ਸਮਝੋਗੇ" ਬਜ਼ੁਰਗ ਇਸਤਰੀ ਨੇ ਹੌਲੀ ਹੌਲੀ ਸਿੱਪ ਕੀਤੀ, ਤਾਂ ਕਿ ਉਸ ਨੂੰ ਕਾਫੀ ਸਮੇਂ ਤੱਕ ਆਨੰਦ ਆਉਂਦਾ ਰਹੇ ਅਤੇ ਜਦੋਂ ਉਸ ਨੇ ਸਾਰਾ ਗਿਲਾਸ ਪੀ ਲਿਆ, ਤਾਂ ਅਖ਼ੀਰਲਾ ਤੁਪਕਾ ਲੰਘਾਉਂਦੇ ਹੋਏ ਯਕੀਨ ਦਿਵਾਉਂਦੇ ਹੋਏ ਕਿਹਾ :-

"ਹਾਂ, ਇਹ ਅੱਵਲ ਦਰਜੇ ਦੀ ਹੈ

ਉਸ ਦੇ ਇਹ ਕਹਿਣ ਤੋਂ ਲਗਭਗ ਪਹਿਲਾਂ ਹੀ ਚਿਕਟ ਨੇ ਉਸ ਲਈ ਦੂਜਾ ਗਿਲਾਸ ਭਰ ਦਿੱਤਾ ਸੀ । ਉਸ ਨੇ ਮਨ੍ਹਾ ਕਰਨਾ ਚਾਹਿਆ ਪਰ ਦੇਰ ਹੋ ਚੁੱਕੀ ਸੀ ਅਤੇ ਉਸ ਨੇ ਹੌਲੀ ਹੌਲੀ ਇਹ ਵੀ ਪੀ ਲਿਆ, ਜਿਵੇਂ ਉਸ ਨੇ ਪਹਿਲਾਂ ਪੀਤਾ ਸੀ ਤਾਂ ਉਸ ਨੇ ਤੀਜੇ ਗਿਲਾਸ ਲਈ ਪੁੱਛਿਆ । ਉਸ ਨੇ ਇਤਰਾਜ਼ ਕੀਤਾ ਪਰ ਉਸ ਨੇ ਜ਼ਿੱਦ ਕੀਤੀ।

ਤੁਸੀਂ ਜਾਣਦੇ ਹੋ ਕਿ ਇਹ ਦੁੱਧ ਵਾਂਗ ਹਲਕੀ ਹੈ।

ਮੈਂ ਬਿਨਾਂ ਕਿਸੇ ਤਕਲੀਫ਼ ਦਸ ਜਾਂ ਬਾਰਾਂ ਪੀ ਸਕਦਾ ਹਾਂ, ਇਹ ਖੰਡ ਵਾਂਗ ਹਜ਼ਮ ਹੋ ਜਾਂਦੀ ਹੈ ਅਤੇ ਪਿੱਛੋਂ ਕੋਈ ਸਿਰਦਰਦ ਤੱਕ ਨਹੀਂ ਹੁੰਦਾ ਆਦਮੀ ਇਹ ਸਮਝਦਾ ਹੈ ਕਿ ਜ਼ਬਾਨ 'ਤੇ ਲੱਗਣ ਨਾਲ ਹੀ ਉੱਡ ਜਾਂਦੀ ਹੈ। ਇਹੀ ਸਭ ਤੋਂ ਚੰਗੀ ਚੀਜ਼ ਹੈ ਜੋ ਤੁਸੀਂ ਪੀ ਸਕਦੇ ਹੋ ।"

ਉਸ ਨੇ ਸੱਚਮੁਚ ਹੀ ਚਾਹਿਆ ਤੇ ਲੈ ਲਿਆ ਪਰ ਅੱਧਾ ਗਿਲਾਸ ਛੱਡ ਦਿੱਤਾ। ਫਿਰ ਚਿਕਟ ਨੇ ਪੂਰੀ ਖੁੱਲ੍ਹ-ਦਿਲੀ ਨਾਲ ਕਿਹਾ-:

"ਦੇਖੋ, ਜਿਵੇਂ ਇਹ ਤੁਹਾਡੇ ਸੁਆਦ ਦੇ ਮੁਤਾਬਿਕ ਹੈ, ਮੈਂ ਤੁਹਾਨੂੰ ਇਸ ਦੀ ਇਕ ਛੋਟੀ ਪੀਪੀ ਦੇਵਾਂਗਾ, ਕੇਵਲ ਇਹ ਜਤਾਉਣ ਲਈ ਕਿ ਮੈਂ ਤੇ ਤੁਸੀਂ ਹਾਲੇ ਵੀ ਗੂੜ੍ਹੇ ਦੋਸਤ ਹਾਂ। "ਫਿਰ ਉਸ ਨੇ ਉੱਥੋਂ ਵਿਦਾਇਗੀ ਲਈ ਜੋ ਪੀਤੀ ਸੀ ਉਸ ਨਸ਼ੇ ਦਾ ਅਸਰ ਹੋਣ ਲੱਗਾ ।

ਦੂਜੇ ਦਿਨ ਸਰਾਂ ਦਾ ਮਾਲਕ ਉਸ ਦੇ ਵਿਹੜੇ ਵਿੱਚ ਆਇਆ ਤੇ ਆਪਣੀ ਟਮ ਟਮ ਵਿੱਚੋਂ ਇਕ ਛੋਟੀ ਲੋਹੇ ਦੀ ਕੜੇ ਵਾਲੀ ਪੀਪੀ ਕੱਢੀ। ਉਸ ਨੇ ਉਸ

ਨੂੰ ਇਸ ਦਾ ਸੁਆਦ ਚੱਖਣ ਲਈ ਕਿਹਾ ਅਤੇ ਭਰੋਸਾ ਦਿਵਾਇਆ ਕਿ ਇਹ ਉਹੀ ਸੁਆਦੀ ਚੀਜ਼ ਹੈ, ਅਤੇ ਜਦੋਂ ਉਨ੍ਹਾਂ ਦੋਵਾਂ ਨੇ ਤਿੰਨ ਤਿੰਨ ਗਿਲਾਸ ਪੀਤੇ ਤਾਂ ਉਸ ਨੇ ਕਿਹਾ, ਉਹ ਉੱਥੋਂ ਜਾ ਰਿਹਾ ਹੈ:-

"ਅੱਛਾ, ਤੁਸੀਂ ਜਾਣਦੇ ਹੋ, ਜਦੋਂ ਇਹ ਸਾਰੀ ਖ਼ਤਮ ਹੋ ਜਾਵੇ, ਮੇਰੇ ਕੋਲ ਹੋਰ ਹੈ, ਸੰਕੋਚ ਕਰਨ ਦੀ ਲੋੜ ਨਹੀਂ, ਮੈਨੂੰ ਕੋਈ ਇਤਰਾਜ਼ ਨਹੀਂ । ਜਿੰਨੀ ਛੇਤੀ ਇਹ ਖ਼ਤਮ ਹੋ ਜਾਵੇ ਮੈਂ ਹੋਰ ਦੇਣ ਵਿੱਚ ਜ਼ਿਆਦਾ ਖ਼ੁਸ਼ ਹੋਵਾਂਗਾ ।"

ਚਾਰ ਦਿਨਾਂ ਪਿੱਛੋਂ ਉਹ ਫਿਰ ਆਇਆ। ਬੁੱਢੀ ਇਸਤਰੀ ਦਰਵਾਜ਼ੇ ਤੋਂ ਬਾਹਰ ਆਪਣੀ ਰੋਟੀ ਤੇ ਸੂਪ ਤਿਆਰ ਕਰ ਰਹੀ ਸੀ ।

ਉਹ ਉਸ ਕੋਲ ਗਿਆ, ਅਤੇ ਆਪਣਾ ਮੂੰਹ ਉਸ ਦੇ ਨੇੜੇ ਕੀਤਾ ਤਾਂ ਕਿ ਉਹ ਉਸ ਦੀ ਹਵਾੜ ਲਏ । ਤੇ ਜਦੋਂ ਉਸ ਨੂੰ ਸ਼ਰਾਬ ਦੀ ਹਵਾੜ੍ਹ ਆਈ ਤਾਂ ਉਸ ਨੇ ਖ਼ੁਸ਼ੀ ਮਹਿਸੂਸ ਕੀਤੀ। ਮੈਂ ਸੋਚਦਾ ਹਾਂ ਕਿ ਤੁਸੀਂ ਮੈਨੂੰ ਸਪੈਸ਼ਲ (ਸ਼ਰਾਬ) ਦਾ ਇਕ ਗਿਲਾਸ ਦਿਓਗੇ ? ਉਸ ਨੇ ਕਿਹਾ । ਅਤੇ ਦੋਹਾਂ ਨੇ ਤਿੰਨ ਤਿੰਨ ਗਿਲਾਸ ਪੀਤੇ।

ਜਲਦੀ ਹੀ ਬਾਹਰ ਇਹ ਘੁਸਰ ਮੁਸਰ ਹੋਣੀ ਸ਼ੁਰੂ ਹੋਈ ਕਿ ਮਗਲੋਰੀ ਨੂੰ ਆਪ ਹੀ ਸ਼ਰਾਬ ਪੀਣ ਦੀ ਆਦਤ ਸੀ । ਉਸ ਨੂੰ ਸ਼ਰਾਬ ਪੀਂਦੇ ਹੋਏ ਰਸੋਈ ਵਿੱਚ, ਵਿਹੜੇ ਵਿੱਚ, ਨੇੜੇ ਦੀਆਂ ਸੜਕਾਂ 'ਤੇ ਵੇਖਿਆ ਗਿਆ ਤੇ ਅਕਸਰ ਇਕ ਸ਼ਤੀਰੀ ਵਾਂਗ ਚੁੱਕ ਕੇ ਘਰ ਲਿਆਂਦਾ ਜਾਂਦਾ ਸੀ ।

ਚਿਕਟ ਹੋਰ ਉਸ ਦੇ ਨੇੜੇ ਨਾ ਗਿਆ ਅਤੇ ਜਦੋਂ ਲੋਕਾਂ ਨੇ ਉਸ ਨਾਲ ਉਸ ਸੰਬੰਧੀ ਗੱਲਾਂ ਕੀਤੀਆਂ ਤਾਂ ਉਹ ਸ਼ੋਕ ਭਰੀ ਨਜ਼ਰ ਨਾਲ ਵੇਖਦੇ ਹੋਏ ਕਹਿੰਦੇ:-

"ਇਹ ਬੜੀ ਦੁੱਖ ਵਾਲੀ ਗੱਲ ਹੈ ਕਿ ਉਸ ਨੂੰ ਇਸ ਉਮਰ ਵਿੱਚ ਸ਼ਰਾਬ ਪੀਣ ਦੀ ਆਦਤ ਪੈ ਗਈ ਹੈ, ਪਰ ਜਦੋਂ ਲੋਕ ਬੁੱਢੇ ਹੋ ਜਾਂਦੇ ਹਨ ਤਾਂ ਕੋਈ ਚਾਰਾ ਨਹੀਂ ਹੈ । ਆਖ਼ਰਕਾਰ ਇੰਝ ਹੀ ਉਸ ਦੀ ਮੌਤ ਹੋਵੇਗੀ।"

ਅਤੇ ਇਹੀ ਉਸ ਦੀ ਮੌਤ ਸੀ । ਉਹ ਅਗਲੇ ਸਰਦੀ ਦੇ ਮੌਸਮ ਮਰ ਗਈ। ਕ੍ਰਿਸਮਿਸ ਦੇ ਦਿਨਾਂ ਵਿੱਚ ਬੇਹੋਸ਼ ਹੋ ਕੇ ਗਿਰ ਗਈ ਅਤੇ ਅਗਲੀ ਸਵੇਰ ਉਸ ਨੂੰ ਮਰੀ ਹੋਈ ਵੇਖਿਆ ਗਿਆ ।

ਅਤੇ ਜਦੋਂ ਚਿਕਟ ਜ਼ਮੀਨ ਲਈ ਆਇਆ, ਉਸ ਨੇ ਕਿਹਾ: -

"ਇਹ ਉਸ ਦੀ ਮੂਰਖਤਾ ਸੀ, ਜੇ ਉਹ ਸ਼ਰਾਬ ਨਾ ਪੀਂਦੀ ਹੁੰਦੀ ਤਾਂ ਉਹ ਜ਼ਰੂਰ ਹੋਰ ਦਸ ਸਾਲ ਜਿਊਂਦੀ ਰਹਿੰਦੀ ।"

# ਕਲੌਂਚਿਟ

ਉਹ ਯਾਦਾਂ ਕਿੰਨੀਆਂ ਅਜੀਬ ਹਨ ਜੋ ਸਾਨੂੰ ਆਉਂਦੀਆਂ ਰਹਿੰਦੀਆਂ ਹਨ, ਜਿਨ੍ਹਾਂ ਤੋਂ ਅਸੀਂ ਛੁਟਕਾਰਾ ਨਾ ਪਾ ਸਕਦੇ ਹੋਈਏ ।

ਇਹ ਇਕ ਯਾਦ ਬਹੁਤ ਪੁਰਾਣੀ ਹੈ, ਮੈਂ ਸਮਝ ਨਹੀਂ ਸਕਦਾ ਕਿ ਕਿਵੇਂ ਇਹ ਇੰਨੀ ਸਪੱਸ਼ਟਤਾ ਅਤੇ ਲੀਚੜਪੁਣੇ ਨਾਲ ਮੇਰੇ ਚੇਤੇ ਨੂੰ ਚੰਬੜੀ ਹੋਈ ਹੈ। ਉਦੋਂ ਤੋਂ ਲੈ ਕੇ ਮੈਂ ਬਹੁਤ ਮਨਹੂਸ ਚੀਜ਼ਾਂ ਅਸਰਦਾਰ ਜਾਂ ਡਰਾਉਣੀਆਂ, ਦੇਖ ਚੁੱਕਾ ਹਾਂ, ਪਰ ਮੈਂ ਹੈਰਾਨ ਹਾਂ ਇਸ ਗੱਲ ਉੱਤੇ ਕੋਈ ਅਜਿਹਾ ਦਿਨ ਨਹੀਂ ਲੰਘਦਾ ਜਦੋਂ ਮਾਈ ਕਲੌਂਚੇ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਨਾ ਆਵੇ, ਜਿਵੇਂ ਕਿ ਮੈਂ ਉਸ ਨੂੰ ਬਹੁਤ ਬਹੁਤ ਚਿਰ ਪਹਿਲਾਂ ਜਾਣਦਾ ਸੀ। ਜਦੋਂ ਮੈਂ ਦਸ ਬਾਰਾਂ ਸਾਲਾਂ ਦੀ ਉਮਰ ਦਾ ਸੀ।

ਉਹ ਬੁੱਢੀ ਦਰਜਿਆਣੀ ਸੀ, ਜੋ ਮਰੇ ਮਾਪਿਆਂ ਦੇ ਘਰ ਹਰ ਹਫ਼ਤੇ ਲੀਲਨ ਦੀ ਮੁਰੰਮਤ ਕਰਨ ਆਉਂਦੀ ਸੀ । ਮੇਰੇ ਮਾਪੇ ਪਿੰਡ ਦੇ ਕੋਠਿਆਂ ਵਿੱਚ ਰਹਿੰਦੇ ਸਨ ਜਿਨ੍ਹਾਂ ਨੂੰ ਚਾਉਟੈਕਸ ਕਿਹਾ ਜਾਂਦਾ ਸੀ ਜੋ ਨੋਕੀਲਿਆਂ ਛੱਤਾਂ ਵਾਲੇ ਸਿਰਫ਼ ਪੁਰਾਣੇ ਮਕਾਨ ਹੀ ਸਨ ਜਿਨ੍ਹਾਂ ਦੇ ਨਾਲ ਤਿੰਨ ਜਾਂ ਚਾਰ ਫਾਰਮ ਲੱਗਦੇ ਸਨ।

ਪਿੰਡ ਜੋ ਕਾਫ਼ੀ ਵੱਡਾ ਸੀ ਲਗਭਗ ਛੋਟਾ ਮੰਡੀ ਨਗਰ, ਕੁਝ ਸੋ ਗਜਾਂ ਦੀ ਲੰਬਾਈ ਵਾਲਾ ਸੀ, ਦੇ ਉਦਾਲੇ ਵਸਿਆ ਸੀ ਇਕ ਲਾਲ ਇੱਟਾਂ ਦਾ ਚਰਚ ਜੋ ਸਮੇਂ ਨਾਲ ਘਸਮੈਲ਼ਾ ਹੋ ਗਿਆ ਸੀ।

ਠੀਕ ਇਕ ਵੀਰਵਾਰ ਮਾਈ ਕਲੌਂਚੇ ਸਵੇਰੇ ਸਾਢੇ ਛੇ ਅਤੇ ਸੱਤ ਵਜੇ ਦੇ ਦਰਮਿਆਨ ਆਈ ਅਤੇ ਤੁਰੰਤ ਕੱਪੜਿਆਂ ਦੇ ਕਮਰੇ ਵਿੱਚ ਜਾ ਕੇ ਕੰਮ ਕਰਨ ਲੱਗ ਪਈ। ਉਹ ਲੰਮੀ ਪਤਲੀ ਦਾੜ੍ਹੀ ਵਾਲੀ ਜਾਂ ਵਾਲ਼ਾਂ ਵਾਲੀ ਜ਼ਨਾਨੀ ਸੀ, ਕਿਉਂਕਿ ਉਸ ਦੇ ਸਾਰੇ ਚਿਹਰੇ ਉਪਰ ਦਿਹਾੜੀ, ਜੋ ਅਨਿਸ਼ਚਿਤ ਗੁੱਛਿਆਂ ਵਿੱਚ ਉੱਗ ਰਹੀ ਸੀ, ਘੁੰਗਰਾਲੇ ਗੁੱਛੇ ਜਿਹੜੇ ਚੌੜੇ ਚਿਹਰੇ ਉੱਤੇ ਕਿਸੇ ਪਾਗ਼ਲ ਦੇ ਬੀਜੇ ਲਗਦੇ ਸਨ, ਜਿਸ ਦਾ ਚਿਹਰਾ ਜ਼ਨਾਨੇ ਕੱਪੜੇ ਪਾਈ ਮਰਦ ਵਰਗਾ ਲਗਦਾ ਸੀ । ਇਹ ਉਸ ਦੇ ਨੱਕ ਉੱਤੇ, ਨੱਕ ਦੇ ਹੇਠਾਂ, ਨੱਕ ਦੇ ਉਦਾਲੇ, ਠੋਡੀ ਉੱਤੇ, ਗਲ੍ਹਾਂ ਉੱਤੇ ਸੇਹਲੀਆਂ

ਉੱਤੇ ਜੋ ਅਸਧਾਰਨ ਰੂਪ ਵਿੱਚ ਸੰਘਣੀਆਂ ਅਤੇ ਲੰਮੀਆਂ ਸਨ, ਬਿਲਕੁਲ ਭੂਰੀਆਂ, ਝਾੜੀਦਾਰ ਅਤੇ ਮੋਟੀਆਂ ਖਰ੍ਹਵੀਆਂ ਬਿਲਕੁਲ ਮੁੱਛਾਂ ਦੇ ਜੋੜੇ ਵਾਂਗ ਲਮਕਦੇ ਸਨ ਜੋ ਉੱਥੇ ਗ਼ਲਤੀ ਨਾਲ ਲੱਗੇ ਹੋਣ । ਉਹ ਲੰਗੜਾਉਂਦੀ ਸੀ, ਪਰ ਇਸ ਤਰ੍ਹਾਂ ਨਹੀਂ ਜਿਵੇਂ ਲੰਗੜੇ ਲੋਕੀ ਆਮ ਕਰਦੇ ਹਨ, ਪਰ ਜਹਾਜ਼ ਵਾਂਗੂ ਚੁੱਪੀ ਮਾਰ ਕੇ । ਜਦੋਂ ਉਹ ਆਪਣੀਆਂ ਮਜ਼ਬੂਤ ਲੱਤਾਂ ਉੱਤੇ ਆਪਣੇ ਵੱਡੇ ਪਰ ਦੁਬਲੇ ਪਤਲੇ ਕੰਬਦੇ ਸਰੀਰ ਦਾ ਭਾਰ ਪਾਉਂਦੀ ਤਾਂ ਉਹ ਕਿਸੇ ਵੱਡੀ ਲਹਿਰ ਉੱਤੇ ਚੜ ਰਹੀ ਜਾਪਦੀ, ਅਤੇ ਫੇਰ ਇਕਦਮ ਉਹ ਪਾਤਾਲ ਵਿੱਚ ਡੁੱਬ ਗਈ ਲੱਗਦੀ, ਅਤੇ ਆਪਣੇ ਆਪ ਨੂੰ ਜ਼ਮੀਨ ਵਿੱਚ ਦੱਬ ਦਿੰਦੀ । ਉਸ ਦੀ ਚਾਲ ਤੂਫ਼ਾਨ ਵਿੱਚ ਘਿਰੇ ਜਹਾਜ਼ ਦੀ ਯਾਦ ਦਿਵਾਉਂਦੀ, ਤੇ ਉਸਦਾ ਸਿਰ ਜਿਹੜਾ ਹਰ ਵੇਲੇ ਚਿੱਟੀ ਟੋਪੀ ਨਾਲ ਢਕਿਆ ਰਹਿੰਦਾ ਸੀ, ਜਿਸ ਦੇ ਰਿਬਨ ਉਸ ਦੀ ਪਿੱਠ ਉੱਤੇ ਫੜਫੜਾਉਂਦੇ, ਹਰ ਲੰਗੜਾਹਟ ’ਤੇ ਉੱਤਰ ਤੋਂ ਦੱਖਣ ਅਤੇ ਦੱਖਣ ਤੋਂ ਉੱਤਰ ਦਿਸ਼ਾ ਦੇ ਵੱਲ ਝੁਕਦਾ ਦਿਸਦਾ।

ਮੈਂ ਮਾਈ ਕਲੌਂਚੇ ਦਾ ਸਤਿਕਾਰ ਕਰਦਾ ਸੀ । ਜਦੋਂ ਮੈਂ ਵੱਡਾ ਹੋਇਆ ਮੈਂ ਲੀਲਨ ਦੇ ਕਮਰੇ ਵਿੱਚ ਚਲਿਆ ਜਾਂਦਾ, ਜਿੱਥੇ ਉਹ ਪੈਰ ਗਰਮਾਉਣ ਵਾਲਾ ਪੈਰਾਂ ਹੇਠ ਰੱਖ ਕੇ ਕੰਮ ਵਿੱਚ ਲੱਗੀ ਹੁੰਦੀ । ਜਦੋਂ ਮੈਂ ਜਾਂਦਾ ਉਹ ਮੈਨੂੰ ਪੈਰ ਗਰਮਾਉਣ ਵਾਲਾ ਦੇ ਕੇ ਉਸ ਉੱਤੇ ਬਿਠਾ ਦਿੰਦੀ, ਹਾਂ ਜੋ ਮੈਨੂੰ ਉਸ ਵੱਡੇ ਠੰਢੇ ਕਮਰੇ ਵਿੱਚ ਠੰਢ ਨਾ ਲੱਗ ਜਾਵੇ ।

"ਇਸ ਨਾਲ ਤੇਰੇ ਸਿਰ ਦਾ ਖ਼ੂਨ ਖਿੱਚਿਆ ਜਾਏਗਾ "ਉਹ ਮੈਨੂੰ ਆਪਣੀਆਂ ਲੰਮੀਆਂ, ਵਿੰਗੀਆਂ ਅਤੇ ਛੂਹਲ਼ੀਆਂ ਉਂਗਲਾਂ ਨਾਲ ਕੱਪੜੇ ਸਿਊਂਦੀ ਮੈਨੂੰ ਬਾਤਾਂ ਸੁਣਾਉਂਦੀ ਕਿਉਂਕਿ ਬੁਢਾਪੇ ਕਰਕੇ ਉਸ ਦੀ ਨਜ਼ਰ ਕਮਜ਼ੋਰ ਹੋ ਚੁੱਕੀ ਸੀ, ਇਸ ਲਈ ਨਜ਼ਰ ਵਾਲੀਆਂ ਐਨਕਾਂ ਦੇ ਪਿੱਛੋਂ, ਉਸ ਦੀਆਂ ਅੱਖਾਂ, ਵੱਡੀਆਂ, ਅਤਿ ਗੰਭੀਰ ਅਤੇ ਦੂਹਰੀਆਂ ਲੱਗਦੀਆਂ।

ਮੈਨੂੰ ਐਨਾ ਕੁ ਯਾਦ ਹੈ ਕਿ ਉਸ ਦੀਆ ਗੱਲਾਂ ਜਿਹੜੀਆਂ ਉਸ ਨੇ ਮੈਨੂੰ ਦੱਸੀਆਂ ਸਨ ਅਤੇ ਜਿਨ੍ਹਾਂ ਨਾਲ ਮੇਰਾ ਬਾਲ ਦਿਲ ਹਿਰਦਾ ਹਲੂਣਿਆ ਗਿਆ ਸੀ ਉਨ੍ਹਾਂ ਤੋਂ ਉਹ ਇਕ ਵਿਸ਼ਾਲ ਹਿਰਦੇ ਵਾਲੀ ਨਿਰਧਨ ਇਸਤਰੀ ਲੱਗਦੀ ਸੀ। ਉਹ ਮੈਨੂੰ ਪਿੰਡ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਦੱਸਦੀ ਕਿ ਕਿਵੇਂ ਇਕ ਗਊ, ਗਊਆਂ ਦੇ ਵਾੜੇ ਵਿੱਚੋਂ ਨਿਕਲ ਗਈ ਅਤੇ ਅਗਲੀ ਸਵੇਰੇ ਪਰਾਸਪੁਰ ਮੈਲਟ ਦੀ ਚੱਕੀ ਦੇ ਸਾਹਮਣੇ ਦੇਖੀ ਗਈ, ਜੋ ਜਹਾਜ਼ ਮੁੜਦਿਆਂ ਨੂੰ ਦੇਖ ਰਹੀ ਸੀ, ਜਾਂ ਮੁਰਗੀ

ਦੇ ਉਸ ਆਂਡੇ ਬਾਰੇ ਦੱਸਦੀ ਜੋ ਗਿਰਜੇ ਦੇ ਘੰਟਾ ਘਰ ਵਿੱਚ ਪਾਇਆ ਗਿਆ ਜਿਸ ਬਾਰੇ ਕੋਈ ਜਾਣ ਨਾ ਸਕਿਆ ਕਿ ਕਿਸ ਪੰਛੀ ਨੇ ਇਹ ਇੱਥੇ ਦਿੱਤਾ ਹੈ ਜਾਂ ਜੋਹਨ ਪਿਲਾ ਦੇ ਕੁੱਤੇ ਦੀ ਅਜੀਬ ਕਹਾਣੀ, ਜੋ ਆਪਣੇ ਮਾਲਕ ਦੀ ਬਿਰਜਿਸ ਵਾਪਸ ਲਿਆਉਣ ਲਈ 30 ਮੀਲ ਚਲਿਆ ਗਿਆ ਜਿਸ ਨੂੰ ਉਸ ਦੇ ਮਾਲਕ ਮੀਂਹ ਵਿੱਚ ਫਸ ਜਾਣ ਕਾਰਨ ਦਰਵਾਜ਼ੇ ਤੋਂ ਬਾਹਰ ਸੁੱਕਣੀ ਪਈ ਨੂੰ ਇਕ ਅਵਾਰਾ ਆਦਮੀ ਚੁੱਕ ਕੇ ਲੈ ਗਿਆ ਸੀ ਇਹ ਸਾਧਾਰਨ ਗੱਲ ਉਹ ਮੈਨੂੰ ਇਸ ਤਰੀਕੇ ਨਾਲ ਦੱਸਦੀ ਕਿ ਮੇਰੇ ਮਨ ਵਿੱਚ ਉਹ ਕਦੀ ਨਾ ਭੁੱਲਣ ਵਾਲੇ ਨਾਟਕਾਂ ਅਤੇ ਉੱਤਮ ਰਹੱਸਵਾਦੀ ਕਵਿਤਾਵਾਂ ਦੇ ਬਰਾਬਰ ਦੀ ਥਾਂ ਮੱਲ ਲੈਂਦੀਆਂ; ਕਵੀਆਂ ਦੀਆਂ ਰੁਚੀਆਂ ਸੋਹਣੀਆਂ ਕਹਾਣੀਆਂ ਜੋ ਮੇਰੀ ਮਾਂ ਮੈਨੂੰ ਸ਼ਾਮ ਨੂੰ ਸੁਣਾਉਂਦੀ ਉਨ੍ਹਾਂ ਵਿੱਚ ਕਿਰਸਾਣ ਔਰਤ ਦੇ ਬਿਰਤਾਂਤਾਂ ਵਰਗੀ ਚਾਸ਼ਨੀ ਭਰਪੂਰਤਾ 'ਤੇ ਜ਼ੋਰ ਨਾ ਹੁੰਦਾ ।

ਹਾਂ, ਇਕ ਬੁੱਧਵਾਰ ਜਦੋਂ ਮੈਂ ਸਾਰੀ ਸਵੇਰ ਮਾਈ ਕਲੌਚੇ ਦੀਆਂ ਗੱਲਾਂ ਸੁਣਦਾ ਰਿਹਾ ਸੀ । ਦਿਨ ਵਿੱਚ ਵੀ ਫਾਰਮ ਦੇ ਪਿੱਛੇ ਜੰਗਲ ਦੇ ਇਕ ਕਾਮੇ ਨਾਲ ਬੇਰ ਚੁਣਨ ਤੋਂ ਪਿੱਛੋਂ, ਮੇਰਾ ਜੀ ਉੱਪਰ ਜਾਣ ਨੂੰ ਕਰਦਾ ਰਿਹਾ। ਮੈਨੂੰ ਇਹ ਗੱਲ ਉਸੇ ਤਰ੍ਹਾਂ ਸਪੱਸ਼ਟਤਾ ਨਾਲ ਯਾਦ ਹੈ ਜਿਵੇਂ ਇਹ ਕੱਲ੍ਹ ਵਾਪਰੀ ਹੋਵੇ ।

ਕੱਪੜਿਆਂ ਵਾਲੇ ਕਮਰੇ ਦਾ ਦਰਵਾਜ਼ਾ ਖੋਲ੍ਹਣ 'ਤੇ ਬੁੱਢੀ ਦਰਜ਼ਿਆਣੀ ਨੂੰ ਕੁਰਸੀ ਦੇ ਕੋਲ ਫ਼ਰਸ਼ 'ਤੇ ਪਈ ਦੇਖਿਆ, ਉਸ ਦਾ ਮੂੰਹ ਥੱਲੇ ਸੀ ਅਤੇ ਬਾਂਹਾਂ ਫੈਲੀਆਂ ਹੋਈਆਂ ਸਨ, ਪਰ ਅਜੇ ਵੀ ਉਸ ਦੇ ਇਕ ਹੱਥ ਵਿੱਚ ਸੂਈ ਅਤੇ ਦੂਜੇ ਵਿੱਚ ਮੇਰਾ ਕੁੜਤਾ ਸੀ। ਨੀਲੀ ਜਰਾਬ ਵਾਲੀ ਉਸ ਦੀ ਇਕ ਲੱਤ, ਜੋ ਬੇਸ਼ੱਕ ਲੰਮੀ ਹੀ ਸੀ, ਉਸ ਦੀ ਕੁਰਸੀ ਦੇ ਥੱਲੋਂ ਪਸਰੀ ਹੋਈ ਸੀ, ਅਤੇ ਉਸ ਦੀਆਂ ਐਨਕਾਂ ਕੰਧ ਦੇ ਨਾਲ ਚਮਕ ਰਹੀਆਂ ਸਨ, ਜਿੱਥੇ ਉਹ ਉਸ ਕੋਲੋਂ ਰੁੜ੍ਹ ਕੇ ਚਲੀਆਂ ਗਈਆਂ ਸਨ ।

ਮੈਂ ਤਿੱਖੀਆਂ ਚੀਕਾਂ ਮਾਰਦਾ ਦੌੜ ਗਿਆ । ਉਹ ਵੀ ਦੌੜਦੇ ਆਏ, ਅਤੇ ਕੁਝ ਮਿੰਟਾਂ ਵਿੱਚ ਹੀ ਮੈਨੂੰ ਦੱਸਿਆ ਗਿਆ ਕਿ ਮਾਈ ਕਲੌਚੇ ਮਰ ਗਈ ਸੀ ।

ਮੈਂ ਉਸ ਗੰਭੀਰ ਚੁੱਭਵੀਂ ਅਤੇ ਭਿਆਨਕ ਭਾਵਨਾ ਦਾ ਬਿਆਨ ਨਹੀਂ ਕਰ ਸਕਦਾ ਜਿਸ ਨੇ ਮੇਰੇ ਬਾਲ ਹਿਰਦੇ ਨੂੰ ਝੰਜੋੜ ਦਿੱਤਾ । ਮੈਂ ਹੌਲੀ ਹੌਲੀ ਥੱਲੇ ਡਰਾਇੰਗ ਰੂਮ ਵਿੱਚ ਚਲਿਆ ਗਿਆ ਅਤੇ ਇਕ ਹਨੇਰ ਕੋਨੇ ਵਿੱਚ, ਪੁਰਾਣੀ ਬਾਹਾਵਾਂ ਵਾਲੀ ਕੁਰਸੀ ਦੇ ਥੱਲੇ ਆਪਣੇ ਆਪ ਨੂੰ ਲੁਕਾ ਲਿਆ ਜਿੱਥੇ ਗੋਡਿਆਂ ਭਾਰ ਬੈਠ ਕੇ ਮੈਂ ਰੋਂਦਾ ਰਿਹਾ। ਅਚਾਨਕ ਕੋਈ ਦੀਵਾ ਲੈ ਕੇ ਅੰਦਰ ਆਇਆ, ਮੈਨੂੰ ਦੇਖੇ

ਬਿਨਾ ਮੈਂ ਸੁਣਦਾ ਰਿਹਾ ਮੇਰਾ ਪਿਤਾ ਅਤੇ ਮੇਰੀ ਮਾਤਾ ਡਾਕਟਰ ਨਾਲ ਗੱਲਾਂ ਕਰ ਰਹੇ ਸਨ, ਜਿਸ ਦੀ ਆਵਾਜ਼ ਨੂੰ ਮੈਂ ਪਹਿਚਾਣਦਾ ਸੀ ।

ਉਸ ਨੂੰ ਜਲਦੀ ਹੀ ਬੁਲਾਇਆ ਗਿਆ ਸੀ, ਅਤੇ ਉਹ ਇਸ ਘਟਨਾ ਦੇ ਕਾਰਨ ਦੱਸ ਰਿਹਾ ਸੀ ਜਿਸ ਵਿੱਚੋਂ ਮੈਨੂੰ ਕੁਝ ਵੀ ਸਮਝ ਨਹੀਂ ਆਈ। ਫੇਰ ਉਹ ਬੈਠ ਗਿਆ ਇਕ ਗਲਾਸ ਕਿਸੇ ਪੀਣ ਵਾਲੀ ਚੀਜ਼ ਦਾ ਅਤੇ ਇਕ ਇਕ ਬਿਸਕੁਟ ਲਿਆ ।

ਉਹ ਗੱਲਾਂ ਕਰਦਾ ਰਿਹਾ ਅਤੇ ਜੋ ਕੁਝ ਉਸ ਨੇ ਕਿਹਾ ਉਹ ਮਰਨ ਵੇਲੇ ਤੱਕ ਮੇਰੇ ਮਨ ਉੱਤੇ ਉੱਕਰਿਆ ਰਿਹਾ। ਮੇਰਾ ਖ਼ਿਆਲ ਹੈ ਉਹ ਸ਼ਬਦ ਹੀ ਸੁਣਾ ਸਕਦਾ ਹਾਂ ਜਿਹੜੇ ਉਸ ਨੇ ਵਰਤੇ ਸਨ ।

"ਆਹ "ਵਿਚਾਰੀ ਗ਼ਰੀਬਣੀ ਜਿਸ ਦਿਨ ਮੈਂ ਇੱਥੇ ਪਹੁੰਚਿਆ ਉਸੇ ਦਿਨ ਉਸ ਦੀ ਲੱਤ ਟੁੱਟੀ ਸੀ । ਮੈਨੂੰ ਕੰਮ ਤੋਂ ਹਟ ਕੇ ਹੱਥ ਧੋਣ ਦਾ ਸਮਾਂ ਵੀ ਨਹੀਂ ਸੀ ਮਿਲਿਆ ਕਿ ਮੈਨੂੰ ਬਹੁਤ ਕਾਹਲ ਨਾਲ ਸੱਦਿਆ ਗਿਆ ਕਿਉਂਕਿ ਕੇਸ ਬਹੁਤ ਗੰਭੀਰ ਸੀ।

"ਉਹ ਸਤਾਰਾਂ ਸਾਲਾਂ ਦੀ ਬਹੁਤ ਸੁੰਦਰ ਕੁੜੀ ਸੀ, ਬਹੁਤ ਸੁੰਦਰ ਕੀ ਕੋਈ ਇਸ ਦਾ ਯਕੀਨ ਕਰੇਗਾ? ਮੈਂ ਪਹਿਲਾਂ ਕਦੇ ਉਸ ਦੀ ਕਹਾਣੀ ਨਹੀਂ ਦੱਸੀ ਸੀ, ਅਸਲ ਵਿੱਚ ਮੈਥੋਂ ਅਤੇ ਇਕ ਹੋਰ ਸੱਜਣ ਤੋਂ ਬਿਨਾਂ ਜੋ ਦੇਸ਼ ਦੇ ਇਸ ਹਿੱਸੇ ਵਿੱਚ ਨਹੀਂ ਰਹਿੰਦਾ ਕਦੇ ਕਿਸੇ ਨੂੰ ਇਸ ਦਾ ਪਤਾ ਨਹੀਂ ਲੱਗਿਆ । ਹੁਣ ਉਹ ਮਰ ਚੁੱਕੀ ਹੈ ਅਤੇ ਮੈਂ ਕੁਝ ਘੱਟ ਸਾਵਧਾਨ ਵੀ ਹੋ ਸਕਦਾ ਹਾਂ ।

"ਇਕ ਨੌਜਵਾਨ ਸਹਾਇਕ ਟੀਚਰ ਅਜੇ ਪਿੰਡ ਵਿੱਚ ਰਹਿਣ ਵਾਸਤੇ ਆਇਆ ਹੀ ਸੀ; ਉਹ ਸੋਹਣਾ ਸੀ ਅਤੇ ਸਿਪਾਹੀ ਵਰਗੀ ਸ਼ਖ਼ਸੀਅਤ ਦਾ ਮਾਲਕ ਸੀ ਪਰ ਉਸ ਦਾ ਨਖ਼ਰਾ ਕਾਫ਼ੀ ਉੱਚਾ ਸੀ ਇਸ ਤੋਂ ਬਿਨਾਂ ਉਹ ਆਪਣੇ ਉੱਪਰਲੇ ਤੋਂ ਬਹੁਤ ਡਰਦਾ ਸੀ, ਸਕੂਲ ਮਾਸਟਰ ਬੁੱਢੇ ਗਰੇਬੂ ਤੋਂ ਜੋ ਕਦੇ ਕਿਸੇ ਪਾਸੇ ਨੂੰ ਬੇਮਤਲਬ ਉੱਠ ਤੁਰਦਾ ਸੀ।

ਬੁੱਢੇ ਗਰੇਬੂ ਨੇ ਪਹਿਲਾਂ ਹੀ ਸੁੰਦਰ ਹੌਰਟੈਨਸ ਨੂੰ ਨੌਕਰ ਰੱਖਿਆ ਹੋਇਆ ਸੀ ਜੋ ਹੁਣੇ ਹੁਣੇ ਮਰੀ, ਅਤੇ ਜਿਸ ਨੂੰ ਪਿੱਛੋਂ ਕਲੋਚੀਟ ਕਹਿਣ ਲੱਗ ਪਏ। ਸਹਾਇਕ ਮਾਸਟਰ ਨੇ ਉਸ ਸੁੰਦਰ ਮੁਟਿਆਰ ਨੂੰ ਚੁਣ ਲਿਆ, ਜੋ ਨਿਰਸੰਦੇਹ ਉਸ ਨਖ਼ਰੇ ਵਾਲੇ ਵਿਜੇਤਾ ਦੀ ਚੋਣ ਵਿੱਚ ਆ ਜਾਣ ’ਤੇ ਖ਼ੁਸ਼ ਹੋਈ ਸੀ; ਕਿਸੇ ਤਰ੍ਹਾਂ ਉਹ

ਉਸ ਨਾਲ ਪਿਆਰ ਕਰਨ ਲੱਗ ਪਈ, ਅਤੇ ਉਹ ਉਸ ਨੂੰ ਸਕੂਲ ਪਿੱਛੇ ਸੁੱਕੇ ਘਾਹ ਦੇ ਕੋਠੇ ਵਿੱਚ ਜਦੋਂ ਉਹ ਦਿਨ ਦਾ ਸਿਉਣ ਪ੍ਰੋਣ ਦਾ ਕੰਮ ਨਿਬੇੜ ਲਵੇ, ਪਹਿਲੀ ਮੁਲਾਕਾਤ ਲਈ ਰਜ਼ਾਮੰਦ ਕਰਨ ਵਿੱਚ ਸਫ਼ਲ ਹੋ ਗਿਆ।

ਉਸ ਨੇ ਘਰ ਜਾਣ ਦਾ ਬਹਾਨਾ ਕੀਤਾ; ਪਰ ਗਰੇਬੂ ਨੂੰ ਛੱਡ ਕੇ ਜਦੋਂ ਚਲੀ ਤਾਂ ਹੇਠਾਂ ਜਾਣ ਦੀ ਥਾਂ ਘਾਹ ਵਿੱਚ ਲੁਕ ਕੇ ਪ੍ਰੇਮੀ ਦੀ ਉਡੀਕ ਕਰਨ ਲਈ ਚਲੀ ਗਈ ।

ਉਹ ਛੇਤੀ ਹੀ ਉਸ ਕੋਲ ਆ ਗਿਆ ਅਤੇ ਸੋਹਣੀਆਂ ਗੱਲਾਂ ਕਰਨ ਲੱਗੀ ਹੀ ਸੀ ਜਦ ਘਾਹ ਦੇ ਕੋਠੇ ਦਾ ਦਰਵਾਜ਼ਾ ਖੁੱਲ੍ਹਿਆ ਅਤੇ ਸਕੂਲ ਮਾਸਟਰ ਆ ਕੇ ਪੁੱਛਣ ਲੱਗਿਆ" ਸਿਗਿਸ ਬਰਟ ਤੂੰ ਇੱਥੇ ਕੀ ਕਰਦਾ ਹੈਂ ?" ਇਹ ਸਮਝ ਕੇ ਕਿ ਉਹ ਜ਼ਰੂਰ ਫੜਿਆ ਜਾਵੇਗਾ : ਨੌਜਵਾਨ ਸਕੂਲ ਮਾਸਟਰ ਦਿਮਾਗ਼ੀ ਸਾਵਧਾਨਤਾ ਖੋ ਬੈਠਿਆ ਅਤੇ ਬੇਵਕੂਫ਼ੀ ਨਾਲ ਉੱਤਰ ਦਿੱਤਾ

"ਮੈਂ ਇੱਥੇ ਘਾਹ ਦੀਆਂ ਪੰਡਾਂ ਵਿੱਚ ਅਰਾਮ ਕਰਨ ਆਇਆ ਸੀ ਮੌਨਸੀਅਰ ਗਰੇਬੂ"

"ਕੋਠਾ ਕਾਫ਼ੀ ਵੱਡਾ ਅਤੇ ਹਨੇਰਾ ਸੀ ਸਿਗਿਸ ਬਰਟ ਨੇ ਸਹਿਮੀ ਹੋਈ ਕੁੜੀ ਨੂੰ ਦੂਜੇ ਪਾਸੇ ਨੂੰ ਧੱਕ ਕੇ ਕਿਹਾ ਉੱਧਰ ਜਾ ਕੇ ਲੁਕ ਜਾਹ ਮੇਰੀ ਬੇਇੱਜ਼ਤੀ ਹੋ ਜਾਵੇਗੀ, ਇਸ ਲਈ ਉੱਠ ਕੇ ਲੁਕ ਜਾਹ ।

ਜਦੋਂ ਸਕੂਲ ਮਾਸਟਰ ਨੇ ਘੁਸਰ ਮੁਸਰ ਸੁਣੀ ਤਾਂ ਉਸ ਨੇ ਫੇਰ ਕਿਹਾ

"ਤੂੰ ਇਕੱਲਾ ਨਹੀਂ?"

"ਹਾਂ ਮੈਂ ਇਕੱਲਾ ਹਾਂ ਮੌਨਸ਼ੀਅਰ ਗਰੇਬੂ ।"

"ਪਰ ਤੂੰ ਇਕੱਲਾ ਗੱਲਾਂ ਕਿਸ ਨਾਲ ਕਰ ਰਿਹਾ ਹੈ ।

"ਮੈਂ ਸੌਂਹ ਖਾ ਕੇ ਕਹਿਨਾਂ ਹਾਂ, ਮੌਨਸ਼ੀਅਰ ਗਰੇਬੂ।"

"ਮੈਂ ਹੁਣੇ ਪਤਾ ਲਵਾਂਗਾ, ਬੁੱਢੇ ਨੇ ਉੱਤਰ ਦਿੱਤਾ ਅਤੇ ਦਰਵਾਜ਼ੇ ਨੂੰ ਦੂਹਰਾ ਜਿੰਦਰਾ ਮਾਰ ਕੇ ਹੇਠਾਂ ਰੌਸ਼ਨੀ ਲੈਣ ਚਲਿਆ ਗਿਆ ।

"ਤਦ ਉਹ ਨੌਜਵਾਨ ਜਿਹੜਾ ਕਿ ਡਰਪੋਕ ਸੀ, ਆਪਣੇ ਹੋਸ਼ ਖੋ ਬੈਠਾ, ਅਤੇ ਅਚਾਨਕ ਗ਼ੁੱਸੇ ਵਿੱਚ ਆ ਕੇ ਕਹਿਣ ਲੱਗਿਆ "ਲੁਕ ਜਾਹ ਤੂੰ ਕਿਤੇ ਉਹ ਤੈਨੂੰ ਲੱਭ ਨਾ ਸਕੇ । ਤੂੰ ਮੇਰੇ ਸਾਰੀ ਉਮਰ ਦੇ ਰੁਜ਼ਗਾਰ 'ਤੇ ਲੱਤ ਮਾਰੇਗੀ !ਤੂੰ ਮੇਰੀ ਸਾਰੀ ਜ਼ਿੰਦਗੀ ਖ਼ਰਾਬ ਕਰ ਦੇਂਵੇਗੀ। ਲੁਕ ਜਾਹ ।"

“ਉਨ੍ਹਾਂ ਨੂੰ ਫੇਰ ਜਿੰਦਰੇ ਵਿੱਚ ਫਿਰਦੀ ਕੁੰਜੀ ਦਾ ਖੜਕਾ ਸੁਣਿਆ ਅਤੇ ਹੌਰਟੈਨਸ ਬਾਰੀ ਵੱਲ ਦੌੜੀ ਜੋ ਗ਼ਲੀ ਦੇ ਵਿੱਚ ਸੀ, ਇਸ ਨੂੰ ਛੇਤੀ ਨਾਲ ਖੋਲ੍ਹਿਆ; ਅਤੇ ਫੇਰ ਧੀਮੀ ਅਤੇ ਦ੍ਰਿੜ੍ਹ ਅਵਾਜ਼ ਵਿੱਚ ਕਿਹਾ" ਜਦੋਂ ਉਹ ਚਲਿਆ ਗਿਆ ਆ ਕੇ ਮੈਨੂੰ ਚੁੱਕ ਲਈ; ਅਤੇ ਉਸ ਨੇ ਛਾਲ ਮਾਰ ਦਿੱਤੀ।

"ਬੁੱਢੇ ਗਰੇਬੂ ਨੂੰ ਉੱਥੇ ਕੁਝ ਨਾ ਮਿਲਿਆ, ਅਤੇ ਫੇਰ ਹੈਰਾਨ ਹੋ ਕੇ ਹੇਠਾਂ ਚਲਿਆ ਗਿਆ। ਪੌਣੇ ਘੰਟੇ ਪਿੱਛੋਂ ਮੌਨਸ਼ੀਅਰ ਸਿਗਿਸਬਰਟ ਨੇ ਮੇਰੇ ਕੋਲ ਆ ਕੇ ਖ਼ਤਰਨਾਕ ਘਟਨਾ ਦੱਸੀ। ਕੁੜੀ ਉੱਠ ਸਕਣ ਤੋਂ ਅਸਮਰਥ ਕੰਧ ਕੋਲ ਹੀ ਪਈ ਰਹੀ ਸੀ ਕਿਉਂਕਿ ਉਹ ਦੂਜੀ ਮੰਜ਼ਲ ਤੋਂ ਡਿੱਗੀ ਸੀ ਅਤੇ ਮੈਂ ਉਸ ਕੁੜੀ ਨੂੰ ਲਿਆਉਣ ਲਈ ਉਸ ਦੇ ਨਾਲ ਗਿਆ। ਮੂਸਲੇਧਾਰ ਬਾਰਸ਼ ਹੋ ਰਹੀ ਸੀ, ਮੈਂ ਉਸ ਬਦਨਸੀਬ ਕੁੜੀ ਨੂੰ ਆਪਣੇ ਨਾਲ ਲੈ ਆਇਆ। ਕਿਉਂਕਿ ਸੱਜੀ ਲੱਤ ਤਿੰਨ ਥਾਂ ਤੋਂ ਟੁੱਟੀ ਹੋਈ ਸੀ, ਅਤੇ ਹੱਡੀਆਂ ਵਿੱਚੋਂ ਬਾਹਰ ਨਿਕਲ ਆਈਆਂ ਸਨ। ਉਸ ਨੇ ਕੋਈ ਸ਼ਿਕਾਇਤ ਨਾ ਕੀਤੀ ਪਰ ਪ੍ਰਸ਼ੰਸ਼ਾਯੋਗ ਸਬਰ ਨਾਲ ਇਹੋ ਆਖਿਆ : ਮੈਨੂੰ ਸਜ਼ਾ ਮਿਲ ਗਈ ਹੈ, ਚੰਗੀ ਸਜ਼ਾ ਮਿਲ ਗਈ ਹੈ।"

ਮੈਂ ਆਪਣੇ ਸਹਾਇਕ ਅਤੇ ਉਸ ਕਿਰਤੀ ਕੁੜੀ ਦੀਆਂ ਸਹੇਲੀਆਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਭੱਜੀ ਜਾਂਦੀ ਗੱਡੀ ਦੀ ਕਹਾਣੀ ਘੜ ਕੇ ਸੁਣਾਈ ਜਿਸ ਦੀ ਫੇਟ ਨਾਲ ਮੇਰੇ ਦਰਵਾਜ਼ੇ ਅੱਗੇ ਡਿੱਗ ਕੇ ਉਹ ਲੰਗੜੀ ਹੋ ਗਈ। ਉਨ੍ਹਾਂ ਨੇ ਮੇਰਾ ਸੱਚ ਸਮਝ ਲਿਆ ਅਤੇ ਪੁਲਸ ਵਾਲੇ ਸਾਰਾ ਮਹੀਨਾ ਇਸ ਦੁਰਘਟਨਾ ਕਰਨ ਵਾਲੇ ਦੀ ਅਸਫ਼ਲ ਖੋਜ ਕਰਦੇ ਰਹੇ।

"ਇੰਨੀ ਹੀ ਗੱਲ ਸੀ ਹੁਣ ਮੈਂ ਕਹਿੰਦਾ ਹਾਂ ਕਿ ਉਹ ਔਰਤ ਇਕ ਨਾਇਕਾ ਸੀ, ਅਤੇ ਉਨ੍ਹਾਂ ਨਾਲ ਰਲਦੀ ਮਿਲਦੀ ਹੈ ਜੋ ਇਤਿਹਾਸ ਵਿੱਚ ਮਹਾਨ ਕਾਰਜ ਕਰਦੇ ਹਨ।

"ਸਿਰਫ਼ ਇਹੋ ਹੀ ਉਸ ਦਾ ਇਕ ਇਸ਼ਕ ਸੀ ਅਤੇ ਉਹ ਕੰਵਾਰੀ ਹੀ ਮਰ ਗਈ, ਉਹ ਸ਼ਹੀਦ ਸੀ ਇਕ ਨੇਕ ਰੂਹ, ਆਪਣੇ ਪਿਆਰ ਵਿੱਚ ਪੱਕੀ ਇਕ ਮਹਾਨ ਔਰਤ ਸੀ। ਜੇ ਮੈਂ ਉਸ ਦਾ ਪ੍ਰਸੰਸਕ ਨਾ ਹੁੰਦਾ, ਮੈਂ ਇਹ ਕਹਾਣੀ ਤੁਹਾਨੂੰ ਨਾ ਦੱਸਦਾ ਜਿਹੜੀ ਮੈਂ ਉਸ ਦੇ ਜੀਵਨ ਸਮੇਂ ਕਿਸੇ ਨੂੰ ਨਹੀਂ ਦੱਸਣੀ ਸੀ; ਤੁਸੀਂ ਸਮਝਦੇ ਹੋ ਕਿਉਂ।’

ਡਾਕਟਰ ਚੁੱਪ ਕਰ ਗਿਆ; ਮਾਮਾ ਨੇ ਚੀਕ ਮਾਰੀ ਅਤੇ ਪਾਪਾ ਨੇ ਕੁਝ ਸ਼ਬਦ ਕਹੇ ਜਿਹੜੇ ਮੈਂ ਸੁਣ ਨਾ ਸਕਿਆ; ਫੇਰ ਉਹ ਕਮਰੇ ਵਿੱਚੋਂ ਚਲੇ ਗਏ ਅਤੇ ਮੈਂ ਬਾਹਾਵਾਂ ਵਾਲੀ ਕੁਰਸੀ ਦੇ ਹੇਠ ਗੋਡਿਆਂ ਭਾਰ ਬੈਠ ਕੇ ਡੁਸਕਦਾ ਰਿਹਾ ਜਦੋਂ ਭਾਰੇ ਕਦਮਾਂ ਅਤੇ ਪੌੜੀਆਂ ਨਾਲ ਕਿਸੇ ਚੀਜ਼ ਦੇ ਖੜਕਣ ਦੀ ਇਕ ਅਜੀਬ ਅਵਾਜ਼ ਸੁਣੀ।

ਉਹ ਕਲੌਂਚੇ ਦੀ ਲਾਸ਼ ਨੂੰ ਲੈ ਕੇ ਜਾ ਰਹੇ ਸਨ।

# ਮੱਛੀਆਂ ਫੜਨ ਜਾਣਾ

ਪੈਰਿਸ ਦੀ ਨਾਕਾਬੰਦੀ ਕੀਤੀ ਹੋਈ ਸੀ । ਵੀਰਾਨ ਕੀਤਾ ਹੋਇਆ ਸੀ ਭੁੱਖੇ ਮਾਰਿਆ ਹੋਇਆ ਸੀ। ਚਿੜੀਆਂ ਥੋੜ੍ਹੀਆਂ ਸਨ, ਅਤੇ ਜੋ ਕੁਝ ਵੀ ਮਿਲ ਸਕਦਾ ਸੀ ਖਾਣ ਲਈ ਚੰਗਾ ਸੀ।

ਜਨਵਰੀ ਦੀ ਇਕ ਨਿੱਖਰੀ ਸਵੇਰ, ਮਿਸਟਰ ਮੌਰੀਸਟ, ਇਕ ਘੜੀ ਸਾਜ਼ੀ ਦਾ ਕੰਮ ਕਰਨ ਵਾਲਾ ਪਰ ਹਾਲਾਤ ਕਰਕੇ ਵਿਹਲਾ ਸੀ, ਬੜਾ ਉਦਾਸ ਅਤੇ ਭੁੱਖ ਦਾ ਸਤਾਇਆ ਹੋਇਆ ਪਜਾਮੇ ਦੀਆਂ ਜੇਬਾਂ ਵਿੱਚ ਹੱਥ ਪਾਈ ਛਾਉਲੀ ਸੜਕ ਦੇ ਨਾਲ ਨਾਲ ਜਾ ਰਿਹਾ ਸੀ, ਉਸ ਨੂੰ ਇਕ ਸਾਥੀ ਮਿਲਿਆ ਜਿਸ ਨੂੰ ਉਸ ਨੇ ਪਹਿਚਾਣ ਲਿਆ ਉਹ ਉਸ ਦਾ ਇਕ ਮਿੱਤਰ ਸੀ ।

ਲੜਾਈ ਤੋਂ ਪਹਿਲਾਂ ਮੌਰੀਸਟ ਨੂੰ ਸ਼ਾਮ ਵੇਲੇ ਹਰ ਐਤਵਾਰ ਇਕ ਹੱਥ ਵਿੱਚ ਸੋਟੀ ਅਤੇ ਪਿੱਠ ਉੱਤੇ ਟੀਨ ਦਾ ਬਕਸਾ ਰੱਖੀ ਪੈਰ ਘਸੀਟਦਾ ਦੇਖਿਆ ਜਾ ਸਕਦਾ ਸੀ । ਉਹ ਕੋਲੰਬਸ ਨੂੰ ਗੱਡੀ ’ਤੇ ਜਾਂਦਾ ਅਤੇ ਉੱਥੋਂ ਮੇਰੈਟੋ ਦੇ ਟਾਪੂ ਨੂੰ ਤੁਰ ਕੇ ਜਾਂਦਾ, ਜਿੱਥੇ ਉਹ ਹਨੇਰਾ ਪੈਣ ਤੱਕ ਮੱਛੀਆਂ ਫੜਦਾ।

ਇੱਥੇ ਹੀ ਉਸ ਨੂੰ ਮਿਸਟਰ ਸਾਉਵੇਜ ਮਿਲਿਆ ਸੀ; ਜਿਸ ਦਾ ਦਿਰਉ ਨੌਟਰੇ ਡੈਮ ਦੀ ਲੌਰਿਟ ਵਿੱਚ ਇਕ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਸੀ, ਉਹ ਰੰਗੀਲਾ, ਅਤੇ ਉਸ ਵਾਂਗ ਮੱਛੀਆਂ ਫੜਨ ਦਾ ਸ਼ੌਕੀਨ ਸੀ। ਉਨ੍ਹਾਂ ਵਿੱਚ ਨਿੱਘੀ ਦੋਸਤੀ ਪੈ ਗਈ ਅਤੇ ਉਹ ਸਾਰਾ ਦਿਨ ਕੋਲ ਕੋਲ ਬੈਠੇ ਬਿਨਾਂ ਕੋਈ ਸ਼ਬਦ ਮੂੰਹੋਂ ਕਹੇ ਮੱਛੀਆਂ ਫੜਦੇ ਰਹਿੰਦੇ । ਕਿਸੇ ਦਿਨ ਜਦੋਂ ਹਰ ਚੀਜ਼ ਤਾਜ਼ੀ ਅਤੇ ਨਵੀਂ ਦਿਸਦੀ ਅਤੇ ਬਹਾਰ ਦਾ ਸੂਰਜ ਸਭ ਦੇ ਦਿਲਾਂ ਨੂੰ ਖ਼ੁਸ਼ ਕਰ ਰਿਹਾ ਹੁੰਦਾ ਤਾਂ ਮਿਸਟਰ ਮੌਰੀਸਟ ਪੁਕਾਰ ਉਠਦਾ" ਕਿੰਨਾ ਖ਼ੁਸ਼ੀ ਭਰਿਆ ਹੈ । "ਅਤੇ ਮਿਸਟਰ ਸਾਉਵੇਜ ਨੇ ਉੱਤਰ ਦਿੱਤਾ" : ਇਸ ਵਰਗੀ ਕੋਈ ਚੀਜ਼ ਨਹੀਂ।”

ਤਾਂ ਫੇਰ ਇਕ ਪਤਝੜ ਦੀ ਸ਼ਾਮ ਜਦੋਂ ਸ਼ਾਨਦਾਰ ਛਿਪਦਾ ਸੂਰਜ ਆਪਣੀ ਸੁਨਹਿਰੀ ਲਾਲ ਪੀਲੀ ਭਾਅ ਪੱਤਿਆਂ ’ਤੇ ਬਿਖੇਰਦਾ ਹੋਇਆ, ਦੋਵੇਂ ਦੋਸਤਾਂ ਦੇ ਉਦਾਲੇ ਅਜੀਬ ਪਰਛਾਵੇਂ ਸੁੱਟਦਾ ਤਾਂ ਸਾਉਵੇਜ ਆਖਦਾ

"ਕਿੰਨਾ ਸੋਹਣਾ ਨਜ਼ਾਰਾ ਹੈ ।"

"ਇਹ ਤਾਂ ਠੰਢੀ ਸੜਕ ਨੂੰ ਮਾਤ ਪਾਉਂਦਾ ਹੈ" ਮੋਰੀਸਟ ਉੱਤਰ ਦਿੰਦਾ। ਪਰ ਉਹ ਬਿਨਾਂ ਕੁਝ ਬੋਲੇ ਹੀ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਸਨ । ਦੋਵੇਂ ਦੋਸਤਾਂ ਨੇ ਇਕ ਦੂਜੇ ਨੂੰ ਪ੍ਰੇਮ ਭਰੀ ਸਲਾਮ ਬੁਲਾਈ, ਦੋਵੇਂ ਜਣੇ ਭੂਤ ਅਤੇ ਵਰਤਮਾਨ ਦੀਆਂ ਘਟਨਾਵਾਂ ਬਾਰੇ ਡੂੰਘੀਆਂ ਸੋਚਾਂ ਸੋਚਦੇ ਤੁਰਦੇ ਗਏ। ਉਹ ਇਕ ਕਾਫ਼ੀ ਹਾਊਸ ਵਿੱਚ ਦਾਖ਼ਲ ਹੋ ਗਏ, ਅਤੇ ਜਦੋਂ ਮਰੂਏ ਦੀ ਸ਼ਰਾਬ ਦਾ ਗਲਾਸ ਉਨ੍ਹਾਂ ਦੇ ਸਾਹਮਣੇ ਰੱਖਿਆ ਗਿਆ ਸਾਉਵੇਜ ਨੇ ਹੌਕਾ ਮਾਰਿਆ:

"ਦੋਸਤ ਕਿੰਨੀਆਂ ਭਿਆਨਕ ਘਟਨਾਵਾਂ ਹਨ ।"

"ਅਤੇ ਮੌਸਮ ਕਿਹੋ ਜਿਹਾ ਹੈ । "ਮੌਰੀਸਟ ਨੇ ਉਦਾਸੀ ਵਿੱਚ ਕਿਹਾ : ਇਹ ਇਸ ਸਾਲ ਦਾ ਅਸੀਂ ਸਭ ਤੋਂ ਸੋਹਣਾ ਦਿਨ ਬਿਤਾਇਆ ਹੈ । ਕੀ ਤੈਨੂੰ ਯਾਦ ਹੈ ਜਦੋਂ ਇਕ ਵਾਰ ਆਪਾਂ ਮੱਛੀਆਂ ਫੜਨ ਗਏ ਸੀ। ਹਾਂ ਮੈਨੂੰ ਯਾਦ ਹੈ ! ਹਾਏ । ਹੁਣ ਫੇਰ ਕਦੋਂ ਚੱਲਾਂਗੇ ।

ਦੂਜੇ ਪੈੱਗ ਤੋਂ ਪਿੱਛੋਂ ਉਹ ਨਸ਼ਈ ਜਿਹੇ ਹੋ ਕੇ ਕਾਫ਼ੀ ਹਾਊਸ ਵਿੱਚੋਂ ਨਿਕਲੇ-ਖ਼ਾਲੀ ਪੇਟ ਪੀਤੀ ਹੋਣ ਕਰਕੇ ਉਨ੍ਹਾਂ 'ਤੇ ਕੁਝ ਅਸਰ ਹੋਇਆ ਸੀ । ਖ਼ੁਸ਼ਬੂਦਾਰ ਹਵਾ ਨੇ ਸਾਉਵੇਜ਼ ਨੂੰ ਹੋਰ ਤੇਜ਼ ਦਿੱਤਾ ਅਤੇ ਉਹ ਪੁਕਾਰਿਆ:

"ਫ਼ਰਜ਼ ਕਰੋ ਅਸੀਂ ਜਾਂਦੇ ਹਾਂ ।"

"ਕਿੱਥੇ?"

"ਮੱਛੀਆਂ ਫੜਨ"

"ਮੱਛੀਆਂ ਫੜਨ ਕਿੱਥੇ?"

"ਆਪਣੀ ਪੁਰਾਣੀ ਥਾਂ ਕੋਲੰਬਸ । ਫਰਾਂਸੀਸੀ ਸਿਪਾਹੀ ਉੱਥੇ ਨੇੜੇ ਤਣੇ ਹੋਏ ਹਨ ਅਤੇ ਮੈਂ ਕਰਨਲ ਡਮੂਲਿਨ ਨੂੰ ਜਾਣਦਾ ਹਾਂ ਜੋ ਆਪਾਂ ਨੂੰ ਪਾਸ ਦੇ ਦੇਵੇਗਾ।

"ਠੀਕ ਹੈ ਮੈਂ ਤੇਰੇ ਨਾਲ ਹਾਂ ।"

ਇਕ ਘੰਟੇ ਪਿੱਛੋਂ, ਮੱਛੀਆਂ ਫੜਨ ਦਾ ਸਮਾਨ ਲੈ ਕੇ, ਉਹ ਕਰਨਲ ਦੇ ਬੰਗਲੇ ਵਿੱਚ ਆਏ । ਉਨ੍ਹਾਂ ਦੀ ਅਰਜ਼ 'ਤੇ ਉਹ ਮੁਸਕਰਾਇਆ ਅਤੇ ਯੋਗ ਰੂਪ ਵਿੱਚ ਉਨ੍ਹਾਂ ਨੂੰ ਪਾਸ ਦੇ ਦਿੱਤਾ ।

ਗਿਆਰਾਂ ਵਜੇ ਦੇ ਕਰੀਬ ਉਹ ਅਗਲੀ ਗਾਰਦ ਕੋਲ ਪਹੁੰਚ ਗਏ ਅਤੇ ਪਾਸ ਦਿਖਾ ਕੇ, ਕੋਲੰਬਸ ਵਿੱਚੋਂ ਲੰਘ ਗਏ, ਅਤੇ ਆਪਣੇ ਆਪ ਨੂੰ ਟੀਚੇ ਦੇ

ਕੋਲ ਦੇਖਿਆ। ਰਸਤੇ ਤੋਂ ਪਾਰ ਅਰਜਨ ਟਾਈਲ ਅਤੇ ਸੈਟੀਰ ਵੱਲ ਦੇ ਵੱਡੇ ਮੈਦਾਨ ਸਭ ਉਜਾੜ ਪਏ ਸਨ। ਓਰਗੇਮੈਂਟ ਅਤੇ ਸੈਨੋਇਸ ਦੀਆਂ ਪਹਾੜੀਆਂ ਮੈਦਾਨਾਂ ਦੇ ਉੱਪਰ ਸ਼ਾਂਤ ਖੜੀਆਂ ਸਨ, ਜੋ ਇਕ ਸੁੰਦਰ ਨਜ਼ਾਰਾ ਸੀ।

'ਦੇਖੋ' ਸਾਉਵੇਜ਼ ਨੇ ਪਹਾੜੀਆਂ ਵੱਲ ਇਸ਼ਾਰਾ ਕਰਕੇ ਕਿਹਾ "ਪਰੂਸ਼ੀਅਨ ਉੱਥੇ ਹਨ। "ਪਰਸ਼ੀਅਨ ਜੋ ਉਨ੍ਹਾਂ ਨੇ ਪਹਿਲਾਂ ਕਦੀ ਨਹੀਂ ਸਨ ਵੇਖੇ ਪਰ ਉਹ ਜਾਣਦੇ ਹਨ ਕਿ ਉਹ ਪੈਰਿਸ ਦੇ ਚਾਰ ਚੁਫੇਰੇ ਸਨ, ਅਡਿੱਠ ਸਨ ਅਤੇ ਸ਼ਕਤੀਸ਼ਾਲੀ ਸਨ, ਲੁੱਟਣ ਵਾਲੇ, ਉਜਾੜਨ ਵਾਲੇ ਕਤਲੇਆਮ ਕਰਨ ਵਾਲੇ। ਆਪਣੇ ਵਹਿਮਾਂ ਭਰੇ ਡਰ ਵਿੱਚ ਉਨ੍ਹਾਂ ਨੇ ਇਨ੍ਹਾਂ ਅਗਿਆਤ ਅਤੇ ਜੇਤੂ ਲੋਕਾਂ ਲਈ ਡੂੰਘੀ ਘ੍ਰਿਣਾ ਵੀ ਸ਼ਾਮਲ ਕਰ ਲਈ।

"ਫੇਰ ਕੀ ਕਰੀਏ ਜੋ ਸਾਨੂੰ ਕੋਈ ਮਿਲ ਜਾਵੇ?"

ਮੌਰੀਸਟ ਨੇ ਪੁੱਛਿਆ।

"ਅਸੀਂ ਉਸ ਨੂੰ ਆਪਣੇ ਨਾਲ ਮਿਲ ਜਾਣ ਲਈ ਆਖਾਂਗੇ " ਸਾਉਵੇਜ਼ ਨੇ ਸੱਚੇ ਫਰਾਂਸੀਸੀ ਢੰਗ ਨਾਲ ਕਿਹਾ।

ਅਜੇ ਵੀ ਉਹ ਅੱਗੇ ਜਾਣ ਲਈ ਝਿਜਕਦੇ ਸਨ। ਚੁੱਪ ਨੇ ਉਨ੍ਹਾਂ ਨੂੰ ਭੈਭੀਤ ਕਰ ਦਿੱਤਾ। ਆਖ਼ਿਰਕਾਰ ਸਾਉਵੇਜ਼ ਨੇ ਹੌਸਲਾ ਕਰਕੇ ਕਿਹਾ।

"ਆਓ ਹੁਸ਼ਿਆਰ ਹੋ ਕੇ ਚੱਲੀਏ”

ਉਹ ਝਾੜੀਆਂ ਪਿੱਛੇ ਲੁਕਦੇ ਚਿੰਤਾਤੁਰ ਹੋ ਕੇ ਹਰ ਪਾਸੇ ਦੇਖਦੇ, ਹਰ ਆਵਾਜ਼ ਨੂੰ ਸੁਣਦੇ ਹੌਲੀ ਹੌਲੀ ਚੱਲੇ। ਦਰਿਆ ਕੋਲ ਪਹੁੰਚਣ ਤੋਂ ਪਹਿਲਾਂ ਨੰਗੀ ਧਰਤੀ ਦੀ ਇਕ ਪਟੜੀ ਪਾਰ ਕਰਨੀ ਪੈਂਦੀ ਸੀ। ਉਹ ਦੌੜ ਪਏ। ਆਖ਼ਰ ਉਹ ਦਰਿਆ ਕੋਲ ਪਹੁੰਚ ਗਏ ਅਤੇ ਚੁੱਪ ਚਾਪ ਪਰ ਅਰਾਮ ਨਾਲ ਝਾੜੀਆਂ ਵਿੱਚ ਜਾ ਡਿੱਗੇ।

ਮੌਰੀਸਟ ਨੂੰ ਲੱਗਾ ਜਿਵੇਂ ਕਿਸੇ ਦੇ ਟੁਰਨ ਦੀ ਆਵਾਜ਼ ਆਈ ਹੋਵੇ। ਉਸ ਨੇ ਧਿਆਨ ਨਾਲ ਸੁਣਿਆ ਪਰ ਉਸ ਨੂੰ ਕੋਈ ਆਵਾਜ਼ ਨਾ ਸੁਣੀ ਉਹ ਸੱਚਮੁਚ ਇਕੱਲੇ ਸਨ ਇਸ ਛੋਟੇ ਜਿਹੇ ਟਾਪੂ ਵਿੱਚ ਉਹ ਦਿਸਦੇ ਨਹੀਂ ਸਨ ਉਹ ਮਕਾਨ ਜਿੱਥੇ ਪਹਿਲਾਂ ਰੈਸਟੋਰੈਂਟ ਹੁੰਦਾ ਸੀ ਹੁਣ ਉੱਜੜਿਆ ਪਿਆ ਸੀ, ਉਨ੍ਹਾਂ ਨੇ ਆਪਣੀ ਤਸੱਲੀ ਕਰ ਲਈ ਅਤੇ ਉਹ ਦਿਨ ਉੱਥੇ ਬਿਤਾਉਣ ਲਈ ਉਹ ਉੱਥੇ ਹੀ ਠਹਿਰ ਗਏ।

ਸਾਉਵੇਜ਼ ਨੇ ਪਹਿਲੀ ਮੱਛੀ ਫੜੀ ਮੌਰੀਸਟ ਨੇ ਦੂਜੀ ਅਤੇ ਹਰ ਮਿੰਟ ਬਾਅਦ ਉਹ ਇਕ ਮੱਛੀ ਕੱਢ ਲੈਂਦੇ ਅਤੇ ਆਪਣੇ ਪੈਰਾਂ ਵਿੱਚ ਪਏ ਜਾਲ਼ ਵਿੱਚ ਰੱਖ

ਲੈਂਦੇ । ਇਹ ਤਾਂ ਸੱਚਮੁਚ ਕਰਾਮਾਤ ਸੀ। ਉਨ੍ਹਾਂ ਨੂੰ ਉਹ ਅਤਿ ਪ੍ਰਸੰਨਤਾ ਮਿਲੀ ਜਿਹੜੀ ਕਿਸੇ ਨੂੰ ਕਈ ਮਹੀਨਿਆਂ ਪਿੱਛੋਂ ਮੌਜ ਮੇਲੇ ਤੋਂ ਮਿਲਦੀ ਹੈ । ਉਹ ਸਭ ਕੁਝ ਭੁੱਲ ਚੁੱਕੇ ਸਨ ਇੱਥੋਂ ਤੱਕ ਕਿ ਲੜਾਈ ਵੀ । ਅਚਾਨਕ ਉਨ੍ਹਾਂ ਨੇ ਇਕ ਗਰਜਦੀ ਆਵਾਜ਼ ਸੁਣੀ ਅਤੇ ਉਨ੍ਹਾਂ ਦੇ ਪੈਰਾਂ ਹੇਠੋਂ ਧਰਤੀ ਹਿੱਲ ਗਈ । ਇਹ ਵੈਲੀਰੀਅਨ ਪਹਾੜੀ ਉੱਤੇ ਤੋਪ ਚਲੀ ਸੀ । ਮੌਰੀਸਟ ਨੇ ਉੱਪਰ ਧੂੰਏਂ ਦੀ ਇਕ ਲੀਕ ਵੇਖੀ ਜਿਸ ਦੇ ਪਿੱਛੋਂ ਕੁਝ ਚਿਰ ਬਾਅਦ ਹੋਰ ਧਮਾਕਾ ਹੋਇਆ । ਫੇਰ ਧਮਾਕੇ ਛੇਤੀ ਛੇਤੀ ਪੈਣ ਲੱਗੇ ।

"ਉਹ ਫੇਰ ਹਮਲਾ ਕਰ ਰਹੇ ਹਨ," ਸਾਉਵੇਜ਼ ਨੇ ਆਪਣੇ ਮੋਢੇ ਛੰਡਦੇ ਹੋਏ ਕਿਹਾ। ਮੌਰੀਸਟ ਜਿਹੜਾ ਸੁਭਾਵਿਕ ਤੌਰ ’ਤੇ ਸ਼ਾਂਤਮਈ ਸੀ, ਇਕਦਮ ਗ਼ੁੱਸੇ ਵਿੱਚ ਬੇਕਾਬੂ ਹੋ ਗਿਆ

"ਉਜੱਡ ਮੂਰਖ ਇਕ ਦੂਜੇ ਨੂੰ ਮਾਰਨ ਵਿੱਚ ਉਨ੍ਹਾਂ ਨੂੰ ਕੀ ਸੁਆਦ ਆਊ

“ਉਹ ਤਾਂ ਜਾਂਗਲੀਆਂ ਨਾਲੋਂ ਵੀ ਭੈੜੇ ਹਨ ।"

"ਜਿੰਨਾ ਚਿਰ ਸਰਕਾਰਾਂ ਰਹਿਣਗੀਆਂ ਇਹ ਕੁਝ ਹੁੰਦਾ ਰਹੇਗਾ ।"

"ਬੱਸ ਇਹ ਜ਼ਿੰਦਗੀ ਹੈ"

"ਤੇਰਾ ਭਾਵ ਹੈ ਮੌਤ "ਮੌਰੀਸਟ ਨੇ ਹੱਸਦੇ ਹੋਏ ਕਿਹਾ।

ਉਹ ਕਈ ਰਾਜਨੀਤਕ ਸਮੱਸਿਆਵਾਂ ’ਤੇ ਬਹਿਸ ਕਰਦੇ ਰਹੇ, ਜਦੋਂਕਿ ਵੈਲੀਰੀਅਰ ਪਹਾੜੀ ਉਤਲੀ ਤੋਪ ਫਰਾਂਸੀਸੀਆਂ ਨੂੰ ਮਾਰ ਅਤੇ ਉਜਾੜ ਰਹੀ ਸੀ ।

ਅਚਾਨਕ ਹੀ ਉਹ ਚੱਲ ਪਏ। ਉਨ੍ਹਾਂ ਨੇ ਆਪਣੇ ਪਿੱਛੇ ਕਦਮ ਚਾਲ ਸੁਣੀ ਉਨ੍ਹਾਂ ਨੇ ਮੁੜ ਕੇ ਦੇਖਿਆ ਕਾਲੀ ਵਰਦੀ ਪਹਿਨੀ ਚਾਰ ਵੱਡੇ ਅਕਾਰ ਦੇ ਮਨੁੱਖ ਉਨ੍ਹਾਂ ਵੱਲ ਰਫ਼ਲਾਂ ਸਿੰਨ੍ਹੀ ਖਲੋਤੇ ਸਨ । ਉਨ੍ਹਾਂ ਦੇ ਹੱਥੋਂ ਮੱਛੀਆਂ ਫੜਨ ਵਾਲੀਆਂ ਰੱਸੀਆਂ ਛੁੱਟ ਗਈਆਂ ਜੋ ਲਹਿਰ ਦੇ ਨਾਲ ਵਹਿ ਗਈਆਂ ।

ਕੁਝ ਪਲ਼ਾਂ ਵਿੱਚ ਹੀ ਪਰਸ਼ੀਅਨ ਸਿਪਾਹੀਆਂ ਨੇ ਉਨ੍ਹਾਂ ਨੂੰ ਬੰਨ੍ਹ ਕੇ ਕਿਸ਼ਤੀ ਵਿੱਚ ਸੁੱਟ ਲਿਆ ਅਤੇ ਪਰਲੇ ਪਾਰ ਟਾਪੂ ਵਿੱਚ ਚਲੇ ਗਏ ਜਿਸ ਨੂੰ ਸਾਡੇ ਦੋਸਤ ਉਜਾੜ ਹੀ ਸਮਝਦੇ ਸਨ । ਮਕਾਨ ਵਿੱਚ ਪਹੁੰਚਣ ’ਤੇ ਜਿੱਥੇ ਕਿ ਵੀਹ ਜਾਂ ਇਸ ਤੋਂ ਵੀ ਵੱਧ ਸਿਪਾਹੀ ਸਨ, ਉਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ, ਜਿੱਥੇ ਕਿ ਇਕ ਮੋਟਾ ਤਾਜ਼ਾ ਅਫ਼ਸਰ, ਕੁਰਸੀ ਉੱਤੇ ਲੱਤਾਂ ਪਸਾਰੀ ਬੈਠਾ ਸੀ ਵੱਡੀ

ਸਾਰੀ ਪਾਈਪ ਨਾਲ ਤਮਾਕੂ ਪੀ ਰਿਹਾ ਸੀ, ਜਿਸ ਨੇ ਸ਼ਾਨਦਾਰ ਫਰਾਂਸੀਸੀ ਵਿੱਚ ਉਨ੍ਹਾਂ ਨੂੰ ਕਿਹਾ "ਅੱਛਾ ਸੱਜਣੋ ਤੁਸੀਂ ਕਾਫ਼ੀ ਮੱਛੀਆਂ ਫੜ ਲਈਆਂ ।"

ਉਦੋਂ ਹੀ ਇਕ ਸਿਪਾਹੀ ਨੇ ਮੱਛੀਆਂ ਦਾ ਭਰਿਆ ਜਾਲ਼ ਉਸ ਦੇ ਪੈਰਾਂ ਵਿੱਚ ਰੱਖ ਦਿੱਤਾ ਜਿਹੜਾ ਉਹ ਪੂਰੀ ਸਾਵਧਾਨੀ ਨਾਲ ਆਪਣੇ ਨਾਲ ਲਿਆਇਆ ਸੀ। ਉਹ ਅਫ਼ਸਰ ਮੁਸਕਰਾਇਆ ਅਤੇ ਕਹਿਣ ਲੱਗਿਆ;

"ਅੱਛਾ ਤੁਸੀਂ ਕਾਫੀ ਮੱਛੀਆਂ ਫੜ ਲਈਆਂ ਪਰ ਹੁਣ ਅਸੀਂ ਗੱਲ ਬਦਲ ਲਈਏ । ਤੁਹਾਨੂੰ ਸਾਫ਼ ਜ਼ਾਹਿਰ ਹੈ ਕਿ ਤੁਹਾਨੂੰ ਮੇਰੀ ਜਾਸੂਸੀ ਕਰਨ ਭੇਜਿਆ ਹੈ ਤੁਸਾਂ ਮੇਰੀ ਸੂਹ ਕੱਢਣ ਲਈ ਬਹਾਨਾ ਕੀਤਾ ਹੈ । ਪਰ ਮੈਂ ਇੰਨਾ ਸਿੱਧਾ ਨਹੀਂ ਹਾਂ । ਮੈਂ ਤੁਹਾਨੂੰ ਫੜਿਆ ਹੈ ਤੇ ਗੋਲੀ ਮਾਰ ਸਕਦਾ ਹਾਂ । ਮੈਨੂੰ ਅਫ਼ਸੋਸ ਹੈ ਪਰ ਲੜਾਈ ਤਾਂ ਲੜਾਈ ਹੈ । ਜਦੋਂ ਤੁਸੀਂ ਅਗਾਊਂ ਟੁਕੜੀਆਂ ਤੋਂ ਲੰਘੇ ਹੋਵੇਗੇ ਤੁਹਾਨੂੰ ਜ਼ਰੂਰ ਗੁਪਤ ਬੋਲਾ ਦਿੱਤਾ ਗਿਆ ਹੋਵੇਗਾ, ਉਹ ਮੈਨੂੰ ਦਸ ਦਿਓ ਤਾਂ ਤੁਹਾਨੂੰ ਮੈਂ ਛੱਡ ਦੇਵਾਂਗਾ ।

ਦੋਵੇਂ ਦੋਸਤ ਪੀਲੇ ਭੂਕ ਹੋਏ ਥੋੜ੍ਹਾ ਥੋੜ੍ਹਾ ਕੰਬਦੇ ਹੋਏ ਨਾਲ ਨਾਲ ਖੜ੍ਹੇ ਰਹੇ, ਪਰ ਉਨ੍ਹਾਂ ਨੇ ਉੱਤਰ ਕੋਈ ਨਾ ਦਿੱਤਾ ।

ਕਦੇ ਕਿਸੇ ਨੂੰ ਇਸ ਦਾ ਪਤਾ ਨਹੀਂ ਤੁਸੀਂ ਚੁੱਪ ਚਾਪ ਘਰ ਚਲੇ ਜਾਵੋਗੇ ਅਤੇ ਇਹ ਭੇਦ ਤੁਹਾਡੇ ਨਾਲ ਹੀ ਖ਼ਤਮ ਹੋ ਜਾਵੇਗਾ । ਜੇ ਤੁਸੀਂ ਇਨਕਾਰ ਕਰੋਗੇ ਤਾਂ ਹੁਣ ਹੀ ਮੌਤ ਹੋਵੇਗੀ। ਚੋਣ ਕਰ ਲਵੋ ।"

ਉਹ ਚੁੱਪ ਚਾਪ ਅਹਿੱਲ ਰਹੇ ਪਰਸ਼ੀਅਨ ਅਫ਼ਸਰ ਨੇ ਦਰਿਆ ਵੱਲ ਇਸ਼ਾਰਾ ਕਰ ਦਿੱਤਾ।

"ਪੰਜ ਮਿੰਟਾਂ ਵਿੱਚ ਤੁਸੀਂ ਇਸ ਦਰਿਆ ਦੇ ਥੱਲੇ ਹੋਵੋਗੇ, ਤੁਹਾਡੇ ਪਰਿਵਾਰ ਤੁਹਾਡੇ ਦੋਸਤ ਤੁਹਾਨੂੰ ਉਡੀਕ ਰਹੇ ਹੋਣਗੇ ।

ਫੇਰ ਵੀ ਉਹ ਚੁੱਪ ਰਹੇ । ਤੋਪ ਲਗਾਤਾਰ ਗੜਗੜਾ ਰਹੀ ਸੀ । ਅਫ਼ਸਰ ਨੇ ਆਪਣੀ ਭਾਸ਼ਾ ਵਿੱਚ ਹੁਕਮ ਦਿੱਤਾ, ਅਤੇ ਫੇਰ ਕੈਦੀਆਂ ਵੱਲੋਂ ਆਪਣੀ ਕੁਰਸੀ ਪਰੇ ਕਰ ਲਈ। ਸਿਪਾਹੀਆਂ ਦੀ ਇਕ ਟੁਕੜੀ ਉਨ੍ਹਾਂ ਦੇ ਸਾਹਮਣੇ ਵੀਹ ਫੁੱਟ ਦੇ ਅੰਦਰ ਆਈ ਜੋ ਹੁਕਮ ਲਈ ਤਿਆਰ ਸੀ।

"ਮੈਂ ਤੁਹਾਨੂੰ ਇਕ ਮਿੰਟ ਦਿੰਦਾ ਹਾਂ, ਦੂਜਾ ਹੋਰ ਨਹੀਂ ਮਿਲੇਗਾ ।"

ਇਕਦਮ ਫਰਾਂਸੀਸੀਆਂ ਕੋਲ ਆ ਕੇ ਉਸ ਨੇ ਮੌਰੀਸਟ ਨੂੰ ਲਾਂਭੇ ਲਿਜਾ ਕੇ ਘੁਸਰ ਮੁਸਰ

ਕੀਤੀ ।

"ਛੇਤੀ ਕਰ ਗੁਪਤ ਬੋਲਾ ਦੱਸ ਦੇਹ ਤੇਰੇ ਦੋਸਤ ਨੂੰ ਪਤਾ ਨਹੀਂ ਲੱਗੇਗਾ ਉਹ ਸੋਚੇਗਾ ਸ਼ਾਇਦ ਮੈਂ ਆਪਣਾ ਮਨ ਬਦਲ ਲਿਆ ਹੈ "ਮੌਰੀਸਟ ਨੇ ਕੁਝ ਨਾ ਕਿਹਾ ।

ਫੇਰ ਸਾਉਵੇਜ਼ ਨੂੰ ਲਾਂਭੇ ਲਿਜਾ ਕੇ ਉਸ ਨੇ ਉਹੋ ਗੱਲ ਪੁੱਛੀ, ਪਰ ਉਹ ਵੀ ਚੁੱਪ ਰਿਹਾ। ਅਫ਼ਸਰ ਨੇ ਹੋਰ ਹੁਕਮ ਦਿੱਤਾ ਸਿਪਾਹੀਆਂ ਨੇ ਰਫ਼ਲਾਂ ਤਾਣ ਲਈਆਂ ਉਸ ਵੇਲੇ ਮੌਰੀਸਟ ਦੀਆਂ ਅੱਖਾਂ ਮੱਛੀਆਂ ਨਾਲ ਭਰੇ ਜਾਲ਼ 'ਤੇ ਟਿਕੀਆਂ ਰਹੀਆਂ ਜੋ ਉਨ੍ਹਾਂ ਤੋਂ ਕੁਝ ਫੁੱਟ ਦੂਰੀ 'ਤੇ ਪਿਆ ਸੀ । ਇਸ ਸਮੇਂ ਉਹ ਡਰ ਨਾਲ ਪੀਲਾ ਭੂਕ ਹੋ ਗਿਆ । ਭਾਵੇਂ ਉਨ੍ਹਾਂ ਨੇ ਇਸ ਵਿਰੁੱਧ ਸੰਘਰਸ਼ ਵੀ ਕੀਤਾ । ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ । ਫੇਰ ਆਪਣੇ ਦੋਸਤ ਵੱਲ ਮੁੜ ਕੇ ਕਿਹਾ :

"ਅਲਵਿਦਾ ਮਿਸਟਰ ਸਾਉਵੇਜ਼ ।"

"ਅਲਵਿਦਾ ਮਿਸਟਰ ਮੌਰੀਸਟ ।"

ਉਹ ਇਕ ਮਿੰਟ ਲਈ ਹੱਥ ਵਿੱਚ ਹੱਥ ਪਾਈ ਭਾਵੁਕਤਾ ਵਿੱਚ ਕੰਬਦੇ ਜਿਸ ਨੂੰ ਉਹ ਕਾਬੂ ਨਹੀਂ ਸਨ ਰੱਖ ਸਕਦੇ ਖਲੋਤੇ ਰਹੇ ।

"ਫਾਇਰ । "ਅਫ਼ਸਰ ਨੇ ਹੁਕਮ ਦਿੱਤਾ।

ਜੁਆਨਾਂ ਦੀ ਟੁਕੜੀ ਨੇ ਇਕ ਦਮ ਫਾਇਰ ਕਰ ਦਿੱਤਾ । ਸਾਉਵੇਜ਼ ਮੂਧੇ ਮੂੰਹ ਡਿੱਗਾ । ਮੌਰੀਸਟ ਜੋ ਲੰਬਾ ਸੀ, ਹਿੱਲਿਆ ਅਤੇ ਗੇੜਾ ਖਾ ਕੇ ਉਸ ਦੇ ਸਰੀਰ ਉੱਤੇ ਆਕਾਸ਼ ਵੱਲ ਮੂੰਹ ਕਰਕੇ ਡਿੱਗ ਪਿਆ; ਉਸ ਦੀ ਹਿੱਕ ਉੱਤੇ ਜ਼ਖ਼ਮ ਵਿੱਚੋਂ ਖ਼ੂਨ ਦੀਆਂ ਘਰਾਲ਼ਾਂ ਚੱਲ ਰਹੀਆਂ ਸਨ। ਅਫ਼ਸਰ ਨੇ ਹੋਰ ਹੁਕਮ ਦਿੱਤਾ ਅਤੇ ਉਸ ਦੇ ਆਦਮੀ ਚਲੇ ਗਏ । ਉਹ ਤੁਰੰਤ ਰੱਸੇ ਅਤੇ ਪੱਥਰ ਲੈ ਕੇ ਵਾਪਸ ਆ ਗਏ ਜਿਹੜੇ ਉਨ੍ਹਾਂ ਨੇ ਦੋ ਦੋਸਤਾਂ ਦੇ ਪੈਰਾਂ ਨਾਲ ਬੰਨ੍ਹ ਦਿੱਤੇ ਅਤੇ ਉਨ੍ਹਾਂ ਵਿੱਚੋਂ ਚਾਰ ਉਨ੍ਹਾਂ ਨੂੰ ਘਸੀਟ ਕੇ ਦਰਿਆ ਦੇ ਕਿਨਾਰੇ ਲੈ ਗਏ । ਉਨ੍ਹਾਂ ਨੇ ਉਛਾਲ ਕੇ ਉਨ੍ਹਾਂ ਨੂੰ ਜਿੱਥੇ ਤੱਕ ਸੁੱਟ ਸਕਦੇ ਸਨ ਦੂਰ ਸੁੱਟ ਦਿੱਤਾ। ਪੱਥਰਾਂ ਨਾਲ ਭਾਰੀ ਹੋਈਆਂ ਲਾਸ਼ਾਂ ਤੁਰੰਤ ਡੁੱਬ ਗਈਆਂ । ਇਕ ਆਵਾਜ਼ “ਗੜੂੰਮ” ਦੀ ਹੋਈ ਕੁਝ ਛੱਲ ਛੱਲ ਹੋਈ ਅਤੇ ਪਾਣੀ ਫੇਰ ਸ਼ਾਂਤ ਹੋ ਗਿਆ । ਸਿਰਫ਼ ਥੋੜ੍ਹਾ ਜਿਹਾ ਖ਼ੂਨ ਪਾਣੀ ਦੀ ਤਹਿ ਉੱਪਰ ਤਰਦਾ ਵੇਖਿਆ ਜਾ ਸਕਦਾ ਸੀ। ਉਹ ਅਫ਼ਸਰ ਬੁੜ ਬੁੜ ਕਰਦਾ ਮਕਾਨ ਵੱਲ ਮੁੜਿਆ:

"ਹੁਣੇ ਮਿਲਣਗੀਆਂ ਮੱਛੀਆਂ"।

ਉਸ ਨੇ ਮੱਛੀਆਂ ਦੇ ਭਰੇ ਜਾਲ ਵੱਲ ਦੇਖਿਆ; ਚੁੱਕਿਆ ਅਤੇ ਮੁਸਕਰਾ ਕੇ ਆਵਾਜ਼ ਦਿੱਤੀ" ਵਿਲਹੈਲਮ ।"

"ਸਫ਼ੈਦ ਐਪਰਨ ਵਾਲਾ ਇਕ ਸਿਪਾਹੀ ਕੋਲ ਆਇਆ ਅਫ਼ਸਰ ਨੇ ਇਹ ਕਹਿੰਦਿਆਂ ਮੱਛੀ ਉਸ ਦੇ ਹੱਥ ਵਿੱਚ ਦਿੱਤੀ:

"ਇਨ੍ਹਾਂ ਨੂੰ ਤੜਕ ਲੈ ਇਹ ਅਜੇ ਜੀਂਦੀਆ ਹੀ ਹਨ । ਇਨ੍ਹਾਂ ਦਾ ਬਹੁਤ ਸੁਆਦੀ ਖਾਣਾ ਬਣੇਗਾ ।"

ਅਤੇ ਮੁੜ ਕੁਰਸੀ ’ਤੇ ਬੈਠਦਿਆਂ ਉਸ ਨੇ ਪਾਈਪ ਦਾ ਸੂਟਾ ਲਿਆ।

# ਦੁਰਗਤੀ

ਦੋ ਜੁਆਨ ਔਰਤਾਂ ਇਵੇਂ ਦਿਸਦੀਆਂ ਹਨ ਜਿਵੇਂ ਉਹ ਫੁੱਲਾਂ ਵਿੱਚ ਦੱਬੀਆਂ ਹੋਣ। ਇਕ ਵੱਡੀ ਟੋਕਰੀ ਵਾਂਗ ਫੁੱਲਾਂ ਦੇ ਗੁਲਦਸਤਿਆਂ ਨਾਲ ਭਰੀ ਗੱਡੀ ਵਿੱਚ, ਇਕੱਲੀਆਂ ਸਨ। ਉਨ੍ਹਾਂ ਦੇ ਸਾਹਮਣੇ ਸੀਟ ਦੇ ਉੱਤੇ ਸੋਹਣੇ ਬਨਫ਼ਸ਼ੇ ਦੀਆਂ ਭਰੀਆਂ ਦੋ ਟੋਕਰੀਆਂ ਪਈਆਂ ਸਨ ਅਤੇ ਉਨ੍ਹਾਂ ਦੇ ਗੋਡਿਆਂ ਦੀ ਨੰਗੀ ਚਮੜੀ ’ਤੇ ਰਿਬਨਾਂ ਨਾਲ ਬੰਨੇ ਗੁਲਾਬ, ਗਲ-ਘੈਰਾ, ਡੇਜੀ, ਗਠਲ ਸੰਤਰੇ ਦੇ ਫੁੱਲਾਂ ਦੇ ਢੇਰ ਲੱਗੇ ਹੋਏ ਸਨ ਜੋ ਨਾਜ਼ੁਕ ਬਚਨਾਂ ਨੂੰ ਕੁਚਲਦੇ ਪ੍ਰਤੀਤ ਹੁੰਦੇ ਸਨ, ਪਸਰੀ ਹੋਈ ਸੁਗੰਧੀਆਂ ਭਰੀ ਸੇਜ ਵਿੱਚੋਂ ਸਿਰਫ਼ ਉਨ੍ਹਾਂ ਦੇ ਮੋਢੇ, ਬਾਂਹਾਂ ਅਤੇ ਅੰਗੀਆਂ ਹੀ ਦਿਸ ਦੀਆਂ ਸਨ ਜਿਨ੍ਹਾਂ ਵਿੱਚੋਂ, ਇਕ ਨੀਲੀ, ਅਤੇ ਇਕ ਹਲਕੀ ਗੁਲਾਬੀ ਸੀ ।

ਕੋਚਵਾਨ ਦੀ ਛੱਟੀ ਚਿੱਟੇ ਫੁੱਲਾਂ ਦੇ ਤੋੜੀਏ ਦੇ ਫੁੱਲਾਂ ਨਾਲ ਸਜਾਏ ਹੋਏ ਸਨ, ਮਿਆਨ ਨਾਲ ਢਕੀ ਹੋਈ ਸੀ, ਪਹੀਆਂ ਦੇ ਤੀਰਾਂ ਉੱਤੇ ਹਰਾ ਘੋੜਿਆਂ ਦੇ ਸਿਰ ਕੱਪੜਾ ਵਲੇਟਿਆ ਹੋਇਆ ਸੀ ਅਤੇ ਲਾਲਟੈਣ ਦੀ ਥਾਂ ਦੋ ਗੋਲ ਭੜਕੀਲੇ ਗੁਲਦਸਤੇ ਸਨ ਜਿਹੜੇ ਇਸ ਰੁੜ੍ਹਦੇ ਹੋਏ ਫੁੱਲਦਾਰ ਜਾਨਵਰ ਦੀਆਂ ਦੋ ਅੱਖਾਂ ਵਾਂਗ ਲਗਦੇ ਸਨ ।

ਗੱਡੀ ਐਟਲਸ ਦੀ ਗਲੀ ਵਿੱਚੋਂ ਚੁਸਤ ਤੇਜ਼ੀ ਨਾਲ ਜਾ ਰਹੀ ਜਿਸ ਦੇ ਅੱਗੇ ਪਿੱਛੇ ਨਾਲ, ਹਾਰਾਂ ਨਾਲ ਲੱਦੀਆਂ ਬਨਫ਼ਸ਼ੇ ਦੇ ਫੁੱਲਾਂ ਦੀ ਛੱਲ ਨਾਲ ਢਕੀਆਂ ਔਰਤਾਂ ਨਾਲ ਭਰੀਆਂ ਗੱਡੀਆਂ ਦੀ ਭੀੜ ਸੀ। ਕਿਉਂਕਿ ਅੱਜ ਕੇਨਸ ਵਿੱਚ ਫੁੱਲਾਂ ਦਾ ਤਿਉਹਾਰ ਹੈ।

ਉਹ ਫੋਨਸੀਅਰ ਬੋਲਵਰਡ ਪਹੁੰਚ ਗਏ ਜਿੱਥੇ ਲੜਾਈ ਆਰੰਭ ਹੁੰਦੀ ਹੈ। ਸਾਰੀ ਦੀ ਸਾਰੀ ਵੱਡੀ ਛਾਂ ਦਾਰ ਸੜਕ ਤੇ ਸਜੀ ਹੋਈ ਲਾਮ ਡੋਰੀ ਦੀ ਦੂਹਰੀ ਕਤਾਰ ਜਾ ਅਤੇ ਆ ਰਹੀ ਸੀ, ਜਿਵੇਂ ਕੋਈ ਅੰਤ ਰਹਿਤ ਰਿਬਨ ਹੈ। ਉਹ ਇਕ ਦੂਜੇ ਤੇ ਫੁੱਲ ਸੁੱਟ ਰਹੀਆਂ ਸਨ । ਫੁੱਲ ਅਕਾਸ਼ ਵਿੱਚ ਗੇਂਦ ਵਾਂਗ ਉੱਡ ਰਹੇ ਸਨ .ਉਨ੍ਹਾਂ ਚਿਹਰਿਆਂ ’ਤੇ ਲਗਦੇ ਚੱਕਰ ਲਾਉਂਦੇ ਅਤੇ ਮਿੱਟੀ ਵਿੱਚ ਡਿੱਗ ਪੈਂਦੇ ਜਿੱਥੇ ਮੁੰਡਿਆਂ ਦੀ ਫ਼ੌਜ ਉਨ੍ਹਾਂ ਨੂੰ ਚੁੱਕ ਲੈਂਦੀ ਸੀ।

ਇਕ ਸੰਘਣੀ ਭੀੜ, ਰੌਲਾ ਪਾਉਂਦੀ ਹੋਈ ਪਰ ਤਰਤੀਬ ਵਿੱਚ ਪਟੜੀਆਂ ਤੇ ਕਤਾਰਾਂ ਵਿੱਚ ਖੜੀ ਦੇਖ ਰਹੀ ਜਿਸ ਨੂੰ ਪੁਲਸ ਵਾਲੇ ਨੇ ਥਾਂ ਸਿਰ ਰੱਖਿਆ ਹੋਇਆ ਸੀ ਜੋ ਘੋੜੇ 'ਤੇ ਚੜ੍ਹਿਆ ਵਹਿਸ਼ੀ ਢੰਗ ਨਾਲ ਉਹਨਾਂ ਨੂੰ ਪੈਰਾਂ ਨਾਲ ਪਿੱਛੇ ਧੱਕਦਾ ਲੰਘ ਰਿਹਾ ਸੀ, ਤਾਂ ਜੋ ਗੁੰਡੇ ਸ਼ਰੀਫ਼ਜਾਦਿਆਂ ਨਾਲ ਨਾ ਰਲ਼ ਜਾਣ।

ਹੁਣ ਗੱਡੀਆਂ ਵਿੱਚ ਬੈਠੇ ਲੋਕ ਇਕ ਦੂਜੇ ਨੂੰ ਪਛਾਣਦੇ, ਇਕ ਦੂਜੇ ਨੂੰ ਬੁਲਾਉਂਦੇ ਅਤੇ ਗੁਲਾਬ ਦੇ ਫੁੱਲਾਂ ਦੀ ਬੰਬਾਰੀ ਕਰਦੇ। ਚੁੜੇਲਾਂ ਵਾਂਗ ਲਾਲ ਕੱਪੜੇ ਪਹਿਨੀਆਂ ਹੋਈਆਂ ਸੁੰਦਰ ਮੁਟਿਆਰਾਂ ਦੀ ਇਕ ਗੱਡੀ ਸਭ ਦੀਆਂ ਨਜ਼ਰਾਂ ਨੂੰ ਖਿੱਚਦੀ ਹੈ। ਇਕ ਸੱਜਣ ਜਿਸ ਦੀ ਸ਼ਕਲ ਹੈਨਰੀ ਚੌਥੇ ਦੇ ਚਿੱਤਰ ਨਾਲ ਮਿਲਦੀ ਜੁਲ਼ਦੀ ਹੈ ਬਾਰ ਬਾਰ ਖ਼ੁਸ਼ੀ ਭਰੇ ਜੋਸ਼ ਨਾਲ ਇਲਾਸਟਕ ਨਾਲ ਬੰਨ੍ਹਿਆ ਇਕ ਵੱਡਾ ਗੁਲਦਸਤਾ ਉਨ੍ਹਾਂ ਵੱਲ ਸੁੱਟਦਾ ਹੈ। ਸੱਟ ਦੇ ਡਰ ਨਾਲ ਔਰਤਾਂ ਆਪਣੇ ਸਿਰ ਨੀਵੇਂ ਕਰ ਲੈਂਦੀਆਂ ਅਤੇ ਅੱਖਾਂ ਲੁਕੋ ਲੈਂਦੀਆਂ, ਪਰ ਸੋਹਣਾ ਗੁਲੇਲਾ ਸਿਰਫ਼ ਵੱਲ ਪਾ ਕੇ ਆਪਣੇ ਮਾਲਕ ਕੋਲ ਆ ਜਾਂਦਾ, ਅਤੇ ਜੋ ਇਸ ਨੂੰ ਹੋਰ ਵਧੇਰੀ ਖ਼ੁਸ਼ੀ ਨਾਲ ਨਵੀਂ ਚਿਹਰੇ ਵੱਲ ਵਗਾਹ ਦਿੰਦਾ ਹੈ।

ਦੋ ਮੁਟਿਆਰਾਂ ਦੋਵੇਂ ਹੱਥ ਭਰ ਕੇ ਆਪਣਾ ਮੈਗਜ਼ੀਨ ਖ਼ਾਲੀ ਕਰ ਰਹੀਆਂ ਸਨ, ਅਤੇ ਗੁਲਦਸਤਿਆਂ ਦੀ ਬੁਛਾੜ ਉਨ੍ਹਾਂ 'ਤੇ ਹੋ ਰਹੀ ਸੀ ਤਾਂ ਇਕ ਘੰਟੇ ਦੀ ਲੜਾਈ ਤੋਂ ਪਿੱਛੋਂ ਆਖ਼ਿਰਕਾਰ ਥੋੜ੍ਹਾ ਜਿਹਾ ਥੱਕ ਕੇ, ਉਨ੍ਹਾਂ ਨੇ ਕੋਚਵਾਨ ਨੂੰ ਜੂਮਾਨ ਗਲਫ ਨੂੰ ਜਾਣ ਵਾਲੀ ਸੜਕ 'ਤੇ ਪੈਣ ਲਈ ਕਿਹਾ ਜੋ ਸਮੁੰਦਰ ਦੇ ਕਿਨਾਰੇ ਸੀ।

ਈਸਟਰੈਲ ਦੇ ਪਿੱਛੇ ਸੂਰਜ ਛੁਪ ਗਿਆ। ਅੱਗ ਦੇ ਚਿਤਰਪਟ 'ਤੇ ਫੈਲੇ ਹੋਏ ਪਹਾੜ ਲੰਮਾ ਕਾਲਾ ਨਕਸ਼ਾ ਉਲੀਕਿਆ ਗਿਆ ਸੀ। ਸ਼ਾਂਤ ਸਮੁੰਦਰ ਨੀਲਾ ਅਤੇ ਸਾਫ਼ ਦਿਸਹੱਦੇ ਤੱਕ ਫੈਲਿਆ ਹੋਇਆ ਸੀ ਜਿੱਥੇ ਇਹ ਅਕਾਸ਼ ਨਾਲ ਮਿਲ ਜਾਂਦਾ ਸੀ, ਅਤੇ ਖਾੜੀ ਵਿੱਚ ਲੰਗਰ ਸੁੱਟੀ ਖੜੇ ਫ਼ੌਜੀ ਦਸਤੇ ਮਿਲ ਕੇ ਬਹੁਤ ਵੱਡੇ ਜਾਨਵਰਾਂ ਦੀ ਡਾਰ ਵਾਂਗ ਦਿਸਦੇ ਸਨ ਜੋ ਪਾਣੀ ਉਪਰ ਅਹਿੱਲ ਖੜ੍ਹੇ ਸਨ, ਅਗੰਮੀ ਅਜਿਹੇ ਜਾਨਵਰ ਕੁੱਬੇ ਅਤੇ ਕਵੱਚ ਪਹਿਨੀ; ਕਲਗੀਆਂ ਪਤਲੇ ਖੰਭਿਆਂ ਵਾਲੀਆਂ ਟੋਪੀਆਂ ਪਹਿਨੀ ਅਤੇ ਉਨ੍ਹਾਂ ਅੱਖਾਂ ਵਾਲੇ ਜੋ ਰਾਤ ਪਈ ਤੋਂ ਜਾਗ ਪੈਂਦੀਆਂ ਹਨ। ਮੁਟਿਆਰਾਂ ਪਸ਼ਮੀਨੇ ਦੇ ਚੋਲ਼ਿਆਂ ਵਿੱਚ ਪਸਰੀਆਂ ਇਸ ਵੱਲ ਸੁਸਤੀ ਨਾਲ ਵੇਖ ਰਹੀਆਂ ਸਨ, ਆਖ਼ਿਰ ਉਨ੍ਹਾਂ ਵਿੱਚੋਂ ਇਕ ਨੇ ਕਿਹਾ।

"ਇਹ ਸ਼ਾਮਾਂ ਕਿੰਨੀਆਂ ਮਜ਼ੇਦਾਰ ਹਨ। ਹਰ ਚੀਜ਼ ਚੰਗੀ ਲੱਗ ਰਹੀ ਹੈ, ਕੀ ਠੀਕ ਨਹੀਂ ਮਾਰਗਟ"

ਦੂਜੀ ਨੇ ਉੱਤਰ ਦਿੱਤਾ “ਹਾਂ ਇਹ ਚੰਗੀ ਹੈ । ਪਰ ਸਦਾ ਕੋਈ ਘਾਟ ਜਿਹੀ ਲੱਗਦੀ ਰਹਿੰਦੀ ਹੈ ।"

"ਇਹ ਕੀ ਹੋ ਸਕਦਾ ਹੈ, ਜਿੱਥੋਂ ਤੱਕ ਮੇਰਾ ਸੰਬੰਧ ਹੈ ਮੈਂ ਪੂਰਨ ਤੌਰ ’ਤੇ ਖ਼ੁਸ਼ ਹਾਂ ਮੈਨੂੰ ਕਿਸੇ ਦੀ ਲੋੜ ਨਹੀਂ।"

"ਹਾਂ ਤੂੰ ਸ਼ਾਇਦ ਅਜਿਹਾ ਸੋਚਦੀ ਹੋਵੇਂ । ਪਰ ਸਾਡੇ ਸਰੀਰਾਂ ਦਾ ਚੌਗਿਰਦਾ ਭਾਵੇਂ ਕਿੰਨਾ ਹੀ ਚੰਗਾ ਹੋਵੇ ਪਰ ਫਿਰ ਵੀ ਅਸੀਂ ਹਿਰਦੇ ਲਈ ਸਦਾ ਕੁਝ ਹੋਰ ਚਾਹੁੰਦੇ ਹਾਂ ।

ਦੂਜੀ ਨੇ ਮੁਸਕਰਾ ਕੇ ਉੱਤਰ ਦਿੱਤਾ" ਇਕ ਥੋੜ੍ਹਾ ਜਿਹਾ ਪਿਆਰ ?"

ਉਹ ਚੁੱਪ ਸਨ ਅਤੇ ਸਾਹਮਣੇ ਦੇਖ ਰਹੀਆਂ ਸਨ; ਤਾਂ ਇਕ ਨੇ ਮਾਰਰਿਟ ਨੂੰ ਕਿਹਾ “ਉਸ ਬਿਨਾਂ ਮੈਨੂੰ ਜ਼ਿੰਦਗੀ ਸੁਖਾਵੀਂ ਨਹੀਂ ਲੱਗਦੀ। ਮੈਨੂੰ ਪਿਆਰ ਦੀ ਭੁਖ ਹੈ, ਭਾਵੇਂ ਕੁੱਤਾ ਕਿਉਂ ਨਾ ਕਰੇ। ਸਾਡੀ ਸਭ ਦੀ ਇਹੋ ਦਸ਼ਾ ਹੈ, ਤੇਰਾ ਕੀ ਖ਼ਿਆਲ ਹੈ ਸਾਈਮੋਨ”

"ਨਹੀਂ ਨਹੀਂ ਚੰਨੀ ਮੈਂ ਤਾਂ ਕਿਸੇ ਐਰੇ ਗੈਰੇ ਦੇ ਪਿਆਰ ਨਾਲੋਂ ਨਾ ਪਿਆਰੇ ਜਾਣ ਨੂੰ ਤਰਜੀਹ ਦੇਂਦੀ ਹਾਂ । ਤੇਰਾ ਕੀ ਖ਼ਿਆਲ ਹੈ ਮੇਰੇ ਲਈ ਉਸ ਦਾ ਪਿਆਰ ਠੀਕ ਰਹੇਗਾ ਜਿਵੇਂ ।

ਗੁਆਂਢ ਦੇ ਪੇਂਡੂ ਇਲਾਕੇ ਵਿੱਚ ਨਜ਼ਰਾਂ ਲਾ ਕੇ ਉਹ ਉਸ ਕਿਸੇ ਨੂੰ ਦੇਖਣ ਲੱਗੀ ਜਿਸ ਤੋਂ ਉਸ ਨੂੰ ਪਿਆਰੇ ਜਾਣ ਦੀ ਆਸ ਸੀ ਉਸ ਦੀਆਂ ਅੱਖਾਂ ਸਾਰੇ ਦਿਸਹੱਦੇ ਦਾ ਚੱਕਰ ਲੱਗਾ ਕੇ ਕੋਚਵਾਨ ਦੀ ਪਿੱਠ ’ਤੇ ਚਮਕਦੇ ਦੋ ਬਟਣਾਂ ’ਤੇ ਆ ਕੇ ਟਿਕ ਗਈਆਂ ਅਤੇ ਹੱਸਦਿਆਂ ਗੱਲ ਜਾਰੀ ਰੱਖੀ" ਮੇਰੇ ਕੋਚਵਾਨ ਤੋਂ" ਮਿਸ ਮਾਰਗੁਰਿਟ ਨੇ ਥੋੜ੍ਹਾ ਜਿਹਾ ਮੁਸਕਰਾ ਕੇ ਉੱਤਰ ਦਿੱਤਾ । "ਮੈਂ ਤੈਨੂੰ ਯਕੀਨ ਦਿਵਾ ਸਕਦੀ ਹਾਂ ਕਿ ਨੌਕਰ ਤੋਂ ਪਿਆਰੇ ਜਾਣ ਵਿੱਚ ਬਹੁਤ ਅਨੰਦ ਹੈ । ਮੇਰੇ ਨਾਲ ਦੋ ਤਿੰਨ ਵਾਰ ਅਜਿਹਾ ਹੋਇਆ ਹੈ । ਉਹ ਇੰਨਾ ਅਨੋਖੇ ਢੰਗ ਨਾਲ ਅੱਖਾਂ ਫੇਰਦੇ ਹਨ ਕਿ ਹੱਸ ਹੱਸ ਕੇ ਬੰਦਾ ਮਰ ਜਾਂਦਾ ਹੈ ਸੁਭਾਵਕ ਹੀ ਜਿੰਨੀ ਕੋਈ ਵੱਧ ਪਿਆਰੀ ਜਾਂਦੀ ਹੈ ਓਨੀ ਹੀ ਉਹ ਤੇਜ਼ ਹੋ ਜਾਂਦੀ ਹੈ। ਨਹੀਂ ਤਾਂ ਜੇਕਰ ਉਸ ਨੂੰ ਕੋਈ ਦੇਖ ਲਏ ਤਾਂ ਉਹ ਆਪਣੇ ਆਪ ਨੂੰ ਥੋੜ੍ਹੀ ਜਿਹੀ ਗੱਲ ’ਤੇ ਹਾਸੋ ਹੀਣਾ ਬਣਾ ਸਕਦੀ ਹੈ।"

ਸਾਈਮੋਨ, ਆਪਣੀਆਂ ਅੱਖਾਂ ਉਸ ਦੇ ਸਾਹਮਣੇ ਟਿਕਾਈ ਸੁਣਦੀ ਗਈ ਤਾਂ ਉਸ ਨੇ ਕਿਹਾ:

ਨਹੀਂ ਮੇਰੇ ਨੌਕਰ ਦਾ ਮੇਰੇ ਚਰਨਾਂ 'ਤੇ ਪਿਆ ਹਿਰਦਾ ਮੈਨੂੰ ਸੰਤੁਸ਼ਟੀ ਨਹੀਂ ਦੇ ਸਕਦਾ। ਪਰ ਤੂੰ ਮੈਨੂੰ ਦੱਸ ਕਿ ਤੈਨੂੰ ਇਹ ਪਤਾ ਕਿਵੇਂ ਲੱਗਿਆ ਕਿ ਉਹ ਤੈਨੂੰ ਪਿਆਰ ਕਰਦਾ ਹੈ।

"ਜਿਵੇਂ ਹੋਰ ਲੋਕਾਂ ਨੂੰ ਦੇਖ ਕੇ ਪਹਿਚਾਣ ਲੈਂਦੀ ਹਾਂ ਉਸੇ ਤਰ੍ਹਾਂ ਮੈਂ ਉਸ ਨੂੰ ਪਹਿਚਾਣ ਗਈ। ਇਹ ਲੋਕ ਕੁਝ ਮੂਰਖ ਹੋ ਜਾਂਦੇ ਹਨ।"

'ਪਰ ਮੈਨੂੰ ਹੋਰ ਲੋਕ ਇੰਨੇ ਮੂਰਖ ਨਹੀਂ ਲੱਗਦੇ ਜਦੋਂ ਉਹ ਪਿਆਰ ਕਰਦੇ ਹਨ।"

"ਪਿਆਰੀ ਇਹ ਲੋਕ ਪਹਿਲੇ ਦਰਜੇ ਦੇ ਮੂਰਖ ਹੁੰਦੇ ਹਨ, ਨਾ ਗੱਲਾਂ ਕਰ ਸਕਦੇ ਹਨ ਨਾ ਉੱਤਰ ਦੇ ਸਕਦੇ ਹਨ, ਨਾ ਕੁਝ ਸਮਝ ਸਕਦੇ ਹਨ।"

"ਅਤੇ ਤੂੰ ਤੇਰੇ ਉੱਤੇ ਨੌਕਰ ਦੇ ਪਿਆਰ ਕਰਨ ਦਾ ਕੀ ਅਸਰ ਹੋਇਆ ਕੀ ਤੂੰ ਨਰਮ ਹੋ ਗਈ ਜਾਂ ਖ਼ੁਸ਼ ਹੋ ਗਈ।"

"ਨਰਮ? ਨਹੀਂ। ਖ਼ੁਸ਼ ? ਹਾਂ ਥੋੜ੍ਹੀ ਜਿਹੀ।

ਹਰ ਇਸਤਰੀ ਆਦਮੀ ਦੇ ਪਿਆਰ ਕਰਨ 'ਤੇ ਖ਼ੁਸ਼ ਹੁੰਦੀ ਹੈ ਭਾਵੇਂ ਉਹ ਕੋਈ ਵੀ ਹੋਵੇ।"

"ਅੱਛਾ ਫੇਰ ਮਾਰਗਰਿਟ।"

"ਹਾਂ ਮੇਰੀ ਪਿਆਰੀ ਠਹਿਰੀ ਮੈਂ ਤੈਨੂੰ ਇਕ ਘਟਨਾ ਸੁਣਾਉਂਦੀ ਹਾਂ ਜੋ ਮੇਰੇ ਨਾਲ ਵਾਪਰੀ ਤੂੰ ਦੇਖੇਂਗੀ ਅਜਿਹੇ ਮਾਮਲਿਆਂ ਵਿੱਚ ਸਾਡੇ ਅੰਦਰ ਕਿੰਨੀਆਂ ਵਿਚਿਤਰ ਚੀਜ਼ਾਂ ਪੈਦਾ ਹੁੰਦੀਆਂ ਹਨ।"

ਚਾਰ ਸਾਲ ਪਹਿਲਾਂ ਬਸੰਤ ਰੁੱਤ ਵਿੱਚ ਮੇਰੇ ਕੋਲ ਨੌਕਰਾਣੀ ਕੋਈ ਨਹੀਂ ਰਹੀ। ਮੈਂ ਪੰਜ ਛੇ ਵੇਖੀਆਂ ਪਰ ਸਭ ਅਯੋਗ ਸਮਝੀਆਂ ਅਤੇ ਨੌਕਰਾਣੀ ਲੱਭਣ ਲਈ ਲਗਭਗ ਨਿਰਾਸਤਾ ਵਿੱਚ ਮੈਂ ਇਕ ਅਖ਼ਬਾਰ ਵਿੱਚ ਸਿਉਣਾ ਪ੍ਰੋਣਾ ਕਸੀਦਾ ਕੱਢਣਾ ਅਤੇ ਵਾਲ਼ ਬਣਾਉਣ ਜਾਣਦੀ ਇਕ ਜੁਆਨ ਕੁੜੀ ਦਾ ਇਸ਼ਤਿਹਾਰ ਪੜ੍ਹਿਆ ਜੋ ਨੌਕਰੀ ਦੀ ਭਾਲ਼ ਵਿੱਚ ਸੀ ਅਤੇ ਬਹੁਤ ਚੰਗੇ ਸਰਟੀਫੀਕੇਟ ਦਿਖਾ ਸਕਦੀ ਸੀ।

ਮੈਂ ਦਿੱਤੇ ਪਤੇ ਉੱਤੇ ਚਿੱਠੀ ਲਿਖੀ ਅਤੇ ਅਗਲੇ ਦਿਨ ਉਹ ਕੁੜੀ ਹਾਜ਼ਰ ਹੋ ਗਈ। ਉਹ ਬਹੁਤ ਲੰਮੀ, ਪਤਲੀ, ਕੁਝ ਪੀਲੀ ਜਿਹੀ ਡਰਪੋਕ ਇਸਤਰੀ ਲੱਗਦੀ ਸੀ। ਉਸ ਦੀਆਂ ਸੁੰਦਰ ਕਾਲੀਆਂ ਅੱਖਾਂ ਸਨ, ਮਨਮੋਹਣਾ ਰੰਗ, ਅਤੇ ਉਸ

ਨੇ ਮੈਨੂੰ ਤੁਰੰਤ ਹੀ ਖ਼ੁਸ਼ ਕਰ ਲਿਆ ਮੈਂ ਉਸ ਨੂੰ ਸਰਟੀਫਿਕੇਟ ਬਾਰੇ ਪੁੱਛਿਆ ਉਸ ਨੇ ਅੰਗਰੇਜ਼ੀ ਵਿੱਚ ਲਿਖਿਆ ਇਕ ਸਰਟੀਫਿਕੇਟ ਦਿੱਤਾ ਕਿਉਂਕਿ ਉਸ ਨੇ ਦੱਸਿਆ ਉਹ ਸ੍ਰੀਮਤੀ ਰਾਈਸਵੈਲ ਦੇ ਘਰੋਂ ਆਈ ਸੀ ਜਿੱਥੇ ਉਹ ਦਸ ਸਾਲਾਂ ਤੋਂ ਰਹਿ ਰਹੀ ਸੀ ।

ਸਰਟੀਫਿਕੇਟ ਵਿੱਚ ਲਿਖਿਆ ਹੋਇਆ ਸੀ ਕਿ ਉਹ ਲੜਕੀ ਆਪਣੀ ਇੱਛਾ ਨਾਲ ਫਰਾਂਸ ਮੁੜ ਰਹੀ ਹੈ ਅਤੇ ਉਸ ਦੇ ਲੰਮੇ ਸੇਵਾਕਾਲ ਵਿੱਚ ਸਿਵਾਏ ਉਸ ਦੀ ਫਰਾਂਸੀਸੀ ਚੋਚਲੇਬਾਜ਼ੀ ਦੇ ਹੋਰ ਕੋਈ ਸ਼ਿਕਾਇਤ ਨਹੀਂ ।

"ਅੰਗਰੇਜ਼ੀ ਮੁਹਾਵਰੇ ਦੇ ਇਸ ਸਾਧਾਰਨ ਮੋੜ ਉੱਤੇ ਮੈਂ ਜ਼ਰਾ ਕੁ ਮੁਸਕਰਾਈ ਅਤੇ ਮੈਂ ਉਸੇ ਵੱਲੋਂ ਉਸ ਨੂੰ ਨੌਕਰੀ ’ਤੇ ਰੱਖ ਲਿਆ। ਉਹ ਮੇਰੇ ਕੋਲ ਉਸੇ ਦਿਨ ਆ ਗਈ; ਉਸ ਨੇ ਆਪਣਾ ਨਾਉਂ ਰੋਜ਼ ਦੱਸਿਆ।

ਇਕ ਮਹੀਨਾ ਬੀਤਣ ਪਿੱਛੋਂ ਮੈਂ ਉਸ ਦੀ ਪ੍ਰਸ਼ੰਸਕ ਬਣ ਗਈ। ਉਹ ਇਕ ਖ਼ਜ਼ਾਨਾ ਸੀ, ਇਕ ਮੰਤਰੀ, ਇਕ ਅਨੋਖੀ ਇਸਤਰੀ ਸੀ ।"

"ਉਹ ਮੇਰੇ ਬਹੁਤ ਸੁੰਦਰ ਵਾਲ਼ ਬਣਾ ਸਕਦੀ ਸੀ ; ਉਹ ਟੱਪੀ ਤੋਂ ਫੀਤੇ ਨੂੰ ਪੇਸ਼ਾਵਰਾਂ ਵਾਲਿਆਂ ਨਾਲੋਂ ਵੀ ਚੰਗਾ ਟੁੰਗ ਸਕਦੀ ਸੀ ਅਤੇ ਫ੍ਰਾਕਾਂ ਵੀ ਬਣਾ ਲੈਂਦੀ ਸੀ । ਮੈਂ ਉਸ ਦੀ ਯੋਗਤਾ ’ਤੇ ਹੈਰਾਨ ਸੀ । ਪਹਿਲਾਂ ਮੇਰੀ ਕਦੇ ਇੰਨੀ ਚੰਗੀ ਸੇਵਾ ਨਹੀਂ ਹੋਈ ਸੀ ।

ਹੱਥਾਂ ਦੀ ਹੈਰਾਨੀਜਨਕ ਫੁਰਤੀ ਨਾਲ ਉਹ ਮੈਨੂੰ ਛੇਤੀ ਛੇਤੀ ਕੱਪੜੇ ਪਹਿਨਾ ਦਿੰਦੀ ਸੀ। ਉਸ ਦੀਆਂ ਉਂਗਲਾਂ ਨੇ ਮੇਰੇ ਸਰੀਰ ਨੂੰ ਕਦੀ ਛੂਹਿਆਂ ਨਹੀਂ ਅਤੇ ਮੈਨੂੰ ਨੌਕਰਾਣੀ ਦੇ ਹੱਥ ਦੀ ਛੂਹ ਤੋਂ ਵਧੇਰੇ ਬੁਰਾ ਕੁਝ ਮਹਿਸੂਸ ਨਹੀਂ ਹੁੰਦਾ। ਛੇਤੀ ਹੀ ਮੈਂ ਬਹੁਤ ਆਲਸੀ ਹੋ ਗਈ, ਉਸ ਦੇ ਹੱਥੋਂ ਮੈਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਅਤੇ ਚੋਲੀ ਤੋਂ ਲੈ ਕੇ ਦਸਤਾਨਿਆਂ ਤੱਕ ਕੱਪੜੇ ਪਹਿਨਣਾ ਮੈਨੂੰ ਬਹੁਤ ਚੰਗਾ ਲੱਗਦਾ ਉਹ ਲੰਬੀ ਅਤੇ ਡਰਾਕਲ ਲੜਕੀ ਸਦਾ ਕੁਝ ਕੁਝ ਸੰਗਦੀ ਰਹਿੰਦੀ ਅਤੇ ਬੋਲਦੀ ਕੁਝ ਵੀ ਨਾ ।

ਇਸ਼ਨਾਨ ਤੋਂ ਪਿੱਛੋਂ ਜਦੋਂ ਮੈਂ ਆਪਣੇ ਦੀਵਾਨ ਉੱਤੇ ਲੇਟਦੀ ਉਹ ਮੇਰੇ ਸਰੀਰ ’ਤੇ ਮਾਲਿਸ਼ ਕਰਦੀ ਅਤੇ ਦਬਾਉਂਦੀ ਅਤੇ ਸੱਚਮੁਚ ਮੈਂ ਮਾੜੇ ਹਾਲਤ ਵਿੱਚ ਉਸ ਨੂੰ ਨੌਕਰ ਦੀ ਥਾਂ ਸਹੇਲੀ ਸਮਝਦੀ ।

ਇਕ ਸਵੇਰ ਇਕ ਦਰਬਾਨ ਨੇ ਆ ਕੇ ਰਹੱਸ ਭਰੇ ਢੰਗ ਨਾਲ ਮੈਨੂੰ ਕਿਹਾ ਕਿ ਉਹ ਮੇਰੇ ਨਾਲ ਗੱਲ ਕਰਨੀ ਚਾਹੁੰਦਾ ਹੈ । ਮੈਂ ਹੈਰਾਨ ਹੋ ਗਈ ਪਰ ਉਸ ਨੂੰ

ਅੰਦਰ ਦਾਖ਼ਲ ਹੋਣ ਦਿੱਤਾ। ਉਹ ਇਕ ਸਿਪਾਹੀ ਸੀ ਅਤੇ ਕਿਸੇ ਵੇਲ਼ੇ ਮੇਰੇ ਪਤੀ ਦਾ ਅਰਦਲੀ ਰਹਿ ਚੁੱਕਿਆ ਸੀ ।

ਉਹ ਜੋ ਕੁਝ ਕਹਿਣਾ ਚਾਹੁੰਦਾ ਸੀ ਉਸ ਦੇ ਕਹਿਣ ਵਿੱਚ ਕੁਝ ਝਿਜਕ ਸੀ । ਆਖ਼ਿਰ ਉਸ ਨੇ ਥਥਲਾਉਂਦੇ ਹੋਏ ਕਿਹਾ "ਸ੍ਰੀਮਤੀ ਜੀ, ਇਸ ਜ਼ਿਲ੍ਹੇ ਦਾ ਪੁਲਿਸ ਕਪਤਾਨ ਹੇਠ ਖੜਿਆ ਹੈ ।"

"ਮੈਂ ਪੁੱਛਿਆ ਉਹ ਕੀ ਚਾਹੁੰਦਾ ਹੈ ?"

"ਉਹ ਘਰ ਦੀ ਤਲਾਸ਼ੀ ਕਰਨਾ ਚਾਹੁੰਦਾ ਹੈ ।"

"ਨਿਸ਼ਚੇ ਹੀ ਪੁਲਿਸ ਜ਼ਰੂਰੀ ਹੈ ਪਰ ਮੈਂ ਉਸ ਨੂੰ ਪਸੰਦ ਨਹੀਂ ਕਰਦੀ। ਮੈਂ ਇਸ ਨੂੰ ਸ਼ਰੀਫ ਪੇਸ਼ਾ ਨਹੀਂ ਮੰਨ ਸਕਦੀ । ਅਤੇ ਮੈਂ ਗ਼ੁੱਸੇ ਅਤੇ ਦੁਖੀ ਹੋ ਕੇ ਕਿਹਾ:

"ਇੱਥੇ ਤਲਾਸ਼ੀ ਕਿਉਂ ? ਕਿਸ ਮਤਲਬ ਲਈ ? ਇੱਥੇ ਕੋਈ ਲੁੱਟ ਮਾਰ ਨਹੀਂ ਹੋਈ?

ਉਸ ਨੇ ਉਤਰ ਦਿੱਤਾ:

"ਉਸ ਦਾ ਖ਼ਿਆਲ ਹੈ ਕਿ ਇਕ ਅਪਰਾਧੀ ਉੱਥੇ ਲੁਕਿਆ ਹੋਇਆ ਹੈ ।

"ਮੈਂ ਥੋੜ੍ਹਾ ਜਿਹਾ ਡਰਨ ਲੱਗੀ ਅਤੇ ਮੈਂ ਪੁਲਿਸੇ ਕਪਤਾਨ ਨੂੰ ਉੱਪਰ ਬੁਲਾਉਣ ਦੀ ਆਗਿਆ ਦਿੱਤੀ ਕਿ ਮੈਂ ਉਸ ਤੋਂ ਸਾਰੀ ਗੱਲ ਪੁੱਛਾਂ । ਉਹ ਚੰਗੇ ਘਰ ਦਾ ਸੀ ਅਤੇ ਉਸ ਦੀ ਪੁਸ਼ਾਕ ਉੱਤੇ ਲੀਜ਼ਨ ਆਫ਼ ਆਨਰ ਦਾ ਤਗ਼ਮਾ ਲੱਗਿਆ ਹੋਇਆ ਸੀ । ਉਸ ਨੇ ਖ਼ੁਦ ਮੁਆਫ਼ੀ ਮੰਗੀ ਅਤੇ ਮੈਨੂੰ ਨਿਸ਼ਚਾ ਦਿਵਾਇਆ ਕਿ ਮੇਰੇ ਨੌਕਰਾਂ ਵਿੱਚੋਂ ਇਕ ਨੌਕਰ ਅਪਰਾਧੀ ਸੀ ।"

"ਮੇਰੇ ਉੱਪਰ ਤਾਂ ਬਿਜਲੀ ਹੀ ਡਿੱਗ ਪਈ ਮੈਂ ਉੱਤਰ ਦਿੱਤਾ ਕਿ ਮੈਂ ਉਨ੍ਹਾਂ ਵਿੱਚੋਂ ਹਰ ਇਕ ਦੀ ਜ਼ਿੰਮੇਵਾਰੀ ਲੈ ਸਕਦੀ ਹਾਂ ਅਤੇ ਉਸ ਦੀ ਸੰਤੁਸ਼ਟੀ ਲਈ ਮੈਂ ਉਨ੍ਹਾਂ ਨੂੰ ਉਸ ਦੇ ਸਨਮੁਖ ਵੀ ਕਰ ਸਕਦੀ ਹਾਂ ।"

"ਮੇਰੇ ਕੋਲ ਇੱਥੇ ਇਕ ਪੁਰਾਣਾ ਸਿਪਾਹੀ ਪੀਟਰ ਕਾਰਟਿਨ ਹੈ ।"

ਇਹ ਉਹ ਨਹੀਂ ।"

"ਕੋਚਵਾਨ ਫਰਾਂਸਿਸ ਪਿੰਗਾਊ ਹੈ", ਮੇਰੇ ਪਿਤਾ ਦੇ ਖੇਤਾਂ ਵਿੱਚ ਕੰਮ ਕਰਨ ਵਾਲ ਕਿਰਸਾਣ ਦਾ ਪੁੱਤਰ ਹੈ।"

"ਇਹ ਉਹ ਨਹੀਂ ।

"ਅਸਤਬਲ ਵਿੱਚ ਕੰਮ ਕਰਨ ਵਾਲਾ ਸ਼ੈਂਪੇਨ ਦਾ ਇਕ ਲੜਕਾ ਹੈ, ਜੋ ਮੇਰੀ ਜਾਣ ਪਹਿਚਾਣ ਵਾਲੇ ਕਿਰਸਾਣਾ ਦਾ ਪੁੱਤਰ ਹੈ ਇਸ ਤੋਂ ਬਿਨਾਂ ਉਹ ਚੌਂਕੀਦਾਰ ਹੈ ਜੋ ਤੁਸੀਂ ਹੁਣੇ ਹੀ ਦੇਖਿਆ ਹੈ ।"

"ਉਨ੍ਹਾਂ ਸਾਰਿਆਂ ਵਿੱਚੋਂ ਵੀ ਕੋਈ ਨਹੀਂ ਸੀ ।"

"ਤਾਂ ਸਾਹਿਬ ਤੁਹਾਨੂੰ ਧੋਖਾ ਹੋਇਆ ਹੈ"

"ਮਾਫ਼ ਕਰਨਾ ਸ੍ਰੀਮਤੀ ਜੀ, ਮੈਨੂੰ ਯਕੀਨ ਹੈ ਕਿ ਮੇਰੇ ਨਾਲ ਧੋਖਾ ਨਹੀਂ ਹੋਇਆ। ਕਿਉਂਕਿ ਉਸ ਦੀ ਸੂਰਤ ਅਪਰਾਧੀਆਂ ਵਰਗੀ ਨਹੀਂ ਕੀ ਤੁਸੀਂ ਆਪਣੇ ਸਾਰੇ ਨੌਕਰਾਂ ਨੂੰ ਮੇਰੇ ਅਤੇ ਆਪਣੇ ਸਾਹਮਣੇ ਬੁਲਾਉਣ ਦੀ ਕਿਰਪਾ ਕਰੋਗੇ, ਸਾਰਿਆਂ ਨੂੰ ?"

"ਪਹਿਲਾਂ ਤਾਂ ਮੈਂ ਹਿਚਕਚਾਈ, ਫੇਰ ਮੰਨ ਗਈ ਅਤੇ ਆਵਾਜ਼ ਦੇ ਕੇ ਆਪਣੇ ਸਾਰੇ ਜਨਾਨੇ ਮਰਦਾਨੇ ਨੌਕਰਾਂ ਨੂੰ ਬੁਲਾਉਣ ਲੱਗੀ।

ਉਸ ਨੇ ਇਕ ਛਿਣ ਉਨ੍ਹਾਂ ਵੱਲ ਵੇਖ ਕੇ ਕਿਹਾ

"ਇਨ੍ਹਾਂ ਵਿੱਚੋਂ ਕੋਈ ਵੀ ਨਹੀਂ ਹੈ"

"ਮੁਆਫ਼ ਕਰੋ ਸ੍ਰੀਮਾਨ ਜੀ ਮੈਂ ਉੱਤਰ ਦਿੱਤਾ" ਮੇਰੀ ਨੌਕਰਾਣੀ ਤੋਂ ਬਿਨਾ ਜੋ ਕਿਸੇ ਤਰ੍ਹਾਂ ਵੀ ਮੁਜਰਿਮ ਨਹੀਂ ਹੋ ਸਕਦੀ ਬਾਕੀ ਸਾਰੇ ਇਹੋ ਹਨ ।

"ਉਸ ਨੇ ਪੁੱਛਿਆ" ਕੀ ਮੈਂ ਉਸ ਨੂੰ ਵੀ ਵੇਖ ਸਕਦਾ ਹਾਂ ?"

ਮੈਂ ਘੰਟੀ ਵਜਾਈ ਅਤੇ ਰੋਜ਼ ਤੁਰੰਤ ਹਾਜ਼ਰ ਹੋ ਗਈ । ਉਹ ਅਜੇ ਅੰਦਰ ਆਈ ਵੀ ਨਹੀਂ ਸੀ ਕਿ ਉਸ ਨੇ ਇਸ਼ਾਰਾ ਕੀਤਾ ਅਤੇ ਦੋ ਆਦਮੀ ਜੋ ਦਰਵਾਜ਼ੇ ਦੇ ਪਿੱਛੇ ਲੁਕੇ ਹੋਏ ਸਨ ਅਤੇ ਜਿਨ੍ਹਾਂ ਨੂੰ ਮੈਂ ਦੇਖ ਵੀ ਨਹੀਂ ਸਕੀ ਸੀ, ਉਸ ਦੇ ਹੱਥਾਂ ਨੂੰ ਫੜ ਕੇ ਉਸ ਨੂੰ ਰਸੀ ਨਾਲ ਬੰਨ੍ਹ ਲਿਆ ।

"ਮੈਂ ਕ੍ਰੋਧ ਵਿੱਚ ਚੀਕ ਮਾਰੀ, ਅਤੇ ਉਸ ਦੀ ਰੱਖਿਆ ਕਰਨ ਲਈ ਉੱਠ ਹੀ ਰਹੀ ਸੀ ਕਿ ਕਪਤਾਨ ਨੇ ਮੈਨੂੰ ਰੋਕ ਦਿੱਤਾ ;

"ਸ੍ਰੀਮਤੀ ਜੀ ਇਹ ਲੜਕੀ ਆਦਮੀ ਹੈ ਜੋ ਆਪਣਾ ਨਾਂ ਜੌਹਨ ਨਿਕੋਲਸ ਲੇਸਾ ਪੇਟ ਦੱਸਦਾ ਹੈ, ਅਤੇ ਜਿਸ ਨੂੰ ਹੱਤਿਆ ਦੇ ਦੋਸ਼ ਵਿੱਚ 1819 ਵਿੱਚ ਮੌਤ ਦੀ ਸਜ਼ਾ ਮਿਲੀ ਸੀ ਇਸ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਗਈ ।

ਇਹ ਚਾਰ ਮਹੀਨੇ ਪਹਿਲਾਂ ਭੱਜ ਨਿਕਲਿਆ ਸੀ, ਅਸੀਂ ਲੋਕ ਉਦੋਂ ਤੋਂ ਹੀ ਭਾਲ਼ ਕਰ ਰਹੇ ਹਾਂ।

"ਮੈਂ ਘਬਰਾ ਕੇ ਚੁੱਪ ਹੋ ਗਈ ਮੈਨੂੰ ਇਸ ਗੱਲ 'ਤੇ ਯਕੀਨ ਨਾ ਆਇਆ "ਪੁਲਿਸ ਮੈਨ ਨੇ ਹੱਸਦੇ ਹੋਏ ਗੱਲ ਜਾਰੀ ਰੱਖੀ।

"ਮੈਂ ਤੁਹਾਨੂੰ ਸਿਰਫ਼ ਇੱਕੋ ਸਬੂਤ ਦੇ ਸਕਦਾ ਹਾਂ ਉਸ ਦੀ ਸੱਜੀ ਬਾਂਹ ਉੱਤੇ ਬਿੰਦ ਖਟੋਲੇ ਪਾਏ ਹੋਏ ਹਨ ।

ਉਸ ਦੀ ਕਮੀਜ਼ ਦੀਆਂ ਬਾਂਹਾਂ ਮੋੜੀਆਂ ਗਈਆਂ ਅਤੇ ਇਹ ਸੱਚ ਸੀ । ਪੁਲਿਸਮੈਨ ਨੇ ਕੁਝ ਕੁੜੱਤਣ ਨਾਲ ਕਿਹਾ

"ਬੇਸ਼ੱਕ ਤੁਹਾਡੀ ਸੰਤੁਸ਼ਟੀ ਲਈ ਹੋਰ ਸਬੂਤਾਂ ਦੀ ਲੋੜ ਨਹੀਂ"

ਅਤੇ ਉਹ ਮੇਰੀ ਨੌਕਰਾਣੀ ਨੂੰ ਨਾਲ ਲੈ ਗਿਆ ।

ਜੇਕਰ ਤੁਸੀਂ ਵਿਸ਼ਵਾਸ ਕਰੋ ਉਸ ਵੇਲੇ ਮੇਰੇ ਅੰਦਰ ਜੋ ਸਭ ਤੋਂ ਵੱਧ ਭਾਵਨਾ ਸੀ ਉਹ ਸੀ

ਕ੍ਰੋਧ ਦੀ ਜੋ ਕਿ ਮੇਰੇ ਨਾਲ ਇਸ ਤਰੀਕੇ ਦਾ ਅਜਿਹਾ ਤਮਾਸ਼ਾ ਕੀਤਾ ਗਿਆ ਅਤੇ ਮੇਰਾ ਮੌਜੂ ਬਣਾਇਆ ਗਿਆ । ਉਸ ਤੋਂ ਕੱਪੜੇ ਪਵਾਏ ਜਾਣ ਤੇ ਲੁਹਾਏ ਜਾਣ ਤੇ ਸੇਵਾ ਸੰਭਾਲ਼ ਤੇ ਅੰਗ ਸਪਰਸ਼ ਹੋਣ ਤੇ, ਜਾਂ ਕੋਈ ਸ਼ਰਮ ਦੀ ਗੱਲ ਨਹੀਂ ਸੀ, ਪਰ ਇਹ ਇਸਤਰੀ ਜਾਤੀ ਦੀ ਬੇਇੱਜ਼ਤੀ ਸੀ । ਕੀ ਤੂੰ ਸਮਝਦੀ ਹੈਂ ? ਨਾਂ ਚੰਗੀ ਤਰ੍ਹਾਂ ਨਹੀਂ ।

"ਦੇਖੋ ਇਕ ਮਿੰਟ ਸੋਚੋ ਹਿੰਸਾਤਮਿਕ ਕਾਰਜਾਂ ਲਈ ਉਸ ਨੂੰ ਦੋਸ਼ੀ ਠਹਿਰਾਇਆ ਗਿਆ, ਇਹ ਨੌਜਵਾਨ ਅਤੇ ਉਸ ਨੇ ਮੈਨੂੰ ਜ਼ਲੀਲ ਕੀਤਾ ਕੀ ਹੁਣ ਸਮਝ ਗਈ ?"

ਅਤੇ ਮੈਡਮ ਸਿਮੋਨੇ ਨੇ ਉੱਤਰ ਨਾ ਦਿੱਤਾ ਉਹ ਆਪਣੇ ਸਾਹਮਣੇ ਨੌਕਰ ਦੀ ਵਰਦੀ ਦੇ ਦੋ ਬਟਨਾਂ ਵੱਲ ਆਪਣੇ ਹੇਠਾਂ ਉੱਤੇ ਦੈਵੀ ਮੁਸਕਾਨ ਨਾਲ ਦੇਖਦੀ ਰਹੀ ਜੋ ਕਦੇ ਕਦੇ ਇਸਤਰੀਆਂ ਦੇ ਚਿਹਰੇ ਉੱਤੇ ਆ ਜਾਂਦੀ ਹੈ ।

# ਮੇਰਾ ਅੰਕਲ ਸੋਸਥੇਨਜ਼

ਮੇਰਾ ਅੰਕਲ ਸੋਸਥੇਨਜ਼, ਹੋਰਨਾਂ ਵਾਂਗ, ਨਿਰੀ ਮੂਰਖਤਾ ਕਰਕੇ ਖੁੱਲ੍ਹ-ਖਿਆਲੀਆ ਸੀ; ਇਸੇ ਤਰ੍ਹਾਂ ਲੋਕ ਕਈ ਵਾਰ ਧਾਰਮਿਕ ਹੁੰਦੇ ਹਨ। ਪਾਦਰੀ ਦੀ ਕੇਵਲ ਇਕ ਝਲਕ ਹੀ ਉਸ ਨੂੰ ਲੋਹਾ-ਲਾਖਾ ਕਰ ਦਿੰਦੀ ਸੀ, ਉਹ ਆਪਣੀ ਮੁੱਠੀ ਹਿਲਾਉਂਦਾ, ਉਸ ਨੂੰ ਚਘੇ ਲਾਉਂਦਾ ਅਤੇ ਜਦੋਂ ਪਾਦਰੀ ਪਿੱਠ ਮੋੜਦਾ ਤਾਂ ਉਹ ਲੋਹੇ ਦੇ ਟੁਕੜੇ ਨੂੰ ਛੂੰਹਦਾ, ਇਕ ਗੱਲ ਨੂੰ ਭੁੱਲਦੇ ਹੋਏ ਕਿ ਉਸ ਦਾ ਅੰਤਲਾ ਕਾਰਜ ਭਾਵੇਂ ਕੁਝ ਵੀ ਹੋਵੇ, ਬੁਰੀ ਨਜ਼ਰ ਵਿੱਚ ਵਿਸ਼ਵਾਸ ਪ੍ਰਗਟਾਉਂਦਾ ਸੀ।

ਹੁਣ ਜਦੋਂਕਿ ਵਿਸ਼ਵਾਸ ਅਣਉੱਚਿਤ ਹੋਣ, ਸਾਨੂੰ ਸਾਰੇ ਹੀ ਮੰਨਣੇ ਚਾਹੀਦੇ ਹਨ ਜਾਂ ਬਿਲਕੁਲ ਨਹੀਂ ਮੰਨਣੇ ਚਾਹੀਦੇ। ਮੈਂ ਆਪ ਵੀ ਖੁੱਲ੍ਹ-ਖਿਆਲੀਆ ਹਾਂ, ਮੈਨੂੰ ਉਨ੍ਹਾਂ ਸਾਰੇ ਮੱਤਾਂ ਨਾਲ ਘ੍ਰਿਣਾ ਹੈ ਜਿਨ੍ਹਾਂ ਨੇ ਮੌਤ ਦੇ ਡਰ ਨੂੰ ਜਨਮ ਦਿੱਤਾ, ਪ੍ਰੰਤੂ ਮੈਨੂੰ ਉਪਾਸ਼ਨਾ ਦੀਆਂ ਥਾਵਾਂ ’ਤੇ ਕੋਈ ਗ਼ੁੱਸਾ ਨਹੀਂ ਆਉਂਦਾ ਭਾਵੇਂ ਉਹ ਕੈਥੋਲਿਕ ਰਸੂਲੀ, ਰੋਮਨ, ਪਰੋਟੇਸਟੈਂਟ, ਯੂਨਾਨੀ, ਰੂਸੀ ਬੋਧੀ ਯਹੂਦੀ ਜਾਂ ਮੁਸਲਮਾਨਾਂ ਦੀਆਂ ਹੋਣ। ਮੇਰਾ ਉਨ੍ਹਾਂ ਬਾਰੇ ਖ਼ਾਸ ਦ੍ਰਿਸ਼ਟੀਕੋਣ ਹੈ। ਉਪਾਸ਼ਨਾ ਦੀ ਥਾਂ ਆਦਮੀ ਵੱਲੋਂ “ਗਿਆਤ” ਨੂੰ ਅਰਪਿਤ ਕੀਤੀ ਸ਼ਰਧਾਂਜਲੀ ਨੂੰ ਪ੍ਰਗਟਾਉਂਦੀ ਹੈ। ਸਾਡੇ ਵਿਚਾਰ ਅਤੇ ਨਜ਼ਰੀਆ ਜਿਨ੍ਹਾਂ ਵੀ ਖੁੱਲ੍ਹਾ ਹੁੰਦਾ ਜਾਂਦਾ ਹੈ, "ਅਗਿਆਤ" ਉਨ੍ਹਾਂ ਹੀ ਘੱਟਦਾ ਜਾਂਦਾ ਹੈ ਫਲਸਰੂਪ ਉਪਾਸ਼ਨਾ ਦੀਆਂ ਹੋਰ ਥਾਂਵਾਂ ਨਸ਼ਟ ਹੁੰਦੀਆਂ ਜਾਣਗੀਆਂ। ਮੈਂ ਫਿਰ ਵੀ ਚਰਚ ਦੇ ਫ਼ਰਨੀਚਰ ਦੀ ਥਾਂ, ਕਥਾ-ਮੰਚਾਂ ਦੀ ਥਾਂ, ਪੜ੍ਹਨ ਦੇ ਡੈਸਕ, ਅਤੇ ਵੇਦੀ ਦੀ ਥਾਂ ਦੂਰਬੀਨਾਂ, ਖ਼ੁਰਦਬੀਨਾਂ ਅਤੇ ਬਿਜਲੀ ਦੀਆਂ ਮਸ਼ੀਨਾਂ ਲਾ ਦੇਵਾਂ, ਬੱਸ ਇਹੋ ਕੁਝ।

ਮੇਰੇ ਅਤੇ ਮੇਰੇ ਅੰਕਲ ਵਿਚਕਾਰ ਲਗਭਗ ਹਰ ਗੱਲ ’ਤੇ ਮਤਭੇਦ ਸੀ। ਉਸ ਦੇਸ਼ਭਗਤ ਸੀ ਜਦੋਂ ਕਿ ਮੈਂ ਨਹੀਂ ਸਾਂ ਕਿਉਂਕਿ ਕੁਝ ਵੀ ਹੋਵੇ, ਦੇਸ਼ ਭਗਤੀ

ਇਕ ਕਿਸਮ ਦਾ ਧਰਮ ਹੈ, ਇਹ ਇਕ ਅੰਡੇ ਸਮਾਨ ਹੈ ਜਿਸ ਵਿੱਚੋਂ ਜੰਗਾਂ ਨਿਕਲਦੀਆਂ ਹਨ।

ਮੇਰਾ ਅੰਕਲ ਇਕ ਫਰੀਮੇਸਨ ਸੀ, ਅਤੇ ਮੈਂ ਇਹ ਆਖਦਾ ਸਾਂ ਕਿ ਉਹ ਬੁੱਢੀਆਂ ਪੂਜਾਰਨਾਂ ਨਾਲੋਂ ਵੀ ਵੱਧ ਮੂਰਖ ਹਨ। ਇਹ ਮੇਰਾ ਵਿਚਾਰ ਹੈ ਅਤੇ ਮੈਂ ਇਸ ’ਤੇ ਵਿਸ਼ਵਾਸ ਕਰਦਾ ਹਾਂ; ਜੇ ਸਾਨੂੰ ਕੋਈ ਧਰਮ ਜ਼ਰੂਰ ਪਾਲਣਾ ਹੈ ਤਾਂ ਪੁਰਾਣਾ ਧਰਮ ਹੀ ਮੇਰੇ ਲਈ ਬਹੁਤ ਚੰਗਾ ਹੈ।

ਉਨ੍ਹਾਂ ਦਾ ਕੀ ਮਨੋਰਥ ਹੈ ? ਇਕ ਦੂਜੇ ਦੀਆਂ ਤਲੀਆਂ ਗੁਦਗੁਦਾ ਕੇ ਪਰਸਪਰ ਮੱਦਦ ਪ੍ਰਾਪਤ ਕਰਨੀ। ਮੈਨੂੰ ਇਸ ਵਿੱਚ ਕੋਈ ਨੁਕਸਾਨ ਨਹੀਂ ਵਿਖਾਈ ਦਿੰਦਾ, ਕਿਉਂਕਿ ਉਹ ਈਸਾਈ ਮੱਤ ’ਤੇ ਅਮਲ ਕਰਦੇ ਹਨ : “ਦੂਜਿਆਂ ਨਾਲ ਉਹੋ ਕੁਝ ਕਰੋ, ਜੋ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ "ਫ਼ਰਕ ਕੇਵਲ ਗੁਦਗਦਾਉਣ ਵਿੱਚ ਹੈ, ਪ੍ਰੰਤੂ ਇਸ ਵਿੱਚ ਕੋਈ ਸਿਆਣਪ ਨਹੀਂ ਕਿ ਇਕ ਗ਼ਰੀਬ ਸੰਤਾਨ ਨੂੰ ਅੱਧਾ ਕਰਾਉਣ ਦੇਣ ਬਾਰੇ ਏਨੀ ਖੱਪ ਪਾਓ।
ਮੇਰੀਆਂ ਸਾਰੀਆਂ ਦਲੀਲਾਂ ਸੰਬੰਧੀ ਮੇਰੇ ਅੰਕਲ ਦਾ ਇਹੋ ਉੱਤਰ ਹੁੰਦਾ।

"ਅਸੀਂ ਇਕ ਧਰਮ ਦੇ ਮੁਕਾਬਲੇ ’ਤੇ ਦੂਜਾ ਧਰਮ ਸ਼ੁਰੂ ਕਰ ਰਹੇ ਹਾਂ; ਖੁੱਲ੍ਹ ਖਿਆਲੀਏ ਪਾਦਰੀਪੁਣੇ ਨੂੰ ਮੁਕਾ ਦੇਣਗੇ। ਫਰੀਮੇਸ਼ਨਰੀ ਉਨ੍ਹਾਂ ਲੋਕਾਂ ਦਾ ਸਦਰ ਮੁਕਾਮ ਹੈ ਜੋ ਸਾਰੇ ਦੇਵਤਿਆਂ ਦਾ ਅੰਤ ਕਰ ਰਹੇ ਹਨ "।

ਬਹੁਤ ਅੱਛਾ, ਮੇਰੇ ਪਿਆਰੇ ਅੰਕਲ, "ਮੈਂ ਉੱਤਰ ਦਿੰਦਾ (ਆਪਣੇ ਦਿਲ ਵਿੱਚ ਮੈਂ ਇਹ ਕਹਿਣ ਦੀ ਇੱਛਾ ਕਰਦਾ "ਐ ਬੁੱਢੇ ਮੂਰਖ", ਇਹੋ ਹੀ ਗੱਲ ਹੈ ਜਿਸ ਲਈ ਮੈਂ ਤੁਹਾਨੂੰ ਦੱਸ ਦਿੰਦਾ ਹਾਂ। ਖ਼ਤਮ ਕਰਨ ਦੀ ਬਜਾਏ, ਤੁਸੀਂ ਮੁਕਾਬਲਾ ਸ਼ੁਰੂ ਕਰ ਰਹੇ ਹੋ; ਇਹ ਕੇਵਲ ਕਦਰ ਘਟਾਉਣ ਦਾ ਤਰੀਕਾ ਹੈ। ਅਤੇ ਫੇਰ, ਜੇ ਤੁਸੀਂ ਕੇਵਲ ਖੁੱਲ੍ਹੇ-ਖ਼ਿਆਲਾਂ ਵਾਲਿਆਂ ਨੂੰ ਆਪਣੇ ਵਿੱਚ ਦਾਖ਼ਲਾ ਦਿੰਦੇ ਹੋਵੋ ਤਾਂ ਮੈਂ ਸਮਝ ਸਕਦਾ ਹਾਂ, ਪ੍ਰੰਤੂ ਤੁਸੀਂ ਕਿਸੇ ਨੂੰ ਵੀ ਦਾਖ਼ਲ ਕਰ ਲੈਂਦੇ ਹੋ। ਤੁਹਾਡੇ ਵਿੱਚ ਕਾਫ਼ੀ ਕੈਥੋਲਿਕ ਹਨ, ਇੱਥੋਂ ਤੱਕ ਕਿ ਪਾਰਟੀ ਦੇ ਆਗੂ ਵੀ। ਪੀਅਸ IX ਵੀ ਪੋਪ ਬਣਨ ਤੋਂ ਪਹਿਲਾਂ ਤੁਹਾਡੇ ਵਿੱਚੋਂ ਹੀ ਇਕ ਸੀ। ਜੇ ਤੁਸੀਂ ਇਹੋ ਜਿਹੇ ਸੰਗਠਨ ਵਾਲੀ ਸੋਸਾਇਟੀ ਨੂੰ ਪਾਦਰੀਪੁਣੇ ਦੇ ਮੁਕਾਬਲੇ ’ਤੇ ਇਕ ਢੋਹ ਸਮਝਦੇ ਹੋ ਤਾਂ ਮੈਂ ਸਮਝਦਾ ਹਾਂ ਕਿ ਇਹ ਬਹੁਤ ਕਮਜ਼ੋਰ ਹੈ।"

ਮੇਰੇ ਪਿਆਰੇ ਲੜਕੇ “ਮੇਰਾ ਅੰਕਲ ਅੱਖ ਮੀਚ ਕੇ ਕਹਿੰਦਾ "ਸਾਡੇ ਸਭ ਤੋਂ ਵੱਡੇ ਕੰਮ ਰਾਜਨੀਤਿਕ ਹੁੰਦੇ ਹਨ; ਹੌਲੀ ਹੌਲੀ ਯਕੀਨੀ ਤੌਰ ’ਤੇ ਅਸੀਂ ਹਰ ਥਾਂ ’ਤੇ ਪਾਤਸ਼ਾਹਤ ਦੇ ਜ਼ਜਬੇ ਨੂੰ ਘਟਾ ਰਹੇ ਹਾਂ ।

ਤਾਂ ਮੈਂ ਕਿਹਾ "ਹਾਂ, ਤੁਸੀਂ ਬਹੁਤ ਚਲਾਕ ਹੋ ! ਜੇ ਤੁਸੀਂ ਮੈਨੂੰ ਕਹੋ ਕਿ ਫਰੀਮੇਸਨਰੀ ਇਕ ਚੋਣ ਯੰਤਰ ਹੈ, ਮੈਂ ਇਹ ਤੁਹਾਨੂੰ ਬਖ਼ਸ ਦਿਆਂਗਾ । ਮੈਂ ਇਹ ਮੰਨਣ ’ਤੇ ਕਦੇ ਵੀ ਇਨਕਾਰ ਨਹੀਂ ਕਰਾਂਗਾ ਕਿ ਇਹ ਸਾਰੇ ਖ਼ਿਆਲਾਂ ਵਾਲੇ ਉਮੀਦਵਾਰਾਂ ਨੂੰ ਵੱਸ ਕਰਨ ਲਈ ਵਰਤਿਆ ਜਾਂਦਾ ਹੈ ਜੇ ਤੁਸੀਂ ਕਹੋ ਕਿ ਇਹ ਕੇਵਲ ਲੋਕਾਂ ਨੂੰ ਧੋਖਾ ਦੇਣ, ਉਨ੍ਹਾਂ ਨੂੰ ਬੈਲਟ-ਬਕਸ ਤੱਕ ਉਸ ਤਰ੍ਹਾਂ ਲੈ ਜਾਣ ਲਈ, ਜਿਵੇਂ ਕਿ ਸਿਪਾਹੀਆਂ ਨੂੰ ਜੰਗ ਵਿੱਚ ਭੇਜਿਆ ਜਾਂਦਾ ਹੈ, ਤਾਂ ਮੈਂ ਤੁਹਾਡੇ ਨਾਲ ਸਹਿਮਤ ਹਾਂ; ਜੋ ਤੁਸੀਂ ਇਹ ਕਹੋ ਕਿ ਇਹ ਸਭ ਰਾਜਨੀਤਕ ਸੁਆਰਥਾਂ ਵਾਸਤੇ ਜ਼ਰੂਰੀ ਹੈ ਕਿਉਂਕਿ ਇਹ ਆਪਣੇ ਸਾਰੇ ਮੈਂਬਰਾਂ ਨੂੰ ਚੋਣ ਏਜੰਟਾਂ ਵਿੱਚ ਬਦਲ ਦਿੰਦਾ ਹੈ, ਤਾਂ ਮੈਨੂੰ ਇਹ ਕਹਿਣਾ ਚਾਹੀਦਾ ਹੈ, “ਇਹ ਗੱਲ ਸੂਰਜ ਦੀ ਤਰ੍ਹਾਂ ਸਾਫ਼ ਹੈ। " ਪ੍ਰੰਤੂ ਜਦੋਂ ਤੁਸੀਂ ਮੈਨੂੰ ਕਹੋ ਕਿ ਇਹ ਬਾਦਸ਼ਾਹੀ ਦੇ ਜ਼ਜਬੇ ਨੂੰ ਘਟਾਉਣ ਵਿੱਚ ਸਹਾਇਕ ਹੁੰਦਾ ਹੈ, ਤਾਂ ਮੈਂ ਤੁਹਾਡੇ ਸਾਹਮਣੇ ਕੇਵਲ ਹੱਸ ਸਕਦਾ ਹਾਂ।”

"ਜ਼ਰਾ ਉਸ ਵੱਡੀ ’ਤੇ ਲੋਕ-ਰਾਜੀ ਸੰਸਥਾ ਵੱਲ ਧਿਆਨ ਦਿਓ ਇਸ ਵਿੱਚ ਜਿਸਦਾ ਮਾਲਕ ਸ਼ਹਿਜਾਦਾ ਨੈਪੋਲੀਅਨ ਸੀ, ਜਿਸਦਾ ਕਿ ਜਰਮਨੀ ਵਿੱਚ ਵੱਡਾ ਮਾਲਕ ਟਿੱਕਾ ਰਾਜਾ ਸੀ, ਰੂਸ ਵਿੱਚ ਜ਼ਾਰ ਦਾ ਭਰਾ ਸੀ, ਅਤੇ ਜਿਨ੍ਹਾਂ ਨਾਲ ਪ੍ਰਿੰਸ ਆਫ਼ ਵੇਲਜ਼, ਅਤੇ ਰਾਜਾ ਹੰਬਰਟ ਅਤੇ ਲਗਭਗ ਦੁਨੀਆ ਦੇ ਸਾਰੇ ਸ਼ਾਹੀ ਖ਼ਾਨਦਾਨੀ ਆਦਮੀ ਸੰਬੰਧ ਰੱਖਦੇ ਸਨ ।"

ਤੁਸੀਂ ਬਿਲਕੁਲ ਠੀਕ ਹੋ, "ਮੇਰੇ ਅੰਕਲ ਨੇ ਕਿਹਾ; ਪ੍ਰੰਤੂ ਇਹ ਸਾਰੇ ਵਿਅਕਤੀ ਅਨਜਾਣੇ ਹੀ ਸਾਡੀ ਵਿਉਂਤ ’ਤੇ ਫੁੱਲ ਚੜ੍ਹਾ ਰਹੇ ਹਨ।”

ਮੇਰਾ ਉਸ ਨੂੰ ਇਹ ਕਹਿਣ ਨੂੰ ਦਿਲ ਕੀਤਾ ਕਿ ਉਹ ਸਭ ਊਟਪਟਾਂਗ ਮਾਰ ਰਿਹਾ ਹੈ। ਫੇਰ ਵੀ ਅੰਕਲ ਉਸ ਸਮੇਂ ਵੇਖਣਯੋਗ ਹੁੰਦਾ ਸੀ ਜਦੋਂਕਿ ਉਸ ਕੋਲ ਕੋਈ ਫਿਰੀਮੈਸਨ ਖਾਣੇ ’ਤੇ ਆਉਂਦਾ ।

ਮਿਲਣ ਵੇਲੇ ਬੜੇ ਹਾਸੋ ਹੀਣੇ ਤਰੀਕੇ ਨਾਲ ਹੱਥ ਮਿਲਾਉਂਦੇ, ਇਵੇਂ ਜਾਪਦਾ ਜਿਵੇਂ ਕਿ ਉਹ ਬੜੀਆਂ ਗੁੱਝੀਆਂ ਭੇਤ-ਭਰੀਆਂ ਗੱਲਾਂ ਕਰ ਰਹੇ ਹੋਣ । ਜਦੋਂ ਮੈਂ ਅੰਕਲ ਨੂੰ ਗ਼ੁੱਸਾ ਚੜ੍ਹਾਉਣਾ ਹੁੰਦਾ ਤਾਂ ਮੈਨੂੰ ਉਸ ਨੂੰ ਕੇਵਲ ਇਹੀ ਕਹਿਣਾ ਪੈਂਦਾ

ਕਿ ਕੁੱਤਿਆਂ ਦਾ ਤਰੀਕਾ ਵੀ ਇਹੋ ਜਿਹਾ ਹੈ ਜੋ ਫਿਰੀਮੈਸਨਰੀ ਨਾਲ ਬਿਲਕੁਲ ਮਿਲਦਾ ਜੁਲਦਾ ਹੈ, ਜਦੋਂ ਕਿ ਉਹ ਇਕ ਦੂਜੇ ਨੂੰ ਮਿਲਦੇ ਹਨ ।

ਫੇਰ ਮੇਰਾ ਅੰਕਲ ਆਪਣੇ ਮਿੱਤਰ ਨੂੰ ਕੁਝ ਜ਼ਰੂਰੀ ਗੱਲ ਦੱਸਣ ਲਈ ਇਕ ਕੋਨੇ ਵਿੱਚ ਲੈ ਜਾਂਦਾ, ਅਤੇ ਡਿਨਰ ਵੇਲੇ ਉਨ੍ਹਾਂ ਦਾ ਇਕ ਦੂਜੇ ਵੱਲ ਦੇਖਣ ਦਾ ਇਕ ਅਜੀਬ ਹੀ ਤਰੀਕਾ ਹੁੰਦਾ, ਅਤੇ ਇਕ ਦੂਜੇ ਵੱਲ ਦੇਖ ਕੇ ਇਵੇਂ ਸ਼ਰਾਬ ਪੀਂਦੇ ਜਿਵੇਂ ਕਿ ਕਹਿ ਰਹੇ ਹੋਣ, "ਅਸੀਂ ਇਸ ਬਾਰੇ ਸਭ ਕੁਝ ਜਾਣਦੇ ਹਾਂ, ਕੀ ਅਸੀਂ ਨਹੀਂ ਜਾਣਦੇ ?"

ਅਤੇ ਇਹ ਸੋਚਣਾ ਕਿ ਧਰਤੀ ਉੱਪਰ ਲੱਖਾਂ ਲੋਕ ਹਨ ਜੋ ਇਹੋ ਜਿਹੀਆਂ ਬੰਦਰ-ਹਰਕਤਾਂ ਵੇਖ ਕੇ ਖ਼ੁਸ਼ ਹੋਣਗੇ ! ਮੈਂ ਤੁਰੰਤ ਮਿਸ਼ਨਰੀ ।

ਹੁਣ ਸਾਡੇ ਸ਼ਹਿਰ ਵਿੱਚ ਵਾਸਤਵ ਵਿੱਚ ਇਕ ਬੁੱਢਾ ਮਿਸ਼ਨਰੀ ਰਹਿੰਦਾ ਜਿਸਨੂੰ ਕਿ ਮੇਰਾ ਅੰਕਲ ਨਫ਼ਰਤ ਕਰਦਾ ਸੀ । ਹਰ ਵਾਰੀ ਜਦੋਂ ਵੀ ਉਹ ਉਸ ਨੂੰ ਮਿਲਦਾ ਜਾਂ ਉਸ ਨੂੰ ਕੇਵਲ ਦੂਰੋਂ ਵੇਖਦਾ ਉਹ ਕਿਹਾ ਕਰਦਾ ਸੀ "ਚਲਾ ਜਾਂ ਕਮੀਨਾ," ਅਤੇ ਫੇਰ ਅਤੇ ਫੇਰ ਮੇਰੀ ਬਾਂਹ ਫੜਕੇ ਉਹ ਹੌਲੇ ਜਿਹੇ ਮੇਰੇ ਕੰਨ ਵਿੱਚ ਕਹਿੰਦਾ:

"ਵੇਖੋ, ਉਹ ਆਦਮੀ, ਮੈਨੂੰ ਯਕੀਨ ਹੈ, ਕਦੇ ਨਾ ਕਦੇ ਮੇਰੇ ਨਾਲ ਚਲਾਕੀ ਖੇਡੇਗਾ।"

"ਮੇਰੇ ਅੰਕਲ ਨੇ ਸੱਚ ਕਿਹਾ ਸੀ, ਅਤੇ ਮੇਰੀ ਗ਼ਲਤੀ ਨਾਲ ਵੀ, ਇਸੇ ਤਰ੍ਹਾਂ ਹੀ ਹੋਇਆ ਸੀ।

ਪਵਿੱਤਰ ਸਪਤਾਹ ਦੇ ਨੇੜੇ ਤੇੜੇ ਅਤੇ ਮੇਰੇ ਅੰਕਲ ਨੇ ਗੁੱਡ-ਫਰਾਈ ਡੇ ਵਾਲੇ ਦਿਨ ਇਕ ਚੰਗਾ ਡਿਨਰ ਆਪਣੀ ਮਨਪਸੰਦ ਸੂਰ ਦੀਆਂ ਆਂਦਰਾਂ ਅਤੇ ਹਲਵਾ ਸਮੇਤ, ਦੇਣ ਦਾ ਇਰਾਦਾ ਕੀਤਾ ਮੈਂ ਜਿੰਨਾ ਵਿਰੋਧ ਕਰ ਸਕਦਾ ਸੀ ਉਨ੍ਹਾਂ ਕੀਤਾ ਕਿਹਾ :-

"ਮੈਂ ਉਸ ਦਿਨ ਮੀਟ ਖਾਵਾਂਗਾ, ਪ੍ਰੰਤੂ ਘਰ ਵਿੱਚ, ਆਪਣੇ ਆਪ ਬਿਲਕੁਲ ਇਕੱਲੇ । ਤੁਹਾਡਾ ਵਿਖਾਵਾ, ਜਿਵੇਂ ਇਸ ਨੂੰ ਕਹਿੰਦੇ ਹੋ, ਇਕ ਮੂਰਖਪੁਣਾ ਹੈ, ਅਸੀਂ ਵਿਖਾਵਾ ਕਿਉਂ ਕਰੀਏ ? ਜੇ ਲੋਕ ਮੀਟ ਨਾ ਖਾਣ ਤਾਂ ਤੁਹਾਨੂੰ ਇਸ ਨਾਲ ਕੀ ਫ਼ਰਕ ਪੈਂਦਾ ਹੈ ?

ਪਰ ਮੇਰਾ ਅੰਕਲ ਰਾਜ਼ੀ ਨਾ ਹੋਇਆ । ਉਸ ਨੇ ਆਪਣੇ ਮਿੱਤਰਾਂ ਵਿੱਚੋਂ ਤਿੰਨਾਂ ਨੂੰ ਸ਼ਹਿਰਾਂ ਦੇ ਸਭ ਤੋਂ ਚੰਗੇ ਰੈਸਟੋਰੈਂਟ ਵਿੱਚ ਆਪਣੇ ਨਾਲ ਖਾਣੇ ਵਾਸਤੇ

ਬੁਲਾਇਆ, ਅਤੇ ਜਦ ਉਸ ਨੇ ਬਿਲ ਦੇਣਾ ਸੀ ਤਾਂ ਨਿਰਸੰਦੇਹ ਮੇਰੇ ਵਿੱਚ ਵਿਖਾਵੇ ਬਾਰੇ ਕੋਈ ਸੰਕੋਚ ਨਹੀਂ ਸੀ ।

ਚਾਰ ਵਜੇ ਅਸੀਂ ਸ਼ਹਿਰ ਦੇ ਰੈਸਟੋਰੈਂਟ ਵਿੱਚ ਇਕ ਉੱਘੀ ਥਾਂ ’ਤੇ ਬੈਠ ਗਏ, ਅਤੇ ਮੇਰੇ ਅੰਕਲ ਨੇ ਉੱਚੀ ਆਵਾਜ਼ ਵਿੱਚ ਖਾਣੇ ਲਈ ਛੇ ਵਜੇ ਦਾ ਆਰਡਰ ਕੀਤਾ ।

ਅਸੀਂ ਠੀਕ ਸਮੇਂ ਬੈਠ ਗਏ, ਅਤੇ ਦਸ ਵਜੇ ਵੀ ਅਜੇ ਅਸੀਂ ਖਾਣਾ ਨਹੀਂ ਸੀ ਖਾਧਾ। ਅਸੀਂ ਪੰਜਾਂ ਨੇ 18 ਬੋਤਲਾਂ ਚੰਗੀ ਕਿਸਮ ਦੀ ਸ਼ਰਾਬ ਅਤੇ 4 ਬੋਤਲਾਂ ਸ਼ੇਮਪੈਨ ਦੀਆਂ ਪੀਤੀਆਂ ਫੇਰ ਮੇਰੇ ਅੰਕਲ ਨੇ ਇਕ ਤਜਵੀਜ਼ ਪੇਸ਼ ਕੀਤੀ ਜਿਸ ਨੂੰ" ਆਰਚਬਿਸ਼ਪ ਦੀ ਚੁਸਤੀ ਕਹਿੰਦਾ ਸੀ । ਹਰ ਆਦਮੀ ਨੇ ਵੱਖੋ ਵੱਖਰੀ ਸ਼ਰਾਬ ਦੇ ਛੇ ਛੋਟੇ ਗਲਾਸ ਭਰ ਕੇ ਆਪਣੇ ਸਾਹਮਣੇ ਰੱਖੇ ਤੇ ਇਹ ਸਾਰੇ ਗਲਾਸ ਇਕ ਡੀਕ ਵਿੱਚ ਇਕ ਤੋਂ ਬਾਅਦ ਦੂਜ਼ਮ ਬਹਿਰੇ ਦੇ ਵੀਹ ਗਿਣਨ ਤੱਕ ਖ਼ਾਲੀ ਕਰਨੇ ਸਨ। ਇਹ ਬਹੁਤ ਮੂਰਖਤਾ ਦੀ ਗੱਲ ਸੀ, ਪ੍ਰੰਤੂ ਮੇਰਾ ਅੰਕਲ ਸੋਚਦਾ ਸੀ ਕਿ ਇਹ ਮੌਕੇ ’ਤੇ ਬਹੁਤ ਢੁੱਕਵੀਂ ਹੈ।

ਗਿਆਰਾਂ ਵਜੇ ਉਹ ਬਿਲਕੁਲ ਮਦਹੋਸ਼ ਸੀ । ਇਸ ਲਈ ਸਾਨੂੰ ਉਸ ਨੂੰ ਕੈਬ ਵਿੱਚ ਲਿਜਾ ਕੇ ਘਰ ਬਿਸਤਰੇ ’ਤੇ ਲਿਟਾਉਣਾ ਪਿਆ, ਅਤੇ ਇਹ ਸਾਫ਼ ਦਿਸਦਾ ਸੀ ਕਿ ਉਸ ਦਾ ਪਾਦਰੀਆਂ ਵਿਰੋਧੀ ਮੁਜ਼ਾਹਰਾ ਬਦਹਜ਼ਮੀ ਦੇ ਰੂਪ ਵਿੱਚ ਖ਼ਤਮ ਹੋਵੇਗਾ।

ਜਦੋਂ ਮੈਂ ਆਪ ਮਦਹੋਸ਼ ਹੋਇਆ, ਖ਼ੁਸ਼ੀ ਭਰੀ ਮਦ-ਮਸਤੀ ਨਾਲ ਜੋ ਕਿ ਮੇਰੀਆਂ ਸਾਰੀਆਂ ਅਸ਼ਰਧਾ ਦੀ ਖ਼ਾਹਿਸ਼ਾਂ ਨੂੰ ਪੂਰਾ ਕਰ ਰਹੀ ਸੀ, ਨਾਲ ਆਪਣੇ ਰਿਹਾਇਸ਼ ਸਥਾਨ ’ਤੇ ਵਾਪਸ ਜਾ ਰਿਹਾ ਸਾਂ ਤਾਂ ਮੈਨੂੰ ਇਕ ਖ਼ਿਆਲ ਸੁੱਝਿਆ ।

ਮੈਂ ਆਪਣੀ ਨਕਟਾਈ ਠੀਕ ਕੀਤੀ, ਦੁੱਖ ਭਰਿਆ ਮੂੰਹ ਬਣਾ ਕੇ ਬੁੱਢੇ ਮਿਸ਼ਨਰੀ ਦੇ ਦਰਵਾਜ਼ੇ ’ਤੇ ਗਿਆ ਤੇ ਜ਼ੋਰ ਦੀ ਘੰਟੀ ਵਜਾਈ । ਕਿਉਂਕਿ ਉਹ ਬੋਲਾ ਸੀ ਉਸ ਨੇ ਮੈਨੂੰ ਕਾਫ਼ੀ ਦੇਰ ਤੱਕ ਉਡੀਕ ਕਰਵਾਈ, ਅਤੇ ਅੰਤ ਵਿੱਚ ਉਹ ਸੂਤੀ ਨਾਈਟ-ਕੈਂਪ ਪਾਈ ਆਪਣੀ ਖਿੜਕੀ ਵਿੱਚ ਆ ਖੜ੍ਹਾ ਹੋਇਆ ਅਤੇ ਮੈਨੂੰ ਪੁੱਛਣ ਲੱਗਾ ਕਿ ਮੈਂ ਕੀ ਚਾਹੁੰਦਾ ਹਾਂ ।

ਮੈਂ ਬਹੁਤ ਉੱਚੀ ਚਿਲਾਇਆ:

"ਜਲਦੀ ਕਰੋ, ਸ੍ਰੀਮਾਨ ਜੀ ਅਤੇ ਦਰਵਾਜ਼ਾ ਖੋਲ੍ਹੋ; ਇਕ ਗ਼ਰੀਬ, ਨਿਰਾਸ, ਰੋਗੀ ਆਦਮੀ ਨੂੰ ਤੁਹਾਡੀ ਆਤਮਿਕ ਸਹਾਇਤਾ ਦੀ ਲੋੜ ਹੈ।”

ਚੰਗੇ ਦਿਆਲੂ, ਆਦਮੀ ਨੇ ਜਿੰਨਾ ਜਲਦੀ ਹੋ ਸਕਿਆ ਆਪਣਾ ਟਾਰਾਉਜ਼ਰ ਪਹਿਨਿਆ ਅਤੇ ਬਿਨਾ ਗਾਊਨ ਪਹਿਨੇ ਹੇਠਾਂ ਆ ਗਿਆ। ਮੈਂ ਉਸ ਨੂੰ ਸਾਹੋ ਸਾਹ ਆਵਾਜ਼ ਵਿੱਚ ਕਿਹਾ ਕਿ ਮੇਰਾ ਅੰਕਲ, ਖੁੱਲ੍ਹ-ਖਿਆਲੀਆ ਅਚਾਨਕ ਬਿਮਾਰ ਹੋ ਗਿਆ ਹੈ। ਇਸ ਦੇ ਵੱਧ ਜਾਣ ਦੇ ਡਰ ਕਰ ਕੇ ਉਸ ਨੂੰ ਅਚਾਨਕ ਮੌਤ ਦਾ ਡਰ ਲੱਗ ਗਿਆ ਸੀ ਅਤੇ ਉਹ ਇਕ ਪਾਦਰੀ ਨੂੰ ਮਿਲਣਾ ਅਤੇ ਉਸ ਨਾਲ ਗੱਲ ਕਰਨਾ ਚਾਹੁੰਦਾ ਸੀ, ਉਸ ਦੀ ਨਸੀਹਤ ਅਤੇ ਦਿਲਾਸਾ ਲੈ ਕੇ ਚਰਚ ਨਾਲ ਗੰਢ ਪਾਉਣੀ ਅਤੇ ਕੁਝ ਇਜ਼ਹਾਰ ਕਰਨਾ ਚਾਹੁੰਦਾ ਹੈ ਤਾਂ ਜੋ ਉਹ ਇਹ ਡਰਾਉਣਾ ਰਸਤਾ ਆਪਣੇ ਆਪ ਸ਼ਾਂਤੀ ਨਾਲ ਪਾਰ ਕਰਨ ਦੇ ਕਾਬਲ ਹੋ ਜਾਵੇ; ਅਤੇ ਮੈਂ ਮਜ਼ਾਕੀਆ ਲਹਿਜ਼ੇ ਨਾਲ ਕਿਹਾ : ਹਰ ਕੀਮਤ ’ਤੇ, ਉਹ ਇਹ ਚਾਹੁੰਦਾ ਹੈ ਅਤੇ ਜੇ ਇਸ ਨਾਲ ਉਸ ਦਾ ਕੁਝ ਭਲਾ ਨਾ ਵੀ ਹੋਇਆ ਤਾਂ ਇਸ ਨਾਲ ਨੁਕਸਾਨ ਨਹੀਂ ਹੋ ਸਕਦਾ,"

ਬੁੱਢੇ ਮਿਸ਼ਨਰੀ ਨੂੰ ਜੋ ਹੈਰਾਨ, ਪ੍ਰਸੰਨ ਅਤੇ ਤਕਰੀਬਨ ਕੰਬ ਰਿਹਾ ਸੀ, ਮੈਨੂੰ ਕਿਹਾ:

"ਇਕ ਪਲ ਠਹਿਰੋ, ਮੇਰੇ ਪੁੱਤਰ, ਮੈਂ ਤੁਹਾਡੇ ਨਾਲ ਜਾਵਾਂਗਾ। ਪ੍ਰੰਤੂ ਮੈਂ ਉੱਤਰ ਦਿੱਤਾ," ਮੈਨੂੰ ਮਾਫ਼ ਕਰਨਾ, ਬਾਪੂ ਮੈਂ ਤੁਹਾਡੇ ਨਾਲ ਨਹੀਂ ਜਾ ਸਕਦਾ ਮੇਰਾ ਅਕੀਦਾ ਮੈਨੂੰ ਤੁਹਾਡੇ ਨਾਲ ਜਾਣ ਦੀ ਆਗਿਆ ਨਹੀਂ ਦਿੰਦਾ। ਮੈਂ ਇੱਥੇ ਆਉਣ ਲਈ ਅਤੇ ਤੁਹਾਨੂੰ ਲਿਜਾਣ ਤੋਂ ਵੀ ਇਨਕਾਰ ਕੀਤਾ ਸੀ, ਇਸ ਲਈ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇਹ ਨਾ ਕਹਿਣਾ ਕਿ ਤੁਸੀਂ ਮੈਨੂੰ ਵੇਖਿਆ ਸੀ, ਪ੍ਰੰਤੂ ਇਹ ਜ਼ਾਹਿਰ ਕਰਨਾ ਕਿ ਤੁਹਾਡਾ ਮੱਥਾ ਠਣਕਿਆ ਸੀ, ਅਤੇ ਇਕ ਤਰ੍ਹਾਂ ਉਸ ਦੀ ਬਿਮਾਰੀ ਦਾ ਪਹਿਲਾਂ ਹੀ ਪਤਾ ਲੱਗ ਗਿਆ ਸੀ।"

ਪਾਦਰੀ ਮੰਨ ਗਿਆ ਅਤੇ ਜਲਦੀ ਹੀ ਚਲਾ ਗਿਆ, ਉਸ ਨੇ ਮੇਰੇ ਅੰਕਲ ਦਾ ਦਰਵਾਜ਼ਾ ਖਟਖਟਾਇਆ, ਜਲਦੀ ਹੀ ਉਸ ਨੂੰ ਅੰਦਰ ਲਿਜਾਇਆ ਗਿਆ, ਅਤੇ ਮੈਂ ਕਾਲੇ ਗਾਊ ਨੂੰ ਖੁੱਲ੍ਹੇ-ਖਿਆਲੇ ਦੇ ਮਜ਼ਬੂਤ ਦਾਇਰੇ ਵਿੱਚ ਜਾਂਦਾ ਵੇਖਿਆ।

ਮੈਂ ਘਟਨਾਵਾਂ ਨੂੰ ਵੇਖਣ ਲਈ ਨਾਲ ਘਰ ਦੇ ਦਰਵਾਜ਼ੇ ਪਿੱਛੇ ਛੁੱਪ ਗਿਆ। ਜੇਕਰ ਮੇਰਾ ਅੰਕਲ ਠੀਕ ਹੁੰਦਾ, ਤਾਂ ਉਹ ਮਿਸ਼ਨਰੀ ਨੂੰ ਅੱਧਮੋਇਆ ਕਰ

ਦਿੱਤਾ, ਪਰ ਮੈਂ ਜਾਣਦਾ ਸਾਂ ਕਿ ਉਹ ਮੁਸ਼ਕਿਲ ਨਾਲ ਹਿੱਲ ਸਕੇਗਾ, ਅਤੇ ਮੈਂ ਆਪਣੇ ਆਪ ਨੂੰ, ਖ਼ੁਸ਼ ਹੁੰਦੇ ਹੋਏ ਪੁੱਛਿਆ ਕਿ ਇਨ੍ਹਾਂ ਦੋਹਾਂ ਦੁਸ਼ਮਣਾਂ ਵਿਚਾਲੇ ਕਿਹੋ ਜਿਹਾ ਦ੍ਰਿਸ਼ ਪੈਦਾ ਹੋ ਰਿਹਾ ਹੋਵੇਗਾ-ਕੀ ਵਿਆਖਿਆ ਦਿੱਤੀ ਜਾਵੇਗੀ ਅਤੇ ਇਸ ਹਾਲਤ ਦਾ ਵਿਸ਼ਾ ਕੀ ਹੋਵੇਗਾ, ਜਿਸ ਨੂੰ ਮੇਰੇ ਅੰਕਲ ਦਾ ਗ਼ੁੱਸਾ ਹੋਰ ਵੀ ਦੁਖਾਂਤਕ ਬਣਾ ਦੇਵੇਗਾ।

ਹੱਸ ਹੱਸ ਕੇ ਮੇਰੀਆਂ ਵੱਖੀਆਂ ਵਿੱਚ ਵੱਟ ਪੈ ਗਏ ਅਤੇ ਮੈਂ ਆਪਣੇ ਆਪ ਵਿੱਚ ਥੋੜ੍ਹੀ ਉੱਚੀ ਜਿਹੀ ਕਿਹਾ" ਉਹ ਕਿੰਨਾ ਵਧੀਆ ਮਖ਼ੌਲ ! ਕਿੰਨਾ ਵਧੀਆ ਮਖ਼ੌਲ! "

ਠੰਢ ਬਹੁਤ ਹੋ ਰਹੀ ਸੀ ਮੈਂ ਦੇਖਿਆ ਕਿ ਮਿਸ਼ਨਰੀ ਨੂੰ ਅੰਦਰ ਗਿਆਂ ਕਾਫ਼ੀ ਦੇਰ ਹੋ ਗਈ ਸੀ ਅਤੇ ਸੋਚਿਆ “ਉਹ ਇਕ ਦੂਜੇ ਨੂੰ ਆਪਣੀ ਗੱਲ ਸਮਝਾ ਰਹੇ ਹੋਣਗੇ ।"

ਇਕ, ਦੋ, ਤਿੰਨ ਘੰਟੇ ਲੰਘ ਗਏ, ਅਤੇ ਅਜੇ ਵੀ ਬਜ਼ੁਰਗ ਬਾਹਰ ਨਹੀਂ ਆਇਆ ਸੀ । ਕੀ ਹੋ ਗਿਆ ਸੀ ? ਕੀ ਮੇਰਾ ਅੰਕਲ ਉਸ ਨੂੰ ਦੇਖ ਕੇ ਮਰ ਗਿਆ ਹੈ ਜਾਂ ਉਸ ਨੇ ਚੋਗੇ ਵਾਲੇ ਭੱਦਰ ਪੁਰਸ਼ ਨੂੰ ਮਾਰ ਦਿੱਤਾ ਹੈ ? ਪਿਛਲੀ ਗੱਲ ਦੀ ਸੰਭਾਵਨਾ ਬਹੁਤ ਘੱਟ ਹੈ, ਕਿਉਂਕਿ ਮੇਰਾ ਖ਼ਿਆਲ ਸੀ ਕਿ ਮੇਰਾ ਅੰਕਲ ਉਸ ਪਲ ਇਕ ਹੋਰ ਦਾਣਾ ਵੀ ਖਾਣ ਦੇ ਬਿਲਕੁਲ ਯੋਗ ਨਹੀਂ ਸੀ ।

ਅਖੀਰ ਦਿਨ ਚੜ੍ਹ ਗਿਆ । ਮੈਂ ਬੜਾ ਬੇਆਰਾਮ ਸੀ, ਅਤੇ ਘਰ ਅੰਦਰ ਆਪ ਜਾਣ ਦੀ ਕੋਸਿਸ਼ ਨਾ ਕਰਦੇ ਹੋਏ, ਮੈਂ ਸਾਹਮਣੇ ਰਹਿੰਦੇ ਇਕ ਮਿੱਤਰ ਵੱਲ ਚਲਾ ਗਿਆ, ਮੈਂ ਉਸ ਨੂੰ ਉਠਾਇਆ, ਮਾਮਲਾ ਉਸ ਨੂੰ ਸਮਝਾਇਆ ਅਤੇ ਉਹ ਬਹੁਤ ਖ਼ੁਸ਼ ਤੇ ਹੈਰਾਨ ਹੋ ਗਿਆ ਅਤੇ ਮੈਂ ਉਸ ਦੀ ਖਿੜਕੀ ਵਿੱਚ ਜਾ ਬੈਠਾ।

ਨੌਂ ਵਜੇ ਉਸ ਨੇ ਮੈਨੂੰ ਛੱਡਿਆ ਅਤੇ ਮੈਂ ਥੋੜ੍ਹੀ ਨੀਂਦ ਲਈ । ਦੋ ਵਜੇ ਮੈਂ ਆਪਣੀ ਵਾਰੀ ਸਿਰ ਉਸ ਦੀ ਥਾਂ ਜਾ ਬੈਠਾ । ਅਸੀਂ ਬਹੁਤ ਹੀ ਹੈਰਾਨ ਸਾਂ ।

ਛੇ ਵਜੇ ਮਿਸ਼ਨਰੀ ਬਾਹਰ ਨਿਕਲਿਆ ਉਸ ਦੇ ਚਿਹਰੇ ’ਤੇ ਖ਼ੁਸ਼ੀ ਅਤੇ ਤਸੱਲੀ ਸੀ ਅਤੇ ਅਸੀਂ ਉਸ ਨੂੰ ਆਰਾਮ ਨਾਲ ਜਾਂਦਾ ਵੇਖਿਆ।

ਫੇਰ ਸਹਿਮਦੇ ਹੋਏ ਤੇ ਸ਼ਰਮ ਨਾਲ ਮੈਂ ਗਿਆ ਅਤੇ ਆਪਣੇ ਅੰਕਲ ਦੇ ਦਰਵਾਜ਼ੇ ਨੂੰ ਖੜਕਾਇਆ । ਜਦੋਂ ਨੌਕਰ ਨੇ ਦਰਵਾਜ਼ਾ ਖੋਲ੍ਹਿਆ ਤਾਂ ਮੈਂ ਉਸ ਨੂੰ ਕੋਈ ਸੁਆਲ ਪੁੱਛਣ ਦਾ ਹੌਸਲਾ ਨਾ ਕੀਤਾ ਪ੍ਰੰਤੂ ਕੋਈ ਸ਼ਬਦ ਕਹੇ ਬਿਨਾਂ ਉੱਪਰ ਚਲਾ ਗਿਆ ।

ਮੇਰਾ ਅੰਕਲ ਪੀਲਾ ਹੋਇਆ, ਥੱਕਿਆ, ਨਿਰਾਸ, ਗ਼ਮਗੀਨ ਨਜ਼ਰਾਂ ਅਤੇ ਭਾਰੀ ਬਹਾਵਾਂ ਨਾਲ ਆਪਣੇ ਬਿਸਤਰੇ ਉੱਤੇ ਪਿਆ ਸੀ । ਇਕ ਛੋਟੀ ਜਿਹੀ ਧਾਰਮਿਕ ਤਸਵੀਰ ਪਿੰਨ ਨਾਲ ਮੰਜੇ ਕੋਲ ਪਰਦੇ ’ਤੇ ਲਟਕਾਈ ਹੋਈ ਸੀ।

"ਕਿਉਂ, ਅੰਕਲ "ਮੈਂ ਕਿਹਾ, "ਤੁਸੀਂ ਅਜੇ ਵੀ ਬਿਸਤਰੇ ਵਿੱਚ ਹੋ ? ਕੀ ਤੁਸੀਂ ਠੀਕ ਨਹੀਂ ਹੋ ?"

ਉਸ ਨੇ ਕਮਜ਼ੋਰ ਆਵਾਜ਼ ਵਿੱਚ ਉੱਤਰ ਦਿੱਤਾ:

"ਉਹ ! ਮੇਰੇ ਪਿਆਰੇ ਲੜਕੇ, ਮੈਂ ਬਹੁਤ ਬਿਮਾਰ ਰਿਹਾ ਹਾਂ ; ਤਕਰੀਬਨ ਮਰ ਚੁੱਕਾ ਸਾਂ।"

"ਉਹ ਕਿਵੇਂ ਅੰਕਲ "?

"ਮੈਂ ਨਹੀਂ ਜਾਣਦਾ ; ਇਹ ਬਹੁਤ ਹੈਰਾਨੀ ਦੀ ਗੱਲ ਸੀ ਪ੍ਰੰਤੂ ਇਸ ਤੋਂ ਵੀ ਅਜੀਬ ਗੱਲ ਤਾਂ ਇਹ ਹੈ ਕਿ ਮਿਸ਼ਨਰੀ ਜੋ ਹੁਣੇ ਹੀ ਗਿਆ ਹੈ -ਤੂੰ ਜਾਣਦਾ ਹੈਂ, ਉਹ ਬਹੁਤ ਵਧੀਆ ਆਦਮੀ ਹੈ ਜਿਸ ਦਾ ਮੈਂ ਮਖ਼ੌਲ ਉਡਾਉਂਦਾ ਸਾਂ -ਉਸ ਨੂੰ ਮੇਰੀ ਹਾਲਤ ਬਾਰੇ ਅਕਾਸ਼ਬਾਣੀ ਹੋਈ, ਤੇ ਉਹ ਮੈਨੂੰ ਵੇਖਣ ਆ ਗਿਆ ।"

ਮੇਰੀ ਹੱਸਣ ਦੀ ਖ਼ਾਹਿਸ਼ ਮੇਰੇ ਕਾਬੂ ਤੋਂ ਬਾਹਰ ਸੀ । ਅਤੇ ਮੈਂ ਬੜੀ ਮੁਸ਼ਕਲ ਨਾਲ ਕਿਹਾ" : ਸੱਚੀ"

"ਹਾਂ, ਉਹ ਆਇਆ ਸੀ । ਉਸ ਨੂੰ ਉੱਠਦੇ ਮੇਰੇ ਕੋਲ ਆਉਣ ਦੀ ਇਕ ਆਵਾਜ਼ ਸੁਣਾਈ ਦਿੱਤੀ, ਕਿਉਂਕਿ ਮੈਂ ਮਰ ਰਿਹਾ ਸਾਂ । ਇਹ ਦੈਵੀ ਆਵਾਜ਼ ਸੀ ।"

ਮੈਂ ਛਿੱਕਣ ਦਾ ਬਹਾਨਾ ਕੀਤਾ, ਤਾਂ ਜੋ ਮੇਰਾ ਹਾਸਾ ਨਾ ਨਿਕਲ ਜਾਵੇ ; ਮੇਰਾ ਜੀ ਤਾਂ ਕਰਦਾ ਸੀ ਕਿ ਹੱਸ ਹੱਸ ਕੇ ਲੋਟ ਪੋਟ ਹੋ ਜਾਵਾਂ ।

ਤਕਰੀਬਨ ਇਕ ਮਿੰਟ ਵਿੱਚ ਮੈਂ ਗ਼ੁੱਸੇ ਨਾਲ ਕਹਿਣ ਦਾ ਹੌਸਲਾ ਕਰ ਲਿਆ। ਅਤੇ ਤੁਸੀਂ ਉਸ ਦਾ ਸੁਆਗਤ ਕੀਤਾ। ਅੰਕਲ ਤੁਸੀਂ ? ਤੁਸੀਂ, ਇਕ ਖੁੱਲ੍ਹ ਖਿਆਲੀਏ ਇਕ ਫਰੀ-ਮੇਸਨ ? ਤੁਸੀਂ ਉਸ ਨੂੰ ਦਰਵਾਜ਼ਿਓਂ ਬਾਹਰ ਨਾ ਕੱਢ ਦਿੱਤਾ?"

ਉਹ ਕੁਝ ਸ਼ਰਮਾ ਗਿਆ ਅਤੇ ਥਥਲਾ ਕੇ ਕਹਿਣ ਲੱਗਾ:

ਇਕ ਪਲ਼ ਸੁਣੋ, ਇਹ ਹੈਰਾਨੀ ਦੀ ਗੱਲ ਹੈ— ਇੰਨੀ ਹੈਰਾਨੀ ਪੂਰਬ ਅਤੇ ਦੇਵਨੇਤੀ। ਉਸ ਨੇ ਮੇਰੇ ਨਾਲ ਮੇਰੇ ਪਿਤਾ ਬਾਰੇ ਵੀ ਗੱਲ ਕੀਤੀ, ਇਹ ਜਾਪਦਾ ਹੈ ਕਿ ਉਹ ਉਸ ਨੂੰ ਪਹਿਲਾਂ ਹੀ ਜਾਣਦਾ ਸੀ।"

"ਤੁਹਾਡੇ ਪਿਤਾ ਜੀ ਨੂੰ, ਅੰਕਲ ? ਪ੍ਰੰਤੂ ਮਿਸ਼ਨਰੀ ਦਾ ਸੁਆਗਤ ਕਰਨ ਲਈ ਇਹ ਕਾਰਨ ਕਾਫ਼ੀ ਨਹੀਂ?"

"ਮੈਂ ਇਹ ਗੱਲ ਜਾਣਦਾ ਹਾਂ, ਪ੍ਰੰਤੂ ਮੈਂ ਬਹੁਤ ਬਿਮਾਰ ਸੀ, ਅਤੇ ਸਾਰੀ ਰਾਤ ਉਸ ਨੇ ਮੇਰੀ ਬੜੀ ਲਗਨ ਨਾਲ ਦੇਖ-ਭਾਲ ਕੀਤੀ । ਉਹ ਕਮਾਲ ਦਾ ਵਿਅਕਤੀ ਸੀ ; ਬੇਸ਼ੱਕ ਉਸ ਨੇ ਮੇਰੀ ਜਾਨ ਬਚਾਈ ; ਉਹ ਸਾਰੇ ਆਦਮੀ ਡਾਕਟਰਾਂ ਸਮਾਨ ਹਨ ।

"ਓਹ ! ਉਸ ਨੇ ਸਾਰੀ ਰਾਤ ਤੁਹਾਡੀ ਦੇਖ ਭਾਲ ਕੀਤੀ ? ਪ੍ਰੰਤੂ ਤੁਸੀਂ ਹੁਣੇ ਹੀ ਕਿਹਾ ਹੈ ਕਿ ਉਹ ਥੋੜ੍ਹੀ ਦੇਰ ਪਹਿਲਾਂ ਹੀ ਗਿਆ ਸੀ ।"

"ਇਹ ਬਿਲਕੁਲ ਸੱਚ ਹੈ ; ਮੈਂ ਉਸ ਦੀ ਦਿਆਲਤਾ ਕਾਰਨ ਉਸ ਨੂੰ ਨਾਸ਼ਤੇ ਤੱਕ ਰੋਕਿਆ ਸੀ। ਉਸ ਨੇ ਮੇਰੇ ਕੋਲ ਪਈ ਮੇਜ਼ 'ਤੇ ਨਾਸ਼ਤਾ ਕੀਤਾ ਜਦ ਕਿ ਮੈਂ ਚਾਹ ਦਾ ਕੱਪ ਲਿਆ ।"

"ਅਤੇ ਉਸ ਨੇ ਮੀਟ ਖਾਧਾ ?"

ਮੇਰਾ ਅੰਕਲ ਖਿਝਿਆ ਦਿਸਿਆ ਜਿਵੇਂ ਕਿ ਮੈਂ ਕੋਈ ਬੇਮੌਕਾ ਗੱਲ ਕੀਤੀ ਹੋਵੇ, ਅਤੇ ਉਸ ਨੇ ਕਿਹਾ:

"ਮਖ਼ੌਲ ਨਾ ਕਰੋ, ਗਾਸਟਨ; ਕਦੀ ਕਦੀ ਇਹ ਗੱਲਾਂ ਬੇਮੌਕਾ ਹੁੰਦੀਆਂ ਹਨ । ਉਸ ਨੇ ਮੇਰੇ ਪ੍ਰਤਿ ਕਈ ਰਿਸ਼ਤੇਦਾਰਾਂ ਤੋਂ ਵੀ ਵੱਧ ਸ਼ਰਧਾ ਵਿਖਾਈ ਅਤੇ ਮੈਂ ਉਸ ਦੇ ਵਿਸ਼ਵਾਸਾਂ ਦਾ ਸਨਮਾਨ ਕਰਨ ਦਾ ਇੱਛੁਕ ਹਾਂ। ''

ਇਸ ਨੇ ਮੈਨੂੰ ਹੋਰ ਹਿਲਾ ਦਿੱਤਾ, ਪ੍ਰੰਤੂ ਮੈਂ ਫੇਰ ਵੀ ਉੱਤਰ ਦਿੱਤਾ 'ਠੀਕ ਹੈ, ਅੰਕਲ : ਅਤੇ ਤੁਸੀਂ ਨਾਸ਼ਤੇ ਪਿੱਛੋਂ ਕੀ ਕੀਤਾ ?"

"ਅਸੀਂ ਬਿਜ਼ੀਕ ਦੀ ਇਕ ਬਾਜ਼ੀ ਲਾਈ, ਅਤੇ ਉਸ ਨੇ ਨਿੱਤਨੇਮ ਕੀਤਾ ਜਦ ਕਿ ਮੈਂ ਇਕ ਛੋਟੀ ਜਿਹੀ ਪੁਸਤਕ ਪੜ੍ਹੀ ਜੋ ਉਸ ਦੀ ਜੇਬ ਵਿੱਚ ਪਈ ਸੀ, ਅਤੇ ਜੋ ਕਿਸੀ ਗੱਲੋਂ ਵੀ ਮਾੜੀ ਨਹੀਂ ਲਿਖੀ ਹੋਈ ਸੀ।"

"ਇਕ ਧਾਰਮਿਕ ਪੁਸਤਕ, ਅੰਕਲ?”

" ਹਾਂ, ਅਤੇ ਨਹੀਂ, ਜਾਂ ਸਗੋਂ ਨਹੀਂ । ਇਹ ਉਨ੍ਹਾਂ ਦੇ ਮੱਧ ਅਫ਼ਰੀਕਾ ਦੇ ਮਿਸ਼ਨ ਦਾ ਇਤਿਹਾਸ ਹੈ, ਸਗੋਂ ਸਫ਼ਰਾਂ ਅਤੇ ਮੁਹਿੰਮਾਂ ਸੰਬੰਧੀ ਪੁਸਤਕ ਹੈ । ਜੋ ਕੁਝ ਇਨ੍ਹਾਂ ਆਦਮੀਆਂ ਨੇ ਕੀਤਾ ਹੈ ਉਹ ਬਹੁਤ ਹੀ ਸ਼ਾਨਦਾਰ ਹੈ ।

ਮੈਂ ਮਹਿਸੂਸ ਕਰਨਾ ਸ਼ੁਰੂ ਕੀਤਾ ਕਿ ਮਾਮਲਾ ਵਿਗੜ ਰਿਹਾ ਹੈ, ਇਸ ਲਈ ਮੈਂ ਉੱਠ ਪਿਆ। 'ਅੱਛਾ, ਅਲਵਿਦਾ, ਅੰਕਲ, " ਮੈਂ ਕਿਹਾ, "ਮੈਂ ਸਮਝਦਾ ਹਾਂ ਕਿ ਤੁਸੀਂ ਧਰਮ ਲਈ ਫਰੀਮੇਸ਼ਨਰੀ ਛੱਡ ਰਹੇ ਹੈ, ਤੁਸੀਂ ਅਸੂਲ ਨੂੰ ਛੱਡਣ ਵਾਲੇ ਵਿਅਕਤੀ ਹੋ ।"

ਉਹ ਅਜੇ ਵੀ ਸਗੋਂ ਸ਼ਰਮਿੰਦਾ ਹੋਇਆ ਸੀ, ਅਤੇ ਉਹ ਥਥਲਾਇਆ "ਅੱਛਾ, ਪ੍ਰੰਤੂ ਧਰਮ ਵੀ ਇਕ ਕਿਸਮ ਦੀ ਫਰੀਮੇਸ਼ਨਰੀ ਹੀ ਹੈ ।"

" ਤੁਹਾਡਾ ਮਿਸ਼ਨਰੀ ਵਾਪਸ ਕਦੋਂ ਆ ਰਿਹਾ ਹੈ ? " ਮੈਂ ਪੁੱਛਿਆ।" ਮੈਂ ਪੱਕੀ ਤਰ੍ਹਾਂ ਨਹੀਂ ਜਾਣਦਾ ; ਸ਼ਾਇਦ ਕੱਲ੍ਹ ਪ੍ਰੰਤੂ ਇਹ ਪੱਕਾ ਨਹੀਂ ਹੈ ।"

ਮੈਂ ਬਿਲਕੁਲ ਬੇਕਾਬੂ ਹੋਇਆ ਬਾਹਰ ਚਲਾ ਗਿਆ।

ਮੇਰਾ ਮਜ਼ਾਕ ਮੇਰੇ ਲਈ ਬਹੁਤ ਮਾੜਾ ਸਾਬਿਤ ਹੋਇਆ। ਮੇਰਾ ਅੰਕਲ ਮੂਲੋਂ ਹੀ ਬਦਲ ਗਿਆ ਸੀ, ਅਤੇ ਜੇ ਇਹੋ ਕੁਝ ਹੀ ਹੁੰਦਾ ਤਾਂ ਵੀ ਮੈਂ ਬਹੁਤੀ ਪਰਵਾਹ ਨਾ ਕਰਦਾ । ਪਾਦਰੀਵਾਦ ਜਾਂ ਫਰੀਮੇਸ਼ਨ, ਮੇਰੇ ਲਈ ਇਕ ਹੀ ਗੱਲ ਹੈ, ਇਕ ਦੇ ਛੇ ਅਤੇ ਦੂਜੇ ਦੇ ਅੱਧੀ ਦਰਜਨ, ਪ੍ਰੰਤੂ ਇਸ ਵਿੱਚ ਸਭ ਤੋਂ ਮਾੜੀ ਗੱਲ ਇਹ ਸੀ ਕਿ ਉਸ ਨੇ ਹੁਣੇ ਹੀ ਆਪਣੀ ਵਸੀਅਤ ਉਸ ਪਾਜੀ ਮਿਸ਼ਨਰੀ ਦੇ ਹੱਕ ਵਿੱਚ ਲਿਖੀ ਸੀ,-ਹਾਂ ਆਪਣੀ ਵਸੀਅਤ ਲਿਖੀ ਸੀ ਅਤੇ ਮੈਨੂੰ ਵਿਰਸੇ ਤੋਂ ਅਲੱਗ ਕਰ ਦਿੱਤਾ ਸੀ।

# ਸੰਘਰਸ਼

ਭਾਈਚਾਰੇ ਵਿੱਚ, ਉਹ ਉਸ ਨੂੰ" ਖ਼ੂਬਸੂਰਤ ਸਿਗਨੋਲਜ਼ " ਕਹਿ ਕੇ ਬੁਲਾਉਂਦੇ ਸਨ। ਉਹ ਆਪਣੇ ਆਪ ਨੂੰ ਵਿਸਕਾਊਂਟ ਗੌਂਟਰਮ ਜੌਸਫ ਡੀਸਿਰਾਨੋਲਜ਼ ਕਹਿੰਦਾ ਸੀ ।

ਉਹ ਯਤੀਮ ਅਤੇ ਬਹੁਤ ਦੌਲਤ ਦਾ ਮਾਲਕ ਸੀ । ਉਸ ਦੀ ਡੀਲ ਡੌਲ ਸੋਹਣੀ ਸੀ, ਗੱਲਬਾਤ ਵਿੱਚ ਚੁਸਤ ਅਤੇ ਮਜ਼ਾਕੀਆ ਚੱਜ ਆਚਾਰ ਦੀ ਖ਼ੂਬਸੂਰਤੀ ਦਾ ਮਾਲਕ, ਸ਼ਰਾਫ਼ਤ ਅਤੇ ਗੌਰਵ ਵਾਲਾ ਸੀ ਅਤੇ ਉਸ ਦੀਆਂ ਮੁੱਛਾਂ, ਵੇਖਣ ਵਿੱਚ ਭਿਆਨਕ ਅਤੇ ਰੌਚਕ ਸਨ-ਇਕ ਚੀਜ਼ ਜੋ ਇਸਤਰੀਆਂ ਨੂੰ ਬਹੁਤ ਚੰਗੀ ਲੱਗਦੀ ਹੈ।

ਉਸ ਦੀ ਡਰਾਇੰਗ ਰੂਮਾਂ ਵਿੱਚ ਮੰਗ ਸੀ, ਵਾਲਟਚਰ ਉਸ ਨੂੰ ਲੱਭਦੇ ਸਨ, ਉਸ ਨੇ ਆਦਮੀਆਂ ਵਿੱਚ ਉਹ ਮੁਸਕਰਾਉਂਦੀ ਈਰਖਾ ਪੈਦਾ ਕਰ ਦਿੱਤੀ ਸੀ ਜੋ ਕਿ ਕਿਸੇ ਨੂੰ ਨਿਰੋਈ ਸਿਹਤ ਵਾਲੇ ਵਿਅਕਤੀਆਂ ਬਾਰੇ ਹੁੰਦੀ ਹੈ। ਉਸ ’ਤੇ ਕੁਝ ਪਿਆਰ ਸੰਬੰਧਾਂ ਦਾ ਸ਼ੱਕ ਕੀਤਾ ਜਾਂਦਾ ਸੀ ਜਿਸ ਤੋਂ ਉਸ ਦੇ ਜਵਾਨ ਮਰਦਾਂ ਵਾਲੀ ਸੂਝ ਦਾ ਮਾਲਕ ਹੋਣ ਦਾ ਸਬੂਤ ਮਿਲਦਾ ਸੀ । ਉਸ ਦੀਆਂ ਸੱਤੇ ਖੈਰਾਂ ਸਨ ਅਤੇ ਉਹ ਸੁੱਖ ਸ਼ਾਂਤੀ ਨਾਲ ਜੀਵਨ ਬਤੀਤ ਕਰ ਰਿਹਾ ਸੀ ਉਸ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਤਲਵਾਰ ਦਾ ਧਨੀ ਅਤੇ ਪਸਤੌਲ ਚਲਾਉਣ ਵਿੱਚ ਇਸ ਤੋਂ ਵੀ ਵੱਧ ਮਾਹਿਰ ਸੀ।

"ਜੇ ਮੈਨੂੰ ਲੜਨਾ ਪਵੇ," ਉਹ ਕਹਿੰਦਾ, "ਮੈਨੂੰ ਪਸਤੌਲ ਨਾਲ ਲੜਨਾ ਚਾਹੀਦਾ ਹੈ । ਮੈਨੂੰ ਉਸ ਹਥਿਆਰ ਨਾਲ ਆਦਮੀ ਨੂੰ ਮਾਰ ਲੈਣ ਦਾ ਪੂਰਾ ਯਕੀਨ ਹੈ ।"

ਹੁਣ, ਇਕ ਸ਼ਾਮ, ਉਹ ਦੋ ਜਵਾਨ ਇਸਤਰੀ ਮਿੱਤਰਾਂ ਨਾਲ ਥੀਏਟਰ ਗਿਆ । ਉਨ੍ਹਾਂ ਦੇ ਪਤੀ ਵੀ ਨਾਲ ਸਨ । ਡਰਾਮੇ ਤੋਂ ਪਿੱਛੋਂ ਉਸ ਨੇ ਉਨ੍ਹਾਂ ਨੂੰ ਟੋਰਟੋਨੀ ਕੈਫੇ ਵਿੱਚ ਆਈਸਕਰੀਮ ਪੇਸ਼ ਕੀਤੀ । ਉਹ ਉੱਥੇ ਦਸ ਮਿੰਟ ਰਹੇ ਹੋਣਗੇ ਜਦੋਂ ਉਸ ਨੂੰ ਪਤਾ ਲੱਗਾ ਕਿ ਨਾਲ ਦੀ ਮੇਜ਼ ’ਤੇ ਬੈਠਾ ਇਕ ਭੱਦਰ ਪੁਰਸ਼ ਉਸ ਦੀ ਪਾਰਟੀ ਦੀ ਇਕ ਇਸਤਰੀ ਵੱਲ ਲਗਾਤਾਰ ਵੇਖ ਰਿਹਾ ਸੀ । ਉਸ ਇਸਤਰੀ ਨੇ

ਜ਼ਿੱਦ ਅਤੇ ਪਰੇਸ਼ਾਨ ਹੋ ਕੇ ਆਪਣੀਆਂ ਅੱਖਾਂ ਨੀਵੀਂਆਂ ਕਰ ਲਈਆਂ, ਅੰਤ ਵਿੱਚ ਉਸ ਨੇ ਆਪਣੇ ਪਤੀ ਨੂੰ ਕਿਹਾ, "ਉਹ ਆਦਮੀ ਲਗਾਤਾਰ ਮੇਰੇ ਵੱਲ ਵੇਖ ਰਿਹਾ ਹੈ। ਮੈਂ ਉਸ ਨੂੰ ਨਹੀਂ ਜਾਣਦੀ ਕੀ ਤੁਸੀਂ ਜਾਣਦੇ ਹੋ ?"

ਉਸ ਦੇ ਪਤੀ ਜਿਸ ਨੇ ਕੁਝ ਨਹੀਂ ਵੇਖਿਆ ਸੀ, ਅੱਖਾਂ ਚੁੱਕੀਆਂ ਪ੍ਰੰਤੂ ਕਿਹਾ:

"ਨਹੀਂ ਬਿਲਕੁਲ ਨਹੀਂ।"

ਜਵਾਨ ਇਸਤਰੀ ਨੇ ਥੋੜ੍ਹਾ ਹੱਸਦੇ ਹੋਏ ਤੇ ਥੋੜਾ ਗੁੱਸੇ ਨਾਲ ਕਿਹਾ, "ਇਹ ਗੱਲ ਬੜੀ ਖਿਝਾਉਣ ਵਾਲੀ ਹੈ : ਉਹ ਆਦਮੀ ਮੇਰੀ ਆਈਸਕਰੀਮ ਦਾ ਮਜ਼ਾ ਖ਼ਰਾਬ ਕਰ ਰਿਹਾ ਹੈ ।

ਪਤੀ ਨੇ ਉੱਤਰ ਦਿੰਦੇ ਹੋਏ ਆਪਣੇ ਮੋਢੇ ਹਿਲਾਏ:

ਸ਼ਾਅ । ਉਸ ਵੱਲ ਕੋਈ ਧਿਆਨ ਨਾ ਦਿਓ । ਜੇ ਅਸੀਂ ਮਿਲਣ ਵਾਲੇ ਅਜਿਹੇ ਸਾਰੇ ਦਾਨਾਂ ਵੱਲ ਧਿਆਨ ਦੇਣ ਲੱਗੇ ਤਾਂ ਇਸ ਦਾ ਕੋਈ ਅੰਤ ਨਹੀਂ ਹੋਵੇਗਾ।"

ਪ੍ਰੰਤੂ ਵਾਈਕੋਂਟ ਖਿੱਝ ਕੇ ਉੱਠਿਆ । ਉਹ ਇਸ ਅਜਨਬੀ ਆਦਮੀ ਨੂੰ ਉਸ ਆਈਸਕਰੀਮ ਦਾ ਮਜ਼ਾ ਖ਼ਰਾਬ ਕਰਨ ਨਾ ਦੇ ਸਕਿਆ ਜੋ ਉਸ ਨੇ ਆਪ ਪੇਸ਼ ਕੀਤੀ ਸੀ । ਇਹ ਹਮਲਾ ਉਸੇ ਉੱਪਰ ਸੀ, ਕਿਉਂਕਿ ਉਸੇ ਕਰਕੇ ਉਸ ਦੇ ਮਿੱਤਰ ਕੈਫੇ ਵਿੱਚ ਗਏ ਸਨ । ਇਹ ਮਾਮਲਾ, ਫੇਰ ਉਸੇ ਨਾਲ ਸੰਬੰਧਿਤ ਸੀ। ਉਹ ਉਸ ਆਦਮੀ ਵੱਲ ਵਧਿਆ ਤੇ ਉਸ ਨੂੰ ਕਿਹਾ:

" ਸ੍ਰੀਮਾਨ ਜੀ ਤੁਹਾਡਾ ਇਨ੍ਹਾਂ ਇਸਤਰੀਆਂ ਵੱਲ ਵੇਖਣ ਦਾ ਤਰੀਕਾ ਇਹੋ ਜਿਹਾ ਹੈ ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ । ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਵੇਖਣਾ ਛੱਡ ਦਿਓ।"

ਦੂਜੇ ਨੇ ਉੱਤਰ ਦਿੱਤਾ" : ਇਸ ਲਈ ਤੁਸੀਂ ਮੈਨੂੰ ਸ਼ਾਂਤੀ ਰੱਖਣ ਦਾ ਆਦੇਸ਼ ਦਿੰਦੇ ਹੋ, ਠੀਕ ਹੈ?

ਦੰਦ ਘੁੱਟਦੇ ਹੋਏ, ਵਾਈਕੋਂਟ ਨੇ ਉੱਤਰ ਦਿੱਤਾ “ਸ੍ਰੀਮਾਨ ਜੀ, ਖ਼ਿਆਲ ਰੱਖੋ, ਨਹੀਂ ਤਾਂ ਮੈਂ ਆਪਣੇ ਆਪ ਨੂੰ ਕਾਬੂ ਵਿੱਚ ਨਹੀਂ ਰੱਖ ਸਕਾਂਗਾ ।"

ਭੱਦਰ ਪੁਰਸ਼ ਨੇ ਇੱਕੋ ਗੰਦੇ ਸ਼ਬਦ ਨਾਲ ਉੱਤਰ ਦਿੱਤਾ ਜੋ ਕਿ ਕੈਫੇ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਗੂੰਜ ਗਿਆ ਅਤੇ ਸਾਰੇ ਮਹਿਮਾਨਾਂ ਵਿੱਚ ਅਚਾਨਕ ਹਲਚਲ ਮੱਚ ਗਈ ਜਿਹੜੇ ਸਾਹਮਣੇ ਸਨ ਪਿੱਛੇ ਮੁੜ ਪਏ; ਹੋਰ ਸਾਰਿਆਂ ਨੇ ਸਿਰ

ਉੱਚੇ ਕਰ ਲਏ; ਤਿੰਨ ਵੇਟਰ ਆਪਣੀਆਂ ਅੱਡੀਆਂ ਉੱਪਰ ਇਸ ਤਰ੍ਹਾਂ ਘੁੰਮ ਗਏ ਜਿਵੇਂ ਉਨ੍ਹਾਂ ਦੇ ਪੈਰਾਂ ਹੇਠ ਧੁਰਾ ਹੋਵੇ। ਕਾਊਂਟਰ ਉੱਪਰ ਖੜ੍ਹੀਆਂ ਦੋ ਇਸਤਰੀਆਂ ਅੱਗੇ ਭੁੜਕ ਪਈਆਂ, ਉਨ੍ਹਾਂ ਫੇਰ ਇਸ ਦ੍ਰਿਸ਼ ਵੱਲ ਬਿਲਕੁਲ ਪਿੱਠ ਕਰ ਲਈ, ਜਿਵੇਂ ਕਿ ਉਹ ਇਸੇ ਚਾਲ ਦੀਆਂ ਦੋ ਪੁਤਲੀਆਂ ਹੋਣ ।

ਬਹੁਤ ਸੰਨਾਟਾ ਛਾ ਗਿਆ ਸੀ । ਫੇਰ ਇਕਦਮ ਇਕ ਤੇਜ਼ ਆਵਾਜ਼ ਹਵਾ ਵਿੱਚ ਗੂੰਜੀ । ਵਿਸਕਾਉਂਟ ਨੇ ਆਪਣੇ ਵਿਰੋਧੀ ਨੂੰ ਮਾਰਿਆ । ਹਰ ਕੋਈ ਵਿਚਾਲੇ ਪੈਣ ਲਈ ਉੱਠਿਆ। ਦੋਹਾਂ ਨੇ ਕਾਰਡ ਬਦਲੇ ।

ਜਦੋਂ ਵਿਸਕਾਉਂਟ ਘਰ ਵਾਪਸ ਆਇਆ, ਉਹ ਜੋਸ਼ੀਲੇ ਕਦਮਾਂ ਨਾਲ ਕੁਝ ਮਿੰਟਾਂ ਲਈ ਕਮਰੇ ਵਿੱਚ ਉੱਪਰ ਹੇਠਾਂ ਘੁੰਮਦਾ ਰਿਹਾ । ਉਹ ਇੰਨਾ ਭਖਿਆ ਹੋਇਆ ਸੀ ਕਿ ਕੁਝ ਵੀ ਸੋਚ ਨਹੀਂ ਸੀ ਸਕਦਾ । ਉਸ ਦੇ ਮਨ ਵਿੱਚ ਇੱਕੋ ਹੀ ਖ਼ਿਆਲ ਛਾਇਆ ਹੋਇਆ ਸੀ : "ਲੜਾਈ" ਪਰ ਇਸ ਖ਼ਿਆਲ ਨੇ, ਅਜੇ ਤੱਕ, ਉਸ ਵਿੱਚ ਕੋਈ ਭਾਵਨਾ ਪੈਦਾ ਨਹੀਂ ਕੀਤੀ ਸੀ। ਉਸ ਨੇ ਉਹੋ ਕੁਝ ਕੀਤਾ ਜੋ ਉਸ ਨੂੰ ਕਰਨਾ ਚਾਹੀਦਾ ਸੀ; ਉਸ ਨੇ ਆਪਣੇ ਆਪ ਨੂੰ ਉਵੇਂ ਦਰਸਾਇਆ ਸੀ ਜਿਵੇਂ ਕਿ ਉਸ ਨੂੰ ਚਾਹੀਦਾ ਸੀ ਲੋਕੀਂ ਇਸ ਬਾਰੇ ਗੱਲਾਂ ਕਰਨਗੇ, ਇਸ ਦੀ ਪ੍ਰੋੜ੍ਹਤਾ ਕਰਨਗੇ ਅਤੇ ਉਸ ਨੂੰ ਵਧਾਈ ਦੇਣਗੇ । ਉਸ ਨੇ ਉੱਚੀ ਆਵਾਜ਼ ਵਿੱਚ ਜ਼ੋਰ ਨਾਲ ਕਿਹਾ ਜਿਵੇਂ ਕਿ ਕੋਈ ਉਸੇ ਵੇਲ਼ੇ ਬੋਲਦਾ ਹੈ ਜਦ ਉਹ ਬਹੁਤ ਦੁੱਖੀ ਹੁੰਦਾ ਹੈ।

"ਉਹ ਆਦਮੀ ਕਿਹੋ ਜਿਹਾ ਜਾਨਵਰ ਹੈ ।"

ਫੇਰ ਉਹ ਬੈਠ ਗਿਆ ਤੇ ਸੋਚਣ ਲੱਗਾ । ਉਸ ਨੂੰ ਸਵੇਰੇ ਕੁਝ ਹਾਮੀ ਵਿਅਕਤੀ ਢੂੰਡਣੇ ਪੈਣਗੇ। ਉਹ ਕਿੰਨ੍ਹਾਂ ਨੂੰ ਚੁਣੇ । ਉਸ ਨੇ ਆਪਣੇ ਵਾਕਿਫ਼ਕਾਰਾਂ ਬਾਰੇ ਸੋਚਿਆ ਜੋ ਉੱਘੇ ਨਾਮੀ ਸਨ ਤੇ ਚੰਗੀਆਂ ਪਦਵੀਆਂ 'ਤੇ ਸਨ । ਅੰਤ ਵਿੱਚ ਉਸ ਨੇ ਮਾਰਕਸ ਡੀ. ਲਾ ਟੂਰਨੋਇਰ ਅਤੇ ਕਰਨਲ ਬੌਰਡਿਨ, ਇਕ ਵੱਡਾ ਲਾਰਡ ਅਤੇ ਇਕ ਬਲਵਾਨ ਸਿਪਾਹੀ ਸੀ, ਬਾਰੇ ਫ਼ੈਸਲਾ ਕੀਤਾ, ਉਨ੍ਹਾਂ ਦੀ ਸ਼ੁਹਰਤ ਰਸਾਲਿਆਂ ਨੂੰ ਮਾਣ ਬਖ਼ਸ਼ੇਗੀ। ਉਸ ਨੇ ਪ੍ਰਤੀਤ ਕੀਤਾ ਕਿ ਉਹ ਪਿਆਸਾ ਸੀ ਅਤੇ ਉਸ ਨੇ ਇਕ ਤੋਂ ਮਗਰੋਂ ਇਕ ਕਰਕੇ, ਪਾਣੀ ਦੇ ਤਿੰਨ ਗਲਾਸ ਪੀਤੇ ਅਤੇ ਉਸ ਨੇ ਫੇਰ ਚੱਲਣਾ ਸ਼ੁਰੂ ਕੀਤਾ । ਉਸ ਨੇ ਆਪਣੇ ਆਪ ਵਿੱਚ ਤਾਕਤ ਮਹਿਸੂਸ ਕੀਤੀ ਆਪਣੇ ਆਪ ਨੂੰ ਗਰਮ ਦਿਮਾਗ਼, ਹਰ ਗੱਲ ਵਿੱਚ ਦ੍ਰਿੜ੍ਹ ਦਰਸਾਉਂਦੇ ਹੋਏ, ਕਰੜੀਆਂ ਤੇ ਖ਼ਤਰਨਾਕ ਸ਼ਰਤਾਂ ਲਾਉਣ ਨਾਲ ਅਤੇ ਭਿਆਨਕ ਲੜਾਈ ਦਾ

ਐਲਾਨ ਕਰਨ ਕਰਕੇ ਉਸ ਦਾ ਵਿਰੋਧੀ ਨਿਰਸੰਦੇਹ ਪਿੱਛੇ ਹੱਟ ਜਾਵੇਗਾ ਅਤੇ ਕੋਈ ਬਹਾਨਾ ਬਣਾ ਲਵੇਗਾ।

ਉਸ ਨੇ ਕਾਰਡ ਚੁੱਕਿਆ ਜੋ ਉਸ ਨੇ ਜੇਬ ਵਿੱਚੋਂ ਕੱਢ ਕੇ ਮੇਜ਼ ਉੱਪਰ ਸੁੱਟਿਆ ਅਤੇ ਇਸ ਨੂੰ ਦੁਬਾਰਾ ਪੜ੍ਹਿਆ ਜਿਵੇਂ ਉਸ ਨੇ ਕੈਫੇ ਵਿੱਚ ਇਕ ਨਜ਼ਰ ਮਾਰੀ ਦੁਬਾਰਾ ਘਰ ਵਾਪਸ ਆਉਂਦੇ ਹੋਏ ਬੱਘੀ ਦੇ ਗੈਸ ਦੀ ਰੋਸ਼ਨੀ ਵਿੱਚ ਪੜ੍ਹਿਆ ਸੀ : ਜਾਰਜ ਲੈਮਿਲ 51 ਮੌਨਸੀ ਸਟਰੀਟ," ਬੱਸ ਇਹੋ ਕੁਝ ਸੀ। ਉਸ ਨੇ ਇਨ੍ਹਾਂ ਜੁੜੇ ਅੱਖਰਾਂ ਨੂੰ ਘੋਖਿਆ ਜੋ ਕਿ ਉਸ ਨੂੰ ਇੰਨੇ ਭੇਤ ਭਰੇ ਦਿਸਦੇ ਸਨ, ਉਸ ਦੀ ਮੱਤ ਮਾਰੀ ਗਈ ਸੀ : ਜਾਰਜ ਲੈਮਿਲ ? ਇਹ ਆਦਮੀ ਕੌਣ ਸੀ ? ਉਸ ਨੇ ਕੀ ਕੀਤਾ ਸੀ ? ਉਸ ਨੇ ਉਸ ਔਰਤ ਵੱਲ ਇਸ ਤਰ੍ਹਾਂ ਕਿਉਂ ਤੱਕਿਆ ਸੀ ? ਕੀ ਇਹ ਘਿਣਾਉਣਾ ਨਹੀਂ ਕਿ ਇਕ ਅਜਨਬੀ, ਅਣਜਾਣ ਮਾਰ ਖਾਵੇ ਕਿ ਉਸ ਨੂੰ ਇਕ ਇਸਤਰੀ ਨੂੰ ਮੂਰਖਤਾ ਨਾਲ ਵੇਖ ਕੇ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਅਤੇ ਵਾਈਕੌਂਟ ਨੇ ਦੁਬਾਰਾ ਉੱਚੀ ਆਵਾਜ਼ ਵਿੱਚ ਦੁਹਰਾਇਆ:

"ਕਿੰਨਾ ਵਹਿਸ਼ੀ ਆਦਮੀ ਹੈ।"

ਫੇਰ ਉਹ ਸੋਚਦਾ ਹੋਇਆ ਕਾਰਡ ਉੱਪਰ ਨਜ਼ਰਾਂ ਟਿਕਾਈ ਸਥਿਰ ਖੜ੍ਹਾ ਰਿਹਾ। ਇਸ ਕਾਗ਼ਜ਼ ਵਿਰੁੱਧ ਉਸ ਨੂੰ, ਇਕ ਖ਼ਾਸ ਗ਼ੁੱਸਾ, ਘ੍ਰਿਣਤ ਗ਼ੁੱਸਾ ਜੋ ਕਿ ਮੰਦਭਾਵਨਾ ਦੇ ਇਕ ਖ਼ਾਸ ਮਨੋਭਾਵ ਨਾਲ ਮਿਲਿਆ ਹੋਇਆ ਸੀ, ਆ ਗਿਆ। ਇਹ ਸਾਰੀ ਕਹਾਣੀ ਮੂਰਖਤਾ ਹੀ ਸੀ। ਉਸ ਨੇ ਇਕ ਜੇਬੀ ਚਾਕੂ ਚੁੱਕਿਆ ਜੋ ਉਸ ਦੇ ਸਾਹਮਣੇ ਖੁੱਲ੍ਹਾ ਪਿਆ ਸੀ ਅਤੇ ਕਾਰਡ ਵਿੱਚ ਛਪੇ ਹੋਏ ਨਾਂ ਦੇ ਵਿਚਕਾਰ ਖੋਡ ਦਿੱਤਾ, ਜਿਵੇਂ ਕਿ ਉਹ ਕਿਸੇ ਆਦਮੀ ਨੂੰ ਛੁਰਾ ਮਾਰ ਰਿਹਾ ਹੋਵੇ।

ਇਸ ਲਈ ਉਸਨੂੰ ਜ਼ਰੂਰ ਲੜਨਾ ਚਾਹੀਦਾ ਹੈ। ਕੀ ਉਸ ਨੂੰ ਤਲਵਾਰ ਚੁਣਨੀ ਚਾਹੀਦੀ ਹੈ ਜਾਂ ਪਿਸਤੌਲ, ਕਿਉਂਕਿ ਉਸ ਨੇ ਆਪਣੀ ਨਿਰਾਦਰੀ ਹੋਈ ਸਮਝੀ ਸੀ। ਤਲਵਾਰ ਨਾਲ ਉਸ ਨੂੰ ਘੱਟ ਖ਼ਤਰਾ ਸੀ ; ਪ੍ਰੰਤੂ ਪਿਸਤੌਲ ਨਾਲ, ਉਸ ਦੇ ਵਿਰੋਧੀ ਦੇ ਪਿੱਛੇ ਹਟ ਜਾਣ ਦੀ ਸੰਭਾਵਨਾ ਸੀ। ਤਲਵਾਰ ਦੀ ਲੜਾਈ ਮਾਰੂ ਘੱਟ ਹੀ ਹੁੰਦੀ ਹੈ, ਦੁਤਰਫ਼ੀ ਚੌਕਸੀ ਦੋਹਾਂ ਘੁਲਾਟੀਆਂ ਨੂੰ ਇਕ ਦੂਜੇ ਦੇ ਬਹੁਤ ਨੇੜੇ ਆ ਕੇ, ਨਿਸ਼ਾਨੇ 'ਤੇ ਡੂੰਘੀ ਚੋਟ ਮਾਰਨ ਤੋਂ ਰੋਕਦੀ ਹੈ ; ਪਿਸਤੌਲ ਨਾਲ ਉਸ ਦੀ ਜਾਨ ਨੂੰ ਬਹੁਤ ਖ਼ਤਰਾ ਸੀ ; ਪ੍ਰੰਤੂ ਉਹ ਮਾਮਲੇ ਨੂੰ ਮੌਕੇ ਅਨੁਸਾਰ ਬਿਨਾਂ ਟਾਕਰੇ ਦੇ ਵੀ ਨਜਿੱਠ ਸਕਦਾ ਸੀ। ਉਸ ਨੇ ਉੱਚੀ ਜਿਹੇ ਕਿਹਾ:

"ਪੱਕਾ ਰਹਿਣਾ ਬਹੁਤ ਜ਼ਰੂਰੀ ਹੈ ਉਹ ਡਰ ਜਾਵੇਗਾ ।"

ਫੇਰ ਉਹ ਆਪਣੀ ਆਵਾਜ਼ ਦੀ ਬਿੜਕ ਨਾਲ ਕੰਬ ਗਿਆ ਅਤੇ ਆਪਣੇ ਆਲ਼ੇ ਦੁਆਲੇ ਵੇਖਣ ਲੱਗ ਪਿਆ । ਉਹ ਬੜਾ ਘਬਰਾਇਆ ਮਹਿਸੂਸ ਕਰ ਰਿਹਾ ਸੀ । ਉਸ ਨੇ ਪਾਣੀ ਦਾ ਇਕ ਹੋਰ ਗਲਾਸ ਪੀਤਾ ਅਤੇ ਫੇਰ ਆਰਾਮ ਕਰਨ ਦੀ ਤਿਆਰੀ ਵਿੱਚ ਕੱਪੜੇ ਉਤਾਰਨ ਲੱਗ ਪਿਆ । ਜਦੋਂ ਉਹ ਤਿਆਰ ਹੋ ਗਿਆ ਸੀ, ਉਸ ਨੇ ਆਪਣੀ ਬੱਤੀ ਬੁਝਾਈ ਅਤੇ ਅੱਖਾਂ ਬੰਦ ਕਰ ਲਈਆਂ। ਫੇਰ ਉਸ ਨੇ ਸੋਚਿਆ:

"ਮੇਰੇ ਕੋਲ ਆਪਣੇ ਮਾਮਲੇ ਵਿੱਚ ਰੁੱਝੇ ਰਹਿਣ ਲਈ ਕੱਲ੍ਹ ਦਾ ਸਾਰਾ ਦਿਨ ਹੈ । ਮੈਨੂੰ ਸ਼ਾਂਤ ਹੋਣ ਲਈ ਪਹਿਲਾਂ ਸੌਣਾ ਚਾਹੀਦਾ ਹੈ ।"

ਉਹ ਕੱਪੜਿਆਂ ਵਿੱਚ ਕਾਫੀ ਨਿੱਘਾ ਸੀ ਪ੍ਰੰਤੂ ਉਹ ਸੌਂ ਨਾ ਸਕਿਆ। ਉਹ ਪਾਸੇ ਮਾਰਦਾ ਰਿਹਾ, ਪੰਜ ਮਿੰਟ ਆਪਣੀ ਪਿੱਠ ਭਾਰ ਪਿਆ ਰਿਹਾ, ਫੇਰ ਆਪਣੀ ਖੱਬੀ ਵੱਖੀ ਭਾਰ ਲੇਟ ਗਿਆ, ਫੇਰ ਉਸ ਨੇ ਸੱਜੇ ਪਾਸੇ ਕਰਵੱਟ ਲੈ ਲਈ ।

ਉਹ ਅਜੇ ਵੀ ਪਿਆਸਾ ਸੀ । ਉਹ ਉੱਠਿਆ ਅਤੇ ਉਸਨੇ ਪਾਣੀ ਪੀਤਾ ਫੇਰ ਇਕ ਕਿਸਮ ਦੀ ਅਸ਼ਾਂਤੀ ਨੇ ਉਸ ਨੂੰ ਘੇਰ ਲਿਆ।

"ਕੀ ਇਹ ਹੋ ਸਕਦਾ ਹੈ ਕਿ ਮੈਂ ਡਰ ਰਿਹਾ ਹਾਂ?" ਉਸ ਨੇ ਕਿਹਾ। ਆਪਣੇ ਕਮਰੇ ਵਿਚਲੇ ਆਮ ਖੜਾਕਿਆ ਕਾਰਨ ਉਸ ਦਾ ਦਿਲ ਇਸ ਤਰ੍ਹਾਂ ਪਾਗ਼ਲਪੁਣੇ ਨਾਲ ਕਿਉਂ ਧੜਕ ਰਿਹਾ ਹੈ ? ਜਦੋਂਕਿ ਦੀਵਾਰ 'ਤੇ ਲੱਗੀ ਘੜੀ ਖੜਕਣ ਲੱਗੀ ਤੇ ਉਸ ਦੇ ਪਾਸਾ ਪਰਤਣ ਨਾਲ ਸਪਰਿੰਗ ਨੇ ਬੜੀ ਜਿਹੀ ਕਰੀਚਵੀਂ ਆਵਾਜ਼ ਕੀਤੀ ਸੀ । ਉਸ ਤੇ ਮਾਨਸਿਕ ਬੋਝ ਇੰਨਾ ਸੀ । ਉਸ ਨੇ ਵੇਖਿਆ ਕਿ ਇਸ ਦੇ ਸ਼ੁਰੂ ਹੋਣ ਤੋਂ ਕੁਝ ਸਕਿੰਟ ਪਿੱਛੋਂ ਉਸ ਨੂੰ ਸਾਹ ਲੈਣ ਲਈ ਮੂੰਹ ਖੋਲ੍ਹਣ ਦੀ ਜ਼ਰੂਰਤ ਸੀ, ਉਹ ਇਸ ਮਾਮਲੇ ਦੀਆਂ ਸੰਭਾਵਨਾਵਾਂ ਸੰਬੰਧੀ ਆਪਣੇ ਆਪ ਨਾਲ ਵਿਚਾਰ ਕਰਨ ਲੱਗ ਪਿਆ:

"ਮੈਨੂੰ ਡਰਨ ਦੀ ਕੀ ਲੋੜ ਹੈ ?" ਨਹੀਂ, ਯਕੀਨਨ, ਉਸ ਨੂੰ ਡਰਨਾ ਨਹੀਂ ਚਾਹੀਦਾ, ਕਿਉਂਕਿ ਉਸ ਨੇ ਇਸ ਨੂੰ ਅੰਤ ਤੱਕ ਨਿਭਾਉਣ ਦਾ ਅਤੇ ਬਿਨਾਂ ਭਿਣਕ ਦੇ ਲੜਨ ਦਾ ਪੂਰਾ ਫ਼ੈਸਲਾ ਕੀਤਾ ਹੋਇਆ ਸੀ । ਪ੍ਰੰਤੂ ਉਸ ਨੇ ਆਪਣੇ ਆਪ ਨੂੰ ਇੰਨਾ ਪਰੇਸ਼ਾਨ ਮਹਿਸੂਸ ਕੀਤਾ ਕਿ ਉਸ ਨੇ ਆਪਣੇ ਆਪ ਨੂੰ ਪੁੱਛਿਆ: "ਕੀ ਇਹ ਠੀਕ ਹੈ ਕਿ ਮੈਂ ਆਪਣੇ ਆਪ ਹੀ ਭਰੀ ਜਾ ਰਿਹਾ ਹਾਂ ?"

ਅਤੇ ਇਸ ਸ਼ੱਕ, ਇਸ ਅਸ਼ਾਂਤੀ ਅਤੇ ਇਸ ਡਰ ਨੇ ਉਸ ਤੇ ਹੱਲਾ ਕੀਤਾ, ਜੇ ਕੋਈ ਬੇਰੋਕ, ਪ੍ਰਬਲ ਅਤੇ ਉਸ ਦੇ ਇਰਾਦੇ ਤੋਂ ਵੱਧ ਤੱਕੜੀ ਤਾਕਤ ਉਸ ਉੱਪਰ ਜਿੱਤ ਪ੍ਰਾਪਤ ਕਰ ਲਵੇ ਤਾਂ ਵੀ ਹੋਵੇਗਾ? ਯਕੀਨਨ ਉਹ ਧਰਤੀ ਉੱਪਰ ਚੱਲ ਸਕਦਾ ਹੈ ਜੇ ਉਹ ਉੱਥੇ ਜਾਣਾ ਚਾਹੇ ਤਾਂ। ਪ੍ਰੰਤੂ ਜੇ ਉਹ ਕੰਬ ਜਾਏ ? ਜੇ ਉਹ ਆਪਣੇ ਹੋਸ਼ ਹਵਾਸ ਖੋ ਬੈਠੇ ? ਅਤੇ ਉਸ ਨੇ ਆਪਣੀ ਸਥਿਤੀ, ਆਪਣੀ ਇੱਜ਼ਤ, ਆਪਣੇ ਨਾਂ ਬਾਰੇ ਸੋਚਿਆ।

ਅਤੇ ਕੇਵਲ ਇੱਕੋ ਇਕ ਖ਼ਾਹਿਸ਼ ਨੇ ਉਸ ਨੂੰ ਖੜ੍ਹੇ ਹੋਣ ਅਤੇ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਵੇਖਣ ਲਈ ਮਜਬੂਰ ਕੀਤਾ। ਉਸ ਨੇ ਆਪਣੀ ਮੋਮਬੱਤੀ ਦੁਬਾਰਾ ਜਲਾ ਜਦੋਂ ਉਸ ਨੇ ਆਪਣਾ ਚਿਹਰਾ ਸ਼ੀਸ਼ੇ ਵਿੱਚ ਵੇਖਿਆ ਤਾਂ ਉਹ ਮੁਸ਼ਕਿਲ ਨਾਲ ਆਪਣੇ ਆਪ ਨੂੰ ਪਹਿਚਾਣ ਸਕਿਆ, ਅਤੇ ਉਸ ਨੂੰ ਇਉਂ ਦਿਸਦਾ ਸੀ ਕਿ ਉਸ ਨੇ ਆਪਣੇ ਆਪ ਨੂੰ ਪਹਿਲਾਂ ਸ਼ੀਸ਼ੇ ਵਿੱਚ ਕਦੇ ਵੀ ਨਹੀਂ ਵੇਖਿਆ ਸੀ। ਉਸ ਦੀਆਂ ਅੱਖਾਂ ਬਹੁਤ ਵੱਡੀਆਂ ਦਿਸੀਆਂ, ਉਸ ਦਾ ਰੰਗ ਪੀਲਾ ਸੀ, ਯਕੀਨਨ ਉਹ ਪੀਲਾ ਸੀ, ਬਹੁਤ ਪੀਲਾ।

ਉਹ ਉੱਥੇ ਸ਼ੀਸ਼ੇ ਸਾਹਮਣੇ ਖੜ੍ਹਾ ਰਿਹਾ। ਉਸ ਨੇ ਆਪਣੀ ਜ਼ੁਬਾਨ ਬਾਹਰ ਕੱਢੀ ਜਿਵੇਂ ਕਿ ਉਸਨੇ ਆਪਣੀ ਸਿਹਤ ਦੀ ਜਾਂਚ ਕਰਨੀ ਹੋਵੇ ਅਤੇ ਅਚਾਨਕ ਇਹ ਖ਼ਿਆਲ ਗੋਲੀ ਵਾਂਗ ਉਸ ਦੇ ਦਿਮਾਗ਼ ਵਿੱਚ ਵੜ ਗਿਆ:
"ਕੱਲ੍ਹ ਇਸ ਸਮੇਂ ਸ਼ਾਇਦ ਮੈਂ ਮਰ ਗਿਆ ਹੋਵਾਂਗਾ। "ਅਤੇ ਉਸ ਦਾ ਦਿਲ ਤੇਜ਼ੀ ਨਾਲ ਧੜਕਣ ਲਗ ਪਿਆ।

ਕੱਲ੍ਹ ਇਸ ਸਮੇਂ ਪਿੱਛੋਂ, ਮੈਂ ਸ਼ਾਇਦ ਮਰ ਗਿਆ ਹੋਵਾਂਗਾ। ਮੇਰੇ ਸਾਹਮਣੇ ਵਾਲਾ ਵਿਅਕਤੀ, ਇਹ ਜੀਵ ਜਿਸਨੂੰ ਮੈਂ ਬਹੁਤ ਵਾਰੀ ਸ਼ੀਸ਼ੇ ਵਿੱਚ ਵੇਖਿਆ ਹੈ, ਜਿੰਦਾ ਨਹੀਂ ਹੋਵੇਗਾ। ਇਹ ਕਿਵੇਂ ਹੋ ਸਕਦਾ ਹੈ। ਮੈਂ ਇੱਥੇ ਹਾਂ, ਮੈਂ ਆਪਣੇ ਆਪ ਨੂੰ ਵੇਖਦਾ ਹਾਂ, ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਜਿਊਂਦਾ ਹਾਂ, ਅਤੇ ਚੌਵੀ ਘੰਟਿਆਂ ਵਿੱਚ ਮੈਂ ਬਿਸਤਰੇ ਵਿੱਚ ਮੁਰਦਾ ਕਰਕੇ ਲਿਟਾ ਦਿੱਤਾ ਜਾਵਾਂਗਾ, ਮੇਰੀਆਂ ਅੱਖਾਂ ਬੰਦ, ਮੈਂ ਠੰਡਲ, ਨਿਰਜਿੰਦ, ਵਿਛੜਿਆ ਹੋਇਆ ਹੋਵਾਂਗਾ।

ਉਹ ਬਿਸਤਰੇ ਵੱਲ ਮੁੜਿਆ ਅਤੇ ਉਸ ਨੇ ਸਾਫ਼ ਤੌਰ 'ਤੇ ਆਪਣੇ ਆਪ ਨੂੰ ਪਿੱਠ ਭਾਰ, ਉਨ੍ਹਾਂ ਕੱਪੜਿਆਂ ਵਿੱਚ ਜੋ ਉਸ ਨੇ ਬਾਹਰ ਜਾਣ ਵੇਲੇ ਪਾਏ

ਸਨ, ਲੇਟਿਆ ਵੇਖਿਆ। ਉਸ ਦੇ ਚਿਹਰੇ 'ਤੇ ਮੌਤ ਦੇ ਚਿੰਨ੍ਹ ਅਤੇ ਹੱਥਾਂ ਵਿੱਚ ਕਰੜਾਪਨ ਸੀ ਜੋ ਹੁਣ ਕਦੇ ਦੁਬਾਰਾ ਠੀਕ ਨਹੀਂ ਹਿੱਲਣਗੇ।

ਫੇਰ ਉਸ ਨੂੰ ਬਿਸਤਰੇ ਤੋਂ ਡਰ ਲੱਗਣ ਲੱਗ ਪਿਆ ਅਤੇ ਇਸ ਨੂੰ ਨਾ ਵੇਖਣ ਦੀ ਇੱਛਾ ਨਾਲ ਉਹ ਤੰਬਾਕੂਨੋਸ਼ੀ ਵਾਲੇ ਕਮਰੇ ਵਿੱਚ ਚਲਾ ਗਿਆ । ਬਿਨਾਂ ਸੋਚ ਉਸ ਨੇ ਇਕ ਸ਼ਿੰਗਾਰ ਲਿਆ। ਇਸ ਨੂੰ ਜਲਾਇਆ ਅਤੇ ਇੱਧਰ ਉੱਧਰ ਚੱਲਣ ਲੱਗ ਪਿਆ । ਉਸ ਦਾ ਸਰੀਰ ਠੰਡਾ ਸੀ । ਉਹ ਆਪਣੇ ਖਾਨਸਾਮੇ ਨੂੰ ਜਗਾਉਣ ਲਈ ਘੰਟੀ ਵੱਲ ਗਿਆ; ਪ੍ਰੰਤੂ ਉਹ ਆਪਣੇ ਹੱਥ ਡੋਰੀ ਉੱਪਰ ਰੱਖ ਕੇ ਖੜ੍ਹਾ ਹੋ ਗਿਆ:

"ਇਹ ਆਦਮੀ ਇਕਦਮ ਸਮਝ ਜਾਵੇਗਾ ਕਿ ਮੈਂ ਡਰ ਰਿਹਾ ਹਾਂ ।"

ਉਸ ਨੇ ਘੰਟੀ ਵਜਾਈ ਪ੍ਰੰਤੂ ਅੱਗ ਜਲਾਈ । ਉਸ ਦੇ ਹੱਥ ਜਦੋਂ ਵੀ ਕਿਸੇ ਚੀਜ਼ ਨੂੰ ਛੂਹਦੇ ਤਾਂ ਡਰ ਦੀ ਕੰਬਣੀ ਕਰਕੇ ਥੋੜ੍ਹੇ ਥੋੜ੍ਹੇ ਹਿੱਲਣ ਲੱਗ ਪੈਂਦੇ । ਉਸ ਦਾ ਮਨ ਭਟਕ ਰਿਹਾ ਸੀ ਉਸ ਦੇ ਵਿਚਾਰ ਦੁੱਖੀ ਤੇ ਡਰੇ ਹੋਏ ਕਾਹਲੇ ਅਤੇ ਗ਼ਮਗੀਨ ਹੋ ਗਏ; ਇਕ ਨਸ਼ਾ ਜਿਹਾ ਉਸ ਦੇ ਮਨ ਉੱਪਰ ਇਵੇਂ ਛਾ ਰਿਹਾ ਸੀ ਜਿਵੇਂ ਕਿ ਉਸ ਨੇ ਬਹੁਤ ਸ਼ਰਾਬ ਪੀਤੀ ਹੋਵੇ । ਇਹ ਸਭ ਕੁਝ ਰੁਕੇ ਬਿਨਾਂ ਉਸ ਨੇ ਪੁੱਛਿਆ :

"ਮੈਂ ਕੀ ਕਰਨ ਲੱਗਾ ਹਾਂ? ਮੇਰੇ ਨਾਲ ਕੀ ਬਣਨ ਲੱਗਾ ਹੈ ?"

ਉਸ ਦਾ ਸਾਰਾ ਸਰੀਰ ਥਰਕ ਰਿਹਾ ਸੀ, ਝਟਕਿਆਂ ਨਾਲ ਹਿੱਲ ਅਤੇ ਕੰਬ ਰਿਹਾ ਸੀ; ਉਹ ਉੱਠਿਆ ਅਤੇ ਪਰਦੇ ਹਟਾਉਣ ਲਈ ਖਿੜਕੀ ਕੋਲ ਗਿਆ ।

ਦਿਨ ਚੜ੍ਹ ਗਿਆ ਸੀ, ਗਰਮੀਆਂ ਦਾ ਦਿਨ । ਗੁਲਾਬੀ ਅਸਮਾਨ ਨੇ ਸ਼ਹਿਰ ਨੂੰ ਛੱਤਾਂ ਅਤੇ ਦੀਵਾਰਾਂ ਤੋਂ ਗੁਲਾਬੀ ਕਰ ਦਿੱਤਾ ਸੀ । ਫੈਲੀ ਹੋਈ ਰੌਸ਼ਨੀ ਦੀ ਇਕ ਵੱਡੀ ਝਲਕ ਨੇ, ਚੜ੍ਹਦੇ ਸੂਰਜ ਦੀ ਗਲਵਕੜੀ ਵਾਂਗ, ਚੱਲਦੀ ਦੁਨੀਆ ਨੂੰ ਘੇਰ ਲਿਆ ਸੀ ; ਅਤੇ ਇਸ ਰੌਸ਼ਨੀ ਨਾਲ ਇਕ ਖ਼ੁਸ਼ ਅਤੇ ਤੇਜ਼ ਨਿਰਦਨਹੀ ਆਸ ਨੇ ਵਿਸਕਾਉਂਟ ਦੇ ਦਿਲ ਨੂੰ ਘੇਰ ਲਿਆ ਸੀ। ਕਿਸੇ ਚੀਜ਼ ਦੇ ਫ਼ੈਸਲੇ ਤੋਂ ਪਹਿਲਾਂ ਉਸ ਦਾ ਡਰ ਕਾਰਨ ਇਸ ਤਰ੍ਹਾਂ ਦੱਬਿਆ ਜਾਣਾ ਉਸ ਦੀ ਮੂਰਖਤਾ ਸੀ, ਜਦੋਂ ਕਿ ਉਸ ਦੇ ਹਿਮਾਇਤੀ ਜਾਰਜ਼ ਲਾਮਿਲ ਦੇ ਹਿਮਾਇਤੀਆਂ ਨੂੰ ਨਹੀਂ ਮਿਲੇ ਸਨ ਉਸ ਨੂੰ ਇਹ ਨਹੀਂ ਸੀ ਪਤਾ ਕਿ ਉਹ ਲੜੇਗਾ ਵੀ ਕਿ ਨਹੀਂ।

ਉਸ ਨੇ ਮੂੰਹ ਹੱਥ ਧੋਤਾ, ਕੱਪੜੇ ਪਾਏ ਅਤੇ ਮਜ਼ਬੂਤ ਕਦਮਾਂ ਨਾਲ ਚੱਲ ਪਿਆ ।

ਚੱਲਦੇ ਚੱਲਦੇ ਉਸ ਨੇ ਲਗਾਤਾਰ ਦੁਹਰਾਇਆ:

"ਮੇਰੇ ਲਈ ਤਕੜਾ, ਬਹੁਤ ਤਕੜਾ ਹੋਣਾ ਜ਼ਰੂਰੀ ਹੋਵੇਗਾ । ਮੈਨੂੰ ਸਾਬਿਤ ਕਰਨਾ ਚਾਹੀਦਾ ਹੈ ਕਿ ਮੈਂ ਡਰ ਨਹੀਂ ਰਿਹਾ ਹਾਂ ।"

ਉਸ ਦੇ ਹਾਮੀ, ਮਾਰਕਸ ਅਤੇ ਕਰਨਲ ਨੇ ਆਪਣੇ ਆਪ ਨੂੰ ਉਸ ਦੀ ਸੇਵਾ ਵਿੱਚ ਅਰਪਣ ਕੀਤਾ ਅਤੇ ਜ਼ੋਰ ਨਾਲ ਹੱਥ ਮਿਲਾ ਕੇ, ਸ਼ਰਤਾਂ 'ਤੇ ਵਿਚਾਰ ਕੀਤੀ । ਕਰਨਲ ਨੇ ਪੁੱਛਿਆ:

“ਕੀ ਤੁਸੀਂ ਇਸ ਨੂੰ ਖ਼ਤਰਨਾਕ ਲੜਾਈ ਬਣਾਉਣਾ ਚਾਹੁੰਦੇ ਹੋ ?"

ਵਿਸਕਾਉਂਟ ਨੇ ਉੱਤਰ ਦਿੱਤਾ" : ਬਹੁਤੇ ਖ਼ਤਰਨਾਕ"

ਮਾਰਕਸ ਨੇ ਗੱਲ ਜਾਰੀ ਕੀਤੀ" : ਕੀ ਤੁਸੀਂ ਪਸਤੌਲ ਵਰਤੋਂਗੇ ? "

"ਹਾਂ"

" ਅਸੀਂ ਬਾਕੀ ਦੀ ਗੱਲ ਨੂੰ ਨਿਯਮਤ ਕਰਨਾ ਤੁਹਾਡੇ 'ਤੇ ਛੱਡਦੇ ਹਾਂ ।"

ਵਿਸਕਾਉਂਟ ਨੇ ਸੂਖ਼ਮ, ਥਰਕਦੀ ਹੋਈ ਆਵਾਜ਼ ਵਿੱਚ ਕਿਹਾ" : ਹੁਕਮ ਮਿਲਣ 'ਤੇ ਅਤੇ ਹੱਥ ਉੱਪਰ ਚੁੱਕਣ 'ਤੇ, ਵੀਹ ਕਦਮ ਪੁੱਟਣੇ, ਓਨੀ ਦੇਰ ਗੋਲੀਆਂ ਚਲਾਉਣਾ ਜਦੋਂ ਤੱਕ ਕੋਈ ਇਕ ਬੁਰੀ ਤਰ੍ਹਾਂ ਫੱਟੜ ਨਾ ਹੋ ਜਾਵੇ ।"

ਕਰਨਲ ਨੇ ਤਸੱਲੀ ਭਰੀ ਆਵਾਜ਼ ਵਿੱਚ ਉੱਤਰ ਦਿੱਤਾ:

"ਇਹ ਸ਼ਰਤਾਂ ਬਹੁਤ ਵਧੀਆ ਹਨ । ਤੁਸੀਂ ਨਿਸ਼ਾਨਾ ਸੋਹਣਾ ਲਾਉਂਦੇ ਹੋ, ਤੁਹਾਡੇ ਪੌ ਬਾਰਾਂ ਹਨ ।"

ਉਹ ਅਲੱਗ ਹੋ ਗਏ । ਵਿਸਕਾਉਂਟ ਉਸਦੀ ਇੰਤਜ਼ਾਰ ਕਰਨ ਲਈ ਘਰ ਮੁੜਿਆ : ਉਸ ਦੀ ਘਬਰਾਹਟ ਜੋ ਇਕ ਪਲ਼ ਲਈ ਮੱਠੀ ਹੋ ਗਈ ਸੀ, ਹੁਣ ਮਿੰਟ ਮਿੰਟ ਵੱਧ ਰਹੀ ਸੀ । ਉਸ ਨੇ ਆਪਣੀਆਂ ਬਾਂਹਾਂ, ਲੱਤਾਂ ਅਤੇ ਆਪਣੀ ਛਾਤੀ ਵਿੱਚ ਇਕ ਕਿਸਮ ਦਾ ਲਗਾਤਾਰ ਕਾਂਬਾ ਮਹਿਸੂਸ ਕੀਤਾ; ਉਹ ਬੈਠਿਆਂ ਜਾਂ ਖਲੋਤਿਆਂ ਅਡੋਲ ਨਹੀਂ ਰਹਿ ਸਕਿਆ । ਉਸ ਦੇ ਮੂੰਹ ਵਿੱਚ ਥੁੱਕ ਦਾ ਨਾਂ ਨਿਸ਼ਾਨ ਨਹੀਂ ਸੀ, ਅਤੇ ਉਹ ਹਰ ਪਲ਼ ਆਪਣੀ ਜ਼ੁਬਾਨ ਨਾਲ ਇਸ ਤਰ੍ਹਾਂ ਦੀ ਆਵਾਜ਼ ਪੈਦਾ ਕਰਦਾ ਸੀ ਜਿਵੇਂ ਕਿ ਉਸ ਦੀ ਜ਼ਬਾਨ ਤਾਲੂ ਨਾਲ ਚਿੱਪੀ ਹੋਈ ਜ਼ਬਾਨ ਨਾ ਹੋਵੇ।

ਉਸ ਨੇ ਨਾਸ਼ਤਾ ਲੈਣਾ ਚਾਹਿਆ ਪਰ ਉਹ ਖਾ ਨਾ ਸਕਿਆ । ਫੇਰ ਉਸ ਨੂੰ ਆਪਣੇ ਆਪ ਵਿੱਚ ਥੋੜ੍ਹਾ ਹੌਂਸਲਾ ਪੈਦਾ ਕਰਨ ਲਈ ਸ਼ਰਾਬ ਪੀਣ ਦਾ

ਖ਼ਿਆਲ ਆਇਆ ਅਤੇ ਉਹ ਰੱਮ ਦੀ ਛੋਟੀ ਜਿਹੀ ਬੋਤਲ ਕੱਢ ਲਿਆਇਆ, ਜੋ ਉਸ ਨੇ ਥੋੜ੍ਹੀ ਥੋੜ੍ਹੀ ਕਰਕੇ ਛੇ ਵਾਰੀ ਗਲਾਸ ਵਿੱਚ ਪਾ ਕੇ ਪੀ ਲਈ ।

ਅੱਗ ਵਰਗੀ ਗਰਮੀ ਨੇ ਉਸ ਨੂੰ ਆ ਘੇਰਿਆ, ਜਿਸ ਪਿੱਛੋਂ ਤਕਰੀਬਨ ਛੇਤੀ ਹੀ ਉਸ ਦਾ ਸਰੀਰ ਸੁੰਨ ਹੋ ਗਿਆ ।

ਉਸ ਨੇ ਸੋਚਿਆ:

"ਮੈਂ ਇਲਾਜ ਲੱਭ ਲਿਆ ਹੈ। ਹੁਣ ਕੁਝ ਠੀਕ ਹਾਂ।"

ਪ੍ਰੰਤੂ ਇਕ ਘੰਟੇ ਦੇ ਬੀਤਣ ਪਿੱਛੋਂ, ਉਸ ਨੇ ਬੋਤਲ ਖ਼ਾਲੀ ਕਰ ਲਈ ਸੀ ਅਤੇ ਉਸ ਦੀ ਘਬਰਾਹਟ ਦੀ ਹਾਲਤ ਅਸਹਿ ਹੋ ਗਈ ਸੀ। ਉਸ ਨੇ ਜ਼ਮੀਨ ਉੱਪਰ ਰਿੜ੍ਹਨ, ਚੀਕਾਂ ਮਾਰਨ ਅਤੇ ਦੰਦੀ ਵੱਢਣ ਦੀ ਬੇਹੂਦਾ ਖ਼ਾਹਿਸ਼ ਮਹਿਸੂਸ ਕੀਤੀ । ਫੇਰ ਰਾਤ ਹੋ ਗਈ।

ਘੰਟੀ ਦੇ ਖੜਕਾਰ ਨੇ ਉਸ ਦਾ ਦਿਲ ਹਿਲਾ ਦਿੱਤਾ ਕਿ ਉਸ ਵਿੱਚ ਉੱਠਣ ਅਤੇ ਆਪਣੇ ਹਿਮਾਇਤੀਆਂ ਦਾ ਸੁਆਗਤ ਕਰਨ ਦਾ ਬਲ ਵੀ ਬਾਕੀ ਨਹੀਂ ਸੀ ਰਿਹਾ ਉਹ ਉਨ੍ਹਾਂ ਨੂੰ" ਸ਼ੁਭ ਸ਼ਾਮ' ਕਹਿਣ ਲਈ ਇਕ ਸ਼ਬਦ ਦਾ ਉਚਾਰਨ ਕਰਨ ਦਾ ਹੌਂਸਲਾ ਵੀ ਨਾ ਕਰ ਸਕਿਆ। ਇਸ ਡਰ ਕਰਕੇ ਕਿ ਉਹ ਉਸ ਦੀ ਆਵਾਜ਼ ਵਿੱਚ ਫ਼ਰਕ ਨਾ ਲੱਭ ਲੈਣ।

ਕਰਨਲ ਨੇ ਖ਼ਬਰ ਦਿੱਤੀ:

"ਤੁਹਾਡੇ ਵੱਲੋਂ ਨਿਯਤ ਸ਼ਰਤਾਂ ਅਨੁਸਾਰ ਸਭ ਪ੍ਰਬੰਧ ਕਰ ਦਿੱਤਾ ਗਿਆ ਹੈ। ਤੁਹਾਡਾ ਵਿਰੋਧੀ ਨਿਰਾਦਰੀ ਕਰਕੇ ਵਿਸ਼ੇਸ਼ ਹੱਕਾਂ ਦੀ ਮੰਗ ਕਰਦਾ ਸੀ, ਪ੍ਰੰਤੂ ਛੇਤੀ ਹੀ ਉਹ ਸਹਿਮਤ ਹੋ ਗਿਆ ਅਤੇ ਸਭ ਕੁਝ ਮੰਨ ਗਿਆ। ਉਸ ਦੇ ਹਮਾਇਤੀ ਦੋ ਫ਼ੌਜੀ ਆਦਮੀ ਹਨ।"

ਵਿਸਕਾਉਂਟ ਨੇ ਇਕ ਸ਼ਬਦ ਉਚਾਰਿਆ!

"ਧੰਨਵਾਦ"

"ਜੇ ਅਸੀਂ ਖੜ੍ਹੇ ਖੜੋਤੇ ਹੀ ਮੁੜ ਜਾਈਏ ਤਾਂ ਸਾਨੂੰ ਮਾਫ਼ ਕਰਨਾ ਕਿਉਂਕਿ ਸਾਡੇ ਕਾਰਨ ਗੋਚਰੇ ਹੋਰ ਹਜ਼ਾਰਾਂ ਕੰਮ ਹਨ । ਇਕ ਚੰਗੇ ਡਾਕਟਰ ਦੀ ਜ਼ਰੂਰਤ ਹੈ ਕਿਉਂਕਿ ਲੜਾਈ ਗੰਭੀਰ ਚੋਟ ਪਿੱਛੋਂ ਹੀ ਮੁੱਕਣੀ ਹੈ, ਅਤੇ ਤੁਹਾਨੂੰ ਪਤਾ ਹੀ ਹੈ ਕਿ ਗੋਲੀਆਂ ਕੋਈ ਮਾਮੂਲੀ ਗੱਲ ਨਹੀਂ। ਫੇਰ ਘਰ ਦੇ ਨੇੜੇ ਕੋਈ ਥਾਂ ਵੀ ਢੂੰਡਣੀ ਪਵੇਗੀ।

ਜਿੱਥੇ ਕਿ ਜ਼ਖ਼ਮੀ ਨੂੰ ਜ਼ਰੂਰਤ ਪੈਣ ’ਤੇ ਲੈ ਜਾਇਆ ਜਾ ਸਕੇ ; ਆਦਿ : ਅੰਤ ਵਿੱਚ, ਸਾਡੇ ਕੋਲ ਦੋ ਜਾਂ ਤਿੰਨ ਘੰਟੇ ਦਾ ਸਮਾਂ ਹੀ ਇਸ ਕੰਮ ਲਈ ਬਚਿਆ ਹੈ ।”

ਵਿਸਕਾਉਂਟ ਨੇ ਦੂਜੀ ਵਾਰੀ ਸਪੱਸ਼ਟ ਤੌਰ ’ਤੇ ਕਿਹਾ:

"ਧੰਨਵਾਦ"

ਕਰਨਲ ਨੇ ਪੁੱਛਿਆ:

"ਤੁਸੀਂ ਕਿਵੇਂ ਹੋ ? ਕੀ ਤੁਸੀਂ ਸ਼ਾਂਤ ਹੋ ?"

"ਹਾਂ, ਬਹੁਤ ਸ਼ਾਂਤ, ਧੰਨਵਾਦ ।"

ਦੋਨੋਂ ਆਦਮੀ ਫੇਰ ਚਲੇ ਗਏ।

ਜਦੋਂ ਉਹ ਫੇਰ ਇਕੱਲਾ ਰਹਿ ਗਿਆ, ਤਾਂ ਉਸਨੂੰ ਜਾਪਿਆ ਕਿ ਉਹ ਪਾਗ਼ਲ ਹੋ ਗਿਆ ਸੀ । ਉਸ ਦੇ ਨੌਕਰ ਨੇ ਲੈਂਪ ਜਲਾ ਦਿੱਤਾ ਸੀ ਉਹ ਕੁਝ ਚਿੱਠੀਆਂ ਲਿਖਣ ਲਈ ਆਪਣੀ ਮੇਜ਼ ਸਾਹਮਣੇ ਬੈਠ ਗਿਆ । ਪੰਨੇ ਦੇ ਉੱਪਰ ਇਹ ਕੁਝ ਲਿਖ ਕੇ: “ਇਹ ਮੇਰੀ ਵਸੀਅਤ ਹੈ- "ਉਹ ਝਟਕੇ ਨਾਲ ਖੜ੍ਹਾ ਹੋ ਗਿਆ ਅਤੇ ਇਹ ਸੋਚਦੇ ਹੋਏ ਕਿ ਉਹ ਦੋ ਵਿਚਾਰਾਂ ਨੂੰ ਰੂਪ ਦੇਣ ਲਈ ਕਿਸੇ ਗੱਲ ਦਾ ਨਿਰਨਾ ਕਰ ਸਕਣ ਦੇ ਦ੍ਰਿੜ੍ਹ ਸੰਕਲਪ ਤੋਂ ਅਸਮੱਰਥ ਸੀ ਇਸ ਲਈ, ਉਸ ਨੇ ਉਸ ਪੰਨੇ ਨੂੰ ਇਕ ਪਾਸੇ ਰੱਖ ਦਿੱਤਾ।

ਸੋ ਉਹ ਲੜਾਈ ਕਰਨ ਜਾ ਰਿਹਾ ਸੀ । ਇਸ ਨੂੰ ਟਾਲਣ ਦਾ ਕੋਈ ਰਸਤਾ ਨਹੀਂ ਸੀ। ਉਹ ਇਸ ਨੂੰ ਕਿਵੇਂ ਨਿਭਾ ਸਕਦਾ ਹੈ। ਉਹ ਲੜਨ ਦੀ ਇੱਛਾ ਰੱਖਦਾ ਸੀ, ਇਵੇਂ ਕਰਨ ਦਾ ਉਸ ਦਾ ਇਰਾਦਾ ’ਤੇ ਪੱਕਾ ਫ਼ੈਸਲਾ ਸੀ, ਅਤੇ ਫਿਰ ਵੀ ਉਸ ਨੇ ਮਹਿਸੂਸ ਕੀਤਾ, ਕਿ ਉਸ ਦੀ ਸਾਰੀ ਕੋਸ਼ਿਸ਼ ਅਤੇ ਉਸ ਦੀ ਇੱਛਾ ਸ਼ਕਤੀ ਦੀ ਤੀਬਰਤਾ ਦੇ ਬਾਵਜੂਦ ਉਹ ਆਪਣੇ ਵਿੱਚ ਮਿਲਣ ਵਾਲੀ ਥਾਂ ’ਤੇ ਪਹੁੰਚਣ ਲਈ ਲੋੜੀਂਦੀ ਸ਼ਕਤੀ ਵੀ ਕਾਇਮ ਰੱਖਣ ਦੇ ਕਾਬਲ ਨਹੀਂ ਹੋਵੇਗਾ । ਉਸ ਨੇ ਲੜਾਈ ਬਾਰੇ, ਆਪਣੇ ਵਤੀਰੇ ਬਾਰੇ ਅਤੇ ਵਿਰੋਧੀ ਦੀ ਹਾਲਤ ਬਾਰੇ ਸੋਚਿਆ।

ਸਮੇਂ ਸਮੇਂ ਉਸ ਦੇ ਦੰਦ ਥੋੜ੍ਹੀ ਜਿਹੀ ਤੇਜ਼ ਆਵਾਜ਼ ਨਾਲ ਵੱਜਦੇ । ਉਸ ਨੇ ਪੜ੍ਹਨ ਦੀ ਕੋਸ਼ਿਸ਼ ਕੀਤੀ ਅਤੇ ਚਾਟਿਉਵਿਲਾਰਡ ਦੀ ਲੜਾਈ ਦੀ ਨਿਯਮਾਂਵਲੀ ਚੁੱਕ ਲਈ। ਫੇਰ ਉਸ ਨੇ ਆਪਣੇ ਆਪ ਨੂੰ ਪੁੱਛਿਆ:

ਕੀ ਮੇਰਾ ਵਿਰੋਧੀ ਅਕਸਰ ਲੜਦਾ ਰਿਹਾ ਹੈ ? ਕੀ ਉਹ ਨਾਮੀ ਹੈ ? ਕੀ ਉਹ ਕੁਝ ਇਕ ਲੜਾਕਿਆਂ ਵਿੱਚੋਂ ਹੈ ? ਮੈਂ ਕਿਵੇਂ ਜਾਣ ਸਕਦਾ ਹਾਂ ?

ਉਸ ਨੂੰ ਬੈਰਨ ਡੀ. ਵਾਕਸ ਦੀ ਪਸਤੌਲ ਦੇ ਮਾਹਿਰਾਂ ਉੱਪਰ ਲਿਖੀ ਪੁਸਤਕ ਯਾਦ ਆਈ ਅਤੇ ਉਸ ਨੇ ਇਸ ਨੂੰ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਫੋਲਿਆ। ਜਾਰਜ ਲੈਮਿਲ ਦਾ ਨਾਂ ਕਿਧਰੇ ਨਹੀਂ ਸੀ। ਨਿਰਸੰਕੋਚ, ਜੇ ਇਹ ਆਦਮੀ ਮਾਹਿਰ ਨਹੀਂ ਤਾਂ ਉਹ ਇਹ ਖ਼ਤਰਨਾਕ ਹਥਿਆਰ ਅਤੇ ਇਨ੍ਹਾਂ ਤੱਕ ਸ਼ਰਤਾਂ ਨੂੰ ਇੰਨੀ ਛੇਤੀ ਨਾ ਮੰਨਦਾ। ਉਸ ਨੇ ਬਰਾਂਡੇ ਵਿੱਚੋਂ, ਇਕ ਗੈਸਟੀਨ ਰੈਨੱਟਸ ਦਾ ਇਕ ਛੋਟੇ ਸਟੈਂਡ ’ਤੇ ਰੱਖਿਆ ਸੰਦੂਕ ਖੋਲ੍ਹਿਆ ਇਕ ਪਸਤੌਲ ਕੱਢੀ, ਉਸ ਨੂੰ ਗੋਲੀ ਚਲਾਣ ਵਾਲੀ ਹਾਲਤ ਵਿੱਚ ਫੜਿਆ । ਪ੍ਰੰਤੂ ਉਹ ਸਿਰ ਤੋਂ ਪੈਰਾਂ ਤੱਕ ਕੰਬਣ ਲੱਗ ਪਿਆ ਸੀ ਅਤੇ ਬੰਦੂਕ ਉਸ ਦੀ ਅਕਲ ’ਤੇ ਛਾ ਗਈ । ਫੇਰ ਉਸ ਨੇ ਕਿਹਾ : “ਇਹ ਅਸੰਭਵ ਹੈ। ਮੈਂ ਇਸ ਹਾਲਤ ਵਿੱਚ ਲੜ ਨਹੀਂ ਸਕਦਾ ।"

ਉਸ ਨੇ ਬੈਰਲ ਦੇ ਸਿਰੇ, ਉਸ ਛੋਟੀ ਜਿਹੀ ਕਾਲੀ, ਡੂੰਘੀ ਮੋਰੀ ਵੱਲ ਵੇਖਿਆ ਜੋ ਕਿ ਮੌਤ ਉਗਲਦੀ ਹੈ, ਉਸ ਨੇ ਆਪਣੀ ਬੇਇੱਜ਼ਤੀ, ਆਪਣੇ ਦਾਇਰੇ ਵਿੱਚ ਘੁਸਰ-ਮੁਸਰ, ਡਰਾਇੰਗ ਰੂਮ ਵਿਚਲੇ ਹਾਸੇ, ਇਸਤਰੀਆਂ ਦਾ ਤ੍ਰਿਸਕਾਰ, ਰਸਾਲਿਆਂ ਵਿਚਲੇ ਹਵਾਲੇ, ਉਸ ਭਾਰੀ ਹੇਠੀ ਬਾਰੇ ਸੋਚਿਆ ਜੋ ਕਿ ਕਾਇਰਤਾ ਕਰਕੇ ਉਸ ਨੂੰ ਸਹਿਣੀ ਪਵੇਗੀ ।

ਉਸ ਨੇ ਹਥਿਆਰ ਦੀ ਜਾਂਚ ਪੜਤਾਲ ਜਾਰੀ ਰੱਖੀ ਅਤੇ ਕਾਕ ਉੱਪਰ ਚੁੱਕਦਿਆਂ, ਉਸ ਨੇ ਅਚਾਨਕ ਇਸ ਹੇਠਾਂ ਇਕ ਗੋਲੀ ਲਾਲ ਸ਼ੋਅਲੇ ਵਾਂਗ ਚਮਕਦੀ ਵੇਖੀ। ਪਿਸਤੌਲ ਗ਼ਲਤੀ ਨਾਲ ਭਰੀ ਰਹਿ ਗਈ । ਇਸ ਲੱਭਤ ’ਤੇ ਉਸ ਨੂੰ ਇਕ ਧੁੰਦਲੀ ਅਸਪੱਸ਼ਟ ਜਿਹੀ ਖ਼ੁਸ਼ੀ ਹੋਈ ।

ਜੇ ਦੂਜੇ ਆਦਮੀ ਦੇ ਸਾਹਮਣੇ ਉਸ ਵਿੱਚ ਉਹੋ ਜਿਹੀ ਟਿਕਾਓ ਅਤੇ ਰੋਅਬ ਵਾਲੀ ਸੂਰਮਤਾਈ ਨਾ ਰਹੀ ਤਾਂ ਉਹ ਹਮੇਸ਼ਾ ਲਈ ਮਿਟ ਜਾਵੇਗਾ । ਉਹ ਕਲੰਕਿਤ ਹੋ ਜਾਵੇਗਾ, ਉਸਦੇ ਨਾਂ ਨੂੰ ਧੱਬਾ ਲੱਗ ਜਾਵੇਗਾ, ਉਹ ਦੁਨੀਆ ਵਿੱਚੋਂ ਨਿਕਲ ਜਾਵੇਗਾ, ਅਤੇ ਇਹ ਸ਼ਾਂਤੀ, ਅਤੇ ਇਹ ਦਲੇਰਾਨਾ ਸੂਰਮਤਾਈ ਉਸ ਨੂੰ ਨਸੀਬ ਨਹੀਂ ਹੋਵੇਗੀ । ਉਹ ਇਹ ਗੱਲ ਜਾਣਦਾ ਸੀ । ਉਸ ਨੇ ਮਹਿਸੂਸ ਕੀਤਾ, ਭਾਵੇਂ ਉਹ ਬਹਾਦਰ ਸੀ ਅਤੇ ਉਹ ਲੜਨਾ ਵੀ ਚਾਹੁੰਦਾ ਸੀ ... ਇਹ ਖ਼ਿਆਲ ਕਦੇ ਵੀ ਉਸ ਦੇ ਮਨ ਵਿੱਚ ਅਸਲੀ ਰੂਪ ਨਾ ਧਾਰਨ ਕਰ ਸਕਿਆ, ਕਿਉਂਕਿ ਆਪਣਾ

ਮੂੰਹ ਚੌੜਾ ਖੋਲ੍ਹ ਕੇ ਉਸ ਨੇ ਆਪਣੇ ਪਿਸਤੌਲ ਦੀ ਨਾਲੀ ਸਿੱਧੀ ਆਪਣੇ ਗਲੇ ਵਿੱਚ ਧਸ ਦਿੱਤੀ ਅਤੇ ਘੋੜਾ ਦਬਾ ਦਿੱਤਾ......

ਜਦੋਂ ਉਸ ਦਾ ਨੌਕਰ, ਆਵਾਜ਼ ਸੁਣ ਕੇ, ਉਸ ਵੱਲ ਭੱਜਿਆ, ਉਸ ਨੇ ਉਸ ਨੂੰ ਪਿੱਠ ਭਾਰ ਮਰਿਆ ਪਿਆ ਵੇਖਿਆ। ਖ਼ੂਨ ਦੀ ਇਕ ਧਾਰ ਮੇਜ਼ ਉੱਪਰਲੇ ਕਾਗ਼ਜ਼ 'ਤੇ ਖਿੱਲਰ ਗਈ ਅਤੇ ਇਨ੍ਹਾਂ ਚਾਰ ਸ਼ਬਦਾਂ ਉੱਪਰ ਇਕ ਵੱਡਾ ਲਾਲ ਨਿਸ਼ਾਨ ਪਾ ਗਈ:

ਇਹ ਮੇਰੀ ਵਸੀਅਤ ਹੈ।"

# ਇਕ ਰਸਤਾ

ਇਕ ਮਹੀਨੇ ਤੋਂ ਵੱਧ ਦੇ ਸਮੇਂ ਤੋਂ ਰੈਂਡਲ ਕੰਮ ਦੀ ਭਾਲ ਵਿੱਚ ਥਾਂ ਥਾਂ ਫਿਰ ਰਿਹਾ ਸੀ। ਉਹ ਆਪਣੀ ਜਨਮ-ਭੂਮੀ ਵਿਲੀ-ਐਵਰੀ, ਵਿਖੇ ਲਾ ਮੈਨਕੇ ਵਿਭਾਗ ਛੱਡ ਆਇਆ ਸੀ। ਕਿਉਂਕਿ ਉੱਥੇ ਕੋਈ ਕੰਮ ਨਹੀਂ ਸੀ । ਉਹ 27 ਸਾਲਾਂ ਦਾ ਇਕ ਤੁਰਦਾ ਫਿਰਦਾ ਤਰਖਾਣ ਸੀ। ਉਹ ਇਕ ਮਿਹਨਤੀ ਅਤੇ ਚੰਗਾ ਕਾਮਾ ਸੀ, ਪਰ ਦੋ ਮਹੀਨਿਆਂ ਲਈ, ਉਸ ਨੂੰ ਤੋਂ ਵੱਡਾ ਲੜਕਾ ਸੀ, ਆਪਣੇ ਪਰਿਵਾਰ ਵਿੱਚ ਰਹਿਣਾ ਪੈ ਰਿਹਾ ਸੀ । ਜਿੱਥੇ ਉਸ ਨੂੰ ਸਿਵਾਏ ਅਵਾਰਾਗਰਦੀ ਦੇ ਕੋਈ ਕੰਮ ਨਹੀਂ ਸੀ । ਰੋਟੀ ਉਨ੍ਹਾਂ ਲਈ ਦੁਰਲੱਭ ਹੋ ਰਹੀ ਸੀ; ਦੋ ਭੈਣਾਂ ਦਿਹਾੜੀ ਕਰਨ ਜਾਂਦੀਆਂ ਸਨ ਪਰ ਉਨ੍ਹਾਂ ਨੇ ਬਹੁਤ ਥੋੜ੍ਹੀ ਕਮਾਈ ਕੀਤੀ, ਅਤੇ ਜੈਕਸ ਰੈਂਡਲ, ਜੋ ਉਨ੍ਹਾਂ ਸਾਰਿਆਂ ਨਾਲੋਂ ਤਕੜਾ ਸੀ, ਕੋਈ ਕੰਮ ਨਹੀਂ ਸੀ ਕਰਦਾ ਕਿਉਂਕਿ ਉਸ ਕੋਲ ਕੋਈ ਕੰਮ ਨਹੀਂ ਸੀ ਅਤੇ ਦੂਜਿਆਂ ਦੀ ਕਮਾਈ ਖਾਣੀ ਸੀ ।

ਫਿਰ ਉਹ ਟਾਊਨ ਹਾਲ ਗਿਆ ਤੇ ਪਤਾ ਕੀਤਾ ਅਤੇ ਮੇਅਰ ਦੇ ਸਕੱਤਰ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਲੇਬਰ-ਸੈਂਟਰ ਵਿਖੇ ਕੰਮ ਮਿਲੇਗਾ । ਇਸ ਤਰ੍ਹਾਂ ਉਹ ਕਾਗ਼ਜ਼ ਅਤੇ ਸਰਟੀਫਿਕੇਟ ਲੈ ਕੇ ਚੱਲ ਪਿਆ । ਉਸ ਪਾਸ ਜੁੱਤੀਆਂ ਦਾ ਇਕ ਜੋੜਾ, ਇਕ ਪਤਲੂਣਾਂ ਦਾ ਜੋੜਾ, ਇਕ ਕਮੀਜ਼ ਸੀ ਜੋ ਉਸ ਨੇ ਰੁਮਾਲ ਵਿੱਚ ਬੰਨ੍ਹ ਕੇ ਆਪਣੀ ਸੋਟੀ ਦੇ ਇਕ ਸਿਰੇ ’ਤੇ ਟੰਗੇ ਹੋਏ ਸਨ ।

ਉਹ ਅਮੁੱਕ ਸੜਕਾਂ ਉੱਤੇ ਦਿਨ-ਰਾਤ ਧੁੱਪ ਅਤੇ ਬਾਰਿਸ਼ ਵਿੱਚ ਬਿਨਾਂ ਰੁੱਕੇ ਟੁਰਦਾ ਗਿਆ ਸੀ, ਉਂਝ ਰਹੱਸਮਈ ਸ਼ਹਿਰ ਵਿੱਚ ਨਾ ਪਹੁੰਚ ਸਕਿਆ ਜਿੱਥੇ ਕਾਮਿਆਂ ਨੂੰ ਕੰਮ ਮਿਲਦਾ ਹੈ । ਭੂਰੇ ਰੰਗ ਦੇ ਭਾਰੇ ਬੱਦਲ ਦਰੱਖ਼ਤਾਂ ਵਿੱਚੋਂ ਤੇਜ਼ੀ ਨਾਲ ਉੱਡੀ ਜਾ ਰਹੇ ਸਨ ਅਤੇ ਇੰਝ ਲੱਗਦਾ ਸੀ ਕਿ ਬਾਰਿਸ਼ ਛੇਤੀ ਹੀ ਹੋਵੇਗੀ । ਉਹ ਸ਼ਾਮ, ਐਤਵਾਰ ਦੀ ਸ਼ਾਮ ਹੋਣ ਕਰਕੇ ਦੇਸ਼ ਵਿੱਚ ਵੀ ਵੀਰਾਨੀ ਸੀ । ਖੇਤਾਂ ਵਿੱਚ ਇੱਧਰ-ਉੱਧਰ ਗਾਹੀਆਂ ਗਈਆਂ ਫ਼ਸਲਾਂ ਦੇ ਪੀਲੀਆਂ ਖੁੰਬਾਂ ਵਾਂਗ ਢੇਰ ਲੱਗੇ ਹੋਏ ਸਨ ਅਤੇ ਖੇਤ ਇੰਝ ਦਿਖਾਈ ਦੇ ਰਹੇ ਸਨ ਜਿਵੇਂ ਉਨ੍ਹਾਂ ਵਿੱਚ ਅਗਲੇ ਸਾਲ ਲਈ ਬਿਜਾਈ ਕੀਤੀ ਗਈ ਹੋਵੇ ।

ਰੈਂਡਲ ਇੰਝ ਭੁੱਖਾ ਸੀ ਜਿਵੇਂ ਕੋਈ ਜੰਗਲੀ ਜਾਨਵਰ ਭੁੱਖਾ ਹੁੰਦਾ ਹੈ ਅਤੇ ਜਿਹੜੀ ਭੁੱਖ ਬਘਿਆੜ ਨੂੰ ਮਨੁੱਖਾਂ 'ਤੇ ਹਮਲਾ ਕਰਨ ਲਈ ਮਜਬੂਰ ਕਰ ਦੇਂਦੀ ਹੈ। ਥਕਾਵਟ ਕਾਰਨ ਥੱਕੇ ਟੁੱਟੇ ਅਤੇ ਸਿਥਲ ਹੋਏ ਰੈਂਡਲ ਨੇ ਵੱਡੇ ਵੱਡੇ ਕਦਮ ਪੁੱਟੇ ਤਾਂ ਜੋ ਕਾਫ਼ੀ ਕਦਮ ਨਾ ਪੁੱਟਣੇ ਪੈਣ। ਉਸ ਦਾ ਸਿਰ ਭਾਰੀ ਸੀ, ਉਸ ਦੀਆਂ ਅੱਖਾਂ ਲਾਲ ਹੋ ਗਈਆਂ ਸਨ ਅਤੇ ਮੂੰਹ ਖ਼ੁਸ਼ਕ ਸੀ, ਉਸ ਨੇ ਆਪਣੀ ਸੋਟੀ ਆਪਣੇ ਹੱਥਾਂ ਵਿੱਚ ਕੱਸ ਕੇ ਫੜ ਲਈ ਕਿ ਉਹ ਮਿਲਣ ਵਾਲੇ ਸਭ ਤੋਂ ਪਹਿਲੇ ਪਾਂਧੀ ਨੂੰ ਜਿਸ ਨੂੰ ਉਹ ਖਾਣਾ ਖੁਆਉਣ ਲਈ ਜਾ ਰਿਹਾ ਹੋਵੇ, ਪੂਰੇ ਜ਼ੋਰ ਨਾਲ ਮਾਰੇਗਾ।

ਉਸ ਨੇ ਸੜਕ ਦੇ ਦੋਹੀਂ ਪਾਸੀਂ ਇਸ ਖ਼ਿਆਲ ਨਾਲ ਵੇਖਿਆ ਜਿਵੇਂ ਪੁੱਟੇ ਹੋਏ ਆਲੂ ਉਸ ਦੀਆ ਅੱਖਾਂ ਸਾਹਮਣੇ ਜ਼ਮੀਨ 'ਤੇ ਪਏ ਹੋਣ। ਜੇ ਉਸ ਨੂੰ ਕੁਝ ਆਲੂ ਮਿਲ ਜਾਂਦੇ ਤਾਂ ਉਹ ਕੁਝ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਲੈਂਦਾ ਅਤੇ ਖਾਈ ਵਿੱਚ ਅੱਗ ਬਾਲ ਕੇ ਅਤੇ ਗੋਲ ਆਲੂਆਂ ਦਾ ਇਕ ਚੰਗਾ ਗਰਮ ਖਾਣਾ ਖਾ ਲੈਂਦਾ, ਆਪਣੇ ਠੰਢੇ ਹੱਥਾਂ ਵਿੱਚ ਪਕੜ ਕੇ ਨਿੱਘ ਪ੍ਰਾਪਤ ਕਰਦਾ ਪਰ ਹੁਣ ਸਾਲ ਕਾਫ਼ੀ ਬੀਤ ਚੁੱਕਿਆ ਸੀ ਅਤੇ ਉਸ ਨੂੰ ਚਕੰਦਰ ਦੀ ਜੜ੍ਹ ਕੱਚੀ ਹੀ ਚਬਾਉਣੀ ਪਈ ਜਿਵੇਂ ਉਸ ਨੇ ਪਿਛਲੇ ਦਿਨ ਖੇਤ ਵਿੱਚੋਂ ਪੁੱਟ ਕੇ ਖਾਧੀ ਸੀ।

ਪਿਛਲੇ ਦੋ ਦਿਨ ਤੋਂ ਆਪਣੇ ਵਿਚਾਰਾਂ ਦੇ ਪ੍ਰਭਾਵ ਹੇਠ ਉਹ ਉੱਚੀ ਉੱਚੀ ਬੋਲਦਾ ਸੀ ਅਤੇ ਤੇਜ਼ ਤੇਜ਼ ਤੁਰ ਰਿਹਾ ਸੀ। ਹੁਣ ਤੱਕ ਉਸ ਨੇ ਕਦੇ ਬਹੁਤ ਨਹੀਂ ਸੋਚਿਆ ਸੀ ਕਿਉਂਕਿ ਉਸ ਨੇ ਆਪਣਾ ਸਾਰਾ ਖ਼ਿਆਲ ਤੇ ਮਨ ਆਪਣੀਆਂ ਉਦਯੋਗਿਕ ਜ਼ਰੂਰਤਾਂ ਵੱਲ ਲਾ ਦਿੱਤਾ ਸੀ। ਪਰ ਹੁਣ ਇਸ ਫਟੀਕ ਨੇ ਕੰਮ ਲਈ ਇਸ ਨਿਰਾਸ਼ਾ ਭਰੀ ਖੋਜ ਦੀ ਅਸਫ਼ਲਤਾ ਨੇ, ਇਨਕਾਰਾਂ ਤੇ ਝਿੜਕਾਂ ਨੇ, ਖੁੱਲ੍ਹੀ ਹਵਾ ਵਿੱਚ ਘਾਹ ਉੱਤੇ ਬਿਤਾਈਆਂ ਰਾਤਾਂ ਨੇ, ਲੰਮੇ ਫ਼ਾਕਿਆਂ ਨੇ, ਇਕ ਰਮਤੇ ਪ੍ਰਤੀ ਇਕ ਥਾਂ ਟਿਕੇ ਵਿਅਕਤੀ ਦੀ ਨਫ਼ਰਤ ਨੇ, ਇਕ ਪ੍ਰਸ਼ਨ ਨੇ ਜੋ ਉਸ ਨੂੰ ਬਾਰ ਬਾਰ ਪੁੱਛਿਆ ਜਾਂਦਾ ਸੀ : 'ਤੂੰ ਘਰ ਕਿਉਂ ਨਹੀਂ ਰਿਹਾ?' ਆਪਣੀਆਂ ਮਜਬੂਰ ਬਾਹਾਵਾਂ ਦੀ ਵਰਤੋਂ ਨਾ ਕਰ ਸਕਣ ਕਾਰਨ ਜਿਨ੍ਹਾਂ ਨੂੰ ਉਹ ਬਹੁਤ ਬਲਸ਼ਾਲੀ ਸਮਝਦਾ ਸੀ, ਆਪਣੇ ਘਰਦਿਆਂ ਦੀ ਯਾਦ ਨੇ ਜਿਨ੍ਹਾਂ ਪਾਸ ਕੋਈ ਪੈਸਾ ਨਹੀਂ ਸੀ, ਨੇ ਹੌਲੀ ਹੌਲੀ ਉਸ ਵਿੱਚ ਕ੍ਰੋਧ ਜਗਾਉਣਾ ਸ਼ੁਰੂ ਕਰ ਦਿੱਤਾ ਜੋ ਹਰ ਮਿੰਟ ਵੱਧ ਰਿਹਾ ਸੀ ਅਤੇ ਜਿਸ ਕਰਕੇ ਉਸ ਦੇ ਹੇਠ ਕੁਝ ਬੁੜ ਬੁੜ ਕਰਦੇ ਰਹਿੰਦੇ।

ਜਿਉਂ ਹੀ ਉਸ ਦੇ ਨੰਗੇ ਪੈਰਾਂ ਨੂੰ ਪੱਥਰ ਦੀ ਠੋਕਰ ਲੱਗੀ ਉਹ ਬੁੜਬੁੜਾਇਆ: "ਕਿੰਨਾਂ ਕਮਬਖ਼ਤ : ਕਿੰਨਾ ਅਭਾਗਾ ਹਾਂ ਮੈਂ ਇਹ ਗੰਵਾਰ, ਇਕ

ਤਰਖਾਣ ਨੂੰ ਭੁੱਖਿਆਂ ਮਾਰਨ ਲਈ ਮਜਬੂਰ ਕਰ ਰਹੇ ਹਨ। ਗੰਵਾਰ ਦੋ ਪੈਂਸ, ਦੋ ਪੈਂਸ ਵੀ ਨਹੀਂ ਹਨ ਅਤੇ ਹੁਣ ਮੀਂਹ ਪੈ ਰਿਹਾ ਹੈ - ਗੰਵਾਰ ਉਜੱਡ।

ਉਹ ਕਿਸਮਤ ਦੇ ਅਨਿਆਂ 'ਤੇ ਖ਼ਫ਼ਾ ਸੀ ਅਤੇ ਉਸ ਨੇ ਸਾਰੇ ਮਨੁੱਖਾਂ ਨੂੰ ਕਸੂਰਵਾਰ ਸਮਝਿਆ ਕਿਉਂਕਿ ਕੁਦਰਤ, ਅੰਨ੍ਹੀ ਮਾਂ, ਬੇ-ਦਰਦ, ਜ਼ਾਲਮ, ਨਿਰਦਈ ਅਤੇ ਕਪਟੀ ਹੈ ਇਹ ਰਾਤ ਦੇ ਖਾਣੇ ਦਾ ਸਮਾਂ ਸੀ ਅਤੇ ਜਿਉਂ ਹੀ ਉਸ ਨੇ ਛੱਤਾਂ ਚੋਂ ਨਿਕਲ ਰਹੇ ਧੂੰਏਂ ਵੱਲ ਵੇਖਿਆ ਉਸ ਨੇ ਦੰਦ ਵੱਟ ਕੇ ਦੁਹਰਾਇਆ: "ਉਜੱਡ, ਗੰਵਾਰ", ਜਿਉਂ ਹੀ ਉਸ ਨੇ ਇਕ ਹੋਰ ਬੇਇਨਸਾਫ਼ੀ ਜੋ ਮਾਨਵੀ ਹੈ, ਅਤੇ ਜਿਸ ਨੂੰ ਡਾਕਾ ਤੇ ਹਿੰਸਾ ਕਿਹਾ ਜਾਂਦਾ ਹੈ, ਬਾਰੇ ਸੋਚਣ ਤੋਂ ਬਿਨਾਂ ਉਸ ਦਾ ਜੀਅ ਕੀਤਾ ਕਿ ਇਨ੍ਹਾਂ ਵਿੱਚੋਂ ਇਕ ਘਰ ਵਿੱਚ ਜਾ ਕੇ ਉਹ ਉਸ ਵਿੱਚ ਰਹਿਣ ਵਾਲਿਆਂ ਨੂੰ ਮਾਰ ਕੇ ਉਨ੍ਹਾਂ ਦੀ ਥਾਂ ਖਾਣੇ ਦੇ ਮੇਜ਼ 'ਤੇ ਜਾ ਬੈਠੇ।

ਉਸ ਨੇ ਆਪਣੇ ਆਪ ਨੂੰ ਕਿਹਾ, "ਮੈਨੂੰ ਜਿਉਂਦੇ ਰਹਿਣ ਦਾ ਅਧਿਕਾਰ ਹੈ ਅਤੇ ਉਹ ਮੈਨੂੰ ਭੁੱਖ ਨਾਲ ਮਾਰ ਰਹੇ ਹਨ-ਅਤੇ ਫਿਰ ਵੀ ਮੈਂ ਕੇਵਲ ਕੰਮ ਮੰਗਦਾ ਹਾਂ-ਉਜੱਡ, ਗੰਵਾਰ।" ਉਸ ਦੇ ਹੜ੍ਹਾਂ ਵਿੱਚ ਅਤੇ ਦਿਲ ਵਿੱਚ ਦਾ ਦਰਦ ਉਸ ਦੇ ਸਿਰ ਨੂੰ ਭਿਆਨਕ ਨਸ਼ੇ ਵਾਂਗ ਚੜ੍ਹਿਆ ਅਤੇ ਉਸ ਦੇ ਦਿਮਾਗ਼ ਵਿੱਚ ਸਾਧਾਰਨ ਵਿਚਾਰ ਆਇਆ : "ਮੈਨੂੰ ਜਿਊਣ ਦਾ ਅਧਿਕਾਰ ਹੈ ਕਿਉਂਕਿ ਮੈਂ ਸਾਹ ਲੈਂਦਾ ਹਾਂ ਕਿਉਂਕਿ ਹਵਾ ਸਾਰਿਆਂ ਦੀ ਸਾਂਝੀ ਸੰਪਤੀ ਹੈ, ਇਸ ਲਈ ਕਿਸੇ ਨੂੰ ਇਹ ਹੱਕ ਨਹੀਂ ਕਿ ਮੈਨੂੰ ਰੋਟੀ ਤੋਂ ਬਿਨਾਂ ਭੁੱਖਾ ਮਾਰ ਦੇਣ।"

"ਬਹੁਤ ਤੇਜ਼ ਅਤੇ ਬਰਫ਼ ਵਰਗੀ ਸਹਾਉਣੀ ਠੰਢੀ ਬਾਰਸ਼ ਪੈ ਰਹੀ ਸੀ, ਅਤੇ ਉਹ ਰੁੱਕਿਆ ਅਤੇ ਆਪਣੇ ਮਨ ਵਿੱਚ ਕਹਿਣ ਲੱਗਾ ਕਿੰਨਾ ਅਭਾਗਾ। ਘਰ ਪਹੁੰਚਣ ਤੋਂ ਪਹਿਲਾਂ ਇਕ ਮਹੀਨਾ ਹੋਰ ਤੁਰਨਾ ਪਵੇਗਾ। "ਫਿਰ ਉਹ ਸੱਚੀਮੁਚੀ ਘਰ ਵਾਪਸ ਜਾ ਰਿਹਾ ਸੀ ਇਹ ਗੱਲ ਉਸ ਨੂੰ ਬੁਰੀ ਲੱਗੀ ਕਿਉਂਕਿ ਉਸ ਨੇਸ ਮਝਿਆ ਕਿ ਇਸ ਜਰਨੈਲੀ ਸੜਕ ਨਾਲੋਂ ਤਾਂ ਉਸ ਨੂੰ ਆਪਣੇ ਗੁਆਂਢ ਵਿੱਚ ਆਸਾਨੀ ਨਾਲ ਕੰਮ ਮਿਲ ਸਕਦਾ ਹੈ ਜਿੱਥੇ ਉਸ ਨੂੰ ਸਾਰੇ ਜਾਣਦੇ ਹਨ ਇੱਥੇ ਤਾਂ ਸਭ ਉਸ 'ਤੇ ਸ਼ੱਕ ਕਰਦੇ ਹਨ। ਕਿਉਂਕਿ ਤਰਖਾਣਾਂ ਕੰਮ ਦਾ ਮੰਦਾ ਚੱਲ ਰਿਹਾ ਸੀ ਇਸ ਲਈ ਦਿਹਾੜੀ, ਮਜ਼ਦੂਰੀ, ਖ਼ੁਦਾਈ ਦਾ ਕੰਮ ਅਤੇ ਸੜਕ 'ਤੇ ਪੱਥਰ ਤੋੜਨ ਵਾਲਾ ਕੰਮ ਕਰ ਲਵੇਗਾ। ਜੇ ਉਹ ਇਕ ਦਿਨ ਵਿੱਚ ਦਸ ਪੈਨਸ ਕਮਾਉਂਦਾ ਹੈ ਤਾਂ ਉਸ ਨੂੰ ਕੁਝ ਖਾਣ ਨੂੰ ਜ਼ਰੂਰ ਮਿਲ ਜਾਵੇਗਾ।

ਉਸ ਨੇ ਆਪਣਾ ਰੁਮਾਲ ਆਪਣੀ ਗਰਦਨ ਨਾਲ ਬੰਨ੍ਹਿਆ ਤਾਂ ਜੋ ਉਹ ਠੰਢਾ ਪਾਣੀ ਆਪਣੀ ਪਿੱਠ ਅਤੇ ਛਾਤੀ 'ਤੇ ਪੈਣ ਤੋਂ ਬਚ ਸਕੇ । ਪਰ ਉਸ ਨੇ ਛੇਤੀ ਮਹਿਸੂਸ ਕੀਤਾ ਕਿ ਉਸ ਦੇ ਕੱਪੜੇ ਬਹੁਤ ਪਤਲੇ ਸਨ, ਅਤੇ ਉਸ ਨੇ ਆਪਣੇ ਆਲੇ ਦੁਆਲੇ ਇਕ ਪੀੜਤ ਵਿਅਕਤੀ ਵਾਂਗ ਵੇਖਿਆ ਜੋ ਇਹ ਨਹੀਂ ਸੋਚ ਸਕਦਾ ਸੀ ਕਿ ਉਹ ਆਪਣੇ ਸਰੀਰ ਨੂੰ ਕਿੱਥੇ ਛੁਪਾਏ ਅਤੇ ਸਿਰ ਕਿੱਥੇ ਰੱਖੇ ਅਤੇ ਉਸ ਪਾਸ ਸਾਰੀ ਦੁਨੀਆ ਵਿੱਚ ਆਸਰਾ ਲੈਣ ਲਈ ਕੋਈ ਥਾਂ ਨਹੀਂ।

ਰਾਤ ਪੈ ਗਈ ਅਤੇ ਸਾਰੇ ਦੇਸ਼ ਵਿੱਚ ਹਨੇਰਾ ਛਾ ਗਿਆ, ਅਤੇ ਦੂਰ ਚਰਾਗਾਹ ਵਿੱਚ ਉਸ ਨੇ ਘਾਹ ਤੇ ਇਕ ਕਾਲਾ-ਨਿਸ਼ਾਨ ਵੇਖਿਆ ਇਹ ਗਾਂ ਸੀ, ਅਤੇ ਇਸ ਤਰ੍ਹਾਂ ਸੜਕ ਦੇ ਨਾਲ ਉਸ ਵੱਲ, ਬਿਨਾਂ ਇਹ ਸੋਚਦਿਆਂ ਕਿ ਉਹ ਕੀ ਕਰ ਰਿਹਾ ਸੀ ਗਿਆ। ਜਦੋਂ ਉਹ ਉਸ ਦੇ ਕੋਲ ਪਹੁੰਚਿਆਂ ਉਸ ਨੇ ਆਪਣਾ ਢੁੱਡ ਉਸ ਵੱਲ ਵਧਾਇਆ। ਅਤੇ ਉਸ ਨੇ ਸੋਚਿਆ : "ਜੇ ਮੇਰੇ ਪਾਸ ਕੋਈ ਜੱਗ ਹੁੰਦਾ ਤਾਂ ਮੈਂ ਥੋੜ੍ਹਾ ਜਿਹਾ ਦੁੱਧ ਚੋ ਲੈਂਦਾ । ਉਸ ਨੇ ਗਾਂ ਵੱਲ ਵੇਖਿਆ ਅਤੇ ਗਾਂ ਨੇ ਉਸ ਵੱਲ ਵੇਖਿਆ ਅਤੇ ਫਿਰ ਅਚਾਨਕ ਉਸ ਦੇ ਪਾਸੇ 'ਤੇ ਜ਼ੋਰ ਦੀ ਲੱਤ ਮਾਰਦਿਆਂ ਕਿਹਾ: "ਖੜ੍ਹੀ ਹੋ ਜਾ ।"

ਗਾਂ ਹੌਲੀ ਹੌਲੀ ਖੜ੍ਹੀ ਹੋਈ, ਅਤੇ ਉਸ ਦੇ ਭਾਰੀ ਥਣ ਲਮਕ ਰਹੇ ਸਨ, ਫਿਰ ਉਹ ਆਦਮੀ ਗਾਂ ਦੀਆ ਲੱਤਾਂ ਵਿਚਾਲੇ ਬੈਠ ਗਿਆ ਅਤੇ ਆਪਣੇ ਦੋਹਾਂ ਹੱਥਾਂ ਨਾਲ ਗਰਮ ਥਣਾਂ ਨੂੰ ਘੁਟਦਿਆਂ ਕਾਫ਼ੀ ਸਮਾਂ ਥਣ ਚੁੰਘਦਾ ਰਿਹਾ ਅਤੇ ਓਨੀ ਦੇਰ ਦੁੱਧ ਪੀਂਦਾ ਰਿਹਾ ਜਿੰਨੀ ਦੇਰ ਥਣਾਂ ਵਿੱਚ ਦੁੱਧ ਸੀ। ਪਰ ਗੜੇਮਾਰ ਹੋਰ ਤੇਜ਼ ਹੋਣੀ ਸ਼ੁਰੂ ਹੋ ਗਈ ਅਤੇ ਉਸ ਨੂੰ ਉੱਥੇ ਆਸਰਾ ਲੈਣ ਲਈ ਕੋਈ ਥਾਂ ਵਿਖਾਈ ਨਾ ਦਿੱਤੀ । ਉਸ ਨੂੰ ਠੰਢ ਲੱਗੀ ਹੋਈ ਸੀ ਅਤੇ ਉਸ ਨੂੰ ਦਰੱਖ਼ਤਾਂ ਵਿੱਚੋਂ ਮਕਾਨ ਦੀ ਇਕ ਖਿੜਕੀ ਵਿੱਚ ਰੌਸ਼ਨੀ ਨਜ਼ਰ ਪਈ ।

ਗਾਂ ਮੁੜ ਖਿਲਰ ਕੇ ਬੈਠ ਗਈ ਸੀ ਅਤੇ ਉਹ ਉਸ ਦੇ ਕੋਲ ਬੈਠ ਗਿਆ ਅਤੇ ਉਸ ਦੇ ਸਿਰ ਨੂੰ ਥਪਕੀ ਦਿੱਤੀ ਕਿਉਂਕਿ ਉਸ ਨੇ ਦੁੱਧ ਦਿੱਤਾ ਸੀ, ਉਹ ਧੰਨਵਾਦੀ ਸੀ । ਗਾਂ ਦਾ ਤੇਜ਼ ਡੂੰਘਾ ਸਾਹ ਜਿਹੜਾ ਉਸ ਦੀਆਂ ਦੋ ਨਾਸਾਂ ਵਿੱਚੋਂ ਉਸ ਸ਼ਾਮ ਦੀ ਹਵਾ ਵਿੱਚ ਦੋ ਤਤੀਹਰੀਆਂ ਵਾਂਗ ਬਾਹਰ ਆ ਰਿਹਾ ਸੀ ਤੇ ਪਿਆ ਇਸ ਦੇ ਮੂੰਹ ਅਤੇ ਉਸ ਨੇ ਕਿਹਾ : "ਤੈਨੂੰ ਠੰਢ ਨਹੀਂ ਲੱਗਦੀ, ਤੇਰਾ ਸਾਹ ਤਾਂ ਗਰਮ ਹੈ।" ਉਸ ਨੇ ਆਪਣੇ ਹੱਥ ਉਸਦੇ ਸੀਨੇ ਅਤੇ ਉਸ ਦੀਆਂ ਲੱਤਾਂ ਹੇਠ, ਕੁਝ ਗਰਮੀ ਲੈਣ ਲਈ, ਦਬਾ ਕੇ ਰੱਖੇ ਅਤੇ ਫਿਰ ਉਸ ਨੂੰ ਖ਼ਿਆਲ ਆਇਆ ਕਿ ਉਹ ਰਾਤ ਉਸ ਦੇ

ਗਰਮ ਪੇਟ ਨਾਲ ਲੱਗ ਕੇ ਬਿਤਾਏ । ਇਸ ਤਰ੍ਹਾਂ ਉਸ ਨੂੰ ਆਰਾਮਦੇਹ ਥਾਂ ਮਿਲ ਗਈ ਅਤੇ ਉਸ ਨੇ ਆਪਣਾ ਸਿਰ ਉਸ ਦੇ ਹਵਾਨੇ ਨਾਲ ਟਿਕਾ ਲਿਆ ਜਿਸ ਨੇ ਹੁਣੇ ਹੀ ਉਸ ਦੀ ਭੁੱਖ ਮਿਟਾਈ ਸੀ ਅਤੇ ਫਿਰ, ਕਿਉਂਜੋ ਉਹ ਬਹੁਤ ਥੱਕਿਆ ਹੋਇਆ ਸੀ, ਛੇਤੀ ਹੀ ਸੌਂ ਗਿਆ ।

ਐਪਰ, ਉਹ ਕਈ ਵਾਰ ਉੱਠਿਆ ਅਤੇ ਉਸ ਦੀ ਅੱਧੀ ਪਿੱਠ ਜਾਂ ਢਿੱਡ ਬਹੁਤ ਠੰਢਾ ਸੀ ਜਿਵੇਂ ਕਿ ਉਹ ਕਦੇ ਇਕ ਪਾਸਾ ਅਤੇ ਕਦੇ ਦੂਜਾ ਪਾਸਾ ਗਾਂ ਦੀ ਵੱਖੀ ਨਾਲ ਟਿੱਕਾ ਲੈਂਦਾ ਸੀ। ਫਿਰ ਉਸ ਨੇ ਆਪਣੇ ਸਰੀਰ ਨੂੰ ਜੋ ਰਾਤ ਦੀ ਹਵਾ ਵਿੱਚ ਨੰਗਾ ਸੀ, ਗਰਮ ਕਰਨ ਲਈ ਪਲਸਟਾ ਮਾਰਿਆ ਅਤੇ ਫਿਰ ਉਹ ਛੇਤੀ ਹੀ ਡੂੰਘੀ ਨੀਂਦ ਸੌਂ ਗਿਆ ।

ਕੁੱਕੜ ਦੀ ਬਾਂਗ ਨੇ ਉਸ ਨੂੰ ਜਗਾਇਆ; ਦਿਨ ਚੜ ਰਿਹਾ ਸੀ, ਹੁਣ ਬਾਰਿਸ਼ ਨਹੀਂ ਪੈ ਰਹੀ ਸੀ ਅਤੇ ਅਸਮਾਨ ਸਾਫ਼ ਸੀ, ਗਾਂ ਆਪਣਾ ਮੂੰਹ ਧਰਤੀ ’ਤੇ ਟਿਕਾਈ ਆਰਾਮ ਕਰ ਰਹੀ ਸੀ ਅਤੇ ਉਹ ਗਾਂ ਦੀਆਂ ਨਾਸਾਂ ਨੂੰ ਚੁੰਮਣ ਲਈ ਹੱਥਾਂ ਭਾਰ ਬੈਠਦਿਆਂ ਕੋਡਾ ਹੋਇਆ ਅਤੇ ਕਿਹਾ : ਫਿਰ ਮਿਲਣ ਤੱਕ ਅਲਵਿਦਾ, ਮੇਰੀ ਮਿਹਰਬਾਨ । ਅਲਵਿਦਾ।” ਫਿਰ ਉਸ ਨੇ ਆਪਣੇ ਬੂਟ ਪਾਏ ਅਤੇ ਚਲਾ ਗਿਆ ਅਤੇ ਦੋ ਘੰਟੇ ਉਹ ਸੜਕ ’ਤੇ ਸਿੱਧਾ ਤੁਰਦਾ ਗਿਆ ਅਤੇ ਇੰਨੀ ਥਕਾਵਟ ਮਹਿਸੂਸ ਕੀਤੀ ਕਿ ਉਹ ਬੈਠ ਗਿਆ। ਇਸ ਸਮੇਂ ਦਿਨ ਪੂਰੀ ਤਰ੍ਹਾਂ ਚੜ੍ਹ ਗਿਆ ਸੀ ਅਤੇ ਗਿਰਜੇ ਦੀਆਂ ਘੰਟੀਆਂ ਵੱਜ ਰਹੀਆਂ ਸਨ, ਆਦਮੀ ਨੀਲੇ ਬਲੌਜ਼ਾਂ ਵਿੱਚ ਅਤੇ ਔਰਤਾਂ ਚਿੱਟੀਆਂ ਟੋਪੀਆਂ ਵਿੱਚ, ਕੁਝ ਪੈਦਲ ਅਤੇ ਕੁਝ ਗੱਡਿਆਂ ਵਿੱਚ, ਸੜਕ ਤੋਂ ਲੰਘ ਰਹੇ ਸਨ ਅਤੇ ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਨਾਲ ਐਤਵਾਰ ਬਿਤਾਉਣ ਲਈ ਲਾਗਲੇ ਪਿੰਡਾਂ ਵਿੱਚ ਜਾ ਰਹੇ ਸਨ । ਫਿਰ ਉਸ ਨੇ ਇੱਥੇ ਕਾਫ਼ੀ ਸਮਾਂ ਇੰਤਜ਼ਾਰ ਕੀਤਾ ਅਤੇ ਲੋਕਾਂ ਵੱਲ ਦਯਾ ਭਾਵਨਾ ਲਈ ਵੇਖਿਆ ਅਤੇ ਅੰਤ ਨੂੰ ਉਸ ਨੇ ਇਕ ਵਿਅਕਤੀ ਨਾਲ ਜਿਸ ਨੇ ਓਵਰ ਕੋਟ ਪਾਇਆ ਹੋਇਆ ਸੀ ਢਿੱਡ ’ਤੇ ਸੋਨੇ ਦੀ ਚੇਨ ਲਟਕਦੀ ਸੀ ਗੱਲ ਕਰਨ ਲਈ ਹੌਸਲਾ ਕੀਤਾ । ਉਸ ਨੇ ਕਿਹਾ, "ਮੈਂ ਪਿਛਲੇ ਦੋ ਮਹੀਨਿਆਂ ਤੋਂ ਕੰਮ ਦੀ ਭਾਲ ਵਿੱਚ ਹਾਂ ਪਰ ਮੈਨੂੰ ਕੋਈ ਕੰਮ ਨਹੀਂ ਮਿਲ ਸਕਿਆ ਅਤੇ ਮੇਰੀ ਜੇਬ ਵਿੱਚ ਕੌਡੀ ਵੀ ਨਹੀਂ।"

ਪਰ ਅਖੌਤੀ ਸਾਊ ਵਿਅਕਤੀ ਨੇ ਉੱਤਰ ਦਿੱਤਾ : “ਤੈਨੂੰ ਪਿੰਡ ਦੇ ਸ਼ੁਰੂ ਵਿੱਚ ਲੱਗੇ ਨੋਟਸ

ਨੂੰ ਪੜ੍ਹਨਾ ਚਾਹੀਦਾ ਸੀ । ਇਸ ਇਲਾਕੇ ਦੀ ਹੱਦ ਵਿੱਚ ਮੰਗਣਾ ਮਨ੍ਹਾ ਹੈ । ਮੈਂ ਤੈਨੂੰ ਦੱਸਦਾ ਹਾਂ ਕਿ ਮੈਂ ਮੇਅਰ ਹਾਂ ਅਤੇ ਜੋ ਤੂੰ ਇੱਥੋਂ ਤੁਰੰਤ ਚਲਾ ਨਾ ਗਿਆ ਤਾਂ ਮੈਂ ਤੈਨੂੰ ਗ੍ਰਿਫ਼ਤਾਰ ਕਰਵਾ ਦੇਵਾਂਗਾ ।”

ਇਕ ਨੌਜਵਾਨ ਕਿਸਾਨ ਆਪਣੇ ਅੱਗੇ 20 ਸਹਿਮੀਆਂ ਹੋਈਆਂ ਭੇਡਾਂ, ਜਿਨ੍ਹਾਂ ਦੀ ਰਾਖੀ ਲਈ ਇਕ ਹੁਸ਼ਿਆਰ ਕੁੱਤਾ ਸੀ, ਨਜ਼ਰ ਪਿਆ ਇਸ ਲਈ ਹੈਂਡਲ ਉੱਠਿਆ ਅਤੇ ਆਪਣੀ ਟੋਪੀ ਉਛਾਲ਼ਦਿਆਂ ਕਿਹਾ : "ਤੇਰੇ ਪਾਸ ਭੁੱਖ ਨਾਲ ਮਰ ਰਹੇ ਵਿਅਕਤੀ ਨੂੰ ਦੇਣ ਲਈ ਕੋਈ ਕੰਮ ਮਾਲੂਮ ਨਹੀਂ ਹੁੰਦਾ ? " ਪਰ ਉਸ ਨੇ ਇਸ ਰਮਤੇ ਵੱਲ ਗ਼ੁੱਸੇ ਨਾਲ ਵੇਖਿਆ ਅਤੇ ਕਿਹਾ " ਮੇਰੇ ਪਾਸ ਉਨ੍ਹਾਂ ਵਿਅਕਤੀਆਂ ਲਈ, ਜਿਹੜੇ ਮੈਨੂੰ ਸੜਕ ਤੋਂ ਮਿਲਦੇ ਹਨ, ਕੋਈ ਕੰਮ ਨਹੀਂ ਹੈ।"

ਤਰਖਾਣ ਵਾਪਸ ਚਲਾ ਗਿਆ ਅਤੇ ਫਿਰ ਖਾਈ ਦੇ ਨਾਲ ਬੈਠ ਗਿਆ ਉਸ ਨੇ ਇੱਥੇ ਕਾਫ਼ੀ ਸਮਾਂ ਇੰਤਜ਼ਾਰ ਕੀਤਾ ਅਤੇ ਲੰਘ ਰਹੇ ਲੋਕਾਂ ਵੱਲ ਦਯਾ ਭਾਵਨਾ ਨਾਲ ਵੇਖਿਆ ।

ਰੈਂਡਲ, ਜੋ ਗ਼ੁੱਸੇ ਵਿੱਚ ਆ ਰਿਹਾ ਸੀ, ਨੇ ਉੱਤਰ ਦਿੱਤਾ :"ਜੇ ਤੂੰ ਚਾਹੁੰਦਾ ਏ ਤਾਂ ਮੈਨੂੰ ਗ੍ਰਿਫ਼ਤਾਰ ਕਰਵਾ ਦੇ ਮੈਂ ਇਸ ਨੂੰ ਤਰਜੀਹ ਦੇਵਾਂਗਾ ਕਿਉਂਕਿ ਕਿਸੇ ਵੀ ਸ਼ਰਤ ਵਿੱਚ ਮੈਂ ਭੁੱਖਾ ਨਹੀਂ ਮਰਨਾ ਚਾਹੁੰਦਾ। "ਅਤੇ ਉਹ ਵਾਪਸ ਮੁੜ ਗਿਆ ਅਤੇ ਆਪਣੀ ਖਾਈ ਪਾਸ ਮੁੜ ਬੈਠ ਗਿਆ ਅਤੇ ਲਗਭਗ 15 ਮਿੰਟ ਮਗਰੋਂ ਦੋ ਸਿਪਾਹੀ ਸੜਕ ’ਤੇ ਵਿਖਾਈ ਦਿੱਤੇ, ਉਹ ਹੌਲੀ ਹੌਲੀ ਨਾਲੋਂ ਨਾਲ ਤੁਰ ਰਹੇ ਸਨ ਅਤੇ ਉਨ੍ਹਾਂ ਦੇ ਚਮਕਦੇ ਟੋਪ, ਪੀਲਾ ਸਾਜ਼ ਸਮਾਨ ਧਾਤ ਦੇ ਬਟਨ ਧੁੱਪ ਵਿੱਚ ਇੰਝ ਚਮਕ ਰਹੇ ਸਨ ਜਿਵੇਂ ਕੁਕਰਮੀਆਂ ਨੂੰ ਡਰਾ ਅਤੇ ਦੂਰ ਭਜਾ ਰਹੇ ਹੋਣ। ਉਹ ਜਾਣਦਾ ਸੀ ਕਿ ਉਹ ਉਸ ਮਗਰ ਆ ਰਹੇ ਸਨ ਪਰ ਉਹ ਉੱਥੋਂ ਨਾ ਹਿੱਲਿਆ ਕਿਉਂਕਿ ਉਹ ਉਨ੍ਹਾਂ ਨਾਲ ਟੱਕਰ ਲੈਣਾ ਚਾਹੁੰਦਾ ਸੀ, ਉਨ੍ਹਾਂ ਵੱਲੋਂ ਗ੍ਰਿਫ਼ਤਾਰ ਹੋਣਾ ਚਾਹੁੰਦਾ ਸੀ ਅਤੇ ਪਿੱਛੋਂ ਆਪਣਾ ਬਦਲਾ ਲੈਣਾ ਚਾਹੁੰਦਾ ਸੀ:

ਉਹ ਫ਼ੌਜੀਆਂ ਵਾਂਗ ਕਦਮ ਚੁੱਕਦੇ ਬੜੇ ਆਰਾਮ ਨਾਲ ਚੁੱਪ ਚੁਪੀਤੇ ਬੱਤਖ਼ ਵਾਂਗ ਪੈਰ ਧਰਦੇ ਉਸ ਵੱਲ ਇੰਝ ਆ ਰਹੇ ਸਨ ਜਿਵੇਂ ਉਨ੍ਹਾਂ ਨੇ ਉਸ ਨੂੰ ਵੇਖਿਆ ਹੀ ਨਾ ਹੋਵੇ, ਅਤੇ ਫਿਰ ਅਚਾਨਕ ਜਿਉਂ ਹੀ ਉਹ ਉਸ ਕੋਲੋਂ ਲੰਘੇ ਤਾਂ ਉਨ੍ਹਾਂ ਨੇ ਉਸਨੂੰ ਵੇਖਿਆ ਅਤੇ ਖੜ੍ਹੇ ਹੋ ਗਏ ਅਤੇ ਉਸ ਵੱਲ ਗ਼ੁੱਸੇ ਤੇ ਧਮਕੀ ਨਾਲ ਵੇਖਣ ਲੱਗ ਪਏ । ਬਰਗੇਡੀਅਰ ਉਸ ਵੱਲ ਆਇਆ ਅਤੇ ਪੁੱਛਿਆ"

"ਤੂੰ ਇੱਥੇ ਕੀ ਕਰ ਰਿਹਾ ਏਂ ?"

"ਮੈਂ ਆਰਾਮ ਕਰ ਰਿਹਾ ਹਾਂ," ਉਸ ਨੇ ਆਰਾਮ ਨਾਲ ਉੱਤਰ ਦਿੱਤਾ।

"ਤੂੰ ਕਿੱਥੋਂ ਆਇਆ ਏਂ ?"

"ਜੇ ਮੈਂ ਤੁਹਾਨੂੰ ਉਨ੍ਹਾਂ ਸਾਰੀਆਂ ਥਾਵਾਂ ਬਾਰੇ ਦੱਸਾਂ ਜਿੱਥੇ ਮੈਂ ਗਿਆ ਸਾਂ ਤਾਂ ਇਸ ਲਈ ਇਕ ਘੰਟੇ ਤੋਂ ਵੱਧ ਸਮਾਂ ਲੱਗੇਗਾ।"

"ਤੂੰ ਕਿੱਥੇ ਜਾ ਰਿਹਾ ਏਂ ?"

"ਵਿਲੀ-ਐਵਰੀ ਵਿਖੇ।"

"ਇਹ ਕਿੱਥੇ ਹੈ ?"

"ਲਾ ਮੈਨਕੇ ਵਿਖੇ।"

"ਕੀ ਤੂੰ ਇਸ ਥਾਂ ਦਾ ਰਹਿਣ ਵਾਲਾ ਏਂ ?"

'ਹਾਂ।"

"ਤੂੰ ਉੱਥੋਂ ਆਇਆ ਕਿਉਂ ਸੀ ?"

ਕੰਮ ਦੀ ਭਾਲ ਵਿੱਚ।"

ਬਰਗੇਡੀਅਰ ਨੇ ਆਪਣੇ ਸਿਪਾਹੀ ਵੱਲ ਵੇਖਿਆ ਅਤੇ ਗ਼ੁੱਸੇ ਭਰੀ ਆਵਾਜ਼ ਵਿੱਚ, ਜੋ ਅੰਤ ਵਿੱਚ ਇਸੇ ਟ੍ਰਿਕ ਕਾਰਨ ਖਿੱਝਿਆ ਹੋਇਆ ਸੀ, ਵਿੱਚ ਕਿਹਾ : "ਉਹ ਕਹਿੰਦੇ ਸਨ ਕਿ ਇਹ ਅਵਾਰਾ ਹੈ। ਮੈਂ ਇਸ ਬਾਰੇ ਸਭ ਕੁਝ ਜਾਣਦਾ ਹਾਂ, "ਅਤੇ ਫਿਰ ਉਸ ਨੇ ਕਿਹਾ : " ਕੀ ਤੇਰੇ ਪਾਸ ਕੋਈ ਕਾਗ਼ਜ਼ ਪੱਤਰ ਹਨ ?"

"ਹਾਂ, ਮੇਰੇ ਪਾਸ ਕੁਝ ਹਨ।"

"ਉਹ ਮੈਨੂੰ ਦੇ ਦੇ।"

ਰੈਂਡਲ ਨੇ ਆਪਣੀ ਜੇਬ ਵਿੱਚੋਂ ਪੇਪਰ, ਤੇ ਸਰਟੀਫਿਕੇਟ ਕੱਢੇ ਜੋ ਫੱਟੇ ਹੋਏ ਅਤੇ ਖਸਤਾ ਹਾਲਤ ਵਿੱਚ ਸਨ ਅਤੇ ਉਸ ਨੇ ਇਹ ਸਿਪਾਹੀ ਨੂੰ ਦੇ ਦਿੱਤੇ ਜਿਸਨੇ ਇਨ੍ਹਾਂ ਨੂੰ ਠੀਕ ਕਰ ਕੇ ਜੋੜਿਆ, ਪੜ੍ਹਿਆ ਅਤੇ ਫਿਰ ਇਹ ਵੇਖ ਕੇ ਕਿ ਇਹ ਠੀਕ ਹਨ ਉਸ ਨੇ ਰੈਂਡਲ ਨੂੰ ਵਾਪਿਸ ਕਰ ਦਿੱਤੇ ਪਰ ਸ਼ੱਕ ਭਰੀ ਨਜ਼ਰ ਨਾਲ ਵੇਖਿਆ ਜਿਵੇਂ ਉਸਨੂੰ ਉਸ ਤੋਂ ਵੱਧ ਚਲਾਕ ਵਿਅਕਤੀ ਨੇ ਛੱਲ ਲਿਆ ਸੀ।

ਕੁਝ ਮਿੰਟ ਸੋਚਣ ਮਗਰੋਂ, ਉਸਨੇ ਉਸ ਤੋਂ ਪੁੱਛਿਆ "ਕੀ ਤੇਰੇ ਪਾਸ ਕੋਈ ਪੈਸਾ ਹੈ ?"

"ਨਹੀਂ ।'"

"ਤਿਲਫੁਲ ਵੀ ਨਹੀਂ ।"

"ਬਿਲਕੁਲ ਨਹੀਂ ।"

"ਇਕ ਸੈਂਟ ਵੀ ਨਹੀਂ ?"

"ਤਾਂ ਫਿਰ ਤੂੰ ਕਿਵੇਂ ਰਹਿੰਦਾ ਏਂ ?"

'ਜੋ ਕੁਝ ਮੈਨੂੰ ਲੋਕ ਦੇਂਦੇ ਹਨ ਉਸ 'ਤੇ ।"

"ਫਿਰ ਤੂੰ ਮੰਗਦਾ ਏ ?"

ਅਤੇ ਰੈਂਡਲ ਨੇ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ : "ਹਾਂ, ਜਦੋਂ ਮੈਂ ਮੰਗ ਸਕਦਾ ਹਾਂ ।"

ਫਿਰ ਸਿਪਾਹੀ ਨੇ ਕਿਹਾ : "ਮੈਂ ਤੈਨੂੰ ਬਿਨਾਂ ਕਿਸੇ ਸਾਧਨ ਜਾਂ ਵਪਾਰ ਦੇ ਇੱਥੇ ਅਵਾਰਾ ਫਿਰਨ 'ਤੇ ਮੰਗਣ ਕਰਕੇ ਗ੍ਰਿਫ਼ਤਾਰ ਕੀਤਾ ਹੈ, ਅਤੇ ਇਸ ਲਈ ਮੈਂ ਤੈਨੂੰ ਹੁੱਕਮ ਦੇਂਦਾ ਹਾਂ ਕਿ ਮੇਰੇ ਨਾਲ ਚੱਲ ।"

ਤਰਖਾਣ ਉੱਠਿਆ ਅਤੇ ਉਸਨੇ ਕਿਹਾ : "ਜਿੱਥੇ ਤੁਸੀਂ ਚਾਹੋ । "ਅਤੇ ਹੁਕਮ ਮਿਲਣ ਤੋਂ ਪਹਿਲਾਂ ਦੋ ਸਿਪਾਹੀਆਂ ਵਿਚਾਲੇ, ਸਗੋਂ ਉਨ੍ਹਾਂ ਦੇ ਅੱਗੇ ਹੋ ਕੇ ਉਸ ਨੇ ਕਿਹਾ : "ਆਓ, ਮੈਨੂੰ ਹਵਾਲਾਤ ਵਿੱਚ ਲੈ ਜਾਓ, ਇਸ ਤਰ੍ਹਾਂ ਘੱਟੋ ਘੱਟ ਜਦੋਂ ਬਾਰਿਸ਼ ਹੋਵੇਗੀ ਉਦੋਂ ਹਰ ਹਾਲਤ ਵਿੱਚ ਓਟ ਤਾਂ ਮਿਲੇਗੀ।"

ਅਤੇ ਉਹ ਪਿੰਡ ਵੱਲ, ਜਿਸ ਦੀਆਂ ਲਾਲ ਲਾਈਟਾਂ ਬਿਨਾਂ ਪੱਤਿਆਂ ਦੇ ਦਰੱਖ਼ਤਾਂ ਤੋਂ ਵੇਖੀਆਂ ਜਾ ਸਕਦੀਆਂ ਸਨ, ਜੋ ਪੌਣਾ ਕੁ ਮੀਲ ਦੀ ਵਿੱਥ 'ਤੇ ਸੀ, ਚੱਲ ਪਏ । ਜਦੋਂ ਉਸ ਪਿੰਡ ਵਿੱਚੋਂ ਗੁਜ਼ਰੇ ਖ਼ਿਦਮਤ ਸ਼ੁਰੂ ਹੋ ਗਈ । ਚੌਂਕ ਵਿੱਚ ਲੋਕਾਂ ਦਾ ਵੱਡਾ ਇਕੱਠ ਸੀ ਜਿਨ੍ਹਾਂ ਨੇ ਅਪਰਾਧੀ ਨੂੰ ਵੇਖਣ ਲਈ ਤੁਰੰਤ ਘੇਰਾ ਪਾ ਲਿਆ ਸੀ ਅਤੇ ਅਪਰਾਧੀ ਦੇ ਪਿੱਛੇ ਉਤੇਜਿਤ ਹੋਏ ਬੱਚੇ ਜਾ ਰਹੇ ਸਨ। ਪਿੰਡ ਦੇ ਆਦਮੀ ਤੇ ਔਰਤਾਂ ਨੇ ਕੈਦੀ ਨੂੰ ਦੋ ਸਿਪਾਹੀਆਂ ਵਿਚਾਲੇ ਘਰ ਘੂਰ ਕੇ ਵੇਖਿਆ ਅਤੇ ਉਸਨੂੰ ਪੱਥਰ ਮਾਰਨ, ਆਪਣੇ ਨੌਹਾਂ ਨਾਲ ਉਸ ਦੀ ਚਮੜੀ ਛਿਲ ਦੇਣ, ਉਸ ਨੂੰ ਆਪਣੇ ਪੈਰਾਂ ਹੇਠ ਲਿਤਾੜ ਦੇਣ ਲਈ ਉਤਾਵਲੇ ਸਨ । ਉਨ੍ਹਾਂ ਨੇ ਇਕ ਦੂਜੇ ਨੂੰ ਪੁੱਛਿਆ ਕਿ ਉਸ ਨੇ ਕਤਲ ਕੀਤਾ ਸੀ ਜਾਂ ਡਾਕਾ ਮਾਰਿਆ ਸੀ । ਬੁੱਚੜ, ਜੋ ਸਾਬਕਾ ਸਿਪਾਹੀ ਸੀ

ਨੇ ਘੋਸ਼ਿਤ ਕੀਤਾ ਕਿ ਉਹ ਇਕ ਭਗੌੜਾ ਸੀ। ਤਮਾਕੂ-ਫਰੋਸ ਨੇ ਸੋਚਿਆ, ਕਿ ਇਹ ਉਹੀ ਵਿਅਕਤੀ ਸੀ ਜਿਸ ਨੇ ਉਸੇ ਸਵੇਰੇ ਉਸ ਦਾ ਅੱਧਾ-ਫਰੈਂਕ ਚੁਰਾਇਆ ਸੀ, ਅਤੇ ਲੋਹਾਰ ਨੇ ਕਿਹਾ ਕਿ ਉਹ ਵਿਧਵਾ ਮਾਲੇਟ ਦਾ ਕਾਤਲ ਸੀ ਜਿਸ ਦੀ ਪੁਲਸ ਛੇ ਮਹੀਨੇ ਤੋਂ ਭਾਲ ਕਰ ਰਹੀ ਸੀ।

ਮਿਊਂਸੀਪਲ ਕੌਂਸਲ ਦੇ ਹਾਲ ਵਿੱਚ ਜਿੱਥੇ ਉਸ ਦੇ ਸਪੁਰਦਾਰ ਉਸ ਨੂੰ ਲੈ ਗਏ ਸਨ, ਰੈਂਡਲ ਨੇ ਮੇਅਰ ਨੂੰ ਰਜਿਸਟ੍ਰੇਟੀ ਬੈਂਚ 'ਤੇ ਆਪਣੇ ਸਕੂਲ ਮਾਸਟਰ ਨਾਲ ਬੈਠ ਕੇ ਮੁੜ ਵੇਖਿਆ।

"ਆਹ। ਆਹ।" ਮਜਿਸਟ੍ਰੇਟ ਨੇ ਕਿਹਾ, "ਤੂੰ ਮੁੜ ਇੱਥੇ ਏਂ, ਮੇਰੇ ਸਾਥੀ। ਮੈਂ ਤੈਨੂੰ ਦੱਸਿਆ ਸੀ ਕਿ ਮੈਂ ਤੈਨੂੰ ਹਵਾਲਾਤ ਵਿੱਚ ਬੰਦ ਕਰਾ ਦੇਵਾਂਗਾ। ਬਰਗੇਡੀਅਰ, ਇਸ ਵਿਰੁੱਧ ਕੀ ਇਲਜ਼ਾਮ ਹੈ।"

ਹਜ਼ੂਰ, ਇਸ ਦਾ ਕੋਈ ਘਰ ਘਾਟ ਨਹੀਂ; ਇਹ ਰਮਤਾ ਹੈ, ਇਸ ਦਾ ਕੋਈ ਸਾਧਨ ਨਹੀਂ; ਇਸ ਪਾਸ ਕੋਈ ਧਨ ਨਹੀਂ; ਇੰਝ ਉਹ ਕਹਿੰਦਾ ਹੈ, ਇਹ ਮੰਗਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਪਰ ਇਸ ਪਾਸ ਕਾਗ਼ਜ਼ ਪੱਤਰ ਹਨ ਅਤੇ ਇਸ ਦੇ ਸਾਰੇ ਪੇਪਰ ਠੀਕ-ਠਾਕ ਹਨ।"

"ਇਸ ਦੇ ਕਾਗ਼ਜ਼ ਪੱਤਰ ਮੈਨੂੰ ਵਿਖਾਓ, "ਮੇਅਰ ਨੇ ਕਿਹਾ। ਉਸ ਨੇ ਉਸ ਦੇ ਪੇਪਰ ਲਏ ਅਤੇ ਇਨ੍ਹਾਂ ਨੂੰ ਪੜ੍ਹਿਆ ਤੇ ਮੁੜ ਪੜ੍ਹਿਆ ਅਤੇ ਉਸ ਨੂੰ ਵਾਪਸ ਕਰ ਦਿੱਤੇ ਅਤੇ ਫਿਰ ਕਿਹਾ " ਇਸ ਦੀ ਤਲਾਸ਼ੀ ਲਵੋ," ਇਸ ਤਰ੍ਹਾਂ ਉਨ੍ਹਾਂ ਉਸ ਦੀ ਤਲਾਸ਼ੀ ਲਈ, ਪਰ ਉਨ੍ਹਾਂ ਨੂੰ ਕੁਝ ਨਾ ਮਿਲਿਆ ਅਤੇ ਮੇਅਰ ਵੇਖ ਕੇ ਹੱਕਾ ਬੱਕਾ ਰਹਿ ਗਿਆ, ਅਤੇ ਉਸ ਨੇ ਕਿਰਤੀ ਤੋਂ ਪੁੱਛਿਆ :

"ਤੂੰ ਅੱਜ ਸਵੇਰੇ ਸੜਕ 'ਤੇ ਕੀ ਕਰ ਰਿਹਾ ਸੀ ?"

"ਮੈਂ ਕੰਮ ਦੀ ਭਾਲ ਵਿੱਚ ਸੀ।"

"ਕੰਮ ? ਸੜਕ 'ਤੇ ?

"ਤੁਸੀਂ ਇਹ ਕਿਵੇਂ ਆਸ ਕਰਦੇ ਹੋ ਕਿ ਜੇ ਜੰਗਲ ਵਿੱਚ ਛੁਪਿਆ ਹੋਵਾਂ ਤਾਂ ਮੈਨੂੰ ਕੋਈ ਵਿਅਕਤੀ ਲੱਭ ਲਵੇਗਾ ?"

ਉਨ੍ਹਾਂ ਨੇ ਇਕ ਦੂਜੇ ਵੱਲ ਦੋ ਵੱਖਰੀ ਨਸਲ ਤੇ ਵਿਰੋਧੀ ਜਾਤੀ ਦੇ ਜੰਗਲੀ ਜਾਨਵਰਾਂ ਵਾਂਗ ਵੇਖਿਆ ਅਤੇ ਮਜਿਸਟ੍ਰੇਟ ਨੇ ਕਿਹਾ :'ਮੈਂ ਤੈਨੂੰ ਛੱਡ ਰਿਹਾ ਹਾਂ, ਪਰ ਤੈਨੂੰ ਮੇਰੇ ਪਾਸ ਮੁੜ ਨਾ ਲਿਆਇਆ ਜਾਏ ।"

ਇਸ ਦਾ ਤਰਖਾਣ ਨੇ ਉਤਰ ਦਿੱਤਾ : “ਮੈਂ ਚਾਹੁੰਦਾ ਹਾਂ ਤੁਸੀਂ ਮੈਨੂੰ ਗ੍ਰਿਫ਼ਤਾਰ ਕਰਕੇ ਹਵਾਲਾਤ ਵਿੱਚ ਭੇਜੋ ਮੈਂ ਦੇਸ਼ ਵਿੱਚ ਕਾਫ਼ੀ ਘੁੰਮ ਫਿਰ ਲਿਆ ਹੈ।

ਪਰ ਮੈਜਿਸਟ੍ਰੇਟ ਨੇ ਸਖ਼ਤੀ ਨਾਲ ਕਿਹਾ :"ਚੁੱਪ ਰਹਿ । "ਅਤੇ ਫਿਰ ਉਸ ਨੇ ਦੋ ਸਿਪਾਹੀਆਂ ਨੂੰ ਕਿਹਾ? "ਤੁਸੀਂ ਇਸ ਨੂੰ ਪਿੰਡ ਤੋਂ 200 ਗਜ਼ ਦੂਰ ਲੰਘਾ ਆਉਣਾ ਅਤੇ ਫਿਰ ਇਸ ਨੂੰ ਆਪਣਾ ਸਫ਼ਰ ਕਰੀ ਜਾਣ ਦਿਓ।"

"ਕੁਝ ਵੀ ਹੋਵੇ, ਮੈਨੂੰ ਕੁਝ ਖਾਣ ਨੂੰ ਦਿਓ: ” ਕਾਮੇ ਨੇ ਕਿਹਾ, ਪਰ ਦੂਜੇ ਖ਼ਫ਼ਾ ਹੋ ਗਏ :"ਸਾਡੇ ਪਾਸ ਇਹੋ ਰਹਿ ਗਿਆ ਹੈ ਕੇ ਤੇਰਾ ਢਿੱਡ ਭਰੀਏ । ਆਹ। ਆਹ । ਆਹ । ਇਹ ਸਾਥੋਂ ਨਹੀਂ ਹੋ ਸਕਦਾ ।"

ਪਰੰਤੂ ਰੈਂਡਲ ਨੇ ਦ੍ਰਿੜ੍ਹਤਾ ਨਾਲ ਕਿਹਾ : "ਜੇ ਤੁਸੀਂ ਮੈਨੂੰ ਭੁੱਖ ਨਾਲ ਮਾਰਨ ਲਈ ਮਜਬੂਰ ਕਰੋਗੇ ਤਾਂ ਤੁਸੀਂ ਮੈਨੂੰ ਜੁਰਮ ਕਰਨ ਲਈ ਮਜਬੂਰ ਕਰੋਗੇ, ਅਤੇ ਫਿਰ, ਇਹ ਤੁਹਾਡੇ ਲਈ ਬਹੁਤ ਭੈੜੀ ਗੱਲ ਹੋਵੇਗੀ ।"

ਮੇਅਰ ਉੱਠਿਆ ਅਤੇ ਉਸ ਨੇ ਦੁਹਰਾਇਆ : “ਇਸ ਨੂੰ ਤੁਰੰਤ ਲੈ ਜਾਓ ਨਹੀਂ ਤਾਂ ਮੈਨੂੰ ਬਹੁਤ ਗ਼ੁੱਸਾ ਚੜ੍ਹ ਜਾਏਗਾ ।"

ਇਸ ’ਤੇ ਦੋ ਸਿਪਾਹੀਆਂ ਨੇ ਤਰਖਾਣ ਨੂੰ ਬਾਂਹੋਂ ਫੜ ਕੇ ਬਾਹਰ ਘਸੀਟਿਆ। ਉਸ ਨੇ ਉਨ੍ਹਾਂ ਨੂੰ ਬਿਨਾਂ ਕਿਸੇ ਵਿਰੋਧ ਦੇ ਅਜਿਹਾ ਕਰਨ ਦਿੱਤਾ ਅਤੇ ਪਿੰਡ ਵਿੱਚੋਂ ਦੋਬਾਰਾ ਲੰਘਿਆ ਅਤੇ ਆਪਣੇ ਆਪ ਨੂੰ ਮੁੜ ਸੜਕ ’ਤੇ ਪਾਇਆ ; ਅਤੇ ਜਦੋਂ ਲੋਕ ਪਿੰਡ ਤੋਂ ਪਾਰ ਦੋ ਸੌ ਗਜ਼ ਉਸ ਦੇ ਮਗਰ ਗਏ ਤਾਂ ਬਰਗੇਡੀਅਰ ਨੇ ਕਿਹਾ, " ਹੁਣ ਤੂੰ ਚਲਾ ਜਾ ਮੈਨੂੰ ਆਪਣਾ ਮੂੰਹ ਮੁੜ ਨਾ ਵਿਖਾਈਂ, ਜੇ ਮੈਂ ਤੈਨੂੰ ਵੇਖ ਲਿਆ ਤਾਂ ਮਜ਼ਾ ਚਖਾ ਦਿਆਂਗਾ।"

ਰੈਂਡਲ ਬਿਨਾਂ ਜਵਾਬ ਦਿੱਤਿਆਂ ਜਾਂ ਇਹ ਜਾਣਦਿਆਂ ਕਿ ਉਹ ਕਿੱਥੇ ਜਾ ਰਿਹਾ ਸੀ, ਚਲਾ ਗਿਆ। ਉਹ 15 ਜਾਂ ਵੀਹ ਮਿੰਟ ਤੁਰਿਆ ਤੇ ਉਸ ਦੇ ਹੋਸ਼ ਇੰਨੇ ਗੁੰਮ ਹੋ ਗਏ ਸਨ ਕਿ ਉਹ ਕੁਝ ਨਾ ਸੋਚ ਸਕਿਆ। ਪਰ ਅਚਾਨਕ ਜਿਉਂ ਹੀ ਉਹ

ਇਕ ਛੋਟੇ ਮਕਾਨ ਦੇ ਕੋਲੋਂ, ਜਿਸ ਦੀ ਖਿੜਕੀ ਅੱਧੀ ਖੁੱਲ੍ਹੀ ਹੋਈ ਸੀ, ਲੰਘ ਰਿਹਾ ਸੀ, ਤਾਂ ਸੂਪ ਅਤੇ ਗਰਮ ਗਰਮ ਮੀਟ ਦੀ ਵਾਸ਼ਨਾ ਨੇ ਉਸ ਨੂੰ ਉਸ ਦੇ ਸਾਹਮਣੇ ਖੜ੍ਹਾ ਹੋਣ ਲਈ ਮਜਬੂਰ ਕਰ ਦਿੱਤਾ, ਅਤੇ ਭੁੱਖ, ਘੋਰ ਭੁੱਖ ਉਸ 'ਤੇ ਇੰਨੀ ਹਾਵੀ ਹੋ ਗਈ ਕਿ ਉਹ ਜੰਗਲੀ ਜਾਨਵਰ ਵਾਂਗ ਦੀਵਾਰਾਂ ਨਾਲ ਟਕਰਾਇਆ ।

ਉਸ ਨੇ ਸ਼ਿਕਵੇ ਭਰੀ ਅਵਾਜ਼ ਵਿੱਚ ਉੱਚੀ ਬੋਲ ਕੇ ਕਿਹਾ : "ਰੱਬ ਦੇ ਵਾਸਤੇ ਮੈਨੂੰ ਜ਼ਰੂਰ ਕੁਝ ਦਿਓ ।" ਅਤੇ ਉਸ ਨੇ ਆਪਣੀ ਸੋਟੀ ਨਾਲ ਦਰਵਾਜ਼ੇ 'ਤੇ ਜ਼ੋਰ ਦੀ ਦਸਤਕ ਕਰਨੀ ਸ਼ੁਰੂ ਕੀਤੀ ਅਤੇ ਜਦੋਂ ਕੋਈ ਵੀ ਵਿਅਕਤੀ ਬਾਹਰ ਨਾ ਆਇਆ, ਤਾਂ ਉਸ ਨੇ ਹੋਰ ਜ਼ੋਰ ਨਾਲ ਦੋਸਤ ਕੀਤੀ ਅਤੇ ਉੱਚੀ ਬੋਲ ਕੇ ਕਿਹਾ" : ਘਰਵਾਲਿਓਂ ਦਰਵਾਜ਼ਾ ਖੋਲ੍ਹੋ ।" ਅਤੇ ਫਿਰ ਜਦੋਂ ਕੋਈ ਨਾ ਆਇਆ ਤਾਂ ਉਹ ਖਿੜਕੀ ਤੱਕ ਗਿਆ ਅਤੇ ਉਸ ਨੇ ਆਪਣੇ ਹੱਥਾਂ ਨਾਲ ਖਿੜਕੀ ਨੂੰ ਖੋਲ੍ਹਿਆ ਅਤੇ ਗਰਮ ਸੂਪ, ਮੀਟ ਅਤੇ ਬੰਦ-ਗੰਭੀ ਦੀ ਵਾਸ਼ਨਾ ਵਾਲੀ ਰਸੋਈ ਦੀ ਗਰਮ ਹਵਾ ਬਾਹਰ ਆਈ ਅਤੇ ਤਰਖਾਣ ਟਪੂਸੀ ਮਾਰ ਕੇ ਮਕਾਨ ਵਿੱਚ ਦਾਖ਼ਲ ਹੋ ਗਿਆ । ਮੇਜ਼ ਤੇ ਦੋ ਮੇਜ਼ਪੋਸ਼ ਵਿਛਾਏ ਹੋਏ ਸਨ; ਨਿਰਸੰਦੇਹ ਮਕਾਨ ਮਾਲਕ ਗਿਰਜੇ ਜਾਂਦਿਆਂ ਆਪਣਾ ਐਤਵਾਰ ਦਾ ਖਾਣਾ ਅਰਥਾਤ ਗਾਂ ਦਾ ਉੱਬਲਿਆ ਮੀਟ ਤੇ ਸਬਜ਼ੀਆਂ ਦਾ ਸੂਪ ਅੰਗੀਠੀ 'ਤੇ ਛੱਡ ਗਏ ਸਨ ਜਦੋਂਕਿ ਤਾਜ਼ੀ ਡਬਲਰੋਟੀ ਦੋ ਬੋਤਲਾਂ ਵਿਚਾਲੇ ਜੋ ਭਰੀਆਂ ਹੋਈਆਂ ਦਿਖਾਈ ਦੇ ਰਹੀਆਂ ਸਨ, ਅੰਗੀਠੀ 'ਤੇ ਪਈ ਹੋਈ ਸੀ।

ਰੈਂਡਲ ਨੇ ਸਭ ਤੋਂ ਪਹਿਲਾਂ ਰੋਟੀ ਕਾਬੂ ਕੀਤੀ ਅਤੇ ਇਸ ਦੇ ਇੰਨੇ ਜ਼ੋਰ ਨਾਲ ਟੁਕੜੇ ਕੀਤੇ ਜਿਵੇਂ ਉਹ ਕਿਸੇ ਵਿਅਕਤੀ ਦੀ ਸੰਘੀ ਘੁੱਟ ਰਿਹਾ ਹੋਵੇ ਅਤੇ ਫਿਰ ਉਸ ਨੇ ਭੁੱਖਿਆਂ ਵਾਂਗ ਰੋਟੀ ਖਾਣੀ ਸ਼ੁਰੂ ਕਰ ਦਿੱਤੀ ਅਤੇ ਛੇਤੀ ਹੀ ਮੂੰਹ ਭਰ ਭਰ ਕੇ ਨਿਗਲ ਗਿਆ । ਪਰ ਛੇਤੀ ਹੀ ਮੀਟ ਦੀ ਵਾਸ਼ਨਾ ਸੁੰਘ ਕੇ ਉਹ ਅੰਗੀਠੀ ਵੱਲ ਗਿਆ ਅਤੇ ਕੜਾਹੀ ਦਾ ਢੱਕਣ ਉਤਾਰਦਿਆਂ ਉਸ ਨੇ ਇਸ ਵਿੱਚ ਕਾਂਟਾ ਪਾਇਆ ਅਤੇ ਮੀਟ ਦਾ ਵੱਡਾ ਟੁੱਕੜਾ ਕੱਢਿਆ ਜੋ ਡੋਰੀ ਨਾਲ ਬੰਨ੍ਹਿਆ ਹੋਇਆ ਸੀ। ਫਿਰ ਉਸ ਨੇ ਬੰਦਗੋਭੀ, ਗਾਜਰ, ਪਿਆਜ਼ ਆਦਿ ਲਏ ਅਤੇ ਆਪਣੀ ਪਲੇਟ ਭਰ ਲਈ, ਅਤੇ ਫਿਰ ਇਸ ਨੂੰ ਮੇਜ਼ 'ਤੇ ਰੱਖਦਿਆਂ, ਉਹ ਇਸ ਦੇ ਸਾਹਮਣੇ ਬੈਠ ਗਿਆ ਅਤੇ ਮੀਟ ਦੇ ਚਾਰ ਟੁਕੜੇ ਕੀਤੇ ਅਤੇ ਇਸ ਤਰ੍ਹਾਂ ਖਾਣਾ ਖਾਧਾ ਜਿਵੇਂ ਉਹ ਆਪਣੇ ਘਰ ਬੈਠਾ ਹੋਵੇ । ਜਦੋਂ ਉਸ ਨੇ ਸਬਜ਼ੀਆਂ ਤੋਂ ਇਲਾਵਾ ਲਗਭਗ ਸਾਰਾ ਮੀਟ ਖਾ ਲਿਆ ਸੀ ਤਾਂ ਉਸ ਨੂੰ ਪਿਆਸ ਲੱਗੀ ਤਾਂ ਅੰਗੀਠੀ ਤੋਂ ਇਕ ਬੋਤਲ ਚੁੱਕੀ।

ਜਿਉਂ ਹੀ ਉਸ ਨੇ ਸ਼ਰਾਬ ਆਪਣੇ ਗਲਾਸ ਵਿੱਚ ਪਾਈ ਤਾਂ ਉਸ ਨੇ ਵੇਖਿਆ ਕਿ ਉਹ ਬਰਾਂਡੀ ਸੀ। ਚੰਗੀ ਗੱਲ ਇਹ ਸੀ ਕਿ ਇਹ ਗਰਮ ਸੀ, ਇਹ ਉਸ ਦੇ ਸਰੀਰ ਨੂੰ ਗਰਮਾਇਸ਼ ਪਹੁੰਚਾਏਗੀ, ਇੰਨੀ ਸਰਦੀ ਲੱਗਣ ਕਰਕੇ ਉਸ ਨੇ ਥੋੜ੍ਹੀ ਜਿਹੀ ਬਰਾਂਡੀ ਪੀ ਲਈ । ਉਸ ਨੂੰ ਇਹ ਸੱਚਮੁਚ ਬਹੁਤ ਚੰਗੀ ਲੱਗੀ ਕਿਉਂਕਿ ਉਹ ਇਸ ਦਾ ਆਦੀ ਨਹੀਂ ਸੀ, ਅਤੇ ਉਸ ਨੇ ਇਕ ਹੋਰ ਗਲਾਸ ਭਰਿਆ ਜੋ ਉਹ ਦੋ ਘੁੱਟਾਂ ਵਿੱਚ ਪੀ ਗਿਆ। ਅਤੇ ਫਿਰ, ਛੇਤੀ ਹੀ ਉਸ ਨੇ ਸ਼ਰਾਬ ਦੀ ਖ਼ੁਸ਼ੀ ਅਤੇ ਅਨੰਦ ਇੰਝ ਮਾਣਿਆ ਜਿਵੇਂ ਕੋਈ ਖ਼ੁਸ਼ੀ ਉਸ ਦੀਆਂ ਰਗਾਂ ਵਿੱਚ ਦੌੜ ਰਹੀ ਹੋਵੇ ।

ਉਹ ਰੋਟੀ ਸੂਪ ਵਿੱਚ ਡੁੱਬੋ ਕੇ ਖਾ ਰਿਹਾ ਸੀ ਪਰ ਹੌਲੀ ਹੌਲੀ ਉਸ ਦਾ ਸਰੀਰ, ਵਿਸ਼ੇਸ਼ ਕਰਕੇ ਉਸ ਦਾ ਮੱਥਾ ਭਖ਼ਣ ਲੱਗ ਪਿਆ ਸੀ ਜਿੱਥੇ ਉਸ ਦੀਆਂ ਨਾੜੀਆਂ ਨੂੰ ਚੀਸਾਂ ਪੈ ਰਹੀਆਂ ਸਨ । ਪਰ ਅਚਾਨਕ ਗਿਰਜੇ ਦੀਆਂ ਘੰਟੀਆਂ ਵੱਜਣੀਆਂ ਸ਼ੁਰੂ ਹੋ ਗਈਆਂ । ਪ੍ਰਾਰਥਨਾ ਖ਼ਤਮ ਹੋ ਚੁੱਕੀ ਸੀ, ਡਰ ਨਾਲੋਂ ਅੰਤਰ ਪ੍ਰੇਰਨਾ ਜੋ ਸਾਰੇ ਵਿਅਕਤੀਆਂ ਨੂੰ ਗਾਈਡ ਕਰਦੀ ਅਤੇ ਖ਼ਤਰੇ ਵਿੱਚ ਉਨ੍ਹਾਂ ਨੂੰ ਤੀਬਰ ਰੱਖਦੀ ਹੈ, ਇਸ ਤਰ੍ਹਾਂ ਤਰਖਾਣ ਉੱਠ ਪਿਆ। ਉਸ ਨੇ ਬਾਕੀ ਦੀ ਰੋਟੀ ਇਕ ਜੇਬ ਵਿੱਚ ਪਾ ਲਈ ਅਤੇ ਬਰਾਂਡੀ ਦੀ ਬੋਤਲ ਦੂਜੀ ਜੇਬ ਵਿੱਚ ਪਾ ਲਈ ਅਤੇ ਉਹ ਖਿੜਕੀ ਵੱਲ ਗਿਆ ਅਤੇ ਬਾਹਰ ਸੜਕ ਵੱਲ ਵੇਖਿਆ। ਸੜਕ ’ਤੇ ਕੋਈ ਨਹੀਂ ਸੀ ਇਸ ਲਈ ਉਸ ਨੇ ਬਾਹਰ ਸੜਕ ’ਤੇ ਛਾਲ ਮਾਰੀ ਤੇ ਮੁੜ ਤੁਰਨਾ ਸ਼ੁਰੂ ਕਰ ਦਿੱਤਾ ਪਰੰਤੂ ਸੜਕੋਂ ਸੜਕ ਜਾਣ ਦੀ ਬਜਾਏ ਉਸ ਨੇ ਖੇਤ ਪਾਰ ਕਰਕੇ ਜੰਗਲ ਵੱਲ, ਜੋ ਥੋੜ੍ਹੀ ਦੂਰ ਸੀ, ਚਲਾ ਗਿਆ ।

ਇਹ ਕੁਝ ਕਰਨ ’ਤੇ ਉਸ ਨੇ ਆਪਣੇ ਆਪ ਨੂੰ ਸੁਚੇਤ, ਚੁਸਤ, ਹਲਕਾ ਅਤੇ ਖ਼ੁਸ਼ ਅਤੇ ਇਨ੍ਹਾਂ ਫੁਰਤੀਲਾ ਮਹਿਸੂਸ ਕੀਤਾ ਕਿ ਉਸ ਨੇ ਨਾਲ ਲੱਗਦੇ ਖੇਤ ਵਿੱਚ ਛਾਲ ਮਾਰੀ ਅਤੇ ਜਿਉਂ ਹੀ ਉਹ ਦਰੱਖ਼ਤਾਂ ਥੱਲੇ ਪੁੱਜਿਆ ਉਸ ਨੇ ਆਪਣੀ ਜੇਬ ਵਿੱਚੋਂ ਬੋਤਲ ਕੱਢੀ ਅਤੇ ਮੁੜ ਪੀਣੀ ਸ਼ੁਰੂ ਕਰ ਦਿੱਤੀ ਜਿਵੇਂ ਉਸ ਨੇ ਤੁਰਨਾ ਸ਼ੁਰੂ ਕੀਤਾ ਅਤੇ ਫਿਰ ਉਸ ਦੇ ਖ਼ਿਆਲ ਗੱਡ-ਮੱਡ ਹੋ ਗਏ, ਉਸ ਦੀਆਂ ਅੱਖਾਂ ਮੱਧਮ ਪੈ ਗਈਆਂ ਅਤੇ ਉਸ ਦੀਆਂ ਲੱਤਾਂ ਸਪਰਿੰਗਾਂ ਵਾਂਗ ਲਚਕਦਾਰ ਹੋ ਗਈਆਂ ਅਤੇ ਉਸ ਨੇ ਪੁਰਾਣਾ ਪ੍ਰਸਿੱਧ ਗੀਤ ਗਾਣਾ ਸ਼ੁਰੂ ਕੀਤਾ ।

"ਆਹਾ ਕਿੰਨਾ ਚੰਗਾ, ਕਿੰਨਾ ਵਧੀਆ ਕੰਮ ਹੈ
ਮਿੱਠੀਆਂ ਸੁਆਦੀ ਜੰਗਲੀ ਸਟ੍ਰਾਬਰੀ ਤੋੜਨਾ ।"

ਹੁਣ ਉਹ ਸੰਘਣੀ, ਸਿੱਲ੍ਹੀ, ਠੰਢੀ ਕਾਈ ਅਤੇ ਨਰਮ ਘਾਹ ’ਤੇ ਤੁਰਦਿਆਂ ਇੰਝ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਸਿਰ ਭਾਰ ਤੁਰ ਰਿਹਾ ਹੋਵੇ, ਜਿਵੇਂ ਉਹ ਬਚਪਨ ਵਿੱਚ, ਕਰਿਆ ਕਰਦਾ ਸੀ, ਇੰਝ ਉਸ ਨੇ ਪਹਿਲਾਂ ਕੁਝ ਦੌੜ ਲਾਈ, ਪੁੱਠੀਆਂ ਛਾਲਾਂ ਮਾਰੀਆਂ, ਖੜ੍ਹਾ ਹੁੰਦਾ ਫੇਰ ਤੁਰ ਪੈਂਦਾ ਇਸ ਵਿਚਕਾਰ ਹਰ ਵਾਰ ਉਹ ਗਾਣਾ ਸ਼ੁਰੂ ਕਰ ਦਿੰਦਾ।

"ਆਹ ਕਿੰਨਾ ਚੰਗਾ, ਕਿੰਨਾ ਵਧੀਆ ਕੰਮ ਹੈ,
ਮਿੱਠੀਆਂ ਸੁਆਦੀ ਜੰਗਲੀ ਸਟ੍ਰਾਬਰੀ ਤੋੜਨਾ।"

ਅਚਾਨਕ ਹੀ ਉਹ ਡੂੰਘੀ ਸੜਕ ਦੇ ਕਿਨਾਰੇ ਤੋਂ ਆ ਗਿਆ ਅਤੇ ਉਸ ਨੇ ਸੜਕ ’ਤੇ ਇਕ ਲੰਮੀ ਲੜਕੀ, ਇਕ ਨੌਕਰਾਣੀ ਵੇਖੀ, ਜੋ ਦੁੱਧ ਦੀਆਂ ਦੋ ਬਾਲਟੀਆਂ ਲੈ ਕੇ ਪਿੰਡ ਵਾਪਸ ਜਾ ਰਹੀ ਸੀ । ਉਸ ਨੇ ਝੁਕ ਕੇ ਉਸ ਵੱਲ ਇਸ ਤਰ੍ਹਾਂ ਚਮਕਦਾਰ ਅੱਖਾਂ ਨਾਲ ਵੇਖਿਆ ਜਿਵੇਂ ਬਟੇਰਾ ਵੇਖ ਕੇ ਕੁੱਤੇ ਦੀਆਂ ਅੱਖਾਂ ਵਿੱਚ ਚਮਕ ਆ ਜਾਂਦੀ ਹੈ । ਪਰ ਉਸ ਕੁੜੀ ਨੇ ਉਸ ਨੂੰ ਵੇਖ ਲਿਆ ਅਤੇ ਆਪਣਾ ਸਿਰ ਚੁੱਕ ਕੇ ਕਿਹਾ" : ਕੀ ਤੂੰ ਹੀ ਇੰਝ ਗਾ ਰਿਹਾ ਸੀ ?" ਐਪਰ ਉਸ ਨੇ ਕੋਈ ਉੱਤਰ ਨਾ ਦਿੱਤਾ ਅਤੇ ਸੜਕ ’ਤੇ ਭਾਵੇਂ ਇਹ ਛੇ ਫੁੱਟ ਨੀਵੀਂ ਸੀ, ਛਾਲ ਮਾਰੀ, ਅਤੇ ਜਦੋਂ ਉਸ ਨੇ ਅਚਾਨਕ ਉਸ ਨੂੰ ਆਪਣੇ ਸਾਹਮਣੇ ਖੜ੍ਹਾ ਵੇਖਿਆ ਤਾਂ ਉਸ ਨੇ ਕਿਹਾ: “ਉਫ਼ ! ਪਿਆਰੇ, ਤੂੰ ਤਾਂ ਮੈਨੂੰ ਡਰਾ ਹੀ ਦਿੱਤਾ ਸੀ ।"

ਪਰ ਉਸ ਨੇ ਉਸ ਦੀ ਗੱਲ ਨਾ ਸੁਣੀ ਕਿਉਂਕਿ ਉਹ ਸ਼ਰਾਬੀ ਹੋਇਆ ਹੋਇਆ ਸੀ, ਪਾਗ਼ਲ ਹੋਇਆ ਹੋਇਆ ਸੀ ਕਿਸੇ ਹੋਰ ਜ਼ਰੂਰਤ ਕਾਰਨ ਜੋ ਭੁੱਖ ਨਾਲੋਂ ਵਧੇਰੇ ਜ਼ਰੂਰੀ ਸੀ, ਅਤੇ ਸ਼ਰਾਬ ਨਾਲੋਂ ਬਹੁਤ ਗਰਮ ਇਕ ਅਜਿਹੇ ਵਿਅਕਤੀ ਦੀ ਭਿਅੰਕਰਤਾ ਨਾਲ, ਜੋ ਦੋ ਮਹੀਨੇ ਤੋਂ ਹਰ ਚੀਜ਼ ਲਈ ਲੋੜਵੰਦ ਸੀ, ਜਿਨ੍ਹਾਂ ਸ਼ਰਾਬੀ ਸੀ, ਨੌਜਆਨ ਸੀ, ਜੋਸ਼ੀਲਾ ਸੀ, ਜਿਸ ਵਿੱਚ ਉਹ ਭੁੱਖਾਂ ਜਾਗੀਆਂ ਹੋਈਆਂ ਸਨ ਜੋ ਰਿਸ਼ਟ ਪੁਸ਼ਟ ਵਿਅਕਤੀਆਂ ਵਿੱਚ ਕੁਦਰਤ ਨੇ ਰੱਖੀਆਂ ਹਨ।

ਲੜਕੀ ਉਸ ਦੇ ਚਿਹਰੇ, ਉਸ ਦੀਆਂ ਅੱਖਾਂ, ਉਸ ਦੇ ਅੱਧ-ਖੁੱਲ੍ਹੇ ਮੂੰਹ, ਉਸ ਦੀਆਂ ਤਣੀਆਂ ਹੋਈਆਂ ਬਾਂਹਾਂ ਤੋਂ ਡਰ ਕੇ ਉਸ ਤੋਂ ਪਰੇ ਹੋਈ, ਪਰ ਉਸ ਨੇ ਉਸ ਨੂੰ ਮੋਢਿਆਂ ਤੋਂ ਫੜ ਲਿਆ ਅਤੇ ਬਿਨਾਂ ਕੁਝ ਕਹੇ ਉਸ ਨੂੰ ਸੜਕ ’ਤੇ ਦੇ ਮਾਰਿਆ ।

ਉਸ ਦੀਆਂ ਦੋਵੇਂ ਬਾਲਟੀਆਂ ਡਿੱਗ ਪਈਆਂ ਅਤੇ ਉਹ ਖੜਕਦੀਆਂ ਹੋਈਆਂ ਰੁੜ੍ਹ ਗਈਆਂ, ਅਤੇ ਸਾਰਾ ਦੁੱਧ ਡੁੱਲ੍ਹ ਗਿਆ ਅਤੇ ਫਿਰ ਉਸ ਨੇ ਚੀਕ ਮਾਰੀ ਪਰ ਉਸ ਸਮਝਿਆ ਕਿ ਇਸ ਉਜਾੜ ਵਿੱਚ ਕਿਸੇ ਨੂੰ ਮੱਦਦ ਲਈ ਪੁਕਾਰਨਾ ਵਿਅਰਥ ਹੈ ਅਤੇ ਇਹ ਪਤਾ ਲੱਗ ਗਿਆ ਕਿ ਉਹ ਉਸ 'ਤੇ ਵਾਰ ਨਹੀਂ ਕਰ ਰਿਹਾ ਸੀ ਇਸ ਲਈ ਉਸ ਨੇ ਆਪਣੇ ਆਪ ਨੂੰ ਬਿਨਾਂ ਕਿਸੇ ਬਹੁਤ ਗ਼ੁੱਸੇ ਦੇ, ਅਤੇ ਬਹੁਤ ਯਤਨ ਦੇ ਉਸ ਦੇ ਹਵਾਲੇ ਕਰ ਦਿੱਤਾ ਕਿਉਂਕਿ ਉਹ ਰਿਸ਼ਟ- ਪੁਸ਼ਟ ਸੁੰਦਰ ਤੋਂ ਜਵਾਨ ਸੀ ਕੋਝਾ ਨਹੀਂ ਸੀ।

ਜਦੋਂ ਉਹ ਉੱਠੀ ਤਾਂ ਉਸ ਨੂੰ ਉਲਟੀਆਂ ਬਾਲਟੀਆਂ ਵੇਖ ਕੇ ਗ਼ੁੱਸਾ ਆਇਆ ਅਤੇ ਉਸ ਨੇ ਆਪਣੀ ਇਕ ਖੜਾਂਵ ਉਸ ਦਾ ਸਿਰ ਭੰਨਣ ਲਈ ਉਸ ਨੂੰ ਮਾਰੀ ਕਿਉਂਕਿ ਉਸ ਨੇ ਉਸ ਨੂੰ ਦੁੱਧ ਦੀ ਕੀਮਤ ਅਦਾ ਨਹੀਂ ਸੀ ਕੀਤੀ।

ਪਰ ਉਸ ਦੇ ਅਚਾਨਕ ਹਮਲੇ ਦੇ ਕਾਰਨ ਨੂੰ ਗ਼ਲਤ ਸਮਝਦਿਆਂ ਉਹ ਆਪਣੇ ਕਾਰਨਾਮੇ 'ਤੇ ਡਰ ਗਿਆ ਅਤੇ ਇੰਨੀ ਤੇਜ਼ੀ ਨਾਲ ਨੱਸਿਆ ਜਿੰਨਾ ਤੇਜ਼ ਉਹ ਨੱਸ ਸਕਦਾ ਸੀ। ਉਸ ਨੇ ਉਸ ਨੂੰ ਵੱਟੇ ਮਾਰੇ ਜਿਨ੍ਹਾਂ ਵਿੱਚੋਂ ਕੁਝ ਉਸ ਦੀ ਪਿੱਠ 'ਤੇ ਲੱਗੇ।

ਉਹ ਦੌੜਦਾ ਦੌੜਦਾ ਥੱਕ ਗਿਆ। ਇਸ ਤੋਂ ਪਹਿਲਾਂ ਉਸ ਨੇ ਕਦੇ ਵੀ ਇੰਨੀ ਮਹਿਸੂਸ ਨਹੀਂ ਸੀ ਕੀਤੀ। ਉਸ ਦੀਆਂ ਲੱਤਾਂ ਇੰਨੀਆਂ ਸ਼ਿਥਲ ਹੋ ਗਈਆਂ ਸਨ ਕਿ ਨਹੀਂ ਸੀ ਸਕਦਾ; ਉਹ ਘਬਰਾਇਆ ਹੋਇਆ ਸੀ ਅਤੇ ਉਸ ਨੂੰ ਹਰ ਗੱਲ ਦਾ ਚੇਤਾ ਭੁੱਲ ਗਿਆ ਅਤੇ ਉਹ ਕਿਸੇ ਚੀਜ਼ ਬਾਰੇ ਸੋਚ ਨਹੀਂ ਸੀ ਸਕਦਾ, ਇਸ ਲਈ ਉਹ ਇਕ ਦਰੱਖਤ ਹੇਠਾਂ ਬੈਠ ਗਿਆ ਅਤੇ ਪੰਜਾਂ ਮਿੰਟਾਂ ਵਿੱਚ ਡੂੰਘੀ ਨੀਂਦ ਸੌਂ ਗਿਆ। ਐਪਰ ਉਹ ਝਟਕੇ ਨਾਲ ਛੇਤੀ ਉੱਠ ਪਿਆ ਅਤੇ ਅੱਖਾਂ ਖੋਲ੍ਹਦਿਆਂ ਉਸ ਨੇ ਪਾਲਿਸ਼ ਕੀਤੇ ਟੋਪ ਪਾਈ ਦੇ ਸਿਪਾਹੀ ਆਪਣੇ 'ਤੇ ਝੁਕੇ ਵੇਖੇ ਜੋ ਉਸ ਨੂੰ ਫੜ ਰਹੇ ਸਨ ਅਤੇ ਉਸ ਦੀਆਂ ਬਾਂਹਵਾਂ ਬੰਨ੍ਹ ਰਹੇ ਸਨ।

"ਮੈਨੂੰ ਪਤਾ ਸੀ ਤੈਨੂੰ ਫੇਰ ਫੜਨਾ ਪਵੇਗਾ," ਬਰਗੇਡੀਅਰ ਨੇ ਬੋਲੀ ਮਾਰਦਿਆਂ ਕਿਹਾ। ਪਰੰਤੂ ਰੈਂਡਲ ਬਿਨਾਂ ਜਵਾਬ ਦਿੱਤਿਆਂ ਉੱਠ ਖੜ੍ਹਾ ਹੋਇਆ। ਦੋ ਵਿਅਕਤੀ ਉਸ ਨਾਲ ਬੁਰਾ ਵਿਹਾਰ ਕਰਨ ਲਈ ਤਿਆਰ ਸਨ ਜੇਕਰ ਉਹ ਕੋਈ ਹਰਕਤ ਕਰਦਾ ਅਤੇ ਕਿਉਂਕਿ, ਉਹ ਹੁਣ ਉਨ੍ਹਾਂ ਦੇ ਵੱਸ ਵਿੱਚ ਸੀ, ਉਹ ਜੇਲ੍ਹ ਦਾ ਇਕ ਪੰਛੀ ਬਣ ਗਿਆ ਸੀ, ਮੁਜਰਿਮ ਫੜਨ ਵਾਲਿਆਂ ਨੇ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ ਜੋ ਉਸ ਨੂੰ ਮੁੜ ਨਹੀਂ ਛੱਡਣਗੇ।

ਬਰਗੇਡੀਅਰ ਨੇ ਕਿਹਾ ਚਲੋ 'ਅਤੇ ਉਹ ਤੁਰ ਪਏ । ਸ਼ਾਮ ਹੋ ਰਹੀ ਸੀ ਅਤੇ ਪਤਝੜ ਦਾ ਮੌਸਮ ਸੀ ਤੇ ਤਿਕਾਲ਼ਾਂ ਪੈ ਰਹੀਆਂ ਸਨ ਅਤੇ ਅੱਧੇ ਘੰਟੇ ਵਿੱਚ ਉਹ ਪਿੰਡ ਪੁੱਜ ਗਏ ਜਿੱਥੇ ਹਰ ਘਰ ਦਾ ਦਰਵਾਜ਼ਾ ਖੁੱਲ੍ਹਾ ਹੋਇਆ ਸੀ ਕਿਉਂਕਿ ਲੋਕਾਂ ਨੇ ਸਾਰੀ ਘਟਨਾ ਸੁਣ ਲਈ ਸੀ । ਪੇਂਡੂ ਆਦਮੀ, ਔਰਤਾਂ ਤੋਂ ਲੜਕੀਆਂ ਇੰਝ ਗ਼ੁੱਸੇ ਨਾਲ ਭਰੀਆਂ ਹੋਈਆਂ ਸਨ ਜਿਵੇਂ ਹਰ ਆਦਮੀ ਨੂੰ ਲੁੱਟ ਲਿਆ ਗਿਆ ਹੋਵੇ ਅਤੇ ਹਰ ਔਰਤ ਦੀ ਬੇਪੱਤੀ ਕੀਤੀ ਗਈ ਹੋਵੇ । ਉਹ ਸਾਰੇ ਨੀਚ ਵਿਅਕਤੀ ਨੂੰ ਵੇਖਣਾ ਚਾਹੁੰਦੇ ਸਨ ਤਾਂ ਜੋ ਉਸ ਨੂੰ ਲਾਹਨਤਾਂ ਪਾ ਸਕਣ । ਉਨ੍ਹਾਂ ਨੇ ਉਸ ਨੂੰ ਪਿੰਡ ਦੇ ਪਹਿਲੇ ਮਕਾਨ ਤੋਂ ਕੋਠੀ ਵਿੱਚ ਵੜਨ ਤੱਕ ਜਿੱਥੇ ਮੇਅਰ ਉਸ ਦਾ ਇੰਤਜ਼ਾਰ ਕਰ ਰਿਹਾ ਸੀ ਲਾਹਨਤਾਂ ਪਾਈਆਂ ਜੋ ਆਵਾਰਾ ਬਦਮਾਸ਼ ਤੋਂ ਲੈਣ ਦੀ ਭਾਵਨਾ ਨਾਲ ਵਿਅਕੁਲ ਸੀ, ਉਸ ਨੂੰ ਦੇਖਣ ਸਾਰ ਬੋਲਿਆ।

“ਆ । ਮੇਰੇ ਦੋਸਤਾ । ਅਸੀਂ ਤੇਰੇ ਲਈ ਬੈਠੇ ਹਾਂ ।” ਅਤੇ ਉਸ ਨੇ, ਜਿਵੇਂ ਉਹ ਸਾਧਾਰਨ ਨਾਲੋਂ ਵਧੇਰੇ ਖ਼ੁਸ਼ ਸੀ, ਆਪਣੇ ਹੱਥ ਮਲ਼ਦਿਆਂ ਕਿਹਾ : "ਜਦੋਂ ਮੈਂ ਤੈਨੂੰ ਸੜਕ ’ਤੇ ਵੇਖਿਆ ਸੀ। ਉਦੋਂ ਤੋਂ ਤੈਨੂੰ ਕਿਹਾ ਸੀ । "ਅਤੇ ਹੋਰ ਹੌਂਸਲੇ ਨਾਲ: ਓ ਬਦਮਾਸ਼ । ਓ ਲੁੱਚੇ ਬਦਮਾਸ਼। ਤੂੰ 20 ਸਾਲਾਂ ਲਈ ਬੰਨ੍ਹਿਆ ਜਾਵੇਂਗਾ। ਮੇਰੇ ਦੋਸਤਾ ।"

ਉਸ ਦਾ ਦ੍ਰਿੜ੍ਹ ਖ਼ਿਆਲ ਸੀ ਕਿ ਉਹ ਆਪਣੇ ਟ੍ਰੇਡ ਦਾ ਕੰਮ ਕਰੇਗਾ ਪਰ ਹਰ ਤਰਖਾਣ ਦੀ ਦੁਕਾਨ ’ਤੇ ਜਿੱਥੇ ਵੀ ਉਹ ਕੰਮ ਲਈ ਕਹਿੰਦਾ ਸੀ । ਉਸ ਨੂੰ ਦੱਸਿਆ ਜਾਂਦਾ ਸੀ ਕਿ ਉਨ੍ਹਾਂ ਨੇ ਹੁਣੇ ਹੀ ਕੰਮ ਮੰਦਾ ਹੋਣ ਕਰਕੇ ਵਿਅਕਤੀਆਂ ਨੂੰ ਕੰਮ ਤੋਂ ਹਟਾ ਦਿੱਤਾ ਹੋਇਆ ਸੀ, ਅਤੇ ਜਦੋਂ ਉਸ ਦੀ ਹਾਲਤ ਕਮਜ਼ੋਰ ਹੋ ਗਈ ਤਾਂ ਉਸ ਨੇ ਆਪਣਾ ਮਨ ਬਣਾ ਲਿਆ ਕਿ ਉਹ ਕੋਈ ਵੀ ਕੰਮ ਜੋ ਉਸ ਨੂੰ ਮਿਲ ਜਾਵੇ, ਕਰੇਗਾ । ਇਸ ਤਰ੍ਹਾਂ ਉਹ ਸਮੇਂ ਸਮੇਂ ਸੜਕਾਂ ਆਦਿ ਬਣਾਉਣ ਲਈ ਮਿੱਟੀ ਪੁੱਟਣ ਵਾਲਾ ਮਜ਼ਦੂਰ, ਤਬੇਲਚੀ, ਪੱਥਰ ਤੋੜਨ ਵਾਲਾ ਮਜ਼ਦੂਰ ਸੀ ; ਉਹ ਲੱਕੜਾਂ ਵੱਢਦਾ ਸੀ, ਦਰੱਖ਼ਤਾਂ ਦੀਆਂ ਟਾਹਣੀਆਂ ਛਾਂਗਦਾ ਸੀ, ਖੂਹ ਪੁੱਟਦਾ ਸੀ, ਘਾਣੀ ਬਣਾਉਂਦਾ ਸੀ, ਗੱਠਾਂ ਬੰਨ੍ਹਦਾ ਸੀ, ਪਹਾੜੀਆਂ ’ਤੇ ਬੱਕਰੀਆਂ ਦੀ ਨਿਗਰਾਨੀ ਕਰਦਾ ਸੀ ਅਤੇ ਇਸ ਸਭ ਕੁਝ ਲਈ ਥੋੜ੍ਹੇ ਜਿਹੇ ਪੈਸਾ ਮਿਲਦੇ ਉਸ ਨੇ ਨਿਯੁਕਤੀਕਾਰਾਂ ਅਤੇ ਕਿਸਾਨਾਂ ਨੂੰ ਖ਼ੁਸ਼ ਕਰਨ ਲਈ ਥੋੜ੍ਹੀ ਕੀਮਤ ’ਤੇ ਕੰਮ ਕਰਨਾ ਸਵੀਕਾਰ ਕਰਦਿਆਂ ਦੋ ਜਾਂ ਤਿੰਨ ਦਾ ਕੰਮ ਪ੍ਰਾਪਤ ਕੀਤਾ ਸੀ।

ਅਤੇ ਹੁਣ ਇਕ ਹਫ਼ਤੇ ਤੋਂ ਉਸ ਨੂੰ ਕੋਈ ਕੰਮ ਨਹੀਂ ਸੀ ਮਿਲਿਆ ਅਤੇ ਉਸ ਪਾਸ ਕੋਈ ਪੈਸਾ ਬਾਕੀ ਨਹੀਂ ਸੀ ਬਚਿਆ। ਉਹ ਇਕ ਰੋਟੀ ਦਾ ਟੁਕੜਾ ਖਾ ਰਿਹਾ ਸੀ ਅਤੇ ਉਨ੍ਹਾਂ ਔਰਤਾਂ ਦੀ ਕਰੁਣਾ ਲਈ ਜਿਨ੍ਹਾਂ ਉਸ ਨੇ ਸੜਕ ਤੋਂ ਮੰਗਿਆ ਸੀ, ਧੰਨਵਾਦੀ ਹਨੇਰਾ ਹੋ ਰਿਹਾ ਸੀ ਅਤੇ ਜੈਕਸ ਰੈਂਡਲ ਥੱਕਿਆ ਹੋਇਆ ਸੀ, ਉਸ ਦੀਆਂ ਲੱਤਾਂ ਜਵਾਬ ਦੇ ਗਈਆਂ ਸਨ, ਉਸ ਦਾ ਪੇਟ ਖ਼ਾਲੀ ਸੀ, ਅਤੇ ਨਿਮਰਤਾ ਭਰੇ ਦਿਲ ਨਾਲ ਉਹ ਨੰਗੇ ਪੈਰੀਂ ਸੜਕ ਦੇ ਨਾਲ ਨਾਲ ਘਾਹ ’ਤੇ ਤੁਰ ਰਿਹਾ ਸੀ ਕਿਉਂਕਿ ਉਸ ਨੂੰ ਆਪਣੇ ਜੁੱਤੀਆਂ ਦੇ ਅਖੀਰਲੇ ਜੋੜੇ ਦਾ ਫ਼ਿਕਰ ਸੀ ਉਸ ਦਾ ਪਹਿਲਾ ਜੋੜਾ ਕਾਫ਼ੀ ਸਮਾਂ ਪਹਿਲਾਂ ਟੁੱਟ-ਭੱਜ ਗਿਆ ਸੀ । ਪੱਤਝੜ ਦਾ ਅਖ਼ੀਰ ਸੀ ਅਤੇ ਸਨਿਚਰਵਾਰ ਦਾ ਦਿਨ ਸੀ।

# ਮੈਡਮ ਪਰਸੀ

ਮੈਂ ਆਬਰਨਨ ਦੀ ਬੰਦਰਗਾਹ ਜੋ ਲਾ ਸਲੀਈਜ ਦੇ ਪਿੰਡ ਦੇ ਨੇੜੇ ਸੀ, ਸੂਰਜ ਦੇ ਅਸਤ ਹੋਣ ਸਮੇਂ ਐਂਟੀ ਬਸ ਨੂੰ ਵੇਖ ਰਿਹਾ ਸੀ। ਮੈਂ ਕਦੇ ਵੀ ਇੰਨੀ ਸੁੰਦਰ ਬਸਤੀ ਨਹੀਂ ਵੇਖੀ ਸੀ। ਇਹ ਕਿਲ੍ਹੇਬੰਦੀ (ਜੋ ਮਾਨਸੀਅਰ ਡੀ ਵਾਯੂਬਾਨ ਵੱਲੋਂ ਉਸਾਰਿਆ ਗਿਆ ਸੀ) ਵਾਲਾ ਛੋਟਾ ਸ਼ਹਿਰ ਗਲਡ ਆਫ਼ ਨਾਈਸ ਦੇ ਮੱਧ ਵਿੱਚ ਸਥਿਤ ਸੀ। ਵੱਡੀਆਂ ਲਹਿਰਾਂ ਦੂਰ-ਦੁਰਾਡੇ ਤੋਂ ਉਸ ਦੇ ਪੈਰਾਂ ਤੋਂ ਅਰਪਣ ਹੋਣ ਲਈ ਆਈਆਂ ਅਤੇ ਝੱਗ ਦੀ ਝਾਂਜਰ ਉਨ੍ਹਾਂ ਦੁਆਲੇ ਲਿਪਟਾ ਦਿੱਤੀ ਅਤੇ ਫ਼ਸੀਲ ਦੇ ਉੱਤੋਂ ਦੀ ਉੱਚੇ ਮਿਨਾਰਾਂ ਤੱਕ ਘਰ ਵੇਖੇ ਜਾ ਸਕਦੇ ਸਨ; ਇਹ ਮਿਨਾਰ ਬਹੁਤ ਉੱਚੇ ਸਨ ਅਤੇ ਪੁਰਾਤਨ ਹੈਲਮਟ ਤੇ ਲੱਗੇ ਦੋ ਸਿੰਗਾਂ ਸਮਾਨ ਜਾਪਦੇ ਸਨ, ਅਤੇ ਐਲਫਸ ਬਹੁਤ ਭਾਰੀ ਅਤੇ ਵੱਡੀ ਬਰਫ਼ ਦੀ ਕੰਧ ਜਿਸ ਨੇ ਸਾਰੇ ਉਫਕ ਨੂੰ ਢਕਿਆ ਹੋਇਆ ਸੀ, ਦੀ ਦੁਧੀਆ ਸਫ਼ੈਦੀ ਦੇ ਸਾਹਮਣੇ ਖੜ੍ਹੇ ਸਨ। ਦੀਵਾਰਾਂ ਦੇ ਨਾਲ ਨਾਲ ਹੇਠਾਂ ਚਿੱਟੀ ਝੱਗ ਅਤੇ ਇਸ ਦੇ ਦਿਸਹੱਦੇ ਦੀ ਸਫ਼ੈਦ ਬਰਫ਼ ਵਿਚਕਾਰ ਛਿਪ ਰਹੇ ਸੂਰਜ ਦੀਆਂ ਕਿਰਨਾਂ ਨਾਲ ਲਿਸ਼ਕਦਾ ਇਹ ਛੋਟਾ ਜਿਹਾ ਸ਼ਹਿਰ ਇਸ ਲਾਲ ਛੱਤਾਂ ਵਾਲੇ ਮਕਾਨਾਂ ਦਾ ਇਕ ਪਿਰਾਮਿਡ ਜਾਪਦਾ ਸੀ ਜਿਨ੍ਹਾਂ ਦੇ ਮੱਥੇ ਸਫ਼ੈਦ ਪਰ ਫਿਰ ਵੀ ਸਫ਼ੈਦੀ ਦੇ ਵੱਖ-ਵੱਖ ਅਕਸਾਂ ਵਾਲੇ ਜੋ ਭਿੰਨ-ਭਿੰਨ ਰੰਗੀ ਭਾਹ ਮਾਰ ਰਹੇ ਸਨ।

ਐਲਬਮ ਉੱਪਰਲਾ ਪੀਲੇ ਨੀਲੇ ਰੰਗ ਦਾ ਅਸਮਾਨ ਲਗਭਗ ਸਫ਼ੈਦ ਜਾਪ ਰਿਹਾ ਸੀ ਜਿਵੇਂ ਬਰਫ਼ ਨੇ ਇਸ ਨੂੰ ਆਪਣੀ ਕਕਰੀਲੀ ਸਫ਼ੈਦੀ ਦੇ ਦਿੱਤੀ ਹੋਵੇ। ਕੁਝ ਚਾਂਦੀ ਰੰਗੇ ਬੱਦਲ ਪੀਲੀ ਟੀਸੀ ਨੇੜੇ ਘੁੰਮ ਰਹੇ ਸਨ ਅਤੇ ਖਾੜੀ ਦੇ ਦੂਜੇ ਪਾਸੇ, ਨਾਈਸ ਸਮੁੰਦਰ ਅਤੇ ਪਹਾੜਾਂ ਵਿਚਾਲੇ ਇਕ ਚਿੱਟੇ ਰਿਬਨ ਵਾਂਗ, ਪਾਣੀ ਦੇ ਕਿਨਾਰੇ 'ਤੇ ਸੀ। ਦੋ ਭਾਰੀ ਜਹਾਜ਼ ਤੇਜ਼ ਹਵਾ ਨਾਲ ਟਾਕਰਾ ਕਰਦੇ ਅੱਗੇ ਜਾਂਦੇ ਵਿਖਾਈ ਦਿੱਤੇ। ਮੈਂ ਇਸ ਦ੍ਰਿਸ਼ ਨੂੰ ਧਿਆਨ ਨਾਲ ਵੇਖਿਆ ਅਤੇ ਇਸ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਗਿਆ। ਇਹ ਦ੍ਰਿਸ਼ ਇੰਨੇ ਮਨਮੋਹਣੇ, ਇੰਨੇ ਦੁਰਲੱਭ ਸਨ, ਜੋ ਕਿਸੇ ਦਾ ਦਿਲ ਲੁਭਾ ਲੈਂਦੇ ਹਨ ਅਤੇ ਖ਼ੁਸ਼ੀਆਂ ਭਰੀਆਂ ਵਿਸ਼ੇਸ਼ ਯਾਦਾਂ ਵਾਂਗ ਅਭੁੱਲ ਹੋ ਜਾਂਦੇ ਹਨ। ਅਸੀਂ ਕਈ ਕਾਰਨਾਂ ਕਰਕੇ ਸੋਚਦੇ ਹਾਂ, ਅਨੰਦ ਲੈਂਦੇ ਹਾਂ, ਦੁਖੀ ਹੁੰਦੇ

ਹਾਂ, ਕੁਝ ਗੱਲਾਂ ਤੋਂ ਅਸੀਂ ਪ੍ਰਭਾਵਿਤ ਹੁੰਦੇ ਹਾਂ ਪਰ ਅਸੀਂ ਵੇਖ ਕੇ ਖ਼ੁਸ਼ ਹੁੰਦੇ ਹਾਂ। ਉਹ ਵਿਅਕਤੀ ਜੋ ਵੇਖ ਕੇ ਅਨੰਦ ਲੈਂਦੇ ਹਨ ਅਜਿਹੀ ਖ਼ੁਸ਼ੀ ਅਨੁਭਵ ਕਰਦੇ ਹਨ ਜੋ ਕੋਮਲ ਭਾਵੀ ਵਿਅਕਤੀ ਨੂੰ ਸੰਗੀਤ ਸੁਣ ਕੇ ਹੁੰਦਾ ਹੈ।

ਮੈਂ ਆਪਣੇ ਸਾਥੀ, ਮਾਨਸੀਅਰ ਮਾਰਟੀਨੀ ਜੋ ਖਾਲਸ ਦੱਖਣੀ ਸੀ, ਨੂੰ ਕਿਹਾ, ਇਹ ਦ੍ਰਿਸ਼ ਸੱਚਮੁਚ ਦੁਰਲੱਭ ਦ੍ਰਿਸ਼ਾਂ ਵਿੱਚੋਂ ਇਕ ਹੈ ਕਿ ਜਿਸ ਦੀ ਮੈਂ ਹਮੇਸ਼ਾ ਸ਼ਲਾਘਾ ਕਰਦਾ ਰਿਹਾ ਹਾਂ। ਮੈਂ ਸੈਂਟ-ਮਾਈਕਲ ਦਾ ਪਰਬਤ ਦੇਖਿਆ ਹੈ, ਜੋ ਸੂਰਜ ਚੜ੍ਹਨ ਵਿੱਚ ਰੇਤ ਵਿੱਚ ਇਕ ਵੱਡੀ ਮਣੀ ਵਾਂਗ ਚਮਕਦਾ ਹੈ। ਮੈਂ ਸਹਾਰਾ ਵਿੱਚ, ਰਲੀਅਨ ਕਰਕੁਈ ਦੀ 50 ਕਿਲੋਮੀਟਰ ਲੰਬੀ ਝੀਲ ਵੇਖੀ ਹੈ ਜੋ ਰਾਤ ਨੂੰ ਸੂਰਜ ਵਾਂਗ ਚਮਕਦੇ ਚੰਦਰਮਾ ਹੇਠ ਲਿਸ਼ਕਦੀ ਹੈ ਅਤੇ ਦੁੱਧ-ਚਿੱਟੀ ਭਾਫ਼ ਬੱਦਲਾਂ ਵੱਲ ਛੱਡਦੀ ਵੇਖੀ ਹੈ। ਮੈਂ ਲਿਖਾਰੀ ਟਾਪੂਆਂ ਵਿੱਚ ਵੇਲਕੈਨਲਓ ਦੀ ਅਨੋਖੀ ਗੰਧਕ ਦਾ ਮੋਖਾ ਵੇਖਿਆ ਹੈ ਜੋ ਬਹੁਤ ਵੱਡੇ ਫੁੱਲ ਵਾਂਗ ਦਿਸਦਾ ਹੈ। ਜਿਸ ਦੇ ਕੇਂਦਰ ਵਿੱਚ ਜੁਆਲਾਮੁਖੀ ਹੈ ਜੋ ਅਥਾਹ ਲਾਟਾਂ ਛੱਡਦਾ ਹੈ ਜੋ ਸਾਗਰ ਦੀ ਹਿੱਕ 'ਤੇ ਫੈਲ ਜਾਂਦੀਆਂ ਹਨ। ਪਰ ਮੈਂ ਅਸਤ ਹੋ ਰਹੇ ਸੂਰਜ ਦਾ ਰੋਸ਼ਨੀ ਵਿੱਚ ਐਲਪਸ ਦੇ ਸਾਹਮਣੇ ਐਂਟੀਬਸ ਤੋਂ ਵਧੇਰੇ ਪ੍ਰਭਾਵੀ ਚੀਜ਼ ਕੋਈ ਨਹੀਂ ਵੇਖੀ ਅਤੇ ਮੈਂ ਇਸ ਪਲ਼ ਇਹ ਨਹੀਂ ਦੱਸ ਸਕਦਾ ਕਿ ਪੁਰਾਣੇ ਸਮੇਂ ਦੀਆਂ ਯਾਦਾਂ ਮੈਨੂੰ ਕਿਉਂ ਮੁੜ ਮੁੜ ਯਾਦ ਆਉਂਦੀਆਂ ਹਨ। ਹੋਮਰ ਦੀਆਂ ਪੰਕਤੀਆਂ ਮੇਰੇ ਮਨ ਵਿੱਚ ਆਈਆਂ। ਇਹ ਪੁਰਾਣੇ ਐਂਟੀਬਸ ਦਾ ਸ਼ਹਿਰ ਹੈ, ਇਹ ਉਡੀਸੀ ਦਾ ਸ਼ਹਿਰ ਹੈ, ਇਹ ਪੱਛਮੀ ਟਰਾਇ ਹੈ ਭਾਵੇਂ ਟਰਾਇ ਸਮੁੰਦਰ ਤੋਂ ਬਹੁਤ ਦੂਰ ਸੀ।

ਮਾਨਸ਼ੀਅਰ ਮਾਰਟੀਨੀ ਨੇ ਆਪਣੀ ਜੇਬ ਵਿੱਚੋਂ ਇਕ ਸਾਰਟੀ ਗਾਈਡ ਕੱਢੀ ਅਤੇ ਪੜ੍ਹਿਆ : ਇਹ ਸ਼ਹਿਰ ਮੂਲ ਰੂਪ ਵਿੱਚ ਇਕ ਕਾਲੋਨੀ ਸੀ ਜਿਸ ਦੀ ਨੀਂਹ ਮਾਰਸੀਲਜ਼ ਦੇ ਫੋਨੀਸੀਅਨਾਂ ਵੱਲੋਂ ਲਗਭਗ 340 ਬੀ ਸੀ ਨੂੰ ਰੱਖੀ ਗਈ ਸੀ। ਉਨ੍ਹਾਂ ਨੇ ਇਸ ਦਾ ਗ੍ਰੀਕ ਨਾਂ ਐਂਟੀਪੋਲੀਸ ਰੱਖਿਆ ਅਰਥਾਤ ਉਹ ਸ਼ਹਿਰ ਜੋ ਦੂਜੇ ਦੇ ਸਾਹਮਣੇ ਹੈ, ਕਿਉਂਕਿ ਅਸਲ ਵਿੱਚ, ਇਹ ਨਾਈਸ, ਮਾਰਸਲੇਜ਼ ਦੀ ਇਕ ਹੋਰ ਕਲੋਨੀ ਦੇ ਸਾਹਮਣੇ ਸਥਿਤ ਹੈ। ਅਤੇ ਗਾਲਜ਼ ਦੀ ਜਿੱਤ ਮਗਰੋਂ, ਰੋਮਨਾਂ ਨੇ ਐਂਟੀਬਸ ਨੂੰ ਇਕ ਮਿਊਂਸੀਪਲ ਸ਼ਹਿਰ ਬਣਾਇਆ, ਅਤੇ ਉਸ ਦੇ ਨਿਵਾਸੀਆਂ ਨੇ ਇਕ ਰੋਮਨ ਸ਼ਹਿਰ ਦੇ ਵਿਸ਼ੇਸ਼ ਅਧਿਕਾਰ ਮਾਣੇ।"

"ਅਸੀਂ ਜਾਣਦੇ ਹਾਂ," ਉਸ ਕਿਹਾ, "ਮਾਰਸ਼ਲ ਦੇ ਇਕ ਚੁਟਕਲੇ ਅਨੁਸਾਰ, ਇਹ ਉਸ ਦੇ ਸਮੇਂ ਵਿੱਚ..................।"

ਮੈਂ ਇਹ ਕਹਿੰਦਿਆਂ ਉਸ ਦੀ ਗੱਲ ਕੱਟੀ : " ਮੈਂ ਇਹ ਪ੍ਰਵਾਹ ਨਹੀਂ ਕਰਦਾ ਕਿ ਇਹ ਕੀ ਸੀ । ਮੈਂ ਤੁਹਾਨੂੰ ਦੱਸਦਾ ਹਾਂ, ਮੇਰੀਆਂ ਅੱਖਾਂ ਦੇ ਸਾਹਮਣੇ ਉਡੀਸੀ ਸ਼ਹਿਰ ਹੈ । ਏਸ਼ੀਆ ਦਾ ਸਾਹਲ ਜਾਂ ਯੂਰਪ ਦਾ ਸਾਹਲ-ਇਹ ਇੱਕੋ ਜਿਹੇ ਹਨ; ਅਤੇ ਮੈਡੀਟਰੇਨੀਅਨ ਦੇ ਦੂਜੇ ਪਾਸੇ ਕੋਈ ਅਜਿਹੀ ਚੀਜ਼ ਨਹੀਂ ਜੋ ਮੈਨੂੰ ਬਹਾਦਰੀ ਦੇ ਦਿਨਾਂ ਦੀ ਯਾਦ ਦਿਵਾਉਂਦੀ ਹੋਵੇ ਜਿਵੇਂ ਇਹ ਦਿਵਾਉਂਦੇ ਹਨ ।"

ਨੇੜੇ ਆ ਰਹੇ ਕਦਮਾਂ ਦੀ ਅਵਾਜ਼ ਨਾਲ ਮੈਂ ਆਪਣਾ ਮੂੰਹ ਮੋੜਿਆ, ਇਕ ਲੰਬੀ ਤੇ ਕਾਲੀ ਕਲੋਟੀ ਔਰਤ ਸੜਕ ਤੋਂ ਲੰਘ ਰਹੀ ਸੀ ਜਿਹੜੀ ਕੇਪ ਦੀ ਦਿਸ਼ਾ ਵੱਲ ਸਮੁੰਦਰ ਨੂੰ ਜਾਂਦੀ ਸੀ।

ਮਾਨਸੀਅਰ ਮਾਰਟੀਨੀ ਅੰਤਲੇ ਸ਼ਬਦ ’ਤੇ ਜ਼ੋਰ ਦਿੰਦਿਆਂ ਗੁਣਗੁਣਾਇਆ : ਇਹ ਮੈਡਮ ਪਰਸੀ ਹੈ-ਤੁਹਾਨੂੰ ਪਤਾ ਹੈ ।"

"ਨਹੀਂ, ਮੈਂ ਨਹੀਂ ਜਾਣਦਾ, ਪਰ ਇਸ ਨਾਂ ਨੇ, ਟਰਾਇ ਦੇ ਆਜੜੀ ਦੇ ਨਾਂ ਦੀ ਮੈਨੂੰ ਯਾਦ ਦਿਵਾ ਦਿੱਤੀ ।

ਐਪਰ, ਮੈਂ ਪੁੱਛਿਆ, "ਮੈਡਮ ਪਰਸੀ ਕੌਣ ਹੈ ?"

ਉਹ ਹੈਰਾਨ ਹੋਇਆ ਕਿ ਮੈਂ ਉਸ ਦੀ ਕਹਾਣੀ ਨਹੀਂ ਜਾਣਦਾ । ਮੈਂ ਮੁੜ ਪੁਸ਼ਟੀ ਕੀਤੀ ਕਿ ਮੈਂ ਇਹ ਨਹੀਂ ਜਾਣਦਾ, ਅਤੇ ਮੈਂ ਉਸ ਔਰਤ ਵੱਲ ਵੇਖਿਆ ਜੋ ਸਾਨੂੰ ਬਿਨਾਂ ਵੇਖਿਆਂ, ਖ਼ਿਆਲਾਂ ਵਿੱਚ ਗੜੂੰਦ ਹੌਲੀ ਹੌਲੀ, ਪੁਰਾਤਨ ਬੇਗਮਾਂ ਵਾਂਗ, ਬਿਨਾਂ ਕਿਸੇ ਸੰਦੇਹ ਦੇ, ਚਲੀ ਗਈ ਸੀ । ਉਹ ਲਗਭਗ 35 ਸਾਲ ਦੀ ਸੀ ਫਿਰ ਵੀ ਬਹੁਤ ਸੁੰਦਰ ਸੀ ਭਾਵੇਂ ਸ਼ਾਇਦ ਬੜੀ ਮੋਟੀ ਵੀ ਸੀ ।

ਜਦੋਂ ਉਹ ਸਾਡੀਆਂ ਨਜ਼ਰਾਂ ਤੋਂ ਓਹਲੇ ਹੋ ਗਈ ਸੀ ਤਾਂ ਮਾਨਸੀਅਰ ਮਾਰਟੀਨੀ ਨੇ ਮੈਨੂੰ ਇਹ ਕਹਾਣੀ ਦੱਸੀ ।

"ਮੈਡਮ ਪਰਸੀ, ਮੈਡਮ ਓਸੈਲੀ ਕਮਬੈਲੋਬੀ, ਦਾ ਵਿਆਹ ਮਾਨਸੀਅਰ ਪਰਸੀ, ਜੋ ਇਕ ਸਰਕਾਰੀ ਕਰਮਚਾਰੀ ਸੀ ਨਾਲ 1870 ਦੀ ਲੜਾਈ ਤੋਂ ਇਕ ਸਾਲ ਪਹਿਲਾਂ ਹੋਇਆ ਸੀ । ਉਸ ਸਮੇਂ ਉਹ ਬਹੁਤ ਸੁੰਦਰ ਲੜਕੀ ਸੀ, ਉਸ ਸਮੇਂ ਉਹ ਇੰਨੀ ਪਤਲੀ ਤੇ ਖ਼ੁਸ਼ਦਿਲ ਸੀ ਜਿੰਨੀ ਹੁਣ ਉਹ ਮੋਟੀ ਤੇ ਗ਼ਮਗੀਨ ਹੋ ਗਈ ਸੀ । ਉਸ ਨੇ ਮਾਨਸੀਅਰ ਪਰਸੀ ਨਾਲ ਦੋਚਿੱਤੀ ਵਿੱਚ ਵਿਆਹ ਕੀਤਾ ਸੀ, ਉਹ

ਛੋਟੀਆਂ ਲੱਤਾਂ ਵਾਲਿਆਂ ਉਨ੍ਹਾਂ ਛੋਟੇ ਰੈਡ-ਟੇਪ ਵਿਅਕਤੀਆਂ ਵਿੱਚੋਂ ਇਕ ਸੀ ਜੋ ਇਕ ਪਿੰਟ ਮਾਪ 'ਤੇ ਵੀ ਕਾਫ਼ੀ ਝਗੜਾ ਕਰਦੇ ਸਨ ਜੋ ਉਨ੍ਹਾਂ ਲਈ ਬਹੁਤ ਜ਼ਿਆਦਾ ਸੀ ।

"ਲੜਾਈ ਤੋਂ ਪਿੱਛੋਂ, ਮਾਨਸੀਅਰ ਜੀਨ ਡੀ. ਕਾਰਮੀਲਿਨ ਦੀ ਕਮਾਨ ਹੇਠ ਇਕ ਬਟਾਲੀਅਨ ਨੇ ਐਂਟੀਬਸ 'ਤੇ ਕਬਜ਼ਾ ਕਰ ਲਿਆ। ਮਾਨਸੀਅਰ ਜੀਨ ਡੀ . ਕਾਰਮਲਿਨ ਇਕ ਨੌਜੁਆਨ ਅਫ਼ਸਰ ਸੀ ਜਿਸ ਦੀ ਲੜਾਈ ਦੇ ਦੌਰਾਨ ਸਵਾਗਤ ਕੀਤਾ ਗਿਆ ਅਤੇ ਜਿਸ ਨੂੰ ਪਿੱਛੇ ਜਿਹੇ ਚਾਰ ਫੀਤੀਆਂ ਨਾਲ ਸਨਮਾਨਿਆ ਗਿਆ ਸੀ । ਕਿਉਂ ਜੋ ਉਹ ਇਸ ਸਾਹ ਘੁਟਵੀਂ ਗੜ੍ਹੀ ਵਿੱਚ ਜੋ ਵੱਡੀਆਂ ਵੱਡੀਆਂ ਦੋਹਰੀਆਂ ਦੀਵਾਰਾਂ ਵਿੱਚ ਬੰਦ ਸੀ, ਦੇ ਜੀਵਨ ਤੋਂ ਬਹੁਤ ਅੱਕ ਗਿਆ ਸੀ, ਇਸ ਲਈ ਕਮਾਂਡਰ ਅਕਸਰ ਕੇਪ ਜੋ ਇਕ ਪਾਰਕ ਜਾਂ ਬੀੜ ਵਾਂਗ ਸੀ, ਸੈਰ ਲਈ ਚਲਾ ਜਾਇਆ ਕਰਦਾ ਸੀ, ਜਿੱਥੇ ਸੁਹਾਵਣੀ ਤੇ ਤਾਜ਼ੀ ਹਵਾ ਵਗਦੀ ਸੀ।

"ਉੱਥੇ ਉਹ ਮੈਡਮ ਪਰਸੀ ਨੂੰ ਮਿਲਿਆ ਜੋ ਇੱਥੇ ਗਰਮੀ ਦੇ ਮੌਸਮ ਵਿੱਚ ਸ਼ਾਮ ਨੂੰ ਦਰੱਖ਼ਤਾਂ ਹੇਠਾਂ ਤਾਜ਼ੀ ਹਵਾ ਵਿੱਚ ਸੈਰ ਕਰਨ ਲਈ ਆਇਆ ਕਰਦੀ ਸੀ । ਕੀ ਉਹ ਇਕ ਦੂਜੇ ਨੂੰ ਪਿਆਰ ਕਰਦੇ ਸਨ? ਇਹ ਕੋਈ ਦੱਸ ਸਕਦਾ ਹੈ ? ਉਹ ਇਕ ਦੂਜੇ ਨੂੰ ਮਿਲੇ । ਉਨ੍ਹਾਂ ਇਕ ਦੂਜੇ ਨੂੰ ਵੇਖਿਆ, ਅਤੇ ਜਦੋਂ ਉਹ ਇਕ ਦੂਜੇ ਨੂੰ ਮਿਲ ਨਹੀਂ ਸਨ ਸਕਦੇ ਤਾਂ ਉਨ੍ਹਾਂ ਬਿਨਾਂ ਕਿਸੇ ਸ਼ੱਕ ਦੇ ਇਕ ਦੂਜੇ ਬਾਰੇ ਸੋਚਣਾ ਸ਼ੁਰੂ ਕੀਤਾ।

ਭੂਰੀਆਂ ਅੱਖਾਂ, ਕਾਲੇ ਵਾਲ਼ਾਂ, ਅਤੇ ਪੀਲੇ ਚਿਹਰੇ ਵਾਲੀ ਇਸ ਜੁਆਨ ਔਰਤ ਦੀ ਸ਼ਕਲ, ਉਸ ਅੱਲ੍ਹੜ ਤੇ ਸੁੰਦਰ ਦੱਖਣੀ ਲੜਕੀ ਦੀ ਸ਼ਕਲ, ਜਿਸ ਦੇ ਮੁਸਕਰਾਉਣ ਨਾਲ ਦੁੱਧ-ਚਿੱਟ ਦੰਦ ਨਜ਼ਰ ਆਏ, ਅਫ਼ਸਰ ਦੀਆਂ ਅੱਖਾਂ ਦੇ ਸਾਹਮਣੇ ਘੁੰਮਦੀ ਰਹਿੰਦੀ ਸੀ । ਜੋ ਸੋਚਾਂ ਵਿੱਚ ਡੁੱਬਾਂ ਹੋਇਆ ਸ਼ਿੰਗਾਰ ਮੂੰਹ ਵਿੱਚ ਰੱਖੀ, ਕਸ਼ ਲਾਉਣ ਦੀ ਥਾਂ ਇਸ ਨੂੰ ਲੁਕਾਉਂਦਾ ਹੋਇਆ ਸੈਰ ਕਰਦਾ ਸੀ। ਜਦੋਂ ਉਸ ਇਸਤਰੀ ਦਾ ਪਤੀ ਖਾਣੇ ਲਈ ਘਰ ਮੁੜਿਆ ਹੋਵੇਗਾ, ਜਿਸ ਦੀ ਹਜਾਮਤ ਨਹੀਂ ਕੀਤੀ ਹੋਈ ਸੀ, ਨਿਕੰਮੀ ਜਿਹੀ ਪੁਸ਼ਾਕ ਸੀ, ਛੋਟੀਆਂ ਲੱਤਾਂ ਅਤੇ ਮੋਟਾ ਪੇਟ ਸੀ ਤਾਂ ਉਸ ਦੀਆਂ ਅੱਖਾਂ ਸਾਹਮਣੇ ਕਮਾਂਡਰ ਦੀ ਸ਼ਕਲ ਜ਼ਰੂਰ ਆਈ ਹੋਵੇਗੀ ਜਿਸ ਨੇ ਕਸਵਾਂ ਕੋਟ ਅਤੇ ਲਾਲ ਪਤਲੂਨ ਪਾਈ ਹੋਈ ਸੀ, ਜਿਸ ਦੀ ਕਮਰ 'ਤੇ ਸੁਨਹਿਰੀ ਪੱਟੀ ਅਤੇ ਬੁੱਲ੍ਹਾਂ 'ਤੇ ਕੁੰਡਲਦਾਰ ਮੁੱਛਾਂ।

ਅਕਸਰ ਇਕ ਦੂਜੇ ਨੂੰ ਮਿਲਦਿਆਂ ਉਹ, ਸ਼ਾਇਦ ਇਕ ਦੂਜੇ ਨੂੰ ਵੇਖ ਕੇ ਮੁਸਕਰਾਇਆ ਕਰਦੇ ਸਨ, ਅਤੇ ਇਸ ਕਰਕੇ ਉਨ੍ਹਾਂ ਇਹ ਸੋਚਿਆ ਕਿ ਉਹ ਇਕ ਦੂਜੇ ਨੂੰ ਜਾਣਦੇ ਹਨ । ਨਿਰਸੰਦੇਹ, ਉਸ ਨੇ ਉਸ ਨੂੰ ਪ੍ਰਣਾਮ ਕੀਤਾ। ਉਹ ਹੈਰਾਨ ਸੀ, ਅਤੇ ਉਸ ਨੇ ਆਪਣਾ ਸਿਰ ਜਰਾ ਕੁ ਝੁਕਾਇਆ ਤਾਂ ਜੋ ਉਸ ਨੂੰ ਗੰਵਾਰ ਨਾ ਸਮਝਿਆ ਜਾਵੇ । ਪਰ ਦੋ ਹਫ਼ਤਿਆਂ ਮਗਰੋਂ ਬਿਨਾਂ ਇਕ ਦੂਜੇ ਦੇ ਸਾਹਮਣੇ ਹੋਏ ਉਸ ਨੇ ਦੂਰੋਂ ਹੀ ਉਸ ਨੂੰ ਪ੍ਰਣਾਮ ਕੀਤਾ ।

"ਉਸ ਨੇ ਉਸ ਨਾਲ ਗੱਲਬਾਤ ਕੀਤੀ । ਕਿਸ ਬਾਰੇ ? ਨਿਰਸੰਦੇਹ, ਅਸਤ ਹੋ ਰਹੇ ਸੂਰਜ ਬਾਰੇ। ਅਤੇ ਉਨ੍ਹਾਂ ਦੋਹਾਂ ਨੇ ਇਕ ਦੂਜੇ ਦੀਆਂ ਅੱਖਾਂ ਵਿੱਚ ਦਿਸਹੱਦੇ ਤੋਂ ਵੱਧ ਨੀਝ ਨਾਲ ਵੇਖਦਿਆਂ ਇਸ ਦੀ ਤਾਰੀਫ਼ ਕੀਤੀ । ਅਤੇ ਦੋ ਹਫ਼ਤਿਆਂ ਦੇ ਦੌਰਾਨ ਹਰ ਰੋਜ਼ ਕਾਫੀ ਸਮੇਂ ਲਈ ਗੱਲਬਾਤ ਕਰਨ ਦਾ ਕੋਈ ਨਾ ਕੋਈ ਬਹਾਨਾ ਬਣਾ ਲਿਆ ਜਾਂਦਾ ਸੀ । ਫਿਰ ਉਨ੍ਹਾਂ ਨੇ ਹੋਰਨਾਂ ਬਾਰੇ ਗੱਲਬਾਤ ਕਰਨ ਦਾ ਹੌਂਸਲਾ ਕੀਤਾ, ਪਰ ਉਨ੍ਹਾਂ ਦੀਆਂ ਅੱਖਾਂ ਨੇ ਗੁਪਤ ਅਤੇ ਸੋਹਣੀਆਂ ਵਸਤਾਂ ਬਾਰੇ ਗੱਲਾਂ ਕੀਤੀਆਂ ਜਿਨ੍ਹਾਂ ਦਾ ਚਿੰਤਨ ਕਰਨ ਨਾਲ ਦਿਲ ਵਿੱਚ ਕੰਬਣੀ ਛਿੜ ਜਾਂਦੀ ਹੈ, ਕਿਉਂਕਿ ਉਹ ਸ਼ਬਦਾਂ ਨਾਲੋਂ ਵਧੇਰੇ ਚੰਗੀ ਤਰ੍ਹਾਂ ਦਿਲੀ ਭਾਵਨਾ ਦਾ ਪ੍ਰਗਟਾਅ ਕਰਦੀਆਂ ਹਨ । ਫਿਰ ਉਸ ਨੇ ਜ਼ਰੂਰ ਉਸ ਦਾ ਹੱਥ ਫੜ ਲਿਆ ਅਤੇ ਉਹ ਸ਼ਬਦ ਕਹੇ ਜੋ ਇਕ ਔਰਤ ਇਹ ਸ਼ਬਦ ਸੁਣੇ ਬਿਨਾਂ ਹੀ ਸਮਝ ਲੈਂਦੀ ਹੈ।

"ਇਹ ਉਨ੍ਹਾਂ ਨੇ ਸਵੀਕਾਰ ਕਰ ਲਿਆ ਸੀ ਕਿ ਉਹ ਇਕ ਦੂਜੇ ਨੂੰ ਪਿਆਰ ਕਰਦੇ ਸਨ, ਪਰ ਉਹ ਕਾਮ ਵਾਸ਼ਨਾ ਵਾਲੇ ਸਰੀਰਕ ਸੰਬੰਧ ਕਾਇਮ ਨਹੀਂ ਕਰਨਾ ਚਾਹੁੰਦੇ ਸਨ । ਉਹ ਅਨਿਸ਼ਚਿਤ ਸਮੇਂ ਲਈ ਰੋਮਾਂਟਿਕ ਪਿਆਰ ਦੀ ਅਵਸਥਾ ਵਿੱਚ ਰਹਿਣ ਲਈ ਤਿਆਰ ਸੀ ਪਰ ਉਹ ਨਹੀਂ ਸੀ...ਉਸ ਨੇ ਇਸ ਤੋਂ ਵੱਧ ਸੰਬੰਧ ਕਾਇਮ ਕਰਨ ਦੀ ਇੱਛਾ ਕੀਤੀ । ਉਹ ਹਰ ਰੋਜ਼ ਉਸ ਨੂੰ ਵਧੇਰੇ ਜਸ ਨਾਲ ਮਨਾਉਣ ਦੀ ਕੋਸਿਸ਼ ਕਰਦਾ ਕਿ ਉਹ ਪੂਰੀ ਤਰ੍ਹਾਂ ਉਸ ਦੀ ਹੀ ਹੋ ਕੇ ਰਹੇ। ਉਸ ਨੇ ਇਸ ਦਾ ਬੁਰਾ ਮਨਾਇਆ ਕਿਉਂਕਿ ਉਹ ਇਹ ਨਹੀਂ ਸੀ ਚਾਹੁੰਦੀ ਅਤੇ ਇੰਝ ਜਾਪਦਾ ਸੀ ਕਿ ਉਹ ਕਦੇ ਵੀ ਇਸ ਗੱਲ ਤੋਂ ਰਜ਼ਾਮੰਦ ਨਹੀਂ ਹੋਵੇਗੀ ।

ਐਪਰ, ਇਕ ਸ਼ਾਮ ਉਸ ਨੇ ਉਸ ਨੂੰ ਅਚਾਨਕ ਕਿਹਾ: "ਮੇਰਾ ਪਤੀ ਹੁਣੇ ਹੀ ਮਾਰਸੇਲਜ਼ ਗਿਆ ਹੈ ਅਤੇ ਉੱਥੇ ਉਸ ਨੇ ਚਾਰ ਦਿਨ ਰਹਿਣਾ ਹੈ।"

"ਜੀਨ ਡੀ ਕਾਰਮੀਲਿਨ ਉਸ ਦੇ ਪੈਰਾਂ ਵਿੱਚ ਡਿੱਗ ਪਿਆ ਅਤੇ ਉਸ ਨੂੰ ਬੇਨਤੀ ਕੀਤੀ ਕਿ ਉਹ ਉਸ ਰਾਤ 11 ਵਜੇ ਆਪਣਾ ਦਰਵਾਜ਼ਾ ਖੋਲ੍ਹ ਦੇਵੇ । ਪਰ ਉਸ ਨੇ ਉਸ ਦੀ ਗੱਲ ਨਾ ਸੁਣੀ ਅਤੇ ਘਰ ਵਾਪਸ ਪਰਤ ਆਈ ਜਿਵੇਂ ਨਰਾਜ਼ ਹੋ ਗਈ ਹੋਵੇ । ਉਸ ਸ਼ਾਮ ਕਮਾਂਡਰ ਦਾ ਮਿਜ਼ਾਜ ਖ਼ਰਾਬ ਹੋ ਗਿਆ ਅਤੇ ਅਗਲੇ ਦਿਨ ਉਹ ਦਿਨ ਚੜ੍ਹੇ ਫਸੀਲ ਉੱਤੇ ਡਰਮ ਸਕੂਲ ਤੋਂ ਪਲਾਟਨ ਸਕੂਲ ਤੱਕ ਅਫ਼ਸਰਾਂ ਤੇ ਸਿਪਾਹੀਆਂ ਨੂੰ ਝਿੜਕਦਾ ਗਿਆ ਜਿਵੇਂ ਕੋਈ ਭੀੜ ਵਿੱਚ ਪੱਥਰ ਮਾਰਦਾ ਹੋਵੇ, ਪਰ ਨਾਸ਼ਤੇ ਲਈ ਵਾਪਸ ਮੁੜਦਿਆਂ, ਉਸ ਨੇ ਆਪਣੇ ਰੁਮਾਲ ਹੇਠ ਇਕ ਨੋਟ ਵੇਖਿਆ ਜਿਸ ਵਿੱਚ ਇਹ ਚਾਰ ਸ਼ਬਦ ਲਿਖੇ ਹੋਏ ਸਨ। " ਅੱਜ ਰਾਤ 10 ਵਜੇ। " ਅਤੇ ਉਸ ਨੇ ਬਿਨਾਂ ਕਿਸੇ ਪ੍ਰਤੱਖ ਕਾਰਨ ਦੇ ਲੜਕੇ ਨੂੰ, ਜਿਸ ਨੇ ਸੁਨੇਹਾ ਲਿਆਂਦਾ ਸੀ ਪੰਜ ਫਰੈਂਕ ਦਿੱਤੇ।

"ਦਿਨ ਵੱਡਾ ਲੱਗ ਰਿਹਾ ਸੀ। ਉਸ ਨੇ ਦਿਨ ਦਾ ਕੁਝ ਹਿੱਸਾ ਆਪਣੇ ਆਪ ਨੂੰ ਸਵਾਰਨ ਅਤੇ ਸੁਗੰਧਿਤ ਕਰਨ ਵਿੱਚ ਬਿਤਾ ਦਿੱਤਾ। ਅਤੇ ਜਦੋਂ ਉਹ ਰਾਤ ਦੇ ਖਾਣੇ ਲਈ ਮੇਜ਼ ’ਤੇ ਬੈਠਿਆ ਤਾਂ ਉਸ ਨੂੰ ਇਕ ਹੋਰ ਲਿਫ਼ਾਫ਼ਾ ਫੜਾਇਆ ਗਿਆ ਉਸ ਨੇ ਇਸ ਦੇ ਅੰਦਰ ਇਹ ਤਾਰ ਵੇਖੀ।

"ਮੇਰੀ ਪਿਆਰੀ ਕੰਮ ਖ਼ਤਮ ਹੋ ਗਿਆ । ਮੈਂ ਨੌ ਵਜੇ ਦੀ ਗੱਡੀ ਇਸ ਸ਼ਾਮ ਵਾਪਸ ਆ ਰਿਹਾ ਹਾਂ ।

"ਕਮਾਂਡਰ ਨੇ ਇੰਨੀ ਵੱਡੀ ਗਾਲ੍ਹ ਕੱਢੀ ਕਿ ਲੜਕੇ ਤੋਂ ਸੂਪ ਦੀ ਪਲੇਟ ਫ਼ਰਸ਼ ’ਤੇ ਡਿੱਗ ਪਈ । ਉਹ ਕੀ ਕਰੇ ? ਸੱਚੀ ਮੁਚੀ, ਉਹ ਉਸ ਨੂੰ ਚਾਹੁੰਦਾ ਸੀ, ਅਤੇ ਉਸੇ ਰਾਤ ਨੂੰ ਹੀ ਅਤੇ ਕੁਝ ਵੀ ਹੋਵੇ, ਉਹ ਉਸ ਨੂੰ ਹਾਸਿਲ ਕਰੇਗਾ। ਉਹ ਉਸ ਨੂੰ ਕਿਸੇ ਨਾ ਕਿਸੇ ਢੰਗ ਨਾਲ ਹਾਸਿਲ ਕਰੇਗਾ ਭਾਵੇਂ ਉਸ ਨੂੰ ਉਸ ਦੇ ਪਤੀ ਨੂੰ ਗ੍ਰਿਫ਼ਤਾਰ ਜਾਂ ਕੈਦ ਕਿਉਂ ਨਾ ਕਰਨਾ ਪਵੇ । ਅਚਾਨਕ ਹੀ ਇਹ ਪਾਗਲਾਂ ਵਾਲਾ ਖ਼ਿਆਲ ਉਸ ਦੇ ਦਿਮਾਗ਼ ਵਿੱਚ ਆ ਗਿਆ। ਉਸ ਨੇ ਕਾਗ਼ਜ਼ ਮੰਗਵਾਇਆ ਅਤੇ ਲਿਖਿਆ:

"ਮੈਡਮ : ਉਹ ਇਸ ਸ਼ਾਮ ਵਾਪਸ ਨਹੀਂ ਪਰਤੇਗਾ । ਮੈਂ ਇਸ ਦੀ ਕਸਮ ਮੈਂ ਦੱਸ ਵਜੇ ਤੇਰੇ ਪਾਸ ਆਵਾਂਗਾ । ਕਿਸੇ ਗੱਲ ਤੋਂ ਡਰਨਾ, ਮੈਂ ਇਕ ਅਫ਼ਸਰ ਹੋਣ ਦੇ ਨਾਤੇ ਹਰ ਗੱਲ ਦਾ ਯਕੀਨ ਦਿਵਾਉਂਦਾ ਹਾਂ।

"ਜੀਨ ਡੀ ਕਾਰਮੀਲਿਨ!

ਅਤੇ ਇਹ ਪੱਤਰ ਭੇਜਣ ਉਪਰੰਤ ਉਸ ਨੇ ਚੈਨ ਨਾਲ ਖਾਣਾ ਖਾਧਾ । ਲਗਭਗ ਅੱਠ ਵਜੇ ਉਸ ਨੇ ਕੈਪਟਨ ਗਰੰਬੋਇਸ ਨੂੰ ਬੁਲਾਇਆ ਜੋ ਕਮਾਨ ਵਿੱਚ ਉਸ ਤੋਂ ਦੂਜੇ ਨੰਬਰ ਤੇ ਸੀ, ਅਤੇ ਮਾਨਸੀਅਰ ਪਰਸੀ ਨੂੰ ਲਿਖਿਆ ਖ਼ਤ ਉਂਗਲਾਂ ਵਿੱਚ ਮਸਲਦਿਆਂ ਕਿਹਾ : "ਕੈਪਟਨ, ਮੈਂ ਇਕ ਖ਼ਾਸ ਕਿਸਮ ਦੇ ਵਿਅਕਤੀ ਦੀ ਤਾਰ ਪ੍ਰਾਪਤ ਕੀਤੀ ਹੈ ਜੋ ਮੇਰੇ ਲਈ ਤੈਨੂੰ ਦੱਸਣੀ ਅਸੰਭਵ ਹੈ । ਤੂੰ ਤੁਰੰਤ ਜਾ ਅਤੇ ਸ਼ਹਿਰ ਦੇ ਸਾਰੇ ਗੇਟਾਂ ਦੀ ਨਾਕਾਬੰਦੀ ਇਸ ਤਰ੍ਹਾਂ ਕਰ ਕਿ ਕੋਈ ਵੀ ਵਿਅਕਤੀ ਕੱਲ੍ਹ 6 ਵਜੇ ਸਵੇਰ ਤੱਕ ਨਾ ਅੰਦਰ ਆਵੇ ਅਤੇ ਨਾ ਹੀ ਬਾਹਰ ਜਾਵੇ । ਗ਼ਲੀਆਂ ਵਿੱਚ ਵੀ ਪਹਿਰੇਦਾਰ ਖੜ੍ਹੇ ਕੀਤੇ ਜਾਣ ਜੋ ਲੋਕਾਂ ਨੂੰ 9 ਵਜੇ ਤੱਕ ਆਪਣੇ ਘਰਾਂ ਵਿੱਚ ਵਾੜ ਦੇਣ। ਜੇ ਕੋਈ ਇਸ ਤੋਂ ਪਿੱਛੋਂ ਘਰ ਤੋਂ ਬਾਹਰ ਵੇਖਿਆ ਗਿਆ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ । ਜੋ ਤੇਰੇ ਵਿਅਕਤੀ ਮੈਨੂੰ ਰਾਤ ਦੇ ਦੌਰਾਨ ਮਿਲਣ ਤਾਂ ਉਹ ਇਕ ਦਮ ਪਿੱਛੇ ਹੱਟ ਜਾਣ ਜਿਵੇਂ ਉਨ੍ਹਾਂ ਮੈਨੂੰ ਪਛਾਣਿਆ ਨਾ ਹੋਵੇ । ਕੀ ਤੂੰ ਮੇਰੀ ਗੱਲ ਪੂਰੀ ਤਰ੍ਹਾਂ ਸਮਝ ਲਈ ਹੈ ?

"ਹਾਂ ਕਮਾਂਡਰ ।"

ਇਨ੍ਹਾਂ ਆਦੇਸ਼ਾਂ ਦੀ ਪਾਲਣਾ ਦੀ ਜ਼ਿੰਮੇਵਾਰੀ ਤੇਰੀ ਹੋਵੇਗੀ, ਕੈਪਟਨ ।"

ਬਿਲਕੁਲ" ਕਮਾਂਡਰ ।"

"ਕੀ ਤੂੰ ਸ਼ਰਾਬ ਦਾ ਇਕ ਗਲਾਸ ਪੀਵੇਂਗਾ ?

"ਹਾਂ, ਖ਼ੁਸ਼ੀ ਨਾਲ, ਕਮਾਂਡਰ ।"

"ਉਨ੍ਹਾਂ ਗਲਾਸ ਫੜੇ, ਅਤੇ ਪੀਲੇ ਰੰਗ ਦੀ ਸ਼ਰਾਬ ਉਨ੍ਹਾਂ ਪੀਤੀ ਅਤੇ ਕੈਪਟਨ ਗਰੀਬੋਇਸ ਚਲਾ ਗਿਆ ।

ਠੀਕ ਨੌ ਵਜੇ ਮਾਸੀਇਲੀਜ਼ ਤੋਂ ਗੱਡੀ ਸਟੇਸ਼ਨ 'ਤੇ ਪੁੱਜ ਗਈ ਅਤੇ ਦੋ ਮੁਸਾਫ਼ਰਾਂ ਨੂੰ ਪਲੇਟਫ਼ਾਰਮ 'ਤੇ ਉਤਾਰ ਕੇ ਗੱਡੀ ਨਾਈਸ ਜਾਣ ਲਈ ਤੁਰ ਪਈ ।

"ਮੁਸਾਫਰਾਂ ਵਿੱਚੋਂ ਇਕ ਮੁਸਾਫ਼ਰ ਲੰਬਾ ਅਤੇ ਪਤਲਾ ਸੀ । ਉਹ ਮੈਸੀਅਰ ਸਰਾਈਬ, ਤੇਲਾਂ ਦਾ ਵਪਾਰੀ ਸੀ । ਦੂਜਾ ਮੁਸਾਫ਼ਰ ਛੋਟੇ ਕੱਦ ਦਾ ਤੇ ਮੋਟਾ ਸੀ ਇਹ ਮਾਨਸੀਅਰ ਪਰਸੀ ਸੀ । ਉਹ ਆਪਣੇ ਸ਼ਹਿਰ ਵੱਲ ਜੋ ਇਕ ਕਿਲੋਮੀਟਰ 'ਤੇ ਸੀ ਇਕੱਠਿਆਂ ਤੁਰ ਪਏ, ਉਨ੍ਹਾਂ ਦੇ ਸਫ਼ਰ ਦੇ ਥੈਲੇ ਉਨ੍ਹਾਂ ਦੇ ਹੱਥਾਂ ਵਿੱਚ ਸਨ। ਪਰ ਜਦੋਂ ਉਹ ਗੇਟ 'ਤੇ ਪੁੱਜੇ ਤਾਂ ਸਿਪਾਹੀਆਂ ਨੇ ਬੈਨਟ ਖਿੱਚ ਲਏ ਅਤੇ ਉਨ੍ਹਾਂ ਨੂੰ ਦੂਰ ਚਲੇ ਜਾਣ ਦਾ ਹੁਕਮ ਦਿੱਤਾ ।

“ਭੈਭੀਤ ਹੋਏ, ਘਬਰਾਏ ਹੋਏ ਅਤੇ ਹੱਕੇ ਬੱਕੇ ਹੋ ਕੇ ਉਹ ਇਕ ਪਾਸੇ ਹੋ ਕੇ ਸੋਚਣ ਲੱਗੇ, ਫਿਰ, ਆਪਸ ਵਿੱਚ ਸਲਾਹ ਕਰਨ ਮਗਰੋਂ ਉਹ ਸਾਵਧਾਨੀ ਨਾਲ ਗੱਲਬਾਤ ਕਰਨ ਲਈ ਆਪਣੀ ਜਾਣਕਾਰੀ ਦੇਣ ਲਈ ਮੁੜੇ ਪਰੰਤੂ ਸਿਪਾਹੀਆਂ ਨੂੰ ਅਟੱਲ ਹੁਕਮ ਮਿਲਿਆ ਹੋਇਆ ਸੀ ਅਤੇ ਉਨ੍ਹਾਂ ਨੂੰ ਗੋਲੀ ਮਾਰ ਦੇਣ ਦਾ ਡਰਾਵਾ ਦਿੱਤਾ ਗਿਆ ਸੀ, ਅਤੇ ਦੋਵੇਂ ਡਰੇ ਹੋਏ ਮੁਸਾਫ਼ਰ ਆਪਣੇ ਥੈਲੇ ਪਿੱਛੇ ਛੱਡਦਿਆਂ ਤੇਜ਼ੀ ਨਾਲ ਦੌੜ ਗਏ ਕਿਉਂਕਿ ਇਸ ਨਾਲ ਉਨ੍ਹਾਂ ਦੀ ਦੌੜ ਵਿੱਚ ਅੜਚਣ ਪੈਂਦੀ ਸੀ।

“ਦੋਵੇਂ ਅਭਾਗੇ ਮੁਸਾਫ਼ਰ ਫਸੀਲ ਦਾ ਚੱਕਰ ਲਾਉਂਦੇ ਪਨਾਹ ਲੈਣ ਲਈ ਪੋਰਟ ਡੀ ਕੇਕਨਸ ਵਿਖੇ ਗਏ । ਪਰ ਇਹ ਵੀ ਬੰਦ ਸੀ ਅਤੇ ਡਰਾਉਣੇ ਸਿਪਾਹੀ ਪਹਿਰਾ ਦੇ ਰਹੇ ਸਨ । ਮੈਸੀਅਰ ਸਰਾਈਬ ਅਤੇ ਪਰਸੀ ਸੂਝਵਾਨ ਵਿਅਕਤੀਆਂ ਵਾਂਗ, ਬਿਨਾਂ ਕਿਸੇ ਹੱਠ ਦੇ ਪਨਾਹ ਲੈਣ ਲਈ ਸਟੇਸ਼ਨ ਵਾਪਸ ਮੁੜ ਗਏ ਕਿਉਂਕਿ ਸੂਰਜ ਅਸਤ ਹੋਣ ਪਿੱਛੋਂ ਕਿਲੇਬੰਦੀ ਦੇ ਆਲ਼ੇ ਦੁਆਲੇ ਦੀ ਸੜਕ ਸੁਰੱਖਿਅਤ ਨਹੀਂ ਸੀ।

ਸਟੇਸ਼ਨ ’ਤੇ ਊਂਘ ਰਹੇ ਕਰਮਚਾਰੀ ਉਨ੍ਹਾਂ ਨੂੰ ਵੇਖ ਕੇ ਹੈਰਾਨ ਹੋਏ, ਪਰ ਉਨ੍ਹਾਂ ਨੂੰ ਸਵੇਰ ਤੱਕ ਮੁਸਾਫ਼ਰਖ਼ਾਨੇ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ । ਉਹ ਬਿਨਾਂ ਰੌਸ਼ਨੀ ਦੇ ਹਰੇ ਮਖ਼ਮਲੀ ਬੈਂਚ ’ਤੇ ਬੈਠੇ । ਉਹ ਇੰਨੇ ਡਰੇ ਹੋਏ ਸਨ ਕਿ ਸੌਣ ਬਾਰੇ ਸੋਚ ਨਹੀਂ ਸਕਦੇ ਸਨ । ਰਾਤ ਉਨ੍ਹਾਂ ਨੂੰ ਬੜੀ ਲੰਮੀ ਲੱਗ ਰਹੀ ਸੀ ।

"ਸਾਢੇ ਛੇ ਵਜੇ ਉਨ੍ਹਾਂ ਨੂੰ ਪਤਾ ਲੱਗਾ ਕਿ ਦਰਵਾਜ਼ੇ ਖੁੱਲ੍ਹ ਗਏ ਸਨ ਅਤੇ ਕੋਈ ਵੀ ਵਿਅਕਤੀ ਐਂਟੀ ਬੱਸ ਵਿੱਚ ਦਾਖ਼ਲ ਹੋ ਸਕਦਾ ਸੀ । ਉਹ ਸ਼ਹਿਰ ਜਾਣ ਲਈ ਤੁਰ ਪਏ ਪਰੰਤੂ ਉਨ੍ਹਾਂ ਨੂੰ ਰਸਤੇ ਵਿੱਚ ਆਪਣੇ ਅਟੈਚੀ ਬੈਗ ਨਾ ਮਿਲੇ । ਜਦੋਂ ਉਹ ਦਰਵਾਜ਼ਿਆਂ ਵਿੱਚੋਂ ਗੁਜ਼ਰੇ ਤਾਂ ਬੇਚੈਨ ਸਨ ਪਰ ਕਮਾਂਡਰ ਡੀ ਕਾਰਮੀਲਿਨ, ਜਿਸ ਦਾ ਸਿਰ ਉੱਚਾ ਤੇ ਨਿਗ੍ਹਾ ਖਚਰੀ ਸੀ, ਉਨ੍ਹਾਂ ਨੂੰ ਆਪ ਮਿਲਣ ਅਤੇ ਗੱਲਬਾਤ ਕਰਨ ਆਇਆ ਉਸ ਨੇ ਆਦਰ ਨਾਲ ਉਨ੍ਹਾਂ ਨੂੰ ਪ੍ਰਣਾਮ ਕੀਤਾ ਅਤੇ ਕਸ਼ਟ ਭਰੀ ਰਾਤ ਬਿਤਾਉਣ ਲਈ ਉਨ੍ਹਾਂ ਤੋਂ ਮਾਫ਼ੀ ਮੰਗੀ, ਪਰੰਤੂ ਉਸ ਨੇ ਕਿਹਾ ਕਿ ਉਹ ਆਦੇਸ਼ ਦੀ ਪੂਰਤੀ ਲਈ ਮਜਬੂਰ ਸੀ ।

" ਐਂਟੀਬਸ ਦੇ ਲੋਕ ਭੈਭੀਤ ਹੋ ਗਏ ਸਨ, ਕੁਝ ਵਿਅਕਤੀਆਂ ਨੇ ਇਟਲੀ ਦੇ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਅਚਾਨਕ ਹਮਲੇ ਦੀ ਗੱਲ ਕੀਤੀ, ਦੂਜਿਆਂ ਨੇ

ਸ਼ਾਹੀ ਸ਼ਹਿਜ਼ਾਦੇ ਦੇ ਉਤਾਰੇ ਦੀ ਗੱਲਬਾਤ ਕੀਤੀ ਅਤੇ ਜਦੋਂ ਕਿ ਬਾਕੀਆਂ ਨੇ ਆਰਲੀਨਇਸਟ ਸਾਲਸ਼ ਬਾਰੇ ਸੋਚਿਆ। ਉਦੋਂ ਤੱਕ ਵੀ ਸੱਚਾਈ ਬਾਰੇ ਕਿਆਸ ਨਹੀਂ ਸੀ ਕੀਤਾ ਗਿਆ ਜਦੋਂ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਕਮਾਂਡੈਂਟ ਦੀ ਬਟਾਲੀਅਨ ਦੂਰ ਭੇਜ ਦਿੱਤੀ ਗਈ ਸੀ, ਅਤੇ ਮਾਨਸੀਅਰ ਡੀ ਕਾਰਮੀਲਿਨ ਨੂੰ ਸਖ਼ਤ ਸਜ਼ਾ ਦਿੱਤੀ ਗਈ ਸੀ ।

ਮਾਨਸੀਅਰ ਮਾਰਟਿਨੀ ਨੇ ਬੋਲਣਾ ਬੰਦ ਕਰ ਦਿੱਤਾ ਸੀ ਅਤੇ ਮੈਡਮ ਪਰਸੀ ਸੈਰ ਕਰਕੇ ਵਾਪਸ ਮੁੜ ਆਈ । ਉਹ ਗੰਭੀਰਤਾ ਨਾਲ ਮੇਰੇ ਕੋਲੋਂ ਲੰਘ ਗਈ, ਉਸ ਦੀਆਂ ਅੱਖਾਂ ਐਲਪਸ ’ਤੇ ਸਨ, ਜਿਸ ਦੀਆਂ ਚੋਟੀਆਂ ਛੁਪ ਰਹੇ ਸੂਰਜ ਦੀਆਂ ਕਿਰਨਾਂ ਨਾਲ ਲਾਲ ਸਨ।

ਮੇਰਾ ਜੀ ਕੀਤਾ ਉਸ ਵਿਚਾਰੀ ਅਤੇ ਉਦਾਸ ਔਰਤ ਨੂੰ ਸਲਾਮ ਕਰਾਂ ਜੋ ਹਮੇਸ਼ਾ ਉਸ ਪਿਆਰ ਦੀ ਰਾਤ, ਜਿਸ ਨੂੰ ਬੀਤਿਆਂ ਕਾਫ਼ੀ ਸਮਾਂ ਹੋ ਗਿਆ ਸੀ, ਬਾਰੇ ਸੋਚਦੀ ਹੋਵੇਗੀ; ਅਤੇ ਬਹਾਦਰ ਵਿਅਕਤੀ ਜਿਸ ਨੇ ਉਸ ਦਾ ਚੁੰਮਣ ਲੈਣ ਲਈ ਇੰਨਾ ਹੌਸਲਾ ਕੀਤਾ ਕਿ ਉਸ ਨੇ ਸਾਰੇ ਸ਼ਹਿਰ ਨੂੰ ਘੇਰਾ ਘੱਤ ਲਿਆ ਅਤੇ ਆਪਣਾ ਭਵਿੱਖ ਖ਼ਤਰੇ ਵਿੱਚ ਪਾ ਦਿੱਤਾ । ਅੱਜ ਉਹ ਉਸ ਨੂੰ ਭੁੱਲ ਚੁੱਕਾ ਸੀ, ਪਰ ਸ਼ਰਾਬ ਪੀਣ ਮਗਰੋਂ ਉਹ ਇਸ ਦਲੇਰਾਨਾ ਨਾਟਕ ਜੋ ਇੰਨਾ ਹਸਾਉਣਾ ਤੇ ਪਿਆਰਾ ਸੀ, ਦਾ ਵਰਣਨ ਕਰਿਆ ਕਰਦਾ ਸੀ।

ਕੀ ਉਸ ਨੇ ਉਸ ਨੂੰ ਫਿਰ ਕਦੇ ਵੇਖਿਆ ਸੀ ? ਕੀ ਉਹ ਉਸ ਨੂੰ ਹੁਣ ਵੀ ਪਿਆਰ ਕਰਦੀ ਸੀ? ਅਤੇ ਮੈਂ ਸੋਚਿਆ, ਸੱਚਮੁਚ, ਇਹ ਅਜੋਕੇ ਪਿਆਰ ਦੀ, ਖ਼ਾਸੀਅਤ ਹੈ, ਜੋ ਧੋਖੇ ਨਾਲ ਭਰਿਆ ਹੋਣ ’ਤੇ ਵੀ ਵੀਰਤਾਪੂਰਨ ਹੈ । ਹੋਮਰ ਜੋ ਇਸ ਹੈਲਨ ਬਾਰੇ ਅਤੇ ਉਸ ਦੇ ਮੈਨੇਲਸ ਦੀ ਹਿੰਮਤ ਦੇ ਗੀਤ ਗਾਵੇਗਾ, ਉਸ ਦੀ ਆਤਮਾ ਮੈਰੀਮੀ ਦੀ ਹੋਵੇਗੀ। ਅਤੇ ਫਿਰ ਵੀ ਕੈਪਟਨ ਇਸ ਛੱਡੀ ਹੋਈ ਔਰਤ ਦਾ ਆਸ਼ਕ ਸੀ, ਐਕੀਲਸ ਵਾਂਗ ਸੂਰਬੀਰ, ਬਹਾਦਰ, ਸੁੰਦਰ ਅਤੇ ਰਿਸ਼ਟ-ਪੁਸ਼ਟ ਸੀ ਅਤੇ ਯੂਨੀਸਿਜ਼ ਤੋਂ ਵਧੇਰੇ ਚਲਾਕ ਸੀ ।

# ਪਿਆਰ ਦਾ ਇਕ ਪਹਿਲੂ

ਕੋਠੜੀ ਦੀਆਂ ਕੰਧਾਂ ਰੰਗੀਨ ਸਫ਼ੈਦੀ ਕੀਤੀਆਂ ਹੋਈਆਂ ਸਨ । ਇਕ ਤੰਗ ਸਰੀਆਂ ਵਾਲੀ ਖਿੜਕੀ ਜੋ ਕਿ ਬਹੁਤ ਉੱਚੀ ਸੀ ਉਸ ਤੱਕ ਅਸਾਨੀ ਨਾਲ ਨਹੀਂ ਪਹੁੰਚਿਆ ਜਾ ਸਕਦਾ ਸੀ ਉਸ ਰਾਹੀਂ ਛੋਟੇ ਜਿਹੇ ਕਮਰੇ ਵਿੱਚ ਰੌਸ਼ਨੀ ਆਉਂਦੀ ਸੀ, ਕਾਨਿਆਂ ਦੀ ਕੁਰਸੀ ’ਤੇ ਬੈਠੇ ਇਕ ਕਮਲੇ ਜਿਹੇ ਆਦਮੀ ਨੇ ਸਾਡੇ ਵੱਲ ਇਕ ਟੱਕ ਅਸਪੱਸ਼ਟ ਅਤੇ ਪੜਤਾਲੀਆਂ ਨਜ਼ਰ ਨਾਲ ਵੇਖਿਆ। ਉਹ ਪਤਲਾ ਸੀ ਤੋਂ ਉਸ ਦੀਆਂ ਗੱਲ੍ਹਾਂ ’ਤੇ ਝੁਰੜੀਆਂ ਪਈਆਂ ਹੋਈਆਂ ਸਨ। ਉਸ ਦੇ ਵਾਲ਼ ਸਫ਼ੈਦ ਸਨ ਜੋ ਕਿ ਹਰ ਕੋਈ ਸੋਚੇਗਾ ਕਿ ਕੁਝ ਮਹੀਨਿਆਂ ਵਿੱਚ ਸਫ਼ੈਦ ਹੋ ਗਏ ਸਨ । ਉਸ ਦੇ ਕੱਪੜੇ ਵੀ ਉਸ ਦੇ ਸੁੱਕੇ ਹੋਏ ਅੰਗਾਂ ਅਤੇ ਸੁਕੜੀ ਹੋਈ ਛਾਤੀ, ਖ਼ਾਲੀ ਸਰੀਰ ਲਈ ਕਾਫ਼ੀ ਖੁੱਲ੍ਹੇ ਲੱਗਦੇ ਸਨ । ਹਰ ਕੋਈ ਮਹਿਸੂਸ ਕਰਦਾ ਸੀ ਕਿ ਉਹ ਆਦਮੀ ਆਪਣੇ ਖ਼ਿਆਲਾਂ ਵਿਚਾਰਾਂ ਨਾਲ ਹੀ ਖ਼ਤਮ ਹੋ ਗਿਆ ਹੈ, ਜਿਵੇਂ ਫਲ਼ ਨੂੰ ਕੀੜਾ ਖਾ ਜਾਂਦਾ ਹੈ । ਉਸਦਾ ਪਾਗ਼ਲਪਣ, ਉਸ ਦਾ ਵਿਚਾਰ, ਉਸ ਦੀ ਜ਼ਿੱਦ, ਉਸ ਦੇ ਦਿਮਾਗ਼ ਵਿੱਚ ਸੀ, ਜੋ ਉਸ ਨੂੰ ਅੰਦਰੋਂ ਅੰਦਰ ਖਾਈ ਜਾ ਰਹੀ ਸੀ । ਇਹ ਅਦਿੱਖ ਨਾ ਪਕੜੇ ਜਾਣ ਵਾਲੇ, ਨਾ ਘੇਰੇ ਜਾਣ ਵਾਲੇ ਅਭੌਤਿਕ ਵਿਚਾਰ ਖ਼ੂਨ ਪੀ ਰਹੇ ਸਨ ਅਤੇ ਉਸ ਦੀ ਜ਼ਿੰਦਗੀ ਖ਼ਤਮ ਕਰ ਰਹੇ ਸਨ ।

ਇਹ ਭੇਦ ਭਰੀ ਗੱਲ ਹੈ, ਕਿ ਇਸ ਆਦਮੀ ਨੂੰ ਸੋਚ ਵਿੱਚ ਹੀ ਮਰਨਾ ਚਾਹੀਦਾ ਹੈ । ਉਹ ਇਕ ਤਰ੍ਹਾਂ ਡਰ ਅਤੇ ਤਰਸ ਦਾ ਪਾਤਰ ਹੈ, ਇਹ ਪਾਗ਼ਲ ਆਦਮੀ। ਕੀ ਅਜੀਬ ਡਰਾਉਣਾ ਸੁਪਨਾ ਉਸ ਦੇ ਦਿਮਾਗ਼ ਵਿੱਚ ਹੋ ਸਕਦਾ ਸੀ ਜਿਸ ਕਾਰਨ ਉਸ ਦੇ ਮੱਥੇ ’ਤੇ ਇੰਨੀਆਂ ਡੂੰਘੀਆਂ ਅਤੇ ਹਮੇਸ਼ਾ ਬਦਲਦੀਆਂ ਤਿਊੜੀਆਂ ਪਈਆਂ ਹੋਈਆਂ ਸਨ ।

ਡਾ. ਨੇ ਮੈਨੂੰ ਦੱਸਿਆ : “ਇਸ ਨੂੰ ਗ਼ੁੱਸੇ ਦਾ ਬੁਰੀ ਤਰ੍ਹਾਂ ਦੌਰਾ ਪੈਂਦਾ ਹੈ ਮੈਂ ਇਸ ਵਰਗਾ ਪਾਗ਼ਲ ਹੋਰ ਕੋਈ ਨਹੀਂ ਵੇਖਿਆ। ਉਸਦਾ ਪਾਗ਼ਲਪਣ ਆਸ਼ਕਾਨਾ ਹੈ ਉਹ ਇਕ ਤਰ੍ਹਾਂ ਦਾ ਪ੍ਰੇਮ ਦਾ ਗੁਣ ਹੈ । ਉਸ ਨੇ ਇਕ ਪੱਤਰ ਲਿਖਿਆ ਸੀ ਜਿਸ ਤੋਂ

ਉਸ ਦੇ ਦਿਮਾਗ਼ ਦੀ ਬਿਮਾਰੀ ਬਾਰੇ ਕਾਫੀ ਪਤਾ ਲੱਗਦਾ ਹੈ । ਕਹਿਣ ਨੂੰ ਉਸ ਦਾ ਪਾਗ਼ਲਪਣ ਦਿਖਦਾ ਹੈ, ਜੇ ਤੁਹਾਨੂੰ ਸ਼ੌਕ ਹੈ ਤਾਂ ਤੁਸੀਂ ਇਹ ਕਾਗ਼ਜ਼ ਪੜ੍ਹ ਸਕਦੇ ਹੋ।

ਮੈਂ ਦਫ਼ਤਰ ਵਿੱਚ ਡਾਕਟਰ ਦੇ ਪਿੱਛੇ ਗਿਆ ਅਤੇ ਉਸ ਨੇ ਮੈਨੂੰ ਉਸ ਦੁੱਖੀ ਆਦਮੀ ਦਾ ਪੱਤਰ ਦਿੱਤਾ।

"ਇਹ ਪੜ੍ਹੋ "ਉਸ ਨੇ ਕਿਹਾ, "ਅਤੇ ਇਸ ਬਾਰੇ ਮੈਨੂੰ ਆਪਣਾ ਵਿਚਾਰ ਦੱਸੋ । "ਇਹ ਉਹ ਹੈ ਜਿਸ ਨਾਲ ਛੋਟੀ ਕਿਤਾਬ ਭਰੀ ਹੋਈ ਸੀ ।

"ਮੈਂ 32 ਸਾਲ ਦੀ ਉਮਰ ਤੱਕ ਬਿਨਾਂ ਪਿਆਰ ਸ਼ਾਂਤੀ ਨਾਲ ਰਿਹਾ । ਜ਼ਿੰਦਗੀ ਮੇਰੇ ਲਈ ਬੜੀ ਖ਼ੁਸ਼, ਆਸਾਨ ਅਤੇ ਸਾਦੀ ਸੀ । ਮੈਂ ਅਮੀਰ ਸੀ । ਮੈਨੂੰ ਕੁਝ ਚੀਜ਼ਾਂ ਚੰਗੀਆਂ ਲੱਗਦੀਆਂ ਸਨ ਪਰ ਮੈਂ ਕਦੇ ਵੀ ਕਿਸੇ ਚੀਜ਼ ਲਈ ਉਤਾਵਲਾ ਨਹੀਂ ਹੋਇਆ ਸੀ । ਇਹ ਜਿਊਣ ਲਈ ਚੰਗਾ ਸੀ । ਮੈਂ ਹਰ ਰੋਜ਼ ਖ਼ੁਸ਼ ਉੱਠਦਾ ਸੀ, ਉਹ ਕੁਝ ਕਰਦਾ ਸੀ, ਜਿਸ ਨਾਲ ਮੈਨੂੰ ਖ਼ੁਸ਼ੀ ਮਿਲਦੀ ਸੀ ਅਤੇ ਤਸੱਲੀ ਨਾਲ ਰਾਤ ਨੂੰ ਅਗਲੀ ਸਵੇਰ ਵਾਸਤੇ ਖ਼ੁਸ਼ੀ ਦੀ ਆਸ ਕਰਕੇ ਭਵਿੱਖ ਦਾ ਧਿਆਨ ਕੀਤੇ ਬਿਨਾਂ ਸੌਂ ਜਾਂਦਾ ਸੀ ।

"ਮੇਰੀਆਂ ਕਈ ਔਰਤਾਂ ਸਨ ਪਰ ਮੇਰਾ ਦਿਲ ਉਨ੍ਹਾਂ ਦੇ ਪਿਆਰ ਨੂੰ ਪਾ ਕੇ ਕਦੇ ਵੀ ਬੇਕਾਬੂ ਨਹੀਂ ਹੋਇਆ, ਜਾਂ ਮੇਰੀ ਆਤਮਾ ਕਦੇ ਵੀ ਝਰੀਟੀ ਨਹੀਂ ਗਈ ਸੀ । ਇਸ ਕਰਕੇ ਇਹ ਜਿਊਣ ਲਈ ਠੀਕ ਸੀ। ਪਿਆਰ ਕਰਨਾ ਚੰਗਾ ਹੈ ਪਰ ਇਹ ਖ਼ਤਰਨਾਕ ਹੈ। ਤਾਂ ਵੀ ਜੋ ਪਿਆਰ ਕਰਦੇ ਹਨ, ਹਰ ਇਕ ਵਾਂਗ ਖ਼ੁਸ਼ੀ ਪ੍ਰਾਪਤ ਕਰ ਲੈਂਦੇ ਹਨ, ਮੇਰੇ ਨਾਲੋਂ ਘੱਟ ਇਸ ਲਈ ਕਿ ਮੈਨੂੰ ਪਿਆਰ ਅਵਿਸ਼ਵਾਸਯੋਗ ਢੰਗ ਨਾਲ ਪ੍ਰਾਪਤ ਹੋਇਆ ਹੈ।

"ਅਮੀਰ ਹੋਣ ਕਰਕੇ, ਮੈਂ ਪੁਰਾਣੇ ਤਰੀਕੇ ਦਾ ਫ਼ਰਨੀਚਰ ਅਤੇ ਪੁਰਾਣੀਆਂ ਯਾਦਗਾਰਾਂ ਇਕੱਠੀਆਂ ਕੀਤੀਆਂ ਹੋਈਆਂ ਸਨ । ਮੈਂ ਅਕਸਰ ਉਨ੍ਹਾਂ ਅਨਜਾਣੇ ਹੱਥਾਂ ਬਾਰੇ ਜਿਨ੍ਹਾਂ ਨੇ ਉਸ ਨੂੰ ਛੂਹਿਆ, ਉਨ੍ਹਾਂ ਅੱਖਾਂ ਬਾਰੇ ਜਿਨ੍ਹਾਂ ਨੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ, ਅਤੇ ਉਨ੍ਹਾਂ ਦਿਲਾਂ ਬਾਰੇ ਜਿਨ੍ਹਾਂ ਨੇ ਉਨ੍ਹਾਂ ਚੀਜ਼ਾਂ ਨੂੰ ਪਿਆਰ ਕੀਤਾ ਸੀ ਸੋਚਦਾ । ਇਸ ਲਈ ਕਿ ਕੋਈ ਅਜਿਹੀਆਂ ਚੀਜ਼ਾਂ ਨੂੰ ਜ਼ਰੂਰ ਪਿਆਰ ਕਰਦਾ ਹੈ । ਮੈਂ ਪਿਛਲੀ ਸਦੀ ਦੀ ਇਕ ਘੜੀ ਵੱਲ ਘੰਟਿਆਂ ਬੱਧੀ ਵੇਖਦਾ ਰਹਿੰਦਾ ਸੀ । ਇਹ ਇਕ ਵਧੀਆ ਖ਼ੂਬਸੂਰਤ ਘੜੀ ਸੀ ਜਿਸ ਉੱਤੇ ਸੁਨਹਿਰੀ ਪਾਲਿਸ਼ ਅਤੇ ਗੁਲਕਾਰੀ ਹੋਈ ਸੀ ਅਤੇ ਇਹ ਹੁਣ ਤੱਕ ਉਸੇ ਤਰ੍ਹਾਂ ਚਲਦੀ ਸੀ ਜਿਸ ਤਰ੍ਹਾਂ ਉਸ ਦਿਨ ਜਦੋਂ ਕਿਸੇ ਔਰਤ ਨੇ ਇਸ ਨੂੰ ਖਰੀਦੀਆ ਸੀ ਅਤੇ ਇੰਨੀ ਕੀਮਤੀ ਚੀਜ਼ ਪਾ ਕੇ ਖ਼ੁਸ਼ ਹੋਈ

ਸੀ। ਭਾਵੇਂ ਇਕ ਸਦੀ ਬੀਤ ਗਈ ਸੀ ਤਾਂ ਵੀ ਇਸ ਦੇ ਮਸ਼ੀਨੀ ਜੀਵਨ ਦੀ ਹਰਕਤ ਕਦੇ ਰੁਕੀ ਨਹੀਂ ਸੀ ਪਰ ਆਪਣੀ ਟਿੱਕ ਟਿੱਕ ਲਗਾਤਾਰ ਜਾਰੀ ਰੱਖੀ ਹੋਈ ਸੀ । ਕਿਸ ਨੇ ਫੇਰ ਇਸ ਨੂੰ ਆਪਣੀ ਛਾਤੀ ਨਾਲ ਲਾਇਆ ਆਪਣੀ ਪੁਸ਼ਾਕ ਦਾ ਨਿੱਘ ਦਿੱਤਾ ਘੜੀ ਵੀ ਔਰਤ ਦੇ ਦਿਲ ਦੇ ਨਾਲ ਨਾਲ ਚੱਲਦੀ ਸੀ ? ਕਿੰਨਾਂ ਹੱਥਾਂ ਦੀ ਨਿੱਘ ਨੇ ਇਸ ਨੂੰ ਪਹਿਲਾਂ ਪਕੜਿਆ, ਫੇਰ ਸਰੀਰ ਦੇ ਪਸੀਨੇ ਨਾਲ ਉਸ 'ਤੇ ਧੱਬੇ ਲਾ ਦਿੱਤੇ ਅਤੇ ਨਿਕਲ ਸਾਫ਼ ਕਰ ਦਿੱਤਾ। ਕਿਹੜੀਆਂ ਅੱਖਾਂ ਨੇ ਘੜੀਆਂ ਦੀ ਉਡੀਕ ਕਰਦਿਆਂ ਪਿਆਰੀ ਘੜੀ ਦੀ ਉਡੀਕ ਕਰਦਿਆਂ ਇਸ ਫੁੱਲਾਂ ਵਾਲੇ ਡਾਇਲ ਵੱਲ ਵੇਖਿਆ।

"ਮੈਂ ਉਸ ਨੂੰ ਦੇਖਣ ਦੀ ਕਿਵੇਂ ਇੱਛਾ ਕੀਤੀ ਸੀ, ਉਸ ਔਰਤ ਨੂੰ ਜਿਸ ਨੇ ਇਸ ਤਰ੍ਹਾਂ ਦੀ ਕਮਾਲ ਦੀ ਵਸਤੂ ਨੂੰ ਚੁਣਿਆ ਸੀ । ਪਰ ਉਹ ਮਰ ਚੁੱਕੀ ਹੈ । ਪਹਿਲੇ ਸਮੇਂ ਦੀਆਂ ਔਰਤਾਂ ਦੀ ਇੱਛਾ ਮੇਰੇ ਮਨ 'ਤੇ ਹਾਵੀ ਹੈ। ਮੈਂ ਉਨ੍ਹਾਂ ਸਭ ਨੂੰ ਪਿਆਰ ਕਰਦਾ ਹਾਂ ਜਿਨ੍ਹਾਂ ਨੂੰ ਪਹਿਲਾ ਪਿਆਰ ਕੀਤਾ ਗਿਆ ਹੈ । ਅਤੀਤ ਦੀ ਕੋਮਲਤਾ ਦੀ ਯਾਦ ਸੁਣ ਕੇ ਮੇਰੇ ਦਿਲ ਵਿੱਚ ਬਹੁਤ ਅਫ਼ਸੋਸ ਹੁੰਦਾ ਹੈ । ਉਹ ਸੁੰਦਰਤਾ, ਮੁਸਕਰਾਹਟ, ਜੁਆਨੀ ਦੇ ਚੋੜ ਆਸ਼ਾ ਇਹ ਗੱਲਾਂ ਅਮਰ ਹੋਣੀਆਂ ਚਾਹੀਦੀਆਂ ਹਨ ।

"ਉਨ੍ਹਾਂ ਪੁਰਾਣੇ ਸਮੇਂ ਦੀਆਂ ਔਰਤਾਂ ਲਈ ਜੋ ਕਿ ਸੁੰਦਰ, ਨਾਜ਼ੁਕ ਇੰਨੀਆਂ ਪਿਆਰੀਆਂ, ਜਿਨ੍ਹਾਂ ਦੇ ਬੁੱਲ੍ਹ ਕਦੇ ਚੁੰਮਣ ਲਈ ਖੁੱਲ੍ਹੇ ਸਨ ਹੁਣ ਮਰ ਚੁੱਕੀਆਂ ਹਨ । ਮੈਂ ਕਿੰਨੀਆਂ ਰਾਤਾਂ ਰੋਇਆ ਸੀ। ਚੁੰਮਣ ਅਮਰ ਹੁੰਦਾ ਹੈ । ਇਹ ਬੁੱਲ੍ਹਾਂ ਤੋਂ ਬੁੱਲ੍ਹਾਂ ਤੱਕ, ਸਦੀ ਤੋਂ ਸਦੀ ਤੱਕ, ਯੁੱਗਾਂ ਤੋਂ ਯੁੱਗਾਂ ਤੱਕ ਅੱਗੇ ਚਲਦਾ ਜਾਂਦਾ ਹੈ । ਆਦਮੀ ਲਿੰਦਾਂ ਹੈ ਦਿੰਦਾ ਹੈ ਅਤੇ ਮਰ ਜਾਂਦਾ ਹੈ ।

"ਅਤੀਤ ਮੈਨੂੰ ਪ੍ਰਭਾਵਿਤ ਕਰਦਾ ਹੈ, ਵਰਤਮਾਨ ਮੈਨੂੰ ਡਰਾਉਂਦਾ ਹੈ, ਕਿਉਂਕਿ ਭਵਿੱਖ ਮੌਤ ਹੈ। ਮੈਂ ਉਸ ਲਈ ਪਛਤਾਉਂਦਾ ਹਾਂ ਜੋ ਬੀਤ ਗਿਆ, ਅਤੇ ਜੋ ਰਹਿ ਗਏ ਉਨ੍ਹਾਂ ਲਈ ਰੋਂਦਾ ਹਾਂ, ਮੈਂ ਘੰਟੇ ਨੂੰ ਰੋਕ ਦੇਣਾ ਚਾਹੁੰਦਾ ਹਾਂ ਸਮੇਂ ਨੂੰ ਬੰਨ੍ਹ ਲੈਣ ਵਾਸਤੇ ਪਰ ਇਹ ਚਲਦਾ ਜਾਂਦਾ ਹੈ, ਇਹ ਚਲਦਾ ਜਾਂਦਾ ਹੈ ਇਹ ਬੀਤਦਾ ਜਾਂਦਾ ਹੈ, ਇਹ ਛਿਣ ਛਿਣ ਮੈਨੂੰ ਖਾ ਰਿਹਾ ਹੈ, ਥੋੜ੍ਹਾ ਥੋੜ੍ਹਾ ਤਾਂ ਜੋ ਕੱਲ੍ਹ, ਮੈਨੂੰ ਖ਼ਤਮ ਕਰ ਦੇਵੇ ਅਤੇ ਮੈਂ ਦੋਬਾਰਾ ਕਦੇ ਵੀ ਜ਼ਿੰਦਾ ਨਹੀਂ ਰਹਾਂਗਾ ।

"ਭੂਤਕਾਲ ਦੀਆਂ ਔਰਤਾਂ ਨੂੰ ਅਲਵਿਦਾ ਮੈਂ ਤੁਹਾਨੂੰ ਪਿਆਰ ਕਰਦਾ ਹਾਂ।

"ਅਤੇ ਅਜੇ ਵੀ ਮੈਂ ਗਿਲਾ ਨਹੀਂ ਕਰਦਾ। ਮੈਨੂੰ ਉਹ ਮਿਲ ਗਈ ਜਿਸਦਾ ਮੈਂ ਇੰਤਜ਼ਾਰ ਕਰਦਾ ਸੀ, ਅਤੇ ਮੈਨੂੰ ਉਸ ਤੋਂ ਅਨੋਖੀ ਖ਼ੁਸ਼ੀ ਮਿਲੀ।

"ਮੈਂ ਪੈਰਿਸ ਵਿੱਚ ਇਕ ਖਿੜੀ ਹੋਈ ਸਵੇਰ, ਖ਼ੁਸ਼ੀ ਨਾਲ ਦੁਕਾਨਾਂ ਵਿੱਚ ਇੱਧਰ ਉੱਧਰ ਦੇਖਦਾ ਘੁੰਮ ਰਿਹਾ ਸੀ ਜੋ ਘੁੰਮਣ ਵਾਲਿਆਂ ਦਾ ਆਮ ਸ਼ੌਂਕ ਹੁੰਦਾ ਹੈ । ਅਚਾਨਕ ਮੈਂ ਇਕ ਪੁਰਾਤਨ ਯਾਦਗਾਰ ਦੀ ਦੁਕਾਨ ਵੇਖੀ, ਸਤਾਰ੍ਹਵੀਂ ਸਦੀ ਦਾ ਇਟਲੀ ਦਾ ਫ਼ਰਨੀਚਰ ਬਹੁਤ ਸੁੰਦਰ ਸੀ ਪਰ ਬਹੁਤ ਘੱਟ ਸੀ । ਮੈਂ ਇਸ ਨੂੰ ਵੀਨਸ ਦੇ ਕਾਰੀਗਰ ਟਿਲਵਿਟੇਲੀ ਦੀ ਕਿਰਤ ਸਮਝਿਆ ਜੋ ਇਸ ਯੁੱਗ ਨਾਲ ਸੰਬੰਧ ਰੱਖਦਾ ਸੀ ਫੇਰ ਮੈਂ ਅੱਗੇ ਲੰਘ ਗਿਆ ।

"ਇਸ ਫ਼ਰਨੀਚਰ ਦੀ ਯਾਦ ਨੇ ਮੈਨੂੰ ਪਤਾ ਨਹੀਂ ਕਿਉਂ ਉਨ੍ਹੀਂ ਪੈਰੀਂ ਵਾਪਸ ਆਉਣ ਵਾਸਤੇ ਮਜ਼ਬੂਰ ਕੀਤਾ ? ਮੈਂ ਉਸ ਦੁਕਾਨ ਦੇ ਅੱਗੇ ਉਸ ਨੂੰ ਦੇਖਣ ਵਾਸਤੇ ਰੁਕ ਗਿਆ ਅਤੇ ਮਹਿਸੂਸ ਕੀਤਾ ਕਿ ਮੈਂ ਲੁਭਾ ਗਿਆ ਹਾਂ।

"ਇਹ ਲੁਭਾਇਮਾਨਤਾ ਕੀ ਹੈ । ਕੋਈ ਕਿਸੇ ਚੀਜ਼ ਨੂੰ ਵੇਖਦਾ ਹੈ ਉਹ ਹੌਲੇ ਹੌਲੇ ਭਰਮ ਵਿੱਚ ਪੈ ਜਾਂਦਾ ਹੈ, ਤੁਹਾਨੂੰ ਤੰਗ ਕਰਦੀ ਹੈ, ਇਕ ਔਰਤ ਦੇ ਚਿਹਰੇ ਦੀ ਤਰ੍ਹਾਂ ਤੁਹਾਡੇ ’ਤੇ ਛਾ ਜਾਂਦੀ ਹੈ। ਇਕ ਲੁਭਾਇਮਾਨਤਾ ਤੁਹਾਡੇ ਅੰਦਰ ਚਲੀ ਜਾਂਦੀ ਹੈ, ਇਕ ਅਜੀਬ ਲੁਭਾਇਮਾਨਤਾ ਜੋ ਉਸ ਅਕਾਰ ਤੋਂ ਪੈਦਾ ਹੁੰਦੀ ਹੈ । ਉਸ ਦੇ ਰੰਗ, ਉਸ ਦੀ ਬਣਤਰ ਤੋਂ । ਹਰ ਕੋਈ ਉਸ ਨੂੰ ਇਕ ਦਮ ਚਾਹੁੰਦਾ ਹੈ,ਇਛਾ ਕਰਦਾ ਹੈ ਅਤੇ ਪਿਆਰ ਕਰਦਾ ਹੈ। ਕਬਜ਼ੇ ਦੀ ਭਾਵਨਾ ਤੁਹਾਡੇ ’ਤੇ ਛਾ ਜਾਂਦੀ ਹੈ ਜੋ ਪਹਿਲਾਂ ਮਿੱਠੀ ਲੱਗਦੀ ਹੈ, ਝਿਜਕ ਹੋਣ ਕਰਕੇ ਵੱਧਦੀ ਜਾਂਦੀ ਹੈ ਬੇਰੋਕ ਹੋ ਜਾਂਦੀ ਹੈ ਅਤੇ ਵਪਾਰੀ ਦੇਖਣ ਦੇ ਤਰੀਕੇ ਤੋਂ, ਵੱਧਦੀ ਇੱਛਾ ਦਾ ਭੇਤ ਜਾਣ ਲੈਂਦੇ ਹਨ । ਮੈਂ ਉਹ ਫ਼ਰਨੀਚਰ ਉਦੋਂ ਹੀ ਖ਼ਰੀਦ ਕੇ ਆਪਣੇ ਘਰ ਲੈ ਜਾਂਦਾ ਹਾਂ ਅਤੇ ਆਪਣੇ ਕਮਰੇ ਵਿੱਚ ਰੱਖਦਾ ਹਾਂ।

"ਉਹ ! ਮੈਨੂੰ ਉਨ੍ਹਾਂ ’ਤੇ ਤਰਸ ਆਉਂਦਾ ਹੈ ਜਿਨ੍ਹਾਂ ਨੂੰ ਇਹ ਚੀਜ਼ਾਂ ਇਕੱਠੀਆਂ ਕਰਨ ਵਾਲੇ ਦੇ ਸ਼ੁਗ਼ਲ ਦਾ ਪਤਾ ਨਹੀਂ ਜਿਨ੍ਹਾਂ ਗਹਿਣਿਆਂ ਨੂੰ ਬਾਅਦ ਵਿੱਚ ਉਹ ਖ਼ਰੀਦ ਲੈਂਦਾ ਹੈ । ਉਹ ਉਸ ਨੂੰ ਆਪਣੀ ਅੱਖਾਂ ਅਤੇ ਹੱਥਾਂ ਦੇ ਨਾਲ ਪੁਚਕਾਰਦਾ ਹੈ ਜਿਵੇਂ ਕੋਈ ਜਾਨਦਾਰ ਹੋਵੇ, ਉਹ ਘੜੀ ਘੜੀ ਉਸ ਕੋਲ ਆਉਂਦਾ ਹੈ, ਲਗਾਤਾਰ ਉਸ ਬਾਰੇ ਸੋਚਦਾ ਹੈ, ਭਾਵੇਂ ਉਹ ਕਿਧਰੇ ਜਾ ਰਿਹਾ ਹੋਵੇ, ਕੁਝ ਕਰ

ਰਿਹਾ ਹੋਵੇ ਇਹ ਵਿਚਾਰ ਗ਼ਲੀਆਂ ਵਿੱਚ, ਦੁਨੀਆ ਵਿੱਚ ਅਤੇ ਹਰ ਥਾਂ ਉਸ ਦੇ ਪਿੱਛੇ ਜਾਂਦੇ ਹਨ। ਅਤੇ ਉਹ ਜਦੋਂ ਘਰ ਵਾਪਿਸ ਆਉਂਦਾ ਹੈ ਤਾਂ ਇੱਥੇ ਤੱਕ ਕਿ ਆਪਣੇ ਦਸਤਾਨੇ ਅਤੇ ਹੈਟ ਉਤਾਰੇ ਬਿਨਾਂ ਹੀ ਇਕ ਪ੍ਰੇਮੀ ਦੀ ਤਰ੍ਹਾਂ ਉਸ ਨੂੰ ਵੇਖਣ ਜਾਂਦਾ ਹੈ ।

"ਅਸਲ ਵਿੱਚ ਅੱਠ ਦਿਨ ਮੈਂ ਉਸ ਫ਼ਰਨੀਚਰ ਦੇ ਨਮੂਨੇ ਨੂੰ ਵੇਖਦਾ ਰਿਹਾ। ਮੈਂ ਉਸ ਦੇ ਦਰਵਾਜ਼ੇ ਅਤੇ ਦਰਾਜ਼ ਖੁੱਲ੍ਹੇ ਰੱਖੇ, ਮੈਂ ਉਨ੍ਹਾਂ ਨੂੰ ਖ਼ੁਸ਼ੀ ਨਾਲ ਠੀਕ ਕੀਤਾ ਅਤੇ ਇਸ ਨੂੰ ਪਾ ਕੇ ਖ਼ੁਸ਼ ਹੋਇਆ ।

"ਇਕ ਦਿਨ ਸ਼ਾਮ ਨੂੰ, ਉਸ ਦੀ ਮੋਟੀ ਫੱਟੀ ਤੇ ਮੈਨੂੰ ਸ਼ੱਕ ਪਿਆ ਕਿ ਇਸ ਵਿੱਚ ਕੋਈ ਗੁਪਤ ਥਾਂ ਵੀ ਹੋਵੇਗੀ । ਮੇਰਾ ਦਿਲ ਧੜਕਣ ਲੱਗ ਪਿਆ ਅਤੇ ਮੈਂ ਸਾਰੀ ਰਾਤ ਉਸ ਨੂੰ ਲੱਭਣ ਵਿੱਚ, ਬਿਤਾਈ ਪਰ ਸਫ਼ਲ ਨਾ ਹੋਇਆ ।

ਅਗਲੇ ਦਿਨ ਮੈਂ ਇਸ ਨੂੰ ਲੱਭ ਲਿਆ ਮੈਨੂੰ ਸੁਝਿਆ ਇਕ ਧਾਤ ਦਾ ਟੁਕੜਾ ਉਸ ਦੀ ਤਰੇੜ ਵਿੱਚ ਖੋਭਿਆ । ਇਕ ਦਰਾਜ਼ ਬਾਹਰ ਨਿਕਲੀ, ਅਤੇ ਮੈਂ ਕਾਲੇ ਮਖ਼ਮਲੀ ਕੱਪੜੇ ਤੇ ਸਿਰ ਦੇ ਵਾਲ ਵੇਖੇ ਜੋ ਕਿਸੇ ਇਸਤਰੀ ਦੇ ਲੱਗਦੇ ਸਨ ।

"ਹਾਂ ਸਿਰ ਦੇ ਵਾਲ਼, ਸ਼ਾਨਦਾਰ ਭੂਰੇ ਵਾਲ ਜਿਨ੍ਹਾਂ ਵਿੱਚ ਲਾਲੀ ਚਮਕਦੀ ਸੀ ਕਿ ਬਿਲਕੁਲ ਚਮੜੀ ਦੇ ਕੋਲੋਂ ਕੱਟੇ ਗਏ ਸਨ ਅਤੇ ਸੁਨਹਿਰੀ ਤਾਰ ਨਾਲ ਬੰਨ੍ਹੇ ਹੋਏ ਸਨ ।

“ਮੈਂ ਉੱਥੇ ਬੜੇ ਘਬਰਾ ਕੇ ਬੇਸੁੱਧ ਖੜ੍ਹਾ ਕੰਬ ਰਿਹਾ ਸੀ । ਇਕ ਬੇਮਾਲੂਮ ਜਿਹੀ ਖ਼ੁਸ਼ਬੋ, ਜਿਵੇਂ ਖ਼ੁਸ਼ਬੋ ਦੀ ਆਤਮਾ ਹੋਵੇ, ਉਹ ਪੁਰਾਣੀ ਹੈਰਾਨੀਦਾਇਕ ਯਾਦਗਾਰ ਵਿੱਚੋਂ ਆ ਰਹੀ ਸੀ।

"ਮੈਂ ਇਸ ਨੂੰ ਬੜੇ ਹੌਲੀ ਜਿਹੀ, ਸ਼ਰਧਾ ਨਾਲ ਉੱਥੋਂ ਚੁੱਕ ਲਿਆ । ਇਹ ਇਕਦਮ ਖੁੱਲ੍ਹ ਗਈ ਅਤੇ ਫ਼ਰਸ਼ ਉੱਤੇ ਗਿਰ ਕੇ ਆਪਣੀਆਂ ਸੁਨਹਿਰੀ ਲਹਿਰਾਂ ਖਿੰਡਾ ਦਿੱਤੀਆਂ ਇਹ ਸੰਘਣੀ ਅਤੇ ਹਲਕੀ ਸੀ, ਮੁਲਾਇਮਦਾਰ ਅਤੇ ਚਮਕਦਾਰ ਜਿਵੇਂ ਟੁੱਟ ਚੁੱਕੇ ਤਾਰੇ ਦੀ ਪੂਛ ਹੋਵੇ ।

"ਇਕ ਅਜੀਬ ਭਾਵ ਮੇਰੇ ’ਤੇ ਛਾ ਗਿਆ, ਇਹ ਵਲ਼ ਕਿਸ ਦੇ ਸਨ ਇਸ ਨੂੰ ਇਸ ਫ਼ਰਨੀਚਰ ਵਿੱਚ ਕਿਉਂ ਬੰਦ ਕੀਤਾ ਗਿਆ ਸੀ ? ਇਸ ਯਾਦਗਾਰ ਨਾਲ ਕਿਹੜੀ ਕਹਾਣੀ ਕਿਹੜਾ ਨਾਟਕ ਜੁੜਿਆ ਹੋਇਆ ਹੈ ? ਇਸ ਨੂੰ ਕਿਸ ਨੇ ਕੱਟਿਆ ? ਕਿਸੇ ਪ੍ਰੇਮੀ ਨੇ ਵਿਛੜਦੇ ਹੋਏ । ਕਿਸੇ ਪਤੀ ਨੇ ਬਦਲਾ ਲੈਣ ਸਮੇਂ ? ਜਾਂ ਕਿਸੇ

ਔਰਤ ਨੇ ਆਪਣੇ ਆਪ, ਘੋਰ ਨਿਰਾਸ਼ਤਾ ਵਿੱਚ ਕੀ ਇਹ ਸਾਧ ਦੇ ਆਸ਼ਰਮ ਵਿੱਚ ਦਾਖ਼ਲ ਹੁੰਦੇ ਸਮੇਂ ਉਸ ਨੇ ਆਪਣੀ ਪਿਆਰੀ ਦੌਲਤ ਦੁਨੀਆ ਨੂੰ ਨਿਸ਼ਾਨੀ ਵਜੋਂ ਦਿੱਤੀ? ਕੀ ਇਹ ਕਿਸੇ ਮਰ ਚੁੱਕੀ ਮੁੰਦਰੀ ਦੇ ਦਫ਼ਨਾਉਣ ਵੇਲ਼ੇ ਕੱਟੇ ਗਏ ਸਨ, ਕਿ ਜਿਸ ਨੂੰ ਉਸ ਨਾਲ ਪਿਆਰ ਸੀ, ਉਸ ਨੇ ਉਸ ਦੇ ਸਿਰ ਦਾ ਇਹ ਤਾਜ ਲਾਹ ਲਿਆ ਹੋਵੇ, ਇਹ ਸੋਚ ਕੇ ਕਿ ਆਪਣੀ ਪਿਆਰੀ ਦੀ ਇਹ ਚੀਜ਼ ਬਹੁਤ ਦੇਰ ਰੱਖੀ ਜਾ ਸਕਦੀ ਸੀ, ਉਸ ਦੇ ਸਰੀਰ ਦਾ ਇੱਕੋ ਇਕ ਜੀਂਦਾ ਅੰਗ ਜੋ ਗਲੇਗਾ ਨਹੀਂ, ਦੁੱਖ ਦੇ ਵੇਲੇ ਜਿਸ ਨੂੰ ਉਹ ਲਾਡ ਪਿਆਰ ਕਰ ਸਕੇਗਾ ਚੁੰਮ ਸਕੇਗਾ।

"ਕੀ ਇਹ ਹੈਰਾਨੀ ਦੀ ਗੱਲ ਨਹੀਂ ਉਸ ਦੇ ਵਾਲ਼ ਕਾਇਮ ਸਨ ਜਦੋਂਕਿ ਉਸ ਦੇ ਸਰੀਰ ਦਾ ਕੋਈ ਨਾ ਨਿਸ਼ਾਨ ਬਾਕੀ ਨਹੀਂ ਸੀ।

"ਇਹ ਮੇਰੀਆਂ ਉਂਗਲਾਂ ਨਾਲ ਲਿਪਟ ਗਈ ਅਤੇ ਮੇਰੀ ਚਮੜੀ ਨੂੰ ਪਿਆਰ ਨਾਲ ਛੂਹਿਆ ਮੌਤ ਦਾ ਲਾਡ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਕਿ ਮੈਂ ਰੋ ਪਵਾਂਗਾ।

"ਮੈਂ ਇਸ ਨੂੰ ਕਾਫ਼ੀ ਸਮਾਂ ਆਪਣੇ ਹੱਥ ਵਿੱਚ ਰੱਖਿਆ, ਮੈਨੂੰ ਲੱਗਿਆ ਕਿ ਇਸ ਦਾ ਮੇਰੇ ’ਤੇ ਕੁਝ ਅਸਰ ਹੋਇਆ ਹੈ, ਜਿਵੇਂ ਕਿ ਇਸ ਵਿੱਚ ਕੁਝ ਆਤਮਾ ਬਾਕੀ ਹੋਵੇ। ਅਤੇ ਮੈਂ ਇਸ ਨੂੰ ਦੁਬਾਰਾ ਮਖ਼ਮਲ ’ਤੇ ਰੱਖ ਦਿੱਤਾ, ਸਮੇਂ ਨਾਲ ਉਸ ’ਤੇ ਦਾਗ਼ ਪੈ ਗਏ ਸਨ, ਫੇਰ ਦਰਾਜ਼ ਅੰਦਰੋਂ ਬੰਦ ਕਰ ਦਿੱਤੀ, ਅਤੇ ਦਰਵਾਜ਼ੇ ਬੰਦ ਕਰਕੇ, ਸੁਪਨਿਆਂ ਦੀ ਦੁਨੀਆ ਵਿੱਚ ਖੋ ਗਿਆ।

"ਮੈਂ, ਦੁੱਖ ਅਤੇ ਬੇਚੈਨੀ ਨਾਲ ਭਰਿਆ ਸਿੱਧਾ ਅੱਗੇ ਤੁਰਦਾ ਜਾਂਦਾ ਹਾਂ, ਅਜਿਹੇ ਦੁੱਖ ਨਾਲ ਜੋ ਪਿਆਰ ਚੁੰਮਣ ਤੋਂ ਬਾਅਦ ਦਿਲ ਵਿੱਚ ਰਹਿ ਜਾਂਦਾ ਹੈ ਮੈਨੂੰ ਲੱਗਦਾ ਹੈ ਕਿ ਮੈਂ ਪਹਿਲੇ ਇਸ ਸਮੇਂ ਵਿੱਚ ਰਹਿ ਰਿਹਾ ਹਾਂ, ਅਤੇ ਮੈਂ ਇਸ ਔਰਤ ਨੂੰ ਜਾਣਦਾ ਸੀ।"

"ਅਤੇ ਵਿਲੋਨ ਦੀਆਂ ਤੁਕਾਂ ਇਕ ਹੌਕਾ ਲੈ ਕੇ ਮੇਰੇ ਬੁੱਲ੍ਹਾਂ ’ਤੇ ਆ ਗਈਆਂ।

"ਮੈਨੂੰ ਦੱਸੋ ਕਿਹੜੀ ਦੂਰ ਧਰਤੀ ’ਤੇ
ਰੋਮ ਦੀ ਸੁੰਦਰਤਾ, ਫਲੋਰਾ ਰਹਿੰਦੀ ਹੈ ;
ਘੋੜ ਸਵਾਰਾਂ ਦਾ ਕਮਾਂਡਰ ਤੁਹਾਡਾ ਚਚੇਰਾ ਭਰਾ, ਅਤੇ
ਸਾਰੀ ਸੁੰਦਰਤਾ ਕੁਦਰਤ ਦਿੰਦੀ ਹੈ,

ਗੂੰਜ ਤੋਂ ਪਤਾ ਲੱਗਦਾ ਹੈ ਕਿ ਤੇਰੀ ਆਵਾਜ਼ ਕਾਇਮ ਹੈ
ਦਰਿਆ, ਨਦੀਆਂ ਤੇ, ਝੀਲਾਂ 'ਤੇ,
ਕਿੱਥੇ ਹਨ ਸੁੰਦਰਤਾ ਦੇ ਹੰਝੂ ਅਤੇ ਹਾਸੇ
ਕਿੱਥੇ ਹਨ ਬੀਤੇ ਸਾਲਾਂ ਦੀਆਂ ਬਰਫ਼ਾਂ ?

"ਫਿੱਕੇ ਰੰਗਾਂ ਵਾਲੇ ਲਿੱਲੀ ਦੇ ਫੁੱਲ
ਮਿੱਠੀ ਅਵਾਜ਼ ਨਾਲ ਗਾ ਰਹੇ ਸਨ
ਕਾਲਰ ਚੌੜੇ, ਕਦਮ, ਬਿਅਨਰਾਇਸ, ਏਲਾਈਸ,
ਇਰਮਨਗਾਰਡ ਲੀ ਮਾਇਨ ਦੀ ਪਿਆਰੀ ਰਾਣੀ ?
ਜਾਨ ਕਿੱਥੇ ਹੈ, ਚੰਗੀ ਲਾਰਿਨ,
ਜਿਸਨੂੰ ਅੰਗਰੇਜ਼ਾਂ ਨੇ ਮਾਰ ਕੇ ਪ੍ਰਸਿੱਧੀ ਦਿੱਤੀ?
ਸਭ ਕਿੱਥੇ ਹਨ, ਓ ਸਮਝਦਾਰ ਸੰਤ
ਅਤੇ ਕਿੱਥੇ ਹਨ ਬੀਤੇ ਸਾਲਾਂ ਦੀਆਂ ਬਰਫ਼ਾਂ

"ਜਦ ਮੈਂ ਆਪਣੇ ਘਰ ਵਾਪਸ ਆਇਆ ਤਾਂ ਮੈਨੂੰ ਆਪਣਾ ਅਨੋਖਾ ਖ਼ਜ਼ਾਨਾ ਦੁਬਾਰਾ ਵੇਖਣ ਦੀ ਬੜੀ ਇੱਛਾ ਸੀ ਮੈਨੇ ਇਸ ਨੂੰ ਲਿਆ ਅਤੇ ਇਸ ਨੂੰ ਪਕੜਦੇ ਹੀ ਮਹਿਸੂਸ ਕੀਤਾ ਕਿ ਮੇਰੇ ਸਰੀਰ ਵਿੱਚ ਕੰਬਣੀ ਛਿੜ ਗਈ ਹੈ।

"ਦਿਨਾਂ ਲਈ ਬੇਸ਼ੱਕ ਮੈਂ ਆਪਣੀ ਆਮ ਹਾਲਤ ਵਿੱਚ ਰਿਹਾ, ਤਾਂ ਵੀ ਇਨ੍ਹਾਂ ਵਾਲ਼ਾਂ ਦਾ ਖ਼ਿਆਲ ਮੈਨੂੰ ਨਾ ਭੁੱਲਿਆ। ਜਦੋਂ ਵੀ ਮੈਂ ਅੰਦਰ ਆਇਆ ਮੇਰੀ ਪਹਿਲੀ ਇੱਛਾ ਇਨ੍ਹਾਂ ਨੂੰ ਵੇਖਣ ਦੀ ਅਤੇ ਪਕੜਨ ਦੀ ਹੁੰਦੀ। ਜਿਵੇਂ ਕਿ ਕਿਸੇ ਨੂੰ ਆਪਣੀ ਪ੍ਰੇਮਿਕਾ ਦਾ ਦਰਵਾਜ਼ਾ ਖੋਲ੍ਹਣ ਸਮੇਂ ਘਬਰਾਹਟ ਹੁੰਦੀ ਹੈ ਉਸੇ ਤਰ੍ਹਾਂ ਦੀ ਕੰਬਣੀ ਇਸ ਗੁਪਤ ਚੀਜ਼ ਦੀ ਚਾਬੀ ਘੁਮਾਉਂਦਿਆਂ ਮੈਨੂੰ ਹੁੰਦੀ, ਕਿਉਂਕਿ ਮੇਰੇ ਹੱਥਾਂ ਅਤੇ ਦਿਲ ਵਿੱਚ ਲਗਾਤਾਰ ਉਨ੍ਹਾਂ ਵਾਲ਼ਾਂ ਵਿੱਚ ਹੱਥ ਫੇਰਨ ਦੀ ਭਾਵਨਾ ਪੈਦਾ ਹੋ ਗਈ ਸੀ।

"ਫੇਰ, ਜਦੋਂ ਮੈਂ ਇਸ ਨੂੰ ਪਲੋਸਣਾ ਬੰਦ ਕਰ ਦਿੱਤਾ, ਜਦੋਂ ਮੈਂ ਇਸ ਨੂੰ ਇਸ ਦੀ ਥਾਂ 'ਤੇ ਵਾਪਸ ਰੱਖ ਦਿੱਤਾ, ਮੈਂ ਹਮੇਸ਼ਾ ਮਹਿਸੂਸ ਕਰਦਾ ਸੀ ਕਿ ਇਹ ਉੱਥੇ ਹੈ ਜਿਵੇਂ ਕਿ ਕੋਈ ਜਿੰਦਾ ਚੀਜ਼ ਹੋਵੇ, ਲੁਕਾ ਕੇ ਰੱਖੀ ਹੋਈ ਅਤੇ ਬੰਦ ਕੀਤੀ ਹੋਈ, ਮੈਂ ਇਸ ਨੂੰ ਮਹਿਸੂਸ ਕਰਦਾ ਹਾਂ ਅਤੇ ਅਜੇ ਵੀ ਚਾਹੁੰਦਾ ਹਾਂ ਕਿ ਇਨ੍ਹਾਂ, ਠੰਢੇ,

ਚਮਕਦਾਰ, ਉਤੇਜਨਾ ਭਰਪੂਰ, ਉਕਸਾਊ ਸੋਹਣੇ ਵਾਲ਼ਾਂ ਨਾਲ ਪਿਆਰ ਕਰਾਂ ਜਦੋਂ ਤੱਕ ਕਿ ਮੈਂ ਥੱਕ ਨਹੀਂ ਜਾਂਦਾ ।

"ਮੈਂ ਇਸ ਹਾਲਤ ਵਿੱਚ ਇਕ ਜਾਂ ਦੋ ਮਹੀਨੇ ਰਿਹਾ, ਮੈਨੂੰ ਨਹੀਂ ਪਤਾ ਕਿ ਕਿੰਨਾ ਚਿਰ ਇਹ ਮੇਰੇ 'ਤੇ ਹਾਵੀ ਰਹੀ ਅਤੇ ਮੇਰਾ ਪਿੱਛਾ ਕਰਦੀ ਰਹੀ । ਮੈਂ ਖ਼ੁਸ਼ ਸੀ ਅਤੇ ਦੁਖੀ ਵੀ ਜਿਵੇਂ ਕੋਈ ਪਿਆਰ ਵਿੱਚ ਪ੍ਰਵਾਨਗੀ ਤੋਂ ਪਿੱਛੇ ਗਲਵੱਕੜੀ ਤੋਂ ਪਹਿਲਾਂ ਦੀ ਹਾਲਤ ਵਿੱਚ ਹੁੰਦਾ ਹੈ।

"ਮੈਂ ਕਮਰੇ ਬੰਦ ਕਰਕੇ ਇਸ ਨੂੰ ਆਪਣੀ ਹਿੱਕ ਨਾਲ ਲਾਵਾਂਗਾ, ਚੁੰਮਾਂਗਾ, ਦੰਦੀ ਵੱਢਾਂਗਾ । ਮੈਂ ਇਸ ਨੂੰ ਆਪਣੇ ਚਿਹਰੇ 'ਤੇ ਖਿੰਡਾ ਲਵਾਂਗਾ, ਇਸ ਦੀਆਂ ਸੁਨਹਿਰੀ ਲਹਿਰਾਂ ਆਪਣੀਆਂ ਅੱਖਾਂ ਰਾਹੀਂ ਪੀ ਜਾਵਾਂਗਾ ਅਤੇ ਇਨ੍ਹਾਂ ਸੁਨਹਿਰੀ ਵਾਲ਼ਾਂ ਵਾਲੀ ਸੂਰਤ ਨੂੰ ਵੇਖ ਲਵਾਂਗਾ ।

"ਹਾਂ ਮੈਂ ਇਸ ਨੂੰ ਪਿਆਰ ਕੀਤਾ, ਮੈਂ ਇਸ ਨੂੰ ਪਿਆਰ ਕੀਤਾ । ਮੈਂ ਇਸ ਨੂੰ ਪਿਆਰ ਕੀਤਾ, ਮੈਂ ਇਸ ਤੋਂ ਬਿਨਾਂ ਬਹੁਤ ਦੇਰ ਨਹੀਂ ਰਹਿ ਸਕਦਾ ਸੀ, ਇਕ ਘੰਟਾ ਵੀ ਇਸ ਨੂੰ ਦੇਖੇ ਬਿਨਾਂ ਨਹੀਂ ਬਿਤਾ ਸਕਦਾ । ਮੈਨੂੰ ਕੋਈ ਆਸ ਸੀ, ਮੈਨੂੰ ਕੋਈ ਆਸ ਸੀ ਕੀ ? ਮੈਂ ਉਸ ਨੂੰ ਜਾਣਦਾ ਨਹੀਂ ।

"ਇਕ ਰਾਤ ਅਚਾਨਕ ਮੈਂ ਇਸ ਖ਼ਿਆਲ ਨਾਲ ਜਾਗ ਪਿਆ ਕਿ ਮੈਂ ਆਪਣੇ ਕਮਰੇ ਵਿੱਚ ਇਕੱਲਾ ਨਹੀਂ, ਬੇਸ਼ੱਕ ਮੈਂ ਇਕੱਲਾ ਹੀ ਸੀ, ਪਰ ਮੈਂ ਦੁਬਾਰਾ ਸੌਂ ਨਹੀਂ ਸਕਿਆ ਸੀ, ਅਤੇ ਮੈਨੂੰ ਉਨੀਂਦੇ ਰਹਿਣ ਕਰਕੇ ਬੁਖ਼ਾਰ ਜਿਹਾ ਲੱਗ ਰਿਹਾ ਸੀ, ਮੈਂ ਉੱਠਿਆ ਅਤੇ ਵਾਲ਼ਾਂ ਦੇ ਜੂੜੇ ਨੂੰ ਦੇਖਣ ਲੱਗਿਆ, ਇਹ ਮੈਨੂੰ, ਪਹਿਲਾਂ ਨਾਲੋਂ ਵੀ ਵਧੇਰੇ ਚੰਗੇ ਲੱਗੇ।

ਕੀ ਮਰਿਆ ਹੋਇਆ ਵਾਪਸ ਆ ਸਕਦਾ ਸੀ ? ਚੁੰਮਣ ਜਿਨ੍ਹਾਂ ਨਾਲ ਮੈਂ ਇਸ ਨੂੰ ਨਿੱਘਾ ਕੀਤਾ ਉਹ ਮੈਨੂੰ ਖ਼ੁਸ਼ੀ ਦੇਣ ਵਿੱਚ ਅਸਫ਼ਲ ਰਹੇ ਅਤੇ ਮੈਂ ਇਸ ਨੂੰ ਆਪਣੇ ਬਿਸਤਰ ਵਿੱਚ ਲੈ ਗਿਆ ਅਤੇ ਨਾਲ ਪੈ ਗਿਆ, ਇਸ ਨੂੰ ਆਪਣੇ ਬੁੱਲ੍ਹਾਂ ਨਾਲ ਲਾਇਆ, ਜਿਵੇਂ ਕੋਈ ਆਪਣੀ ਮਾਸ਼ੂਕਾ ਨਾਲ ਪਿਆਰ ਕਰਨ ਦਾ ਅਨੰਦ ਮਾਣਦਾ ਹੈ ।

"ਮਰਿਆ ਹੋਇਆ ਵਾਪਸ ਆ ਗਿਆ। ਉਹ ਆ ਗਈ । ਹਾਂ ਮੈਂ ਉਸ ਨੂੰ ਵੇਖਿਆ, ਉਸ ਨੂੰ ਛੂਹਿਆ, ਉਸ ਨੂੰ ਜੱਫੀ ਵਿੱਚ ਲੈ ਲਿਆ, ਉਹ ਉਸੇ ਤਰ੍ਹਾਂ, ਜਿਵੇਂ

ਪਹਿਲੇ ਸਮਿਆਂ ਵਿੱਚ ਜੀਵਤ ਸੀ, ਲੰਮੀ, ਸੁਨਹਿਰੀ ਵਾਲ਼ਾਂ ਵਾਲੀ ਸੋਹਣੀ ਭਰਵੀਂ, ਠੰਢੀਆਂ ਛਾਤੀਆਂ ਅਤੇ ਕੁਲਿਆ ਵਾਲੀ ਜਿਵੇਂ ਵੀਣਾ ਹੋਵੇ। ਮੈਂ ਉਸ ਲਹਿਰਦਾਰ ਅਕਾਰ ਨਾਲ ਗਲ੍ਹੇ ਤੋਂ ਲੈ ਕੇ ਪੈਰਾਂ ਤੱਕ, ਉਸ ਦੀ ਹਰ ਗੁਲਾਈ ਨੂੰ ਪਿਆਰ ਕੀਤਾ।

"ਹਾਂ, ਮੈਂ ਉਸ ਨੂੰ ਦਿਨ ਅਤੇ ਰਾਤ ਆਪਣੇ ਕੋਲ ਪਾਇਆ। ਉਹ ਵਾਪਸ ਆ ਗਈ ਸੀ, ਮੌਤ ਸੁੰਦਰ ਮੌਤ ਪਿਆਰੀ ਅਣਜਾਣੀ, ਅਤੇ ਹਰ ਰਾਤ ਵਾਪਸ ਆਉਂਦੀ।

"ਮੈਂ ਇੰਨਾ ਜ਼ਿਆਦਾ ਖ਼ੁਸ਼ ਸੀ ਕਿ ਮੈਂ ਇਸ ਨੂੰ ਛੁਪਾ ਕੇ ਨਹੀਂ ਰੱਖ ਸਕਦਾ ਸੀ। ਮੈਂ ਉਸ ਦੇ ਨਜ਼ਦੀਕ ਦੈਵੀ ਆਨੰਦ ਮਹਿਸੂਸ ਕੀਤਾ ਅਤੇ ਉਸ ਅਦਿੱਖ, ਅਪਕੜ ਮੌਤ ਨੂੰ ਪਾ ਕੇ ਮੈਨੂੰ ਅਥਾਹ ਖ਼ੁਸ਼ੀ ਮਿਲੀ। ਕਿਸੇ ਵੀ ਪ੍ਰੇਮੀ ਨੇ ਕਦੇ ਹੋਣੀ ਇਸ ਤਰ੍ਹਾਂ ਦੀ ਤਾਂਘ ਵਾਲੀ ਖ਼ੁਸ਼ੀ ਨਹੀਂ ਵੇਖੀ ਹੋਣੀ।

"ਮੈਨੂੰ ਸਮਝ ਨਹੀਂ ਆਉਂਦੀ ਸੀ ਕਿ ਮੈਂ ਆਪਣੀ ਖ਼ੁਸ਼ੀ ਕਿਵੇਂ ਛੁਪਾਵਾਂ। ਮੈਂ ਇਸ ਨੂੰ ਪਾ ਕੇ ਇਨ੍ਹਾਂ ਪਿਆਰ ਕਰਦਾ ਸੀ ਕਿ ਮੈਂ ਇਸ ਨੂੰ ਛੱਡ ਨਹੀਂ ਸਕਦਾ ਸੀ। ਮੈਂ ਇਸ ਨੂੰ ਹਰ ਥਾਂ ਹਮੇਸ਼ਾ ਨਾਲ ਰੱਖਦਾ। ਮੈਂ ਸ਼ਹਿਰ ਵਿੱਚ ਇਸ ਨਾਲ ਇਵੇਂ ਤੁਰਦਾ ਸੀ ਜਿਵੇਂ ਮੇਰੀ ਪਤਨੀ ਹੋਵੇ, ਸਿਨੇਮਾ ਅਤੇ ਹੋਟਲ ਇਸ ਤਰ੍ਹਾਂ ਲੈ ਜਾਂਦਾ ਸੀ ਜਿਵੇਂ ਇਕ ਪਤਨੀ ਹੋਵੇ। ਪਰ ਉਨ੍ਹਾਂ ਨੇ ਇਸ ਨੂੰ ਵੇਖ ਲਿਆ ਅਤੇ ਅੰਦਾਜ਼ਾ ਲਾਉਂਦੇ ਹੋਏ। ਉਨ੍ਹਾਂ ਨੇ ਮੈਨੂੰ ਇਕ ਅਪਰਾਧੀ ਵਾਂਗ ਜੇਲ੍ਹ ਵਿੱਚ ਡੱਕ ਦਿੱਤਾ। ਉਹ ਇਸ ਨੂੰ ਲੈ ਗਏ ਇਹ ਕਿੰਨੇ ਦੁੱਖ ਦੀ ਗੱਲ ਹੈ।"

"ਹੱਥ ਲਿਖਤ ਇੱਥੇ ਹੀ ਰੁਕ ਗਈ। ਅਤੇ ਜਿਉਂ ਹੀ ਮੈਂ ਆਪਣੀਆਂ ਹੈਰਾਨੀ ਭਰੀਆਂ ਅੱਖਾਂ ਡਾਕਟਰ ਵੱਲ ਚੁੱਕੀਆਂ, ਇਕ ਡਰਾਉਣੀ ਚੀਕ ਇਕ ਕਰੋਧ ਭਰੀ ਕੂਕ ਅਤੇ ਭੜਕੀ ਹੋਈ ਖ਼ਾਹਿਸ਼ ਆਸ਼ਰਮ ਵਿੱਚ ਗੂੰਜਣ ਲੱਗੀ।

"ਡਾਕਟਰ ਨੇ ਕਿਹਾ, ਸੁਣੋ" ਇਸ ਭੈੜੇ ਸ਼ੁਦਾਈ ਨੂੰ ਦਿਨ ਵਿੱਚ ਪੰਜ ਵਾਰੀ ਨੁਹਾਉਣਾ ਪੈਂਦਾ ਹੈ। ਇਹ ਹੀ ਸਾਰਜੰਟ ਬਰਟਰਾਂਡ ਹੈ ਜੋ ਕਿ ਮਰੇ ਹੋਇਆਂ ਦੇ ਪਿਆਰ ਵਿੱਚ ਪੈ ਗਿਆ।

ਹੈਰਾਨੀ ਡਰ ਅਤੇ ਤਰਸ ਦੀ ਭਾਵਨਾ ਨਾਲ ਕੰਬ ਕੇ ਮੈਂ ਥਥਲਾ ਕੇ ਕਿਹਾ :"ਪਰ ਉਹ ਵਾਲ਼-ਕੀ ਉਹ ਸੱਚਮੁਚ ਹਨ," ਡਾਕਟਰ ਉੱਠਿਆ, ਦਵਾਈਆਂ ਵਾਲੀਆਂ ਸ਼ੀਸ਼ੀਆਂ ਅਤੇ ਔਜ਼ਾਰਾਂ ਨਾਲ ਭਰੀ ਹੋਈ ਅਲਮਾਰੀ ਖੋਲ੍ਹੀ ਅਤੇ ਆਪਣੇ

ਦਫ਼ਤਰ ਦੇ ਉੱਤੋਂ ਦੀ ਸੁਨਹਿਰੀ ਵਾਲ਼ਾਂ ਦੇ ਜੂੜੇ ਦੀ ਇਕ ਲੰਬੀ ਮੋਟੀ ਲਿਟ ਮੇਰੇ ਵੱਲ ਸੁੱਟੀ ਜੋ ਕਿ ਸੁਨਹਿਰੀ ਪੰਛੀ ਵਾਂਗ ਮੇਰੇ ਵੱਲ ਆ ਰਹੀ ਸੀ ।

ਮੈਂ ਆਪਣੇ ਹੱਥ 'ਤੇ ਇਸ ਦੀ ਹਲਕੀ ਜਿਹੀ ਛੂਹ ਮਹਿਸੂਸ ਕਰਕੇ ਕੰਬ ਗਿਆ । ਮੈਂ ਉੱਥੇ ਖੜ੍ਹਾ ਸੀ ਅਤੇ ਮੇਰਾ ਦਿਲ ਉਦਾਸੀ ਅਤੇ ਇੱਛਾ ਨਾਲ ਧੜਕ ਰਿਹਾ ਸੀ, ਮੇਰੀ ਉਦਾਸੀ ਅਪਰਾਧਾਂ ਨਾਲ ਸਬੰਧਿਤ ਹਥਿਆਰਾਂ ਨੂੰ ਛੂਹਣ ਵਾਂਗ ਸੀ, ਅਤੇ ਇੱਛਾ ਜੋ ਕਿ ਕਿਸੇ ਘਿਣਾਉਣੀ ਰਹੱਸ ਭਰੀ ਚੀਜ਼ ਨੂੰ ਦੇਖਣ ਲਈ ਹੁੰਦੀ ਹੈ ।

ਆਪਣਾ ਮੋਢਾ ਹਿਲਾਉਂਦੇ ਦੇ ਹੋਏ ਡਾਕਟਰ ਨੇ ਇਹ ਵੀ ਕਿਹਾ। "ਆਦਮੀ ਦਾ ਮਨ ਸਭ ਕੁਝ ਕਰ ਸਕਣ ਦੇ ਸਮਰੱਥ ਹੈ ।

# ਸਾਈਮਨ ਦਾ ਬਾਪ

ਅਜੇ ਦੁਪਹਿਰ ਹੋਈ ਹੀ ਸੀ। ਸਕੂਲ ਦਾ ਦਰਵਾਜ਼ਾ ਖੁੱਲ੍ਹਿਆ ਅਤੇ ਤੇਜ਼ੀ ਨਾਲ ਬਾਹਰ ਨਿਕਲਣ ਲਈ ਹੱਲਾ ਮਚਾਉਂਦੇ ਹੋਏ, ਇਕ ਦੂਜੇ 'ਤੇ ਡਿੱਗਦੇ ਬੱਚੇ ਬਾਹਰ ਨਿਕਲ ਪਏ। ਪਰੰਤੂ ਰੋਜ਼ ਵਾਂਗ ਅੱਡੋ ਅੱਡ ਘਰ ਜਾ ਕੇ ਖਾਣਾ ਖਾਣ ਦੀ ਥਾਂ ਉਹ ਕੁਝ ਕਦਮ ਅੱਗੇ ਜਾ ਕੇ ਰੁਕੇ ਅਤੇ ਛੋਟੀਆਂ ਛੋਟੀਆਂ ਟੋਲੀਆਂ ਵਿੱਚ ਵੰਡ ਕੇ ਆਪਸ ਵਿੱਚ ਘਸਰ ਮੁਸਰ ਕਰਨ ਲੱਗੇ।

ਗੱਲ ਇਹ ਸੀ ਕਿ ਉਸ ਦਿਨ ਸਵੇਰੇ ਲਾਵਲਾ ਚੋਟੇ ਦਾ ਮੁੰਡਾ ਸਾਈਮਨ ਪਹਿਲੀ ਵਾਰ ਸਕੂਲ ਆਇਆ ਸੀ।

ਉਨ੍ਹਾਂ ਸਾਰਿਆਂ ਬੱਚਿਆਂ ਨੇ ਆਪਣੇ ਆਪਣੇ ਘਰਾਂ ਵਿੱਚ ਲਾਵਲਾ ਚੋਟੇ ਸੰਬੰਧੀ ਸੁਣ ਰੱਖਿਆ ਸੀ, ਭਾਵੇਂ ਆਦਮੀਆਂ ਵਿੱਚ ਉਸ ਦਾ ਸਤਿਕਾਰ ਬਹੁਤ ਸੀ ਪਰ ਮਾਵਾਂ ਉਸ ਪ੍ਰਤੀ ਕੁਝ ਘ੍ਰਿਣਾ ਭਾਵਨਾ ਰੱਖਦੀਆਂ ਸਨ। ਜਿਸ ਦੇ ਕਾਰਨ ਨੂੰ ਜਾਣਨ ਤੋਂ ਬਿਨਾਂ ਹੀ ਬੱਚਿਆਂ ਉੱਪਰ ਵੀ ਉਸੇ ਵਰਤਾਓ ਦਾ ਅਸਰ ਪੈ ਚੁੱਕਾ ਸੀ।

ਜਿੱਥੋਂ ਤੱਕ ਸਾਈਮਨ ਨਾਲ ਸੰਬੰਧ ਸੀ ਉਹ ਉਸ ਨੂੰ ਨਹੀਂ ਸੀ ਜਾਣਦੇ ਕਿਉਂਕਿ ਉਹ ਕਦੀ ਬਾਹਰ ਨਹੀਂ ਗਿਆ ਸੀ ਅਤੇ ਨਾ ਹੀ ਉਨ੍ਹਾਂ ਨਾਲ ਕਦੇ ਪਿੰਡ ਦੀਆਂ ਸੜਕਾਂ ਜਾਂ ਨਦੀ ਦੇ ਕਿਨਾਰੇ ਖੇਡਿਆ ਸੀ। ਇਸ ਲਈ ਉਹ ਉਸ ਨੂੰ ਥੋੜ੍ਹਾ ਜਿਨ੍ਹਾਂ ਪਿਆਰ ਹੀ ਕਰਦੇ ਸਨ, ਅਤੇ ਅੱਜ ਸਵੇਰੇ ਤਾਂ ਉਹ ਕਿਸੇ ਹੈਰਾਨੀ ਭਰੇ ਅਨੰਦ ਨਾਲ ਛੋਟੀਆਂ ਛੋਟੀਆਂ ਟੋਲੀਆਂ ਵਿੱਚ ਵੰਡੇ ਇਕ ਚੌਦਾਂ ਜਾਂ ਪੰਦਰਾਂ ਸਾਲ ਦੇ ਮੁੰਡੇ ਵੱਲੋਂ ਕਹੇ ਗਏ ਵਾਕ ਨੂੰ ਦੁਹਰਾ ਰਹੇ ਸਨ। ਇੰਝ ਲੱਗਦਾ ਸੀ ਕਿ ਉਹ ਮੁੰਡਾ ਉਸ ਦੀਆਂ ਸਾਰੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਕਿੰਨੀ ਹੁਸ਼ਿਆਰੀ ਨਾਲ ਅੱਖ ਮਾਰ ਕੇ ਉਸ ਨੇ ਕਿਹਾ ਸੀ, "ਤੁਸੀਂ ਸਾਈਮਨ ਨੂੰ ਜਾਣਦੇ ਹੋ—ਉਸ ਦਾ ਕੋਈ ਬਾਪ ਨਹੀਂ ਹੈ।"

ਲਾਵਲਾ ਚੋਟੇ ਦਾ ਮੁੰਡਾ ਵੀ ਆਪਣੀ ਵਾਰੀ ਨਾਲ ਸਕੂਲ ਦੇ ਦਰਵਾਜ਼ੇ ਵਿੱਚੋਂ ਨਿਕਲਦਾ ਦਿਖਾਈ ਦਿੱਤਾ।

ਉਹ ਸੱਤ ਜਾਂ ਅੱਠ ਸਾਲ ਦਾ ਸਾਫ਼ ਸੁਥਰਾ, ਕੁਝ ਪੀਲਾ ਜਿਹਾ, ਹੀਨ ਅਤੇ ਡਰੂ-ਸੁਭਾਅ ਦਾ ਮੁੰਡਾ ਸੀ।

ਉਹ ਆਪਣੀ ਮਾਂ ਕੋਲ ਘਰ ਜਾ ਰਿਹਾ ਸੀ ਕਿ ਉਸ ਦੇ ਸਕੂਲ ਦੇ ਸਾਥੀਆਂ ਨੇ ਜੋ ਕੁਝ ਘੁਸਰ ਮੁਸਰ ਕਰ ਰਹੇ ਸਨ ਅਤੇ ਉਸ ਨੂੰ ਸ਼ਰਾਰਤੀ ਅਤੇ ਖੇਡਰਸ ਨਜ਼ਰਾਂ ਨਾਲ ਦੇਖ ਰਹੇ ਸਨ, ਅਤੇ ਕੋਈ ਭੈੜੀ ਚਾਲ ਖੇਡਣ ’ਤੇ ਤੁਲੇ ਹੋਏ ਸਨ, ਉਸ ਨੂੰ ਚਾਰੋਂ ਪਾਸਿਉਂ ਘੇਰ ਲਿਆ ਅਤੇ ਇੱਥੋਂ ਤੱਕ ਕਿ ਉਸ ਦੇ ਬਿਲਕੁਲ ਨੇੜੇ ਆ ਗਏ।

ਉੱਥੇ ਉਹ ਉਨ੍ਹਾਂ ਵਿੱਚ ਹੈਰਾਨ ਤੋਂ ਪ੍ਰੇਸ਼ਾਨ ਹੋਇਆ ਖੜ੍ਹਾ ਹੋ ਗਿਆ, ਉਸ ਦੀ ਸਮਝ ਵਿੱਚ ਹੀ ਨਹੀਂ ਆਇਆ ਕਿ ਉਹ ਉਸ ਨੂੰ ਕੀ ਕਰਨਾ ਚਾਹੁੰਦੇ ਸਨ। ਪਰ ਜਿਹੜਾ ਮੁੰਡਾ ਇਹ ਖ਼ਬਰ ਕੱਢ ਕੇ ਲਿਆਇਆ ਸੀ ਬਹੁਤ ਖ਼ੁਸ਼ੀ ਵਿੱਚ ਬੋਲਿਆ ...“ਤੁਹਾਡਾ ਨਾਂ ਕੀ ਹੈ, ਜੀ।"

"ਸਾਈਮਨ। " ਉਸ ਨੇ ਉੱਤਰ ਦਿੱਤਾ

"ਸਾਈਮਨ ਕੀ ?" ਦੂਜੇ ਨੇ ਉਸ ਨੂੰ ਛੇੜਿਆ।

ਬੱਚੇ ਨੇ ਘਬਰਾ ਕੇ ਦੁਹਰਾਇਆ, "ਸਾਈਮਨ।"

ਉਸ ਨੇ ਉੱਚੀ ਕਿਹਾ, "ਤੇਰਾ ਨਾਂ ਸਾਈਮਨ ਤੋਂ ਬਾਅਦ ਵੀ ਕੁਝ ਹੋਣਾ ਚਾਹੀਦਾ ਸੀ। ਅਸਲ ਵਿੱਚ ਤਾਂ ਸਾਈਮਨ ਕੋਈ ਨਾਂ ਹੀ ਨਹੀਂ ਹੈ"

ਅਤੇ ਉਸ ਨੇ ਆਪਣੇ ਹੰਝੂ ਰੋਕਦੇ ਹੋਏ ਤੀਜੀ ਵਾਰ ਫਿਰ ਕਿਹਾ, "ਮੇਰਾ ਨਾਂ ਸਾਈਮਨ ਹੈ।"

ਬੱਚੇ ਉਸ ’ਤੇ ਹੱਸਣ ਲੱਗੇ। ਮੁੰਡੇ ਨੇ ਜਿੱਤ ਦੇ ਨਸ਼ੇ ਵਿੱਚ ਆਵਾਜ਼ ਉੱਚੀ ਕੀਤੀ" ਤੁਹਾਨੂੰ ਹੁਣ ਤਾਂ ਪਤਾ ਲੱਗ ਗਿਆ ਹੋਵੇਗਾ ਕਿ ਇਸ ਦਾ ਕੋਈ ਬਾਪ ਨਹੀਂ ਹੈ।"

ਇਕ ਗਹਿਰੀ ਸਨਸਨੀ ਛਾ ਗਈ। ਬੱਚੇ ਇਸ ਅਸਾਧਾਰਨ, ਅਸੰਭਵ, ਡਰਾਓ ਚੀਜ਼-ਇਕ ਬਿਨਾਂ ਬਾਪ ਦੇ ਪੁੱਤਰ ਨੂੰ ਵੇਖ ਕੇ ਹੈਰਾਨ ਰਹਿ ਗਏ, ਉਨ੍ਹਾਂ ਨੇ ਉਸ ਵੱਲ ਅਣਹੋਣੀ ਚੀਜ਼ ਵਾਂਗ ਵੇਖਿਆ ਅਤੇ ਉਨ੍ਹਾਂ ਵਿੱਚ ਲਾਵਲਾ ਚੋਟੇ ਲਈ ਉਨ੍ਹਾਂ ਦੀਆਂ ਮਾਂਵਾਂ ਦੀ ਹਮਦਰਦੀ ਜਾਗਣ ਲੱਗੀ। ਅਤੇ ਸਾਈਮਨ-ਉਹ ਡਿੱਗਣ ਤੋਂ ਬਚਣ ਲਈ ਇਕ ਦਰਖ਼ਤ ਦਾ ਸਹਾਰਾ ਲੈ ਕੇ ਖੜ ਗਿਆ। ਉਹ ਇੰਝ ਖੜ੍ਹਾ ਸੀ ਜਿਵੇਂ ਉਸ ਦਾ ਬਹੁਤ ਨੁਕਸਾਨ ਹੋ ਗਿਆ ਹੋਵੇ। ਉਹ ਆਪਣੀ ਸਫ਼ਾਈ ਦੇਣਾ ਚਾਹੁੰਦਾ ਸੀ ਪਰੰਤੂ ਉਸ ਦੇ ਦਿਮਾਗ਼ ਵਿੱਚ ਕੋਈ ਜਵਾਬ ਹੀ ਨਹੀਂ ਸੀ ਆ ਰਿਹਾ - ਉਹ ਇਸ ਗੰਭੀਰ ਦੋਸ਼ ਨੂੰ, ਕਿ ਉਸ ਦਾ ਬਾਪ ਨਹੀਂ ਸੀ, ਤੋਂ ਮੁਨਕਰ ਹੋਣ ਤੋਂ

ਅਸਮਰੱਥ ਸੀ। ਅੰਤ ਵਿੱਚ ਬੇਚੈਨ ਹੋ ਕੇ ਉਹ ਚੀਖ਼ ਕੇ ਬੋਲਿਆ"-ਹਾਂ ਮੇਰਾ ਇਕ ਪਾਪਾ ਹੈ ।"

"ਕਿੱਥੇ ਹੈ ?" ਮੁੰਡੇ ਨੇ ਪੁੱਛਿਆ ।

ਸਾਈਮਨ ਚੁੱਪ ਹੋ ਗਿਆ, ਉਸ ਨੂੰ ਪਤਾ ਨਹੀਂ ਸੀ । ਬੱਚੇ ਇਕ ਦਮ ਤੇਜ਼ ਹੋ ਕੇ ਚੀਕਣ ਲੱਗੇ । ਇਨ੍ਹਾਂ ਪੇਂਡੂ ਮੁੰਡਿਆਂ ਨੂੰ ਜਿਹੜੇ ਕਿ ਜਾਨਵਰਾਂ ਵਰਗੇ ਸੁਭਾਅ ਦੇ ਸਨ, ਖੇਤਾਂ ਵਿੱਚ ਰਹਿਣ ਵਾਲੇ ਕੁੱਕੜਾਂ ਵਰਗੀ ਖ਼ੁਸ਼ੀ ਅਨੁਭਵ ਹੋਈ। ਜੋ ਆਪਣੀ ਹੀ ਜਾਤ ਦੀ ਕਿਸੇ ਕੁੱਕੜ ਦੇ ਜ਼ਖ਼ਮੀ ਹੋ ਜਾਣ ’ਤੇ ਉਸ ਨੂੰ ਮਾਰ ਸੁੱਟਣ ਲਈ ਤਿਆਰ ਹੋ ਜਾਂਦੇ ਹਨ । ਇਕ ਦਮ ਸਾਈਮਨ ਦੀ ਨਿਗ੍ਹਾ ਆਪਣੇ ਗੁਆਂਢ ਵਿੱਚ ਰਹਿਣ ਵਾਲੀ ਵਿਧਵਾ ਦੇ ਪੁੱਤ ’ਤੇ ਗਈ ਜਿਸ ਨੂੰ ਉਸ ਨੇ ਸਦਾ ਆਪਣੇ ਵਾਂਗ ਹੀ ਆਪਣੀ ਮਾਂ ਨਾਲ ਇਕੱਲਾ ਵੇਖਿਆ ਸੀ।

“ਅਤੇ ਤੇਰੇ ਵੀ ਨਹੀਂ ਹੈ, ਤੇਰੇ ਵੀ ਬਾਪ ਨਹੀਂ ਹੈ । "ਉਹ ਬੋਲਿਆ ।

"ਹਾਂ ਮੇਰੇ ਬਾਪ ਹੈ । "ਉਸ ਦੂਜੇ ਨੇ ਕਿਹਾ।

"ਕਿੱਥੇ ਹੈ ?" ਸਾਈਮਨ ਨੇ ਫਿਰ ਕਿਹਾ ।

"ਉਨ੍ਹਾਂ ਦੀ ਮੌਤ ਹੋ ਗਈ ...ਹੁਣ ਉਹ ਕਬਰ ਵਿੱਚ ਹਨ ।” ਵਿਧਵਾ ਦੇ ਪੁੱਤਰ ਨੇ ਮਾਣ ਨਾਲ ਕਿਹਾ ।

ਉਸ ਵੇਲੇ ਉਨ੍ਹਾਂ ਬੱਚਿਆਂ ਨੇ ਪ੍ਰੌੜ੍ਹਤਾ ਦੀ ਘੁਸਰ ਮੁਸਰ ਕੀਤੀ-ਜਿਵੇਂ ਕਿ ਉਨ੍ਹਾਂ ਦੇ ਸਾਥੀ ਦੇ ਮਰ ਚੁੱਕੇ ਬਾਪ ਦੀ ਗੱਲ, ਦੂਜੇ ਸਾਥੀ ਨੂੰ ਜਿਸ ਦਾ ਕੋਈ ਬਾਪ ਹੀ ਨਹੀਂ, ਠੇਸ ਪਹੁੰਚਾਉਣ ਲਈ ਬਹੁਤ ਸੀ। ਅਤੇ ਉਹ ਸਭ ਬਦਮਾਸ਼ ਜਿਨ੍ਹਾਂ ਦੇ ਬਾਪ ਆਮ ਕਰਕੇ ਮਾੜੇ ਕੰਮਾਂ ਵਿੱਚ ਰੁੱਝੇ ਰਹਿੰਦੇ, ਸ਼ਰਾਬੀ ਸਨ, ਚੋਰ ਸਨ ਅਤੇ ਆਪਣੀਆਂ ਪਤਨੀਆਂ ਨਾਲ ਮਾੜਾ ਵਰਤਾਓ ਕਰਦੇ ਸਨ ਇਕ ਦੂਜੇ ਨੂੰ ਧੱਕਾ ਦੇ ਦੇ ਕੇ ਸਾਈਮਨ ਦੇ ਹੋਰ ਵੀ ਨੇੜੇ ਆ ਗਏ ਜਿਵੇਂ ਉਹ ਸਾਰੇ ਅਧਿਕਾਰਤ (ਜਾਇਜ਼) ਪੁੱਤਰ ਆਪਣੇ ਦਬਾਅ ਨਾਲ ਉਸ ਨੂੰ ਜੋ ਨਾਜਾਇਜ਼ ਸੀ ਪੀਹ ਹੀ ਸੁੱਟਣਗੇ ।

ਸਾਈਮਨ ਦੇ ਕੋਲ ਹੀ ਖੜ੍ਹੇ ਮੁੰਡੇ ਨੇ ਉਸ ਵੱਲ ਜੀਭ ਕੱਢੀ ਅਤੇ ਉਸ ਨੂੰ ਚਿੜਾ ਕੇ ਕਹਿਣ ਲੱਗਾ, ਕੋਈ ਬਾਪ ਨਹੀਂ । ਕੋਈ ਬਾਪ ਨਹੀਂ ।"

ਸਾਈਮਨ ਨੇ ਆਪਣੇ ਦੋਹਾਂ ਹੱਥਾਂ ਨਾਲ ਵਾਲ਼ ਫੜ ਕੇ ਉਸ ਨੂੰ ਝੰਜੋੜ ਦਿੱਤਾ ਅਤੇ ਆਪਣੀਆਂ ਲੱਤਾਂ ਦੀ ਮਾਰ ਨਾਲ ਉਸ ਦੀਆਂ ਟੰਗਾਂ ਭੰਨਣ ਲੱਗਾ; ਉਸ ਮੁੰਡੇ ਨੇ ਇਸੇ ਦੌਰਾਨ ਸਾਈਮਨ ਦੀ ਗਲ੍ਹ ’ਤੇ ਬੜੀ ਜ਼ੋਰ ਦੀ ਦੰਦੀ ਵੱਢ

ਲਈ। ਉਨ੍ਹਾਂ ਦੋਹਾਂ ਵਿੱਚ ਘਮਸਾਣ ਯੁੱਧ ਆਰੰਭ ਹੋ ਗਿਆ । ਸਾਈਮਨ ਕੁੱਟਿਆ ਗਿਆ, ਉਸ ਦੀ ਕਮੀਜ਼ ਫੱਟ ਗਈ, ਅਤੇ ਉਨ੍ਹਾਂ ਛੋਟੇ ਅਵਾਰਾ ਹੱਸਦੇ ਹੋਏ ਬਦਮਾਸ਼ਾਂ ਵਿੱਚ ਉਹ ਜ਼ਮੀਨ 'ਤੇ ਡਿੱਗ ਪਿਆ। ਡਿੱਗਦੇ ਸਾਰ ਹੀ ਉਹ ਉੱਠਿਆ ਅਤੇ ਆਪਣੀ ਨਿੱਕੀ ਕਮੀਜ਼ ਨੂੰ ਜਿਹੜੀ ਮਿੱਟੀ ਨਾਲ ਲਿੱਬੜ ਗਈ ਸੀ ਆਪਣੇ ਹੱਥਾਂ ਨਾਲ ਝਾੜਨ ਲੱਗਾ ਕਿ ਕਿਸੇ ਨੇ ਚੀਖ਼ ਕੇ ਕਿਹਾ, ਜਾਹ ਦੱਸ ਦੇ ਆਪਣੇ ਬਾਪ ਨੂੰ ਜਾ ਕੇ ।

ਤਦ ਉਸ ਦੇ ਮਨ ਵਿੱਚ ਬੜੀ ਨਿਰਾਸ਼ਾ ਹੋਈ। ਉਹ ਉਸ ਨਾਲੋਂ ਵੱਧ ਤਾਕਤਵਰ ਸਨ, ਉਨ੍ਹਾਂ ਨੇ ਉਸ ਨੂੰ ਕੁੱਟਿਆ ਸੀ ਅਤੇ ਉਸ ਕੋਲ ਉਨ੍ਹਾਂ ਨੂੰ ਜਵਾਬ ਵਿੱਚ ਕਹਿਣ ਲਈ ਕੁਝ ਨਹੀਂ ਸੀ, ਕਿਉਂਕਿ ਉਸ ਨੂੰ ਪਤਾ ਸੀ ਕਿ ਉਸ ਦਾ ਕੋਈ ਬਾਪ ਨਹੀਂ ਸੀ । ਗ਼ੁੱਸੇ ਦਾ ਮਾਰਿਆ ਉਹ ਆਪਣੇ ਹੰਝੂਆਂ ਨਾਲ ਜੋ ਉਸ ਦੇ ਗਲ਼ ਵਿੱਚ ਭਰੇ ਪਏ ਸਨ ਕੁਝ ਪਲ ਤੱਕ ਸੰਘਰਸ਼ ਕਰਦਾ ਰਿਹਾ । ਉਸ ਦਾ ਸਾਹ ਤੇਜ਼ ਹੋ ਗਿਆ, ਸਿਸਕੀਆਂ ਆਉਣ ਲੱਗੀਆਂ, ਫਿਰ ਬੜੀ ਤੇਜ਼ੀ ਨਾਲ ਉਹ ਬਿਨਾਂ ਕੁਝ ਬੋਲੇ ਰੋਣ ਲੱਗਾ... ਹਟਕੋਰਿਆਂ ਨਾਲ ਉਸ ਦਾ ਸਾਰਾ ਸਰੀਰ ਹਿੱਲਣ ਲੱਗਾ, ਤਦ ਉਸ ਦੇ ਦੁਸ਼ਮਣਾਂ ਵਿੱਚ ਜੰਗਲੀ ਮਨੁੱਖਾਂ ਦੇ ਉਤਸਵ ਵਾਂਗ ਅਨੰਦ ਦਾ ਸਾਗਰ ਉਮਡ ਪਿਆ ਅਤੇ ਹੱਥ ਵਿੱਚ ਹੱਥ ਪਾ ਕੇ ਉਸ ਦੇ ਕੋਲ ਹੀ ਘੇਰਾ ਬਣਾ ਕੇ ਨੱਚਣ ਲੱਗੇ । ਨੱਚਦੇ ਨੱਚਦੇ ਉਹ ਗਾਉਂਦੇ ਜਾਂਦੇ ਸਨ "ਕੋਈ ਪਾਪਾ ਨਹੀਂ। ਕੋਈ ਪਾਪਾ ਨਹੀਂ ।"

ਪਰ ਇਕ ਦਮ ਸਾਈਮਨ ਦੇ ਹਟਕੋਰੇ ਬੰਦ ਹੋ ਗਏ । ਗ਼ੁੱਸੇ ਨਾਲ ਉਹ ਬੇਕਾਬੂ ਹੋ ਗਿਆ, ਉਸ ਦੇ ਪੈਰਾਂ ਦੇ ਕੋਲ ਹੀ ਹੇਠਾਂ ਪੱਥਰ ਦੇ ਟੁਕੜੇ ਪਏ ਸਨ, ਉਹ ਉਨ੍ਹਾਂ ਨੂੰ ਚੁੱਕ ਕੇ ਆਪਣੇ ਪੂਰੇ ਜ਼ੋਰ ਨਾਲ ਤੰਗ ਕਰਨ ਵਾਲਿਆਂ ਉੱਪਰ ਸੁੱਟਣ ਲੱਗਾ । ਦੋ ਤਿੰਨ ਨੂੰ ਸੱਟਾਂ ਲੱਗੀਆਂ ਅਤੇ ਉਹ ਚੀਖਦੇ ਹੋਏ ਭੱਜ ਗਏ। ਉਹ ਉਸ ਸਮੇਂ ਇਨ੍ਹਾਂ ਭਿਆਨਕ ਲੱਗ ਰਿਹਾ ਸੀ ਕਿ ਦੂਜੇ ਮੁੰਡੇ ਉਸ ਤੋਂ ਡਰ ਗਏ । ਇਕ ਗ਼ੁੱਸੇ ਵਿੱਚ ਉੱਭਰੇ ਹੋਏ ਵਿਅਕਤੀ ਦੀ ਹਾਜ਼ਰੀ ਵਿੱਚ ਇਕ ਭੀੜ ਵਾਂਗ ਉਹ ਡਰਪੋਕ ਉੱਥੋਂ ਭੱਜ ਗਏ । ਇਕੱਲਾ ਰਹਿ ਜਾਣ 'ਤੇ ਬਿਨਾ ਪਿਤਾ ਦੇ ਉਹ ਬੱਚਾ ਖੇਤਾਂ ਵੱਲ ਦੌੜ ਪਿਆ, ਕਿਉਂਕਿ ਉਸ ਨੂੰ ਕੁਝ ਯਾਦ ਆ ਗਿਆ ਜਿਸ ਨੇ ਉਸ ਦੀ ਆਤਮਾ ਵਿੱਚ ਇਕ ਮਹਾਨ ਨਿਸ਼ਚਾ ਪੈਦਾ ਕਰ ਦਿੱਤਾ ਸੀ । ਉਸ ਨੇ ਦਰਿਆ ਵਿੱਚ ਡੁੱਬ ਮਰਨ ਦਾ ਫ਼ੈਸਲਾ ਕਰ ਲਿਆ।

ਅਸਲ ਵਿੱਚ ਉਸ ਨੂੰ ਚੇਤੇ ਆਇਆ ਕਿ ਇਕ ਵਿਚਾਰਾ ਗ਼ਰੀਬ, ਜੋ ਭੀਖ ਮੰਗ ਕੇ ਗੁਜ਼ਾਰਾ ਕਰਦਾ ਸੀ, ਨਿਰਧਨ ਹੋਣ ਕਾਰਨ ਡੁੱਬ ਮਰਿਆ ਸੀ । ਲੋਕਾਂ ਨੇ ਜਦੋਂ ਉਸ ਨੂੰ ਪਾਣੀ ਤੋਂ ਬਾਹਰ ਕੱਢਿਆ ਤਾਂ ਸਾਈਮਨ ਵੀ ਉੱਥੇ ਸੀ, ਅਤੇ ਉਸ ਨੂੰ

ਜੋ ਬਹੁਤ ਹੀ ਦੁਖੀ ਅਤੇ ਭੈੜੀ ਜਿਹੀ ਸ਼ਕਲ ਦਾ ਲੱਗ ਰਿਹਾ ਸੀ, ਜਿਸ ਦੀਆਂ ਪੀਲੀਆਂ ਗੱਲ੍ਹਾਂ, ਉਸ ਦੀ ਲੰਮੀ ਦਾੜ੍ਹੀ, ਅਤੇ ਖੁੱਲ੍ਹੀਆਂ ਅੱਖਾਂ ਸ਼ਾਂਤਮਈ ਸਨ ਸਾਈਮਨ ਨੂੰ ਬਹੁਤ ਦੁੱਖ ਹੋਇਆ। ਕੋਲ ਖੜ੍ਹੇ ਲੋਕਾਂ ਨੇ ਕਿਹਾ-:

"ਇਹ ਤਾਂ ਮਰ ਗਿਆ।"

ਫਿਰ ਕੋਈ ਦੂਜਾ ਬੋਲਿਆ, “ਹੁਣ ਇਹ ਬਹੁਤ ਖ਼ੁਸ਼ ਹੈ।” ਇਸ ਲਈ ਸਾਈਮਨ ਨੇ ਡੁੱਬ ਮਰਨ ਦੀ ਸੋਚੀ ਕਿਉਂਕਿ ਜਿਵੇਂ ਉਸ ਵਿਚਾਰੇ ਕੋਲ ਧਨ ਨਹੀਂ ਸੀ, ਉਸੇ ਤਰ੍ਹਾਂ ਸਾਈਮਨ ਦੇ ਪਿਤਾ ਨਹੀਂ ਸੀ।

ਨਦੀ ਦੇ ਕਿਨਾਰੇ ਪਹੁੰਚ ਕੇ ਉਹ ਗਹੁ ਨਾਲ ਉਸ ਦਾ ਵਹਾਅ ਵੇਖਣ ਲੱਗਾ। ਕੁਝ ਮੱਛੀਆਂ ਉਸ ਸਾਫ਼ ਧਾਰ ਵਿੱਚ ਤੇਜ਼ੀ ਨਾਲ ਉੱਪਰ ਉੱਠ ਰਹੀਆਂ ਸਨ, ਕਦੀ ਕਦੀ ਉਹ ਛਾਲ ਮਾਰ ਕੇ ਸਤਹਿ ਉੱਪਰ ਉੱਡਦੀਆਂ ਮੱਖੀਆਂ ਨੂੰ ਫੜ ਲੈਂਦੀਆਂ ਸਨ। ਮੱਛੀਆਂ ਦਾ ਇਹ ਖਾਣਾ ਉਸ ਨੂੰ ਬਹੁਤ ਪਸੰਦ ਆਇਆ, ਉਨ੍ਹਾਂ ਨੂੰ ਦੇਖਦਾ ਰਹਿਣ ਕਰਕੇ ਉਸ ਨੇ ਰੋਣਾ ਬੰਦ ਕਰ ਦਿੱਤਾ। ਪਰ ਵਿੱਚ ਵਿੱਚ ਹਨੇਰੀ ਦੇ ਉਨ੍ਹਾਂ ਤੇਜ਼ ਵਹਿਣਾ ਵਾਂਗ ਜਿਹੜੇ ਦਰੱਖ਼ਤਾਂ ਨੂੰ ਪੁੱਟ ਸੁੱਟਦੇ ਹਨ ਅਤੇ ਫਿਰ ਸ਼ਾਂਤ ਹੋ ਜਾਂਦੇ ਹਨ ਉਸ ਦੇ ਮਨ ਵਿੱਚ ਬੜੀ ਚੁਭਨ ਲੈ ਕੇ ਇਹ ਵਿਚਾਰ ਉਠਦਾ,

"ਮੇਰੇ ਬਾਪ ਨਹੀਂ ਹੈ, ਇਸ ਲਈ ਮੈਂ ਡੁੱਬ ਮਰਾਂਗਾ।"

ਉਸ ਦਿਨ ਠੰਢ ਘੱਟ ਸੀ। ਮੌਸਮ ਸੁਹਾਵਣਾ ਸੀ। ਸੂਰਜ ਦੀਆਂ ਸੁਹਾਵਣੀਆਂ ਕਿਰਨਾਂ ਨੇ ਘਾਹ ਨੂੰ ਗਰਮ ਕਰ ਦਿੱਤਾ ਸੀ, ਪਾਣੀ ਸ਼ੀਸ਼ੇ ਵਾਂਗ ਚਮਕ ਰਿਹਾ ਸੀ, ਅਤੇ ਸਾਈਮਨ ਨੇ ਥੋੜ੍ਹਾ ਜਿਹਾ ਸਮਾਂ ਰੋਣ ਤੋਂ ਪਹਿਲਾਂ ਪੈਦਾ ਹੋਣ ਵਾਲੀ ਪ੍ਰਸੰਨਤਾ ਦਾ ਅਨੁਭਵ ਕੀਤਾ। ਦੁਪਹਿਰ ਦੀ ਧੁੱਪ ਵਿੱਚ ਉੱਥੇ ਹੀ ਘਾਹ ’ਤੇ ਸੌਂ ਜਾਣ ਦੀ ਉਸ ਦੀ ਇੱਛਾ ਹੋਈ।

ਉਸ ਦੇ ਪੈਰਾਂ ਕੋਲ ਹੇਠਾਂ ਇਕ ਛੋਟਾ ਜਿਹਾ ਡੱਡ ਉੱਛਲਿਆ। ਉਸ ਨੇ ਉਸ ਨੂੰ ਫੜਨਾ ਚਾਹਿਆ। ਉਹ ਬਚ ਨਿਕਲਿਆ। ਉਸ ਨੇ ਉਸ ਦਾ ਪਿੱਛਾ ਕੀਤਾ ਅਤੇ ਉਹ ਤਿੰਨ ਵਾਰ ਆਪਣੀ ਕੋਸ਼ਿਸ਼ ਵਿੱਚ ਅਸਫ਼ਲ ਰਿਹਾ। ਅਤੇ ਅੰਤ ਵਿੱਚ ਉਸ ਨੇ ਉਸ ਦੀਆਂ ਪਿਛਲੀਆਂ ਟੰਗਾਂ ਫੜ ਹੀ ਲਈਆਂ ਅਤੇ ਉਸ ਦੇ ਛੁਡਾ ਕੇ ਭੱਜ ਜਾਣ ਦੇ ਯਤਨਾਂ ਨੂੰ ਦੇਖਦੇ ਉਹ ਹੱਸਣ ਲੱਗਾ। ਉਹ ਡੱਡ ਆਪਣੀਆਂ ਦੋਹਾਂ ਟੰਗਾਂ ’ਤੇ ਇਕੱਠਾ ਹੋਵੇ ਅਤੇ ਫਿਰ ਇਕ ਦਮ ਉਨ੍ਹਾਂ ਨੂੰ ਇਕ ਤੇਜ਼ ਝਟਕੇ ਨਾਲ ਦੋ ਡੰਡਿਆਂ ਵਾਂਗ ਸਿੱਧਾ ਕਰ ਦਿੰਦਾ।

ਉਸ ਦੀਆਂ ਅੱਖਾਂ ਆਪਦੇ ਦੁਆਲੇ ਸੁਨਹਿਰੀ ਗੋਲ ਚੱਕਰ ਵਿੱਚ ਘੂਰ ਘੂਰ ਕੇ ਦੇਖ ਰਹੀਆਂ ਸਨ ਅਤੇ ਆਪਣੀਆਂ ਅਗਲੀਆਂ ਲੱਤਾਂ ਨੂੰ ਉਹ ਬਾਰ ਬਾਰ ਪਟਕ ਰਿਹਾ ਸੀ । ਉਸ ਨੂੰ ਦੇਖ ਕੇ ਉਸ ਨੂੰ ਇਕ ਕੁੜੀ ਦੇ ਖਿਡੌਣੇ ਦੀ, ਜੋ ਕਿਲ ਨਾਲ ਠੁਕਿਆ ਹੁੰਦਾ ਹੈ ਅਤੇ ਉਸ ਵਿੱਚ ਬੰਨ੍ਹਿਆਂ ਹੋਇਆ ਇਕ ਛੋਟਾ ਜਿਹਾ ਸਿਪਾਹੀ ਉਸੇ ਵਾਂਗ ਕਦੀ ਹੇਠ ਕਦੀ ਉੱਪਰ ਆਉਂਦਾ ਜਾਂਦਾ ਹੈ, ਯਾਦ ਆ ਗਿਆ। ਫਿਰ ਉਸ ਨੂੰ ਆਪਣੇ ਘਰ ਅਤੇ ਆਪਣੀ ਮਾਂ ਦਾ ਖ਼ਿਆਲ ਆਇਆ ਅਤੇ ਉਹ ਦੁਖੀ ਹੋ ਕੇ ਫਿਰ ਰੋਣ ਲੱਗ ਗਿਆ। ਉਸ ਦੇ ਹੋਂਠ ਕੰਬੇ ਅਤੇ ਉਸ ਨੇ ਗੋਡਿਆਂ ਭਾਰ ਬੈਠ ਕੇ ਸੌਂਣ ਤੋਂ ਪਹਿਲਾਂ ਕੀਤੀ ਜਾਣ ਵਾਲੀ ਪ੍ਰਾਰਥਨਾ ਕੀਤੀ, ਪਰ ਤੇਜ਼ ਲੰਬੀਆਂ ਲੰਬੀਆਂ ਹਿਚਕੀਆਂ ਦੇ ਕਾਰਨ ਉਹ ਇੰਨਾ ਤੇਜ਼ ਹੋ ਗਿਆ ਕਿ ਉਹ ਪ੍ਰਾਰਥਨਾਵਾਂ ਪੂਰੀਆਂ ਨਹੀਂ ਕਰ ਸਕਿਆ। ਉਹ ਹੋਰ ਕੁਝ ਨਾ ਸੋਚ ਸਕਿਆ । ਉਸ ਨੂੰ ਆਪਣੇ ਆਸੇ ਪਾਸੇ ਹੀ ਕਿਸੇ ਚੀਜ਼ ਦੀ ਹੋਸ਼ ਨਾ ਰਹੀ ਅਤੇ ਬੜੇ ਜ਼ੋਰ ਨਾਲ ਹੰਝੂ ਬਹਾਉਣ ਲੱਗਾ।

ਇਕਦਮ ਉਸ ਦੇ ਮੋਢੇ ’ਤੇ ਕਿਸੇ ਨੇ ਆਪਣਾ ਭਾਰੀ ਹੱਥ ਰੱਖਿਆ, ਅਤੇ ਮੋਟੀ ਰੁੱਖੀ ਆਵਾਜ਼ ਵਿੱਚ ਪੁੱਛਿਆ-:

ਮੇਰੇ ਦੋਸਤ, ਤੂੰ ਕਿਉਂ ਦੁਖੀ ਹੋ ਰਿਹਾ ਹੈਂ ? ਸਾਈਮਨ ਨੇ ਮੁੜ ਕੇ ਵੇਖਿਆ। ਇਕ ਲੰਬਾ ਤਕੜਾ, ਕਾਲੀ ਦਾੜ੍ਹੀ ਅਤੇ ਘੁੰਗਰਾਲੇ ਵਾਲ਼ਾਂ ਵਾਲਾ ਮਜ਼ਦੂਰ ਉਸ ਵੱਲ ਹਮਦਰਦੀ ਵਾਲੀਆਂ ਨਜ਼ਰਾਂ ਨਾਲ ਵੇਖ ਰਿਹਾ ਸੀ । ਉਸ ਨੇ ਹੰਝੂ ਭਰੀਆਂ ਅੱਖਾਂ ਅਤੇ ਦੱਬੀ ਹੋਈ ਆਵਾਜ਼ ਵਿੱਚ ਕਿਹਾ-: "ਮੁੰਡਿਆ ਨੇ ਮੈਨੂੰ ਕੁੱਟਿਆ ਹੈ ਕਿਉਂਕਿ ਮੇਰੇ ....ਮੇਰੇ ਬਾਪ ਨਹੀਂ ਹੈ, ਕੋਈ ਬਾਪ ਨਹੀਂ ਹੈ।”

"ਕੀ ?" ਉਸ ਆਦਮੀ ਨੇ ਹੱਸਦੇ ਹੋਏ ਕਿਹਾ—ਓ ਬਾਪ ਤਾਂ ਹਰ ਕਿਸੇ ਦਾ ਕੋਈ ਨਾ ਕੋਈ ਹੁੰਦਾ ਹੀ ਹੈ।"

ਬੱਚੇ ਨੇ ਦੁੱਖੀ ਹੋ ਕੇ, ਦੁੱਖੀ ਅਵਾਜ਼ ਵਿੱਚ ਕਿਹਾ-:

"ਪਰ ਮੇਰੇ-ਮੇਰੇ -ਮੇਰੇ ਬਾਪ ਕੋਈ ਨਹੀਂ ਹੈ ।”

ਮਜ਼ਦੂਰ ਗੰਭੀਰ ਹੋ ਗਿਆ। ਉਸ ਨੇ ਬਲਾਚੋਟੇ ਦੇ ਮੁੰਡੇ ਨੂੰ ਸਿਆਣ ਲਿਆ। ਭਾਵੇਂ ਉਹ ਉਸ ਦੇ ਗੁਆਂਢ ਵਿੱਚ ਹਾਲੀ ਥੋੜ੍ਹੇ ਦਿਨਾਂ ਤੋਂ ਹੀ ਆਇਆ ਸੀ ਪਰ ਫਿਰ ਵੀ ਉਸ ਦੇ ਇਤਿਹਾਸ ਦਾ ਉਸ ਨੂੰ ਥੋੜ੍ਹਾ ਜਿਹਾ ਪਤਾ ਸੀ ।

"ਅੱਛਾ ਤੂੰ ਹੌਸਲਾ ਕਰ ਕਾਕਾ, ਅਤੇ ਮੇਰੇ ਨਾਲ ਆਪਣੀ ਮਾਂ ਕੋਲ ਘਰ ਚੱਲ, ਉੱਥੇ ਤੇਰੇ ਬਾਪ ਦਾ ਪਤਾ ਲੱਗ ਜਾਵੇਗਾ ।" ਅਤੇ ਉਹ ਘਰ ਚਲੇ ਗਏ-ਵੱਡੇ ਨੇ ਛੋਟੇ ਦਾ ਹੱਥ ਫੜਿਆ ਹੋਇਆ ਸੀ । ਉਹ ਆਦਮੀ ਖ਼ੁਸ਼ ਹੋ ਕੇ ਮੁਸਕਰਾਇਆ, ਕਿਉਂਕਿ ਉਸ ਨੂੰ ਉਸ ਬਲਾਚੋਟੇ ਦੇ ਕੋਲ ਜਾਣ ਵਿੱਚ ਜੋ ਕਿ ਲੋਕਾਂ ਦੀ ਨਜ਼ਰ ਵਿੱਚ ਪਿੰਡ ਦੀਆਂ ਕੁੜੀਆਂ ਵਿੱਚ ਸਭ ਤੋਂ ਵੱਧ ਸੁੰਦਰ ਸੀ, ਕੋਈ ਔਖ ਮਹਿਸੂਸ ਨਹੀਂ ਹੋਈ ਅਤੇ, ਸ਼ਾਇਦ ਆਪਣੇ ਅੰਤਰ ਮਨ ਵਿੱਚ ਉਸ ਨੇ ਸੋਚਿਆ ਸੀ ਕਿ ਇਕ ਕੁੜੀ ਜੋ ਇਕ ਬਾਰ ਗ਼ਲਤੀ ਕਰ ਚੁੱਕੀ ਸੀ ਫਿਰ ਦੁਬਾਰਾ ਬੜੀ ਅਸਾਨੀ ਨਾਲ ਗ਼ਲਤੀ ਕਰ ਸਕਦੀ ਸੀ ।

ਉਹ ਬਹੁਤ ਸਫ਼ੈਦ ਅਤੇ ਛੋਟੇ ਮਕਾਨ ਦੇ ਸਾਹਮਣੇ ਪਹੁੰਚੇ ।

ਉਹ ਸੀ ।" "ਮੁੰਡਾ ਚੀਕਿਆ । ਉਸ ਨੇ ਕਿਹਾ" ਮਾਂ । "ਇਕ ਔਰਤ ਨਿਕਲੀ, ਮਜ਼ਦੂਰ ਦੇ ਮੂੰਹ ਤੋਂ ਹਾਸੀ ਉੱਡ ਗਈ ਕਿਉਂਕਿ ਉਸ ਨੇ ਇਕਦਮ ਅਨੁਭਵ ਕਰ ਲਿਆ ਕਿ ਉਸ ਪਤਲੀ, ਲੰਬੀ ਪੀਲੀ ਕੁੜੀ ਨੂੰ ਮੂਰਖ ਬਣਾਉਣਾ ਅਸੰਭਵ ਸੀ, ਜਿਹੜੀ ਕਿ ਆਪਣੇ ਮਕਾਨ ਦੇ ਦਰਵਾਜ਼ੇ ਤੇ ਦ੍ਰਿੜ੍ਹਤਾਪੂਰਵਕ ਖੜ੍ਹੀ ਸੀ ਜਿਵੇਂ ਉਹ ਆਪਣੇ ਉਸ ਮਕਾਨ ਦੀ ਦਹਿਲੀਜ਼ ਦੀ ਰਾਖੀ ਕਰਨ ਲਈ ਤਿਆਰ ਕਿ ਖੜੀ ਸੀ ਜਿਸ ਨੂੰ ਧੋਖਾ ਦੇ ਗਿਆ ਸੀ ।

ਉਸ ਨੇ ਆਪਣੀ ਟੋਪੀ ਹੱਥ ਵਿੱਚ ਲਈ ਅਤੇ ਬੋਲਿਆ-

"ਦੇਖਣਾ, ਸ੍ਰੀਮਤੀ ਜੀ, ਮੈਂ ਤੁਹਾਡੇ ਬੱਚੇ ਨੂੰ ਵਾਪਸ ਲਿਆਇਆ ਹਾਂ । ਇਹ ਨਦੀ ਕਿਨਾਰੇ ਖੋ ਗਿਆ ਸੀ ।"

ਪਰ ਸਾਈਮਨ ਆਪਣੀ ਮਾਂ ਦੀ ਗਰਦਨ ਵਿੱਚ ਬਾਂਹ ਪਾ ਕੇ ਫਿਰ ਰੋਣ ਲੱਗਾ ਅਤੇ ਬੋਲਿਆ : ਨਹੀਂ ਮਾਂ ਮੈਂ ਡੁੱਬ ਜਾਣਾ ਚਾਹੁੰਦਾ ਸੀ । ਕਿਉਂਕਿ ਦੂਜੇ ਮੁੰਡਿਆ ਨੇ ਮੈਨੂੰ ਇਸ ਲਈ ...ਮਾਰਿਆ ਸੀ ਕਿ ਮੇਰੇ ਬਾਪ ਨਹੀਂ ਹੈ....

ਉਸ ਮੁਟਿਆਰ ਦੀਆਂ ਗਲ੍ਹਾਂ 'ਤੇ ਤੇਜ਼ ਲਾਲੀ ਛਾ ਗਈ ਅਤੇ ਇਕਦਮ ਦੁੱਖੀ ਹੋ ਕੇ ਉਸ ਨੇ ਆਪਣੇ ਬੱਚੇ ਨੂੰ ਛਾਤੀ ਨਾਲ ਲਾ ਕੇ ਘੁੱਟ ਲਿਆ। ਉਸ ਦੇ ਨੇਤਰਾਂ ਵਿੱਚੋਂ ਹੰਝੂ ਵਗਣ ਲੱਗ ਪਏ । ਉਹ ਆਦਮੀ ਵੀ ਹਮਦਰਦੀ ਵਿੱਚ ਡੁੱਬਿਆ ਹੋਇਆ ਉੱਥੇ ਖੜ੍ਹਾ ਸੀ । ਉਸ ਨੂੰ ਇਹ ਨਹੀਂ ਸੀ ਪਤਾ ਲੱਗ ਰਿਹਾ ਕਿ ਕੀ ਕਹਿ ਕੇ ਮੁੜਿਆ ਜਾਵੇ । ਇਕਦਮ ਸਾਈਮਨ ਭੱਜ ਕੇ ਉਸ ਕੋਲ- ਆਇਆ ਅਤੇ ਬੋਲਿਆ-:

"ਕੀ ਤੁਸੀਂ ਮੇਰੇ ਬਾਪ ਬਣੋਗੇ ?"

ਇਕ ਗੰਭੀਰ ਚੁੱਪ ਛਾ ਗਈ । ਸ਼ਰਮ ਨਾਲ ਚੁੱਪ ਹੋ ਕੇ ਲਾ-ਬਲਾਚੋਟੇ ਆਪਣੇ ਹੱਥਾਂ ਨੂੰ ਆਪਣੀ ਛਾਤੀ 'ਤੇ ਰੱਖ ਕੇ ਦੀਵਾਰ ਦੇ ਸਹਾਰੇ ਝੁਕ ਗਈ । ਮੁੰਡੇ ਨੇ ਕੋਈ ਜਵਾਬ ਨਾ ਮਿਲਣ 'ਤੇ ਕਿਹਾ:-

"ਜੇ ਤੁਹਾਡੀ ਮਰਜ਼ੀ ਨਹੀਂ ਹੈ ਤਾਂ ਮੈਂ ਹੁਣੇ ਮੁੜ ਕੇ ਚਲਾ ਜਾਵਾਂਗਾ ਅਤੇ ਡੁੱਬ ਮਰਾਂਗਾ। "ਮਜ਼ਦੂਰ ਨੇ ਗੱਲ ਨੂੰ ਦਿਲ ਲੱਗੀ ਸਮਝ ਕੇ ਹੱਸ ਕੇ ਕਿਹਾ-:

"ਹੈਂ ਮੈਂ ਜ਼ਰੂਰ ਬਣਾਂਗਾ ।'

"ਤਾਂ ਫਿਰ ਤੁਹਾਡਾ ਕੀ ਨਾਂ ਹੈ-ਮੈਨੂੰ ਆਪਣਾ ਨਾਂ ਦੱਸ ਦਿਓ ਤਾਂ ਜੋ ਮੈਂ ਉਨ੍ਹਾਂ ਦੇ ਪੁੱਛਣ 'ਤੇ ਉਨ੍ਹਾਂ ਨੂੰ ਦੱਸ ਸਕਾਂ ?" ਬੱਚੇ ਨੇ ਕਿਹਾ "

"ਫ਼ਿਲਪ । "ਉਸ ਆਦਮੀ ਨੇ ਜਵਾਬ ਦਿੱਤਾ ।

ਸਾਈਮਨ ਉਸ ਨਾਂ ਨੂੰ ਚੰਗੀ ਤਰ੍ਹਾਂ ਆਪਣੇ ਮਨ ਵਿੱਚ ਬਿਠਾ ਲੈਣਾ ਚਾਹੁੰਦਾ ਸੀ । ਇਸ ਤਰ੍ਹਾਂ ਉਹ ਇਕ ਪਲ਼ ਚੁੱਪ ਰਿਹਾ, ਫਿਰ ਉਸ ਨੇ ਆਪਣੇ ਹੱਥ ਫਲਾਂਦੇ ਹੋਏ ਪੂਰਣ ਸੰਤੁਸ਼ਟ ਹੋ ਕੇ ਕਿਹਾ:

"ਤਾਂ ਫਿਲਪ, ਤੁਸੀਂ ਮੇਰੇ ਬਾਪ ਹੋ ।"

ਮਜ਼ਦੂਰ ਨੇ ਉਸ ਨੂੰ ਗੋਦੀ ਵਿੱਚ ਚੁੱਕਿਆ ਅਤੇ ਉਸ ਦੀਆਂ ਦੋਨਾਂ ਗਲ੍ਹਾਂ ਨੂੰ ਚੁੰਮ ਕੇ ਉਸ ਨੂੰ ਛੇਤੀ ਨਾਲ ਚਲਾ ਗਿਆ ।

ਦੂਜੇ ਦਿਨ ਜਦੋਂ ਬੱਚਾ ਸਕੂਲ ਪੁੱਜਾ ਤਾਂ ਉਸ ਦਾ ਸੁਆਗਤ ਘਿਣਾਉਣੀ ਹਾਸੀ ਨਾਲ ਕੀਤਾ ਗਿਆ, ਅਤੇ ਸਕੂਲ ਦੇ ਬੰਦ ਹੋਣ 'ਤੇ ਜਦੋਂ ਮੁੰਡੇ ਫਿਰ ਤੋਂ ਕੱਲ੍ਹ ਦੀ ਘਟਨਾ ਨੂੰ ਦੁਹਰਾਉਣ ਵਾਲੇ ਸਨ ਸਾਈਮਨ ਨੇ ਉਨ੍ਹਾਂ ਲੋਕਾਂ ਨੂੰ ਇਸ ਤਰ੍ਹਾਂ ਕਿਹਾ ਜਿਵੇਂ ਕਿ ਉਹ ਪੱਥਰ ਸੁੱਟ ਰਿਹਾ ਹੋਵੇ ਮੇਰੇ ਬਾਪ ਦਾ ਨਾਂ ਫਿਲਪ ਹੈ ।"

ਚਾਰੇ ਪਾਸਿਆਂ ਤੋਂ ਹਾਸਾ ਗੂੰਜ਼ ਉੱਠਿਆ।

"ਕੌਣ ਫਿਲਪ ? ਫਿਲਪ ਦਾ ਕੀ ਮਤਲਬ? ਦੁਨੀਆ ਵਿੱਚ ਫਿਲਪ ਕਿਸ ਨੂੰ ਕਹਿੰਦੇ ਹਨ ? ਇਹ ਆਪਣਾ ਫਿਲਪ ਕਿੱਥੋਂ ਚੁੱਕ ਲਿਆਂਦਾ ?"

ਸਾਈਮਨ ਨੇ ਕੋਈ ਉਤਰ ਨਾ ਦਿੱਤਾ, ਅਤੇ ਅਡੋਲ ਭਰੋਸੇ ਨਾਲ ਉਸ ਨੇ ਆਪਣੀਆਂ ਅੱਖਾਂ ਵਿੱਚ ਉਨ੍ਹਾਂ ਸਾਰਿਆਂ ਦਾ ਵਿਰੋਧ ਕੀਤਾ-ਉਹ ਉਨ੍ਹਾਂ ਦੇ ਅੱਗੋਂ ਭੱਜ ਜਾਣ ਨਾਲੋਂ ਤਾਂ ਮਰਨਾ ਚੰਗਾ ਸਮਝਦਾ ਸੀ । ਸਕੂਲ ਦੇ ਮਾਸਟਰ ਨੇ ਉਸ ਨੂੰ ਬਚਾ ਦਿੱਤਾ ਅਤੇ ਉਹ ਆਪਣੀ ਮਾਂ ਕੋਲ ਘਰ ਮੁੜ ਗਿਆ ।

ਤਿੰਨ ਮਹੀਨੇ ਤੱਕ ਉਹ ਲੰਬਾ ਮਜ਼ਦੂਰ, ਫਿਲਪ, ਆਮ ਕਰਕੇ ਲਾ-ਬਲਾਚੋਟੇ ਦੇ ਮਕਾਨ ਅੱਗੇ ਦੀ ਹੋ ਕੇ ਲੰਘਦਾ ਰਿਹਾ ਅਤੇ ਕਦੇ ਕਦੇ ਜਦੋਂ ਉਹ ਖਿੜਕੀ ਦੇ ਕੋਲ ਬੈਠੀ ਹੋਈ, ਕੁਝ ਸਿਉਂਦੀ ਪਰੋਂਦੀ ਹੁੰਦੀ ਤਾਂ ਹੌਸਲਾ ਕਰਕੇ ਉਸ ਨਾਲ ਬੋਲ ਵੀ ਲੈਂਦਾ ਉਹ ਸਦਾ ਉਸ ਨਾਲ ਸਾਇਸ਼ਤਗੀ ਅਤੇ ਸੰਜੀਦਗੀ ਨਾਲ ਗੱਲ ਕਰਦੀ ਅਤੇ ਨਾ ਤਾਂ ਕਦੀ ਉਸ ਨਾਲ ਮਜ਼ਾਕ ਕਰਦੀ ਅਤੇ ਨਾਂ ਉਸ ਨੂੰ ਘਰ ਵਿੱਚ ਹੀ ਆਉਣ ਦਿੰਦੀ।

ਇਸ ਦੀ ਪਰਵਾਹ ਕੀਤੇ ਬਿਨਾਂ ਹੀ ਉਹ ਹੋਰ ਆਦਮੀਆਂ ਵਾਂਗ ਹੀ ਕੁਝ ਸਾਡਾ ਹੋਣ ਕਰਕੇ ਸੋਚਦਾ ਕਿ ਜਦੋਂ ਵੀ ਉਹ ਉਸ ਨਾਲ ਗੱਲਾਂ ਕਰਦੀ ਸੀ ਤਦ ਹੀ ਉਹ ਪਹਿਲਾਂ ਨਾਲੋਂ ਵਧੇਰੇ ਲਾਲ ਹੋ ਜਾਂਦਾ ਸੀ ।

ਪਰ ਇਕ ਵਾਰ ਇੱਜ਼ਤ ’ਤੇ ਦਾਗ਼ ਲੱਗ ਜਾਣ ਨਾਲ ਇਹ ਇੰਨੀ ਕਮਜ਼ੋਰ ਹੋ ਜਾਂਦੀ ਹੈ ਕਿ ਉਸ ਸ਼ਰਮਾਕਲ ਲਾ-ਬਲਾਚੋਟੇ ਦੇ ਇੰਨਾ ਸੰਭਲ਼ ਕੇ ਚੱਲਣ ’ਤੇ ਵੀ ਆਂਢ-ਗੁਆਂਢ ਵਿੱਚ ਦੰਦ-ਕਥਾਵਾਂ ਪ੍ਰਚੱਲਿਤ ਹੋਣ ਲੱਗੀਆਂ।

ਜਿੱਥੋਂ ਤੱਕ ਸਾਈਮਨ ਦੀ ਗੱਲ ਸੀ ਉਹ ਆਪਣੇ ਨਵੇਂ ਬਾਪ ਦਾ ਬਹੁਤ ਸ਼ੌਕੀਨ ਸੀ; ਅਤੇ ਲਗਭਗ ਹਰ ਰੋਜ਼ ਸ਼ਾਮ ਨੂੰ ਜਦੋਂ ਦਿਨ ਦਾ ਸਭ ਕੰਮ ਮੁੱਕ ਜਾਂਦਾ ਤਦ ਉਸ ਨਾਲ ਘੁੰਮਣ ਜਾਂਦਾ । ਉਹ ਲਗਾਤਾਰ ਸਕੂਲ ਜਾਂਦਾ ਅਤੇ ਬੜੀ ਸ਼ਾਨ ਨਾਲ ਉਨ੍ਹਾਂ ਬੱਚਿਆਂ ਵਿੱਚ ਖੇਡਦਾ ਪਰੰਤੂ ਉਨ੍ਹਾਂ ਨੂੰ ਉਹ ਕਦੀ ਉੱਤਰ ਨਹੀਂ ਦਿੰਦਾ ਸੀ ।

ਇਕ ਦਿਨ, ਉਸ ਮੁੰਡੇ ਨੇ ਜਿਸ ਨੇ ਉਸ ਤੋਂ ਪਹਿਲਾਂ ਹਮਲਾ ਕੀਤਾ

ਸੀ, ਕਿਸੇ ਤਰ੍ਹਾਂ

"ਤੂੰ ਝੂਠ ਕਿਹਾ ਸੀ, ਤੇਰਾ ਫਿਲਪ ਨਾਂ ਦਾ ਕੋਈ ਬਾਪ ਨਹੀਂ ।"

ਤੂੰ ਇਹ ਕਿਵੇਂ ਕਹਿ ਸਕਦਾ ਹੈਂ ? ਸਾਈਮਨ ਨੇ ਬੜਾ ਪ੍ਰੇਸ਼ਾਨ ਹੋ ਕੇ ਪੁੱਛਿਆ।

ਉਸ ਮੁੰਡੇ ਨੇ ਆਪਣੇ ਹੱਥ ਮਲ਼ੇ ਅਤੇ ਬੋਲਿਆ:-

"ਕਿਉਂਕਿ ਤੇਰਾ ਕੋਈ ਬਾਪ ਹੁੰਦਾ ਤਾਂ ਉਹ ਤੇਰੀ ਮਾਂ ਦਾ ਪਤੀ ਹੁੰਦਾ ।

ਸਾਈਮਨ ਇਸ ਤਰਕ ਦੀ ਸੱਚਾਈ ਨਾਲ ਹੈਰਾਨ ਹੋਇਆ ਤੇ ਠਠੰਬਰ ਗਿਆ ਪਰ ਫਿਰ ਵੀ ਬੋਲਿਆ :-

"ਇਸ ਨਾਲ ਕੀ ਹੁੰਦਾ ਹੈ, ਉਹ ਮੇਰਾ ਬਾਪ ਤਾਂ ਹੈ ਹੀ ।"

"ਹਾਂ, ਹੋ ਸਕਦਾ ਹੈ, ਪਰ ਇਸ ਨਾਲ ਉਹ ਪੂਰਾ ਬਾਪ ਨਹੀਂ ਹੋ ਸਕਦਾ । " ਮੁੰਡੇ ਨੇ ਮੂੰਹ ਬਣਾ ਕੇ ਉਸ ਨੂੰ ਚਿੜਾ ਕੇ ਕਿਹਾ।

ਲਾ-ਬਲਾਚੋਟੇ ਨੇ ਆਪਣਾ ਸਿਰ ਝੁਕਾਇਆ ਅਤੇ ਬੁੱਢੇ ਲਾਇਜ਼ਨ ਦੀ ਭੱਠੀ ਵੱਲ ਜਿੱਥੇ ਫਿਲਪ ਕੰਮ ਕਰਦਾ ਸੀ, ਸੋਚ ਵਿੱਚ ਡੁੱਬਾ ਚੱਲ ਪਿਆ।

ਭੱਠੀ ਦਰੱਖ਼ਤਾਂ ਵਿੱਚ ਲੁੱਕੀ ਹੋਈ ਸੀ। ਉੱਥੇ ਬਹੁਤ ਹਨੇਰਾ ਸੀ, ਬਲਦੀ ਹੋਈ ਭੱਠੀ ਤੋਂ ਨਿਕਲਣ ਵਾਲੀ ਰੌਸ਼ਨੀ ਹੀ ਉੱਥੇ ਕੰਮ ਕਰਨ ਵਾਲੇ ਪੰਜਾਂ ਲੁਹਾਰਾਂ ਉੱਤੇ ਆਪਣੇ ਝਲਕਾਰੇ ਨਾਲ ਚਾਨਣ ਕਰਦੀ ਸੀ। ਜੋ ਆਪਣੀਆਂ ਆਹਰਨਾਂ-ਭਿਆਨਕ ਸ਼ੋਰ ਨਾਲ ਕੰਮ ਕਰਦੇ ਸਨ, ਉਸ ਲਾਲ ਰੌਸ਼ਨੀ ਵਿੱਚ ਘਿਰੇ ਹੋਏ ਉਹ ਦੈਂਤਾਂ ਵਾਂਗ, ਉਸ ਲਾਲ ਲਾਲ ਗਰਮ ਲੋਹੇ ’ਤੇ, ਜਿਸ ਨੂੰ ਉਹ ਢਾਲਦੇ ਸਨ, ਆਪਣੀਆਂ ਅੱਖਾਂ ਗੱਡੀ ਕੰਮ ਕਰਦੇ ਸਨ ਅਤੇ ਉਨ੍ਹਾਂ ਦੇ ਸੁਸਤ ਵਿਚਾਰ ਉਨ੍ਹਾਂ ਦੇ ਹਥੌੜੇ ਦੇ ਉੱਠਣ ’ਤੇ ਡਿੱਗਣ ਦੇ ਨਾਲ ਨਾਲ ਹੀ ਪੈਦਾ ਹੁੰਦੇ ਅਤੇ ਖ਼ਤਮ ਹੁੰਦੇ ਰਹਿੰਦੇ ਸਨ।

ਸਾਈਮਨ ਚੁੱਪ ਚਾਪ ਉੱਥੇ ਜਾ ਵੜਿਆ ਸੀ-ਉਸ ਨੇ ਜਾ ਕੇ ਆਪਣੇ ਮਿੱਤਰਾਂ ਦੇ ਕੁੜਤੇ ਦੀ ਬਾਂਹ ਫੜ ਲਈ। ਫਿਲਪ ਨੇ ਪਿੱਛੇ ਮੁੜ ਕੇ ਵੇਖਿਆ, ਉਸੇ ਵੇਲ਼ੇ ਕੰਮ ਬੰਦ ਹੋ ਗਿਆ ਅਤੇ ਸਾਰੇ ਲੋਕ ਹੀ ਉੱਧਰ ਬੜੇ ਧਿਆਨ ਨਾਲ ਵੇਖਣ ਲੱਗੇ। ਤਦ ਉਸ ਚੁੱਪਚਾਪ ਸਨਾਟ ਵਿੱਚੋਂ ਸਾਈਮਨ ਦੀ ਬੰਸਰੀ ਵਰਗੀ ਆਵਾਜ਼ ਆਈ।

"ਫਿਲਪ, ਮੈਨੂੰ ਇਹ ਦਸ ਕਿ ਲਾ ਬਲਾਚੋਟੇ ਦੇ ਇਕ ਮੁੰਡੇ ਨੇ ਕਿਹਾ ਹੈ ਕਿ ਤੂੰ ਪੂਰਨ ਰੂਪ ਵਿੱਚ ਮੇਰਾ ਬਾਪ ਨਹੀਂ ਹੈਂ।"

"ਅਜਿਹਾ ਕਿਉਂ ?" ਲੁਹਾਰ ਨੇ ਪੁੱਛਿਆ।

ਬੱਚੇ ਨੇ ਭੋਲ਼ੇਪਣ ਨਾਲ ਉੱਤਰ ਦਿੱਤਾ:

ਕਿਉਂਕਿ ਤੁਸੀਂ ਮੇਰੀ ਮਾਂ ਦੇ ਪਤੀ ਨਹੀਂ ਹੋ। ਕੋਈ ਹੱਸਿਆ ਨਹੀਂ। ਫਿਲਪ ਆਪਣੇ ਵੱਡੇ ਵੱਡੇ ਹੱਥ ਵੱਡੇ ਹਥੌੜੇ ਉੱਤੇ ਰੱਖੇ ਹੋਏ ਸਨ, ਉਨ੍ਹਾਂ ਦੇ ਪੁੱਠੇ ਪਾਸੇ ਨਾਲ ਸੀ, ਆਪਣਾ ਮੱਥਾ ਲਾ ਕੇ ਛੋਟੇ ਜਿਹੇ ਫੁੱਲ ਵਾਂਗ ਖੜ੍ਹਾ, ਰਿਹਾ। ਉਹ ਵਿਚਾਰਾਂ ਵਿੱਚ ਖੋ ਗਿਆ ਸੀ। ਉਸ ਦੇ ਚਾਰੇ ਸਾਥੀ ਦੇਸ਼ ਨੂੰ ਵੇਖ ਰਹੇ ਸਨ ਅਤੇ ਇਨ੍ਹਾਂ ਦੈਂਤਾਂ ਵਿੱਚ ਇਕ ਛੋਟੇ ਜਿਹੇ ਫੁੱਲ ਵਾਂਗ ਸਾਈਮਨ ਉਤਸੁਕਤਾ ਨਾਲ ਉਡੀਕ ਕਰਨ ਲੱਗਾ ਇਕਦਮ ਉਨ੍ਹਾਂ ਲੁਹਾਰਾ ਵਿੱਚੋਂ ਇਕ ਨੇ ਸਭ ਦੀ ਹਮਦਰਦੀ ਨੂੰ ਸ਼ਬਦਾਂ ਵਿੱਚ ਪ੍ਰਗਟ ਕਰਦੇ ਹੋਏ ਫਿਲਪ ਨੂੰ ਕਿਹਾ-

'ਲਾ-ਬਲਾਚੋਟੇ ਚੰਗੀ ਅਤੇ ਇਮਾਨਦਾਰ ਕੁੜੀ ਹੈ ਕਸ਼ਟ ਦੇ ਸਮੇਂ ਦੇ ਬਾਵਜੂਦ ਵੀ ਉਹ ਬਹਾਦਰ ਅਤੇ ਮਿਹਨਤੀ ਹੈ ਅਤੇ ਉਹ ਇਕ ਇਮਾਨਦਾਰ ਆਦਮੀ ਦੀ ਯੋਗ ਪਤਨੀ ਸਿੱਧ ਹੋਵੇਗੀ।"

"ਇਹ ਗੱਲ ਠੀਕ ਹੈ । ਦੂਜੇ ਤਿੰਨਾਂ ਨੇ ਉਸ ਦੀ ਪੁਸ਼ਟੀ ਕੀਤੀ। ਲੁਹਾਰ ਕਹਿੰਦਾ ਰਿਹਾ -: ਇਹ ਲੜਕੀ ਦੀ ਗ਼ਲਤੀ ਤਾਂ ਨਹੀਂ ਕਿ ਉਹ ਪਤਿਤ ਹੋ ਗਈ । ਉਸ ਨਾਲ ਵਿਆਹ ਦਾ ਕਾਇਦਾ ਕੀਤਾ ਗਿਆ ਸੀ, ਅਤੇ ਮੈਂ ਅਜਿਹੀਆਂ ਦੋ-ਚਾਰ ਕੁੜੀਆਂ ਦਾ ਨਾਂ ਲੈ ਸਕਦਾ ਹਾਂ ਜਿਨ੍ਹਾਂ ਨੂੰ ਉਸ ਵਰਗਾ ਹੀ ਪਾਪ ਕੀਤਾ ਸੀ ਪਰੰਤੂ ਅੱਜ ਉਨ੍ਹਾਂ ਦਾ ਬਹੁਤ ਆਦਰ ਹੁੰਦਾ ਹੈ।

"ਇਹ ਗੱਲ ਠੀਕ ਹੈ ।" ਬਾਕੀ ਤਿੰਨਾਂ ਨੇ ਇਕ ਸਾਥ ਕਿਹਾ। ਉਹ ਕਹਿੰਦਾ ਰਿਹਾ: "ਵਿਚਾਰੀ ਨੂੰ ਆਪਣੇ ਮੁੰਡੇ ਨੂੰ ਪੜ੍ਹਾਉਣ ਲਈ ਇਕੱਲਿਆਂ ਹੀ ਕਿੰਨੀ ਮਿਹਨਤ ਕਰਨੀ ਪੈਂਦੀ ਹੈ । ਉਦੋਂ ਦੀ ਉਹ ਕਿੰਨੀ ਰੋਈ ਹੈ ਅਤੇ ਰੱਬ ਜਾਣਦਾ ਹੈ ਕਿ ਉਹ ਗਿਰਜਾਘਰ ਨੂੰ ਛੱਡ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ ।"

"ਇਹ ਵੀ ਠੀਕ ਗੱਲ ਹੈ ।" ਦੂਜਿਆਂ ਨੇ ਕਿਹਾ ।

ਉਦੋਂ ਧੋਕਣੀ ਤੋਂ ਬਿਨਾਂ ਜੋ ਅੱਗ ਤੇਜ਼ ਕਰਨ ਲਈ ਚਲਾਈ ਗਈ ਸੀ ਹੋਰ ਕੋਈ ਆਵਾਜ਼ ਸੁਣਾਈ ਨਹੀਂ ਦੇਂਦੀ ਸੀ । ਛੇਤੀ ਨਾਲ ਫਿਲਪ ਸਾਈਮਨ ਵੱਲ ਝੁਕਿਆ: -

"ਜਾਹ ਅਤੇ ਆਪਣੀ ਮਾਂ ਨੂੰ ਕਹਿ ਦੇ ਕਿ ਮੈਂ ਉਸ ਨਾਲ ਗੱਲ ਕਰਨ ਆਵਾਂਗਾ ।"

ਤਦ ਉਸ ਨੇ ਬੱਚੇ ਨੂੰ ਮੋਢਿਆਂ ਤੋਂ ਫੜ ਕੇ ਬਾਹਰ ਵੱਲ ਤੋਰ ਦਿੱਤਾ, ਉਹ ਆਪਣੇ ਕੰਮ ਵਿੱਚ ਲੱਗ ਗਿਆ, ਅਤੇ ਫਿਰ ਇੱਕੋ ਸਮੇਂ ਇਕ ਆਵਾਜ਼ ਵਿੱਚ ਪੰਜਾਂ ਹਥੌੜਿਆਂ ਦੀਆਂ ਆਹਰਨ ਤੋਂ ਸੱਟਾਂ ਪੈਣ ਲੱਗੀਆਂ । ਇਸੇ ਤਰ੍ਹਾਂ ਰਾਤ ਹੋਣ ਤੱਕ ਅਗਨੀ ਦੇਵਤੇ ਵਾਂਗ ਪ੍ਰਸੰਨ, ਤਾਕਤਵਰ ਅਤੇ ਤਕੜੇ ਲੁਹਾਰ ਲੋਹੇ ਨੂੰ ਢਾਲਦੇ ਰਹੇ । ਪਰੰਤੂ ਜਿਵੇਂ ਤਿਉਹਾਰ ਦੇ ਦਿਨ ਗਿਰਜੇ ਦਾ ਵੱਡਾ ਸਾਰਾ ਘੰਟਾ ਦੂਜੀਆਂ ਛੋਟੀਆਂ ਛੋਟੀਆਂ ਘੰਟੀਆਂ ਤੋਂ ਉੱਚਾ ਗੂੰਜਦਾ ਰਹਿੰਦਾ ਹੈ ਉਸੇ ਤਰ੍ਹਾਂ ਫਿਲਪ ਦਾ ਹਥੌੜਾ ਦੂਜਿਆਂ ਦੇ ਹਥੌੜਿਆਂ ਦੀ ਆਵਾਜ਼ ਤੋਂ ਉੱਚੀ ਆਵਾਜ਼ ਵਿੱਚ ਕੰਨ ਬੋਲ਼ੇ ਕਰਨ ਵਾਲੀ ਆਵਾਜ਼ ਵਿੱਚ ਹਰ ਦੂਜੇ ਸੈਕੰਡ 'ਤੇ ਗੂੰਜਦਾ ਰਿਹਾ-ਉੱਡਦੀਆਂ ਹੋਈਆਂ ਚਿੰਗਾਰੀਆਂ ਵਿੱਚ, ਅੱਗ 'ਤੇ ਆਪਣੀਆਂ ਅੱਖਾਂ ਗੱਡੀ ਉਹ ਆਪਣਾ ਕੰਮ ਪੂਰੀ ਤੇਜ਼ੀ ਅਤੇ ਤਾਕਤ ਨਾਲ ਕਰਦਾ ਰਿਹਾ ।

ਜਦ ਉਸ ਨੇ ਲਾ-ਬਲਾਚੋਟੇ ਦੇ ਮਕਾਨ ਦੇ ਦਰਵਾਜ਼ੇ ਨੂੰ ਖੜਕਾਇਆ ਤਦ ਆਕਾਸ਼ ਵਿੱਚ ਤਾਰੇ ਨਿਕਲ ਆਏ ਸਨ। ਉਸ ਨੇ ਐਤਵਾਰ ਨੂੰ ਪਾਉਣ ਵਾਲਾ ਬਲਾਉਜ ਅਤੇ ਨਵੀਂ ਕਮੀਜ਼ ਪਾਈ ਹੋਈ ਸੀ ਉਸ ਨੇ ਦਾੜ੍ਹੀ ਬਣਾਈ ਹੋਈ ਸੀ। ਮੁਟਿਆਰ ਦਰਵਾਜ਼ੇ 'ਤੇ ਆਈ ਅਤੇ ਬੋਲੀ :

"ਮਿਸਟਰ ਫਿਲਪ, ਇੰਝ ਰਾਤ ਨੂੰ ਆਉਣਾ ਠੀਕ ਨਹੀਂ ਹੈ।" ਉਹ ਉੱਤਰ ਦੇਣਾ ਚਾਹੁੰਦਾ ਸੀ ਪਰ ਉਸ ਦੀ ਜੁਬਾਨ ਥਥਲਾ ਗਈ ਅਤੇ ਉਹ ਘਬਰਾ ਕੇ ਖੜ੍ਹਾ ਰਿਹਾ। ਉਹ ਫਿਰ ਬੋਲੀ : ਅਤੇ ਤੁਸੀਂ ਇਹ ਤਾਂ ਚੰਗੀ ਤਰ੍ਹਾਂ ਜਾਣਦੇ ਹੀ ਹੋਵੋਗੇ ਕਿ ਮੈਂ ਆਪਣੇ ਬਾਰੇ ਹੋਰ ਚਰਚਾ ਨਹੀਂ ਸੁਣਨਾ ਚਾਹੁੰਦੀ।"

ਤਦ ਉਹ ਇਕਦਮ ਬੋਲ ਪਿਆ:

"ਪਰ ਜੇਕਰ ਤੂੰ ਮੇਰੀ ਪਤਨੀ ਬਣਨਾ ਮੰਨ ਲੈਂਦੀ ਤਾਂ ਉਸ ਨਾਲ ਮੈਨੂੰ ਕੀ ਫ਼ਰਕ ਪਵੇਗਾ।"

ਉਸ ਨੂੰ ਕੋਈ ਉੱਤਰ ਨਾ ਮਿਲਿਆ, ਪਰ ਉਸ ਨੇ ਸਮਝਿਆ ਕਿ ਉਸ ਕਮਰੇ ਅੰਦਰ ਹਨੇਰੇ, ਵਿੱਚ ਕਿਸੇ ਦੇ ਗਿਰਨ ਦੀ ਆਵਾਜ਼ ਸੁਣਾਈ ਦਿੱਤੀ ਹੋਵੇ। ਉਹ ਬਹੁਤ ਹੀ ਤੇਜ਼ੀ ਨਾਲ ਅੰਦਰ ਵੜਿਆ ਅਤੇ ਸਾਈਮਨ ਨੇ ਜੋ ਬਿਸਤਰ 'ਤੇ ਪੈ ਚੁੱਕਾ ਸੀ, ਇਕ ਚੁੰਮਣੀ ਪਾਈ ਅਤੇ ਆਪਣੀ ਮਾਂ ਦੀ ਬਹੁਤ ਮੱਧਮ ਆਵਾਜ਼ ਨੂੰ ਪਛਾਣ ਲਿਆ। ਤਦ ਇਕਦਮ ਉਸ ਨੇ ਦੇਖਿਆ ਕਿ ਉਸ ਨੂੰ ਉਸ ਦੇ ਮਿੱਤਰ ਨੇ ਆਪਣੀਆਂ ਹਰਕੁਲੀਸ ਵਰਗੀਆਂ ਬਾਂਹਾਂ ਵਿੱਚ ਚੁੱਕ ਲਿਆ ਅਤੇ ਬੋਲਿਆ:

"ਤੂੰ ਆਪਣੇ ਸਕੂਲ ਦੇ ਦੋਸਤਾਂ ਨੂੰ ਆਖੀਂ ਕਿ ਫਿਲਪ ਰੇਮੀ ਲੁਹਾਰ ਤੇਰਾ ਬਾਪ ਹੈ ਅਤੇ ਜੋ ਵੀ ਕੋਈ ਤੈਨੂੰ ਛੇੜੇਗਾ ਉਹ ਉਸ ਦੇ ਕੰਨ ਖਿੱਚੇਗਾ।"

ਸਵੇਰੇ ਜਦ ਸਕੂਲ ਵਿੱਚ ਸਾਰੇ ਵਿਦਿਆਰਥੀ ਆ ਚੁੱਕੇ ਸਨ ਅਤੇ ਪਾਠ ਪੜ੍ਹਾਏ ਜਾਣ ਹੀ ਵਾਲੇ ਸਨ ਕਿ ਬੱਚਾ ਸਾਈਮਨ ਉੱਠਿਆ ਅਤੇ ਆਪਣੇ ਪੀਲੇ ਕੰਬਦੇ ਹੋਠਾਂ ਨਾਲ ਸਾਫ਼ ਆਵਾਜ਼ ਵਿੱਚ ਬੋਲਿਆ, "ਮੇਰਾ ਬਾਪ ਫਿਲਪ ਰੇਮੀ ਲੁਹਾਰ ਹੈ, ਅਤੇ ਉਸ ਨੇ ਮੈਨੂੰ ਬਚਨ ਦਿੱਤਾ ਹੈ ਕਿ ਜੋ ਵੀ ਮੈਨੂੰ ਤੰਗ ਕਰੇਗਾ ਉਸ ਨੂੰ ਉਹ ਮਾਰੇਗਾ।"

ਹੁਣ ਕੋਈ ਵੀ ਨਾ ਹੱਸਿਆ ਕਿਉਂਕਿ ਰੇਮੀ ਲੁਹਾਰ ਬਹੁਤ ਪ੍ਰਸਿੱਧ ਆਦਮੀ ਸੀ ਅਤੇ ਸੰਸਾਰ ਵਿੱਚ ਕੋਈ ਉਸ ਵਰਗਾ ਬਾਪ ਮਿਲ ਜਾਣ 'ਤੇ ਮਾਣ ਕਰ ਸਕਦਾ ਸੀ।

# ਸੈਮੀਲੈਂਟੇ

ਪਾਉਲੋ ਸੈਵਰਿਨੀ ਦੀ ਵਿਧਵਾ ਆਪਣੇ ਇਕੱਲੇ ਪੁੱਤਰ ਨਾਲ ਬੌਨੀਫੇਸੀਓ ਦੇ ਇਕ ਪਾਸੇ ਬਣੇ ਛੋਟੇ ਜਿਹੇ ਘਰ ਵਿੱਚ ਰਹਿੰਦੀ ਸੀ। ਨਗਰ ਪਹਾੜ ਦੀ ਬਾਹੀ ਦੇ ਨਾਲ ਸਮੁੰਦਰ ਦੇ ਉੱਪਰ ਥਾਂ ਥਾਂ ਪਸਰਿਆ ਹੈ, ਚਟਾਨਾਂ ਵਾਲੇ ਇਕ ਦੱਰੇ ਵਿੱਚੋਂ ਸਾਰਡੀਨੀਆਂ ਦਾ ਹੇਠਲਾ ਹਿੱਸਾ ਨਜ਼ਰ ਆਉਂਦਾ ਹੈ। ਇਸ ਦੇ ਪੈਰਾਂ ਵਿੱਚ, ਦੂਜੇ ਪਾਸੇ ਇਸ ਨੂੰ ਲਗਭਗ ਘੇਰਦਾ ਹੋਇਆ, ਸਮੁੰਦਰ ਦੇ ਕਿਨਾਰੇ ਵਿੱਚ ਇਕ ਡੂੰਘ ਸੀ, ਜੋ ਇਕ ਵੱਡੇ ਵਰਾਂਡੇ ਨਾਲ ਰਲ਼ਦਾ ਮਿਲਦਾ ਸੀ ਅਤੇ ਬੰਦਰਗਾਹ ਦਾ ਕੰਮ ਦਿੰਦਾ ਸੀ। ਇਹ ਪਹਿਲੇ ਮਕਾਨਾਂ ਤੱਕ ਜਾਂਦਾ ਸੀ (ਦੋ ਝੁਕੀਆਂ ਦੀਵਾਰਾਂ ਦੇ ਵਿੱਚੋਂ ਲੰਮਾ ਰਸਤਾ ਲੰਘ ਕੇ), ਇਟਾਲੀਅਨ ਅਤੇ ਸਾਰਡੀਅਨ ਮਛੇਰੀਆਂ ਕਿਸ਼ਤੀਆਂ ਅਤੇ ਹਰ ਦੋ ਹਫ਼ਤੇ ਮਗਰੋਂ, ਪੁਰਾਣਾ ਟੁੱਟਿਆ ਭੱਜਿਆ ਗੰਢ ਮੁਰੰਮਤ ਕੀਤਾ ਜਹਾਜ਼ ਉੱਥੇ ਅਤੇ ਅਜੇਸੀਓ ਦਰਮਿਆਨ ਚੱਕਰ ਲਾਉਂਦਾ ਰਹਿੰਦਾ ਸੀ।

ਚਿੱਟੇ ਪਹਾੜ ਉੱਤੇ ਘਰਾਂ ਦਾ ਝੁੰਡ ਹੋਰ ਚਿੱਟਾ ਨਿਸ਼ਾਨ ਬਣਾਉਂਦਾ ਸੀ, ਉਹ ਪੰਛੀਆਂ ਦੇ ਆਲ੍ਹਣਿਆਂ ਵਾਂਗ ਦਿਸਦੇ ਸਨ, ਜੋ ਇਸ ਚਟਾਨ ਉੱਤੇ ਬਣੇ ਹੋਣ, ਇਸ ਭਿਆਨਕ ਰਸਤੇ ਉੱਪਰ ਝਾਤੀ ਮਾਰ ਰਹੇ ਹੋਣ ਜਿੱਥੇ ਜਹਾਜ਼ ਕਦੇ ਹੀ ਦਾਖ਼ਲ ਹੋਣ ਦਾ ਹੌਸਲਾ ਕਰਦੇ ਹੋਣ। ਬੇਚੈਨ ਹਵਾਵਾਂ ਸਮੁੰਦਰ ਨੂੰ ਅਤੇ ਇਸ ਨੰਗੇ ਕਿਨਾਰੇ ਨੂੰ ਪਰੇਸ਼ਾਨ ਕਰਦੀਆਂ ਹਨ ਇੱਥੇ ਉਨਾ ਚਿਰ ਹਵਾ ਦੀਆਂ ਚੋਭਾਂ ਵੱਜਦੀਆਂ ਰਹਿੰਦੀਆਂ ਹਨ ਜਿੰਨਾ ਚਿਰ ਫੁੱਲ ਬੂਟੇ ਖ਼ਤਮ ਨਾ ਹੋ ਜਾਣ। ਇਹ ਦੱਰੇ ਵਿੱਚੋਂ ਦੌੜਦੀ ਹੈ ਜਿਹੜੀ ਦੋਵੇਂ ਪਾਸਿਆਂ ਨੂੰ ਸਾਫ਼ ਕਰ ਦਿੰਦੀ ਹੈ। ਪਤਲੀ ਝੱਗ ਦੀ ਪੱਟੀ ਜੋ ਅਣਗਿਣਤ ਚਟਾਨਾਂ ਦੇ ਕਾਲੇ ਨੁਕਤਿਆਂ ਨਾਲ ਜੋ ਲਹਿਰਾਂ ਨੂੰ ਵਿੰਨ੍ਹਦੇ ਸਨ, ਚੰਬੜੀ ਹੋਈ ਸੀ, ਪਾਣੀ ਉਪਰ ਤੈਰ ਰਹੇ ਜਾਂ ਕੰਬ ਰਹੇ ਕੱਪੜੇ ਦੇ ਟੁਕੜਿਆਂ ਵਾਂਗ ਦਿਸਦੀ ਸੀ।

ਵਿਧਵਾ ਸੈਵਰਿਨੀ ਦਾ ਘਰ ਇਸ ਡੂੰਘ ਦੇ ਕਿਨਾਰੇ ਉੱਤੇ ਬਣਿਆ ਹੋਇਆ ਸੀ ਜਿਸ ਦੀਆਂ ਤਿੰਨ ਖਿੜਕੀਆਂ ਇਸ ਜੰਗਲ ਬੀਆਬਾਨ ਵੱਲ ਖੁੱਲ੍ਹਦੀਆਂ ਸਨ।

ਉਹ ਉੱਥੇ ਇਕੱਲੀ ਆਪਣੇ ਪੁੱਤਰ ਐਨਟੋਨੀ ਨਾਲ ਅਤੇ ਕੁੱਤੇ ਸੈਮੀਲੈਂਟੀ ਨਾਲ ਰਹਿੰਦੀ ਸੀ, ਜੋ ਇਕ ਪਤਲਾ ਅਤੇ ਖੁਰਦਰੇ ਵਾਲਾਂ ਵਾਲਾ ਭੇਡਾਂ ਦੀ ਰਾਖੀ ਕਰਨ ਵਾਲੀ ਨਸਲ ਦਾ ਕੁੱਤਾ ਸੀ, ਇਹ ਕੁੱਤਾ ਸ਼ਿਕਾਰ ਵਿੱਚ ਨੌਜਵਾਨ ਦੀ ਸਹਾਇਤਾ ਕਰਦਾ ਸੀ।

ਇਕ ਸ਼ਾਮ ਝਗੜੇ ਤੋਂ ਪਿੱਛੋਂ ਐਨਟੋਨੀ ਸੈਵਰਿਨੀ ਨੂੰ ਨਿਕੋਲੇਸ ਰੈਵੈਲੇਟੀ ਨੇ ਧੋਖੇ ਨਾਲ ਮਾਰ ਦਿੱਤਾ ਜੋ ਉਸੇ ਰਾਤ ਸਾਰਡੀਅਨ ਤੋਂ ਘਰ ਚਲਿਆ ਗਿਆ।

ਜਦੋਂ ਬੁੱਢੀ ਔਰਤ ਕੋਲ ਉਸ ਦੇ ਬੱਚੇ ਦੀ ਲਾਸ਼ ਆਈ ਜੋ ਕੋਈ ਲੰਘਣ ਵਾਲਾ ਉਸ ਕੋਲ ਲੈ ਕੇ ਆਇਆ ਸੀ, ਉਹ ਰੋਣ ਦੀ ਥਾਂ ਕਾਫੀ ਦੇਰ ਤੱਕ ਇਕ ਟਕ ਉਸ ਵੱਲ ਦੇਖਦੀ ਰਹੀ, ਤਾਂ ਝੁਰੜੀਆਂ ਵਾਲਾ ਹੱਥ ਉਸ ਦੇ ਸਰੀਰ ’ਤੇ ਫੇਰ ਕੇ ਬਦਲਾ ਲੈਣ ਦਾ ਵਚਨ ਕੀਤਾ। ਉਸ ਨੇ ਕਿਸੇ ਨੂੰ ਆਪਣੇ ਕੋਲ ਰੱਖਣਾ ਨਾ ਚਾਹਿਆ ਅਤੇ ਆਪਣੇ ਆਪ ਨੂੰ ਲਾਸ਼ ਅਤੇ ਕੁੱਤੇ ਸਮੇਤ ਉੱਪਰ ਹੀ ਬੰਦ ਕਰ ਲਿਆ।

ਕੁੱਤਾ ਰੋਂਦਾ ਰਿਹਾ। ਉਹ ਰੋਂਦੀ ਰਹੀ, ਇਹ ਜਾਨਵਰ ਲਗਾਤਾਰ ਵਧੀਆ ਢੰਗ ਨਾਲ ਮੰਜੇ ਦੇ ਪੈਰਾਂ ਵੱਲ, ਆਪਣਾ ਸਿਰ ਆਪਣੇ ਮਾਲਕ ਵੱਲ ਕਰਕੇ ਅਤੇ ਪੂੰਛ ਆਪਣੀਆਂ ਲੱਤਾਂ ਵਿੱਚ ਦਬਾਅ ਕੇ ਉਹ ਉਸ ਮਾਂ ਨਾਲੋਂ, ਵਧੇਰੇ ਹਰਕਤ ਨਹੀਂ ਕਰਦੀ ਸੀ ਜੋ ਲਾਸ਼ ਉੱਤੇ ਝੁਕੀ, ਆਪਣੀਆਂ ਅੱਖਾਂ ਟਿਕਾਈ ਉਸ ਵੱਲ ਵੇਖਦੀ ਮੋਟੇ ਮੋਟੇ ਹੰਝੂਆਂ ਨਾਲ ਹੋ ਰਹੀ ਸੀ।

ਨੌਜਵਾਨ ਸੁੱਤਾ ਪਿਆ ਜਾਪਦਾ ਸੀ ਜਿਸ ਨੇ ਭੂਰੇ ਰੰਗ ਦਾ ਕੋਟ ਪਾਇਆ ਹੋਇਆ ਸੀ, ਜੋ ਹਿੱਕ ਤੋਂ ਪਾਟਿਆਂ ਹੋਇਆ ਅਤੇ ਖ਼ੂਨ ਨਾਲ ਲਿਬੜਿਆ ਹੋਇਆ ਸੀ।

ਉਸ ਦੇ ਥਾਂ ਥਾਂ ਖ਼ੂਨ ਲੱਗਿਆ ਹੋਇਆ ਸੀ, ਕੁੜਤੇ ਉੱਤੇ, ਜੋ ਪਹਿਲੇ ਖਿਣਾਂ ਵਿੱਚ ਹੀ ਡੁੱਲ੍ਹਿਆ ਸੀ, ਉਸ ਦੇ ਪਰਨੇ ਉੱਤੇ, ਉਸ ਦੇ ਪਜਾਮੇ ਉੱਤੇ, ਉਸ ਦੇ ਚਿਹਰੇ ’ਤੇ, ਉਸ ਦੇ ਹੱਥਾਂ ’ਤੇ। ਖ਼ੂਨ ਦੇ ਛੋਟੇ ਛੋਟੇ ਤੁਪਕੇ ਉਸ ਦੀ ਦਾਹੜੀ ਅਤੇ ਉਸ ਦੇ ਵਾਲ਼ਾਂ ਵਿੱਚ ਜੰਮੇ ਹੋਏ ਸਨ।

ਬੁੱਢੀ ਮਾਂ ਉਸ ਨਾਲ ਦੁਖੀ ਆਵਾਜ਼ ਵਿੱਚ ਗੱਲਾਂ ਕਰਨ ਲੱਗੀ, ਕੁੱਤਾ ਚੁੱਪ ਸੀ।

"ਆ ਮੇਰਾ ਪੁੱਤਰ, ਆ ਮੇਰਾ ਪੁੱਤਰ " ਉਸ ਨੇ ਕਿਹਾ ਤੇਰਾ ਬਦਲਾ ਲਿਆ ਜਾਵੇਗਾ ਮੇਰੇ ਨਿੱਕੇ, ਮੇਰੇ ਬੇਟਾ, ਮੇਰੇ ਬੱਚੇ, ਸੌਂ ਜਾਹ, ਸੌਂ ਜਾਹ ਤੇਰਾ ਬਦਲਾ ਲਿਆ ਜਾਵੇਗਾ, ਕੀ ਤੂੰ ਸੁਣਦਾ ਹੈਂ, ਇਹ ਤੇਰੀ ਮਾਂ ਹੈ ਜੋ ਵਚਨ ਕਰ ਰਹੀ ਹੈ । ਅਤੇ ਉਹ ਆਪਣੀ ਕਹੀ ਹੋਈ ਗੱਲ 'ਤੇ ਪੱਕੀ ਰਹਿੰਦੀ ਹੈ। ਤੇਰੀ ਮਾਂ ਪੱਕੀ ਰਹਿੰਦੀ ਹੈ ਜਿਵੇਂ ਤੂੰ ਚੰਗੀ ਤਰ੍ਹਾਂ ਜਾਣਦਾ ਹੈਂ ।"

ਅਤੇ ਮਲਕੜੇ ਜਿਹੇ ਹੀ, ਉਸ ਉੱਤੇ ਝੁਕ ਗਈ ਅਤੇ ਆਪਣੇ ਠੰਢੇ ਹੋਠ ਮ੍ਰਿਤਕ ਦੇ ਮੂੰਹ ਨਾਲ ਜੋੜ ਦਿੱਤੇ । ਫੇਰ ਸੈਮੀਲਿਟੇ ਰੋਣ ਲੱਗੀ । ਉਸ ਨੇ ਇਕ ਲੰਮੀ, ਸਿੱਧੀ, ਦੁੱਖਭਰੀ ਅਤੇ ਭਿਆਨਕ ਆਵਾਜ਼ ਕੱਢੀ ।

ਸਵੇਰ ਤੱਕ ਉਹ ਉੱਥੇ ਰਹੇ, ਲਾਸ਼, ਔਰਤ ਅਤੇ ਕੁੱਤੀ ਅਗਲੀ ਸਵੇਰ ਐਨਟੋਨੀ ਸੇਵਰਿਨੀ ਨੂੰ ਦਫ਼ਨਾਇਆ ਗਿਆ ਅਤੇ ਛੇਤੀ ਹੀ ਬੋਨੀਫੇਸ਼ੀਓ ਵਿੱਚ ਲੋਕ ਉਸ ਦੀਆਂ ਗੱਲਾਂ ਕਰਨੋਂ ਹਟ ਗਏ ।

ਪਿੱਛੇ ਉਸ ਦਾ ਕੋਈ ਭਰਾ ਨਹੀਂ ਸੀ, ਨਾ ਕੋਈ ਰਿਸ਼ਤੇਦਾਰ ਸੀ । ਕੋਈ ਉਸ ਦਾ ਬਦਲਾ ਲੈਣ ਵਾਲਾ ਨਹੀਂ ਸੀ । ਸਿਰਫ਼ ਇਕ ਬੁੱਢੀ ਮਾਂ ਦੇ ਮਨ ਵਿੱਚ ਹੀ ਇਹ ਖ਼ਿਆਲ ਸੀ ।

ਦੱਰੇ ਦੇ ਦੂਜੇ ਪਾਸੇ ਸਮੁੰਦਰ ਕਿਨਾਰੇ ਉਹ ਸਵੇਰੇ ਸ਼ਾਮ ਚਿੱਟਾ ਨਿਸ਼ਾਨ ਦੇਖਦੀ । ਇਹ ਛੋਟਾ ਜਿਹਾ ਸਾਰਡੀਨੀਅਨ ਪਿੰਡ ਲੋਗੋਸਾਰਡੋ ਸੀ, ਜਿੱਥੇ ਕੌਰਸੀਕਨ ਡਾਕੂ ਜਦੋਂ ਉਨ੍ਹਾਂ ਦਾ ਬਹੁਤ ਪਿੱਛਾ ਕੀਤਾ ਜਾਂਦਾ ਸ਼ਰਨ ਲੈਂਦੇ ਸਨ । ਆਪਣੇ ਪਿੰਡ ਦੇ ਕੰਢੇ ਦੇ ਸਾਹਮਣੇ ਛੋਟੇ ਜਿਹੇ ਪਿੰਡ ਵਿੱਚ ਉਹ ਵੱਧ ਜਾਂਦੇ, ਅਤੇ ਮੁੜ ਜੰਗਲੀ ਇਲਾਕੇ ਵਿੱਚ ਵਾਪਸ ਜਾਣ ਦੇ ਸਮੇਂ ਨੂੰ ਉਡੀਕਦੇ ਰਹਿੰਦੇ । ਉਹ ਜਾਣਦੀ ਸੀ ਇਸ ਪਿੰਡ ਵਿੱਚ ਹੀ ਨਿਕੋਲੇਸ ਰੈਵੋਨੇਟੀ ਨੇ ਸ਼ਰਨ ਲਈ ਹੋਈ ਸੀ ।

ਸਾਰਾ ਦਿਨ ਆਪਣੀ ਖਿੜਕੀ ਵਿੱਚ ਬੈਠੀ ਓਧਰ ਵੇਖਦੀ ਅਤੇ ਬਦਲਾ ਲੈਣ ਬਾਰੇ ਸੋਚਦੀ ਰਹਿੰਦੀ । ਕਿਸੇ ਦੀ ਸਹਾਇਤਾ ਬਿਨਾਂ ਉਹ ਕਿਵੇਂ ਅਜਿਹਾ ਕਰ ਸਕਦੀ ਸੀ। ਜਦੋਂਕਿ ਉਹ ਕਮਜ਼ੋਰ ਅਤੇ ਮਰਨ ਕਿਨਾਰੇ ਸੀ । ਪਰ ਉਸ ਨੇ ਵਾਅਦਾ ਕੀਤਾ ਸੀ, ਉਸ ਦੀ ਲਾਸ਼ ਉੱਤੇ ਉਸ ਨੇ ਸੌਂਹ ਚੁੱਕੀ ਸੀ ਉਹ ਭੁੱਲ ਨਹੀਂ ਸਕਦੀ ਸੀ, ਉਸ ਨੂੰ ਦੇਰ ਨਹੀਂ ਕਰ ਸਕਦੀ ਸੀ। ਉਹ ਇਸ ਕੰਮ ਨੂੰ ਕਿਵੇਂ ਪੂਰਾ ਕਰੇ ? ਉਸ ਨੂੰ ਰਾਤੀ ਨੀਂਦ ਨਾ ਪੈਂਦੀ, ਉਸ ਨੂੰ ਚੈਨ ਆਰਾਮ ਨਹੀਂ ਸੀ, ਉਹ ਪੂਰੀ ਹਿੰਡ ਨਾਲ ਹੱਲ ਲੱਭ ਰਹੀ ਸੀ । ਕੁੱਤਾ ਉਸ ਦੇ ਪੈਰਾਂ 'ਤੇ ਸੌਂਦੀ ਅਤੇ ਕਦੀ

ਸਿਰ ਚੁੱਕ ਕੇ ਦੂਰ ਪਰੇ ਵੱਲ ਮੂੰਹ ਕਰਕੇ ਹੁਆਂਕਦੀ । ਕਿਉਂਕਿ ਉਸ ਦਾ ਮਾਲਕ ਉੱਥੇ ਨਹੀਂ ਸੀ, ਉਹ ਅਕਸਰ ਇਸ ਤਰ੍ਹਾਂ ਰੋਂਦੀ, ਜਿਵੇਂ ਉਹ ਉਸ ਨੂੰ ਬੁਲਾ ਰਹੀ ਹੋਵੇ, ਜਿਵੇਂ ਉਸ ਧੀਰਜ, ਰਹਿਤ ਜਾਨਵਰ ਦੀ ਆਤਮਾ ਉੱਤੇ ਉਸ ਦੀ ਯਾਦ ਉੱਕਰੀ ਹੋਵੇ ਜਿਸ ਨੂੰ ਕੋਈ ਮਿਟਾ ਨਾ ਸਕਦਾ ਹੋਵੇ ।

ਇਕ ਰਾਤ ਜਦੋਂ ਸੈਮੀਲੈਂਟੇ ਇਸ ਤਰ੍ਹਾਂ ਰੋਣ ਲੱਗੀ ਤਾਂ ਮਾਂ ਨੂੰ ਇਕ ਦਮ ਫੁਰਨਾ ਫੁਰਿਆ ਇਕ ਵਹਿਮੀ, ਬਦਲਾ ਲਊ ਭਿਆਨਕ ਫੁਰਨਾ । ਉਹ ਸਵੇਰ ਤੱਕ ਇਸ ਉੱਤੇ ਵਿਚਾਰ ਕਰਦੀ ਰਹੀ ਅਤੇ ਦਿਨ ਚੜ੍ਹੇ ਉਹ ਚਰਚ ਵਿੱਚ ਚਲੀ ਗਈ । ਉਸ ਨੇ ਅਰਦਾਸ ਕੀਤੀ, ਫ਼ਰਸ਼ ਉੱਤੇ ਝੁਕੀ, ਰੱਬ ਅੱਗੇ ਨਿਮਾਣੀ ਹੋ ਕੇ ਸਹਾਇਤਾ ਲਈ ਤਰਲਾ ਕਰਨ ਲੱਗੀ, ਕਿ ਉਸ ਦੀ ਰੱਖਿਆ ਕਰੇ ਉਸ ਦੇ ਢਲ ਚੁੱਕੇ ਸਰੀਰ ਨੂੰ ਸਮਰੱਥਾ ਬਖ਼ਸ਼ ਕੇ ਆਪਣੇ ਪੁੱਤਰ ਦਾ ਬਦਲਾ ਲੈਣ ਦੇ ਯੋਗ ਬਣਾਵੇ।

ਫੇਰ ਉਹ ਵਾਪਸ ਆ ਗਈ । ਉਸ ਦੇ ਵਿਹੜੇ ਵਿੱਚ ਇਕ ਨਾਲ਼ੀ ਪਈ ਸੀ ਜਿਸ ਦਾ ਮੂੰਹ ਅੰਦਰ ਨੂੰ ਮੋੜਿਆ ਹੋਇਆ ਸੀ ਜੋ ਬਨੇਰੇ ਤੋਂ ਮੀਂਹ ਨੂੰ ਲੰਘਾਉਂਦੀ ਸੀ । ਉਸ ਨੇ ਇਸ ਨੂੰ ਖ਼ਾਲੀ ਕੀਤਾ ਅਤੇ ਉਲਟੀ ਕਰਕੇ ਇਸ ਨੂੰ ਸੋਟੀਆਂ ਅਤੇ ਪੱਥਰਾਂ ਦੀ ਮੱਦਦ ਨਾਲ ਪੱਕੀ ਧਰਤੀ ਵਿੱਚ ਗੱਡ ਦਿੱਤਾ, ਫੇਰ ਸੈਮੀਲੈਂਟੇ ਨੂੰ ਇਸ ਥੰਮ੍ਹੀ ਨਾਲ ਬੰਨ੍ਹ ਕੇ ਅੰਦਰ ਚਲੀ ਗਈ।

ਹੁਣ ਉਹ ਆਪਣੇ ਕਮਰੇ ਵਿੱਚ ਬਰਾਬਰ ਟਹਿਲਣ ਲੱਗੀ, ਬੇਅਰਾਮ ਉਸ ਦੀ ਨਿਗ੍ਹਾ ਸਾਰਡੀਨੀਆ ਦੇ ਪਿੰਡ ਉੱਤੇ ਟਿਕੀ ਹੋਈ ਸੀ । ਉਹੀ ਕਾਤਲ ਉੱਥੇ ਹੀ ਰਹਿੰਦਾ ਸੀ ।

ਕੁੱਤੀ ਦਿਨ ਤੇ ਰਾਤ ਰੋਂਦੀ ਰਹਿੰਦੀ । ਬੁੱਢੀ ਉਸ ਲਈ ਸਵੇਰੇ ਪਿਆਲੇ ਵਿੱਚ ਪਾਣੀ ਲੈ ਕੇ ਗਈ ਪਰ ਉਸ ਨੂੰ ਹੋਰ ਕੁਝ ਨਾ ਪਾਇਆ ਨਾ ਸੂਪ ਨਾ ਰੋਟੀ ।

ਦਿਨ ਲੰਘ ਗਿਆ । ਸੈਮੀਲੈਂਟੇ ਰੋਟੀ ਨਾ ਮਿਲਣ ਕਾਰਨ ਕਮਜ਼ੋਰ ਹੋ ਗਈ, ਉਹ ਸੌਂ  ਗਈ । ਅਗਲੀ ਸਵੇਰ ਉਸ ਦੀਆਂ ਅੱਖਾਂ ਚਮਕਦੀਆਂ ਸਨ ਅਤੇ ਵਾਲ਼ ਖੜ੍ਹੇ ਸਨ, ਉਹ ਨਿਰਾਸਤਾ ਵਿੱਚ ਆਪਣੀ ਸੰਗਲੀ ਨੂੰ ਖਿੱਚ ਰਹੀ ਸੀ ।

ਅਜੇ ਵੀ ਉਸ ਔਰਤ ਨੇ ਉਸ ਨੂੰ ਖਾਣ ਲਈ ਕੁਝ ਨਾ ਦਿੱਤਾ । ਜਾਨਵਰ ਗ਼ੁੱਸੇ ਵਿੱਚ ਆ ਗਿਆ, ਅਤੇ ਕਰੜਾਈ ਆਵਾਜ਼ ਵਿੱਚ ਭੌਂਕ ਰਿਹਾ ਸੀ । ਇਸ ਤਰ੍ਹਾਂ ਰਾਤ ਬੀਤ ਗਈ। ਦਿਨ ਚੜ੍ਹਨ ’ਤੇ ਮਾਤਾ ਸੈਵਰਿਨੀ ਗੁਆਂਢੀਆਂ ਦੇ ਗਈ ਅਤੇ ਦੋ

ਭਰੀਆਂ ਘਾਹ ਦੀਆਂ ਮੰਗੀਆਂ। ਉਸ ਨੇ ਪੁਰਾਣੇ ਕੱਪੜੇ ਚੁੱਕੇ ਜੋ ਉਸ ਦਾ ਪਤੀ ਪਹਿਨਦਾ ਸੀ, ਅਤੇ ਉਨ੍ਹਾਂ ਨੂੰ ਘਾਹ ਨਾਲ ਭਰਕੇ ਬੰਦੇ ਵਰਗੀ ਸ਼ਕਲ ਬਣਾ ਦਿੱਤੀ।

ਸੈਮੀਲੈਂਟੇ ਦੀ ਥੰਮ੍ਹੀ ਦੇ ਸਾਹਮਣੇ ਇਕ ਡੰਡਾ ਗੱਡ ਕੇ, ਮਨੁੱਖੀ ਮੂਰਤੀ ਉਸ ਦੇ ਨਾਲ ਬੰਨ੍ਹ ਦਿੱਤੀ ਤਾਂ ਜੋ ਖੜ੍ਹੀ ਲੱਗੇ । ਫਿਰ ਉਸ ਨੇ ਕੱਪੜੇ ਦੀ ਇਕ ਗੱਠ ਜਿਹੀ ਬੰਨ੍ਹ ਕੇ ਸਿਰ ਦਾ ਆਕਾਰ ਬਣਾਇਆ।

ਕੁੱਤਾ ਹੈਰਾਨ ਹੋਇਆ ਕੱਖਾਂ ਦੇ ਆਦਮੀ ਵੱਲ ਚੁੱਪ ਚਾਪ ਦੇਖ ਰਿਹਾ ਸੀ । ਭਾਵੇਂ ਭੁੱਖ ਉਸ ਨੂੰ ਖਾ ਰਹੀ ਸੀ ।

ਫੇਰ ਉਹ ਬੁੱਢੀ ਕਸਾਈ ਦੇ ਗਈ ਅਤੇ ਕਾਲੇ ਮਾਸ ਦਾ ਇਕ ਲੰਬਾ ਟੁਕੜਾ ਲੈ ਆਈ। ਉਸ ਨੇ ਘਰ ਆ ਕੇ ਵਿਹੜੇ ਵਿੱਚ ਅੱਗ ਮਚਾਈ ਅਤੇ ਮਾਸ ਨੂੰ ਪਕਾਇਆ । ਸੈਮੀਲੈਂਟੇ ਉਤੇਜਿਤ ਹੋ ਕੇ ਉੱਛਲਣ ਅਤੇ ਮੂੰਹੋਂ ਝੱਗ ਸੁੱਟਣ ਲੱਗਿਆ, ਉਸ ਦੀਆਂ ਅੱਖਾਂ ਮਾਸ ਉੱਪਰ ਲੱਗੀਆਂ ਸਨ, ਜਿਸ ਦੀ ਵਾਸ਼ਨਾ ਉਸ ਦੇ ਢਿੱਡ ਵਿੱਚ ਵੜ ਗਈ ਸੀ ।

ਫੇਰ ਉਸ ਔਰਤ ਨੇ ਕੱਖਾਂ ਦੇ ਆਦਮੀ ਲਈ ਧੂਆਂ ਛੱਡ ਰਹੇ ਕਬਾਬ ਦਾ ਗੁਲੂਬੰਦ ਬਣਾਇਆ। ਉਸ ਨੇ ਇਸ ਨੂੰ ਉਸ ਦੀ ਗਰਦਨ ਦੁਆਲੇ ਕਈ ਵਲ੍ਹੇਟੇ ਦਿੱਤੇ ਤਾਂ ਜੋ ਇਹ ਉਸ ਵਿੱਚ ਖੁੱਭ ਜਾਵੇ । ਜਦੋਂ ਇਹ ਕੰਮ ਮੁੱਕ ਗਿਆ ਉਸ ਔਰਤ ਨੇ ਕੁੱਤੇ ਨੂੰ ਛੱਡ ਦਿੱਤਾ ।

ਇਕ ਭਿਆਨਕ ਛਾਲ ਮਾਰ ਕੇ ਕੁੱਤੀ ਆਦਮ ਮੂਰਤੀ ਦੇ ਗਲ ਤੱਕ ਪਹੁੰਚ ਗਈ, ਅਤੇ ਦੋਵੇਂ ਪੈਰ ਉਸ ਦੇ ਮੋਢਿਆਂ ਤੋਂ ਰੱਖ ਕੇ ਉਸ ਨੂੰ ਪਾੜਨ ਲੱਗੀ ।

ਉਹ ਆਪਣੇ ਮੂੰਹ ਵਿੱਚ ਸ਼ਿਕਾਰ ਦਾ ਇਕ ਟੁਕੜਾ ਲੈ ਕੇ ਪਿੱਛੇ ਗਿਰ ਗਈ, ਅਤੇ ਫੇਰ ਉਸ ਉੱਪਰ ਕਦੀ ਅਤੇ ਪੱਠਿਆ ਵਿੱਚ ਦੰਦ ਖੁਭੋ ਕੇ ਖ਼ੁਰਾਕ ਦਾ ਇਕ ਟੁਕੜਾ ਤੋੜ ਕੇ ਫੇਰ ਪਿੱਛੇ ਹਟੀ, ਫੇਰ ਗ਼ੁੱਸੇ ਹੋ ਕੇ ਉੱਛਲੀ, ਉਸ ਨੇ ਦੰਦ ਮਾਰ ਮਾਰ ਕੇ ਉਸ ਦਾ ਚਿਹਰਾ ਚੀਰ ਦਿੱਤਾ, ਅਤੇ ਸਾਰੀ ਗਰਦਨ ਲੀਰੋਂ ਲੀਰ ਕਰ ਦਿੱਤੀ।

ਬੁੱਢੀ ਚੁੱਪ ਚਾਪ ਅਹਿੱਲ ਦੇਖਦੀ ਰਹੀ, ਉਸ ਦੀਆਂ ਅੱਖਾਂ ਵਿੱਚ ਆਸ ਚਮਕ ਪਈ । ਉਸ ਨੇ ਜਾਨਵਰ ਨੂੰ ਫੇਰ ਬੰਨ੍ਹ ਦਿੱਤਾ ਅਤੇ ਦੋ ਦਿਨ ਦਾ ਵਰਤ ਰਖਾਇਆ, ਅਤੇ ਫੇਰ ਇਹ ਅਮਲ ਦੁਹਰਾਇਆ।

ਤਿੰਨ ਮਹੀਨੇ ਉਹ ਇਸ ਕਿਸਮ ਦੇ ਸੰਘਰਸ਼ ਲਈ ਕੁੱਤੀ ਨੂੰ ਤਿਆਰ ਕਰਦੀ ਰਹੀ,ਦੰਦਾਂ ਅਤੇ ਵਲੂੰਧਾਰਾਂ ਰਾਹੀਂ ਪ੍ਰਾਪਤ ਕੀਤੇ ਖਾਣੇ ਲਈ, ਉਹ ਹੁਣ ਉਸ

ਨੂੰ ਸੰਗਲੀ ਨਹੀਂ ਪਾਉਂਦੀ ਸੀ ਸਗੋਂ ਇਸ਼ਾਰੇ ਨਾਲ ਆਦਮ-ਮੂਰਤੀ ਉੱਤੇ ਛੱਡਦੀ ਸੀ।

ਉਸ ਨੇ ਉਸ ਨੂੰ ਸਿਖਾਇਆ ਕਿਵੇਂ ਉਸ ਨੂੰ ਪਾੜਨਾ ਹੈ, ਕਿਵੇਂ ਖਾਣਾ ਹੈ ਭਾਵ ਕੋਈ ਖਾਣ ਵਾਲੀ ਚੀਜ਼ ਉਸ ਦੀ ਗਰਦਨ ਉਦਾਲੇ ਹੋਵੇ ਭਾਵੇਂ ਨਾ । ਇਸ ਦੇ ਫਲ਼ ਵਜੋਂ ਪਿੱਛੋਂ ਉਹ ਉਸ ਨੂੰ ਕੀਮਾ ਦਿੰਦੀ ਜੋ ਉਸ ਨੇ ਪਕਾਇਆ ਹੁੰਦਾ ।

ਜਦੋਂ ਵੀ ਉਹ ਆਦਮ ਮੂਰਤੀ ਦੇਖਦੀ ਸੈਮੀਲੈਂਟੇ ਘੁਰ ਘੁਰ ਕਰਦੀ ਅਤੇ ਆਪਣੀ ਮਾਲਕਣ ਵੱਲ ਅੱਖਾਂ ਕਰਕੇ ਦੇਖਦੀ ਜੋ ਸੀਟੀ ਦੀ ਆਵਾਜ਼ ਵਿੱਚ ਉਂਗਲ ਚੁੱਕ ਕੇ “ਹਲਾ” ਆਖਦੀ ।

ਜਦੋਂ ਉਸ ਨੇ ਸੋਚਿਆ ਕਿ ਠੀਕ ਸਮਾਂ ਆ ਗਿਆ ਹੈ ਮਾਤਾ ਸੈਵੋਰਿਨੀ ਇਕ ਸਵੇਰ ਸੁੱਖ ਸੁੱਖਣ ਲਈ ਸੰਗਤ ਵਿੱਚ ਬੜੇ ਜੋਸ਼ ਨਾਲ ਗਈ, ਫੇਰ ਆਪਣੇ ਆਪ ਨੂੰ ਆਦਮੀਆਂ ਵਾਲੇ ਕੱਪੜੇ ਪਹਿਨ ਕੇ, ਤਾਂ ਜੋ ਉਹ ਇਕ ਕਮਜ਼ੋਰ ਬੁੱਢੇ ਵਾਂਗ ਲੱਗੇ ਉਹ ਸਾਰਡੀਨੀਅਨ ਮਛੇਰੇ ਨਾਲ ਤੁਰ ਗਈ ਜੋ ਉਸ ਨੂੰ ਅਤੇ ਉਸ ਦੇ ਕੁੱਤੇ ਨੂੰ ਖੱਡ ਦੇ ਦੂਜੇ ਪਾਸੇ ਲੈ ਗਿਆ ।

ਉਸ ਨੇ ਕੱਪੜੇ ਦੀ ਥੈਲੀ ਵਿੱਚ ਕੀਮੇ ਦਾ ਇਕ ਵੱਡਾ ਟੁਕੜਾ ਪਾਇਆ ਹੋਇਆ ਸੀ । ਸੈਮੀਲੈਂਟੇ ਨੇ ਦੋ ਦਿਨਾਂ ਦਾ ਵਰਤ ਰੱਖਿਆ ਹੋਇਆ ਸੀ । ਕੁਝ ਕੁ ਮਿੰਟਾਂ ਬਾਅਦ ਹੀ ਬੁੱਢੀ ਉਸ ਨੂੰ ਵਧੀਆ ਖਾਣੇ ਦੀ ਖ਼ੁਸ਼ਬੂ ਦੇ ਕੇ ਉਕਸਾਉਣ ਦਾ ਯਤਨ ਕਰਦੀ ।

ਉਹ ਲੋਗੋਸਾਰਡੋ ਵਿੱਚ ਦਾਖ਼ਲ ਹੋ ਗਏ । ਕੌਰਸੀਨਨ ਇਕ ਠੇਕੇ ਵਿੱਚ ਚਲਾ ਗਿਆ। ਉਹ ਇਕ ਬੇਕਰੀ ਵਾਲੇ ਦੀ ਦੁਕਾਨ ’ਤੇ ਗਈ ਅਤੇ ਪੁੱਛਿਆ ਨਿਕਲੋਸ ਰੈਵਨੋਟੀ ਕਿੱਥੇ ਰਹਿੰਦਾ ਹੈ। ਉਸ ਨੇ ਆਪਣਾ ਪੁਰਾਣਾ ਤਰਖਾਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ । ਉਹ ਉਸ ਦੀ ਦੁਕਾਨ ਪਿੱਛੇ ਇਕੱਲਾ ਕੰਮ ਕਰ ਰਿਹਾ ਸੀ । ਬੁੱਢੀ ਨੇ ਦਰਵਾਜ਼ਾ ਖੋਲ੍ਹ ਕੇ ਕਿਹਾ:

"ਹੇ ਨਿਕਲੋਸ ।"

ਉਸ ਨੇ ਗਰਦਨ ਮੋੜੀ ਫੇਰ ਕੁੱਤੀ ਨੂੰ ਛੱਡ ਕੇ ਉਸ ਨੇ ਕਿਹਾ "ਹਲਾ। ਹਲਾ। ਖਾ ਜਾਹ ਉਸ ਨੂੰ । ਖਾ ਜਾਹ ਉਸ ਨੂੰ ।"

ਜਾਨਵਰ ਭੜਕ ਉੱਠਿਆ ਅਤੇ ਉਸ ਉੱਤੇ ਕੁੱਦ ਪਿਆ ਅਤੇ ਉਸ ਨੂੰ ਗਲ਼ ਤੋਂ ਫੜ ਲਿਆ। ਉਸ ਬੰਦੇ ਨੇ ਆਪਣੀਆਂ ਬਾਹਾਵਾਂ ਦੇ ਜ਼ੋਰ ਨਾਲ ਕੁੱਤੀ ਨੂੰ ਫੜਿਆ ਫੇਰ ਫ਼ਰਸ਼’ ਤੇ ਲੇਟਣ ਲੱਗ ਪਿਆ। ਕੁਝ ਸਮੇਂ ਲਈ ਉਹ ਧਰਤੀ ’ਤੇ ਪੈਰ ਮਾਰਦੇ ਹੋਏ ਮੇਲ੍ਹਦਾ ਰਿਹਾ । ਫੇਰ ਉਹ ਸ਼ਾਂਤ ਹੋ ਗਿਆ ਜਦੋਂਕਿ ਸੈਮੀਲੈਂਟੇ ਨੇ ਬੁਰਕੀਆਂ ਕੱਢ ਕੱਢ ਕੇ ਉਸ ਦੀ ਗਰਦਨ ਨੂੰ ਲੀਰੋ ਲੀਰ ਕਰ ਦਿੱਤਾ ।

ਦੋ ਗੁਆਂਢੀਆਂ ਨੂੰ, ਜੋ ਆਪਣੇ ਦਰਵਾਜ਼ੇ ਅੱਗੇ ਬੈਠੇ ਸਨ ਅਜੇ ਤੱਕ ਚੰਗੀ ਤਰ੍ਹਾਂ ਯਾਦ ਹੈ ਇਕ ਬੁੱਢਾ ਦੁਕਾਨ ਵਿੱਚੋਂ ਨਿਕਲਿਆ ਜਿਸ ਦੇ ਨਾਲ ਕਾਲੀ ਕੁੱਤੀ ਸੀ, ਜੋ ਕੋਈ ਭੂਰੀ ਚੀਜ਼ ਜੋ ਉਸ ਦਾ ਮਾਲਕ ਪਾਉਂਦਾ ਖਾਂਦੀ ਜਾ ਰਹੀ ਸੀ।

ਸ਼ਾਮ ਨੂੰ ਬੁੱਢੀ ਆਪਣੇ ਘਰ ਪਰਤ ਆਈ। ਉਹ ਉਸ ਰਾਤ ਆਰਾਮ ਨਾਲ ਸੁੱਤੀ।

# ਕਿਸਾਨ ਦੀ ਪਤਨੀ

ਇਕ ਦਿਨ ਬੈਰਨ ਰੈਨੇ ਡੂ ਨੇ ਮੈਨੂੰ ਕਿਹਾ, ਕੀ ਤੂੰ ਮੇਰੇ ਨਾਲ ਮੇਰੇ ਖੇਤ ਵਾਲੇ ਘਰ ਵਿੱਚ ਮੈਰਿਨਵਿਲੇ ਵਿਖੇ, ਆ ਕੇ ਸ਼ਿਕਾਰ ਦੇ ਮੌਸਮ ਦਾ ਮਹੂਰਤ ਕਰੇਂਗਾ ? ਇਸ ਨਾਲ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ । ਇਸ ਤੋਂ ਇਲਾਵਾ ਅੱਜ ਕੱਲ੍ਹ ਮੈਂ ਵੀ ਇਕੱਲਾ ਹੀ ਹਾਂ। ਇਹ ਸ਼ੁਰੂ ਕਰਨਾ ਸ਼ਿਕਾਰ ਦੀ ਬਹੁਤ ਔਖੀ ਪ੍ਰੀਖਿਆ ਹੋਵੇਗੀ, ਅਤੇ ਉਹ ਮਕਾਨ ਜਿੱਥੇ ਮੈਂ ਸੌਂਦਾ ਹਾਂ ਇੰਨਾ ਪੁਰਾਤਨ ਹੈ ਕਿ ਉੱਥੇ ਮੈਂ ਕੇਵਲ ਬਹੁਤ ਹੀ ਨੇੜੇ ਦੇ ਦੋਸਤਾਂ ਨੂੰ ਲਿਜਾ ਸਕਦਾ ਹਾਂ ।"

ਮੈਂ ਉਸ ਦਾ ਸੱਦਾ ਪ੍ਰਵਾਨ ਕਰ ਲਿਆ । ਇਸ ਲਈ ਸਨਿਚਰਵਾਰ ਨੂੰ ਅਸੀਂ ਚੱਲ ਪਏ ਅਤੇ ਰੇਲਵੇ ਰਾਹੀਂ ਸਫ਼ਰ ਕਰਦੇ ਨੌਰਮੈਂਡੀ ਹੋ ਕੇ ਅਲਵੀਮੇਅਰ ਦੇ ਸਟਸ਼ੇਨ ਉੱਤੇ ਜਾ ਉੱਤਰੇ।

ਬੈਰਨ ਰੈਨੇ ਨੇ, ਦੋ ਪਹੀਆਂ ਵਾਲੀ ਗੱਡੀ ਵੱਲ ਇਸ਼ਾਰਾ ਕੀਤਾ ਜਿਸ ਨੂੰ ਇਕ ਅੜੀਅਲ ਘੋੜਾ ਜੁੜਿਆ ਹੋਇਆ ਸੀ ਅਤੇ ਜਿਸ ਨੂੰ ਇਕ ਵੱਡਾ ਕਿਸਾਨ ਹੱਕ ਰਿਹਾ ਸੀ, ਅਤੇ ਮੈਨੂੰ ਕਿਹਾ:

"ਇਹ ਸਾਡਾ ਸਮਾਨ ਹੈ, ਭਾਈ ਮੁੰਡਿਆ।"

ਉਸ ਆਦਮੀ ਨੇ, ਆਪਣੇ ਲੈਂਡਲਾਰਡ ਵੱਲ ਹੱਥ ਵਧਾਇਆ ਅਤੇ ਬੈਰਨ ਨੇ ਇਹ ਕਹਿੰਦਿਆਂ ਗਰਮ ਜੋਸ਼ੀ ਨਾਲ ਉਸ ਦਾ ਹੱਥ ਘੁੱਟਿਆ:

"ਹੋਰ ਮੇਇਟਰ ਲੈਬਰੁਮੈਂਟ ਤੇਰਾ ਕੀ ਹਾਲ ਹੈ ?"

"ਸਦਾ ਖ਼ੁਸ਼ ਜਨਾਬ ਬੈਰਨ ।"

ਅਸੀਂ ਉਸ ਦੇ ਮੁਰਗ਼ੀਖ਼ਾਨੇ ਵਿੱਚ ਛਾਲ ਮਾਰ ਕੇ ਚੜ੍ਹ ਗਏ ਜੋ ਦੋ ਵੱਡੇ ਪਹੀਆਂ ’ਤੇ ਲਟਕਿਆ ਅਤੇ ਹਿੱਲਦਾ ਸੀ । ਜੁਆਨ ਘੋੜਾ ਇਕ ਜ਼ਬਰਦਸਤ ਮੋੜ ਖਾ ਕੇ ਛਾਲਾਂ ਮਾਰਦਾ ਸਾਨੂੰ ਹਵਾ ਵਿੱਚ ਗੇਂਦ ਵਾਂਗ ਬੁੜ੍ਹਕਾਉਂਦਾ ਚੱਲ ਪਿਆ । ਜਦੋਂ ਮੈਂ ਪਿੱਛੇ ਲੱਕੜ ਦੇ ਬੈਂਚ ਨਾਲ ਵੱਜਦਾ ਤਾਂ ਮੈਨੂੰ ਭਿਆਨਕ ਦਰਦ ਹੁੰਦਾ ।

ਕਿਸਾਨ ਆਪਣੀ ਸ਼ਾਂਤ ਅਤੇ ਇਕ ਸੁਰ ਆਵਾਜ਼ ਵਿੱਚ ਬਾਰ ਬਾਰ ਕਹਿੰਦਾ ਰਿਹਾ:

ਸਭ ਠੀਕ ਹੈ ਠੀਕ ਹੈ, ਮੋਟਰਡ ਸਭ ਠੀਕ ਹੈ ।"

ਪਰ ਮੋਟਰਡ ਨੇ ਕੁਝ ਨਾ ਸੁਣਿਆ ਅਤੇ ਡਰੀ ਹੋਈ ਬੱਕਰੀ ਵਾਂਗ ਦੌੜਦਾ ਰਿਹਾ।

ਸਾਡੇ ਦੋ ਕੁੱਤੇ ਸਾਡੇ ਪਿੱਛੇ ਮੁਰਗੀਖ਼ਾਨੇ ਦੇ ਖ਼ਾਲੀ ਹਿੱਸੇ ਵਿੱਚ ਸਿੱਧੇ ਖੜ੍ਹੇ ਮੈਦਾਨਾਂ ਦੀ ਹਵਾ ਨੂੰ ਸੁੰਘਦੇ ਰਹੇ ਜਿਵੇਂ ਕਿ ਉਹ ਸ਼ਿਕਾਰ ਨੂੰ ਸੁੰਘ ਸਕਦੇ ਹੋਣ ।

ਬੈਰਨ ਉਦਾਸ ਨਿਗ੍ਹਾ ਨਾਲ ਦੂਰ ਦੇਖਦਾ ਰਿਹਾ । ਨੌਰਮਨ ਦੇ ਵਿਸ਼ਾਲ ਖੇਤ ਵਿੱਚ ਇਕ ਵੱਡਾ ਅੰਗਰੇਜ਼ੀ ਪਾਰਕ ਵਾਂਗ ਲਹਿਲਹਾਉਂਦੇ ਇਕਾਂਤ ਸਨ, ਜਿਨ੍ਹਾਂ ਵਿੱਚ ਸੇਆਂ ਦੇ ਮਧਰੇ ਬੂਟਿਆਂ ਦੇ ਭਰੇ ਹੋਏ ਬਾਗ਼ ਸਨ, ਜਿਨ੍ਹਾਂ ਨੇ ਮਕਾਨਾਂ ਨੂੰ ਲੁਕੋ ਲਿਆ ਸੀ, ਅਤੇ ਉਨ੍ਹਾਂ ਦੇ ਦੁਆਲੇ ਹੋਰ ਦਰੱਖ਼ਤਾਂ ਦੀਆਂ ਦੋ ਜਾਂ ਚਾਰ ਕਤਰਾਂ ਸਨ । ਦੂਰ ਤੱਕ ਜਿੱਥੋਂ ਤੱਕ ਅੱਖ ਦੇਖ ਸਕਦੀ ਸੀ ਪੁਰਾਣੇ ਜੰਗਲੀ ਰੁੱਖ ਖੜ੍ਹੇ ਸਨ ਦਰੱਖ਼ਤਾਂ ਦੇ ਝੁੰਡ, ਝਾੜੀਆਂ ਇੰਝ ਕਤਾਰਾਂ ਵਿੱਚ ਦਿਸਦੀਆਂ ਸਨ ਜਿਵੇਂ ਹੁਨਰੀ ਮਾਲੀ ਕਿਸੇ ਸ਼ਾਹੀ ਮਿਲਖਾਂ ਦੀਆਂ ਲਾਈਨਾਂ ਲਾਉਂਦੇ ਹਨ ।

ਅਤੇ ਰੈਨੇ ਡੀ ਟਰੇਇਲੀਜ਼ ਇਕਦਮ ਬੋਲਿਆ, "ਮੈਂ ਇਸ ਧਰਤੀ ਨੂੰ ਪਿਆਰ ਕਰਦਾ ਹਾਂ, ਇਸ ਵਿੱਚ ਮੇਰੀਆਂ ਜੜ੍ਹਾਂ ਹਨ ।

ਇਕ ਸ਼ੁੱਧ ਨੌਰਮਨ ਲੰਮਾ ਅਤੇ ਤਕੜਾ ਜੋ ਹਰ ਸਮੁੰਦਰ ਦੇ ਕਿਨਾਰੇ ਬਾਦਸ਼ਾਹਤ ਲੱਭਣ ਵਾਲੇ ਸਾਹਸੀਆਂ ਦੀ ਕੰਮ ਵਾਂਗ ਥੋੜ੍ਹੀ ਬਹੁਤ ਗੋਗੜ ਵੀ ਛੱਡ ਰਿਹਾ ਸੀ । ਉਹ ਲਗਭਗ ਪੰਜਾਹ ਸਾਲ ਦਾ ਸੀ, ਸ਼ਾਇਦ ਉਸ ਕਿਸਾਨ ਨਾਲੋਂ ਦਸ ਸਾਲ ਘੱਟ ਜੋ ਸਾਡਾ ਚਾਲਕ ਸੀ । ਉਹ ਇਕ ਪਤਲਾ ਕਿਸਾਨ ਸੀ, ਸੁੱਕੀਆਂ ਹੱਡੀਆਂ, ਅਜਿਹੇ ਆਦਮੀਆਂ ਵਾਂਗ ਜੋ ਸੌ ਸਾਲ ਜਿਉਂਦੇ ਹਨ ।

ਹਰੇ ਅਤੇ ਇਕਸਾਰ ਮੈਦਾਨ ਵਿੱਚੋਂ ਲੰਘਦੀ ਪੱਥਰ ਦੀ ਸੜਕ ਉੱਤੇ ਦੋ ਘੰਟੇ ਸਫ਼ਰ ਕਰਕੇ ਗੱਡੀ ਇਕ ਫਲਦਾਰ ਬਾਗ਼ਾਂ ਵਿੱਚ ਜਾ ਵੜੀ ਜੋ ਖੇਤ ਦੇ ਕੋਠਿਆਂ ਨੂੰ ਸ਼ਿੰਗਾਰਦੇ ਹਨ ਅਤੇ ਪੁਰਾਣੇ ਢਾਂਚੇ ਦੇ ਤਬਾਹ ਹੋਣ ਤੋਂ ਪਹਿਲਾਂ ਸੁਕ ਜਾਂਦੇ ਹਨ, ਜਿੱਥੇ ਨੌਕਰਾਣੀ ਇਕ ਨੌਜਵਾਨ ਦੇ ਨਾਲ ਖੜ੍ਹੀ ਉਡੀਕ ਕਰ ਰਹੀ ਸੀ ਅਤੇ ਜਿਸ ਨੇ ਘੋੜੇ ਦੀ ਲਗਾਮ ਫੜੀ।

ਅਸੀਂ ਖੇਤ ਵਾਲੇ ਕੋਠੇ ਵਿੱਚ ਦਾਖ਼ਲ ਹੋ ਗਏ । ਧੂੰਏਂ ਵਾਲੀ ਰਸੋਈ ਉੱਚੀ ਅਤੇ ਖੁੱਲ੍ਹੀ ਸੀ । ਤਾਂਬੇ ਅਤੇ ਮਿੱਟੀ ਦੇ ਭਾਂਡੇ ਅਗਨੀ ਦੀ ਤੇਜ਼ ਰੌਸ਼ਨੀ ਨਾਲ ਲਿਸ਼ਕ ਰਹੇ ਸਨ । ਇਕ ਬਿੱਲੀ ਮੇਜ਼ ਦੇ ਥੱਲੇ ਸੁੱਤੀ ਪਈ ਸੀ । ਦੁੱਧ, ਸੇਬਾਂ, ਅਤੇ ਧੁੰਦ ਦੀ ਅਜੀਬ ਮੁਸ਼ਕ ਆ ਰਹੀ ਸੀ ਜੋ ਅਕਸਰ ਉਨ੍ਹਾਂ ਘਰਾਂ ਵਿੱਚੋਂ ਆਇਆ

ਕਰਦੀ ਹੈ ਜਿਨ੍ਹਾਂ ਵਿੱਚ ਕਿਸਾਨ ਰਹਿੰਦੇ ਹੋਣ-ਮਿੱਟੀ, ਕੰਧਾਂ, ਸਮਾਨ, ਬਾਸੀ ਸੂਪ ਸਾਬਣ ਧੋਣ, ਪੁਰਾਣੇ ਵਾਸੀਆਂ ਦੀ ਗੰਧ, ਪਸ਼ੂਆਂ ਅਤੇ ਮਨੁੱਖਾਂ ਦੀ ਬਦਬੂ ਉਸ ਸਮੇਂ ਮੌਜੂਦ ਅਤੇ ਬੀਤੇ ਸਮੇਂ ਦੀਆਂ ਚੀਜ਼ਾਂ ਦੀ ਵਾਸ਼ਨਾ, ਤੁਹਾਡੇ ਸਾਹ ਨਾਲ ਅੰਦਰ ਜਾਂਦੀ ਹੈ।

ਮੈਂ ਖੇਤ ਦੇ ਬਗੀਚੇ ਨੂੰ ਦੇਖਣ ਬਾਹਰ ਚਲਿਆ ਗਿਆ। ਇਹ ਬਹੁਤ ਵਿਸ਼ਾਲ ਸੇਬਾਂ ਦੇ ਪੱਧਰੇ ਅਤੇ ਵਿੰਗੇ ਫਲ਼ਾਂ ਲੱਦੇ ਰੁੱਖਾਂ ਨਾਲ ਭਰਿਆ ਹੋਇਆ ਸੀ ਜਿਨ੍ਹਾਂ ਦੇ ਚੁਫੇਰੇ ਘਾਹ ਉੱਤੇ ਚੱਲ ਫ਼ਲ ਡਿੱਗੇ ਹੋਏ ਸਨ। ਇਸ ਬਗੀਚੇ ਵਿੱਚ ਸੇਬਾਂ ਦੀ ਸੁਗੰਧੀ ਇੰਨੀ ਤੇਜ਼ ਸੀ ਜਿਵੇਂ ਸੰਤਰੇ ਦੇ ਰੁੱਖਾਂ ਦੀ ਹੁੰਦੀ ਹੈ ਜੋ ਦੱਖਣੀ ਦਰਿਆਵਾਂ ’ਤੇ ਖਿੜਦੇ ਹਨ।

ਇਸ ਬਗੀਚੇ ਦੇ ਦੁਆਲੇ ਬੀਚ ਦੇ ਉੱਚੇ ਰੁੱਖਾਂ ਦੀਆਂ ਚਾਰ ਕਤਾਰਾਂ ਸਨ। ਉਹ ਇੰਨੇ ਲੰਮੇ ਸਨ ਕਿ ਬੱਦਲਾਂ ਨੂੰ ਛੂੰਹਦੇ ਲਗਦੇ ਸਨ, ਰਾਤ ਪੈਣ ਦੇ ਵੇਲੇ, ਉਨ੍ਹਾਂ ਦੀਆਂ ਟੀਸੀਆਂ, ਜਿਨ੍ਹਾਂ ਵਿੱਚੋਂ ਰਾਤ ਦੀਆਂ ਹਵਾਵਾਂ ਲੰਘਦੀਆਂ ਸਨ, ਹਿੱਲ ਹਿੱਲ ਕੇ ਇਕ ਉਦਾਸ ਅਤੇ ਨਿਰੰਤਰ ਗੀਤ ਗਾਉਂਦੀਆਂ ਸਨ।

ਮੈਂ ਫੇਰ ਮਕਾਨ ਵਿੱਚ ਦਾਖ਼ਲ ਹੋ ਗਿਆ। ਬੈਰਨ ਅੱਗ ਉੱਤੇ ਪੈਰਾਂ ਨੂੰ ਗਰਮਾ ਰਿਹਾ ਸੀ, ਅਤੇ ਪੇਂਡੂ ਮਾਮਲਿਆਂ ਬਾਰੇ ਕਿਸਾਨ ਦੀਆਂ ਗੱਲਾਂ ਸੁਣ ਰਿਹਾ ਸੀ। ਉਸ ਨੇ ਵਿਆਹਾਂ, ਜਨਮਾਂ ਅਤੇ ਮੌਤਾਂ ਦੀਆਂ ਗੱਲਾਂ ਦੱਸੀਆਂ ਫੇਰ ਅਨਾਜ ਦੀਆਂ ਕੀਮਤਾਂ ਗਿਰਨ ਦੀਆਂ ਅਤੇ ਪਸ਼ੂਆਂ ਦੇ ਵੇਚ ਮੁੱਲ ਬਾਰੇ ਨਵੀਂ ਖ਼ਬਰ ਦੀਆਂ। " ਵਿਉਲਾਰਤ "। ਜਿਵੇਂ ਉਸ ਨੇ ਇਕ ਗਊ ਦਾ ਨਾਂ ਰੱਖਿਆ ਸੀ ਵਿਊਲਜ਼ ਦੇ ਮੇਲੇ ਤੋਂ ਖ਼ਰੀਦੀ ਸੀ। ਜੂਨ ਦੇ ਮੱਧ ਵਿੱਚ ਸੂਈ ਸੀ। ਸੇਬਾਂ ਦਾ ਰਸ ਪਿਛਲੇ ਸਾਲ ਵਧੀਆ ਕਿਸਮ ਦਾ ਨਹੀਂ ਸੀ। ਹਾੜ੍ਹੀ ਦੇ ਸੇਬ ਲਗਭਗ ਪਿੰਡਾਂ ਵਿੱਚੋਂ ਖ਼ਤਮ ਹੋ ਰਹੇ ਸਨ।

ਫੇਰ ਅਸੀਂ ਰਾਤ ਦਾ ਖਾਣ ਖਾਧਾ। ਇਹ ਇਕ ਚੰਗਾ ਪੇਂਡੂ ਖਾਣਾ ਸੀ, ਸਾਦਾ ਅਤੇ ਬਹੁਤਾਤ ਵਿੱਚ, ਲੰਮਾ ਅਤੇ ਠੰਢਾ। ਅਤੇ ਜਦੋਂ ਅਸੀਂ ਖਾਣਾ ਖਾ ਰਹੇ ਸੀ ਤਾਂ ਮੇਰਾ ਧਿਆਨ ਬੈਰਨ ਅਤੇ ਕਿਸਾਨ ਦੀ ਦੋਸਤਾਨਾ ਸਾਂਝ ਵੱਲ ਗਿਆ ਜੋ ਮੈਨੂੰ ਸ਼ੁਰੂ ਤੋਂ ਹੀ ਖੁੜਕ ਰਹੀ ਸੀ।

ਬਾਹਰ, ਬੀਚ ਦੇ ਰੁੱਖ ਨਿਰੰਤਰ ਹਟਕੋਰੇ ਭਰ ਰਹੇ ਸਨ ਅਤੇ ਸਾਡੇ ਦੋ ਕੁੱਤੇ ਇਕ ਸ਼ੈਡ ਵਿੱਚ ਬੰਦ ਡਰਾਉਣੇ ਢੰਗ ਨਾਲ ਭੌਂਕਦੇ ਅਤੇ ਰੋ ਰਹੇ ਸਨ। ਵੱਡੀ ਅੰਗੀਠੀ ਵਿੱਚ ਅੱਗ ਬੁਝਦੀ ਜਾ ਰਹੀ ਸੀ। ਨੌਕਰਾਣੀ ਸੌਂ ਚੁੱਕੀ ਸੀ ਮੇਟਰ ਲੈਬਰੁਮੈਂਟ ਨੇ ਆਪਣੀ ਵਾਰੀ ਕਿਹਾ:

"ਜੇ ਤੁਸੀਂ ਮਹਿਸੂਸ ਨਾ ਕਰੋ ਜਨਾਬ ਬੈਰਨ ਤਾਂ ਮੈਂ ਸੌਂ ਜਾਵਾ। ਮੈਂ ਰਾਤ ਦੇਰ ਤੱਕ ਜਾਗਣ ਦਾ ਆਦੀ ਨਹੀਂ।"

ਬੈਨਰ ਨੇ ਆਪਣਾ ਹੱਥ ਉਸ ਵੱਲ ਵਧਾਇਆ ਅਤੇ ਇੰਨੀ ਪ੍ਰੇਮ ਭਰੀ ਆਵਾਜ਼ ਵਿੱਚ "ਜਾਓ ਦੋਸਤ" ਆਖਿਆ ਕਿ ਜਦੋਂ ਹੀ ਉਹ ਚਲਿਆ ਗਿਆ ਤਾਂ ਮੈਂ ਕਿਹਾ।

"ਉਹ ਕਿਸਾਨ ਤੇਰਾ ਸ਼ਰਧਾਲੂ ਹੈ ?

"ਉਸ ਤੋਂ ਵੀ ਵੱਧ ਸੱਜਣਾ। ਇਹ ਇਕ ਨਾਟਕ ਹੈ, ਇਕ ਪੁਰਾਣਾ ਨਾਟਕ, ਸਾਧਾਰਨ ਅਤੇ ਬਹੁਤ ਉਦਾਸ, ਜੋ ਉਸ ਨੂੰ ਮੇਰੇ ਨਾਲ ਜੋੜਦਾ ਹੈ। ਇਹ ਕਹਾਣੀ ਇਸ ਤਰ੍ਹਾਂ ਹੈ:

ਤੈਨੂੰ ਪਤਾ ਹੈ ਕਿ ਮੇਰਾ ਪਿਤਾ ਕਵੈਲਰੀ ਰਜਮੈਂਟ ਵਿੱਚ ਕਰਨਲ ਸੀ। ਉਸ ਦਾ ਅਰਦਲੀ ਇਹ ਨੌਜਵਾਨ ਸੀ, ਜੋ ਹੁਣ ਬੁੱਢਾ ਹੈ, ਇਕ ਕਿਸਾਨ ਦਾ ਪੁੱਤਰ। ਜਦੋਂ ਮੇਰਾ ਪਿਤਾ ਫ਼ੌਜ ਵਿੱਚੋਂ ਰਿਟਾਇਰ ਹੋਇਆ ਤਾਂ ਉਸ ਨੇ ਆਪਣੇ ਸਿਪਾਹੀ ਨੂੰ, ਜੋ ਉਦੋਂ ਚਾਲੀ ਸਾਲ ਦਾ ਸੀ ਆਪਣੇ ਨਾਲ ਨੌਕਰ ਲੈ ਆਂਦਾ। ਜੋ ਉਦੋਂ ਲਗਭਗ ਤੀਹ ਸਾਲਾਂ ਦਾ ਸੀ। ਅਸੀਂ ਉਦੋਂ ਕਾਉਡੀ ਬੈਂਕ-ਇਨ ਕਾਉਕਸ ਦੇ ਨੇੜੇ ਵੈਲੀਰੀਨ ਵਿਖੇ ਕੋਠੀ ਵਿੱਚ ਰਹਿੰਦੇ ਸੀ।

"ਇਸ ਸਮੇਂ ਮੇਰੀ ਮਾਤਾ ਦੀ ਨੌਕਰਾਣੀ ਸੋਹਣੀਆਂ ਕੁੜੀਆਂ ਵਿੱਚੋਂ ਇਕ ਸੀ, ਜੋ ਸੋਹਣੇ ਵਾਲ਼ਾਂ ਵਾਲੀਆਂ, ਪਤਲੀਆਂ ਜੋ ਛੋਹਲੇ ਸਲੀਕੇ ਵਾਲੀਆਂ, ਐਬੀਮੇਲ ਦਿਲਕਸ਼ ਅਸਲ ਕਿਸਮ ਦੀਆਂ ਜੋ ਅੱਜ ਕੱਲ੍ਹ ਬਹੁਤ ਘੱਟ ਮਿਲਦੀਆਂ ਹਨ। ਅੱਜ ਕੱਲ੍ਹ ਇਹ ਕੁੜੀਆਂ ਸਮੇਂ ਤੋਂ ਪਹਿਲਾਂ ਹੀ ਅੱਥਰੀਆਂ ਹੋ ਜਾਂਦੀਆਂ ਹਨ। ਰੇਲਾਂ ਦੀ ਆਵਾਜਾਈ ਕਾਰਨ, ਪੈਰਿਸ, ਜਦੋਂ ਹੀ ਉਹ ਤ੍ਰੀਮਤਪੁਣੇ ਵਿੱਚ ਪੈਰ ਰੱਖਦੀਆਂ ਹਨ ਉਨ੍ਹਾਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ, ਬੁਲਾ ਲੈਂਦਾ ਹੈ ਫੜ ਲੈਂਦਾ- ਇਨ੍ਹਾਂ ਪਠੀਆਂ ਨੂੰ ਜੋ ਪੁਰਾਣੇ ਸਮਿਆਂ ਵਿੱਚ ਸਾਦ ਮੁਰਾਦੀਆਂ ਨੌਕਰਾਣੀਆਂ ਹੀ ਰਹਿੰਦੀਆਂ ਸਨ। ਹਰ ਲੰਘਦਾ ਮਨੁੱਖ ਜਿਵੇਂ ਕਾਫ਼ੀ ਦੇਰ ਪਹਿਲਾਂ ਸਾਰਜੈਂਟ ਜਬਰੀ ਭਰਤੀ ਕੀਤੇ ਜਾਂਦੇ ਸਨ, ਇਨ੍ਹਾਂ ਨੂੰ ਲੁਭਾਉਂਦਾ ਅਤੇ ਖ਼ਰਾਬ ਕਰਦਾ ਹੈ ਇਨ੍ਹਾਂ ਬੇਵਕੂਫ਼ ਪ੍ਰੇਮਿਕਾਵਾਂ ਨੂੰ ਅੱਜ ਤੱਕ ਸਾਡੇ ਕੋਲ ਨੌਕਰਾਣੀਆਂ ਲਈ ਔਰਤਾਂ ਦੀ ਰਹਿੰਦ ਖੂੰਹਦ ਹੀ ਹੈ, ਸਭ ਬੇਸੁਆਦੀ, ਗੰਦੀ ਮੈਲ਼ੀ, ਸਾਧਾਰਨ, ਬਦਸ਼ਕਲ। ਚੂਹਲਬਾਜ਼ੀ ਵੀ ਇਨ੍ਹਾਂ ਨਾਲ ਨਹੀਂ ਹੋ ਸਕਦੀ।

"ਹਾਂ ਇਹ ਕੁੜੀ ਮਨਮੋਹਣੀ ਸੀ, ਅਤੇ ਮੈਂ ਅਕਸਰ ਹਨੇਰੇ ਕੋਨਿਆਂ ਵਿੱਚ ਉਸ ਨੂੰ ਚੁੰਮਦਾ ਸਾਂ-ਇਸ ਤੋਂ ਵੱਧ ਨਹੀਂ, ਮੈਂ ਸਹੁੰ ਖਾਂਦਾ ਹਾਂ । ਉਹ ਨੇਕ ਸੀ ਇਸ ਤੋਂ ਇਲਾਵਾ, ਮੈਨੂੰ ਆਪਣੀ ਮਾਤਾ ਦੇ ਘਰ ਦਾ ਕੁਝ ਸਤਿਕਾਰ ਸੀ ਜੋ ਅੱਜ ਕੱਲ੍ਹ ਗੁੰਡਿਆਂ ਨਾਲੋਂ ਵੀ ਵੱਧ ਬਚਿਆ ਹੋਇਆ ਹੈ।

"ਹੁਣ ਇਹ ਹੋਇਆ ਕਿ ਮੇਰੇ ਪਿਤਾ ਦਾ ਨੌਕਰ, ਰਹਿ ਚੁੱਕਿਆ ਸਿਪਾਹੀ, ਬੁੱਢਾ ਕਿਸਾਨ ਜੋ ਤੂੰ ਹੁਣੇ ਵੇਖਿਆ ਹੈ, ਇਸ ਕੁੜੀ ਨਾਲ ਪਿਆਰ ਕਰਨ ਲੱਗਿਆ ਪਰ ਗ਼ੈਰ-ਸਾਧਾਰਨ ਢੰਗ ਨਾਲ । ਪਹਿਲੀ ਗੱਲ ਅਸੀਂ ਨੋਟ ਕੀਤੀ ਉਹ ਇਹ ਕਿ ਉਸ ਦੀ ਯਾਦਦਾਸ਼ਤ ’ਤੇ ਅਸਰ ਹੋਇਆ; ਉਹ ਕਿਸੇ ਚੀਜ਼ ਵੱਲ ਧਿਆਨ ਨਾ ਦਿੰਦਾ ।

"ਮੇਰਾ ਪਿਤਾ ਅਕਸਰ ਆਖਦਾ ਰਹਿੰਦਾ, "ਗੱਲ ਸੁਣ ਓਏ, ਜੀਨ । ਤੈਨੂੰ ਕੀ ਹੋਇਆ ਹੈ? ਕੀ ਤੂੰ ਬਿਮਾਰ ਹੈ ?"

"ਨਾ ਨਾ ਜਨਾਬ ਬੈਰਨ ਮੈਨੂੰ ਕੁਝ ਨਹੀਂ ਹੋਇਆ।

"ਜੀਨ ਕਮਜ਼ੋਰ ਹੋ ਗਿਆ । ਫੇਰ ਮੇਜ਼ ਉੱਪਰ ਖਾਣਾ ਦੇਣ ਸਮੇਂ ਉਹ ਗਲਾਸ ਤੋੜ ਦਿੰਦਾ। ਪਲੇਟਾਂ ਹੱਥੋਂ ਡੇਗ ਦਿੰਦਾ । ਅਸੀਂ ਸੋਚਿਆ ਕਿ ਜ਼ਰੂਰ ਉਸ ਨੂੰ ਕੋਈ ਨਾੜੀ ਰੋਗ ਲੱਗ ਗਿਆ ਹੈ । ਅਤੇ ਅਸੀਂ ਡਾਕਟਰ ਨੂੰ ਬੁਲਾ ਭੇਜਿਆ । ਜਿਸ ਦਾ ਵਿਚਾਰ ਸੀ ਕਿ ਉਸ ਦੀ ਰੀੜ੍ਹ ਦੀ ਹੱਡੀ ਵਿੱਚ ਕੋਈ ਨੁਕਸ ਹੈ । ਫੇਰ ਮੇਰੇ ਪਿਤਾ ਨੇ ਆਪਣੇ ਵਫ਼ਾਦਾਰ ਨੌਕਰ ਲਈ ਚਿੰਤਾਜਨਕ ਹੋ ਕੇ ਉਸ ਨੂੰ ਪ੍ਰਾਈਵੇਟ ਹਸਪਤਾਲ ਵਿੱਚ ਦਾਖ਼ਲ ਕਰਾਉਣ ਦਾ ਫ਼ੈਸਲਾ ਕਰ ਲਿਆ। ਜਦੋਂ ਗ਼ਰੀਬ ਆਦਮੀ ਨੂੰ ਮੇਰੇ ਪਿਤਾ ਦੇ ਇਰਾਦੇ ਦਾ ਪਤਾ ਲੱਗਿਆ ਤਾਂ ਉਸ ਨੇ ਗੱਲ ਸਾਫ਼ ਕੀਤੀ ।

"ਜਨਾਬ ਬੈਰਨ"

"ਹਾਂ ਮੇਰੇ ਬੱਚੜੇ ?"

"ਤੁਹਾਨੂੰ ਪਤਾ ਹੈ ਕਿ ਜੋ ਚਾਹੁੰਦਾ ਹਾਂ ਉਹ ਸਿਹਤ ਨਹੀਂ ।"

"ਹਾਂ । ਤਾਂ ਤੈਨੂੰ ਕੀ ਚਾਹੀਦਾ ਹੈ ਫੇਰ?"

"ਇਹ ਹੈ ਵਿਆਹ ।"

""ਮੇਰੇ ਪਿਤਾ ਨੇ ਉਸ ਵੱਲ ਬੜੀ ਹੈਰਾਨੀ ਨਾਲ ਦੇਖਿਆ ।"

"ਤੇਰਾ ਕੀ ਮਤਲਬ ਹੈ ?"

'ਵਿਆਹ ।"

"ਵਿਆਹ, ਤਾਂ ਤੂੰ ਪਿਆਰ ਵਿੱਚ ਫਸ ਗਿਆ ਹੈ"'

"ਹਾਂ ਇਵੇਂ ਹੀ ਹੈ ਜਨਾਬ ਬੈਰਨ"

"ਅਤੇ ਮੇਰਾ ਪਿਤਾ ਬਹੁਤ ਹੱਸਿਆ, ਕਿ ਮੇਰੀ ਮਾਂ ਨੇ ਅਗਲੇ ਕਮਰੇ ਦੀ ਕੰਧ ਵਿੱਚੋਂ ਆਵਾਜ਼ ਦਿੱਤੀ ।"

"ਭਲਾ ਹੋਵੇ ਤੁਹਾਨੂੰ ਕੀ ਹੋ ਗਿਆ ਹੈ ਗੌਂਨਟਰੈਨ ?"

"ਕੈਥਰੀਨ ਉਰੇ ਆ।"

"ਅਤੇ ਜਦੋਂ ਉਹ ਅੰਦਰ ਆਈ ਤਾਂ ਉਸ ਨੇ ਨਿਰੋਲ ਹਾਸੇ ਕਾਰਣ ਅੱਖਾਂ ਵਿੱਚ ਅੱਥਰੂ ਭਰ ਕੇ ਕਿਹਾ, ਕਿ ਉਸ ਦਾ ਝੱਲਾ ਨੌਕਰ ਇਸ਼ਕ ਦਾ ਰੋਗੀ ਹੋ ਗਿਆ ਹੈ।

"ਪਰ ਮੇਰੀ ਮਾਂ ਹੱਸਣ ਦੀ ਬਜਾਏ ਬਹੁਤ ਪ੍ਰਭਾਵਿਤ ਹੋਈ ।"

"ਤੈਨੂੰ ਕਿਸ ਨਾਲ ਪਿਆਰ ਹੋ ਗਿਆ ਹੈ। ਨਿਕੰਮਿਆ? ਉਸ ਨੇ ਪੁੱਛਿਆ ।

ਉਸ ਨੇ ਬੇਝਿਜਕ ਹੋਕੇ ਕਿਹਾ

“ਲੂਈਸ, ਮੈਡਮ ਲਾ ਬੈਰੋਨੀ ਨਾਲ"

"ਮੇਰੀ ਮਾਂ ਨੇ ਬੜੀ ਖਿੱਚ ਨਾਲ ਕਿਹਾ: ਸਾਨੂੰ ਜ਼ਰੂਰ ਇਸ ਗੱਲ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿੰਨੇ ਵੱਧ ਤੋਂ ਵੱਧ ਸੁਚੱਜੇ ਢੰਗ ਨਾਲ ਅਸੀਂ ਕਰ ਸਕਦੇ ਹੋਈਏ ।"

"ਇਸ ਲਈ ਮੇਰੀ ਮਾਂ ਨੇ ਲੂਈਸ ਨੂੰ ਬੁਲਾਇਆ ਅਤੇ ਪੁੱਛਿਆ। ਉਸ ਨੇ ਉੱਤਰ ਵਿੱਚ ਕਿਹਾ ਕਿ ਉਹ ਜੀਨ ਦੇ ਪਿਆਰ ਬਾਰੇ ਜਾਣਦੀ ਹੈ, ਅਸਲ ਵਿੱਚ ਜੀਨ ਨੇ ਇਸ ਸੰਬੰਧੀ ਉਸ ਨਾਲ ਗੱਲ ਵੀ ਕੀਤੀ ਹੈ, ਪਰ ਉਹ ਉਸ ਨੂੰ ਚਾਹੁੰਦੀ ਨਹੀਂ । ਉਹ ਕਿਉਂ ਨਹੀਂ ਚਾਹੁੰਦੀ, ਇਹ ਦੱਸਣੋਂ ਉਸ ਨੇ ਇਨਕਾਰ ਕਰ ਦਿੱਤਾ ।"

"ਅਤੇ ਦੋ ਮਹੀਨੇ ਲੰਘ ਗਏ ਜਿਸ ਦੌਰਾਨ ਮੇਰੇ ਮਾਤਾ ਪਿਤਾ ਨੇ ਉਸ ਕੁੜੀ ਨੂੰ ਜੀਨ ਨਾਲ ਸ਼ਾਦੀ ਕਰਨ ਲਈ ਮਜ਼ਬੂਰ ਕਰਨਾ ਬੰਦ ਕਰ ਦਿੱਤਾ । ਕਿਉਂਕਿ ਉਸ ਨੇ ਐਲਾਨ ਕਰ ਦਿੱਤਾ ਸੀ ਕਿ ਉਸ ਦਾ ਕਿਸੇ ਨਾਲ ਪਿਆਰ ਨਹੀਂ, ਉਹ ਆਪਣੇ ਇਨਕਾਰ ਲਈ ਕੋਈ ਹੋਰ ਦਲੀਲ ਨਹੀਂ ਦੇ ਸਕਦੀ ਸੀ । ਮੇਰੇ ਪਿਤਾ ਨੇ ਆਖ਼ਿਰਕਾਰ ਕਾਫ਼ੀ ਧਨ ਦਾ ਲਾਲਚ ਦੇ ਕੇ ਉਸ ਨੂੰ ਮਨਾ ਲਿਆ ਉਸ ਜੋੜੇ ਦਾ

ਜੀਵਨ ਆਪਣੀ ਮਿਲਖ ਦੇ ਇਸੇ ਫਾਰਮ ਉੱਤੇ ਆਰੰਭ ਕੀਤਾ । ਤਿੰਨ ਸਾਲ ਬੀਤ ਜਾਣ ਪਿੱਛੋਂ ਮੈਨੂੰ ਪਤਾ ਲੱਗਿਆ ਕਿ ਲੂਇਸ ਤਪਦਿਕ ਨਾਲ ਮਰ ਗਈ ਹੈ। ਪਰ ਮੇਰੇ ਮਾਤਾ ਪਿਤਾ ਵੀ ਆਪੋ ਆਪਣੀ ਵਾਰੀ ਚਲਾਣਾ ਕਰ ਗਏ ਅਤੇ ਜੀਨ ਨੂੰ ਮਿਲੇ ਬਿਨਾਂ ਦੋ ਸਾਲ ਹੋਰ ਲੰਘ ਗਏ ।

"ਆਖ਼ਿਰਕਾਰ ਇਕ ਪੱਤਝੜ ਦੇ ਦਿਨ, ਅਕਤੂਬਰ ਦੇ ਅੰਤ ਵਿੱਚ, ਜਾਇਦਾਦ ਦੇ ਇਸ ਹਿੱਸੇ ਵਿੱਚ ਸ਼ਿਕਾਰ ਖੇਡਣ ਲਈ ਮੇਰਾ ਵਿਚਾਰ ਬਣਿਆ, ਜੋ ਮੇਰੇ ਮੁਜ਼ਾਰੇ ਦੇ ਦੱਸਣ ਅਨੁਸਾਰ ਸ਼ਿਕਾਰ ਨਾਲ ਭਰਪੂਰ ਸੀ।

"ਇਸ ਲਈ ਇਕ ਸ਼ਾਮ, ਇਕ ਭਿੱਜੀ ਸ਼ਾਮ, ਮੈਂ ਇਸ ਮਕਾਨ ਵਿੱਚ ਆਇਆ । ਮੈਨੂੰ ਇਹ ਵੇਖ ਕੇ ਧੱਕਾ ਲੱਗਿਆ ਕਿ ਮੇਰੇ ਪਿਤਾ ਦੇ ਨੌਕਰ ਪੁਰਾਣੇ ਸਿਪਾਹੀ ਦਾ ਸਿਰ ਬਿਲਕੁਲ ਚਿੱਟਾ ਹੋਇਆ ਪਿਆ ਸੀ, ਭਾਵੇਂ ਉਸ ਦੀ ਉਮਰ ਪੰਤਾਲੀ ਛਿਆਲੀ ਸਾਲਾਂ ਤੋਂ ਵੱਧ ਨਹੀਂ ਸੀ। ਮੈਂ ਉਸ ਨੂੰ ਇਸੇ ਮੇਜ਼ ਉੱਤੇ, ਜਿੱਥੇ ਅਸੀਂ ਹੁਣ ਬੈਠੇ ਹਾਂ ਬਿਠਾ ਕੇ ਆਪਣੇ ਨਾਲ ਖਾਣਾ ਖੁਆਇਆ । ਬਹੁਤ ਤੇਜ਼ ਬਾਰਿਸ਼ ਹੋ ਰਹੀ ਸੀ । ਸਾਨੂੰ ਛੱਤ ਉੱਤੇ, ਕੰਧਾਂ ਉੱਤੇ, ਖਿੜਕੀਆਂ' ਤੇ ਮਾਰੋ ਮਾਰ ਕਰ ਰਹੀ ਬਾਰਿਸ਼ ਸੁਣ ਰਹੀ ਸੀ। ਜੋ ਬਿਲਕੁਲ ਹੜ੍ਹ ਬਣ ਕੇ ਹੀ ਵਾੜੇ ਵਿੱਚੋਂ ਵਹਿ ਰਿਹਾ ਸੀ, ਅਤੇ ਮੇਰਾ ਕੁੱਤਾ ਸ਼ੈੱਡ ਵਿੱਚ ਰੋ ਰਿਹਾ ਸੀ ਜਿੱਥੇ ਦੂਜੇ ਕੁੱਤੇ ਰਾਤ ਭਰ ਰੋਂਦੇ ਰਹਿੰਦੇ ਹਨ।

"ਅਚਾਨਕ ਜਦੋਂ ਨੌਕਰਾਣੀ ਆਪਣੇ ਸੌਣ ਕਮਰੇ ਵਿੱਚ ਚਲੀ ਗਈ, ਤਾਂ ਉਸ ਆਦਮੀ ਨੇ ਸੰਗਾਊ ਆਵਾਜ਼ ਵਿੱਚ ਕਿਹਾ:

"ਜਨਾਬ ਬੈਰਨ ਸਾਹਿਬ"

"ਕੀ ਗੱਲ ਹੈ ਮੇਰੇ ਪਿਆਰੇ ਜੀਨ ?"

"ਮੈਂ ਤੁਹਾਨੂੰ ਇਕ ਗੱਲ ਦੱਸਣੀ ਹੈ ।"

"ਦੱਸੋ ਮੇਰੇ ਪਿਆਰੇ ਜੀਨ"

'ਤੈਨੂੰ ਮੇਰੀ ਲੂਈਸ ਯਾਦ ਹੈ'

"ਨਿਸ਼ਚੇ ਹੀ ਮੈਨੂੰ ਯਾਦ ਹੈ"

"ਉਸ ਨੇ ਤੇਰੇ ਲਈ ਮੈਨੂੰ ਇਕ ਸੁਨੇਹਾ ਦਿੱਤਾ ਸੀ ।"

"ਕੀ ਸੁਨੇਹਾ"

"ਅ-ਅ ਠੀਕ, ਇਹ ਸੀ ਜਿਸ ਨੂੰ ਤੂੰ ਇਕਬਾਲ ਕਹਿ ਸਕਦਾ ਹੈ ।"

"ਹਾਂ ਇਹ ਕਿਸ ਬਾਰੇ ਸੀ ?"

"ਇਹ ਸੀ-ਇਹ ਸੀ-ਮੈਨੂੰ ਸਗੋਂ ਫੇਰ ਵੀ ਤੁਹਾਨੂੰ ਕੁਝ ਨਹੀਂ ਦੱਸਣਾ-ਪਰ ਮੈਨੂੰ ਦੱਸਣਾ ਚਾਹੀਦਾ ਹੈ ਜ਼ਰੂਰ” ਪਤਾ, ਇਹ ਗੱਲ ਸੀ-ਉਹ ਤਪਦਿਕ ਨਾਲ ਨਹੀਂ ਮਰੀ ਸੀ । ਇਹ ਦੁੱਖ ਸੀ -ਬੱਸ ਇਹ ਉਸ ਦਾ ਸਾਰ ਤੱਤ ਹੈ । ਜਦੋਂ ਸਾਡੀ ਸ਼ਾਦੀ ਤੋਂ ਬਾਅਦ ਉਹ ਇੱਥੇ ਰਹਿਣ ਆਈ, ਉਹ ਕਮਜ਼ੋਰ ਹੋ ਗਈ, ਉਹ ਇੰਨੀ ਬਦਲ ਗਈ ਕਿ ਛੇ ਮਹੀਨੇ ਮਗਰੋਂ ਤੁਸੀਂ ਉਸ ਨੂੰ ਪਹਿਚਾਣ ਨਾ ਸਕਦੇ-ਜਨਾਬ ਬੈਰਨ ਤੁਸੀਂ ਉਸ ਨੂੰ ਪਹਿਚਾਣ ਨਾ ਸਕਦੇ । ਵਿਆਹ ਤੋਂ ਮਗਰੋਂ ਉਹ ਬਿਲਕੁਲ ਬਦਲ ਗਈ ਸੀ ।

"ਮੈਂ ਡਾਕਟਰ ਨੂੰ ਬੁਲਾਇਆ। ਉਸ ਨੇ ਕਿਹਾ ਉਸ ਦੇ ਜਿਗਰ ’ਤੇ ਅਸਰ ਹੋ ਗਿਆ ਸੀ ਇਸ ਨੂੰ ਹੈਪਟਿਕ ਕਿਹਾ ਜਾਂਦਾ ਹੈ । ਮੈਨੂੰ ਇਨ੍ਹਾਂ ਭਾਰੇ ਸ਼ਬਦਾਂ ਦੀ ਜਨਾਬ ਬੈਰਨ ਮੈਨੂੰ ਸਮਝ ਨਹੀਂ । ਫੇਰ ਮੈਂ ਉਸ ਲਈ ਦੁਆਈ ਲੈ ਕੇ ਆਇਆ, ਬੋਤਲਾਂ ਦੇ ਢੇਰ, ਜਿਨ੍ਹਾਂ ਦੀ ਕੀਮਤ ਤਿੰਨ ਸੌ ਫਰੈਂਕ ਦੇ ਲਗਭਗ ਹੋਵੇਗੀ । ਪਰ ਉਹ ਉਨ੍ਹਾਂ ਵਿੱਚੋਂ ਤੁਪਕਾ ਨਾ ਲੈਂਦੀ । ਉਹ ਉਨ੍ਹਾਂ ਨੂੰ ਛੂੰਹਦੀ ਵੀ ਨਾ, ਉਹ ਕਹਿੰਦੀ “ਇਨ੍ਹਾਂ ਦਾ ਕੋਈ ਫ਼ਾਇਦਾ ਨਹੀਂ ਮੇਰੇ ਵਿਚਾਰੇ ਜੀਨ ? ਇਸ ਨਾਲ ਮੈਨੂੰ ਲਾਭ ਨਹੀਂ ਹੋਵੇਗਾ ।” ਮੈਂ ਦੇਖਿਆ ਕਿ ਉਸ ਅੰਦਰ ਕੋਈ ਗੁਪਤ ਪੀੜਾ ਹੈ, ਅਤੇ ਫੇਰ ਮੈਂ ਉਸ ਨੂੰ ਇਕ ਦਿਨ ਚੀਖ਼ਦਿਆ ਵੇਖਿਆ, ਅਤੇ ਮੈਨੂੰ ਪਤਾ ਨਾ ਲੱਗਾ ਕਿ ਮੈਂ ਕੀ ਕਰਾਂ-ਬਿਲਕੁਲ ਮੈਨੂੰ ਪਤਾ ਨਾ ਲੱਗਾ ਕਿ ਮੈਂ ਕੀ ਕਰਾਂ। ਮੈਂ ਉਸ ਲਈ ਟੋਪੀਆਂ, ਪੁਸ਼ਾਕਾਂ, ਤੇਲ ਅਤੇ ਬਾਲੇ ਖ਼ਰੀਦ ਕੇ ਲਿਆਇਆ । ਪਰ ਵਿਅਰਥ । ਅਤੇ ਮੈਂ ਦੇਖਿਆ ਉਹ ਮਰਦੀ ਜਾ ਰਹੀ ਸੀ। ਅਤੇ ਇਸ ਤਰ੍ਹਾਂ ਨਵੰਬਰ ਦੇ ਅਖ਼ੀਰ ਵਿੱਚ ਇਕ ਰਾਤ, ਇਕ ਬਰਫ਼ੀਲੀ ਰਾਤ, ਸਾਰਾ ਦਿਨ ਆਪਣੇ ਬਿਸਤਰੇ ਵਿੱਚ ਅਹਿਲ ਰਹਿਣ ਤੋਂ ਬਾਅਦ ਉਸ ਨੇ ਮੈਨੂੰ ਪਾਦਰੀ ਨੂੰ ਬੁਲਾਉਣ ਲਈ ਕਿਹਾ । ਇਸ ਲਈ ਮੈਂ ਪਾਦਰੀ ਲੈਣ ਚਲਿਆ ਗਿਆ । ਜਦੋਂ ਪਾਦਰੀ ਆਇਆ, ਉਸ ਨੇ ਵੇਖ ਲਿਆ। ਫੇਰ ਉਸ ਨੇ ਪਾਦਰੀ ਨੂੰ ਕਿਹਾ ਕਿ ਉਹ ਮੈਨੂੰ ਵੀ ਅੰਦਰ ਲੈ ਆਵੇ, ਅਤੇ ਉਸ ਨੇ ਮੈਨੂੰ ਕਿਹਾ " ਜੀਨ ਮੈਂ ਤੇਰੇ ਅੱਗੇ ਇਕਬਾਲ ਕਰ ਰਹੀ ਹਾਂ। ਮੈਂ ਇਸ ਲਈ ਤੇਰੀ ਦੇਣਦਾਰ ਹਾਂ

ਜੀਨ, ਮੈਂ ਤੇਰੇ ਨਾਲ ਕਦੀ ਬੇਵਫ਼ਾਈ ਨਹੀਂ ਕੀਤੀ ਕਦੀ ਵੀ, ਨਾ ਸ਼ਾਦੀ ਤੋਂ ਪਹਿਲਾਂ ਅਤੇ ਨਾ ਪਿੱਛੋਂ । ਹਜ਼ੂਰ ਪਾਦਰੀ ਸਾਖਸ਼ੀ ਹੈ, ਅਤੇ ਦੱਸ ਸਕਦਾ ਹੈ ਕਿ ਠੀਕ ਹੈ, ਅਤੇ ਉਹ ਮੇਰੀ ਆਤਮਾ ਨੂੰ ਜਾਣਦਾ ਹੈ । ਅੱਛਾ, ਸੁਣ, ਜੀਨ ਜੇ ਮੈਂ ਮਰ ਰਹੀ ਹਾਂ ਸਿਰਫ਼ ਇਸ ਲਈ ਕਿ ਕੋਠੀ ਤੋਂ ਆ ਕੇ ਮੇਰਾ ਜਹਾਨ ਤੋਂ ਜੀ ਉੱਠ ਗਿਆ - ਕਿਉਂਕਿ-ਛੋਟੇ ਬੈਰਨ ਮੌਨਸ਼ੀਅਰ ਰੈਨੇ ਨੂੰ, ਮੈਂ ਬਹੁਤ -ਪਿਆਰ ਕਰਦੀ ਸੀ, ਉਸ ਨੂੰ ਬਹੁਤ ਪਿਆਰ ਕਰਦੀ ਸੀ ਖ਼ਿਆਲ ਕਰ ਜੀਨ ਇਸ ਵਿੱਚ ਕੋਈ ਨੁਕਸਾਨ ਵਾਲੀ ਗੱਲ ਨਹੀਂ ਸੀ । ਇਹ ਚੀਜ਼ ਮੈਨੂੰ ਮਾਰ ਰਹੀ ਹੈ । ਜਦੋਂ ਮੈਂ ਉਸ ਨੂੰ ਦੇਖ ਨਹੀਂ ਸੀ ਸਕਦੀ ਤਾਂ ਮੈਂ ਸਮਝਿਆ ਕਿ ਮੈਨੂੰ ਮਰ ਜਾਣਾ ਚਾਹੀਦਾ ਹੈ । ਜੇ ਮੈਂ ਸਿਰਫ਼ ਉਸ ਨੂੰ ਦੇਖਦੀ ਰਹਿੰਦੀ, ਮੈਂ ਸ਼ਾਇਦ ਜਿਊਂਦੀ, ਰਹਿੰਦੀ, ਸਿਰਫ਼ ਉਸ ਨੂੰ ਵੇਖ ਕੇ ਹੋਰ ਕੁਝ ਵੀ ਨਾ । ਮੈਂ ਚਾਹੁੰਦੀ ਹਾਂ ਤੂੰ ਉਸ ਨੂੰ ਨੇੜੇ ਭਵਿੱਖ ਵਿੱਚ ਕਿਸੇ ਦਿਨ ਇਹ ਗੱਲ ਦੱਸੇ ਜਦੋਂ ਮੈਂ ਇਸ ਜਗਤ ਵਿੱਚ ਨਾ ਹੋਵਾਂ । ਤੂੰ ਉਸ ਨੂੰ ਦੱਸੇਂਗਾ-ਸੌਂਹ ਖ਼ਾਹ ਤੂੰ ਦੱਸੇਂਗਾ, ਜੀਨ ਸ੍ਰੀਮਾਨ ਲੀਕਿਉਰ ਦੇ ਸਾਹਮਣੇ ਸੌਂਹ ਖਾਹ । ਇਹ ਜਾਣ ਕੇ ਮੈਨੂੰ ਤਸੱਲੀ ਹੋਵੇਗੀ ਕਿ ਉਸ ਨੂੰ ਕਿਸੇ ਦਿਨ ਤਾਂ ਇਹ ਗੱਲ ਪਤਾ ਲੱਗੇਗੀ ਕਿ ਇਹ ਮੇਰੀ ਮ੍ਰਿਤੂ ਦੇ ਕਾਰਨ ਸੀ । ਸੌਂਹ ਖਾਹ ।

"ਖ਼ੈਰ, ਮੈਂ ਉਸ ਨਾਲ ਵਾਹਦਾ ਕੀਤਾ, ਜਨਾਬ ਬੈਰਨ ਅਤੇ ਇਕ ਇਮਾਨਦਾਰ ਆਦਮੀ ਦੇ ਵਾਂਗ ਆਪਣਾ ਵਚਨ ਨਿਭਾਇਆ ਹੈ ।'

"ਅਤੇ ਫੇਰ ਉਸ ਨੇ ਬੋਲਣਾ ਬੰਦ ਕਰ ਦਿੱਤਾ, ਉਸ ਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਸਨ ।

"ਮੇਰੀ ਆਤਮਾ ਉੱਤੇ,, ਮੇਰੇ ਪਿਆਰੇ ਲੜਕੇ ਤੂੰ ਉਸ ਦਾ ਕਿਆਸ ਨਹੀਂ ਕਰ ਸਕਦਾ ਜੋ ਜਜ਼ਬਾ ਇਸ ਵਿਚਾਰੇ ਦੀ ਗੱਲ ਸੁਣ ਕੇ ਤਾਰੀ ਹੋਇਆ ਜਿਸ ਦੀ ਪਤਨੀ ਨੂੰ ਮੈਂ ਬੇਖ਼ਬਰੀ ਵਿੱਚ ਹੀ ਮਾਰ ਦਿੱਤਾ ਸੀ, ਜੋ ਭਿੱਜੀ ਰਾਤ ਵਿੱਚ ਮੈਨੂੰ ਕਹਾਣੀ ਸੁਣਾ ਰਿਹਾ ਸੀ ।

"ਮੈਂ ਪੁਕਾਰਿਆ : ਆਹ ਵਿਚਾਰੇ ਜੀਨ। ਵਿਚਾਰੇ ਜੀਨ ।'

ਉਹ ਬੁੜਬੁੜਾਇਆ " ਅੱਛਾ, ਬੱਸ ਇਹੋ ਗੱਲ ਸੀ, ਜਨਾਬ ਬੈਰਨ। ਮੈਂ ਕੁਝ ਨਾ ਕਰ ਸਕਿਆ, ਕਿਸੇ ਤਰ੍ਹਾਂ ਵੀ ਹੁਣ ਸਭ ਖੇਲ਼ ਖ਼ਤਮ ਹੋ ਚੁੱਕਿਆ।'

"ਮੈਂ ਮੇਜ਼ ਉੱਤੋਂ ਦੀ ਉਸ ਦਾ ਹੱਥ ਫੜ ਲਿਆ ਅਤੇ ਰੋਣ ਲੱਗਿਆ ।

"ਉਸ ਨੇ ਪੁੱਛਿਆ :'ਕੀ ਤੂੰ ਆ ਕੇ ਉਸ ਦੀ ਕਬਰ ਦੇਖੇਂਗਾ ? ' ਮੈਂ ਸਿਰ ਹਿਲਾਇਆ ਕਿਉਂਕਿ ਮੈਂ ਬੋਲ ਨਹੀਂ ਸਕਿਆ। ਉਹ ਉੱਠਿਆ, ਅਤੇ ਅਸੀਂ ਅੰਨ੍ਹੇਵਾਹ ਪੈ ਰਹੀ ਬਾਰਿਸ਼ ਦੇ ਵਿੱਚੋਂ ਦੀ ਲੰਘੇ, ਜੋ ਲੈਂਪ ਦੀ ਰੌਸ਼ਨੀ ਵਿੱਚ ਤੀਰਾਂ ਵਾਂਗ ਲੱਗ ਰਹੀ ਸੀ।

"ਉਸ ਨੇ ਦਰਵਾਜ਼ਾ ਖੋਲ੍ਹਿਆ ਅਤੇ ਮੈਂ ਕਾਲੀ ਲੱਕੜੀ ਦੇ ਕੁਝ ਕਰਾਸ ਵੇਖੇ ।

"ਇਕਦਮ ਉਸ ਨੇ ਕਿਹਾ "ਉਹ ਹੈ ਸੰਗਮਰਮਰੀ ਸਿਲ ਦੇ ਸਾਹਮਣੇ ਅਤੇ ਉਸ ਨੇ ਇਸ ਦੇ ਨੇੜੇ ਲਾਲਟੈਣ ਕਰੀ ਤਾਂ ਜੋ ਮੈਂ ਖੁਦਾਈ ਨੂੰ ਪੜ੍ਹ ਸਕਾਂ ।

ਲੂਈਸ ਹੌਰਟੈਂਸ ਮੈਰੀਨਟ, ਨੂੰ

ਜੀਨ-ਫਰੈਕੋਇਸ ਲੈਬਰੂਮੈਂਟ, ਕਿਸਾਨ ਦੀ ਪਤਨੀ ।

ਉਹ ਇਕ ਵਫ਼ਾਦਾਰ ਪਤਨੀ ਸੀ ।

ਰੱਬ ਉਸ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ ।

"ਅਸੀਂ ਗਿਲੇ ਘਾਹ ਉੱਤੇ ਗੋਡਿਆਂ ਭਾਰ ਬੈਠ ਗਏ, ਉਹ ਤੇ ਮੈਂ, ਲਾਲਟੈਨ ਸਾਡੇ ਵਿਚਕਾਰ ਸੀ ਅਤੇ ਮੈਂ ਚਿੱਟੀ ਮਰਮਰੀ ਸਿਲ ਉੱਤੇ ਵਰਖਾ ਖੜਕ ਰਹੀ ਦੇਖੀ । ਮੈਂ ਉਸ ਦੀ ਕਬਰ ਵਿੱਚ ਉਸ ਦੇ ਸੁੱਤੇ ਹੋਏ ਦਿਲ ਬਾਰੇ ਸੋਚਿਆ। ਆਹ ਵਿਚਾਰਾ ਦਿਲ। ਵਿਚਾਰਾ ਦਿਲ ।

"ਉਦੋਂ ਤੋਂ ਮੈਂ ਹਰ ਸਾਲ ਇੱਥੇ ਆ ਰਿਹਾ ਹਾਂ, ਪਤਾ ਨਹੀਂ ਕਿਉਂ, ਪਰ ਮੈਂ ਇਸ ਆਦਮੀ ਦੀ ਮੌਜੂਦਗੀ ਵਿੱਚ ਆਪਣੇ ਆਪ ਨੂੰ ਦੋਸ਼ੀ ਸਮਝਦਾ ਹਾਂ, ਜੋ ਮੈਨੂੰ ਸਦਾ ਹੀ ਇਹ ਜ਼ਾਹਰ ਕਰਦਾ ਹੈ ਕਿ ਉਸ ਨੇ ਮੈਨੂੰ ਮੁਆਫ਼ ਕਰ ਦਿੱਤਾ।

# ਕੰਮ ਕਾਰ ਦੀ ਗੱਲ

ਮੁਜ਼ਰਮ-ਬਰੂਮੈਂਟ (ਸੀਜ਼ਰ ਈਸੀਡੋਰ) ਅਤੇ ਕਾਰਨੂ (ਪਰੌਸਪਰ ਨਿਪੋਲੀਅਨ) ਸੀਨ-ਇਨਫਿਰੀਯੂਰ ਅਸਿਜ਼ਸ ਦੀ ਕਚਹਿਰੀ ਵਿੱਚ ਆਏ। ਉਨ੍ਹਾਂ, ਉੱਤੇ ਮੁਜ਼ਰਮ ਬਰੂਮੈਂਟ ਦੀ ਪਤਨੀ ਨੂੰ ਇਰਾਦਾ ਕਤਲ ਲਈ ਡਬੋਣ ਦਾ ਦੋਸ਼ ਸੀ।

ਦੋਵੇਂ ਦੋਸ਼ੀ ਪੁਰਾਣੇ ਬੈਂਚ ਉੱਤੇ ਨਾਲੋਂ ਨਾਲ ਬੈਠੇ ਹਨ। ਉਹ ਦੋ ਕਿਸਾਨ ਹਨ। ਪਹਿਲਾਂ ਛੋਟੇ ਕੱਦ ਦਾ, ਹੱਟਾ ਕੱਟਾ, ਮੋਟੀਆਂ ਬਾਂਹਾਂ ਅਤੇ ਛੋਟੀਆਂ ਲੱਤਾਂ ਅਤੇ ਗੋਲ ਸਿਰ, ਉਸ ਦਾ ਕਿੱਲਾਂ ਫਿਨਸੀਆਂ ਨਾਲ ਭਰਿਆ ਲਾਲ ਚਿਹਰਾ, ਉਸ ਦੇ ਛੋਟੇ ਗੋਲ ਬਦਨ ਉੱਤੇ ਬਿਨਾਂ ਗਰਦਨ ਤੋਂ ਕੀ ਟਿਕਿਆ ਹੋਇਆ ਹੈ। ਉਹ ਸੂਰ ਪਾਲਣ ਵਾਲਾ ਸੀ ਅਤੇ ਕਰੀਕਿਉਣ ਦੇ ਜ਼ਿਲ੍ਹੇ, ਕੈਚਵਿਲੇ-ਲਾ-ਗੋਪਿਲ ਵਿੱਚ ਰਹਿੰਦਾ ਹੈ।

ਕਾਰਨੂ (ਪਰੌਸਪਰ ਨਿਪੋਲੀਅਨ) ਪਤਲਾ, ਦਰਮਿਆਨੇ ਕੱਦ ਦਾ, ਆਪਣੇ ਆਕਾਰ ਤੋਂ ਲੰਮੀਆਂ ਬਾਂਹਾਂ ਵਾਲਾ। ਉਸ ਦੇ ਜਬਾੜੇ ਟੇਢੇ ਅਤੇ ਉਹ ਅੱਖੋਂ ਭੈਂਗਾ ਸੀ। ਉਸ ਦੀ ਕਮੀਜ਼ ਜਿੰਨਾ ਨੀਲਾ ਬਲਾਊਜ਼ ਉਸ ਦੇ ਗੋਡਿਆਂ ਤੱਕ ਗਿਰਦਾ ਹੈ, ਅਤੇ ਉਸ ਦੇ ਥੋੜ੍ਹੇ ਜਿਹੇ ਪੀਲੇ ਵਾਲ਼ ਜੋ ਖੋਪਰੀ ਨਾਲ ਚਿੱਪ ਹੋਏ ਹਨ ਉਸ ਦੀ ਸ਼ਕਲ ਨੂੰ ਇੰਨਾ ਕਰੂਪ ਬਣਾਉਂਦੇ ਹਨ ਕਿ ਇਸ ਤਰ੍ਹਾਂ ਦਿਸਦਾ ਹੈ ਜਿਵੇਂ ਚਮੜੇ ਨੂੰ ਰੰਗ ਦਿੱਤਾ ਗਿਆ ਹੋਵੇ। ਉਸ ਨੂੰ "ਛੋਟਾ ਪਾਦਰੀ" ਆਖ ਕੇ ਬੁਲਾਇਆ ਜਾਂਦਾ ਹੈ ਕਿਉਂਕਿ ਉਹ ਚਰਚ ਦੇ ਭਜਨਾਂ ਦੀ ਅਤੇ ਵਾਜੇ ਦੀ ਆਵਾਜ਼ ਦੀ ਪੂਰੀ ਨਕਲ ਕਰ ਸਕਦਾ ਹੈ। ਕਰੀਕਿਉਟ ਵਿੱਚ ਉਸ ਦਾ ਠੇਕਾ ਹੈ ਅਤੇ ਉਸ ਦਾ ਇਹ ਗੁਣ ਲੋਕਾਂ ਲਈ ਖਿੱਚ ਦਾ ਕਾਰਨ ਬਣਿਆ ਹੋਇਆ ਹੈ, ਜੋ "ਕਾਰਨੂ ਦੀ ਮੈਂਸ" ਨੂੰ ਦੇਵਤਿਆਂ ਦਾ ਭੋਜਨ ਸਮਝਦੇ ਹਨ।

ਸ੍ਰੀਮਤੀ ਬਰੂਮੈਂਟ, ਗਵਾਹਾਂ ਵਾਲੇ ਬੈਂਚ ਉੱਤੇ ਬੈਠੀ, ਇਕ ਪਤਲੀ ਕਿਰਸਾਨ ਔਰਤ ਹੈ ਜੋ ਉਨੀਂਦੀ ਲੱਗਦੀ ਸੀ। ਉਹ ਗੋਡਿਆਂ ਦੁਆਲੇ ਹੱਥਾਂ ਦੀ ਕੰਘੀ ਪਾਈ ਟਿਕਟਿਕੀ ਬੰਨ੍ਹੀ, ਝੱਲਿਆਂ ਵਾਂਗ ਬੈਠੀ ਰਹੀ ਹੈ।
ਪ੍ਰਧਾਨ ਸੁਆਲ ਪੁੱਛਦਾ ਰਿਹਾ:

"ਤਾਂ ਸ੍ਰੀਮਤੀ ਬਰੂਮੈਂਟ, ਉਹ ਤੁਹਾਡੇ ਘਰ ਵਿੱਚ ਦਾਖ਼ਲ ਹੋਏ ਅਤੇ ਤੈਨੂੰ ਪਾਣੀ ਦੇ ਢੋਲ ਵਿੱਚ ਸੁੱਟ ਦਿੱਤਾ ਵੇਰਵੇ ਨਾਲ ਸਾਰੀ ਗੱਲ ਦੱਸ। ਖੜ੍ਹੀ ਹੋ ਜਾ।"

ਉਹ ਉੱਠੀ ਅਤੇ ਆਪਣੀ ਚਿੱਟੀ ਗੁੰਬਦ ਵਰਗੀ ਟੋਪੀ ਦੇ ਹੇਠ ਖੰਬੇ, ਵਾਂਗ ਸਿੱਧੀ ਖੜੀ ਹੈ।

"ਮੈਂ ਰਵਾਂ ਦੀਆਂ ਫਲੀਆਂ ਕੱਢ ਰਹੀ ਸੀ ਜਦੋਂ ਉਹ ਅੰਦਰ ਆਏ। ਮੈਂ ਆਪਣੇ ਮਨ ਵਿੱਚ ਕਿਹਾ "ਉਨ੍ਹਾਂ ਨੂੰ ਕੀ ਹੋਇਆ ਹੈ। ਉਨ੍ਹਾਂ ਦੇ ਤੌਰ ਠੀਕ ਨਹੀਂ, ਦਾਲ ਵਿੱਚ ਕੁਝ ਕਾਲਾ ਕਾਲਾ ਹੈ। ਉਹ ਮੇਰੇ ਵੱਲ ਤਿਰਛੀ ਅਖੇ ਵੇਖਣ ਲੱਗੇ ਖ਼ਾਸ ਕਰਕੇ ਕਾਰਨੂ ਜਿਵੇਂ ਉਹ ਭੈਂਗਾ ਦਿਸਦਾ ਹੀ ਹੈ। ਮੈਂ ਉਨ੍ਹਾਂ ਨੂੰ ਇਕੱਠਿਆਂ ਦੇਖ ਕੇ ਖ਼ੁਸ਼ ਨਹੀਂ ਹੁੰਦੀ, ਕਿਉਂਕਿ ਇਸ ਦਾ ਅਰਥ ਗੁਆਂਢੀਆਂ ਲਈ ਚੰਗਾ ਨਹੀਂ ਹੁੰਦਾ। ਮੈਂ ਉਨ੍ਹਾਂ ਨੂੰ ਪੁੱਛਿਆ।" ਸਾਨੂੰ ਕੀ ਹੋਇਆ ਹੈ ? ਉਨ੍ਹਾਂ ਨੇ ਕੋਈ ਜੁਆਬ ਨਾ ਦਿੱਤਾ। ਮੈਨੂੰ ਕੁਝ ਸ਼ੱਕ ਪੈ ਗਿਆ।

"ਕੈਦੀ ਬਰੂਮੈਂਟ ਨੇ ਜ਼ਿੰਦਾਦਿਲੀ ਨਾਲ ਵਿਚਕਾਰ ਹੀ ਇਹ ਕਹਿੰਦੇ ਹੋਏ ਗੱਲ ਟੁੱਕੀ:

"ਮੈਂ ਸ਼ਰਾਬੀ ਸੀ।"

ਫੇਰ ਕਾਹਨੂੰ ਨੇ ਆਪਣੇ ਸਹਿ-ਅਪਰਾਧੀ ਵੱਲ ਮੁੜ ਕੇ ਵਾਜੇ ਦੀ ਸੁਰ ਵਿੱਚ ਡੂੰਘੀ ਆਵਾਜ਼ ਨਾਲ ਕਿਹਾ:

"ਕਹਿ ਮੈਂ ਵੀ ਸ਼ਰਾਬੀ ਸੀ, ਇਹ ਤੂੰ ਝੂਠ ਨਹੀਂ ਕਹੇਂਗਾ।"

ਪ੍ਰਧਾਨ (ਸਖ਼ਤੀ ਨਾਲ) "ਤੂੰ ਕਹਿਣਾ ਚਾਹੁੰਦਾ ਹੈਂ ਕਿ ਤੁਸੀਂ ਸ਼ਰਾਬ ਪੀਤੀ ਹੋਈ ਸੀ।

ਬਰੂਮੈਂਟ" : ਇਸ ਦੀ ਲੋੜ ਨਹੀਂ"

ਕਾਰਨੂ : ਇਸ ਤਰ੍ਹਾਂ ਕੋਈ ਵੀ ਸ਼ਰਾਬੀ ਹੋ ਸਕਦਾ ਹੈ।"

ਪ੍ਰਧਾਨ (ਮਜ਼ਲੂਮ ਨੂੰ) ਸ੍ਰੀਮਤੀ ਬਰੂਮੈਂਟ ਆਪਣਾ ਬਿਆਨ ਜਾਰੀ ਰੱਖੋ।"

"ਫੇਰ ਬਰੂਮੈਂਟ ਅੱਗੇ ਵਧਿਆ ਅਤੇ ਮੈਨੂੰ ਕਿਹਾ "ਕੀ ਤੂੰ ਪੰਜ ਫਰੈਂਕ ਕਮਾਉਣਾ ਚਾਹੁੰਦੀ ਹੈਂ ? 'ਹਾਂ' ਮੈਂ ਇਹ ਸੋਚਦੇ ਹੋਏ ਕਿਹਾ ਪੰਜ ਫਰੈਂਕ ਐਵੇਂ ਨਹੀਂ ਲੱਭ ਜਾਂਦੇ। ਫੇਰ ਉਸ ਨੇ ਮੈਨੂੰ ਕਿਹਾ 'ਅੱਖਾਂ ਖੋਲ੍ਹ ਅਤੇ ਮੇਰੇ ਵਾਂਗ ਕਰ' ਅਤੇ ਉਹ ਮਕਾਨ ਦੇ ਕੋਨੇ ਵਿੱਚ ਪਰਨਾਲੇ ਹੇਠ ਪਏ ਵੱਡੇ ਢੋਲ ਕੋਲ ਗਿਆ, ਫੇਰ ਉਸ ਨੇ ਇਸ ਨੂੰ ਖ਼ਾਲੀ ਕੀਤਾ, ਅਤੇ ਇਸ ਨੂੰ ਮੇਰੀ ਰਸੋਈ ਵਿੱਚ ਫ਼ਰਸ਼ ਦੇ ਵਿਚਕਾਰ ਰੱਖ ਦਿੱਤਾ, ਅਤੇ ਫੇਰ ਉਸ ਨੇ ਮੈਨੂੰ ਕਿਹਾ ਤੂੰ ਜਾਹ ਅਤੇ ਇਸ ਨੂੰ ਭਰਨ ਲਈ ਪਾਣੀ ਲੈ ਕੇ ਆ।

"ਫੇਰ ਤੁਸੀਂ ਸੋਚ ਸਕਦੇ ਹੋ ਮੈਂ ਦੋ ਬਾਲਟੀਆਂ ਲੈ ਕੇ ਤਲਾਅ ਤੇ ਗਈ, ਅਤੇ ਘੰਟਾ ਭਰ ਪਾਣੀ ਢੋਂਦੀ ਰਹੀ। ਕਿਉਂਕਿ ਇਹ ਢੋਲ ਮੱਟ ਵਾਂਗ ਬੜਾ ਵੱਡਾ ਸੀ। ਪ੍ਰਧਾਨ ਜੀ।

"ਇਸ ਸਮੇਂ ਦੌਰਾਨ ਬਰੂਮੈਂਟ ਅਤੇ ਕਾਰਨੂ ਗਲਾਸ ਤੇ ਗਲਾਸ, ਗਲਾਸ ਤੇ ਗਲਾਸ ਚੜਾਉਂਦੇ ਰਹੇ। ਉਹ ਗੱਲ ਕਰ ਚੁੱਕੇ ਸਨ ਜਦੋਂ ਮੈਂ ਉਨ੍ਹਾਂ ਨੂੰ ਕਿਹਾ : ਤੁਸੀਂ ਢੋਲ ਵਾਂਗ ਭਰ ਚੁੱਕੇ ਹੋ। 'ਅਤੇ ਬਰੂਮੈਂਟ ਨੇ ਉੱਤਰ ਦਿੱਤਾ 'ਤਾਂ ਚਿੰਤਾ ਨਾ ਕਰ, ਆਪਣਾ ਕੰਮ ਕਰ, ਤੇਲੀ ਵਾਰੀ ਵੀ ਆਵੇਗੀ। ਹਰ ਇਕ ਨੂੰ ਉਸ ਦੀ ਚੀਜ਼ ਮਿਲੇਗੀ। ਮੈਂ ਉਸ ਦੀ ਗੱਲ ਵੱਲ ਇਹ ਸੋਚ ਕੇ ਕੋਈ ਧਿਆਨ ਨਾ ਦਿੱਤਾ ਕਿ ਉਹ ਸ਼ਰਾਬੀ ਹੈ।

ਜਦੋਂ ਢੋਲ ਭਰ ਗਿਆ ਮੈਂ ਕਿਹਾ ਕਿ ਇਹ ਕੰਮ ਹੋ ਗਿਆ ਹੈ।

ਅਤੇ ਫੇਰ ਕਾਰਨੂ ਨੇ ਮੈਨੂੰ ਪੰਜ ਫਰੈਂਕ ਦਿੱਤੇ। ਅਤੇ ਬਰੂਮੈਂਟ ਨੇ ਨਹੀਂ ਕਾਰਨੂ ਨੇ, ਮੈਨੂੰ ਇਹ ਦਿੱਤੇ। ਅਤੇ ਬਰੂਮੈਂਟ ਮੈਨੂੰ ਕਹਿੰਦਾ ਹੈ ਕਿ ਤੂੰ ਹੋਰ ਪੰਜ ਫਰੈਂਕ ਕਮਾਉਣਾ ਚਾਹੁੰਦੀ ਹੈ ? 'ਹਾਂ' ਮੈਂ' ਇਹ ਸੋਚਦੇ ਹੋਏ ਕਿਹਾ ਕਿ ਅਜਿਹੀਆਂ ਚੀਜ਼ਾਂ ਮੈਨੂੰ ਰੋਜ਼ ਨਹੀਂ ਮਿਲਦੀਆਂ। ਫੇਰ ਉਸ ਨੇ ਮੈਨੂੰ ਕਿਹਾ: 'ਤੂੰ ਕੱਪੜੇ ਉਤਾਰ ਦੇਹ।'

'ਕੱਪੜੇ ਕਿਉਂ ਉਤਾਰ ਦੇਵਾਂ।'

'ਹਾਂ' ਉਸ ਨੇ ਮੈਨੂੰ ਕਿਹਾ।

"ਮੈਂ ਕਿੰਨੇ ਕੁ ਕੱਪੜੇ ਉਤਾਰਾਂ ?"

ਉਸ ਨੇ ਮੈਨੂੰ ਕਿਹਾ "ਜੇ ਤੈਨੂੰ ਇਹ ਕਰਨਾ ਔਖਾ ਹੈ, ਆਪਣੀ ਕਮੀਜ਼ ਰੱਖ ਲੈ ਸਾਨੂੰ ਕੋਈ ਇਤਰਾਜ਼ ਨਹੀਂ।"

"ਪੰਜ ਫਰੈਂਕ, ਪੰਜ ਫਰੈਂਕ ਹੀ ਹਨ। ਇਸ ਲਈ ਮੈਂ ਆਪਣੇ ਕੱਪੜੇ ਉਤਾਰਨੇ ਸ਼ੁਰੂ ਕਰ ਦਿੱਤੇ, ਭਾਵੇਂ ਮੈਂ ਐਵੇਂ ਹੀ ਤਾਂ ਉਨ੍ਹਾਂ ਨਿਕੰਮਿਆਂ ਦੇ ਸਾਹਮਣੇ ਕੱਪੜੇ ਨਾ ਉਤਾਰਦੀ। ਮੈਂ ਆਪਣੀ ਟੋਪੀ ਉਤਾਰੀ ਅੰਗੀ ਉਤਾਰੀ, ਫੇਰ ਆਪਣੀ ਸਕਰਟ, ਫੇਰ ਆਪਣੇ ਜੁਤੇ। ਬਰੂਮੈਂਟ ਨੇ ਮੈਨੂੰ ਕਿਹਾ 'ਹੁਣ ਦੇਖ ਤੂੰ ਕੀ ਕਰੀ ਜਾਨੀ ਹੈਂ ਅਸੀਂ ਚੰਗੇ ਬੰਦੇ ਹਾਂ।"

ਅਤੇ ਕਾਰਨੂ ਨੇ ਜੁਆਬ ਦਿੱਤਾ : 'ਹਾਂ' ਅਸੀਂ ਚੰਗੇ ਬੰਦੇ ਹਾਂ।

"ਮੈਂ ਮਾਈ ਹਵਾ ਵਾਂਗ ਖੜੀ ਸੀ। ਉਹ ਉੱਠ ਕੇ ਖੜੇ ਹੁੰਦੇ ਹਨ ਜਿੰਨੇ ਉਹ ਹੋ ਸਕਦੇ ਹਨ, ਕਿਉਂਕਿ ਉਹ ਸ਼ਰਾਬੀ ਸਨ ਤੁਹਾਡੀ ਹਜ਼ੂਰੀ ਦਾ ਖ਼ਿਆਲ ਕਰਦਿਆਂ ਪ੍ਰਧਾਨ ਜੀ।'

ਮੈਂ ਆਪਣੇ ਮਨ ਵਿੱਚ ਕਿਹਾ : ਇਹ ਦੋਵੇਂ ਕੀ ਵਿਉਂਤ ਬਣਾ ਰਹੇ ਹਨ ? ਅਤੇ ਬਰੂਮੈਂਟ ਨੇ ਕਿਹਾ : "ਹੁਣ ਠੀਕ ਹੈ ?" ਕਾਰਨੂ ਨੇ ਕਿਹਾ : 'ਠੀਕ'

"ਅਤੇ ਫੇਰ ਉਹ ਮੈਨੂੰ ਚੁੱਕ ਲੈਂਦੇ ਹਨ। ਬਰੂਮੈਂਟ ਨੇ ਸਿਰ ਤੋਂ ਅਤੇ ਕਾਰਨੂ ਨੇ ਪੈਰਾ ਤੋਂ, ਜਿਵੇਂ ਗੰਦੇ ਕੱਪੜਿਆਂ ਦੀ ਗੰਢ ਚੁੱਕੀ ਜਾਂਦੀ ਹੈ। ਮੈਂ ਕੂਕਦੀ ਹਾਂ ਅਤੇ ਬਰੂਮੈਂਟ ਮੈਨੂੰ ਕਹਿੰਦਾ ਹੈ 'ਚੁੱਪ ਕਰ ਨਿਕੰਮੀਏ।' ਅਤੇ ਉਹ ਮੈਨੂੰ ਚੁੱਕ ਕੇ ਢੋਲ ਵਿੱਚ ਸੁੱਟ ਦਿੰਦੇ ਹਨ ਜੋ ਪਾਣੀ ਦਾ ਭਰਿਆ ਹੈ, ਮੇਰੇ ਮੋਢਿਆਂ ਤੱਕ ਪਾਣੀ ਆ ਜਾਂਦਾ ਹੈ, ਮੇਰੀ ਨਾੜ ਨਾੜ ਠੰਢੀ ਹੋ ਗਈ।

"ਅਤੇ ਬਰੂਮੈਂਟ ਕਹਿੰਦਾ ਹੈ : "ਕੀ ਸਾਰੀ ਡੁੱਬ ਗਈ"

ਕਾਰਨੂ ਕਹਿੰਦਾ ਹੈ, "ਸਾਰੀ ਡੁੱਬ ਗਈ।"

ਬਰੂਮੈਂਟ ਕਹਿੰਦਾ ਹੈ " ਸਿਰ ਨਹੀਂ ਡੁੱਬਿਆ ਇਹ ਜ਼ਰੂਰੀ ਹੈ।"

ਕਾਰਨੂ ਕਹਿੰਦਾ ਹੈ "ਤਾਂ ਸਿਰ ਵੀ ਡੁੱਬੋ ਦੇ।"

"ਅਤੇ ਫੇਰ ਬਰੂਮੈਂਟ ਮੇਰਾ ਸਿਰ ਥੱਲੇ ਧੱਕ ਦਿੰਦਾ ਹੈ ਜਿੰਨਾ ਚਿਰ ਮੈਂ ਲਗਭਗ ਡੁੱਬ ਹੀ ਨਾ ਗਈ, ਇਸ ਤਰ੍ਹਾਂ ਪਾਣੀ ਮੇਰੇ ਨੱਕ ਵਿੱਚ ਪੈ ਗਿਆ ਅਤੇ ਮੈਨੂੰ ਤਾਰੇ ਦਿਸਣ ਲੱਗ ਪਏ। ਫੇਰ ਉਸ ਨੇ ਮੈਨੂੰ ਇਕ ਹੋਰ ਧੱਕਾ ਦਿੱਤਾ ਅਤੇ ਮੈਂ ਡੁੱਬ ਗਈ ਅਤੇ ਫੇਰ ਉਹ ਡਰ ਗਏ ਅਤੇ ਮੈਨੂੰ ਬਾਹਰ ਖਿੱਚ ਕੇ ਕਿਹਾ 'ਜਾ ਛੇਤੀ ਆਪਣਾ ਪਿੰਡਾ ਪੂੰਝ ਲੈ ਲੋਥੇ।

ਮੈਂ ਬਚ ਕੇ ਜਿੰਨੀ ਤੇਜ਼ ਦੌੜ ਸਕਦੀ ਸੀ ਪਾਦਰੀ ਦੇ ਘਰ ਵੱਲ ਦੌੜਦੀ ਹਾਂ ਜਿਸ ਨੇ ਮੈਨੂੰ ਨੰਗੀ ਵੇਖ ਕੇ ਆਪਣੇ ਨੌਕਰ ਦਾ ਇਕ ਪੇਟੀਕੋਟ ਦਿੱਤਾ, ਅਤੇ ਉਹ ਮਿਸਟਰ ਚਿਕਟ ਪੁਲਸ ਅਫ਼ਸਰ ਨੂੰ ਲੈਣ ਚਲਾ ਜਾਂਦਾ ਹੈ। ਉਹ ਸਿਪਾਹੀ ਲੈਣ ਚਲਾ ਜਾਂਦਾ ਹੈ, ਉਹ ਮੇਰੇ ਨਾਲ ਘਰ ਜਾਂਦੇ ਹਨ। ਉੱਥੇ ਜਾ ਕੇ ਮੈਂ ਵੇਖਦਾ ਹਾਂ। ਬਰੂਮੈਂਟ ਅਤੇ ਕਾਰਨ ਦੋ ਭੇਡੂਆਂ ਵਾਂਗ ਲੜ ਰਹੇ ਹਨ।

ਬਰੂਮੈਂਟ ਗਰਜਿਆ : 'ਇਹ ਸੱਚ ਨਹੀਂ ਹੈ; ਮੈਂ ਤੁਹਾਨੂੰ ਦੱਸਦਾ ਹਾਂ ਕਿ "ਇਹ ਘੱਟੋ ਘੱਟ ਇਕ ਕਿਉਬਿਕ ਮੀਟਰ ਹੈ। ਕਿਵੇਂ ਵੀ ਹੈ, ਪਰ ਇਹ ਠੀਕ ਢੰਗ ਨਹੀਂ ਸੀ।" ਤਦ ਕਾਰਨੂ ਭਬਕਿਆ : "ਚਾਰ ਬਾਲਟੀਆਂ ਨਾਲ ਕਿਉਬਿਕ ਮੀਟਰ ਭਰ ਜਾਂਦਾ ਹੈ । ਇਸ ਬਾਰੇ ਬਹੁਤਾ ਕੁਝ ਕਿਹਾ ਨਹੀਂ ਜਾ ਸਕਦਾ ।"

"ਫਿਰ ਸਿਪਾਹੀ ਉਨ੍ਹਾਂ ਨੂੰ ਫੜ ਲੈਂਦਾ ਹੈ ਅਤੇ ਇਹੋ ਕੁਝ ਮੈਂ ਕਹਿਣਾ ਹੈ ।"

ਉਹ ਬੈਠ ਗਈ । ਸਰੋਤੇ ਹੱਸ ਪਏ। ਜੱਜ ਹੈਰਾਨੀ ਵਿੱਚ ਇਕ ਦੂਜੇ ਵੱਲ ਦੇਖਦੇ ਰਹੇ। ਜੱਜ ਨੇ ਕਿਹਾ ।

"ਕੈਦੀ ਕਾਰਨੂ ਇਹ ਭੈੜਾ ਕਾਰਾ ਕਰਵਾਉਣ ਵਾਲਾ ਤੂੰ ਜਾਪਦਾ ਹੈਂ, ਆਪਣੀ ਸਫ਼ਾਈ ਪੇਸ਼ ਕਰ ।"

ਅਤੇ ਕਾਰਨੂ ਆਪਣੀ ਵਾਰ ਖੜ੍ਹਾ ਹੋ ਗਿਆ;

"ਸ੍ਰੀਮਾਨ ਪ੍ਰਧਾਨ ਜੀ, ਮੈਂ ਸ਼ਰਾਬ ਪੀਤੀ ਹੋਈ ਸੀ ।"

ਪ੍ਰਧਾਨ ਨੇ ਗੰਭੀਰਤਾ ਨਾਲ ਜੁਆਬ ਦਿੱਤਾ : ਮੈਂ ਜਾਣਦਾ ਹਾਂ ਤੂੰ ਬੋਲ ।" "ਮੈਂ ਦਸ ਦਾ ਹਾਂ। ਹੁਣ ਬਰੂਮੈਂਟ ਮੇਰੇ ਕੋਲ ਨੌਂ ਵਜੇ ਆਇਆ, ਅਤੇ ਦੋ ਪੈੱਗ ਮੰਗਾਏ, ਅਤੇ ਫੇਰ ਉਸ ਨੇ ਮੈਨੂੰ ਕਿਹਾ, 'ਇਹ ਇਕ ਤੇਰੇ ਲਈ ਹੈ ਕਾਰਨੂ । ਅਤੇ ਉਸ ਦੇ ਸਾਹਮਣੇ ਬੈਠ ਗਿਆ, ਅਤੇ ਮੈਂ ਆਦਰ ਭਾਵ ਕਰਕੇ ਪੀ ਗਿਆ ਅਤੇ ਫੇਰ ਮੈਂ ਉਸ ਨੂੰ ਹੋਰ ਪੇਸ਼ ਕੀਤਾ। ਉਸ ਨੇ ਦੋ ਹੋਰ ਮੰਗਵਾਏ, ਅਸੀਂ ਅੱਧੀ ਰਾਤ ਤੱਕ ਪੀਂਦੇ ਰਹੇ ਅੱਧੇ ਨਸ਼ਈ ਹੋ ਗਏ ।

"ਫੇਰ ਬਰੂਮੈਂਟ ਰੋਣ ਲੱਗ ਜਾਂਦਾ ਹੈ, ਮੈਨੂੰ ਦੁੱਖ ਹੁੰਦਾ ਹੈ, ਮੈਂ ਪੁੱਛਿਆ ਕਿ ਕੀ ਗੱਲ ਹੈ। ਉਹ ਦੱਸਦਾ ਹੈ ਕਿ ਵੀਰਵਾਰ ਤੱਕ ਉਸ ਨੂੰ ਹਜ਼ਾਰ ਫਰੈਂਕਸ ਚਾਹੀਦੇ ਹਨ । ਫੇਰ ਮੈਂ ਕੁਝ ਚੁੱਪ ਹੋ ਜਾਂਦਾ ਹਾਂ ਤੁਸੀਂ ਸਮਝਦੇ ਹੋ। ਅਤੇ ਇਕਦਮ ਜਿਵੇਂ ਉਹ ਮੈਨੂੰ ਕਹਿੰਦਾ ਹੈ "ਮੈਂ ਤੁਹਾਨੂੰ ਆਪਣੀ ਪਤਨੀ ਵੇਚਾਂਗਾ ।'

ਮੈਂ ਸ਼ਰਾਬੀ ਸੀ ਅਤੇ ਮੈਂ ਰੰਡਾ ਹਾਂ, ਤੁਸੀਂ ਸਮਝ ਸਕਦੇ ਹੋ ਇਹ ਖ਼ਿਆਲ ਮੈਨੂੰ ਖੁੜਕ ਗਿਆ। ਮੈਂ ਉਸ ਦੀ ਪਤਨੀ ਨੂੰ ਜਾਣਦਾ ਨਹੀਂ ਸੀ, ਪਰ ਫੇਰ ਵੀ ਇਕ ਤ੍ਰੀਮਤ ਤ੍ਰੀਮਤ ਹੁੰਦੀ ਹੈ, ਇਹ ਨਹੀਂ ਅਤੇ ਮੈਂ ਉਸ ਨੂੰ ਪੁੱਛਿਆ 'ਤੂੰ ਉਸ ਨੂੰ ਕਿੰਨੇ ਦੀ ਵੇਚੇਂਗਾ;

“ਉਹ ਸੋਚਦਾ ਹੈ ਜਾਂ ਸੋਚਣ ਦਾ ਬਹਾਨਾ ਕਰਦਾ ਹੈ । ਜਦੋਂ ਕੋਈ ਸ਼ਰਾਬੀ ਹੁੰਦਾ ਹੈ, ਉਹ ਸਪੱਸ਼ਟ ਨਹੀਂ ਹੁੰਦਾ, ਪਰ ਆਖ਼ਰਕਾਰ ਉਸ ਨੇ ਕਿਹਾ : " ਮੈਂ ਤੈਨੂੰ ਉਸ ਨੂੰ ਕਿਉਬਿਕ ਦੇ ਪੈਮਾਨੇ ਨਾਲ ਵੇਚਾਂਗਾ ।"

“ਮੈਨੂੰ ਇਸ ਉੱਤੇ ਹੈਰਾਨੀ ਨਾ ਹੋਈ, ਕਿਉਂਕਿ ਮੈਂ ਉਸ ਵਾਂਗ ਹੀ ਸ਼ਰਾਬੀ ਸੀ ਅਤੇ ਕਿਉਬਿਕ ਪੈਮਾਨੇ ਦਾ ਮੈਨੂੰ ਮੇਰੇ ਵਪਾਰ ਵਿੱਚ ਪਤਾ ਸੀ ।" ਉਹ ਤਾਂ ਹਜ਼ਾਰ ਲੀਟਰ ਜਿੰਨਾ ਹੀ ਹੈ" ਮੈਂ ਕਿਹਾ, ਇਹ ਪ੍ਰਵਾਨ ਹੋ ਗਿਆ ।

“ਹੁਣ ਸਿਰਫ਼ ਕੀਮਤ ਨਿਸ਼ਚਿਤ ਕਰਨੀ ਰਹਿੰਦੀ ਸੀ । ਇਹ ਸਭ ਕੁਝ ਗੁਣ ਉੱਪਰ ਅਧਾਰਿਤ ਸੀ । ਇਸ ਲਈ ਮੈਂ ਪੁੱਛਦਾ ਹਾਂ” ਕਿੰਨਾ ਕਿਉਬਿਕ ਪੈਮਾਨਾ ?

ਉਸ ਨੇ ਉੱਤਰ ਦਿੱਤਾ 'ਦੋ ਹਜ਼ਾਰ ਫਰੈਂਕ' ਮੈਂ ਸਹੇ ਵਾਂਗ ਟਪੂਸੀ ਮਾਰੀ ਫੇਰ ਮੈਂ ਵਿਚਾਰ ਕੀਤੀ ਕਿ ਇਕ ਔਰਤ ਤਿੰਨ ਸੌ ਲੀਟਰ ਤੋਂ ਵੱਧ ਨਹੀਂ ਹੋਵੇਗੀ। ਫੇਰ ਕਹਿੰਦਾ ਹਾਂ "ਇਹ ਜ਼ਿਆਦਾ ਹੈ ਪਿਆਰੇ।"

"ਉਹ ਉੱਤਰ ਦਿੰਦਾ ਹੈ । 'ਮੈਂ ਇਸ ਤੋਂ ਘੱਟ ਨਹੀਂ ਕਰ ਸਕਦਾ ਮੈਨੂੰ ਘਾਟਾ ਪਵੇਗਾ ।" ਤੁਹਾਨੂੰ ਪਤਾ ਹੈ ਨਾ ਕਿ ਆਦਮੀ ਅਜਿਹੇ ਗੰਦੇ ਵਪਾਰ ਵਿੱਚ ਐਵੇਂ ਨਹੀਂ ਪੈਂਦਾ। ਉਹ ਆਪਣੇ ਕੰਮ ਨੂੰ ਜਾਣਦਾ ਹੈ। ਚੋਰ ਦਾ ਚੋਰ ਨੂੰ ਫੜਨ ਵਾਲੀ ਗੱਲ ਹੈ, ਅਤੇ ਮੈਂ ਖ਼ੁਦ ਵੀ ਤਾਰੂ ਹਾਂ, ਹਾ, ਹਾਂ, ਫੇਰ ਮੈਂ ਉਸ ਨੂੰ ਕਿਹਾ : 'ਜੇ ਉਹ ਨਵੀਂ ਹੁੰਦੀ ਤਾਂ ਮੈਂ ਕੁਝ ਨਾ ਕਹਿੰਦਾ; ਪਰ ਉਹ ਤੇਰੇ ਕੋਲ ਰਹਿ ਚੁੱਕੀ ਹੈ, ਅਤੇ ਹੁਣ ਪੁਰਾਣੀ ਹੈ । ਮੈਂ ਤੈਨੂੰ ਇਕ ਕਿਉਬਿਕ ਪੈਮਾਨੇ ਲਈ ਪੰਜ ਸੌ ਫਰੈਂਕ ਦੇਵਾਂਗਾ, ਇਕ ਧੇਲਾ ਵੱਧ ਨਹੀਂ-ਕੀ ਇਹ ਠੀਕ ਹੈ ?"

"ਉਸ ਨੇ ਜੁਆਬ ਦਿੱਤਾ "ਠੀਕ ਹੈ ਇਸ ਉੱਤੇ ਇਕ ਪੈੱਗ ਹੋ ਜਾਵੇ।”

"ਮੈਂ ਉਸ ਨਾਲ ਪੀਤੀ ਅਤੇ ਅਸੀਂ ਬਾਂਹਾਂ ਵਿੱਚ ਬਾਂਹਾਂ ਪਾਕੇ ਬਾਹਰ ਚਲੇ ਗਏ । ਜੀਵਨ ਸਾਥੀ ਪ੍ਰਾਪਤ ਕਰਨਾ ਮਨੁੱਖ ਲਈ ਚੰਗਾ ਹੈ । ਪਰ ਇਕ ਡਰ ਮੈਨੂੰ ਲਗਦਾ ਹੈ : ਅਸੀਂ ਉਸ ਨੂੰ ਤਰਲ ਪੈਮਾਨੇ ਵਿੱਚ ਕਿਵੇਂ ਮਿਣਾਂਗੇ ?'

"ਫੇਰ ਉਸ ਨੇ ਆਪਣਾ ਖ਼ਿਆਲ ਮੈਨੂੰ ਕੁਝ ਔਖ ਨਾਲ ਦੱਸਿਆ। ਕਿਉਂਕਿ ਉਹ ਸ਼ਰਾਬੀ ਸੀ । ਉਸ ਨੇ ਕਿਹਾ : 'ਮੈਂ ਇਕ ਢੋਲ ਲਵਾਂਗਾ ਅਤੇ ਇਸ ਨੂੰ

ਪਾਣੀ ਦਾ ਭਰ ਲਵਾਂਗਾ । ਫੇਰ ਮੈਂ ਉਸ ਨੂੰ ਇਸ ਵਿੱਚ ਸੁੱਟ ਦੇਵਾਂਗਾ । ਜੋ ਪਾਣੀ ਬਾਹਰ ਜਾਵੇਗਾ ਉਹ ਤੋਲ ਹੋਵੇਗਾ, ਅਤੇ ਉਸ ਨੂੰ ਗਿਣਤੀ ਵਿੱਚ ਰੱਖਿਆ ਜਾਵੇਗਾ"

ਮੈਂ ਉਸ ਨੂੰ ਕਿਹਾ" : ਮੈਨੂੰ ਪਤਾ ਹੈ, ਅਤੇ ਇਸ ਨੂੰ ਸਮਝਦਾ ਹਾਂ । ਪਰ ਜਦੋਂ ਪਾਣੀ ਬਾਹਰ ਡੁੱਲ੍ਹੇਗਾ ਇਹ ਬਾਹਰ ਵਹਿ ਜਾਵੇਗਾ, ਤੂੰ ਉਸ ਨੂੰ ਫੇਰ ਕਿਸ ਤਰ੍ਹਾਂ ਪ੍ਰਾਪਤ ਕਰੇਂਗਾ ?'

"ਫੇਰ ਉਹ ਮੈਨੂੰ ਬੁੱਧੂ ਸਮਝ ਕੇ ਦੱਸਦਾ ਹੈ ਜੋ ਪਾਣੀ ਔਰਤ ਕਾਰਨ ਨਿਕਲੇਗਾ ਉਸ ਨੂੰ ਫੇਰ ਭਰਨ ਦੀ ਲੋੜ ਹੋਵੇਗੀ। ਇਸ ਵਿੱਚ ਪਾਇਆ ਪਾਣੀ ਮਾਪ ਹੋਵੇਗਾ ।"

ਮੈਂ ਫ਼ਰਜ਼ ਕਰਦਾ ਹਾਂ ਦਸ ਬਾਲਟੀਆਂ ਜੋ ਕਿਉਬਿਕ ਮੀਟਰ ਦਾ ਪੈਮਾਨਾ ਹੈ । ਉਹ ਬਦਮਾਸ਼ ਭਾਵੇਂ ਉਹ ਸ਼ਰਾਬੀ ਹੈ ਪਰ ਵਰਖਾ ਨਹੀਂ ।"

"ਮੁੱਕਦੀ ਗੱਲ ਅਸੀਂ ਉਸ ਦੇ ਘਰ ਗਏ ਅਤੇ ਮੈਂ ਉਸ ਵੱਲ ਵਿਸ਼ੇਸ਼ ਤੌਰ 'ਤੇ ਇਹ ਰੱਖਣ ਲਈ ਕਿ ਉਹ ਕਿੰਨੀ ਕੁ ਕੇ ਸੁੰਦਰ ਹੈ, ਨੀਝ ਨਾਲ ਵੇਖਿਆ । ਪਰ ਉਹ ਸੁੰਦਰ ਔਰਤ ਨਹੀਂ ਸੀ, ਹਰ ਬੰਦਾ ਇਹ ਦੇਖ ਸਕਦਾ ਹੈ, ਕਿਉਂਕਿ ਉਹ ਸਾਹਮਣੇ ਹੈ। ਮੈਂ ਆਪਣੇ ਆਪ ਨੂੰ ਕਿਹਾ, ਦੂਜੀ ਵਾਰ, ਚਲੋ ਕੋਈ ਫ਼ਰਕ ਨਹੀਂ ਪੈਂਦਾ, ਕੇਵਲ ਸੁੰਦਰਤਾ ਅਤੇ ਕਰੂਪਤਾ ਦਾ ਕੀ ਹੈ, ਲਾਭ ਤਾਂ ਇੱਕੋ ਜਿਹਾ ਹੀ ਹੈ ।

ਅਤੇ ਹੋਰ ਮੈਂ ਵੇਖਿਆ ਕਿ ਉਹ ਤੀਲ੍ਹੀ ਵਾਂਗ ਪਤਲੀ ਹੈ ਅਤੇ ਮੈਂ ਆਪਣੇ ਆਪ ਨੂੰ ਕਹਿੰਦਾ ਹਾਂ, ਉਹ ਚਾਰ ਸੌ ਲੀਟਰ ਪਾਣੀ ਤੋਂ ਵੱਧ ਨਹੀਂ ਹੈ ਕਿਉਂਕਿ ਮੈਂ ਤਰਲ ਚੀਜ਼ਾਂ ਦਾ ਵਪਾਰੀ ਹਾਂ ।

"ਜੋ ਅਸੀਂ ਕੀਤਾ ਉਹ ਉਸਨੇ ਤੁਹਾਨੂੰ ਦੱਸ ਦਿੱਤਾ ਹੈ ਮੈਨੂੰ ਸਗੋਂ ਜੁਰਾਬਾਂ ਅਤੇ ਕਮੀਜ਼ ਰੱਖ ਦੇਣ ਦਾ ਘਾਟਾ ਪਿਆ ਹੈ । ਜਦੋਂ ਇਹ ਗੱਲ ਮੁੱਕੀ ਤਾਂ ਅਸੀਂ ਦੇਖਿਆ ਉਹ ਚਲੀ ਗਈ ਸੀ । ਮੈਂ ਕਹਿੰਦਾ ਹਾਂ "ਦੇਖ ਬਰੂਮੈਂਟ ਉਹ ਨੱਸ ਗਈ ਹੈ ।"

ਉਹ ਉੱਤਰ ਦਿੰਦਾ ਹੈ, ਤੂੰ ਡਰ ਨਾ, ਮੈਂ ਉਸ ਨੂੰ ਹੁਣੇ ਫੜ ਲੈਂਦਾ ਹਾਂ । ਉਸ ਨੂੰ ਘਰ ਸੌਣ ਲਈ ਤਾਂ ਆਉਣਾ ਪਵੇਗਾ । ਆ ਆਪਾਂ ਘਟਿਆ ਪਾਣੀ ਮਿਣੀਏ ? - 'ਅਸੀਂ' ਮਿਣਿਆ ਚਾਰ ਬਾਲਟੀਆਂ ਵੀ ਪੂਰੀਆਂ ਨਹੀਂ ਸਨ । ਹਾ । ਹਾ । ਹਾ।

ਕੈਦੀ ਇੰਨੀ ਢੀਠਤਾ ਨਾਲ ਹੱਸਣ ਲੱਗਿਆ ਕਿ ਇਕ ਅਫ਼ਸਰ ਨੂੰ ਉਸ ਦਾ ਮੋਢਾ ਹਿਲਾਉਣਾ ਪਿਆ । ਆਪਣੇ ਆਪ ਨੂੰ ਚੁੱਪ ਕਰਕੇ ਉਹ ਬੋਲਿਆ ।

ਮੁੱਕਦੀ ਗੱਲ ਬਰੂਮੈਂਟ ਨੇ ਫੇਰ ਕਿਹਾ :'ਇਹ ਠੀਕ ਨਹੀਂ । ਇਹ ਕਾਫੀ ਨਹੀਂ। ਜਿੱਥੋਂ ਤੱਕ ਮੇਰਾ ਸੰਬੰਧ ਹੈ, ਮੈਂ ਫੇਰ ਚਾਂਗਰਾਂ ਮਾਰਦਾ ਹਾਂ । ਉਸ ਨੇ ਚਾਂਗ ਮਾਰੀ, ਮੈਂ ਉੱਚੀ ਕੂਕਦਾ ਉਹ ਜ਼ਮੀਨ ਤੋਂ ਪੈਰ ਪਟਕਦਾ ਹੈ, ਮੈਂ ਮੁੱਕਾ ਮਾਰਦਾ ਹਾਂ । ਇਹ ਸ਼ਾਇਦ ਆਖ਼ਰੀ ਫ਼ੈਸਲੇ ਤੱਕ ਚਲਦਾ ਰਹਿੰਦਾ ਕਿਉਂਕਿ ਤੁਹਾਨੂੰ ਪਤਾ ਮੈਂ ਸ਼ਰਾਬੀ ਸੀ । ਪਰ ਫੇਰ ਸਿਪਾਹੀ ਆ ਜਾਂਦੇ ਹਨ । ਉਹ ਸਾਨੂੰ ਬੁਰਾ ਭਲਾ ਕਹਿੰਦੇ ਹਨ। ਫੇਰ ਕੈਦ। ਮੈਂ ਹਰਜਾਨਾ ਮੰਗਦਾ ਹਾਂ ।"

ਉਹ ਬੈਠ ਜਾਂਦਾ ਹੈ ।

ਬਰੂਮੈਂਟ ਨੇ ਕਿਹਾ ਕਿ ਉਸ ਦੇ ਸਾਥੀ ਦਾ ਬਿਆਨ ਹਰ ਪੱਖੋਂ ਸਹੀ ਹੈ ।

ਜੱਜ ਵਿਚਾਰ ਵਟਾਂਦਰਾ ਕਰਨ ਲਈ ਚੱਲੇ । ਇਕ ਘੰਟੇ ਬਾਅਦ ਉਹ ਆਏ, ਵਪਾਰਕ ਲੈਣ ਦੇਣ ਦੀਆਂ ਠੀਕ ਹੱਦਾਂ ਨਿਸ਼ਚਿਤ ਕਰਦੇ ਹੋਏ ਅਤੇ ਵਿਆਹ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਸਖ਼ਤ ਤਾੜਨਾ ਕਰਦੇ ਹੋਏ ਕੈਦੀਆਂ ਨੂੰ ਛੱਡ ਦਿੱਤਾ।

ਬਰੂਮੈਂਟ ਆਪਣੀ ਪਤਨੀ ਨਾਲ ਘਰ ਨੂੰ ਟੁਰ ਪਿਆ। ਕਾਰਨੂੰ ਆਪਣੇ ਕੰਮ 'ਤੇ ਵਾਪਸ ਚਲਿਆ ਗਿਆ।

# ਇਸ਼ਾਰਾ

ਛੋਟੀ ਮਾਰਕੀਉਨੈਸ ਡੀ ਰੇਨੇਡਨ ਅਜੇ ਤੱਕ ਆਪਣੇ ਹਨੇਰੇ ਅਤੇ ਖ਼ੁਸ਼ਬੂਦਾਰ ਬੈੱਡਰੂਮ ਵਿੱਚ ਸੌਂ ਰਹੀ ਸੀ।

ਆਪਣੇ ਮੁਲਾਇਮ ਅਤੇ ਨੀਵੇਂ ਬੈੱਡ 'ਤੇ ਫੀਤੇ ਵਾਂਗ ਨਰਮ ਅਤੇ ਚੁੰਮਣ ਵਾਂਗ ਕੂਲ਼ੀਆਂ ਬਾਰੀਕ ਚਾਦਰਾਂ ਵਿੱਚ ਤਲਾਕੀ ਹੋਈ ਇਸਤਰੀ ਸ਼ਾਂਤ, ਖ਼ੁਸ਼ ਅਤੇ ਡੂੰਘੀ ਨੀਂਦ ਸੌਂ ਰਹੀ ਸੀ।

ਛੋਟੇ ਨੀਲੇ ਡਰਾਇੰਗ ਰੂਮ ਦੇ ਸ਼ੋਰ ਸ਼ਰਾਬੇ ਦੀ ਆਵਾਜ਼ ਨਾਲ ਉਹ ਜਾਗ ਉੱਠੀ ਅਤੇ ਉਸ ਨੇ ਆਪਣੀ ਸਹੇਲੀ ਬੇਰੋਨੇਸ ਡੀ ਗਰੈਂਗਰੀ ਦੀ ਆਵਾਜ਼ ਪਛਾਣ ਲਈ, ਜੋ ਉਸ ਦੀ ਨੌਕਰਾਣੀ ਨਾਲ ਝਗੜ ਰਹੀ ਸੀ, ਕਿਉਂਕਿ ਨੌਕਰਾਣੀ ਉਸ ਨੂੰ ਮਾਰਕੀਉਨੈਸ ਦੇ ਕਮਰੇ ਵਿੱਚ ਨਹੀਂ ਜਾਣ ਦਿੰਦੀ ਸੀ। ਇਸ ਲਈ ਨਿੱਕੀ ਮਾਰਕਿਉਨੈਸ ਉੱਠੀ ਅਤੇ ਦਰਵਾਜ਼ਾ ਖੋਲ੍ਹ ਕੇ ਪਰਦੇ ਨੂੰ ਪਰ੍ਹੇ ਕਰਕੇ ਸਿਰ ਬਾਹਰ ਕੱਢਿਆ, ਹੋਰ ਕੁਝ ਨਹੀਂ ਸਿਰਫ਼ ਆਪਣਾ ਸੁਹਣਾ ਮੁਖੜਾ ਜੋ ਜ਼ੁਲਫਾਂ ਦੇ ਬੱਦਲਾਂ ਵਿੱਚ ਛਿਪਿਆ ਹੋਇਆ ਸੀ।

"ਤੈਨੂੰ ਕੀ ਹੋ ਗਿਆ ਹੈ ਜੋ ਤੂੰ ਇੰਨੀ ਛੇਤੀ ਆ ਗਈ ? ਉਸ ਨੇ ਪੁੱਛਿਆ, "ਅਜੇ ਤਾਂ ਨੌਂ ਵੀ ਨਹੀਂ ਵਜੇ ਸਨ।"

ਛੋਟੀ ਬੇਰੋਨੇਸ, ਜੋ ਬਹੁਤ ਪੀਲੀ, ਘਬਰਾਈ ਹੋਈ ਬਿਮਾਰ ਜਿਹੀ ਸੀ ਬੋਲੀ, "ਮੈਂ ਤੇਰੇ ਨਾਲ ਇਕ ਗੱਲ ਕਰਨੀ ਹੈ ਕਿਉਂਕਿ ਮੇਰੇ ਨਾਲ ਇਕ ਭਿਆਨਕ ਘਟਨਾ ਵਾਪਰ ਗਈ ਹੈ।"

'ਅੰਦਰ ਆਓ, ਮੇਰੀ ਪਿਆਰੀ।"

ਉਹ ਅੰਦਰ ਆਈ, ਉਨ੍ਹਾਂ ਨੇ ਇਕ ਦੂਜੇ ਨੂੰ ਗਲਵਕੜੀ ਪਾਈ, ਅਤੇ ਛੋਟੀ ਮਾਰਕਿਉਨੈਸ ਮੁੜ ਆਪਣੇ ਬਿਸਤਰੇ ਵਿੱਚ ਚਲੀ ਗਈ, ਅਤੇ ਉਸ ਦੀ ਨੌਕਰਾਣੀ ਨੇ ਬਾਰੀਆਂ ਖੋਲ੍ਹ ਦਿੱਤੀਆਂ ਜਿਸ ਨਾਲ ਹਵਾ ਤੇ ਚਾਨਣ ਅੰਦਰ ਆ

ਸਕਣ। ਜਦ ਉਹ ਕਮਰੇ ਤੋਂ ਬਾਹਰ ਚਲੀ ਗਈ ਤਾਂ ਮੈਡਮ ਡੀ ਰੇਨੇਡੋਨ ਨੇ ਕਹਿਣਾ ਸ਼ੁਰੂ ਕੀਤਾ, "ਹੁਣ ਦੱਸ ਕੀ ਗੱਲ ਹੈ ?"

ਮੈਡਮ ਡੀ ਗਰੈਂਗਰੀ ਅਜਿਹੇ ਸੁੰਦਰ ਚਮਕੀਲੇ ਹੰਝੂਆਂ ਨੂੰ ਵਹਾਉਂਦੀ ਹੋਈ, ਜੋ ਕਿ ਔਰਤਾਂ ਨੂੰ ਹੋਰ ਵੀ ਜ਼ਿਆਦਾ ਆਕਰਸ਼ਕ ਬਣਾ ਦਿੰਦੇ ਹਨ, ਰੋਣ ਲੱਗੀ। ਉਸ ਦੇ ਹੰਝੂ ਨਿਕਲਦੇ ਰਹੇ, ਉਸ ਨੇ ਉਨ੍ਹਾਂ ਨੂੰ ਪੁੱਛਿਆ ਨਹੀਂ ਜਿਸ ਕਰਕੇ ਉਸ ਦੀਆਂ ਅੱਖਾਂ ਲਾਲ ਨਾ ਹੋ ਜਾਣ ਉਹ ਰੋਂਦੀ ਰੋਂਦੀ ਬੋਲੀ : "ਮੇਰੀ ਪਿਆਰੀ ਜੋ ਵੀ ਮੇਰੇ ਉੱਪਰ ਬੀਤੀ ਹੈ ਉਹ ਬਹੁਤ ਬੁਰਾ ਹੈ। ਬਹੁਤ ਬੁਰਾ ਹੈ। ਇੱਥੇ ਮੇਰੇ ਦਿਲ 'ਤੇ ਹੱਥ ਧਰ ਤੇ ਦੇਖੋ ਇਹ ਕਿਵੇਂ ਧੜਕ ਰਿਹਾ ਹੈ।"

ਅਤੇ ਆਪਣੀ ਸਹੇਲੀ ਦਾ ਹੱਥ ਲੈ ਕੇ ਆਪਣੀ ਉਸ ਛਾਤੀ 'ਤੇ ਰੱਖ ਲਿਆ ਜੋ ਔਰਤ ਦੇ ਦਿਲ ਦਾ ਸਖ਼ਤ ਅਤੇ ਗੋਲ ਪਰਦਾ ਹੁੰਦਾ ਹੈ, ਆਦਮੀ ਜਿਸ ਨੂੰ ਦੇਖ ਕੇ ਹੀ ਸੰਤੁਸ਼ਟ ਹੋ ਜਾਂਦਾ ਹੈ ਅਤੇ ਇਸਤਰੀ ਦੇ ਦਿਲ ਦੀ ਤਹਿ ਤੱਕ ਜਾਂਦਾ ਹੈ। ਪਰੰਤੂ ਉਸ ਦਾ ਦਿਲ ਸੱਚਮੁਚ ਬੜੀ ਤੇਜ਼ੀ ਨਾਲ ਧੜਕ ਰਿਹਾ ਸੀ।

ਉਹ ਕਹਿਣ ਲੱਗੀ।

"ਇਹ ਘਟਨਾ ਮੇਰੇ ਨਾਲ ਕੱਲ੍ਹ, ਮੈਂ ਠੀਕ ਨਹੀਂ ਕਹਿ ਸਕਦੀ, ਚਾਰ ਜਾਂ ਸਾਢੇ ਚਾਰ ਵਜੇ ਦਿਨ ਵਿੱਚ ਘਟੀ ਸੀ।

ਤੁਸੀਂ ਮੇਰੇ ਕਮਰਿਆਂ ਨੂੰ ਤਾਂ ਦੇਖਿਆ ਹੀ ਹੈ ਅਤੇ ਤੈਨੂੰ ਇਹ ਮਾਲੂਮ ਹੈ ਕਿ ਮੇਰੇ ਛੋਟੇ ਡਰਾਇੰਗ ਰੂਮ ਦੀ ਖਿੜਕੀ, ਜਿੱਥੇ ਮੈਂ ਅਕਸਰ ਬੈਠੀ ਰਹਿੰਦੀ ਹਾਂ, ਰਿਊ ਸੈਂਟ ਲਜਾਰੇ ਵੱਲ ਖੁੱਲ੍ਹਦੀ ਹੈ, ਅਤੇ ਤੂੰ ਇਹ ਵੀ ਜਾਣਦੀ ਹੈ ਕਿ ਮੈਨੂੰ ਖਿੜਕੀ ਵਿੱਚ ਬੈਠ ਕੇ ਆਉਣ ਜਾਣ ਵਾਲਿਆਂ ਲੋਕਾਂ ਨੂੰ ਦੇਖਣ ਦਾ ਸ਼ੌਂਕ ਹੈ। ਰੇਲਵੇ ਸਟੇਸ਼ਨ ਦੀ ਨੇੜਤਾ ਬਿਲਕੁਲ ਠੀਕ ਜਿਹੋ ਜਿਹਾ ਮੈਂ ਚਾਹੁੰਦਾ ਹਾਂ, ਬਹੁਤ ਸੋਹਣੀ ਰੰਗੀਨ ਅਤੇ ਰੌਣਕ ਭਰੀ ਹੈ। ਸੋ ਕੱਲ੍ਹ ਮੈਂ, ਇਕ ਨੀਚੀ ਕੁਰਸੀ 'ਤੇ, ਜਿਸਨੂੰ ਮੈਂ ਖਿੜਕੀ ਦੇ ਕੋਲ ਰੱਖਿਆ ਹੋਇਆ ਹੈ, ਬੈਠੀ ਹੋਈ ਸੀ; ਖਿੜਕੀ ਖੁੱਲ੍ਹੀ ਸੀ ਅਤੇ ਮੈਂ ਸਿਰਫ਼ ਤਾਜ਼ੀ ਹਵਾ ਲੈ ਰਹੀ ਸੀ ਸੱਚ ਕੁਝ ਨਹੀਂ ਰਹੀ ਸੀ। ਤੈਨੂੰ ਯਾਦ ਹੋਵੇਗਾ ਕਿ ਕੱਲ੍ਹ ਕਿੰਨਾ ਸੁਹਣਾ ਦਿਨ ਸੀ।

"ਅਚਾਨਕ, ਮੈਂ ਇਕ ਔਰਤ ਲਾਲ ਕੱਪੜੇ ਪਾਈ-ਸਾਹਮਣੇ ਵਾਲੀ ਇਕ ਖਿੜਕੀ ਵਿੱਚ ਬੈਠੀ ਦੇਖੀ। ਮੈਂ ਨਾਰੰਗੀ ਰੰਗ ਦੀ ਪੋਸ਼ਾਕ ਪਹਿਨ ਰੱਖੀ ਸੀ-ਜਾਣਦੀ ਹੈ ਨਾ ਮੈਨੂੰ ਉਹ ਬਹੁਤ ਪਿਆਰੀ ਹੈ। ਮੈਂ ਉਸ ਨਵੀਂ ਆਉਣ ਵਾਲੀ ਔਰਤ

ਨੂੰ, ਜੋ ਉੱਥੇ ਇਕ ਮਹੀਨੇ ਤੋਂ ਹੀ ਆਈ ਸੀ ਨਹੀਂ ਜਾਣਦੀ ਸੀ ਕਿਉਂਕਿ ਇਕ ਮਹੀਨੇ ਤੋਂ ਹੀ ਬਰਸਾਤ ਹੋ ਰਹੀ ਹੈ, ਮੈਂ ਅਜੇ ਉਸ ਨੂੰ ਦੇਖਿਆ ਵੀ ਨਹੀਂ ਸੀ, ਪਰ ਉਸ ਨੂੰ ਦੇਖਦੇ ਹੀ ਮੈਂ ਜਲਦੀ ਸਮਝ ਗਈ ਕਿ ਉਹ ਖ਼ਰਾਬ ਲੜਕੀ ਹੈ। ਪਹਿਲਾਂ ਤਾਂ ਮੈਨੂੰ ਇਸ ਗੱਲ ਤੋਂ ਦੁੱਖ ਹੋਇਆ ਅਤੇ ਧੱਕਾ ਪਹੁੰਚਿਆ ਕਿ ਉਹ ਵੀ ਅਜਿਹੀ ਖਿੜਕੀ ਵਿੱਚ ਬੈਠੇ ਜਿਹੋ ਜਿਹੀ ਖਿੜਕੀ ’ਤੇ ਮੈਂ ਸੀ, ਅਤੇ ਫੇਰ ਹੌਲੀ ਹੌਲੀ ਮੈਨੂੰ ਇਸ ਦੀ ਨਿਗਰਾਨੀ ਕਰਨ ਵਿੱਚ ਆਨੰਦ ਆਉਣ ਲੱਗਾ। ਉਸ ਨੇ ਆਪਣੀਆਂ ਕੂਹਣੀਆਂ ਖਿੜਕੀ ਦੇ ਚੌਖਟੇ ’ਤੇ ਰੱਖੀਆਂ ਹੋਈਆਂ ਸਨ, ਅਤੇ ਆਦਮੀਆਂ ਵੱਲ ਦੇਖ ਰਹੀ ਸੀ ਅਤੇ ਸਾਰੇ ਹੀ ਜਾਂ ਲਗਭਗ ਸਾਰੇ ਹੀ ਆਦਮੀ ਉਸ ਵੱਲ ਦੇਖ ਰਹੇ ਸਨ। ਕੋਈ ਕਹਿ ਸਕਦਾ ਸੀ ਕਿ ਉਹ ਲੋਕ ਉਸ ਦੇ ਘਰ ਦੇ ਥੱਲੇ ਆਉਂਦੇ ਹੀ ਕਿਸੇ ਤਰੀਕੇ ਨਾਲ ਉਸ ਦੀ ਹੋਂਦ ਨੂੰ ਜਾਣ ਲੈਂਦੇ, ਕਿ ਉਹ ਉਸ ਨੂੰ ਸੁੰਘ ਲੈਂਦੇ ਜਿਵੇਂ ਕੁੱਤੇ ਖੇਤਾਂ ਵਿੱਚ ਸ਼ਿਕਾਰ ਸੁੰਘਦੇ ਹਨ ਕਿਉਂਕਿ ਉਹ ਇਕਦਮ ਹੀ ਸਿਰ ਚੁੱਕਦੇ ਤੇ ਉਸ ਨਾਲ ਅੱਖਾਂ ਚਾਰ ਕਰਦੇ ਉਸ ਦੀ ਨਜ਼ਰ ਕਹਿੰਦੀ। ਕੀ ਤੁਸੀਂ ਆਉਗੇ ? ਉਨ੍ਹਾਂ ਦੀ ਨਜ਼ਰ ਉੱਤਰ ਦਿੰਦੀ, 'ਮੇਰੇ ਕੋਲ ਸਮਾਂ ਨਹੀਂ ਹੈ, ਜਾਂ 'ਫੇਰ ਹੋਰ ਕਿਸੇ ਦਿਨ, ਜਾਂ ਫੇਰ, "ਮੇਰੇ ਪਾਸ ਇਕ ਵੀ ਪਾਈ ਨਹੀਂ ਹੈ" ਜਾਂ ਫੇਰਾ ਜਾਹ ਪਰੇ ਚੰਦਰੀ।"

"ਤੂੰ ਅੰਦਾਜ਼ਾ ਨਹੀਂ ਲਗਾ ਸਕਦੀ ਕਿ ਉਸ ਨੂੰ ਅਜਿਹਾ ਕੰਮ ਕਰਦੇ ਦੇਖਣਾ, ਭਾਵੇਂ ਇਹ ਉਸ ਦਾ ਹਰ ਰੋਜ਼ ਦਾ ਕੰਮ ਹੈ। ਕਿੰਨਾ ਸੁਆਦਲਾ ਸੀ।

"ਕਦੇ ਕਦੇ ਉਹ ਖਿੜਕੀ ਨੂੰ ਇਕਦਮ ਬੰਦ ਕਰ ਦਿੰਦੀ। ਅਤੇ ਮੈਂ ਦੇਖਦੀ ਕਿ ਕੋਈ ਆਦਮੀ ਅੰਦਰ ਗਿਆ। ਉਹ ਮੱਛੀ ਵਾਂਗ ਗਾਹਕ ਫੜ ਲੈਂਦੀ ਸੀ। ਫੇਰ ਮੈਂ ਆਪਣੀ ਘੜੀ ਵੱਲ ਦੇਖਦੀ ਤਾਂ ਪਤਾ ਲੱਗਦਾ ਕਿ ਕੋਈ ਵੀ ਬਾਰਾਂ ਜਾਂ ਵੀਹ ਮਿੰਟਾਂ ਤੋਂ ਜ਼ਿਆਦਾ ਨਹੀਂ ਰੁਕਦਾ ਸੀ। ਅੰਤ ਵਿੱਚ ਉਸ ਨੇ ਮੇਰੇ ਮਨ ਨੂੰ ਆਪਣੇ ਮੱਕੜੀ ਜਾਲ਼ ਵਿੱਚ ਫਸਾ ਲਿਆ।

ਮੈਂ ਮਨ ਹੀ ਮਨ ਵਿੱਚ ਸੋਚਿਆ : ਕਿ ਉਹ ਆਪਣੀ ਗੱਲ ਐਨੀ ਚੰਗੀ ਤਰ੍ਹਾਂ ਅਤੇ ਐਨੀ ਪੂਰਣਤਾ ਨਾਲ ਕਿਵੇਂ ਸਮਝਾ ਦਿੰਦੀ ਹੈ ? ਕੀ ਉਹ ਆਪਣੇ ਸਿਰ ਨਾਲ ਇਸ਼ਾਰਾ ਕਰਦੀ ਹੈ ਹੱਥਾਂ ਨਾਲ ਜਾਂ ਆਪਣੀਆਂ ਨਜ਼ਰਾਂ ਨਾਲ? ਮੈਂ ਉਸ ਦੀਆਂ ਚਾਲਾਂ ਨੂੰ ਦੇਖਣ ਲਈ ਆਪਣੀ ਦੂਰਬੀਨ ਲਈ। ਉਹ ਬਹੁਤ ਆਸਾਨ ਸਨ: ਸਭ ਤੋਂ ਪਹਿਲਾਂ ਇਕ ਨਜ਼ਰ, ਫੇਰ ਮੁਸਕਰਾਹਟ, ਫੇਰ ਸਿਰ ਨਾਲ ਇਕ ਬੇਮਾਲੂਮ

ਇਸ਼ਾਰਾ ਜਿਸ ਦਾ ਅਰਥ ਹੁੰਦਾ :'ਕੀ ਤੁਸੀਂ ਉੱਪਰ ਆ ਰਹੇ ਹੋ ?' ਪਰੰਤੂ ਉਹ ਇਨ੍ਹਾਂ ਬੇਮਾਲੂਮ, ਇੰਨਾ ਹਲਕਾ, ਇੰਨਾ ਗੁਪਤ ਹੁੰਦਾ ਹੈ ਕਿ ਉਸ ਵਾਂਗ ਸਫ਼ਲਤਾ ਪ੍ਰਾਪਤ ਕਰਨ ਵਿੱਚ ਬਹੁਤ ਮੁਹਾਰਤ ਦੀ ਜ਼ਰੂਰਤ ਹੈ । ਅਤੇ ਮੈਂ ਮਨ ਹੀ ਮਨ ਵਿੱਚ ਕਿਹਾ : ਕਿ ਜੇ ਮੈਂ ਉਸ ਵਾਂਗ ਸਿਰ ਹਿਲਾ ਕੇ ਇਸ਼ਾਰਾ ਕਰ ਸਕਦੀ, ਜੋ ਦਲੇਰਾ ਅਤੇ ਸੁੰਦਰ ਹੈ; ਉਸੇ ਦੀ ਤਰ੍ਹਾਂ ਜਿਵੇਂ ਉਹ ਕਰਦੀ ਹੈ ਕਰ ਸਕਦੀ। 'ਕਿਉਂਕਿ ਉਸ ਦਾ ਇਸ਼ਾਰਾ ਬਹੁਤ ਹੀ ਸੁੰਦਰ ਸੀ ।

"ਮੈਂ ਅੰਦਰ ਗਈ ਅਤੇ ਸ਼ੀਸ਼ੇ ਦੇ ਅੱਗੇ ਜਾ ਕੇ ਉਸੇ ਤਰ੍ਹਾਂ ਕਰਕੇ ਦੇਖਿਆ, ਮੈਂ ਉਸ ਨਾਲੋਂ ਵੀ ਬਹੁਤ ਅੱਛੇ ਢੰਗ ਨਾਲ ਕੀਤਾ, ਬਹੁਤ ਹੀ ਸੁਹਣਾ । ਮੈਂ ਮੋਹਿਤ ਹੋ ਗਈ ਅਤੇ ਖਿੜਕੀ ’ਤੇ ਆਪਣੀ ਜਗ੍ਹਾ ਵਾਪਸ ਆ ਗਈ।

"ਉਹ ਵਿਚਾਰੀ ਗ਼ਰੀਬ ਕੁੜੀ, ਫੇਰ ਕਿਸੇ ਨੂੰ ਨਹੀਂ ਫਸਾ ਸਕੀ। ਬਿਲਕੁਲ ਉਸ ਦੀ ਕਿਸਮਤ ਖੋਟੀ ਸੀ। ਅਸਲ ਵਿੱਚ ਕਿਸੇ ਦਾ ਇਸ ਤਰ੍ਹਾਂ ਰੋਟੀ ਕਮਾਉਣਾ ਕਿੰਨਾ ਔਖਾ ਹੈ, ਅੱਖਾਂ ਅਤੇ ਕਦੇ ਕਦੇ ਖ਼ੁਸ਼ੀ ਦੇਣ ਵਾਲਾ ਵੀ ਹੈ, ਕਿਉਂਕਿ ਇਨ੍ਹਾਂ ਲੋਕਾਂ ਵਿੱਚੋਂ ਜੋ ਸੜਕਾਂ ’ਤੇ ਮਿਲ ਜਾਂਦੇ ਹਨ ਕੋਈ ਕੋਈ ਬਹੁਤ ਚੰਗਾ ਨਿਕਲ ਆਉਂਦਾ ਹੈ।

"ਇਸ ਤੋਂ ਪਿੱਛੋਂ ਉਹ ਸਾਰੇ ਸੜਕ ’ਤੇ ਮੇਰੇ ਵੱਲ ਹੀ ਆਉਣ ਲੱਗੇ, ਅਤੇ ਉਸ ਵੱਲ ਕੋਈ ਵੀ ਨਹੀਂ ਗਿਆ; ਸੂਰਜ ਛਿਪ ਗਿਆ ਸੀ, ਇਕ ਤੋਂ ਪਿੱਛੋਂ ਇਕ ਕਰਕੇ ਨੌਜਵਾਨ, ਬੁੱਢੇ, ਗੋਰੇ, ਭੂਰੇ, ਸੁਹਣੇ ਲੋਕ ਆਏ । ਮੈਂ ਕਿਸੇ ਅਜਿਹੇ ਆਦਮੀ ਦੀ ਤਾਲਾ ਵਿੱਚ ਸੀ ਜੋ ਬਹੁਤ ਸੁਹਣਾ ਹੋਵੇ, ਮੇਰੇ ਜਾਂ ਤੇਰੇ ਪਤੀ ਨਾਲੋਂ ਕਿਤੇ ਸੁਹਣਾ- ਮੇਰਾ ਭਾਵ ਤੇਰੇ ਪਹਿਲੇ ਪਤੀ ਤੋਂ ਹੈ ਕਿਉਂਕਿ ਹੁਣ ਤਾਂ ਤੈਨੂੰ ਤਲਾਕ ਮਿਲ ਚੁੱਕਿਆ ਹੈ। ਹੁਣ ਤੂੰ ਚੁਣ ਸਕਦੀ ਹੈ ।

"ਮੈਂ ਮਨ ਹੀ ਮਨ ਵਿੱਚ ਕਿਹਾ : ਜੇ ਮੈਂ ਉਨ੍ਹਾਂ ਨੂੰ ਇਸ਼ਾਰਾ ਕਰਾਂ ਤਾਂ ਕੀ ਉਹ ਇਕ ਇੱਜ਼ਤਦਾਰ ਔਰਤ ਦੀ ਗੱਲ ਸਮਝ ਸਕਣਗੇ? ਅਤੇ ਮੇਰੇ ਅੰਦਰ ਉਨ੍ਹਾਂ ਨੂੰ ਇਸ਼ਾਰਾ ਕਰਨ ਦੀ ਇਕ ਪ੍ਰਬਲ ਇੱਛਾ ਜਾਗ ਉੱਠੀ । ਮੇਰੀ ਇੱਛਾ ਇਕ ਭਿਆਨਕ ਇੱਛਾ ਸੀ ; ਤੂੰ ਜਾਣਦੀ ਹੈਂ, ਅਜਿਹੀ ਇੱਛਾ ਸੀ ਜਿਸ ਨੂੰ ਕਿ ਕੋਈ ਨਹੀਂ ਰੋਕ ਸਕਦਾ ਹੈ । ਮੈਨੂੰ ਕਦੇ ਕਦੇ ਉਹ ਜਿਹੀ ਇੱਛਾ ਵੀ ਹੋ ਜਾਂਦੀ ਸੀ। ਕੀ ਤੇਰੇ ਵਿਚਾਰ ਵਿੱਚ ਇਹ ਗੱਲਾਂ ਮੂਰਖਤਾਪੂਰਨ ਨਹੀਂ ਹਨ? ਮੇਰਾ ਵਿਸ਼ਵਾਸ ਹੈ ਕਿ ਸਾਡੇ

ਇਸਤ੍ਰੀਆਂ ਵਿੱਚ ਬਾਂਦਰ ਦੀ ਆਤਮਾ ਹੁੰਦੀ ਹੈ । ਜਦ ਅਸੀਂ ਆਪਣੇ ਪਤੀਆਂ ਨਾਲ ਪ੍ਰੇਮ ਕਰਦੀਆਂ ਹਾਂ ਤਾਂ ਅਸੀਂ ਵਿਆਹ ਤੋਂ ਪਿੱਛੋਂ ਪਹਿਲੇ ਮਹੀਨੇ ਤਾਂ ਉਨ੍ਹਾਂ ਦੀ ਨਕਲ ਕਰਦੀਆਂ ਹਾਂ ਅਤੇ ਫੇਰ ਆਪਣੇ ਪ੍ਰੇਮੀਆਂ ਦੀ, ਆਪਣੀਆਂ ਸਹੇਲੀਆਂ ਦੀ ਅਤੇ ਜੇ ਉਹ ਚੰਗੇ ਹੁੰਦੇ ਹਨ ਤਾਂ ਆਪਣੇ ਧਾਰਮਿਕ ਪਰੋਹਿਤਾਂ ਦੀ । ਅਸੀਂ ਉਨ੍ਹਾਂ ਦੀ ਵਿਚਾਰਧਾਰਾ, ਭਾਸ਼ਣ ਦੇ ਢੰਗ, ਉਨ੍ਹਾਂ ਦੇ ਸ਼ਬਦਾਂ, ਉਨ੍ਹਾਂ ਦੇ ਹਾਵਾਂਭਾਵਾਂ ਹਰ ਇਕ ਚੀਜ਼ ਨੂੰ ਗ੍ਰਹਿਣ ਕਰਦੀਆਂ ਹਾਂ। ਇਹ ਬਹੁਤ ਮੂਰਖਤਾ ਹੈ।

"ਜਿਵੇਂ ਵੀ, ਜਿੱਥੋਂ ਤੱਕ ਮੇਰਾ ਸੰਬੰਧ ਹੈ, ਜਦ ਮੈਨੂੰ ਕਿਸੇ ਵੀ ਕੰਮ ਕਰਨ ਦਾ ਲਾਲਚ ਹੁੰਦਾ ਹੈ ਤਾਂ ਮੈਂ ਉਸ ਨੂੰ ਹਮੇਸ਼ਾ ਹੀ ਕਰ ਦਿੰਦੀ ਹਾਂ, ਅਤੇ ਇਸ ਲਈ ਮੈਂ ਆਪਣੇ ਮਨ ਵਿੱਚ ਸੋਚਿਆ : 'ਮੈਂ' ਸਿਰਫ਼ ਤਜ਼ਰਬੇ ਦੇ ਤੌਰ ’ਤੇ ਇਕ ਆਦਮੀ ਵੱਲ ਇਸ਼ਾਰਾ ਕਰਾਂਗੀ। ਮੇਰੇ ਨਾਲ ਕੀ ਹੋ ਸਕਦਾ ਹੈ ? ਕੁਝ ਵੀ ਨਹੀਂ। ਅਸੀਂ ਇਸ ਮੁਸਕਾਨ ਦਾ ਵਟਾਂਦਰਾ ਕਰਾਂਗੇ, ਹੋਰ ਬੱਸ, ਅਤੇ ਮੈਂ ਯਕੀਨਨ ਹੀ ਉਸ ਦੇ ਲਈ ਨਾਂਹ ਕਰ ਦੇਵਾਂਗੀ ।'

"ਅਤੇ ਮੈਂ ਆਪਣੀ ਚੋਣ ਕਰਨ ਲੱਗੀ, ਮੇਰੀ ਇੱਛਾ ਸੀ ਕਿ ਕੋਈ ਸੁੰਦਰ ਬਹੁਤ ਸੁੰਦਰ ਆਦਮੀ ਹੋਵੇ । ਅਤੇ ਅਚਾਨਕ ਇਕ ਲੰਬਾ, ਗੋਰੇ ਰੰਗ ਦਾ ਅਤੇ ਬਹੁਤ ਹੀ ਸੋਹਣਾ ਆਦਮੀ ਇਕੱਲਾ ਆਉਂਦਾ ਹੋਇਆ ਦਿਖਾਈ ਦਿੱਤਾ । ਮੈਂ ਉਸ ਵੱਲ ਵੇਖਿਆ, ਉਸ ਨੇ ਮੇਰੇ ਵੱਲ, ਮੈਂ ਮੁਸਕਰਾਈ, ਉਹ ਮੁਸਕਰਾਇਆ। ਮੈਂ ਬਹੁਤ ਹੀ ਬੇਮਾਲੂਮ ਇਸ਼ਾਰਾ ਕੀਤਾ, ਉਸ ਨੇ ਸਿਰ ਹਿਲਾ ਕੇ ਹਾਂ ਵਿੱਚ ਹਾਂ ਮਿਲਾਈ, ਅਤੇ ਮੇਰੀ ਪਿਆਰੀ ਉਹ ਆ ਵੀ ਗਿਆ । ਉਹ ਮਕਾਨ ਦੇ ਅੰਦਰ ਵੱਡੇ ਦਰਵਾਜ਼ੇ ’ਤੇ ਆ ਗਿਆ।

"ਤੂੰ ਅੰਦਾਜ਼ਾ ਨਹੀਂ ਲਾ ਸਕਦੀ ਕਿ ਮੇਰੇ ਦਿਮਾਗ਼ ਵਿੱਚ ਉਸ ਸਮੇਂ ਕੀ ਕੀ ਗੱਲਾਂ ਆਈਆਂ। ਮੈਂ ਸੋਚਿਆ ਮੈਂ ਪਾਗ਼ਲ ਹੋ ਜਾਵਾਂਗੀ । ਉਹ ! ਮੈਂ ਕਿੰਨੀ ਡਰ ਗਈ ਸੀ । ਜਰਾ ਸੋਚੋ, ਉਹ ਨੌਕਰਾਂ ਨੂੰ ਕਹਿ ਦੇਵੇਗਾ । ਜੋਸੇਫ ਨੂੰ, ਜੋ ਮੇਰੇ ਪਤੀ ਦਾ ਕੰਮ ਕਰਦਾ ਹੈ ਕਹਿ ਦੇਵੇਗਾ। ਜੋਸੇਫ ਸੱਚਮੁਚ ਹੀ ਸਮਝੇਗਾ ਕਿ ਮੈਂ ਉਸ ਆਦਮੀ ਨੂੰ ਬਹੁਤ ਦਿਨਾਂ ਤੋਂ ਜਾਣਦੀ ਹਾਂ ।

"ਦੱਸੋ, ਮੈਂ ਕੀ ਕਰਦੀ ਅਤੇ ਉਹ ਪਲ਼ ਭਰ ਵਿੱਚ ਹੀ ਘੰਟੀ ਵਜਾ ਦੇਵੇਗਾ, ਦੱਸੋ ਮੈਂ ਕੀ ਕਰਦੀ? ਮੈਂ ਸੋਚਿਆ ਉਸ ਨੂੰ ਜਾ ਕੇ ਮਿਲਾਂ ਤੇ ਕਹਿ ਦਿਆਂ ਕਿ

ਉਸ ਨੇ ਗ਼ਲਤੀ ਕੀਤੀ ਹੈ ਉਸ ਨੂੰ ਵਾਪਸ ਜਾਣ ਨੂੰ ਕਹਿ ਦਿਆਂ । ਉਸ ਨੂੰ ਇਕ ਔਰਤ ਵਿਚਾਰੀ ਅਬਲਾ ਔਰਤ 'ਤੇ ਰਹਿਮ ਆ ਜਾਵੇਗਾ। ਅਤੇ ਮੈਂ ਦਰਵਾਜ਼ੇ ਵੱਲ ਭੱਜੀ ਗਈ ਅਤੇ ਦਰਵਾਜ਼ਾ ਖੋਲ੍ਹਿਆ। ਤਦ ਹੀ ਦੇਖਿਆ ਕਿ ਉਹ ਘੰਟੀ ਵਜਾਉਣ ਜਾ ਹੀ ਰਿਹਾ ਸੀ, ਅਤੇ ਮੈਂ ਹਕਲਾਉਂਦੀ ਆਵਾਜ਼ ਵਿੱਚ, ਬਿਲਕੁਲ ਮੂਰਖਾਂ ਵਾਂਗ ਉਸ ਨੂੰ ਕਿਹਾ " ਮਿਸਟਰ ਚਲੇ ਜਾਓ, ਚਲੇ ਜਾਓ, ਤੁਸੀਂ ਗ਼ਲਤੀ ਕੀਤੀ ਹੈ, ਭਿਆਨਕ ਗ਼ਲਤੀ ਕੀਤੀ ਹੈ, ਮੈਂ ਤੁਹਾਨੂੰ ਆਪਣਾ ਇਕ ਮਿੱਤਰ ਸਮਝਿਆ ਸੀ ਜਿਸ ਨਾਲ ਤੁਸੀਂ ਬਿਲਕੁਲ ਹੂ-ਬ-ਹੂ ਮਿਲਦੇ ਜੁਲਦੇ ਹੋ । ਮਿਸਟਰ ਮੇਰੇ 'ਤੇ ਰਹਿਮ ਕਰੋ ।

"ਪਰੰਤੂ ਪਿਆਰੀ, ਉਹ ਸਿਰਫ਼ ਹੱਸਦਾ ਰਿਹਾ ਅਤੇ ਬੋਲਿਆ: ' ਪਿਆਰੀ ਸਵੇਰ ਦੀ ਨਮਸਤੇ, ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਤੇਰੀ ਇਸ ਛੋਟੀ ਜਿਹੀ ਕਹਾਣੀ ਬਾਰੇ ਚੰਗੀ ਤਰ੍ਹਾ ਜਾਣਦਾ ਹਾਂ । ਤੂੰ ਸ਼ਾਦੀਸ਼ੁਦਾ ਹੈਂ ਇਸ ਲਈ ਵੀਹ ਦੀ ਜਗ੍ਹਾ ਚਾਲੀ ਫਰੈਂਕ ਮੰਗਦੀ ਹੈ, ਅਤੇ ਉਹ ਤੈਨੂੰ ਮਿਲ ਜਾਣਗੇ । ਅਤੇ ਰਸਤਾ ਦੱਸੋ ।

“ਅਤੇ ਮੈਨੂੰ ਧੱਕਾ ਦੇ ਕੇ ਉਹ ਅੰਦਰ ਆ ਗਿਆ ਅਤੇ ਉਸ ਨੇ ਦਰਵਾਜ਼ਾ ਬੰਦ ਕਰ ਦਿੱਤਾ; ਅਤੇ ਜਿਉਂ ਹੀ ਮੈਂ ਡਰੀ ਹੋਈ ਉਸ ਦੇ ਸਾਹਮਣੇ ਖੜ੍ਹੀ ਰਹੀ ਉਸ ਨੇ ਮੇਰੀ ਚੁੰਮੀ ਲੈ ਲਈ ਮੇਰੀ ਕਮਰ ਵਿੱਚ ਹੱਥ ਪਾ ਕੇ ਮੈਨੂੰ ਮੇਰੇ ਡਰਾਇੰਗ ਰੂਮ ਵੱਲ, ਜਿਸ ਦਾ ਦਰਵਾਜ਼ਾ ਅਜੇ ਤੱਕ ਖੁੱਲ੍ਹਿਆ ਪਿਆ ਸੀ, ਵਾਪਸ ਜਾਣ ਨੂੰ ਮਜਬੂਰ ਕਰ ਦਿੱਤਾ । ਅਤੇ ਤਦ ਉਹ ਇਕ ਚੀਜ਼ ਨੂੰ ਦੇਖਣ ਲੱਗਾ ਜਿਵੇਂ ਨਿਲਾਮ ਕਰਨ ਵਾਲੇ ਦੇਖਦੇ ਹਨ । ਉਸ ਨੇ ਕਿਹਾ "ਰੱਬ ਦੀ ਸੌਂਹ । ਤੇਰੇ ਕਮਰੇ ਵਿੱਚ ਇਹ ਬਹੁਤ ਵਧੀਆ ਹੈ, ਬਹੁਤ ਵਧੀਆ। ਮਾਲੂਮ ਹੁੰਦਾ ਹੈ ਤੇਰੀ ਕਿਸਮਤ ਬਹੁਤ ਖੋਟੀ ਹੈ ਜੋ ਤੈਨੂੰ ਇਹ ਖਿੜਕੀ ਦਾ ਵਪਾਰ ਕਰਨਾ ਪਿਆ ਹੈ ।"

"ਤਦ ਮੈਂ ਉਸ ਨੂੰ ਫੇਰ ਪ੍ਰਾਰਥਨਾ ਕਰਨ ਲੱਗੀ। ਉਹ ਮਿਸਟਰ ਚਲੇ ਜਾਓ, ਕਿਰਪਾ ਕਰਕੇ ਚਲੇ ਜਾਓ । ਮੇਰੇ ਪਤੀ ਦੇ ਆਉਣ ਦਾ ਸਮਾਂ ਹੋ ਗਿਆ ਹੈ ਅਤੇ ਉਹ ਆਉਂਦੇ ਹੀ ਹੋਣਗੇ। ਮੈਂ ਸੌਂਹ ਖਾਂਦੀ ਹਾਂ ਕਿ ਤੁਸੀਂ ਗ਼ਲਤੀ ਕੀਤੀ ਹੈ । ” ਪਰੰਤੂ ਉਸ ਨੇ ਬਿਲਕੁਲ ਸ਼ਾਂਤੀ ਨਾਲ ਉੱਤਰ ਦਿੱਤਾ:ਆਓ, ਮੇਰੀ ਰਾਣੀ, ਮੈਂ ਇਹ ਸਭ ਕਾਰੇ ਕਰ ਚੁੱਕਿਆ ਹਾਂ, ਜੇ ਤੁਹਾਡਾ ਪਤੀ ਆ ਜਾਵੇਗਾ ਤਾਂ ਮੈਂ ਉਸ ਨੂੰ ਪੰਜ ਫਰੈਂਕ ਦੇ ਦੇਵਾਂਗਾ ਜਿਨ੍ਹਾਂ ਨਾਲ ਉਹ ਸਾਹਮਣੇ ਕੈਫੇ ਵਿੱਚ ਜਾ ਕੇ ਸ਼ਰਾਬ ਪੀ ਆਵੇ ।

ਅਤੇ ਤਦ ਰਾਉਲ ਦੇ ਫ਼ੋਟੋ ਨੂੰ ਚਿਮਨੀ ’ਤੇ ਪਿਆ ਦੇਖ ਕੇ ਮੈਨੂੰ ਬੋਲਿਆ: - ਕੀ ਇਹ ਤੁਹਾਡੇ-ਤੁਹਾਡੇ ਪਤੀ ਹਨ ?"

"ਹਾਂ ਇਹੀ ਹਨ ।"

"ਉਹ ਇਕ ਚੰਗੇ ਸੁਭਾਅ ਦਾ ਆਦਮੀ ਮਾਲੂਮ ਹੁੰਦਾ ਹੈ ਅਤੇ ਇਹ ਕੌਣ ਹੈ ਤੇਰੀ ਸਹੇਲੀ ?"

"ਮੇਰੀ ਪਿਆਰੀ, ਉਹ ਮੇਰੀ ਨਾਚ ਦੀ ਪੁਸ਼ਾਕ ਵਿੱਚ ਖਿੱਚੀ ਹੋਈ ਫ਼ੋਟੋ ਸੀ । ਮੈਨੂੰ ਹੋਸ਼ ਨਹੀਂ ਸੀ ਕਿ ਮੈਂ ਕੀ ਕਹਿ ਰਹੀ ਹਾਂ। 'ਮੈਂ ਹਕਲਾਉਂਦੇ ਹੋਏ ਕਿਹਾ: "ਹਾਂ, ਇਹ ਮੇਰੀ ਇਕ ਸਹੇਲੀ ਹੈ ।"

"ਉਹ ਬਹੁਤ ਚੰਗੀ ਹੈ, ਤੈਨੂੰ ਉਸ ਨਾਲ ਮੈਨੂੰ ਵਾਕਫ ਕਰਾਉਣਾ ਪਵੇਗਾ ।"

"ਤਦ ਹੀ ਘੜੀ ਨੇ ਪੰਜ ਵਜਾਏ ਰਾਉਲ ਰੋਜ਼ ਹੀ ਸਾਢੇ ਪੰਜ ਵਜੇ ਘਰ ਆਉਂਦੇ ਹਨ। ਸੋਚੋ ਜੇ ਉਹ ਉਸ ਦੇ ਜਾਣ ਤੋਂ ਪਹਿਲਾਂ ਘਰ ਆ ਜਾਂਦੇ, ਫ਼ਰਜ਼ ਕਰੋ ਫੇਰ ਕੀ ਹੁੰਦਾ। ਤਦ ਮੇਰੇ ਹੋਸ਼ ਗੁੰਮ ਹੋ ਗਏ। ਬਿਲਕੁਲ-ਮੈਂ ਸੋਚਿਆ ਕਿ-ਕੀ ਇਸ ਆਦਮੀ ਤੋਂ ਛੁਟਕਾਰਾ ਪਾਉਣਾ-ਸਭ ਤੋਂ ਚੰਗੀ ਗੱਲ ਇਹ ਹੋਵੇਗੀ-ਜਿੰਨੀ ਛੇਤੀ ਹੋ ਸਕੇ ਅਤੇ ਛੇਤੀ ਹੀ ਇਹ ਖੇਡ ਖ਼ਤਮ ਹੋ ਗਈ ਤੂੰ ਸਮਝਦੀ ਹੈਂ ।"

ਛੋਟੀ ਮਾਰਕਿਉਨੈਸ ਡੀਰੇਨੇਡੋਨ ਹੱਸਣ ਲੱਗੀ ਸੀ, ਆਪਣਾ ਸਿਰ ਸਿਰਹਾਣੇ ਵਿੱਚ ਛਿਪਾ ਕੇ ਪਾਗ਼ਲਾਂ ਦੀ ਤਰ੍ਹਾਂ ਹੱਸਣ ਲੱਗੀ ਜਿਸ ਨਾਲ ਉਸ ਦਾ ਸਾਰਾ ਬਿਸਤਰਾ ਹਿੱਲ ਗਿਆ, ਅਤੇ ਜਦੋਂ ਉਹ ਥੋੜ੍ਹੀ ਜਿਹੀ ਸ਼ਾਂਤ ਹੋਈ ਤਦ ਉਸ ਨੇ ਪੁੱਛਿਆ:

"ਅਤੇ-ਅਤੇ-ਕੀ ਉਹ ਸੁੰਦਰ ਸੀ ?"

"ਹਾਂ।"

"ਫੇਰ ਵੀ ਤੈਨੂੰ ਸ਼ਿਕਾਇਤ ਹੈ ?"

"ਪਰ-ਪਰ ਤੂੰ ਇਹ ਨਹੀਂ ਸੋਚਿਆ, ਮੇਰੀ ਪਿਆਰੀ, ਕਿ-ਉਹ ਕੱਲ੍ਹ ਫੇਰ ਆਵੇਗਾ-ਉਸੇ ਵੇਲ਼ੇ ਅਤੇ ਮੈਂ-ਮੈਂ ਬੁਰੀ ਤਰ੍ਹਾਂ ਡਰੀ ਹੋਈ ਹਾਂ-ਤੂੰ ਨਹੀਂ ਜਾਣਦੀ ਉਹ ਕਿੰਨਾ ਹਠੀ ਅਤੇ ਜ਼ਿੱਦੀ ਹੈ । ਮੈਂ ਕੀ ਕਰਾਂ-ਦੱਸ ਮੈਂ ਕੀ ਕਰਾਂ ?"

ਛੋਟੀ ਮਾਰਕਿਉਨੈਸ ਬਿਸਤਰੇ ਤੋਂ ਉੱਠ ਕੇ ਬੈਠੀ ਹੋ ਗਈ ਅਤੇ ਸੋਚਣ ਲੱਗੀ, ਫੇਰ ਅਚਾਨਕ ਉਹ ਬੋਲੀ : " ਉਸ ਨੂੰ ਗ੍ਰਿਫ਼ਤਾਰ ਕਰਵਾ ਦਿਓ ।"

ਬੈਰੋਨੇਸ ਉਸ ਵੱਲ ਸ਼ਾਂਤੀ ਨਾਲ ਦੇਖਦੀ ਰਹੀ ਫੇਰ ਹਕਲਾਉਂਦੀ ਹੋਈ ਬੋਲੀ "ਤੂੰ ਕੀ ਸੋਚ ਰਹੀ ਹੈਂ ? ਉਸ ਨੂੰ ਗ੍ਰਿਫ਼ਤਾਰ ਕਰਵਾ ਦਿਆਂ ? ਕਿਸ ਚੱਕਰ ਵਿੱਚ ?"

"ਇਹ ਤਾਂ ਬਹੁਤ ਆਸਾਨ ਹੈ । ਪੁਲਸ ਥਾਣੇ ਜਾਓ ਅਤੇ ਕਹੋ ਕਿ ਇਕ ਆਦਮੀ ਤਿੰਨ ਮਹੀਨੇ ਤੋਂ ਤੁਹਾਡਾ ਪਿੱਛਾ ਕਰ ਰਿਹਾ ਹੈ, ਕਿ ਕੱਲ੍ਹ ਉਹ ਤੁਹਾਡੇ ਕਮਰੇ ਵਿੱਚ ਆਉਣ ਦੀ ਗੁਸਤਾਖ਼ੀ ਕਰ ਚੁੱਕਾ ਹੈ; ਕਿ ਕੱਲ੍ਹ ਉਸ ਨੇ ਤੁਹਾਨੂੰ ਦੁਬਾਰਾ ਮਿਲਣ ਦੀ ਧਮਕੀ ਦਿੱਤੀ ਹੈ, ਅਤੇ ਤੂੰ ਕਾਨੂੰਨੀ ਸੁਰੱਖਿਆ ਮੰਗ ਕਰ, ਅਤੇ ਉਹ ਤੁਹਾਨੂੰ ਦੋ ਪੁਲਿਸ ਅਫ਼ਸਰ ਦੇਣਗੇ ਜੋ ਉਸ ਨੂੰ ਗ੍ਰਿਫ਼ਤਾਰ ਕਰ ਲੈਣਗੇ ।"

"ਪਰ ਮੇਰੀ ਪਿਆਰੀ, ਫ਼ਰਜ਼ ਕਰੋ ਉਹ ਸਾਰੀ ਗੱਲ ਦੱਸ ਦਿੰਦਾ ਹੈ"......

"ਕਮਲ਼ੀਏ, ਉਹ ਉਸ ’ਤੇ ਇਤਬਾਰ ਨਹੀਂ ਕਰਨਗੇ ।

"ਜੇ ਤੂੰ ਉਨ੍ਹਾਂ ਨੂੰ ਆਪਣੀ ਕਹਾਣੀ ਚੰਗੀ ਤਰ੍ਹਾਂ ਦੱਸੇਂ ਤਾਂ, ਉਹ ਤੇਰੀ ਗੱਲ ’ਤੇ ਯਕੀਨ ਕਰ ਲੈਣਗੇ । ਪਰ ਉਹ ਤੇਰਾ, ਕਿਉਂ ਜੋ ਤੂੰ ਇਕ ਇੱਜ਼ਤਦਾਰ ਇਸਤਰੀ ਹੈ ਵਿਸ਼ਵਾਸ ਕਰਨਗੇ ।"

"ਓਹ ! ਇਹ ਕਰਨ ਦੀ ਮੈਂ ਕਦੇ ਹਿੰਮਤ ਨਹੀਂ ਕਰਾਂਗੀ ।"

“ਮੇਰੀ ਸਹੇਲੀ, ਤੈਨੂੰ ਹਿੰਮਤ ਕਰਨੀ ਚਾਹੀਦੀ ਹੈ ਨਹੀਂ ਤਾਂ ਤੂੰ ਭੁੱਲ ਜਾਵੇਂਗੀ।"

"ਪਰ ਇਹ ਤਾਂ ਸੋਚ ਜੇ ਗ੍ਰਿਫ਼ਤਾਰ ਹੁੰਦਿਆਂ ਹੀ ਉਹ ਮੇਰਾ ਅਪਮਾਨ ਕਰ ਦੇਵੇ ।"

"ਬਹੁਤ ਅੱਛਾ, ਤੇਰੇ ਗਵਾਹ ਹੋਣਗੇ ਅਤੇ ਉਸ ਨੂੰ ਸਜ਼ਾ ਹੋ ਜਾਵੇਗੀ ।"

"ਕੀ ਸਜ਼ਾ ?"

"ਹਾਨੀ ਪੂਰੀ ਕਰਨ ਦੀ ਅਜਿਹੇ ਮਾਮਲਿਆਂ ਵਿੱਚ ਇਨਸਾਨ ਨੂੰ ਬਿਲਕੁਲ ਬੇਰਹਿਮ ਹੋਣਾ ਚਾਹੀਦਾ ਹੈ ।

"ਆਹਾ ਹਾਨੀਆਂ ਦੀ ਕਹਿੰਦੀ ਹੈਂ-ਇਕ ਚੀਜ਼ ਹੈ ਜੋ ਮੈਨੂੰ ਬਹੁਤ ਪਰੇਸ਼ਾਨ ਕਰਦੀ ਹੈ ਸੱਚਮੁਚ ਬਹੁਤ ਜ਼ਿਆਦਾ । ਉਹ ਮੇਰੇ ਲਈ ਵੀਹ ਵੀਹ ਫਰੈਂਕ ਦੇ ਦੋ ਸਿੱਕੇ ਮੇਜ਼ਪੋਸ਼ ’ਤੇ ਰੱਖ ਗਿਆ ਹੈ ।"

"ਵੀਹ ਵੀਹ ਫਰੈਂਕ ਦੇ ਦੋ ਸਿੱਕੇ ?"

“ਹਾਂ।”

"ਜ਼ਿਆਦਾ ਨਹੀਂ ?"

"ਨਹੀਂ ।"

"ਇਹ ਬਹੁਤ ਥੋੜ੍ਹਾ ਹੈ ਮੈਂ ਤਾਂ ਇਸ ਨਾਲ ਬੇਇੱਜ਼ਤੀ ਮਹਿਸੂਸ ਕਰਦੀ । ਖ਼ੈਰ ?"

"ਅੱਛਾ ਮੈਨੂੰ ਇਸ ਰੁਪਏ ਦਾ ਕੀ ਕਰਨਾ ਚਾਹੀਦਾ ਹੈ ?"

ਛੋਟੀ ਮਾਰਕਿਉਨੈਸ ਕੁਝ ਪਲ਼ਾਂ ਤੱਕ ਤਾਂ ਹਿਚਕਚਾਈ ਅਤੇ ਫੇਰ ਬਹੁਤ ਗੰਭੀਰ ਆਵਾਜ਼ ਵਿੱਚ ਬੋਲੀ:

"ਮੇਰੀ ਸਹੇਲੀ ! ਤੈਨੂੰ-ਤੈਨੂੰ ਆਪਣੇ ਪਤੀ ਨੂੰ ਇਸ ਧਨ ਦੀ ਕੋਈ ਛੋਟੀ ਜਿਹੀ ਸੁਗਾਤ ਭੇਂਟ ਕਰ ਦੇਣੀ ਚਾਹੀਦੀ ਹੈ । ਬੱਸ ਇਹੋ ਇਕ ਅੱਛੀ ਗੱਲ ਹੋਵੇਗੀ।

# ਪਿਆਰ ਦੀ ਜਾਗ

ਮਿਸਟਰ ਸੀਮਨ ਲੈਬਰੂਮੈਂਟ ਅਤੇ ਮਿਸ ਜੀਨ ਕੌਰਡੀਅਰ ਦੀ ਸ਼ਾਦੀ ਉੱਪਰ ਕਿਸੇ ਨੂੰ ਹੈਰਾਨੀ ਨਹੀਂ ਹੋਈ। ਮਿਸਟਰ ਲੈਬਰਮੈਂਟ ਮਿਸਟਰ ਪੈਸੀਲਨ ਦਾ ਦਫ਼ਤਰ ਖ਼ਰੀਦਣ ਆਇਆ ਸੀ, ਜਿਸ ਦੀ ਉਸ ਨੂੰ ਲੋੜ ਸੀ, ਇਹ ਸਪੱਸ਼ਟ ਸੀ ਕਿ ਕਿਸੇ ਪੈਸੇ ਨਾਲ ਇਸ ਦੀ ਅਦਾਇਗੀ ਕਰਨੀ ਹੈ, ਅਤੇ ਮਿਸ ਜੀਨ ਕੌਰਡੀਅਰ ਕੋਲ ਤਿੰਨ ਸੌ ਫਰੈਂਕ ਦਾ ਮਾਲ ਅਤੇ ਤਮੱਸਕ ਸਨ ।

ਮਿਸਟਰ ਲੈਬਰੂਮੈਂਟ ਸੁੰਦਰ ਨੌਜਵਾਨ ਸੀ, ਇਕ ਠਾਠ ਬਾਠ ਵਾਲਾ ਸੀ, ਇਕ ਖ਼ਾਸ ਠਾਠ ਬਾਠ ਵਾਲਾ, ਇਕ ਸੂਬਾਈ ਠਾਠ ਬਾਠ, ਜੋ ਬੌਂਟਿਗਨੀ-ਲੀ ਰੈਬਰਜ਼ ਵਿੱਚ ਇਕ ਦੁਰਲੱਭ ਚੀਜ਼ ਸੀ । ਮਿਸ ਕੌਰਡੀਅਰ ਸੁਹੱਪਣ ਅਤੇ ਤਾਜ਼ਗੀ ਦੀ ਮਾਲਕ ਸੀ ਸੁਹੱਪਣ ਕੁਝ ਕੋਝ ਵਾਲਾ ਅਤੇ ਤਾਜ਼ਗੀ ਕੁਝ ਸੀਮਤ, ਪਰ ਫੇਰ ਵੀ ਉਹ ਸੁੰਦਰ, ਚਾਹੁਣਯੋਗ ਅਤੇ ਮਨਮੋਹਣੀ ਕੁੜੀ ਨਹੀਂ ਸੀ ।

ਵਿਆਹ ਦੀਆਂ ਰਸਮਾਂ ਨੇ ਬੌਂਟੀਗਨੀ ਨੂੰ ਉੱਲਟ ਪੁਲਟ ਕਰ ਦਿੱਤਾ । ਵਿਆਹੁਤਾ ਜੋੜੇ ਦੀ ਅਤਿ ਪ੍ਰਸੰਨਤਾ ਕੀਤੀ ਗਈ ਜਦੋਂ ਇਹ ਉਹ ਸਲਾਹ ਕਰਕੇ ਕਿ ਕੁਝ ਦਿਨ ਇਕੱਠੇ ਰਹਿ ਕੇ ਪੈਰਿਸ ਦੀ ਛੋਟੀ ਜਿਹੀ ਯਾਤਰਾ ਕਰਨਗੇ ਆਪਣੀ ਖ਼ੁਸ਼ੀ ਨੂੰ ਲੁਕੋਣ ਲਈ ਪਰਦਾ ਕਰਨ ਵਾਸਤੇ ਆਪਣੇ ਘਰ ਆਏ ।

ਉਨ੍ਹਾਂ ਦੇ ਇਹ ਸਾਂਝੇ ਕੁਝ ਦਿਨ ਸੋਹਣੇ ਸਨ ਕਿਉਂਕਿ ਮਿਸਟਰ ਲੈਬਰੂਮੈਂਟ ਨੂੰ ਪਤਾ ਸੀ ਕਿ ਉਸ ਦੀ ਪਤਨੀ ਨਾਲ ਆਪਣੇ ਪਹਿਲੇ ਸੰਬੰਧਾਂ ਨੂੰ ਕਿਵੇਂ ਨਾਜੁਕਤਾ, ਸਿੱਧੇਪਣ ਅਤੇ ਚੰਗੀ ਯੋਗਤਾ ਨਾਲ ਕਾਇਮ ਕਰਨਾ ਹੈ । ਉਸ ਨੇ ਆਪਣੀ ਇਹ ਨੀਤੀ ਰੱਖੀ । "ਸਬਰ ਦਾ ਫਲ਼ ਮਿੱਠਾ ਹੁੰਦਾ ਹੈ' । ਉਹ ਜਾਣਦਾ ਸੀ ਕਿ ਧੀਰਜਵਾਨ ਦੇ ਨਾਲ ਨਾਲ ਉੱਦਮੀ ਕਿਵੇਂ ਬਣੀਦਾ ਹੈ । ਉਸ ਦੀ ਸਫ਼ਲਤਾ ਤੇਜ਼ ਅਤੇ ਮੁਕੰਮਲ ਸੀ ।

ਚਾਰ ਦਿਨ ਮੁੱਕਣ ’ਤੇ ਸ੍ਰੀਮਤੀ ਲੈਬਰਮੈਂਟ ਉਸ ਦੀ ਪੂਜਾ ਕਰਨ ਲੱਗੀ ਉਹ ਇਕ ਪਲ਼ ਲਈ ਵੀ ਉਸ ਤੋਂ ਦੂਰ ਹੋਣਾ ਨਹੀਂ ਚਾਹੁੰਦੀ ਸੀ ਉਸ ਨੂੰ ਉਹ ਸਾਰਾ ਦਿਨ ਆਪਣੇ ਕੋਲ ਹੀ ਰੱਖਣਾ ਲੋਚਦੀ ਸੀ ਤਾਂ ਜੋ ਉਸ ਦੇ ਹੱਥਾਂ, ਉਸ ਦੀ

ਦਾਹੜੀ, ਉਸ ਦਾ ਨੱਕ ਆਦਿ ਚੁੰਮ ਸਕੇ । ਉਹ ਆਪਣੇ ਗੋਡਿਆਂ ਭਾਰ ਬੈਠ ਜਾਂਦੀ, ਅਤੇ ਉਸ ਨੂੰ ਕੰਨਾਂ ਤੋਂ ਫੜ ਕੇ ਆਖਦੀ: " ਮੂੰਹ ਖੋਲ੍ਹ, ਅਤੇ ਅੱਖਾਂ ਬੰਦ ਰੱਖੋ । "ਉਹ ਪੂਰੀ ਤਰ੍ਹਾਂ ਮੂੰਹ ਖੋਲ੍ਹ ਦਿੰਦਾ ਅਤੇ ਅੱਧੀਆਂ ਅੱਖਾਂ ਬੰਦ ਕਰ ਲੈਂਦਾ, ਅਤੇ ਫੇਰ ਮੈਂ ਬੜੀ ਲੰਮੀ ਮਿੱਠੀ ਚੁੰਮੀ ਪ੍ਰਾਪਤ ਕਰਦਾ, ਜੋ ਉਸ ਦੇ ਪਿੱਠ ਵਿੱਚ ਕੁਤਕੁਤੀ ਛੇੜ ਦਿੰਦੀ । ਅਤੇ ਆਪਣੇ ਵੱਲੋਂ ਉਹ ਕਦੇ ਵੀ ਬਹੁਤ ਲਾਡ ਨਾ ਕਰਦਾ, ਬਹੁਤੇ ਬੁੱਲ੍ਹ ਨਾ ਚੁੰਮਦਾ, ਬਹੁਤੇ ਹੱਥ ਨਾ ਪਲੋਸਦਾ, ਕਿਸੇ ਵੀ ਚੀਜ਼ ਨੂੰ ਬਹੁਤ ਨਾ ਛੇੜਦਾ ਜਿਸ ਨਾਲ ਉਸ ਦੀ ਪਤਨੀ ਦਾ ਸਵੇਰ ਤੋਂ ਸ਼ਾਮ ਤੱਕ ਅਤੇ ਸ਼ਾਮ ਤੋਂ ਸਵੇਰੇ ਤੱਕ ਮੌਜ ਮੇਲਾ ਬਣਾਇਆ ਜਾ ਸਕੇ।

ਜਿਉਂ ਹੀ ਪਹਿਲਾ ਹਫ਼ਤਾ ਗੁਜ਼ਰਿਆ ਉਸ ਨੇ ਆਪਣੀ ਸਾਥਣ ਮੁਟਿਆਰ ਨੂੰ ਕਿਹਾ ।

ਜੇ ਤੂੰ ਚਾਹੇਂ ਤਾਂ ਅਸੀਂ ਅਗਲੇ ਹਫ਼ਤੇ ਦੇ ਮੰਗਲਵਾਰ ਪੈਰਿਸ ਚੱਲੀਏ । ਅਸੀਂ ਅਣਵਿਆਹੇ ਪ੍ਰੇਮੀਆਂ ਵਾਂਗ ਲੱਗਾਂਗੇ, ਥੀਏਟਰਾਂ, ਰੈਸਟੋਰੈਂਟਾਂ, ਸੰਗੀਤਕ ਕਾਫ਼ੀ ਹਾਊਸਾਂ ਵਿੱਚ ਹਰ ਥਾਂ, ਜਾਵਾਂਗੇ ।

ਉਹ ਖ਼ੁਸ਼ੀ ਨਾਲ ਉੱਛਲ ਪਈ “ਉਹ ਹਾਂ," ਉਸ ਨੇ ਉੱਤਰ ਦਿੱਤਾ “ਜਿੰਨੀ ਛੇਤੀ ਹੋ ਸਕੇ ਅਸੀਂ ਚੱਲੀਏ ।"

ਕਿਉਂਕਿ ਅਸੀਂ ਕੁਝ ਭੁੱਲ ਨਾ ਜਾਈਏ ਤੂੰ ਆਪਣੇ ਪਿਤਾ ਨੂੰ ਦਹੇਜ ਤਿਆਰ ਕਰਨ ਲਈ ਆਖ, ਮੈਂ ਇਹ ਆਪਣੇ ਨਾਲ ਲੈ ਕੇ ਚੱਲਾਂਗਾ । ਅਤੇ ਨਾਲ ਹੀ ਮਿਸਟਰ ਸੈਮਲਨ ਨੂੰ ਅਦਾਇਗੀ ਵੀ ਕਰਨੀ ਹੈ।

ਉਸ ਨੇ ਉੱਤਰ ਦਿੱਤਾ" ਮੈਂ ਉਸ ਨਾਲ, ਕੱਲ੍ਹ ਸਵੇਰੇ, ਗੱਲ ਕਰਾਂਗੀ।"

ਫੇਰ ਉਸ ਨੇ ਉਸ ਨੂੰ ਬਾਂਹਾਂ ਵਿੱਚ ਲੈ ਲਿਆ ਅਤੇ ਫੇਰ ਹਲਕਾ ਹਲਕਾ ਪਿਆਰ ਦੇਣ ਲੱਗਾ, ਉਸ ਕੁੜੀ ਨੇ ਇੰਨਾ ਪਿਆਰ ਕੀਤਾ ਕਿ ਅੱਠ ਦਿਨ ਤੱਕ ਮੌਜ ਮੇਲਾ ਕਰਦੇ ਰਹੇ ।

ਅਗਲੇ ਮੰਗਲਵਾਰ ਉਸ ਦੀ ਸੱਸ ਅਤੇ ਸਹੁਰਾ ਧੀ-ਜਵਾਈ ਨੂੰ ਸਟੇਸ਼ਨ ਤੱਕ ਛੱਡਣ ਆਏ, ਜਦੋਂ ਉਨ੍ਹਾਂ ਨੇ ਰਾਜਧਾਨੀ ਵੱਲ ਚਾਲੇ ਪਾਏ, ਸਹੁਰੇ ਨੇ ਕਿਹਾ:

"ਆਪਣੀ ਜੇਬ ਵਿੱਚ ਇੰਨੇ ਪੈਸੇ ਪਾ ਲੈਣੇ ਮੂਰਖਤਾ ਵਾਲੀ ਗੱਲ ਹੈ, "ਅਤੇ ਨੌਜੁਆਨ ਮੁਸਕਰਾਇਆ "ਸਸੁਰ ਜੀ ਕੋਈ ਚਿੰਤਾ ਨਾ ਕਰੋ " ਉਸ ਨੇ ਉੱਤਰ ਦਿੱਤਾ" ਮੈਂ ਇਨ੍ਹਾਂ ਗੱਲਾਂ ਦਾ ਆਦੀ ਹਾਂ ਤੁਹਾਨੂੰ ਪਤਾ ਹੈ ਕਿ ਮੈਨੂੰ ਮੇਰੇ ਕੰਮ ਕਾਰ ਵਿੱਚ ਕਈ ਵਾਰ ਲੱਖ ਰੁਪਏ ਵੀ ਲਿਜਾਣੇ ਪੈਂਦੇ ਹਨ । ਇਸ ਨੂੰ ਨਾਲ ਲਿਜਾ ਕੇ ਅਸੀਂ ਬਹੁਤ ਸਾਰੀਆਂ ਰਸਮਾਂ ਅਤੇ ਦੇਰੀਆਂ ਤੋਂ ਬਚਦੇ ਹਾਂ । ਤੁਸੀਂ ਫ਼ਿਕਰ ਨਾ ਕਰੋ।

ਫੇਰ ਗੱਡੀ ਵਾਲੇ ਨੇ ਆਵਾਜ਼ ਦਿੱਤੀ " ਸਾਰੇ ਵਿੱਚ ਬੈਠੋ । " ਅਤੇ ਉਹ ਛੇਤੀ ਨਾਲ ਡੱਬੇ ਵਿੱਚ ਆਏ ਇੱਥੇ ਦੋ ਬੁੱਢੀਆਂ ਔਰਤਾਂ ਵੀ ਸਨ ।

ਲੈਬਰੂਮੈਂਟ ਆਪਣੀ ਪਤਨੀ ਦੇ ਕੰਨਾਂ ਵਿੱਚ ਬੁੜਬੁੜਾਇਆ "ਕਿੰਨਾ ਔਖਾ ਹੈ ਮੈਂ ਹੁਣ ਸਿਗਰਟ ਨਹੀਂ ਪੀ ਸਕਦਾ। ਉਸ ਨੇ ਹਲਕੀ ਆਵਾਜ਼ ਵਿੱਚ ਉੱਤਰ ਦਿੱਤਾ "ਮੈਨੂੰ ਵੀ ਅਫ਼ਸੋਸ ਹੈ ਪਰ ਤੇਰੇ ਸ਼ਿੰਗਾਰ ਕਰਕੇ ਨਹੀਂ" ।

ਇੰਜਣ ਨੇ ਧੂੰਆਂ ਛੱਡਿਆ ਅਤੇ ਗੱਡੀ ਚੱਲ ਪਈ। ਇਕ ਘੰਟੇ ਦਾ ਸਫ਼ਰ ਸੀ ਜਿਸ ਦੌਰਾਨ ਉਹ ਕੁਝ ਖ਼ਾਸ ਗੱਲ ਨਾ ਕਰ ਸਕੇ, ਕਿਉਂਕਿ ਦੋਵੇਂ ਔਰਤਾਂ ਸੁੱਤੀਆਂ ਨਹੀਂ।

ਜਦੋਂ ਉਹ ਸੇਂਟ ਲੈਜ਼ੇਅਰ ਦੇ ਸਟੇਸ਼ਨ ’ਤੇ ਪੈਰਿਸ ਵਿੱਚ ਪਹੁੰਚੇ ਮਿਸਟਰ ਲੈਬਰੂਮੈਂਟ ਨੇ ਆਪਣੀ ਪਤਨੀ ਨੂੰ ਕਿਹਾ ।

"ਜੇ ਤੂੰ ਮੇਰੀ ਪਿਆਰੀ ਚਾਹੁੰਦੀ ਹੈਂ ਅਸੀਂ ਪਹਿਲਾਂ ਬਾਉਲ ਵਾਰਡ ਜਾ ਕੇ ਖਾਣਾ ਖਾਵਾਂਗੇ ਫੇਰ ਕਿਸੇ ਹੋਟਲ ਦੇ ਕੁਲੀ ਨੂੰ ਆਪਣਾ ਟਰੰਕ ਦੇਵਾਂਗੇ । ਉਹ ਤੁਰੰਤ ਰਜ਼ਾਮੰਦ ਹੋ ਗਈ: " ਓ। ਹਾਂ । " ਉਸ ਨੇ ਕਿਹਾ " ਆਓ ਅਸੀਂ ਕਿਸੇ ਰੈਸਟੋਰੈਂਟ ਵਿੱਚ ਖਾਣਾ ਖਾਈਏ । ਕੀ ਇਹ ਇੱਥੋਂ ਦੂਰ ਹੈ?"

"ਹਾਂ ਸੱਚਮੁੱਚ ਦੂਰ, ਪਰ ਅਸੀਂ ਲੋਕਲ ਬੱਸ ਫੜ ਲਵਾਂਗੇ ।

ਉਹ ਹੈਰਾਨ ਹੋ ਗਈ: "ਬੱਘੀ ਕਿਉਂ ਨਹੀਂ?" ਉਸ ਨੇ ਕਿਹਾ

ਉਸ ਨੇ ਕਿਹਾ, ਹੂੰ 'ਅਤੇ ਮੁਸਕਰਾਉਂਦੇ ਹੋਏ ਕਿਹਾ :"ਤੂੰ ਬਹੁਤ ਸੰਜਮੀ ਹੈਂ ।

ਪੰਜ ਮਿੰਟਾਂ ਦੀ ਸਵਾਰੀ ਲਈ ਇਕ ਬੱਘੀ, ਇਕ ਮਿੰਟ ਦੇ ਤਾਂ ਆਉਣ । ਤੂੰ ਗੰਢ ਦੀ ਬੜੀ ਪੱਕੀ ਹੈਂ ।"

"ਇਹ ਠੀਕ ਹੈ "ਉਸ ਨੇ ਕੁਝ ਸ਼ਰਮਾ ਕੇ ਕਿਹਾ ।

ਇਕ ਵੱਡੀ ਉਮਨੀ ਬੱਸ ਤਿੰਨ ਘੋੜਿਆਂ ਵਾਲੀ ਕਰੀ ਸੀ । ਲੈਬਰੂਮੈਂਟ ਨੇ ਆਵਾਜ਼ ਦਿੱਤੀ " ਕੰਡਕਟਰ। ਏ ਕੰਡਕਟਰ ।"

ਵੱਡੀ ਗੱਡੀ ਰੁਕ ਗਈ । ਨੌਜਵਾਨ ਨੇ ਆਪਣੀ ਪਤਨੀ ਨੂੰ ਕਾਹਲ਼ੀ ਅਤੇ ਧੀਮੀ ਆਵਾਜ਼ ਵਿੱਚ ਛੇਤੀ ਅੰਦਰ ਜਾਣ ਲਈ ਕਿਹਾ ।" ਤੂੰ ਅੰਦਰ ਚੱਲ ਮੈਂ ਬਾਹਰ ਹੀ ਖੜ੍ਹਦਾ ਹਾਂ ਤਾਂ ਜੋ ਨਾਸ਼ਤੇ ਤੋਂ ਪਹਿਲਾਂ ਇਕ ਸਿਗਰਟ ਪੀ ਲਵਾਂ ।"

ਉਸ ਕੋਲ ਉੱਤਰ ਦੇਣ ਦਾ ਸਮਾਂ ਨਹੀਂ ਸੀ । ਕੰਡਕਟਰ ਜਿਸ ਨੇ ਉਸ ਨੂੰ ਉੱਪਰ ਚੜ੍ਹਾਉਣ ਲਈ ਬਾਂਹਾਂ ਤੋਂ ਫੜਿਆ ਸੀ । ਉਸ ਨੂੰ ਅੰਦਰ ਧੱਕ ਦਿੱਤਾ ਜਿੱਥੇ ਉਹ ਅੱਧ ਡਰੀ ਜਿਹੀ ਇਕ ਸੀਟ ’ਤੇ ਬੈਠ ਗਈ, ਅਤੇ ਮਦਹੋਸ਼ੀ ਵਿੱਚ ਪਿਛਲੀ ਤਾਕੀ ਵਿੱਚੋਂ ਆਪਣੇ ਪਤੀ ਦੇ ਪੈਰਾਂ ਨੂੰ ਦੇਖਦੀ ਰਹੀ ਜਦੋਂ ਉਹ ਬੱਘੀ ਦੀ ਛੱਤ ਉੱਪਰ ਚੜ੍ਹਿਆ।

ਉੱਥੇ ਉਹ ਇਕ ਵੱਡੇ ਸਾਰੇ ਸਰੀਰ ਵਾਲੇ ਸੱਜਣ ਜਿਸ ਵਿੱਚੋਂ ਪਾਈਪ ਵਰਗਾ ਮੁਸ਼ਕ ਆ ਰਿਹਾ ਸੀ ਅਤੇ ਇਕ ਬੁੱਢੀ ਜਿਸ ਵਿੱਚੋਂ ਕੁੱਤੇ ਵਰਗੀ ਦੁਰਗੰਧ ਆ ਰਹੀ ਸੀ ਦੇ ਵਿਚਕਾਰ ਅਹਿਲ ਬੈਠੀ ਰਹੀ । ਦੂਜੇ ਸਾਰੇ ਯਾਤਰੂ ਦੋ ਕਤਾਰਾਂ ਵਿੱਚ ਚੁੱਪ ਬੈਠੇ ਸਨ ਇਕ ਪਸਾਰੀ ਦਾ ਲੜਕਾ । ਇਕ ਮਜ਼ਦੂਰ, ਇਕ ਫ਼ੌਜੀ ਸਾਰਜੈਂਟ, ਇਕ ਸੋਨੇ ਦੇ ਫਰੇਮ ਵਾਲੀ ਐਨਕ ਅਤੇ ਰੇਸ਼ਮ ਦੇ ਵੱਡੇ ਛੱਜੇ ਵਾਲੀ ਟੋਪੀ ਵਾਲਾ ਸੱਜਣ, ਅਤੇ ਦੋ ਔਰਤਾਂ ਇੱਜ਼ਤਦਾਰ ਅਤੇ ਮਟਕ ਵਾਲੀਆਂ ਲੱਗਦੀਆਂ ਸਨ, ਅਤੇ ਇਉਂ ਇਹ ਕਹਿੰਦੀਆਂ ਜਾਪਦੀਆਂ ਸਨ : “ਭਾਵੇਂ ਅਸੀਂ ਇੱਥੇ ਹਾਂ ਪਰ ਸਾਨੂੰ ਚੰਗੀ ਥਾਂ ਹੋਣਾ ਚਾਹੀਦਾ ਸੀ ।" ਫੇਰ ਦੋ ਭੈਣਾਂ ਬੈਠੀਆਂ ਸਨ, ਇਕ ਲੰਮੇ ਵਾਲ਼ਾਂ ਵਾਲੀ ਛੋਟੀ ਲੜਕੀ, ਅਤੇ ਇਕ ਠੇਕੇਦਾਰ ।

ਸਾਰੀ ਜੁੰਡਲੀ ਕਿਸੇ ਅਜੀਬ ਅਜਾਇਬ ਘਰ ਵਿੱਚ ਲੱਗੇ ਢਾਂਚਿਆਂ ਵਾਂਗ ਲੱਗਦੀ ਸੀ, ਵੱਖ ਵੱਖ ਭਾਵਾਂ ਵਾਲੇ ਮਨੁੱਖੀ ਚਿਹਰੇ ਕਠਪੁਤਲੀ ਵਾਂਗ ਹਿੱਲਦੇ ਸਨ ਜੋ ਮੇਲਿਆਂ ਉੱਪਰ ਹੁੰਦੇ ਹਨ।

ਗੱਡੀ ਦੇ ਹਲੂਣਿਆਂ ਨਾਲ ਉਨ੍ਹਾਂ ਦੇ ਸਿਰ ਥੋੜ੍ਹੇ ਥੋੜ ਹਿੱਲਦੇ ਸਨ, ਅਤੇ ਉਨ੍ਹਾਂ ਦੇ ਹਲੂਣਿਆਂ ਨਾਲ ਉਨ੍ਹਾਂ ਦੀਆਂ ਗਲ੍ਹਾਂ ਦਾ ਮਾਸ ਕੰਬਦਾ ਸੀ, ਅਤੇ ਘੁੰਮ ਰਹੇ ਪਹੀਆਂ ਦੀ ਆਵਾਜ਼ ਨੇ ਉਨ੍ਹਾਂ ਨੂੰ ਘੂਕੀ ਚੜ੍ਹਾਈ ਜਾਪਦੀ ਸੀ ।

ਮੁਟਿਆਰ ਅਹਿਲ ਬੈਠੀ ਸੀ ਉਹ ਮੇਰੇ ਨਾਲ ਕਿਉਂ ਨਾ ਆਇਆ । " ਉਹ ਸੋਚ ਰਹੀ ਸੀ । ਇਕ ਅਸਪੱਸ਼ਟ ਉਦਾਸੀ ਉਸ ਉੱਪਰ ਛਾ ਗਈ । ਉਸ ਨੇ ਸ਼ਿੰਗਾਰ ਤਾਂ ਪੀ ਲਈ ਹੋਵੇਗੀ। ਦੋਵੇਂ ਭੈਣਾਂ ਨੇ ਗੱਡੀ ਰੋਕਣ ਲਈ ਇਸ਼ਾਰਾ ਕੀਤਾ । ਉਹ ਪੁਰਾਣੀਆਂ ਅਤੇ ਫਿੱਟੇ ਰੰਗ ਵਾਲੀਆਂ ਫ਼ਰਾਕਾਂ ਦੀ ਬਦਬੂ ਖਿੰਡਾ ਕੇ ਉਤਰ ਗਈਆਂ ।

ਉਨ੍ਹਾਂ ਦੇ ਜਾਣ ਤੋਂ ਛੇਤੀ ਹੀ ਪਿੱਛੋਂ ਕਿਸੇ ਹੋਰ ਨੇ ਬੱਸ ਰੋਕੀ । ਇਕ ਖਾਣਾ ਬਣਾਉਣ ਵਾਲੀ ਅੰਦਰ ਆਈ ਉਹ ਭੁੱਖੀ ਸੀ ਅਤੇ ਉਸ ਨੂੰ ਸਾਹ ਚੜ੍ਹਿਆ ਹੋਇਆ ਸੀ ਉਸ ਆਪਣੀ ਟੋਕਰੀ ਗੋਡਿਆਂ ’ਤੇ ਰੱਖ ਲਈ ਜਿਸ ਵਿੱਚੋਂ ਤਕੜੀ ਦੁਰਗੰਧ ਉਸ ਬੱਸ ਵਿੱਚ ਫੈਲ ਗਈ ।

"ਜਿਨ੍ਹਾਂ ਮੈਂ ਸੋਚਿਆ ਸੀ ਇਹ ਉਸ ਤੋਂ ਵੀ ਅੱਗੇ ਹੈ । ਜਵਾਨ ਔਰਤ ਨੇ ਆਪਣੇ ਆਪ ਨੂੰ ਕਿਹਾ। ਠੇਕੇਦਾਰ ਬਾਹਰ ਗਿਆ ਅਤੇ ਕੋਚਵਾਨ ਉਸ ਦੀ ਥਾਂ ’ਤੇ ਬੈਠ ਗਿਆ ਜਿਸ ਵਿੱਚੋਂ ਤਬੇਲੇ ਦੀ ਬੋ ਆਉਂਦੀ ਸੀ । ਲੰਬੇ ਵਾਲ਼ਾਂ ਵਾਲੀ ਲੜਕੀ ਦੀ ਥਾਂ ਇਕ ਆਵਾਰਾ ਲੜਕਾ ਆ ਗਿਆ ਜੋ ਪੈਦਲ ਚੱਲਣ ਕਾਰਨ ਲੰਮੇ ਲੰਮੇ ਸਾਹ ਲੈ ਰਿਹਾ ਸੀ।

ਨੋਟਰੀ ਦੀ ਪਤਨੀ ਸਭ ਕੁਝ ਵੇਖਦੀ ਰਹੀ। ਅਤੇ ਉਸ ਦਾ ਦਿਲ ਇੰਨਾ ਦੁਖੀ ਅਤੇ ਬੇਚੈਨ ਸੀ ਕਿ ਉਹ ਬਿਨਾ ਸਮਝੇ ਰੋਣ ਲਈ ਤਿਆਰ ਸੀ ।

ਕੁਝ ਹੋਰ ਬਾਹਰ ਗਏ, ਹਾਲੇ ਵੀ ਕੁਝ ਦੂਜੇ ਅੰਦਰ ਆਏ । ਉਮਨੀ ਬੱਸ ਵਿਚਕਾਰਲੀਆਂ ਗ਼ਲੀਆਂ ਵਿੱਚੋਂ ਗਈ, ਸਟੇਸ਼ਨਾਂ ਤੇ ਰੁਕੀ ਅਤੇ ਫਿਰ ਆਪਣੇ ਰਸਤੇ ’ਤੇ ਚੱਲ ਪਈ ।

"ਅਜੇ ਕਿੰਨੀ ਦੂਰ ਹੈ ।' ਜੀਨ ਨੇ ਕਿਹਾ, “ਖ਼ਾਸ ਕਰਕੇ ਜਦੋਂ ਕਿਸੇ ਕੋਲ ਕੋਈ ਦਿਲ ਪਰਚਾਵਾ ਨਹੀਂ, ਅਤੇ ਸੌਂ ਨਹੀਂ ਸਕਦਾ । " ਉਹ ਕਈ ਦਿਨਾਂ ਵਿੱਚ ਵੀ ਇੰਨੀ ਨਹੀਂ ਥੱਕੀ ਸੀ । ਹੌਲੀ ਹੌਲੀ ਸਾਰੇ ਮੁਸਾਫ਼ਰ ਉੱਤਰ ਗਏ । ਉਹ ਬਿਲਕੁਲ ਇਕੱਲੀ ਹੀ ਰਹਿ ਗਈ ਸੀ ।

ਕੰਡਕਟਰ ਬੋਲਿਆ।

ਵੋਗੀ ਰਾਰਡ ।"

ਜਿਉਂ ਹੀ ਉਹ ਸ਼ਰਮਾਈ, ਉਸ ਨੇ ਦੁਬਾਰਾ ਕਿਹਾ,

"ਵੋਗੀ ਰਾਰਡ ।"

ਉਸ ਨੇ ਉਸ ਵੱਲ ਵੇਖਿਆ, ਉਸ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਉਹ ਉਸ ਨੂੰ ਦੱਸ ਰਿਹਾ ਸੀ, ਕਿਉਂਕਿ ਉਸ ਦੇ ਸਾਰੇ ਗੁਆਂਢੀ ਚਲੇ ਗਏ ਸਨ । ਤੀਜੀ ਵਾਰ ਆਦਮੀ ਨੇ ਫਿਰ ਕਿਹਾ । " ਵੋਗੀ ਰਾਰਡ ।”

ਫਿਰ ਉਸ ਨੇ ਪੁੱਛਿਆ । "ਅਸੀਂ ਕਿੱਥੇ ਹਾਂ ?"

ਉਸ ਨੇ ਖਰ੍ਹਵੀ ਆਵਾਜ਼ ਵਿੱਚ ਉੱਤਰ ਦਿੱਤਾ ਅਸੀਂ, ਵੋਗੀ ਰਾਰਡ ਹਾਂ, ਕੁਮਾਰੀ ਜੀ। ਮੈਂ

ਪਹਿਲਾਂ ਹੀ " ਤੁਹਾਨੂੰ ਵੀਹ ਵਾਰ ਦੱਸ ਚੁੱਕਾ ਹਾਂ"

"ਕੀ ਇਹ ਬਾਉਨਵਾਰਡ ਤੋਂ ਬਹੁਤ ਦੂਰ ਹੈ ? ਉਸ ਨੇ ਪੁੱਛਿਆ ।

"ਬਾਉਨਵਾਰਡ ਕੀ ?

"ਇਟੇਲੀਅਨ ਬਾਉਨਵਾਰਡ"

"ਅਸੀਂ ਕਾਫ਼ੀ ਦੇਰ ਪਹਿਲਾਂ ਉੱਥੋਂ ਲੰਘੇ ਸੀ"

"ਆਹ । ਕੀ ਤੁਸੀਂ ਮੇਰੇ ਪਤੀ ਨੂੰ ਦੱਸਣ ਦੀ ਕਿਰਪਾ ਕਰੋਗੇ ?"

' ਤੁਹਾਡਾ ਪਤੀ ? ਉਹ ਕਿੱਥੇ ਹੈ ?"

"ਬਾਹਰ"

'ਬਾਹਰ । ਉੱਥੇ ਕਾਫ਼ੀ ਦੇਰ ਤੋਂ ਕੋਈ ਨਹੀਂ ਹੈ ।"

ਉਹ ਇਕਦਮ ਡਰ ਗਈ । ਫਿਰ ਉਸ ਨੇ ਕਿਹਾ ।

"ਇਹ ਕਿਵੇਂ ਹੋ ਸਕਦਾ ਹੈ ? ਇਹ ਸੰਭਵ ਨਹੀਂ ਹੈ।

ਜਦੋਂ ਮੈਂ ਉਸ ਦੀ ਬੱਸ ਵਿੱਚ ਵੜੀ ਸੀ ਤਾਂ ਉਹ ਉੱਪਰ ਚੜ੍ਹਿਆ ਸੀ । ਦੁਬਾਰਾ ਦੇਖੋ ਉਹ ਜ਼ਰੂਰ ਉੱਥੇ ਹੋਵੇਗਾ ।"

ਕੰਡਕਟਰ ਰੁੱਖਾ ਬੋਲਿਆ :' ਤੂੰ ਥੱਲੇ ਉੱਤਰਿਆ, ਬਹੁਤੀਆਂ ਗੱਲਾਂ ਨਾ ਕਰੀ ਜਾਹ ਜੇ ਇਕ ਆਦਮੀ ਗੁੰਮ ਗਿਆ ਤਾਂ ਕੀ ਦਸ ਹੋਰ ਲੱਭ ਪੈਣਗੇ । ਛੇਤੀ ਬਾਹਰ ਆ ਜਾ, ਗ਼ਲੀ ਵਿੱਚ ਕੋਈ ਹੋਰ ਲੱਭ ਪਵੇਗਾ ।" ਉਸ ਦੀਆਂ ਅੱਖਾਂ ਵਿੱਚ ਅੱਥਰੂ ਡਲਕੇ, ਉਸ ਨੇ ਜ਼ਿੱਦ ਕੀਤੀ: "ਪਰ, ਸ੍ਰੀਮਾਨ ਜੀ, ਤੁਸੀਂ ਗ਼ਲਤੀ ਵਿੱਚ ਹੋ, ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਤੁਸੀਂ ਗ਼ਲਤੀ ਵਿੱਚ ਹੋ। ਉਸ ਦੇ ਹੱਥ ਵਿੱਚ ਇਕ ਵੱਡੀ ਜੇਬੀ ਪੁਸਤਕ ਸੀ ।"

ਕਰਮਚਾਰੀ ਨੇ ਹੱਸਣਾ ਸ਼ੁਰੂ ਕੀਤਾ : “ਇਕ ਵੱਡੀ ਜੇਬੀ ਪੁਸਤਕ ? ਮੈਨੂੰ ਯਾਦ ਹੈ । ਹਾਂ, ਉਹ ਮੈਡੇਲਾਈਨ ਉੱਤਰਿਆ ਸੀ ਉਹ ਠੀਕ ਹੈ । ਉਹ ਤੁਹਾਨੂੰ ਇਕੱਲੀ ਛੱਡ ਗਿਆ ਹੈ । ਹਾਂ ਹਾਂ।

ਗੱਡੀ ਹਾਲੇ ਵੀ ਖੜੀ ਸੀ । ਉਹ ਹੇਠਾਂ ਉੱਤਰੀ ਅਤੇ ਸਹਿਜ ਸੁਭਾ ਹੀ ਉੱਪਰ ਵੱਲ ਵੇਖਿਆ । ਛੱਤ ਬਿਲਕੁਲ ਖ਼ਾਲੀ ਸੀ ।

ਫਿਰ ਉਸ ਨੇ ਬਿਨਾਂ ਸੋਚੇ ਸਮਝੇ ਕਿ ਉਸ ਵੱਲ ਕੋਈ ਵੇਖ ਰਿਹਾ ਹੈ ਜਾਂ ਉਸ ਨੂੰ ਕੋਈ ਸੁਣ ਰਿਹਾ ਹੈ, ਉੱਚੀ ਰੋਣਾ ਸ਼ੁਰੂ ਕੀਤਾ। ਆਖ਼ਰ ਉਸ ਨੇ ਕਿਹਾ : ਮੇਰਾ ਕੀ ਬਣੇਗਾ ?"

ਇੰਸਪੈਕਟਰ ਆਇਆ ਅਤੇ ਪੜਤਾਲ ਕੀਤੀ।

"ਕੀ ਮਾਮਲਾ ਹੈ ?"

ਕੰਡਕਟਰ ਨੇ ਮਖੌਲੀਏ ਲਹਿਜ਼ੇ ਵਿੱਚ ਉੱਤਰ ਦਿੱਤਾ।

"ਇਸ ਇਸਤਰੀ ਦਾ ਪਤੀ ਇਸ ਨੂੰ ਛੱਡ ਕੇ ਰਸਤੇ ਵਿੱਚ ਉੱਤਰ ਗਿਆ ਹੈ"

ਉਸ ਨੇ ਉਤਰ ਦਿੱਤਾ। " ਹੁਣ, ਹੁਣ ਕੋਈ ਫ਼ਿਕਰ ਕਰਨ ਦੀ ਲੋੜ ਨਹੀਂ, ਮੈਂ ਤੁਹਾਡੀ ਸੇਵਾ ਵਿੱਚ ਹਾਂ' ਅਤੇ ਉਹ ਉਨ੍ਹੀਂ ਪੈਰੀਂ ਵਾਪਸ ਹੋ ਗਿਆ।

ਫਿਰ ਉਸ ਨੇ ਬਹੁਤ ਜ਼ਿਆਦਾ ਡਰੀ ਹੋਈ ਨੇ ਅੱਗੇ ਚੱਲਣਾ ਸ਼ੁਰੂ ਕੀਤਾ, ਅਤੇ ਉਹ ਇੰਨੀ ਘਬਰਾਈ ਹੋਈ ਸੀ ਕਿ ਸੋਚ ਨਹੀਂ ਸਕੀ ਕਿ ਉਹ ਕਿੱਧਰ ਜਾ ਰਹੀ ਸੀ। ਉਹ ਕਿੱਥੇ ਜਾ ਰਹੀ ਸੀ। ਉਸ ਨੂੰ ਕੀ ਕਰਨਾ ਚਾਹੀਦਾ ਸੀ ਇਹ ਗੜਬੜ ਕਿਵੇਂ ਹੋ ਗਈ, ਇੰਨੀ ਲਾਪਰਵਾਹੀ, ਬੇਰੁਖ਼ੀ, ਅਣਹੋਣੀ ਹੋ ਗਈ।

ਉਸ ਦੀ ਜੇਬ ਵਿੱਚ ਦੋ ਫਰੈਂਕ ਸਨ। ਉਹ ਕਿਸੇ ਕੋਲੋਂ ਮੰਗ ਸਕਦੀ ਸੀ। ਅਚਾਨਕ ਉਸ ਨੂੰ ਆਪਣਾ ਕਜ਼ਨ ਬੈਰਲ ਯਾਦ ਆਇਆ, ਜੋ ਜਲ ਸੈਨਾ ਦੇ ਦਫ਼ਤਰ ਵਿੱਚ ਕਲਰਕ ਸੀ। ਉਸ ਕੋਲ ਬੱਘੀ ਕਿਰਾਏ 'ਤੇ ਲੈਣ ਲਈ ਕਾਫ਼ੀ ਰਕਮ ਸੀ, ਉਹ ਉਸ ਕੋਲ ਜਾਏਗੀ। ਅਤੇ ਉਹ ਉਸ ਨੂੰ ਉਸ ਸਮੇਂ ਮਿਲੀ ਜਦੋਂ ਉਹ ਦਫ਼ਤਰ ਜਾਣ ਲਈ ਤਿਆਰ ਸੀ। ਲੈਬਰੂਮੈਂਟ ਵਾਂਗ ਉਸ ਦੀ ਬਗ਼ਲ ਵਿੱਚ ਇਕ ਵੱਡੀ ਜੇਬੀ ਪੁਸਤਕ ਸੀ। ਉਹ ਗੱਡੀ ਵਿੱਚੋਂ ਬਾਹਰ ਝੁਕੀ ਅਤੇ ਕਿਹਾ" ਹੈਡਰੀ,।"

ਉਹ ਰੁਕਿਆ, ਬਹੁਤ ਹੈਰਾਨ ਹੋ ਗਿਆ।

"ਜੀਨੀ, " ਉਸ ਨੇ ਕਿਹਾ ਤੂੰ ਇੱਥੇ ? ਇਕੱਲੀ ਕਿੱਥੋਂ ਆਈ ਹੈਂ ? ਕੀ ਕਰ ਰਹੀ ਹੈਂ?"

ਉਹ ਅੱਥਰੂ ਭਰੀਆਂ ਅੱਖਾਂ ਨਾਲ ਥਥਲਾਈ "ਮੇਰੇ ਪਤੀ ਕਿੱਧਰੇ ਰਸਤੇ ਵਿੱਚ ਗੁੰਮ ਹੋ ਗਏ ਹਨ-"

"ਗੁੰਮ ਹੋ ਗਏ ? ਕਿੱਥੇ ?

"ਉਮਨੀ ਬੱਸ ਵਿੱਚ."

"ਉਮਨੀ ਬੱਸ ਵਿੱਚ। ਓਹ।"

ਅਤੇ ਉਸ ਨੇ ਉਸ ਨੂੰ ਸਾਰੀ ਕਹਾਣੀ ਦੱਸੀ, ਤੇ ਇਸ ਮੁਸ਼ਕਿਲ ਕਾਰਨ ਬਹੁਤ ਜ਼ਿਆਦਾ ਰੋ ਰਹੀ ਸੀ। ਉਸ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਫਿਰ ਪੁੱਛਿਆ। " ਅੱਜ ਸਵੇਰੇ ? ਕੀ ਉਹ ਬਿਲਕੁਲ ਠੀਕ ਸੀ ?"

"ਉਹ। ਹਾਂ। ਅਤੇ ਉਸ ਕੋਲ ਮੇਰਾ ਸਾਰਾ ਦਾਜ ਦਾ ਸਮਾਨ ਸੀ।"

"ਤੁਹਾਡਾ ਦਾਜ ਦਾ ਸਮਾਨ? ਸਾਰਾ ਹੀ ?"

"ਹਾਂ, ਸਾਰਾ ਹੀ-ਆਪਣੇ ਦਫ਼ਤਰ ਦਾ ਹਿਸਾਬ ਕਰਨ ਲਈ।"

"ਅੱਛਾ ਮੇਰੀ ਪਿਆਰੀ ਭੈਣ, ਤੁਹਾਡਾ ਪਤੀ ਜੋ ਵੀ ਹੈ, ਇਸ ਸਮੇਂ ਗੱਡੀ ਦੀ ਉਡੀਕ ਵਿੱਚ ਖੜ੍ਹਾ ਹੋਵੇਗਾ।"

ਉਸ ਨੂੰ ਹਾਲੇ ਵੀ ਸਮਝ ਨਾ ਆਈ। "ਮੇਰਾ ਪਤੀ-ਤੁਸੀਂ ਕਹਿੰਦੇ ਹੋ।"

"ਮੈਂ ਕਹਿੰਦਾ ਹਾਂ ਕਿ ਉਹ ਤੁਹਾਡੀ ਸਾਰੀ ਪੂੰਜੀ ਲੈ ਕੇ ਦੌੜ ਗਿਆ ਹੈ ਬੱਸ ਇਹੋ ਗੱਲ ਹੈ। ਦੁੱਖ ਨਾਲ ਉਸ ਦਾ ਗੱਚ ਭਰ ਗਿਆ, ਉਹ ਖੜ੍ਹੀ ਬੁੜਬੁੜ ਕਰਨ ਲੱਗੀ "ਤਾਂ ਫੇਰ ਉਹ ਬਦਮਾਸ਼ ਹੈ।" ਫਿਰ, ਜਜ਼ਬਾਤ 'ਤੇ ਕਾਬੂ ਪਾਉਂਦੀ ਹੋਈ ਉਹ ਜ਼ੋਰ ਜ਼ੋਰ ਨਾਲ ਸਿਸਕੀਆਂ ਭਰਦੀ ਹੋਈ ਆਪਣੇ ਕਜ਼ਨ ਦੇ ਮੋਢਿਆਂ 'ਤੇ ਸਿਰ ਰੱਖ ਕੇ ਰੋਣ ਲੱਗ ਪਈ।

ਲੋਕ ਉਨ੍ਹਾਂ ਨੂੰ ਵੇਖਣ ਲਈ ਉੱਥੇ ਖੜੇ ਹੋ ਰਹੇ ਸਨ ਤਾਂ ਉਸ ਨੇ ਹੌਲੀ ਹੌਲੀ ਉਸ ਨੂੰ ਸਹਾਰਾ ਦਿੰਦੇ ਹੋਏ ਆਪਣੇ ਘਰ ਦੇ ਦਰਵਾਜ਼ੇ ਤੱਕ ਪਹੁੰਚਾਇਆ। ਜਿਉਂ ਹੀ ਨੌਕਰਾਣੀ ਨੇ ਦਰਵਾਜ਼ਾ ਖੋਲ੍ਹਿਆ ਉਨ੍ਹਾਂ ਨੇ ਅੱਗੇ ਕਦਮ ਵਧਾਏ ਤੇ ਉਸ ਨੇ ਹੁਕਮ ਦਿੱਤਾ:- ਸੋਫ਼ੀ, ਦੌੜ ਕੇ ਜਾਹ ਅਤੇ ਰੈਸਟੋਰੈਂਟ ਵਿੱਚੋਂ ਦੋ ਆਦਮੀਆਂ ਲਈ ਨਾਸ਼ਤਾ ਲਿਆ। ਮੈਂ ਅੱਜ ਸਵੇਰੇ ਦਫ਼ਤਰ ਨਹੀਂ ਜਾਵਾਂਗਾ।"

# ਜ਼ੈਤੂਨ ਦੇ ਦਰੱਖ਼ਤ

ਜਦੋਂ ਮਰਸਿਲਿਸ ਅਤੇ ਟਾਊਲਨ ਦੇ ਵਿਚਕਾਰ ਪਿਸਕਾ ਦੀ ਖਾੜੀ ਵਿੱਚ ਸਥਿਤ ਇਕ ਛੋਟੀ ਜਿਹੀ ਬੰਦਰਗਾਹ ਗਰੈਂਡ ਦੇ ਉੱਚੇ ਲੰਮੇ ਮਲਾਹਾਂ ਨੇ ਅਬੈ ਵਿਲਬਸ ਦੀ ਬੇੜੀ ਨੂੰ ਪੱਤਣ ਵਿੱਚ ਦਾਖ਼ਲ ਹੁੰਦੇ ਵੇਖਿਆ ਤਾਂ ਉਹ ਬੇੜੀ ਨੂੰ ਕਿਨਾਰੇ ’ਤੇ ਲਾਉਣ ਲਈ ਤਟ ’ਤੇ ਚਲੇ ਗਏ ।

ਪਾਦਰੀ ਬੇੜੀ ਵਿੱਚ ਇਕੱ

ਲਾ ਸੀ । ਪਚਾਸੀ ਸਾਲ ਦੀ ਉਮਰ ਹੋਣ ਦੇ ਬਾਵਜੂਦ ਉਹ ਇਕ ਅਸਲੀ ਮਲਾਹ ਦੀ ਪੂਰੀ ਸ਼ਕਤੀ ਨਾਲ ਬੇੜੀ ਚਲਾ ਰਿਹਾ ਸੀ । ਉਸ ਨੇ ਆਪਣਾ ਹੈਟ ਆਪਣੇ ਕੋਲ ਪਏ ਬੈਂਚ ਉੱਤੇ ਰੱਖਿਆ ਸੀ, ਉਸ ਦੀਆਂ ਬਾਹਾਵਾਂ ਉੱਪਰ ਨੂੰ ਚੜ੍ਹੀਆਂ ਹੋਈਆਂ ਸਨ ਅਤੇ ਉਸ ਦੇ ਤਾਕਤਵਰ ਬਾਜ਼ੂ ਦਿਸਦੇ ਸਨ, ਉਸ ਦਾ ਚੋਗਾ ਗਲ਼ੇ ਤੋਂ ਖੁੱਲ੍ਹਾ ਸੀ ਅਤੇ ਗੋਡਿਆਂ ਤੋਂ ਮੁੜਿਆ ਹੋਇਆ ਸੀ ਅਤੇ ਉਸ ਨੇ ਇਕ ਭਾਰੀ ਸਫ਼ੈਦ ਕੈਨਵਸ ਦਾ ਗੋਲ ਹੈਟ ਪਾਇਆ ਹੋਇਆ ਸੀ । ਉਸ ਦੇ ਚਿਹਰੇ ਮੋਹਰੇ ਤੋਂ ਦੱਖਣੀ ਦੇਸ਼ਾਂ ਦਾ ਇਕ ਮਜ਼ਬੂਤ ਪਾਦਰੀ ਪਰਤੀਤ ਹੁੰਦਾ ਸੀ, ਉਹ ਪਾਦਰੀ ਦੀਆਂ ਡਿਊਟੀਆਂ ਦੇ ਮੁਕਾਬਲੇ ਸਖ਼ਤ ਕੰਮ ਕਰਨ ਦੇ ਵਧੇਰੇ ਲਾਇਕ ਸੀ।

ਉਹ ਚੱਪੂ ਬੜੇ ਜ਼ੋਰ ਨਾਲ ਮਾਰ ਰਹੇ ਸਨ, ਜਿਵੇਂ ਕਿ ਉਹ ਦੱਖਣੀ ਲੋਕਾਂ ਨੂੰ ਦੱਸ ਰਹੇ ਹੋਣ ਕਿ ਉੱਤਰ ਦੇ ਲੋਕ ਕਿਵੇਂ ਚੱਪੂ ਮਾਰਦੇ ਹਨ ਅਤੇ ਕਦੇ ਕਦੇ ਉਹ ਉਤਰਨ ਵਾਲੀ ਥਾਂ ਵੇਖਣ ਲਈ ਆਸੇ ਪਾਸੇ ਵੇਖਦੇ ਸਨ ।

ਛੋਟੀ ਬੇੜੀ ਕਿਨਾਰੇ ਨਾਲ ਲੱਗਦੀ ਅਤੇ ਉੱਪਰ ਵੱਲ ਵੱਧ ਜਾਂਦੀ, ਮੱਥਾ ਰੇਤ ਵਿੱਚ ਵੜ ਜਾਂਦਾ ਹੈ, ਫਿਰ ਇਹ ਅਚਾਨਕ ਖੜ੍ਹੀ ਹੋ ਜਾਂਦੀ । ਪੰਜ ਮਲਾਹਾਂ ਨੇ ਅਬੈ ਨੂੰ ਨੇੜੇ ਆਉਂਦੇ, ਖ਼ੁਸ਼ ਅਤੇ ਹੱਸਦੇ ਵੇਖਿਆ ।

ਇਕ ਆਦਮੀ ਨੇ ਪਰੀਵੈਂਸ ਦੇ ਮਜ਼ਬੂਤ ਇਰਾਦੇ ਨਾਲ ਕਿਹਾ, "ਅੱਛਾ !” ਮੌਨਸੀਅਰ ਲੇਕੁਅਰ, ਕੀ ਤੁਸੀਂ ਕਾਮਯਾਬ ਹੋ ਗਏ ਹੋ ?" ਅਬੇ ਨੇ ਚੱਪੂ ਅੰਦਰ ਵੱਲ ਨੂੰ ਮਾਰੇ ਆਪਣੇ ਕੈਨਵੈਸ ਦਾ ਸਿਰ ਦਾ ਕੱਪੜਾ ਉਤਾਰਿਆ, ਆਪਣੀ

ਟੋਪੀ ਸਿਰ ’ਤੇ ਰੱਖੀ, ਬਾਹਵਾਂ ਹੇਠਾਂ ਉਤਾਰੀਆਂ ਅਤੇ ਕੋਟ ਦੇ ਬਟਨ ਬੰਦ ਕੀਤੇ । ਪਿੰਡ ਦੇ ਪਾਦਰੀ ਦੇ ਸ਼ਕਲ ਧਾਰਨ ਕਰਦੇ ਹੋਏ, ਉਸ ਨੇ ਬੜੇ ਫ਼ਖ਼ਰ ਨਾਲ ਕਿਹਾ: "ਮੈਂ' ਤਿੰਨ ਰੈਡ ਸਨੈਪਰ (ਮੱਛੀ) ਦੋ ਈਲ (ਸੱਪ ਵਰਗੀ ਮੱਛੀ) ਅਤੇ ਇਕ ਸੂਰਜ ਮੱਛੀ (ਸਨਫ਼ਿਸ਼) ਫੜੀਆਂ ਹਨ ।

ਮਾਹੀਗੀਰ ਬੇੜੀ ਦੇ ਆਲ਼ੇ-ਦੁਆਲੇ ਮਾਹਰਾਂ ਦੀ ਹਵਾ ਬਣਦੇ ਹੋਏ, ਮਰੀ ਹੋਈ ਮੱਛੀ ਵੱਡੇ ਵੱਡੇ ਰੈਡ-ਸਨੈਪਰ, ਚੌੜੇ ਚੌੜੇ ਸਿਰਾਂ ਵਾਲੀਆਂ ਈਲਾਂ (ਸੱਪ ਵਰਗੀ ਮਾਂ ਮੱਛੀਆਂ) ਛੁਪੇ ਹੋਏ ਸਮੁੰਦਰ ਦੇ ਸੱਪ ਅਤੇ ਹਿੰਸਾਤਮਿਕ ਸੂਰਜ ਮੱਛੀਆਂ ਜਿਨ੍ਹਾਂ ਉੱਤੇ ਸੰਗਤਰੀ ਰੰਗ ਦੀਆਂ ਧਾਰੀਆਂ ਸਨ, ਨੂੰ ਵੇਖਣ ਲੱਗ ਪਏ ।

ਇਕ ਨੇ ਕਿਹਾ : ਮੋਨਸੀਅਰ ਲੇਕੁਅਰ, ਮੈਂ ਇਹ ਤੁਹਾਡੇ ਘਰ ਲੈ ਜਾਵਾਂਗਾ ।

"ਮੇਰੇ ਦੋਸਤ, ਮਿਹਰਬਾਨੀ ।"

ਸਾਰਿਆਂ ਨਾਲ ਹੱਥ ਮਿਲਾਉਣ ਤੋਂ ਪਿੱਛੋਂ, ਪਾਦਰੀ ਘਰ ਵੱਲ ਨੂੰ ਚੱਲ ਪਿਆ, ਉਸ ਦੇ ਪਿੱਛੇ ਇਕ ਆਦਮੀ ਸੀ, ਜਿਸ ਕੋਲ ਮੱਛੀ ਸੀ; ਦੂਜੇ ਆਦਮੀਆਂ ਨੇ ਬੇੜੀ ਦਾ ਚਾਰਜ ਸੰਭਾਲ਼ ਲਿਆ।

ਅਬੈ ਵਿਲਬੋਸ ਬੜੀ ਸ਼ਾਨ ਨਾਲ ਹੌਲੀ ਹੌਲੀ ਚੱਲਦਾ ਗਿਆ । ਚੱਪੂ ਚਲਾਉਣ ਕਰਕੇ ਉਸ ਦੇ ਮੱਥੇ ਉੱਤੇ ਪਸੀਨੇ ਦੇ ਤੁਪਕੇ ਆ ਗਏ ਅਤੇ ਜਦੋਂ ਉਹ ਜ਼ੈਤੂਨ ਦੇ ਦਰਖ਼ਤਾਂ ਵਿੱਚੋਂ ਲੰਘਦਾ ਸੀ ਤਾਂ ਉਹ ਹਰ ਵਾਰ ਆਪਣੇ ਮੱਥੇ ਤੋਂ ਕੱਪੜਾ ਹਟਾਉਂਦਾ ਸੀ । ਸ਼ਾਮ ਦੀ ਗਰਮ ਹਵਾ, ਜੋ ਸਮੁੰਦਰ ਦੀ ਹਲਕੀ ਹਵਾ ਨਾਲ ਤਾਜ਼ਾ ਹੋ ਜਾਂਦੀ ਸੀ । ਛੋਟੇ ਅਤੇ ਸਫ਼ੈਦ ਵਾਲ਼ਾਂ ਵਾਲਾ ਉੱਚਾ ਮੱਥਾ ਠੰਢਾ ਹੋ ਗਿਆ, ਇਹ ਮੱਥਾ ਪਾਦਰੀ ਦੀ ਬਜਾਏ ਅਫ਼ਸਰ ਦਾ ਹੁੰਦਾ ਹੈ ।

ਇਉਂ ਪ੍ਰਤੀਤ ਹੁੰਦਾ ਸੀ ਕਿ ਇਹ ਪਿੰਡ ਇਕ ਵੱਡੀ ਘਾਟੀ ਤੋਂ ਉੱਪਰ ਉੱਠ ਰਹੀ ਪਹਾੜੀ ’ਤੇ ਬਣਾਇਆ ਗਿਆ ਹੈ, ਜੋ ਸਮੁੰਦਰ ਵੱਲ ਹੇਠਾਂ ਤੋਂ ਉਤਰਦਾ ਹੈ ।

ਇਸ ਦਿਨ ਗਰਮੀ ਦੀ ਸ਼ਾਮ ਸੀ । ਚੁੰਧਿਆ ਦੇਣ ਵਾਲਾ ਸੂਰਜ, ਜੋ ਦੂਰ ਦੀਆਂ ਪਹਾੜੀਆਂ ਦੀਆਂ ਚੋਟੀਆਂ ਵੱਲ ਜਾ ਰਿਹਾ ਸੀ, ਇਸ ਨਾਲ ਪਾਦਰੀ ਦਾ ਪਰਛਾਵਾਂ ਸਫ਼ੈਦ, ਮਿੱਟੀ ਵਾਲੀ ਸੜਕ ’ਤੇ ਪੈਂਦਾ ਸੀ, ਜਿਸ ਦੇ ਤਿੰਨ ਕੋਨਿਆਂ

ਵਾਲੇ ਹੈਟ ਦਾ ਪਰਛਾਵਾਂ ਖੇਤਾਂ ਉੱਤੇ ਪੈ ਰਿਹਾ ਸੀ, ਕਈ ਵਾਰੀ ਜ਼ਾਹਰਾ ਤੌਰ ’ਤੇ ਜ਼ੈਤੂਨ ਦੇ ਦਰੱਖ਼ਤਾਂ ’ਤੇ ਤਣਿਆ ਉੱਤੇ ਪੈਂਦਾ ਸੀ, ਫ਼ੌਰਨ ਜ਼ਮੀਨ ’ਤੇ ਪੈਂਦਾ ਸੀ ਅਤੇ ਫਿਰ ਉਨ੍ਹਾਂ ਵਿੱਚ ਚਲਾ ਜਾਂਦਾ ਸੀ ।

ਹਰੇਕ ਕਦਮ ਜਿਹੜਾ ਉਹ ਪੁੱਟਦਾ ਸੀ, ਨਾਲ ਇਕ ਵਧੀਆ ਸਫ਼ੈਦ ਬੱਦਲ ਜਿਹਾ ਉੱਠਦਾ ਸੀ, ਇਕ ਅਪ੍ਰਤੱਖ ਪਾਊਡਰ, ਜਿਹੜਾ ਗਰਮੀਆਂ ਦੇ ਦਿਨਾਂ ਵਿੱਚ ਪਰੀਵੈਂਸ ਦੀਆਂ ਸੜਕਾਂ ’ਤੇ ਛਾ ਜਾਂਦਾ ਹੈ; ਇਹ ਪਾਊਡਰ ਉਸ ਦੇ ਚੋਗੇ ਦੇ ਕਿਨਾਰੇ ’ਤੇ ਜੰਮ ਜਾਂਦਾ ਅਤੇ ਇਹ ਸਫ਼ੈਦ ਹੋ ਜਾਂਦਾ। ਪੂਰਨ ਰੂਪ ਵਿੱਚ ਤਾਜ਼ਾ ਮਹਿਸੂਸ ਕਰਨ ਤੋਂ ਪਿੱਛੋਂ ਉਹ ਆਪਣੇ ਹੱਥ ਆਪਣੀਆਂ ਜੇਬਾਂ ਵਿੱਚ ਪਾ ਲੈਂਦਾ, ਉਹ ਇਕ ਪਰਬਤ-ਆਰੋਹੀ ਦੀ ਤਰ੍ਹਾਂ ਹੌਲੀ ਹੌਲੀ ਚੱਲਦਾ । ਉਸ ਦੀਆਂ ਅੱਖਾਂ ਦੂਰ ਪਿੰਡ ’ਤੇ ਜੰਮੀਆਂ ਹੋਈਆਂ ਸਨ, ਜਿੱਥੇ ਉਹ ਵੀਹ ਸਾਲ ਰਹਿ ਚੁੱਕਿਆ ਸੀ ਅਤੇ ਜਿੱਥੇ ਉਹ ਮਰਨਾ ਚਾਹੁੰਦਾ ਸੀ। ਉਸ ਦਾ ਚਰਚ ਇਸ ਦੇ ਆਲ਼ੇ ਦੁਆਲੇ ਦੇ ਘਰਾਂ ਤੋਂ ਉੱਚਾ ਸੀ; ਭੂਰੇ ਪੱਥਰ ਦੇ ਅਤੇ ਛੋਟੇ ਵੱਡੇ ਅਨੁਪਾਤ ਦੇ ਚੌਰਸ ਅਤੇ ਵੱਡੇ ਆਕਾਰ ਦੇ ਮੀਨਾਰ ਖ਼ੂਬਸੂਰਤ ਦੱਖਣੀ ਘਾਟੀ ਉੱਤੇ ਖੜੇ ਸਨ; ਅਤੇ ਉਨ੍ਹਾਂ ਦੇ ਉਸਾਰੀ ਮਾਹਿਰਾਂ ਦੀ ਇਸ ਕਲਾ ਤੋਂ ਪ੍ਰਾਰਥਨਾ ਦੀ ਥਾਂ ਦੇ ਮੁਨਾਰਿਆਂ ਦੀ ਬਜਾਏ ਕਿਸੇ ਹਵੇਲੀ ਦਾ ਪਤਾ ਚੱਲਦਾ ਸੀ ।

ਅਬੈ ਖ਼ੁਸ਼ ਸੀ; ਕਿਉਂਕਿ ਉਸ ਨੇ ਤਿੰਨ ਰੈਡ- ਸਨੈਪਰ ਦੋ ਸੱਪ ਵਾਂਗ ਮੱਛੀਆਂ (ਈਲਾਂ) ਅਤੇ ਪੰਜ ਸੂਰਜ ਮੱਛੀਆਂ ਫੜੀਆਂ ਸਨ। ਇਸ ਨਾਲ ਉਹ ਆਪਣੇ ਟੋਲੇ ਉੱਤੇ ਦੋਬਾਰਾ ਫੜ੍ਹੇ ਪਾ ਸਕੇਗਾ, ਜੋ ਉਸ ਨੂੰ ਬਿਨਾਂ ਸ਼ੱਕ ਸਤਿਕਾਰਦੇ ਸਨ, ਕਿਉਂਕਿ ਉਹ ਆਪਣੀ ਉਮਰ ਦੇ ਬਾਵਜੂਦ ਉਸ ਥਾਂ ਦਾ ਸ਼ਕਤੀਸ਼ਾਲੀ ਆਦਮੀ ਸੀ । ਇਹ ਥੋੜ੍ਹੀ ਜਿਹੀ ਸ਼ੇਖੀ ਉਸ ਦੀ ਖ਼ੁਸ਼ੀ ਦਾ ਕਾਰਨ ਹੈ। ਉਹ ਇਕ ਨਿਸ਼ਾਨੇਬਾਜ ਸੀ; ਕਈ ਵਾਰ ਉਹ ਆਪਣੇ ਗੁਆਂਢੀ ਇਕ ਰਿਟਾਇਰਡ ਫ਼ੌਜੀ ਅਫ਼ਸਰ ਨਾਲ ਗੱਲਬਾਤ ਕਰਦਾ ਸੀ । ਜਿਸ ਦੀ ਤੰਬਾਕੂ ਦੀ ਦੁਕਾਨ ਸੀ; ਉਹ ਤਟ ਦੇ ਨਾਲ ਨਾਲ ਹੋਰਨਾਂ ਦੇ ਮੁਕਾਬਲੇ ਚੰਗੀ ਤਰ੍ਹਾਂ ਤੈਰ ਸਕਦਾ ਸੀ ।

ਉਹ ਆਪਣੇ ਦਿਨਾਂ ਵਿੱਚ ਇਕ ਮੰਨਿਆ ਪ੍ਰਮੰਨਿਆ ਸਮਾਜ ਦਾ ਅੰਗ ਸੀ, ਬੈਰਨ ਡੈ ਵਿਲਬਸ, ਪਰੰਤੂ ਬਦਨਸੀਬੀ ਨਾਲ ਪਿਆਰ ਦੇ ਮਾਮਲੇ ਦੇ ਪਿੱਛੋਂ ਪਾਦਰੀ ਬਣ ਗਿਆ ਸੀ । ਉਹ ਪਿਕਾਰਡੀ ਦੇ ਪੁਰਾਤਨ ਪਰਿਵਾਰ ਦਾ ਇਕ ਛੋਟਾ ਜਿਹਾ ਮੈਂਬਰ ਹੋਣ ਕਰਕੇ, ਜਿਨ੍ਹਾਂ ਦੇ ਪੁੱਤਰ ਸਦੀਆਂ ਤੋਂ ਫ਼ੌਜ, ਮਜਿਸਟਰੈਟੀ

ਜਾਂ ਚਰਚ ਵਿੱਚ ਦਾਖ਼ਲ ਹੋਏ ਸਨ, ਉਸ ਦਾ ਪਹਿਲਾ ਖ਼ਿਆਲ ਆਪਣੀ ਮਾਂ ਦੀ ਸਲਾਹ ਨੂੰ ਮੰਨਣਾ ਸੀ ਅਤੇ ਪਾਦਰੀ ਬਣਨਾ ਸੀ । ਪਰੰਤੂ ਉਹ ਆਪਣੇ ਪਿਤਾ ਦੇ ਸੁਝਾਅ ਅੱਗੇ ਝੁਕ ਗਿਆ ਕਿ ਉਹ ਪੈਰਿਸ ਵਿੱਚ ਕਾਨੂੰਨ ਦਾ ਇਮਤਿਹਾਨ ਦੇਵੇ ਅਤੇ ਕੋਈ ਚੰਗੀ ਪਦਵੀ ਹਾਸਲ ਕਰੇ ।

ਜਦੋਂਕਿ ਉਹ ਆਪਣੀ ਪੜ੍ਹਾਈ ਕਰ ਰਿਹਾ ਸੀ, ਉਸ ਦੇ ਪਿਤਾ ਜੀ ਨੂੰ ਨਮੂਨੀਆਂ ਹੋ ਗਿਆ; ਉਸ ਦੀ ਮਾਂ, ਜਿਸ ’ਤੇ ਇਸ ਦਾ ਕਾਫ਼ੀ ਅਸਰ ਪਿਆ ਸੀ, ਇਸ ਪਿੱਛੋਂ ਛੇਤੀ ਮਰ ਗਈ। ਉਸ ਨੂੰ ਕਾਫ਼ੀ ਦੌਲਤ ਮਿਲ ਗਈ ਅਤੇ ਇਸ ਦੇ ਫਲਸਰੂਪ ਉਸ ਨੇ ਬੇਕਾਰ ਜ਼ਿੰਦਗੀ ਬਤੀਤ ਕਰਨ ਦੇ ਪੇਸ਼ੇ ਨੂੰ ਅਪਨਾਉਣ ਦਾ ਖ਼ਿਆਲ ਛੱਡ ਦਿੱਤਾ। ਉਹ ਖ਼ੂਬਸੂਰਤ ਅਤੇ ਸਿਆਣਾ ਸੀ, ਪਰੰਤੂ ਉਸ ਦੇ ਰਸਮਾਂ ਰਿਵਾਜ਼ਾਂ ਅਤੇ ਸਿਧਾਂਤਾਂ ਦਾ ਕੁਝ ਕੁ ਉਲਟਾ ਪ੍ਰਭਾਵ ਪਿਆ ਹੈ, ਜਿਹੜੇ ਉਸਦੇ ਸਰੀਰ ਵਿੱਚ ਉਸ ਦੇ ਬਜ਼ੁਰਗਾਂ ਤੋਂ ਮਿਲੇ ਸਨ ।

ਸਮਾਜ ਨੇ ਉਸ ਦਾ ਖ਼ੁਸ਼ੀ ਖ਼ੁਸ਼ੀ ਸੁਆਗਤ ਕੀਤਾ ਅਤੇ ਉਸ ਨੇ ਇਕ ਅਮੀਰ ਅਤੇ ਗੰਭੀਰ ਆਦਮੀ ਦੇ ਤੌਰ ’ਤੇ ਮਜ਼ਾ ਲਿਆ । ਪਰੰਤੂ ਇਸ ਤਰ੍ਹਾਂ ਹੋਇਆ ਕਿ ਇਕ ਦੋਸਤ ਨੇ ਉਸ ਦੀ ਇਕ ਨੌਜਵਾਨ ਐਕਟ੍ਰੈੱਸ ਕਨਜ਼ਰਵੇਟਾਇਰ ਦੇ ਸ਼ਾਗਿਰਦ, ਨਾਲ ਜਾਣ ਪਛਾਣ ਕਰਾਈ, ਜੋ ਆਡਨ ਵਿੱਚ ਕਾਮਯਾਬ ਸੀ। ਇਸ ਕੇਸ ਵਿੱਚ ਪਹਿਲੀ ਨਜ਼ਰੀ ਪਿਆਰ ਹੋ ਗਿਆ ਸੀ ।

ਉਸ ਵਿੱਚ ਜਜ਼ਬਾਤ ਭਰੇ ਸਨ ਅਤੇ ਬਿਲਕੁਲ ਇਕੱਲਿਆਂ ਰਹਿਣ ਵਿੱਚ ਵਿਸ਼ਵਾਸ ਰੱਖਦਾ ਸੀ। ਉਸ ਨੇ ਉਸ ਦਾ ਰੋਮਾਂਚਕ ਰੋਲ ਵੇਖਿਆ, ਜਿਸ ਵਿੱਚ ਉਸ ਨੇ ਆਪਣੇ ਪੇਸ਼ ਹੋਣ ਦੀ ਪਹਿਲੀ ਰਾਤ ਵਿੱਚ ਕਾਮਯਾਬੀ ਹਾਸਿਲ ਕਰ ਲਈ ਸੀ । ਉਹ ਬੜੀ ਖ਼ੂਬਸੂਰਤ ਸੀ ਅਤੇ ਭਾਵੇਂ ਕੁਦਰਤੀ ਤੌਰ ’ਤੇ ਧੀਰਜ ਵਾਲੀ ਪਰ ਉਸ ਦਾ ਚਿਹਰਾ ਪਰੀ ਵਾਲਾ ਸੀ ।

ਉਸ ਨੇ ਉਸ ਨੂੰ ਪੂਰਨ ਤੌਰ ’ਤੇ ਕਾਬੂ ਕਰ ਲਿਆ, ਉਸ ਨੇ ਉਸ ਨੂੰ ਬੇਵਕੂਫ਼ ਅਤੇ ਮਸਤ ਬੇਵਕੂਫ਼ ਬਣਾ ਦਿੱਤਾ, ਜਿਸ ਨੂੰ ਔਰਤ ਦੀ ਨਿਗਾਹ ਸਦਾ ਲਈ ਕਾਰੀ ਜਜ਼ਬਾਤਾਂ ਦੀ ਚਿਤਾ ਤੱਕ ਪਹੁੰਚਾਏਗੀ। ਉਹ ਉਸਦੀ ਪ੍ਰੇਮਿਕਾ ਬਣ ਗਈ ਅਤੇ ਸਟੇਜ ਛੱਡ ਦਿੱਤੀ । ਉਹ ਚਾਰ ਸਾਲ ਇਕੱਠੇ ਰਹੇ, ਇਸ ਸਮੇਂ ਦੇ ਦੌਰਾਨ ਉਸ ਦਾ ਉਸ ਲਈ ਪਿਆਰ ਵੱਧਦਾ ਗਿਆ । ਉਸ ਦੇ ਘੁਮੰਡੀ ਨਾਂ ਅਤੇ ਪਰਿਵਾਰਕ ਰਵਾਇਤਾਂ ਦੇ ਬਾਵਜੂਦ ਉਸ ਨੇ ਉਸ ਨਾਲ ਸ਼ਾਦੀ ਕਰ ਲੈਣੀ ਸੀ,

ਜੇਕਰ ਉਸ ਨੂੰ ਇਸ ਗੱਲ ਦਾ ਪਤਾ ਨਾ ਚੱਲਦਾ ਕਿ ਉਹ ਉਸ ਨਾਲ ਕਾਫ਼ੀ ਸਮਾਂ ਬੇਵਫ਼ਾ ਰਹੀ ਹੈ, ਜਿਸ ਨੇ ਉਨ੍ਹਾਂ ਨਾਲ ਸੰਪਰਕ ਪੈਦਾ ਕੀਤਾ ਸੀ ।

ਉਸ ਦੇ ਅੰਦਰ ਅਤਿ ਜਾਗ੍ਰਿਤੀ ਸੀ, ਕਿਉਂਕਿ ਉਹ ਮਾਂ ਬਣਨ ਵਾਲੀ ਸੀ ਅਤੇ ਉਹ ਬੱਚੇ ਦੀ ਪੈਦਾਇਸ਼ ਦੀ ਇੰਤਜ਼ਾਰ ਕਰ ਰਿਹਾ ਸੀ ਤਾਂ ਜੋ ਉਹ ਉਸ ਦੀ ਪਤਨੀ ਬਣ ਸਕੇ ।

ਜਦੋਂ ਉਸ ਦੀ ਬੇਵਫ਼ਾਈ ਦਾ ਸਬੂਤ ਮਿਲ ਗਿਆ-ਕੁਝ ਪੱਤਰ ਉਸ ਦੇ ਦਰਾਜ਼ ਵਿੱਚੋਂ ਮਿਲ ਗਏ-ਉਸ ਨੇ ਉਸ ਨੂੰ ਵਿਖਾਏ ਅਤੇ ਉਸ ਨੇ ਉਸ ਦੀ ਬੇਵਫ਼ਾਈ ਅਤੇ ਧੋਖੇ ਦੀ ਪ੍ਰਕਿਰਤੀ ਦੀ ਅਸੱਭਿਅਤਾ ਬਾਰੇ ਬੁਰਾ ਭਲਾ ਕਿਹਾ ਪਰੰਤੂ ਉਸ ਨੇ, ਹੋਰਨਾਂ ਲੋਕਾਂ ਵਾਂਗ ਇਸ ਆਦਮੀ ਪ੍ਰਤੀ ਯਕੀਨੀ ਤੌਰ ’ਤੇ ਹੌਸਲਾ ਵਿਖਾਇਆ ਅਤੇ ਉਨ੍ਹਾਂ ਔਰਤਾਂ ਦੇ ਜੱਦੀ ਹੌਂਸਲੇ ਵਾਂਗ ਉਸ ਦੀ ਬੇਇੱਜ਼ਤੀ ਕੀਤੀ ਜੋ ਲੜਾਈ ਸਮੇਂ ਹੋਰਨਾਂ ਆਦਮੀਆਂ ਵਾਂਗ ਬਾਰਕਾਂ ’ਤੇ ਚੜ੍ਹਦੀਆਂ ਹਨ ।

ਉਸ ਨੇ ਉਸ ਨੂੰ ਜ਼ਮੀਨ ’ਤੇ ਸੁੱਟਣਾ ਸੀ ਪਰ ਉਸ ਆਪਣੀ ਸ਼ਕਲ ਵਿਖਾਈ । ਇੰਨਾ ਸਫ਼ੈਦ ਜਿਵੇਂ ਕਿ ਮੌਤ, ਉਸ ਨੇ ਆਪਣੇ ਆਪ ਨੂੰ ਚੈੱਕ ਕੀਤਾ, ਇਹ ਯਾਦ ਕਰਦੇ ਹੋਏ ਕਿ ਉਸ ਦਾ ਬੱਚਾ ਇਸ ਚੁੜੇਲ ਨੂੰ ਪੈਦਾ ਹੋਵੇਗਾ । ਇਸ ਦੂਹਰੀ ਨਾਮੋਸ਼ੀ ਨੂੰ ਖ਼ਤਮ ਕਰਨ ਲਈ ਦੋਹਾਂ ਨੂੰ ਕੁਚਲਣ ਲਈ ਉਸ ਨੇ ਉਸ ਉੱਤੇ ਹਮਲਾ ਕੀਤਾ-ਹੂਰਾ-ਮੁੱਕੀ ਵਿੱਚ ਇਹ ਵੇਖਦੇ ਹੋਏ ਕਿ ਉਹ ਉਸ ਦੇ ਅਣਜੰਮੇ ਬੱਚੇ ਦੀ ਜ਼ਿੰਦਗੀ ਖ਼ਤਮ ਕਰ ਰਿਹਾ ਹੈ, ਉਸ (ਪਤਨੀ) ਨੇ ਮਹਿਸੂਸ ਕੀਤਾ ਕਿ ਉਸ ਦੀ ਜ਼ਿੰਦਗੀ ਖ਼ਤਮ ਹੈ । ਹੂਰਾ-ਮੁੱਕੀ ਤੋਂ ਬਚਣ ਲਈ ਉਸ ਨੇ ਆਪਣੇ ਹੱਥ ਅੱਗੇ ਵੱਲ ਵਧਾਏ ਅਤੇ ਚੀਕਾਂ ਮਾਰੀਆਂ:-

"ਮੈਨੂੰ ਨਾ ਮਾਰੋ । ਇਹ ਉਸ ਦਾ ਹੈ, ਤੁਹਾਡਾ ਨਹੀਂ! "

ਉਹ ਪਿੱਛੇ ਗਿਰ ਗਿਆ, ਹੈਰਾਨਗੀ ਨਾਲ ਇੰਨਾ ਚੁੱਪਚਾਪ ਕਿ ਕੁਝ ਸਮੇਂ ਲਈ ਉਸ ਦਾ ਗ਼ੁੱਸਾ ਖ਼ਤਮ ਹੋ ਗਿਆ। ਉਸ ਦੀ ਜ਼ੁਬਾਨ ਥਥਲਾਉਣ ਲੱਗ ਪਈ:

"ਕੀ ? ਤੁਸੀਂ ਕੀ ਕਿਹਾ ?"

ਡਰ ਨਾਲ ਪਾਗ਼ਲ ਹੋਇਆ, ਉਸ ਦੀਆਂ ਅੱਖਾਂ ਅਤੇ ਇਸ਼ਾਰਿਆਂ ਵਿੱਚ ਆਪਣੀ ਮੌਤ ਵੇਖਦੇ ਹੋਏ, ਉਸ ਨੇ ਫਿਰ ਕਿਹਾ : 'ਇਹ ਤੁਹਾਡਾ ਨਹੀਂ, ਉਸ ਦਾ ਹੈ ।"

ਆਪਣੇ ਦੰਦ ਪੀਸ ਕੇ ਉਹ ਥਥਲਾਇਆ:

"ਬੱਚਾ ?"

“ਹਾਂ।”

"ਤੁਸੀਂ ਝੂਠ ਕਿਹਾ ਸੀ!”

ਅਤੇ ਜਦੋਂ ਕਿ ਉਸ ਫ਼ਜ਼ੂਲ ਉੱਠਣ ਦੀ ਕੋਸ਼ਿਸ਼ ਕੀਤੀ, ਉਸ ਨੇ ਦੋਬਾਰਾ ਪੈਰ ਚੁੱਕਿਆ, ਜਿਵੇਂ ਕਿ ਉਸ ਨੂੰ ਜਾਨੋਂ ਮਾਰਨ ਲੱਗਾ ਹੋਵੇ ਮੈਂ ਤੁਹਾਨੂੰ ਦੱਸਾਂ, ਇਹ ਉਸ ਦਾ ਕਸੂਰ ਹੈ। ਜੇ ਤੁਹਾਡਾ ਹੁੰਦਾ ਤਾਂ ਤੁਸੀਂ ਕਾਫ਼ੀ ਸਮਾਂ ਪਹਿਲੇ ਆਏ ਹੁੰਦੇ ?"

ਉਹ ਇਸ ਸੱਚਾਈ ਤੋਂ ਹੈਰਾਨ ਹੋਇਆ । ਅਜੀਬ ਸਪੱਸ਼ਟਤਾ ਦੀ ਹਾਲਤ ਵਿੱਚ ਉਸ ਦੇ
ਦਿਮਾਗ਼ ਵਿੱਚ ਇਸ ਮੁਸੀਬਤ ਵਿੱਚ ਔਰਤ ਦਾ ਬੱਚਾ ਡਿਸਕਲੇਮ ਕਰਨ ਲਈ ਵਾਸਤਵਿਕ, ਨਿਰਣਈ, ਅਰੁਕ ਕਾਰਣ ਪੈਦਾ ਹੋ ਗਏ ਅਤੇ ਉਹ ਇੰਨਾ ਖ਼ੁਸ਼ ਹੋ ਗਿਆ ਕਿ ਉਸ ਨੇ ਉਸ ਦੀ ਜਾਨ ਬਖ਼ਸ਼ੀ ਕਰਨ ਦਾ ਫ਼ੈਸਲਾ ਕਰ ਦਿੱਤਾ।

ਫਿਰ ਉਸ ਨੇ ਬੜੀ ਹੌਲੀ ਜਿਹੀ ਕਿਹਾ:

"ਉਠੋ ਤੇ ਜਾਓ ਅਤੇ ਮੈਂ ਤੁਹਾਨੂੰ ਦੋਬਾਰਾ ਨਾ ਵੇਖਾਂ ।"

ਬੜੀ ਡਰੀ ਹੋਈ ਹਾਲਤ ਵਿੱਚ ਉਸ ਨੇ ਪਾਲਣਾ ਕੀਤੀ ਅਤੇ ਚਲੀ ਗਈ। ਉਸ ਨੇ ਦੋਬਾਰਾ ਉਸ ਨੂੰ ਕਦੇ ਨਹੀਂ ਵੇਖਿਆ।

ਇਸ ਤੋਂ ਪਿੱਛੋਂ ਉਸ ਨੇ ਪੈਰਿਸ ਛੱਡ ਦਿੱਤਾ ਅਤੇ ਦੱਖਣ ਨੂੰ ਚਲਾ ਗਿਆ । ਉਹ ਭੂਮੱਧ ਸਾਗਰ ਦੇ ਕੰਢੇ ਦੇ ਨੇੜੇ, ਇਕ ਘਾਟੀ ਵਿੱਚ ਵਾਕਿਆ ਪਿੰਡ ਵਿੱਚ ਰੁਕ ਗਿਆ । ਸਮੁੰਦਰ ਦੇ ਸਾਹਮਣੇ ਇਕ ਸਰਾਂ ਵਿੱਚ ਬਸੇਰਾ ਰੱਖ ਕੇ, ਉਹ ਉੱਥੇ ਅਠਾਰਾਂ ਮਹੀਨੇ ਇਕੱਲਾ ਮਾਯੂਸੀ ਦੀ ਹਾਲਤ ਵਿੱਚ ਰਿਹਾ । ਬੇਵਫ਼ਾ ਔਰਤ ਦੀ ਯਾਦ ਉਸ ਨੂੰ ਤੰਗ ਕਰਦੀ ਰਹੀ; ਉਸ ਦੀ ਅਦਾ, ਉਸ ਦੀ ਖਿੱਚ, ਉਸ ਦਾ ਪ੍ਰਵੇਸ਼ ਉਸ ਨੂੰ ਤੰਗ ਕਰ ਰਿਹਾ ਸੀ ਅਤੇ ਇਸ ਤੋਂ ਇਲਾਵਾ ਦਿਲਾਸਾ ਵੀ ਜਾਂਦਾ ਰਿਹਾ ।

ਉਹ ਪਰੀਵੈਂਸ ਦੀਆਂ ਸ਼ਾਨਦਾਰ ਘਾਟੀਆਂ ਵਿੱਚ ਬਿਨਾਂ ਮਤਲਬ ਘੁੰਮਦਾ ਰਿਹਾ, ਉਸ ਦੇ ਦਿਮਾਗ਼ ਵਿੱਚ ਉਸ ਔਰਤ ਦੇ ਖ਼ਿਆਲ ਘੁੰਮਦੇ ਸਨ । ਇਸ ਸਮੇਂ ਜ਼ੈਤੂਨ ਦੇ ਦਰੱਖ਼ਤਾਂ ਦੇ ਹਰੇ ਹਰੇ ਪੱਤਿਆਂ ਵਿੱਚੋਂ ਸੂਰਜ ਦੀਆਂ ਕਿਰਨਾਂ ਛਣ ਰਹੀਆਂ ਸਨ ।

ਉਸ ਦੇ ਪਹਿਲੇ ਧਾਰਮਿਕ ਖ਼ਿਆਲਾਤ, ਉਸ ਦੇ ਵਿਸ਼ਵਾਸ ਦਾ ਘਟਿਆ ਹੋਇਆ ਜੋਸ਼ ਉਸ ਨੂੰ ਦੋਬਾਰਾ ਆ ਗਿਆ। ਪਹਿਲਾਂ ਧਰਮ ਨਾਲ ਜ਼ਿੰਦਗੀ ਦੇ ਬੇਪਤਾ ਲੋਭ ਤੋਂ ਧੀਰਜ ਮਿਲਦੀ ਸੀ, ਹੁਣ ਇਹ ਪ੍ਰਤੀਤ ਹੁੰਦਾ ਸੀ ਕਿ ਹੁਣ ਮੋਹ-ਜਾਲ ਅਤੇ ਤਕਲੀਫ਼ਾਂ ਤੋਂ ਛੁਟਕਾਰਾ ਮਿਲਦਾ ਹੈ। ਉਸ ਨੇ ਪ੍ਰਾਰਥਨਾ ਦੀ ਆਦਤ ਨਹੀਂ ਛੱਡੀ। ਅਫ਼ਸੋਸ ਦੀ ਹਾਲਤ ਵਿੱਚ ਉਸ ਨੂੰ ਧੀਰਜ ਮਿਲੀ। ਅਤੇ ਅਕਸਰ ਉਹ ਸ਼ਾਮ ਸਮੇਂ ਛੋਟੇ ਜਿਹੇ ਪਿੰਡ ਦੇ ਚਰਚ ਵਿੱਚ ਘੁੰਮਦਾ, ਜਿੱਥੇ ਹਨੇਰੇ ਵਿੱਚ ਥੜੇ ਉੱਤੇ ਲਟਕਾਈ ਲੈਂਪ ਦੀ ਰੌਸ਼ਨੀ ਆ ਰਹੀ ਸੀ, ਤਾਂ ਜੋ ਇਸ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਪਰਮਾਤਮਾ ਦੀ ਹੋਂਦ ਨੂੰ ਦਰਸਾਇਆ ਜਾਵੇ।

ਉਸ ਨੇ ਆਪਣਾ ਸੋਗ ਪਰਮਾਤਮਾ ਤੱਕ ਸੀਮਿਤ ਰੱਖਿਆ। ਉਸ ਨੂੰ (ਪਰਮਾਤਮਾ) ਆਪਣੀ ਮੁਸੀਬਤ ਦਾ ਪ੍ਰਗਟਾ ਕੀਤਾ ਅਤੇ ਸਲਾਹ, ਤਰਸ, ਮੱਦਦ ਅਤੇ ਧਰਵਾਸ ਲਈ ਬੇਨਤੀ ਕੀਤੀ। ਹਰ ਰੋਜ਼ ਉਸ ਦੀਆਂ ਪ੍ਰਾਰਥਨਾਵਾਂ ਤੋਂ ਮਜ਼ਬੂਰ ਵਿਸ਼ਵਾਸ ਦਾ ਪਤਾ ਚਲਦਾ ਸੀ।

ਇਸ ਆਦਮੀ ਦਾ ਦੁੱਖੀ ਦਿਲ, ਜੋ ਔਰਤ ਦੇ ਪਿਆਰ ਨਾਲ ਕੁਚਲਿਆ ਗਿਆ ਸੀ, ਨੂੰ ਅਜੇ ਵੀ ਪਿਆਰ ਦੀ ਲੋੜ ਸੀ ਅਤੇ ਉਸ ਦੀਆਂ ਪ੍ਰਾਰਥਨਾਵਾਂ, ਉਸ ਦੇ ਇਕੱਲੇਪਣ, ਪਰਮਾਤਮਾ ਨਾਲ ਲਗਾਤਾਰ ਲਗਾਓ, ਜੋ ਥੱਕੇ ਹੋਏ ਨੂੰ ਧੀਰਜ ਮਿਲਦੀ ਹੈ ਅਤੇ ਖ਼ੁਸ਼ੀ ਮਿਲਦੀ ਹੈ, ਨੇ ਉਸ ਅੰਦਰ ਤਬਦੀਲੀ ਲਿਆਂਦੀ, ਅਤੇ ਪਰਮਾਤਮਾ ਦੇ ਗੁੱਝੇ ਪਿਆਰ ਨੇ ਉਸ ਅੰਦਰ ਪ੍ਰਵੇਸ਼ ਕੀਤਾ ਅਤੇ ਇਨਸਾਨੀ ਪਿਆਰ ਦਾ ਪ੍ਰਗਟਾ ਕੀਤਾ।

ਫਿਰ ਉਸ ਨੇ ਪਹਿਲੀਆਂ ਯੋਜਨਾਵਾਂ ਨੂੰ ਸ਼ੁਰੂ ਕਰਨ ਅਤੇ ਆਪਣਾ ਜੀਵਨ ਚਰਚ ਵਿੱਚ ਬਿਤਾਉਣ ਦਾ ਫ਼ੈਸਲਾ ਕੀਤਾ।

ਉਹ ਪਾਦਰੀ ਬਣ ਗਿਆ। ਪਰਿਵਾਰਕ ਸੰਬੰਧਾਂ ਰਾਹੀਂ ਉਹ ਇਸ ਪਿੰਡ ਦੇ ਪੈਰਿਸ ਦੀ ਕਾਲ ਹਾਸਲ ਕਰਨ ਵਿੱਚ ਕਾਮਯਾਬ ਹੋਇਆ, ਜੋ ਉਸ ਨੂੰ ਅਚਾਨਕ ਮਿਲਿਆ ਸੀ। ਉਸ ਨੇ ਆਪਣੀ ਕਾਫੀ ਦੌਲਤ ਖ਼ੈਰਾਇਤੀ ਸੰਸਥਾਵਾਂ ਚਲਾਉਣ ਵਿੱਚ ਲਗਾਈ ਅਤੇ ਉਸ ਨੇ ਕੇਵਲ ਓਨੀ ਦੌਲਤ ਰੱਖੀ ਜੋ ਉਸ ਦੀ ਜ਼ਿੰਦਗੀ ਦੇ ਦੌਰਾਨ ਸੀ, ਗ਼ਰੀਬ ਗੁਰਬੇ ਦੀ ਸਹਾਇਤਾ ਕਰਨ ਦਾ ਫ਼ੈਸਲਾ ਕੀਤਾ। ਉਹ ਆਪਣਾ ਜੀਵਨ ਚੁੱਪ ਚਾਪ ਪ੍ਰਮਾਤਮਾ ਦੀ ਪ੍ਰਾਰਥਨਾ ਵਿੱਚ ਅਤੇ ਆਪਣੇ ਸਾਥੀਆਂ ਪ੍ਰਤੀ ਮਿਹਰਬਾਨੀ ਦਾ ਵਤੀਰਾ ਰੱਖਣ ਵਿੱਚ ਗੁਜ਼ਾਰਨਾ ਚਾਹੁੰਦੇ ਸਨ।

ਤੰਗ ਦਿਲ ਪਰੰਤੂ ਨਰਮ ਦਿਲ ਵਾਲਾ ਪਾਦਰੀ, ਜਿਸ ਅੰਦਰ ਸਿਪਾਹੀ ਵਾਲੀ ਲਾਲਸਾ ਸੀ, ਉਸ ਨੇ ਆਪਣੇ ਅੰਨ੍ਹੇ ਅਤੇ ਗ਼ਲਤੀ ਕਰਨ ਵਾਲੇ ਲੋਕਾਂ ਨੂੰ ਆਪਣੇ ਜ਼ਿੰਦਗੀ ਦੇ ਜੰਜ਼ਾਲਾਂ ਵਿੱਚ ਪੱਥ ਪ੍ਰਦਰਸ਼ਨ ਕੀਤਾ, ਜਿਸ ਵਿੱਚ ਹਰੇਕ ਮਜ਼ਾ, ਜੋਸ਼ ਖ਼ਾਹਿਸ਼ ਖ਼ਤਮ ਹੋ ਜਾਂਦੀ ਹੈ । ਪਰੰਤੂ ਉਸ ਵਿੱਚ ਬਜ਼ੁਰਗੀ ਬਿਲਕੁਲ ਖ਼ਤਮ ਨਹੀਂ ਹੋਈ। ਉਹ ਘਰ ਤੋਂ ਬਾਹਰ ਕਸਰਤ ਅਤੇ ਚੰਗੀਆਂ ਖੇਡਾਂ ਨੂੰ ਪਸੰਦ ਕਰਦਾ ਸੀ ਪਰੰਤੂ ਹਰ ਉਸ ਔਰਤ ਨੂੰ ਨਫ਼ਰਤ ਕਰਦਾ ਸੀ ਅਤੇ ਉਸ ਦੇ ਖ਼ਤਰਨਾਕ ਫੰਦੇ ਤੋਂ ਡਰਦਾ ਸੀ ।

## II

ਮਲਾਹ ਜੋ ਉਸ ਦੇ ਪਿੱਛੇ ਪਿੱਛੇ ਜਾ ਰਿਹਾ ਸੀ, ਦੱਖਣੀ ਇਲਾਕੇ ਦਾ ਹੋਣ ਕਰਕੇ, ਗੱਲਾਂ ਕਰਨ ਤੋਂ ਬਿਨਾਂ ਨਹੀਂ ਰਹਿ ਸਕਦਾ ਸੀ । ਉਹ ਗੱਲਬਾਤ ਕਰਨ ਦਾ ਹੌਸਲਾ ਨਹੀਂ ਕਰ ਸਕਿਆ ਕਿਉਂਕਿ ਅਬੈ ਦਾ ਆਪਣੇ ਲੋਕਾਂ 'ਤੇ ਕਾਫ਼ੀ ਪ੍ਰਭਾਵ ਸੀ । ਆਖ਼ਿਰ ਵਿੱਚ ਉਸ ਨੇ ਕਿਹਾ:

"ਤੁਸੀਂ ਆਪਣਾ ਘਰ ਪਸੰਦ ਕਰਦੇ ਹੋ, ਕੀ ਤੁਸੀਂ ਮੋਨਸ਼ੀਅਰ ਲਾਕੀਉਰ ?"

ਇਹ ਘਰ ਛੋਟੀਆਂ ਛੋਟੀਆਂ ਉਸਾਰੀਆਂ ਵਿੱਚੋਂ ਇਕ ਹੈ, ਜਿਨ੍ਹਾਂ ਵਿੱਚ ਗਰਮੀ ਦੇ ਮੌਸਮ ਵਿੱਚ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਇਕਸਾਰ ਰਹਿੰਦੇ ਹਨ । ਇਹ ਪੈਰਿਸ-ਘਰ ਦੇ ਨੇੜੇ ਇਕ ਖੇਤ ਵਿੱਚ ਸਥਿਤ ਸੀ ਅਤੇ ਐਬੇ ਨੇ ਇਹ ਕਿਰਾਏ 'ਤੇ ਲਿਆ ਹੋਇਆ ਸੀ ਕਿਉਂਕਿ ਇਹ ਬੜਾ ਛੋਟਾ ਸੀ ਅਤੇ ਇਹ ਪਿੰਡ ਦੇ ਮੱਧ ਵਿੱਚ ਚਰਚ ਦੇ ਨੇੜੇ ਬਣਿਆ ਸੀ ।

ਗਰਮੀ ਦੇ ਮੌਸਮ ਵਿੱਚ, ਉਹ ਘਰ ਇਕੱਠੇ ਨਹੀਂ ਰਹਿੰਦੇ ਸਨ ਅਤੇ ਕੁਝ ਦਿਨਾਂ ਲਈ ਪਿਸਤੌਲ-ਸ਼ੂਟਿੰਗ ਦਾ ਅਭਿਆਸ ਕਰਨ ਅਤੇ ਪ੍ਰਕਿਰਤੀ ਦੇ ਨੇੜੇ ਰਹਿਣ ਲਈ ਇਕੱਠੇ ਰਹਿੰਦੇ ਸਨ

"ਹਾਂ, ਮੇਰੇ ਦੋਸਤਾ, ਪਾਦਰੀ ਨੇ ਕਿਹਾ, "ਮੈਨੂੰ ਇਹ ਬਹੁਤ ਪਸੰਦ ਹੈ।"

ਹੇਠਲੀ ਉਸਾਰੀ ਹੁਣ ਵੇਖੀ ਜਾ ਸਕਦੀ ਹੈ : ਇਸ 'ਤੇ ਗੁਲਾਬੀ ਰੰਗ ਦਾ ਸੈਲ ਪੇਂਟ ਹੋਇਆ ਹੋਇਆ ਸੀ ਅਤੇ ਇਸ ਦੀਆਂ ਦੀਵਾਰਾਂ ਖੁੱਲ੍ਹੇ ਮੈਦਾਨ ਵਿੱਚ ਉੱਗੇ ਜ਼ੈਤੂਨ ਦੇ ਦਰੱਖ਼ਤਾਂ ਦੇ ਪੱਤੇ ਅਤੇ ਟਾਹਣੀਆਂ ਨਾਲ ਢੱਕੀਆਂ ਹੋਈਆਂ ਸਨ । ਇਕ ਉੱਚੀ ਲੰਮੀ ਔਰਤ ਕਮਰੇ ਵਿੱਚ ਦਾਖ਼ਲ ਹੋ ਰਹੀ ਸੀ ਅਤੇ ਬਾਹਰ ਜਾ ਰਹੀ ਸੀ, ਉਸ ਨੇ ਇਕ ਛੋਟਾ ਜਿਹਾ ਮੇਜ਼ ਲਗਾਇਆ ਹੋਇਆ ਸੀ ਅਤੇ ਉਹ ਹਰ ਫ਼ੇਰੇ ਇਕ

ਚਾਕੂ ਅਤੇ ਕਾਂਟਾ, ਇਕ ਗਲਾਸ, ਛੋਟਾ ਤੋਲੀਆ ਅਤੇ ਰੋਟੀ ਦਾ ਇਕ ਟੁਕੜਾ ਰੱਖ ਜਾਂਦੀ ਸੀ। ਉਸ ਆਰਲਜ਼ ਦੀਆਂ ਔਰਤਾਂ ਦੀ ਛੋਟੀ ਜਿਹੀ ਟੋਪੀ, ਰੇਸ਼ਮ ਜਾਂ ਕਾਲੀ ਵੈਲ ਦੀ ਨੋਕਦਾਰ ਕੋਨ ਪਾਈ ਹੋਈ ਸੀ ਅਤੇ ਸਫ਼ੈਦ ਫੁੱਲ ਲਾਇਆ ਹੋਇਆ ਸੀ।

ਜਦੋਂ ਐਬੇ ਸੁਣਾਉਣ ਲਈ ਨੇੜੇ ਆਇਆ ਤਾਂ ਉਸ ਨੇ ਆਵਾਜ਼ ਮਾਰੀ
"ਏਹ ਮਾਰਗਿਰਾਈਨ।"

ਜਦੋਂ ਆਵਾਜ਼ ਆਈ ਤਾਂ ਉਹ ਮਾਲਕ ਨੂੰ ਜਾਣਨ ਲਈ ਖੜੀ ਹੋ ਗਈ। "
"ਓ ! ਇਹ ਤੁਸੀਂ ਹੋ, ਮਾਨਸੀਅਰ ਲਾ ਕੁਇਰ।"

"ਹਾਂ, ਮੈਂ ਕੁਝ ਚੰਗੀ ਮੱਛੀ ਫੜੀ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਸੂਰਜ ਮੱਛੀ ਨੂੰ ਫ਼ੌਰਨ ਭੁੰਨੋ, ਤੁਸੀਂ ਸੁਣ ਰਹੇ ਹੋ?"

ਨੌਕਰ ਨੇ ਖ਼ਾਸ ਅਤੇ ਪਰਵਾਨ ਕਰਨ ਦੀ ਨਿਗਾਹ ਨਾਲ ਵੇਖਿਆ ਅਤੇ ਮਾਹੀਗੀਰ ਉਹ
ਮੱਛੀ ਲੈ ਗਿਆ।
"ਹਾਂ, ਪਰੰਤੂ ਅਸੀਂ ਰਾਤ ਦੇ ਖਾਣੇ ਲਈ ਚੂਚੇ ਖ਼ਰੀਦ ਰਹੇ ਹਾਂ।" ਉਸ ਨੇ ਕਿਹਾ।

"ਅੱਛਾ, ਇਹ ਨਹੀਂ ਕੀਤਾ ਜਾ ਸਕਦਾ। ਕੱਲ੍ਹ ਤੱਕ ਇਹ ਮੱਛੀ ਅੱਜ ਵਾਂਗ ਤਾਜ਼ੀ ਨਹੀਂ ਰਹੇਗੀ। ਮੇਰਾ ਮਤਲਬ ਹੈ ਕਿ ਥੋੜ੍ਹਾ ਜਿਹਾ ਮਨੋਰੰਜਨ ਹੋ ਜਾਵੇਗਾ-ਇਹ ਆਮ ਨਹੀਂ ਹੁੰਦਾ ਅਤੇ ਪਾਪ ਕੋਈ ਵੱਡੀ ਚੀਜ਼ ਨਹੀਂ।"

ਔਰਤ ਨੇ ਇਕ ਸੂਰਜ ਮੱਛੀ ਫੜੀ ਅਤੇ ਘਰ ਜਾਣ ਲਈ ਤਿਆਰ ਹੋ ਗਈ।
"ਆਹ "! ਉਸ ਨੇ ਕਿਹਾ, ਮੋਨਸੀਅਰ ਲਾ ਕੁਇਰ, ਜਦੋਂ ਤੁਸੀਂ ਬਾਹਰ ਗਏ ਸੀ, ਇਕ ਆਦਮੀ ਤੁਹਾਨੂੰ ਤਿੰਨ ਵਾਰ ਵੇਖਣ ਆਇਆ ਸੀ।"
ਉਸ ਨੂੰ ਅਲਗਰਜ਼ੀ ਨਾਲ ਪੁੱਛਿਆ:
"ਆਦਮੀ ! ਕਿਸ ਕਿਸਮ ਦਾ ਆਦਮੀ?"
"ਕਿਉਂ, ਇਕ ਆਦਮੀ, ਜਿਸ ਦੀ ਮੌਜੂਦਗੀ ਉਸ ਲਈ ਠੀਕ ਨਹੀਂ ਸੀ।"
"ਕੀ ! ਮੰਗਤਾ ?"
"ਸ਼ਾਇਦ ਮੈਨੂੰ ਪਤਾ ਨਹੀਂ ਕਿ ਵਧੇਰੇ ਕਰ ਕੇ 'ਮਾਉਫਟਨ' ਸੀ।"

ਐਬੇ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ, ਜਿਸ ਦਾ ਪਰੀਵੈਂਸ ਦੀ ਭਾਸ਼ਾ ਵਿੱਚ ਅਰਥ ਹੈ ਇਕ ਰਾਹਜਨ, ਆਵਾਰਾਗਰਦ ਸੀ, ਕਿਉਂਕਿ ਉਸ ਨੂੰ

ਮਾਰਗਿਰਾਈ ਦੀ ਕਮਜ਼ੋਰੀ ਦਾ ਪਤਾ ਸੀ, ਅਤੇ ਜਾਣਦੇ ਸਨ ਕਿ ਹਰ ਰੋਜ਼ ਅਤੇ ਖ਼ਾਸ ਤੌਰ 'ਤੇ ਹਰ ਰਾਤ ਉਸ ਨੂੰ ਖ਼ਿਆਲ ਆਉਂਦਾ ਸੀ ਕਿ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇਗਾ ।

ਉਸ ਨੇ ਮਲਾਹ ਨੂੰ ਕੁਝ ਕੁ ਪੈਸੇ ਦਿੱਤੇ ਅਤੇ ਉਹ ਚਲਾ ਗਿਆ ਅਤੇ ਉਹ ਕਹਿ ਰਿਹਾ ਸੀ!

"ਮੈਂ ਆਪਣਾ ਹੱਥ ਸਾਫ਼ ਕਰਨ ਲੱਗਾ ਹਾਂ-ਕਿਉਂਕਿ ਉਸ ਦੀਆਂ ਗੰਦੀਆਂ ਆਦਤਾਂ ਉਸ ਦੇ ਨਾਲ ਹਨ-ਮਾਰਗੁਰਾਈਟ ਨੇ ਉਸ ਨੂੰ ਰਸੋਈ ਵਿੱਚੋਂ ਬੁਲਾਇਆ, ਜਿੱਥੇ ਕਿ ਚਾਕੂ ਨਾਲ ਮੱਛੀ ਸਾਫ਼ ਕਰ ਰਹੀ ਸੀ ਅਤੇ ਖ਼ੂਨ ਦੇ ਧੱਬੇ ਲਈ ਚਾਂਦੀ ਰੰਗ ਛਿਲਤਰ ਉਤਾਰ ਰਹੀ ਸੀ:
"ਉੱਥੇ ਉਹ ਆ ਜਾਂਦਾ ਹੈ।"

ਐਬੇ ਨੇ ਸੜਕ ਤੋਂ ਹੇਠਾਂ ਵੇਖਿਆ ਅਤੇ ਇਕ ਆਦਮੀ ਨੂੰ ਘਰ ਵੱਲ ਆਉਂਦੇ ਵੇਖਿਆ, ਉਸ ਨੇ ਕੱਪੜੇ ਅੱਛੇ ਨਹੀਂ ਪਾਏ ਹੋਏ ਸਨ, ਅਸਲ ਵਿੱਚ ਉਸ ਦੀ ਪਹਿਚਾਣ ਹੋ ਸਕਦੀ ਸੀ। ਉਹ ਨੌਕਰ ਦੇ ਫ਼ਿਕਰ ਕਰਨ ਉੱਤੇ ਹੱਸਣ ਤੋਂ ਬਿਨਾਂ ਨਾ ਰਹਿ ਸਕਿਆ ਅਤੇ ਜਦੋਂ ਅਜਨਬੀ ਦਾ ਇੰਤਜ਼ਾਰ ਕਰ ਰਿਹਾ ਸੀ, ਉਸ ਨੇ ਸੋਚਿਆ :ਮੇਰਾ ਖ਼ਿਆਲ ਹੈ, ਆਖ਼ਰਕਾਰ, ਉਹ ਠੀਕ ਹੈ; ਉਹ ਰਾਹਜਨ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ।"

ਉਹ ਆਦਮੀ ਹੌਲੀ ਹੌਲੀ ਚੱਲ ਰਿਹਾ ਸੀ, ਉਸ ਦੀਆਂ ਅੱਖਾਂ ਪਾਦਰੀ 'ਤੇ ਲੱਗੀਆਂ ਹੋਈਆਂ ਸਨ ਅਤੇ ਉਸ ਦੇ ਹੱਥ ਜੇਬਾਂ ਵਿੱਚ ਸਨ । ਉਹ ਨੌਜਵਾਨ ਸੀ ਅਤੇ ਉਸ ਦੀ ਦਾੜ੍ਹੀ ਪੂਰੀ ਅਤੇ ਸੁਨਹਿਰੇ ਰੰਗ ਦੀ ਸੀ; ਘੁੰਗਰਾਲੇ ਵਾਲਾਂ ਦੀਆਂ ਲਿਟਾਂ ਨਰਮ ਫ਼ੈਲਟ ਟੋਪੀ ਵਿੱਚੋਂ ਨਿਕਲ ਰਹੀਆਂ ਸਨ ਜੋ ਇੰਨੀ ਗੰਦੀ ਤੇ ਖ਼ਰਾਬ ਕੀਤੀ ਹੋਈ ਸੀ ਕਿ ਇਸ ਦੇ ਪਹਿਲੇ ਰੰਗ ਅਤੇ ਸ਼ਕਲ ਦੀ ਪਹਿਚਾਣ ਨਹੀਂ ਹੋ ਸਕਦੀ ਸੀ । ਉਸ ਨੇ ਇਕ ਲੰਮਾ ਕਾਲੇ ਰੰਗ ਦਾ ਓਵਰਕੋਟ ਪਾਇਆ ਹੋਇਆ ਸੀ, ਜਿਸ ਵਿੱਚੋਂ ਉਸ ਦੀ ਪੈਂਟ ਦੇ ਘਿਸੇ ਹੋਏ ਕਿਨਾਰੇ ਬਾਹਰ ਨਿਕਲੇ ਹੋਏ ਸਨ; ਉਸ ਦੇ ਪੈਰਾਂ ਵਿੱਚ ਨਹਾਉਣ ਵਾਲੀਆਂ ਚੱਪਲਾਂ ਸਨ, ਜਿਸ ਨਾਲ ਉਸ ਦੀ ਚਾਲ ਨਰਮ ਪੈ ਜਾਂਦੀ ਸੀ, ਜਿਸ ਤੋਂ ਇਹ ਪਤਾ ਚਲਦਾ ਸੀ ਕਿ ਉਹ ਚੋਰਾਂ ਵਾਂਗ ਚੱਲ ਰਿਹਾ ਹੈ ।

ਜਦੋਂ ਉਹ ਪਾਦਰੀ ਤੋਂ ਕੁਝ ਕਦਮਾਂ ’ਤੇ ਪਹੁੰਚਿਆ ਤਾਂ ਉਸ ਨੇ ਬੜੀ ਤੇਜ਼ੀ ਨਾਲ ਉਹ ਹੈਟ ਸਿਰ ਤੋਂ ਹਟਾਇਆ, ਜਿਸ ਨਾਲ ਅੱਖਾਂ ’ਤੇ ਛਾਂ ਕੀਤੀ ਹੋਈ ਸੀ। ਉਸ ਦੀ ਤੱਕਣੀ ਮਾੜੀ ਨਹੀਂ ਸੀ, ਭਾਵੇਂ ਉਸ ਦੇ ਚਿਹਰੇ ’ਤੇ ਉਦਾਸੀ ਦੇ ਚਿੰਨ੍ਹ ਸਨ। ਉਸ ਦੇ ਸਿਰ ਦਾ ਉੱਪਰਲਾ ਪਾਸਾ ਗੰਜਾ ਸੀ, ਜੋ ਕਿਸੇ ਸਮੇਂ ਤੋਂ ਪਹਿਲਾਂ ਫ਼ਿਕਰ ਅਤੇ ਬਦਹਿਫਲੀ ਦਾ ਸੂਚਕ ਹੈ, ਕਿਉਂਕਿ ਉਸ ਦੀ ਉਮਰ ਯਕੀਨੀ ਤੌਰ ’ਤੇ ਪੰਝੀ ਸਾਲ ਤੋਂ ਵੱਧ ਨਹੀਂ ਹੈ।

ਪਾਦਰੀ ਨੇ ਫ਼ੌਰਨ ਉਸ ਦੇ ਸਜਦੇ ਦਾ ਉੱਤਰ ਦਿੱਤਾ ਇਹ ਅਨੁਭਵ ਕਰਦੇ ਹੋਏ ਕਿ ਉਹ ਇਕ ਸਾਧਾਰਨ ਆਵਾਰਾਗਰਦ ਨਹੀਂ ਜਾਂ ਕੈਦੀ ਨਹੀਂ, ਜੋ ਕੈਦੀਆਂ ਦੀ ਭੇਦ ਭਰੀ ਭਾਸ਼ਾ ਤੋਂ ਸਿਵਾਏ ਹੋਰ ਕੋਈ ਭਾਸ਼ਾ ਨਹੀਂ ਬੋਲ ਸਕਦਾ ਸੀ।

ਉਸ ਆਦਮੀ ਨੇ ਕਿਹਾ, "ਤੁਹਾਡਾ ਕੀ ਹਾਲ ਹੈ, ਮਾਨਸੀਅਰ ਲਾ ਕਿਉਰ ? ਪਾਦਰੀ ਨੇ ਸਾਧਾਰਨ ਜਿਹਾ ਉੱਤਰ ਦਿੱਤਾ; ਮੈਂ ਨਮਸਕਾਰ ਕਰਦਾ ਹਾਂ, ਇਸ ਖ਼ਿਆਲ ਨਾਲ ਕਿ ਇਸ ਗ਼ਰੀਬ ਅਜਨਬੀ ਨੂੰ "ਮੋਨਸੀਆਰ " ਦੇ ਤੌਰ ਸੰਬੰਧਿਤ ਨਾ ਕੀਤਾ ਜਾਵੇ। ਦੋਹਾਂ ਨੇ ਇਕ ਦੂਜੇ ਨੂੰ ਬੜੇ ਗਹੁ ਨਾਲ ਵਿਚਾਰਿਆ, ਐਬੈ ਨੇ ਆਵਾਰਾਗਰਦ ਦੀ ਨਿਗਾਹ ਵਿੱਚ ਬਦਕਿਸਮਤ ਅਨੁਭਵ ਕੀਤਾ ਅਤੇ ਬੇਚੈਨ ਜਿਹਾ ਪ੍ਰਤੀਤ ਹੁੰਦਾ ਸੀ।

ਅੰਤ ਵਿੱਚ ਉਹ ਬਦਮਾਸ਼ ਕਹਿੰਦਾ ਗਿਆ: " ਅੱਛਾ, ਤੁਸੀਂ ਮੈਨੂੰ ਜਾਣਦੇ ਹੋ ?"

ਬੜੇ ਹੈਰਾਨ ਹੋ ਕੇ ਪਾਦਰੀ ਨੇ ਉੱਤਰ ਦਿੱਤਾ: " ਕਿਉਂ ਨਹੀਂ, ਤੁਸੀਂ ਮੇਰੇ ਲਈ ਇਕ ਅਜਨਬੀ ਹੋ।"

"ਆਹ ! ਤੁਸੀਂ ਮੈਨੂੰ ਜਾਣਦੇ ਹੋ ? ਮੈਨੂੰ ਚੰਗੀ ਤਰ੍ਹਾਂ ਵੇਖੋ।"

"ਮੈਂ ਤੁਹਾਨੂੰ ਪਹਿਲਾਂ ਨਹੀਂ ਵੇਖਿਆ।"

"ਅੱਛਾ, ਉਹ ਠੀਕ ਹੋਵੇਗਾ। ਉਸ ਆਦਮੀ ਨੇ ਉੱਤਰ ਦਿੱਤਾ, “ਪਰੰਤੂ ਮੈਨੂੰ ਇਕ ਆਦਮੀ ਵਿਖਾਓ, ਜਿਸ ਨੂੰ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ।"

ਉਸ ਨੇ ਹੈਟ ਪਾ ਲਿਆ ਅਤੇ ਕੋਟ ਦੇ ਬਟਨ ਖੋਲ੍ਹ ਲਏ ਅਤੇ ਉਸ ਦੀ ਛਾਤੀ ਨੰਗੀ ਹੋ ਗਈ। ਉਸ ਦੇ ਜਿਸਮ ਉੱਤੇ ਲਾਲ ਪੈਂਟ ਠੀਕ ਖੜੀ ਸੀ। ਉਸ ਨੇ ਆਪਣੇ ਕੋਟ ਦੀ ਜੇਬ ਵਿੱਚੋਂ ਲਿਫ਼ਾਫ਼ਾ ਕੱਢਿਆ, ਉਨ੍ਹਾਂ ਵਿੱਚੋਂ ਇਕ ਰੈਪਰ ਜੋ

ਆਵਾਰਾਗਰਦ ਦੇ ਫੁਟਕਲ ਪੱਤਰਾਂ ਨੂੰ ਸੁਰੱਖਿਅਤ ਰੱਖਣ ਲਈ ਰੱਖਿਆ ਗਿਆ ਸੀ, ਭਾਵੇਂ ਉਹ ਚੋਰੀ ਦੇ ਹੋਣ ਜਾਂ ਜਾਇਜ਼ ਹੋਣ, ਉਹ ਪੱਤਰ ਜੋ ਉਹ ਸੰਭਾਲ਼ ਕੇ ਰੱਖਦੇ ਹਨ ਅਤੇ ਉਨ੍ਹਾਂ ਦੀ ਵਰਤੋਂ ਆਦਿ ਚਾਹਵਾਨ ਜ਼ੈਲਦਾਰਾਂ ਤੋਂ ਬਚਣ ਦੀ ਖ਼ਾਤਰ ਕਰਦਾ ਹੈ, ਉਸ ਨੇ ਮੋੜੇ ਹੋਏ ਪੱਤਰ ਦੇ ਆਕਾਰ ਦਾ ਇਕ ਫ਼ੋਟੋ ਕੱਢਿਆ, ਉਹ ਛੋਟੀਆਂ ਵਿੱਚੋਂ ਇਕ ਕਾਫ਼ੀ ਲੋਕਪ੍ਰਿਆ ਸੀ; ਇਸ ਦਾ ਰੰਗ ਪੀਲਾ ਸੀ ਅਤੇ ਸਮੇਂ ਨਾਲ ਮੱਧਮ ਪੈ ਗਈ ਸੀ, ਕਿਉਂਕਿ ਉਹ ਇਸ ਨੂੰ ਹਰ ਥਾਂ ਆਪਣੇ ਨਾਲ ਲੈ ਗਿਆ ਸੀ ਅਤੇ ਉਹ ਕਾਫ਼ੀ ਕਮਜ਼ੋਰ ਹੋ ਗਿਆ ਸੀ ।

ਐਬੇ ਦੇ ਸਾਹਮਣੇ ਰੁਕਦੇ ਹੋਏ, ਉਸ ਨੇ ਮੰਗ ਕੀਤੀ:

"ਜੀ ਤੁਸੀਂ ਉਸ ਨੂੰ ਜਾਣਦੇ ਹੋ ?"

ਪਾਦਰੀ ਨੇ ਵੇਖਣ ਦੇ ਖ਼ਿਆਲ ਨਾਲ ਇਕ ਕਦਮ ਪੁੱਟਿਆ ਅਤੇ ਉਸ ਦਾ ਰੰਗ ਉੱਡ ਗਿਆ, ਕਿਉਂਕਿ ਉਸ ਨੇ ਆਪਣੀ ਮਰਜ਼ੀ ਨਾਲ ਉਮਰ ਬਿਤਾਈ ਸੀ ।

ਹਾਲਾਤ ਨੂੰ ਨਾ ਸਮਝ ਸਕਦੇ ਹੋਏ, ਉਹ ਖ਼ਾਮੋਸ਼ ਰਿਹਾ ।

ਆਵਾਰਾਗਰਦ ਨੇ ਫਿਰ ਕਿਹਾ:

"ਕੀ ਤੁਸੀਂ ਉਸ ਨੂੰ ਜਾਣਦੇ ਹੋ ?"

ਪਾਦਰੀ ਬੁੜਬੜਾਇਆ : ਹਾਂ"

"ਇਹ ਕੌਣ ਹੈ ।"

"ਮੈਂ ਹਾਂ ।"

"ਇਹ ਤੁਸੀਂ ਹੋ ?"

"ਹਾਂ।"

"ਅੱਛਾ, ਤਾਂ, ਸਾਡੇ ਦੋਵਾਂ— ਮੈਨੂੰ ਅਤੇ ਆਪਣੀ ਤਸਵੀਰ ਵੇਖੋ ।"

ਪਹਿਲਾਂ ਹੀ ਨਾ ਗੁਜ਼ਵਾਰ ਆਦਮੀ ਨੇ ਵੇਖਿਆ ਸੀ ਕਿ ਦੋ ਇਨਸਾਨ ਇਕ ਤਸਵੀਰ ਵਿੱਚ ਅਤੇ ਦੂਜੇ ਉਸ ਦੇ ਕੋਲ, ਇਕ ਦੂਜੇ ਨਾਲ ਭਰਾਵਾਂ ਵਾਂਗ ਮਿਲਦੇ ਜੁਲਦੇ ਸਨ, ਫਿਰ ਵੀ ਉਹ ਨਹੀਂ ਸਮਝ ਸਕਿਆ ਅਤੇ ਗੁਣਗੁਣਾਇਆ:

"ਅੱਛਾ, ਤੁਸੀਂ ਕੀ ਚਾਹੁੰਦੇ ਹੋ ?"

ਬੜੀ ਭੱਦੀ ਆਵਾਜ਼ ਵਿੱਚ ਆਵਾਰਾਗਰਦ ਨੇ ਉੱਤਰ ਦਿੱਤਾ : "ਮੈਂ ਕੀ ਚਾਹੁੰਦਾ ਹਾਂ ? ਕਿਉਂਕਿ ਮੈਂ ਪਹਿਲੇ ਚਾਹਵਾਂ ਕਿ ਤੁਸੀਂ ਮੇਰੀ ਪਹਿਚਾਣ ਕਰੋ ।"

"ਤੁਸੀਂ ਕੌਣ ਹੋ ?"

"ਮੈਂ ਕੌਣ ਹਾਂ ? ਸੜਕ 'ਤੇ ਫਿਰ ਰਹੇ ਕਿਸੇ ਆਦਮੀ ਨੂੰ ਪੁੱਛੋ, ਆਪਣੇ ਨੌਕਰਾਂ ਨੂੰ ਪੁੱਛੋ ਅਤੇ ਚਲੋ ਅਤੇ ਮੇਅਰ ਨੂੰ ਪੁੱਛੀਏ ਅਤੇ ਉਸ ਨੂੰ ਦੱਸੋ; ਅਤੇ ਉਹ ਹੱਸੇਗਾ, ਮੈਂ ਤੁਹਾਨੂੰ ਇਹ ਦੱਸਦਾ ਹਾਂ ! ਤੁਸੀਂ ਪਿਤਾ ਜੀ, ਮੈਨੂੰ ਪੁੱਤਰ ਵਜੋਂ ਪਹਿਚਾਣ ਨਹੀਂ ਸਕੋਗੇ ।

ਬਜ਼ੁਰਗ ਆਦਮੀ ਨੇ ਆਪਣੀਆਂ ਬਾਂਹਾਂ ਆਪਣੇ ਸਿਰ ਤੋਂ ਉੱਪਰ ਚੁੱਕੀਆਂ ਅਤੇ ਵੱਡਿਆਂ ਵਾਲਾ ਇਸ਼ਾਰਾ ਕੀਤਾ ਅਤੇ ਬੜੀ ਮਾਯੂਸੀ ਨਾਲ ਕਿਹਾ: "ਇਸ ਵਿੱਚ ਕੋਈ ਸੱਚਾਈ ਨਹੀਂ ਹੈ ।

ਨੌਜਵਾਨ ਆਦਮੀ ਬਿਲਕੁਲ ਨੇੜੇ ਆ ਗਿਆ ।

"ਆਹ" ਇਹ ਸੱਚ ਨਹੀਂ ਹੋ ਸਕਦਾ, ਤੁਸੀਂ ਕਹਿੰਦੇ ਹੋ, ਤੁਸੀਂ ਸੁਣ ਰਹੇ ਹੋ, ਤੁਸੀਂ ਰੁਕ ਜਾਓ?" ਉਸ ਦੀਆਂ ਮੀਟੀਆਂ ਹੋਈਆਂ ਮੁੱਠਾਂ ਅਤੇ ਧਮਕੀਆਂ ਵਾਲਾ ਚਿਹਰਾ ਅਤੇ ਜ਼ੋਰ, ਜਿਸ ਨਾਲ ਉਹ ਬੋਲ ਰਿਹਾ ਸੀ ਦੇ ਫਲਸਰੂਪ ਪਾਦਰੀ ਕੁਝ ਕਦਮ ਪਿੱਛੇ ਮੁੜ ਗਿਆ, ਜਦਕਿ ਉਸ ਨੇ ਆਪਣੇ ਆਪ ਨੂੰ ਬੜੀ ਹੈਰਾਨਗੀ ਨਾਲ ਪੁੱਛਿਆ ਕਿ ਉਨ੍ਹਾਂ ਵਿੱਚੋਂ ਕਿਸ ਨੂੰ ਗ਼ਲਤੀ ਲੱਗੀ ਸੀ ।

ਉਸ ਨੇ ਦੁਬਾਰਾ ਕਿਹਾ, "ਮੇਰੇ ਕੋਈ ਬੱਚਾ ਨਹੀਂ ਹੋਇਆ ।"

ਦੂਜੇ ਆਦਮੀ ਨੇ ਉੱਤਰ ਦਿੱਤਾ : ਅਤੇ ਨਾ ਹੀ ਕੋਈ ਘਰਵਾਲੀ ਸੀ ?"

ਬਜ਼ੁਰਗ ਪਾਦਰੀ ਨੇ ਦ੍ਰਿੜ੍ਹਤਾ ਅਤੇ ਫ਼ਖਰ ਨਾਲ ਇਕ ਸ਼ਬਦ ਕਿਹਾ:

"ਹਾਂ"।

"ਅਤੇ ਕੀ ਇਹ ਉਹ ਔਰਤ ਨਹੀਂ, ਜੋ ਤੁਹਾਡੇ ਉਸ ਨੂੰ ਛੱਡਣ ਸਮੇਂ ਬੱਚੇ ਨੂੰ ਜਨਮ ਦੇਣ ਵਾਲੀ ਸੀ?"

ਅਚਾਨਕ ਉਹ ਗ਼ੁੱਸਾ, ਜਿਹੜਾ 80 ਸਾਲ ਪਹਿਲਾਂ ਆਇਆ ਸੀ, ਨਹੀਂ ਆਇਆ ਪਰੰਤੂ ਜੋ ਆਸ਼ਕ ਦੇ ਦਿਲ ਵਿੱਚ ਭਰਿਆ ਪਿਆ ਸੀ, ਵਿਸ਼ਵਾਸ, ਨਿਮਰਤਾ ਅਤੇ ਤਿਆਗ ਦੀ ਦੀਵਾਰ ਰਾਹੀਂ ਬਾਹਰ ਆਇਆ, ਤਕਰੀਬਨ ਉਸ ਕੋਲ ਉਹ ਬੋਲਿਆ:

ਮੈਂ ਉਸ ਨੂੰ ਛੱਡ ਦਿੱਤਾ ਕਿਉਂਕਿ ਉਹ ਮੇਰੇ ਪ੍ਰਤੀ ਬੇਵਫ਼ਾ ਸੀ ਅਤੇ ਕਿਸੇ ਹੋਰ ਵਿਅਕਤੀ ਦਾ ਬੱਚਾ ਚੁੱਕੀ ਫਿਰਦੀ ਸੀ, ਜੋ ਇਹ ਅਜਿਹਾ ਨਾ ਹੁੰਦਾ ਤਾਂ ਸ੍ਰੀਮਾਨ ਜੀ, ਮੈਂ ਤੁਹਾਨੂੰ ਅਤੇ ਉਸ ਨੂੰ ਦੋਹਾਂ ਨੂੰ ਮਾਰ ਦਿੰਦਾ।

ਨੌਜਵਾਨ ਆਦਮੀ ਨੇ ਨਾਂਹ ਨੁੱਕਰ ਕੀਤੀ, ਅਤੇ ਇਸ ਉੱਤੇ ਹੈਰਾਨਗੀ ਪ੍ਰਗਟ ਕੀਤੀ ਤਾਂ ਉਸ ਨੇ ਬੜੀ ਧੀਮੀ ਜਿਹੀ ਆਵਾਜ਼ ਵਿੱਚ ਕਿਹਾ:

"ਤੁਹਾਨੂੰ ਕਿਸ ਨੇ ਦੱਸਿਆ ਸੀ ਕਿ ਇਹ ਕਿਸੇ ਹੋਰ ਵਿਅਕਤੀ ਦਾ ਬੱਚਾ ਸੀ ?"

"ਉਸ (ਔਰਤ) ਮੈਨੂੰ ਖ਼ੁਦ ਦੱਸਿਆ ਸੀ ਅਤੇ ਮੈਨੂੰ ਤੁੱਛ ਜਾਣਿਆ ਸੀ।"

ਇਸ ਕਥਨ ਉੱਤੇ ਜ਼ੋਰ ਦਿੱਤੇ ਬਿਨਾਂ ਆਵਾਰਾਗਰਦ ਨੇ ਬੇਪਰਵਾਹ ਹੋ ਕੇ ਲੋਫ਼ਰ ਦੀ ਆਵਾਜ਼ ਵਿੱਚ ਕਿਹਾ:

"ਅੱਛਾ ਤਾਂ ਮਾਂ ਨੇ ਗ਼ਲਤੀ ਕੀਤੀ ਸੀ ਅਤੇ ਬੱਸ! "

ਉਸ ਦੇ ਗ਼ੁੱਸਾ ਕੱਢਣ ਤੋਂ ਪਿੱਛੋਂ, ਪਾਦਰੀ ਨੇ ਆਪਣੇ ਆਪ ਨੂੰ ਪੁੱਛ ਗਿੱਛ ਕਰਨ ਦੇ ਕਾਬਲ ਬਣਾਇਆ:

"ਅਤੇ ਤੁਹਾਨੂੰ ਕਿਸ ਦੱਸਿਆ ਕਿ ਤੁਸੀਂ ਮੇਰੇ ਪੁੱਤਰ ਹੋ ?"

"ਮੇਰੀਂ ਮਾਂ ਨੇ ਆਪਣੇ ਮੌਤ ਦੇ ਬਿਸਤਰ ’ਤੇ ਕਿਹਾ, "ਮਾਈਜ਼ੀਅਰ ਲਾ ਕੁਇਰ। ਅਤੇ ਫਿਰ-ਇਹ।" ਅਤੇ ਉਸ ਨੇ ਪਾਦਰੀ ਦੀ ਹਾਜ਼ਰੀ ਵਿੱਚ ਤਸਵੀਰ ਪਕੜੀ।

ਬਜ਼ੁਰਗ ਆਦਮੀ ਨੇ ਇਹ ਉਸ ਤੋਂ ਲਈ ਸੀ; ਅਤੇ ਹੌਲੀ ਹੌਲੀ ਗ਼ੁੱਸੇ ਨਾਲ ਉਸ ਨੇ ਇਸ ਅਜਨਬੀ ਦਾ ਆਪਣੀ ਭੁੱਲੀ ਹੋਈ ਯਾਦ ਨਾਲ ਮੁਕਾਬਲਾ ਕੀਤਾ ਅਤੇ ਕੋਈ ਸ਼ੱਕ ਦਾ ਪ੍ਰਗਟਾ ਨਹੀਂ ਕੀਤਾ- ਉਸ ਦਾ ਪੁੱਤਰ ਸੀ।

ਉਸ ਉੱਤੇ ਮਾਯੂਸੀ ਛਾ ਗਈ; ਇਹ ਇਕ ਪੁਰਾਣੇ ਜੁਰਮ ਦੀ ਤਰ੍ਹਾਂ ਸੀ। ਉਹ ਥੋੜ੍ਹਾ ਬਹੁਤ ਸਮਝਣ ਲੱਗ ਪਿਆ ਅਤੇ ਬਾਕੀ ਬਾਰੇ ਸੁਝਾਅ ਦਿੱਤਾ। ਉਸ ਨੂੰ ਖ਼ੂਨਗਾਰ ਜੁਦਾਈ ਦਾ ਨਜ਼ਾਰਾ ਯਾਦ ਆ ਰਿਹਾ ਸੀ। ਇਹ ਉਸ ਦੀ ਜ਼ਿੰਦਗੀ ਬਚਾਉਣ ਲਈ ਕੀਤਾ ਗਿਆ ਸੀ, ਤਾਂ ਉਸ ਮੁਸੀਬਤਜ਼ੁਦਾ ਅਤੇ ਧੋਖੇਬਾਜ਼ ਔਰਤ ਨੇ ਝੂਠ ਬੋਲਿਆ ਅਤੇ ਉਸ ਨੇ ਉਸ ਉੱਤੇ ਵਿਸ਼ਵਾਸ ਕੀਤਾ ਅਤੇ ਉਸ ਦਾ ਬੱਚਾ ਪੈਦਾ ਹੋਇਆ ਅਤੇ ਇਹ ਇਕ ਆਵਾਰਾਗਰਦ ਪੈਦਾ ਹੋਇਆ, ਜੋ ਪਾਪਾਂ ਖਿਲਾਰਦਾ ਸੀ ਜਿਵੇਂ ਇਕ ਬੱਕਰਾ ਆਪਣੀ ਬਦਬੂ ਛੱਡਦਾ ਹੈ।

ਉਸ ਨੇ ਕਿਹਾ : "ਕੀ ਤੁਸੀਂ ਮੇਰੇ ਨਾਲ ਥੋੜ੍ਹੀ ਜਿਹੀ ਸੈਰ ਕਰੋਗੇ ਤਾਂ ਜੋ ਅਸੀਂ ਮਾਮਲੇ 'ਤੇ ਵਿਚਾਰ ਕਰ ਸਕੀਏ ?"

ਨੌਜਵਾਨ ਆਦਮੀ ਨੇ ਮਖ਼ੌਲ ਕੀਤਾ: "ਕਿਉਂ, ਨਿਮਸੇ ਰੂਪ ਵਿੱਚ ! ਕੀ ਇਹ ਉਹ ਨਹੀਂ, ਜਿਸ ਲਈ ਮੈਂ ਆਇਆ ਹਾਂ ?"

ਉਹ ਜ਼ੈਤੂਨ ਦੇ ਦਰੱਖ਼ਤਾਂ ਵਿੱਚ ਨਾਲੋਂ ਨਾਲ ਚਲਦੇ ਗਏ । ਸੂਰਜ ਛੁਪ ਚੁਕਾ ਸੀ ਅਤੇ ਦੱਖਣੀ ਇਲਾਕੇ ਦੀ ਸ਼ਾਮ ਦੀ ਸਰਦੀ ਸਾਰੇ ਖੇਤਰ 'ਤੇ ਛਾ ਗਈ । ਪਾਦਰੀ ਕੰਬ ਰਿਹਾ ਸੀ ਅਤੇ ਆਪਣੀਆਂ ਨਜ਼ਰਾਂ ਉੱਪਰ ਵੱਲ ਕੀਤੀਆਂ ਹੋਈਆਂ ਸਨ ਅਤੇ ਉਸ ਪਵਿੱਤਰ ਦਰੱਖ਼ਤ ਦੀਆਂ ਪੱਤੀਆਂ ਵੀ ਹਿੱਲ ਰਹੀਆਂ ਸਨ, ਜਿਸ ਨੇ ਆਪਣੀ ਛਾਂ ਇਕ ਭਾਰੀ ਮੁਸੀਬਤਜ਼ੁਦਾ ਆਦਮੀ ਉੱਤੇ ਕੀਤੀ ਹੋਈ ਹੈ।

ਉਸ ਨੇ ਇਕ ਛੋਟੀ ਜਿਹੀ ਪ੍ਰਾਰਥਨਾ ਕੀਤੀ, ਜੋ ਉਸ ਦੇ ਅੰਦਰ ਦੀ ਆਵਾਜ਼ ਸੀ, ਇਹ ਇਕ ਅਜਿਹੀ ਪ੍ਰਾਰਥਨਾ ਸੀ, ਜੋ ਈਸਾਈ ਲੋਕ ਪਰਮਾਤਮਾ ਤੋਂ ਸਹਾਇਤਾ ਲੈਣ ਸਮੇਂ ਕਰਦੇ ਹਨ : ਹੇ ਪਰਮਾਤਮਾ, ਮੇਰੇ 'ਤੇ ਰਹਿਮ ਕਰ ।"

ਆਪਣੇ ਪੁੱਤਰ ਵੱਲ ਮੂੰਹ ਕਰਦੇ ਹੋਏ, ਉਸ ਨੇ ਕਿਹਾ : ਸੋ ਤੁਹਾਡੀ ਮਾਂ ਮਰ ਚੁੱਕੀ ਹੈ ?"

ਇਨ੍ਹਾਂ ਸ਼ਬਦਾਂ, "ਤੁਹਾਡੀ ਮਾਂ ਮਰ ਚੁੱਕੀ ਹੈ, ਨੇ ਉਸ ਅੰਦਰ ਗ਼ਮ ਭਰ ਦਿੱਤਾ ਹੈ; ਇਹ ਇਕ ਇਨਸਾਨੀ ਫ਼ਿਕਰ ਹੈ ਜੋ ਇਨਸਾਨ ਨਹੀਂ ਭੁੱਲ ਸਕਦਾ, ਇਹ ਪਿਛਲੀਆਂ ਮੁਸੀਬਤਾਂ ਦੀ ਜ਼ਾਲਮ ਆਵਾਜ਼ ਹੈ; ਪਰੰਤੂ ਉਸ ਦੀ ਜਵਾਨੀ ਦੇ ਅਹਿਸਾਸ ਦਾ ਪ੍ਰਗਟਾ ਹੈ ।

ਨੌਜਵਾਨ ਆਦਮੀ ਨੇ ਉੱਤਰ ਦਿੱਤਾ:

"ਹਾਂ, ਮਾਨਸੀਅਰ ਲਾ ਕੁਇਰ, ਮੇਰੀ ਮਾਂ ਮਰ ਚੁੱਕੀ ਹੈ ।"

"ਕੀ ਉਹ ਕਾਫੀ ਦੇਰ ਤੋਂ ਮਰ ਚੁੱਕੀ ਹੈ ?"

"ਹਾਂ, ਤਿੰਨ ਸਾਲ ਹੋ ਗਏ ਹਨ ।"

ਇਕ ਨਵਾਂ ਸ਼ੱਕ ਪਾਦਰੀ ਦੇ ਦਿਮਾਗ਼ ਵਿੱਚ ਵੜ ਗਿਆ। ਅਤੇ ਤੁਸੀਂ ਮੈਨੂੰ ਪਹਿਲਾਂ ਬਾਹਰ ਲੱਭਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ?"

ਦੂਜੇ ਆਦਮੀ ਨੂੰ ਹਿਚਕਿਚਾਹਟ ਹੋਈ।

ਮੈਂ ਲਾਚਾਰ ਵੀ ਸੀ, ਮੈਨੂੰ ਰੋਕਿਆ ਗਿਆ ਸੀ ਪਰੰਤੂ ਮੈਨੂੰ ਮਾਫ਼ ਕਰਨਾ, ਮੈਂ ਇਨ੍ਹਾਂ ਯਾਦਾਂ ਵਿੱਚ ਰੁਕਾਵਟਾਂ ਪੈਦਾ ਕੀਤੀਆਂ ਹਨ—ਮੈਂ ਇਨ੍ਹਾਂ ਸੰਬੰਧੀ ਵੇਰਵੇ ਬਾਅਦ ਵਿੱਚ ਦੇਵਾਂਗਾ ਕਿਉਂਕਿ ਮੈਂ ਸਵੇਰ ਦਾ ਕੁਝ ਨਹੀਂ ਖਾਇਆ।

ਤਰਸ ਕਰਕੇ ਬਜ਼ੁਰਗ ਆਦਮੀ ਕੰਬ ਗਿਆ ਅਤੇ ਉਸ ਨੇ ਦੋਵੇਂ ਹੱਥ ਜੋੜ ਲਏ : ਉਹ ! ਮੇਰੇ ਵਿਚਾਰੇ ਪੁੱਤਰ! " ਉਸ ਨੇ ਕਿਹਾ।

ਉਸ ਨੌਜਵਾਨ ਆਦਮੀ ਨੇ ਉਹ ਵੱਡੇ ਅਤੇ ਸ਼ਕਤੀਸ਼ਾਲੀ ਹੱਥ ਆਪਣੀਆਂ ਪਤਲੀਆਂ ਅਤੇ ਗਰਮ ਤਲੀਆਂ ਵਿੱਚ ਫੜ ਲਏ।

ਉਸ ਨੇ ਤਾਅਨੇ ਭਰੀ ਆਵਾਜ਼ ਵਿੱਚ ਉੱਤਰ ਦਿੱਤਾ : "ਆਹ ! ਮੈਂ ਸੋਚ ਰਿਹਾ ਹਾਂ ਕਿ ਅਸੀਂ ਅੰਤ ਵਿੱਚ ਇਕੱਠੇ ਚੱਲਾਂਗੇ।"

ਨਿਕੰਮਾ ਆਦਮੀ ਘਰ ਨੂੰ ਚੱਲ ਪਿਆ। ਉਸ ਨੇ ਕਿਹਾ "ਆਓ ਖਾਣਾ ਖਾਈਏ।"

ਉਸ ਨੂੰ ਅਚਨਚੇਤ ਯਾਦ ਆ ਗਿਆ ਕਿ ਉਸ ਨੇ ਇਕ ਵਧੀਆ ਮੱਛੀ ਫੜੀ ਸੀ, ਜਿਸ ਨਾਲ ਚੂਹੇ, ਮਿਲ ਕੇ ਗ਼ਰੀਬ ਆਦਮੀ ਲਈ ਇਕ ਚੰਗਾ ਖਾਣਾ ਬਣ ਜਾਵੇਗਾ।

ਨੌਕਰ ਦਰਵਾਜ਼ੇ ਵਿੱਚ ਖੜ੍ਹਾ ਸੀ, ਜੋ ਰਸਤੇ ਵੱਲ ਬੜੀ ਹੈਰਾਨਗੀ ਨਾਲ ਵੇਖ ਰਿਹਾ ਸੀ।

"ਮਾਰਗੁਰਾਈਟ" ਐਬੇ ਨੇ ਆਵਾਜ਼ ਦਿੱਤੀ, "ਮੇਜ਼ ਉਠਾਓ ਅਤੇ ਬਿਲਕੁਲ ਦੂਰ, ਖਾਣ ਦੇ ਕਮਰੇ ਵਿੱਚ ਰੱਖ ਦਿਓ; ਅਤੇ ਜਿੰਨਾ ਛੇਤੀ ਹੋ ਸਕੇ, ਦੋ ਸੀਟਾਂ ਸੈੱਟ ਕਰ ਦਿਓ।"

ਔਰਤ ਇਸ ਵਿਚਾਰ ਉੱਤੇ ਬੜੀ ਹੈਰਾਨ ਪ੍ਰਤੀਤ ਹੁੰਦੀ ਸੀ ਕਿ ਉਸ ਦਾ ਮਾਲਕ ਇਸ
ਆਵਾਰਾਗਰਦ ਨਾਲ ਖਾਣਾ ਖਾ ਰਿਹਾ ਹੈ।

ਪਰੰਤੂ ਐਬੇ ਨੇ, ਉਸ ਦਾ ਇੰਤਜ਼ਾਰ ਕਰਨ ਤੋਂ ਬਿਨਾਂ, ਪਲੇਟ ਅਤੇ ਨੈਪਕਿਨ ਉਠਾਇਆ ਅਤੇ ਛੋਟਾ ਜਿਹਾ ਮੇਜ਼ ਖਾਣ ਦੇ ਕਮਰੇ ਵਿੱਚ ਲੈ ਗਿਆ।

ਥੋੜ੍ਹੀ ਦੇਰ ਬਾਅਦ ਉਹ ਇਕ ਮੰਗਤੇ ਦੇ ਸਾਹਮਣੇ, ਗੋਭੀ ਦੇ ਸੂਪ ਨਾਲ ਭਰੀ ਹੋਈ ਪਲੇਟ ਲੈ ਕੇ ਬੈਠ ਗਿਆ, ਜਿਸ ਵਿੱਚੋਂ ਖ਼ੁਸ਼ਬੂਦਾਰ ਭਾਫ਼ ਨਿਕਲ ਰਹੀ ਸੀ।

ਜਦੋਂ ਪਲੇਟਾਂ ਭਰੀਆਂ ਗਈਆਂ ਤਾਂ ਆਵਾਰਾਗਰਦ ਨੇ ਤੀਬਰ ਇੱਛਾ ਨਾਲ ਖਾਣਾ ਸ਼ੁਰੂ ਕਰ ਦਿੱਤਾ । ਐਬੇ ਦੀ ਭੁੱਖ ਖ਼ਤਮ ਹੋ ਗਈ ਸੀ ਅਤੇ ਹੌਲੀ ਹੌਲੀ ਖਾ ਰਿਹਾ ਸੀ ਅਤੇ ਰੋਟੀ ਆਪਣੀ ਪਲੇਟ ਵਿੱਚ ਛੱਡ ਦਿੱਤੀ।

ਉਸ ਨੇ ਅਚਾਨਕ ਪੁੱਛਿਆ:

"ਤੁਹਾਡਾ ਨਾਂ ਕੀ ਹੈ ?"

ਉਹ ਆਦਮੀ ਮੁਸਕਰਾਇਆ ; ਉਹ ਆਪਣੀ ਭੁੱਖ ਮਿਟਾ ਕੇ ਖ਼ੁਸ਼ ਸੀ ।

ਉਸ ਨੇ ਕਿਹਾ, "ਪਿਤਾ ਨਹੀਂ । "ਅਤੇ ਹੋਰ ਕੋਈ ਨਾਂ ਨਹੀਂ ਸਗੋਂ ਮੇਰੀ ਮਾਂ ਦਾ ਜਿਹੜਾ ਸ਼ਾਇਦ ਤੁਹਾਨੂੰ ਯਾਦ ਹੈ । ਮੈਨੂੰ ਦੋ ਈਸਾਈਆਂ ਦੇ ਨਾਂ ਯਾਦ ਹਨ, ਜੋ ਏਵੇਂ ਹੀ, ਬਿਲਕੁਲ ਮੇਰੇ ਮੁਤਾਬਿਕ ਨਹੀਂ ਹਨ -ਫ਼ਿਲਿਪ-ਅਗਸਤ ।"

ਪਾਦਰੀ ਘਬਰਾ ਗਿਆ ।

ਉਸ ਨੇ ਪੁੱਛਿਆ, "ਤੁਸੀਂ ਇਹ ਨਾਂ ਕਿਉਂ ਦਿੱਤੇ ਸਨ ?”

ਆਵਾਰਾਗਰਦ ਨੇ ਆਪਣੇ ਮੋਢੇ ਹਿਲਾਏ । "ਮੇਰਾ ਖ਼ਿਆਲ ਹੈ ਕਿ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ । ਮਾਂ ਤੁਹਾਨੂੰ ਛੱਡਣ ਪਿੱਛੋਂ, ਉਹ ਤੁਹਾਡੇ ਦੁਸ਼ਮਣ ਨੂੰ ਵਿਸ਼ਵਾਸ ਦਿਵਾਣਾ ਚਾਹੁੰਦੀ ਸੀ ਕਿ ਮੈਂ ਉਸ ਦਾ ਬੱਚਾ ਹਾਂ । ਮੇਰੇ ਪੰਦਰਾਂ ਸਾਲ ਦੀ ਉਮਰ ਦੇ ਹੋਣ ਤੱਕ ਉਸ ਨੂੰ ਵਿਸ਼ਵਾਸ ਸੀ । ਫਿਰ ਮੈਂ ਉਸ ਵਾਂਗ ਪ੍ਰਤੀਤ ਹੁੰਦਾ ਸੀ ਅਤੇ ਉਸ ਬਦਮਾਸ਼ ਨੇ ਮੈਨੂੰ ਤਿਆਗ ਦਿੱਤਾ । ਮੈਨੂੰ ਈਸਾਈ ਬਣਾਇਆ ਗਿਆ ਅਤੇ ਨਾਂ ਫਿਲਿਪ-ਅਗਸਤ ਰੱਖਿਆ ਗਿਆ, ਹੁਣ, ਜੇ ਮੈਂ ਕਿਸੇ ਵਿਅਕਤੀ ਨਾਲ ਨਹੀਂ ਮਿਲਦਾ ਸੀ, ਜਾਂ ਜੇ ਮੈਂ ਕਿਸੇ ਹੋਰ ਵਿਅਕਤੀ ਦਾ ਪੁੱਤਰ ਹੁੰਦਾ, ਜਿਹੜਾ ਪਿਛੋਕੜ ਵਿੱਚ ਸੀ, ਤਾਂ ਅੱਜ ਮੈਂ ਵਿਕੋਮਟ ਫਿਲਿਪ-ਅਗਸਤ ਡੀ .ਪਰਵਿਲਨ, ਕਾਊਂਟ ਅਤੇ ਸੈਨੇਟਰ ਦਾ ਪੁੱਤਰ ਹੁੰਦਾ ਅਤੇ ਉਸ ਦਾ ਨਾਂ ਮੇਰੇ ਨਾਂ ਨਾਲ ਲੱਗਦਾ । ਮੈਂ ਆਪਣਾ ਨਾਂ "ਬਦਕਿਸਮਤ” ਰੱਖਿਆ ਹੈ।

"ਇਹ ਸਾਰਾ ਕੁਝ ਤੁਹਾਨੂੰ ਕਿਵੇਂ ਪਤਾ ਲੱਗਿਆ ?"

"ਉਨ੍ਹਾਂ ਨੇ ਇਸ ਸੰਬੰਧੀ ਮੇਰੇ ਸਾਹਮਣੇ ਚਰਚਾ ਕੀਤੀ, ਤੁਸੀਂ ਜਾਣਦੇ ਹੋ; ਉਹ ਕਿੰਨੀ ਪਿਆਰੀ ਚਰਚਾ ਸੀ। ਮੈਂ ਤੁਹਾਨੂੰ ਦੱਸ ਦੇਵਾਂ ਕਿ ਇਸ ਤੋਂ ਜ਼ਿੰਦਗੀ ਦੀ ਤ੍ਰੇੜ ਦਾ ਪਤਾ ਚਲਦਾ ਹੈ।"

ਪਿਛਲੇ ਅੱਧੇ ਘੰਟੇ ਦੇ ਦੌਰਾਨ ਜੋ ਕੁਝ ਉਸ ਨੇ ਬਰਦਾਸ਼ਤ ਕੀਤਾ ਸੀ, ਉਸ ਤੋਂ ਵੀ ਵੱਧ ਮੁਸੀਬਤ ਨੇ ਹੁਣ ਪਾਦਰੀ ਨੂੰ ਘੇਰਿਆ ਹੋਇਆ ਸੀ । ਇਹ

ਇਕਦਮ ਘੁੱਟੀ ਦੀ ਕਿਸਮ ਸੀ, ਜੋ ਕਿ ਇਸ ਤਰ੍ਹਾਂ ਪ੍ਰਤੀਤ ਹੁੰਦੀ ਜਿਵੇਂ ਕਿ ਇਹ ਵਧੇਗੀ ਅਤੇ ਉਸ ਨੂੰ ਮਾਰ ਦੇਵੇਗੀ; ਇਹ ਉਨ੍ਹਾਂ ਚੀਜ਼ਾਂ ਕਰਕੇ ਨਹੀਂ ਸੀ ਜੋ ਉਸ ਨੇ ਉਸ ਢੰਗ ਸੰਬੰਧੀ ਸੁਣੀਆਂ ਸਨ, ਜਿਸ ਵਿੱਚ ਉਹ ਇਸ ਆਵਾਰਾਗਰਦ ਦੁਆਰਾ ਕਿਹਾ ਗਿਆ ਸੀ । ਆਪਣੇ ਅਤੇ ਇਸ ਮੰਗਤੇ ਵਿਚਕਾਰ, ਉਸ ਦੇ ਬੱਚੇ ਅਤੇ ਆਪਣੇ ਵਿਚਕਾਰ, ਉਸ ਨੂੰ ਉਨ੍ਹਾਂ ਇਖ਼ਲਾਕੀ ਭਟਕਣਾ ਬਾਰੇ ਪਤਾ ਲੱਗ ਰਿਹਾ ਸੀ ਜੋ ਕੁਝ ਕੁ ਵਿਅਕਤੀਆਂ ਲਈ ਮਾਰੂ ਜ਼ਹਿਰ ਹਨ। ਕੀ ਇਹ ਉਸ ਦਾ ਬੱਚਾ ਸੀ ? ਪਰ ਉਸ ਨੂੰ ਫਿਰ ਵੀ ਵਿਸ਼ਵਾਸ ਨਹੀਂ ਸੀ । ਉਸ ਨੂੰ ਸਾਰੇ ਸਬੂਤਾਂ ਦੀ ਲੋੜ ਸੀ । ਉਹ ਸਾਰਿਆਂ ਨੂੰ ਸੁਣਨਾ ਚਾਹੁੰਦਾ ਸੀ । ਉਸ ਨੇ ਦੁਬਾਰਾ ਜ਼ੈਤੂਨ ਦੇ ਦਰੱਖ਼ਤਾਂ ਬਾਰੇ ਸੋਚਿਆ ਜੋ ਉਸ ਦੇ ਛੋਟੇ ਜਿਹੇ ਮਕਾਨ ’ਤੇ ਛਾਂ ਕਰ ਰਹੇ ਸਨ ਅਤੇ ਉਸ ਨੇ ਦੁਬਾਰਾ ਪ੍ਰਾਰਥਨਾ ਕੀਤੀ; "ਹੇ ਪਰਮਾਤਮਾ, ਮੇਰੇ ’ਤੇ ਰਹਿਮ ਕਰੋ ।"

ਫ਼ਿਲਪ-ਅਗਸਤ ਨੇ ਆਪਣਾ ਸੂਪ ਖ਼ਤਮ ਕਰ ਦਿੱਤਾ ਸੀ । ਉਸ ਨੇ ਪੁੱਛਿਆ :“ਐਬੇ ਉੱਥੇ ਹਰ ਕੋਈ ਨਹੀਂ ਸੀ ?"

ਰਸੋਈ ਅਨੈਕਸੀ ਵਿੱਚ ਬਣਾਈ ਗਈ ਸੀ । ਮਾਰਗਰਾਈਟ ਆਪਣੇ ਮਾਲਕ ਦੀ ਆਵਾਜ਼ ਨਹੀਂ ਸੁਣ ਸਕਦਾ ਸੀ । ਜਦੋਂ ਉਹ ਉਸ ਨੂੰ ਬੁਲਾਉਂਦਾ ਸੀ ਤਾਂ ਉਹ ਆਪਣੀ ਕੁਰਸੀ ਦੇ ਪਿੱਛੇ ਲਟਕਾਈ ਚੀਨੀ ਘੜਿਆਲ ਨੂੰ ਖੜਕਾ ਕੇ ਬੁਲਾਉਂਦਾ ਸੀ । ਉਸ ਨੇ ਪਿੱਤਲ ਦਾ ਹਥੌੜਾ ਚੁੱਕਿਆ ਅਤੇ ਧਾਤ ਦੀ ਪਲੇਟ ’ਤੇ ਮਾਰਿਆ । ਇਸ ਵਿੱਚੋਂ ਹੌਲੀ ਜਿਹੀ ਆਵਾਜ਼ ਨਿਕਲੀ, ਜੋ ਵੱਧਦੀ ਗਈ ਅਤੇ ਕੰਬਦੀ ਗਈ, ਇਹ ਉਸ ਸਮੇਂ ਤੱਕ ਤੇਜ਼ ਅਤੇ ਉੱਚੀ ਹੁੰਦੀ ਗਈ, ਜਦ ਤੱਕ ਇਹ ਸ਼ਾਮ ਦੀ ਹਵਾ ਵਿੱਚ ਖ਼ਤਮ ਹੋ ਗਈ ।

ਨੌਕਰ ਦੇ ਚਿਹਰੇ ਉੱਤੇ ਤਿਊੜੀਆਂ ਸਨ ਅਤੇ ਆਵਾਰਾਗਰਦ ਉੱਤੇ ਗ਼ੁੱਸੇ ਭਰੀਆਂ ਨਜ਼ਰਾਂ ਸੁੱਟੀਆਂ, ਜਿਵੇਂ ਕਿ ਉਸ ਦੀ ਵਫ਼ਾਦਾਰੀ ਵਾਲੀ ਭਾਵਨਾ ਨੇ ਆਪਣੀ ਬਦਕਿਸਮਤੀ ਦੀ ਭਾਵਨਾ ਦੀ ਚੁਨੌਤੀ ਦਿੱਤੀ ਜੋ ਉਸ ਦੇ ਮਾਲਕ ਉੱਤੇ ਗਿਰੀ ਸੀ । ਉਸ ਨੇ ਸੂਰਜ ਮੱਛੀ ਵਾਲੀ ਪਲੇਟ ਫੜੀ ਸੀ ਅਤੇ ਜਿਸ ਦੀ ਕਮਰੇ ਵਿੱਚੋਂ ਪਿਘਲੇ ਹੋਏ ਮੱਖਣ ਦੀ ਖ਼ੁਸ਼ਬੂ ਨਿਕਲ ਰਹੀ ਸੀ । ਐਬੇ ਨੇ ਮੱਛੀ ਦੀ ਲੰਬਾਈ ਦਾ ਅੱਧ ਕੀਤਾ ਅਤੇ ਚੰਗਾ ਪਾਸਾ ਆਪਣੇ ਪੁੱਤਰ ਨੂੰ ਦਿੱਤਾ : “ਮੈਂ ਇਹ ਥੋੜ੍ਹਾ ਸਮਾਂ ਪਹਿਲਾਂ ਪਕੜੀ ਸੀ” ਉਸ ਨੇ ਆਪਣੀ ਮੁਸੀਬਤ ਦੇ ਬਾਵਜੂਦ ਬੜੇ ਫ਼ਖ਼ਰ ਨਾਲ ਕਿਹਾ ।

ਮਾਰਗਰਾਈਟ ਕਮਰੇ ਵਿੱਚੋਂ ਬਾਹਰ ਨਹੀਂ ਗਈ ਸੀ ।

ਪਾਦਰੀ ਨੇ ਕਿਹਾ: "ਮੈਨੂੰ ਕੁਝ ਸ਼ਰਾਬ ਲਿਆ ਕੇ ਦਿਓ। ਕੈਪ ਕਾਰਸ ਦੀ ਸਫ਼ੈਦ ਸ਼ਰਾਬ"

ਉਸ ਨੇ ਵਿਰੋਧ ਕੀਤਾ ਅਤੇ ਪਾਦਰੀ ਨੇ ਦੁਹਰਾਇਆ, "ਹੁਣ, ਜਾਓ ਅਤੇ ਦੋ ਬੋਤਲਾਂ ਲੈ ਆਓ, ਯਾਦ ਰੱਖਣਾ" ਕਿਉਂਕਿ ਜਦੋਂ ਉਹ ਕਿਸੇ ਆਦਮੀ ਨਾਲ ਪੀਂਦਾ ਸੀ, ਵਾਕਈ ਉਸ ਨੂੰ ਬੜਾ ਘੱਟ ਮਜ਼ਾ ਆਉਂਦਾ ਸੀ, ਉਹ ਸਦਾ ਇਕ ਬੋਤਲ ਆਪਣੇ ਲਈ ਖੋਲ੍ਹਦਾ ਸੀ ।

ਫ਼ਿਲਪ-ਅਗਸਤ ਨੇ ਮੁਸਕਰਾਉਂਦੇ ਹੋਏ ਕਿਹਾ, "ਬਹੁਤ ਅੱਛਾ ! ਵਧੀਆ ਵਿਚਾਰ ! ਅਜਿਹਾ ਖਾਣਾ ਖਾਧਿਆਂ ਬਹੁਤ ਸਮਾਂ ਹੋ ਗਿਆ ਹੈ! " ਨੌਕਰ ਕੁਝ ਕੁ ਮਿੰਟਾਂ ਬਾਅਦ ਵਾਪਸ ਆ ਗਿਆ। ਐਬੇ ਨੇ ਇਸ ਨੂੰ ਅਟੱਲ ਸੱਚਾਈ ਖ਼ਿਆਲ ਕੀਤਾ, ਕਿਉਂਕਿ ਉਸ ਦੇ ਖ਼ੂਨ ਵਿੱਚ ਸੂਚਨਾ ਦੀ ਪਿਆਸ ਪੈਦਾ ਹੋ ਗਈ।

ਬੋਤਲਾਂ ਖੋਲ੍ਹਣ ਤੋਂ ਪਿੱਛੋਂ, ਔਰਤ ਫਿਰ ਵੀ ਉੱਥੇ ਰਹੀ ਅਤੇ ਉਸ ਦੀਆਂ ਅੱਖਾਂ ਆਵਾਰਾਗਰਦ ਉੱਤੇ ਜੰਮ ਗਈਆਂ ।

ਕਿਉਰ ਨੇ ਕਿਹਾ, "ਛੋੜੋ ।"

ਉਸ ਨੇ ਜਾਣਬੁੱਝ ਕੇ ਉਸ ਦੇ ਹੁਕਮ ਦੀ ਉਲੰਘਣਾ ਕੀਤੀ ।

ਉਸ ਨੇ ਤਕਰੀਬਨ ਰੁੱਖੇਪਣ ਨਾਲ ਦੁਹਰਾਇਆ, "ਮੈਂ ਤੈਨੂੰ ਹੁਕਮ ਦਿੱਤਾ ਹੈ ਕਿ ਮੈਨੂੰ ਛੋੜ ਦਿਓ ।"

ਫਿਰ ਉਹ ਕਮਰੇ ਤੋਂ ਬਾਹਰ ਚਲੀ ਗਈ।

ਫ਼ਿਲਪ ਅਗਸਤ ਨੇ ਭੁੱਖਿਆਂ ਦੀ ਤਰ੍ਹਾਂ ਮੱਛੀ ਖਾਧੀ; ਉਸ ਦਾ ਪਿਤਾ ਉਸ ਵੱਲ ਵੇਖਦਾ ਰਿਹਾ, ਵੱਧ ਤੋਂ ਵੱਧ ਹੈਰਾਨ ਹੋਇਆ ਅਤੇ ਉਸ ਦੇ ਚਿਹਰੇ ਉੱਤੇ ਨਮੋਸ਼ੀ ਸੀ, ਜਿਸ ਤਰ੍ਹਾਂ ਉਸ ਦੇ ਆਪਣੇ ਚਿਹਰੇ 'ਤੇ ਸੀ । ਐਬੇ ਦੇ ਆਪਣੇ ਹੋਠਾਂ 'ਤੇ ਰੱਖੀਆਂ ਗਰਾਹੀਆਂ ਉਸ ਦੇ ਮੂੰਹ ਵਿੱਚ ਰਹਿ ਗਈਆਂ, ਕਿਉਂਕਿ ਉਸ ਦੇ ਗਲ਼ੇ ਵਿੱਚੋਂ ਨਹੀਂ ਲੰਘਦੀਆਂ ਸਨ, ਇਸ ਤਰ੍ਹਾਂ ਉਹ ਹੌਲੀ ਹੌਲੀ ਖਾਂਦਾ ਸੀ, ਅਤੇ ਉਹ ਆਪਣੇ ਦਿਮਾਗ਼ ਵਿੱਚ ਰੱਖੇ ਸਵਾਲ ਵਿੱਚੋਂ ਚੋਣ ਕਰਦਾ ਸੀ ਜਿਸ ਵਿੱਚੋਂ ਉਹ ਚਾਹੁੰਦਾ ਸੀ ਕਿ ਪਹਿਲੇ ਸਵਾਲ ਦਾ ਜਵਾਬ ਉਸ ਦਾ ਲੜਕਾ ਦੇਵੇ । ਅੰਤ ਵਿੱਚ ਉਸ ਨੇ ਕਿਹਾ:

"ਉਹ ਕਿਵੇਂ ਮਰੀ ?"

"ਤਪਦਿਕ।"

"ਕੀ ਉਹ ਕਾਫੀ ਦੇਰ ਬਿਮਾਰ ਰਹੀ ਸੀ ?"

"ਤਕਰੀਬਨ ਅਠਾਰਾਂ ਮਹੀਨੇ ।"

"ਉਸ ਨੂੰ ਇਹ ਬਿਮਾਰੀ ਕਿਵੇਂ ਲੱਗੀ ?"

"ਅਸੀਂ ਨਹੀਂ ਦੱਸ ਸਕਦੇ ।"

ਦੋਵੇਂ ਆਦਮੀ ਚੁੱਪ ਸਨ । ਪਾਦਰੀ ਸੋਚ ਰਿਹਾ ਸੀ । ਉਹ ਉਨ੍ਹਾਂ ਅਧਿਕ ਚੀਜ਼ਾਂ ਤੋਂ ਤੰਗ ਸੀ, ਜਿਨ੍ਹਾਂ ਬਾਰੇ ਉਹ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਸੀ ਅਤੇ ਸੁਣਨਾ ਚਾਹੁੰਦਾ ਸੀ । ਕਿਉਂਕਿ ਅਣਬਣ ਦੇ ਸਮੇਂ ਤੋਂ ਲੈ ਕੇ, ਉਸ ਨੂੰ ਕਤਲ ਕਰਨ ਤੱਕ ਉਸ ਨੇ ਕੁਝ ਨਹੀਂ ਸੁਣਿਆ। ਵਾਕਈ, ਉਸ ਨੇ ਜਾਣਨ ਦੀ ਪਰਵਾਹ ਹੀ ਨਹੀਂ ਕੀਤੀ ਸੀ, ਕਿਉਂਕਿ ਉਸ ਨੇ ਉਸ ਦੇ ਖ਼ੁਸ਼ੀ ਦੇ ਦਿਨਾਂ ਸਮੇਤ, ਭੁਲਾ ਦਿੱਤਾ ਹੈ। ਪਰੰਤੂ ਹੁਣ ਇਹ ਜਾਣ ਕੇ ਕਿ ਉਹ ਮਰ ਗਈ ਹੈ ਅਤੇ ਚਲੀ ਗਈ ਹੈ ਤਾਂ ਉਸ ਦੇ ਅੰਦਰ ਅਤਿ ਖ਼ਾਹਿਸ਼ ਅਨੁਭਵ ਕੀਤੀ ।

ਉਸ ਨੇ ਕਿਹਾ:"ਉਹ ਇਕੱਲੀ ਨਹੀਂ ਸੀ, ਕੀ ਇਕੱਲੀ ਸੀ?"

"ਨਹੀਂ, ਉਹ ਉਸ ਨਾਲ ਰਹਿੰਦੀ ਸੀ।"

ਬਜ਼ੁਰਗ ਆਦਮੀ ਨੇ ਕਿਹਾ, "ਕਿਸ ਨਾਲ? ਕੀ ਪਰਵੇਲਨ ਨਾਲ?"

"ਕਿਉਂ ਹਾਂ ।"

ਅਤੇ ਧੋਖੇ ਦਿੱਤੇ ਆਦਮੀ ਨੇ ਛੇਤੀ ਨਾਲ ਅੰਦਾਜ਼ਾ ਲਾਇਆ ਕਿ ਉਹ ਔਰਤ ਜਿਸ ਨੇ ਉਸ ਨਾਲ ਧੋਖਾ ਕੀਤਾ ਸੀ, ਉਸ ਦੇ ਦੁਸ਼ਮਣ ਨਾਲ ਤੀਹ ਸਾਲ ਰਹੀ ਸੀ।

ਉਸ ਨੇ ਬੇਧਿਆਨੇ ਜਿਹੇ ਪੁੱਛਿਆ : "ਕੀ ਉਹ ਖ਼ੁਸ਼ ਸਨ ?"

ਨੌਜਵਾਨ ਨੇ ਮਖ਼ੌਲ ਕੀਤਾ, "ਕਿਉਂ, ਹਾਂ, ਮੁਸੀਬਤਾਂ ਵਿੱਚ ! ਜੇ ਮੈਂ ਉੱਥੇ ਨਾ ਹੁੰਦਾ ਤਾਂ ਚੰਗਾ ਸੀ । ਮੈਂ ਸਦਾ ਹਰ ਚੀਜ਼ ਨਾਸ ਕਰ ਦਿੰਦਾ ਹਾਂ ।"

"ਕਿਸ ਤਰ੍ਹਾਂ ਅਤੇ ਕਿਵੇਂ ?" ਪਾਦਰੀ ਨੇ ਪੁੱਛਿਆ।

"ਮੈਂ' ਤੁਹਾਨੂੰ ਪਹਿਲਾਂ ਦੱਸ ਚੁੱਕਿਆ ਹਾਂ ਕਿਉਂਕਿ ਮੈਂ ਖ਼ਿਆਲ ਕੀਤਾ ਕਿ ਮੈਂ ਪੰਦਰਾਂ ਸਾਲ ਤੱਕ ਉਸ ਦਾ ਪੁੱਤਰ ਸੀ । ਪਰੰਤੂ ਬਜ਼ੁਰਗ ਆਦਮੀ ਬੇਵਕੂਫ਼ ਸੀ ਅਤੇ ਛੇਤੀ ਹੀ ਉਸ ਨੂੰ ਪਸੰਦਗੀ ਦਾ ਪਤਾ ਲੱਗਿਆ । ਇਸ ਨਾਲ ਇਕ ਨਜ਼ਾਰਾ ਬਣ ਗਿਆ । ਮੈਂ ਦਰਵਾਜ਼ੇ ਦੇ ਪਿੱਛੇ ਖੜ੍ਹ ਕੇ ਸੁਣਦਾ ਸੀ। ਉਸ ਨੇ ਮਾਂ ਨੂੰ ਧੋਖਾ ਦੇਣ ਲਈ ਦੋਸ਼ੀ ਠਹਿਰਾਇਆ । ਮਾਂ ਜਵਾਬ ਦੇਵੇਗੀ : ਕੀ ਇਹ ਮੇਰਾ ਕਸੂਰ ਹੈ ? ਤੁਹਾਨੂੰ

ਇਹ ਗੱਲ ਪਤਾ ਸੀ ਕਿ ਜਦੋਂ ਤੁਸੀਂ ਮੈਨੂੰ ਇਹ ਦੱਸੀ ਕਿ ਮੈਂ ਉਸ ਦੂਜੇ ਆਦਮੀ ਦੀ ਪਤਨੀ ਸੀ। ਤੁਸੀਂ ਉਹ ਦੂਜੇ ਆਦਮੀ ਸੀ।"

"ਆਹ ! ਉਹ ਕਦੇ ਕਦਾਈਂ ਮੇਰੇ ਬਾਰੇ ਗੱਲਾਂ ਕਰਦੇ ਸਨ ?"

"ਹਾਂ, ਪਰੰਤੂ ਤੁਹਾਡਾ ਨਾਂ ਮੇਰੇ ਸਾਹਮਣੇ ਕਦੇ ਨਹੀਂ ਲਿਆ, ਸਿਵਾਏ ਅਖ਼ੀਰ 'ਤੇ, ਜਦੋਂ ਮਾਂ ਨੂੰ ਪਤਾ ਸੀ ਕਿ ਖ਼ਤਮ ਹੋ ਚੁੱਕੀ ਹੈ। ਮੇਰਾ ਖ਼ਿਆਲ ਹੈ ਕਿ ਉਨ੍ਹਾਂ ਨੇ ਮੇਰੇ 'ਤੇ ਵਿਸ਼ਵਾਸ ਨਹੀਂ ਕੀਤਾ।"

"ਅਤੇ ਤੁਹਾਨੂੰ-ਤੁਹਾਡੀ ਮਾਂ ਦੀ ਪੋਜ਼ੀਸ਼ਨ ਦੀ ਬਾਕਾਇਦਗੀ ਦਾ ਪਹਿਲਾਂ ਪਤਾ ਸੀ?"

"ਕਿਉਂ ਯਕੀਨੀ ਤੌਰ 'ਤੇ। ਮੈਂ ਅਨਜਾਣ ਨਹੀਂ ਹਾਂ ਅਤੇ ਨਾ ਹੀ ਮੈਂ ਅਨਜਾਣ ਸੀ।"

ਜਦੋਂ ਕਿਸੇ ਆਦਮੀ ਨੂੰ ਜ਼ਿੰਦਗੀ ਦਾ ਪਤਾ ਲੱਗਣਾ ਸ਼ੁਰੂ ਹੋ ਜਾਏ ਤਾਂ ਉਨ੍ਹਾਂ ਚੀਜ਼ਾਂ ਦਾ ਅੰਦਾਜ਼ਾ ਲਾਉਣਾ ਆਸਾਨ ਹੋ ਜਾਂਦਾ ਹੈ।"

ਫ਼ਿਲਪ-ਅਗਸਤ ਬਾਰ ਬਾਰ ਆਪਣਾ ਗਲਾਸ ਭਰ ਰਿਹਾ ਸੀ। ਉਸ ਦੀਆਂ ਅੱਖਾਂ ਹੁਣ ਚਮਕਣ ਲੱਗ ਪਈਆਂ ਸਨ, ਕਿਉਂਕਿ ਉਸ ਦਾ ਲੰਮੇ ਸਮੇਂ ਦਾ ਵਰਤ ਉਸ ਦੇ ਸ਼ਰਾਬ ਦੇ ਨਸ਼ੇ ਦੇ ਅਸਰ ਲਈ ਅੱਛਾ ਸੀ। ਪਾਦਰੀ ਨੇ ਇਹ ਗੱਲ ਨੋਟ ਕੀਤੀ ਅਤੇ ਚਾਹੁੰਦਾ ਸੀ ਕਿ ਉਸ ਨੂੰ ਖ਼ਬਰਦਾਰ ਕੀਤਾ ਜਾਵੇ। ਪਰੰਤੂ ਅਚਾਨਕ ਖ਼ਿਆਲ ਆਇਆ ਕਿ ਸ਼ਰਾਬੀ ਅਸਾਵਧਾਨ ਅਤੇ ਗੱਪੀ ਹੁੰਦਾ ਹੈ ਅਤੇ ਉਸ ਨੇ ਬੋਤਲ ਉਠਾਈ ਅਤੇ ਨੌਜਵਾਨ ਆਦਮੀ ਦਾ ਗਲਾਸ ਭਰਨ ਲਗ ਪਿਆ।

ਥੋੜ੍ਹੇ ਸਮੇਂ ਬਾਅਦ ਮਾਰਗਰਾਈਟ ਚੂਚੇ ਲੈ ਆਈ। ਮੇਜ਼ ਉੱਤੇ ਰੱਖਣ ਤੋਂ ਪਿੱਛੋਂ ਉਸ ਨੇ ਆਪਣੀਆਂ ਅੱਖਾਂ ਆਵਾਰਾਗਰਦ ਉੱਤੇ ਗੱਡ ਦਿੱਤੀਆਂ ਅਤੇ ਗ਼ੁੱਸੇ ਦੀ ਆਵਾਜ਼ ਵਿੱਚ ਕਿਹਾ, "ਕੀ ਤੁਸੀਂ ਨਹੀਂ ਵੇਖ ਰਹੇ ਕਿ ਉਸ ਨੇ ਸ਼ਰਾਬ ਪੀਤੀ ਹੋਈ ਹੈ, ਮੋਨਸੀਅਰ ਲਾ ਕਿਉਰ ?"

"ਸਾਨੂੰ ਛੋੜ ਜਾਓ, "ਪਾਦਰੀ ਨੇ ਉੱਤਰ ਦਿੱਤਾ, ਅਤੇ ਰਸੋਈ ਵਿੱਚ ਚਲੇ ਜਾਓ।"

ਉਹ ਦਰਵਾਜ਼ਾ ਜ਼ੋਰ ਨਾਲ ਬੰਦ ਕਰਦੀ ਹੋਈ ਬਾਹਰ ਚਲੀ ਗਈ।

ਤਾਂ ਉਸ ਨੇ ਪੁੱਛਿਆ, "ਮਾਂ ਜੀ, ਤੁਸੀਂ ਮੇਰੇ ਸੰਬੰਧੀ ਕੀ ਕਿਹਾ ਸੀ ?

"ਕਿਉਂ, ਜੋ ਔਰਤ ਆਮ ਤੌਰ 'ਤੇ ਆਦਮੀ ਸੰਬੰਧੀ ਕਹਿੰਦੀ ਹੈ : ਤੁਸੀਂ ਨਾਲ ਨਹੀਂ ਜਾ ਸਕਦੇ ਸੀ, ਬੜੀ ਹੈਰਾਨਗੀ ਦੀ ਗੱਲ ਹੈ ਅਤੇ ਇਹ ਕਿ ਤੁਹਾਡੀ ਜ਼ਿੰਦਗੀ ਤੁਹਾਡੇ ਖ਼ਾਸ ਵਿਚਾਰਾਂ ਨਾਲ ਮੁਸੀਬਤ ਵਾਲੀ ਹੋ ਜਾਵੇਗੀ।

"ਕੀ ਉਹ ਅਕਸਰ ਕਹਿੰਦੀ ਸੀ ?"

"ਹਾਂ, ਪਰੰਤੂ ਕਈ ਵਾਰੀ ਸੰਕੇਤਾਂ ਵਿੱਚ, ਇਸ ਡਰ ਨਾਲ ਕਿ ਮੈਂ ਸਮਝ ਜਾਵਾਂਗਾ। ਪਰੰਤੂ ਇਸ ਦੇ ਬਾਵਜੂਦ ਮੈਂ ਸਭ ਕੁਝ ਸਮਝ ਗਿਆ।"

"ਅਤੇ ਉਹ ਤੁਹਾਡੇ ਨਾਲ ਉਸ ਘਰ ਵਿੱਚ ਕਿਵੇਂ ਸਲੂਕ ਕਰਦੇ ਸਨ ?

"ਮੇਰੇ ਨਾਲ?" ਉਹ ਪਹਿਲਾਂ ਪਹਿਲ ਚੰਗਾ ਸਲੂਕ ਕਰਦੇ ਸਨ ਅਤੇ ਬਾਅਦ ਵਿੱਚ ਬਹੁਤ ਹੀ ਬੁਰਾ। ਜਦੋਂ ਮਾਂ ਨੇ ਵੇਖਿਆ ਕਿ ਮੈਂ ਉਸ ਨਾਲ ਦਖ਼ਲ ਅੰਦਾਜ਼ੀ ਕਰ ਰਿਹਾ ਹਾਂ ਤਾਂ ਉਸ ਨੇ ਮੈਨੂੰ ਝੰਜੋੜਿਆ ।

"ਕਿਵੇਂ ?"

"ਕਿਵੇਂ ? ਬਹੁਤ ਸੌਖੀ ਤਰ੍ਹਾਂ। ਜਦੋਂ ਮੈਂ ਸੋਲ੍ਹਾਂ ਸਾਲ ਦਾ ਸੀ, ਮੈਨੂੰ ਕਈ ਰਗੜਾਂ ਆ ਗਈਆਂ ਅਤੇ ਉਨ੍ਹਾਂ ਬਦਮਾਸ਼ਾਂ ਨੇ ਮੇਰੇ ਤੋਂ ਛੁਟਕਾਰਾ ਪਾਉਣ ਲਈ ਮੈਨੂੰ ਸੁਧਾਰ-ਘਰ ਵਿੱਚ ਦਾਖ਼ਲ ਕਰ ਦਿਤਾ । ਉਸ ਨੇ ਆਪਣੀਆਂ ਕੂਹਣੀਆਂ ਮੇਜ਼ ਉੱਤੇ ਰੱਖ ਦਿੱਤੀਆਂ ਅਤੇ ਆਪਣੀਆਂ ਗਲ੍ਹਾਂ ਆਪਣੀਆਂ ਤਲੀਆਂ ਵਿੱਚ ਰੱਖ ਲਈਆਂ । ਉਸ ਨੇ ਬਹੁਤ ਬੁਰੀ ਤਰ੍ਹਾਂ ਸ਼ਰਾਬ ਪੀਤੀ ਹੋਈ ਸੀ ਅਤੇ ਆਪਣੀਆਂ ਸ਼ੇਖੀਆਂ ਮਾਰੀ ਜਾਂਦਾ ਸੀ।

ਉਹ ਔਰਤਾਂ ਵਾਲੀ ਨਜ਼ਾਕਤ ਨਾਲ ਮਿੱਠਾ ਮਿੱਠਾ ਹੱਸ ਰਿਹਾ ਸੀ, ਇਹ ਬਦਮਾਸ਼ੀ ਵਾਲੀ ਨਜ਼ਾਕਤ ਜੋ ਪਾਦਰੀ ਜਾਣਦਾ ਸੀ ਅਤੇ ਨਫ਼ਰਤ ਭਰੀ ਨਜ਼ਾਕਤ ਨੂੰ ਭਾਂਪ ਗਿਆ, ਜਿਸ ਨੇ ਉਸ ਉੱਤੇ ਕਾਫ਼ੀ ਸਮਾਂ ਪਹਿਲਾਂ ਡੋਰੀ ਪਾਈ ਹੋਈ ਸੀ ਅਤੇ ਉਸ ਲਈ ਮੁਸੀਬਤ ਦਾ ਕਾਰਨ ਬਣੀ ਹੋਈ ਸੀ । ਹੁਣ ਉਸ ਦੀ ਮਾਂ ਨਾਲ ਇਸ ਬੱਚੇ ਦੀ ਸ਼ਕਲ ਮਿਲਦੀ ਸੀ, ਬਹੁਤਾ ਉਸ ਦੇ ਨੈਣ-ਨਕਸ਼ਾਂ ਕਰ ਕੇ ਨਹੀਂ ਪਰੰਤੂ ਉਸ ਲੁਭਾਏਮਾਨ ਅਤੇ ਧੋਖਾ ਦੇਣ ਵਾਲੀ ਨਜ਼ਰ ਕਰਕੇ ਸੀ ਅਤੇ ਉਸ ਦੇ ਹੋਠਾਂ ਉੱਤੇ ਜੋ ਝੂਠਾ ਹਾਸਾ ਸੀ, ਤੋਂ ਅੰਦਰ ਨਮੋਸ਼ੀ ਦਾ ਪਤਾ ਚਲਦਾ ਸੀ।

ਫ਼ਿਲਪ-ਅਗਸਤ ਬਿਆਨ ਕਰਨ ਲੱਗਾ: "ਆਹ ! ਆਹ ! ਆਹ ! ਸੁਧਾਰ-ਘਰ ਛੱਡਣ ਤੋਂ ਪਿੱਛੋਂ ਮੇਰੀ ਜ਼ਿੰਦਗੀ ਬਹੁਤ ਅੱਛੀ ਗੁਜ਼ਰ ਰਹੀ ਸੀ । ਇਕ ਵੱਡੇ ਲੇਖਕ ਨੂੰ ਇਸ ਲਈ ਵੱਡੀ ਰਕਮ ਦੇਣੀ ਪਵੇਗੀ। ਕਿਉਂ, ਬਜ਼ੁਰਗ ਪੀਅਰ ਡੂਮਾਸ ਦੀ ਮੌਂਟੇ ਕਰਿਸਟੋ ਨੂੰ ਮੇਰੇ ਤੋਂ ਵੱਧ ਕੰਮ ਨਹੀਂ ਸਨ ।

ਉਹ ਸ਼ਰਾਬੀ ਦੀ ਤਰ੍ਹਾਂ ਗੱਲਾਂ ਕਰਨ ਲਈ ਖੜ੍ਹਾ ਹੋ ਗਿਆ, ਫਿਰ ਉਸ ਨੇ ਹੌਲੀ ਹੌਲੀ ਬੋਲਣਾ ਸ਼ੁਰੂ ਕੀਤਾ:

"ਜਦੋਂ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਲੜਕਾ ਅੱਛਾ ਬਣੇ, ਤਾਂ ਉਸ ਨੇ ਜੋ ਕੁਝ ਵੀ ਕੀਤਾ ਹੈ, ਉਸ ਦੀ ਪਰਵਾਹ ਨਾ ਕਰੋ। ਸਭਾਵਾਂ ਬੁਰੀਆਂ ਹੁੰਦੀਆਂ ਹਨ। ਹੁਣ ਮੈਨੂੰ ਬੜੀ ਭਾਰੀ ਰਗੜ ਹੈ। ਇਕ ਰਾਤ ਤਕਰੀਬਨ 9 ਵਜੇ ਮੈਂ ਆਪਣੇ ਤਿੰਨ ਸਾਥੀਆਂ ਨਾਲ ਥੋੜ੍ਹੀ ਜਿਹੀ ਸ਼ਰਾਬ ਪੀਤੀ ਹੋਈ ਸੀ - ਫੋਲੈਂਸ ਦੇ ਕਿਲ੍ਹੇ ਦੇ ਨੇੜੇ ਸੜਕ 'ਤੇ ਜਾ ਰਹੇ ਸਨ। ਅਚਾਨਕ ਇਕ ਗੱਡੀ ਖੜ੍ਹੀ ਹੋਈ ਨਜ਼ਰੀਂ ਪਈ ਅਤੇ ਡਰਾਈਵਰ ਅਤੇ ਉਸ ਦਾ ਪਰਿਵਾਰ ਇਸ ਵਿੱਚ ਸੁੱਤਾ ਪਿਆ ਸੀ। ਉਹ ਮਾਰਟੀਨਨ ਦੇ ਰਹਿਣ ਵਾਲੇ ਲੋਕ ਸਨ ਜੋ ਸ਼ਹਿਰ ਵਿੱਚੋਂ ਆਪਣੇ ਘਰ ਜਾ ਰਹੇ ਸਨ। ਮੈਂ ਘੋੜੇ ਦੀ ਵਾਂਗ ਫੜ ਲਈ, ਘੋੜੇ ਨੂੰ ਬੇੜੀ ਵੱਲ ਜਾਣ ਦਿੱਤਾ, ਇਸ ਨੂੰ ਇਸ ਵਿੱਚ ਘੁਮਾਇਆ ਅਤੇ ਬੇੜੀ ਨੂੰ ਨਦੀ ਦੇ ਅੱਧ ਵਿੱਚ ਲੈ ਗਿਆ। ਇਸ ਨਾਲ ਕੁਝ ਸ਼ੋਰ ਪੈਦਾ ਹੋ ਗਿਆ ਅਤੇ ਡਰਾਈਵਰ ਜਾਗ ਪਿਆ। ਉਹ ਹਨੇਰੇ ਵਿੱਚੋਂ ਵੇਖ ਨਹੀਂ ਸਕਦਾ ਸੀ, ਪਰੰਤੂ ਘੋੜੇ ਨੂੰ ਚਾਬਕ ਮਾਰੀ ਜੋ ਦੌੜਨ ਲੱਗ ਪਿਆ ਅਤੇ ਸਾਰੇ ਭਾਰ ਸਮੇਤ ਪਾਣੀ ਵਿੱਚ ਵੜ ਗਿਆ। ਸਾਰੇ ਡੁੱਬ ਗਏ। ਮੇਰੇ ਸਾਥੀਆਂ ਨੇ ਮੈਨੂੰ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ, ਭਾਵੇਂ ਉਨ੍ਹਾਂ ਨੇ ਸੋਚਿਆ ਕਿ ਇਹ ਇਕ ਚੰਗੀ ਮਜ਼ਾਕ ਸੀ ਜਦੋਂ ਉਨ੍ਹਾਂ ਨੇ ਮੈਨੂੰ ਇਹ ਕਰਦਿਆਂ ਵੇਖਿਆ। ਅਸਲ ਵਿੱਚ ਅਸੀਂ ਨਹੀਂ ਸੋਚਿਆ ਕਿ ਇਹ ਉਸ ਰਸਤੇ ਨਿਕਲ ਜਾਵੇਗਾ। ਮਜ਼ਾਕ ਵਜੋਂ ਅਸੀਂ ਲੋਕਾਂ ਨੂੰ ਗੋਤਾ ਦੇਣਾ ਚਾਹੁੰਦੇ ਸੀ। ਇਸ ਪਿੱਛੋਂ ਮੈਂ ਪਹਿਲਾਂ ਬਦਲਾ ਲੈਣ ਲਈ ਘਟੀਆ ਤੋਂ ਘਟੀਆ ਅਪਰਾਧ ਕੀਤੇ, ਜੋ ਇੱਜ਼ਤ ਵਜੋਂ, ਸੁਧਾਰ ਘਰ ਦੀ ਪੁਸ਼ਟੀ ਨਹੀਂ ਕਰਦੇ ਸਨ। ਪਰੰਤੂ ਉਨ੍ਹਾਂ ਨੂੰ ਦੱਸਣ ਦਾ ਕੀ ਲਾਭ ਹੈ ? ਮੈਂ ਤੁਹਾਨੂੰ ਅੰਤਿਮ ਸਥਿਤੀ ਬਾਰੇ ਦੱਸ ਰਿਹਾ ਹਾਂ, ਪਰੰਤੂ ਮੈਨੂੰ ਯਕੀਨ ਹੈ ਕਿ ਤੁਹਾਨੂੰ ਇਹ ਖ਼ੁਸ਼ ਰੱਖੇਗੀ। ਪਾਪਾ ਜੀ, ਮੈਂ ਤੁਹਾਡਾ ਬਦਲਾ ਲੈ ਰਿਹਾ ਹਾਂ।"

ਐਬੇ ਆਪਣੇ ਪੁੱਤਰ ਨੂੰ ਵੇਖ ਰਿਹਾ ਸੀ, ਜਿਸ ਦੀਆਂ ਅੱਖਾਂ ਡਰੀਆਂ ਹੋਈਆਂ ਪ੍ਰਤੀਤ ਹੁੰਦੀਆਂ ਸਨ, ਉਸ ਨੇ ਖਾਣਾ ਛੱਡ ਦਿੱਤਾ ਸੀ।

ਫ਼ਿਲਪ-ਅਗਸਤ ਕਹਿਣ ਹੀ ਲੱਗਾ ਸੀ ।" ਨਹੀਂ, ਅਜੇ ਨਹੀਂ", ਪਾਦਰੀ ਨੇ ਕਿਹਾ, "ਬੜੀ ਦੇਰ ਬਾਅਦ।"

ਅਤੇ ਉਹ ਚੀਨੀ ਘੜਿਆਲ ਨੂੰ ਮਾਰਨ ਲਈ ਮੁੜਿਆ।

ਮਾਰਗਰਾਈਟ ਫ਼ੌਰਨ ਹਾਜ਼ਰ ਹੋ ਗਈ, ਉਸ ਦੇ ਮਾਲਕ ਨੇ ਅਜਿਹੀ ਭੱਦੀ ਆਵਾਜ਼ ਨਾਲ ਉਸ ਨੂੰ ਸੰਬੋਧਨ ਕੀਤਾ ਕਿ ਉਸ ਨੇ ਆਪਣਾ ਸਿਰ ਪੂਰਨ ਡਰ ਕਰ ਕੇ ਲਟਕਾਇਆ ਹੋਇਆ ਸੀ : ਲੈਂਪ ਅਤੇ ਫਲ਼ ਲੈ ਆਓ ਅਤੇ ਫਿਰ ਜਦ ਤੱਕ ਮੈਂ ਨਾ ਬੁਲਾਵਾਂ ਤੁਸੀਂ ਅੰਦਰ ਨਹੀਂ ਆਉਣਾ ।"

ਉਹ ਚਲੀ ਗਈ ਅਤੇ ਹਰੇ ਰੰਗ ਦੇ ਢੱਕਣ ਵਾਲੀ ਮੋਟੇ ਤੇਲ ਵਾਲੀ ਲੈਂਪ ਲੈ ਕੇ ਮੁੜ ਆਈ ਅਤੇ ਪਨੀਰ ਦਾ ਇਕ ਵੱਡਾ ਸਾਰਾ ਟੁਕੜਾ ਅਤੇ ਕੁਝ ਫਰੂਟ ਲੈ ਆਈ ।

ਉਸ ਦੇ ਜਾਣ ਤੋਂ ਪਿੱਛੋਂ ਐਬੇ ਪੂਰਨ ਤੌਰ 'ਤੇ ਆਪਣੇ ਲੜਕੇ ਕੋਲ ਆ ਗਿਆ ।

"ਹੁਣ ਮੈਂ ਤੁਹਾਨੂੰ ਸੁਣਨ ਲਈ ਤਿਆਰ ਹਾਂ ।"

ਫ਼ਿਲਪ-ਅਗਸਤ ਨੇ ਹੌਲੀ ਜਿਹੇ ਆਪਣੀ ਪਲੇਟ ਫਲ਼ਾਂ ਨਾਲ ਭਰ ਲਈ ਅਤੇ ਗਲਾਸ ਵਿੱਚ ਸ਼ਰਾਬ ਪਾਈ।

ਦੂਜੀ ਬੋਤਲ ਤਕਰੀਬਨ ਖ਼ਤਮ ਸੀ, ਭਾਵੇਂ ਪਾਦਰੀ ਨੇ ਹੱਥ ਤੱਕ ਨਹੀਂ ਲਾਇਆ ਸੀ।

ਉਸ ਦਾ ਮੂੰਹ ਅਤੇ ਜੇਬ, ਖਾਣੇ ਅਤੇ ਸ਼ਰਾਬ ਨਾਲ ਭਰੀ ਹੋਈ ਸੀ, ਨੇ ਥਥਲਾ ਕੇ ਕਿਹਾ : "ਅੱਛਾ ਹੁਣ ਇਹ ਆਖ਼ਰੀ ਕੰਮ ਸੀ । ਇਹ ਬਹੁਤ ਅੱਛੀ ਗੱਲ ਹੈ। ਮੈਂ ਦੋਬਾਰਾ ਘਰ ਗਿਆ- ਉਨ੍ਹਾਂ ਦੇ ਬਾਵਜੂਦ ਉੱਥੇ ਰਿਹਾ, ਕਿਉਂਕਿ ਉਹ ਮੇਰੇ ਤੋਂ ਡਰਦੇ ਸਨ-ਹਾਂ, ਮੇਰੇ ਤੋਂ ਡਰਦੇ ਸਨ । ਆਹ ! ਤੁਸੀਂ ਮੇਰੇ ਨਾਲ ਮਜ਼ਾਕ ਨਹੀਂ ਕਰ ਸਕਦੇ; ਤੁਸੀਂ ਜਾਣਦੇ ਹੋ-ਮੈਂ ਹਰੇਕ ਕੰਮ ਕਰਾਂਗਾ। ਜਦੋਂ ਮੈਂ ਨਸ਼ੇ ਵਿੱਚ ਹੋਵਾਂ । ਉਹ ਕਦੇ ਕਦਾਈਂ ਇਕੱਠੇ ਰਹਿੰਦੇ ਸਨ । ਬਜ਼ੁਰਗ ਆਦਮੀ ਦੇ ਦੋ ਮਕਾਨ ਸਨ । ਇਕ ਸਰਕਾਰੀ, ਸੈਨੇਟਰ ਲਈ ਅਤੇ ਦੂਜਾ ਲੁਕੇ ਹੋਏ ਆਸ਼ਿਕ ਲਈ। ਫਿਰ ਵੀ ਉਹ ਪਹਿਲੇ ਦੀ ਬਜਾਏ ਦੂਜੇ ਘਰ ਵਿੱਚ ਰਹਿੰਦਾ ਸੀ, ਕਿਉਂਕਿ ਉਹ ਮਾਂ ਤੋਂ ਬਿਨਾਂ ਨਹੀਂ ਰਹਿ ਸਕਦਾ ਸੀ । ਮਾਂ ਬਹੁਤ ਤੇਜ਼ ਸੀ-ਉਹ ਜਾਣਦੀ ਸੀ ਕਿ ਆਦਮੀ ਨੂੰ ਕਿਵੇਂ ਕਾਬੂ ਕਰੀਂਦਾ ਹੈ— ਉਸ ਨੇ ਉਸ ਨੂੰ ਇਨਸਾਨ ਸਮਝਿਆ ਸੀ ਅਤੇ ਆਖ਼ਰੀ ਸਮੇਂ ਤੱਕ ਆਪਣੇ ਕੋਲ ਰੱਖਿਆ। ਅੱਛਾ, ਮੈਂ ਵਾਪਸ ਆ ਗਿਆ ਸੀ ਅਤੇ ਉਨ੍ਹਾਂ ਨੂੰ ਡਰਾ ਕੇ ਰੱਖਿਆ । ਮੇਰੇ ਸਾਧਨ ਹਨ -ਕੋਈ ਆਦਮੀ ਮੇਰੀ ਸਿਆਣਪ ਅਤੇ ਤਾਕਤ ਦਾ ਮੁਕਾਬਲਾ ਨਹੀਂ ਕਰਦਾ- ਮੈਂ ਕਿਸੇ ਆਦਮੀ ਤੋਂ ਨਹੀਂ ਡਰਦਾ । ਅੱਛਾ, ਮਾਂ ਬਿਮਾਰ ਹੋ ਗਈ ਅਤੇ ਬਜ਼ੁਰਗ ਆਦਮੀ ਉਸ ਨੂੰ ਜੰਗਲ ਵਰਗੇ ਵੱਡੇ ਪਾਰਕ ਵਿੱਚ ਸਥਿਤ

ਮੀਊਲਨ ਦੇ ਨੇੜੇ ਪਿੰਡ ਵਿਚਲੇ ਇਕ ਵਧੀਆ ਥਾਂ ਵਿੱਚ ਲੈ ਗਿਆ। ਜਿਵੇਂ ਕਿ ਮੈਂ ਤੁਹਾਨੂੰ ਦੱਸਿਆ ਸੀ, ਮੈਂ ਤਕਰੀਬਨ ਅਠਾਰਾਂ ਮਹੀਨੇ ਉੱਥੇ ਰਿਹਾ। ਉਹ ਪੈਰਿਸ ਤੋਂ ਹਰ ਰੋਜ਼ ਆਉਂਦਾ ਸੀ-ਉਹ ਵਾਕਈ ਮੁਸੀਬਤ ਵਿੱਚ ਸੀ ।

ਇਕ ਸਵੇਰ ਉਨ੍ਹਾਂ ਨੇ ਕਾਫ਼ੀ ਸਮਾਂ ਮੇਰਾ ਖ਼ਿਆਲ ਹੈ ਇਕ ਘੰਟਾ ਗੱਲਬਾਤ ਕੀਤੀ ਅਤੇ ਮੈਂ ਖ਼ਿਆਲ ਤੱਕ ਨਹੀਂ ਸੀ ਕਰ ਸਕਦਾ ਕਿ ਉਹ ਕਿਸ ਮਾਮਲੇ ਸੰਬੰਧੀ ਗੱਲਬਾਤ ਕਰ ਰਹੇ ਸਨ । ਮਾਂ ਜੀ ਨੇ ਮੈਨੂੰ ਅਚਾਨਕ ਅੰਦਰ ਬੁਲਾਇਆ ਅਤੇ ਕਿਹਾ: "ਮੈਂ ਮਰਨ ਜਾ ਰਹੀ ਹਾਂ ਅਤੇ ਕਾਊਂਟ ਦੀ ਸਲਾਹ ਦੇ ਬਾਵਜੂਦ ਮੈਂ ਤੁਹਾਨੂੰ ਕੁਝ ਗੱਲ ਪਹਿਲਾਂ ਦੱਸਣ ਲੱਗੀ ਹਾਂ । ਉਸ ਦੀ ਗੱਲ ਕਰਨ ਲੱਗਿਆਂ ਉਹ ਸਦਾ ਕਹਿੰਦੀ ਹੁੰਦੀ ਸੀ 'ਕਾਊਂਟ ।' ਇਹ ਤੁਹਾਡੇ ਪਿਤਾ ਜੀ ਦਾ ਨਾਂ ਹੈ, ਜੋ ਜ਼ਿੰਦਾ ਹੈ । ਮੈਂ ਉਸ ਤੋਂ ਇਸ ਬਾਰੇ ਪੰਜਾਹ ਤੋਂ ਵੱਧ ਵਾਰੀ-ਆਪਣੇ ਪਿਤਾ ਜੀ ਦਾ ਨਾਂ ਪੁੱਛਿਆ ਸੀ-ਅਤੇ ਉਹ ਸਦਾ ਦੱਸਣ ਤੋਂ ਇਨਕਾਰ ਕਰ ਦਿੰਦੀ ਸੀ । ਮੇਰਾ ਖ਼ਿਆਲ ਹੈ ਕਿ ਮੈਂ ਉਸ ਨੂੰ ਇਕ ਵਾਰ ਮਾਰਿਆ ਵੀ ਸੀ ਕਿ ਮੈਨੂੰ ਦੱਸੋ, ਪਰੰਤੂ ਇਸ ਦਾ ਕੋਈ ਲਾਭ ਨਹੀਂ ਸੀ, ਤਾਂ ਮੇਰੇ ਤੋਂ ਛੁਟਕਾਰਾ ਪਾਉਣ ਲਈ, ਉਸ ਨੇ ਮੈਨੂੰ ਦੱਸਿਆ, ਕਿ ਤੁਸੀਂ ਵਿਚਾਰੇ ਕੰਗਾਲ ਮਰ ਚੁੱਕੇ ਸੀ ਕਿ ਤੁਸੀਂ ਨਿਕੰਮੇ ਸੀ ਅਤੇ ਉਸ ਨੇ ਜਵਾਨੀ ਵਿੱਚ ਇਕ ਗ਼ਲਤੀ ਕੀਤੀ ਸੀ, ਇਕ ਮਾਸੂਮ ਲੜਕੀ ਦੀ ਗ਼ਲਤੀ । ਉਸ ਨੇ ਬੜਾ ਸੁਹਣਾ ਝੂਠ ਬੋਲਿਆ, ਮੈਂ ਵਿਸ਼ਵਾਸ ਕਰ ਲਿਆ ਕਿ ਤੁਸੀਂ ਮਰ ਗਏ ਹੋ । "ਅੰਤ ਵਿੱਚ ਉਸ ਨੇ ਕਿਹਾ : 'ਇਹ ਤੁਹਾਡੇ ਪਿਤਾ ਜੀ ਦਾ ਨਾਂ ਹੈ ।'

ਬਜ਼ੁਰਗ ਆਦਮੀ ਜੋ ਬਾਜ਼ੂਆਂ ਵਾਲੀ ਕੁਰਸੀ 'ਤੇ ਬੈਠਾ ਹੋਇਆ ਸੀ; ਨੇ ਤਿੰਨ ਵਾਰ ਇਸ ਤਰ੍ਹਾਂ ਦੁਹਰਾਇਆ: ਤੁਸੀਂ ਗ਼ਲਤੀ 'ਤੇ ਹੋ, ਤੁਸੀਂ ਗ਼ਲਤੀ 'ਤੇ ਹੋ । ਤੁਸੀਂ ਗ਼ਲਤੀ ਤੇ ਹੋ ਰੋਜ਼ੈਟੇ

"ਮਾਂ ਬਿਸਤਰੇ ਵਿੱਚ ਬੈਠ ਗਈ । ਮੈਂ ਹੁਣ ਉਸ ਨੂੰ, ਜਿਸ ਦੀਆਂ ਗੁਲਾਬੀ ਗੱਲ੍ਹਾਂ ਅਤੇ ਚਮਕ ਰਹੀਆਂ ਅੱਖਾਂ ਹਨ, ਵੇਖ ਰਿਹਾ ਹਾਂ, ਉਹ ਕਿਸੇ ਵੀ ਗੱਲ ਦੇ ਬਾਵਜੂਦ ਮੈਨੂੰ ਪਿਆਰ ਕਰਦੀ ਸੀ ਅਤੇ ਉਸ ਨੇ ਕਿਹਾ, 'ਤਾਂ ਤੁਸੀਂ ਉਸ ਲਈ ਕੁਝ ਜ਼ਰੂਰ ਕਰੋ । ਉਸ ਨਾਲ ਗੱਲਬਾਤ ਕਰਨ ਲੱਗਿਆਂ, ਉਹ ਉਸ ਨੂੰ 'ਫ਼ਿਲਿਪ ਅਤੇ ਮੈਨੂੰ 'ਅਗਸਤ' ਕਹਿੰਦੀ ਹੁੰਦੀ ਸੀ ।'

“ਉਹ ਇਕ ਪਾਗ਼ਲ ਦੀ ਤਰ੍ਹਾਂ ਚੀਕਾਂ ਮਾਰ ਰਿਹਾ ਸੀ 'ਉਸ ਬਦਮਾਸ਼, ਉਸ ਲਫ਼ੰਗੇ, ਉਸ ਦੋਸ਼ੀ ਲਈ ਕੁਝ ਕਰੋ! ਕਦੇ ਨਹੀਂ!

ਅਤੇ ਉਸ ਨੇ ਮੈਨੂੰ ਗਾਲ੍ਹਾਂ ਕੱਢੀਆਂ, ਜਿਵੇਂ ਕਿ ਉਸ ਨੇ ਸਾਰੀ ਜ਼ਿੰਦਗੀ ਗਾਲ੍ਹਾਂ ਕੱਠੀਆਂ ਕਰਨ ਤੋਂ ਸਿਵਾਏ ਕੁਝ ਕੀਤਾ ਹੀ ਨਾ ਹੋਵੇ ।

"ਮੈਂ ਗ਼ੁੱਸੇ ਵਿੱਚ ਸੀ, ਪਰੰਤੂ ਮਾਂ ਜੀ ਨੇ ਮੈਨੂੰ ਜ਼ੁਬਾਨ ਕਾਬੂ ਵਿੱਚ ਰੱਖਣ ਲਈ ਕਿਹਾ ਅਤੇ ਉਸ ਨੇ ਕਿਹਾ :ਤਾਂ ਤੁਸੀਂ ਚਾਹੁੰਦੇ ਹੋ ਕਿ ਮੈਂ ਭੁੱਖਾ ਮਰਾਂ, ਕਿਉਂਕਿ ਤੁਸੀਂ ਜਾਣਦੇ ਹੋ ਕਿ ਮੇਰੇ ਕੋਲ ਕੁਝ ਵੀ ਨਹੀਂ ਹੈ ।

"ਬਿਨਾਂ ਚੁੱਪ ਕੀਤੇ ਉਹ ਕਹਿੰਦਾ ਗਿਆ, 'ਰੋਜ਼ੇਟ, ਮੈਂ ਤੁਹਾਨੂੰ ਪੈਂਤੀ ਹਜ਼ਾਰ ਫਰੈਂਕਸ ਪ੍ਰਤੀ ਸਾਲ ਦੇ ਹਿਸਾਬ ਨਾਲ ਤੀਹ ਸਾਲ ਤੱਕ ਦਿੰਦਾ ਰਿਹਾ ਹਾਂ-ਇਹ ਰਕਮ 10 ਲੱਖ ਫਰੈਂਕਸ ਤੋਂ ਵੱਧ ਬਣਦੀ ਹੈ । ਮੈਂ ਤੁਹਾਨੂੰ ਇਸ ਯੋਗ ਬਣਾਇਆ ਕਿ ਤੁਸੀਂ ਇਕ ਅਮੀਰ ਮਹਿਬੂਬਾ ਦੇ ਤੌਰ ’ਤੇ ਰਹੋ ਅਤੇ ਮੈਂ ਇਹ ਕਹਾਂ ਕਿ ਇਕ ਸੁਖੀ ਔਰਤ । ਮੈਂ ਉਸ ਆਦਮੀ ਦਾ ਕੁਝ ਨਹੀਂ ਦੇਣਾ, ਜਿਸ ਨੇ ਸਾਡੀ ਆਖ਼ਰੀ ਜ਼ਿੰਦਗੀ ਤਬਾਹ ਕਰ ਦਿਤੀ ਹੈ, ਮੈਂ ਉਸ ਨੂੰ ਇਕ ਸੈਂਟ ਵੀ ਨਹੀਂ ਦੇਵਾਂਗਾ । ਇਸ ਗੱਲ ਉੱਤੇ ਡਟੇ ਰਹਿਣਾ ਫ਼ਜ਼ੂਲ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਉਸ ਨੂੰ ਪਿਤਾ ਦਾ ਨਾਂ ਦਸ ਸਕਦੇ ਹੋ । ਮੈਨੂੰ ਬੜਾ ਅਫ਼ਸੋਸ ਹੈ, ਪਰੰਤੂ ਮੈਂ ਆਪਣਾ ਸੰਬੰਧ ਉਸ ਨਾਲ ਤੋੜਨਾ ਚਾਹੁੰਦਾ ਹਾਂ।”

"ਇਸ ਪਿੱਛੋਂ ਮਾਂ ਨੇ ਮੂੰਹ ਮੇਰੇ ਵੱਲ ਕੀਤਾ। ਮੈਂ ਖ਼ਿਆਲ ਕੀਤਾ: 'ਅੱਛਾ !ਹੁਣ ਮੈਨੂੰ ਆਪਣਾ ਅਸਲੀ ਪਿਤਾ ਮਿਲ ਜਾਵੇਗਾ-ਜੇ ਉਸ ਕੋਲ ਪੈਸਾ ਹੋਵੇਗਾ ਤਾਂ ਮੇਰੀ ਜ਼ਿੰਦਗੀ ਬਚ ਜਾਵੇਗੀ ।'

"ਉਹ ਕਹਿੰਦੀ ਗਈ: “ਤੇਰੇ ਪਿਤਾ ਜੀ, ਬੈਰਨ ਡੇ ਵਿਲਬੋਸ, ਹੁਣ ਐਬੇ ਵਿਲਬੋਸ ਦੇ ਨਾਂ ਨਾਲ ਸੱਦੇ ਜਾਂਦੇ ਹਨ, ਅਤੇ ਟਾਊਲਨ ਦੇ ਨੇੜੇ ਰਨੇਡੂ ਦਾ ਪਾਦਰੀ ਹੈ । ਮੇਰੇ ਕਾਊਂਟ ਲਈ ਜਾਣ ਤੋਂ ਪਹਿਲਾਂ ਉਹ ਮੇਰਾ ਆਸ਼ਕ ਸੀ।

"ਉਸ ਨੇ ਮੈਨੂੰ ਸਾਰਾ ਕੁਝ ਦੱਸਿਆ, ਸਿਵਾਏ ਇਸ ਗੱਲ ਦੇ ਕਿ ਉਸ ਨੇ ਤੁਹਾਨੂੰ ਆਪਣੇ ਹਮਲ ਠਹਿਰਨ ਬਾਰੇ ਧੋਖਾ ਦਿੱਤਾ ਸੀ । ਪਰੰਤੂ ਤੁਸੀਂ ਜਾਣਦੇ ਹੋ ਕਿ ਔਰਤਾਂ ਸਾਰੀ ਸੱਚਾਈ ਨਹੀਂ ਦੱਸਦੀਆਂ।

ਮਖ਼ੌਲ ਵਿੱਚ ਅਤੇ ਅਚੇਤ ਰੂਪ ਵਿੱਚ ਉਹ ਆਪਣੀ ਗੰਦੀ ਫ਼ਿਤਰਤ ਦੀਆਂ ਡੂੰਘਾਈਆਂ ਦਰਸਾ ਰਿਹਾ ਸੀ । ਚਮਕਦੇ ਹੋਏ ਚਿਹਰੇ ਨਾਲ ਉਹ ਗਿਲਾਸ ਆਪਣੇ ਹੇਠਾਂ ਤੱਕ ਲੈ ਗਿਆ ਅਤੇ ਕਿਹਾ:

"ਮਾਤਾ ਜੀ, ਦੋ ਦਿਨ -ਦੋ ਦਿਨ ਬਾਅਦ ਮਰ ਗਏ । ਅਸੀਂ ਕਬਰ ਵਿੱਚ ਉਸ ਦੀਆਂ ਹੱਡੀਆਂ ਤੱਕ ਵੇਖੀਆਂ, ਉਸ ਨੇ ਅਤੇ ਮੈਂ ਇਸ ਤਰ੍ਹਾਂ ਕਹਿ ਲਵੋ -ਕੀ ਇਹ ਮਖ਼ੌਲ ਨਹੀਂ ਸੀ । ਉਸ ਨੇ ਬਛੜੇ ਵਾਂਗ ਚੀਕ ਮਾਰੀ -ਅਸੀਂ ਇਕ ਦੂਜੇ ਦੇ ਕੋਲ ਸੀ -ਅਸੀਂ ਪਿਤਾ ਅਤੇ ਪੁੱਤਰ ਦੀ ਤਰ੍ਹਾਂ ਸਾਂ ।

"ਫਿਰ ਉਹ ਇਕੱਲਾ ਘਰ ਨੂੰ ਚਲਾ ਗਿਆ । ਮੈਂ ਆਪਣੇ ਆਪ ਸੋਚ ਰਿਹਾ ਸੀ : ਹੁਣ ਮੈਂ ਆਪਣਾ ਕਰਜ਼ਾ ਲਵਾਂਗਾ, ਭਾਵੇਂ ਮੇਰੇ ਕੋਲ ਕੋਈ ਪੈਸਾ ਨਹੀਂ ਹੈ। ਮੈਂ ਆਪਣਾ ਬਦਲਾ ਲੈਣ ਲਈ ਕਰ ਸਕਦਾ ਹਾਂ?

ਉਸ ਨੇ ਮੇਰੀ ਬਾਂਹ ਨੂੰ ਹੱਥ ਲਾਇਆ ਅਤੇ ਕਿਹਾ: “ਮੈਂ ਤੁਹਾਨੂੰ ਕੁਝ ਕਹਿਣਾ ਚਾਹੁੰਦਾ ਹਾਂ । "ਮੈਂ ਉਸ ਦੇ ਪਿੱਛੇ ਦਫ਼ਤਰ ਗਿਆ । ਉਹ ਉਸ ਦੇ ਡੈਸਕਸ ਦੇ ਸਾਹਮਣੇ ਬੈਠ ਗਿਆ ਅਤੇ ਉਸ ਨੇ ਆਪਣੇ ਅੱਥਰੂ ਪੂੰਝਦੇ ਹੋਏ ਮੈਨੂੰ ਕਿਹਾ ਕਿ ਉਹ ਮੇਰੇ ਨਾਲ ਇੰਨੀ ਸਖ਼ਤੀ ਨਹੀਂ ਵਰਤੇਗਾ ਜਿਵੇਂ ਕਿ ਉਸ ਨੇ ਕਿਹਾ ਹੈ ਕਿ ਉਸ ਦੀ ਮਾਂ ਨਾਲ ਵਰਤੇਗਾ । ਉਸ ਨੇ ਮੇਰੇ ਪਾਸੋਂ ਮੰਗ ਕੀਤੀ ਕਿ ਤੈਨੂੰ ਇਕੱਲਾ ਛੱਡਿਆ ਜਾਵੇ । ਉਸ ਦਾ ਸੰਬੰਧ ਕੇਵਲ ਤੁਹਾਡੇ ਨਾਲ ਅਤੇ ਮੇਰੇ ਨਾਲ ਹੈ । ਉਸ ਨੇ ਮੈਨੂੰ ਇਕ ਹਜ਼ਾਰ ਫਰੈਂਕਸ-ਇਕ ਹਜ਼ਾਰ -ਇਕ ਹਜ਼ਾਰ ਫਰੈਂਕਸ ਦਾ ਨੋਟ ਦਿੱਤਾ। ਇਕ ਮੇਰੇ ਵਰਗਾ ਆਦਮੀ ਇਕ ਹਜ਼ਾਰ ਫਰੈਂਕਸ ਨਾਲ ਕੀ ਕਰੇਗਾ। ਮੈਂ ਵੀ ਵੇਖਿਆ ਕਿ ਦਰਾਜ਼ ਵਿੱਚ ਬਹੁਤ ਸਾਰੇ ਬਿਲ ਸਨ । ਰਕਮ ਨੂੰ ਵੇਖ ਕੇ ਮੈਂ ਪਾਗ਼ਲ ਹੋ ਗਿਆ। ਮੈਂ ਆਪਣਾ ਹੱਥ ਉਠਾਇਆ, ਜਿਵੇਂ ਪੇਸ਼ ਕੀਤੀ ਰਕਮ ਮੈਂ ਲੈਣ ਲੱਗਾ ਹੋਵਾਂ, ਪਰੰਤੂ ਅਜਿਹਾ ਕਰਨ ਦੀ ਬਜਾਏ, ਮੈਂ ਉਸ ਉੱਤੇ ਝਪਟਾ ਮਾਰਿਆ, ਖਿੱਚ ਕੇ ਧਰਤੀ ’ਤੇ ਸੁੱਟ ਦਿੱਤੇ ਅਤੇ ਉਸ ਦਾ ਗਲ਼ਾ ਦਬਾਈ ਰੱਖਿਆ, ਜਦ ਤੱਕ ਕਿ ਉਸ ਦਾ ਰੰਗ ਓਦਾਂ ਨਹੀਂ ਹੋ ਗਿਆ । ਜਦੋਂ ਮੈਂ ਵੇਖਿਆ ਕਿ ਉਹ ਦੁਬਲੇ ਪਤਲੇ ਸਰੀਰ ਨੂੰ ਛੱਡਣ ਵਾਲਾ ਹੈ ਤਾਂ ਮੈਂ ਉਸ ਦਾ ਗਲ਼ਾ ਦਬਾਇਆ ਅਤੇ ਉਸ ਨੂੰ ਮਾਰਿਆ । ਫਿਰ ਮੈਂ ਉਸ ਨੂੰ ਨੰਗਾ ਕਰ ਦਿੱਤਾ, ਉਸ ਦੇ ਢਿੱਡ ਉੱਤੇ ਬੈਠ ਗਿਆ ਅਤੇ ਆਹ । ਆਹ !ਆਹ ! ਮੈਂ ਤੁਹਾਡਾ ਅਜੀਬ ਢੰਗ ਨਾਲ ਬਦਲਾ ਲੈ ਰਿਹਾ ਹਾਂ"!

ਉਹ ਖੰਘਣ ਲਈ ਖੜੋ ਗਿਆ, ਉਸ ਦਾ ਗਲ਼ਾ ਮੌਜ ਮੇਲੇ ਨਾਲ ਬੰਦ ਹੋ ਗਿਆ । ਉਸ ਨੂੰ ਗ਼ੁੱਸੇ ਨੇ ਅਤੇ ਹਾਸੀ ਭਰੀ ਮੁਸਕਰਾਹਟ ਨੇ ਇਕ ਵਾਰ ਫੇਰ ਉਸ ਔਰਤ ਦੀ ਯਾਦ ਦਿਲਾਈ, ਜਿਸ ਨੇ ਉਸ 'ਤੇ ਮੁਸੀਬਤ ਲਿਆਂਦੀ ਸੀ ।

"ਅਤੇ ਫਿਰ ?" ਉਸ ਨੇ ਪੁੱਛਿਆ ।

ਫਿਰ-ਆਹ ! ਆਹ ! ਆਹ ! ਅੰਗੀਠੀ ਵਿੱਚ ਅੱਗ ਤੇਜ਼ ਭੜਕ ਰਹੀ ਸੀ -ਸਰਦੀ ਸੀ ਦਸੰਬਰ ਦਾ ਮਹੀਨਾ ਸੀ -ਮਾਂ ਮਰ ਗਈ -ਕੋਲੋਂ ਦੀ ਤੇਜ਼ ਅੱਗ -ਮੈਂ ਸੋਚ ਚੁੱਕਿਆ-ਮੈਂ ਇਸ ਨੂੰ ਲਾਲ ਕੀਤਾ ਅਤੇ ਮੈਂ ਉਸ ਦੀ ਪਿੱਠ ਉੱਤੇ ਅੱਠ ਜਾਂ ਇਸ ਤੋਂ ਵੀ ਵੱਧ ਨਿਸ਼ਾਨ ਲਾਏ, ਮੈਨੂੰ ਯਾਦ ਨਹੀਂ ਕਿੰਨੇ ਸਨ -ਫਿਰ ਮੈਂ ਉਸ ਨੂੰ ਉਲਟਾਇਆ ਅਤੇ ਉਸ ਦੇ ਪੇਟ ਉੱਤੇ ਵੀ ਲਾਏ। ਇਸ ਤਰ੍ਹਾਂ ਕਹਿ ਲਵੋ, ਪਾਪਾ ਕੀ ਇਹ ਮਜ਼ਾਕ ਨਹੀਂ ਸੀ? ਪਹਿਲਾਂ ਉਨ੍ਹਾਂ ਨੇ ਦੋਸ਼ੀਆਂ ਨੂੰ ਇਸ ਤਰ੍ਹਾਂ ਗਿਣਿਆ । ਉਹ ਮੱਛੀ ਵਾਂਗ ਤੜਫਿਆ ਪਰੰਤੂ ਮੈਂ ਉਸ ਦਾ ਮੂੰਹ ਬੰਦ ਕਰ ਦਿੱਤਾ ਸੀ ਤਾਂ ਜੋ ਉਸ ਦੀ ਆਵਾਜ਼ ਨਾ ਨਿਕਲ ਸਕੇ । ਮੈਂ ਬਿਲ ਇਕੱਠੇ ਕਰ ਲਏ -ਸਾਰੇ ਗਿਣਤੀ ਵਿੱਚ ਬਾਰਾਂ-ਮੇਰੇ ਸਮੇਤ ਇਹ ਤਰ੍ਹਾਂ ਹੋ ਗਏ -ਇਕ ਬਦਕਿਸਮਤ ਨੰਬਰ ਹੈ। ਮੈਂ ਘਰ ਛੱਡ ਕੇ ਚਲਾ ਗਿਆ। ਨੌਕਰਾਂ ਨੂੰ ਇਹ ਕਹਿਣ ਤੋਂ ਪਿੱਛੋਂ ਕਿ ਉਹ ਰਾਤ ਦੇ ਖਾਣੇ ਤੱਕ ਕਿਉਂਕਿ ਉਹ ਸੁੱਤਾ ਹੋਇਆ ਹੈ, ਮਾਲਕ ਦੀ ਪਰਵਾਹ ਨਾ ਕਰਨ । ਮੇਰਾ ਖ਼ਿਆਲ ਸੀ ਕਿ ਉਹ ਮਾਮਲੇ ਨੂੰ ਦਬਾ ਦੇਣਗੇ ਕਿਉਂਕਿ ਉਹ ਸੈਨੇਟਰ ਹੋ ਅਤੇ ਡਰ ਹੈ ਕਿ ਸਕੈਂਡਲ ਨਾ ਬਣ ਜਾਵੇ। ਮੇਰੀ ਇਹ ਭੁੱਲ ਸੀ । ਚਾਰ ਸਾਲ ਬਾਅਦ ਇਕ ਪੈਰਿਸ ਦੇ ਰੈਸਟੋਰੈਂਟ ਵਿੱਚ ਗ੍ਰਿਫ਼ਤਾਰ ਹੋ ਗਿਆ । ਮੈਨੂੰ ਤਿੰਨ ਸਾਲਾਂ ਲਈ ਨੌਕਰੀ ਮਿਲ ਗਈ। ਇਸ ਕਾਰਣ ਕਰਕੇ ਮੈਂ ਤੁਹਾਡੇ ਕੋਲ ਛੇਤੀ ਨਹੀਂ ਆਇਆ। " ਉਸ ਨੇ ਦੁਬਾਰਾ ਸ਼ਰਾਬ ਪੀ ਲਈ ਅਤੇ ਥਥਲਾਉਣ ਲੱਗ ਪਿਆ। ਇਸ ਨਾਲ ਉਸ ਦੇ ਸ਼ਬਦ ਤਕਰੀਬਨ ਸਮਝ ਨਹੀਂ ਆਉਂਦੇ ਸਨ ।

"ਹੁਣ-ਪਾਪਾ, ਕੀ ਇਹ ਮਜ਼ਾਕ ਨਹੀਂ ਕਿ ਕਿਸੇ ਆਦਮੀ ਦਾ ਪਾਪਾ ਪਾਦਰੀ ਬਣ ਜਾਵੇ । ਤੁਹਾਨੂੰ ਮੇਰੇ ਪ੍ਰਤੀ ਅੱਛਾ ਵਰਤਾਓ ਬਹੁਤ ਅੱਛਾ ਵਰਤਾਓ ਕਰਨਾ ਚਾਹੀਦਾ ਹੈ ਕਿਉਂਕਿ ਤੁਹਾਨੂੰ ਪਤਾ ਹੈ ਕਿ ਮੈਂ ਸਾਧਾਰਨ ਆਦਮੀ ਨਹੀਂ ਹਾਂ ਅਤੇ ਮੈਂ ਉਸ ਬਜ਼ੁਰਗ ਆਦਮੀ ਪ੍ਰਤੀ ਬਹੁਤ ਅੱਛਾ ਕੰਮ ਕੀਤਾ ਹੈ-ਕੀ ਮੈਂ ਨਹੀਂ ਕੀਤਾ?

ਉਹ ਗ਼ੁੱਸਾ ਜਿਸ ਨੇ ਕੁਝ ਸਾਲ ਪਹਿਲਾਂ ਐਬੇ ਵਿਲਬੋਸ ਨੂੰ ਮਾਯੂਸੀ ਦੀ ਹਾਲਤ ਤੱਕ ਪਹੁੰਚਾਇਆ ਸੀ । ਇਸ ਦੁੱਖੀ ਆਦਮੀ ਨੂੰ ਵੇਖ ਕੇ ਮੁੜ ਉਸ ਅੰਦਰ ਜਾਗ ਪਿਆ।

ਜਿਸ ਆਦਮੀ ਨੇ ਪਰਮਾਤਮਾ ਦੇ ਨਾਂ 'ਤੇ ਇਕਬਾਲ ਦੇ ਤਹਿਤ ਉਸ ਦੇ ਕੰਨਾਂ ਵਿੱਚ ਕਹੇ ਬਦਨਾਮ ਭੇਤਾਂ ਲਈ ਆਮ ਮੁਆਫ਼ੀ ਦਿੱਤੀ ਸੀ, ਹੁਣ ਬਹੁਤ ਬੇਰਹਿਮ ਹੋ ਚੁੱਕਿਆ ਸੀ । ਉਸ ਨੇ ਰਹਿਮ ਦਿਲ ਪਰਮਾਤਮਾ ਦੀ ਸਹਾਇਤਾ ਨਹੀਂ ਮੰਗੀ ਸੀ ਕਿਉਂਕਿ ਉਸ ਨੇ ਅਨੁਭਵ ਕੀਤਾ ਸੀ ਕਿ ਇਸ ਧਰਤੀ ਉੱਤੇ ਜਾਂ ਅਸਮਾਨ ਹੇਠਾਂ ਕੋਈ ਵੀ ਸ਼ਕਤੀ ਉਨ੍ਹਾਂ ਨੂੰ ਨਹੀਂ ਬਚਾ ਸਕਦੀ, ਜਿਨ੍ਹਾਂ ਨੂੰ ਅਜਿਹੀ ਮੁਸੀਬਤ ਨੇ ਘੇਰਿਆ ਸੀ ।

ਉਸ ਦੇ ਕ੍ਰੋਧੀ ਦਿਲ ਅਤੇ ਜੋਸ਼ੀਲੇ ਖ਼ੂਨ ਦਾ ਸਾਰਾ ਜੋਸ਼, ਜੋ ਕਾਫ਼ੀ ਸਮਾਂ ਚੁੱਪ ਰਹਿਣ ਕਰ ਕੇ ਖ਼ਤਮ ਹੋ ਗਿਆ ਸੀ, ਦੁੱਖੀ ਆਦਮੀ, ਜੋ ਉਸ ਦਾ ਪੁੱਤਰ ਸੀ, ਵਿਰੁੱਧ ਪੈਦਾ ਹੋ ਗਿਆ । ਉਸ ਨੇ ਉਸ ਪ੍ਰਤੀ ਅਤੇ ਆਪਣੀ ਮਾਂ, ਇਕ ਦੁਖੀ ਮਾਂ, ਜਿਸ ਨੇ ਉਸ ਨੂੰ ਆਪਣੇ ਵਾਂਗ ਬਣਾਇਆ ਸੀ ਪ੍ਰਤੀ ਪਸੰਦਗੀ ਦਾ ਵਿਰੋਧ ਕੀਤਾ; ਉਸ ਨੇ ਆਪਣੇ ਭਾਗਾਂ ਵਿਰੁੱਧ, ਜਿਸ ਨੇ ਉਸ ਨੂੰ ਮੁਸੀਬਤ ਵਿੱਚ ਪਾਇਆ ਹੈ, ਬਗ਼ਾਵਤ ਕੀਤੀ ।

ਇਸ ਦੁੱਖ ਨੇ ਉਸ ਨੂੰ ਪੰਝੀ ਸਾਲ ਦੀ ਅਮਨ ਅਮਾਨ ਅਤੇ ਪਵਿੱਤਰ ਨੀਂਦ ਵਿੱਚੋਂ ਉਠਾ ਲਿਆ, ਜਿਸ ਨੇ ਉਸ ਨੂੰ ਅਜੀਬ ਸਵੱਛਤਾ ਪ੍ਰਦਾਨ ਕੀਤੀ ਸੀ ।

ਇਸ ਗੱਲ ਨੂੰ ਅਨੁਭਵ ਕਰਦੇ ਹੋਏ ਕਿ ਉਸ ਨੂੰ ਉੱਚਾ ਬੋਲਣਾ ਚਾਹੀਦਾ ਹੈ ਤਾਂ ਜੋ ਇਸ ਆਦਮੀ ਨੂੰ ਪੂਰੀ ਤਰ੍ਹਾਂ ਡਰਾਇਆ ਜਾ ਸਕੇ, ਉਸ ਨੇ ਗ਼ੁੱਸੇ ਦੀ ਹਾਲਤ ਵਿੱਚ ਦੰਦ ਬੰਦ ਕਰਕੇ ਕਿਹਾ:

"ਕਿਉਂਕਿ ਤੁਸੀਂ ਸਾਰਾ ਕੁਝ ਦੱਸ ਚੁੱਕੇ ਹੋ ਸੋ ਹੁਣ ਤੁਸੀਂ ਮੈਨੂੰ ਸੁਣੋ । ਤੁਸੀਂ ਇੱਥੋਂ ਕੱਲ੍ਹ ਸਵੇਰੇ ਚਲੇ ਜਾਓਗੇ। ਤੁਸੀਂ ਉਸ ਇਲਾਕੇ ਵਿੱਚ ਚਲੇ ਜਾਓਗੇ, ਜਿਸਦਾ ਮੈਂ ਨਾਂ ਲਵਾਂਗਾ ਅਤੇ ਮੇਰੀ ਇਜਾਜ਼ਤ ਤੋਂ ਬਿਨਾ ਕਦੇ ਨਾ ਜਾਣਾ । ਕਿਉਂਕਿ ਮੈਂ ਗ਼ਰੀਬ ਹਾਂ, ਇਸ ਲਈ ਮੈਂ ਤੁਹਾਨੂੰ ਥੋੜ੍ਹੀ ਜਿਹੀ ਆਮਦਨ ਦੇਵਾਂਗਾ । ਜੇ ਤੁਸੀਂ ਨਹੀਂ ਮੰਨੋਗੇ ਤਾਂ ਇਹ ਵਾਪਸ ਲੈ ਲਈ ਜਾਵੇਗੀ ਅਤੇ ਤੁਸੀਂ ਮੈਨੂੰ ਜਾਣ ਜਾਓਗੇ ।"

ਭਾਵੇਂ ਫ਼ਿਲਪ ਨੂੰ ਅੱਧਾ ਨਸ਼ਾ ਚੜ੍ਹਿਆ ਹੋਇਆ ਸੀ ਪਰ ਫਿਰ ਵੀ ਉਹ ਸਮਝ ਗਿਆ । ਅਚਾਨਕ ਉਸ ਅੰਦਰੋਂ ਦੋਸ਼ ਉੱਭਰ ਕੇ ਬਾਹਰ ਆ ਗਿਆ । ਕਾਫ਼ੀ

ਖੰਘ ਦੀ ਹਾਲਤ ਵਿੱਚ ਉਸ ਨੇ ਥੁੱਕਿਆ: " ਆਹ !ਪਾਪਾ ਸਾਵਧਾਨ ਰਹੋ, ਜੋ ਤੁਸੀਂ ਕਹਿ ਰਹੇ ਹੋ-ਤੁਸੀਂ ਪਾਦਰੀ ਹੋ, ਯਾਦ ਹੈ-ਮੈਂ ਤੁਹਾਨੂੰ ਪਕੜ ਕੇ ਬਾਕੀਆਂ ਵਾਂਗ ਸਿੱਧਾ ਲੈ ਜਾਵਾਂਗਾ ।

ਐਬੇ ਨੇ ਕਿਹਾ । ਭਾਵੇਂ ਉਸ ਦੀ ਪੱਠਿਆਂ ਦੀ ਸਾਰੀ ਤਾਕਤ ਕਾਰਨ ਉਸ ਦਰਿੰਦੇ ਨੂੰ ਪਕੜਨ ਅਤੇ ਉਸ ਨੂੰ ਟਾਹਣੀ ਵਾਂਗ ਮਰੋੜ ਕੇ ਰੱਖਣ ਦੀ ਪ੍ਰਬਲ ਇੱਛਾ ਪੈਦਾ ਹੋਈ, ਇਹ ਵਿਖਾਉਣ ਲਈ ਕਿ ਉਸ ਨੂੰ ਚੁੱਕਣਾ ਪਵੇਗਾ ।

ਮੇਜ਼ ਹਿਲਾਉਂਦੇ ਹੋਏ, ਉਸ ਨੇ ਉੱਚੀ ਸਾਰੀ ਪੁਕਾਰਿਆ: "ਸਾਵਧਾਨ ਰਹੋ ਸਾਵਧਾਨ ਰਹੋ-ਮੈਂ ਕਿਸੇ ਤੋਂ ਡਰਦਾ ਨਹੀਂ ।

ਸ਼ਰਾਬੀ ਨੇ ਆਪਣਾ ਸੰਤੁਲਨ ਖੋ ਦਿੱਤਾ ਅਤੇ ਇਹ ਵੇਖਦੇ ਹੋਏ ਕਿ ਉਸ ਦੀ ਹਾਰ ਹੋ ਰਹੀ ਹੈ ਅਤੇ ਉਹ ਫ਼ੌਰਨ ਪਾਦਰੀ ਦੇ ਅਧੀਨ ਹੋ ਜਾਵੇਗਾ ਤਾਂ ਉਸ ਨੇ ਮੇਜ਼ ਉੱਤੇ ਪਏ ਚਾਕੂਆਂ ਵਿੱਚੋਂ ਇਕ ਨੂੰ ਕਤਲ ਕਰਨ ਦੇ ਇਰਾਦੇ ਨਾਲ ਚੁੱਕਿਆ। ਐਬੇ ਨੇ ਆਪਣੀ ਹਰਕਤ ਨੂੰ ਅਨੁਭਵ ਕੀਤਾ ਅਤੇ ਉਸ ਨੇ ਮੇਜ਼ ਨੂੰ ਬੜੇ ਜ਼ੋਰ ਨਾਲ ਧੱਕਿਆ, ਉਸ ਦਾ ਪੁੱਤਰ ਗਿਰ ਗਿਆ ਅਤੇ ਉਸ ਦੀ ਗਰਦਨ ਉੱਤੇ ਚੜ੍ਹ ਗਿਆ । ਲੈਂਪ ਹੇਠਾਂ ਗਿਰ ਗਿਆ ਅਤੇ ਬੁਝ ਗਿਆ।

ਇਸ ਦੌਰਾਨ ਗਲਾਸ ਟੁੱਟਣ ਦੀ ਆਵਾਜ਼ ਹਨੇਰੇ ਵਿੱਚ ਸੁਣਾਈ ਦਿੱਤੀ, ਇਸ ਤੋਂ ਪਿੱਛੋਂ ਫ਼ਰਸ਼ ਉੱਤੇ ਨਰਮ ਜਿਹੇ ਸਰੀਰ ਦੇ ਰੀਂਗਣ ਦੀ ਆਵਾਜ਼ ਸੁਣਾਈ ਦਿੱਤੀ ਅਤੇ ਇਸ ਤੋਂ ਪਿੱਛੋਂ ਖ਼ਾਮੋਸ਼ੀ ਛਾ ਗਈ।

ਧੜੰਮ ਨਾਲ ਲੈਂਪ ਦੇ ਟੁੱਟਣ ਨਾਲ, ਸਾਰੇ ਹਨੇਰਾ ਛਾ ਗਿਆ। ਇਹ ਸਾਰਾ ਕੁਝ ਇੰਨੀ ਫੁਰਤੀ ਨਾਲ ਅਤੇ ਅਚਾਨਕ ਹੋਇਆ ਕਿ ਉਹ ਸੁੰਨ ਹੋ ਗਏ ਜਿਵੇਂ ਕਿ ਕਿਸੇ ਡਰ ਨਾਲ ਸੁੰਨ ਹੋ ਗਏ ਹੋਣ । ਸ਼ਰਾਬੀ, ਜੋ ਦੀਵਾਰ ਨਾਲ ਲੱਗਿਆ ਹੋਇਆ ਸੀ, ਨਾ ਹਿੱਲਿਆ ਪਾਦਰੀ ਸਾਰੀ ਰਾਤ ਕੁਰਸੀ ਵਿੱਚ ਬੈਠਾ ਰਿਹਾ, ਜਿਸ ਕਾਰਨ ਉਹ ਗ਼ੁੱਸੇ ਨਾਲ ਉਬਾਲ ਖਾ ਰਿਹਾ ਸੀ । ਉਦਾਸੀ ਜੋ ਉਸ ਉੱਤੇ ਬੜੀ ਛੇਤੀ ਛਾ ਗਈ ਸੀ, ਨੇ ਉਸ ਦੇ ਗ਼ੁੱਸੇ ਉੱਤੇ ਕਾਬੂ ਪਾ ਲਿਆ; ਨਵੇਂ ਖ਼ਿਆਲ ਜਿਵੇਂ ਹਨੇਰਾ ਅਤੇ ਡਰ, ਨੇ ਉਸ ਨੂੰ ਆ ਘੇਰਿਆ ।

ਕਮਰੇ ਵਿੱਚ, ਮਕਬਰੇ ਵਾਂਗ ਖ਼ਾਮੋਸ਼ੀ ਸੀ, ਜਿੱਥੇ ਸਾਹ ਦੀ ਆਵਾਜ਼ ਵੀ ਨਹੀਂ ਆਉਂਦੀ ਸੀ। ਬਾਹਰ ਤੋਂ ਹਵਾ ਨਹੀਂ ਆਉਂਦੀ ਸੀ, ਨਾ ਹੀ ਦੂਰ ਪਰੇ ਫ਼ਾਸਲੇ

ਤੋਂ ਗੱਡੀ ਦੇ ਡੱਬਿਆਂ ਦੀ ਆਵਾਜ਼ ਆ ਰਹੀ ਸੀ, ਨਾ ਹੀ ਕੁੱਤੇ ਦੇ ਭੌਂਕਣ ਦੀ ਆਵਾਜ਼, ਨਾ ਹੀ ਦਰੱਖ਼ਤਾਂ ਵਿੱਚੋਂ ਹਵਾ ਦੇ ਲੰਘਣ ਦੀ ਆਵਾਜ਼ ਆ ਰਹੀ ਸੀ ।

ਇਸ ਤਰ੍ਹਾਂ ਕਾਫ਼ੀ ਸਮਾਂ, ਸ਼ਾਇਦ ਇਕ ਘੰਟਾ ਬੀਤ ਗਿਆ । ਫਿਰ ਅਚਾਨਕ ਘੜਿਆਲ ਦੀ ਆਵਾਜ਼ ਆਈ । ਇਹ ਇਕ ਵਾਰੀ ਵੱਜਿਆ ਸੀ, ਜਿਵੇਂ ਕਿ ਥੋੜ੍ਹਾ ਜਿਹਾ ਅਤੇ ਤਿੱਖਾ ਜਿਹਾ ਵੱਜਿਆ ਅਤੇ ਇਸ ਤੋਂ ਪਿੱਛੋਂ ਸਰੀਰ ਦੇ ਗਿਰਨ ਅਤੇ ਕੁਰਸੀ ਉਲਟਣ ਦੀ ਆਵਾਜ਼ ਆਈ।

ਮਾਰਗਰਾਈਟ ਰਸੋਈ ਵਿੱਚੋਂ ਦੌੜ ਕੇ ਬਾਹਰ ਆਈ । ਜਿਵੇਂ ਕਿ ਉਸ ਨੇ ਦਰਵਾਜ਼ਾ ਖੋਲ੍ਹਿਆ, ਉਹ ਕਾਫ਼ੀ ਹਨੇਰੇ ਦੇ ਡਰ ਨਾਲ ਪਿੱਛੇ ਗਿਰ ਗਈ । ਡਰ ਨਾਲ ਉਸ ਦਾ ਦਿਲ ਧੱਕ ਧੱਕ ਕਰਨ ਲੱਗ ਪਿਆ, ਜਿਵੇਂ ਕਿ ਫਟਣ ਵਾਲਾ ਹੋਵੇ, ਉਸ ਨੇ ਧੀਮੀ ਅਤੇ ਦੱਬੀ ਹੋਈ ਆਵਾਜ਼ ਵਿੱਚ ਕਿਹਾ, "ਮਿਸੀਅਰ ਲਾ ਕਿਉਰ ! ਮਿਸੀਅਰ ਲਾ ਕਿਊਰ।"

ਕਿਸੇ ਨੇ ਉੱਤਰ ਨਹੀਂ ਦਿਤਾ, ਕੋਈ ਹਿੱਲਿਆ ਤੱਕ ਨਹੀਂ ।

'ਮੋਨ ਡੀਯੂ ਮੋਨ ਡੀਯੂ, " ਉਸ ਨੇ ਸੋਚਿਆ: "ਕੀ ਹੋਇਆ ਹੈ, ਉਨ੍ਹਾਂ ਨੇ ਕੀ ਕੀਤਾ ਹੈ?"

ਉਸ ਨੇ ਕਮਰੇ ਵਿੱਚ ਦਾਖ਼ਲ ਹੋਣ ਦਾ ਹੌਂਸਲਾ ਨਹੀਂ ਕੀਤਾ, ਫਿਰ ਵੀ ਰੌਸ਼ਨੀ ਲਿਆਉਣ ਲਈ ਵਾਪਸ ਜਾਣ ਤੋਂ ਡਰ ਰਹੀ ਸੀ । ਉਸ ਨੇ ਅਨੁਭਵ ਕੀਤਾ ਕਿ ਉਹ ਦੂਰ ਭੱਜ ਜਾਵੇਗੀ, ਆਪਣੀ ਉੱਚੀ ਆਵਾਜ਼ ਵਿੱਚ ਚੀਕ ਮਾਰੇਗੀ, ਭਾਵੇਂ ਉਹ ਜਾਣਦੀ ਸੀ ਕਿ ਉਸ ਦੀਆਂ ਲੱਤਾਂ ਜਵਾਬ ਦੇਣਗੀਆਂ । ਉਸ ਨੇ ਦੁਬਾਰਾ ਕਿਹਾ, "ਮਿਸੀਅਰ ਲਾ ਕਿਉਰ" ! ਮਿਸੀਅਰ ਲਾ ਕਿਉਰ ! ਮੈਂ ਹਾਂ, ਮਾਰਗਰਾਈਟ।"

ਪਰੰਤੂ ਆਪਣੇ ਡਰ ਦੇ ਬਾਵਜੂਦ, ਆਪਣੇ ਮਾਲਕ ਦੀ ਸਹਾਇਤਾ ਕਰਨ ਦੀ ਪੂਰਨ ਇੱਛਾ ਅਤੇ ਔਰਤ ਦਾ ਹੌਂਸਲਾ, ਜੋ ਕਈ ਵਾਰੀ ਬਹਾਦਰਾਨਾ ਹੁੰਦਾ ਹੈ, ਉਸ ਅੰਦਰ ਆ ਗਿਆ ਅਤੇ ਰਸੋਈ ਵਿੱਚ ਵਾਪਸ ਦੌੜ ਗਈ ਅਤੇ ਲੈਂਪ ਲੈ ਆਈ ।

ਉਹ ਦੇਹਲੀ ਉੱਪਰ ਖੜੀ ਹੋ ਗਈ । ਪਹਿਲਾਂ ਉਸ ਦੀ ਨਜ਼ਰ ਦੀਵਾਰ ਦੇ ਸਹਾਰੇ ਲੰਮੇ ਪਏ ਆਵਾਰਾਗਰਦ ਉੱਤੇ ਪਈ, ਜਿਹੜਾ ਕਿ ਸੌਂ ਰਿਹਾ ਸੀ; ਫਿਰ

ਉਸ ਦੀ ਨਿਗ੍ਹਾ ਟੁੱਟੇ ਹੋਏ ਲੈਂਪ ਉਪਰ ਪਈ, ਫਿਰ ਮੇਜ਼ ਹੇਠਾਂ ਪਾਦਰੀ ਦੇ ਪੈਰਾਂ ਅਤੇ ਕਾਲੀਆਂ ਜਰਾਬਾਂ ਜੋ ਪਿਛਲੇ ਪਾਸੇ ਗਿਰ ਗਿਆ ਅਤੇ ਉਸ ਦਾ ਸਿਰ ਘੜਿਆਲ 'ਤੇ ਜਾ ਲੱਗਿਆ ਉੱਤੇ ਪਈ।

ਉਸ ਦੇ ਦੰਦ ਵੱਜ ਰਹੇ ਸਨ ਅਤੇ ਹੱਥ ਡਰ ਨਾਲ ਕੰਬ ਰਹੇ ਸਨ, ਉਹ ਬਾਰ ਬਾਰ ਕਹਿ ਰਹੀ ਸੀ, "ਮੇਰੇ ਪਰਮਾਤਮਾ ! ਹੇ ਪਰਮਾਤਮਾ ! ਇਹ ਕੀ ਹੈ?"

ਉਹ ਹੌਲੀ ਹੌਲੀ ਛੋਟੇ ਛੋਟੇ ਕਦਮ ਪੁੱਟਦੀ ਹੋਈ ਅੱਗੇ ਵਧੀ ਅਤੇ ਚਿੱਕੜ ਤੋਂ ਫਿਸਲ ਗਈ ਅਤੇ ਗਿਰ ਗਈ ।

ਉਸ ਝੁਕੀ ਹੋਈ ਨੇ ਵੇਖਿਆ ਕਿ ਫ਼ਰਸ਼ ਲਾਲੋ ਲਾਲ ਹੈ ਅਤੇ ਉਸ ਦੇ ਪੈਰਾਂ ਦੇ ਆਲ਼ੇ ਦੁਆਲੇ ਦਰਵਾਜ਼ੇ ਵੱਲ ਨੂੰ ਲਾਲ ਤਰਲ ਪਦਾਰਥ ਫੈਲਿਆ ਹੋਇਆ ਸੀ । ਉਸ ਨੇ ਖ਼ਿਆਲ ਕੀਤਾ ਕਿ ਇਹ ਖ਼ੂਨ ਹੈ । ਉਸ ਨੇ ਰੌਸ਼ਨੀ ਮਾਰੀ ਤਾਂ ਜੋ ਇਸ ਨੂੰ ਨਾ ਵੇਖੇ, ਅੰਤ ਕਮਰੇ ਵਿੱਚੋਂ ਖੇਤਾਂ ਵੱਲ ਨੂੰ ਹੁੰਦੀ ਹੋਈ ਅੱਧੀ ਪਾਗ਼ਲਾਂ ਵਾਂਗ ਪਿੰਡ ਨੂੰ ਭੱਜ ਗਈ । ਉਹ ਉੱਚੀ ਆਵਾਜ਼ ਦਿੰਦੀ ਹੋਈ ਭੱਜੀ ਉਹ ਦਰੱਖ਼ਤ ਨਾਲ ਜਾ ਟਕਰਾਈ, ਉਸ ਨੇ ਆਪਣੀਆਂ ਨਜ਼ਰਾਂ ਦੂਰ-ਦੁਰਾਡੇ ਸ਼ਹਿਰ ਦੀ ਚਮਕਦੀ ਰੌਸ਼ਨੀ ਉੱਤੇ ਗੱਡ ਦਿੱਤੀਆਂ।

ਉਸ ਦੀ ਤਿੱਖੀ ਆਵਾਜ਼ ਰਾਤ ਦੇ ਉੱਲੂ ਦੀ ਉਦਾਸੀਨ ਆਵਾਜ਼ ਦੀ ਤਰ੍ਹਾਂ ਗੂੰਜੀ ਅਤੇ ਬਾਰ ਬਾਰ ਕਹਿ ਰਹੀ ਸੀ, ਬਦਮਾਸ਼-ਬਦਮਾਸ਼-ਬਦਮਾਸ਼"-

ਜਦੋਂ ਉਹ ਪਹਿਲੇ ਘਰ ਕੋਲ ਪਹੁੰਚੀ ਤਾਂ ਕੁਝ ਜੋਸ਼ੀਲੇ ਆਦਮੀ ਬਾਹਰ ਆ ਗਏ ਅਤੇ ਉਸ ਨੂੰ ਘੇਰ ਲਿਆ :ਪਰੰਤੂ ਉਹ ਜਵਾਬ ਨਹੀਂ ਦੇ ਸਕਦੀ ਸੀ ਅਤੇ ਭੱਜਣ ਦੀ ਕੋਸ਼ਸ਼ ਕੀਤੀ,ਕਿਉਂਕਿ ਡਰ ਨਾਲ ਉਸ ਦਾ ਸਿਰ ਫਿਰ ਚੁੱਕਾ ਸੀ।

ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਖ਼ਿਆਲ ਕੀਤਾ ਕਿ ਕੋਈ ਗੱਲ ਪਾਦਰੀ ਨਾਲ ਜ਼ਰੂਰ ਵਾਪਰੀ ਹੈ ਅਤੇ ਇਕ ਛੋਟੀ ਜਿਹੀ ਬਚਾਓ ਪਾਰਟੀ ਘਰ ਵੱਲ ਨੂੰ ਰਵਾਨਾ ਹੋ ਗਈ।

ਜ਼ੈਤੂਨ ਦੇ ਦਰੱਖ਼ਤਾਂ ਦੇ ਝੁੰਡ ਦੇ ਮੱਧ ਵਿੱਚ ਇਕ ਛੋਟਾ ਜਿਹਾ ਗੁਲਾਬੀ ਘਰ ਖੜ੍ਹਾ ਸੀ ਅਤੇ ਕਾਲੀ ਖ਼ਾਮੋਸ਼ ਰਾਤ ਵਿੱਚ ਅਦਿਸ ਹੋ ਗਿਆ ਸੀ ਕਿਉਂਕਿ ਇਕੱਲੀ ਇਕੱਲੀ ਖਿੜਕੀ ਦੀ ਰੌਸ਼ਨੀ ਖ਼ਤਮ ਹੋ ਗਈ ਸੀ, ਇਸ ਵਾਸਤੇ ਝੌਂਪੜੀ ਹਨੇਰੇ ਵਿੱਚ ਆ ਗਈ ਅਤੇ ਦਰੱਖ਼ਤਾਂ ਵਿੱਚ ਗੁੰਮ ਹੋ ਗਈ ਅਤੇ ਉਸ ਥਾਂ 'ਤੇ ਰਹਿਣ ਵਾਲਿਆਂ ਤੋਂ ਸਿਵਾਏ ਹੋਰ ਕੋਈ ਨਹੀਂ ਪਹਿਚਾਣ ਸਕਦਾ ਸੀ ।

ਛੇਤੀ ਹੀ ਰੌਸ਼ਨੀ ਦਰੱਖ਼ਤਾਂ ਵਿੱਚੋਂ ਜ਼ਮੀਨ ਉੱਤੇ ਆਉਣ ਲੱਗ ਪਈ ਅਤੇ ਸੁੱਕੇ ਹੋਏ ਘਾਹ ਉੱਤੇ ਧਾਰੀਆਂ ਪੈ ਰਹੀਆਂ ਸਨ। ਜ਼ੈਤੂਨ ਦੇ ਦਰੱਖ਼ਤਾਂ ਦੇ ਪੇਚਦਾਰ ਤਣਿਆਂ ਨੇ ਚੱਲਦੀ ਰੌਸ਼ਨੀ ਵਿੱਚ ਬਹੁਤ ਵੱਡੀ ਸ਼ਕਲ ਅਖ਼ਤਿਆਰ ਕਰ ਲਈ ਸੀ ਅਤੇ ਦੋਵੇਂ ਅਤਿ ਵਿਆਕੁਲ ਸੱਪਾਂ ਦੀ ਤਰ੍ਹਾਂ ਪ੍ਰਤੀਤ ਹੁੰਦੇ ਸਨ। ਵੱਧੇ ਹੋਏ ਪਰਛਾਵੇਂ ਅਚਾਨਕ ਅਜੀਬ ਅਤੇ ਸਫ਼ੈਦ ਸਿਲਸਿਲੇ ਵਾਂਗ ਪ੍ਰਤੀਤ ਹੁੰਦੇ ਸਨ ਅਤੇ ਛੇਤੀ ਹੀ ਝੌਂਪੜੀ ਦੀਆਂ ਨੀਵੀਂਆਂ ਅਤੇ ਚੌਰਸ ਦੀਵਾਰਾਂ ਲਾਲਟੈਨ ਦੀ ਰੌਸ਼ਨੀ ਵਿੱਚ ਗੁਲਾਬੀ ਪ੍ਰਤੀਤ ਹੁੰਦੀਆਂ ਸਨ। ਬਹੁਤ ਸਾਰੇ ਜ਼ਿਮੀਂਦਾਰ ਲੈਂਪ ਲਿਜਾ ਰਹੇ ਸਨ, ਦੋ ਸਿਪਾਹੀ ਰਿਵਾਲਵਰਾਂ ਸਮੇਤ, ਮੇਯਰ ਅਤੇ ਚੌਕੀਦਾਰ ਨੂੰ ਲਿਜਾ ਰਹੇ ਸਨ ਅਤੇ ਮਾਰਗਰਾਈਟ ਨਾਲ ਦੋ ਆਦਮੀ ਸਨ ਕਿਉਂਕਿ ਉਹ ਤਕਰੀਬਨ ਚੱਲ ਫਿਰ ਨਹੀਂ ਸਕਦੀ ਸੀ।

ਬਚਾਓ ਪਾਰਟੀ ਨੂੰ ਖੁੱਲ੍ਹੇ ਅਤੇ ਵੱਡੇ ਦਰਵਾਜ਼ੇ ਸਾਹਮਣੇ ਹਿਚਕਹਿਚਾਟ ਮਹਿਸੂਸ ਹੋਈ ਪਰੰਤੂ ਬਰਗੇਡੀਅਰ, ਉਨ੍ਹਾਂ ਆਦਮੀਆਂ ਵਿੱਚੋਂ ਇਕ ਦੇ ਹੱਥੋਂ ਲਾਲਟੈਨ ਖੋਹਦਾ ਹੋਇਆ ਦਾਖ਼ਲ ਹੋ ਗਿਆ ਅਤੇ ਬਾਕੀ ਦੇ ਆਦਮੀਆਂ ਨੇ ਵੀ ਅਜਿਹਾ ਹੀ ਕੀਤਾ।

ਨੌਕਰ ਮਰਿਆ ਨਹੀਂ ਸੀ ਪਰੰਤੂ ਖ਼ੂਨ ਨਾਲ ਫ਼ਰਸ਼ ਇਸ ਤਰ੍ਹਾਂ ਭਰ ਗਿਆ ਸੀ, ਜਿਵੇਂ ਕਾਲੀਨ ਵਿਛਿਆ ਹੋਵੇ; ਇਹ ਉਸ ਥਾਂ ਤੱਕ ਫੈਲਿਆ ਹੋਇਆ ਸੀ, ਜਿੱਥੇ ਫੰਦਾ ਪਿਆ ਹੋਇਆ ਸੀ ਅਤੇ ਆਪਣੇ ਹੱਥਾਂ ਅਤੇ ਪੈਰਾਂ ਨੂੰ ਧੋ ਰਿਹਾ ਸੀ।

ਪਿਓ ਅਤੇ ਪੁੱਤਰ ਸੁੱਤੇ ਹੋਏ ਸਨ, ਮਦਹੋਸ਼ੀ ਦੀ ਹਾਲਤ ਵਿੱਚ ਸੀ। ਦੋਵੇਂ ਦੂਜਾ ਸਿਪਾਹੀਆਂ ਨੇ ਉਸ ਨੂੰ ਪਕੜ ਲਿਆ ਅਤੇ ਉਸ ਦੇ ਜਾਗਣ ਤੋਂ ਪਹਿਲਾਂ ਉਨ੍ਹਾਂ ਨੇ ਉਸ ਨੂੰ ਹੱਥਕੜੀਆਂ ਲਾ ਲਈਆਂ। ਉਸ ਨੇ ਆਪਣੀਆਂ ਅੱਖਾਂ ਮਲ਼ੀਆਂ, ਹੈਰਾਨ ਹੋ ਗਿਆ, ਸ਼ਰਾਬ ਨਾਲ ਹੈਵਾਨ ਬਣਿਆ ਹੋਇਆ ਸੀ ਅਤੇ ਉਸ ਨੇ ਪਾਦਰੀ ਦੀ ਲਾਸ਼ ਵੇਖੀ ਤਾਂ ਉਹ ਡਰਿਆ ਹੋਇਆ ਮਾਲੂਮ ਹੁੰਦਾ ਸੀ ਅਤੇ ਉਹ ਸਮਝ ਨਹੀਂ ਸਕਿਆ ਕਿ ਕੀ ਹੋ ਗਿਆ ਹੈ।

"ਉਸ ਨੇ ਆਪਣੇ ਆਪ ਨੂੰ ਕਿਉਂ ਨਹੀਂ ਬਚਾਇਆ?" ਮੇਯਰ ਨੇ ਕਿਹਾ।

"ਉਸ ਨੇ ਬਹੁਤ ਸ਼ਰਾਬ ਪੀਤੀ ਹੋਈ ਸੀ," ਅਫ਼ਸਰ ਨੇ ਉੱਤਰ ਦਿੱਤਾ।

ਅਤੇ ਹਰੇਕ ਆਦਮੀ ਨੇ ਉਸ ਨਾਲ ਸਹਿਮਤੀ ਪ੍ਰਗਟ ਕੀਤੀ, ਕਿਉਂਕਿ ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਐਬੇ ਵਿਲਬੋਸ ਨੇ ਆਤਮਘਾਤ ਕਰ ਲਿਆ ਹੈ।

## ਬਚ ਗਈ

ਖਿੜਕੀ ਵਿੱਚੋਂ ਇਕ ਗੇਂਦ ਵਾਂਗ ਭੱਟੀ ਮਾਰਕਯੁਸ ਵੀ ਰੈਨੀਡੋਟ ਤੇਜ਼ੀ ਨਾਲ ਕਮਰੇ ਅੰਦਰ ਆਈ। ਬੋਲਣ ਤੋਂ ਪਹਿਲਾਂ ਉਹ ਹੱਸੀ ਗਈ, ਉਸ ਵੇਲੇ ਤੱਕ ਹੱਸੀ ਗਈ ਜਦੋਂ ਤੱਕ ਕਿ ਉਸ ਨੇ ਚਿੱਲਾਉਣਾ ਸ਼ੁਰੂ ਨਾ ਕਰ ਦਿੱਤਾ, ਉਸੇ ਤਰ੍ਹਾਂ ਹੀ ਕੀਤਾ ਜਿਵੇਂ ਉਸ ਨੇ ਇਕ ਮਹੀਨਾ ਪਹਿਲਾ ਕੀਤਾ ਸੀ, ਜਦੋਂ ਉਸ ਨੇ ਆਪਣੀ ਸਹੇਲੀ ਨੂੰ ਦੱਸਿਆ ਸੀ ਕਿ ਉਸ ਨੇ ਆਪਣਾ ਬਦਲਾ ਲੈਣ ਲਈ ਮਾਰਕਯੁਸ ਨੂੰ ਧੋਖਾ ਦਿੱਤਾ ਹੈ ਕਿਉਂਕਿ ਉਹ ਸੱਚਮੁਚ ਹੀ ਬਹੁਤ ਬੇਵਕੂਫ਼ ਤੇ ਈਰਖਾਲੂ ਸੀ।

ਛੋਟੀ ਜਿਹੀ ਬਰੋਨੇਸ ਡੀ ਗਰੈਂਗੀਰ ਨੇ ਉਹ ਕਿਤਾਬ ਪਰ੍ਹਾਂ ਸੁੱਟ ਦਿੱਤੀ, ਜਿਸ ਨੂੰ ਉਹ ਸੋਫੇ ’ਤੇ ਬੈਠੀ ਪੜ੍ਹ ਰਹੀ ਸੀ, ਅਤੇ ਉਤਾਵਲੀ ਹੋ ਕੇ ਐਨਟੀ ਵੱਲ ਵੇਖਣ ਲੱਗ ਪਈ। ਉਹ ਆਪ ਵੀ ਹੱਸ ਰਹੀ ਸੀ ਤੇ ਆਖ਼ੀਰ ਉਸ ਨੇ ਪੁੱਛਿਆ

“ਹੁਣ ਤੱਕ ਤੂੰ ਕੀ ਕਰਦੀ ਰਹੀ ?"

"ਆਹ ! ਮੇਰੀ ਪਿਆਰੀ ! ਮੇਰੀ ਪਿਆਰੀ : ਬੜੇ ਹਾਸੇ ਦੀ ਗੱਲ ਸੀ ਬਹੁਤ ਹਾਸੇ ਦੀ ਗੱਲ । ਕਲਪਨਾ ਕਰੋ -ਮੈਂ ਬਚ ਗਈ -ਬਚ ਗਈ -ਬਚ ਗਈ।’

"ਬਚ ਗਈ, ਤੋਂ ਤੁਹਾਡਾ ਕੀ ਭਾਵ ਹੈ ?"

"ਹਾਂ, ਬਚ ਗਈ"

"ਕਿਸ ਕੋਲੋਂ"

"ਮੇਰੀ ਪਿਆਰੀ, ਆਪਣੇ ਪਤੀ ਕੋਲੋਂ, ਬਚ ਗਈ ! ਮੁਕਤ ਹੋ ਗਈ! ਆਜ਼ਾਦ ! ਆਜ਼ਾਦ ! ਆਜ਼ਾਦ"!

"ਕਿਵੇਂ ਆਜ਼ਾਦ ? ਕਿਸ ਤਰ੍ਹਾਂ ?"

"ਕਿਸ ਤਰ੍ਹਾਂ ? ਤਲਾਕ ! ਹਾਂ ਤਲਾਕ ! ਮੈਨੂੰ ਤਲਾਕ ਮਿਲ ਗਿਆ ।"

"ਤਲਾਕ ਮਿਲ ਗਿਆ ?"

"ਨਹੀਂ, ਹਾਲੇ ਨਹੀਂ, ਕਿੰਨੀ ਝੱਲੀ ਹੈ ਤੂੰ ਵੀ : ਕਿਸੇ ਨੂੰ ਤਿੰਨਾਂ ਘੰਟਿਆਂ ਵਿੱਚ ਤਲਾਕ ਨਹੀਂ ਮਿਲ ਸਕਦਾ। ਪਰ ਮੇਰੇ ਕੋਲ ਸਬੂਤ ਹਨ ਕਿ ਉਸ ਨੇ ਮੈਨੂੰ ਧੋਖਾ ਦਿੱਤਾ ਹੈ। ਉਹ ਰੰਗੇ ਹੱਥੀਂ ਫੜਿਆ ਗਿਆ -ਜ਼ਰਾ ਸੋਚੋ ਤਾਂ ਸਹੀ ! ਰੰਗੇ ਹੱਥੀਂ।- ਮੈਂ ਉਸ ਨੂੰ ਖੂੰਜੇ ਲਾ ਚੁੱਕੀ ਹਾਂ ।

"ਹਾਂ, ਇਸ ਬਾਰੇ ਮੈਨੂੰ ਜ਼ਰੂਰ ਦੱਸੋ । ਤਾਂ ਉਸ ਨੇ ਤੁਹਾਨੂੰ ਧੋਖਾ ਦਿੱਤਾ ਸੀ ?"

"ਹਾਂ, ਕਿਹਾ ਜਾ ਸਕਦਾ ਹੈ ਨਾ ਵੀ - ਹਾਂ ਤੇ ਨਾ -ਮੈਨੂੰ ਨਹੀਂ ਪਤਾ। ਹਾਲਤ ਵਿੱਚ ਮੇਰੇ ਕੋਲ ਸਬੂਤ ਹਨ ਤੇ ਇਹੋ ਸਭ ਤੋਂ ਵੱਡੀ ਗੱਲ ਹੈ ।"

"ਤੁਸੀਂ ਇਹ ਕਿਵੇਂ ਪ੍ਰਾਪਤ ਕੀਤੇ ?"

"ਮੈਂ ਇਹ ਕਿੱਦਾਂ ਪ੍ਰਾਪਤ ਕੀਤੇ ? ਇਹ ਤਾਂ ਗੱਲ ਹੈ, ਮੈਂ ਬਹੁਤ ਕਾਮਯਾਬ ਰਹੀ ਹਾਂ, ਬਹੁਤ ਕਾਮਯਾਬ। ਪਿਛਲੇ ਤਿੰਨਾਂ ਮਹੀਨਿਆਂ ਤੋਂ ਉਸ ਦਾ ਵਤੀਰਾ ਘ੍ਰਿਣਤ, ਬਿਲਕੁਲ ਘ੍ਰਿਣਤ, ਗੰਵਾਰ, ਰੁੱਖਾ ਤੇ ਜ਼ਿੱਦੀ ਸੀ ਤੇ ਜੇ ਇੱਕੋ ਸ਼ਬਦ ਵਿੱਚ ਦੱਸਾਂ ਤਾਂ 'ਨੀਚ' ਸੀ । ਇਸ ਲਈ ਮੈਂ ਆਪਣੇ ਆਪ ਨੂੰ ਕਿਹਾ, ਇਹ ਗੱਲ ਸਦਾ ਨਹੀਂ ਚੱਲ ਸਕਦੀ, ਮੈਨੂੰ ਤਲਾਕ ਜ਼ਰੂਰ ਲੈਣਾ ਚਾਹੀਦਾ ਹੈ । ਪਰੰਤੂ ਕਿਵੇਂ ? ਕਿਉਂਕਿ ਇਹ ਬਹੁਤ ਸੌਖੀ ਗੱਲ ਨਹੀਂ ਸੀ । ਮੈਂ ਯਤਨ ਕੀਤਾ ਕਿ ਉਹ ਮੈਨੂੰ ਮਾਰੇ ਕੁੱਟੇ, ਪਰ ਉਸ ਨੇ ਇਸ ਤਰ੍ਹਾਂ ਨਾ ਕੀਤਾ । ਉਸ ਨੇ ਮੈਨੂੰ ਸਵੇਰ ਤੋਂ ਰਾਤ ਤੱਕ ਉਲਝਣ ਵਿੱਚ ਪਾਈ ਰੱਖਿਆ । ਜਦੋਂ ਮੈਂ ਬਾਹਰ ਜਾਣਾ ਨਹੀਂ ਚਾਹੁੰਦੀ ਸੀ ਤਾਂ ਮੈਨੂੰ ਉਸ ਨੇ ਮਜ਼ਬੂਰ ਕੀਤਾ ਅਤੇ ਜਦੋਂ ਮੈਂ ਬਾਹਰ ਮੌਜਾਂ ਮਾਣਨ ਲੱਗ ਗਈ ਤਾਂ ਮੈਨੂੰ ਘਰ ਹੀ ਰਹਿਣ ਲਈ ਕਿਹਾ। ਇਕ ਹਫ਼ਤੇ ਤੋਂ ਦੂਜੇ ਹਫ਼ਤੇ ਤੱਕ ਉਸ ਨੇ ਮੇਰਾ ਜਿਊਣਾ ਦੁੱਭਰ ਕਰ ਰੱਖਿਆ ਸੀ।

ਪਰ ਉਸ ਨੇ ਮੈਨੂੰ ਮਾਰਿਆ ਕਦੇ ਵੀ ਨਹੀਂ।

"ਫਿਰ ਮੈਂ ਇਹ ਜਾਣਨ ਦਾ ਯਤਨ ਕੀਤਾ ਕਿ ਕੀ ਉਸ ਦੀ ਕੋਈ ਹੋਰ ਸਹੇਲੀ ਹੈ ? ਹਾਂ, ਉਸ ਦੀ ਇਕ ਸੀ, ਪਰ ਉਸ ਕੋਲ ਜਾਣ ਲੱਗਿਆਂ ਉਹ ਹਜ਼ਾਰਾ ਗੱਲਾਂ ਦਾ ਧਿਆਨ ਰੱਖਦਾ ਸੀ ਅਤੇ ਉਨ੍ਹਾਂ ਨੂੰ ਕਦੇ ਵੀ ਕੱਠਿਆ ਨਹੀਂ ਫੜਿਆ ਜਾ ਸਕਦਾ ਸੀ। ਜ਼ਰਾ ਲਾਉ ਖਾਂ, ਅਨੁਮਾਨ

ਫੇਰ ਮੈਂ ਕੀ ਕੀਤਾ ਹੋਵੇਗਾ ?"

"ਮੈਂ ਅਨੁਮਾਨ ਨਹੀਂ ਲਾ ਸਕਦੀ ।"

"ਉਹ : ਤੁਸੀਂ ਕਤੱਈ ਵੀ ਅਨੁਮਾਨ ਨਹੀਂ ਲਾ ਸਕਦੇ । ਮੈਂ ਆਪਣੇ ਭਰਾ ਨੂੰ ਕਿਹਾ ਕਿ ਮੈਨੂੰ ਇਸ ਦੀ ਇਕ ਫ਼ੋਟੋ ਪੈਦਾ ਕਰ ਦੇਵੇ ।

"ਤੁਹਾਡੇ ਪਤੀ ਦੀ ਸਹੇਲੀ ਦੀ ?"

"ਹਾਂ, ਇਸ 'ਤੇ ਜੈਕਸ ਦੇ ਪੰਦਰਾਂ ਲੁਇਸ ਖ਼ਰਚ ਆਏ । ਇਹ ਇਕ ਸ਼ਾਮ ਦਾ ਖ਼ਰਚ ਸੀ, ਸੱਤ ਵਜੇ ਤੋਂ ਲੈ ਕੇ ਅੱਧੀ ਰਾਤ ਤੱਕ ਤੇ ਵਿੱਚੋਂ ਹੀ ਰਾਤ ਦਾ ਖਾਣਾ ਤੇ ਇਹ ਤਿੰਨ ਲੁਇਸ ਪ੍ਰਤੀ ਘੰਟੇ ਦੀ ਦਰ ਨਾਲ ਖ਼ਰਚ ਆਏ ਅਤੇ ਇਸ ਤਰ੍ਹਾਂ ਉਸ ਨੇ ਫ਼ੋਟੋ ਪ੍ਰਾਪਤ ਕਰ ਲਈ।

ਮੈਨੂੰ ਇੱਦਾਂ ਜਾਪਦੈ ਕਿ ਉਸ ਨੇ ਇਹ ਫ਼ੋਟੋ ਕਿਵੇਂ ਨਾ ਕਿਵੇਂ ਕਿਸੇ ਜੁਗਤ ਨਾਲ ਲਈ ਹੋਵੇਗੀ । ਅਸਲ ਫ਼ੋਟੋ ਲੈਣ ਲਈ ਬਿਨਾਂ ਕਿਸੇ ਦਾ ਰਿਣੀ ਹੋਣ ਦੇ ।"

"ਉਹ ! ਉਹ ਸੁੰਦਰ ਹੈ ਅਤੇ ਜੈਕੁਇਸ ਨੇ ਬਿਲਕੁਲ ਹੀ ਬੁਰਾ ਨਹੀਂ ਮੰਨਿਆਂ ਅਤੇ ਫਿਰ ਮੈਂ ਉਸ ਦੇ ਸਰੀਰ ਸੰਬੰਧੀ ਕੁਝ ਵਿਆਖਿਆ ਦੀ ਇੱਛਾ ਪ੍ਰਗਟ ਕੀਤੀ, ਸਰੀਰਕ ਵਿਆਖਿਆ ਤੋਂ ਭਾਵ ਹੈ, ਉਸ ਦੀ ਸ਼ਕਲ ਉਸ ਦੀ ਛਾਤੀ, ਉਸ ਦਾ ਰੰਗ, ਸੱਚੀ ਗੱਲ ਤਾਂ ਇਹ ਹੈ ਕਿ ਹੋਰ ਹਜ਼ਾਰਾਂ ਚੀਜ਼ਾਂ ।"

"ਮੈਂ ਸਮਝੀ ਨਹੀਂ ।"

ਤੁਸੀਂ ਸਮਝ ਜਾਵੋਗੇ । ਜਦੋਂ ਮੈਂ ਉਹ ਸਭ ਕੁਝ ਜਾਣ ਲਿਆ ਜੋ ਮੈਂ ਜਾਣਨਾ ਚਾਹੁੰਦੀ ਸੀ । ਮੈਂ ਗਈ -ਮੈਂ ਕਿਵੇਂ ਦੱਸ ਸਕਾਂਗੀ -ਇਕ ਧੰਦਾ ਕਰਨ ਵਾਲੇ ਬੰਦੇ ਕੋਲ -ਤੁਸੀਂ ਜਾਣਦੇ ਹੋ ਅਜਿਹੇ ਬੰਦਿਆਂ ਵਿੱਚੋਂ ਇਕ ਕੋਲ ਗਈ, ਜਿਹੜੇ ਹਰ ਕਿਸਮ ਦੇ ਧੰਦੇ ਦੀ ਆਈ ਚਲਾਈ ਕਰਦੇ ਹਨ । ਦੱਲੇ -ਫਿਸਲਾਉਣ ਵਾਲੇ-ਇਕ ਟੋਲੇ ਕੋਲ ਗਈ ਹੁਣ ਤੁਸੀਂ ਸਮਝ ਗਏ ਹੋ ਕਿ ਮੇਰਾ ਕੀ ਭਾਵ ਹੈ ?

"ਕਾਫ਼ੀ ਹੱਦ ਤੱਕ ਮੈਂ ਸਮਝ ਗਈ । ਅਤੇ ਤੁਸੀਂ ਉਸ ਨੂੰ ਕੀ ਕਿਹਾ ?"

"ਕਲੈਰਾਸੀ (ਉਸ ਦਾ ਨਾਂ ਕਲੈਰਾਸੀ ਹੈ) ਦੀ ਫ਼ੋਟੋ ਵਿਖਾ ਕੇ ਮੈਂ ਉਸ ਨੂੰ ਕਿਹਾ,

"ਸ੍ਰੀਮਾਨ ਜੀ ਮੈਨੂੰ ਇਸ ਫ਼ੋਟੋ ਨਾਲ ਮਿਲਦੀ ਜੁਲ਼ਦੀ ਇਕ ਨੌਕਰਾਣੀ ਚਾਹੀਦੀ ਹੈ । ਮੈਨੂੰ ਇਕ ਅਜਿਹੀ ਲੜਕੀ ਦੀ ਲੋੜ ਹੈ ਜੋ ਪਿਆਰੀ, ਸੋਹਣੀ, ਸਾਫ਼ ਸੁਥਰੀ ਅਤੇ ਚੰਚਲ ਹੋਵੇ। ਮੈਂ ਉਸ ਨੂੰ ਉਹ ਕੁਝ ਦੇਵਾਂਗੀ ਜੋ ਮੰਗੇਗੀ ਅਤੇ ਜੇ ਮੈਨੂੰ ਦਸ ਹਜ਼ਾਰ ਫਰੈਂਕਸ ਵੀ ਦੇਣੇ ਪਏ ਤਾਂ ਕੋਈ ਫ਼ਰਕ ਨਹੀਂ ਪੈਣਾ । ਮੈਨੂੰ ਉਸ ਦੀ ਤਿੰਨ ਮਹੀਨਿਆਂ ਤੋਂ ਵੱਧ ਲੋੜ ਨਹੀਂ ਪੈਣੀ।

ਉਸ ਬੰਦੇ ਨੇ ਬਹੁਤ ਹੈਰਾਨੀ ਨਾਲ ਵੇਖਿਆ ਤੇ ਕਿਹਾ "ਕੀ ਤੁਸੀਂ ਇਕ ਬੇਦਾਗ਼ ਨੌਕਰਾਣੀ ਚਾਹੁੰਦੇ ਹੋ, ਸ੍ਰੀਮਤੀ ਜੀ ?" ਮੈਂ ਸ਼ਰਮਾ ਗਈ ਤੇ ਥਥਲਾਈ, "ਸੋ ਜੇ ਇਮਾਨਦਾਰੀ ਨਾਲ ਹੀ ਦੱਸਣਾ ਹੋਵੇ। ਉਸ ਨੇ ਗੱਲ ਜਾਰੀ ਰੱਖੀ "ਜਿੱਥੋਂ ਤੱਕ ਨੇਕ ਚੱਲਣ ਦਾ ਸੰਬੰਧ ਹੈ। "ਮੈਂ ਉੱਤਰ ਦੇਣ ਦੀ ਹਿੰਮਤ ਨਾ ਕੀਤੀ। ਇਸ ਲਈ ਮੈਂ ਆਪਣੇ ਸਿਰ ਨਾਲ ਹੀ ਇਸ਼ਾਰਾ ਕੀਤਾ, ਜਿਸ ਦਾ ਭਾਵ ਸੀ, 'ਨਹੀਂ'। ਫਿਰ ਅਚਾਨਕ ਮੈਨੂੰ ਸਮਝ ਆਈ ਕਿ ਉਸ ਨੂੰ ਬਹੁਤ ਵੱਡਾ ਸ਼ੱਕ ਸੀ ਤੇ ਆਪਣੀ ਮਾਨਸਿਕ ਸਥਿਰਤਾ ਖੋਦਿਆਂ, ਮੈਂ ਦੱਸਿਆ 'ਸ੍ਰੀਮਾਨ ਜੀ, ਇਹ ਮੇਰੇ ਪਤੀ ਲਈ ਹੈ ਤਾਂ ਜੋ ਮੈਂ ਉਸ ਨੂੰ ਹੈਰਾਨ ਕਰ ਸਕਾਂ।"

"ਫਿਰ ਉਸ ਬੰਦੇ ਨੇ ਹੱਸਣਾ ਸ਼ੁਰੂ ਕਰ ਦਿੱਤਾ ਅਤੇ ਮੈਂ ਉਸ ਦੇ ਚਿਹਰੇ ਤੋਂ ਇਹ ਕਿਆਸ ਕੀਤਾ ਕਿ ਮੈਂ ਉਸ ਦੀ ਖ਼ੁਸ਼ੀ ਪ੍ਰਾਪਤ ਕਰ ਲਈ ਹੈ। ਉਸ ਨੇ ਤਾਂ ਇਹ ਵੀ ਸੋਚਿਆ ਕਿ ਮੈਂ ਬਹਾਦਰ ਹਾਂ ਅਤੇ ਮੈਂ ਆਪਣੇ ਆਪ ਇਕ ਸ਼ਰਤ ਲਾ ਲੈਣੀ ਸੀ ਕਿ ਉਸ ਪਲ਼ ਤਾਂ ਉਹ ਮੇਰੇ ਨਾਲ ਹੱਥ ਮਿਲਾਉਣ ਦੀ ਇੱਛਾ ਕਰ ਰਿਹਾ ਸੀ। ਫਿਰ ਵੀ, ਉਸ ਨੇ ਮੈਨੂੰ ਕਿਹਾ : "ਇਕ ਹਫ਼ਤੇ ਵਿੱਚ ਹੀ, ਸ੍ਰੀਮਤੀ ਜੀ, ਤੁਹਾਡੀ ਲੋੜ ਪੂਰੀ ਹੋ ਜਾਵੇਗੀ। ਮੈਂ ਆਪਣੀ ਸਫ਼ਲਤਾ ਦੀ ਸੂਚਨਾ ਦੇਵਾਂਗਾ ਅਤੇ ਤੁਹਾਨੂੰ ਉਸ ਵੇਲ਼ੇ ਤੱਕ ਮੁੱਲ ਚੁਕਾਉਣ ਦੀ ਲੋੜ ਨਹੀਂ, ਜਦੋਂ ਤੱਕ ਮੈਂ ਸਫ਼ਲ ਨਹੀਂ ਹੋ ਜਾਂਦਾ। ਤਾਂ ਕੀ ਇਹ ਹੈ ਤੁਹਾਡੇ ਪਤੀ ਦੀ ਮਸ਼ੂਕ ਦੀ ਫ਼ੋਟੋ ?"

"ਹਾਂ ਸ੍ਰੀਮਾਨ ਜੀ"

"ਇਕ ਸੁੰਦਰ ਇਸਤਰੀ ਅਤੇ ਬਹੁਤ ਹੱਟੀ ਕੱਟੀ ਵੀ ਅਤੇ ਕਿੱਦਾਂ ਦੀ ਸੁਗੰਧੀ ?"

"ਮੈਂ ਸਮਝ ਨਾ ਸਕੀ ਤੇ ਦੁਹਰਾਇਆ, "ਕਿਸ ਪ੍ਰਕਾਰ ਦੀ ਸੁੰਗਧੀ ?"

ਉਹ ਮੁਸਕਰਾਇਆ: " ਹਾਂ, ਸ੍ਰੀਮਤੀ ਜੀ, ਸੁਗੰਧੀ ਕਿਸੇ ਆਦਮੀ ਨੂੰ ਉਤੇਜਿਤ ਕਰਨ ਲਈ ਜ਼ਰੂਰੀ ਹੈ। ਕਿਉਂਕਿ ਇਹ ਅਚੇਤ ਵਿੱਚ ਹੀ ਉਸ ਦੇ ਦਿਮਾਗ਼ ਵਿੱਚ ਖ਼ਾਸ ਯਾਦਾਂ ਲੈ ਆਉਂਦੀ ਹੈ ਤੇ ਇਹ ਉਸਨੂੰ ਉਤੇਜਿਤ ਕਰਦੀ ਹੈ। ਸੁਗੰਧੀ ਉਸ ਦੀ ਮੱਤ ਮਾਰ ਦਿੰਦੀ ਹੈ। ਉਸ ਨੂੰ ਬੇਚੈਨ ਕਰਦੀ ਹੈ ਅਤੇ ਉਸ ਦੀ ਖ਼ੁਸ਼ੀ ਦੀ ਯਾਦ ਦਿਵਾ ਕੇ ਉਸ ਵਿੱਚ ਜੋਸ਼ ਭਰ ਦਿੰਦੀ ਹੈ। ਤੁਹਾਨੂੰ ਇਹ ਵੀ ਜਾਣਨ ਵਿੱਚ ਯਤਨ ਕਰਨਾ ਪਵੇਗਾ ਕਿ ਜਦੋਂ ਤੁਹਾਡਾ ਪਤੀ ਆਪਣੀ ਪ੍ਰੇਮਿਕਾ ਨਾਲ ਖਾਣਾ ਖਾਂਦਾ ਹੈ ਤਾਂ ਉਹ ਕੀ ਖਾਣਾ ਪਸੰਦ ਕਰਦਾ ਹੈ ? ਅਤੇ ਜਿਸ ਦਿਨ ਤੁਸੀਂ ਉਸ ਨੂੰ ਫੜਨਾ ਹੈ, ਉਸ

ਦਿਨ ਉਹੀ ਪਰੋਸੋ, ਉਸ ਨੂੰ ਦੇਵੋ । ਉਹ ! ਅਸੀਂ ਉਸ ਨੂੰ ਪਕੜ ਲਿਆ ਤੇ, ਸ੍ਰੀਮਤੀ ਜੀ ਅਸੀਂ ਉਸ ਨੂੰ ਪਕੜ ਲਿਆ ।"

"ਮੈਂ ਖ਼ੁਸ਼ੀ ਖ਼ੁਸ਼ੀ ਪਰਤ ਆਈ ਕਿਉਂਕਿ ਇੱਥੇ ਮੈਂ ਬਹੁਤ ਹੀ ਹੁਸ਼ਿਆਰ ਬੰਦੇ ਦਾ ਸਹਾਰਾ ਲਿਆ ਸੀ ।

"ਤਿੰਨ ਦਿਨ ਪਿੱਛੋਂ ਮੈਂ ਇਕ ਲੰਮੀ ਸਾਂਵਲੇ ਰੰਗ ਦੀ ਕੁੜੀ ਨੂੰ ਆਪਣੇ ਘਰ ਵੇਖਿਆ; ਉਹ ਬਹੁਤ ਹੁਸੀਨ ਅਤੇ ਉਸ ਦੀ ਤੱਕਣੀ ਭੋਲ਼ੀ ਭਾਲੀ ਅਤੇ ਉਹ ਬਹਾਦਰ ਵੀ ਜਾਪਦੀ ਸੀ ਤੇ ਉਸ ਵਿੱਚ ਇਕ ਲੁੱਚੀ ਇਸਤਰੀ ਦੇ ਖ਼ਾਸ ਹਾਵ ਭਾਵ ਵੀ ਸਨ। ਉਸ ਨੇ ਮੇਰੇ ਨਾਲ ਸੱਭਿਅਕ ਵਰਤਾਓ ਕੀਤਾ ਅਤੇ ਜਿਵੇਂ ਕਿ ਮੈਂ ਉਸ ਨੂੰ ਨਹੀਂ ਸੀ ਜਾਣਦੀ ਕਿ ਉਹ ਕੌਣ ਹੈ, ਮੈਂ ਉਸ ਨੂੰ ਸ੍ਰੀਮਤੀ ਕਹਿ ਕੇ ਬੁਲਾਇਆ। ਪਰ ਉਸ ਨੇ ਇਕਦਮ ਕਿਹਾ" ਆਹ ! ਕਿਰਪਾ ਕਰਕੇ ਸ੍ਰੀਮਤੀ ਜੀ, ਮੈਨੂੰ ਸਿਰਫ਼ 'ਰੋਜ਼', ਨਾਂ ਨਾਲ ਸੱਦੋ ਅਤੇ ਉਹ ਗੱਲਾਂ ਕਰਨ ਲੱਗ ਪਈ ।

"ਚੰਗਾ, 'ਰੋਜ਼' ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਇੱਥੇ ਕਿਉਂ ਆਏ ਹੋ ?"

"ਸ੍ਰੀਮਤੀ ਜੀ, ਮੈਂ ਇਸ ਦਾ ਅੰਦਾਜ਼ਾ ਲਾ ਸਕਦੀ ਹਾਂ ।"

"ਬਹੁਤ ਅੱਛਾ ਉਹ ਤੁਹਾਡੇ ਲਈ ਬਹੁਤੀ ਔਖਿਆਈ ਵਾਲੀ ਗੱਲ ਨਹੀਂ ਹੋਵੇਗੀ ।"

"ਆਹ ! ਸ੍ਰੀਮਤੀ ਜੀ, ਇਹ ਮੇਰੇ ਹੁਣ ਤੱਕ ਕਰਵਾਏ ਤਲਾਕਾਂ ਵਿੱਚੋਂ ਅੱਠਵਾਂ ਤਲਾਕ ਹੋਵੇਗਾ । ਮੈਂ ਇਸ ਕੰਮ ਵਿੱਚ ਬਹੁਤ ਚਲਾਕ ਹਾਂ ।"

"ਬੱਸ, ਇਹ ਕਾਫੀ ਹੈ। ਕੀ ਤੁਹਾਨੂੰ ਸਫ਼ਲਤਾ ਪ੍ਰਾਪਤ ਕਰਨ ਵਿੱਚ ਕਾਫੀ ਸਮਾਂ ਲੱਗੇਗਾ ?"

"ਆਹ । ਸ੍ਰੀਮਤੀ ਜੀ, ਇਹ ਸਭ ਕੁਝ ਤਾਂ ਸ੍ਰੀਮਾਨ ਜੀ ਦੇ ਸੁਭਾਅ ’ਤੇ ਨਿਰਭਰ ਹੈ । ਜਦੋਂ ਮੈਂ ਮੋਨਸਿਊਰ ਨੂੰ ਪੰਜ ਮਿੰਟ ਹੀ ਕੱਲਿਆਂ ਮਿਲ ਲਈ ਤਾਂ ਮੈਂ ਤੁਹਾਨੂੰ ਠੀਕ ਠੀਕ ਦੱਸਣ ਦੇ ਯੋਗ ਹੋ ਜਾਵਾਂਗੀ ।"

"ਮੇਰੀ ਬੱਚੀ, ਤੁਸੀਂ ਉਸ ਨੂੰ ਸ਼ੀਘਰ ਹੀ ਮਿਲ ਲਵੋਗੇ, ਪਰ ਮੈਂ ਇਹ ਤੁਹਾਨੂੰ ਜ਼ਰੂਰ ਦੱਸ ਦਿੰਦੀ ਹਾਂ ਕਿ ਉਹ ਖ਼ੂਬਸੂਰਤ ਨਹੀਂ ਹੈ ।"

"ਇਸ ਨਾਲ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ, ਸ੍ਰੀਮਤੀ ਜੀ, ਮੈਂ ਪਹਿਲਾਂ ਵੀ ਕਈ ਬਦਸ਼ਕਲਾਂ ਦਾ ਤਲਾਕ ਕਰਵਾ ਚੁੱਕੀ ਹਾਂ । ਪਰ ਮੈਂ ਤੁਹਾਡੇ ਤੋਂ ਜ਼ਰੂਰ ਪੁੱਛਣਾ

ਚਾਹੁੰਦੀ ਹਾਂ, ਸ੍ਰੀਮਤੀ ਜੀ, ਕਿ ਕੀ ਤੁਸੀਂ ਉਸ ਦੀ ਪਸੰਦ ਦੀ ਸੁਗੰਧੀ ਦਾ ਪਤਾ ਲਾ ਲਿਆ ਹੈ ?"

"ਹਾਂ ਰੋਜ਼ "ਵਰਬੀਨਾ।

"ਇਹ ਹੋਰ ਵੀ ਬਿਹਤਰ ਹੈ, ਸ੍ਰੀਮਤੀ ਜੀ, ਮੈਂ ਵੀ ਇਸੇ ਸੁਗੰਧੀ ਦਾ ਸ਼ੁਕੀਨ ਹਾਂ। ਕੀ ਤੁਸੀਂ ਮੈਨੂੰ ਇਹ ਵੀ ਦੱਸ ਸਕਦੇ ਸਕਦੇ ਹੋ, ਸ੍ਰੀਮਤੀ ਜੀ ਕਿ ਕੀ ਮੋਨਸਿਉਰ ਦੀ ਪ੍ਰੇਮਿਕਾ ਰੇਸ਼ਮੀ ਕੱਛਾ ਅਤੇ ਰਾਤ ਦੀ ਪੁਸ਼ਾਕ ਪਹਿਨਦੀ ਹੈ ?"

"ਨਹੀਂ, ਮੇਰੀ ਬੱਚੀ, ਕੈਮਬਰਿਕ ਤੇ ਲੈਸ "

"ਆਹ ! ਤਾਂ ਤੇ ਫਿਰ ਉਹ ਕਿਸੇ ਵਧੀਆ ਟਿਕਾਣੇ ਦੀ ਕੜੀ ਹੈ, ਕਿਉਂਕਿ ਰੇਸ਼ਮੀ ਅੰਡਰ ਵੀਅਰ ਬਹੁਤ ਆਮ ਚੱਲ ਰਹੇ ਹਨ ।"

"ਜੋ ਕੁਝ ਤੁਸੀਂ ਕਿਹਾ ਹੈ, ਬਿਲਕੁਲ ਸੱਚ ਹੈ ?"

'ਚੰਗਾ, ਮੈਡਮ, ਮੈਂ ਤੁਹਾਡੀ ਸੇਵਾ ਵਿੱਚ ਹਾਜ਼ਰ ਹੋਵਾਂਗੀ ਅਤੇ ਅਸਲੀਅਤ ਇਹ ਹੈ ਕਿ ਉਸ ਨੇ ਛੇਤੀ ਹੀ ਕੰਮ ਸ਼ੁਰੂ ਕਰ ਲਿਆ ਹੈ ਅਤੇ ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਉਸ ਨੇ ਆਪਣੇ ਜੀਵਨ ਵਿੱਚ ਹੋਰ ਕੁਝ ਕੀਤਾ ਹੀ ਨਹੀਂ ਹੁੰਦਾ ।"

"ਇਕ ਘੰਟੇ ਪਿੱਛੋਂ ਮੇਰੇ ਪਤੀ ਘਰ ਆ ਗਏ, 'ਰੋਜ਼' ਨੇ ਆਪਣੀਆਂ ਅੱਖਾਂ ਉਸ ਨੂੰ ਵੇਖਣ ਲਈ ਭੋਰਾ ਉਤਾਂਹ ਨਾ ਚੁੱਕੀਆਂ ਪਰ ਉਸ ਨੇ ਆਪਣੀਆਂ ਅੱਖਾਂ ਨੂੰ 'ਰੋਜ਼' ਨੂੰ ਵੇਖਣ ਲਈ ਜ਼ਰੂਰ ਘੁਮਾਈਆਂ, ਕਿਉਂਕਿ ਉਸ ਨੇ ਪਹਿਲਾਂ ਹੀ 'ਵਰਬੀਨ' ਦੀ ਤਕੜੀ ਸੁਗੰਧ ਮਹਿਸੂਸ ਕਰ ਲਈ ਸੀ। ਪੰਜਾਂ ਮਿੰਟਾਂ ਵਿੱਚ ਹੀ ਉਹ ਕਮਰੇ ਵਿੱਚੋਂ ਚਲੀ ਗਈ ਅਤੇ ਉਸ ਨੇ ਮੈਨੂੰ ਇਕਦਮ ਪੁੱਛਿਆ, "ਉਹ ਕੁੜੀ ਕੌਣ ਹੈ ?"

"ਕਿਉਂ, ਮੇਰੀ ਨਿੱਜੀ ਨੌਕਰਾਣੀ ਹੈ।"

"ਤੁਸੀਂ, ਉਸ ਨੂੰ ਕਿੱਥੋਂ ਫੜ ਲਿਆਂਦਾ ਹੈ ?"

"ਬਰੋਨੈਸ ਡੀ ਗਰੈਂਗਰੀ ਨੇ ਬਹੁਤ ਵਿਸ਼ਵਾਸ ਨਾਲ ਮੇਰੇ ਲਈ ਉਸ ਨੂੰ ਲਿਆਂਦਾ ਹੈ।

"ਹਾਂ, ਉਹ ਸੋਹਣੀ ਵੀ ਤਾਂ ਹੈ! "

"ਕੀ ਤੁਹਾਡਾ ਅਜਿਹਾ ਖ਼ਿਆਲ ਹੈ ?"

"ਕਿਉਂ ਹਾਂ-ਇਕ ਨੌਕਰਾਣੀ ਦੇ ਪੱਖੋਂ"

"ਮੈਂ ਖ਼ੁਸ਼ ਹੋ ਗਈ, ਕਿਉਂਕਿ ਮੈਂ ਮਹਿਸੂਸ ਕੀਤਾ ਕਿ ਉਹ ਤਾਂ ਪਹਿਲਾਂ ਹੀ ਰੱਸੇ ਤੁੜਾ ਰਿਹਾ ਹੈ ਅਤੇ ਉਸੇ ਸ਼ਾਮ 'ਰੋਜ਼' ਨੇ ਮੈਨੂੰ ਕਿਹਾ, ਮੈਂ ਤੁਹਾਨੂੰ ਵਾਅਦਾ ਦੇ ਸਕਦੀ ਹਾਂ ਕਿ ਇਸ ਨੂੰ ਦੋ ਹਫ਼ਤਿਆਂ ਤੋਂ ਜ਼ਿਆਦਾ ਸਮਾਂ ਨਹੀਂ ਲੱਗੇਗਾ । ਸ੍ਰੀਮਾਨ ਬੜੀ ਆਸਾਨੀ ਨਾਲ ਫਸ ਗਿਆ ਹੈ।"

"ਆਹ ਕੀ ਤੁਸੀਂ ਪਹਿਲਾਂ ਹੀ ਅਜ਼ਮਾ ਚੁੱਕੇ ਹੋ ?"

"ਨਹੀਂ, ਮੈਡਮ, ਉਸ ਨੇ ਕੇਵਲ ਪੁੱਛਿਆ ਸੀ ਕਿ ਮੇਰਾ ਨਾਂ ਕੀ ਹੈ ਤਾਂ ਜੋ ਉਹ ਸੁਣ ਸਕੇ ਕਿ ਮੇਰੀ ਆਵਾਜ਼ ਕਿਸ ਤਰ੍ਹਾਂ ਦੀ ਹੈ ।"

"ਬਹੁਤ ਅੱਛਾ, ਮੇਰੀ ਪਿਆਰੀ 'ਰੋਜ਼' ਚੱਲੀ ਚੱਲ ਜਿੰਨਾ ਤੇਜ਼ ਚੱਲ ਸਕਦੀ ਹੈ ।"

"ਮੈਡਮ, ਚੌਕੰਨੇ ਨਾ ਹੋਵੇ, ਮੈਂ ਕਾਫ਼ੀ ਦੇਰ ਤੱਕ ਨੇੜੇ ਨਹੀਂ ਲੱਗਣ ਦਿਆਂਗੀ ਕਿਉਂਕਿ ਮੈਨੂੰ ਘਟੀਆ ਨਾ ਸਮਝੇ ।"

"ਇਕ ਹਫ਼ਤੇ ਦੇ ਅੰਤ ਤੱਕ, ਮੇਰਾ ਪਤੀ ਬੜੀ ਮੁਸ਼ਕਿਲ ਨਾਲ ਹੀ ਬਾਹਰ ਗਿਆ ਹੋਣਾ ਹੈ, ਦੁਪਹਿਰ ਪਿੱਛੋਂ ਮੈਂ ਉਸ ਨੂੰ ਹਰ ਵੇਲ਼ੇ ਘਰ ਦੇ ਇੱਧਰ ਉੱਧਰ ਘੁੰਮਦਿਆਂ ਵੇਖਿਆ ਅਤੇ ਜੋ ਇਸ ਮਾਮਲੇ ਵਿੱਚ ਬਹੁਤਾ ਮਹੱਤਵਪੂਰਨ ਸੀ ਤਾਂ ਉਹ ਇਹ ਹੈ ਕਿ ਉਸ ਨੇ ਮੈਨੂੰ ਬਾਹਰ ਜਾਣ ਤੋਂ ਕਦੇ ਵੀ ਨਹੀਂ ਰੋਕਿਆ ਅਤੇ ਮੈਂ, ਲੱਗਭਗ ਸਾਰਾ ਦਿਨ ਹੀ ਬਾਹਰ ਰਹਿੰਦੀ ਤਾਂ ਜੋ ਉਸ ਨੂੰ ਪੂਰੀ ਖੁੱਲ੍ਹ ਦਿੱਤੀ ਜਾ ਸਕੇ ।"

"ਨੌਂਵੇਂ ਦਿਨ, ਜਦੋਂ 'ਰੋਜ਼' ਮੇਰੇ ਕੱਪੜੇ ਉਤਾਰ ਰਹੀ ਸੀ, ਉਸ ਨੇ ਮੈਨੂੰ ਥੋੜ੍ਹੀ ਜਿਹੀ ਸ਼ਰਮਾ ਕੇ ਕਿਹਾ, "ਮੈਡਮ ਸਵੇਰੇ ਹੋ ਗਿਆ ।"

"ਮੈਂ ਤਾਂ ਬਹੁਤ ਹੈਰਾਨ ਹੋਈ, ਇਸ ਕੰਮ 'ਤੇ ਨਹੀਂ ਪਰ ਉਸ ਢੰਗ 'ਤੇ ਜਿਸ ਨਾਲ ਉਸ ਨੇ ਮੈਨੂੰ ਦੱਸਿਆ ਸੀ ਅਤੇ ਮੈਂ ਥਥਲਾ ਕੇ ਕਿਹਾ " ਇਹ ਠੀਕ ਹੋ ਗਿਆ ।"

"ਉਹੋ, ਹਾਂ, ਬਹੁਤ ਚੰਗੀ ਤਰ੍ਹਾਂ ਮੈਡਮ । ਕਿਉਂਕਿ ਪਿਛਲੇ ਤਿੰਨਾਂ ਦਿਨਾਂ ਤੋਂ ਉਹ ਮੈਨੂੰ ਮਜਬੂਰ ਕਰ ਰਿਹਾ ਸੀ ਪਰ ਮੈਂ ਨਹੀਂ ਚਾਹੁੰਦੀ ਸੀ ਕਿ ਮਾਮਲਾ ਇੰਨਾ ਤੇਜ਼ੀ ਨਾਲ ਚੱਲੇ । ਤੁਸੀਂ ਮੈਨੂੰ ਦੱਸ ਦਿਓ ਕਿ ਕਦੋਂ ਤੁਸੀਂ ਸਾਨੂੰ ਰੰਗੇ ਹੱਥੀ ਫੜਨਾ ਚਾਹੁੰਦੇ ਹੋ, ਮੈਡਮ ?"

"ਹਾਂ, ਯਕੀਨਨ ਹੀ । ਬਿਲਕੁਲ ! ਚੱਲੋ ਅਸੀਂ ਵੀਰਵਾਰ ਦਾ ਦਿਨ ਹੀ ਪੱਕਾ ਕਰ ਲਈਏ ।"

"ਬਹੁਤ ਠੀਕ ਮੈਡਮ, ਮੈਂ ਉਦੋਂ ਤੱਕ ਉਸ ਨੂੰ ਹੋਰ ਨਹੀਂ ਮਿਲਾਂਗੀ, ਤਾਂ ਜੋ ਸ੍ਰੀਮਾਨ ਜੀ ਨੂੰ ਤਤਪਰ ਰੱਖਿਆ ਜਾ ਸਕੇ ।"

"ਤੁਹਾਨੂੰ ਯਕੀਨ ਹੋਣਾ ਚਾਹੀਦਾ ਹੈ ਕਿ ਤੁਸੀਂ ਅਸਫ਼ਲ ਨਹੀਂ ਹੋਵੋਗੇ ।"

"ਉਹ ਬਿਲਕੁਲ ਯਕੀਨ ਹੈ, ਮੈਡਮ, ਮੈਂ ਉਸ ਨੂੰ ਉਤੇਜਿਤ ਕਰਾਂਗੀ ਤਾਂ ਜੋ ਉਸ ਘੜੀ ਉਹ ਉੱਥੇ ਹੀ ਹੋਵੇ ਜੋ ਸਮਾਂ ਤੁਸੀਂ ਇਸ ਲਈ ਨਿਯਤ ਕਰੋਗੇ ।"

"ਫਿਰ ਅਸੀਂ ਪੰਜ ਵਜੇ ਦਾ ਸਮਾਂ ਰੱਖ ਲੈਂਦੇ ਹਾਂ ।"

"ਬਹੁਤ ਠੀਕ ਹੈ, ਸ੍ਰੀਮਤੀ ਜੀ, ਪਰੰਤੂ ਕਿੱਥੇ ?"

'ਅੱਛਾ, ਮੇਰੇ ਸੌਣ ਵਾਲੇ ਕਮਰੇ ਵਿੱਚ ।"

"ਬਹੁਤ ਹੀ ਅੱਛਾ, ਮੈਡਮ ਜੀ, ਤੁਹਾਡੇ ਸੌਣ ਵਾਲੇ ਕਮਰੇ ਵਿੱਚ ਹੀ ਸਹੀ।"

"ਤੁਸੀਂ ਜਾਣ ਗਏ ਹੋਵੋਗੇ, ਜੋ ਮੈਂ ਉਸ ਵੇਲ਼ੇ ਕੀਤਾ ।"

ਮੈਂ ਚਲੀ ਗਈ ਤੇ ਜਾ ਕੇ ਮੰਮੀ ਅਤੇ ਪਾਪਾ ਨੂੰ ਸਭ ਤੋਂ ਪਹਿਲਾਂ ਲੈ ਆਈ ਤੇ ਫਿਰ ਆਪਣੇ ਚਾਚਾ ਡੀ ਉਰਵਲੀਨ ਨੂੰ, ਪ੍ਰਧਾਨ ਨੂੰ, ਜੱਜ ਸ੍ਰੀਮਾਨ ਰੈਪਲਟ ਨੂੰ ਜੋ ਮੇਰੇ ਪਤੀ ਦਾ ਮਿੱਤਰ ਹੈ, ਲੈ ਆਈ । ਮੈਂ ਉਨ੍ਹਾਂ ਨੂੰ ਨਹੀਂ ਦੱਸਿਆ ਸੀ ਕਿ ਮੈਂ ਉਨ੍ਹਾਂ ਨੂੰ ਕੀ ਵਿਖਾ ਰਹੀ ਹਾਂ ਪਰੰਤੂ ਮੈਂ ਉਨ੍ਹਾਂ ਸਾਰਿਆਂ ਨੂੰ ਆਪਣੇ ਕਮਰੇ ਦੇ ਦਰਵਾਜ਼ੇ ਤੱਕ ਪੱਬਾਂ ਭਾਰ ਜਾਣ ਲਈ ਕਿਹਾ । ਮੈਂ ਠੀਕ ਪੰਜ ਵਜੇ ਤੱਕ ਉਡੀਕਿਆ ਅਤੇ ਆਹ । ਮੇਰਾ ਦਿਲ ਕਿਵੇਂ ਧੜਕਦਾ ਸੀ ! ਮੈਂ ਨੌਕਰ ਨੂੰ ਵੀ ਪੌੜੀਆਂ ਚੜ੍ਹਨ ਲਈ ਕਿਹਾ ਸੀ ਤਾਂ ਜੋ ਇਕ ਹੋਰ ਗਵਾਹੀ ਰੱਖੀ ਜਾ ਸਕੇ ਅਤੇ ਫਿਰ ਉਸ ਪਲ਼ ਜਦੋਂ ਘੰਟੇ ਨੇ ਪੰਜ ਵਜਾਉਣੇ ਹੀ ਸ਼ੁਰੂ ਕਰ ਦਿੱਤਾ, ਮੈਂ ਦਰਵਾਜ਼ਾ ਚੁਪੱਟ ਖੋਲ੍ਹ ਦਿੱਤਾ। ਆਹੁ! ਆਹ ! ਆਰ ! ਇੱਥੇ ਹੀ ਸੀ, ਉਹ ਪ੍ਰਤੱਖ ਰੂਪ ਵਿੱਚ ਇਹ ਬਿਲਕੁਲ ਸਪੱਸ਼ਟ ਸੀ । ਮੇਰੀ ਪਿਆਰੀ, ਆਹ, ਇਕ ਸਿਰ ! ਜਿਵੇਂ ਕਿਤੇ ਤੁਸੀਂ ਉਸ ਦਾ ਸਿਰ ਹੀ ਵੇਖਿਆ ਹੋਵੇ ਅਤੇ ਉਹ ਘੁੰਮ ਗਿਆ ਹੋਵੇ, ਬੇਵਕੂਫ਼ । ਉਹ ਕਿੰਨਾ ਹਸੌਣਾ ਜਾਪਦਾ ਸੀ । ਮੈਂ ਹੱਸੀ ਗਈ । ਪਾਪਾ ਨੂੰ ਗ਼ੁੱਸਾ ਆਇਆ ਤੇ ਉਹ ਮੇਰੇ ਪਤੀ ਨੂੰ ਕੁਟਾਪਾ ਚਾੜ੍ਹਨਾ ਚਾਹੁੰਦੇ ਸਨ ਅਤੇ ਪੋਰਟਰ ਜੋ ਇਕ ਚੰਗਾ ਨੌਕਰ ਹੈ, ਨੇ ਉਸ ਨੂੰ ਕੱਪੜੇ ਪਾਉਣ ਵਿੱਚ ਸਾਡੇ ਹੀ ਸਾਹਮਣੇ ਉਸ ਦੀ ਸਹਾਇਤਾ ਕੀਤੀ । ਸਾਡੇ ਸਾਹਮਣੇ ਉਸ ਨੇ ਉਸ ਦੇ ਬਟਨ ਬੰਦ ਕੀਤੇ । ਕਿਹੋ ਜਿਹਾ ਮਜ਼ਾਕ ਸੀ ਇਹ ਵੀ ! ਜਿੱਥੋਂ ਤੱਕ 'ਰੋਜ਼' ਦਾ ਸਵਾਲ ਹੈ, ਉਹ ਮਾਹਿਰ ਸੀ, ਬਿਲਕੁਲ ਮਾਹਿਰ ।"

ਉਸ ਨੇ ਚੀਕ ਚਿਹਾੜਾ ਪਾ ਦਿੱਤਾ। ਹਾਂ, ਉਹ ਬਹੁਤ ਚੰਗੀ ਤਰ੍ਹਾਂ ਚੀਕ ਚਿਹਾੜਾ ਕਰ ਰਹੀ ਸੀ। ਉਹ ਇਕ ਅਮੁੱਲ ਕੁੜੀ ਹੈ ਜੇ ਤੁਹਾਨੂੰ ਉਸ ਦੀ ਲੋੜ ਪਵੇ, ਤਾਂ ਭੁੱਲਣਾ ਨਾ।

"ਅਤੇ ਆਹ ਮੈਂ ਹਾਂ। ਮੈਂ ਇਕਦਮ ਮਾਮਲੇ ਦੀ ਜਾਣਕਾਰੀ ਦੇਣ ਲਈ ਤੁਹਾਡੇ ਕੋਲ ਸਿੱਧੀ ਆਈ ਹਾਂ। ਮੈਂ ਆਜ਼ਾਦ ਹਾਂ, ਤਲਾਕ ਜ਼ਿੰਦਾਬਾਦ।"

ਇਸ ਤਰ੍ਹਾਂ ਉਸ ਨੇ ਬੈਠਕ ਵਿੱਚਕਾਰ ਨੱਚਣਾ ਸ਼ੁਰੂ ਕਰ ਦਿੱਤਾ ਜਦੋਂ ਕਿ ਛੋਟੀ ਜਿਹੀ ਬਰੋਨੈਸ ਜੋ ਖ਼ਿਆਲਾਂ ਵਿੱਚ ਡੁੱਬੀ ਹੋਈ ਸੀ, ਇਨ੍ਹਾਂ ਤੋਂ ਬਾਹਰ ਆ ਕੇ ਬੋਲੀ:

"ਤੂੰ ਮੈਨੂੰ ਇਹ ਮੌਕਾ ਕਿਉਂ ਨਾ ਵਿਖਾਇਆ।"

# ਪਿੰਡ ਵੱਲ ਸੈਲ ਸਪਾਟਾ

ਪੰਜਾਂ ਮਹੀਨਿਆਂ ਤੋਂ ਉਹ ਸ੍ਰੀਮਤੀ ਡੀਉਫੋਰ ਦੇ ਜਨਮ ਦਿਵਸ 'ਤੇ ਪੈਰਿਸ ਦੇ ਨੇੜੇ ਤੇੜੇ ਕਿਸੇ ਪਿੰਡ ਦੇ ਰੈਸਟੋਰੈਂਟ ਵਿੱਚ ਖਾਣਾ ਲੈਣ ਦੀਆਂ ਗੱਲਾਂ ਕਰ ਰਹੇ ਸਨ। ਉਹ ਬੜੀ ਤੀਬਰ ਇੱਛਾ ਨਾਲ ਇਸ ਸੈਲ ਸਪਾਟੇ ਦੀ ਉਡੀਕ ਕਰ ਰਹੇ ਸਨ। ਉਸ ਸਵੇਰ ਉਹ ਸੁਵਖਤੇ ਹੀ ਜਾਗ ਪਏ। ਸ੍ਰੀਮਾਨ ਡੀਉਫੋਰ ਦੋਧੀ ਦਾ ਗੱਡਾ ਮੰਗ ਲਿਆਇਆ ਅਤੇ ਆਪੇ ਹੀ ਹੱਕੀ ਆਇਆ। ਇਹ ਬਹੁਤ ਸਾਫ਼ ਸੁਥਰੀ, ਦੋ ਪਹੀਆਂ ਵਾਲੀ, ਸਵਾਰੀ ਸੀ, ਇਸ ਦੀ ਛੱਤ ਵੀ ਸੀ ਤੇ ਇਸ ਵਿੱਚ ਸ੍ਰੀਮਤੀ ਡੀਉਫੋਰ ਸਫ਼ੈਦ ਰੰਗ ਦੀ ਰੇਸ਼ਮੀ ਪੁਸ਼ਾਕ ਵਿੱਚ ਸ਼ਾਨ ਨਾਲ ਸਜ ਧਜ ਕੇ ਆਪਣੇ ਪਤੀ ਦੇ ਨਾਲ ਬੈਠ ਗਈ।

ਬੁੱਢੀ ਦਾਦੀ ਨੂੰ ਅਤੇ ਧੀ ਨੂੰ ਦੋ ਕੁਰਸੀਆਂ 'ਤੇ ਬਿਠਾਇਆ ਗਿਆ ਅਤੇ ਇਕ ਪੀਲੇ ਵਾਲ਼ਾਂ ਵਾਲੇ ਨੌਜਵਾਨ, ਜਿਸ ਦਾ ਸਿਰ ਦੇ ਸਿਵਾ ਹੋਰ ਕੁਝ ਵਿਖਾਈ ਹੀ ਨਹੀਂ ਦਿੰਦਾ ਸੀ ਗੱਡੀ ਦੇ ਫਲੜ 'ਤੇ ਬੈਠਾ ਸੀ।

ਜਦੋਂ ਉਹ ਨਿਉਲੀ ਦੇ ਪੁਲ 'ਤੇ ਪਹੁੰਚੇ, ਸ੍ਰੀਮਾਨ ਡੀਉਫੋਰ ਨੇ ਕਿਹਾ: "ਅਸੀਂ ਪਿੰਡ ਵਿੱਚ ਆ ਹੀ ਗਏ ਹਾਂ। "ਇਸ ਗੱਲ ਨੂੰ ਸੁਣ ਕੇ ਉਸ ਦੀ ਪਤਨੀ ਕੁਦਰਤ ਦੀ ਸੁੰਦਰਤਾ ਨੂੰ ਮਾਣਨ ਲਈ ਭਾਵਕ ਹੋ ਉੱਠੀ। ਜਦੋਂ ਉਹ ਕੋਰੋਬੋਵੀ ਦੇ ਚੌਰਾਹੇ 'ਤੇ ਪਹੁੰਚੇ ਤਾਂ ਉੱਥੇ ਦੇ ਕਿੰਨੇ ਹੀ ਹੇਠਲੇ ਦ੍ਰਿਸ਼ਾਂ ਦੀ ਪ੍ਰਸ਼ੰਸਾ ਕਰਨ ਲੱਗ ਪਏ : ਸੱਜੇ ਪਾਸੇ ਆਂਰਜੈਨਟੀਲ ਚਰਚ ਦੀ ਚੋਟੀ ਸੀ, ਇਸ ਦੇ ਉਤਲੇ ਪਾਸੇ ਸੈਨੋਇਸ ਦੀਆਂ ਪਹਾੜੀਆਂ ਅਤੇ ਆਰਗੇਮੈਂਟ ਦੀ ਮਿਲ ਸੀ। ਜਦੋਂਕਿ ਖੱਬੇ ਪਾਸੇ ਸਵੇਰ ਦੇ ਸਾਫ਼ ਆਕਾਸ਼ ਵਿੱਚ ਮਾਰਲੇ ਦੀ ਚਿਮਨੀ ਖੜ੍ਹੀ ਸੀ। ਕੁਝ ਦੂਰੀ 'ਤੇ ਉਹ ਸੈਂਟ ਜਰਮਨ ਦਾ ਚਬੂਤਰਾ ਵੇਖ ਸਕਦੇ ਸਨ ਅਤੇ ਉਨ੍ਹਾਂ ਦੇ ਸਾਹਮਣੇ ਪਹਾੜੀਆਂ ਦੀ ਨੀਵੀਂ ਲੜੀ ਦੇ ਅੰਤ ਵਿੱਚ ਕਾਰਮੀਲਜ਼ ਦਾ ਨਵਾਂ ਕਿਲ੍ਹਾ ਸੀ। ਦੂਰ ਦੁਰਾਡੇ ਮੈਦਾਨਾਂ ਤੇ ਪਿੰਡਾਂ ਤੋਂ ਅੱਗੇ ਕੋਈ ਜੰਗਲ ਦੇ ਹਰੇ ਸਾਬਰਾਂ ਨੂੰ ਵੇਖ ਸਕਦਾ ਸੀ।

ਸੂਰਜ ਉਨ੍ਹਾਂ ਦੇ ਚਿਹਰਿਆਂ 'ਤੇ ਚਮਕਣ ਲੱਗ ਪਿਆ ਸੀ, ਘੱਟਾ ਉਨ੍ਹਾਂ ਦੀਆਂ ਅੱਖਾਂ ਵਿੱਚ ਪੈ ਗਿਆ ਸੀ ਅਤੇ ਸੜਕ ਦੇ ਦੋਵੇਂ ਪਾਸੇ ਇਕ ਅਮੁੱਕ

ਨੰਗਾ ਤੇ ਗੰਦਾ ਮੈਦਾਨ ਫੈਲਿਆ ਹੋਇਆ ਸੀ, ਜਿਸ ਤੋਂ' ਸੜਿਆਂਦ ਮਾਰਦੀ ਸੀ । ਤੁਸੀਂ ਜ਼ਰੂਰ ਹੀ ਸੋਚਦੇ ਹੋ ਕਿ ਇਹ ਤਾਂ ਕਿਸੇ ਛੂਤ ਦੀ ਬਿਮਾਰੀ ਨਾਲ ਤਬਾਹ ਕੀਤਾ ਗਿਆ ਹੈ ਤੇ ਜਿਸ ਨੇ ਮਕਾਨਾਂ 'ਤੇ ਵੀ ਅਸਰ ਕੀਤਾ ਹੋਵੇਗਾ । ਕਿਉਂਕਿ ਉੱਜੜੇ-ਪੁਜੜੇ ਘਰਾਂ ਦੇ ਢਾਂਚੇ ਜਾਂ ਵਿੱਚ ਵਿਚਾਲੇ ਛੱਡੇ ਛੋਟੇ ਝੌਂਪੜੇ ਜਿਨ੍ਹਾਂ ਦੀਆਂ ਛੱਤ ਰਹਿਤ ਕੰਧਾਂ ਹੀ ਕੰਧਾਂ ਸਨ, ਜਿਵੇਂ ਕਿਤੇ ਠੇਕੇਦਾਰਾਂ ਨੂੰ ਕੁਛ ਮਿਲਿਆ ਹੀ ਨਾ ਹੋਵੇ।

ਬੰਜਰ ਜ਼ਮੀਨ 'ਤੇ ਕਿਧਰੋਂ ਕਿਧਰੇ ਕਾਰਖ਼ਾਨਿਆਂ ਦੀਆਂ ਉੱਚੀਆਂ ਚਿਮਨੀਆਂ ਖੜੀਆਂ ਸਨ। ਉਸ ਬੰਜਰ ਧਰਤੀ 'ਤੇ ਇਹੋ ਹੀ ਬਨਸਪਤੀ ਸੀ, ਜਿੱਥੇ ਬਹਾਰ ਦੀ ਹਵਾ ਵਿੱਚੋਂ ਪੈਟਰੋਲ ਅਤੇ ਧੂੰਏਂ ਦੀ ਦੁਰਗੰਧ ਆਉਂਦੀ ਸੀ । ਇਸ ਵਿੱਚੋਂ ਕਿਸੇ ਹੋਰ ਵੀ ਦੁਰਗੰਧ ਦੀ ਮਿਲਾਵਟ ਸੀ, ਜੋ ਹੋਰ ਵੀ ਜ਼ਿਆਦਾ ਭੈੜੀ ਸੀ । ਫਿਰ ਵੀ ਆਖ਼ਰਕਾਰ ਉਨ੍ਹਾਂ ਨੇ ਦੋਬਾਰਾ ਸੀਨ ਨੂੰ ਪਾਰ ਕੀਤਾ। ਪੁਲ ਦੇ ਉੱਤੇ ਤਾਂ ਮੌਸਮ ਖ਼ੁਸ਼ਗਵਾਰ ਸੀ । ਦਰਿਆ ਧੁੱਪ ਵਿੱਚ ਲਿਸ਼ਕਾਂ ਮਾਰ ਰਿਹਾ ਸੀ । ਸ਼ੁੱਧ ਹਵਾ ਵਿੱਚ ਸਾਹ ਲੈਂਦੇ ਉਨ੍ਹਾਂ ਨੂੰ ਸੰਤੁਸ਼ਟਤਾ ਅਤੇ ਆਨੰਦ ਦਾ ਅਨੁਭਵ ਹੋ ਰਿਹਾ ਸੀ । ਨਾ ਤਾਂ ਇਸ ਹਵਾ ਵਿੱਚ ਕਾਰਖ਼ਾਨਿਆਂ ਦਾ ਕਾਲਾ ਧੂੰਆਂ ਹੀ ਸੀ ਤੇ ਨਾ ਹੀ ਗੰਦਗੀ ਦੇ ਢੇਰਾਂ ਦੀ ਦੁਰਗੰਧ ਆਉਂਦੀ ਸੀ । ਇਕ ਆਦਮੀ ਜੋ ਉਨ੍ਹਾਂ ਨੂੰ ਮਿਲਿਆ ਸੀ, ਉਸ ਨੇ ਦੱਸਿਆ ਕਿ ਇਸ ਥਾਂ ਦਾ ਨਾਂ ਬੀਜ਼ੋਨਜ਼ ਹੈ, ਇਸ ਲਈ ਸ੍ਰੀਮਾਨ ਡਿਊਫੋਰ ਨੇ ਗੱਡੀ ਨੂੰ ਰੋਕਿਆ ਅਤੇ ਢਾਬੇ ਦੇ ਆਕਰਸ਼ਕ ਬੋਰਡ ਨੂੰ ਪੜ੍ਹਿਆ : " ਪੋਲਿਨ ਰੈਸਟੋਰੈਂਟ, ਰਿੱਝੀ ਅਤੇ ਤਲੀ ਹੋਈ ਮੱਛੀ, ਪ੍ਰਾਈਵੇਟ ਕਮਰੇ ਅਤੇ ਝੂਲੇ ।

"ਕਿਉਂ, ਸ੍ਰੀਮਤੀ ਡਿਉਫੋਰ, ਇਹ ਤੁਹਾਡੇ ਲਈ ਠੀਕ ਰਹੇਗਾ ? ਕੀ ਤੁਸੀਂ ਆਪਣਾ ਇਰਾਦਾ ਬਣਾ ਲਵੇਗਾ ?"

ਉਸ ਨੇ ਆਪ ਵੀ ਬੋਰਡ ਨੂੰ ਪੜ੍ਹਿਆ ਅਤੇ ਫਿਰ ਕੁਝ ਸਮੇਂ ਲਈ ਇਸ ਢਾਬੇ ਨੂੰ ਵੇਖੀ ਗਈ ।

ਸੜਕ ਦੇ ਕਿਨਾਰੇ ਬਣੀ ਇਹ ਇਕ ਪਿੰਡ ਦੀ ਸਫ਼ੈਦ ਸਰਾਂ ਸੀ ਅਤੇ ਖੁੱਲ੍ਹੇ ਦਰਵਾਜ਼ੇ ਵਿੱਚੋਂ ਉਸ ਨੂੰ ਕਾਊਂਟਰ ਦੀ ਚਮਕਦੀ ਜ਼ਿੰਕ ਨਜ਼ਰ ਆਉਂਦੀ ਸੀ । ਕਾਊਂਟਰ 'ਤੇ ਦੋ ਕੰਮ ਕਰਨ ਵਾਲੇ ਬੈਠੇ ਸਨ, ਅੰਤ ਉਸ ਨੇ ਆਪਣਾ ਨਿਸ਼ਚਾ ਕਰ ਹੀ ਲਿਆ ਤੇ ਆਖਿਆ "ਹਾਂ, ਇਹ ਠੀਕ ਰਹੇਗਾ ਤੇ ਇਸ ਤੋਂ ਇਲਾਵਾ ਇੱਥੇ ਵੇਖਣ ਲਈ ਚੰਗਾ ਨਜ਼ਾਰਾ ਵੀ ਹੈ ।"

ਇਸ ਲਈ ਉਹ ਰੁੱਖਾਂ ਨਾਲ ਸਜੇ ਵਿਹੜੇ ਵਿੱਚ ਗਏ ਜੋ ਆਰਾਮਗਾਹ ਦੇ ਪਿੱਛੇ ਸੀ, ਤੇ ਜੋ ਦਰਿਆ ਨਾਲੋਂ ਬੇੜੀਆਂ ਖਿੱਚਣ ਵਾਲੇ ਰਸਤੇ ਦੁਆਰਾ ਹੀ ਵੱਖਰਾ ਕੀਤਾ ਗਿਆ ਸੀ, ਅਤੇ ਉੱਥੇ ਜਾ ਕੇ ਥੱਲੇ ਉਤਰ ਆਏ।

ਪਤੀ ਸਭ ਤੋਂ ਪਹਿਲਾਂ ਛਾਲ ਮਾਰ ਕੇ ਉਤਰਿਆ ਤੇ ਉਸ ਨੇ ਆਪਣੀ ਪਤਨੀ ਲਈ ਆਪਣੀ ਬਾਂਹ ਨੂੰ ਅੱਗੇ ਵਧਾਇਆ। ਕਿਉਂਕਿ ਪਾਏਦਾਨ ਕਾਫ਼ੀ ਉੱਚਾ ਸੀ। ਇਸ ਲਈ ਸ੍ਰੀਮਤੀ ਡਿਉਫੋਰ ਨੂੰ ਉਸ ਤੱਕ ਪਹੁੰਚਣ ਲਈ ਆਪਣੇ ਅੰਗਾਂ ਦਾ ਹੇਠਲਾ ਭਾਗ ਜਿਸ ਦੀ ਪਹਿਲੀ ਨਾਜ਼ੁਕਤਾ ਮੋਟਾਪੇ ਕਰਕੇ ਅਲੋਪ ਹੋ ਚੁੱਕੀ ਸੀ, ਵਿਖਾਉਣਾ ਹੀ ਪਿਆ। ਸ੍ਰੀਮਾਨ ਡਿਉਫੋਰ ਜਿਹੜਾ ਪਿੰਡ ਦੀ ਹਵਾ ਵਿੱਚ ਪਹਿਲਾਂ ਹੀ ਉਤੇਜਿਤ ਹੋਇਆ ਪਿਆ ਸੀ, ਨੇ ਉਸ ਦੀ ਪਿੰਜਣੀ ’ਤੇ ਚੂੰਢੀ ਵੱਢੀ ਤੇ ਫਿਰ ਉਸ ਨੂੰ ਬਾਂਹਾਂ ਵਿੱਚ ਲੈ ਕੇ ਜ਼ਮੀਨ ’ਤੇ ਇਸ ਤਰ੍ਹਾਂ ਉਤਾਰਿਆ ਜਿਵੇਂ ਕਿਤੇ ਉਹ ਕੋਈ ਬਹੁਤ ਭਾਰੀ ਗੱਠੜੀ ਹੁੰਦੀ ਹੈ।

ਉਸ ਨੇ ਆਪਣੀ ਰੇਸ਼ਮੀ ਪੁਸ਼ਾਕ ਤੋਂ ਗਰਦ ਭਾੜੀ ਤੇ ਫਿਰ ਇੱਧਰ ਉੱਧਰ ਵੇਖਿਆ ਤਾਂ ਕਿ ਉਹ ਇਹ ਵੇਖ ਸਕੇ ਕਿ ਉਹ ਕਿਹੋ ਜਿਹੀ ਥਾਂ ’ਤੇ ਆ ਗਈ ਸੀ।

ਉਹ ਛੱਤੀ ਸਾਲਾਂ ਦੀ ਇਕ ਤਕੜੀ ਇਸਤਰੀ ਸੀ। ਪੂਰੀ ਫੈਲੀ ਹੋਈ ਅਤੇ ਵੇਖਣ ਵਿੱਚ ਚੰਗੀ ਲੱਗਦੀ ਸੀ। ਕਿਉਂਕਿ ਉਸ ਨੇ ਚੰਗੀ ਤਰ੍ਹਾਂ ਕਮਰ ਕਸਾ ਕੀਤਾ ਹੋਇਆ ਸੀ, ਇਸ ਲਈ ਉਹ ਸਾਹ ਵੀ ਔਖੀ ਤਰ੍ਹਾਂ ਹੀ ਲੈਂਦੀ ਸੀ। ਇਸ ਨਾਲ ਉਸ ਦੀ ਛਾਤੀ ਇੰਨੀ ਉੱਚੀ ਉੱਠਦੀ ਕਿ ਉਹ ਉਸ ਦੀ ਦੂਹਰੀ ਠੋਡੀ ਤੱਕ ਉਭਰ ਜਾਂਦੀ ਸੀ। ਇਸ ਤੋਂ ਪਿੱਛੋਂ ਕੁੜੀ ਨੇ ਆਪਣੇ ਪਿਤਾ ਦੇ ਮੋਢਿਆਂ ’ਤੇ ਹੱਥ ਪਾਇਆ ਅਤੇ ਹੌਲੀ ਜਿਹੀ ਛਾਲ ਮਾਰ ਕੇ ਥੱਲੇ ਉਤਰ ਆਈ। ਪੀਲੇ ਵਾਲ਼ਾਂ ਵਾਲਾ ਨੌਜਵਾਨ ਪਹੀਏ ’ਤੇ ਪੈਰ ਰੱਖ ਕੇ ਥੱਲੇ ਉਤਰ ਗਿਆ ਸੀ। ਉਸ ਨੇ ਮੋਨਸਯੁਰ ਡਿਊਫੋਰ ਦੀ ਦਾਦੀ ਨੂੰ ਉਤਾਰਨ ਵਿੱਚ ਸਹਾਇਤਾ ਕੀਤੀ। ਫਿਰ ਉਨ੍ਹਾਂ ਨੇ ਘੋੜੇ ਨੂੰ ਖੋਲ੍ਹਿਆ, ਜਿਸ ਨੂੰ ਉਨ੍ਹਾਂ ਨੇ ਦਰੱਖ਼ਤ ਨਾਲ ਬੰਨ੍ਹ ਦਿੱਤਾ ਅਤੇ ਗੱਡੀ ਪਿੱਛੇ ਲੱਗ ਗਈ ਅਤੇ ਉਸ ਦੇ ਦੋਵੇਂ ਬੰਪ ਹਵਾ ਵਿੱਚ ਉੱਲਰ ਗਏ। ਆਦਮੀ ਅਤੇ ਮੁੰਡੇ ਨੇ ਆਪਣੇ ਕੋਟ ਉਤਾਰੇ ਅਤੇ ਪਾਣੀ ਦੀ ਬਾਲਟੀ ਵਿੱਚ ਹੱਥ ਧੋਤੇ ਅਤੇ ਫਿਰ ਇਸਤਰੀਆਂ ਜੋ ਪਹਿਲਾਂ ਹੀ ਝੂਲਿਆਂ ’ਤੇ ਜਾ ਬੈਠੀਆਂ ਸਨ, ਉਨ੍ਹਾਂ ਵਿੱਚ ਚਲੇ ਗਏ। ਮਿਸ ਡਿਉਫੋਰ ਖੜੋ ਕੇ ਝੂਟਣਾ ਚਾਹੁੰਦੀ ਸੀ ਪਰ ਉਹ ਸ਼ੁਰੂ ਵਿੱਚ ਹੀ ਕਾਮਯਾਬ ਨਾ ਹੋ ਸਕੀ। ਉਹ ਅਠਾਰਾਂ ਸਾਲਾਂ ਦੀ ਇਕ ਪਿਆਰੀ ਕੁੜੀ ਸੀ। ਉਹ ਉਨ੍ਹਾਂ ਇਸਤਰੀਆਂ ਵਿੱਚੋਂ ਇਕ

ਸੀ, ਜਿਨ੍ਹਾਂ ਨੂੰ ਜਦੋਂ ਵੀ ਤੁਸੀਂ ਗ਼ਲੀ ਮੁਹੱਲੇ ਵਿੱਚ ਮਿਲਦੇ ਹੋ, ਉਹ ਤੁਹਾਡੀਆਂ ਇੱਛਾਵਾਂ ਨੂੰ ਉਤੇਜਿਤ ਕਰ ਦਿੰਦੀਆਂ ਹਨ ਤੇ ਤੁਹਾਨੂੰ ਵਾਧੂ ਜਿਹੀ ਬੇਚੈਨੀ ਦੀਆਂ ਭਾਵਨਾਵਾਂ ਅਤੇ ਉਤੇਜਨਾ ਵਿੱਚ ਛੱਡ ਜਾਂਦੀਆਂ ਹਨ । ਉਹ ਲੰਮੀ ਸੀ । ਉਸ ਦਾ ਪਤਲਾ ਲੱਕ ਤੇ ਪਿੱਛਾ ਭਾਰੀ ਸੀ । ਰੰਗ ਪੱਕਾ, ਬਹੁਤ ਮੋਟੀਆਂ ਅੱਖਾਂ ਤੇ ਕਾਲੇ ਸਿਆਹ ਵਾਲ਼ ਸਨ । ਉਸ ਦੀ ਪੁਸ਼ਾਕ ਵਿੱਚੋਂ ਮਜ਼ਬੂਤ ਤੇ ਭਰੇ ਹੋਏ ਜਿਸਮ ਦੀ ਰੂਪ ਰੇਖਾ ਨਜ਼ਰ ਆਉਂਦੀ ਸੀ ਤੇ ਜਦੋਂ ਉਹ ਆਪਣੇ ਪਿੱਛੇ ਦੇ ਜ਼ੋਰ ਨਾਲ ਹੋਰ ਉਚੇਰਾ ਝੂਟਾ ਲੈਣ ਦੀ ਕੋਸ਼ਿਸ਼ ਕਰਦੀ ਤਾਂ ਇਹ ਹੋਰ ਵੀ ਸਪੱਸ਼ਟ ਹੋ ਜਾਂਦੀ ਸੀ । ਉਸ ਦੀਆਂ ਬਾਂਹਾਂ ਉਸ ਦੇ ਸਿਰ ਉੱਤੇ ਦੀ ਰੱਸਿਆਂ ਨੂੰ ਫੜਨ ਲਈ ਫੈਲੀਆਂ ਹੋਈਆਂ ਸਨ ਅਤੇ ਉਸ ਦੀ ਹਰ ਹਰਕਤ ਨਾਲ ਉਸ ਦੀਆਂ ਛਾਤੀਆਂ ਉੱਤੇ ਥੱਲੇ ਹੁੰਦੀਆਂ ਸਨ । ਉਸ ਦੀ ਟੋਪੀ, ਜਿਸ ਨੂੰ ਹਵਾ ਦੇ ਬੁੱਲੇ ਨੇ ਉਡਾ ਦਿੱਤਾ ਸੀ, ਉਹ ਉਸ ਦੇ ਪਿੱਛੇ ਲਮਕ ਰਹੀ ਸੀ ਅਤੇ ਜਿਉਂ ਜਿਉਂ ਝੂਟਾ ਉਚੇਰਾ ਹੀ ਉਚੇਰਾ ਹੁੰਦਾ ਗਿਆ, ਉਸ ਦੇ ਨਾਜ਼ੁਕ ਅੰਗ ਗੋਡਿਆਂ ਤੱਕ ਵਿਖਾਈ ਦੇਣ ਲੱਗ ਪਏ ਸਨ । ਅਤੇ ਪੇਟੀਕੋਟਾਂ ਦੀ ਸੁਗੰਧ ਜੋ ਸ਼ਰਾਬ ਦੀ ਗੰਧ ਨਾਲੋਂ ਵੀ ਜ਼ਿਆਦਾ ਮਸਤੀ ਵਾਲੀ ਸੀ, ਉਸ ਦੇ ਮਿੱਤਰ ਅਤੇ ਪਿਤਾ, ਜੋ ਉਸ ਵੱਲ ਪ੍ਰਸ਼ੰਸਾ ਨਾਲ ਵੇਖ ਰਹੇ ਸਨ ਉੱਤੇ ਆਪਣਾ ਰੰਗ ਜਮਾ ਰਹੀ ਸੀ । ਦੂਜੇ ਝੂਲੇ ਵਿੱਚ ਬੈਠੀ ਸ੍ਰੀਮਤੀ ਡਿਉਫੋਰ ਹੌਲੀ ਹੌਲੀ ਕਹੀ ਜਾ ਰਹੀ ਸੀ:

"ਸਿਪਰੀਅਨ, ਆਓ, ਮੈਨੂੰ ਝੂਟਾ ਦੇਵੋ, ਆਓ ਨਾ ਮੈਨੂੰ ਝੂਟਾ ਦੇਵੋ, ਸਿਪਰੀਅਨ ।"

ਅੰਤ ਉਹ ਮੰਨ ਹੀ ਗਿਆ ਤੇ ਆਪਣੀ ਕਮੀਜ਼ ਦੀਆਂ ਬਾਂਹਾਂ ਨੂੰ ਇਸ ਤਰ੍ਹਾਂ ਚੜਾਇਆ, ਜਿਵੇਂ ਕਿਤੇ ਉਸ ਨੇ ਕੋਈ ਬਹੁਤ ਔਖਾ ਕੰਮ ਕਰਨ ਦਾ ਇਰਾਦਾ ਬਣਾਇਆ ਹੁੰਦਾ ਹੈ । ਬਹੁਤ ਮੁਸ਼ਕਿਲ ਨਾਲ ਹੀ ਉਸ ਨੇ ਆਪਣੀ ਪਤਨੀ ਨੂੰ ਝੁਲਾਇਆ। ਉਸ ਨੇ ਦੋਵੇਂ ਰੱਸਿਆਂ ਨੂੰ ਜਕੜ ਲਿਆ ਅਤੇ ਆਪਣੀਆਂ ਲੱਤਾਂ ਨੂੰ ਸਿੱਧਾ ਅਕੜਾ ਲਿਆ ਤਾਂ ਜੋ ਇਹ ਧਰਤੀ ਨੂੰ ਛੂਹ ਨਾ ਜਾਣ। ਝੂਲੇ ਦੀ ਹਰਕਤ ਨਾਲ ਉਸ ਤੋਂ ਸੁਸਤੀ ਛਾ ਗਈ ਤੇ ਉਸ ਦਾ ਸਾਰਾ ਸਰੀਰ ਇਸ ਤਰ੍ਹਾਂ ਹਿੱਲਦਾ ਸੀ ਜਿਵੇਂ ਕਿਸੇ ਪਲੇਟ ਉੱਤੇ ਜੈਲੀ ਪਾਈ ਹੁੰਦੀ ਹੈ । ਪਰ ਜਦੋਂ ਉਹ ਹੋਰ ਉਚੇਰੇ ਹੁੰਦੀ ਗਈ, ਉਸ ਦੀ ਸੁਸਤੀ ਵੱਧਦੀ ਗਈ ਤੇ ਉਹ ਡਰਨ ਲੱਗ ਪਈ । ਹਰ ਵਾਰੀ ਜਦੋਂ ਉਹ ਥੱਲੇ ਨੂੰ ਝੂਲਦੀ ਆਉਂਦੀ, ਉਹ ਇਕ ਚੀਕ ਵੀ ਨਾਲ ਦੀ ਨਾਲ ਮਾਰ ਦਿੰਦੀ। ਇਸ ਲਈ ਸਾਰੇ ਛੋਟੇ ਛੋਟੇ ਮੁੰਡੇ ਆਲ਼ੇ-ਦੁਆਲੇ ਅਤੇ ਥੱਲੇ ਅਤੇ ਬਾਗ਼ ਦੀਆਂ ਝੜੀਆਂ ਪਿੱਛੇ ਆ ਗਏ । ਉਸ ਨੇ ਸਰਸਰੀ ਤੌਰ ’ਤੇ ਹੀ ਕੁਝ ਸ਼ਰਾਰਤੀਆਂ ਸਿਰਾਂ

ਦੀ ਕਤਾਰ ਜਿਹੀ ਵੇਖੀ ਜਦੋਂ ਉਹ ਹੱਸਦੇ ਤਾਂ ਕਈ ਤਰ੍ਹਾਂ ਦੀਆਂ ਆਵਾਜ਼ਾਂ ਪੈਦਾ ਕਰਦੇ । ਜਦੋਂ ਇਕ ਨੌਕਰਾਣੀ ਆਈ ਤਾਂ ਉਨ੍ਹਾਂ ਨੇ ਲੰਚ ਲਈ ਹੁਕਮ ਦੇ ਦਿੱਤਾ।

'ਕੁਝ ਤਲੀ ਹੋਈ ਮੱਛੀ, ਇਕ ਮੱਠੀ ਮੱਠੀ ਆਂਚ ’ਤੇ ਭੁੰਨਿਆ ਹੋਇਆ ਖ਼ਰਗੋਸ਼, ਸਲਾਦ ਤੇ ਹੋਰ ਫਲ਼ ਆਦਿ, "ਸ੍ਰੀਮਤੀ ਡਿਉਫੋਰ ਨੇ ਇਹ ਬੜੀ ਸ਼ਾਨ ਨਾਲ ਕਿਹਾ।

"ਇਕ ਬੋਤਲ ਕਲੈਰਟ ਦੀ ਅਤੇ ਦੋ ਡਾਲੇ ਬੀਅਰ ਦੇ ਲਿਆਓ, "ਉਸ ਦੇ ਪਤੀ ਨੇ ਕਿਹਾ।

"ਅਸੀਂ ਘਾਹ ’ਤੇ ਹੀ ਲੰਚ ਲਵਾਂਗੇ, " ਕੁੜੀ ਨੇ ਕਿਹਾ

“ਦਾਦੀ, ਜਿਸ ਨੂੰ ਬਿੱਲੀਆਂ ਨਾਲ ਖ਼ਾਸ ਪ੍ਰੇਮ ਸੀ, ਇਕ ਬਿੱਲੀ ਜੋ ਇਸੇ ਆਰਾਮਗਾਹ ਦੀ ਬਿੱਲੀ ਸੀ। ਉਸ ਨੂੰ ਪਲੋਸੀ ਜਾ ਰਹੀ ਸੀ ਤੇ ਪਿਛਲੇ ਦਸਾਂ ਮਿੰਟਾਂ ਤੋਂ ਉਸ ਤੇ ਬੜੇ ਲਾਡ ਵਾਲੇ ਸ਼ਬਦਾਂ ਦੀ ਬੁਛਾੜ ਕਰ ਰਹੀ ਸੀ। ਇਸ ਵਿੱਚ ਸ਼ੱਕ ਨਹੀਂ ਕਿ ਜਾਨਵਰ ਜੋ ਉਸ ਦੇ ਪਿਆਰ ਨਾਲ ਅੰਦਰੋਂ ਖ਼ੁਸ਼ ਸੀ, ਇਸ ਭਲੀ ਇਸਤਰੀ ਦੇ ਨੇੜੇ ਹੀ ਰਿਹਾ, ਪਰ ਉਸ ਦੇ ਹੱਥ ਦੀ ਪਹੁੰਚ ਤੋਂ ਦੂਰ ਹੀ ਸੀ ਅਤੇ ਚੁੱਪਚਾਪ ਦਰੱਖ਼ਤਾਂ ਦੁਆਲੇ ਘੁੰਮੀ ਗਈ ਤੇ ਇਨ੍ਹਾਂ ਦਰੱਖ਼ਤਾਂ ਦੇ ਨਾਲ ਹੀ ਖਹੀ ਗਈ। ਉਸ ਨੇ ਖ਼ੁਸ਼ੀ ਪ੍ਰਗਟ ਕਰਨ ਲਈ ਪੂਛ ਨੂੰ ਉੱਤੇ ਚੁੱਕਿਆ ਹੋਇਆ ਸੀ।

“ਹੈਲੋ, ਪੀਲੇ ਵਾਲ਼ਾਂ ਵਾਲੇ ਜਵਾਨ ਨੇ ਜੋ ਇੱਧਰ ਉੱਧਰ ਫਿਰ ਰਿਹਾ ਸੀ ਨੇ ਕਿਹਾ, “ਆਹ ਦੋ ਸਵੈਲ ਬੋਟਸ ਹਨ। ਉਹ ਸਾਰੇ ਉਨ੍ਹਾਂ ਨੂੰ ਵੇਖਣ ਚਲੇ ਗਏ ਅਤੇ ਦੋ ਸੁੰਦਰ ਸਕੀਠਾਂ ਨੂੰ ਇਕ ਲੱਕੜ ਦੀ ਕਿਸ਼ਤੀ ਵਿੱਚ ਵੇਖਿਆ। ਉਹ ਇੰਨੀ ਚੰਗੀ ਤਰ੍ਹਾਂ ਸਵਾਰੀਆਂ ਹੋਈਆਂ ਸਨ, ਜਿਵੇਂ ਕਿਤੇ ਮੌਜ ਮੇਲਾ ਮਨਾਉਣ ਲਈ ਬਣਾਈਆਂ ਗਈਆਂ ਹੋਣ। ਉਹ ਇਕ ਦੂਜੀ ਨਾਲ ਇੱਦਾਂ ਜੁੜੀਆਂ ਸਨ, ਜਿਵੇਂ ਦੋ ਲੰਮੀਆਂ ਨਾਜ਼ੁਕ ਕੁੜੀਆਂ ਇਕੋ ਸਾਰ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਇਕੋ ਚਾਹ ਹੋਵੇ ਕਿ ਉਹ ਨਿੱਘੀ ਗਰਮ ਸਵੇਰ ਅਤੇ ਸ਼ਾਮ ਉਨ੍ਹਾਂ ਵਿੱਚ ਦਰਿਆ ਦੇ ਫੁੱਲਾਂ ਨਾਲ ਲੱਦੇ ਕੰਢਿਆਂ ’ਤੇ ਸੈਰ ਕਰਨ ਜਿੱਥੇ ਦਰੱਖ਼ਤ ਆਪਣੀਆਂ ਸਾਖ਼ਾਵਾਂ ਨੂੰ ਪਾਣੀ ਵਿੱਚ ਗੋਤੇ ਲਵਾਉਂਦੇ ਸਨ, ਜਿੱਥੇ ਤੇਜ਼ ਵਹਾਅ ਦੀ ਲਗਾਤਾਰ ਖੜਕਾਰ ਆ ਰਹੀ ਸੀ ਤੇ ਜਿੱਥੇ ਸ਼ਿਕਾਰੀ ਪੰਛੀ ਨੀਲੀ ਬਿਜਲੀ ਵਾਂਗ ਤੇਜ਼ੀ ਨਾਲ ਇੱਧਰ ਉੱਧਰ ਉਡਾਰੀਆਂ ਮਾਰ ਰਿਹਾ ਹੋਵੇ ।

ਸਾਰੇ ਪਰਿਵਾਰ ਨੇ ਉਨ੍ਹਾਂ ਵੱਲ ਬਹੁਤ ਚਾਵਾਂ ਨਾਲ ਵੇਖਿਆ।

"ਸੱਚਮੁਚ ਹੀ ਇਹ ਵਧੀਆ ਕਿਸ਼ਤੀਆਂ ਹਨ ।"

ਸ੍ਰੀਮਾਨ ਡਿਉਫਰੋ ਨੇ ਗੰਭੀਰਤਾ ਨਾਲ ਦੁਹਰਾਇਆ ਤੇ ਫਿਰ ਇਕ ਪਾਰਖੂ ਦੇ ਵਾਂਗ ਆਪਣੀ ਰਾਏ ਦਿੰਦਿਆਂ ਹੋਇਆਂ ਉਸ ਨੇ ਉਨ੍ਹਾਂ ਦੀ ਚੰਗੀ ਤਰ੍ਹਾਂ ਪਰਖ ਕੀਤੀ । ਆਪਣੇ ਪਹਿਲੇ ਦਿਨਾਂ ਵਿੱਚ ਉਸ ਨੂੰ ਕਿਸ਼ਤੀ ਚਲਾਉਣ ਦਾ ਕਾਫ਼ੀ ਸ਼ੌਕ ਸੀ, ਉਸ ਨੇ ਕਿਹਾ ਅਤੇ ਜਦੋਂ ਉਹ ਚੱਪੂਆਂ ਨੂੰ ਹੱਥ ਪਾ ਲੈਂਦਾ ਇਹ ਕਹਿ ਕੇ ਉਹ ਚੱਪੂ ਚਲਾਨ ਦੀ ਕਿਰਿਆ ਵਿਖਾਉਣ ਲੱਗ ਪਿਆ- ਤਾਂ ਉਹ ਕਿਸੇ ਦੀ ਬਿਲਕੁਲ ਹੀ ਪ੍ਰਵਾਹ ਨਹੀਂ ਕਰਦਾ ਸੀ ।

ਜੋਨੀਵਾਲੀ ਗੰਗਾਦਾਸ ਵਿੱਚ ਪਹਿਲਾਂ ਹੀ ਉਸ ਨੇ ਇਕ ਤੋਂ ਜ਼ਿਆਦਾ ਅੰਗਰੇਜ਼ਾਂ ਦੀ ਖੁੰਬ ਠੱਪੀ ਸੀ। ਅੰਤ ਵਿੱਚ ਉਸ ਨੂੰ ਬਹੁਤ ਜੋਸ਼ ਆ ਗਿਆ ਅਤੇ ਉਸ ਨੇ ਇਕ ਸ਼ਰਤ ਦੀ ਪੇਸ਼ਕਸ਼ ਰੱਖੀ ਕਿ ਉਹ ਇਸ ਤਰ੍ਹਾਂ ਦੀ ਕਿਸ਼ਤੀ ਵਿੱਚ ਬਿਨਾਂ ਥਕਾਵਟ ਮਹਿਸੂਸ ਕੀਤਿਆਂ ਛੇ ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਕਿਸ਼ਤੀ ਚਲਾ ਸਕਦਾ ਹੈ।

"ਲੰਚ ਤਿਆਰ ਹੈ " ਕਿਸ਼ਤੀਘਰ ਦੇ ਦਰਵਾਜ਼ੇ ’ਤੇ ਆ ਕੇ ਨੌਕਰਾਣੀ ਨੇ ਕਿਹਾ। ਇਨ੍ਹਾਂ ਸਾਰਿਆਂ ਨੇ ਤੇਜ਼ੀ ਵਿਖਾਈ ਪਰ ਪਹਿਲਾਂ ਹੀ ਦੋ ਜਵਾਨ ਵਧੀਆ ਥਾਂ ਮੱਲੀ ਲੰਚ ਲੈ ਰਹੇ ਸਨ ਤੇ ਇਸ ਥਾਂ ਨੂੰ ਸ੍ਰੀਮਤੀ ਡਿਉਫੋਰ ਨੇ ਆਪਣੇ ਚਿੱਤ ਵਿੱਚ ਆਪਣੇ ਲਈ ਚੁਣਿਆ ਸੀ । ਨਿਰਸੰਦੇਹ, ਉਹ ਕਿਸ਼ਤੀਆਂ ਦੇ ਮਾਲਕ ਸਨ ਕਿਉਂਕਿ ਉਨ੍ਹਾਂ ਨੇ ਕਿਸ਼ਤੀ ਚਲਾਉਣ ਵਾਲੀ ਵਰਦੀ ਪਾਈ ਹੋਈ ਸੀ। ਉਨ੍ਹਾਂ ਨੇ ਲੱਤਾਂ ਪਸਾਰੀਆਂ ਹੋਈਆਂ ਸਨ, ਲਗਭਗ ਕੁਰਸੀਆਂ ’ਤੇ ਲੇਟੇ ਹੋਏ ਸਨ ਅਤੇ ਉਨ੍ਹਾਂ ਦੀ ਚਮੜੀ ਧੁੱਪ ਨਾਲ ਸੜੀ ਹੋਈ ਸੀ ਅਤੇ ਫਲੈਨੈਲ ਦੀਆਂ ਪੈਂਟਾਂ ਨਾਲ ਸੂਤੀ ਜਰਸੀਆਂ ਪਾਈਆਂ ਹੋਈਆਂ ਸਨ । ਜਿਨ੍ਹਾਂ ਦੀਆਂ ਛੋਟੀਆਂ ਬਾਂਹਾਂ ਵਿਚੋਂ ਉਨ੍ਹਾਂ ਦੀਆਂ ਬਾਂਹਾਂ ਵਿਖਾਈ ਦਿੰਦੀਆਂ ਸਨ ਜੋ ਇੰਨੀਆਂ ਮਜ਼ਬੂਤ ਸਨ, ਜਿੰਨੀਆਂ ਲੁਹਾਰਾਂ ਦੀਆਂ ਹੁੰਦੀਆਂ ਹਨ। ਉਹ ਦੋ ਤਕੜੇ ਜਵਾਨ ਸਨ । ਉਨ੍ਹਾਂ ਨੂੰ ਆਪਣੀ ਸ਼ਕਤੀ ਦਾ ਕਾਫ਼ੀ ਮਾਣ ਸੀ । ਉਹ ਆਪਣੀ ਹਰਕਤਾਂ ਨਾਲ ਅੰਗਾਂ ਦੀ ਲਚਕ ਅਤੇ ਬਨਾਵਟ ਵਿਖਾਉਂਦੇ ਸਨ ਜੋ ਕਸਰਤ ਕਰ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਵਿੱਚ ਉਸ ਤਰ੍ਹਾਂ ਦਾ ਬੇਢੱਬਾ ਪੁਣਾ ਨਹੀਂ ਸੀ ਜੋ ਲਗਾਤਾਰ ਕੰਮ ਕਰਨ ਨਾਲ ਹੋ ਜਾਂਦਾ ਹੈ ।

ਜਦੋਂ ਉਨ੍ਹਾਂ ਨੇ ਮਾਂ ਨੂੰ ਵੇਖਿਆ ਤਾਂ ਆਪਸ ਵਿੱਚ ਇਕ ਦੂਜੇ ਵੱਲ ਮੁਸਕਰਾਏ ਤੇ ਜਦੋਂ ਧੀ ਨੂੰ ਵੇਖਿਆ ਤਾਂ ਆਪਣੀਆਂ ਅੱਖਾਂ ਮਿਲਾਈਆਂ ।

"ਆਓ ਅਸੀਂ ਇਸ ਥਾਂ ਨੂੰ ਛੱਡ ਚੱਲੀਏ" ਉਨ੍ਹਾਂ ਵਿਚੋਂ ਇਕ ਨੇ ਕਿਹਾ, "ਇਸ ਨਾਲ ਸਾਡੀ ਉਨ੍ਹਾਂ ਨਾਲ ਜਾਣ ਪਛਾਣ ਹੋ ਜਾਵੇਗੀ।"

ਦੂਜਾ ਇਕਦਮ ਉੱਠਿਆ ਅਤੇ ਆਪਣੀ ਕਿਸ਼ਤੀ ਚਲਾਉਣ ਵਾਲੀ ਕਾਲੀ ਤੇ ਲਾਲ ਟੋਪੀ ਨੂੰ ਹੱਥ ਵਿੱਚ ਫੜ ਕੇ ਉਸ ਨੇ ਨਰਮੀ ਨਾਲ ਇਸਤਰੀ ਨੂੰ ਬਾਗ਼ ਦੀ ਕੇਵਲ ਉਹੀ ਛਾਂ ਵਾਲੀ ਥਾਂ ਦੇ ਦਿੱਤੀ।

ਬੜੇ ਧੰਨਵਾਦ ਨਾਲ ਉਨ੍ਹਾਂ ਨੇ ਇਸ ਨੂੰ ਲੈ ਲਿਆ ਤੇ ਇਸ ਨੂੰ ਹੋਰ ਪੇਂਡੂ ਛੋਹ ਦੇਣ ਲਈ ਉਹ ਘਾਹ ’ਤੇ ਹੀ ਬਿਨਾਂ ਮੇਜ਼ ਕੁਰਸੀਆਂ ’ਤੇ ਬੈਠ ਗਏ।

ਦੋਵੇਂ ਜਵਾਨ ਆਪਣੀਆਂ ਪਲੇਟਾਂ, ਕਾਂਟੇ ਤੇ ਛੁਰੀਆਂ ਆਦਿ ਚੁੱਕ ਕੇ ਥੋੜ੍ਹੀ ਦੂਰ ਮੇਜ਼ ’ਤੇ ਲੈ ਗਏ ਤੇ ਮੁੜ ਫਿਰ ਖਾਣ ਲੱਗ ਪਏ । ਉਨ੍ਹਾਂ ਦੀਆਂ ਨੰਗੀਆਂ ਬਾਂਹਾਂ ਜੋ ਉਹ ਲਗਾਤਾਰ ਵਿਖਾਈ ਜਾਂਦੇ ਸਨ, ਨੇ ਕੁੜੀ ਨੂੰ ਬਹੁਤ ਤੰਗ ਕੀਤਾ ਤੇ ਜਿਸ ਨੇ ਆਪਣਾ ਸਿਰ ਵੀ ਘੁੰਮਾ ਕੇ ਪਾਸੇ ਕਰ ਲਿਆ ਤਾਂ ਜੋ ਉਨ੍ਹਾਂ ਨੂੰ ਵੇਖ ਹੀ ਨਾ ਸਕੇ । ਪਰੰਤੂ ਸ੍ਰੀਮਤੀ ਡਿਉਫੋਰ ਜੋ ਕੁਝ ਵਧੇਰੇ ਹੀ ਹੌਸਲੇ ਵਾਲੀ ਸੀ ਤੇ ਉਹ ਇਸਤਰੀਆਂ ਦੀ ਉਤਸੁਕਤਾ ਭਾਵਨਾ ਸਦਕਾ ਉਨ੍ਹਾਂ ਵੱਲ ਪਲ਼ ਪਲ਼ ਵੇਖੀ ਜਾਂਦੀ ਸੀ ਅਤੇ ਨਿਰਸੰਦੇਹ ਹੀ ਉਨ੍ਹਾਂ ਦਾ ਆਪਣੇ ਪਤੀ ਦੇ ਕੋਝਾਪਣ ਨਾਲ ਟਾਕਰਾ ਕਰਕੇ ਵੇਖ ਰਹੀ ਸੀ ਉਸ ਨੇ ਆਪਣੇ ਆਪ ਨੂੰ ਧਰਤੀ ’ਤੇ ਲੱਤਾਂ ਥੱਲੇ ਕੱਠੀਆਂ ਕਰਕੇ ਇਸ ਤਰ੍ਹਾਂ ਬਿਠਾਇਆ ਹੋਇਆ ਸੀ, ਜਿਵੇਂ ਦਰਜ਼ੀ ਬੈਠਿਆ ਕਰਦੇ ਹਨ ਤੇ ਉਹ ਕੀੜੀਆਂ ਦਾ ਬਹਾਨਾ ਬਣਾ ਕੇ ਇੱਧਰ ਉੱਧਰ ਪਾਸੇ ਮਾਰੀ ਜਾਂਦੀ ਸੀ । ਸ੍ਰੀਮਾਨ ਡਿਉਫੋਰ ਜਿਸ ਨੂੰ ਅਜਨਬੀਆਂ ਦੀ ਨਰਮੀ ਨੇ ਭੜਕਾ ਦਿੱਤਾ ਸੀ, ਇਕ ਆਰਾਮ ਦਾ ਇਕ ਸਥਾਨ ਲੱਭਣ ਦਾ ਯਤਨ ਕਰ ਰਿਹਾ ਸੀ। ਉਹ ਫਿਰ ਵੀ ਇਸ ਵਿੱਚ ਸਫ਼ਲ ਨਾ ਹੋ ਸਕਿਆ । ਜਦੋਂਕਿ ਪੀਲੇ ਵਾਲ਼ਾਂ ਵਾਲਾ ਜਵਾਨ ਇਕ ਦੈਂਤ ਵਾਂਗ ਲਗਾਤਾਰ ਚਰੀ ਜਾ ਰਿਹਾ ਸੀ ।

"ਸ੍ਰੀਮਾਨ ਜੀ, ਮੌਸਮ ਪਿਆਰਾ ਹੈ" ਇਸ ਤਕੜੀ ਇਸਤਰੀ ਨੇ ਕਿਸ਼ਤੀਆਂ ਵਾਲੇ ਆਦਮੀਆਂ ਵਿਚੋਂ ਇਕ ਨੂੰ ਕਿਹਾ। ਉਹ ਉਨ੍ਹਾਂ ਨਾਲ ਦੋਸਤੀ ਪਾਉਣੀ ਚਾਹੁੰਦੀ ਸੀ ਕਿਉਂਕਿ ਉਨ੍ਹਾਂ ਨੇ ਆਪਣੀ ਥਾਂ ਛੱਡੀ ਸੀ ।

"ਇਹ ਤਾਂ ਸੱਚਮੁੱਚ ਹੀ ਹੈ, ਸ੍ਰੀਮਤੀ ਜੀ" ਉਸ ਨੇ ਉੱਤਰ ਦਿੱਤਾ, ਕੀ ਤੁਸੀਂ ਅਕਸਰ ਪਿੰਡ ਆਉਂਦੇ ਰਹਿੰਦੇ ਹੋ ?"

ਬਸ ਸਾਲ ਵਿੱਚ ਇਕ ਜਾਂ ਦੋ ਵਾਰੀ ਤਾਜ਼ੀ ਹਵਾ ਲੈਣ ਲਈ ਤੁਸੀਂ ਸ੍ਰੀਮਾਨ ਜੀ ?"

"ਮੈਂ ਇੱਥੇ ਹਰ ਰਾਤ ਆ ਕੇ ਸੌਂਦਾ ਹਾਂ ।"

"ਉਹ, ਫਿਰ ਤਾਂ ਬਹੁਤ ਹੀ ਚੰਗਾ ਹੈ।"

"ਯਕੀਨਨ ਹੀ, ਸ੍ਰੀਮਤੀ ਜੀ ।" ਅਤੇ ਉਸ ਨੇ ਉਨ੍ਹਾਂ ਨੂੰ ਆਪਣੇ ਰੋਜ਼ਾਨਾ ਪ੍ਰੋਗਰਾਮ ਦਾ ਇਹੋ ਜਿਹਾ ਢੁੱਕਵਾਂ ਹਾਲ ਦੱਸਿਆ ਕਿ ਇਨ੍ਹਾਂ ਦੁਕਾਨਦਾਰਾਂ ਦੇ ਦਿਲਾਂ ਵਿੱਚ ਜੋ ਹਰੇ ਭਰੇ ਚਰਾਗਾਹਾਂ ਤੋਂ ਵਾਂਝੇ ਹੋ ਗਏ ਸਨ ਤੇ ਜੋ ਪਿੰਡਾਂ ਦੀ ਸੈਰ ਲਈ ਤਰਸਦੇ ਰਹਿੰਦੇ ਸਨ, ਇਸ ਨਾਲ ਉਨ੍ਹਾਂ ਦਾ ਅੰਦਰਲਾ ਕੁਦਰਤ ਪ੍ਰਤੀ ਪਿਆਰ ਜਾਗ ਉੱਠਿਆ, ਜਿਸ ਨੂੰ ਉਹ ਸਾਰਾ ਸਾਲ ਆਪਣੀ ਦੁਕਾਨਾਂ ਦੇ ਕਾਊਂਟਰ ਪਿੱਛੇ ਬੈਠੇ ਯਾਦ ਕਰਦੇ ਰਹਿੰਦੇ ਸਨ । ਕੁੜੀ ਨੇ ਆਪਣੀਆਂ ਅੱਖਾਂ ਨੂੰ ਚੁੱਕਿਆ ਤੇ ਕਿਸ਼ਤੀ ਵਾਲੇ ਆਦਮੀ ਵੱਲ ਰੀਝ ਨਾਲ ਵੇਖਿਆ ਅਤੇ ਸ੍ਰੀਮਾਨ ਡਿਉਫੋਰ ਪਹਿਲੀ ਵਾਰੀ ਬੋਲਿਆ।

"ਇਹ ਸੱਚਮੁੱਚ ਹੀ ਖ਼ੁਸ਼ਹਾਲ ਜੀਵਨ ਹੈ" ਉਸ ਨੇ ਕਿਹਾ ਅਤੇ ਫਿਰ ਉਸ ਨੇ ਕਿਹਾ,

"ਕੀ ਹੋਰ ਥੋੜ੍ਹਾ ਜਿੰਨਾ ਖਰਗੋਸ਼ ਖਾਵੋਗੇ ? ਮੇਰੀ ਪਿਆਰੀ !!"

"ਨਹੀਂ, ਧੰਨਵਾਦ, ਉਸ ਨੇ ਉੱਤਰ ਦਿੱਤਾ ਤੇ ਫਿਰ ਜਵਾਨਾਂ ਵੱਲ ਨੂੰ ਮੁੜ ਕੇ ਅਤੇ ਉਨ੍ਹਾਂ ਦੀਆਂ ਬਾਂਹਾਂ ਵੱਲ ਇਸ਼ਾਰਾ ਕਰਕੇ ਪੁੱਛਿਆ, "ਕੀ ਤੁਹਾਨੂੰ ਇਸ ਤਰ੍ਹਾਂ ਠੰਢ ਮਹਿਸੂਸ ਨਹੀਂ ਹੁੰਦੀ ?"

ਉਹ ਦੋਵੇਂ ਹੱਸ ਪਏ ਅਤੇ ਆਪਣੀ ਸਹਿਣ ਸ਼ਕਤੀ ਬਾਰੇ ਦੱਸ ਕੇ ਸਾਰੇ ਪਰਿਵਾਰ ਨੂੰ ਹੈਰਾਨ ਕਰ ਦਿੱਤਾ ਕਿ ਕਿਵੇਂ ਉਹ ਬਹੁਤ ਪਸੀਨਾ ਆਉਣ ’ਤੇ ਵੀ ਨਹਾ ਲੈਂਦੇ ਹਨ ਅਤੇ ਧੁੰਦ ਵਿੱਚ ਰਾਤ ਨੂੰ ਕਿਸ਼ਤੀ ਚਲਾਉਂਦੇ ਹਨ ਅਤੇ ਉਨ੍ਹਾਂ ਨੇ ਜੋਸ਼ ਨਾਲ ਆਪਣੀ ਛਾਤੀ ਨੂੰ ਠੋਕ ਕੇ ਵਿਖਾਇਆ ਤਾਂ ਜੋ ਪਤਾ ਲੱਗ ਜਾਵੇ ਕਿ ਉਹ ਕਿੰਨੇ ਤਕੜੇ ਹਨ ।"

"ਆਹ ਤੁਸੀਂ ਬੜੇ ਤਕੜੇ ਦਿਖਾਈ ਦਿੰਦੇ ਹੋ । ਪਤੀ ਨੇ ਕਿਹਾ ਅਤੇ ਉਸ ਨੇ ਉਸ ਸਮੇਂ ਦਾ ਬਿਲਕੁਲ ਹੀ ਜ਼ਿਕਰ ਨਾ ਕੀਤਾ ਜਦੋਂ ਉਹ ਅੰਗਰੇਜ਼ਾਂ ਨੂੰ ਕੁੱਟਿਆ ਕਰਦਾ ਸੀ ।

ਹੁਣ ਕੁੜੀ ਉਨ੍ਹਾਂ ਵੱਲ ਤਿਰਛੀ ਨਿਗਾਹ ਨਾਲ ਵੇਖ ਰਹੀ ਸੀ ਅਤੇ ਉਹ ਪੀਲੇ ਵਾਲ਼ਾਂ ਵਾਲਾ ਜਵਾਨ ਜਿਸ ਨੇ ਬਹੁਤ ਸ਼ਰਾਬ ਪੀਤੀ ਹੋਈ ਸੀ, ਬੁਰੀ ਤਰ੍ਹਾਂ ਖੰਘ ਰਿਹਾ ਸੀ, ਉਸ ਨੇ ਸ੍ਰੀਮਤੀ ਡਿਉਫੋਰ ਦੀ ਸਫ਼ੈਦ ਰੰਗ ਦੀ ਰੇਸ਼ਮੀ ਪੁਸ਼ਾਕ ’ਤੇ ਛਿੱਟੇ ਪਾ ਦਿੱਤੇ । ਸ੍ਰੀਮਤੀ ਨੂੰ ਗ਼ੁੱਸਾ ਚੜ੍ਹਿਆ ’ਤੇ ਉਸ ਨੇ ਛਿੱਟਿਆਂ ਨੂੰ ਸਾਫ਼ ਕਰਨ ਲਈ ਕੁਝ ਪਾਣੀ ਮੰਗਵਾਇਆ ।

ਇਸ ਸਮੇਂ ਵਿੱਚ ਗਰਮੀ ਬਹੁਤ ਹੋ ਗਈ ਸੀ। ਚਮਕਦਾ ਦਰਿਆ ਅੱਗ ਦੇ ਭਾਂਬੜ ਵਾਂਗ ਲੱਗਦਾ ਸੀ, ਅਤੇ ਸ਼ਰਾਬ ਦੀ ਗੰਧ ਉਨ੍ਹਾਂ ਦੇ ਦਿਮਾਗ਼ ਨੂੰ ਚੜ੍ਹਨ ਲੱਗ ਪਈ। ਸ੍ਰੀਮਾਨ ਡਿਉਫਰ ਜਿਸ ਨੂੰ ਜ਼ੋਰ ਦੀ ਖੰਘ ਆਈ ਤੇ ਉਸ ਨੇ ਆਪਣੇ ਵੈਸਟਕੋਟ ਦੇ ਬਟਨਾਂ ਨੂੰ ਅਤੇ ਉੱਤੇ ਤੋਂ ਪੈਂਟ ਨੂੰ ਖੋਲ੍ਹ ਦਿੱਤਾ। ਜਦੋਂਕਿ ਉਸ ਦੀ ਪਤਨੀ ਜੋ ਤੰਗੀ ਮਹਿਸੂਸ ਕਰ ਰਹੀ ਸੀ, ਨੇ ਵੀ ਹੋਲੀ ਹੋਲੀ ਆਪਣੇ ਕੱਪੜਿਆਂ ਨੂੰ ਢਿੱਲਾ ਕਰਨਾ ਸ਼ੁਰੂ ਕਰ ਦਿੱਤਾ। ਜਵਾਨ ਆਪਣੀ ਮਾਨਸਿਕ ਖ਼ੁਸ਼ੀ ਵਿੱਚ ਆਪਣੇ ਪੀਲੇ ਵਾਲ਼ਾਂ ਨੂੰ ਹਿਲਾਈ ਜਾ ਰਿਹਾ ਸੀ ਅਤੇ ਸ਼ਰਾਬ ਪੀਂਦਾ ਰਿਹਾ, ਅਤੇ ਜਦੋਂ ਦਾਦੀ ਨੇ ਸ਼ਰਾਬ ਚੜ੍ਹਦੀ ਅਨੁਭਵ ਕੀਤੀ, ਉਸ ਨੇ ਆਕੜ ਵਾਲੀ ਤੇ ਸ਼ਾਨ ਵਾਲੀ ਹੋਣ ਦਾ ਯਤਨ ਕੀਤਾ। ਜਿੱਥੋਂ ਤੱਕ ਕੁੜੀ ਦਾ ਸਵਾਲ ਹੈ, ਉਸ ਨੇ ਸਿਵਾਏ ਆਪਣੀਆਂ ਅੱਖਾਂ ਦੀ ਚਮਕ ਤੋਂ ਹੋਰ ਕੋਈ ਖ਼ਾਸ ਚੀਜ਼ ਜ਼ਾਹਿਰ ਨਹੀਂ ਕੀਤੀ। ਅਤੇ ਉਸ ਦੀਆਂ ਗਲ੍ਹਾਂ ਦੀ ਭੂਰੀ ਚਮੜੀ ਹੋਰ ਵੀ ਜ਼ਿਆਦਾ ਗੁਲਾਬੀ ਹੋ ਗਈ।

ਕਾਫ਼ੀ ਤੋਂ ਵਿਹਲੇ ਹੋ ਕੇ ਉਹ ਗਾਉਣ ਦੀਆਂ ਗੱਲਾਂ ਕਰਨ ਲੱਗ ਪਏ, ਹਰੇਕ ਨੇ ਗਾਇਆ ਜਾਂ ਕੋਈ ਸ਼ੇਅਰ ਸੁਣਾਇਆ, ਜਿਸ ਨੂੰ ਦੂਜਿਆਂ ਨੇ ਜੋਸ਼ ਨਾਲ ਦੁਹਰਾਇਆ। ਫਿਰ ਉਹ ਕੁਝ ਔਖਿਆਈ ਨਾਲ ਉੱਠੇ। ਦੋਵੇਂ ਇਸਤਰੀਆਂ ਕੁਝ ਸੁਸਤੀ ਮਹਿਸੂਸ ਕਰ ਰਹੀਆਂ ਸਨ ਤੇ ਤਾਜ਼ੀ ਹਵਾ ਲੈ ਰਹੀਆਂ ਸਨ, ਦੋਵੇਂ ਮਰਦ ਜੋ ਸ਼ਰਾਬ ਵਿੱਚ ਗੁੱਟ ਸਨ, ਇੱਧਰ ਉੱਧਰ ਕਲਾਬਾਜ਼ੀਆਂ ਲਾ ਰਹੇ ਸਨ। ਭਾਰੀ, ਪਿਲਪਿਲੇ ਤੇ ਚਟਾਕਾਂ ਵਾਲੇ ਚਿਹਰਿਆਂ ਨਾਲ ਉਹ ਲੋਹੇ ਦੇ ਚੱਕਰਾਂ ਨਾਲ ਲਮਕਣ ਲੱਗੇ ਕਿਉਂਕਿ ਉਹ ਆਪਣੇ ਆਪ ਨੂੰ ਉਤਾਂਹ ਚੁੱਕਣ ਦੇ ਯੋਗ ਨਹੀਂ ਸਨ ਤੇ ਉਨ੍ਹਾਂ ਦੀਆਂ ਕਮੀਜ਼ਾਂ ਪੈਂਟਾਂ ਵਿਚੋਂ ਬਾਹਰ ਨਿਕਲ ਰਹੀਆਂ ਸਨ ਅਤੇ ਝੰਡਿਆਂ ਦੀ ਤਰ੍ਹਾਂ ਹਵਾ ਵਿੱਚ ਲਹਿਰਾ ਰਹੀਆਂ ਸਨ।

ਇੰਨੇ ਵਿੱਚ ਕਿਸ਼ਤੀ ਵਾਲੇ ਦੋਵਾਂ ਆਦਮੀਆਂ ਨੇ ਆਪਣੀਆਂ ਕਿਸ਼ਤੀਆਂ ਪਾਣੀ ਵਿੱਚ ਠੇਲ੍ਹ ਲਈਆਂ ਤੇ ਉਹ ਵਾਪਸ ਆ ਗਏ ਤੇ ਇਸਤਰੀਆਂ ਨੂੰ ਨਰਮੀ ਨਾਲ ਪੁੱਛਣ ਲੱਗੇ ਕਿ ਕੀ ਉਹ ਕਿਸ਼ਤੀ ਦੀ ਸੈਰ ਪਸੰਦ ਕਰਦੀਆਂ ਹਨ ?

"ਸ੍ਰੀਮਾਨ ਡਿਉਫੋਰ ਕੀ ਤੁਸੀਂ ਸੈਰ ਪਸੰਦ ਕਰੋਗੇ" ਉਸ ਦੀ ਪਤਨੀ ਬੋਲੀ। ਕਿਰਪਾ ਕਰਕੇ ਆਉਣਾ"

ਉਸ ਨੇ ਕੇਵਲ ਉਸ ਵੱਲ ਸ਼ਰਾਬੀਆਂ ਵਾਂਗ ਹੀ ਬਿਨਾਂ ਕੁਝ ਸਮਝਿਆਂ ਕਿ ਉਸ ਨੇ ਕੀ ਕਿਹਾ ਹੈ, ਵੇਖ ਛੱਡਿਆ। ਫਿਰ ਇਕ ਕਿਸ਼ਤੀ ਚਲਾਉਣ

ਵਾਲਾ ਬਾਹਰ ਆ ਗਿਆ, ਉਸ ਦੇ ਹੱਥ ਵਿੱਚ ਮੱਛੀਆਂ ਫੜਨ ਵਾਲੇ ਦੇ ਡੰਡੇ ਸਨ, ਮੱਛੀ ਫੜਨ ਦੀ ਇੱਛਾ ਨੇ ਅਤੇ ਪੈਰਿਸ ਦੇ ਦੁਕਾਨਦਾਰਾਂ ਦੇ ਸਭ ਤੋਂ ਵੱਡੇ ਉਦੇਸ਼ ਨੇ ਡਿਉਫੋਰ ਦੀਆਂ ਸੁਸਤ ਅੱਖਾਂ ਵਿੱਚ ਵੀ ਚਮਕ ਲਿਆਂਦੀ । ਉਸ ਨੇ ਉਨ੍ਹਾਂ ਨੂੰ ਪਿਆਰ ਨਾਲ ਹੀ ਆਗਿਆ ਦੇ ਦਿੱਤੀ ਕਿ ਜੋ ਉਨ੍ਹਾਂ ਨੂੰ ਪਸੰਦ ਹੈ ਕਰੀ ਜਾਣ । ਆਪ ਉਹ ਪੁਲ ਦੇ ਥੱਲੇ ਛਾਂ ਵਿੱਚ ਆਪਣੇ ਪੈਰਾਂ ਨੂੰ ਦਰਿਆ ਵਿੱਚ ਲਮਕਾ ਕੇ ਬੈਠ ਗਿਆ । ਉਸ ਦੇ ਨੇੜੇ ਹੀ ਪੀਲੇ ਵਾਲ਼ਾਂ ਵਾਲਾ ਜਵਾਨ ਘੂਕ ਸੁੱਤਾ ਪਿਆ ਸੀ। ਕਿਸ਼ਤੀ ਵਾਲਿਆਂ ਵਿੱਚ ਇਕ ਨੇ ਹੌਸਲਾ ਕੀਤਾ ਤੇ ਮਾਂ ਨੂੰ ਲੈ ਗਿਆ ।

ਆਓ ਅਸੀਂ ਇਲ ਐਕਸ ਏਂਗਲੇਸ ਦੇ ਉਸ ਛੋਟੇ ਜਿਹੇ ਜੰਗਲ ਵੱਲ ਚੱਲੀਏ, ਉਸ ਨੇ ਉਦੋਂ ਕਿਸ਼ਤੀ ਚਲਾਉਣ ਲੱਗੇ ਕਿਹਾ । ਦੂਜੀ ਕਿਸ਼ਤੀ ਹੌਲੀ ਚੱਲਦੀ ਸੀ ਕਿਉਂਕਿ ਕਿਸ਼ਤੀ 'ਚ ਲੁਕ ਆਪਣੇ ਸਾਥੀ ਨੂੰ ਇੰਨੇ ਧਿਆਨ ਨਾਲ ਵੇਖ ਰਿਹਾ ਸੀ ਕਿ ਉਸ ਨੂੰ ਹੋਰ ਕੋਈ ਗੱਲ ਔੜਦੀ ਹੀ ਨਹੀਂ ਸੀ । ਉਸ ਦੇ ਜਜ਼ਬਾਤ ਨੇ ਉਸ ਦੀ ਸ਼ਕਤੀ ਨੂੰ ਜਾਮ ਕਰ ਦਿੱਤਾ ਸੀ ਅਤੇ ਕੁੜੀ ਜੋ ਚਾਲਕ ਦੀ ਸੀਟ 'ਤੇ ਬੈਠੀ ਸੀ, ਉਸਨੇ ਆਪਣੇ ਆਪ ਨੂੰ ਪਾਣੀ 'ਤੇ ਸੈਰ ਕਰਨ ਦੇ ਅਨੰਦ ਲਈ ਖੁੱਲ੍ਹਾ ਛੱਡ ਦਿੱਤਾ । ਉਹ ਸੋਚਾਂ ਵਿਚਾਰਾਂ ਤੋਂ ਮੁਕਤ ਹੋ ਕੇ, ਅਤੇ ਆਪਣਾ ਸਰੀਰ, ਢਿੱਲਾ ਛੱਡ ਕੇ ਨਿੱਸਲ ਹੋਈ ਬੈਠੀ ਸੀ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਸ ਨੂੰ ਕੋਈ ਨਸ਼ਾ ਚੜ੍ਹਿਆ ਹੁੰਦਾ ਹੈ। ਉਸ 'ਤੇ ਲਾਲੀ ਚੜ੍ਹ ਗਈ ਸੀ ਤੇ ਉਹ ਜ਼ੋਰ ਨਾਲ ਸਾਹ ਲੈਣ ਲੱਗ ਪਈ ਸੀ । ਤੇਜ਼ ਗਰਮੀ ਹੋਣ ਕਰ ਕੇ ਸ਼ਰਾਬ ਦੇ ਨਸ਼ੇ ਵਿੱਚ ਕਿਨਾਰੇ 'ਤੇ ਖੜੇ ਦਰੱਖ਼ਤ ਉਸ ਨੂੰ ਝੁਕੇ ਹੋਏ ਜਾਪਦੇ ਸਨ । ਅਨੰਦ ਮਾਣਨ ਦੀ ਇਕ ਅਣਜਾਣੀ ਜਿਹੀ ਇੱਛਾ ਤੇ ਉਸ ਦੇ ਲਹੂ ਦਾ ਜੋਸ਼ ਉਸ ਦੇ ਸਾਰੇ ਸਰੀਰ 'ਤੇ ਛਾਇਆ ਹੋਇਆ ਲੱਗਦਾ ਸੀ ਅਤੇ ਉਸ ਨੂੰ ਪਾਣੀ ਦੀ ਕਲ ਕਲ ਨੇ ਹੋਰ ਵੀ ਤੇਜ਼ ਕਰ ਦਿੱਤਾ ਸੀ, ਅਜਿਹੀ ਗਰਮ ਸੁੰਨੀ ਥਾਂ 'ਤੇ ਉਸ ਜਵਾਨ ਨਾਲ ਜੋ ਉਸ ਨੂੰ ਬਹੁਤ ਪਿਆਰੀ ਸਮਝਦਾ ਸੀ ਤੇ ਜਿਸ ਦੀ ਵੇਖਣੀ ਹੀ ਉਸ ਦੀ ਚਮੜੀ ਨੂੰ ਪਲੋਸਦੀ ਸੀ ਅਤੇ ਜਿਸ ਦੀਆਂ ਅੱਖਾਂ ਇੰਨੀਆਂ ਤੇਜ਼ ਅਤੇ ਨੀਝ ਵਾਲੀਆਂ ਸਨ, ਜਿੰਨੀਆਂ ਕਿ ਸੂਰਜ ਦੀਆਂ ਕਿਰਨਾਂ ਹੁੰਦੀਆਂ ਹਨ ।

ਉਨ੍ਹਾਂ ਦੀ ਬੋਲਣ ਦੀ ਅਸਮੱਰਥਾ ਨੇ ਉਨ੍ਹਾਂ ਨੂੰ ਹੋਰ ਵੀ ਭਾਵੁਕ ਬਣਾ ਦਿੱਤਾ ਅਤੇ ਉਹ ਆਪਣੇ ਆਲ਼ੇ-ਦੁਆਲੇ ਨੂੰ ਵੇਖਣ ਲੱਗ ਪਏ। ਅੰਤ ਉਸ ਨੇ ਕੋਸ਼ਿਸ਼ ਕਰਕੇ ਉਸ ਦਾ ਨਾਂ ਪੁੱਛਿਆ :

"ਹੈਨਰੀਟੀ," ਉਸ ਨੇ ਜਵਾਬ ਦਿੱਤਾ।

"ਕਿਉਂ ?" ਮੇਰਾ ਨਾਂ ਵੀ ਹੈਨਰੀ ਹੈ । ਉਸ ਨੇ ਉੱਤਰ ਦਿੱਤਾ । ਉਨ੍ਹਾਂ ਦੀ ਆਵਾਜ਼ ਨੇ ਉਨ੍ਹਾਂ ਨੂੰ ਸ਼ਾਂਤ ਕਰ ਦਿੱਤਾ ਤੇ ਉਹ ਕਿਨਾਰੇ ਵੱਲ ਵੇਖਣ ਲੱਗ ਪਏ, ਦੂਜੀ ਕਿਸ਼ਤੀ ਉਨ੍ਹਾਂ ਤੋਂ ਅੱਗੇ ਗਈ ਸੀ ਅਤੇ ਉਨ੍ਹਾਂ ਦਾ ਇੰਤਜ਼ਾਰ ਕਰਦੀ ਜਾਪਦੀ ਸੀ । ਕਿਸ਼ਤੀ ਚਾਲਕ ਬੋਲ ਉੱਠਿਆ ਅਸੀਂ ਤੁਹਾਨੂੰ ਜੰਗਲ ਵਿੱਚ ਮਿਲਾਂਗੇ । ਅਸੀਂ ਰੋਬਿਨਸਨ ਤੱਕ ਚੱਲੇ ਹਾਂ ਕਿਉਂਕਿ ਸ੍ਰੀਮਤੀ ਡਿਉਫੋਰ ਨੂੰ ਪਿਆਸ ਲੱਗੀ ਹੈ। ਫਿਰ ਉਹ ਆਪਣੇ ਚੱਪੂਆਂ ਨੂੰ ਮੁੜ ਪੈ ਗਿਆ ਤੇ ਇੰਨਾ ਤੇਜ਼ ਕਿਸ਼ਤੀ ਨੂੰ ਚਲਾਇਆ ਕਿ ਉਹ ਜਲਦੀ ਹੀ ਅੱਖੋਂ ਓਹਲੇ ਹੋ ਗਿਆ।

ਇਸ ਸਮੇਂ ਵਿੱਚ, ਉਹ ਲਗਾਤਾਰ ਗੜਗੜਾਹਟ ਜਿਸ ਨੂੰ ਉਹ ਕੁਝ ਸਮੇਂ ਤੋਂ ਸੁਣ ਰਹੇ ਸਨ, ਹੋਰ ਨੇੜੇ ਆ ਗਈ ਸੀ ਤੇ ਦਰਿਆ ਵੀ ਕੰਬਦਾ ਲੱਗ ਰਿਹਾ ਸੀ ਤੇ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਇਹ ਸੁਸਤ ਜਿਹੀ ਆਵਾਜ਼ ਇਸ ਦੀਆਂ ਡੂੰਘਾਈਆਂ ਵਿਚੋਂ ਆ ਰਹੀ ਹੁੰਦੀ ਹੈ । ਇਹ ਕਿਸ ਦੀ ਆਵਾਜ਼ ਹੈ ? ਉਸ ਕੁੜੀ ਨੇ ਪੁੱਛਿਆ। ਇਹ ਬੰਨ੍ਹ ਦੀ ਆਵਾਜ਼ ਹੈ ਜੋ ਦਰਿਆ ਨੂੰ ਦੋ ਭਾਗਾਂ ਵਿੱਚ ਵੰਡਦਾ ਹੈ । ਜਦੋਂ ਉਸ ਨੂੰ ਉਹ ਦੱਸ ਰਿਹਾ ਸੀ ਤਾਂ ਉਨ੍ਹਾਂ ਨੇ ਝਾਲ ਦੀ ਆਵਾਜ਼ ਦੇ ਨਾਲ ਇਕ ਪੰਛੀ ਦੇ ਗਾਣੇ ਦੀ ਆਵਾਜ਼ ਸੁਣੀ, ਜਿਹੜਾ ਕਾਫ਼ੀ ਦੂਰ ਗਾ ਰਿਹਾ ਸੀ ।

"ਸੁਣੋ ।" ਉਸ ਨੇ ਕਿਹਾ ਬੁਲਬੁਲਾਂ ਦਿਨ ਸਮੇਂ ਵੀ ਗਾ ਰਹੀਆਂ ਹਨ। ਇਸ ਲਈ ਮਾਦਾਵਾਂ ਨੂੰ ਬੈਠਿਆਂ ਰਹਿਣਾ ਚਾਹੀਦਾ ਹੈ ।

'ਬੁਲਬੁਲ' । ਉਸ ਨੇ ਪਹਿਲਾਂ ਕਦੇ ਕਿਸੇ ਬੁਲਬੁਲ ਨੂੰ ਸੁਣਿਆ ਹੀ ਨਹੀਂ ਸੀ ਅਤੇ ਬੁਲਬੁਲ ਨੂੰ ਸੁਣਨ ਲਈ ਉਸ ਅੰਦਰ ਕਵੀਆਂ ਵਾਲੀ ਨਾਜੁਕਤਾ ਜਾਗ ਉੱਠੀ । ਬੁਲਬੁਲ ! ਇਹ ਤਾਂ ਕਹਿਣਾ ਹੀ ਪੈਂਦਾ ਹੈ, ਉਹ ਪ੍ਰੇਮੀਆਂ ਦੀ ਮੁਲਾਕਾਤ ਜੋ ਜੂਲੀਅਟ ਨੇ ਆਪਣੀ ਗੈਲਰੀ ਵਿੱਚ ਕੀਤੀ ਸੀ, ਦਾ ਅਦ੍ਰਿਸ਼ ਗਵਾਹ, ਉਹ ਰੂਹਾਨੀ ਸੰਗੀਤ ਜੋ ਇਨਸਾਨਾਂ ਦੀ ਚੁੰਮੀਆਂ ਦੀ ਲੈਅ ਪੈਦਾ ਕਰਦਾ ਹੈ, ਉਹ ਸਾਰੇ ਰੋਮਾਸਾਂ ਦੀ ਅੰਦਰੂਨੀ ਪ੍ਰੇਰਨਾ ਜੋ ਸਾਊ ਕੁੜੀਆਂ ਦੇ ਛੋਟੇ ਨਾਜ਼ੁਕ ਤੇ ਵਿਚਾਰੇ ਦਿਲਾਂ ਲਈ ਆਦਰਸ਼ਕ ਕਲਪਨਾ ਬੂਹੇ ਦੇ ਖੋਲਦਾ ਹੈ ।

ਉਹ ਬੁਲਬੁਲ ਨੂੰ ਸੁਣਨਾ ਚਾਹੁੰਦੀ ਸੀ । "ਸਾਨੂੰ ਰੋਲਾ ਨਹੀਂ ਪਾਉਣਾ ਚਾਹੀਦਾ ।" ਉਸ ਦੇ ਸਾਥੀ ਨੇ ਕਿਹਾ, "ਫਿਰ ਅਸੀਂ ਜੰਗਲ ਵਿੱਚ ਜਾ ਸਕਾਂਗੇ ਤੇ ਇਸ ਦੇ ਨੇੜੇ ਹੋ ਕੇ ਬੈਠ ਜਾਵਾਂਗੇ।

ਕਿਸ਼ਤੀ ਹੌਲੀ ਹੁੰਦੀ ਜਾਪੀ । ਉਨ੍ਹਾਂ ਨੇ ਟਾਪੂ ’ਤੇ ਦਰੱਖ਼ਤ ਵੇਖੇ, ਇਸ ਦੇ ਕਿਨਾਰੇ ਇੰਨੇ ਨੀਵੇਂ ਸਨ ਕਿ ਉਹ ਸੰਘਣੀਆਂ ਝਾੜੀਆਂ ਦੇ ਹੇਠਾਂ ਵੇਖ ਸਕਦੇ ਸਨ । ਉਹ ਰੁਕ ਗਏ, ਉਸ ਨੇ ਕਿਸ਼ਤੀ ਨੂੰ ਬੰਨ੍ਹ ਦਿੱਤਾ, ਹੈਨਰੀਟੀ ਨੇ ਹੈਨਰੀ ਦੀ ਬਾਂਹ ਨੂੰ ਫੜ ਲਿਆ ਅਤੇ ਉਹ ਦਰੱਖ਼ਤਾਂ ਦੇ ਥੱਲੇ ਚਲੇ ਗਏ ।

“ਝੁਕ ਕੇ" ਉਸ ਨੇ ਕਿਹਾ, ਇਸ ਲਈ ਉਹ ਥੱਲੇ ਨੂੰ ਹੋ ਗਈ ਅਤੇ ਉਹ ਘਾਹ ਪੱਤਿਆਂ ਦੇ ਝੁੰਡ ਵਿੱਚ ਘਿਸਰ ਗਏ, ਜਿੱਥੇ ਬਿਲਕੁਲ ਚੁੱਪ ਚਾਪ ਸੀ ਅਤੇ ਜਿਸ ਨੂੰ ਨੌਜਵਾਨ ਨੇ ਹੱਸਦਿਆਂ ਹੋਇਆ ਆਪਣਾ ਪ੍ਰਾਈਵੇਟ ਕਮਰਾ ਦੱਸਿਆ ਸੀ।

ਉਨ੍ਹਾਂ ਦੇ ਸਿਰਾਂ ਦੇ ਉੱਤੇ ਇਕ ਦਰੱਖ਼ਤ ਦੀ ਛੱਤਰੀ ’ਤੇ ਲੁਕਿਆ ਬੈਠਾ ਇਕ ਪੰਛੀ ਹਾਲੇ ਵੀ ਗਾ ਰਿਹਾ ਸੀ। ਉਸ ਨੇ ਪਹਿਲਾਂ ਛੋਟੀਆਂ ਆਵਾਜ਼ਾਂ ਕੱਢੀਆਂ ਤੇ ਫਿਰ ਲੰਮੀਆਂ ਤੇ ਕੰਬਦੀਆਂ ਹੋਈਆਂ ਧੁਨੀਆਂ ਕੱਢੀਆਂ, ਜਿਸ ਨਾਲ ਵਾਤਾਵਰਣ ਭਰ ਗਿਆ ਤੇ ਧੁਨੀਆਂ ਦੂਰ ਤੱਕ ਗੂੰਜ ਜਾਂਦੀਆਂ ਸਨ, ਪਿੰਡ ਤੋਂ ਪਾਰ ਮੱਚਦੀ ਚੁੱਪ ਵਿੱਚ ਜੋ ਪਿੰਡ ਦੇ ਦੁਆਲੇ ਫੈਲੀ ਹੁੰਦੀ ਸੀ । ਉਹ ਪੰਛੀ ਦੇ ਉੱਡ ਜਾਣ ਦੇ ਡਰ ਕਰਕੇ ਬਿਲਕੁਲ ਨਾ ਬੋਲੇ । ਉਹ ਇਕੱਠੇ ਨੇੜੇ ਹੋ ਕੇ ਬੈਠੇ ਸਨ। ਹੌਲੀ ਜਿਹੀ ਹੈਨਰੀ ਦੀ ਬਾਂਹ ਨੇ ਕੁੜੀ ਦੇ ਲੱਕ ਦੁਆਲੇ ਕੁੰਡਲੀ ਪਾ ਲਈ ਤੇ ਪਿਆਰ ਨਾਲ ਇਸ ਨੂੰ ਘੁੱਟਿਆ। ਉਸ ਨੇ ਹੌਸਲੇ ਵਾਲੇ ਹੱਥ ਦਾ ਬੁਰਾ ਤਾਂ ਮੰਨਿਆਂ ਪਰੰਤੂ ਬਿਨਾਂ ਕਿਸੇ ਗ਼ੁੱਸੇ ਤੋਂ ਅਤੇ ਜਦੋਂ ਕਦੇ ਉਹ ਇਸ ਨੂੰ ਉਸ ਦੇ ਦੁਆਲੇ ਵਗਲ਼ਦਾ ਤਾਂ ਉਹ ਇਸ ਨੂੰ ਪਾਸੇ ਹਟਾਉਂਦੀ ਰਹਿੰਦੀ। ਉਹ ਇਸ ਲਾਡ ਤੋਂ ਬਿਲਕੁਲ ਹੀ ਚਿੜੀ ਹੋਈ ਨਹੀਂ ਸੀ। ਜਿਵੇਂ ਕਿਤੇ ਇਹ ਸਭ ਕੁਝ ਕੁਦਰਤੀ ਹੀ ਹੁੰਦਾ ਹੈ ਤੇ ਉਹ ਵੀ ਸੁਭਾਵਕ ਤੌਰ ’ਤੇ ਹੀ ਇਸ ਨੂੰ ਰੋਕੀ ਜਾ ਰਹੀ ਸੀ ।

ਉਹ ਖ਼ੁਸ਼ੀ ਵਿੱਚ ਪੰਛੀ ਨੂੰ ਸੁਣ ਰਹੀ ਸੀ । ਉਸ ਅੰਦਰ ਖ਼ੁਸ਼ੀ ਲਈ, ਅਚਾਨਕ ਆਈ ਨਾਜ਼ੁਕਤਾ ਦੇ ਵਿਖਾਵੇ ਲਈ, ਤੇ ਰੱਬੀ ਕਵਿਤਾ ਦੇ ਪ੍ਰਗਟਾਅ ਲਈ ਅਸੀਮ ਭਾਵਨਾ ਜਾਗ ਉੱਠੀ। ਉਹ ਇੰਨੀ ਪੰਘਰ ਚੁੱਕੀ ਸੀ ਅਤੇ ਆਪਣੇ ਆਪ ਨੂੰ ਇੰਨੇ ਮਾਨਸਿਕ ਆਰਾਮ ਵਿੱਚ ਮਹਿਸੂਸ ਕੀਤਾ, ਕਿ ਉਹ ਬਿਨਾਂ ਕਾਰਨ ਤੋਂ ਹੀ ਰੋਣ ਲੱਗ ਪਈ ।

ਨੌਜਵਾਨ ਉਸ ਨੂੰ ਆਪਣੇ ਨੇੜੇ ਕਰ ਰਿਹਾ ਸੀ ਤੇ ਉਸ ਨੇ ਉਸ ਦੀ ਬਾਂਹ ਨੂੰ ਪਰੇ ਨਹੀਂ ਹਟਾਇਆ। ਉਸ ਨੂੰ ਇਸ ਦਾ ਖ਼ਿਆਲ ਹੀ ਨਹੀਂ ਸੀ। ਅਚਾਨਕ ਬੁਲਬੁਲ ਚੁੱਪ ਕਰ ਗਈ ਅਤੇ ਦੂਰੋਂ ਇਕ ਆਵਾਜ਼ ਆਈ।

"ਹੈਨਰੀਟੀ"

"ਉੱਤਰ ਨਾ ਦੇਣਾ" ਉਸ ਨੇ ਨੀਵੀਂ ਆਵਾਜ਼ ਵਿੱਚ ਕਿਹਾ, “ਤੁਸੀਂ ਪੰਛੀ ਨੂੰ ਦੂਰ ਭਜਾ ਦੇਵੋਗੇ ।"

ਪਰ ਉਹ ਅਜਿਹਾ ਕਰਨ ਦਾ, ਕੋਈ ਖ਼ਿਆਲ ਹੀ ਨਹੀਂ ਰੱਖਦੀ ਸੀ ਅਤੇ ਕੁਝ ਸਮਾਂ ਹੋਰ ਉਸੇ ਸਥਿਤੀ ਵਿੱਚ ਰਹੀ। ਸ੍ਰੀਮਤੀ ਡਿਉਫੋਰ ਹੋਰ ਕਿਤੇ ਜਾ ਬੈਠੀ ਸੀ ਕਿਉਂਕਿ ਕਦੇ ਕਦੇ ਉਨ੍ਹਾਂ ਨੂੰ ਉਸ ਭਾਰੀ ਇਸਤਰੀ ਦੇ ਹੱਸਣ ਦੀ ਆਵਾਜ਼ ਆਉਂਦੀ ਸੀ।

ਕੁੜੀ ਹਾਲੇ ਵੀ ਰੋ ਰਹੀ ਸੀ। ਉਹ ਅਜੀਬ ਕਿਸਮ ਦੀ ਝਰਨਾਹਟ ਨਾਲ ਓਹ ਪੋਤ ਹੋਈ ਪਈ ਸੀ। ਹੈਨਰੀ ਦਾ ਸਿਰ ਉਸ ਦੇ ਮੋਢਿਆਂ ’ਤੇ ਸੀ ਤੇ ਅਚਾਨਕ ਹੀ ਉਸ ਨੇ ਉਸ ਦੇ ਹੇਠਾਂ ਤੋਂ ਚੁੰਮ ਲਿਆ। ਉਹ ਹੈਰਾਨ ਹੋ ਗਈ ਤੇ ਗ਼ੁੱਸੇ ਵਿੱਚ ਆ ਗਈ ਤੇ ਉਸ ਤੋਂ ਪਰ੍ਹੇ ਹੋਣ ਲਈ ਉਹ ਉੱਠ ਕੇ ਖੜੀ ਹੋ ਗਈ ।

ਜਦੋਂ ਉਨ੍ਹਾਂ ਨੇ ਆਪਣੀ ਘਾਹਦਾਰ ਕੁੰਜ ਨੂੰ ਛੱਡਿਆ, ਉਨ੍ਹਾਂ ਦੋਵਾਂ ਦੀਆਂ ਸ਼ਕਲਾਂ ਪੀਲੀਆਂ ਹੋਈਆਂ ਪਈਆਂ ਸਨ । ਨੀਲਾ ਆਸਮਾਨ ਉਨ੍ਹਾਂ ਨੂੰ ਸੁਸਤ ਜਿਹਾ ਲੱਗਿਆ । ਤੇਜ਼ ਚਮਕਦਾ ਸੂਰਜ ਵੀ ਬੱਦਲਾਂ ਵਿੱਚ ਆ ਗਿਆ ਸੀ । ਨਾ ਉਨ੍ਹਾਂ ਨੂੰ ਇਕਾਂਤ ਹੀ ਦਿਸੀ ਤੇ ਨਾ ਹੀ ਖ਼ਾਮੋਸ਼ੀ ।

ਉਹ ਬਿਨਾਂ ਇਕ ਦੂਜੇ ਦੇ ਨਾਲ ਬੋਲਿਆਂ ਤੇ ਛੂਹਿਆਂ ਤੇਜ਼ੀ ਨਾਲ ਇਕ ਦੂਜੇ ਦੇ ਨਾਲ ਨਾਲ ਤੁਰੇ ਗਏ । ਇਸ ਤਰ੍ਹਾਂ ਲੱਗਦਾ ਸੀ ਜਿਵੇਂ ਦੁਸ਼ਮਣਾਂ ਨੇ ਮੰਨਣਾ ਹੀ ਨਹੀਂ ਹੁੰਦਾ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਨ੍ਹਾਂ ਵਿੱਚ ਨਿਰਾਸਤਾ ਪੈਦਾ ਹੋ ਚੁੱਕੀ ਹੋਵੇ ਤੇ ਉਨ੍ਹਾਂ ਦਿਆਂ ਮਨਾਂ ਵਿੱਚ ਘ੍ਰਿਣਾ ਫੈਲ ਚੁੱਕੀ ਹੋਵੇ ।

ਸਮੇਂ ਸਮੇਂ ਹੈਨਰੀਟੀ ਬੋਲ ਉਠਦੀ।

ਹੌਲੀ ਇੰਨੇ ਵਿੱਚ ਉਨ੍ਹਾਂ ਨੇ ਇਕ ਝਿੜੀ ਵਿਚੋਂ ਸ਼ੋਰ ਸੁਣਿਆ ਅਤੇ ਸ੍ਰੀਮਤੀ ਡਿਉਫੋਰ ਉਹ ਕੁਝ ਘਬਰਾਈ ਹੋਈ ਬਾਹਰ ਆਈ ਤੇ ਉਸ ਦੇ ਸਾਥੀ ਦੇ ਚਿਹਰੇ ’ਤੇ ਮੁਸਕਰਾਹਟ ਨਾਲ ਵੱਟ ਪੈਂਦੇ ਸਨ, ਜਿਨ੍ਹਾਂ ਨੂੰ ਉਹ ਰੋਕ ਹੀ ਨਾ ਸਕਿਆ ।

ਸ੍ਰੀਮਤੀ ਡਿਉਫੋਰ ਨੇ ਉਸ ਦੀ ਬਾਂਹ ਫੜੀ ਅਤੇ ਉਹ ਕਿਸ਼ਤੀਆਂ ਵੱਲ ਨੂੰ ਮੁੜੇ । ਹੈਨਰੀ ਪਹਿਲਾਂ ਚਲਾ ਗਿਆ ਤੇ ਹਾਲੇ ਵੀ ਕੁੜੀ ਨਾਲ ਨਹੀਂ ਬੋਲਿਆ ਸੀ । ਅੰਤ ਉਹ ਬੈਜ਼ੋਨਜ਼ ਆ ਗਏ । ਸ੍ਰੀਮਾਨ ਡਿਉਫੋਰ ਜੋ ਹੋਸ਼ ਵਿੱਚ ਆ ਗਿਆ ਸੀ, ਉਹ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ ਅਤੇ ਪੀਲੇ ਵਾਲ਼ਾਂ ਵਾਲਾ ਜਵਾਨ ਆਰਾਮਗਾਹ ਛੱਡਣ ਤੋਂ ਪਹਿਲਾਂ ਕੋਈ ਖਾਣ ਵਾਲੀ ਚੀਜ਼ ਆਪਣੇ ਮੂੰਹ ਵਿੱਚ ਠੋਸ ਰਿਹਾ ਸੀ । ਗੱਡੀ ਵਿਹੜੇ ਵਿੱਚ ਖੜੀ ਸੀ ਤੇ ਇਸ ਵਿੱਚ ਘੋੜਾ ਜੁੜਿਆ ਹੋਇਆ ਸੀ ਅਤੇ ਦਾਦੀ ਜੋ ਪਹਿਲਾਂ ਹੀ ਇਸ ਵਿੱਚ ਬੈਠ ਚੁੱਕੀ ਸੀ, ਤੇ

ਉਹ ਪੈਰਿਸ ਪਹੁੰਚਣ ਤੋਂ ਪਹਿਲਾਂ ਹੀ ਰਾਤ ਪੈ ਜਾਣ ਦਾ ਖ਼ਿਆਲ ਕਰਕੇ ਡਰੀ ਜਾਂਦੀ ਸੀ ਕਿਉਂਕਿ ਬਾਹਰਲੀਆਂ ਬਸਤੀਆਂ ਸੁਰੱਖਿਅਤ ਨਹੀਂ ਸਨ ।
ਨੌਜਵਾਨਾਂ ਨੇ ਉਨ੍ਹਾਂ ਨਾਲ ਹੱਥ ਮਿਲਾਏ ਅਤੇ ਡਿਉਫੋਰ ਪਰਿਵਾਰ ਚੱਲ ਪਿਆ ।

"ਗੁੱਡ ਬਾਈ, ਜਦੋਂ ਤੱਕ ਅਸੀਂ ਮੁੜ ਨਹੀਂ ਮਿਲਦੇ ।" ਕਿਸ਼ਤੀ ਚਲਾਉਣ ਵਾਲੇ ਬੋਲੇ, ਤੇ ਬਦਲੇ ਵਿੱਚ ਜੋ ਜਵਾਬ ਉਨ੍ਹਾਂ ਨੂੰ ਮਿਲਿਆ, ਉਹ ਇਕ ਹੌਕਾ ਤੇ ਇਕ ਅੱਥਰੂ ਸਨ ।

ਦੋ ਮਹੀਨਿਆਂ ਪਿੱਛੋਂ ਜਦੋਂ ਹੈਨਰੀ ਰੀਉਡੀਸ ਮਾਰਟਾਇਰਜ਼ ਨਾਲ ਜਾ ਰਿਹਾ ਸੀ, ਉਸ ਨੇ ਇਕ ਦਰਵਾਜ਼ੇ ’ਤੇ ਡਿਉਫੋਰ ਲੋਹੇ ਦਾ ਵਪਾਰੀ ਵੇਖਿਆ। ਇਸ ਲਈ ਉਹ ਅੰਦਰ ਚਲਾ ਗਿਆ ਤੇ ਕਾਊਂਟਰ ਤੇ ਉਸੇ ਤਕੜੀ ਇਸਤਰੀ ਨੂੰ ਬੈਠਿਆ ਹੋਇਆ ਵੇਖਿਆ । ਉਨ੍ਹਾਂ ਨੇ ਇਕਦਮ ਇਕ ਦੂਜੇ ਨੂੰ ਪਹਿਚਾਣ ਲਿਆ ਤੇ ਪਿਆਰ ਭਰੇ ਪਰਸਪਰ ਸਵਾਗਤ ਪਿੱਛੋਂ ਉਸ ਨੇ ਉਨ੍ਹਾਂ ਦੀ ਸੁੱਖ ਸਾਂਦ ਪੁੱਛੀ।

"ਤੇ ਮੈਡਮ ਮੋਸਾਲੀ ਹੈਨਰੀਟੀ ਦਾ ਕੀ ਹਾਲ ਚਾਲ ਹੈ ?” ਉਸ ਨੇ ਪੁੱਛਿਆ ।

"ਬਹੁਤ ਚੰਗਾ ਹੈ, ਧੰਨਵਾਦ ਤੁਹਾਡਾ, ਉਹ ਸ਼ਾਦੀਸ਼ੁਦਾ ਹੈ ।"

"ਆਹ, ਆਪਣੇ ਜਜ਼ਬਾਤ ’ਤੇ ਕਾਬੂ ਕਰਦਿਆਂ, ਉਸ ਨੇ ਕਿਹਾ, ਉਹ ਕਿਸ ਨਾਲ ਵਿਆਹੀ ਗਈ ਸੀ ।"

"ਉਸੇ ਨੌਜਵਾਨ ਨਾਲ, ਜਿਹੜਾ ਸਾਡੇ ਨਾਲ ਗਿਆ ਸੀ, ਤੁਹਾਨੂੰ ਪਤਾ ਹੈ, ਉਹ ਸਾਡੇ ਵਪਾਰ ਵਿੱਚ ਰਲ਼ ਗਿਆ ਹੈ।

"ਮੈਨੂੰ ਉਹ ਚੰਗੀ ਤਰ੍ਹਾਂ ਯਾਦ ਹੈ ।"

"ਉਹ ਉਦਾਸ ਹੋ ਕੇ, ਭਾਵੇਂ ਇਸ ਦਾ ਕਾਰਨ ਪਤਾ ਨਹੀਂ ਸੀ, ਉਹ ਬਾਹਰ ਜਾ ਰਿਹਾ ਸੀ ਤੇ ਸ੍ਰੀਮਤੀ ਨੇ ਉਸ ਨੂੰ ਪਿੱਛੋਂ ਬੁਲਾਇਆ।

'ਤੇ ਤੁਹਾਡੇ ਮਿੱਤਰ ਦਾ ਕੀ ਹਾਲ ਹੈ ? ਉਸ ਨੇ ਸ਼ਰਮਾ ਕੇ ਪੁੱਛਿਆ ।

"ਉਹ ਬਹੁਤ ਠੀਕ ਠਾਕ ਹੈ "ਤੁਹਾਡਾ ਧੰਨਵਾਦ ।

ਕਿਰਪਾ ਕਰਕੇ ਉਸ ਨੂੰ ਸਾਡੇ ਵੱਲੋਂ ਸਤਿਕਾਰ ਕਹਿਣਾ ਅਤੇ ਬੇਨਤੀ ਕਰਨਾ ਕਿ ਜਦੋਂ ਉਹ ਆਸ ਪਾਸ ਆਵੇ ਤਾਂ ਜ਼ਰੂਰ ਮਿਲੇ । ਫਿਰ ਉਸ ਨੇ ਹੋਰ ਕਿਹਾ, “ਉਸ ਨੂੰ ਦੱਸਣਾ ਕਿ ਇਸ ਨਾਲ ਮੈਨੂੰ ਬੜੀ ਖ਼ੁਸ਼ੀ ਹੋਵੇਗੀ ।"

'ਮੈਂ ਯਕੀਨਨ ਹੀ ਕਹਾਂਗਾ, ਅਲਵਿਦਾ ।"

"ਮੈਂ' ਅਲਵਿਦਾ ਨਹੀਂ ਕਹਾਂਗੀ, ਮੁੜ ਕੇ ਛੇਤੀ ਆਉਣਾ ।"

ਅਗਲੇ ਸਾਲ, ਇਕ ਬਹੁਤ ਗਰਮੀ ਵਾਲੇ ਐਤਵਾਰ ਨੂੰ ਉਸ ਕਾਬਲੇਦਾਦ ਹਿੰਮਤ ਵਾਲੇ ਕੰਮ ਦੀਆਂ ਸਾਰੀਆਂ ਯਾਦਾਂ ਸਪਸ਼ਟ ਤੌਰ ’ਤੇ ਉਸ ਦੇ ਦਿਮ਼ਗ ਵਿੱਚ ਆਈਆਂ ਕਿ ਉਸ ਨੇ ਉਹੋ 'ਪ੍ਰਾਈਵੇਟ ਕਮਰੇ' ਦਾ ਜੰਗਲ਼ ਵਿੱਚ ਜਾ ਕੇ ਫਿਰ ਦੌਰਾ ਕੀਤਾ। ਜਦੋਂ ਉਹ ਅੰਦਰ ਗਿਆ। ਉਹ ਹੈਰਾਨੀ ਨਾਲ ਭਰ ਗਿਆ। ਉਹ ਘਾਹ ’ਤੇ ਬੈਠੀ ਸੀ, ਬਹੁਤ ਉਦਾਸ ਸੀ ਤੇ ਉਸ ਦੇ ਨਾਲ ਉਹ ਪੀਲੇ ਵਾਲ਼ਾਂ ਵਾਲਾ ਜਵਾਨ ਇਕ ਜਾਨਵਰ ਦੀ ਤਰ੍ਹਾਂ ਘੂਕ ਸੁੱਤਾ ਪਿਆ ਸੀ।

ਜਦੋਂ ਉਸ ਨੇ ਹੈਨਰੀ ਨੂੰ ਵੇਖਿਆ, ਉਹ ਪੀਲੀ ਪੈ ਗਈ ਤੇ ਪਹਿਲਾਂ ਤਾਂ ਉਸ ਨੇ ਸੋਚਿਆ ਕਿ ਉਸ ਨੂੰ ਗ਼ਸ਼ ਪੈ ਜਾਵੇਗੀ, ਫਿਰ ਉਹ ਠੀਕ ਠਾਕ ਗੱਲਾਂ ਕਰਨ ਲੱਗ ਪਏ ਪਰੰਤੂ ਜਦੋਂ ਉਸ ਨੇ ਦੱਸਿਆ ਕਿ ਉਸ ਦਾ ਇਸ ਥਾਂ ’ਤੇ ਆਉਣ ਲਈ ਬੜਾ ਦਿਲ ਕਰਦਾ ਰਹਿੰਦਾ ਹੈ ਅਤੇ ਅਕਸਰ ਐਤਵਾਰ ਨੂੰ ਇੱਥੇ ਆਉਂਦਾ ਹੈ। ਉਹ ਉਸ ਦੀਆਂ ਅੱਖਾਂ ਵਿੱਚ ਕਾਫ਼ੀ ਦੇਰ ਤੱਕ ਵੇਖਦੀ ਰਹੀ "ਮੈਂ ਵੀ ਅਕਸਰ ਇਸ ਤਰ੍ਹਾਂ ਹੀ ਸੋਚਦੀ ਹਾਂ" ਉਸ ਨੇ ਕਿਹਾ।

ਆ ਮੇਰੀ ਪਿਆਰੀ, “ਉਸ ਦੇ ਪਤੀ ਨੇ ਕਿਹਾ ਤੇ ਇਕ ਉਬਾਸੀ ਲਈ।”

"ਮੇਰਾ ਖ਼ਿਆਲ ਹੈ ਕਿ ਸਾਡੇ ਜਾਣ ਦਾ ਸਮਾਂ ਹੋ ਗਿਆ ਹੈ।"

# ਇਕ ਪਾਗ਼ਲ ਆਦਮੀ ਦੀ ਡਾਇਰੀ

ਜਦੋਂ ਉਹ ਮਰਿਆ ਉਹ ਹਾਈਕੋਰਟ ਦਾ ਜੱਜ ਸੀ, ਈਮਾਨਦਾਰ ਮੈਜਿਸਟ੍ਰੇਟ ਜਿਸ ਦਾ ਬੇਦਾਗ਼ ਜੀਵਨ ਫਰਾਂਸ ਦੀਆਂ ਸਾਰੀਆਂ ਅਦਾਲਤਾਂ ਲਈ ਇਕ ਮਿਸਾਲ ਸੀ। ਐਡਵੋਕੇਟਾਂ ਜੁਆਨ ਛੋਟੇ ਜੱਜਾਂ, ਜੱਜਾਂ ਨੇ ਬਹੁਤ ਇੱਜ਼ਤ ਨਾਲ ਝੁਕ ਕੇ, ਸ਼ਰਧਾਂਜਲੀ ਭੇਟ ਕੀਤੀ-ਜਿਸਦੇ ਸੋਹਣੇ ਪਤਲੇ ਮੁੱਖ 'ਤੇ ਦੋ ਡੂੰਘੀਆਂ ਚਮਕੀਲੀਆਂ ਅੱਖਾਂ ਰੌਸ਼ਨੀ ਕਰਦੀਆਂ ਸਨ ।

ਉਸ ਨੇ ਆਪਣਾ ਜੀਵਨ ਅਪਰਾਧਾਂ ਦੀ ਛਾਣ ਬੀਣ ਅਤੇ ਕਮਜ਼ੋਰਾਂ ਦੀ ਰੱਖਿਆ ਕਰਨ ਵਿੱਚ ਬਿਤਾਇਆ ਸੀ । ਠੱਗਾਂ ਅਤੇ ਕਾਤਲਾਂ ਲਈ ਉਸ ਤੋਂ ਹੋਰ ਤਕੜਾ ਦੁਸ਼ਮਣ ਨਹੀਂ ਸੀ, ਕਿਉਂਕਿ ਉਹ ਉਨ੍ਹਾਂ ਦੀਆਂ ਆਤਮਾਵਾਂ ਵਿਚੋਂ ਉਨ੍ਹਾਂ ਦੇ ਬਹੁਤ ਗੁੱਝੇ ਮਨੋਰਥਾਂ ਨੂੰ ਪੜ੍ਹਦਾ ਸੀ।

ਉਹ ਹੁਣ ਮਰ ਚੁੱਕਾ ਸੀ, ਬਿਆਸੀ ਸਾਲ ਦੀ ਉਮਰ ਵਿੱਚ, ਸਾਰੇ ਲੋਕਾਂ ਨੇ ਉਸ ਨੂੰ ਸ਼ਰਧਾਂਜਲੀ ਭੇਟ ਕਰਕੇ ਉਸ ਦੀ ਮੌਤ 'ਤੇ ਅਫ਼ਸੋਸ ਪ੍ਰਗਟ ਕੀਤਾ ਸੀ। ਲਾਲ ਛੋਟੀਆਂ ਪੈਂਟਾਂ ਪਾਈ ਸਿਪਾਹੀ ਉਸ ਨੂੰ ਗੁੰਬਦ ਤਕ ਲੈ ਕੇ ਗਏ ਸਨ, ਚਿੱਟੇ ਗੁਲੂਬੰਦ ਪਾਈ ਆਦਮੀ ਉਸ ਦੀ ਕਬਰ ਉੱਤੇ ਇਉਂ ਮਹਿਸੂਸ ਕਰਕੇ ਅੱਥਰੂ ਕੇਰ ਰਹੇ ਸਨ, ਜਿਹੜੇ ਅਸਲੀ ਵਿਖਾਈ ਦਿੰਦੇ ਸਨ ।

ਪ੍ਰੰਤੂ ਉਨ੍ਹਾਂ ਅਜੀਬ ਕਾਗਜ਼ਾਂ ਦੀ ਗੱਲ ਸੁਣੋ ਜੋ ਕਿ ਨਿਰਾਸ਼ ਹੋਏ ਪ੍ਰਾਰਥਕ ਨੇ ਉਸ ਡੈਸਕ ਵਿੱਚੋਂ ਲੱਭੇ ਸਨ ਜਿੱਥੇ ਕਿ ਉਹ ਵੱਡੇ ਅਪਰਾਧੀਆਂ ਦੇ ਰਿਕਾਰਡ ਫਾਈਲ ਕਰਕੇ ਰੱਖਦਾ ਹੁੰਦਾ ਸੀ । ਇਸ ਦਾ ਸਿਰਲੇਖ ਸੀ :
ਕਿਉਂ ?

ਜੂਨ 20, 1851. ਮੈਂ ਹੁਣੇ ਹੀ ਅਦਾਲਤ ਵਿੱਚੋਂ ਆਇਆ ਹਾਂ । ਮੈਂ ਬਲੋਂਡਲ ਨੂੰ ਮੌਤ ਦੀ ਸਜ਼ਾ ਦਿੱਤੀ ਹੈ । ਇਸ ਆਦਮੀ ਨੇ ਆਪਣੇ ਪੰਜ ਬੱਚਿਆਂ ਨੂੰ ਕਿਉਂ ਮਾਰ ਦਿਤਾ ? ਕਿਉਂਕਿ ਬਹੁਤ ਵਾਰੀ ਸਾਨੂੰ ਇਹੋ ਜਿਹੇ ਆਦਮੀ ਮਿਲਦੇ ਹਨ ਜਿਨ੍ਹਾਂ ਵਾਸਤੇ ਕਿਸੇ ਨੂੰ ਮਾਰਨਾ ਖ਼ੁਸ਼ੀ ਦੀ ਗੱਲ ਹੈ ਹਾਂ, ਹਾਂ ਇਹ ਖੁਸ਼ੀ ਦੀ ਗੱਲ

ਹੋਣੀ ਚਾਹੀਦੀ ਹੈ— ਸਭ ਤੋਂ ਵੱਡੀ ਗੱਲ, ਸ਼ਾਇਦ ਕੀ ਮਾਰਨ ਵੀ ਪੈਦਾ ਕਰਨ ਸਮਾਨ ਨਹੀਂ ਹੈ ? ਬਣਾਉਣਾ ਤੇ ਮਿਟਾਉਣਾ। ਇਨ੍ਹਾਂ ਦੋ ਸ਼ਬਦਾਂ ਵਿੱਚ ਦੁਨੀਆਂ ਦਾ ਇਤਿਹਾਸ ਹੈ, ਬਸ ਇਹ ਕੁਝ। ਮਰਨਾ ਨਸ਼ਿਆਉਣ ਵਾਲੀ ਗੱਲ ਕਿਉਂ ਹੈ ? ਜੂਨ 25. ਇਹ ਸੋਚਣਾ ਕੋਈ ਜੀਵ ਹੈ, ਜੋ ਜਿਉਂਦਾ ਹੈ ਚੱਲਦਾ ਹੈ, ਜੋ ਦੌੜਦਾ ਹੈ, ਇਕ ਜੀਵ ? ਜੀਵ ਕੀ ਹੈ ? ਇਕ ਜਾਨਦਾਰ ਚੀਜ਼, ਜਿਸ ਵਿੱਚ ਹਿਲਜੁਲ ਦਾ ਸਿਧਾਂਤ ਹੈ, ਅਤੇ ਉਸੇ ਸਿਧਾਂਤ ਨੂੰ ਕਾਬੂ ਕਰਨ ਦੀ ਖਾਹਿਸ਼। ਇਹ ਚੀਜ ਕਿਸੇ ਵੀ ਚੀਜ ਨਾਲ ਲਚਕਦੀ ਨਹੀਂ। ਇਸ ਦੇ ਪੈਰ ਜ਼ਮੀਨ ਤੋਂ ਸੁੰਤਤਰ ਹਨ। ਇਹ ਜੀਵਨ ਦਾ ਅੰਸ਼ ਹੈ ਜੋ ਕਿ ਧਰਤੀ 'ਤੇ ਘੁੰਮਦਾ ਹੈ ? ਇਹ ਜੀਵਨ ਦਾ ਅੰਸ਼ ਮੈਨੂੰ ਪਤਾ ਨਹੀਂ ਕਦੋਂ, ਕੋਈ ਆਪਣੀ ਮਰਜ਼ੀ ਨਾਲ ਮਿਟ ਸਕਦਾ ਹੈ। ਫੇਰ ਕੁਝ ਨਹੀਂ, ਹੋਰ ਕੁਝ ਨਹੀਂ। ਇਹ ਮਿਟ ਜਾਂਦਾ ਹੈ। ਇਹ ਖ਼ਤਮ ਹੋ ਜਾਂਦਾ ਹੈ।

ਜੂਨ 26. ਫੇਰ ਮਾਰਨਾ ਅਪਰਾਧ ਕਿਉਂ ਹੈ ? ਹਾਂ ਕਿਉਂ ? ਇਸ ਦੇ ਉੱਲਟ ਇਹ ਕੁਦਰਤ ਦਾ ਨਿਯਮ ਹੈ। ਹਰ ਜੀਵ ਦਾ ਨਿਸ਼ਚਿਤ ਮਨੋਰਥ ਮਾਰਨਾ ਹੈ; ਉਹ ਜੀਉਣ ਵਾਸਤੇ ਮਾਰਦਾ ਹੈ, ਅਤੇ ਮਾਰਣ ਵਾਸਤੇ ਜਿਉਂਦਾ ਹੈ। ਜਾਨਵਰ ਬਿਨਾਂ ਰੁਕੇ, ਸਾਰਾ ਦਿਨ, ਹਰ ਪਲ਼ ਮਾਰਦਾ ਰਹਿੰਦਾ ਹੈ। ਇਨਸਾਨ ਬਿਨਾਂ ਰੁਕੇ ਆਪਣੇ ਆਪ ਨੂੰ ਪਾਲਣ ਵਾਸਤੇ ਮਾਰਦੇ ਹਨ; ਪ੍ਰੰਤੂ ਇਸ ਦੇ ਨਾਲ ਨਾਲ ਉਹ ਖੁਸ਼ੀ ਵਾਸਤੇ ਵੀ ਮਾਰਨਾ ਚਾਹੁੰਦਾ ਹੈ। ਉਸ ਨੇ ਪਿੱਛਾ ਕਰਨ ਦੀ ਕਾਢ ਕੱਢੀ। ਬੱਚਾ ਉਨ੍ਹਾਂ ਕੀੜਿਆਂ ਨੂੰ ਜਿਹੜੇ ਸਾਰੇ ਉਨ੍ਹਾਂ ਛੋਟੇ ਜਾਨਵਰਾਂ ਨੂੰ ਜੋ ਉਸ ਦੇ ਰਾਹ ਵਿੱਚ ਆਉਂਦੇ ਹਨ, ਮਾਰਦਾ ਹੈ, ਪਰ ਇਹ ਸਭ ਕੁਝ ਸਾਡੇ ਅੰਦਰਲੀ ਕਤਲਾਮ ਦੀ ਅਰੁੱਕ ਖਾਹਿਸ਼ ਲਈ ਕਾਫੀ ਨਹੀਂ। ਜਾਨਵਰਾਂ ਨੂੰ ਮਾਰਨਾ ਹੀ ਕਾਫ਼ੀ ਨਹੀਂ; ਸਾਨੂੰ ਆਦਮੀਆਂ ਨੂੰ ਵੀ ਮਾਰਨਾ ਚਾਹੀਦਾ ਹੈ। ਬਹੁਤ ਪਹਿਲਾਂ ਇਸ ਲੋੜ ਦੀ ਪੂਰਤੀ ਇਨਸਾਨੀ ਕੁਰਬਾਨੀ ਨਾਲ ਕੀਤੀ ਜਾਂਦੀ ਸੀ। ਹੁਣ, ਸਮਾਜ ਵਿੱਚ ਰਹਿਣ ਦੀ ਲੋੜ ਨੇ ਖ਼ੂਨ ਨੂੰ ਅਪਰਾਧ ਬਣਾ ਦਿਤਾ ਹੈ। ਅਸੀਂ ਕਾਤਲ ਨੂੰ ਦੋਸ਼ੀ ਠਹਿਰਾਉਂਦੇ ਹਾਂ ਅਤੇ ਉਸ ਨੂੰ ਸਜ਼ਾ ਦਿੰਦੇ ਹਾਂ। ਪ੍ਰੰਤੂ ਅਸੀਂ ਮਾਰਨ ਦੀ ਕੁਦਰਤੀ ਅਤੇ ਛਾ ਜਾਣ ਵਾਲੀ ਪ੍ਰੇਰਨਾ ਅੱਗੇ ਝੁਕੇ ਬਗ਼ੈਰ ਰਹਿ ਨਹੀਂ ਸਕਦੇ, ਅਸੀਂ ਇਸ ਨੂੰ ਸਮੇਂ ਸਮੇਂ ਜੰਗਾਂ ਦੁਆਰਾ ਪੂਰੀ ਕਰਦੇ ਹਾਂ। ਜਿਸ ਵਿੱਚ ਇਕ ਕੌਮ ਦੂਜੀ ਕੌਮ ਨੂੰ ਕਤਲ ਕਰਦੀ ਹੈ। ਇਹ ਖ਼ੂਨ ਦੀ ਫੀਸਟ ਹੈ, ਇਕ ਫੀਸਟ ਜੋ ਫ਼ੌਜਾਂ ਨੂੰ ਪਾਗ਼ਲ ਕਰ ਦਿੰਦੀ ਹੈ ਅਤੇ

ਸਿਵਿਲੀਅਨ, ਔਰਤਾਂ ਅਤੇ ਬੱਚਿਆਂ ਨੂੰ ਦੀਵਾਨਾ ਕਰ ਦਿੰਦੀ ਹੈ ਜੋ ਕਿ ਰਾਤ ਵੇਲੇ ਲੈਂਪ ਦੀ ਰੌਸ਼ਨੀ ਵਿੱਚ ਇਸ ਕਤਲੇਆਮ ਦੀ ਬੇਚੇਨ ਕਹਾਣੀ ਨੂੰ ਪੜ੍ਹਦੇ ਹਨ ।

ਕੋਈ ਸੋਚ ਸਕਦਾ ਹੈ ਕਿ ਇਹ ਕਤਲਗਾਹਾਂ ਰਚਾਉਣ ਵਾਲੇ ਵਿਅਕਤੀਆਂ ਨੂੰ ਲੋਕ ਨਫ਼ਰਤ ਕਰਦੇ ਹੋਣਗੇ ? ਨਹੀਂ, ਉਨ੍ਹਾਂ ਦਾ ਸਨਮਾਨ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਸੋਨਾ ਅਤੇ ਚਮਕੀਲੀਆਂ ਪੁਸ਼ਾਕਾਂ ਪਵਾਈਆਂ ਜਾਂਦੀਆਂ ਹਨ; ਉਨ੍ਹਾਂ ਦੇ ਸਿਰਾਂ ’ਤੇ ਕਲਗੀ ਅਤੇ ਛਾਤੀਆਂ ’ਤੇ ਗਹਿਣੇ ਪਹਿਨਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਰਾਸ, ਇਨਾਮ ਅਤੇ ਹਰ ਤਰ੍ਹਾਂ ਦੇ ਖ਼ਿਤਾਬ ਦਿੱਤੇ ਜਾਂਦੇ ਹਨ । ਔਰਤਾਂ ਉਨ੍ਹਾਂ ਦਾ ਸਨਮਾਨ ਅਤੇ ਉਨ੍ਹਾਂ ਨੂੰ ਪਿਆਰ ਕਰਦੀਆਂ ਹਨ, ਲੋਕ ਉਨ੍ਹਾਂ ਦੀ ਵਾਹ ਵਾਹ ਕਰਦੇ ਹਨ; ਕੇਵਲ ਇਕ ਕਾਰਨ ਕਰਕੇ ਕਿ ਉਨ੍ਹਾਂ ਦਾ ਮਿਸ਼ਨ ਮਨੁੱਖੀ ਖ਼ੂਨ ਡੋਲ੍ਹਣਾ ਸੀ । ਉਹ ਗ਼ਲੀਆਂ ਵਿਚੋਂ ਮੌਤ ਦੇ ਹਥਿਆਰ ਘੜੀਸਦੇ ਹਨ, ਅਤੇ ਕਾਲੇ ਕੱਪੜਿਆਂ ਵਿੱਚ ਰਾਹ ਗੁਜ਼ਰੂ ਉਨ੍ਹਾਂ ਵੱਲ ਈਰਖਾ ਨਾਲ ਵੇਖਦੇ ਹਨ । ਕਿਉਂਕਿ ਮਰਨਾ ਇਕ ਅਜਿਹਾ ਜਾਨਦਾਰ ਕਾਨੂੰਨ ਹੈ ਜੋ ਸਾਡੀ ਅੰਤਰ ਪ੍ਰੇਰਨਾ ਵਿੱਚ ਕੁਦਰਤ ਵਲੋਂ ਭਰਿਆ ਗਿਆ ਹੈ । ਮਾਰਨ ਨਾਲੋਂ ਵਧੇਰੇ ਸੁੰਦਰ ਅਤੇ ਸਨਮਾਨ ਵਾਲੀ ਹੋਰ ਕੋਈ ਚੀਜ਼ ਨਹੀਂ।

ਜੂਨ 30. ਮਾਰਨਾ ਨਿਯਮ ਹੈ, ਕਿਉਂਕਿ ਕੁਦਰਤ ਸਦੀਵੀਂ ਜੁਆਨੀ ਨੂੰ ਪਿਆਰ ਕਰਦੀ ਹੈ । ਉਹ ਆਪਣੇ ਸਾਰੇ ਅਚੇਤ ਕਾਰਜਾਂ ਵਿੱਚ ਚਿਲਾਉਂਦੀ ਜਾਪਦੀ ਹੈ । "ਜਲਦੀ । ਜਲਦੀ ! ਜਲਦੀ" ਉਹ ਜਿੰਨਾ ਨਾਸ਼ ਕਰਦੀ ਹੈ, ਉਨਾ ਹੀ ਹੋਰ ਆਪਣੇ ਆਪ ਨੂੰ ਨਵਿਆਂ ਲੈਂਦੀ ਹੈ ।

ਜੁਲਾਈ 3. ਮਾਰਨਾ ਮਨੁੱਖ ਲਈ ਅਜੀਬ ਖੁਸ਼ੀ ਅਤੇ ਅਥਾਹ ਰਸ ਦਾ ਸਾਧਨ ਹੈ : ਤੁਹਾਡੇ ਸਾਹਮਣੇ ਇਕ ਜੀਉਂਦਾ ਸੋਚਦਾ ਹੋਇਆ ਜੀਵ ਹੋਵੇ; ਉਸ ਵਿੱਚ ਇਕ ਛੋਟੀ ਜਿਹੀ ਮੋਰੀ ਕਰਨੀ, ਕੇਵਲ ਛੋਟੀ ਜਿਹੀ ਮੋਰੀ ਅਤੇ ਇਹ ਦੇਖਣਾ ਕਿ ਉਸ ਵਿਚੋਂ ਲਾਲ ਤਰਲ ਵਹਿੰਦਾ ਹੈ ਜੋ ਕਿ ਖ਼ੂਨ ਹੈ, ਜੋ ਜੀਵਨ ਹੈ, ਅਤੇ ਫੇਰ ਤੁਹਾਡੇ ਸਾਹਮਣੇ ਇਕ ਲਿਚ-ਲਿਚਾ, ਠੰਡਾ, ਅਡੋਲ, ਖ਼ਿਆਲ ਰਹਿਤ ਮਾਸ ਦਾ ਢੇਰ ਹੁੰਦਾ ਹੈ।

ਅਗਸਤ 5. ਮੈਂ, ਜਿਸ ਨੇ ਆਪਣਾ ਸਾਰਾ ਜੀਵਨ, ਫ਼ੈਸਲਾ ਸੁਣਾਉਂਦਿਆਂ, ਸ਼ਬਦ ਨਾਲ ਮਾਰਦਿਆਂ, ਉਨ੍ਹਾਂ ਨੂੰ ਟੋਕੇ ਨਾਲ ਮਾਰਦਿਆਂ ਜਿਨ੍ਹਾਂ ਨੇ

ਚਾਕੂ ਨਾਲ ਖ਼ੂਨ ਕੀਤੇ ਹੁੰਦੇ, ਬਿਤਾਈ ਹੈ, ਜੇ ਮੈਂ ਵੀ ਹੋਰ੍ਹਾਂ ਸਾਰਿਆਂ ਕਾਤਲਾਂ ਵਾਂਗ ਕਰਾਂ ਜਿਨ੍ਹਾਂ ਨੂੰ ਮੈਂ ਸਜ਼ਾ ਦਿੱਤੀ ਹੈ, ਮੈਂ, ਮੈਂ- ਇਹ ਕੌਣ ਜਾਣਦਾ ਹੈ ?

ਅਗਸਤ 10. ਇਹ ਕੋਈ ਕਦੋਂ ਜਾਣ ਸਕੇਗਾ ? ਮੇਰੇ 'ਤੇ ਕਦੋਂ ਕੋਈ ਸ਼ੱਕ ਕਰੇਗਾ, ਖ਼ਾਸ ਕਰਕੇ, ਜਦੋਂ ਮੈਂ ਕੋਈ ਅਜਿਹਾ ਆਦਮੀ ਚੁਣਿਆ ਜਿਸ ਨੂੰ ਮਾਰਨ ਵਿੱਚ ਮੇਰਾ ਕੋਈ ਮਨੋਰਥ ਨਾ ਹੋਵੇ ?

ਅਗਸਤ 22. ਮੈਂ ਆਪਣੀ ਖਾਹਿਸ਼ ਨੂੰ ਹੋਰ ਰੋਕ ਨਾ ਸਕਿਆ। ਮੈਂ ਤਜਰਬੇ ਦੇ ਤੌਰ 'ਤੇ ਸ਼ੁਰੂ ਵਿੱਚ ਇਕ ਛੋਟਾ ਜਿਹਾ ਜੀਵ ਮਾਰਿਆ । ਮੇਰੇ ਨੌਕਰ, ਜੀਨ, ਨੇ ਦਫ਼ਤਰ ਦੀ ਬਾਰੀ ਵਿੱਚ ਲਟਕਾਏ ਇਕ ਪਿੰਜਰੇ ਵਿੱਚ ਇਕ ਸੋਨ ਚਿੜੀ ਰੱਖੀ ਹੋਈ ਸੀ । ਮੈਂ ਉਸ ਨੂੰ ਕੋਈ ਸੁਨੇਹਾ ਦੇਣ ਲਈ ਭੇਜਿਆ, ਅਤੇ ਮੈਂ ਛੋਟੇ ਪੰਛੀ ਨੂੰ ਆਪਣੇ ਹੱਥਾਂ ਵਿੱਚ ਪਕੜ ਲਿਆ, ਆਪਣੇ ਹੱਥ ਵਿੱਚ ਜਿੱਥੇ ਮੈਂ ਇਸ ਦੇ ਦਿਲ ਦੀ ਧੜਕਨ ਮਹਿਸੂਸ ਕਰ ਸਕਦਾ ਸਾਂ । ਇਹ ਗਰਮ ਸੀ । ਮੈਂ ਆਪਣੇ ਕਮਰੇ ਤੱਕ ਗਿਆ। ਮੈਂ ਇਸ ਨੂੰ ਜ਼ੋਰ ਨਾਲ ਘੁਟਦਾ ਗਿਆ; ਇਸ ਦਾ ਦਿਲ ਜ਼ੋਰ ਨਾਲ ਧੜਕਦਾ ਗਿਆ; ਇਹ ਬਹੁਤ ਡਰਾਉਣਾ ਅਤੇ ਸਵਾਦੀ ਕੰਮ ਸੀ । ਮੈਂ ਇਸ ਨੂੰ ਸਾਹ ਘੁਟ ਕੇ ਮਾਰ ਰਿਹਾ ਸੀ । ਪ੍ਰੰਤੂ ਮੈਂ ਲਹੂ ਨਹੀਂ ਵੇਖ ਸਕਦਾ ਸੀ ।

ਫੇਰ ਮੈਂ ਕੈਂਚੀ ਲੈ ਲਈ, ਛੋਟੀ ਨਹੁੰ ਕਟਣ ਵਾਲੀ ਕੈਂਚੀ; ਅਤੇ ਮੈਂ ਤਿੰਨ ਝਟਕਿਆਂ ਵਿੱਚ ਬੜੇ ਅਰਾਮ ਨਾਲ ਇਸ ਦੀ ਧੌਣ ਕੱਟ ਦਿੱਤੀ । ਇਸ ਨੇ ਆਪਣੀ ਚੁੰਝ ਖੋਲ੍ਹੀ । ਇਸ ਨੇ ਮੇਰੇ ਤੋਂ ਛੁੱਟਣ ਦੀ ਕੋਸ਼ਿਸ਼ ਕੀਤੀ, ਇਸ ਪ੍ਰੰਤੂ ਮੈਂ ਇਸ ਨੂੰ ਫੜੀ ਰਖਿਆ, ਓਹ । ਮੈਂ ਇਸ ਨੂੰ ਫੜੀ ਰੱਖਿਆ-ਮੈਂ ਪਾਗ਼ਲ ਕੁੱਤੇ ਨੂੰ ਵੀ ਪਕੜੀ ਰੱਖ ਸਕਦਾ ਸੀ-ਮੈਂ ਲਹੂ ਤ੍ਰਿਪਦਾ ਦੇਖਿਆ। ਕਿੰਨਾ ਸੋਹਣਾ ਲਾਲ ਖ਼ੂਨ ਸੀ ! ਮੈਂ ਇਸਨੂੰ ਪੀਣਾ ਚਾਹੁੰਦਾ ਸੀ, ਮੈਂ ਇਸ ਨਾਲ ਆਪਣੀ ਜੀਭ ਗਿੱਲੀ ਕੀਤੀ। ਇਹ ਚੰਗਾ ਸੀ ਪਰ ਉਸ ਨਿੱਕੇ ਪੰਛੀ ਵਿੱਚ ਖ਼ੂਨ ਥੋੜ੍ਹਾ ਸੀ । ਮੈਂ ਪੂਰਾ ਅਨੰਦ ਨਾ ਲੈ ਸਕਿਆ ਜਿੰਨਾ ਕਿ ਮੈਂ ਚਾਹੁੰਦਾ ਸੀ । ਇਕ ਬੈਲ ਨੂੰ ਮਾਰ ਕੇ ਬੜਾ ਸੁਆਦ ਆਵੇ ।

ਅਤੇ ਫੇਰ ਮੈਂ ਕਾਤਲਾਂ ਵਾਂਗ ਕੀਤਾ-ਸਚਮੁੱਚ ਦੇ ਕਾਤਲਾਂ ਵਾਂਗ ਮੈਂ ਕੈਂਚੀ ਅਤੇ ਆਪਣੇ ਹੱਥ ਧੋਤੇ । ਮੈਂ ਪਾਣੀ ਤਰੌਂਕ ਦਿਤਾ, ਅਤੇ ਲੋਥ ਨੂੰ ਛੁਪਾਉਣ ਵਾਸਤੇ ਬਾਗ਼ ਵਿੱਚ ਲੈ ਗਿਆ। ਮੈਂ ਇਸ ਨੂੰ ਸਟ੍ਰਾਬਰੀ ਦੇ ਬੂਟੇ ਹੇਠਾਂ ਦੱਬ ਦਿੱਤਾ । ਇਹ ਕਦੇ ਨਹੀਂ ਲੱਭੇਗੀ । ਮੈਂ ਹਰ ਰੋਜ਼ ਉਸ ਬੂਟੇ ਤੋਂ ਸਟ੍ਰਾਬਰੀ ਖਾ ਸਕਦਾ ਹਾਂ ।

ਆਦਮੀ ਜੀਵਨ ਦਾ ਮਜ਼ਾ ਮਾਣ ਸਕਦਾ ਹੈ, ਜਦੋਂ ਕਿ ਉਹ ਜਾਣਦਾ ਹੋਵੇ ਕਿ ਕਿਵੇਂ ਮਾਣਨਾ ਹੈ ।

ਮੇਰਾ ਨੌਕਰ ਰੋਇਆ; ਉਸ ਨੇ ਸੋਚਿਆ ਕਿ ਉਸ ਦਾ ਪੰਛੀ ਉੱਡ ਗਿਆ। ਉਹ ਮੇਰੇ 'ਤੇ ਸ਼ੱਕ ਕਿਵੇਂ ਕਰ ਸਕਦਾ ਸੀ ? ਆਹਾ

ਅਗਸਤ 25. ਮੈਨੂੰ ਇਕ ਆਦਮੀ ਮਾਰਨਾ ਚਾਹੀਦਾ ਹੈ, ਮੈਨੂੰ ਜ਼ਰੂਰ ਮਾਰਨਾ ਚਾਹੀਦਾ ਹੈ।

ਅਗਸਤ 30. ਇਹ ਕੰਮ ਕੀਤਾ ਗਿਆ। ਕਿੰਨਾ ਆਸਾਨ ਕੰਮ ਹੈ । ਮੈਂ ਬੋਇਸ ਡੀ ਵਰਨਜ਼ ਦੇ ਜੰਗਲ ਵਿੱਚ ਸੈਰ ਕਰਨ ਗਿਆ। ਮੈਂ ਕਿਸੇ ਚੀਜ਼ ਬਾਰੇ ਨਹੀਂ ਸੋਚ ਰਿਹਾ ਸੀ, ਸੱਚਮੁਚ ਕਿਸੇ ਚੀਜ਼ ਬਾਰੇ ਨਹੀਂ । ਸੜਕ ਉੱਪਰ ਇਕ ਬੱਚਾ, ਬਰੈਡ ਦਾ ਟੁਕੜਾ ਤੇ ਮੱਖਣ ਖਾ ਰਿਹਾ ਸੀ । ਉਹ ਰੁਕ ਗਿਆ ਤਾਂ ਕਿ ਮੈਂ ਅੱਗੇ ਲੰਘ ਜਾਵਾਂ, ਉਸ ਨੇ ਕਿਹਾ, "ਸ਼ੁਭ ਦਿਨ ਸ੍ਰੀਮਾਨ ਪ੍ਰਧਾਨ ਜੀ ।"

ਅਤੇ ਇਹ ਖ਼ਿਆਲ ਮੇਰੇ ਮਨ ਵਿੱਚ ਆਇਆ: "ਜੇ ਮੈਂ ਇਸ ਨੂੰ ਮਾਰ ਦੇਵਾਂ ?" ਮੈਂ ਉੱਤਰ ਦਿੰਦਾ ਹਾਂ "ਤੁਸੀਂ ਇਕੱਲੇ ਹੋ, ਲੜਕੇ ?"

ਹਾਂ, ਸ੍ਰੀਮਾਨ ਜੀ ।"

"ਜੰਗਲ ਵਿੱਚ ਬਿਲਕੁਲ ਇਕੱਲੇ ?

"ਹਾਂ, ਸ੍ਰੀਮਾਨ ਜੀ ।"

ਮਾਰਨ ਦੀ ਖਾਹਿਸ਼ ਨੇ ਮੈਨੂੰ ਸ਼ਰਾਬ ਵਾਂਗ ਨਸ਼ਾ ਕਰ ਦਿੱਤਾ । ਮੈਂ ਬੜੇ ਪਿਆਰ ਨਾਲ ਉਸ ਦੇ ਕੋਲ ਗਿਆ, ਕਿਉਂਕਿ ਮੈਨੂੰ ਯਕੀਨ ਸੀ ਕਿ ਉਸਨੇ ਨੱਠ ਜਾਣਾ ਹੈ । ਅਤੇ ਅਚਾਨਕ ਮੈਂ ਉਸ ਨੂੰ ਗਲ਼ ਤੋਂ ਪਕੜ ਲਿਆ। ਉਸ ਨੂੰ ਪੂਰੇ ਜ਼ੋਰ ਨਾਲ ਘੁੱਟਿਆ ਉਸਨੇ ਡਰੀਆਂ ਹੋਈਆਂ ਅੱਖਾਂ ਨਾਲ ਮੇਰੇ ਵੱਲ ਵੇਖਿਆ ਅੱਖਾਂ ! ਗੋਲ, ਡੂੰਘੀਆਂ, ਸਾਫ਼ ਭਿਆਨਕ। ਮੈਂ ਇੰਨੀ ਖੂੰਖਾਰ ਭਾਵਨਾ ਅੱਗੇ ਕਦੇ ਮਹਿਸੂਸ ਨਹੀਂ ਕੀਤੀ ਸੀ। ਉਸ ਨੇ ਆਪਣੇ ਛੋਟੇ ਜਿਹੇ ਹੱਥਾਂ ਨਾਲ ਮੇਰੇ ਗੁੱਟ ਪਕੜੇ, ਅਤੇ ਉਸ ਦੇ ਸਰੀਰ ਨੂੰ ਅੱਗੋਂ ਉੱਪਰ ਰੱਖੇ ਖੰਭ ਵਾਂਗ ਕੜਵਲ ਪੈ ਗਏ ਸਨ। ਫੇਰ ਉਹ ਹੋਰ ਨਾ ਹਿਲਿਆ । ਮੈਂ ਲੋਥ ਇਕ ਟੋਏ ਵਿੱਚ ਸੁੱਟ ਦਿੱਤੀ, ਫੇਰ ਇਸ ਉੱਪਰ ਕੁਝ ਝਾੜੀਆਂ ਸੁੱਟ ਦਿੱਤੀਆਂ । ਮੈਂ ਘਰ ਵਾਪਸ ਆਇਆ ਅਤੇ ਰੱਜ ਕੇ ਖਾਣਾ ਖਾਧਾ । ਇਹ ਕਿੰਨੀ ਸੌਖੀ ਗੱਲ ਸੀ ।

ਸ਼ਾਮ ਵੇਲੇ ਮੈਂ ਬੜਾ ਖੁਸ਼ ਸੀ, ਹਲਕਾ ਅਤੇ ਤਰੋ ਤਾਜ਼ਾ ਸਾਂ ਅਤੇ ਮੈਂ ਸ਼ਾਮ "ਪਰਫੈਕਟ" ਵਿੱਚ ਬਿਤਾਈ। ਉੱਥੇ ਸਭ ਨੇ ਮੈਨੂੰ ਮਜ਼ਾਕੀਆ ਅੰਦਾਜ਼ ਵਿੱਚ ਵੇਖਿਆ। ਪਰ ਮੈਂ ਲਹੂ ਨਹੀਂ ਵੇਖਿਆ । ਮੈਂ ਅਸ਼ਾਂਤ ਨਹੀਂ ਹਾਂ ।

ਅਗਸਤ 31. ਲੋਥ ਲੱਭ ਗਈ ਹੈ । ਉਹ ਕਾਤਲ ਦੀ ਤਲਾਸ਼ ਕਰ ਰਹੇ ਹਨ । ਆਹ ।

ਸਤੰਬਰ 1. ਦੋ ਰਾਹਗੀਰ ਪਕੜੇ ਜਾ ਚੁੱਕੇ ਹਨ। ਸਬੂਤ ਨਹੀਂ ਮਿਲ ਰਹੇ ਹਨ।

ਸਤੰਬਰ 2. ਮਾਂ ਪਿਓ ਮੈਨੂੰ ਮਿਲਣ ਆਏ ਸਨ । ਉਹ ਰੋ ਪਏ ਸਨ । ਆਹ ।

ਅਕਤੂਬਰ 6. ਉਨ੍ਹਾਂ ਤੋਂ ਕੁਝ ਨਹੀਂ ਲੱਭਿਆ ਹੈ । ਇਹ ਕਿਸੇ ਫਿਰਤੂ ਅਵਾਰਾ ਆਦਮੀ ਦਾ ਕੰਮ ਹੈ । ਆਹ। ਜੇਕਰ ਮੈਂ ਲਹੂ ਵਗਦਾ ਵੇਖ ਲੈਂਦਾ ਤਾਂ ਮੈਂ ਸ਼ਾਂਤ ਹੋ ਜਾਂਦਾ ।

ਅਕਤੂਬਰ 10. ਮਾਰਨ ਦੀ ਭਾਵਨਾ ਅਜੇ ਮੇਰੀ ਨਾੜ ਨਾੜ ਵਿੱਚ ਭਰੀ ਪਈ ਹੈ। ਇਹ ਉਨ੍ਹਾਂ ਪਿਆਰ ਤ੍ਰਾਟਾਂ ਵਾਂਗ ਹੈ ਜੋ ਵੀਹ ਵਰ੍ਹਿਆਂ ਦੀ ਉਮਰ ਵਿੱਚ ਉੱਠਦੀਆਂ ਹਨ ।

ਅਕਤੂਬਰ 10. ਅਜੇ ਇਕ ਹੋਰ । ਮੈਂ ਨਾਸ਼ਤੇ ਪਿੱਛੋਂ ਦਰਿਆ ਕੰਢੇ ਸੈਰ ਕਰ ਰਿਹਾ ਸੀ ਅਤੇ ਮੈਂ ਬੈਂਤ ਦੇ ਹੇਠਾਂ ਇਕ ਮਛੇਰਾ ਸੁੱਤਾ ਵੇਖਿਆ । ਦੁਪਹਿਰ ਦਾ ਸਮਾਂ ਸੀ । ਨਾਲ ਦੇ ਇਕ ਆਲੂ ਦੇ ਖੇਤ ਵਿੱਚ ਇਕ ਬੇਲਚਾ ਇਵੇਂ ਖੜ੍ਹਾ ਸੀ ਜਿਵੇਂ ਕਿ ਉੱਥੇ ਖ਼ਾਸ ਮੇਰੇ ਵਾਸਤੇ ਹੀ ਰੱਖਿਆ ਹੋਇਆ ਸੀ।

ਮੈਂ ਇਸ ਨੂੰ ਚੁੱਕਿਆ । ਮੈਂ ਵਾਪਸ ਮੁੜਿਆ; ਮੈਂ ਇਸ ਨੂੰ ਸੋਟੇ ਵਾਂਗ ਉੱਪਰ ਚੁੱਕਿਆ ਅਤੇ ਇਸ ਦੇ ਇਕੋ ਵਾਰ ਨਾਲ ਮਛੇਰੇ ਦਾ ਸਿਰ ਕੱਟ ਸੁੱਟਿਆ। ਉਹ। ਉਸ ਦਾ ਲਹੂ ਵੱਗ ਪਿਆ-ਗੁਲਾਬੀ ਲਹੂ ਦਿਮਾਗ਼ ਦੀਆਂ ਨਾੜਾਂ ਦਾ ਖ਼ੂਨ । ਇਹ ਹੌਲੀ ਹੌਲੀ ਪਾਣੀ ਵਿੱਚ ਰਲ਼ ਗਿਆ । ਮੈਂ ਠਰੰਮੇ ਭਰੀ ਚਾਲ ਚਲਦਾ ਗਿਆ। ਜੇ ਮੈਨੂੰ ਵੇਖ ਲਿਆ ਜਾਂਦਾ । ਆਹ । ਮੈਂ ਬਹੁਤ ਚੰਗਾ ਕਾਤਲ ਸਾਬਤ ਹੁੰਦਾ।

ਅਕਤੂਬਰ 25. ਮਛੇਰੇ ਦੇ ਕਿੱਸੇ ਦਾ ਬਹੁਤ ਚਰਚਾ ਹੈ । ਉਸ ਦੇ ਭਤੀਜੇ 'ਤੇ, ਜਿਹੜਾ ਕਿ ਉਸ ਨਾਲ ਮੱਛੀਆਂ ਫੜਦਾ ਸੀ, ਕਤਲ ਦਾ ਦੋਸ਼ ਲਾਇਆ ਗਿਆ ਹੈ।

ਅਕਤੂਬਰ 26. ਅਦਾਲਤੀ ਮੈਜਿਸਟ੍ਰੇਟ ਨੇ ਭਤੀਜੇ ਨੂੰ ਦੋਸ਼ੀ ਠਹਿਰਾਇਆ ਹੈ । ਸ਼ਹਿਰ ਵਿੱਚ ਸਭ ਨੂੰ ਇਸ ਗੱਲ ਦਾ ਵਿਸ਼ਵਾਸ ਹੈ। ਆਹ । ਆਹ।

ਅਕਤੂਬਰ 27. ਮਛੇਰੇ ਦਾ ਭਤੀਜਾ ਆਪਣੀ ਪੂਰੀ ਤਰ੍ਹਾਂ ਸਫਾਈ ਪੇਸ਼ ਕਰਦਾ ਹੈ । ਉਹ ਆਖਦਾ ਹੈ ਕਿ ਉਹ ਪਿੰਡ ਵਿੱਚ ਬਰੈਡ ਤੇ ਪਨੀਰ ਲੈਣ ਗਿਆ ਸੀ। ਉਹ ਸੌਂਹ ਚੁੱਕਦਾ ਹੈ ਕਿ ਉਸ ਦੇ ਅੰਕਲ ਨੂੰ ਉਸ ਦੀ ਗ਼ੈਰ-ਹਾਜ਼ਰੀ ਵਿੱਚ ਮਾਰਿਆ ਗਿਆ ਹੈ। ਪ੍ਰੰਤੂ ਕੌਣ ਉਸ ਦੀ ਗੱਲ ਮੰਨੇਗਾ ?

ਅਕਤੂਬਰ 28. ਭਤੀਜੇ ਨੇ ਇਕਬਾਲ ਕਰਨ ਤੋਂ ਸਿਵਾ ਹੋਰ ਸਭ ਕੁਝ ਕੀਤਾ, ਉਨ੍ਹਾਂ ਨੇ ਉਸ ਨੂੰ ਕਿੰਨਾ ਜ਼ਿਆਦਾ ਪਰੇਸ਼ਾਨ ਕੀਤਾ ਹੈ । ਆਹ । ਨਿਆਂ।

ਨਵੰਬਰ 15. ਭਤੀਜੇ ਦੇ ਵਿਰੁੱਧ ਬਹੁਤ ਪੱਕੇ ਸਬੂਤ ਹਨ, ਉਹ ਆਪਣੇ ਅੰਕਲ ਦਾ ਮੁਤਬੰਨਾ ਸੀ । ਮੈਂ ਸ਼ੈਸ਼ਨ ਦੀ ਪ੍ਰਧਾਨਗੀ ਕਰਾਂਗਾ ।

ਜਨਵਰੀ 25, 1852, ਮੌਤ ਦਾ ਦੰਡ, ਮੌਤ ਦਾ ਦੰਡ। ਮੌਤ ਦਾ ਦੰਡ । ਮੌਤ ਦਾ ਦੰਡ । ਮੈਂ ਉਸ ਨੂੰ ਮੌਤ ਦੀ ਸਜ਼ਾ ਦੁਆ ਦਿੱਤੀ । ਐਡਵੋਕੇਟ ਜਨਰਲ ਫਰਿਸ਼ਤੇ ਵਾਂਗ ਬੋਲਿਆ ਸੀ। ਆਹ । ਅਜੇ ਇਕ ਹੋਰ । ਮੈਂ ਉਸ ਨੂੰ ਕਤਲ ਹੁੰਦਾ ਵੇਖਣ ਜਾਵਾਂਗਾ ।

ਮਾਰਚ 10. ਇਹ ਕੰਮ ਹੋ ਗਿਆ । ਉਨ੍ਹਾਂ ਅੱਜ ਸਵੇਰੇ ਉਸ ਦਾ ਸਿਰ ਵੱਢ ਦਿੱਤਾ ਹੈ । ਉਹ ਬੜੀ ਚੰਗੀ ਤਰ੍ਹਾਂ ਮਾਰਿਆ। ਬਹੁਤ ਚੰਗੀ ਤਰ੍ਹਾਂ । ਇਸ ਨਾਲ ਮੈਨੂੰ ਖੁਸ਼ੀ ਹੋਈ। ਕਿਸੇ ਦਾ ਸਿਰ ਵੱਢਦੇ ਹੁੰਦੇ ਵੇਖਣਾ ਕਿੰਨਾ ਚੰਗਾ ਹੁੰਦਾ ਹੈ । ਖ਼ੂਨ ਦੀਆਂ ਧਾਰਾਂ ਫੁੱਟ ਪੈਂਦੀਆਂ ਹਨ । ਉਹ ਜੇ ਮੈਂ ਇਸ ਵਿੱਚ ਨਹਾ, ਸਕਦਾ, ਉਨ੍ਹਾਂ ਧਾਰਾਂ ਥੱਲੇ ਸਿਰ ਕਰ ਦੇਣਾ, ਕਿੰਨੇ ਅਨੰਦ ਦੀ ਗੱਲ ਹੈ ਉਨ੍ਹਾਂ ਨੂੰ ਆਪਣੇ ਵਾਲ਼ਾਂ ਵਿੱਚ ਆਪਣੇ ਚਿਹਰੇ ’ਤੇ ਛਿੜਕ ਲੈਣਾ ਲਾਲੋ ਲਾਲ ਹੋ ਜਾਣਾ । ਜੇ ਲੋਕਾਂ ਨੂੰ ਇਸ ਅਨੰਦ ਦਾ ਪਤਾ ਹੋਵੇ ।

ਹੁਣ, ਮੈਂ ਇੰਤਜ਼ਾਰ ਕਰਾਂਗਾ । ਮੈਂ ਇੰਤਜ਼ਾਰ ਕਰ ਸਕਦਾ ਹਾਂ । ਛੋਟੀ ਜਿਹੀ ਗੱਲ ਵੀ ਮੈਨੂੰ ਪਕੜਵਾ ਦੇਵੇਗੀ ।

ਹੱਥ ਲਿਖਤ ਵਿੱਚ ਹੋਰ ਵੀ ਪੰਨੇ ਸਨ, ਪ੍ਰੰਤੂ ਉਨ੍ਹਾਂ ਵਿੱਚ ਕਿਸੇ ਨਵੇਂ ਜੁਰਮ ਦਾ ਵਰਨਣ ਨਹੀਂ ਸੀ ।

ਮਨੋਵਿਗਿਆਨ ਦੇ ਕਾਨੂੰਨ ਦੇ ਮਾਹਿਰ ਡਾਕਟਰ, ਜਿਨ੍ਹਾਂ ਨੂੰ ਇਹ ਦੁੱਖ ਭਰੀ ਕਹਾਣੀ ਦੱਸੀ ਗਈ ਹੈ, ਕਹਿੰਦੇ ਹਨ ਕਿ ਸੰਸਾਰ ਵਿੱਚ ਇਸ ਅਨੋਖੇ ਚਲਾਕ, ਅਤੇ ਭਿਆਨਕ ਪਾਗ਼ਲ ਜਿਹੇ ਵੀ ਬਹੁਤ ਸਾਰੇ ਛੁਪੇ ਪਾਗ਼ਲ ਹਨ ।

# ਦੋ ਛੋਟੇ ਸਿਪਾਹੀ

ਹਰ ਐਤਵਾਰ, ਜਦ ਤੋਂ ਉਨ੍ਹਾਂ ਨੂੰ ਸੇਵਾ ਮੁਕਤ ਕੀਤਾ ਗਿਆ ਸੀ, ਦੋ ਛੋਟੇ ਸਿਪਾਹੀ ਦੌੜਿਆ ਕਰਦੇ ਸਨ । ਇਕ ਵਾਰੀ ਬੈਰਕਾਂ ਤੋਂ ਬਾਹਰ, ਉਹ ਕੌਰ ਬੇਵੋਈ ਵਿਚੋਂ ਸੱਜੇ ਪਾਸੇ ਵੱਲ, ਲੰਬੀਆਂ ਤੇਜ਼ ਉਲਾਘਾਂ ਨਾਲ ਇਵੇਂ ਲੰਘੇ ਜਾ ਰਹੇ ਸਨ, ਜਿਵੇਂ ਕਿ ਉਹ ਮਾਰਚ ਕਰ ਰਹੇ ਹੋਣ।

ਜਦੋਂ ਉਹ ਅਖ਼ੀਰਲੇ ਘਰ ਤੋਂ ਅੱਗੇ ਲੰਘ ਗਏ ਸਨ, ਉਹ ਬੇਰੌਣਕ, ਧੂੜ ਵਾਲੇ ਰਸਤੇ ’ਤੇ ਜਿਹੜੀ ਬੇਜੋਨਜ਼ ਵੱਲ ਜਾਂਦੀ ਸੀ, ਪੁਜ ਕੇ ਹੌਲੀ ਹੋ ਗਏ ।

ਉਹ ਦੋਵੇਂ ਛੋਟੇ ਅਤੇ ਪਤਲੇ ਸਨ, ਅਤੇ ਆਪਣੇ ਕੋਟਾਂ ਵਿੱਚ ਗੁੰਮੇ ਹੋਏ ਦਿਸਦੇ ਸਨ, ਜੋ ਕਿ ਬਹੁਤ ਵੱਡੇ ਤੇ ਲੰਮੇ ਸਨ। ਉਨ੍ਹਾਂ ਦੇ ਕੋਟਾਂ ਦੀਆਂ ਬਾਹਵਾਂ ਹੱਥਾਂ ’ਤੇ ਲਟਕ ਰਹੀਆਂ ਸਨ, ਅਤੇ ਉਨ੍ਹਾਂ ਦੀਆਂ ਲਾਲ ਵੱਡੀਆਂ ਪੈਂਟਾਂ, ਜੋ ਕਿ ਉਨ੍ਹਾਂ ਨੂੰ ਅੜਕਣ ’ਤੇ ਮਜ਼ਬੂਰ ਕਰਦੀਆਂ ਸਨ, ਉਨ੍ਹਾਂ ਦੇ ਰਸਤੇ ਵਿੱਚ ਰੁਕਾਵਟ ਬਣ ਰਹੀਆਂ ਸਨ । ਉਨ੍ਹਾਂ ਦੇ ਮਜ਼ਬੂਤ, ਉੱਚੇ ਲੋਹ-ਟੋਪਾਂ ਵਿੱਚ ਉਨ੍ਹਾਂ ਦੇ ਚਿਹਰੇ ਬਹੁਤ ਛੋਟੇ ਲੱਗਦੇ ਸਨ-ਦੋ ਨਿਮਾਣੇ, ਭੁਸੇ-ਪੀਲੇ ਚਿਹਰੇ, ਬਿਲਕੁਲ ਜਾਨਵਰਾਂ ਵਾਂਗ, ਭੋਲ਼ੇ, ਅਤੇ ਸ਼ਰੀਫ਼ ਤੇ ਸ਼ਾਂਤ ਨੀਲੀਆਂ ਅੱਖਾਂ ।

ਉਹ ਚੱਲਦੇ ਚੱਲਦੇ ਕਦੇ ਗੱਲਬਾਤ ਨਹੀਂ ਕਰਦੇ ਸਨ, ਪ੍ਰੰਤੂ ਦੋਵੇਂ ਮਨ ਵਿੱਚ ਇਕੋ ਖ਼ਿਆਲ ਧਾਰੇ, ਸਿੱਧੇ ਚਲੇ ਜਾਂਦੇ ਸਨ । ਇਹ ਖ਼ਿਆਲ ਗੱਲਬਾਤ ਦੀ ਕਮੀ ਕਾਰਨ ਮੁਕ ਗਏ ਸਨ, ਖ਼ਿਆਲ ਇਹ ਸੀ; ਕਿ ਛੋਟੇ ਜਿਹੇ ਜੰਗ ਵਿੱਚ ਲੇਸ ਚੈਪਿਅਕਸ ਦੇ ਨੇੜੇ ਉਨ੍ਹਾਂ ਇਕ ਜਗ੍ਹਾ ਲੱਭੀ ਹੈ ਜੋ ਕਿ ਉਨ੍ਹਾਂ ਨੂੰ ਆਪਣੇ ਮੁਲਕ ਦੀ ਯਾਦ ਦੁਆਉਂਦੀ ਹੈ, ਜਿਵੇਂ ਉਹ ਦੁਬਾਰਾ ਖੁਸ਼ੀ ਮਹਿਸੂਸ ਕਰ ਸਕਦੇ ਹਨ।

ਜਦੋਂ ਉਹ ਉਨ੍ਹਾਂ ਦਰੱਖ਼ਤਾਂ ਹੇਠ ਪਹੁੰਚਦੇ ਜਿੱਥੇ ਕਿ ਕੋਲੋਂਬਜ਼ ਅਤੇ ਚਾਟਾਊ ਤੋਂ ਸੜਕਾਂ ਮਿਲਦੀਆਂ ਸਨ ਤਾਂ ਉਹ ਆਪਣੇ ਭਾਰੇ ਲੋਹ-ਟੋਪ ਉਤਾਰ ਲੈਂਦੇ ਅਤੇ ਆਪਣੇ ਮੱਥੇ ਨੂੰ ਪੂੰਝਦੇ । ਉਹ ਹਮੇਸ਼ਾਂ ਬੇਜੋਨਜ਼ ਪੁਲ ਉੱਪਰ ਸੇਨ ਵੱਲ ਵੇਖਣ

ਲਈ ਰੁਕਦੇ ਅਤੇ ਕਿਨਾਰੇ ’ਤੇ ਕੋਡੇ ਹੋ ਕੇ, ਪਲ ਦੇ ਕਿਨਾਰੇ ’ਤੇ ਝੁਕ ਕੇ ਦੋ ਜਾਂ ਤਿੰਨ ਮਿੰਟ ਖੜੇ ਰਹਿੰਦੇ ।

ਕਦੇ ਕਦੇ ਉਹ ਅਰਜਨਟਿਊਇਲ ਦੀ ਵੱਡੀ ਬੰਦਰਗਾਹ ਵੱਲ ਵੇਖਦੇ, ਜਿੱਥੇ ਕਿਸ਼ਤੀਆਂ, ਆਪਣੇ ਸਫ਼ੈਦ, ਚੱਲਦੇ ਬਾਦਬਾਨਾਂ ਨਾਲ ਭੱਜੀ ਜਾਂਦੀਆਂ ਵਿਖਾਈ ਦਿੰਦੀਆਂ ਸਨ ਜਿਨ੍ਹਾਂ ਨੂੰ ਵੇਖ ਕੇ ਉਨ੍ਹਾਂ ਨੂੰ ਸ਼ਾਇਦ ਬਰੈਟੋਨ ਦੇ ਪਾਣੀਆਂ, ਵੈਨੇ ਬੰਦਰਗਾਹ, ਜਿਸ ਦੇ ਨੇੜੇ ਉਹ ਰਹਿੰਦੇ ਸਨ, ਅਤੇ ਮੋਰਬਿਹਾਨ ਤੋਂ ਖੁਲ੍ਹੇ ਸਮੁੰਦਰ ਵੱਲ ਮੱਛੀਆਂ ਫੜਨ ਵਾਲੀ ਖੜੀ ਕਿਸ਼ਤੀਆਂ ਦੀ ਯਾਦ ਤਾਜਾ ਹੁੰਦੀ ਸੀ ।

ਸੋਨੇ ਤੋਂ ਬਾਹਰ ਉਨ੍ਹਾਂ ਨੇ ਇਕ ਮੀਟ ਦੇ ਵਪਾਰੀ, ਬੇਕਰ ਅਤੇ ਸ਼ਰਾਬ ਵੇਚਣ ਵਾਲੇ ਤੋਂ ਆਪਣੀ ਰਸਦ ਖਰੀਦੀ । ਉਨ੍ਹਾਂ ਦੀ ਰਸਦ ਵਿੱਚ ਇਕ ਕਲੇਜੀ ਦਾ ਟੁਕੜਾ, ਬਰੈੱਡ ਅਤੇ ਇਕ ਲਿਟਰ ਪੈਟਿਟ ਬਲਿਊ ਸੀ ਜੋ ਉਨ੍ਹਾਂ ਨੇ ਆਪਣੇ ਆਪਣੇ ਰੁਮਾਲਾਂ ਵਿੱਚ ਪਾ ਲਈ। ਜਦੋਂ ਉਹ ਬੈਜ਼ੋਨਜ਼ ਛੱਡ ਗਏ ਤਾਂ ਉਹ ਹੌਲੀ ਹੌਲੀ ਸਫ਼ਰ ਕਰਨ ਲੱਗੇ ਅਤੇ ਗੱਲਾਂ ਕਰਨ ਲੱਗ ਪਏ ।

ਉਨ੍ਹਾਂ ਦੇ ਸਾਹਮਣੇ ਇਕ ਬੰਜਰ ਪੱਧਰ ਧਰਤੀ, ਜਿਸ ’ਤੇ ਕਿਧਰੇ ਕਿਧਰੇ ਦਰੱਖ਼ਤਾਂ ਦੇ ਝੁੰਡ ਸਨ, ਜੰਗਲ ਵੱਲ ਜਾਂਦੀ ਸੀ, ਛੋਟਾ ਜਿਹਾ ਜੰਗਲ ਜਿਹੜਾ ਕਿ ਕਰਮੇਰੀਵਲ ਵਿੱਚਲੇ ਇਕ ਜੰਗਲ ਨਾਲ ਮਿਲਦਾ ਜੁਲਦਾ ਸੀ । ਤੰਗ ਰਸਤੇ ਦੇ ਦੋਹਾਂ ਪਾਸਿਆਂ ਵੱਲ ਜੋ ਕਿ ਫ਼ਸਲਾਂ ਦੀ ਹਰਿਆਵਲ ਵਿੱਚ ਗੁਆਚ ਜਾਂਦਾ ਸੀ, ਅਤੇ ਜੀਨ ਕਰਡੈਰਨ ਅਕਸਰ ਲੁਕ ਲੀ ਗੈਨੀਡੈਕ ਨੂੰ ਕਹਿੰਦਾ :-

"ਇਹ ਉਵੇਂ ਹੀ ਵਿਖਾਈ ਦਿੰਦਾ ਹੈ ਜਿਵੇਂ ਕਿ ਪਲੌਨੀਣਨ ਦੇ ਨੇੜੇ ਹੋਵੇ ।"

"ਹਾਂ, ਬਿਲਕੁਲ ਉਸੇ ਤਰ੍ਹਾਂ।"

ਉਹ ਇਸ ਦੇ ਨਾਲ ਨਾਲ ਸੈਰ ਕਰਦੇ ਰਹੇ ਉਨ੍ਹਾਂ ਦੀਆਂ ਆਤਮਾਵਾਂ ਆਪਣੇ ਮੁਲਕ ਬਾਰੇ ਸਪੱਸ਼ਟ ਯਾਦਾਂ ਨਾਲ ਭਰਪੂਰ ਸਨ, ਇਹ ਪਰਛਾਈਆਂ ਇੰਨੀਆਂ ਸਪੱਸ਼ਟ ਸਨ ਜਿੰਨੀਆਂ ਕਿ ਰੰਗਦਾਰ ਚੌੜੀ ਸ਼ੀਟ ਉੱਪਰ ਤਸਵੀਰਾਂ ਹੁੰਦੀਆਂ ਹਨ, ਜੋ ਕਿ ਤੁਸੀਂ ਪੈਨੀ ਦੀ ਖ਼ਰੀਦ ਸਕਦੇ ਹੋ, ਉਹ ਹਰ ਚੀਜ਼ ਨੂੰ ਦੇਖ ਕੇ ਜਾ ਰਹੇ ਸਨ ਇਕ ਖੇਤ ਦਾ ਕੋਨਾ, ਇਕ ਵਾੜ, ਬੀੜ ਦਾ ਇਕ ਟੁਕੜਾ, ਇਕ ਚੌਰਸਤਾ, ਅਤੇ ਹੁਣ ਇਮਾਰਤੀ ਪੱਥਰ ਦਾ ਕਰਾਸ ਦੇਖ ਰਹੇ ਸਨ । ਫੇਰ ਵੀ, ਉਹ

ਕਿਸੇ ਖ਼ਾਸ ਸੀਮਾਂ-ਚਿੰਨ੍ਹ, ਇਕ ਵੱਡੇ ਪੱਥਰ ਕੋਲ ਖੜ੍ਹੇ ਹੋ ਜਾਂਦੇ ਕਿਉਂਕਿ ਇਹ ਲੋਕ ਜੀਵਨ ਵਿਚਲੇ ਸੁਕੇ ਮੋੜਾਂ ਵਾਂਗ ਵਿਖਾਈ ਦਿੰਦੇ ਸਨ।

ਹਰ ਐਤਵਾਰ ਸ਼ਾਮ ਨੂੰ ਦਰੱਖ਼ਤਾਂ ਦੇ ਪਹਿਲੇ ਝੁੰਡ 'ਤੇ ਪਹੁੰਚ ਕੇ ਲੁਕ ਲੀ ਗੈਨੀਡੈਕ ਇਕ ਛਮਕ ਕੱਟਦਾ ਹੈਜ ਦੀ ਇਕ ਛਮਕ, ਫੇਰ ਘਰ ਦੇ ਬੰਦਿਆਂ ਬਾਰੇ ਸੋਚਦਾ ਹੋਇਆ, ਹੌਲੀ ਹੌਲੀ ਇਸ ਦਾ ਛਿਲਕਾ ਉਤਾਰਨ ਲੱਗ ਪੈਂਦਾ। ਜੀਨ ਕਰੈਡਰਨ ਰਸਦ ਚੁੱਕ ਲੈਂਦਾ।

ਸਮੇਂ ਸਮੇਂ ਲੁਕ ਇਕ ਨਾਂ ਲੈਂਦਾ ਜਾਂ ਥੋੜ੍ਹੇ ਸ਼ਬਦਾਂ ਵਿੱਚ ਆਪਣੇ ਬਚਪਨ ਦੇ ਕਿਸੇ ਕੰਮ ਨੂੰ ਯਾਦ ਕਰਦਾ, ਜੋ ਲੰਮੇ ਖ਼ਿਆਲਾਂ ਨੂੰ ਜਨਮ ਦਿੰਦਾ ਅਤੇ ਉਨ੍ਹਾਂ ਦਾ ਆਪਣਾ ਮੁਲਕ, ਉਨ੍ਹਾਂ ਦਾ ਪਿਆਰਾ, ਦੁਰਾਡਾ ਦੇਸ਼, ਹੌਲੀ ਹੌਲੀ ਉਨ੍ਹਾਂ 'ਤੇ ਹਾਵੀ ਹੋ ਜਾਂਦਾ ਅਤੇ ਉਨ੍ਹਾਂ ਦੀ ਸੋਚ ਸ਼ਕਤੀ ਨੂੰ ਮੱਲ ਲੈਂਦਾ। ਉਨ੍ਹਾਂ ਦਾ ਦੇਸ਼ ਦੂਰੋਂ ਆਪਣੀ ਸ਼ਕਲ ਆਪਣੀਆਂ ਅਵਾਜ਼ਾਂ ਆਪਣੇ ਮਨਮੋਹਣੇ ਦ੍ਰਿਸ਼ ਆਪਣੀਆਂ ਖ਼ੁਸਬੋਆਂ - ਹਰੀ ਧਰਤੀ ਦੀਆਂ ਖੁਸਬੋਆਂ ਜਿੱਥੇ ਕਿ ਲੂਣੀ ਸਮੁੰਦਰੀ ਹਵਾ ਚੱਲ ਰਹੀ ਸੀ ਭੇਜ ਰਿਹਾ ਸੀ।

ਤਬੇਲਿਆਂ ਦੀ ਹਵਾੜ ਦਾ ਧਿਆਨ ਨਾ ਰੱਖਦੇ ਹੋਏ, ਜਿੱਥੇ ਜਿਸ ਥਾਂ 'ਤੇ ਬੈਨੇਲਿਉ ਦੀ ਧਰਤੀ ਚੌੜੀ ਹੁੰਦੀ ਹੈ, ਉਨ੍ਹਾਂ ਨੇ ਸੋਹਣੇ ਫੁੱਲਾਂ ਦੀ ਖ਼ੁਸ਼ਬੋ ਸੁੰਘੀ, ਜਿਸ ਨੂੰ ਖੁੱਲ੍ਹੇ ਸਮੁੰਦਰ ਦੀ ਲੂਣੀ ਹਵਾ ਇਕੱਠੀ ਕਰਕੇ ਆਪਣੇ ਨਾਲ ਲਿਆਉਂਦੀ ਸੀ ਅਤੇ ਕਿਸ਼ਤੀਆਂ ਦੇ ਬਾਦਬਾਨ ਦਰਿਆ ਦੇ ਕੰਢਿਆਂ 'ਤੇ ਜਹਾਜ਼ਾਂ ਦੇ ਚਿੱਟੇ ਪਰਾਂ ਵਾਂਗ ਵੱਡੇ ਮੈਦਾਨ ਤੋਂ ਦੂਰ ਵਿਖਾਈ ਦਿੰਦੇ ਸਨ ਜਿਹੜਾ ਕਿ ਉਨ੍ਹਾਂ ਦੇ ਘਰਾਂ ਤੋਂ ਸਮੁੰਦਰ ਦੇ ਕੰਢੇ ਤੱਕ ਫੈਲਿਆ ਹੋਇਆ ਸੀ। ਲੁਕ ਲੀ ਗੈਨੀਡੈਕ ਅਤੇ ਜੀਨ ਕਰਡੈਰਨ ਸੰਤੁਸ਼ਟ ਅਤੇ ਉਦਾਸ, ਮਿੱਠੀ ਉਦਾਸੀਨਤਾ ਨਾਲ ਸਤਾਏ ਹੋਏ, ਪਿੰਜਰੇ ਵਿੱਚ ਬੰਦ ਜਾਨਵਰ ਦੇ ਅਮੁਕ ਰਾਮ ਵਾਂਗ ਜੋ ਕਿ ਆਪਣੀ ਬੰਦਖਲਾਸੀ ਨੂੰ ਯਾਦ ਕਰਦਾ ਹੈ, ਛੋਟੇ ਛੋਟੇ ਕਦਮ ਪੁੱਟ ਕੇ ਟੁਰਦੇ ਜਾ ਰਹੇ ਹਨ।

ਪਤਲੀ ਛੜੀ ਦਾ ਛਿਲਕਾ ਉਤਾਰਨ ਤੱਕ ਉਹ ਜੰਗਲ਼ ਦੇ ਕੋਨੇ ਤੱਕ ਪਹੁੰਚ ਗਏ ਸਨ ਜਿੱਥੇ ਹਰ ਐਤਵਾਰ ਸਵੇਰੇ ਉਹ ਨਾਸ਼ਤਾ ਕਰਦੇ ਸਨ। ਉਨ੍ਹਾਂ ਨੂੰ ਦੋ ਇੱਟਾਂ ਲੱਭੀਆਂ ਜੋ ਉਨ੍ਹਾਂ ਨੇ ਤਾੜ ਵਿੱਚ ਛੁਪਾ ਰੱਖੀਆਂ ਸਨ, ਅਤੇ ਟਾਹਣੀਆਂ ਦੀ ਥੋੜ੍ਹੀ ਜਿਹੀ ਅੱਗ ਜਲਾਈ, ਜਿਸ ਉੱਪਰ ਉਨ੍ਹਾਂ ਨੇ ਸੰਗੀਨ ਤੇ ਸਿਰੇ ਨਾਲ ਕਲੇਜੀ ਭੁੰਨੀ।

ਜਦੋਂ ਉਨ੍ਹਾਂ ਨੇ ਨਾਸ਼ਤਾ ਕਰ ਲਿਆ, ਆਪਣੀ ਬਰੈੱਡ ਦਾ ਅੰਤਿਮ ਭੋਰਾ ਖਾ ਲਿਆ, ਅਤੇ ਆਪਣੀ ਸ਼ਰਾਬ ਦਾ ਆਖ਼ਰੀ ਤੁਬਕਾ ਪੀ ਲਿਆ ਹੱਥਾਂ ਦੀ ਕੰਘੀ ਪਾਈ ਅਤੇ ਤਾਂ ਉਹ ਨਾਲ ਨਾਲ ਘਾਹ ਉੱਪਰ ਚੁੱਪ ਚਾਪ ਆਪਣੀਆਂ ਅੱਖਾਂ ਦੂਰ ਲਾਈ, ਪਲਕਾਂ ਝੁਕਾਈ, ਲੱਤਾ ਖੇਤ ਦੇ ਪੋਸਤ ਦੇ ਬੂਟਿਆਂ ਨਾਲ ਫੈਲਾਈ ਬੈਠੇ ਸਨ। ਉਨ੍ਹਾਂ ਦੇ ਲੋਹ ਟੋਪਾਂ ਦਾ ਚਮੜਾ ਅਤੇ ਉਨ੍ਹਾਂ ਦੇ ਬਟਣਾਂ ਦਾ ਪਿੱਤਲ ਤੇਜ਼ ਧੁੱਪ ਵਿੱਚ ਚਮਕ ਰਿਹਾ ਸੀ, ਜਿਸ ਨਾਲ ਭੌਰੇ, ਜਿਹੜੇ ਉਨ੍ਹਾਂ ਦੇ ਸਿਰੇ ਉੱਪਰ ਗਾਉਂਦੇ ਅਤੇ ਚੱਕਰ ਕੱਢਦੇ ਸਨ, ਆਪਣਾ ਗਾਣਾ ਅੱਧ ਵਿਚਾਲੇ ਬੰਦ ਕਰ ਦਿੰਦੇ ਸਨ।

ਦੁਪਿਹਰ ਵੇਲ਼ੇ ਉਹ ਆਪਣੀਆਂ ਅੱਖਾਂ ਸਮੇਂ ਸਮੇਂ ਬੈਜ਼ੋਨਜ਼ ਪਿੰਡ ਦੀ ਦਿਸ਼ਾ ਵੱਲ ਘੁੰਮਾਉਂਦੇ, ਕਿਉਂਕਿ ਉਹ ਲੜਕੀ ਗਾਂ ਲਈ ਆ ਰਹੀ ਸੀ। ਉਹ ਹਰ ਐਤਵਾਰ ਆਪਣੀ ਗਾਂ ਦਾ ਦੁੱਧ ਚੋਣ ਅਤੇ ਚਰਾਂਦ ਬਦਲਣ ਲਈ ਕੋਲੋਂ ਲੰਘਦੀ— ਜ਼ਿਲ੍ਹੇ ਦੀ ਇਕ ਇਕ ਗਾਂ ਸੀ ਜੋ ਤਬੇਲੇ ਵਿੱਚੋਂ ਬਾਹਰ ਘਾਹ ਚਰਨ ਜਾਂਦੀ ਸੀ। ਉਹ ਇਸ ਨੂੰ ਜੰਗਲ ਦੇ ਕੰਢੇ ਥੋੜ੍ਹੀ ਦੂਰ ਅੱਗੇ ਛੋਟੇ ਖੇਤ ਵਿੱਚ ਚਰਾਉਂਦੀ ਸੀ।

ਉਨ੍ਹਾਂ ਜਲਦੀ ਹੀ ਇਹ ਲੜਕੀ ਪਛਾਣ ਲਈ, ਜੋ ਕਿ ਨਜ਼ਰ ਆਉਣ ਵਾਲਾ ਇੱਕੋ ਇਕ ਜੀਵ ਸੀ, ਅਤੇ ਉਹ ਟੀਨ ਦੀ ਦੁੱਧ ਦੀ ਬਾਲਟੀ ਉੱਪਰ ਪੈ ਰਹੀਆਂ ਸੂਰਜ ਦੀਆਂ ਕਿਰਨਾਂ ਦੇ ਝਲਕਾਰੇ ਕਰਕੇ ਖੁਸ਼ ਹੋ ਗਏ ਸਨ। ਉਹ ਉਸਨੂੰ ਕੇਵਲ ਦੇਖ ਕੇ ਹੀ ਖ਼ੁਸ਼ ਹੋ ਜਾਂਦੇ ਸਨ, ਉਹ ਇਕ ਲੰਬੀ ਤਕੜੀ, ਲਾਲ ਵਾਲ਼ਾਂ ਵਾਲੀ, ਜਿਸ ਦੇ ਵਾਲ਼ ਸੂਰਜ ਦੀ ਗਰਮੀ ਨਾਲ ਝੁਲਸੇ ਹੋਏ ਸਨ, ਪੈਰਿਸ ਦੇ ਜਲਵਾਯੂ ਵਿੱਚ ਪੈਦਾ ਹੋਈ ਨਰੋਈ ਲੜਕੀ ਸੀ।

ਇਕ ਵਾਰੀ, ਉਨ੍ਹਾਂ ਨੂੰ ਉਸ ਥਾਂ ਬੈਠੇ ਵੇਖ ਕੇ, ਉਸ ਨੇ ਕਿਹਾ :—

"ਸ਼ੁਭ ਸਵੇਰ। ਤੁਸੀਂ ਦੋਵੇਂ ਹਮੇਸ਼ਾਂ ਇੱਥੇ ਹੀ ਹੁੰਦੇ ਹੋ, ਠੀਕ ਹੈ ਨਾ ?"

ਲੁਕ ਲੀ ਗੈਨੀਡੈਂਕ, ਜੋ ਦੋਹਾਂ ਵਿੱਚੋਂ ਦਲੇਰ ਸੀ, ਥਥਲਾਇਆ:

"ਹਾਂ, ਅਸੀਂ ਆਰਾਮ ਕਰਨ ਆਉਂਦੇ ਹਾਂ।"

ਬਸ ਇਹੋ ਕੁਝ ਸੀ। ਪ੍ਰੰਤੂ ਅਗਲੇ ਐਤਵਾਰ ਉਹ ਉਨ੍ਹਾਂ ਨੂੰ ਵੇਖ ਕੇ ਹੱਸ ਪਈ, ਸ਼ੁਭ ਇੱਛਾ ਅਤੇ ਇਸਤਰੀਆਂ ਜਿਹੀ ਭਾਵੁਕਤਾ ਵਰਗੀ ਹੱਸੀ ਨਾਲ ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਉਹ ਬਹੁਤ ਸੰਗਾਊ ਸਨ ਅਤੇ ਉਸ ਨੇ ਪੁੱਛਿਆ :

"ਤੁਸੀਂ ਕੀ ਕਰ ਰਹੇ ਹੋ ? ਕੀ ਤੁਸੀਂ ਘਾਹ ਨੂੰ ਉੱਗਦਾ ਵੇਖ ਰਹੇ ਹੋ ?"

ਲੁਕ ਇਸ ’ਤੇ ਖ਼ੁਸ਼ ਹੋ ਗਿਆ ਅਤੇ ਇਸ ਨਾਲ ਮੁਸਕਰਾਇਆ :
"ਹੋ ਸਕਦਾ ਹੈ ਕਿ ਅਸੀਂ ਇਹ ਹੀ ਵੇਖ ਰਹੇ ਹੋਈਏ ।"
"ਇਹ ਕੰਮ ਬਹੁਤ ਹੌਲ਼ੀ ਹੁੰਦਾ ਹੈ," ਉਸ ਨੇ ਕਿਹਾ ।
ਉਸ ਨੇ ਅਜੇ ਵੀ ਹੱਸਦਿਆ ਉੱਤਰ ਦਿੱਤਾ: "ਠੀਕ ਹੈ, ਹਾਂ ਇਹ ਹੌਲ਼ੀ ਹੁੰਦਾ ਹੈ।"
ਉਹ ਅੱਗੇ ਚੱਲਦੀ ਗਈ । ਪ੍ਰੰਤੂ ਦੁੱਧ ਦੀ ਭਰੀ ਬਾਲਟੀ ਨਾਲ ਵਾਪਿਸ ਆਉਂਦਿਆਂ ਉਹ ਉਨ੍ਹਾਂ ਸਾਹਮਣੇ ਫੇਰ ਆ ਕੇ ਰੁਕੀ ਅਤੇ ਉਸ ਨੇ ਕਿਹਾ :
"ਕੀ ਤੁਸੀਂ ਥੋੜਾ ਜਿਹਾ ਦੁੱਧ ਲਓਗੇ ? ਇਹ ਘਰ ਵਰਗਾ ਸੁਆਦੀ ਹੋਵੇਗਾ ।"

ਇਸ ਕੁਦਰਤੀ ਜਜ਼ਬੇ ਨਾਲ ਕਿ ਉਹ ਵੀ ਉਸੇ ਵਾਂਗ ਕਿਰਸਾਨੀ ਨਸਲ ਨਾਲ ਸੰਬੰਧ ਰੱਖਦੇ ਹਨ, ਘਰ ਤੋਂ ਉਹ ਆਪ ਵੀ ਸ਼ਾਇਦ ਬਹੁਤ ਦੂਰ ਸੀ, ਉਸ ਨੇ ਇਹ ਗੱਲ ਸਮਝ ਲਈ ਸੀ ।

ਉਹ ਦੋਵੇਂ ਵੀ ਸਮਝ ਗਏ । ਫੇਰ ਉਹ ਕੁਝ ਔਖ ਨਾਲ, ਉਸ ਬੋਤਲ ਵਿੱਚ, ਜਿਸ ਵਿੱਚ ਉਹ ਸ਼ਰਾਬ ਲਿਆਏ ਸਨ, ਥੋੜ੍ਹਾ ਦੁੱਧ ਪਾਉਣ ਵਿੱਚ ਸਫ਼ਲ ਹੋ ਗਈ । ਅਤੇ ਲੁਕ ਨੇ ਛੋਟੇ ਛੋਟੇ ਘੁੱਟ ਭਰ ਕੇ ਪੀ ਲਿਆ ਅਤੇ ਉਹ ਵਾਰ ਵਾਰ ਰੁੱਕ ਰਿਹਾ ਸੀ, ਇਹ ਵੇਖਣ ਲਈ ਕਿ ਕਿਧਰੇ ਉਹ ਆਪਣੇ ਅੱਧੇ ਨਾਲੋਂ ਵੱਧ ਨਾ ਪੀ ਜਾਵੇ । ਫੇਰ ਉਸ ਨੇ ਬੋਤਲ ਜੀਨ ਨੂੰ ਦੇ ਦਿੱਤੀ ।

ਉਹ ਆਪਣੀਆਂ ਢਾਕਾਂ ’ਤੇ ਹੱਥ ਰੱਖੀ, ਆਪਣੀ ਬਾਲਟੀ ਪੈਰਾਂ ਵਿੱਚ ਰੱਖੀ ਉਨ੍ਹਾਂ ਸਾਹਮਣੇ ਸਿੱਧੀ ਖੜੀ ਸੀ ਅਤੇ ਉਨ੍ਹਾਂ ਨੂੰ ਖੁਸ਼ੀ ਦੇ ਕੇ ਉਹ ਆਪ ਵੀ ਬਹੁਤ ਖੁਸ਼ ਸੀ ।

ਫੇਰ ਉਹ ਚਿਲਾਉਂਦੀ ਹੋਈ ਚਲੀ ਗਈ । "ਮਿੱਤਰੋ, ਅਲਵਿਦਾ । ਅਗਲੇ ਐਤਵਾਰ ਤੱਕ।"

ਅਤੇ ਜਿਥੋਂ ਤੱਕ ਉਹ ਉਸ ਨੂੰ ਵੇਖ ਸਕਦੇ ਸਨ, ਉਹ ਆਪਣੀਆਂ ਨਜ਼ਰਾਂ ਨਾਲ ਉਸ ਦੀ ਲੰਮੀ ਤਸਵੀਰ ਨੂੰ ਵੇਖਦੇ ਗਏ, ਜੋ ਮੱਧਮ ਅਤੇ ਛੋਟੀ ਛੋਟੀ ਹੁੰਦੀ ਗਈ ਅਤੇ ਇਵੇਂ ਵਿਖਾਈ ਦਿੰਦਾ ਸੀ ਕਿ ਉਹ ਖੇਤਾਂ ਦੀ ਹਰਿਆਵਲ ਵਿੱਚ ਖੁੱਭਦੀ ਜਾ ਰਹੀ ਸੀ ।

ਜਦੋਂ ਉਹ ਹਫ਼ਤੇ ਪਿੱਛੋਂ ਆਪਣੀ ਬੈਰਕ ਤੋਂ ਚੱਲਣ ਲੱਗੇ, ਜੀਨ ਨੇ ਲੁਕ ਨੂੰ ਕਿਹਾ:-

"ਕਾਕੀ ਸਾਨੂੰ ਉਸ ਵਾਸਤੇ ਕੋਈ ਚੰਗੀ ਚੀਜ਼ ਖ਼ਰੀਦ ਕੇ ਨਹੀਂ ਲਿਜਾਣੀ ਚਾਹੀਦੀ?"

"ਗਾਂ ਵਾਲੀ ਲੜਕੀ ਲਈ ਕੋਈ ਢੁੱਕਦੀ ਚੀਜ਼ ਚੁਣਨ ਦੀ ਸਮੱਸਿਆ ਨਾਲ ਉਹ ਕਾਫ਼ੀ ਪਰੇਸ਼ਾਨ ਸਨ। ਲੁਕ ਦਾ ਖ਼ਿਆਲ ਸੀ ਕਿ ਛੋਟੀ ਜਿਹੀ ਟਰਾਂਈਪ ਸਭ ਤੋਂ ਚੰਗੀ ਰਹੇਗੀ, ਪ੍ਰੰਤੂ ਜੀਨ ਨੇ ਕੁਝ ਮਿੱਠੀਆਂ ਗੋਲੀਆਂ ਨੂੰ ਤਰਜੀਹ ਦਿੱਤੀ ਕਿਉਂਕਿ ਉਹ ਗੋਲੀਆਂ ਦਾ ਸ਼ੌਕੀਨ ਸੀ। ਉਸ ਦੀ ਚੋਣ ਨੇ ਉਸ ਨੂੰ ਬਹੁਤ ਜੋਸ਼ ਦਿਵਾ ਦਿੱਤਾ, ਅਤੇ ਉਨ੍ਹਾਂ ਨੇ ਪੰਸਾਰੀ ਦੀ ਦੁਕਾਨ ਤੋਂ ਚਿੱਟੀਆਂ ਅਤੇ ਲਾਲ ਮਿੱਠੀਆਂ ਗੋਲੀਆਂ ਲੈ ਲਈਆਂ।

ਉਸਦੇ ਆਉਣ ਦੀ ਆਸ ਨਾਲ ਘਬਰਾ ਕੇ ਉਨ੍ਹਾਂ ਨੇ ਨਾਸ਼ਤਾ ਅੱਗੇ ਨਾਲੋਂ ਜਲਦੀ ਜਲਦੀ ਖ਼ਤਮ ਕੀਤਾ।

ਜੀਨ ਨੇ ਉਸ ਨੂੰ ਪਹਿਲਾਂ ਵੇਖਿਆ। "ਉਹ ਆ ਰਹੀ ਹੈ।" ਉਸ ਨੇ ਆਖਿਆ ਲੁਕ ਨੇ ਵੀ ਕਿਹਾ : "ਹਾਂ, ਉਹ ਆ ਰਹੀ ਹੈ।"

ਅਜੇ ਜਦੋਂ ਉਹ ਦੂਰ ਹੀ ਸੀ ਕਿ ਉਨ੍ਹਾਂ ਨੂੰ ਵੇਖ ਕੇ ਉਹ ਹੱਸੀ। ਫੇਰ ਉਹ ਚਿੱਲਾਈ

“ਕੀ ਸਭ ਕੁਝ ਠੀਕ ਠਾਕ ਹੈ ?"

ਅਤੇ ਉਨ੍ਹਾਂ ਇਕ ਹੀ ਆਵਾਜ਼ ਵਿੱਚ ਪੁੱਛਿਆ :

"ਕੀ ਤੂੰ ਠੀਕ ਠਾਕ ਹੈਂ ?"

ਫੇਰ ਉਹ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪਈ, ਸਾਧਾਰਣ ਚੀਜ਼ਾਂ ਬਾਰੇ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਦਿਲਚਸਪੀ ਸੀ, ਗੱਲਾਂ ਕੀਤੀਆਂ- ਮੌਸਮ ਬਾਰੇ, ਫ਼ਸਲਾਂ ਬਾਰੇ, ਅਤੇ ਆਪਣੇ ਮਾਲਕ ਬਾਰੇ।

ਉਹ ਉਸ ਨੂੰ ਗੋਲੀਆਂ ਦੇਣ ਤੋਂ ਘਬਰਾ ਰਹੇ ਸਨ, ਜਿਹੜੀਆਂ ਕਿ ਜੀਨ ਦੀ ਜੇਬ ਵਿੱਚ ਪਿਘਲ਼ ਰਹੀਆਂ ਸਨ।

ਅੰਤ ਵਿੱਚ ਲੁਕ ਨੇ ਹੌਂਸਲਾ ਕੀਤਾ, ਅਤੇ ਬੁੜਬੜਾਇਆ :

"ਅਸੀਂ ਤੁਹਾਡੇ ਲਈ ਕੁਝ ਲਿਆਏ ਹਾਂ।"

ਉਸ ਨੇ ਮੰਗ ਕੀਤੀ, "ਉਹ ਕੀ ਹੈ ? ਮੈਨੂੰ ਦੱਸੋ।"

ਫੇਰ ਜੀਨ ਨੇ ਬਹੁਤ ਸੰਗਦੇ ਹੋਏ, ਕਾਗ਼ਜ਼ ਦੀ ਛੋਟੀ ਪੁੜੀ ਕੱਢਣ ਵਿੱਚ ਸਫ਼ਲਤਾ ਪ੍ਰਾਪਤ ਕਰ ਲਈ, ਅਤੇ ਇਸ ਨੂੰ ਸਾਹਮਣੇ ਕਰ ਦਿਤਾ।

ਉਸ ਨੇ ਛੋਟੀਆਂ ਮਿੱਠੀਆਂ ਗੋਲੀਆਂ ਖਾਣੀਆਂ ਸ਼ੁਰੂ ਕਰ ਦਿੱਤੀਆਂ, ਉਨ੍ਹਾਂ ਨੂੰ ਇਕ ਗਲ੍ਹ ਤੋਂ ਦੂਜੀ ਗਲ੍ਹ ਵੱਲ ਫੇਰਦੇ ਹੋਏ ਜਿੱਥੇ ਉਹ ਗੋਲ ਗਿਲਟੀਆਂ ਬਣਾ ਦਿੰਦੀਆਂ ਸਨ। ਦੋ ਸਿਪਾਹੀ ਉਸ ਦੇ ਸਾਹਮਣੇ ਬੈਠੇ, ਉਸ ਵੱਲ ਵਲਵਲੇ ਅਤੇ ਖੁਸ਼ੀ ਨਾਲ ਵੇਖ ਰਹੇ ਸਨ।

ਫੇਰ ਉਹ ਆਪਣੀ ਗਾਂ ਚੋਣ ਚਲੀ ਗਈ, ਅਤੇ ਉਸ ਨੇ ਵਾਪਿਸ ਆਉਂਦਿਆਂ ਇਕ ਵਾਰੀ ਹੋਰ ਉਨ੍ਹਾਂ ਨੂੰ ਕੁਝ ਦੁੱਧ ਦਿੱਤਾ।

ਉਹ ਸਾਰਾ ਹਫ਼ਤਾ ਉਸ ਬਾਰੇ ਸੋਚਦੇ ਰਹੇ ; ਕਈ ਵਾਰੀ ਉਹ ਉਸ ਬਾਰੇ ਗੱਲਾਂ ਵੀ ਕਰਦੇ। ਅਗਲੇ ਐਤਵਾਰ ਉਹ ਉਨ੍ਹਾਂ ਨਾਲ ਕੁਝ ਦੇਰ ਵਧੇਰੇ ਗੱਲਬਾਤ ਲਈ ਬੈਠੀ ; ਅਤੇ ਉਹ ਤਿੰਨੋ, ਇਕ ਦੂਜੇ ਦੇ ਨਾਲ ਨਾਲ ਬੈਠੇ, ਆਪਣੀਆਂ ਨਜ਼ਰਾਂ ਦੂਰ ਟਿਕਾਈ, ਆਪਣੇ ਗੋਡਿਆਂ ਨੂੰ ਆਪਣੇ ਹੱਥਾਂ ਨਾਲ ਥਪਥਪਾਉਂਦੇ ਹੋਏ, ਆਪਣੇ ਕੀਤੇ ਛੋਟੇ ਮੋਟੇ ਕੰਮ ਦੱਸ ਰਹੇ ਸਨ, ਪਿੰਡ ਦੀਆਂ ਛੋਟੀਆਂ ਛੋਟੀਆਂ ਗੱਲਾਂ ਜਿੱਥੇ ਉਹ ਜੰਮੇ ਸਨ, ਜਦੋਂਕਿ ਉੱਧਰ ਗਾਂ ਨੇ ਇਹ ਵੇਖਦੇ ਹੋਏ ਕਿ ਗਵਾਲਣ ਰਸਤੇ ਵਿੱਚ ਰੁਕ ਗਈ ਹੈ, ਆਪਣਾ ਵੱਡਾ ਸਿਰ ਉਸ ਵੱਲ ਚੌਂਦੀਆਂ ਨਾਸਾਂ ਨਾਲ ਫੈਲਾਇਆ, ਅਤੇ ਉਸਨੂੰ ਬੁਲਾਉਣ ਲਈ ਇਕ ਲੰਮੀ ਪਰ ਧੀਮੀ ਆਵਾਜ਼ ਵਿੱਚ ਰੰਭਣ ਲੱਗੀ।

ਜਲ਼ਦੀ ਹੀ ਲੜਕੀ ਉਨ੍ਹਾਂ ਨਾਲ ਕੁਝ ਬਰੈੱਡ ਖਾਣ ਅਤੇ ਇਕ ਘੁੱਟ ਸ਼ਰਾਬ ਪੀਣ ਲਈ ਮੰਨ ਗਈ। ਅਕਸਰ ਉਹ ਆਪਣੀ ਜੇਬ ਵਿੱਚ ਉਨ੍ਹਾਂ ਵਾਸਤੇ ਆਲੂ ਬੁਖਾਰੇ ਲਿਆਉਂਦੀਆਂ ਕਿਉਂਕਿ ਆਲੂ ਬੁਖਾਰਿਆਂ ਦਾ ਮੌਸਮ ਆ ਗਿਆ ਸੀ। ਉਸ ਦੀ ਹੋਂਦ ਕਾਰਣ ਦੋ ਛੋਟੇ ਬਰੇਟਨ ਦੇ ਸਿਪਾਹੀਆਂ ਦੀਆਂ ਗੱਲਾਂ ਵਿੱਚ ਚੁਸਤੀ ਆ ਗਈ ਅਤੇ ਉਹ ਦੋ ਪੰਛੀਆਂ ਵਾਂਗ ਚਹਿਚਹਾਉਣ ਲੱਗ ਪਏ।

ਪ੍ਰੰਤੂ ਇਕ ਮੰਗਲਵਾਰ, ਲੁਕ ਲੀ ਗੈਨੀਡੈਂਕ ਨੇ ਛੁੱਟੀ ਮੰਗੀ— ਇਕ ਗੱਲ ਜੋ ਅੱਗੇ ਕਦੇ ਨਹੀਂ ਹੋਈ ਸੀ-ਅਤੇ ਉਹ ਰਾਤ ਦੇ ਦਸ ਵਜੇ ਤੱਕ ਵਾਪਸ ਨਾ ਆਇਆ। ਜੀਨ ਨੇ ਆਪਣੇ ਸਾਥੀ ਦੇ ਇਸ ਤਰ੍ਹਾਂ ਬਾਹਰ ਜਾਣ ਦਾ ਕਾਰਨ ਪਤਾ ਕਰਨ ਲਈ ਬੜਾ ਸਿਰ ਖਪਾਇਆ।

ਅਗਲੇ ਵੀਰਵਾਰ ਲੁਕ ਨੇ, ਆਪਣੇ ਸਾਥੀ ਤੋਂ ਦਸ ਸ਼ਾਉਸ ਮੰਗ ਕੇ, ਫੇਰ ਦੁਬਾਰਾ ਛੁੱਟੀ ਮੰਗੀ ਅਤੇ ਕੁਝ ਘੰਟੇ ਲਈ ਬੈਰਕ ਛੱਡਣ ਦੀ ਇਜ਼ਾਜ਼ਤ ਪ੍ਰਾਪਤ ਕਰ ਲਈ । ਜਦੋਂ ਉਹ ਜੀਨ ਨਾਲ ਐਤਵਾਰ ਦੀ ਸੈਰ ਕਰਨ ਵਾਸਤੇ ਗਿਆ ਤਾਂ ਉਸ ਦਾ ਤੌਰ ਤਰੀਕਾ ਬਹੁਤ ਅਨੋਖਾ, ਬੜਾ ਬੇਅਰਾਮਾ ਅਤੇ ਬਿਲਕੁਲ ਬਦਲਿਆ ਹੋਇਆ ਸੀ । ਕਰਡੈਰਨ ਦੀ ਸਮਝ ਵਿੱਚ ਗੱਲ ਨਾ ਆਈ। ਪ੍ਰੰਤੂ ਉਸ ਨੇ ਬਿਨਾਂ ਇਹ ਸਮਝੇ ਕਿ ਕੀ ਹੋ ਸਕਦਾ ਹੈ ਕੁਝ ਥੋੜ੍ਹਾ ਜਿਹਾ ਸ਼ੱਕ ਕੀਤਾ ।

ਉਨ੍ਹਾਂ ਨੇ ਆਪਣੀ ਹਮੇਸ਼ਾਂ ਦੀ ਠਹਿਰਣ ਵਾਲੀ ਥਾਂ 'ਤੇ ਪਹੁੰਚਣ ਤੋਂ ਪਹਿਲਾਂ ਕੋਈ ਗੱਲ ਨਾ ਕੀਤੀ ਜਿੱਥੋਂ ਉਨ੍ਹਾਂ ਦੇ ਹਮੇਸ਼ਾ ਇੱਕੋ ਥਾਂ ਬਹਿਣ ਨਾਲ ਘਾਹ ਬਿਲਕੁਲ ਘਸ ਗਿਆ ਸੀ । ਉਨ੍ਹਾਂ ਨੇ ਹੌਲੀ ਹੌਲੀ ਆਪਣਾ ਨਾਸ਼ਤਾ ਕੀਤਾ । ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਭੁੱਖ ਨਹੀਂ ਲੱਗੀ ਸੀ । ਥੋੜ੍ਹੀ ਦੇਰ ਬਾਅਦ ਹੀ ਕੁੜੀ ਦਿਸ ਪਈ। ਹਰ ਐਤਵਾਰ ਵਾਂਗ ਉਹ ਉਸਨੂੰ ਆਉਂਦੇ ਹੋਏ ਵੇਖਦੇ ਰਹੇ। ਜਦੋਂ ਉਹ ਬਿਲਕੁਲ ਨੇੜੇ ਆ ਗਈ ਤਾਂ ਲੁਕ ਉੱਠਿਆ ਅਤੇ ਦੋ ਕਦਮ ਅੱਗੇ ਵਧਿਆ । ਉਸ ਨੇ ਆਪਣੀ ਦੁੱਧ ਦੀ ਬਾਲਟੀ ਜ਼ਮੀਨ 'ਤੇ ਰੱਖ ਕੇ ਉਸ ਨੂੰ ਚੁੰਮ ਲਿਆ। ਉਹ ਉਸਦੇ ਗਲ਼ ਵਿੱਚ ਬਾਹਾਂ ਪਾ ਕੇ ਜੀਨ ਤੋਂ ਬਿਲਕੁਲ ਬੇਖ਼ਬਰ ਉਸਨੂੰ ਚੁੰਮ ਰਹੀ ਸੀ ।

ਅਤੇ ਉਹ, ਗ਼ਰੀਬ ਜੀਨ, ਨਿਰਾਸ਼ ਹੋਇਆ ਬੈਠਾ ਸੀ ਉਸ ਦਾ ਮਨ ਭਾਰੀ ਸੀ, ਉਸਦਾ ਦਿਲ ਠਰਦਾ ਜਾ ਰਿਹਾ ਸੀ, ਉਸਨੂੰ ਆਪਣੇ ਆਪ ਦੀ ਸਮਝ ਨਹੀਂ ਆ ਰਹੀ ਸੀ । ਫੇਰ ਉਹ ਕੁੜੀ ਲੁਕ ਦੇ ਕੋਲ਼ ਬੈਠ ਕੇ ਗੱਲਾਂ ਕਰਨ ਲੱਗੀ ।

ਜੀਨ ਨੇ ਉਨ੍ਹਾਂ ਵੱਲ ਨਾ ਵੇਖਿਆ। ਹੁਣ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਸ ਦਾ ਮਿੱਤਰ ਹਫ਼ਤੇ ਵਿੱਚ ਦੋ ਵਾਰੀ ਬਾਹਰ ਕਿਉਂ ਗਿਆ ਸੀ, ਅਤੇ ਉਸ ਨੇ ਆਪਣੇ ਅੰਦਰ ਬਹੁਤ ਦੁੱਖ ਇਕ ਕਿਸਮ ਦਾ ਜਖ਼ਮ, ਵੰਡੀ ਪੈਣ ਦਾ ਖ਼ਿਆਲ ਜੋ ਕਿ ਮ੍ਰਿਤਕ-ਧ੍ਰੋਹੀ ਕਰਕੇ ਹੁੰਦਾ ਹੈ ਮਹਿਸੂਸ ਕੀਤਾ ।

ਲੁਕ ਤੇ ਲੜਕੀ ਦੋਵੇਂ ਗਾਂ ਦੀ ਜਗ੍ਹਾ ਬਦਲਣ ਲਈ ਚਲੇ ਗਏ । ਜੀਨ ਆਪਣੀਆਂ ਨਜ਼ਰਾਂ ਨਾਲ ਉਨ੍ਹਾਂ ਦਾ ਪਿੱਛਾ ਕਰਦਾ ਰਿਹਾ । ਉਹ ਉਨ੍ਹਾਂ ਨੂੰ ਨਾਲ ਨਾਲ ਦੂਰ ਜਾਂਦਾ ਵੇਖਦਾ ਰਿਹਾ । ਉਸਦੇ ਮਿੱਤਰ ਦੀ ਲਾਲ ਪੈਂਟ ਸੜਕ ਉੱਪਰ ਚਮਕੀਲੇ ਲਾਲ ਧੱਬੇ ਵਾਂਗ ਵਿਖਾਈ ਦਿੰਦੀ ਸੀ ।

ਲੜਕੀ ਗਾਂ ਨੂੰ ਚੋਣ ਵਾਸਤੇ ਝੁਕੀ ਜਦੋਂਕਿ ਉਹ ਗਾਂ ਨੂੰ ਉੱਚੀ ਪਿੱਠ ਨੂੰ ਅਣਗਹਿਲੀ ਨਾਲ ਥਪਕਦਾ ਰਿਹਾ । ਫੇਰ ਉਨ੍ਹਾਂ ਨੇ ਦੁੱਧ ਦੀ ਬਾਲਟੀ ਨੂੰ ਘਾਹ 'ਤੇ ਰੱਖ ਦਿੱਤਾ ਅਤੇ ਘਣੇ ਜੰਗਲ਼ ਵਿੱਚ ਚਲੇ ਗਏ ।

ਜੀਨ ਨੂੰ ਪੱਤਿਆਂ ਦੀ ਦੀਵਾਰ ਤੋਂ ਸਿਵਾ ਹੋਰ ਕੁਝ ਨਾ ਦਿਸਿਆ ਜਿੱਥੇ ਕਿ ਉਹ ਗਏ ਸਨ; ਅਤੇ ਉਸ ਨੇ ਆਪਣੇ ਆਪ ਨੂੰ ਇੰਨਾ ਬੇਆਰਾਮ ਮਹਿਸੂਸ ਕੀਤਾ ਕਿ ਉੱਠ ਕੇ ਖੜ੍ਹਾ ਹੁੰਦਾ ਤਾਂ ਜ਼ਰੂਰ ਡਿੱਗ ਪੈਂਦਾ। ਉਹ ਅਹਿਲ ਬੈਠਾ ਰਿਹਾ ਅਤੇ ਉਹ ਬਹੁਤ ਹੈਰਾਨੀ ਅਤੇ ਦੁੱਖ ਨਾਲ ਹੋਸ਼ ਹਵਾਸ਼ ਖੋ ਬੈਠਾ ਸੀ ਅਤੇ ਉਸ ਦਾ ਦੁੱਖ ਜੋ ਸਧਾਰਣ ਅਤੇ ਡੂੰਘਾ ਸੀ ਉਸ ਨੇ ਚਿਲਾਉਣਾ ਚਾਹਿਆ, ਨੱਠ ਜਾਣਾ ਚਾਹਿਆ, ਆਪਣੇ ਆਪ ਨੂੰ ਛੁਪਾਉਣਾ ਚਾਹਿਆ ਅਤੇ ਕਿਸੇ ਨੂੰ ਵੀ ਨਾ ਵੇਖਣਾ ਚਾਹਿਆ।

ਜਲਦੀ ਹੀ ਉਸ ਨੇ ਉਨ੍ਹਾਂ ਨੂੰ ਝਾੜੀਆਂ ਵਿਚੋਂ ਨਿਕਲਦੇ ਵੇਖਿਆ। ਉਹ ਹੌਲੀ ਹੌਲੀ, ਇਕ ਦੂਜੇ ਦੇ ਹੱਥ ਇਵੇਂ ਫੜ ਕੇ ਮੁੜ ਰਹੇ ਸਨ ਜਿਵੇਂ ਕਿ ਪਿੰਡਾਂ ਵਿੱਚ ਉਹ ਕਰਦੇ ਹਨ ਜਿੰਨਾ ਦੀ ਕੁੜਮਾਈ ਹੋ ਜਾਂਦੀ ਹੈ। ਲੁਕ ਨੇ ਦੁੱਧ ਦੀ ਬਾਲਟੀ ਚੁੱਕੀ ਹੋਈ ਸੀ।

ਉਨ੍ਹਾਂ ਨੇ ਵੱਖਰੇ ਹੋਣ ਤੋਂ ਪਹਿਲਾਂ ਦੁਬਾਰਾ ਇਕ ਦੂਜੇ ਨੂੰ ਚੁੰਮਿਆ ਅਤੇ ਲੜਕੀ ਜੀਨ ਨੂੰ ਪਿਆਰ ਨਾਲ "ਸ਼ੁਭ ਸ਼ਾਮ" ਕਹਿ ਕੇ ਅਤੇ ਇਕ ਮੰਤਵ ਭਰੀ ਮੁਸਕਾਹਟ ਸੁੱਟ ਕੇ ਚਲੀ ਗਈ।

ਅੱਜ ਉਸ ਨੇ ਉਸ ਨੂੰ ਦੁੱਧ ਪੇਸ਼ ਕਰਨ ਬਾਰੇ ਨਹੀਂ ਸੋਚਿਆ ਸੀ। ਦੋ ਛੋਟੇ ਸਿਪਾਹੀ ਇਕ ਦੂਜੇ ਨਾਲ ਹਮੇਸ਼ਾਂ ਵਾਂਗ ਬਿਲਕੁਲ ਸਥਿਰ, ਚੁੱਪ ਤੇ ਸ਼ਾਂਤ ਬੈਠੇ ਸਨ। ਉਨ੍ਹਾਂ ਦੇ ਮੁਰਝਾਏ ਹੋਏ ਚਿਹਰੇ ਉਨ੍ਹਾਂ ਦੇ ਦੁੱਖ ਨੂੰ ਠੀਕ ਦਰਸਾਅ ਰਹੇ ਸਨ। ਧੁੱਪ ਉਨ੍ਹਾਂ ਉੱਤੇ ਪੈ ਰਹੀ ਸੀ। ਕਦੇ ਕਦੇ ਗਾਂ ਦੂਰੋਂ ਉਨ੍ਹਾਂ ਵੱਲ ਵੇਖ ਕੇ ਹੌਲੀ ਜਿਹੀ ਰੰਭਦੀ।

ਹਰ ਰੋਜ਼ ਵਾਂਗ ਉਹ ਨਿਯਤ ਸਮੇਂ ਸਿਰ ਵਾਪਿਸ ਜਾਣ ਲਈ ਉੱਠੇ। ਜੀਨ ਨੇ ਬੇਜ਼ੋਨਜ਼ ਦੀ ਸ਼ਰਾਬ ਵੇਚਣ ਵਾਲੇ ਨੂੰ ਖਾਲੀ ਬੋਤਲ ਵਾਪਿਸ ਕਰਨ ਲਈ ਚੁੱਕ ਲਈ। ਫੇਰ ਉਹ ਪੁਲ 'ਤੇ ਚੱਲ ਪਏ ਅਤੇ ਹਰ ਐਤਵਾਰ ਵਾਂਗ, ਮੱਧ ਵਿੱਚ ਪਾਣੀ ਨੂੰ ਵਹਿੰਦਾ ਵੇਖਣ ਲਈ ਕਾਫੀ ਚਿਰ ਠਹਿਰੇ।

ਜੀਨ ਲੋਹੇ ਦੀ ਪਟੜੀ ਤੋਂ ਹੇਠਾਂ ਝੁਕਿਆ, ਹੋਰ ਝੁਕਦਾ ਗਿਆ, ਜਿਵੇਂ ਕਿ ਉਸ ਨੇ ਲਹਿਰ ਵਿੱਚ ਕੋਈ ਆਕਰਸ਼ਕ ਚੀਜ ਵੇਖੀ ਹੋਵੇ। ਲੁਕ ਨੇ ਕਿਹਾ : "ਕੀ ਤੁਸੀਂ ਪਾਣੀ ਪੀਣ ਦੀ ਕੋਸ਼ਿਸ਼ ਕਰ ਰਹੇ ਹੋ ?" ਜਿਉਂ ਹੀ ਉਸਨੇ ਅੰਤਲੇ ਸ਼ਬਦ ਕਹੇ ਜੀਨ ਦੇ ਸਿਰ ਨੇ ਉਸ ਦੇ ਸਰੀਰ ਨੂੰ ਡੁਲਾ ਦਿੱਤਾ, ਉਸ ਦੀਆਂ ਲੱਤਾਂ ਨੇ ਹਵਾ ਵਿੱਚ

ਚੱਕਰ ਕੱਟਿਆ, ਅਤੇ ਨੀਲੇ ਤੇ ਲਾਲ ਬਸਤਰਾਂ ਵਿੱਚ ਸਜਿਆ ਛੋਟਾ ਸਿਪਾਹੀ ਇਕ ਢੇਰ ਵਾਂਗ, ਪਾਣੀ ਵਿੱਚ ਡਿੱਗਿਆ ਅਤੇ ਅਲੋਪ ਹੋ ਗਿਆ।

ਲੁਕ ਨੇ, ਜਿਸ ਦੀ ਜ਼ੁਬਾਨ ਦੁੱਖ ਨਾਲ ਸਿਥਲ ਹੋ ਗਈ ਸੀ, ਚਿਲਾਉਣ ਦੀ ਵਿਅਰਥ ਕੋਸ਼ਿਸ਼ ਕੀਤੀ । ਦੂਰ ਹੇਠਾਂ ਉਸ ਨੇ ਕੁੱਝ ਹਲਚਲ ਵੇਖੀ ; ਫੇਰ ਉਸ ਦੇ ਮਿੱਤਰ ਦਾ ਸਿਰ ਦਰਿਆ ਦੀ ਸਤਹਿ ਤੱਕ ਉੱਚਾ ਹੋਇਆ ਅਤੇ ਇਕਦਮ ਡੁੱਬ ਗਿਆ । ਥੋੜ੍ਹੀ ਦੂਰ ਦੁਬਾਰਾ ਉਸ ਨੇ ਇਕ ਹੱਥ ਵੇਖਿਆ, ਕੇਵਲ ਇਕ ਹੱਥ, ਜਿਹੜਾ ਲਹਿਰ ਵਿਚੋਂ ਬਾਹਰ ਨਿਕਲਿਆ ਅਤੇ ਫੇਰ ਅਲੋਪ ਹੋ ਗਿਆ । ਬਸ ਇਹੋ ਕੁਝ ਸੀ ।

ਬੰਧ ਦੇ ਆਦਮੀ, ਜਿਨ੍ਹਾਂ ਨੇ ਦਰਿਆ ਵਿੱਚ ਕੁੰਡਾ ਫੇਰਿਆ ਸੀ, ਉਸ ਦਿਨ ਉਸ ਦੀ ਲੋਥ ਨੂੰ ਨਾ ਲੱਭ ਸਕੇ ।

ਲੁਕ ਇਕੱਲਾ ਹੀ ਬੈਰਕ ਵੱਲ ਚੱਲ ਪਿਆ, ਉਹ ਦੌੜ ਦੌੜ ਕੇ ਜਾ ਰਿਹਾ ਸੀ, ਉਹ ਬਹੁਤ ਨਿਰਾਸ਼ ਸੀ। ਉਸ ਨੇ ਅੱਥਰੂ ਭਰੀਆਂ ਅੱਖਾਂ ਅਤੇ ਬੈਠੀ ਆਵਾਜ਼ ਨਾਲ ਘਟਨਾ ਦਾ ਜ਼ਿਕਰ ਕੀਤਾ ਅਤੇ ਉਹ ਘੜੀ ਘੜੀ ਨੱਕ ਸਾਫ਼ ਕਰ ਰਿਹਾ ਸੀ : "ਉਹ ਹੇਠਾਂ ਝੁਕਿਆ- ਇਥੋਂ ਤੱਕ ਕਿ ਉਹ ਸਿਰ ਦੇ ਭਾਰ ਡਿੱਗ ਪਿਆ ।

ਜਜ਼ਬੇ ਨਾਲ ਘੁੱਟਦੇ ਹੋਏ, ਉਹ ਹੋਰ ਕੁਝ ਨਾ ਕਹਿ ਸਕਿਆ। ਕਾਸ਼! ਉਸ ਨੂੰ ਉਸਦੀ ਇੱਛਾ ਦਾ ਪਤਾ ਹੁੰਦਾ ।

# ਬਘਿਆੜ

ਇਹ ਉਹ ਕਹਾਣੀ ਹੈ, ਜਿਹੜੀ ਮਾਰਕੁਇਸਡੀ. ਆਰਵਿਲੇ ਨੇ, ਸੈਂਟ ਹਯੂਬਰਟ ਦੇ ਸਨਮਾਨ ਵਿੱਚ ਬੈਰਨ ਡੀ. ਰੱਵਲਸ ਦੇ ਘਰ ਦਿਤੇ ਗਏ ਖਾਣੇ 'ਤੇ ਸੁਣਾਈ ਸੀ। ਉਸ ਦਿਨ ਉਨ੍ਹਾਂ ਨੇ ਇਕ ਬਾਰਾਂਸਿੰਗੇ ਦਾ ਪਿੱਛਾ ਕੀਤਾ ਸੀ। ਮਾਰਕਿਸ ਉਨ੍ਹਾਂ ਪ੍ਰਾਹੁਣਿਆਂ ਵਿੱਚੋਂ ਇਕੱਲਾ ਅਜਿਹਾ ਆਦਮੀ ਸੀ, ਜਿਸ ਨੇ ਉਸ ਦਾ ਪਿੱਛਾ ਕਰਨ ਵਿੱਚ ਹਿੱਸਾ ਨਹੀਂ ਲਿਆ ਸੀ, ਉਸ ਨੇ ਕਦੇ ਸ਼ਿਕਾਰ ਨਹੀਂ ਖੇਡਿਆ ਸੀ।

ਹੁਣ ਤੱਕ ਦੀ ਸਾਰੀ ਗੱਲਬਾਤ ਵਿੱਚ ਉਨ੍ਹਾਂ ਨੇ ਜਾਨਵਰਾਂ ਤੋਂ ਬਿਨਾਂ ਹੋਰ ਕਿਸੇ ਗੱਲ ਬਾਰੇ ਸ਼ਾਇਦ ਹੀ ਇਕ ਦੋ ਸ਼ਬਦ ਕਹੇ ਹੋਣਗੇ । ਇਥੋਂ ਤੱਕ ਕਿ ਇਸਤਰੀਆਂ ਵੀ ਉਨ੍ਹਾਂ ਹਿੰਸਕ ਅਤੇ ਅਸੰਭਵ ਕਹਾਣੀਆਂ ਵਿੱਚ ਆਨੰਦ ਲੈ ਰਹੀਆਂ ਸਨ ਅਤੇ ਬੋਲਣ ਵਾਲੇ ਬੜੀਆਂ ਉੱਚੀਆਂ ਆਵਾਜ਼ਾਂ ਵਿੱਚ ਜ਼ੋਰ ਜ਼ੋਰ ਨਾਲ ਆਪਣੀਆਂ ਬਾਹਾਂ ਚੁੱਕ ਕੇ ਗੱਲਾਂ ਕਰਦੇ ਹੋਏ ਆਦਮੀਆਂ ਅਤੇ ਪਸ਼ੂਆਂ ਦੇ ਹਮਲਿਆਂ ਅਤੇ ਸੰਘਰਸ਼ਾਂ ਨੂੰ ਸੁਣਾ ਸੁਣਾ ਕੇ ਦੂਜਿਆਂ ਆਦਮੀਆਂ ਨੂੰ ਪ੍ਰਸੰਨ ਕਰ ਰਹੇ ਸਨ ।

ਮਾਰਕੁਇਸ ਡੀ. ਆਰਵਿਲੇ ਕਾਵਿਮਈ ਅਤੇ ਉਤੇਜਿਤ ਕਰਨ ਵਾਲੀਆਂ, ਪਰ ਪ੍ਰਭਾਵਪਾਊ ਗੱਲਾਂ ਵਧੇਰੇ ਕਰ ਰਿਹਾ ਸੀ । ਉਸ ਨੇ ਇਹ ਕਹਾਣੀ ਪਹਿਲਾਂ ਹੀ ਕਿੰਨੀ ਵਾਰੀ ਦੁਹਰਾਈ ਹੋਵੇਗੀ । ਉਹ ਕਹਾਣੀ ਐਨੀ ਮਨਭਾਉਂਦੀ ਅਤੇ ਤੇਜ਼ ਵਹਾ ਵਾਲੀ ਸੀ ਕਿ ਸ਼ਬਦਾਂ ਦੀ ਚੋਣ ਲਈ ਰੁਕਣਾ ਨਹੀਂ ਸੀ ਪੈਂਦਾ।

"ਸੱਜਣੋਂ ! ਮੈਂ ਕਦੇ ਸ਼ਿਕਾਰ ਨਹੀਂ ਕਰਦਾ ਅਤੇ ਨਾ ਹੀ ਕਦੇ ਮੇਰੇ ਬਾਪ ਅਤੇ ਬਾਬਾ ਅਤੇ ਨਾ ਹੀ ਦਾਦਾ ਕਰਦੇ ਸਨ । ਪਰ ਦਾਦਾ ਅਜਿਹੇ ਬਾਪ ਦੇ ਪੁੱਤਰ ਸੀ, ਜਿਨ੍ਹਾਂ ਨੇ ਆਪ ਸਾਰੇ ਲੋਕਾਂ ਨਾਲੋਂ ਵੱਧ ਸ਼ਿਕਾਰ ਖੇਡੇ। ਸੰਨ 1764 ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ । ਮੈਂ ਤੁਹਾਨੂੰ ਦੱਸਦਾ ਹਾਂ ਕਿ ਕਿਵੇਂ ਉਨ੍ਹਾਂ ਦਾ ਨਾਂ ਸੀ ਜੌਨ। ਉਹ ਵਿਆਹੇ ਹੋਏ ਸਨ ਅਤੇ ਇਕ ਪੁੱਤਰ ਦੇ ਜੋ ਕਿ ਮੇਰੇ ਦਾਦਾ ਸਨ ਦੇ ਪਿਤਾ ਸਨ । ਉਹ ਆਪਣੇ ਛੋਟੇ ਭਰਾ ਫਰਾਂਸਿਸ ਡੀ. ਆਰਵਿਲੇ ਨਾਲ ਲੌਰੈਨ ਦੇ ਜੰਗਲ ਵਿੱਚ ਸਾਡੇ ਕਿਲ੍ਹੇ ਵਿੱਚ ਰਹਿੰਦੇ ਸਨ।

ਫਰਾਂਸਿਸ ਡੀ' ਆਰਵਿਲੇ ਸ਼ਿਕਾਰ ਦੇ ਪ੍ਰੇਮੀ ਹੋਣ ਕਰਕੇ ਸਦਾ ਕੰਵਾਰੇ ਹੀ ਰਹੇ । ਉਹ ਦੋਵੇਂ ਹੀ, ਸਾਲ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਬਿਨਾਂ ਕਿਸੇ ਛੁੱਟੀ ਅਤੇ ਥਕਾਵਟ ਦੇ ਸ਼ਿਕਾਰ ਖੇਡਦੇ ਰਹਿੰਦੇ । ਉਹ ਹੋਰ ਕਿਸੇ ਚੀਜ਼ ਨੂੰ ਨਹੀਂ ਚਾਹੁੰਦੇ ਸਨ, ਕੇਵਲ ਇਸ ਦੀਆਂ ਹੀ ਗੱਲਾਂ ਕਰਦੇ ਅਤੇ ਸ਼ਾਇਦ ਜਿਉਂਦੇ ਵੀ ਇਸੇ ਲਈ ਸਨ ।

"ਉਹ ਇਸ ਭਿਆਨਕ ਅਤੇ ਨਿਰਦਈ ਲਾਲਸਾ ਦੇ ਭਰੇ ਹੋਏ ਸਨ । ਇਹ ਉਨ੍ਹਾਂ ਨੂੰ ਘਰੀ ਰੱਖਦੀ, ਉਨ੍ਹਾਂ ਉੱਪਰ ਪੂਰੀ ਤਰ੍ਹਾਂ ਨਾਲ ਅਧਿਕਾਰ ਕਰੀ ਰੱਖਦੀ ਅਤੇ ਉਨ੍ਹਾਂ ਦੇ ਦਿਮਾਗ਼ ਵਿੱਚ ਹੋਰ ਕਿਸੇ ਚੀਜ਼ ਲਈ ਕੋਈ ਥਾਂ ਨਾ ਛੱਡਦੀ । ਉਨ੍ਹਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਉਹ ਸ਼ਿਕਾਰ ਦਾ, ਚਾਹੇ ਉਹ ਕਿਸੇ ਵੀ ਹਾਲਤ ਵਿੱਚ, ਚਾਹੇ ਉਹ ਕਿਹੋ ਜਿਹਾ ਹੋਵੇ, ਪਿੱਛਾ ਨਹੀਂ ਛੱਡਣਗੇ । ਜਦੋਂ ਮੇਰੇ ਪੜਦਾਦਾ ਦਾ ਜਨਮ ਹੋਇਆ ਤਾਂ ਉਨ੍ਹਾਂ ਦੇ ਪਿਤਾ ਲੂੰਬੜੀ ਦਾ ਪਿੱਛਾ ਕਰ ਰਹੇ ਸਨ ਪਰੰਤੂ ਜੋਨ ਡੀ ਆਰਵਿਲੇ ਨੇ ਆਪਣਾ ਖੇਲ੍ਹ ਬੰਦ ਨਾ ਕੀਤਾ ਅਤੇ ਕਸਮ ਖਾਧੀ ਕਿ ਉਸ ਛੋਟੇ ਭਿਖਾਰੀ ਨੂੰ ਸ਼ਿਕਾਰ ਦੇ ਮਰਨ ਤੱਕ ਉਡੀਕ ਕਰਨੀ ਚਾਹੀਦੀ ਸੀ । ਉਨ੍ਹਾਂ ਦੇ ਭਰਾ ਫਰਾਂਸਿਸ ਉਸ ਤੋਂ ਵੀ ਵੱਧ ਗਰਮ ਮਿਜਾਜ਼ ਦੇ ਸਨ । ਸਵੇਰੇ ਉੱਠਦੇ ਹੀ ਉਨ੍ਹਾਂ ਦਾ ਸਭ ਤੋਂ ਪਹਿਲਾ ਕੰਮ ਸੀ ਕੁੱਤਿਆਂ ਨੂੰ ਵੇਖਣਾ, ਫਿਰ ਘੋੜਿਆਂ ਨੂੰ ਅਤੇ ਵੱਡੇ ਸ਼ਿਕਾਰ ਖੇਡਣ ਜਾਂਦੇ ਸਮੇਂ ਵੀ ਉਹ ਉੱਥੇ ਕੋਲੋਂ ਹੀ ਕੁਝ ਚਿੜੀਆਂ ਦਾ ਸ਼ਿਕਾਰ ਕਰਦੇ ।

ਉਹ ਮਿਸਟਰ ਡੀ ਮਾਰਕਿਸ ਅਤੇ ਮਿਸਟਰ ਡੀ ਕੈਡੈਟ ਕਹਾਉਂਦੇ ਸਨ। ਉਦੋਂ ਮਿੱਤਰ ਲੋਕ ਅੱਜ ਕੱਲ੍ਹ ਦੇ ਮਿੱਤਰਾਂ ਵਰਗੇ ਨਹੀਂ ਸਨ ਜੋ ਆਪਣੇ ਅਹੁਦਿਆਂ ਦਾ ਕ੍ਰਮ ਹੇਠ ਵੱਲ ਉਤਰਦਾ ਰੱਖਣਾ ਪਸੰਦ ਕਰਦੇ ਹੋਣ । ਮਾਰਕਿਸ ਦਾ ਪੁੱਤਰ ਕਾਊਂਟ ਨਹੀਂ ਸੀ ਜਾਂ ਵਿਸਕਾਊਂਟ ਦਾ ਬੈਰਨ, ਜਿਵੇਂ ਕਿ ਜਰਨਲ ਦਾ ਪੁੱਤਰ ਜਨਮ ਤੋਂ ਹੀ ਕਰਨਲ ਕਹਾਉਂਦਾ ਹੈ । ਪਰੰਤੂ ਅੱਜ ਕੱਲ੍ਹ ਦਾ ਬੇਅਰਥ ਮਾਣ ਇਸ ਲਾਈਨ ਵਿੱਚ ਲਾਭ ਦਾ ਅਨੁਭਵ ਕਰਦਾ ਹੈ । ਹਾਂ, ਤੇ!

"ਇੰਝ ਲੱਗਦਾ ਹੈ ਕਿ ਉਹ ਲੋਕ ਕਾਫ਼ੀ ਲੰਬੇ ਤਕੜੇ, ਕਰੋਧੀ ਅਤੇ ਸ਼ਕਤੀਸ਼ਾਲੀ ਸਨ । ਛੋਟਾ ਭਰਾ ਵੱਡੇ ਤੋਂ ਲੰਮਾ ਸੀ ਅਤੇ ਦੰਦ ਕਥਾ ਦੇ ਆਧਾਰ ’ਤੇ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਆਵਾਜ਼ ਅਜਿਹੀ ਸੀ ਕਿ ਜਿਸ ’ਤੇ ਉਨ੍ਹਾਂ ਨੂੰ ਮਾਣ ਸੀ ਅਤੇ ਜਦ ਉਹ ਚੀਖਦੇ ਸਨ,ਤਾਂ ਜੰਗਲ ਦੀਆਂ ਪੱਤੀਆਂ ਤੱਕ ਹਿਲ ਜਾਂਦੀਆਂ ਸਨ।

"ਅਤੇ ਜਦੋਂ ਉਹ ਸ਼ਿਕਾਰ ਖੇਡਣ ਲਈ ਘੋੜਿਆਂ ’ਤੇ ਚੜ੍ਹਦੇ ਸਨ, ਤਦ ਉਨ੍ਹਾਂ ਦੋਹਾਂ ਬਹਾਦਰ ਆਦਮੀਆਂ ਨੂੰ ਆਪਣੇ ਘੋੜਿਆਂ ਦੀ ਬੁੱਕਲ ਵਿੱਚ ਖੜ੍ਹੇ ਹੋਏ ਦੇਖਣ ਵਿੱਚ ਹੀ ਆਨੰਦ ਆਉਂਦਾ ਸੀ।

"ਸੰਨ 1764 ਦੀਆਂ ਸਰਦੀਆਂ ਦੇ ਅੱਧ ਵਿੱਚ ਠੰਢ ਬਹੁਤ ਤੇਜ਼ ਪਈ ਸੀ। ਇਸ ਲਈ ਬਘਿਆੜ ਬਹੁਤ ਬੇ-ਰਹਿਮ ਹੋ ਗਏ ਸਨ।

"ਉਹ ਰਾਤ ਨੂੰ ਚਿਰਕੇ ਆਉਣ ਵਾਲੇ ਕਿਸਾਨਾਂ ’ਤੇ ਹੱਲੇ ਕਰਦੇ, ਰਾਤ ਨੂੰ ਘਰਾਂ ਦੇ ਚਾਰੇ ਪਾਸੇ ਘੁੰਮਦੇ ਸੂਰਜ ਛਿਪਣ ਤੋਂ ਸੂਰਜ ਚੜ੍ਹਣ ਤੱਕ ਰੋਂਦੇ ਰਹਿੰਦੇ ਅਤੇ ਇੱਧਰ ਉੱਧਰ ਘੋੜਿਆਂ ਨੂੰ ਵੀ ਖਾਂ ਜਾਂਦੇ।

"ਇਕ ਵਾਰ ਇਕ ਅਫ਼ਵਾਹ ਉੱਡੀ, ਕਿਹਾ ਜਾਂਦਾ ਸੀ ਕਿ ਇਕ ਬਹੁਤ ਵੱਡੇ, ਭੂਰੇ ਸਫ਼ੈਦ ਰੰਗ ਦੇ ਬਘਿਆੜ ਨੇ ਦੋ ਬੱਚੇ ਖਾ ਲਏ, ਇਕ ਤੀਵੀਂ ਦੀ ਬਾਂਹ ਵੱਢ ਖਾਧੀ, ਸਾਰੇ ਸ਼ਿਕਾਰੀ ਕੁੱਤਿਆਂ ਦੀਆਂ ਗਰਦਨਾਂ ਦੱਬ ਦਿਤੀਆਂ ਸਨ, ਹੁਣ ਘਰਾਂ ਦੇ ਦਰਵਾਜਿਆਂ ’ਤੇ ਨਿੱਡਰ ਹੋ ਕੇ ਚੱਕਰ ਲਾਉਂਦਾ ਅਤੇ ਦਰਵਾਜਿਆਂ ਨੂੰ ਸੁੰਘਦਾ ਫਿਰਦਾ ਸੀ। ਬਹੁਤ ਸਾਰੇ ਨਿਵਾਸੀਆਂ ਨੇ ਇਸ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਉਸ ਨੂੰ ਸੁੰਘਦੇ ਹੋਏ ਵੇਖਿਆ, ਕਿਉਂਕਿ ਉਸ ਦੇ ਸੁੰਘਣ ਨਾਲ ਦੀਵਿਆਂ ਦੀ ਲੋਅ ਹਿਲ ਜਾਂਦੀ ਸੀ, ਥੋੜ੍ਹੇ ਹੀ ਦਿਨਾਂ ਵਿੱਚ ਸਾਰੇ ਪ੍ਰਾਂਤ ਵਿੱਚ ਲੋਕ ਭੈ- ਭੀਤ ਹੋ ਗਏ। ਕਿਸੇ ਦੀ ਹਿੰਮਤ ਰਾਤ ਨੂੰ ਘਰੋਂ ਨਿਕਲਣ ਦੀ ਨਹੀਂ ਸੀ। ਥੋੜ੍ਹੀ ਜਿੰਨੀ ਛਾਂ ਵੀ ਨਜ਼ਰ ਪੈਂਦੀ ਤਾਂ ਉਸੇ ਬਘਿਆੜ ਦਾ ਭੁਚੱਕਾ ਪੈਂਦਾ।

'ਡੀ' ਆਰਵਿਲੇ ਭਰਾਵਾਂ ਨੇ ਉਸ ਨੂੰ ਲੱਭ ਕੇ ਮਾਰ ਦੇਣ ਦਾ ਫ਼ੈਸਲਾ ਕੀਤਾ। ਇਸ ਲਈ ਉਨ੍ਹਾਂ ਨੇ ਸਾਰੇ ਪਿੰਡ ਵਾਲਿਆਂ ਨੂੰ ਉਸ ਦਾ ਪਿੱਛਾ ਕਰਨ ਲਈ ਬੁਲਾਇਆ।

"ਇਹ ਬੇਅਰਥ ਰਿਹਾ। ਉਨ੍ਹਾਂ ਨੇ ਸਾਰਾ ਜੰਗਲ ਛਾਣ ਮਾਰਿਆ, ਸਾਰੀਆਂ ਝਾੜੀਆਂ ਲੱਭ ਮਾਰੀਆਂ, ਪਰ ਉਸ ਦਾ ਕੋਈ ਨਿਸ਼ਾਨ ਵੀ ਨਾ ਮਿਲਿਆ। ਉਨ੍ਹਾਂ ਨੇ ਬਹੁਤ ਸਾਰੇ ਬਘਿਆੜ ਮਾਰ ਸੁੱਟੇ, ਪਰ ਉਹ ਨਾ ਮਰਿਆ। ਅਤੇ ਹਰ ਪਿੱਛਾ ਕੀਤੇ ਜਾਣ ਵਾਲੇ ਦਿਨ ਦੀ ਰਾਤ ਨੂੰ ਉਸ ਪਸ਼ੂ ਨੇ ਜਿਵੇਂ ਬਦਲਾ ਲੈਣ ਲਈ ਕਦੀ ਕਿਸੇ ਯਾਤਰੀ ’ਤੇ ਹਮਲਾ ਕੀਤਾ ਜਾਂ ਕਦੀ ਕਿਸੇ ਚੌਪਾਏ ਨੂੰ ਖਾ ਗਿਆ ਅਤੇ ਇੱਥੇ, ਉੱਥੇ, ਜਿਸ ਥਾਂ ’ਤੇ ਉਸ ਦੀ ਖੋਜ ਹੁੰਦੀ, ਉਸ ਥਾਂ ਤੋਂ ਬਹੁਤ ਦੂਰ।

"ਅੰਤ ਵਿੱਚ ਉਹ ਇਕ ਰਾਤ ਨੂੰ ਡੀ. ਆਰਵਿਲੇ ਦੇ ਕਿਲ੍ਹੇ ਦੇ ਸੂਅਰਾਂ ਵਾਲੇ ਘਰ ਵਿੱਚ ਘੁੱਸ ਗਿਆ ਅਤੇ ਬਹੁਤ ਵਧੀਆ ਨਸਲ ਦੀਆਂ ਸੂਰੀਆਂ ਨੂੰ ਖਾ ਗਿਆ ।

"ਦੋਵੇਂ ਭਰਾ ਗੁੱਸੇ ਹੋ ਗਏ, ਉਸ ਹਮਲੇ ਨੂੰ ਉਨ੍ਹਾਂ ਨੇ ਉਸ ਦੈਂਤ ਦੀ ਭਬੱਕੀ, ਸਿੱਧਾ ਨੁਕਸਾਨ ਅਤੇ ਲਲਕਾਰ ਸਮਝਿਆ ਅਤੇ ਆਪਣੇ ਨਾਲ ਸਭ ਚੰਗੇ ਤੋਂ ਚੰਗੇ ਕੁੱਤੇ ਲੈ ਕੇ ਉਹ ਗੁੱਸੇ ਨਾਲ ਉਤਾਵਲੇ ਹੋ ਕੇ ਉਸ ਦਾ ਪਿੱਛਾ ਕਰਨ ਲਈ ਨਿਕਲ ਪਏ ।

"ਸਵੇਰ ਤੋਂ ਸੂਰਜ ਛਿਪਣ ਤਕ ਉਹ ਜੰਗਲ ਛਾਣਦੇ ਰਹੇ ਪਰ ਵਿਅਰਥ ।

"ਅੰਤ ਵਿੱਚ ਟੁੱਟੇ ਦਿਲ ਅਤੇ ਤੇਜ਼ੀ ਨਾਲ, ਉਹ ਦੋਵੇਂ ਆਪਣੇ ਘੋੜਿਆਂ ਨੂੰ ਮੁੜ ਪਗਡੰਡੀ ਵਿੱਚ ਜਿਸ ਦੇ ਦੋਵੇਂ ਪਾਸੇ ਸਨਾਟੇ ਦੀ ਘਾਰ ਸੀ, ਲੈ ਚੱਲੇ। ਉਹ ਇਸ ਬਘਿਆੜ ਦੀ ਧੋਖਾ ਦੇਣ ਦੀ ਸ਼ਕਤੀ 'ਤੇ ਹੈਰਾਨੀ ਪ੍ਰਗਟ ਕਰ ਹੀ ਰਹੇ ਸਨ ਕਿ ਉਹ ਇਕ ਗੁਪਤ ਡਰ ਤੋਂ ਭੈ-ਭੀਤ ਹੋ ਗਏ ।"

"ਵੱਡੇ ਨੇ ਕਿਹਾ:

"ਉਹ ਕੋਈ ਆਮ ਪਸ਼ੂ ਨਹੀਂ ਹੋ ਸਕਦਾ, ਹਰ ਕੋਈ ਕਹਿ ਸਕਦਾ ਹੈ ਕਿ ਉਹ ਮਨੁੱਖਾਂ ਵਾਂਗ ਸੋਚ ਸਕਦਾ ਹੈ ।"

"ਛੋਟੇ ਨੇ ਜਵਾਬ ਦਿਤਾ :

"ਸਾਨੂੰ ਆਪਣੇ ਚਾਚੇ ਦੇ ਪੁੱਤ ਭਰਾ ਪਾਦਰੀ ਨੂੰ ਇਕ ਗੋਲੀ ਦਾ ਅਸ਼ੀਰਵਾਦ ਮਿਲਣਾ ਚਾਹੀਦਾ ਹੈ ਜਾਂ ਕਿਸੇ ਪੁਜਾਰੀ ਨੂੰ ਆਪਣੀ ਮਦਦ ਲਈ ਕੁਝ ਸ਼ਬਦ ਉਚਾਰਨ ਕਰਨ ਨੂੰ ਕਹਿਣਾ ਚਾਹੀਦਾ ਹੈ ।"

ਤਦ ਉਹ ਦੋਵੇਂ ਚੁੱਪ ਹੋ ਗਏ ।

"ਜੋਨ ਨੇ ਕਿਹਾ, "ਸੂਰਜ ਵੱਲ ਵੇਖੋ ਕਿੰਨਾ ਲਾਲ ਹੈ, ਉਹ ਵੱਡੇ ਸਰੀਰ ਵਾਲਾ ਬਘਿਆੜ ਅੱਜ ਰਾਤ ਨੂੰ ਬਦਮਾਸ਼ੀ ਕਰੇਗਾ ।"

"ਉਨ੍ਹਾਂ ਨੇ ਆਪਣੀ ਗੱਲ ਹਾਲੀ ਪੂਰੀ ਵੀ ਨਹੀਂ ਕੀਤੀ ਸੀ ਕਿ ਉਨ੍ਹਾਂ ਦਾ ਘੋੜਾ ਹਿਣਕਿਆਂ, ਉਸੇ ਸਮੇਂ ਫਰਾਂਸਿਸ ਦਾ ਘੋੜਾ ਭੱਜਣ ਲੱਗਾ, ਸੁੱਕੀਆਂ

ਹੋਈਆਂ ਪੱਤੀਆਂ ਦੀ ਇਕ ਝਾੜੀ ਉਨ੍ਹਾਂ ਸਾਹਮਣੇ ਹਿੱਲੀ ਅਤੇ ਭੂਰੇ, ਸਫ਼ੈਦ ਰੰਗ ਦਾ ਇਕ ਵੱਡੇ ਸਰੀਰ ਵਾਲਾ ਪਸ਼ੂ, ਕੁੱਦਿਆ ਅਤੇ ਉਸ ਜੰਗਲ ਵਿੱਚ ਅਲੋਪ ਹੋ ਗਿਆ ।

"ਦੋਹਾਂ ਦੇ ਚਿਹਰੇ ਤੇ ਸੰਤੋਸ਼ ਦਾ ਅਸਰ ਝਲਕ ਉੱਠਿਆ ਅਤੇ ਆਪਣੇ ਭਾਰੀ ਘੋੜਿਆਂ ਦੀਆਂ ਗਰਦਨਾਂ ’ਤੇ ਝੁਕਦੇ ਹੋਏ, ਉਨ੍ਹਾਂ ਨੇ ਆਪਣੇ ਭਾਰ ਨਾਲ ਉਨ੍ਹਾਂ ਨੂੰ ਛੇੜਿਆ, ਤੇਜ਼ ਕੀਤਾ ਅਤੇ ਆਪਣੀ ਆਵਾਜ਼ ਅਤੇ ਟਿਚ ਟਿਚ ਨਾਲ ਉਨ੍ਹਾਂ ਨੂੰ ਹੋਰ ਵੀ ਤੇਜ਼ ਕਰ ਦਿੱਤਾ ਅਤੇ ਤਦ ਤੱਕ ਕਰਦੇ ਰਹੇ ਜਦੋਂ ਤੱਕ ਕਿ ਉਨ੍ਹਾਂ ਤਾਕਤਵਰ ਸਵਾਰਾਂ ਨੂੰ ਅਜਿਹਾ ਲੱਗਣ ਲੱਗਿਆ ਕਿ ਉਨ੍ਹਾਂ ਦੇ ਘੋੜੇ ਉੱਡਣ ਲੱਗੇ ਹਨ ਅਤੇ ਉਨ੍ਹਾਂ ਦਾ ਸਾਰਾ ਭਾਰ ਉਨ੍ਹਾਂ ਦੇ ਗੋਡਿਆਂ ਵਿੱਚ ਦਬ ਗਿਆ ਹੈ।"

"ਇੰਝ ਉਹ ਜੰਗਲਾਂ ਨੂੰ ਲਤਾੜਦੇ ਹੋਏ, ਘਾਟੀਆਂ ਪਾਰ ਕਰਦੇ ਹੋਏ, ਪਹਾੜਾਂ ਦੇ ਡੂੰਘੇ ਔਖੇ ਰਾਹ ਨੂੰ ਲੰਘਦੇ ਹੋਏ ਅਤੇ ਵਿੱਚ ਵਿੱਚ ਦੀ ਗੁਆਂਢ ਦੇ ਕੁੱਤਿਆਂ ਅਤੇ ਲੋਕਾਂ ਨੂੰ ਜਗਾਉਣ ਲਈ ਭੌਂਪੂ ਵਜਾਂਦੇ ਹੋਏ, ਘੋੜਿਆਂ ’ਤੇ ਸਵਾਰ ਰਹੇ।

“ਪਰੰਤੂ ਇਕਦਮ ਇਸ ਗਰਦਨ ਤੋੜ ਘੋੜਸਵਾਰੀ ਦੇ ਵਿੱਚ ਮੇਰੇ ਵਡਿੱਕੇ ਦਾ ਸਿਰ ਇਕ ਦਰੱਖ਼ਤ ਦੇ ਵੱਡੇ ਟਾਹਣੇ ਨਾਲ ਟਕਰਾ ਗਿਆ ਅਤੇ ਉਸ ਦੇ ਸਿਰ ਦੀ ਹੱਡੀ ਟੁੱਟ ਗਈ। ਉਹ ਭੌਂ ਕੇ ਇਸ ਤਰ੍ਹਾਂ ਡਿੱਗ ਪਏ, ਜਿਵੇਂ ਮਰ ਗਏ ਹੋਣ ਅਤੇ ਉਨ੍ਹਾਂ ਦਾ ਡਰਿਆ ਹੋਇਆ ਘੋੜਾ ਨਾਲ ਹੀ ਝਾੜੀਆਂ ਵਿੱਚ ਅਲੋਪ ਹੋ ਗਿਆ।

"ਛੋਟਾ ਡੀ' ਆਰਵਿਲੇ ਰੁਕਿਆ, ਭੌਂ ਤੇ ਕੁੱਦ ਕੇ ਆਪਣੇ ਭਰਾ ਨੂੰ ਬਾਹਾਂ ਵਿੱਚ ਚੁਕ ਕੇ ਉਸ ਨੇ ਦੇਖਿਆ ਕਿ ਉਸ ਨੇ ਆਪਣੀ ਸੁਧ ਬੁਧ ਖੋ ਦਿਤੀ ਸੀ ।

"ਉਹ ਉਨ੍ਹਾਂ ਦੀ ਬਗ਼ਲ ਵਿੱਚ ਬੈਠ ਗਏ, ਉਨ੍ਹਾਂ ਦਾ ਜ਼ਖਮੀ ਸਿਰ ਆਪਣੇ ਗੋਡਿਆਂ ’ਤੇ ਰੱਖਿਆ ਅਤੇ ਉਨ੍ਹਾਂ ਦੇ ਮੁਰਦਾ ਚਿਹਰੇ ਨੂੰ ਧਿਆਨ ਨਾਲ ਵੇਖਣ ਲੱਗੇ। ਹੌਲੀ ਹੌਲੀ ਕਰਕੇ ਇਕ ਅਜੀਬ ਡਰ ਜਿਹਾ ਉਨ੍ਹਾਂ ਨੂੰ ਲੱਗਣ ਲੱਗਿਆ ਜੋ ਉਨ੍ਹਾਂ ਨੂੰ ਕਦੀ ਨਹੀਂ ਲੱਗਾ ਸੀ, ਪ੍ਰਛਾਵਿਆਂ ਦਾ ਡਰ, ਇਕਾਂਤ ਦਾ ਡਰ, ਆਦਮੀ ਰਹਿਤ ਜੰਗਲਾਂ ਦਾ ਡਰ, ਅਤੇ ਉਸ ਬਦਮਾਸ਼ ਬਘਿਆੜ ਦਾ ਡਰ ਜੋ ਹੁਣ ਉਨ੍ਹਾਂ ਦੇ ਭਰਾ ਦੀ ਮੌਤ ਲਈ ਆਇਆ ਸੀ, ਉਨ੍ਹਾਂ ’ਤੇ ਸਵਾਰ ਹੋਣ ਲੱਗਾ ।

“ਪਰਛਾਵੇਂ ਗਹਿਰੇ ਹੋਣ ਲੱਗੇ, ਦਰੱਖਤਾਂ ਦੀਆਂ ਟਾਹਣੀਆਂ ਤੇਜ਼ ਠੰਢ ਨਾਲ ਕੜਕ ਰਹੀਆਂ ਸਨ । ਫਰਾਂਸਿਸ ਨੂੰ ਕੰਬਣੀ ਛਿੜਨ ਲੱਗੀ, ਉਹ ਉੱਥੋ

ਆਪਣੇ ਆਪ ਨੂੰ ਨਿਰਬਲ ਅਨੁਭਵ ਕਰਨ ਲੱਗੇ ਅਤੇ ਉਥੇ ਹੋਰ ਠਹਿਰਨ ਦੇ ਅਯੋਗ ਹੋ ਗਏ । ਉੱਥੇ ਕੁਝ ਵੀ ਸੁਣ ਨਹੀਂ ਸੀ ਰਿਹਾ, ਨਾ ਤਾਂ ਕੁੱਤੇ ਦੀ ਆਵਾਜ਼ ਨਾ ਹੀ ਭੋਂਪੂ ਦੀ; ਇੱਥੋਂ ਚਾਰੇ ਪਾਸੇ ਜਿੱਥੋਂ ਤੱਕ ਵੀ ਦਿਖਾਈ ਦਿੰਦਾ ਸੀ, ਸਭ ਸ਼ਾਂਤ ਅਤੇ ਚੁੱਪ ਚਾਪ ਸੀ ਅਤੇ ਉਸ ਹਨੇਰੀ ਚੁੱਪ ਚਾਪ ਅਤੇ ਸ਼ਾਮ ਦੀ ਠੰਡ ਵਿੱਚ ਕੁਝ ਭਿਆਨਕ ਤੇ ਅਜੀਬ ਚੀਜ਼ ਸੀ ।

"ਆਪਣੇ ਤਕੜੇ ਹੱਥਾਂ ਨਾਲ ਉਨ੍ਹਾਂ ਨੇ ਜੋਨ ਦੀ ਲਾਸ਼ ਚੁਕੀ ਅਤੇ ਕਾਠੀ ’ਤੇ ਧਰ ਕੇ ਲੈ ਜਾਣ ਲਈ ਟੇਢੀ ਰੱਖੀ ਤਦ ਹੌਲੀ ਦੇ ਕੇ ਉਸ ਦੇ ਪਿੱਛੇ ਸਵਾਰ ਹੋਏ, ਉਨ੍ਹਾਂ ਦਾ ਦਿਮਾਗ਼ ਭਿਆਨਕ ਅਤੇ ਅਣਜਾਣੇ ਚਿਤਰਾਂ ਨਾਲ ਹੈਰਾਨ ਹੋ ਰਿਹਾ ਸੀ, ਜਿਵੇਂ ਕਿ ਉਨ੍ਹਾਂ ’ਤੇ ਭੂਤ ਛਾਏ ਹੋਣ।

"ਇਕਦਮ ਇਨ੍ਹਾਂ ਡਰਾਂ ਦੇ ਵਿੱਚ ਇਕ ਵਿਸ਼ਾਲ ਅਕਾਰ ਉੱਥੋਂ ਨਿਕਲ ਕੇ ਗਿਆ । ਇਹ ਬਘਿਆੜ ਸੀ । ਡਰ ਦਾ ਬਹੁਤ ਤਕੜਾ ਪ੍ਰਭਾਵ ਸ਼ਿਕਾਰੀ ’ਤੇ ਛਾ ਗਿਆ, ਉਨ੍ਹਾਂ ਦੀਆਂ ਨਸਾਂ ਵਿੱਚ ਕੁਝ ਠੰਡੀ ਜਿਹੀ ਬਰਫ਼ ਦੇ ਪਾਣੀ ਦੀ ਧਾਰ ਜਿਹੀ ਵਗਣ ਲੱਗੀ, ਅਤੇ ਉਨ੍ਹਾਂ ਨੇ ਕਰਾਸ ਦਾ ਚਿੰਨ੍ਹ ਬਣਾਇਆ ਜਿਵੇਂ ਇਕ ਮਹਾਤਮਾ ਦੁਸ਼ਟਾਂ ਵਲੋਂ ਪਿੱਛਾ ਕੀਤੇ ਜਾਣ ’ਤੇ ਕਰਦਾ ਹੈ। ਉਸ ਦੇ ਫਿਰ ਤੋਂ ਦਿਖਾਈ ਦੇ ਜਾਣ ਨਾਲ ਉਹ ਇੰਨੇ ਦੁੱਖੀ ਹੋ ਗਏ, ਤਦ, ਉਸ ਲਾਸ਼ ਉੱਤੇ ਨਜ਼ਰ ਪੈਂਦੇ ਹੀ ਉਨ੍ਹਾਂ ਦਾ ਡਰ ਛੇਤੀ ਹੀ ਗੁੱਸੇ ਵਿੱਚ ਬਦਲ ਗਿਆ ਅਤੇ ਉਹ ਅਸਧਾਰਨ ਗੁੱਸੇ ਨਾਲ ਕੰਬ ਉਠੇ ।

"ਉਨ੍ਹਾਂ ਨੇ ਘੋੜੇ ਨੂੰ ਅੱਡੀ ਮਾਰੀ ਤੇ ਉਸ ਦੇ ਪਿਛੇ ਲਾ ਦਿੱਤਾ ।

“ਉਹ ਉਸ ਦਾ ਛੋਟੇ ਮੋਟੇ ਦਰੱਖ਼ਤਾਂ ਖਾਈਆਂ ਅਤੇ ਸੰਘਣੇ ਜੰਗਲ ਦੇ ਦਰੱਖ਼ਤਾਂ, ਅਤੇ ਇਕ ਦੂਜੇ ਦੇ ਅੰਤਰ ਜਾਂਦੇ ਹੋਏ ਜੰਗਲਾਂ ਦੇ ਵਿੱਚ ਦੀ ਹੁੰਦੇ ਹੋਏ, ਜਿਨ੍ਹਾਂ ਨੂੰ ਉਹ ਜਾਣਦੇ ਵੀ ਨਹੀਂ ਸਨ, ਪਿੱਛਾ ਕਰਦੇ ਚਲੇ ਜਾ ਰਹੇ ਸਨ ਉਨ੍ਹਾਂ ਦੀਆਂ ਅੱਖਾਂ, ਇਕ ਚਿੱਟੇ ਜਿਹੇ ਧੱਬੇ ਵੱਲ ਸਨ ਜੋ ਉਨ੍ਹਾਂ ਤੋਂ ਦੂਰ ਬਹੁਤ ਦੂਰ ਉੱਡਦਾ ਚਲਿਆ ਜਾ ਰਿਹਾ ਸੀ, ਕਿਉਂਕਿ ਹਨੇਰਾ ਪੈ ਰਿਹਾ ਸੀ ।

'ਲੱਗਦਾ ਸੀ ਕਿ ਕੋਈ ਅਦਿਖ ਸ਼ਕਤੀ ਹੀ ਉਨ੍ਹਾਂ ਦੇ ਘੋੜੇ ਨੂੰ ਭਜਾ ਰਹੀ ਸੀ। ਉਹ ਆਪਣੀ ਗਰਦਨ ਲੰਬੀ ਕਰਕੇ ਛੋਟੇ ਮੋਟੇ ਦਰੱਖ਼ਤਾਂ, ਚਟਾਨਾਂ ਨੂੰ

ਕੁਚਲਦਾ ਹੋਇਆ ਆਪਣੇ ਪਿੱਠ ਉੱਤੇ ਲਾਸ਼ ਨੂੰ ਟੇਢਾ ਰੱਖੀ, ਚੁੰਗੀਆਂ ਭਰਦਾ ਚਲਿਆ ਜਾਂਦਾ ਸੀ । ਦਰੱਖ਼ਤਾਂ ਦੀਆਂ ਟਾਹਣੀਆਂ ਉਸ ਦੇ ਲਗਾਮ ਨਾਲ ਟਕਰਾਉਂਦੀਆਂ; ਉਸ ਦਾ ਸਿਰ ਜਿੱਥੋਂ ਉਨ੍ਹਾਂ ਨਾਲ ਟਕਰਾਉਂਦਾ, ਉੱਥੋਂ ਹੀ ਲਹੂ ਨਾਲ ਲਾਲ ਹੋ ਜਾਂਦਾ ਅਤੇ ਉਸ ਦੀ ਮਾਂ ਟੰਗਾਂ 'ਤੇ ਸਵਾਰ ਦੀਆਂ ਅੱਡੀਆ ਦੇ ਨਿਸ਼ਾਨ ਪੈ ਗਏ ਸਨ ।

"ਇਕਦਮ ਘੋੜਾ ਆਪਣੇ ਸਵਾਰ ਨਾਲ ਜੰਗਲ਼ ਦੇ ਬਾਹਰ ਇਕ ਘਾਟੀ ਵਿੱਚ ਦੌੜਦਾ ਹੋਇਆ ਨਿਕਲ ਆਇਆ ਅਤੇ ਚੰਦਰ ਪਹਾੜੀ ਆ ਗਿਆ ਸੀ। ਇਹ ਘਾਟੀ ਪਥਰੀਲੀ ਸੀ ਅਤੇ ਵੱਡੀਆਂ ਵੱਡੀਆਂ ਚਟਾਨਾਂ ਨਾਲ ਬੰਦ ਸੀ, ਉਨ੍ਹਾਂ ਚਟਾਨਾਂ ਨੂੰ ਪਾਰ ਕਰਕੇ ਨਿਕਲ ਜਾਣਾ ਅਸੰਭਵ ਸੀ । ਬਘਿਆੜ ਲਈ, ਹੁਣ ਜਿਸ ਰਸਤੇ ਤੋਂ ਉਹ ਆਇਆ ਸੀ, ਮੁੜਨ ਲਈ ਉਸ ਤੋਂ ਬਿਨਾਂ ਹੋਰ ਕਈ ਰਸਤਾ ਨਹੀਂ ਸੀ ।

"ਬਦਲੇ ਅਤੇ ਖ਼ੁਸ਼ੀ ਦੀ ਲਹਿਰ ਨਾਲ ਫਰਾਂਸਿਸ ਇੰਨੀ ਜ਼ੋਰ ਦੀ ਚੀਕਿਆ ਕਿ ਉਨ੍ਹਾਂ ਦੀ ਆਵਾਜ਼ ਬਿਜਲੀ ਵਾਂਗ ਕੜਕੜਾਂਦੀ ਹੋਈ ਗੂੰਜ ਗਈ। ਹੱਥ ਵਿੱਚ ਚਾਕੂ ਲੈ ਕੇ ਉਹ ਆਪਣੇ ਘੋੜੇ ਤੋਂ ਕੁੱਦ ਪਿਆ।

"ਵਾਲ਼ਾਂ ਵਾਲਾ ਪਸ਼ੂ ਆਪਣੀ ਗਰਦਨ ਮੋੜੀ, ਉਨ੍ਹਾਂ ਦੀ ਉਡੀਕ ਕਰ ਰਿਹਾ ਸੀ, ਉਸ ਦੀਆਂ ਅੱਖਾਂ ਦੋ ਤਾਰਿਆਂ ਵਾਂਗ ਚਮਕ ਰਹੀਆਂ ਸਨ । ਪਰ ਲੜਾਈ ਆਰੰਭ ਕਰਨ ਤੋਂ ਪਹਿਲਾਂ ਸ਼ਕਤੀਸ਼ਾਲੀ ਸ਼ਿਕਾਰੀ ਨੇ ਆਪਣੇ ਭਰਾ 'ਤੇ ਨਜ਼ਰ ਪੈਂਦੇ ਹੀ ਉਸ ਦੇ ਸਿਰ ਨੂੰ ਹੁਣ ਜੋ ਕੇਵਲ ਲੋਥ ਹੀ ਸੀ, ਪੱਥਰਾਂ ਦਾ ਸਹਾਰਾ ਦੇ ਕੇ ਟਿਕਾਂਦੇ ਹੋਏ ਇਕ ਚਟਾਨ 'ਤੇ ਬਹਾ ਦਿੱਤਾ ਅਤੇ ਉਸ ਵੱਲ ਵੇਖਦੇ ਹੋਏ ਜ਼ੋਰ ਦੀ ਬੋਲੇ :

"ਜੋਨ ਦੇਖੋ ! ਇੱਧਰ ਦੇਖੋ !"

"ਤਦ ਉਹ ਉਸ ਵਿਸ਼ਾਲ ਸਰੀਰ ਵਾਲੇ ਜੀਵ 'ਤੇ ਟੁੱਟ ਪਏ । ਉਨ੍ਹਾਂ ਨੂੰ ਉਸ ਸਮੇਂ ਆਪਣੇ ਅੰਦਰ ਇਕ ਪਹਾੜ ਨੂੰ ਚੁੱਕ ਕੇ ਸੁਟ ਦੇਣ ਅਤੇ ਚਟਾਨਾਂ ਨੂੰ ਕੁਚਲ ਦੇਣ ਲਈ ਵੀ ਸ਼ਕਤੀ ਬਹੁਤ ਲੱਗਦੀ ਸੀ।

ਪਸ਼ੂ ਚਾਹੁੰਦਾ ਸੀ ਕਿ ਉਹ ਜਾਨ ਲੈਣ ਲਈ ਫੇਫੜਿਆਂ ਵਿੱਚ ਪੰਜਿਆਂ ਨੂੰ ਗੱਡ ਕੇ ਉਨ੍ਹਾਂ ਨੂੰ ਮਾਰ ਦੇਵੇ । ਪਰ ਉਹ ਬਿਨਾਂ ਕਿਸੇ ਹਥਿਆਰ ਉਸ ਨੂੰ ਗਰਦਨ ਤੋਂ ਫੜ ਕੇ ਹੌਲੀ ਹੌਲੀ ਉਦੋਂ ਤੱਕ ਦਬਾਉਂਦੇ ਰਹੇ ਜਦੋਂ ਤਕ ਕਿ ਉਸ ਦਾ

ਸਾਹ ਬੰਦ ਨਹੀਂ ਹੋ ਗਿਆ ਅਤੇ ਉਹ ਵਿਆਕੁਲਤਾ ਦੀ ਖ਼ੁਸ਼ੀ ਵਿੱਚ ਆਪਣੇ ਭਿਆਨਕ ਹੱਥਾਂ ਨਾਲ ਉਸ ਨੂੰ ਹੋਰ ਵੀ ਵਧੇਰੇ ਦਬਾਉਂਦੇ ਹੋਏ ਹੱਸੇ ਅਤੇ ਆਪਣੀ ਭਿਆਨਕ ਆਵਾਜ਼ ਵਿੱਚ ਚੀਖਣ ਲਗੇ :

"ਜੋਨ ਦੇਖੋ ! ਦੇਖੋ !' ਸਭ ਹਰਕਤਾਂ ਬੰਦ ਹੋ ਗਈਆਂ, ਬਘਿਆੜ ਦਾ ਸਰੀਰ ਬੇਜਾਨ ਹੋ ਕੇ ਡਿੱਗ ਗਿਆ। ਉਹ ਮਰ ਚੁੱਕਾ ਸੀ ।

"ਤਦ ਫਰਾਂਸਿਸ ਨੇ ਉਸ ਨੂੰ ਆਪਣੇ ਹੱਥਾਂ ਵਿੱਚ ਚੁਕ ਕੇ ਆਪਣੇ ਭਾਈ ਦੇ ਪੈਰਾਂ ਵਿੱਚ ਪਟਕ ਦਿੱਤਾ ਅਤੇ ਬਹੁਤ ਹੀ ਸੰਵੇਦਨਾਤਮਕ ਆਵਾਜ ਨਾਲ ਬੋਲੇ:

"ਮੇਰੇ ਜੋਨ । ਦੇਖੋ, ਇਹ ਇਹ-ਇਹ ਰਿਹਾ ਉਹ ।

"ਫਿਰ ਉਨ੍ਹਾਂ ਨੇ ਕਾਠੀ ’ਤੇ ਦੋਵੇਂ ਲਾਸ਼ਾਂ ਰੱਖੀਆਂ ਅਤੇ ਇਕ ਤੇ ਇਕ, ਤਦ ਉਹ ਆਪਣੇ ਰਸਤੇ ’ਤੇ ਚੱਲ ਪਏ।

"ਜਦੋਂ ਉਹ ਕਿਲ੍ਹੇ ਵਿੱਚ ਮੁੜੇ ਤਾਂ ਉਹ ਹੱਸਦੇ ਵੀ ਸਨ ਤੇ ਰੋਂਦੇ ਵੀ ਸਨ। ਆਪਣੀ ਜਿੱਤ ਦੀ ਪ੍ਰਸੰਨਤਾ ’ਤੇ ਪਸ਼ੂ ਦੀ ਮੌਤ ਦੀ ਘਟਨਾ ਸੁਣਾਂਦੇ ਹੋਏ ਚਾਅ ਚੜ੍ਹ ਜਾਂਦਾ ਅਤੇ ਆਪਣੇ ਭਾਈ ਦੇ ਨਾਂ ’ਤੇ ਰੋਂਦੇ ਅਤੇ ਆਪਣੇ ਵਾਲ਼ ਪੁੱਟਦੇ ।

"ਬਾਅਦ ਵਿੱਚ ਜਦੋਂ ਉਹ ਇਸ ਦਿਨ ਨੂੰ ਯਾਦ ਕਰਦੇ, ਉਹ ਆਪਣੀਆ ਅੱਖਾਂ ਵਿੱਚ ਅੱਥਰੂ ਭਰ ਕੇ ਕਹਿੰਦੇ:

"ਮੈਨੂੰ ਭਰੋਸਾ ਹੈ ਕਿ ਜੇਕਰ ਵਿਚਾਰੇ ਜੋਨ ਨੇ ਮੈਨੂੰ ਉਸ ਪਸ਼ੂ ਨਾਲ ਲੜਾਈ ਕਰਦੇ ਦੇਖ ਲਿਆ ਹੁੰਦਾ ਤਾਂ ਉਹ ਤਸੱਲੀ ਨਾਲ ਮਰਦਾ ।"

"ਮੇਰੇ ਵਡਿਕੇ ਦੀ ਵਿਧਵਾ ਪਤਨੀ ਨੇ ਹੱਲਾਸ਼ੇਰੀ ਦੇਣ ਦੀ ਥਾਂ ਆਪਣੇ ਪੁੱਤਰ ਦੇ ਮਨ ਵਿੱਚ ਡਰ ਪੈਦਾ ਕੀਤਾ ਜੋ ਪਿਤਾ ਤੋਂ ਪੁੱਤਰ ਵਿੱਚ ਅਤੇ ਫਿਰ ਮੇਰੇ ਵਿੱਚ ਵੀ ਨਜ਼ਰ ਆਉਂਦਾ ਹੈ ।"

ਮਾਰਕਿਸ ਡੀ ਆਰਵਿਲੇ ਚੁੱਪ ਹੋ ਗਿਆ । ਕਿਸੇ ਨੇ ਪੁੱਛਿਆ :

'ਇਹ ਕਹਾਣੀ ਸੱਚੀ ਹੈ ਜਾਂ ਨਹੀਂ?" ਅਤੇ ਕਹਾਣੀ ਸੁਣਾਨ ਵਾਲੇ ਨੇ ਉੱਤਰ ਦਿੱਤਾ :

"ਮੈਂ ਤੁਹਾਨੂੰ ਕਸਮ ਖਾ ਕੇ ਕਹਿੰਦਾ ਹਾਂ ਕਿ ਇਹ ਸ਼ੁਰੂ ਤੋਂ ਅੰਤ ਤੱਕ ਸੱਚੀ ਹੈ ।"

ਤਾਂ ਇਕ ਤੀਵੀਂ ਮਿੱਠੀ ਆਵਾਜ ਵਿੱਚ ਬੋਲੀ :

"ਅਜਿਹਾ ਜੋਸ਼ ਹੋਣਾ ਵੀ ਕਿੰਨਾਂ ਚੰਗਾ ਹੈ ।"

# ਸ਼ੈਤਾਨ

ਇਕ ਕਿਸਾਨ ਮਰ ਰਹੀ ਬੁੱਢੀ ਇਸਤਰੀ ਦੇ ਮੰਜੇ ਦੇ ਕੋਲ ਡਾਕਟਰ ਦੇ ਸਾਹਮਣੇ ਖੜ੍ਹਾ ਸੀ ਅਤੇ ਉਹ ਅਤਿ ਸ਼ਾਂਤੀ, ਸਹਿਣਸ਼ੀਲਤਾ ਅਤੇ ਬਿਲਕੁਲ ਸਪੱਸ਼ਟ ਤੌਰ 'ਤੇ ਉਨ੍ਹਾਂ ਵੱਲ ਵੇਖ ਰਹੀ ਸੀ। ਅਤੇ ਉਨ੍ਹਾਂ ਦੀਆਂ ਗੱਲਾਂ ਸੁਣ ਰਹੀ ਸੀ। ਉਹ ਮਰਨ ਲੱਗੀ ਸੀ, ਉਸ ਨੂੰ ਇਸ ਦਾ ਰੋਸ ਨਹੀਂ ਸੀ ਕਿਉਂਕਿ ਉਸ ਦਾ ਜੀਵਨ ਬੀਤ ਚੁੱਕਾ ਸੀ- ਉਹ ਬੰਨ੍ਹਵੇਂ ਵਰ੍ਹਿਆਂ ਦੀ ਸੀ।

ਜੁਲਾਈ ਦੀ ਧੁੱਪ ਖਿੜਕੀ ਅਤੇ ਖੁੱਲ੍ਹੇ ਦਰਵਾਜ਼ੇ ਵਿੱਚ ਦੀ ਅੰਦਰ ਆ ਰਹੀ ਸੀ ਅਤੇ ਇਸ ਦੀ ਤੇਜ਼ ਗਰਮ ਰੌਸ਼ਨੀ ਭੂਰੀ ਮਿੱਟੀ ਦੇ ਉੱਚੇ ਨੀਵੇਂ ਫਰਸ਼ 'ਤੇ ਪੈ ਰਹੀ ਸੀ ਜਿਸ ਨੂੰ ਕਿਸਾਨਾਂ ਦੀਆਂ ਚਾਰ ਪੀੜ੍ਹੀਆਂ ਨੇ ਪੈਰਾਂ ਨਾਲ ਜਮਾਇਆ ਸੀ। ਸਿਖ਼ਰ ਦੁਪਹਿਰ ਦੀ ਗਰਮੀ ਨਾਲ ਤਪੀ ਹੋਈ ਤੇਜ਼ ਹਵਾ ਦੇ ਨਾਲ ਖੇਤਾਂ ਦੀ ਖ਼ੁਸ਼ਬੋ ਵੀ ਅੰਦਰ ਆ ਰਹੀ ਸੀ। ਅੱਕ ਟਿੱਡੇ ਬੇਸੁਰੀ ਆਵਾਜ਼ ਵਿੱਚ ਚੀਂ-ਚੀਂ ਕਰ ਕੇ ਆਪਣੀ ਚੀਰਵੀ ਆਵਾਜ਼ ਹਵਾ ਵਿੱਚ ਇੰਝ ਫੈਲਾ ਰਹੇ ਸਨ ਜਿਵੇਂ ਕਿ ਮੇਲੇ ਵਿੱਚ ਬੱਚਿਆਂ ਨੂੰ ਵੇਚੇ ਗਏ ਲੱਕੜੀ ਦੇ ਝੀਂਗਰਾਂ ਦੀ ਆਵਾਜ਼ ਹੋਵੇ।

ਡਾਕਟਰ ਨੇ ਆਪਣੀ ਉੱਚੀ ਆਵਾਜ਼ ਵਿੱਚ ਕਿਹਾ :

"ਸ਼੍ਰੀਮਾਨ ਜੀ, ਤੁਸੀਂ ਆਪਣੀ ਮਾਂ ਨੂੰ ਇਸ ਹਾਲਤ ਵਿੱਚ ਨਹੀਂ ਛੱਡ ਸਕਦੇ; ਉਹ ਕਿਸੇ ਵੀ ਸਮੇਂ ਮਰ ਸਕਦੀ ਹੈ। "ਅਤੇ ਕਿਸਾਨ ਨੇ ਬੜੀ ਉਦਾਸੀ ਨਾਲ ਉੱਤਰ ਦਿੱਤਾ :

"ਪਰ ਮੈਨੂੰ ਆਪਣੀ ਕਣਕ ਨੂੰ ਅੰਦਰ ਰੱਖ ਲੈਣਾ ਚਾਹੀਦਾ ਹੈ ਕਿਉਂਕਿ ਇਹ ਬਹੁਤ ਸਮੇਂ ਤੋਂ ਜ਼ਮੀਨ 'ਤੇ ਹੀ ਪਈ ਹੈ ਅਤੇ ਇਸ ਲਈ ਮੌਸਮ ਅਨੁਕੂਲ ਹੈ, ਮਾਂ ਤੇਰਾ ਇਸ ਬਾਰੇ ਕੀ ਖ਼ਿਆਲ ਹੈ ?" ਅਤੇ ਇਸ ਮਰ ਰਹੀ ਇਸਤਰੀ ਨੇ, ਜਿਸ ਦਾ ਅੰਤਰ ਧਿਆਨ ਅਜੇ ਵੀ ਕਾਇਮ ਸੀ, ਨੇ ਆਪਣੀਆਂ ਅੱਖਾਂ ਅਤੇ ਮੱਥੇ ਦੇ ਇਸ਼ਾਰੇ ਨਾਲ ਹਾਂ ਵਿੱਚ ਉੱਤਰ ਦਿੱਤਾ ਅਤੇ ਇਸ ਤਰ੍ਹਾਂ ਆਪਣੇ ਪੁੱਤਰ ਨੂੰ ਤਾਕੀਦ ਕੀਤੀ ਕਿ ਉਹ ਆਪਣੀ ਕਣਕ ਅੰਦਰ ਰੱਖ ਲਵੇ ਅਤੇ ਉਸ ਨੂੰ ਇਕਲਪਣੇ ਵਿੱਚ ਮਰਨ ਦੇਵੇ। ਪਰ ਡਾਕਟਰ ਗ਼ੁੱਸੇ ਹੋ ਗਿਆ ਅਤੇ ਆਪਣਾ ਪੈਰ ਜ਼ਮੀਨ 'ਤੇ ਮਾਰਦਿਆਂ ਉਸ ਨੇ ਕਿਹਾ :

"ਤੂੰ ਪਸ਼ੂਆਂ ਨਾਲੋਂ ਘੱਟ ਨਹੀਂ, ਕੀ ਤੂੰ ਸੁਣ ਰਿਹਾ ਹੈਂ ? ਅਤੇ ਮੈਂ ਤੈਨੂੰ ਅਜਿਹਾ ਨਹੀਂ ਕਰਨ ਦਿਆਂਗਾ । ਜੋ ਤੂੰ ਸਮਝਦਾ ਹੈ ? ਜੇ ਤੂੰ ਅੱਜ ਹੀ ਆਪਣੀ ਕਣਕ ਅੰਦਰ ਰੱਖਣੀ ਹੈ, ਜਾਹ ਅਤੇ ਰੇਪੈਟ ਦੀ ਪਤਨੀ ਨੂੰ ਲੈ ਆ ਅਤੇ ਉਸ ਨੂੰ ਆਪਣੀ ਮਾਂ ਦੀ ਸੇਵਾ ਕਰਨ ਲਾ ਦੇ । ਮੈਂ ਇਹ ਵੇਖਾਂਗਾ ਅਤੇ ਜੇ ਤੂੰ ਮੇਰਾ ਕਹਿਣਾ ਨਹੀਂ ਮੰਨੇਗਾ, ਜਦੋਂ ਤੂੰ ਆਪਣੀ ਵਾਰੀ ਸਿਰ ਬਿਮਾਰ ਹੋਵੇਗਾ, ਮੈਂ ਤੈਨੂੰ ਕੁੱਤੇ ਦੀ ਮੌਤ ਮਰਨ ਦਿਆਂਗਾ, ਤੂੰ ਸੁਣਦਾ ਹੈ ?"

ਡਾਕਟਰ ਦੇ ਡਰ ਅਤੇ ਬੱਚਤ ਲਈ ਤੀਬਰ ਤ੍ਰਿਸ਼ਨਾ ਕਾਰਨ ਜਕੋ ਤੱਕੀ ਵਿੱਚ ਦੁੱਖੀ ਸੁਸਤ ਹਰਕਤਾਂ ਵਾਲਾ ਲੰਮਾ, ਪਤਲਾ ਕਿਸਾਨ ਝੁਕਿਆ, ਉਸ ਨੇ ਵਿਚਾਰਿਆ ਅਤੇ ਥਥਲਾ ਕੇ ਬੋਲਿਆ:

"ਬੀਮਾਰ ਲੋਕਾਂ ਦੀ ਦੇਖਭਾਲ ਕਰਨ ਲਈ ਲਾ ਰੇਪੈਟ ਕਿੰਨੇ ਪੈਸੇ ਲੈਂਦੀ ਹੈ ?"

"ਮੈਨੂੰ ਕੀ ਪਤਾ ?" ਡਾਕਟਰ ਉੱਚੀ ਬੋਲਿਆ। "ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਉਸ ਨੂੰ ਕਿੰਨਾ ਕੁ ਸਮਾਂ ਲੱਗਦਾ ਹੈ । ਉਸ ਨਾਲ ਤੈਅ ਕਰ ਲੈ, ਕਸਮ ਨਾਲ! ਪਰ ਇਕ ਘੰਟੇ ਦੇ ਅੰਦਰ ਅੰਦਰ ਉਹ ਏਥੇ ਹੋਵੇ, ਤੂੰ ਸੁਣਦਾ ਹੈਂ ਨਾ ।"

ਇਸ ਲਈ ਉਸ ਆਦਮੀ ਨੇ ਇਰਾਦਾ ਬਣਾ ਲਿਆ।

"ਮੈਂ ਉਸ ਨੂੰ ਲੈਣ ਜਾਵਾਂਗਾ, "ਉਸ ਨੇ ਉੱਤਰ ਦਿੱਤਾ, ਡਾਕਟਰ, ਜੀ ਗ਼ੁੱਸੇ ਨਾ ਹੋਵੋ ।" ਅਤੇ ਡਾਕਟਰ ਇਹ ਕਹਿੰਦਾ ਬਾਹਰ ਚਲਾ ਗਿਆ "ਧਿਆਨ ਰੱਖਣਾ, ਤੁਹਾਨੂੰ ਪਤਾ ਹੈ ਕਿ ਜਦੋਂ ਮੈਨੂੰ ਗੁੱਸਾ ਹੋਵੇ, ਮੈਂ ਮਖੌਲ ਨਹੀਂ ਕਰਦਾ ।" ਅਤੇ ਜਦੋਂ ਹੀ ਉਹ ਦੋਵੇਂ ਇਕਲੇ ਰਹਿ ਗਏ ਕਿਸਾਨ ਆਪਣੀ ਮਾਂ ਵੱਲ ਮੁੜਿਆ ਅਤੇ ਠਰੰਮ੍ਹੇ ਵਾਲੀ ਆਵਾਜ਼ ਵਿੱਚ ਕਿਹਾ, "ਮੈਂ ਜਾਵਾਂਗਾ ਅਤੇ ਲਾ ਰੇਪੈਟ ਨੂੰ ਲਿਆਵਾਂਗਾ, ਕਿਉਂਕਿ ਉਹ ਆਦਮੀ ਉਸ ਨੂੰ ਮੰਗਵਾਏਗਾ ਹੀ । ਮੇਰੇ ਮਗਰੋਂ ਨਾ ਜਾਣਾ ।"

ਅਤੇ ਉਹ ਵੀ ਚਲਾ ਗਿਆ ।

ਲਾ ਰੇਪੈਟ, ਜੋ ਇਕ ਵਡੇਰੀ ਉੱਮਰ ਦੀ ਧੋਬਣ ਸੀ, ਆਂਢ-ਗੁਆਂਢ ਦੇ ਮੁਰਦਿਆਂ ਅਤੇ ਮਰਨ ਵਾਲਿਆਂ ਦੀ ਰਾਖੀ ਕਰਦੀ ਅਤੇ ਫੇਰ ਜਦੋਂ ਹੀ ਉਹ ਆਪਣੇ ਗਾਹਕਾਂ ਨੂੰ ਉਸ ਕੱਪੜੇ ਵਿੱਚ ਸਿਉਂ ਚੁੱਕਦੀ, ਜਿਸ ਵਿਚੋਂ ਉਹ ਹੁਣ ਕਦੇ ਨਹੀਂ ਨਿਕਲਣਗੇ, ਉਹ ਜਾ ਕੇ ਜਿਉਂਦਿਆਂ ਦੇ ਕਪੜੇ ਪ੍ਰੈੱਸ ਕਰਨ ਲੱਗ ਜਾਂਦੀ। ਮੁਰਝਾਏ ਸੇਬ ਵਾਂਗ ਪਈਆਂ ਝੁਰੜੀਆਂ ਵਾਲੀ, ਖੁਣਸੀ, ਈਰਖਾਲੂ, ਅਨੋਖੀ

ਲਾਲਸਾ ਨਾਲ ਲਾਲਚੀ, ਲਗਾਤਾਰ ਕਪੜੇ ਪ੍ਰੈੱਸ ਕਰਨ ਨਾਲ ਇੰਝ ਦੂਹਰੀ ਹੋਈ ਹੋਈ ਸੀ ਜਿਵੇਂ ਅੱਧ ਵਿੱਚੋਂ ਲੱਕ ਤੋਂ ਟੁੱਟੀ ਹੋਈ ਹੋਵੇ, ਕਿਹਾ ਜਾ ਸਕਦਾ ਹੈ ਕਿ ਉਸ ਨੂੰ ਮੌਤ ਦੇ ਸੰਘਰਸ਼ ਨਾਲ ਅਨੋਖਾ ਅਤੇ ਸੜੂ ਕਿਸਮ ਦਾ ਪਿਆਰ ਸੀ। ਉਹ ਮਰਦੇ ਹੋਏ ਲੋਕ ਜੋ ਉਸ ਨੇ ਵੇਖੇ ਸਨ, ਵੱਖ ਵੱਖ ਕਿਸਮ ਦੀਆਂ ਮੌਤਾਂ ਜਿੱਥੇ ਉਹ ਹਾਜ਼ਰ ਸੀ, ਤੋਂ ਸਿਵਾਏ ਹੋਰ ਕਿਸੇ ਚੀਜ਼ ਬਾਰੇ ਗੱਲ ਨਾ ਕਰਦੀ ਅਤੇ ਉਹ ਅਜਿਹੇ ਵੇਰਵਿਆਂ ਨੂੰ ਜੋ ਹਮੇਸ਼ਾ ਇੱਕੋ ਜਿਹੇ ਹੁੰਦੇ ਸਨ, ਨੂੰ ਇੰਨੀ ਬਰੀਕੀ ਨਾਲ ਬਿਆਨ ਕਰਦੀ ਜਿਵੇਂ ਕੋਈ ਖਿਡਾਰੀ ਆਪਣੇ ਨਿਸ਼ਾਨਿਆਂ ਬਾਰੇ ਗੱਲਾਂ ਕਰਦਾ ਹੋਵੇ ।

ਜਦੋਂ ਆਨਰ ਬੌਨਟੈਮਪਸ ਉਸ ਦੀ ਝੁੱਗੀ ਵਿੱਚ ਦਾਖ਼ਲ ਹੋਇਆ, ਉਸ ਨੇ ਉਸ ਨੂੰ ਦਿਹਾਤੀ ਇਸਤਰੀ ਦੇ ਕਾਲਰਾਂ ਲਈ ਮਾਇਆ ਤਿਆਰ ਕਰਦੇ ਹੋਏ ਵੇਖਿਆ ਅਤੇ ਉਸ ਨੇ ਕਿਹਾ : “ਸ਼ੁੱਭ ਸ਼ਾਮ; ਆਸ਼ਾ ਹੈ ਕਿ ਤੁਸੀਂ ਬਿਲਕੁਲ ਠੀਕ ਠਾਕ ਹੋ, ਮਾਂ ਰੇਪੈਟ ।"

ਉਸ ਨੇ ਉਸ ਨੂੰ ਵੇਖਣ ਲਈ ਆਪਣਾ ਸਿਰ ਮੋੜਿਆ ਅਤੇ ਕਿਹਾ :

"ਬਿਲਕੁਲ ਠੀਕ, ਬਿਲਕੁਲ ਠੀਕ ਅਤੇ ਤੁਸੀਂ ?”

"ਉਹ, ਮੈਂ ਤਾਂ ਬਿਲਕੁਲ ਠੀਕ ਹਾਂ ਜਿੰਨਾ ਹੋ ਸਕਦਾ ਹਾਂ, ਪਰ ਮੇਰੀ ਮਾਂ ਬਹੁਤ ਬਿਮਾਰ ਹੈ।"

“ਤੁਹਾਡੀ ਮਾਂ ?"

ਹਾਂ, ਮੇਰੀ ਮਾਂ ।"

"ਉਸ ਨੂੰ ਕੀ ਗੱਲ ਹੈ ?"

“ਉਹ ਆਖ਼ਰੀ ਸਾਹਾਂ ’ਤੇ ਹੈ, ਉਸ ਦਾ ਇਹ ਹਾਲ ਹੈ !"

ਬੁੱਢੀ ਇਸਤਰੀ ਨੇ ਪਾਣੀ ਵਿੱਚੋਂ ਆਪਣੇ ਹੱਥ ਕੱਢੇ ਅਤੇ ਅਚਾਨਕ ਹਮਦਰਦੀ ਨਾਲ ਪੁੱਛਿਆ : "ਕੀ ਉਸ ਦੀ ਸੱਚਮੁਚ ਬੁਰੀ ਹਾਲਤ ਹੈ ?"

"ਡਾਕਟਰ ਕਹਿੰਦਾ ਹੈ ਉਹ ਸਵੇਰ ਤੱਕ ਜਿੰਦਾ ਨਹੀਂ ਰਹੇਗੀ ।"

“ਫੇਰ ਉਸ ਦੀ ਯਕੀਨਨ ਭੈੜੀ ਹਾਲਤ ਹੈ।" ਆਨਰ ਕੁਝ ਝੁਕਿਆ ਕਿਉਂਕਿ ਉਹ ਆਪਣੀ ਤਜਵੀਜ਼ ਪੇਸ਼ ਕਰਨ ਤੋਂ ਪਹਿਲਾਂ ਕੁਝ ਕੁ ਮੁੱਢਲੇ ਵਿਚਾਰ ਦੱਸਣਾ ਚਾਹੁੰਦਾ ਸੀ ਪਰ ਉਸ ਨੂੰ ਕੁਝ ਸੁਝਿਆ ਨਾ, ਉਸ ਨੇ ਅਚਾਨਕ ਆਪਣਾ ਮਨ ਬਣਾਇਆ ।

"ਉਸ ਦੇ ਕੋਲ ਅੰਤ ਤੱਕ ਠਹਿਰਨ ਲਈ ਕੀ ਮੰਗੋਗੇ ? ਤੁਹਾਨੂੰ ਪਤਾ ਹੀ ਹੈ ਕਿ ਮੈਂ ਅਮੀਰ ਆਦਮੀ ਨਹੀਂ ਹਾਂ ਅਤੇ ਮੈਂ ਇਕ ਨੌਕਰਾਣੀ ਵੀ ਨਹੀਂ ਰੱਖ ਸਕਦਾ, ਇਸੇ ਕਾਰਨ ਹੀ ਮੇਰੀ ਮਾਂ ਦੀ ਇਹ ਹਾਲਤ ਹੋਈ ਹੈ, ਬਹੁਤਾ ਕੰਮ ਅਤੇ ਥਕਾਵਟ! ਬੰਨ੍ਹਵੇਂ ਸਾਲ ਦੀ ਉੱਮਰ ਹੋਣ ਦੇ ਬਾਵਜੂਦ ਵੀ ਉਹ ਦਸ ਘੰਟੇ (ਦਸਾਂ ਜਿੰਨਾ) ਕੰਮ ਕਰਦੀ ਹੁੰਦੀ ਸੀ । ਤੁਸੀਂ ਅੱਜ ਕੱਲ੍ਹ ਅਜਿਹੀ ਮਿੱਟੀ ਦਾ ਬਣਿਆ ਕੋਈ ਨਹੀਂ ਲੱਭ ਸਕਦੇ !"
ਲਾ ਰੇਪੈਟ ਨੇ ਗੰਭੀਰਤਾ ਨਾਲ ਉੱਤਰ ਦਿਤਾ : “ ਦੋ ਕੀਮਤਾਂ ਹਨ : ਅਮੀਰਾਂ ਲਈ ਚਾਰੀ ਸੋਸ (Sous) ਦਿਨ ਦੇ ਅਤੇ ਤਿੰਨ ਫ਼ਰੈਂਕ ਰਾਤ ਲਈ ਅਤੇ ਦੂਜਿਆਂ ਲਈ ਵੀਹ ਸੋਸ (Sous) ਦਿਨ ਦੇ ਅਤੇ ਚਾਲੀ ਰਾਤ ਦੇ । ਤੁਸੀਂ ਮੈਨੂੰ ਵੀਹ ਅਤੇ ਚਾਲੀ ਦਿਓਗੇ ।" ਪਰ ਕਿਸਾਨ ਨੇ ਸੋਚਿਆ, ਕਿਉਂਕਿ ਉਹ ਆਪਣੀ ਮਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਜਾਣਦਾ ਸੀ ਕਿ ਉਹ ਜੀਵਨ ਵਿੱਚ ਕਿੰਨੀ ਦ੍ਰਿੜ੍ਹ, ਕਿੰਨੀ ਧੜੱਲੇਦਾਰ ਅਤੇ ਪੱਕੀ ਅੜੀਅਲ ਸੀ। ਉਹ ਇਹ ਵੀ ਜਾਣਦਾ ਸੀ ਕਿ ਡਾਕਟਰ ਦੀ ਰਾਏ ਦੇ ਹੁੰਦੇ ਹੋਏ ਵੀ ਉਹ ਇਕ ਹਫ਼ਤਾ ਹੋਰ ਕੱਢ ਸਕਦੀ ਸੀ; ਅਤੇ ਇਸ ਲਈ ਉਸ ਨੇ ਪਕਿਆਈ ਨਾਲ ਕਿਹਾ : "ਨਹੀਂ, ਤੁਸੀਂ ਨਹੀਂ ਸਗੋਂ ਮੈਂ ਅੰਤ ਤੱਕ ਲਈ ਕੀਮਤ ਨਿਯਤ ਕਰਾਂਗਾ । ਭਾਵੇਂ ਮੇਰੇ ਲਈ ਚੰਗਾ ਹੋਵੇ ਜਾਂ ਬੁਰਾ।
ਡਾਕਟਰ ਕਹਿੰਦਾ ਹੈ ਕਿ ਉਹ ਬਹੁਤ ਛੇਤੀ ਮਰ ਜਾਵੇਗੀ। ਜੇ ਇੰਝ ਹੋਵੇ ਤੁਹਾਡੇ ਲਈ ਬਹੁਤ ਚੰਗਾ ਹੋਵੇਗਾ ਅਤੇ ਮੇਰੇ ਲਈ ਬਹੁਤ ਬੁਰਾ ਪਰ ਜੇ ਉਹ ਸਵੇਰ ਤੱਕ ਜਾਂ ਵੱਧ ਸਮੇਂ ਲਈ ਕਾਇਮ ਰਹੇ; ਮੇਰੇ ਲਈ ਬਹੁਤ ਚੰਗਾ ਹੋਵੇਗਾ ਅਤੇ ਤੁਹਾਡੇ ਲਈ ਬਹੁਤ ਬੁਰਾ !"

ਨਰਸ ਨੇ ਉਸ ਆਦਮੀ ਵੱਲ ਹੈਰਾਨੀ ਨਾਲ ਵੇਖਿਆ, ਕਿਉਂਕਿ ਉਸ ਨੇ ਕਦੇ ਕਿਸੇ ਮੌਤ ਨੂੰ ਅਨੁਮਾਨੀ ਧੰਧਾ ਨਹੀਂ ਸੀ ਸਮਝਿਆ ਅਤੇ ਉਹ ਝਿਜਕੀ, ਬੇਸ਼ੱਕ ਸੰਭਵ ਲਾਭ ਦੇ ਖ਼ਿਆਲ ਨਾਲ ਉਹ ਲਲਚਾਈ । ਪਰ ਤਕਰੀਬਨ ਝੱਟਪਟ ਹੀ ਉਸ ਨੂੰ ਸ਼ੱਕ ਪਿਆ ਕਿ ਉਹ ਉਸ ਨਾਲ ਚਲਾਕੀ ਕਰਨੀ ਚਾਹੁੰਦਾ ਹੈ ।" ਮੈਂ ਕੁਝ ਨਹੀਂ ਆਖ ਸਕਦੀ ਜਦੋਂ ਤੱਕ ਮੈਂ ਤੁਹਾਡੀ ਮਾਂ ਨੂੰ ਨਾ ਵੇਖ ਲਵਾਂ ।" ਉਸ ਨੇ ਉੱਤਰ ਦਿੱਤਾ।
"ਤਾਂ ਫੇਰ ਮੇਰੇ ਨਾਲ ਆਓ ਅਤੇ ਉਸ ਨੂੰ ਵੇਖ ਲਵੋ ।"

ਉਸ ਨੇ ਆਪਣੇ ਹੱਥ ਧੋਤੇ ਅਤੇ ਤੁਰੰਤ ਹੀ ਉਸ ਦੇ ਨਾਲ ਚਲੀ ਗਈ । ਉਹ ਰਸਤੇ ਵਿੱਚ ਚੁਪ ਚਾਪ ਤੁਰਦੇ ਰਹੇ, ਉਹ ਛੋਟੇ ਤੇਜ਼ ਕਦਮਾਂ ਨਾਲ ਤੁਰਦੀ ਸੀ ਜਦੋਂਕਿ ਉਹ ਆਪਣੀਆਂ ਲੰਮੀਆਂ ਲੱਤਾਂ ਨਾਲ ਇੰਝ ਪੁਲਾਂਘਾਂ ਪੁੱਟਦਾ ਜਾ ਰਿਹਾ ਸੀ, ਜਿਵੇਂ ਹਰ ਕਦਮ ’ਤੇ ਕੋਈ ਕੱਸੀ ਪਾਰ ਕਰ ਰਿਹਾ ਹੋਵੇ । ਘੋਰ ਗਰਮੀ ਨਾਲ ਘਾਬਰੀਆਂ ਹੋਈਆਂ ਖੇਤਾਂ ਵਿੱਚ ਛੋਟੀਆਂ ਗਊਆਂ ਨੇ ਉਦਾਸੀ ਨਾਲ ਆਪਣੇ ਸਿਰ ਉੱਚੇ ਕੀਤੇ ਅਤੇ ਦੋਵੇਂ ਰਾਹ-ਗੁਜ਼ਰੂਆਂ ਅੱਗੇ ਹੌਲੀ ਜਿਹੇ ਸਿਰ ਇੰਝ ਝੁਕਾਏ, ਜਿਵੇਂ ਉਨ੍ਹਾਂ ਕੋਲੋਂ ਕੁਝ ਹਰਾ ਘਾਹ ਮੰਗ ਰਹੀਆਂ ਹੋਣ।

ਜਦੋਂ ਉਹ ਘਰ ਦੇ ਨੇੜੇ ਪਹੁੰਚੇ, ਆਨਰ ਬੌਨਟੈਮਪਸ ਬੁੜਬੁੜਾਇਆ: "ਫ਼ਰਜ਼ ਕਰੋ, ਸਭ ਕੁਝ ਹੋ ਚੁੱਕਾ ਹੋਵੇ ?" ਅਤੇ ਇਹ ਅਚੇਤ ਇੱਛਾ, ਕਿ ਸ਼ਾਇਦ ਇੰਝ ਹੋਵੇ, ਉਸ ਦੀ ਆਵਾਜ਼ ਦੀ ਗੂੰਜ ਵਿੱਚੋਂ ਪ੍ਰਗਟੀ।

ਪਰ ਬੁੱਢੀ ਇਸਤਰੀ ਮਰੀ ਨਹੀਂ ਸੀ। ਉਹ ਆਪਣੇ ਮੰਜੇ ’ਤੇ ਆਪਣੇ ਅਭਾਗੇ ਬਿਸਤਰੇ ’ਤੇ ਪਈ ਸੀ, ਉਸ ਦੇ ਹੱਥ ਗੁਲਾਬੀ ਸੂਤੀ ਚਾਦਰ ਨਾਲ ਢੱਕੇ ਹੋਏ ਸਨ, ਜੋ ਕਿ ਬਹੁਤ ਪਤਲੇ, ਗਠੀਲੇ ਪੰਜੇ ਜਿਵੇਂ ਕਿਸੇ ਅਜੀਬ ਜਾਨਵਰ ਦੇ ਹੁੰਦੇ ਹਨ ਜਾਂ ਸ਼ਿਕਰੇ ਦੇ ਪੰਜੇ ਹੁੰਦੇ ਹਨ, ਗਠੀਏ, ਥਕਾਵਟ ਅਤੇ ਲਗਭਗ ਇਕ ਸਦੀ ਦੇ ਕੰਮ ਨਾਲ ਜੁੜੇ ਹੋਏ ਸਨ ।

ਲਾ ਰੇਪੈਟ ਬਿਸਤਰ ਤੱਕ ਗਈ ਅਤੇ ਮਰ ਰਹੀ ਇਸਤਰੀ ਵੱਲ ਵੇਖਿਆ, ਉਸ ਦੀ ਨਬਜ਼ ਵੇਖੀ, ਉਸ ਦੀ ਛਾਤੀ ’ਤੇ ਹੱਥ ਲਾਇਆ, ਉਸ ਦੇ ਸਾਹ ਦੀ ਆਵਾਜ਼ ਸੁਣੀ ਅਤੇ ਉਸ ਨੂੰ ਸਵਾਲ ਪੁੱਛੇ ਤਾਂ ਕਿ ਉਸ ਦਾ ਬੋਲ ਸੁਣ ਸਕੇ । ਫੇਰ ਕੁਝ ਹੋਰ ਸਮੇਂ ਲਈ ਉਸ ਵੱਲ ਵੇਖ ਕੇ, ਉਹ ਕਮਰੇ ਤੋਂ ਬਾਹਰ ਚਲੀ ਗਈ ਅਤੇ ਆਨਰ ਵੀ ਉਸ ਦੇ ਪਿੱਛੇ ਹੀ ਸੀ । ਉਸ ਦੀ ਪੱਕੀ ਰਾਏ ਸੀ ਕਿ ਬੁੱਢੀ ਇਸਤਰੀ ਰਾਤ ਨਹੀਂ ਕੱਢੇਗੀ ਅਤੇ ਉਸ ਨੇ ਪੁੱਛਿਆ : "ਅੱਛਾ ?" ਅਤੇ ਮਰੀਜ਼ਾਂ ਦੀ ਦੇਖਭਾਲ ਕਰਨ ਵਾਲੀ ਨਰਸ ਨੇ ਉੱਤਰ ਦਿੱਤਾ: "ਹਾਂ, ਉਹ ਦੋ ਦਿਨ ਕੱਟ ਸਕਦੀ ਹੈ, ਸ਼ਾਇਦ ਤਿੰਨ । ਤੁਹਾਨੂੰ ਸਭ ਕੁਝ ਸਮੇਤ ਛੇ ਫਰੈਂਕ ਮੈਨੂੰ ਦੇਣੇ ਪੈਣਗੇ ।"

"ਛੇ ਫਰੈਂਕ ! ਛੇ ਫਰੈਂਕ ।" ਉਹ ਚੀਕਿਆ। “ਕੀ ਤੁਹਾਡੀ ਹੋਸ਼ ਠਿਕਾਣੇ ਹੈ ? ਮੈਂ ਤੁਹਾਨੂੰ ਦੱਸਦਾ ਹਾਂ ਕਿ ਉਹ ਪੰਜ ਜਾਂ ਛੇ ਘੰਟੇ ਤੋਂ ਵੱਧ ਨਹੀਂ ਜੀ ਸਕਦੀ ।" ਅਤੇ ਉਹ ਕੁਝ ਸਮੇਂ ਲਈ ਗੁੱਸੇ ਨਾਲ ਝਗੜਦੇ ਰਹੇ ਪਰ ਜਦੋਂ ਨਰਸ ਨੇ

ਕਿਹਾ ਕਿ ਉਹ ਘਰ ਚਲੀ ਜਾਵੇਗੀ ਜਦ ਸਮਾਂ ਬੀਤਦਾ ਜਾ ਰਿਹਾ ਸੀ ਅਤੇ ਉਸ ਦੀ ਕਣਕ ਆਪਣੇ ਆਪ ਹੀ ਵਾੜੇ ਵਿੱਚ ਨਹੀਂ ਆਵੇਗੀ, ਅੰਤ ਨੂੰ ਉਹ ਉਸ ਦੀਆਂ ਸ਼ਰਤਾਂ ਮੰਨ ਗਿਆ :

"ਬਹੁਤ ਅੱਛਾ ਫੇਰ, ਇਹ ਪੱਕਾ ਹੈ, ਹਰ ਚੀਜ਼ ਸਮੇਤ ਛੇ ਫਰੈਂਕ, ਜਦੋਂ ਤੱਕ ਲਾਸ਼ ਲੈ ਜਾਈ ਜਾਵੇਗੀ ।"

"ਇਹ ਨਿਸ਼ਚਿਤ ਹੋ ਗਿਆ ਹੈ, ਛੇ ਫਰੈਂਕ ।"

ਅਤੇ ਉਹ ਲੰਮੀਆਂ ਪੁਲਾਂਘਾਂ ਭਰਦਾ ਆਪਣੀ ਕਣਕ ਵੱਲ ਚਲਾ ਗਿਆ ਜੋ ਕਿ ਦਾਣੇ ਪਕਾਉਣ ਵਾਲੀ ਤੇਜ਼ ਧੁੱਪ ਵਿੱਚ ਜ਼ਮੀਨ 'ਤੇ ਪਈ ਸੀ, ਜਦੋਂਕਿ ਤੀਮਾਰਦਾਰੀ ਕਰਨ ਵਾਲੀ ਨਰਸ ਘਰ ਨੂੰ ਮੁੜੀ ।

ਉਹ ਆਪਣੇ ਨਾਲ ਕੁਝ ਕੰਮ ਲੈ ਆਈ ਸੀ ਕਿਉਂਕਿ ਉਹ ਮੁਰਦੇ ਜਾਂ ਮਰਨ ਵਾਲੇ ਦੇ ਕੋਲ ਬੈਠੀ ਲਗਾਤਾਰ ਕੰਮ ਕਰਦੀ ਰਹਿੰਦੀ, ਕਦੇ ਕਦੇ ਆਪਣੇ ਲਈ, ਕਦੇ ਉਸ ਪਰਿਵਾਰ ਲਈ ਜੋ ਉਸ ਨੂੰ ਦਰਜੀ ਦੇ ਤੌਰ 'ਤੇ ਵੀ ਕੰਮ ਦਿੰਦੇ ਸਨ, ਉਸ ਹੈਸੀਅਤ ਵਿੱਚ ਕੁਝ ਵਧੇਰੇ ਅਦਾਇਗੀ ਕੀਤੀ ਜਾਂਦੀ । ਅਚਾਨਕ ਉਸ ਨੇ ਪੁਛਿਆ :

"ਕੀ ਤੁਹਾਡਾ ਆਖ਼ਰੀ ਸਮਾਂ ਆ ਗਿਆ ਹੈ, ਮਾਂ ਬੌਨਟੈਮਪਸ ?"

ਬੁੱਢੀ ਕਿਸਾਨ ਇਸਤਰੀ ਨੇ ਆਪਣੇ ਸਿਰ ਨਾਲ ਕਿਹਾ "ਨਹੀਂ", ਅਤੇ ਲਾ ਰੇਪੈਟ ਜੋ ਬਹੁਤ ਸ਼ਰਧਾਲੂ ਸੀ, ਛੇਤੀ ਹੀ ਉੱਠੀ : "ਹੇ ਰੱਬਾ, ਕੀ ਇਹ ਸੰਭਵ ਹੈ ? ਮੈਂ ਜਾ ਕੇ ਸੂਬੇ ਦੇ ਪਾਦਰੀ ਨੂੰ ਲਿਆਉਂਦੀ ਹਾਂ;" ਅਤੇ ਉਹ ਪਾਦਰੀ ਭਵਨ ਵੱਲ ਇੰਨੀ ਤੇਜ਼ੀ ਨਾਲ ਦੌੜੀ ਕਿ ਗ਼ਲੀ ਵਿਚਲੇ ਸ਼ਰਾਰਤੀ ਮੁੰਡਿਆਂ ਨੇ ਸੋਚਿਆ ਕਿ ਕੋਈ ਘਟਨਾ ਵਾਪਰੀ ਹੈ, ਜਦੋਂ ਉਨ੍ਹਾਂ ਨੇ ਇਸ ਨੂੰ ਇਸ ਤਰ੍ਹਾਂ ਦੌੜਦੇ ਹੋਏ ਵੇਖਿਆ ।

ਤੁਰੰਤ ਹੀ ਪਾਦਰੀ ਆਪਣਾ ਜਾਮਾ ਪਾ ਕੇ ਆਇਆ, ਉਸ ਦੇ ਅੱਗੇ ਅੱਗੇ ਸੰਗੀਤ ਵਾਲਾ ਲੜਕਾ ਸੀ ਜੋ ਤਪੇ ਹੋਏ ਅਤੇ ਸ਼ਾਂਤ ਇਲਾਕੇ ਵਿੱਚੋਂ ਪਵਿੱਤਰ ਆਤਮਾ ਦੇ ਲੰਘਣ ਦਾ ਐਲਾਨ ਕਰਨ ਲਈ ਘੰਟੀ ਵਜਾ ਰਿਹਾ ਸੀ । ਕੁਝ ਫਾਸਲੇ 'ਤੇ ਕੰਮ ਕਰ ਰਹੇ ਕੁਝ ਲੋਕਾਂ ਨੇ ਆਪਣੇ ਵੱਡ ਟੋਪ ਉਤਾਰੇ ਅਤੇ ਉਨੀ ਦੇਰ ਅਹਿਲ ਖੜ੍ਹੇ ਰਹੇ ਜਦੋਂ ਤੱਕ ਚਿੱਟਾ ਜਾਮਾ ਕਿਸੇ ਖੇਤ ਵਾਲੀ ਇਮਾਰਤ ਦੇ ਪਿੱਛੇ ਅਲੋਪ ਨਾ ਹੋ ਗਿਆ; ਇਸਤਰੀਆਂ ਜੋ ਕਿ ਭਰੀਆਂ ਬੰਨ੍ਹ ਰਹੀਆਂ ਸੀ, ਕਰਾਸ (Cross) ਨਿਸ਼ਾਨ

ਬਣਾਉਣ ਲਈ ਖੜ੍ਹੀਆਂ ਹੋ ਗਈਆਂ, ਡਰੀਆਂ ਹੋਈਆਂ ਕਾਲੀਆਂ ਮੁਰਗੀਆਂ ਇਕ ਟੋਏ ਦੇ ਨਾਲ ਨਾਲ ਭੱਜੀਆਂ ਜਦੋਂ ਤੱਕ ਕਿ ਚੰਗੀ ਜਾਣੀ-ਪਛਾਣੀ ਖੁੱਡ ਤੱਕ ਨਾ ਪਹੁੰਚ ਗਈਆਂ, ਜਿਸ ਰਾਹੀਂ ਉਹ ਅਚਾਨਕ ਅਲੋਪ ਹੋ ਗਈਆਂ, ਚਰਾਂਦ ਵਿੱਚ ਬੰਨ੍ਹਿਆ ਹੋਇਆ ਇਕ ਵਛੇਰਾ ਇਹ ਜਾਮਾ ਵੇਖ ਕੇ ਡਰ ਗਿਆ ਅਤੇ ਜ਼ੋਰ ਜ਼ੋਰ ਨਾਲ ਛੜਾਂ ਮਾਰਦੇ ਹੋਏ ਪੂਰੇ ਰੱਸੇ ਦੀ ਲੰਬਾਈ ਤੱਕ ਆਲ਼ੇ-ਦੁਆਲੇ ਸਰਪਟ ਦੌੜਨ ਲੱਗਾ। ਸੰਗੀਤ ਵਾਲਾ ਲੜਕਾ ਪਾਦਰੀਆਂ ਵਾਲਾ ਲੰਮਾ ਲਾਲ ਚੋਲਾ ਪਾਈ ਤੇਜ਼ੀ ਨਾਲ ਟੁਰ ਰਿਹਾ ਸੀ ਅਤੇ ਪਾਦਰੀ ਆਪਣੇ ਝੁਕੇ ਹੋਏ ਸਿਰ ’ਤੇ ਪਾਦਰੀਆਂ ਵਾਲੀ ਚਕੌਨੀ ਟੋਪੀ ਪਾਈ ਉਸ ਦੇ ਪਿੱਛੇ ਕੁਝ ਪ੍ਰਾਰਥਨਾ ਕਰਦਾ ਜਾ ਰਿਹਾ ਸੀ। ਸਭ ਤੋਂ ਪਿੱਛੇ ਲਾ ਰੇਪੈਟ ਆਈ, ਝੁਕ ਕੇ ਬਿਲਕੁਲ ਦੂਹਰੀ ਹੋਈ ਪਈ ਸੀ ਜਿਵੇਂ ਕਿ ਉਹ ਸਿਜਦਾ ਕਰਨਾ ਚਾਹੁੰਦੀ ਹੋਵੇ; ਉਹ ਹੱਥ ਜੋੜ ਕੇ ਤੁਰੀ ਜਾ ਰਹੀ ਸੀ ਜਿਵੇਂ ਕਿ ਕਿਸੇ ਚਰਚ ਵਿੱਚ ਹੋਵੇ।

ਆਨਰ ਨੇ ਉਨ੍ਹਾਂ ਨੂੰ ਦੂਰੋਂ ਲੰਘਦੇ ਵੇਖਿਆ ਅਤੇ ਉਸ ਨੇ ਪੁੱਛਿਆ : "ਆਪਣਾ ਪਾਦਰੀ ਕਿੱਥੇ ਜਾ ਰਿਹਾ ਹੈ ?" ਅਤੇ ਉਸ ਦੇ ਆਦਮੀ ਜੋ ਵਧੇਰੇ ਚਤੁਰ ਸਨ, ਨੇ ਉੱਤਰ ਦਿੱਤਾ "ਹਾਂ, ਉਹ ਤੁਹਾਡੀ ਮਾਤਾ ਲਈ ਹੀ ਪਵਿੱਤਰ ਚੀਜ਼ ਲਿਜਾ ਰਿਹਾ ਹੈ।"

ਕਿਸਾਨ ਨੂੰ ਕੋਈ ਪ੍ਰੇਸ਼ਾਨੀ ਨਾ ਹੋਈ ਅਤੇ ਕਿਹਾ, "ਇਹ ਬਿਲਕੁਲ ਹੋ ਸਕਦਾ ਹੈ।" ਅਤੇ ਆਪਣਾ ਕੰਮ ਕਰਦਾ ਰਿਹਾ।

ਮਾਂ ਬੌਨਟੈਮਪਸ ਨੇ ਦੋਸ਼ ਮੁਕਤੀ ਅਤੇ ਬਖ਼ਸ਼ਿਸ਼ ਪ੍ਰਾਪਤ ਕੀਤੀ ਉਸ ’ਤੇ ਪਵਿੱਤਰ ਤੇਲ ਮਲਿਆ ਗਿਆ। ਇਸ ਦਮ ਘੁੱਟੀ ਵਾਲੀ ਝੁੱਗੀ ਵਿੱਚ ਦੋਵੇਂ ਇਸਤਰੀਆ ਨੂੰ ਇਕਲੇ ਛੱਡਦੇ ਹੋਏ, ਪਾਦਰੀ ਨੇ ਵਿਦਾਇਗੀ ਲਈ। ਲਾ ਰੇਪੈਟ ਨੇ ਮਰ ਰਹੀ ਇਸਤਰੀ ਵੱਲ ਵੇਖਣਾ ਅਤੇ ਆਪਣੇ ਆਪ ਤੋਂ ਪੁੱਛਣਾ ਆਰੰਭ ਕੀਤਾ ਕਿ ਕੀ ਇਹ ਬਹੁਤਾ ਸਮਾਂ ਰਹਿ ਸਕਦੀ ਹੈ।

ਦਿਨ ਢਲ਼ ਰਿਹਾ ਸੀ ਅਤੇ ਠੰਢੀ ਠੰਢੀ ਹਵਾ ਤੇਜ਼ ਬੁੱਲ੍ਹਿਆਂ ਵਿੱਚ ਅੰਦਰ ਆ ਰਹੀ ਸੀ, ਅਤੇ ਦੋ ਪਿੰਨਾਂ ਨਾਲ ਕੰਧ ਨਾਲ ਟੰਗਿਆ ਹੋਇਆ ਏਪੀਨਲ ਹੇਠਾਂ ਉੱਤੇ ਹੋ ਰਿਹਾ ਸੀ। ਖਿੜਕੀ ਦੇ ਪਤਲੇ ਪਰਦੇ, ਜੋ ਪਹਿਲਾਂ ਚਿੱਟੇ ਸਨ, ਪਰ ਹੁਣ ਪੀਲੇ ਸਨ ਅਤੇ ਮੱਖੀਆਂ ਦੇ ਧੱਬਿਆਂ ਨਾਲ ਭਰੇ ਹੋਏ ਸਨ, ਇੰਝ ਲੱਗਦਾ ਸੀ ਜਿਵੇਂ ਉੱਡਣ ਲੱਗੇ ਹੋਣ ਅਤੇ ਬੁੱਢੀ ਇਸਤਰੀ ਦੀ ਆਤਮਾ ਵਾਂਗ ਦੂਰ ਜਾਣ ਲਈ ਸੰਘਰਸ਼ ਕਰਦੇ ਜਾਪਦੇ ਸਨ।

ਬੁੱਢੀ ਮਾਂ ਖੁੱਲ੍ਹੀਆਂ ਅੱਖਾਂ ਨਾਲ ਅਹਿਲ ਪਈ ਮੌਤ ਦੀ ਉਡੀਕ ਕਰਦੀ ਜਾਪਦੀ ਸੀ, ਜਿਹੜੀ ਇੰਨੀ ਨਜ਼ਦੀਕ ਸੀ ਅਤੇ ਜਿਹੜੀ ਅਜੇ ਵੀ ਬੜੀ ਬੇਪਰਵਾਹੀ ਨਾਲ ਆਉਣ ਵਿੱਚ ਦੇਰੀ ਕਰ ਰਹੀ ਸੀ। ਉਸ ਦੇ ਨਿੱਕੇ ਨਿੱਕੇ ਸਾਹ, ਉਸ ਦੇ ਗਲ਼ੇ ਵਿੱਚ ਸਾਂ-ਸਾਂ ਕਰਦੇ ਸਨ। ਇਹ ਛੇਤੀ ਹੀ ਬਿਲਕੁਲ ਬੰਦ ਹੋ ਜਾਣਗੇ ਅਤੇ ਦੁਨੀਆਂ ਵਿੱਚ ਇਕ ਇਸਤਰੀ ਘੱਟ ਜਾਵੇਗੀ, ਉਸ ਦਾ ਕੋਈ ਵੀ ਅਫ਼ਸੋਸ ਨਹੀਂ ਕਰੇਗਾ।

ਰਾਤ ਪਈ ਤੋਂ ਆਨਰ ਘਰ ਮੁੜਿਆ ਅਤੇ ਜਦੋਂ ਉਹ ਬਿਸਤਰੇ ਤੱਕ ਗਿਆ ਅਤੇ ਵੇਖਿਆ ਕਿ ਉਸ ਦੀ ਮਾਂ ਅਜੇ ਵੀ ਜਿਊਂਦੀ ਹੈ, ਉਸ ਨੇ ਪੁੱਛਿਆ: "ਇਸ ਦਾ ਕੀ ਹਾਲ ਹੈ ?" ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿ ਉਹ ਪਹਿਲਾਂ ਪੁੱਛਦਾ ਹੁੰਦਾ ਸੀ। ਜਦੋਂ ਉਹ ਬਿਮਾਰ ਹੁੰਦੀ। ਫੇਰ ਉਸ ਨੇ ਲਾ ਰੇਪੈਟ ਨੂੰ ਇਹ ਕਹਿੰਦੇ ਹੋਏ ਪਰੇ ਭੇਜ ਦਿੱਤਾ : "ਕੱਲ੍ਹ ਸਵੇਰੇ ਪੰਜ ਵਜੇ, ਜ਼ਰੂਰ।" ਅਤੇ ਉਸ ਨੇ ਉੱਤਰ ਦਿਤਾ : "ਕੱਲ੍ਹ ਪੰਜ ਵਜੇ।"

ਉਹ ਦਿਨ ਚੜ੍ਹਦੇ ਨੂੰ ਆ ਗਈ ਅਤੇ ਉਸ ਨੇ ਆਨਰ ਨੂੰ ਸ਼ੋਰਬਾ ਪੀਂਦੇ ਵੇਖਿਆ, ਜੋ ਉਸ ਨੇ ਕੰਮ 'ਤੇ ਜਾਣ ਤੋਂ ਪਹਿਲਾਂ ਆਪ ਬਣਾਇਆ ਸੀ।

"ਹਾਂ, ਕੀ ਤੁਹਾਡੀ ਮਾਂ ਮਰ ਗਈ ਹੈ ?' ਨਰਸ ਨੇ ਪੁੱਛਿਆ।

"ਇਸ ਦੇ ਉੱਲਟ ਉਹ ਸਗੋਂ ਕੁਝ ਠੀਕ ਹੈ, ਉਸ ਨੇ ਟੇਢੀ ਖਚਰੀ ਨਜ਼ਰ ਨਾਲ ਵੇਖਦਿਆਂ ਉੱਤਰ ਦਿੱਤਾ। ਫੇਰ ਉਹ ਬਾਹਰ ਚਲਾ ਗਿਆ।

ਲਾ ਰੇਪੈਟ ਨੂੰ ਖੁਤਖੁਤੀ ਲੱਗ ਗਈ ਸੀ ਅਤੇ ਮਰ ਰਹੀ ਇਸਤਰੀ ਤੱਕ ਗਈ, ਜੋ ਉਸੇ ਹਾਲਤ ਵਿੱਚ ਸੀ, ਸੁਸਤ ਅਤੇ ਅਡੋਲ, ਉਸ ਦੀਆਂ ਅੱਖਾਂ ਖੁੱਲ੍ਹੀਆਂ ਅਤੇ ਹੱਥਾਂ ਵਿੱਚ ਚਾਦਰ ਘੁੱਟੀ ਹੋਈ ਸੀ। ਨਰਸ ਨੇ ਪ੍ਰਤੀਤ ਕੀਤਾ ਕਿ ਇਹ ਇਸ ਤਰ੍ਹਾਂ ਦੋ ਦਿਨਾਂ, ਚਾਰ ਦਿਨਾਂ, ਅੱਠ ਦਿਨਾਂ ਤੱਕ ਵੀ ਚੱਲ ਸਕਦਾ ਹੈ ਅਤੇ ਉਸ ਦਾ ਲਾਲਚੀ ਮਨ ਭੈ-ਭੀਤ ਹੋ ਗਿਆ। ਉਸ ਨੂੰ ਉਸ ਚਾਲਾਕ ਆਦਮੀ ਉੱਤੇ ਜਿਸ ਨੇ ਉਸ ਨਾਲ ਚਾਲਾਕੀ ਕੀਤੀ ਹੈ, ਅਤੇ ਇਸ ਇਸਤਰੀ 'ਤੇ ਜੋ ਮਰਦੀ ਨਹੀਂ ਸੀ, ਗੁੱਸਾ ਆਇਆ।

ਫੇਰ ਵੀ ਉਸ ਨੇ ਸਿਊਣਾ ਆਰੰਭ ਕੀਤਾ ਅਤੇ ਮਾਂ ਬੌਨਟੈਮਪਸ ਦੇ ਝੁਰੜੀਦਾਰ ਮੂੰਹ 'ਤੇ ਨਜ਼ਰ ਟਿਕਾਈ ਉਡੀਕਦੀ ਰਹੀ। ਜਦੋਂ ਆਨਰ ਨਾਸ਼ਤਾ ਲੈਣ

ਲਈ ਆਇਆ, ਉਹ ਬਹੁਤ ਸੰਤੁਸ਼ਟ ਦਿਸਦਾ ਸੀ ਅਤੇ ਸਗੋਂ ਛੇੜ ਛਾੜ ਦੀ ਰੁਚੀ ਵਿੱਚ ਸੀ ਕਿਉਂਕਿ ਉਸ ਨੂੰ ਕਣਕ ਅੰਦਰ ਰੱਖਣ ਲਈ ਵਿਹਲ ਮਿਲ ਗਈ ਸੀ।

ਲਾ ਰੇਪੈਟ ਨੂੰ ਗੁੱਸਾ ਚੜ੍ਹ ਰਿਹਾ ਸੀ : ਬੀਤਿਆ ਹਰ ਮਿੰਟ ਹੁਣ ਉਸ ਨੂੰ ਬਹੁਤ ਲੰਮਾ ਸਮਾਂ ਪ੍ਰਤੀਤ ਹੁੰਦਾ ਸੀ ਅਤੇ ਇੰਝ ਲੱਗਦਾ ਸੀ ਕਿ ਉਸ ਤੋਂ ਧਨ ਖੋਹਿਆ ਜਾ ਰਿਹਾ ਸੀ ਉਸ ਨੂੰ ਅਜਿਹਾ ਖ਼ਬਤ ਜਿਹਾ ਉੱਠਿਆ ਕਿ ਇਸ ਬੁੱਢੀ ਮੂਰਖ, ਇਸ ਆਪਹੁਦਰੀ ਬੁੱਢੀ ਬੇਵਕੂਫ਼ ਇਸ ਜ਼ਿੱਦੀ ਕਰਮਾਂ ਮਾਰੀ ਬੁੱਢੀ ਦਾ ਗਲ਼ ਘੁੱਟ ਦੇਵੇ - ਇਹ ਨਿੱਕਾ ਤੇਜ਼ ਸਾਹ ਉਸ ਦਾ ਥੋੜ੍ਹਾ ਜਿਹਾ ਗਲ਼ ਘੁੱਟ ਕੇ ਬੰਦ ਕਰ ਦੇਵੇਂ, ਜਿਸ ਕਾਰਨ ਉਸ ਦਾ ਸਮਾਂ ਅਤੇ ਪੈਸਾ ਖੋਹਿਆ ਜਾ ਰਿਹਾ ਸੀ । ਪਰ ਫੇਰ ਉਸ ਨੇ ਅਜਿਹਾ ਕਰਨ ਦੇ ਖ਼ਤਰੇ ਬਾਰੇ ਸੋਚਿਆ ਅਤੇ ਉਸ ਦੇ ਮਨ ਵਿੱਚ ਹੋਰ ਖ਼ਿਆਲ ਆਏ, ਇਸ ਲਈ ਉਹ ਉਸ ਦੇ ਬਿਸਤਰੇ ਤੱਕ ਗਈ ਅਤੇ ਉਸ ਨੂੰ ਕਿਹਾ :

:'ਕੀ ਤੁਸੀਂ ਕਦੇ ਸ਼ੈਤਾਨ ਵੇਖਿਆ ਹੈ ?"

ਮਾਂ ਬੌਨਟੈਮਪਸ ਨੇ ਹੌਲ਼ੀ ਜਿਹੀ ਕਿਹਾ ! "ਨਹੀਂ ।"

ਫੇਰ ਤੀਮਾਰਦਾਰੀ ਕਰਨ ਵਾਲੀ ਨਰਸ ਗੱਲਾਂ ਕਰਨ ਲੱਗੀ ਅਤੇ ਅਜਿਹੀਆਂ ਕਹਾਣੀਆਂ ਸੁਣਾਉਣੀਆਂ ਆਰੰਭ ਕੀਤੀਆਂ, ਜਿਨ੍ਹਾਂ ਨਾਲ ਉਸ ਦਾ ਕਮਜ਼ੋਰ ਅਤੇ ਮਰ ਰਿਹਾ ਮਨ ਡਰ ਜਾਵੇ । “ਜਦੋਂ ਕੋਈ ਮਰਦਾ ਹੈ, ਉਸ ਤੋਂ ਕੁਝ ਮਿੰਟ ਪਹਿਲਾਂ ਸਭ ਨੂੰ ਸ਼ੈਤਾਨ ਨਜ਼ਰ ਆਉਂਦਾ ਹੈ," ਉਸ ਨੇ ਕਿਹਾ। ਉਸ ਦੇ ਹੱਥ ਵਿੱਚ ਇਕ ਝਾੜੂ ਹੁੰਦਾ ਹੈ, ਸਿਰ ’ਤੇ ਇਕ ਪਤੀਲਾ ਹੁੰਦਾ ਹੈ ਅਤੇ ਉਹ ਉੱਚੀ ਉੱਚੀ ਚੀਕਾਂ ਮਾਰਦਾ ਹੈ । ਜਦੋਂ ਕੋਈ ਉਸ ਨੂੰ ਵੇਖ ਲਵੇ, ਸਭ ਕੁਝ ਖ਼ਤਮ ਹੋ ਜਾਂਦਾ ਹੈ ਅਤੇ ਉਹ ਵਿਅਕਤੀ ਕੇਵਲ ਕੁਝ ਕੁ ਪਲ਼ ਹੀ ਹੋਰ ਜਿਊਂਦਾ ਰਹਿੰਦਾ ਹੈ । ਅਤੇ ਉਸ ਨੇ ਉਹ ਸਾਰੇ ਗਿਣ ਦਿੱਤੇ, ਜਿਨ੍ਹਾਂ ਨੂੰ ਉਸ ਸਾਲ ਸ਼ੈਤਾਨ ਦਿਸਿਆ ਸੀ। ਜੋਸੇਫਿਨ ਲਾਇਸੇਲ, ਇਉਲੈਲੀ, ਰੈਟੀਅਰ, ਸੋਫ਼ੀ ਪੈਡਾਗਨਾਉ, ਸੈਰਾਫ਼ਿਨ ਗਰਾਸਪੀਡ ।

ਮਾਂ ਬੌਨਟੈਮਪਸ ਜੋ ਮਨ ਕਰਕੇ ਬਹੁਤ ਘਬਰਾ ਗਈ ਸੀ, ਇੱਧਰ ਉੱਧਰ ਹਿਲੀ, ਆਪਣੇ ਹੱਥ ਮਲ਼ੇ ਅਤੇ ਕਮਰੇ ਦੇ ਦੂਜੇ ਸਿਰੇ ਵੱਲ ਵੇਖਣ ਲਈ ਆਪਣਾ ਸਿਰ ਮੋੜਨ ਦਾ ਯਤਨ ਕੀਤਾ।

ਅਚਾਨਕ ਹੀ ਲਾ ਰੇਪੈਟ ਮੰਜੇ ਦੀ ਪੈਂਦ ਵੱਲ ਗਈ। ਉਸ ਨੇ ਅਲਮਾਰੀ ਵਿਚੋਂ ਇਕ ਚਾਦਰ ਲਈ ਅਤੇ ਆਪਣੇ ਆਪ ਨੂੰ ਇਸ ਵਿੱਚ ਲਪੇਟ

ਲਿਆ, ਫੇਰ ਉਸ ਨੇ ਲੋਹੇ ਦਾ ਭਾਂਡਾ ਆਪਣੇ ਸਿਰ ’ਤੇ ਇੰਝ ਰੱਖਿਆ ਕਿ ਇਸ ਦੇ ਤਿੰਨ ਛੋਟੇ ਪੌੜ ਸਿੰਗਾਂ ਦੀ ਤਰ੍ਹਾਂ ਉੱਤੇ ਨੂੰ ਖੜ੍ਹੇ ਸੀ, ਆਪਣੇ ਸੱਜੇ ਹੱਥ ਵਿੱਚ ਇਕ ਝਾੜੂ ਲਿਆ ਅਤੇ ਖੱਬੇ ਹੱਥ ਵਿੱਚ ਇਕ ਲੋਹੇ ਦੀ ਬਾਲਟੀ ਲਈ ਜੋ ਉਸ ਨੇ ਇਕਦਮ ਸੁੱਟ ਦਿੱਤੀ ਤਾਂ ਕਿ ਇਹ ਖੜਾਕ ਨਾਲ ਜ਼ਮੀਨ ’ਤੇ ਡਿੱਗੇ।

ਯਕੀਨਨ ਹੀ ਜਦੋਂ ਇਹ ਥੱਲੇ ਡਿੱਗੀ, ਇਸ ਨਾਲ ਭਿਆਨਕ ਖੜਕਾ ਹੋਇਆ। ਫੇਰ ਕੁਰਸੀ ’ਤੇ ਚੜ੍ਹ ਕੇ ਨਰਸ ਨੇ ਆਪਣੇ ਅੰਗਾਂ ਨੂੰ ਹਿਲਾਉਂਦੇ ਹੋਏ ਅਤੇ ਬਰਤਨ ਜਿਸ ਨਾਲ ਉਸ ਦਾ ਮੂੰਹ ਢਕਿਆ ਹੋਇਆ ਸੀ, ਦੇ ਵਿੱਚ ਤਿਖੀਆਂ ਚੀਕਾਂ ਮਾਰਦੀ ਹੋਈ ਸਾਹਮਣੇ ਹੋ ਗਈ, ਉਸ ਨੇ ਬੁੱਢੀ ਕਿਸਾਨ ਇਸਤਰੀ ਜੋ ਕਿ ਮਰਨ ਕਿਨਾਰੇ ਸੀ, ਨੂੰ ਆਪਣੇ ਝਾੜੂ ਨਾਲ ਡਰਾਇਆ।

ਡਰ ਨਾਲ ਪਾਗ਼ਲਾਂ ਵਾਂਗ ਦਿਸਦੀ ਮਰ ਰਹੀ ਬੁੱਢੀ ਨੇ ਉੱਠਣ ਅਤੇ ਬਚਣ ਲਈ ਦੈਵੀ ਯਤਨ ਕੀਤੇ। ਇੱਥੋਂ ਤੱਕ ਕਿ ਉਸ ਨੇ ਆਪਣੇ ਮੋਢੇ ਅਤੇ ਛਾਤੀ ਵੀ ਬਿਸਤਰੇ ਵਿੱਚੋਂ ਬਾਹਰ ਕੱਢ ਲਈ ਸੀ; ਫੇਰ ਉਹ ਲੰਮਾ ਸਾਹ ਲੈ ਕੇ ਪਿੱਛੇ ਡਿੱਗ ਪਈ। ਸਭ ਕੁਝ ਸਮਾਪਤ ਹੋ ਗਿਆ ਅਤੇ ਲਾ ਰੇਪੈਟ ਨੇ ਸਭ ਚੀਜ਼ਾਂ ਥਾਂ ਸਿਰ ਟਿਕਾ ਦਿੱਤੀਆਂ, ਝਾੜੂ ਅਲਮਾਰੀ ਦੇ ਕੋਲ ਕੋਨੇ ਵਿੱਚ, ਚਾਦਰ ਅਲਮਾਰੀ ਦੇ ਵਿੱਚ, ਬਰਤਨ ਚੁਲ੍ਹੇ ਦੇ ਉੱਤੇ, ਬਾਲਟੀ ਫ਼ਰਸ ’ਤੇ ਅਤੇ ਕੁਰਸੀ ਕੰਧ ਦੇ ਨਾਲ। ਫੇਰ ਪੇਸ਼ਾਵਾਰਾਨਾ ਅੰਦਾਜ਼ ਨਾਲ, ਉਸ ਨੇ ਮੁਰਦਾ ਇਸਤਰੀ ਦੀਆਂ ਮੋਟੀਆਂ ਅੱਖਾਂ ਬੰਦ ਕਰ ਦਿਤੀਆਂ, ਬਿਸਤਰੇ ’ਤੇ ਇਕ ਪਲੇਟ ਰੱਖ ਕੇ ਇਸ ਵਿੱਚ ਕੁਝ ਪਵਿੱਤਰ ਪਾਣੀ ਪਾਇਆ। ਇਸ ਵਿੱਚ ਬਾਕਸ ਲੱਕੜੀ ਦੀ ਇਕ ਟਹਿਣੀ ਡੁਬੋ ਦਿੱਤੀ ਅਤੇ ਗੋਡਣੀਆਂ ਟੇਕ ਕੇ ਉਸ ਨੇ ਮੁਰਦੇ ਲਈ ਹਾਰਦਿਕ ਪ੍ਰਾਰਥਨਾਵਾਂ ਦੁਹਰਾਈਆਂ ਜੋ ਉਸ ਨੂੰ ਵਿਹਾਰਿਕ ਤੌਰ ’ਤੇ ਜ਼ਬਾਨੀ ਯਾਦ ਸਨ।

ਜਦੋਂ ਆਨਰ ਸ਼ਾਮ ਨੂੰ ਵਾਪਸ ਆਇਆ, ਉਸ ਨੇ ਉਸ ਨੂੰ ਪ੍ਰਾਰਥਨਾ ਕਰਦੀ ਵੇਖਿਆ। ਉਸ ਨੇ ਇਕਦਮ ਹਿਸਾਬ ਲਾਇਆ ਕਿ ਉਸ ਨੇ ਉਸ ਤੋਂ ਵੀਹ ਸਾਸ ਕਮਾ ਲਏ ਹਨ, ਕਿਉਂਕਿ ਉਸ ਨੇ ਏਥੋਂ ਤਿੰਨ ਦਿਨ ਅਤੇ ਇਕ ਰਾਤ ਹੀ ਬਿਤਾਈ ਸੀ, ਛੇ ਫਰੈਂਕ ਜਿਹੜੇ ਉਸ ਨੇ ਨਰਸ ਨੂੰ ਦੇਣੇ ਸਨ ਦੀ ਬਜਾਏ ਇਸ ਲਈ ਸਾਰੇ ਪੰਜ ਫਰੈਂਕ ਬਣਦੇ ਸਨ।

# ਇਕ ਖੁਸ਼ਕਿਸਮਤ ਚੋਰ

ਉਹ ਬਾਰਬੀਜ਼ੋਨ ਵਿਖੇ ਹੋਟਲ ਦੇ ਖਾਣੇ ਵਾਲੇ ਕਮਰੇ ਵਿੱਚ ਬੈਠੇ ਹੋਏ ਸਨ ।

"ਮੈਂ ਤੁਹਾਨੂੰ ਦੱਸਦਾ ਹਾਂ, ਤੁਸੀਂ ਇਸ ਦਾ ਵਿਸ਼ਵਾਸ ਨਹੀਂ ਕਰੋਗੇ ।"

"ਖੈਰ, ਦੱਸੋ ਤਾਂ ਸਹੀ ।"

"ਅੱਛਾ ਗੱਲ ਇਸ ਤਰ੍ਹਾਂ ਹੈ । ਪਰ ਪਹਿਲੇ ਮੈਂ ਕਹਾਣੀ ਹਰ ਪੱਖੋਂ ਬਿਲਕੁਲ ਸੱਚੀ ਹੈ; ਭਾਵੇਂ ਇਹ ਤੁਹਾਨੂੰ ਜ਼ਰੂਰ ਦੱਸਣਾ ਹੈ, ਕਿ ਮੇਰੀ ਅਸੰਭਵ ਹੀ ਲੱਗੇ ।" ਅਤੇ ਬਜ਼ੁਰਗ ਕਲਾਕਾਰ ਨੇ ਕਹਾਣੀ ਸੁਨਾਉਣੀ ਸ਼ੁਰੂ ਕੀਤੀ:

"ਉਸ ਰਾਤ ਅਸੀਂ ਸੋਰੀਅਲ ਦੇ ਘਰ ਖਾਣਾ ਖਾਧਾ। ਖਾਣੇ ਤੋਂ ਮੇਰਾ ਮਤਲਬ ਹੈ ਕਿ ਅਸੀਂ ਸਾਰੇ ਕਾਫੀ ਨਸ਼ੇ ਵਿੱਚ ਸੀ। ਅਸੀਂ ਤਿੰਨੋ ਹੀ ਨਸ਼ੇ ਵਿੱਚ ਪਾਗ਼ਲ ਸਾਂ । ਸੋਰੀਅਲ (ਵਿਚਾਰਾ ! ਉਹ ਹੁਣ ਮਰ ਚੁੱਕਾ ਹੈ), ਲੀ-ਪੋਟੀਵਿਨ ਸਮੁੰਦਰੀ ਜਹਾਜ਼ ਦਾ ਪੇਂਟਰ ਅਤੇ ਮੈਂ । ਲੀ-ਪੋਟੀਵਨ ਵੀ ਮਰ ਚੁੱਕਾ ਹੈ।

"ਅਸੀਂ ਸਟੂਡੀਓ ਦੇ ਨਾਲ ਵਾਲੇ ਛੋਟੇ ਕਮਰੇ ਦੇ ਫ਼ਰਸ਼ ਉਤੇ ਲੱਤਾਂ ਪਸਾਰੀ ਪਏ ਸੀ ਅਤੇ ਉਨ੍ਹਾਂ ਸਾਰਿਆਂ ਵਿੱਚੋਂ ਸਿਰਫ਼ ਲੀ-ਪੋਟੀਵਿਨ ਹੀ ਸਮਝਦਾਰ ਸੀ । ਸੋਰੀਅਲ, ਜੋ ਹਮੇਸ਼ਾ ਝੱਲਾ ਹੁੰਦਾ, ਆਪਣੇ ਪੈਰ ਕੁਰਸੀ ’ਤੇ ਰੱਖ ਕੇ ਸਿੱਧਾ ਹੀ ਲੰਬਾ ਪਿਆ ਸੀ, ਉਹ ਯੁੱਧ ਅਤੇ ਸਲਤਨਤ ਦੀਆਂ ਵਰਦੀਆਂ ਬਾਰੇ ਬਹਿਸ ਕਰ ਰਿਹਾ ਸੀ, ਜਦੋਂ ਅਚਾਨਕ ਹੀ ਉਹ ਉੱਠਿਆ, ਵੱਡੀ ਅਲਮਾਰੀ, ਜਿਸ ਵਿੱਚ ਉਸ ਦਾ ਸਮਾਨ ਪਿਆ ਸੀ, ਉਸ ਵਿੱਚੋਂ ਹੁਸਰ ਦੀ ਵਰਦੀ ਕੱਢ ਕੇ ਪਹਿਨੀ । ਫੇਰ ਉਸ ਨੇ ਗਰੇਨੇਡੀਅਰ ਦੀ ਵਰਦੀ ਲਈ ਅਤੇ ਲੀ ਪੋਟੀਵਿਨ ਨੂੰ ਪਾਉਣ ਲਈ ਕਿਹਾ, ਪਰ ਉਸ ਨੇ ਇਤਰਾਜ਼ ਕੀਤਾ, ਇਸ ਲਈ ਅਸੀਂ ਜ਼ਬਰਦਸਤੀ ਉਸ ਨੂੰ ਪੁਆ ਦਿਤੀ। ਇਹ ਉਸ ਦੇ ਲਈ ਇੰਨੀ ਵੱਡੀ ਸੀ ਕਿ ਇਸ ਵਿੱਚ ਉਸ ਦਾ ਸਾਰਾ ਸਰੀਰ ਹੀ ਢਕਿਆ ਗਿਆ। ਮੈਂ ਕਵਚ ਪਾ ਕੇ ਆਪਣੇ ਆਪ ਨੂੰ ਲੜਾਈ ਲਈ ਤਿਆਰ ਕੀਤਾ। ਸਾਡੇ ਤਿਆਰ ਹੋਣ ਤੋਂ ਬਾਅਦ ਸੋਰੀਅਲ ਨੇ ਸਾਨੂੰ ਮੁਸ਼ਕਿਲ ਕੰਮ ਦਾ

ਅਭਿਆਸ ਕਰਵਾਇਆ । ਫਿਰ ਉਸ ਨੇ ਕਿਹਾ। ਜਦ ਤਕ ਅਸੀਂ ਸੈਨਿਕਾਂ ਦੀ ਟੋਲੀ ਦੇ ਤੌਰ ’ਤੇ ਹਾਂ, ਆਓ ਅਸੀਂ ਸੈਨਿਕਾਂ ਵਾਂਗ ਪੀਈਏ।

ਜਾਮ ਦੂਜੀ ਵਾਰੀ ਭਰਿਆ ਗਿਆ । ਅਸੀਂ ਬਹੁਤ ਉੱਚੀ ਆਵਾਜ਼ ਵਿੱਚ ਪੁਰਾਣਾ ਕੈਂਪ ਦਾ ਗੀਤ ਗਾ ਰਹੇ ਸਾਂ, ਜਦੋਂਕਿ ਲੀ-ਪੋਟੀਵਿਨ ਨੇ ਜੋ ਜਾਮ ਪੀਣ ਦੇ ਬਾਵਜੂਦ ਵੀ ਕੰਟਰੋਲ ਵਿੱਚ ਸੀ, ਆਪਣਾ ਹੱਥ ਚੁੱਕਿਆ ਅਤੇ ਕਿਹਾ 'ਸ਼ੀ ! ਮੈਨੂੰ ਵਿਸ਼ਵਾਸ ਹੈ ਕਿ ਮੈਂ ਸਟੂਡੀਓ ਵਿੱਚ ਕਿਸੇ ਦੇ ਪੈਰ-ਚਾਲ ਦੀ ਆਵਾਜ਼ ਸੁਣੀ ਹੈ। "ਇਕ ਚੋਰ । ਸੋਰੀਅਲ ਨੇ ਲੜਖੜਾਉਂਦਿਆਂ ਕਿਹਾ 'ਸ਼ੁਭ ਕਾਮਨਾ' ਅਤੇ ਉਸ ਨੇ ਫਰਾਂਸ ਦਾ ਇਨਕਲਾਬੀ ਗੀਤ ਗਾਉਣਾ ਸ਼ੁਰੂ ਕੀਤਾ ।

"ਸਭ ਨੂੰ ਹਥਿਆਰਬੰਦ ਕਰੋ !"

"ਫਿਰ ਉਸ ਨੇ ਦੀਵਾਰ ਤੋਂ ਬਹੁਤ ਸਾਰੇ ਹਥਿਆਰ ਉਤਾਰੇ ਅਤੇ ਸਾਡੀਆਂ ਵਰਦੀਆਂ ਦੇ ਮੁਤਾਬਕ ਸਾਨੂੰ ਦਿੱਤੇ । ਮੈਨੂੰ ਪੁਰਾਣੇ ਸਮੇਂ ਦੀ ਦਸਤੀ ਬੰਦੂਕ ਅਤੇ ਤਲਵਾਰ ਮਿਲੀ। ਲੀ-ਪੋਟੀਵਿਨ ਨੂੰ ਸੰਗੀਨ ਵਾਲੀ ਵੱਡੀ ਬੰਦੂਕ ਦਿੱਤੀ ਗਈ ਸੀ । ਸੋਰੀਅਲ ਨੂੰ ਉਹ ਆਪਣੀ ਪਸੰਦ ਦੀ ਚੀਜ਼ ਨਾ ਮਿਲਣ ਕਰਕੇ ਉਸ ਨੇ ਪਸਤੌਲ ਚੁੱਕ ਕੇ ਆਪਣੀ ਪੇਟੀ ਵਿੱਚ ਲਾਇਆ ਤੇ ਹੱਥ ਵਿੱਚ ਲੜਾਈ ਵਾਲੀ ਕੁਹਾੜੀ ਘੁੰਮਾਉਂਦਿਆਂ, ਉਸ ਨੇ ਬੜੇ ਧਿਆਨ ਨਾਲ ਸਟੂਡੀਓ ਦਾ ਦਰਵਾਜ਼ਾ ਖੋਲ੍ਹਿਆ । ਫ਼ੌਜ ਅੱਗੇ ਵਧੀ। ਕਮਰੇ ਦੇ ਅੱਧ ਵਿੱਚ ਪਹੁੰਚ ਕੇ ਸੋਰੀਅਲ ਨੇ ਕਿਹਾ :

"ਮੈਂ ਜਨਰਲ ਹਾਂ। ਤੁਹਾਡੇ ਕੋਲ (ਮੇਰੇ ਵੱਲ ਇਸ਼ਾਰਾ ਕਰਦੇ ਹੋਏ) ਕਵਚ ਹੈ ਤੇ ਤੁਸੀਂ ਦੁਸ਼ਮਣ ਨੂੰ ਪਿੱਛੇ ਜਾਣ ਤੋਂ ਰੋਕਣਾ ਹੋਵੇਗਾ-ਇਸ ਤਰ੍ਹਾਂ ਦਰਵਾਜ਼ਾ ਬੰਦ ਕਰ ਦਿਓ। ਤੂੰ (ਲੀ-ਪੋਟੀਵਿਨ ਵੱਲ ਇਸ਼ਾਰਾ ਕਰਦੇ ਹੋਏ) ਗਰੀਨੈਡੀਅਰ ਮੇਰਾ ਬਾਡੀਗਾਰਡ ਹੋਵੇਗਾ ।

"ਮੈਂ ਹੁਕਮ ਦੀ ਪਾਲਣਾ ਕੀਤੀ ਅਤੇ ਸੈਨਿਕਾਂ ਦੀ ਟੋਲੀ ਵਿੱਚ ਸ਼ਾਮਿਲ ਹੋ ਗਿਆ, ਜਿਹੜੇ ਕਿ ਵੱਡੇ ਪਰਦੇ ਪਿੱਛੇ ਜਾਇਜ਼ਾ ਲੈ ਰਹੇ ਸਨ । ਜਿਉਂ ਹੀ ਮੈਂ ਪਹੁੰਚਿਆ, ਮੈਂ ਬਹੁਤ ਰੌਲ਼ਾ ਸੁਣਿਆ। ਮੈਂ ਮੋਮਬੱਤੀ ਲੈ ਕੇ ਕਾਹਲ਼ੀ ਨਾਲ ਇਸ ਦਾ ਕਾਰਨ ਲੱਭਣ ਜਾਂ ਪਤਾ ਲਾਉਣ ਲਈ ਗਿਆ ਅਤੇ ਉੱਥੇ ਜਾ ਕੇ ਮੈਂ ਇਹ ਦੇਖਿਆ। ਲੀ-ਪੋਟੀਵਿਨ ਬੁੱਤ ਦੀ ਛਾਤੀ ਵਿੱਚ ਤੇਜ਼ੀ ਨਾਲ ਬੈਨਟ ਖੋਭ ਰਿਹਾ ਸੀ ਅਤੇ ਸੋਰੀਅਲ ਉਸ ਦੇ ਸਿਰ ਵਿੱਚ ਕੁਹਾੜੀਆਂ ਮਾਰ ਰਿਹਾ ਸੀ। ਜਦੋਂ ਗ਼ਲਤੀ ਲੱਭ ਗਈ ਤਾਂ ਜਨਰਲ ਨੇ ਹੁਕਮ ਦਿੱਤਾ “ਸਾਵਧਾਨ ਹੋ ਜਾਓ ।”

"ਅਸੀਂ ਸਟੂਡੀਓ ਦਾ ਕੋਨਾ ਕੋਨਾ ਵੀਹ ਮਿੰਟਾਂ ਤੱਕ ਛਾਣਦੇ ਰਹੇ ਪਰ ਕੁਝ ਨਾ ਮਿਲਿਆ। ਲੀ-ਪੋਟੀਵਿਨ ਨੇ ਸੋਚਿਆ ਕਿ ਉਹ ਅਲਮਾਰੀ ਵਿੱਚ ਦੇਖੇਗਾ । ਇਹ ਕਾਫੀ ਡੂੰਘੀ ਅਤੇ ਹਨੇਰੀ ਸੀ, ਮੈਂ ਮੋਮਬੱਤੀ ਨਾਲ ਅਲਮਾਰੀ ਵੇਖੀ। ਮੈਂ ਸੁੰਨ ਹੋ ਕੇ ਵਾਪਸ ਆ ਗਿਆ। ਇਕ ਆਦਮੀ, ਅਸਲ ਵਿੱਚ ਜ਼ਿੰਦਾ ਆਦਮੀ ਇਸ ਵਾਰ ਮੇਰੇ ਵੱਲ ਖੜ੍ਹਾ ਦੇਖ ਰਿਹਾ ਸੀ । ਮੈਂ ਛੇਤੀ ਹੀ ਆਪਣੇ ਆਪ ਨੂੰ ਸੰਭਾਲਿਆ ਅਤੇ ਕਿਸੇ ਤਰ੍ਹਾਂ ਅਲਮਾਰੀ ਦਾ ਦਰਵਾਜ਼ਾ ਬੰਦ ਕਰ ਦਿਤਾ ।

ਫਿਰ ਅਸੀਂ ਕੁਝ ਕਦਮ ਸਲਾਹ-ਮਸ਼ਵਰਾ ਕਰਨ ਲਈ ਚੱਲੇ ।

ਸਭ ਦੀ ਰਾਇ ਵੱਖੋ ਵੱਖਰੀ ਸੀ । ਸੋਰੀਅਲ ਉਸ ਚੋਰ ਧੂੰਏ ਨੂੰ ਬਾਹਰ ਕੱਢ ਦੇਣਾ ਚਾਹੁੰਦਾ ਸੀ। ਲੀ-ਪੋਟੀਵਨ ਦੀ ਰਾਇ ਸੀ ਕਿ ਉਸ ਨੂੰ ਭੁੱਖਾ ਰੱਖਿਆ ਜਾਵੇ ਅਤੇ ਮੈਂ ਉਸ ਨੂੰ ਬਾਰੂਦ ਨਾਲ ਉਡਾਉਣ ਦੀ ਸਲਾਹ ਦਿਤੀ । ਲੀ-ਪੋਟੀਵਿਨ ਦਾ ਵਿਚਾਰ ਆਖ਼ਿਰ ਵਿੱਚ ਚੰਗਾ ਸਮਝ ਕੇ ਮੰਨ ਲਿਆ ਗਿਆ, ਅਸੀਂ ਜਾਮ ’ਤੇ ਹੁੱਕਾ ਲੈਣ ਲਈ ਸਟੂਡੀਓ ਵਿੱਚ ਗਏ ਜਦੋਂ ਲੀ-ਪੋਟੀਵਿਨ ਮੋਢੇ ’ਤੇ ਵੱਡੀ ਬੰਦੂਕ ਤਾਣ ਕੇ ਖੜ੍ਹ ਗਿਆ ਅਤੇ ਅਸੀਂ ਅਲਮਾਰੀ ਦੇ ਸਾਹਮਣੇ ਖੜ੍ਹ ਕੇ ਕੈਦੀ ਦੀ ਸਿਹਤ ਦੇ ਜਾਮ ਪੀਤੇ । ਅਸੀਂ ਜਾਮ ਤੋਂ ਜਾਮ ਪੀਂਦੇ ਗਏ । ਸੋਰੀਅਲ ਨੇ ਸਲਾਹ ਦਿੱਤੀ ਕਿ ਅਸੀਂ ਕੈਦੀ ਨੂੰ ਬਾਹਰ ਕੱਢੀਏ ਤੇ ਉਸ ਨੂੰ ਦੇਖੀਏ ।

"ਸ਼ਾਬਾਸ਼ ! ਮੈਂ ਚੀਕਿਆ । ਅਸੀਂ ਆਪਣੇ ਹਥਿਆਰ ਚੁੱਕ ਲਏ ਅਤੇ ਭਾਂਡਿਆਂ ਦੀ ਅਲਮਾਰੀ ਦੇ ਦਰਵਾਜ਼ੇ ਵੱਲ ਸਾਰੇ ਇਕੱਠੇ ਹੋ ਗਏ । ਆਖ਼ਰਕਾਰ ਇਸ ਨੂੰ ਖੋਲ੍ਹਿਆ ਗਿਆ ਅਤੇ ਸੋਰੀਅਲ ਪਿਸਤੌਲ ਦਾ ਘੋੜਾ ਖਿੱਚਦਿਆਂ ਜਿਸ ਵਿੱਚ ਗੋਲੀਆਂ ਨਹੀਂ ਸਨ, ਸਭ ਤੋਂ ਅੱਗੇ ਗਿਆ। ਲੀ-ਪੋਟੀਵਿਨ ਅਤੇ ਮੈਂ ਪਾਗ਼ਲਾਂ ਵਾਂਗ ਪਿੱਛੇ ਭੱਜਦੇ ਗਏ ਅਤੇ ਪਾਗ਼ਲਾਂ ਵਾਂਗ ਹਨੇਰੇ ਵਿੱਚ ਹੱਥ ਪੈਰ ਮਾਰ ਕੇ ਅਸੀਂ ਆਖ਼ਰਕਾਰ ਚੋਰ ਨੂੰ ਬਾਹਰ ਕੱਢ ਲਿਆਏ । ਉਹ ਥੱਕਿਆ- ਹਾਰਿਆ, ਚਿੱਟੇ ਵਾਲ਼ਾਂ ਵਾਲਾ ਬੁੱਢਾ ਮੈਲ਼ਾ ਕੁਚੈਲਾ ਤੇ ਫੱਟੇ ਹੋਏ ਕੱਪੜਿਆਂ ਵਾਲਾ ਸੀ । ਅਸੀਂ ਉਸ ਦੇ ਹੱਥ ਪੈਰ ਬੰਨ੍ਹ ਦਿੱਤੇ ਅਤੇ ਆਰਾਮ ਕੁਰਸੀ ’ਤੇ ਉਸ ਨੂੰ ਸੁੱਟ ਦਿੱਤਾ। ਉਸ ਨੇ ਕੁਝ ਨਹੀਂ ਕਿਹਾ ।

"ਅਸੀਂ ਇਸ ਨੀਚ ’ਤੇ ਮੁਕੱਦਮਾ ਚਲਾਵਾਂਗੇ । ਸੋਰੀਅਲ ਨੇ ਕਿਹਾ, ਜਿਸ ਨੂੰ ਕਿ ਜਾਮ ਨੇ ਸੰਜੀਦਾ ਬਣਾ ਦਿਤਾ ਸੀ । ਮੈਂ ਇੰਨਾ ਸੋਚਿਆ ਕਿ ਇਹ ਮੈਨੂੰ ਬਿਲਕੁਲ ਇਕ ਸੁਭਾਵਿਕ ਗੱਲ ਹੀ ਲੱਗਦੀ ਸੀ । ਲੀ-ਪੋਟੀਵਿਨ ਦਾ ਨਾਮ ਬਚਾਓ

ਦੇ ਵਸੀਲੇ ਲਈ ਚੁਣਿਆ ਸੀ ਅਤੇ ਮੇਰਾ ਪ੍ਰਾਸੀਕਿਊਟਰ ਲਈ । ਕੈਦੀ ਨੂੰ ਉਸ ਦੇ ਵਕੀਲ ਤੋਂ ਸਿਵਾ ਸਾਰਿਆਂ ਦੁਆਰਾ ਮੌਤ ਦੀ ਸਜ਼ਾ ਦਿੱਤੀ ਗਈ।

"ਅਸੀਂ ਉਸ ਨੂੰ ਫਾਹੇ ਲਾਵਾਂਗੇ । ਸੋਰੀਅਲ ਨੇ ਕਿਹਾ 'ਫੇਰ ਵੀ ਇਸ ਆਦਮੀ ਨੂੰ ਪਛਤਾਉਣਾ ਪਵੇਗਾ । ਉਸ ਨੇ ਕੁਝ ਸੂਖਮਦਰਸ਼ੀ ਬਣਦੇ ਕਿਹਾ "ਅਸੀਂ ਪਾਦਰੀ ਨੂੰ ਬੁਲਾ ਭੇਜੀਏ ।"

"ਮੈਂ ਇਸ ਗੱਲ ਦੀ ਵਿਰੋਧਤਾ ਕੀਤੀ ਕਿ ਬਹੁਤ ਦੇਰ ਹੋ ਚੁੱਕੀ ਹੈ, ਤਾਂ ਉਸ ਨੇ ਸਲਾਹ ਦਿੱਤੀ ਕਿ ਮੈਂ ਪਾਦਰੀ ਦਾ ਕੰਮ ਕਰਾਂ ਅਤੇ ਕੈਦੀ ਨੂੰ ਆਪਣੇ ਗੁਨਾਹ ਮੇਰੇ ਸਾਹਮਣੇ ਮੰਨਣ ਲਈ ਕਿਹਾ । ਬੁੱਢਾ ਆਦਮੀ ਡਰਿਆ ਪਿਆ ਸੀ । ਉਹ ਹੈਰਾਨ ਸੀ ਕਿ ਅਸੀਂ ਕਿੰਨੇ (ਨੀਚ) ਹਾਂ ਅਤੇ ਪਹਿਲੀ ਵਾਰੀ ਉਹ ਬੋਲਿਆ, ਉਸ ਦੀ ਆਵਾਜ਼ ਮੱਧਮ ਅਤੇ ਭਰੜਾਈ ਹੋਈ ਸੀ ।

"ਕਹੋ ਤੁਹਾਡਾ ਇਹ ਭਾਵ ਨਹੀਂ ਕਿ ਠੀਕ ਹੈ ?

"ਸੋਰੀਅਲ ਨੇ ਉਸ ਨੂੰ ਗੋਡਿਆਂ ਭਾਰ ਹੋਣ ਲਈ ਮਜਬੂਰ ਕੀਤਾ ਅਤੇ ਡਰ ਕਾਰਨ ਉਸ ਦਾ ਬਪਤਿਸਮਾ ਨਾ ਕੀਤਾ ਗਿਆ । ਜਾਮ ਦਾ ਗਲਾਸ ਉਸ ਦੇ ਸਿਰ ’ਤੇ ਡੋਲਦਿਆਂ ਕਿਹਾ-

"ਆਪਣੇ ਗੁਨਾਹ ਮੰਨ ਲੈ; ਤੇਰਾ ਆਖ਼ਰੀ ਸਮਾਂ ਆ ਗਿਆ ਹੈ।"

"ਬਹੁੜੋ ਕੋਈ । ਬੁੱਢਾ ਆਦਮੀ ਫ਼ਰਸ਼ ’ਤੇ ਰੁੜ੍ਹਦਾ ਚੀਕਿਆ ਅਤੇ ਉਹ ਰਸਤੇ ਵਿੱਚ ਆਉਂਦੀ ਹਰ ਚੀਜ਼ ਨੂੰ ਠੁੱਡੇ ਮਾਰ ਰਿਹਾ ਸੀ; ਅਸੀਂ ਡਰ ਦੇ ਮਾਰਿਆ ਕਿ ਕਿਤੇ ਉਹ ਗੁਆਂਢੀਆਂ ਨੂੰ ਨਾ ਜਗਾ ਦੇਵੇ । ਉਸ ਦੇ ਮੂੰਹ ਤੇ ਕੱਪੜਾ ਬੰਨ੍ਹ ਦਿਤਾ । "ਆਉ ਅਸੀਂ ਇਸ ਨੂੰ ਖ਼ਤਮ ਕਰੀਏ ।" ਸੋਰੀਅਲ ਨੇ ਬੇਸਬਰੀ ਨਾਲ ਕਿਹਾ। ਉਸ ਨੇ ਆਪਣੇ ਪਿਸਤੌਲ ਦਾ ਨਿਸ਼ਾਨਾ ਬੁੱਢੇ ਵੱਲ ਕੀਤਾ ਅਤੇ ਘੋੜਾ ਦਬਾਇਆ। ਮੈਂ ਵੀ ਉਸੇ ਤਰ੍ਹਾਂ ਹੀ ਕੀਤਾ ਪਰ ਕਿਸੇ ਦੀ ਬੰਦੂਕ ਵੀ ਭਰੀ ਨਾ ਹੋਣ ਕਾਰਣ ਕੋਈ ਆਵਾਜ਼ ਨਾ ਆਈ । ਲੀ-ਪੋਟੀਵਿਨ, ਜੋ ਸਭ ਕੁਝ ਦੇਖ ਰਿਹਾ ਸੀ, ਬੋਲਿਆ :

"ਕੀ ਸੱਚਮੁਚ ਸਾਨੂੰ ਇਸ ਆਦਮੀ ਨੂੰ ਮਾਰਨ ਦਾ ਅਧਿਕਾਰ ਹੈ ?"

"ਅਸੀਂ ਉਸ ਨੂੰ ਮੌਤ ਦੀ ਸਜ਼ਾ ਦੇ ਚੁੱਕੇ ਹਾਂ ।" ਸੋਰੀਅਲ ਨੇ ਕਿਹਾ।

"ਠੀਕ ਹੈ, ਪਰ ਸਾਨੂੰ ਕਿਸੇ ਸ਼ਹਿਰੀ ਨੂੰ ਗੋਲੀ ਮਾਰਨ ਦਾ ਕੋਈ ਅਧਿਕਾਰ ਨਹੀਂ ਆਓ ਅਸੀਂ ਉਸ ਨੂੰ ਥਾਣੇ ਲੈ ਚੱਲੀਏ ।"

"ਅਸੀਂ ਉਸ ਨਾਲ ਸਹਿਮਤ ਹੋ ਗਏ ਅਤੇ ਸਕਦਾ, ਕਿਉਂਕਿ ਬੁਢਾ ਆਦਮੀ ਤੁਰ ਨਹੀਂ ਸੀ, ਅਸੀਂ ਉਸ ਨੂੰ ਫਟੇ ਨਾਲ ਬੰਨ੍ਹ ਦਿਤਾ ਅਤੇ ਲੀ-ਪੋਟੀਵਨ ਅਤੇ ਮੈਂ ਉਸ ਨੂੰ ਲੈ ਗਏ ਜਦੋਂ ਕਿ ਸੋਰੀਅਲ ਨੇ ਪਿਛਵਾੜੇ ਤੋਂ ਉਸ ਦਾ ਧਿਆਨ ਰੱਖਿਆ । ਅਸੀਂ ਥਾਣੇ ਪਹੁੰਚ ਗਏ । ਥਾਣੇਦਾਰ ਜੋ ਸਾਨੂੰ ਜਾਣਦਾ ਸੀ, ਅਤੇ ਉਹ ਸਾਡੇ ਮਖੌਲੀਆ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂੰ ਸੀ, ਨੇ ਸੋਚਿਆ ਕਿ ਇਹ ਇਕ ਚੁਹਲ ਸੀ ਅਤੇ ਉਸ ਨੇ ਹੱਸਦੇ ਹੱਸਦੇ ਕੈਦੀ ਨੂੰ ਅੰਦਰ ਰੱਖਣ ਤੋਂ ਨਾਂਹ ਕਰ ਦਿੱਤੀ । ਸੋਰੀਅਲ ਨੇ ਫਿਰ ਜ਼ੋਰ ਲਾਇਆ ਪਰ ਉਸ ਨੇ ਸਾਨੂੰ ਕਿਹਾ ਕਿ ਹਾਸਾ- ਮਖੌਲ ਛੱਡ ਕੇ ਚੁੱਪ ਚਾਪ ਘਰ ਚਲੇ ਜਾਓ । ਉਸ ਨੂੰ ਸੋਰੀਅਲ ਦੇ ਘਰ ਲਿਜਾਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

"ਅਸੀਂ ਹੁਣ ਉਸ ਨਾਲ ਕੀ ਵਰਤਾਓ ਕਰਾਂਗੇ ?" ਮੈਂ ਪੁੱਛਿਆ ।

"ਵਿਚਾਰਾ ਬੁੱਢਾ ਥੱਕ ਗਿਆ ਹੋਵੇਗਾ, ਲੀ-ਪੋਟੀਵਿਨ ਨੇ ਹਮਦਰਦੀ ਨਾਲ ਕਿਹਾ !

"ਉਹ ਅੱਧ-ਮਰਿਆ ਲੱਗਦਾ ਸੀ, ਮੈਨੂੰ ਉਸ 'ਤੇ ਤਰਸ ਆਇਆ (ਇਸ ਵਿੱਚ ਕੋਈ ਸ਼ੱਕ ਨਹੀਂ ਅਤੇ ਮੈਂ ਉਸ ਦੇ ਮੂੰਹ ਤੋਂ ਬੰਨ੍ਹਿਆ ਕੱਪੜਾ ਖੋਲ੍ਹ ਦਿਤਾ।

"ਕਿਉਂ ਬਜ਼ੁਰਗਾ ਕੀ ਹਾਲ ਹੈ ਤੇਰਾ ? ਮੈਂ ਪੁੱਛਿਆ ।

"ਸੌਂਹ ਖਾ ਕੇ ਕਹਿੰਦਾ ਹਾਂ ਕਿ ਮੇਰੇ ਨਾਲ ਬਥੇਰੀ ਹੋ ਗਈ ਹੈ," ਉਸ ਨੇ ਹਉਕਾ ਭਰਿਆ।

"ਤਦ ਸੋਰੀਅਲ ਉਸ ਨਾਲ ਨਰਮ ਹੋ ਗਿਆ। ਉਸ ਨੇ ਉਸ ਨੂੰ ਛੱਡ ਦਿੱਤਾ ਅਤੇ ਉਸ ਨਾਲ ਚਿਰ-ਵਿਛੜੇ ਦੋਸਤ ਵਾਂਗ ਸਲੂਕ ਕੀਤਾ । ਅਸੀਂ ਤਿੰਨਾਂ ਨੇ ਛੇਤੀ ਹੀ ਤਾਜ਼ਾ ਜਾਮ ਦਾ ਪਿਆਲਾ ਕੱਢ ਕੇ ਭਰਿਆ। ਕੈਦੀ ਨੂੰ ਗਲਾਸ ਭਰ ਕੇ ਦਿੱਤਾ ਜਿਹੜਾ ਬਿਨਾਂ ਝਿਜਕ ਦੇ ਡੀਕ ਲਾ ਕੇ ਪੀ ਗਿਆ । ਫਿਰ ਟੈਸਟ ਲਿਆਂਦੇ ਗਏ। ਬੁੱਢਾ ਆਦਮੀ ਸਾਡੇ ਤਿੰਨਾਂ ਨਾਲੋਂ ਜ਼ਿਆਦਾ ਪੀ ਸਕਦਾ ਸੀ; ਪਰ ਜਿਉਂ ਹੀ ਦਿਨ ਚੜ੍ਹਿਆ, ਉਹ ਉੱਠਿਆ ਅਤੇ ਸ਼ਾਂਤ ਸੁਭਾਅ ਬੋਲਿਆ; ਮੈਨੂੰ ਜਾਣ ਦੀ ਆਗਿਆ ਦਿਓ, ਮੈਨੂੰ ਹੁਣ ਜ਼ਰੂਰ ਘਰ ਜਾਣਾ ਚਾਹੀਦਾ ਹੈ ।"

"ਅਸੀਂ ਉਸ ਨੂੰ ਨਾ ਜਾਣ ਲਈ ਬੇਨਤੀ ਕੀਤੀ ਪਰ ਉਸ ਨੇ ਹੋਰ ਜ਼ਿਆਦਾ ਠਹਿਰਣ ਤੋਂ ਨਾਂਹ ਕਰ ਦਿੱਤੀ । ਅਸੀਂ ਪਛਤਾ ਰਹੇ ਸਾਂ ਅਤੇ ਉਸ ਨੂੰ ਦਰਵਾਜ਼ੇ ਤੱਕ ਲੈ ਗਏ, ਜਦੋਂਕਿ ਸੋਰੀਅਲ ਨੇ ਮੋਮਬੱਤੀ ਉਸ ਦੇ ਸਿਰ ਤੋਂ ਉੱਚੀ ਚੁਕਦਿਆਂ ਕਿਹਾ: "ਆਖ਼ਰੀ ਪੌੜੀ ਦੇਖ ਲਓ ।"

# ਚੰਨ ਚਾਨਣੀ

ਮੈਡਮ ਜੂਲੀ ਰੋਬਰੇ ਆਪਣੀ ਵੱਡੀ ਭੈਣ ਮੈਡਮ ਹੈਨਰੀਟੇ ਲੀਟਰ ਦੀ ਇੰਤਜ਼ਾਰ ਕਰ ਰਹੀ ਸੀ, ਜੋ ਹੁਣੇ ਹੁਣੇ ਸਵਿਟਜ਼ਰਲੈਂਡ ਤੋਂ ਮੁੜ ਕੇ ਆਈ ਸੀ । ਲੀਟਰ ਪਰਿਵਾਰ ਲਗਭਗ ਪੰਜ ਹਫ਼ਤੇ ਪਹਿਲਾਂ ਨਗਰ ਛੱਡ ਚੁੱਕਾ ਸੀ। ਮੈਡਮ ਹੈਨਰੀਟੇ ਨੇ ਆਪਣੇ ਪਤੀ ਨੂੰ ਆਪਣੀ ਸਟੇਟ ਕਾਲਵਾਡੋਸ ਵਿੱਚ ਜਿੱਥੇ ਕਿ ਕੁਝ ਕੰਮਾਂ ਵਿੱਚ ਉਸ ਦੀ ਹਾਜ਼ਰੀ ਸੀ, ਜਾਣ ਦੀ ਆਗਿਆ ਦੇ ਦਿੱਤੀ ਅਤੇ ਆਪਣੀ ਭੈਣ ਦੇ ਨਾਲ ਕੁਝ ਦਿਨ ਕੱਟਣ ਲਈ ਪੈਰਿਸ ਆਈ । ਰਾਤ ਪੈ ਗਈ । ਮੈਡਮ ਰੋਬਰੇ ਆਪਣੀ ਇਕਲੀ ਬੈਠਕ ਵਿੱਚ ਬੇਸੁਧ ਜਿਹੀ ਬੈਠੀ ਹੋਈ ਪੜ੍ਹ ਰਹੀ ਸੀ, ਜਦੋਂ ਵੀ ਕੋਈ ਆਵਾਜ ਆਉਂਦੀ, ਉਹ ਆਪਣੀਆਂ ਅੱਖਾਂ ਉੱਪਰ ਚੁੱਕਦੀ ।

ਅੰਤ ਵਿੱਚ ਉਸ ਨੂੰ ਦਰਵਾਜ਼ੇ 'ਤੇ ਵੱਜਦੀ ਘੰਟੀ ਦੀ ਆਵਾਜ਼ ਸੁਣਾਈ ਦਿੱਤੀ ਅਤੇ ਸਫਰੀ- ਗਾਊਨ ਪਹਿਨੀ ਉਸ ਦੀ ਭੈਣ ਆਈ ਅਤੇ ਬਿਨਾਂ ਕਿਸੇ ਵਿਖਾਵੇ ਦੇ ਉਨ੍ਹਾਂ ਨੇ ਇਕ ਦੂਜੇ ਨੂੰ ਖਿੱਚ ਕੇ ਗਲ਼ ਨਾਲ ਲਾ ਲਿਆ ਅਤੇ ਤਦ ਉਹ ਇਕ ਦੂਜੇ ਦੇ ਪਿਆਰ ਲੈਣ ਲੱਗੀਆਂ । ਤਦ ਉਹ ਇਕ ਦੂਜੇ ਦੀ ਸਿਹਤ, ਪਰਿਵਾਰਕ ਜੀਵਨ ਅਤੇ ਹਜ਼ਾਰਾਂ ਹੀ ਵਿਸ਼ਿਆਂ ਵਿਚੋਂ ਦੀ ਛੋਟੀ ਛੋਟੀ ਟੁੱਟੇ ਫੁੱਟੇ ਵਾਕਾਂ ਵਿੱਚ ਗੱਲਾਂ ਕਰਦੀਆਂ ਲੰਘ ਗਈਆਂ ਅਤੇ ਮੈਡਮ ਹੈਨਰੀਟੇ ਨੇ ਆਪਣਾ ਪਰਦਾ ਅਤੇ ਟੋਪ ਲਾਹ ਦਿੱਤਾ ।

ਹੁਣ ਖਾਸਾ ਹਨੇਰਾ ਹੋ ਚੁੱਕਾ ਸੀ । ਮੈਡਮ ਰੋਬਰੇ ਨੇ ਨੌਕਰਾਣੀ ਤੋਂ ਇਕ ਲੈਂਪ ਮੰਗਵਾਇਆ ਅਤੇ ਜਿਉਂ ਹੀ ਉਹ ਲੈਂਪ ਆਇਆ, ਉਸ ਨੇ ਆਪਣੀ ਭੈਣ ਵੱਲ ਕੋਇਆਂ ਵਿੱਚ ਦੀ ਵੇਖਿਆ, ਉਹ ਇਕ ਵਾਰ ਫਿਰ ਉਸ ਦਾ ਪਿਆਰ ਲੈਣ ਵਾਲੀ ਸੀ। ਪਰੰਤੂ ਆਪਣੀ ਭੈਣ ਦੇ ਚਿਹਰੇ ਨੂੰ ਦੇਖ ਕੇ ਹੈਰਾਨ ਹੋ ਕੇ ਅਤੇ ਚੌਂਕ ਕੇ ਰੁੱਕ ਗਈ। ਮੈਡਮ ਲੋਟਰੈ ਦੇ ਮੱਥੇ 'ਤੇ ਸਫ਼ੈਦ ਵਾਲ਼ਾਂ ਦੀਆਂ ਦੋ ਲਿਟਾਂ ਸਨ, ਬਾਕੀ ਉਸ ਦੇ ਸਾਰੇ ਵਾਲ਼ ਘੁੰਗਰਾਲੇ ਕਾਲੇ ਅਤੇ ਸੰਘਣੇ ਸਨ । ਪਰ ਉਸ ਦੇ ਸਿਰ ਦੇ ਕੇਵਲ ਦੋਵੇਂ ਪਾਸੇ ਵਾਲ਼ਾਂ ਦੀਆਂ ਦੋ ਕਤਾਰਾਂ ਸਨ ਜੋ ਸਿਰ ਤੋਂ ਜਾ ਕੇ ਕਾਲੇ ਵਾਲ਼ਾਂ ਵਿੱਚ ਖੋ ਜਾਂਦੀਆਂ ਸਨ । ਉਸ ਦੀ ਉਮਰ ਕੇਵਲ ਚੌਵੀ ਸਾਲ ਦੀ ਹੀ ਸੀ ਅਤੇ ਇਕਦਮ ਇਹ ਪਰਿਵਰਤਨ ਉਸ ਵਿੱਚ ਸਵਿਟਜ਼ਰਲੈਂਡ ਜਾਣ ਦੇ ਮੌਕੇ ਤੋਂ ਹੀ ਹੋਇਆ ਸੀ ।

ਬਿਨਾਂ ਹਿਲੇ ਜੁਲੇ ਮੈਡਮ ਰੋਬਰੇ ਉਸ ਵੱਲ ਹੰਝੂ ਭਰੀਆਂ ਅੱਖਾਂ ਨਾਲ ਹੈਰਾਨੀ ਨਾਲ ਦੇਖਦੀ ਰਹੀ ਕਿਉਂਕਿ ਉਹ ਕਿਸੇ ਰਹੱਸਵਾਲੀ ਅਤੇ ਭਿਆਨਕ ਬਿਪਤਾ ਵਿੱਚ ਫ਼ਸੀ ਹੋਈ ਸੀ ਉਸ ਨੇ ਉਸ ਤੋਂ ਪੁੱਛਿਆ :

“ਹੈਨਰੀਟੇ, ਤੈਨੂੰ ਕੀ ਹੋ ਗਿਆ ਹੈ ?"

ਇਕ ਗ਼ਰੀਬੜੀ ਜਿਹੀ ਮੁਸਕਾਨ ਨਾਲ, ਮੁਸਕਾਨ ਜੋ ਟੁੱਟੇ ਹੋਏ ਦਿਲ ਦੇ ਮੂੰਹ ’ਤੇ ਹੁੰਦੀ ਹੈ, ਉਸ ਨੇ ਉੱਤਰ ਦਿੱਤਾ :-

"ਕਿਉਂ ਕੀ ਗੱਲ ? ਮੈਂ ਭਰੋਸਾ ਦਿਵਾਉਂਦੀ ਹਾਂ ਕਿ ਕੋਈ ਗੱਲ ਨਹੀਂ ਹੈ । ਕੀ ਤੂੰ ਮੇਰੇ ਸਫ਼ੈਦ ਵਾਲ਼ਾਂ ਨੂੰ ਦੇਖ ਰਹੀ ਸੀ ?"

ਪਰ ਮੈਡਮ ਰੋਬਰੇ ਨੇ ਤੇਜ਼ੀ ਨਾਲ ਉਸ ਦੇ ਮੋਢੇ ਫੜ ਲਏ ਅਤੇ ਉਸ ਵੱਲ ਖੋਜ ਭਰੀ ਨਜ਼ਰ ਨਾਲ ਦੇਖਦੇ ਹੋਏ ਦੁਹਰਾਇਆ :

"ਤੈਨੂੰ ਕੀ ਹੋ ਗਿਆ ਹੈ? ਮੈਨੂੰ ਦੱਸ ਨਾ, ਤੈਨੂੰ ਕੀ ਹੋ ਗਿਆ ਹੈ ? ਅਤੇ ਜੇ ਤੂੰ ਮੇਰੇ ਨਾਲ ਝੂਠ ਬੋਲੇਂਗੀ ਤਾਂ ਮੈਨੂੰ ਛੇਤੀ ਪਤਾ ਵੀ ਲੱਗ ਜਾਵੇਗਾ।"

ਉਹ ਦੋਵੇਂ ਇਕ ਦੂਜੇ ਦੇ ਸਾਹਮਣੇ ਖੜ੍ਹੀਆਂ ਰਹੀਆਂ ਅਤੇ ਮੈਡਮ ਹੈਨਰੀਟੇ, ਜੋ ਇੰਨੀ ਪੀਲੀ ਪੈ ਗਈ ਸੀ ਜਿਵੇਂ ਕਿ ਬੇਹੋਸ਼ ਹੋ ਜਾਵੇਗੀ। ਉਸ ਦੀਆਂ ਅੱਧਖੁਲ੍ਹੀਆਂ ਅੱਖਾਂ ਦੇ ਦੋਵੇਂ ਕੀਨਿਆਂ ਵਿੱਚ ਦੋ ਅੱਥਰੂ ਭਰ ਆਏ ।

ਉਸ ਦੀ ਭੈਣ ਪੁੱਛਦੀ ਰਹੀ :

"ਤੈਨੂੰ ਕੀ ਹੋ ਗਿਆ ? ਕੀ ਗੱਲ ਹੈ, ਮੈਨੂੰ ਦੱਸ ।" ਫਿਰ ਉਦਾਸ ਸੁਰ ਵਿੱਚ, ਦੂਜੀ ਨੇ ਹੌਲੀ ਜਿਹੇ ਦੱਸਿਆ :

"ਮੇਰਾ...ਮੇਰਾ ਇਕ ਪ੍ਰੇਮੀ ਹੈ ।"

ਅਤੇ ਆਪਣੀ ਛੋਟੀ ਭੈਣ ਦੇ ਮੋਢੇ ਵਿੱਚ ਸਿਰ ਲੁਕਾ ਕੇ ਉਹ ਰੋਣ ਲੱਗ ਪਈ।

ਜਦੋਂ ਉਹ ਕੁਝ ਚੁੱਪ ਹੋਈ ਅਤੇ ਜਦ ਉਸ ਦੀਆਂ ਸਿਸਕੀਆਂ ਬੰਦ ਹੋ ਗਈਆਂ ਤਾਂ ਉਹ ਆਪਣਾ ਭੇਦ ਖੋਲ੍ਹਣ ਲੱਗੀ, ਜਿਵੇਂ ਉਹ ਆਪਣੇ ਇਸ ਦੁੱਖ ਨੂੰ ਇਕ ਹਮਦਰਦੀਪੂਰਨ ਮਨ ਵਿੱਚ ਭਰਨਾ ਚਾਹੁੰਦੀ ਸੀ ।

ਫਿਰ ਇਕ ਦੂਜੇ ਦੇ ਹੱਥਾਂ ਨੂੰ ਕਸ ਕੇ ਫੜ ਕੇ ਇਹ ਦੋਵੇਂ ਔਰਤਾਂ ਕਮਰੇ ਦੇ ਹਨੇਰੇ ਭਾਗ ਵਿੱਚ ਰੱਖੇ ਹੋਏ ਸੋਫ਼ੇ ’ਤੇ ਜਾ ਕੇ ਬਹਿ ਗਈਆਂ ਅਤੇ ਛੋਟੀ ਭੈਣ ਵੱਡੀ ਭੈਣ ਦੇ ਗਲ਼ ਵਿੱਚ ਬਾਂਹ ਪਾ ਕੇ ਉਸ ਨੂੰ ਆਪਣੀ ਵੱਖੀ ਨਾਲ ਚਿਪਕਾ ਕੇ ਉਸ ਦੀਆਂ ਗੱਲਾਂ ਸੁਣਨ ਲਗੀ।

"ਓਹ। ਮੈਂ ਸਮਝਦੀ ਹਾਂ ਕਿ ਕਿਸੇ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ; ਮੈਂ ਆਪ ਹੀ ਆਪਣੇ ਆਪ ਨੂੰ ਨਹੀਂ ਪਛਾਣਦੀ ਅਤੇ ਉਸ ਦਿਨ ਤੋਂ ਮੈਨੂੰ ਅਜਿਹਾ ਲੱਗਣ ਲੱਗਿਆ ਹੈ ਕਿ ਜਿਵੇਂ ਮੈਂ ਪਾਗ਼ਲ ਹਾਂ । ਸਾਵਧਾਨ ਰਹਿਣਾ ਮੇਰੀ ਬੱਚੀ, ਆਪਣੇ ਆਪ ਬਾਰੇ ਸਾਵਧਾਨ ਰਹਿਣਾ, ਜੇ ਅਸੀਂ ਕੇਵਲ ਇੰਨਾ ਹੀ ਜਾਣਦੀਆਂ ਹਾਂ ਕਿ ਅਸੀਂ ਕਿੰਨੀਆ ਕਮਜ਼ੋਰ ਹੁੰਦੀਆਂ ਹਾਂ, ਕਿੰਨੀ ਛੇਤੀ ਕਰੁਣਾ ਦੇ ਇਕ ਖਿਣ ਦੇ ਅਧੀਨ ਹੋ ਜਾਂਦੀਆਂ ਹਾਂ, ਖਿਣ ਵੀ ਅਜਿਹਾ ਜੋ ਤੁਹਾਡੀ ਆਤਮਾ ਵਿੱਚ ਦੁੱਖ ਦਰਦ ਦੀਆਂ ਭਾਵਨਾਵਾਂ ਇਕਦਮ ਪੈਦਾ ਕਰ ਦਿੰਦਾ ਹੈ ਅਤੇ ਤੁਹਾਡੇ ਅੰਦਰ ਬਾਹਾਂ ਪਸਾਰ ਦੇਣ, ਪ੍ਰੇਮ ਕਰਨ, ਜੱਫੀ ਪਾਉਣ ਦੀ ਭਾਵਨਾ ਜੋ ਸਾਡੇ ਸਾਰੇ ਲੋਕਾਂ ਵਿੱਚ ਕਿਸੇ ਕਿਸੇ ਖਿਣ ਸੁਭਾਵਿਕ ਰੂਪ ਵਿੱਚ ਉਤਪੰਨ ਹੋ ਜਾਂਦੀ ਹੈ, ਉਤਪੰਨ ਕਰ ਦਿੰਦਾ ਹੈ।

"ਤੂੰ ਮੇਰੇ ਪਤੀ ਨੂੰ ਜਾਣਦੀ ਹੈਂ ਅਤੇ ਤੂੰ ਇਹ ਵੀ ਜਾਣਦੀ ਹੈ ਕਿ ਮੈਂ ਉਸ ਨੂੰ ਕਿੰਨਾ ਪਿਆਰ ਕਰਦੀ ਹਾਂ ਪਰ ਉਹ ਸੰਪੂਰਣ ਅਤੇ ਬੁੱਧੀਮਾਨ ਹੈ ਅਤੇ ਕਿਸੇ ਇਸਤਰੀ ਦੇ ਦਿਲ ਦੀਆਂ ਕੋਮਲ ਭਾਵਨਾਵਾਂ ਨੂੰ ਉਹ ਸਮਝ ਵੀ ਨਹੀਂ ਸਕਦਾ। ਉਹ ਸਦਾ ਇਕੋ ਜਿਹਾ ਹੀ ਰਹਿੰਦਾ ਹੈ, ਸਦਾ ਹੌਸਲੇ ਵਿੱਚ, ਸਦਾ ਪ੍ਰਸੰਨ, ਸਦਾ ਦਯਾਲੂ, ਅਤੇ ਸਦਾ ਅਡੋਲ । ਓ ! ਮੈਂ ਕਿੰਨੀ ਵਾਰੀ ਇੱਛਾ ਕੀਤੀ ਕਿ ਉਹ ਮੈਨੂੰ ਆਪਣੀਆਂ ਬਾਹਾਂ ਵਿੱਚ ਜ਼ੋਰ ਦੀ ਘੁੱਟ ਲੈਣ, ਕਿ ਉਹ ਮੈਨੂੰ ਉਨ੍ਹਾਂ ਹੌਲੀ ਹੌਲੀ ਅਤੇ ਮਿੱਠੇ ਚੁੰਮਣਾ ਨਾਲ, ਮੈਨੂੰ ਜੱਫ਼ੀ ਵਿੱਚ ਲੈਣ, ਜੋ ਦੋ ਦੇਹਾਂ ਨੂੰ ਇਕ ਰਸ ਕਰ ਦਿੰਦੇ ਹਨ । ਮੈਂ ਉਨ੍ਹਾਂ ਬਾਰੇ ਸੋਚਿਆ ਕਿ ਉਹ ਸੁਆਰਥੀ ਸਨ ਅਤੇ ਕਮਜ਼ੋਰ ਵੀ, ਉਨ੍ਹਾਂ ਨੂੰ ਹੁਣ ਮੇਰੀ, ਮੇਰੇ ਚੁੰਮਣਾਂ ਦੀ, ਮੇਰੇ ਅੱਥਰੂਆਂ ਦੀ ਕੋਈ ਲੋੜ ਨਹੀਂ ਰਹਿਣੀ ਚਾਹੀਦੀ।

ਇਹ ਸਭ ਬਿਲਕੁਲ ਮੂਰਖਾਂ ਜਿਹੀ ਹੀ ਗੱਲ ਹੈ, ਪਰ ਅਸੀਂ ਤ੍ਰੀਮਤਾਂ ਬਣਾਈਆਂ ਹੀ ਅਜਿਹੀਆਂ ਗਈਆਂ ਹਾਂ। ਇਸ ਵਿੱਚ ਅਸੀਂ ਕਰ ਵੀ ਕੀ ਸਕਦੀਆਂ ਹਾਂ ?"

"ਅਤੇ ਫਿਰ ਵੀ ਉਨ੍ਹਾਂ ਨੂੰ ਧੋਖਾ ਦੇਣ ਦਾ ਵਿਚਾਰ ਮੇਰੇ ਲਾਗੇ ਤੱਕ ਨਹੀਂ ਆਇਆ, ਅੱਜ ਇਹ ਬਿਨਾਂ ਪ੍ਰੇਮ, ਬਿਨਾਂ ਕਾਰਨ, ਬਿਨਾਂ ਕਿਸੇ ਗੱਲ ਦੇ ਹੀ

ਕੇਵਲ ਇਸ ਲਈ ਹੋਇਆ ਕਿ ਇਕ ਰਾਤ ਲੂਸੇਰਨ ਦੀ ਝੀਲ ’ਤੇ ਚੰਦਰਮਾ ਦੇ ਦਰਸ਼ਨ ਹੋਏ ਸਨ ।

“ਜਿਸ ਮਹੀਨੇ ਅਸੀਂ ਦੋਵੇਂ ਇਕੱਠੇ ਯਾਤਰਾ ਕਰ ਰਹੇ ਸਾਂ, ਮੇਰੇ ਪਤੀ ਨੇ ਆਪਣੇ ਚੁੱਪ ਵਿਰੋਧ ਨਾਲ ਮੇਰੇ ਉਤਸ਼ਾਹ ਨੂੰ ਠੰਢਾ ਅਤੇ ਮੇਰੀ ਕਾਵਿਕ ਉਤਸੁਕਤਾ ਨੂੰ ਖ਼ਤਮ ਕਰ ਦਿੱਤਾ। ਸੂਰਜ ਚੜ੍ਹਨ ਸਮੇਂ ਜਦੋਂ ਅਸੀਂ ਦੋਵੇਂ ਪਹਾੜੀ ਰਸਤੇ ਤੋਂ ਉਤਰ ਰਹੇ ਸਾਂ, ਜਦੋਂਕਿ ਚਾਰ ਘੋੜੇ ਬੜੀ ਸ਼ਾਨ ਨਾਲ ਭੱਜ ਰਹੇ ਸਨ, ਜਦ ਸਾਨੂੰ ਪਹਾੜੀ ਪਾਰਦਰਸ਼ਕ ਧੁੰਦ ਵਿਚੋਂ ਦੀ ਘਾਟੀਆਂ; ਜੰਗਲ, ਝਰਨੇ ਅਤੇ ਪਿੰਡ ਵਿਖਾਈ ਦਿੱਤੇ ਤਦ ਮੈਂ ਪ੍ਰਸੰਨ ਹੋ ਕੇ ਤਾੜੀ ਵਜਾ ਕੇ ਉਨ੍ਹਾਂ ਨੂੰ ਕਿਹਾ: "ਕਿੰਨਾ ਸੁੰਦਰ ਦ੍ਰਿਸ਼ ਹੈ ਪਿਆਰੇ ! ਹੁਣ ਮੇਰਾ ਪਿਆਰ ਲੈ ਲਓ !' ਉਨ੍ਹਾਂ ਨੇ ਹੱਸ ਕੇ ਕੇਵਲ ਇੰਨਾ ਹੀ ਕਿਹਾ:

"ਜੇ ਤੈਨੂੰ ਦ੍ਰਿਸ਼ ਪ੍ਰਸੰਦ ਹੈ ਤਾਂ ਇਹ ਅਜਿਹੀ ਤਾਂ ਕੋਈ ਗੱਲ ਨਹੀਂ ਜਿਸ ਕਾਰਨ ਅਸੀਂ ਇਕ ਦੂਜੇ ਨੂੰ ਜੱਫੀਆਂ ਪਾਈਏ ।”

"ਅਤੇ ਉਨ੍ਹਾਂ ਦੇ ਸ਼ਬਦਾਂ ਨੇ ਮੇਰੇ ਮਨ ਨੂੰ ਨਿਰਾਸ਼ ਕਰ ਦਿੱਤਾ । ਮੈਨੂੰ ਤਾਂ ਇੰਝ ਲੱਗਦਾ ਹੈ ਜਦ ਵਿਅਕਤੀ ਆਪਸ ਵਿੱਚ ਪ੍ਰੇਮ ਕਰਦੇ ਹਨ ਤਦ ਉਨ੍ਹਾਂ ਦ੍ਰਿਸ਼ਾਂ ਦੀ ਹਾਜ਼ਰੀ ਵਿੱਚ ਵਧੇਰੇ ਭਾਵੁਕ ਹੋ ਜਾਣਾ ਚਾਹੀਦਾ ਹੈ।

"ਸੱਚਮੁਚ ਉਨ੍ਹਾਂ ਨੇ ਮੇਰੇ ਮਨ ਵਿੱਚ ਉੱਠਣ ਵਾਲੀ ਕਵਿਤਾ, ਜੋ ਨਿਕਲਣ ਲਈ ਉਬਾਲ ਲੈ ਰਹੀ ਸੀ, ਨੂੰ ਰੋਕ ਦਿੱਤਾ । ਮੈਂ ਉਸ ਨੂੰ ਕਿਸ ਤਰ੍ਹਾਂ ਦੱਸ ਸਕਦੀ ਹਾਂ ? ਮੈਂ ਬਹੁਤ ਹੱਦ ਤੱਕ ਉਸ ਭਾਂਡੇ ਵਾਂਗ ਸੀ, ਜਿਸ ਨੂੰ ਉਬਾਲੇ ਆ ਰਹੇ ਹੋਣ, ਭਾਫ਼ ਭਰੀ ਹੋਈ ਹੋਵੇ ਅਤੇ ਉਹ ਪੱਕੀ ਤਰ੍ਹਾਂ ਨਾਲ ਸੀਲਬੰਦ ਹੋਵੇ ।

"ਇਕ ਦਿਨ ਸ਼ਾਮ ਨੂੰ (ਅਸੀਂ ਚਾਰ ਦਿਨਾਂ ਤੋਂ ਹੋਟਲ ਡੀ ਫੂਲਿਨ ਵਿੱਚ ਠਹਿਰੇ ਹੋਏ ਸਾਂ) ਰੋਬਰਟ ਦੇ ਸਿਰ ਵਿੱਚ ਕੁਝ ਦਰਦ ਹੋਇਆ ਅਤੇ ਉਹ ਰੋਟੀ ਖਾਣ ਤੋਂ ਥੋੜਾ ਚਿਰ ਪਿਛੋਂ ਹੀ ਸੌਣ ਚਲੇ ਗਏ ਅਤੇ ਮੈਨੂੰ ਝੀਲ ਦੇ ਕਿਨਾਰੇ ਬਿਲਕੁਲ ਇਕੱਲਾ ਘੁੰਮਣਾ ਪਿਆ।

"ਇਹ ਰਾਤ, ਪਰੀਆਂ ਦੀਆਂ ਕਹਾਣੀਆਂ ਵਿੱਚ ਪੜ੍ਹੀਆਂ ਹੋਈਆਂ ਰਾਤਾਂ ਨਾਲ ਮਿਲਦੀ ਸੀ। ਪੂਰਾ ਚੰਦ ਆਸਮਾਨ ਦੇ ਅੱਧ ਵਿੱਚ ਸਜ ਰਿਹਾ ਸੀ, ਲੰਬੇ ਲੰਬੇ ਪਹਾੜ ਆਪਣੀਆਂ ਬਰਫ਼ ਲੱਦੀਆਂ ਚੋਟੀਆਂ ਨਾਲ ਚਾਂਦੀ ਦੇ ਮੁਕਟਾਂ ਵਿੱਚ ਜੱਚ ਰਹੇ ਸਨ, ਝੀਲ ਦਾ ਪਾਣੀ ਛੋਟੀਆਂ ਛੋਟੀਆਂ ਲਹਿਰਾਂ ਵਿੱਚ ਚਮਕ ਰਿਹਾ ਸੀ ।

ਹਵਾ ਠੰਢੀ ਸੀ, ਉਸ ਵਿੱਚ ਉਹ ਸੁਆਦਲੀ ਤਾਜ਼ਗੀ ਸੀ ਜੋ ਕਿ ਸਾਨੂੰ ਇੰਨਾ ਕੋਮਲ ਕਰ ਦਿੰਦੀ ਹੈ ਕਿ ਅਸੀਂ ਬਿਨਾਂ ਕਾਰਨ ਹੀ ਬੇਹੋਸ਼ ਹੋ ਜਾਈਏ ਪਰੰਤੂ ਅਜਿਹੇ ਮੌਕਿਆਂ ਵਿੱਚ ਮਨ ਕਿੰਨਾ ਤੇਜ਼ ਤੇ ਭਾਵਕ ਹੋ ਜਾਂਦਾ ਹੈ, ਕਿੰਨੀ ਤੇਜ਼ੀ ਨਾਲ ਉਹ ਉਛਾਲੇ ਮਾਰਦਾ ਹੈ ਅਤੇ ਕਿੰਨੀਆਂ ਗਹਿਰੀਆਂ ਇਨ੍ਹਾਂ ਦੀਆਂ ਭਾਵਨਾਵਾਂ ਹੋ ਜਾਂਦੀਆਂ ਹਨ ।

"ਮੈਂ ਘਾਹ ਉੱਤੇ ਬੈਠ ਗਈ ਅਤੇ ਉਸ ਵਿਸ਼ਾਲ ਝੀਲ ਵੱਲ ਇੰਨੀ ਮੁਗ਼ਧ ਅਤੇ ਦੁੱਖੀ ਹੋ ਕੇ ਵੇਖਣ ਲੱਗੀ ਕਿ ਮੈਨੂੰ ਪਿਆਰ ਕੀਤੇ ਜਾਣ ਦੀ ਸਤੁੰਸ਼ਟੀ ਨਾ ਹੋਣ ਵਾਲੀ ਲੋੜ ਦਾ ਅਨੁਭਵ ਅਤੇ ਮੈਂ ਆਪਣੇ ਜੀਵਨ ਦੀ ਇਸ ਵਰਤਮਾਨ ਗੰਭੀਰ ਉਦਾਸੀ ਦੇ ਵਿਰੁੱਧ ਸੰਘਰਸ਼ ਕਰਨ ਦਾ ਨਿਸ਼ਚਾ ਕੀਤਾ । ਕੀ ਮੈਂ ਕਦੀ ਵੀ ਕਿਸੇ ਆਦਮੀ ਦੇ, ਜਿਸ ਨੂੰ ਪ੍ਰੇਮ ਕਰਦੀ ਹਾਂ, ਇਸ ਚੰਦ ਚਾਨਣੀ ਵਿੱਚ ਅਜਿਹੀ ਝੀਲ ਦੇ ਕਿਨਾਰੇ, ਜੱਫ਼ੀ ਵਿੱਚ ਆ ਕੇ ਘੁੱਟੀ ਜਾਣ ਦਾ ਸੁਭਾਗ ਪ੍ਰਾਪਤ ਨਹੀਂ ਕਰ ਸਕਦੀ ? ਕੀ ਮੈਂ ਆਪਣੇ ਹੋਠਾਂ 'ਤੇ ਉਹ ਸੋਹਣੇ, ਮਿੱਠੇ ਅਤੇ ਸੁਆਦ ਦੇਣ ਵਾਲੇ ਚੁੰਮਣਾਂ ਦਾ ਅਨੁਭਵ ਨਹੀਂ ਕਰ ਸਕਾਂਗੀ, ਜੋ ਕਿ ਪ੍ਰੇਮੀ ਲੋਕਾਂ ਨੂੰ ਅਜਿਹੀਆਂ ਰਾਤਾਂ ਵਿੱਚ ਪ੍ਰਾਪਤ ਹੁੰਦਾ ਹੈ ਜੋ ਰੱਬ ਨੇ ਪਿਆਰ ਲਈ ਬਣਾਈਆਂ ਹਨ ? ਕੀ ਮੈਂ ਗਰਮੀ ਦੀ ਰਾਤ ਵਿੱਚ ਚਾਨਣੀ ਦੇ ਪਰਛਾਵਿਆਂ ਹੇਠ ਦੇ ਇਸ ਤਰ੍ਹਾਂ ਦੇ ਪ੍ਰਬਲ ਅਤੇ ਭਖਦੇ ਪਿਆਰ ਦਾ ਅਨੰਦ ਨਹੀਂ ਮਾਣ ਸਕਾਂਗੀ ।

"ਅਤੇ ਮੈਂ ਰੋਣ ਲੱਗ ਗਈ । ਆਪਣੇ ਪਿੱਛੇ ਕਿਸੇ ਵਿਅਕਤੀ ਦੇ ਬੈਠੇ ਹੋਣ ਦਾ ਮੈਨੂੰ ਅਹਿਸਾਸ ਹੋਇਆ । ਇਕ ਆਦਮੀ ਮੇਰੇ ਵਲ ਘੂਰ ਘੂਰ ਕੇ ਵੇਖ ਰਿਹਾ ਸੀ । ਜਦ ਮੈਂ ਸਿਰ ਘੁਮਾਇਆ, ਉਸ ਨੇ ਮੈਨੂੰ ਪਹਿਚਾਣ ਲਿਆ ਅਤੇ ਉਹ ਮੈਨੂੰ ਅਗੇ ਵੱਧ ਕੇ ਬੋਲਿਆ :

"ਮੈਡਮ ਤੁਸੀਂ ਰੋ ਰਹੇ ਹੋ ?"

"ਉਹ ਇਕ ਗੱਭਰੂ ਵਕੀਲ ਸੀ ਜੋ ਆਪਣੀ ਮਾਂ ਨਾਲ ਘੁੰਮ ਰਿਹਾ ਸੀ । ਅਤੇ ਉਹ ਸਾਨੂੰ ਕਈ ਵਾਰ ਮਿਲ ਵੀ ਚੁੱਕਿਆ ਸੀ । ਉਸ ਦੀਆਂ ਅੱਖਾਂ ਨੇ ਕਈ ਵਾਰ ਮੇਰਾ ਪਿੱਛਾ ਵੀ ਕੀਤਾ ਸੀ।

"ਮੈਂ ਬਹੁਤ ਜ਼ਿਆਦਾ ਸ਼ੱਕ ਵਿੱਚ ਪੈ ਚੁੱਕੀ ਸੀ ਅਤੇ ਮੈਨੂੰ ਇੰਨਾ ਵੀ ਪਤਾ ਨਹੀਂ ਸੀ ਕਿ ਕੀ ਤਾਂ ਮੇਰੀ ਹਾਲਤ ਹੈ ਅਤੇ ਕੀ ਮੈਂ ਉਸ ਨੂੰ ਜਵਾਬ ਦਿਆ ? ਮੈਂ ਉਸ ਨੂੰ ਕਿਹਾ ਕਿ ਮੇਰੀ ਤਬੀਅਤ ਖ਼ਰਾਬ ਹੋ ਰਹੀ ਸੀ।

"ਉਹ ਮੇਰੇ ਨਾਲ ਸੁਭਾਵਿਕ ਅਤੇ ਸਤਿਕਾਰਪੂਰਨ ਢੰਗ ਨਾਲ ਚੱਲਿਆ ਅਤੇ ਮੇਰੇ ਨਾਲ ਉਹ ਗੱਲਾਂ ਕਰਨ ਲੱਗਾ ਜੋ ਅਸੀਂ ਇਸ ਯਾਤਰਾ ਦੌਰਾਨ ਦੇਖੀਆਂ ਸਨ । ਉਹ ਸਭ ਗੱਲਾਂ ਜਿਹੜੀਆਂ ਮੈਂ ਅਨੁਭਵ ਕੀਤੀਆਂ ਸਨ, ਉਸ ਨੇ ਸ਼ਬਦਾਂ ਵਿੱਚ ਬਿਆਨ ਕਰ ਦਿੱਤੀਆਂ, ਉਨ੍ਹਾਂ ਸਾਰੀਆਂ ਚੀਜ਼ਾ ਨੂੰ ਜਿਨ੍ਹਾਂ ਨੇ ਮੇਰੇ ਦਿਲ ਵਿੱਚ ਕੋਮਲ ਭਾਵਨਾਵਾਂ ਪੈਦਾ ਕਰ ਦਿੱਤੀਆਂ ਸਨ, ਉਹ ਚੰਗੀ ਤਰ੍ਹਾਂ ਜਾਣਦਾ ਸੀ, ਇੱਥੋਂ ਤੱਕ ਕਿ ਮੈਥੋਂ ਵੀ ਚੰਗੀਆਂ ਅਤੇ ਇਕਦਮ ਉਸ ਨੇ ਅਲਫਰੈਡ ਡੀ ਮੁਸੈਟ ਦੀਆਂ ਕੁਝ ਕਵਿਤਾਵਾਂ ਦੁਹਰਾਈਆਂ । ਮੈਂ ਅਕਹਿ ਭਾਵਨਾਵਾਂ ਦੇ ਅਨੰਦ ਵਿੱਚ ਆ ਗਈ ਅਤੇ ਮੈਨੂੰ ਲੱਗਾ, ਮੇਰੇ ਹੰਝੂ ਨਿਕਲਣ ਹੀ ਵਾਲੇ ਹਨ। ਮੈਨੂੰ ਲੱਗਾ ਕਿ ਝੀਲ, ਚਾਨਣੀ, ਪਹਾੜ ਸਭ ਮੇਰੇ ਲਈ ਬਹੁਤ ਹੀ ਮਿੱਠੀਆਂ ਚੀਜ਼ਾਂ ਦਾ ਗਾਣਾ ਸੁਣਾ ਰਹੇ ਹਨ ।

"ਅਤੇ ਇਹ ਸਭ ਮੇਰੇ ਜਾਣਨ ਤੋਂ ਬਿਨਾਂ ਹੀ ਹੋ ਗਿਆ । ਇਹ ਸਭ ਇਕ ਮਾਇਆ ਵਾਂਗ ਹੋ ਗਿਆ।

"ਰਹੀ ਉਸ ਦੀ ਗੱਲ, ਤਾਂ ਮੈਂ ਤਾਂ ਉਸ ਨੂੰ ਉਸ ਦੇ ਜਾਣ ਵਾਲੇ ਦਿਨ ਦੀ ਸਵੇਰ ਵੇਲੇ ਤੋਂ ਬਾਅਦ ਫਿਰ ਨਹੀਂ ਵੇਖਿਆ।

"ਉਸ ਨੇ ਮੈਨੂੰ ਆਪਣਾ ਜਾਣ ਪਛਾਣ ਕਾਰਡ ਦਿਤਾ " ਅਤੇ ਆਪਣੀ ਭੈਣ ਦੀਆਂ ਬਾਹਾਂ ਵਿੱਚ ਸਿਮਟਦੀ ਹੋਈ, ਮੈਡਮ ਲੀਟਰ ਰੋਣ ਲੱਗੀ ਲਗਭਗ ਚੀਕਣ ਵਾਂਗ ।

ਤਦ ਮੈਡਮ ਰੋਬਰੇ ਨੇ ਬਹੁਤ ਗੰਭੀਰ ਅਤੇ ਆਤਮ ਸੰਜਮੀ ਆਵਾਜ਼ ਵਿੱਚ ਬਹੁਤ ਹੌਲੀ ਜਿਹੇ ਕਿਹਾ :

"ਭੈਣ ਬਹੁਤ ਵਾਰ ਅਜਿਹਾ ਹੁੰਦਾ ਹੈ ਕਿ ਅਸੀਂ ਆਦਮੀ ਨੂੰ ਪਿਆਰ ਨਹੀਂ ਕਰਦੀਆਂ ਸਗੋਂ ਆਪਣੇ ਪਿਆਰ ਨੂੰ ਪਿਆਰ ਕਰਦੀਆਂ ਹਾਂ ਅਤੇ ਉਸ ਰਾਤ ਤੇਰਾ ਅਸਲ ਪ੍ਰੇਮੀ ਚੰਦ-ਚਾਨਣੀ ਸੀ।

# ਪਾਗ਼ਲ ਔਰਤ

"ਮੈਂ ਤੁਹਾਨੂੰ ਫਰਾਂਸ ਅਤੇ ਪਰਸ਼ੀਆਂ ਦੇ ਯੁੱਧ ਦੀ ਇਕ ਦਰਦਨਾਕ ਕਹਾਣੀ ਸੁਣਾ ਸਕਦਾ ਹਾਂ ।" ਮਿਸਟਰ ਡੀ. ਐਂਡੋਨਿਨ ਨੇ ਬੇਰਨ ਡੀ. ਨੇ ਰੈਬਟ ਦੇ ਭਵਨ ਦੇ ਸਮੋਕਿੰਗ ਕਮਰੇ ਵਿੱਚ ਇਕੱਠੇ ਕੁਝ ਮਿੱਤਰਾਂ ਨੂੰ ਕਿਹਾ । 'ਤੁਸੀਂ ਮੇਰਾ ਫਾਬਰੋਜ ਡੀ. ਕੋਰਮੇਲ ਵਿੱਚ ਜੋ ਮਕਾਨ ਹੈ, ਉਸ ਨੂੰ ਤਾਂ ਜਾਣਦੇ ਹੀ ਹੋ। ਜਦ ਪਰਸ਼ੀਅਨ ਉੱਥੇ ਆਏ ਤਦ ਮੈਂ ਉੱਥੇ ਹੀ ਰਹਿ ਰਿਹਾ ਸੀ ਅਤੇ ਮੇਰੇ ਗੁਆਂਢ ਵਿੱਚ ਇਕ ਪਾਗ਼ਲ ਜਿਹੀ ਔਰਤ, ਜਿਸ ਦੀ ਲਗਾਤਾਰ ਬਦਕਿਸਮਤੀ ਆਉਣ ਕਰ ਕੇ ਚੇਤੰਨਤਾ ਖ਼ਤਮ ਹੋ ਗਈ ਸੀ, ਰਹਿੰਦੀ ਸੀ । ਸਤਾਈ ਸਾਲ ਦੀ ਉੱਮਰ ਵਿੱਚ ਇਕ ਮਹੀਨੇ ਦੇ ਅੰਦਰ ਉਸ ਦੇ ਪਿਤਾ, ਪਤੀ ਅਤੇ ਹੁਣੇ ਹੋਏ ਬੱਚੇ ਦੀ ਮੌਤ ਹੋ ਗਈ ਸੀ ।

"ਮੌਤ ਜਦ ਇਕ ਵਾਰ ਘਰ ਵਿੱਚ ਦਾਖ਼ਲ ਹੋ ਜਾਂਦੀ ਹੈ । ਤਦ ਇਹ ਬਹੁਤ ਛੇਤੀ ਹੀ ਵਾਪਸ ਆ ਜਾਂਦੀ ਹੈ, ਜਿਵੇਂ ਉਹ ਰਸਤਾ ਜਾਣ ਗਈ ਹੋਵੇ ਅਤੇ ਉਹ ਨੌਜਵਾਨ ਔਰਤ ਦੁੱਖ ਤੋਂ ਵਿਆਕੁਲ ਹੋ ਕੇ ਆਪਣੇ ਬਿਸਤਰ ਵਿੱਚ ਪੈ ਗਈ ਅਤੇ ਛੇ ਹਫਤੇ ਬੁੜਬੁੜਾਉਂਦੀ ਰਹੀ। ਫੇਰ ਹੌਲੀ ਹੌਲੀ ਇਕ ਸ਼ਾਂਤ ਦਿਲੀ ਉਸ 'ਤੇ ਹਾਵੀ ਹੋ ਗਈ, ਫੇਰ ਉਹ ਅਹਿਲ ਹੋ ਗਈ। ਨਾਂਮਾਤਰ ਹੀ ਖਾਂਦੀ ਅਤੇ ਸਿਰਫ਼ ਅੱਖਾਂ ਹੀ ਹਿਲਾਉਂਦੀ ਸੀ । ਜਦ ਵੀ ਲੋਕ ਉਸ ਨੂੰ ਉਠਾਉਣ ਦੀ ਇੱਛਾ ਕਰਦੇ ਤਦ ਹੀ ਉਹ ਇੰਨੀ ਜ਼ੋਰ ਦੀ ਚਿਲਾਉਂਦੀ ਕਿ ਜਿਵੇਂ ਲੋਕ ਉਸ ਨੂੰ ਮਾਰ ਰਹੇ ਹੋਣ ਅਤੇ ਉਨ੍ਹਾਂ ਨੇ ਉਸ ਨੂੰ ਲਗਾਤਾਰ ਬਿਸਤਰੇ 'ਤੇ ਪਏ ਰਹਿਣ ਦਿੱਤਾ, ਹਾਂ ਜੇ ਕਦੇ ਉਸ ਨੂੰ ਉਠਾਉਂਦੇ ਤਾਂ ਉਸ ਨੂੰ ਨਹਾਉਣ ਲਈ, ਉਸ ਦੇ ਕੱਪੜੇ ਅਤੇ ਚਟਾਈ ਨੂੰ ਬਦਲਣ ਲਈ ।

"ਉਸ ਦੇ ਕੋਲ ਕਦੇ ਕਦੇ ਉਸ ਨੂੰ ਕੁਝ ਪਿਆਉਣ ਲਈ ਜਾਂ ਥੋੜ੍ਹਾ ਜਿਹਾ ਠੰਡਾ ਗੋਸ਼ਤ ਖੁਆਉਣ ਲਈ, ਉਸ ਦੀ ਇਕ ਬੁਢੀ ਨੌਕਰਾਣੀ ਰਹਿੰਦੀ ਰਹੀ। ਉਸ ਦੇ ਦੁੱਖੀ ਮਨ ਦੀ ਕੀ ਹਾਲਤ ਸੀ ? ਕੋਈ ਕਦੇ ਨਹੀਂ ਸੀ ਜਾਣ ਸਕਿਆ, ਕਿਉਂਕਿ ਉਹ ਕਦੇ ਬੋਲਦੀ ਹੀ ਨਹੀਂ ਸੀ।

ਕੀ ਉਹ ਮਰੇ ਹੋਇਆ ਦੇ ਬਾਰੇ ਸੋਚ ਰਹੀ ਸੀ ? ਕੀ ਉਹ ਜੋ ਕੁਝ ਵੀ ਹੋ ਚੁੱਕਿਆ, ਉਸ ਨੂੰ ਭੁੱਲ ਕੇ ਦੁਖੀ ਹੋ ਕੇ ਸੋਚ ਰਹੀ ਸੀ ? ਜਾਂ ਉਸ ਦੀ ਯਾਦ ਨਿਰਮਲ ਜਲ ਦੀ ਤਰ੍ਹਾਂ ਸ਼ਾਂਤ ਸੀ ? ਪਰੰਤੂ ਇਹ ਕਿਵੇਂ ਵੀ ਹੋਇਆ ਹੋਵੇ, ਉਹ ਪੰਦਰਾਂ ਸਾਲਾਂ ਤੋਂ ਅਹਿਲ ਅਤੇ ਇਕੱਤੀ ਪਈ ਹੋਈ ਸੀ ।

"ਯੁੱਧ ਆਰੰਭ ਹੋ ਗਿਆ ਅਤੇ ਦਸੰਬਰ ਦੇ ਸ਼ੁਰੂ ਵਿੱਚ ਜਰਮਨ ਕਾਰਮੀਲਜ਼ ਤੱਕ ਆ ਗਏ। ਮੈਨੂੰ ਇਹ ਕੱਲ੍ਹ ਵਰਗੀ ਗੱਲ ਯਾਦ ਹੈ । ਉਸ ਦਿਨ ਠੰਡ ਪੱਥਰਾਂ ਨੂੰ ਵੀ ਚੀਰ ਦੇਣ ਵਾਲੀ ਸੀ। ਜਦ ਮੈਂ ਫ਼ੌਜ ਦੇ ਸਿਪਾਹੀਆਂ ਦੀਆਂ ਭਾਰੀ ਪੈੜ ਚਾਲਾਂ ਸੁਣੀਆਂ ਤਦ ਮੈਂ ਆਪਣੀ ਆਰਾਮ ਕਰਸੀ ’ਤੇ ਗਠੀਏ ਦੇ ਕਾਰਣ ਹਿਲਜੁਲ ਨਾ ਸਕਣ ਕਰਕੇ ਲੇਟਿਆ ਸੀ । ਮੈਂ ਉਨ੍ਹਾਂ ਨੂੰ ਜਾਂਦੇ ਹੋਏ ਆਪਣੀ ਖਿੜਕੀ ਵਿਚੋਂ ਦੀ ਦੇਖਿਆ ।

“ਉਨ੍ਹਾਂ ਨੇ ਡੋਰਾਂ ਦੇ ਸਹਾਰੇ ਚੱਲਣ ਵਾਲੀ ਕਠਪੁਤਲੀ ਵਾਂਗ ਪੰਕਤੀ ਵਿੱਚ ਚੱਲਣ ਵਾਲਿਆਂ ਨੇ, ਜੋ ਵੀ ਉਨ੍ਹਾਂ ਦੇ ਰਸਤੇ ਵਿੱਚ ਆਇਆ ਖ਼ਰਾਬ ਕੀਤਾ । ਅਫ਼ਸਰਾਂ ਨੇ ਆਪਣੇ ਸਿਪਾਹੀਆਂ ਨੂੰ ਨਗਰ ਵਾਸੀਆ ਦੇ ਜਾ ਕੇ ਠਹਿਰਨ ਦੀ ਆਗਿਆ ਦਿੱਤੀ ਅਤੇ ਮੇਰੇ ਵੀ ਸਤਾਰਾਂ ਸੈਨਿਕ ਠਹਿਰੇ ਹੋਏ ਸਨ । ਮੇਰੀ ਗੁਆਂਢਣ, ਉਸ ਅਡੋਲ ਔਰਤ ਦੇ ਬਾਰਾਂ ਸਿਪਾਹੀ ਸਨ, ਜਿਨ੍ਹਾਂ ਵਿਚੋਂ ਇਕ ਅਸੱਭਿਆ ਅੱਖੜ ਅਤੇ ਨਿਰਦਈ ਕਮਾਨਡੈਂਟ ਵੀ ਸੀ ।

"ਪਹਿਲਾਂ ਤਾਂ ਥੋੜ੍ਹੇ ਦਿਨ ਠੀਕ ਠਾਕ ਚਲਦਾ ਰਿਹਾ । ਦੂਜੇ ਮਕਾਨ ਦੇ ਅਫ਼ਸਰਾਂ ਨੂੰ ਦੱਸ ਦਿੱਤਾ ਗਿਆ ਸੀ ਕਿ ਉਹ ਔਰਤ ਰੋਗੀ ਸੀ ਅਤੇ ਉਨ੍ਹਾਂ ਨੇ ਉਸ ਦੀ ਜ਼ਰਾ ਵੀ ਚਿੰਤਾ ਨਹੀਂ ਕੀਤੀ ਸੀ, ਪਰੰਤੂ ਛੇਤੀ ਹੀ ਉਸ ਔਰਤ ਤੋਂ, ਜਿਸ ਨੂੰ ਉਨ੍ਹਾਂ ਨੇ ਕਦੇ ਨਹੀਂ ਦੇਖਿਆ ਸੀ, ਉਨ੍ਹਾਂ ਨੂੰ ਗੁੱਸਾ ਆ ਗਿਆ । ਉਨ੍ਹਾਂ ਨੇ ਪੁੱਛਿਆ ਉਸ ਨੂੰ ਕੀ ਬਿਮਾਰੀ ਸੀ ? ਉਨ੍ਹਾਂ ਨੂੰ ਦੱਸਿਆ ਗਿਆ ਕਿ ਪਿਛਲੇ ਪੰਦਰਾਂ ਸਾਲਾਂ ਤੋਂ ਲਗਾਤਾਰ ਉਹ ਭਿਆਨਕ ਦੁੱਖ ਝੱਲਣ ਕਾਰਣ ਮੰਜੇ ’ਤੇ ਪਈ ਸੀ ਬੇਸ਼ੱਕ ਉਨ੍ਹਾਂ ਨੇ ਇਸ ਗੱਲ ’ਤੇ ਵਿਸ਼ਵਾਸ਼ ਨਹੀਂ ਕੀਤਾ ਸੀ ਉਨ੍ਹਾਂ ਨੇ ਸੋਚਿਆ ਕਿ ਉਹ ਵਿਚਾਰੀ ਬਦਕਿਸਮਤ ਪਗਲੀ ਆਪਣੇ ਮਾਣ ਦੇ ਕਾਰਣ ਕਿ ਕਿਤੇ ਉਸ ਨੂੰ ਪਰਸ਼ੀਅਨਾਂ ਦੇ ਸਾਹਮਣੇ ਜਾਣਾ ਦੇਖਣਾ ਜਾਂ ਸੁਣਨਾ ਨਾ ਪਵੇ, ਬਿਸਤਰੇ ਤੋਂ ਉੱਠਣਾ ਹੀ ਨਹੀਂ ਚਾਹੁੰਦੀ ਸੀ ।

"ਕਮਾਡੈਂਟ ਨੇ ਉਸ ਤੋਂ ਆਪਣਾ ਸਵਾਗਤ ਕਰਵਾਉਣ ਲਈ ਉਹ ਉਸ ਦੇ ਕਮਰੇ ਵਿੱਚ ਪਹੁੰਚ ਗਿਆ । ਉਹ ਉਸ ਨੂੰ ਕਠੋਰ ਆਵਾਜ਼ ਵਿੱਚ ਬੋਲਿਆ ! 'ਮੈਡਮ, ਮੈਂ ਤੁਹਾਨੂੰ ਉੱਠਣ, ਅਤੇ ਉੱਠ ਕੇ ਪੌੜੀਆਂ ਤੋਂ ਹੇਠਾਂ ਉਤਰ ਕੇ ਆਉਣ ਲਈ ਹੁਕਮ ਦਿੰਦਾ ਹਾਂ ਤਾਂ ਕਿ ਅਸੀਂ ਸਾਰੇ ਜਣੇ ਤੁਹਾਨੂੰ ਦੇਖ ਸਕੀਏ । 'ਪਰੰਤੂ ਉਹ ਆਪਣੀਆਂ ਨਿਤਾਣੀਆਂ ਅੱਖਾਂ ਉਸ ਵੱਲ ਘੁਮਾ ਕੇ ਰਹਿ ਗਈ ਅਤੇ ਉਹ ਕਹਿੰਦਾ ਰਿਹਾ 'ਮੈਂ ਨਿਰਾਦਰ ਸਹਿਨ ਨਹੀਂ ਆਇਆ ਹਾਂ, ਅਤੇ ਜੋ ਤੂੰ ਆਪਣੀ ਇੱਛਾ ਨਾਲ ਨਹੀਂ ਉਠੇਂਗੀ ਤਾਂ ਮੈਂ ਤੁਹਾਨੂੰ ਬਿਨਾਂ ਕਿਸੇ ਦੇ ਸਹਾਰੇ ਨਾਲ ਚਲਾਉਣ ਦਾ ਵੀ ਢੰਗ ਕੱਢ ਸਕਦਾ ਹਾਂ ।

ਪਰੰਤੂ ਉਸ ਨੇ ਕੋਈ ਵੀ ਅਜਿਹਾ ਚਿੰਨ੍ਹ ਨਹੀਂ ਦਿਖਾਇਆ, ਜਿਸ ਤੋਂ ਇਹ ਸਿੱਧ ਹੁੰਦਾ ਕਿ ਉਹ ਉਸ ਦੀ ਗੱਲ ਸੁਣ ਰਹੀ ਸੀ ਅਤੇ ਉਸੇ ਤਰ੍ਹਾਂ ਅਹਿਲ ਪਈ ਰਹੀ । ਤਦ ਉਹ ਨਾਰਾਜ਼ ਹੋ ਉੱਠਿਆ ਅਤੇ ਉਸ ਚੁੱਪ ਨੂੰ ਨਾ ਦਬਾਉਣ ਵਾਲੀ ਘ੍ਰਿਣਾ ਦਾ ਇਸ਼ਾਰਾ ਸਮਝ ਕੇ ਉਹ ਬੋਲਿਆ : 'ਜੇ ਤੂੰ ਕੱਲ੍ਹ ਹੇਠਾਂ ਨਾ ਆਈ ਤਾਂ............' ਅਤੇ ਉਹ ਕਮਰੇ ਵਿੱਚੋਂ ਨਿਕਲ ਕੇ ਚਲਾ ਗਿਆ।

"ਦੂਜੇ ਦਿਨ ਉਸ ਡਰੀ ਹੋਈ ਬੁੱਢੀ ਸੇਵਕਾਂ ਨੇ ਉਸ ਨੂੰ ਕੱਪੜੇ ਪਾਉਣੇ ਚਾਹੇ; ਪਰੰਤੂ ਉਹ ਪਗਲੀ ਬਹੁਤ ਜ਼ੋਰ ਨਾਲ ਰੌਲਾ ਪਾਉਣ ਲੱਗ ਪਈ ਅਤੇ ਆਪਣਾ ਪੂਰਾ ਜ਼ੋਰ ਲਾ ਕੇ ਉਸੇ ਤਰ੍ਹਾਂ ਪਈ ਰਹੀ । ਅਫ਼ਸਰ ਛੇਤੀ ਹੀ ਦੌੜਿਆ ਦੌੜਿਆ ਉੱਪਰ ਆਇਆ। ਸੇਵਕਾ ਉਸ ਦੇ ਪੈਰਾਂ 'ਤੇ ਡਿੱਗ ਕੇ ਕਹਿਣ ਲੱਗੀ : ਸ੍ਰੀ ਮਾਨ ਜੀ, ਉਹ ਹੇਠਾਂ ਨਹੀਂ ਜਾਵੇਗੀ । ਉਸ ਨੂੰ ਮਾਫ਼ ਕਰ ਦਿਓ, ਕਿਉਂਕਿ ਉਹ ਬਹੁਤ ਦੁੱਖੀ ਹੈ ।'

ਅਫ਼ਸਰ ਕ੍ਰੋਧ ਨਾਲ ਅੱਗ ਬਬੂਲਾ ਹੋ ਉਠਿਆ । ਨਾਰਾਜ਼ ਹੁੰਦੇ ਹੋਏ ਵੀ ਉਸ ਨੂੰ ਇੰਨਾ ਹੌਸਲਾ ਨਹੀਂ ਹੋਇਆ ਕਿ ਉਹ ਆਪਣੇ ਸਿਪਾਹੀਆਂ ਨੂੰ ਉਸ ਨੂੰ ਖਿੱਚ ਕੇ ਬਾਹਰ ਕੱਢ ਦੇਣ ਦੀ ਆਗਿਆ ਦੇ ਸਕੇ । ਪਰ ਅਚਾਨਕ, ਉਹ ਹੱਸਣ ਲੱਗਿਆ ਅਤੇ ਜਰਮਨ ਭਾਸ਼ਾਵਾਂ ਵਿੱਚ ਕੁਝ ਹੁਕਮ ਦੇਣ ਲੱਗਾ । ਛੇਤੀ ਹੀ ਸਿਪਾਹੀਆਂ ਦਾ ਇਕ ਦਸਤਾ ਇਕ ਮੰਜੇ ਨੂੰ ਇਸ ਪ੍ਰਕਾਰ ਬਾਹਰ ਲਿਜਾ ਰਿਹਾ ਸੀ ਜਿਵੇਂ ਕਿ ਉਹ ਕਿਸੇ ਜ਼ਖ਼ਮੀ ਵਿਅਕਤੀ ਨੂੰ ਲੈ ਜਾ ਰਿਹਾ ਹੋਵੇ । ਬਿਸਤਰੇ 'ਤੇ ਜੋ ਅਜੇ ਵੀ ਬੇਤਰਤੀਬ ਸੀ, ਉਹ ਪਗਲੀ ਬਿਲਕੁਲ ਸ਼ਾਂਤ ਅਤੇ ਚੁੱਪ ਲੇਟੀ ਹੋਈ ਸੀ, ਕਿਉਂਕਿ ਉਸ ਨੂੰ ਤਾਂ ਜਦ ਤੱਕ ਲੇਟਿਆ ਰਹਿਣ ਦਿੱਤਾ ਜਾਂਦਾ ਤਦ ਤੱਕ ਉਸ ਦਾ

ਕਿਸੇ ਵੀ ਗੱਲ ਨਾਲ ਕੋਈ ਮਤਲਬ ਨਹੀਂ ਸੀ । ਉਸ ਦੇ ਪਿੱਛੇ ਪਿੱਛੇ ਇਕ ਸਿਪਾਹੀ ਇਸਤਰੀਆਂ ਦੀ ਲੋੜ ਦੇ ਕੱਪੜਿਆਂ ਦੀ ਇਕ ਪੋਟਲੀ ਲੈ ਜਾ ਰਿਹਾ ਸੀ । ਅਫ਼ਸਰ ਨੇ ਆਪਣੇ ਹੱਥ ਮਲ਼ਦੇ ਹੋਏ ਕਿਹਾ: 'ਅਸੀਂ ਵੀ ਦੇਖਣਾ ਹੈ, ਹੁਣ ਤੂੰ ਆਪਣੇ ਆਪ ਕੱਪੜੇ ਪਾ ਕੇ ਥੋੜ੍ਹੀ ਬਹੁਤ ਦੂਰ ਚੱਲ ਸਕਦੀ ਹੈ ਜਾਂ ਨਹੀਂ ?"

ਅਤੇ ਤਦ ਉਹ ਜਲੂਸ ਇਮੋਬਿਲੇ ਦੇ ਜੰਗਲ ਵੱਲ ਚੱਲ ਪਿਆ । ਦੋ ਘੰਟੇ ਬਾਅਦ ਸਿਪਾਹੀ ਇਕਲੇ ਵਾਪਸ ਆ ਗਏ ਅਤੇ ਉਸ ਪਗਲੀ ਦੇ ਬਾਰੇ ਕੁਝ ਵੀ ਪਤਾ ਨਹੀਂ ਚੱਲਿਆ। ਉਨ੍ਹਾਂ ਨੇ ਉਸ ਦਾ ਕੀ ਕੀਤਾ ? ਉਹ ਉਸ ਨੂੰ ਕਿੱਥੇ ਲੈ ਗਏ? ਕੋਈ ਨਹੀਂ ਜਾਣ ਸਕਿਆ ।

"ਬਰਫ਼ ਦਿਨ ਰਾਤ ਪੈਂਦੀ ਰਹੀ ਅਤੇ ਉਸ ਨੇ ਜੰਗਲਾਂ ਨੂੰ ਜੰਮੇ ਹੋਏ ਝਗਦਾਰ ਕੁਹਰੇ ਦੀ ਮੋਟੀ ਚਾਦਰ ਨਾਲ ਢਕ ਲਿਆ । ਬਘਿਆੜ ਸਾਡੇ ਦਰਵਾਜ਼ਿਆਂ ਤੱਕ ਆ ਜਾਂਦੇ ਸਨ।

"ਉਸ ਵਿਚਾਰੀ ਬਦਕਿਸਮਤ ਔਰਤ ਦਾ ਵਿਚਾਰ ਮੈਨੂੰ ਪਰੇਸ਼ਾਨ ਕਰਦਾ ਰਿਹਾ ਅਤੇ ਮੈਂ ਉਸ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਪਰਸ਼ੀਅਨ ਅਧਿਕਾਰੀਆਂ ਨੂੰ ਕਿੰਨੀਆਂ ਹੀ ਚਿੱਠੀਆ ਲਿਖੀਆਂ ਪਰ ਉਸ ਦਾ ਕੋਈ ਵੀ ਨਤੀਜਾ ਨਹੀਂ ਨਿਕਲਿਆ। ਜਦ ਬਸੰਤ ਰੁੱਤ ਆਈ, ਫ਼ੌਜ ਵਾਪਸ ਚਲੀ ਗਈ ਪਰ ਮੇਰੀ ਗੁਆਂਢਣ ਦਾ ਮਕਾਨ ਬੰਦ ਹੀ ਰਿਹਾ ਅਤੇ ਬਗੀਚਿਆਂ ਵਿੱਚ ਘਾਹ ਕਾਫੀ ਉੱਗ ਆਈ । ਬੁੱਢੀ ਸੇਵਕਾ ਸਰਦੀ ਵਿੱਚ ਮਰ ਚੁੱਕੀ ਸੀ ਅਤੇ ਕਿਸੇ ਹੋਰ ਨੇ ਉਸ ਘਟਨਾ ਨੂੰ ਕੋਈ ਮਹੱਤਵ ਨਹੀਂ ਦਿਤਾ ਸੀ । ਮੈਂ ਇਕੱਲਾ ਹੀ ਉਸ ’ਤੇ ਲਗਾਤਾਰ ਵਿਚਾਰ ਕਰਦਾ ਰਿਹਾ। ਉਨ੍ਹਾਂ ਨੇ ਉਸ ਔਰਤ ਦਾ ਕੀ ਕੀਤਾ ? ਕੀ ਉਹ ਜੰਗਲਾਂ ਵਿਚੋਂ ਦੀ ਭੱਜ ਗਈ ? ਕੀ ਕਿਸੇ ਨੂੰ ਉਸ ਨੂੰ ਉੱਥੇ ਦੇਖ ਕੇ ਦਇਆ ਆ ਗਈ ਅਤੇ ਉਸ ਨੇ ਉਸ ਨੂੰ ਕੋਈ ਸਮਾਚਾਰ ਪੁੱਛੇ ਬਿਨਾਂ ਹੀ ਹਸਪਤਾਲ ਪਹੁੰਚਾ ਦਿੱਤਾ ? ਮੇਰੇ ਸ਼ੱਕਾਂ ਦਾ ਨਿਪਟਾਰਾ ਕਰਨ ਵਾਲੀ ਕੋਈ ਘਟਨਾ ਨਹੀਂ ਹੋਈ ਅਤੇ ਮੇਰਾ ਡਰ ਬਣਿਆ ਰਿਹਾ ।

ਬਸੰਤ ਵਿੱਚ ਹੰਸ ਬਹੁਤ ਸਨ । ਥੋੜ੍ਹੇ ਦਿਨਾਂ ਲਈ ਜਦ ਮੇਰਾ ਗਠੀਆ ਠੀਕ ਹੋ ਗਿਆ, ਮੈਂ ਜੰਗਲਾਂ ਵਿੱਚ ਰਿੜ੍ਹਦਾ ਰਿੜ੍ਹਦਾ ਚਲਾ ਗਿਆ । ਮੈਂ ਚਾਰ ਪੰਜ ਲੰਬੀ ਚੁੰਝ ਵਾਲੀਆਂ ਚਿੜੀਆਂ ਮਾਰ ਚੁੱਕਾ ਸੀ ਕਿ ਮੇਰੀ ਗੋਲੀ ਨਾਲ ਘਾਇਲ ਇਕ ਚਿੜੀ ਟਾਹਣੀ ਪੱਤਿਆਂ ਨਾਲ ਭਰੇ ਟੋਏ ਵਿੱਚ ਜਾ ਡਿੱਗੀ । ਮੈਨੂੰ ਉਸ ਨੂੰ ਚੁੱਕਣ ਲਈ ਉਸ ਵਿੱਚ ਉਤਰਨਾ ਪਿਆ ਅਤੇ ਮੈਨੂੰ ਪਤਾ ਲੱਗਿਆ ਕਿ ਉਹ ਚਿੜੀ ਇਕ ਮਰੇ ਹੋਏ ਮਨੁੱਖ ਦੀ ਦੇਹ ਦੇ ਕੋਲ ਜਾ ਕੇ ਡਿੱਗੀ ਸੀ । ਛੇਤੀ ਹੀ ਪਗਲੀ

ਦੀ ਯਾਦ ਨੇ ਮੇਰੇ ਦਿਲ ਵਿੱਚ ਇਕ ਜ਼ਖਮ ਕਰ ਦਿਤਾ । ਸ਼ਾਇਦ ਸਤਿਆਨਾਸੀ ਸਾਲ ਵਿੱਚ ਕਿੰਨੇ ਹੀ ਹੋਰ ਆਦਮੀ ਜੰਗਲਾਂ ਵਿੱਚ ਮਰ ਗਏ ਹੋਣਗੇ, ਮੈਂ ਨਹੀਂ ਜਾਣਦਾ, ਕਿਉਂ ? ਪਰੰਤੂ ਮੈਂ ਦੱਸ ਦਿੰਦਾ ਹਾਂ, ਮੇਰਾ ਪੂਰਾ ਵਿਸ਼ਵਾਸ ਸੀ ਕਿ ਮੈਨੂੰ ਉਸ ਵਿਚਾਰੀ ਪਗਲੀ ਦਾ ਸਿਰ ਜ਼ਰੂਰ ਦਿਖਾਈ ਦੇਵੇਗਾ ।

"ਅਤੇ ਅਚਾਨਕ ਹੀ ਮੈਂ ਸਮਝ ਗਿਆ, ਹਰ ਗੱਲ ਪਛਾਣ ਗਿਆ । ਉਨ੍ਹਾਂ ਨੇ ਉਸ ਨੂੰ ਠੰਡ ਵਿੱਚ ਉਸ ਜੰਗਲ ਵਿੱਚ ਉਸ ਚਟਾਈ 'ਤੇ ਪਈ ਨੂੰ ਛੱਡ ਦਿੱਤਾ ਸੀ ਅਤੇ ਆਪਣੇ ਵਿਚਾਰਾਂ ਦੇ ਅਨੁਕੂਲ ਸੱਚੀ ਰਹਿ ਕੇ ਉਸ ਨੇ ਬਰਫ਼ ਦੀ ਮੋਟੀ ਅਤੇ ਹਲਕੀ ਤਹਿ ਦੇ ਅੰਦਰ ਬਿਨਾਂ ਹੱਥ ਪੈਰ ਹਿਲਾਏ ਨਸ਼ਟ ਹੋ ਜਾਣਾ ਮੰਜ਼ੂਰ ਕਰ ਲਿਆ।

"ਤਦ ਬਘਿਆੜਾਂ ਨੇ ਉਸ ਨੂੰ ਖਾ ਲਿਆ ਅਤੇ ਚਿੜੀਆਂ ਨੇ ਉਸ ਦੇ ਫਟੇ ਬਿਸਤਰਿਆਂ ਦੇ ਉੱਨ ਨਾਲ ਆਪਣੇ ਆਲ੍ਹਣੇ ਬਣਾ ਲਏ ਅਤੇ ਮੈਂ ਉਸ ਦੀਆ ਹੱਡੀਆਂ ਨੂੰ ਚੁੱਕ ਲਿਆਇਆ । ਮੈਂ ਭਗਵਾਨ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਸਾਡੇ ਪੁੱਤਰਾਂ ਨੂੰ ਕਦੇ ਕੋਈ ਲੜਾਈ ਨਾ ਦੇਖਣੀ ਪਵੇ ।"

# ਮਹਿੰਗੀ ਸੈਰ

ਹੈਕਟਰ ਡੀ. ਗਰੀਬਲੀਨ, ਜੋ ਇਕ ਪੁਰਾਣੇ ਪ੍ਰਾਂਤਕ ਪਰਿਵਾਰ ਦੇ ਵੰਸ਼ ਵਿਚੋਂ ਸਨ, ਨੇ ਆਪਣੀ ਜ਼ਿੰਦਗੀ ਦੇ ਪਹਿਲੇ ਸਾਲ ਜੱਦੀ ਘਰ ਵਿੱਚ ਬਿਤਾਏ ਸਨ ਅਤੇ ਪਾਦਰੀ ਤੋਂ ਵਿੱਦਿਆ ਪ੍ਰਾਪਤ ਕੀਤੀ । ਪਰਿਵਾਰ ਭਾਵੇਂ ਜ਼ਿਆਦਾ ਅਮੀਰ ਨਹੀਂ ਸੀ ਪਰ ਉਨ੍ਹਾਂ ਦਾ ਰਹਿਣ ਸਹਿਣ ਤੇ ਪਹਿਰਾਵਾ ਚੰਗਾ ਸੀ। ਵੀਹ ਸਾਲ ਦੀ ਉਮਰ ਵਿੱਚ ਉਸ ਨੂੰ ਜਲ-ਸੈਨਾ ਪ੍ਰਬੰਧ ਵਿੱਚ ਇਕ ਨੌਕਰੀ 'ਤੇ ਲਾਇਆ ਗਿਆ, ਜਿਸ ਦੀ ਤਨਖ਼ਾਹ, ਸਾਲ ਲਈ ਇਕ ਹਜ਼ਾਰ ਪੰਜ ਸੌ ਫਰੈਂਕਸ ਸੀ, ਪਰ ਬਹੁਤੇ ਲੋਕਾਂ ਦੀ ਤਰ੍ਹਾਂ ਲੜਾਈ ਵਾਸਤੇ ਤਿਆਰ ਨਾ ਕੀਤਾ ਉਸ ਦੀ ਦਫ਼ਤਰੀ ਜ਼ਿੰਦਗੀ ਦੇ ਪਹਿਲੇ ਤਿੰਨ ਸਾਲ ਬੜੇ ਕਸ਼ਟਦਾਇਕ ਸਨ ।

ਉਸ ਨੇ ਆਪਣੇ ਪਰਿਵਾਰ ਦੇ ਕੁਝ ਪੁਰਾਣੇ ਮਿੱਤਰਾਂ ਨਾਲ ਮੁੜ ਜਾਣ ਪਹਿਚਾਣ ਕੀਤੀ ਜੋ ਉਸ ਵਾਂਗ ਗ਼ਰੀਬ ਪਰ ਉਨ੍ਹਾਂ ਨੇ ਫਯੁਬਰਗ ਸੈਂਟ ਜਰਮਨ ਵਿੱਚ ਅਲੱਗ ਰਹਿ ਕੇ, ਕਿਸੇ ਵੀ ਕੀਮਤ 'ਤੇ ਆਪਣੀ ਨੁਹਾਰ ਬਣਾ ਕੇ ਰੱਖੀ ਹੋਈ ਸੀ, ਆਪਣਾ ਮਿਆਰ ਬਣਾ ਕੇ ਰੱਖਣ ਲਈ ਸਭ ਕੁਝ ਕੁਰਬਾਨ ਕਰ ਰਹੇ ਸਨ ।

ਉੱਥੇ ਹੀ ਇਕ ਜਵਾਨ ਲੜਕੀ ਨਾਲ ਉਸ ਦੀ ਮੁਲਾਕਾਤ ਹੋਈ ਜੋ ਖ਼ਾਨਦਾਨੀ ਪਰ ਬਹੁਤ ਗ਼ਰੀਬ ਸੀ । ਉਨ੍ਹਾਂ ਦੋਹਾਂ ਦੇ ਮਿਲਣ ਨਾਲ ਉਨ੍ਹਾਂ ਦੇ ਦੋ ਬੱਚੇ ਹੋਏ । ਹੈਕਟ ਅਤੇ ਉਸ ਦੀ ਪਤਨੀ ਲਗਾਤਾਰ ਆਪਣੀ ਸਾਧਾਰਣ ਰੋਟੀ ਦਾ ਖ਼ਰਚ ਪੂਰਾ ਕਰਨ ਲਈ ਲਗਾਤਾਰ ਘੋਲ ਕਰਦੇ ਰਹੇ ਅਤੇ ਉਨ੍ਹਾਂ ਨੇ ਪਿਛਲੇ ਚਾਰ ਸਾਲ ਤੋਂ ਐਤਵਾਰ ਨੂੰ ਹੈਂਪਸ-ਇਲੀਸ਼ਸ 'ਤੇ ਸੈਰ ਕਰਨ ਅਤੇ ਕਦੇ ਕਦੇ ਕਿਸੇ ਦੋਸਤ ਤੋਂ ਟਿਕਟ ਲੈ ਕੇ ਸਿਨੇਮਾ ਦੇਖਣ ਤੋਂ ਇਲਾਵਾ ਕੋਈ ਦਿਲ ਪ੍ਰਚਾਵਾ ਨਹੀਂ ਕੀਤਾ ਸੀ।

ਉਸ ਦੇ ਮਾਲਕ ਨੇ ਉਸ ਨੂੰ ਕੁਝ ਹੋਰ ਕੰਮ ਦੇ ਦਿੱਤਾ ਸੀ ਅਤੇ ਉਸ ਦੇ ਬਦਲੇ ਤਿੰਨ ਸੌ ਫਰੈਂਕਸ ਹੋਰ ਮਿਲ ਗਏ ਸਨ । ਉਸ ਰਾਤ ਉਹ ਆਪਣੇ ਘਰ ਆ ਕੇ ਆਪਣੀ ਪਤਨੀ ਨੂੰ ਕਹਿਣ ਲੱਗਾ।

"ਮੇਰੀ ਪਿਆਰੀ ਹੈਨਰੀਟ ਸਾਨੂੰ ਜ਼ਰੂਰ ਇਸ ਰਕਮ ਨਾਲ ਕੁਝ ਕਰਨਾ ਚਾਹੀਦਾ ਹੈ ; ਉਦਾਹਰਣ ਦੇ ਤੌਰ 'ਤੇ ਬੱਚਿਆਂ ਲਈ ਦੇਸ਼ ਦੀ ਥੋੜ੍ਹੀ ਜਿਹੀ ਸੈਰ ਕਰੀਏ ।"

ਉਨ੍ਹਾਂ ਨੇ ਕਾਫੀ ਸੋਚ-ਵਿਚਾਰ ਕੀਤੀ ਅਤੇ ਆਖਿਰ ਪਰਿਵਾਰ ਸਹਿਤ ਪਿਕਨਿਕ ’ਤੇ ਜਾਣ ਦਾ ਫ਼ੈਸਲਾ ਕੀਤਾ।

"ਅਸੀਂ ਬਹੁਤ ਘੱਟ ਹੀ ਕਦੇ ਬਾਹਰ ਗਏ ਹਾਂ ।" ਹੈਕਟਰ ਨੇ ਕਿਹਾ, "ਅਸੀਂ ਕੁਝ ਚੀਜਾਂ ਠੀਕ ਕਰ ਲਵਾਂਗੇ। ਅਸੀਂ ਤੇਰੇ ਲਈ ਅਤੇ ਬੱਚਿਆਂ ਲਈ ਇਕ ਰਿਗ ਭਾੜੇ ’ਤੇ ਲੈ ਲਵਾਂਗੇ ਅਤੇ ਮੈਂ ਇਕ ਘੋੜਾ ਕਿਰਾਏ ’ਤੇ ਲੈ ਲਵਾਂਗਾ; ਇਹ ਮੇਰੇ ਲਈ ਠੀਕ ਰਹੇਗਾ ।

ਫੇਰ ਸਾਰਾ ਹਫ਼ਤਾ ਹੋਰ ਕੋਈ ਗੱਲ ਨਹੀਂ ਕੀਤੀ ਹਰ ਰਾਤ ਉਹ ਆਪਣੇ ਵੱਡੇ ਲੜਕੇ ਨੂੰ ਪੈਰਾਂ ’ਤੇ ਉੱਪਰ ਨੀਚੇ ਕਰਕੇ ਖਿਡਾਉਂਦਾ ਅਤੇ ਕਹਿੰਦਾ : "ਇਸੇ ਤਰ੍ਹਾਂ ਦੇ ਨਾਲ ਪਾਪਾ ਐਤਵਾਰ ਨੂੰ ਘੋੜਾ ਚਲਾਉਣਗੇ ।" ਅਤੇ ਲੜਕਾ ਸਾਰਾ ਦਿਨ ਸੀਟਾਂ ’ਤੇ ਬੈਠ ਕੇ ਚੀਕਦਾ ਰਹੇਗਾ:

"ਇਹ ਘੋੜੇ ’ਤੇ ਪਾਪਾ ਹੈ ।" ਨੌਕਰ ਵੀ ਹੈਰਾਨ ਹੋ ਗਿਆ ਜਦੋਂ ਉਸ ਨੇ ਹੈਕਟਰ ਦਾ ਘੋੜੇ ’ਤੇ ਜਾਣ ਦਾ ਕਾਰਨਾਮਾ ਸੁਣਿਆ, ਜਦੋਂ ਉਹ ਘਰ ਸੀ ਅਤੇ ਉਹ ਕਿਵੇਂ ਬੱਘੀ ਦੇ ਨਾਲ ਨਾਲ ਘੋੜ ਸਵਾਰੀ ਕਰੇਗਾ ।

ਉਹ ਕਹਿੰਦਾ ਸੀ, ਇਕ ਵੇਰ ਜਦੋਂ ਮੈਂ ਘੋੜੇ ’ਤੇ ਚੜ੍ਹ ਜਾਵਾਂ, ਮੈਨੂੰ ਕੋਈ ਡਰ ਨਹੀਂ ਹੁੰਦਾ" "ਜੇ ਉਹ ਮੈਨੂੰ ਅੜੀਅਲ ਜਾਨਵਰ ਵੀ ਦੇ ਦੇਣ, ਮੈਂ ਉਸ ਨੂੰ ਵੀ ਸੰਭਾਲ਼ ਲਵਾਂਗਾ । ਤੁਸੀਂ ਦੇਖੋਗੇ, ਮੈਂ ਕਿਵੇਂ ਘੋੜੇ ’ਤੇ ਚੜ੍ਹਦਾ ਹਾਂ, ਅਤੇ ਜੇ ਤੁਸੀਂ ਚੰਗਾ ਸਮਝੋ ਤਾਂ ਅਸੀਂ ਹੈਂਪਸ- ਏਲਿਅਸ ਦੇ ਰਸਤੇ ਘਰ ਵਾਪਸ ਆ ਸਕਦੇ ਹਾਂ, ਜਿੱਥੋਂ' ਸਾਰੇ ਵਾਪਸ ਆ ਰਹੇ ਹੁੰਦੇ ਹਨ । ਅਸੀਂ ਇਕ ਨਜ਼ਾਰਾ ਪੇਸ਼ ਕਰ ਦੇਵਾਂਗੇ ਅਤੇ ਮੈਨੂੰ ਕਿਸੇ ਦਫ਼ਤਰ ਵਾਲੇ ਨੂੰ ਮਿਲ ਕੇ ਕੋਈ ਅਫ਼ਸੋਸ ਨਹੀਂ ਹੋਵੇਗਾ : ਇਸ ਤੋਂ ਵੱਧ ਮਾਣ ਵਾਲੀ ਗੱਲ ਹੋਰ ਕਦੀ ਨਹੀਂ ਹੈ ।

ਆਖ਼ਰਕਾਰ ਐਤਵਾਰ ਆ ਗਿਆ । ਬੱਘੀ ਅਤੇ ਘੋੜਾ ਦਰਵਾਜ਼ੇ ’ਤੇ ਖੜ੍ਹੇ ਸਨ ਅਤੇ ਉੱਪਰੋਂ ਘੋੜੇ ਨੂੰ ਦੇਖ ਕੇ ਹੈਕਟਰ ਇਕਦਮ ਨਵੀਂ ਖ਼ਰੀਦੀ ਚਾਬਕ ਨਾਲ ਹੇਠਾਂ ਆਇਆ । ਉਸ ਨੂੰ ਸਿਰ ਤੋਂ ਪੈਰਾਂ ਤੱਕ ਵੇਖਿਆ, ਉਸ ਦਾ ਮੂੰਹ ਖੋਲ੍ਹਿਆ, ਉਸ ਦੀ ਉਮਰ ਦੱਸੀ ਅਤੇ ਕਿਉਂਕਿ ਉਸ ਸਮੇਂ ਹੀ ਉਸ ਦਾ ਪਰਿਵਾਰ ਬਾਹਰ ਆ ਰਿਹਾ ਸੀ। ਉਸ ਨੇ ਘੋੜਿਆਂ ਬਾਰੇ ਆਮ ਚਰਚਾ ਕੀਤੀ ਅਤੇ ਉਸ ਘੋੜੇ ਬਾਰੇ ਖ਼ਾਸ ਕਰ ਕੇ ਕੀਤੀ, ਉਹ ਇਹ ਸੀ ਕਿ ਇਹ ਇਕ ਵਧੀਆ ਜਾਨਵਰ ਹੈ।

ਜਦੋਂ ਹਰ ਕੋਈ ਬੱਘੀ ਵਿੱਚ ਆਰਾਮ ਨਾਲ ਬੈਠ ਗਿਆ, ਹੈਕਟਰ ਨੇ ਕਾਠੀ ਵੇਖੀ ਅਤੇ ਜ਼ੋਰ ਦੀ ਟਪੂਸੀ ਮਾਰ ਕੇ ਘੋੜੇ ’ਤੇ ਇਸ ਤਰ੍ਹਾਂ ਸਵਾਰ ਹੋ ਗਿਆ ਕਿ ਇਕਦਮ ਉਹ ਇਸ ਤਰ੍ਹਾਂ ਟੱਪਣ ਲੱਗ ਪਿਆ ਜਿਵੇਂ ਸਵਾਰ ਨੂੰ ਡੇਗਣਾ ਹੁੰਦਾ ਹੈ। ਹੈਕਟਰ ਘਬਰਾ ਗਿਆ ਆਪਣੇ ਘੋੜੇ ਨੂੰ ਪੁਚਕਾਰਦੇ ਹੋਏ ਸ਼ਾਂਤ ਕਰਨ ਦਾ ਯਤਨ ਕੀਤਾ 'ਬਸ ਪੁੱਤਰਾ ਬਸ' ਅਤੇ ਉਸ ਨੂੰ ਸ਼ਾਂਤ ਕਰਨ ਵਿੱਚ ਸਫ਼ਲ ਹੋ ਗਿਆ ਤਾਂ ਕਿਹਾ,

"ਕੀ ਸਾਰੇ ਤਿਆਰ ਹਨ ?" ਸਾਰਿਆਂ ਨੇ ਹਾਂ ਵਿੱਚ ਉੱਤਰ ਦਿੱਤਾ ਅਤੇ ਪਾਰਟੀ ਚੱਲ ਪਈ। ਸਾਰਿਆਂ ਦੀਆਂ ਅੱਖਾਂ ਹੈਕਟਰ ਵੱਲ ਮੁੜੀਆਂ, ਉਹ ਅੰਗਰੇਜ਼ਾਂ ਵਾਂਗ ਬੈਠਾ ਹੋਇਆ ਸੀ, ਕਾਠੀ ਉੱਤੇ ਵਧੇਰੇ ਹੀ ਉੱਪਰ ਨੀਚੇ ਕੁੱਦਦਾ ਸੀ। ਉਹ ਅੱਖਾਂ ਸਿਕੋੜ ਕੇ ਸਿੱਧਾ ਉਸ ਵੱਲ ਵੇਖ ਰਿਹਾ ਸੀ। ਅਤੇ ਡਰ ਨਾਲ ਪੀਲਾ ਦਿਖਾਈ ਦੇ ਰਿਹਾ ਸੀ। ਉਸ ਦੀ ਪਤਨੀ ਅਤੇ ਨੌਕਰ ਨੇ ਇਕ ਇਕ ਲੜਕੇ ਨੂੰ ਆਪਣੀ ਗੋਦ ਵਿੱਚ ਲਿਆ ਹੋਇਆ ਸੀ ਜੋ ਘੜੀ ਮੁੜੀ ਕਹਿੰਦੇ ਸਨ :

"ਪਾਪਾ ਵੱਲ ਵੇਖੋ।" ਅਤੇ ਲੜਕੇ ਖ਼ੁਸ਼ੀ ਨਾਲ ਕੰਨਪਾੜਵੀਆਂ ਚੀਕਾਂ ਮਾਰਨ ਲੱਗੇ।

ਘੋੜਾ, ਇੰਨੇ ਰੌਲ਼ੇ ਤੋਂ ਡਰ ਕੇ ਉੱਛਲਣ ਲੱਗ ਪਿਆ ਜਦੋਂ ਹੈਕਟਰ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਹੈਟ ਡਿੱਗ ਪਿਆ। ਕੋਚਵਾਨ ਨੇ ਹੇਠਾਂ ਉਤਰ ਕੇ ਹੈਟ ਨੂੰ ਚੁੱਕਿਆ। ਉਸ ਨੂੰ ਵਾਪਸ ਪਾ ਕੇ ਹੈਕਟਰ ਨੇ ਜ਼ੋਰ ਦੀ ਆਪਣੀ ਪਤਨੀ ਨੂੰ ਕਿਹਾ :

"ਬੱਚਿਆਂ ਨੂੰ ਚੀਕਾਂ ਮਾਰਨ ਤੋਂ ਰੋਕੋ ਜੇ ਤੂੰ ਨਹੀਂ ਰੋਕੇਂਗੀ ਤਾਂ ਘੋੜਾ ਬੇਕਾਬੂ ਹੋ ਜਾਵੇਗਾ।"

ਉਹ ਆਖ਼ਿਰ ਵਿੱਚ ਪਹੁੰਚ ਗਏ। ਟੋਕਰੀਆਂ ਖੋਲ੍ਹ ਕੇ ਉਹ ਘਾਹ ’ਤੇ ਬੈਠ ਕੇ ਦੁਪਿਹਰ ਦਾ ਖਾਣਾ ਖਾਣ ਲੱਗ ਪਏ। ਬੇਸ਼ਕ ਕੋਚਵਾਨ ਘੋੜਿਆਂ ਦੀ ਦੇਖਭਾਲ਼ ਕਰ ਰਿਹਾ ਸੀ, ਪਰ ਹੈਕਟਰ ਹਰ ਪਲ਼ ਇਹ ਵੇਖਣ ਲਈ ਜਾਂਦਾ ਕਿ ਘੋੜੇ ਨੂੰ ਕੁਝ ਚਾਹੀਦਾ ਤਾਂ ਨਹੀਂ। ਉਸ ਨੇ ਘੋੜੇ ਨੂੰ ਥਪਕੀ ਦਿੱਤੀ ਅਤੇ ਉਸ ਨੂੰ ਰੋਟੀ ਕੇਕ ਅਤੇ ਮਿੱਠਾ ਖਾਣ ਨੂੰ ਦਿੱਤਾ।

"ਉਹ ਆਪਣੀ ਪਤਨੀ ਨੂੰ ਕਹਿੰਦਾ ਹੈ, ਇਹ ਬੜਾ ਦੁੜਕੀ ਚਾਲ ਵਾਲਾ ਘੋੜਾ ਹੈ।" ਉਸ ਨੇ ਪਹਿਲਾਂ ਮੈਨੂੰ ਹੁਝਕਾ ਮਾਰਿਆ ਪਰ ਤੁਸੀਂ ਵੇਖਿਆ ਕਿ ਮੈਂ ਉਸ ਨੂੰ ਕਿਵੇਂ ਕਾਬੂ ਕੀਤਾ। ਉਹ ਹੁਣ ਆਪਣੇ ਮਾਲਕ ਨੂੰ ਜਾਣਦਾ ਹੈ।"

ਜਿਵੇਂ ਉਨ੍ਹਾਂ ਫ਼ੈਸਲਾ ਕੀਤਾ ਸੀ, ਉਹ ਚੈਪਸ-ਇਲੈਸੀਸ ਦੇ ਰਸਤੇ ਵਾਪਸ ਆਏ। ਮੌਸਮ ਸੁਹਾਵਣਾ ਹੋਣ ਕਰਕੇ ਬਹੁਤ ਸਾਰੀਆਂ ਬੱਘੀਆਂ ਚੱਲ ਰਹੀਆਂ ਸਨ। ਛਾਂਦਾਰ ਸੜਕ ’ਤੇ ਚੱਲਣ ਵਾਲਿਆਂ ਦੀ ਲਾਇਨ ਲੱਗੀ ਹੋਈ ਸੀ । ਘੋੜਾ ਅਸਤਬਲ ਨੂੰ ਨੇੜੇ ਵੇਖਦਾ ਹੋਇਆ ਅਚਾਨਕ ਸਰਪਟ ਦੌੜਨ ਲੱਗਾ । ਉਹ ਵਾ-ਵਰੋਲੇ ਦੀ ਤਰ੍ਹਾ ਬੱਘੀਆਂ ਵਿਚੋਂ ਲੰਘਦਾ ਗਿਆ ਅਤੇ ਹੈਕਟਰ ਦੀ ਉਸ ਨੂੰ ਰੋਕਣ ਦੀ ਕੋਸ਼ਿਸ਼ ਨਿਸਫ਼ਲ ਰਹੀ। ਉਸ ਦੇ ਪਰਿਵਾਰ ਵਾਲੀ ਬੱਘੀ ਕਾਫੀ ਪਿੱਛੇ ਰਹਿ ਗਈ ਸੀ। ਪੈਬਟਿਸ ਡੀ. ਆਈ ਇਨਡਸਟ੍ਰੀ, ਦੇ ਸਾਹਮਣੇ ਘੋੜਾ ਤੇਜ਼ੀ ਨਾਲ ਸੱਜੇ ਪਾਸੇ ਕੁੱਦ ਪਿਆ। ਇਕ ਬੁੱਢੀ ਔਰਤ ਉਸ ਸਮੇਂ ਆਰਾਮ ਨਾਲ ਸੜਕ ਪਾਰ ਕਰ ਰਹੀ ਸੀ ਅਤੇ ਹੈਕਟਰ ਜੋ ਘੋੜੇ ਨੂੰ ਰੋਕਣ ਵਿੱਚ ਅਸਫ਼ਲ ਸੀ, ਚਿਲਾਇਆ: "ਇਕ ਪਾਸੇ ।" ਪਰ ਔਰਤ ਬੋਲ਼ੀ ਸੀ, ਉਹ ਹੌਲੀ ਹੌਲੀ ਚੱਲਦੀ ਗਈ ਅਤੇ ਘੋੜਾ ਉਸ ਨਾਲ ਇੰਨੀ ਜ਼ੋਰ ਦੀ ਟਕਰਾਇਆ ਕਿ ਉਹ ਤਿੰਨ ਗੇੜੇ ਖਾ ਕੇ ਦਸ ਕਦਮ ਪਰੇ ਜਾ ਡਿੱਗੀ। ਬਹੁਤ ਸਾਰੇ ਲੋਕਾਂ ਨੇ ਜ਼ੋਰ ਦੀ ਕਿਹਾ :

"ਇਹ ਨੂੰ ਰੋਕ ਬਾਈ।"

ਹੈਕਟਰ ਘਬਰਾ ਗਿਆ ਅਤੇ ਘੋੜੇ ਦੀ ਲਗਾਮ ਪਕੜਦਾ ਹੋਇਆ ਚਿਲਾਇਆ "ਮੱਦਦ ਮੱਦਦ ।" ਇਕ ਜ਼ੋਰ ਦੇ ਝਟਕੇ ਨਾਲ ਉਹ ਘੋੜੇ ਦੀ ਗਰਦਨ ਦੇ ਉੱਤੋਂ ਦੀ ਪੁਲਸ ਵਾਲੇ ਦੀਆਂ ਬਾਹਾਂ ਵਿੱਚ ਆ ਡਿੱਗਿਆ, ਜੋ ਉਸ ਵੱਲ ਦੌੜਦਾ ਆ ਰਿਹਾ ਸੀ। ਗੁੱਸੇ ਹੋਏ ਲੋਕਾਂ ਦੀ ਭੀੜ ਇਕੱਠੀ ਹੋ ਗਈ । ਇਕ ਟੀਪ ਟਾਪ ਵਾਲਾ ਬਜ਼ੁਰਗ ਕੁਝ ਜ਼ਿਆਦਾ ਗੁੱਸੇ ਵਿੱਚ ਸੀ।

"ਜਨਾਬ ਇਸ ਨੂੰ ਕਾਬੂ ਵਿੱਚ ਰੱਖੋ।" ਉਸ ਨੇ ਕਿਹਾ, "ਜੇ ਤੁਸੀਂ ਘੋੜਾ ਚਲਾਉਣਾ ਨਹੀਂ ਜਾਣਦੇ ਤਾਂ ਲੋਕਾਂ ਨੂੰ ਕੁਚਲਣ ਦੀ ਬਜਾਏ ਘਰ ਕਿਉਂ ਨਹੀਂ ਬੈਠੇ ਰਹਿੰਦੇ ।"

ਚਾਰ ਆਦਮੀ ਬੁੱਢੀ ਨੂੰ ਲੈ ਜਾ ਰਹੇ ਸੀ, ਇੰਝ ਲੱਗ ਰਹੀ ਸੀ ਜਿਵੇਂ ਮਰ ਗਈ ਹੋਵੇ।

"ਇਸ ਔਰਤ ਨੂੰ ਦਵਾਈਆਂ ਦੀ ਦੁਕਾਨ ’ਤੇ ਲੈ ਜਾਵੋ ।" ਬਜ਼ੁਰਗ ਆਦਮੀ ਨੇ ਕਿਹਾ ਅਤੇ "ਚੱਲੋ ਅਸੀਂ ਥਾਣੇ ਚੱਲੀਏ ।"

ਇਕ ਭੀੜ ਹੈਕਟਰ ਦੇ ਨਾਲ ਗਈ ਜੋ ਦੋ ਪੁਲਿਸ ਦੇ ਆਦਮੀਆਂ ਦੇ ਵਿਚਕਾਰ ਤੁਰ ਰਿਹਾ ਸੀ, ਜਦੋਂਕਿ ਤੀਜਾ ਉਸ ਦਾ ਘੋੜਾ ਲੈ ਜਾ ਰਿਹਾ ਸੀ । ਉਸ

ਸਮੇਂ ਹੀ ਬੱਘੀ ਸਾਹਮਣੇ ਆਈ, ਉਸ ਦੀ ਔਰਤ ਉਸ ਦੀ ਹਾਲਤ ਦੇਖਦੀ ਹੋਈ, ਉਸ ਵੱਲ ਦੌੜੀ; ਨੌਕਰ ਅਤੇ ਬੱਚੇ ਪਿੱਛੇ ਚੀਕਾਂ ਮਾਰਦੇ ਆ ਰਹੇ ਸਨ । ਉਸ ਨੇ ਦੱਸਿਆ ਕਿ ਉਸ ਦੇ ਘੋੜੇ ਦੇ ਹੇਠ ਇਕ ਔਰਤ ਲਿਤਾੜੀ ਗਈ ਹੈ, ਪਰ ਕੋਈ ਖ਼ਾਸ ਗੱਲ ਨਹੀਂ, ਉਹ ਹੁਣੇ ਘਰ ਆ ਜਾਵੇਗਾ ।

ਪੁਲਿਸ ਸਟੇਸ਼ਨ ਪਹੁੰਚ ਕੇ ਉਸਨੇ ਆਪਣਾ ਨਾਂ, ਆਪਣੀ ਜਗ੍ਹਾ, ਆਪਣੀ ਨੌਕਰੀ ਬਾਰੇ ਅਤੇ ਉਸ ਜ਼ਖ਼ਮੀ ਔਰਤ ਦੀ ਹਾਲਤ ਦੱਸੀ। ਇਕ ਪੁਲਿਸ ਦਾ ਆਦਮੀ ਇਹ ਖ਼ਬਰ ਲੈ ਕੇ ਵਾਪਸ ਆਇਆ ਕਿ ਉਸ ਔਰਤ ਦਾ ਨਾਮ ਮੈਡਮ ਸਾਇਮਨ ਸੀ ਅਤੇ ਉਹ ਔਰਤ ਇਕ ਕੰਮ ਕਰਨ ਵਾਲੀ 65 ਸਾਲ ਦੀ ਉਮਰ ਦੀ ਸੀ। ਉਹ ਮੁੜ ਹੋਸ਼ ਵਿੱਚ ਆ ਗਈ ਸੀ ਪਰ ਉਸ ਨੂੰ ਅੰਦਰੋਂ ਤਕਲੀਫ਼ ਸੀ, ਉਸ ਨੇ ਕਿਹਾ। ਜਦੋਂ ਹੈਕਟਰ ਨੂੰ ਪਤਾ ਲੱਗਾ ਕਿ ਉਹ ਮਰੀ ਨਹੀਂ ਤਾਂ ਉਸ ਨੇ ਹੌਸਲਾ ਕੀਤਾ ਅਤੇ ਉਸ ਦੀ ਬਿਮਾਰੀ ਦਾ ਖ਼ਰਚਾ ਕਰਨ ਦਾ ਵਾਇਦਾ ਕੀਤਾ। ਉਹ ਦਵਾਈਆਂ ਦੀ ਦੁਕਾਨ ’ਤੇ ਗਿਆ, ਜਿੱਥੇ ਉਹ ਬਜ਼ੁਰਗ ਔਰਤ ਨੂੰ ਲੈ ਗਏ ਸੀ। ਕਾਫੀ ਭੀੜ ਨੇ ਦਰਵਾਜ਼ੇ ਦਾ ਰਸਤਾ ਰੋਕਿਆ ਹੋਇਆ ਸੀ । ਬੁੱਢੀ ਔਰਤ ਬੁਰੀ ਤਰ੍ਹਾਂ ਭੁੱਬਾਂ ਮਾਰ ਮਾਰ ਕੇ ਰੋ ਰਹੀ ਸੀ । ਦੋ ਡਾਕਟਰ ਉਸ ਨੂੰ ਦੇਖ ਰਹੇ ਸਨ।

ਉਨ੍ਹਾਂ ਨੇ ਕਿਹਾ, "ਕੋਈ ਹੱਡੀ ਨਹੀਂ ਟੁੱਟੀ ।" "ਪਰ ਸਾਨੂੰ ਲੱਗਦਾ ਹੈ ਕਿ ਇਸ ਨੂੰ ਅੰਦਰੂਨੀ ਸੱਟ ਲੱਗੀ ਹੈ ।”

"ਤੁਹਾਨੂੰ ਜ਼ਿਆਦਾ ਤਕਲੀਫ਼ ਹੈ ?" ਹੈਕਟਰ ਨੇ ਪੁੱਛਿਆ :

“ਉਹ ਹਾਂ”

ਕਿੱਥੇ ?"

"ਮੈਨੂੰ ਲੱਗਦਾ ਹੈ ਕਿ ਮੇਰਾ ਅੰਦਰ ਸੜ ਰਿਹਾ ਹੈ ।"

"ਤਾਂ ਤੁਸੀਂ ਹੀ ਟੱਕਰ ਦਾ ਕਾਰਨ ਹੋ ?" ਡਾਕਟਰ ਨੇ ਆ ਕੇ ਕਿਹਾ ।

"ਹਾਂ ਜਨਾਬ" ਹੈਕਟਰ ਨੇ ਕਿਹਾ।

"ਇਸ ਔਰਤ ਨੂੰ ਜਰੂਰ ਸੈਂਨੀਟੋਰੀਅਮ ਲੈ ਜਾਣਾ ਚਾਹੀਦਾ ਹੈ । ਮੈਂ ਜਾਣਦਾ ਹਾਂ, ਉੱਥੇ ਇਸ ਤੋਂ ਛੇ ਫਰੈਂਕ ਰੋਜ਼ ਦੇ ਲੈਣਗੇ, ਕੀ ਮੈਂ ਇਹ ਤੁਹਾਡੇ ਨਾਂ ਲਾ ਦੇਵਾਂ ?"

ਹੈਕਟਰ ਨੇ ਉਸ ਦਾ ਬੜਾ ਧੰਨਵਾਦ ਕੀਤਾ ਅਤੇ ਆਰਾਮ ਨਾਲ ਘਰ ਚਲਾ ਗਿਆ । ਉਸ ਨੇ ਆਪਣੀ ਔਰਤ ਨੂੰ ਰੋਂਦੇ ਵੇਖਿਆ ਅਤੇ ਉਸ ਨੇ ਇਹ ਕਹਿ ਕੇ ਹੌਸਲਾ ਦਿੱਤਾ :

"ਘਬਰਾਓ ਨਾ, ਉਹ ਪਹਿਲਾਂ ਹੀ ਕਾਫੀ ਠੀਕ ਹੈ । ਮੈਂ ਉਸ ਨੂੰ ਸੈਨੀਟਰੀਅਮ ਭੇਜ ਦਿੱਤਾ ਹੈ ਅਤੇ ਉਹ ਤਿੰਨ ਦਿਨ ਵਿੱਚ ਬਿਲਕੁਲ ਠੀਕ ਹੋ ਜਾਵੇਗੀ। "

ਅਗਲੇ ਦਿਨ ਅਪਣੇ ਕੰਮ ਤੋਂ ਬਾਅਦ ਉਹ ਮੈਡਮ ਸਾਇਮਨ ਨੂੰ ਵੇਖਣ ਗਿਆ । ਉਹ ਗਊ ਦੇ ਮਾਸ ਦੀ ਤਰੀ ਦਾ ਸਵਾਦ ਮਾਣ ਰਹੀ ਸੀ।

"ਅੱਛਾ, "ਹੈਕਟਰ ਨੇ ਕਿਹਾ, “ਹੁਣ ਤੁਹਾਡਾ ਕੀ ਹਾਲ ਹੈ ? "

"ਉਸ ਨੇ ਉਤਰ ਦਿਤਾ,"ਠੀਕ ਨਹੀਂ ਹਾਂ, ਮੈਨੂੰ ਤਾਂ ਇੰਝ ਲੱਗ ਰਿਹਾ ਹੈ, ਜਿਵੇਂ ਮੇਰੇ ਵਿੱਚ ਸਾਹ ਸਤ ਹੀ ਨਹੀਂ।”

ਡਾਕਟਰ ਨੇ ਕਾਹਲ਼ ਨਾ ਕਰਨ ਦੀ ਸਲਾਹ ਦਿਤੀ ਹੈ ; "ਉੱਲਝਣ ਪੈਦਾ ਹੋ ਸਕਦੀ ਹੈ। " ਉਸ ਨੇ ਤਿੰਨ ਦਿਨ ਇੰਤਜ਼ਾਰ ਕੀਤਾ, ਫੇਰ ਦੋਬਾਰਾ ਉਸ ਬਜ਼ੁਰਗ ਔਰਤ ਨੂੰ ਦੇਖਣ ਲਈ ਗਿਆ। ਉਸ ਦੀ ਚਮੜੀ ਸਾਫ਼ ਸੀ, ਉਸ ਦੀਆਂ ਅੱਖਾਂ ਚਮਕ ਰਹੀਆਂ ਸਨ ਪਰ ਜਿਉਂ ਹੀ ਉਸ ਨੇ ਹੈਕਟਰ ਨੂੰ ਵੇਖਿਆ, ਉਸ ਨੇ ਰੋਣਾ ਸ਼ੁਰੂ ਕਰ ਦਿੱਤਾ :

ਮੈਂ ਹੁਣ ਬਿਲਕੁਲ ਤੁਰ ਨਹੀਂ ਸਕਦੀ, ਮੈਂ ਆਪਣੇ ਬਾਕੀ ਦਿਨ ਇਸ ਤਰ੍ਹਾਂ ਹੀ ਰਹਾਂਗੀ।"

ਹੈਕਟਰ ਨੇ ਆਪਣੀ ਪਿੱਠ ’ਤੇ ਉੱਪਰ ਤੋਂ ਹੇਠਾਂ ਤੱਕ ਝੁਣਝੁਣੀ ਮਹਿਸੂਸ ਕੀਤੀ । ਉਸ ਨੇ ਡਾਕਟਰ ਤੋਂ ਰੋਗੀ ਬਾਰੇ ਪੁੱਛਤਾਛ ਕੀਤੀ।

"ਮੈਨੂੰ ਸਮਝ ਨਹੀਂ " ਆਉਂਦੀ ਡਾਕਟਰ ਨੇ ਕਿਹਾ ।" ਅਸੀਂ ਜਦੋਂ ਵੀ ਉਸ ਨੂੰ ਖੜਾ ਕਰਨ ਜਾਂ ਪਾਸਾ ਪਰਤਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਹ ਬੁਰੀ ਤਰ੍ਹਾਂ ਚਿਲਾਂਦੀ ਹੈ, ਅਜੇ ਮੈਨੂੰ ਉਸ ’ਤੇ ਵਿਸ਼ਵਾਸ ਕਰਨਾ ਪਿਆ ਹੈ । ਮੈਂ ਇਹ ਨਹੀਂ ਕਹਿ ਸਕਦਾ ਕਿ ਉਹ ਬਹਾਨਾ ਕਰਦੀ ਹੈ ਕਿਉਂਕਿ ਮੈਂ ਉਸ ਨੂੰ ਹਾਲਾਂ ਤੁਰਦੇ ਨਹੀਂ ਵੇਖਿਆ ਸੀ ।"

ਬਜ਼ੁਰਗ ਔਰਤ ਨੇ ਖ਼ਿਆਲ ਨਾਲ ਸੁਣਿਆ, ਉਸ ਦੇ ਚਿਹਰੇ ਤੋਂ ਮਕਰ ਦਿਸ ਰਿਹਾ ਸੀ ਇਕ ਹਫ਼ਤਾ, ਦੋ ਹਫ਼ਤੇ ਫੇਰ ਇਕ ਮਹੀਨਾ ਬੀਤ ਗਿਆ

ਅਤੇ ਅਜੇ ਵੀ ਮੈਡਮ ਸਾਇਮਨ ਆਪਣੀ ਕੁਰਸੀ ਤੋਂ ਨਹੀਂ ਉੱਠੀ ਸੀ । ਉਸ ਨੂੰ ਭੁੱਖ ਪੂਰੀ ਲੱਗਦੀ ਸੀ, ਉਸ ਦੀ ਸਿਹਤ ਚੰਗੀ ਹੋ ਗਈ ਸੀ ਅਤੇ ਹੋਰ ਮਰੀਜ਼ਾਂ ਨਾਲ ਸ਼ੁਗਲ, ਮਜ਼ਾਕ ਕਰਦੀ ਸੀ । ਉਸ ਨੂੰ ਲੱਗਦਾ ਸੀ ਕਿ ਪੰਜਾਹ ਸਾਲ ਦੀ ਮਿਹਨਤ ਤੋਂ ਬਾਅਦ ਇਸ ਤਰ੍ਹਾਂ ਹੀ ਉਸ ਦੀ ਕਿਸਮਤ ਵਿੱਚ ਆਰਾਮ ਹੈ।

ਹੈਕਟਰ ਹਰ ਰੋਜ਼ ਆਉਂਦਾ ਅਤੇ ਉਸ ਤੋਂ ਹਮੇਸ਼ਾ ਇਹ ਕਹਿੰਦੀ ਗੱਲ ਸੁਣਦਾ

'ਮੈਂ ਚੱਲ ਨਹੀਂ ਸਕਦੀ ਮੈਂ ਚੱਲ ਨਹੀਂ ਸਕਦੀ । "

ਜਦੋਂ ਹੈਕਟਰ ਘਰ ਵਾਪਸ ਆਉਂਦਾ, ਉਸ ਦੀ ਪਤਨੀ ਉਤਸੁਕਤਾ ਨਾਲ ਪੁੱਛਦੀ :

"ਮੈਡਮ ਸਾਇਮਨ ਦਾ ਕੀ ਹਾਲ ਹੈ ? "

"ਬਿਲਕੁਲ ਉਸੇ ਤਰ੍ਹਾਂ ਹੀ ਹੈ। ਬਿਲਕੁਲ ਕੋਈ ਫ਼ਰਕ ਨਹੀਂ ਪਿਆ ।" ਹੈਕਟਰ ਨੇ ਉਦਾਸੀ ਨਾਲ ਜੁਆਬ ਦਿੱਤਾ।

ਉਨ੍ਹਾਂ ਨੇ ਨੌਕਰ ਨੂੰ ਹਟਾ ਦਿੱਤਾ ਅਤੇ ਪਹਿਲਾਂ ਨਾਲੋਂ ਜ਼ਿਆਦਾ ਬੱਚਤ ਕਰਨੀ ਸ਼ੁਰੂ ਕਰ ਦਿੱਤੀ । ਉਸ ਦੇ ਮਾਲਕ ਤੋਂ ਮਿਲਿਆ ਪੈਸਾ ਖ਼ਰਚਿਆ ਜਾ ਚੁੱਕਾ ਸੀ । ਹੈਕਟਰ ਮਾਯੂਸ ਸੀ ਅਤੇ ਇਕ ਦਿਨ ਉਸ ਨੇ ਚਾਰ ਡਾਕਟਰਾਂ ਨੂੰ ਸਲਾਹ ਮਸ਼ਵਰਾ ਕਰਨ ਲਈ ਬੁਲਾਇਆ। ਉਨ੍ਹਾਂ ਨੇ ਬੜੀ ਚੰਗੀ ਤਰ੍ਹਾਂ ਮੈਡਮ ਸਾਇਮਨ ਨੂੰ ਦੇਖਿਆ, ਉਹ ਖਚਰੀ ਨਿਗ੍ਹਾ ਨਾਲ ਉਨ੍ਹਾਂ ਵੱਲ ਵੇਖ ਰਹੀ ਸੀ ।

"ਇਕ ਡਾਕਟਰ ਨੇ ਕਿਹਾ,"ਅਸੀਂ ਇਸ ਨੂੰ ਜ਼ਰੂਰ ਤੁਰਨ ਲਾ ਦੇਵਾਂਗੇ।"

"ਮੈਂ ਨਹੀਂ ਤੁਰ ਸਕਦੀ, ਜਨਾਬ, ਮੈਂ ਨਹੀਂ ਤੁਰ ਸਕਦੀ । "

ਉਨ੍ਹਾਂ ਨੇ ਉਸ ਨੂੰ ਪਕੜ ਕੇ ਕੁਝ ਕਦਮ ਘਸੀਟਿਆ। ਪਰ ਉਹ ਆਪਣੇ ਆਪ ਨੂੰ ਛੁਡਾ ਕੇ ਫ਼ਰਸ਼ 'ਤੇ ਇੰਨੀ ਬੁਰੀ ਤਰ੍ਹਾਂ ਚਿਲਾਂਦੀ ਹੋਈ ਬੈਠ ਗਈ, ਕਿ ਉਨ੍ਹਾਂ ਨੇ ਉਸ ਨੂੰ ਫਿਰ ਬੜੀ ਚੰਗੀ ਤਰ੍ਹਾਂ ਉਸ ਦੀ ਕੁਰਸੀ 'ਤੇ ਬੈਠਾ ਦਿੱਤਾ । ਉਨ੍ਹਾਂ ਨੇ ਆਪਣੀ ਰਾਏ ਪ੍ਰਗਟ ਨਾ ਕੀਤੀ ਪਰ ਸਿੱਟਾ ਕੱਢਿਆ, ਐਪਰ ਉਹ ਕੰਮ ਕਰਨ ਦੇ ਅਯੋਗ ਹੋ ਗਈ ਸੀ ।

ਜਦੋਂ ਹੈਕਟਰ ਨੇ ਆਪਣੀ ਪਤਨੀ ਨੂੰ ਇਹ ਖ਼ਬਰ ਦੱਸੀ, ਉਹ ਘਬਰਾ ਕੇ ਡਿੱਗ ਪਈ।

"ਉਸ ਨੂੰ ਇੱਥੇ ਲਿਆਉਣਾ ਸਾਡੇ ਲਈ ਜ਼ਿਆਦਾ ਚੰਗਾ ਹੋਵੇਗਾ, ਇਸ ਦਾ ਸਾਨੂੰ ਘੱਟ ਖ਼ਰਚਾ ਪਵੇਗਾ । "

"ਇਥੇ ਆਪਣੇ ਘਰ ਵਿੱਚ । ਤੁਸੀਂ ਕੀ ਕਹਿ ਰਹੇ ਹੋ ।"

ਅਸੀਂ ਹੋਰ ਕੀ ਕਰ ਸਕਦੇ ਹਾਂ । ਮੈਂ ਮਜ਼ਬੂਰ ਹਾਂ । "

# ਮੋਟੀ ਲੜਕੀ

ਹੁਣ ਕਈ ਦਿਨਾਂ ਤੋਂ ਸੈਨਾ ਦੀਆਂ ਬਚੀਆਂ ਖੁਚੀਆਂ ਟੁਕੜੀਆਂ ਸ਼ਹਿਰ ਵਿੱਚੋਂ ਉਘੜ-ਦੁਘੜੀ ਹਾਲਤ ਵਿੱਚ ਲੰਘ ਰਹੀਆਂ ਸਨ । ਉਹ ਇਕ ਜੱਥੇਬੰਦ ਸੈਨਾ ਨਹੀਂ ਸੀ ਸਗੋਂ ਖਿੰਡੀਆਂ ਪੁੰਡੀਆਂ ਟੋਲੀਆਂ ਸਨ । ਫ਼ੌਜੀਆਂ ਦੀਆਂ ਦਾੜ੍ਹੀਆਂ ਵਧੀਆਂ ਹੋਈਆਂ ਅਤੇ ਮਿੱਟੀ ਘੱਟੇ ਨਾਲ ਭਰੀਆਂ ਹੋਈਆਂ ਸਨ ਅਤੇ ਉਨ੍ਹਾਂ ਦੀਆਂ ਵਰਦੀਆਂ ਪਾਟੀਆਂ ਹੋਈਆਂ ਸਨ, ਅਤੇ ਉਹ ਆਪਣੇ ਝੰਡੇ ਜਾਂ ਰਜਮੈਂਟ ਤੋਂ ਬਿਨਾਂ ਹੌਲੀ ਹੌਲੀ ਅੱਗੇ ਵੱਧ ਰਹੇ ਸਨ । ਸਾਰੇ ਥੱਕੇ ਹਾਰੇ ਅਤੇ ਨਿਸਲ ਹੋਏ, ਜੋ ਕਿਸੇ ਵਿਚਾਰ ਜਾਂ ਇਰਾਦੇ ਤੋਂ ਅਸਮਰੱਥ, ਉਂਝ ਹੀ ਤੁਰੇ ਜਾ ਰਹੇ ਸਨ ਅਤੇ ਜਦੋਂ ਉਹ ਖੜੋਂਦੇ ਤਾਂ ਥਕਾਨ ਕਾਰਨ ਢਹਿ ਢੇਰੀ ਹੋ ਜਾਂਦੇ । ਸੰਖੇਪ ਵਿੱਚ, ਉਹ ਕੋਈ ਲਾਮਬੰਦ ਸ਼ਾਂਤਮਈ ਬੰਦੂਕ ਦੇ ਬਲ ਨਾਲ ਨੀਵੇਂ ਹੋਏ ਲੋਕ ਸਨ, ਸਾਵਧਾਨ ਹੋਏ ਕੋਈ ਛੋਟੇ ਜਿਹੇ ਟੋਲੇ ਜਿਹੜੇ ਬੜੀ ਆਸਾਨੀ ਨਾਲ ਜੋਸ਼ ਵਿੱਚ ਇਕਦਮ ਹੋਸ਼ਿਆਰ ਅਤੇ ਚੁਸਤ ਹੋ ਜਾਂਦੇ, ਹਮਲਾ ਕਰਨ ਲਈ ਜਾਂ ਨੱਸ ਜਾਣ ਲਈ ਤਤਪਰ ਰਹਿੰਦੇ ਸਨ, ਅਤੇ ਉਨ੍ਹਾਂ ਲੋਕਾਂ, ਜਿਨ੍ਹਾਂ ਨੇ ਲਾਲ ਬਿਰਜਸਾਂ ਪਾਈਆਂ ਹੋਈਆਂ ਸਨ, ਦੇ ਵਿਚਕਾਰ ਇਕ ਵੱਡੀ ਲੜਾਈ ਵਿੱਚ ਕਿਸੇ ਡਵੀਜ਼ਨ ਦੇ ਰਹਿੰਦੇ ਖੂਹਦੇ ਆਦਮੀ ਸਨ : ਇਨ੍ਹਾਂ ਪਿਆਦਿਆਂ ਦੇ ਵੱਖ-ਵੱਖ ਕਿਸਮਾਂ ਦੇ ਨਾਲ ਮਿਲਦੇ ਜੁਲਦੇ ਕੁਝ ਇਕ ਉਦਾਸ ਜਿਹੇ ਤੋਪਚੀ ਵੀ ਸਨ ਅਤੇ ਕਿਧਰੇ ਕਿਧਰੇ ਕਿਸੇ ਪੈਦਲ ਚੱਲਦੇ ਰਸਾਲਦਾਰ ਦੀ, ਜਿਹੜਾ ਬੜੀ ਮੁਸ਼ਕਿਲ ਨਾਲ ਹੋਰ ਲਾਈਨਾਂ ਨਾਲ ਇਹ ਥੋੜ੍ਹਾ ਜਿਹਾ ਫ਼ਾਸਲਾ ਤਹਿ ਕਰ ਰਿਹਾ ਸੀ, ਚਮਕਦੀ ਹੋਈ ਲੋਹੇ ਦੀ ਟੋਪੀ ਨਜ਼ਰ ਆਉਂਦੀ ਸੀ ।

"ਹਾਰ ਦਾ ਬਦਲਾ ਲੈਣ ਵਾਲੇ", "ਮਰਨ ਲਈ ਤਿਆਰ ਸ਼ਹਿਰੀ, " 'ਮੌਤ ਦੇ ਹਮਰਾਹੀ' ਬਹਾਦਰੀ ਦੇ ਨਾਵਾਂ ਅਧੀਨ ਖੁੱਲ੍ਹੇ ਨਿਸ਼ਾਨੇ ਲਾਉਣ ਵਾਲਿਆਂ ਦੇ ਕੁਝ ਦਲ ਵਾਰੀ ਵਾਰੀ ਲੁਟੇਰਿਆਂ ਵਰਗੇ ਰੋਹਬ ਨਾਲ ਲੰਘੇ ।

ਉਨ੍ਹਾਂ ਦੇ ਆਗੂ ਪਹਿਲਾਂ ਕੱਪੜੇ ਜਾਂ ਅਨਾਜ ਦੇ ਵਪਾਰੀ ਸਨ, ਉਹ ਚਰਬੀ ਜਾਂ ਸਾਬਣ ਦੇ ਸਾਬਕਾ ਵਪਾਰੀ, ਮੌਕੇ ਦੇ ਯੋਧੇ ਆਪਣੀਆਂ ਢਾਲਾਂ ਅਤੇ ਉਨ੍ਹਾਂ ਦੁਆਰਾ ਆਪਣੀਆਂ ਕੁੰਢੀਆਂ ਮੁੱਛਾਂ ਦੀ ਲੰਬਾਈ ਕਰਕੇ ਚੁਣੇ ਹੋਏ ਅਫ਼ਸਰ, ਦੱਬੀਆਂ ਆਵਾਜ਼ਾਂ ਵਿੱਚ ਬੋਲਦੇ ਹੋਏ, ਮੁਹਿੰਮ ਸੰਬੰਧੀ ਯੋਜਨਾਵਾਂ ਬਾਰੇ ਗੱਲਬਾਤ ਕਰਦਿਆਂ ਅਤੇ ਦੁਖੀ ਫ਼ਰਾਂਸ ਦੇ ਸਾਰੇ ਬੋਝ ਨੂੰ ਕੇਵਲ ਆਪਣੇ ਢਿਲਕੇ ਹੋਏ ਮੋਢਿਆਂ ਉੱਤੇ ਚੁੱਕਣ ਦਾ ਬਹਾਨਾ ਕਰਦੇ ਹੋਏ, ਪ੍ਰੰਤੂ ਕਦੇ ਕਦੇ ਆਪਣੇ ਹੀ ਸਿਪਾਹੀਆਂ ਤੋਂ ਡਰਦੇ ਸਨ ਜੇਲ੍ਹ ਦੇ ਪੰਛੀਆਂ ਵਾਂਗ ਪਹਿਲਾਂ ਤਾਂ ਬਹਾਦਰ ਹੁੰਦੇ ਹਨ ਫੇਰ ਬਾਅਦ ਵਿੱਚ ਲੁੱਟ ਖਸੁੱਟ ਕਰਨ ਵਾਲੇ ਚਰਿੱਤਰਹੀਨ ਲੋਕ ਸਾਬਤ ਹੁੰਦੇ ਹਨ।

ਇਹ ਕਿਹਾ ਜਾਂਦਾ ਸੀ ਕਿ ਪਰੂਸ਼ੀਆ ਦੇ ਰਹਿਣ ਵਾਲੇ ਰੁਇਨ ਵਿੱਚ ਦਾਖ਼ਲ ਹੋ ਰਹੇ ਸਨ ।

ਉਹ ਨੈਸ਼ਨਲ ਗਾਰਡ ਜਿਹੜੇ ਪਿਛਲੇ ਦੋ ਮਹੀਨਿਆਂ ਤੋਂ ਨਾਲ ਲੱਗਦੇ ਜੰਗਲਾਂ ਵਿੱਚ ਬੜੀ ਸਾਵਧਾਨੀ ਨਾਲ ਉੱਘ ਸੁੱਘ ਲੈਂਦੇ ਰਹੇ ਸਨ, ਕਦੇ ਕਦੇ ਆਪਣੇ ਹੀ ਸਿਪਾਹੀਆਂ ਤੇ ਗੋਲੀ ਚਲਾਉਂਦੇ ਰਹੇ ਸਨ ਅਤੇ ਜਦੋਂ ਕਦੇ ਝਾੜੀ ਵਿੱਚੋਂ ਛੋਟਾ ਜਿਹਾ ਬਘਿਆੜ ਹਿਲਜੁਲ ਕਰਦਾ ਤਾਂ ਉਸ ਨਾਲ ਲੜਾਈ ਲਈ ਤਿਆਰ ਹੋ ਪੈਂਦੇ ਸਨ । ਹੁਣ ਉਹ ਆਪੋ ਆਪਣੇ ਘਰਾਂ ਨੂੰ ਪਰਤ ਆਏ ਸਨ । ਉਨ੍ਹਾਂ ਦੇ ਹਥਿਆਰ, ਉਨ੍ਹਾਂ ਦੀਆਂ ਵਰਦੀਆਂ ਅਤੇ ਉਹ ਸਾਰੀ ਭਿਆਨਕ ਸੈਨਿਕ ਸਮੱਗਰੀ ਜਿਸ ਨਾਲ ਉਨ੍ਹਾਂ ਨੇ ਪਿੱਛੇ ਜਿਹੇ ਹਰ ਪਾਸੇ ਮੀਲਾਂ ਤੱਕ ਕੰਮ ਦੇ ਦਿਲ ਵਿੱਚ ਡਰ ਪਾਇਆ ਹੋਇਆ ਸੀ, ਉਹ ਇਕਦਮ ਖ਼ਤਮ ਹੋ ਗਈ ਸੀ ।

ਫ਼ਰਾਂਸੀਸੀ ਫ਼ੌਜ ਦੇ ਬਾਕੀ ਦੇ ਸਿਪਾਹੀ ਅਖ਼ੀਰ ਵਿੱਚ ਸੇਂਟ ਸੇਵਰ ਅਤੇ ਬੋਰਗ-ਆਚਰਡ ਰਾਹੀਂ ਅਡੇਮਰ ਪੁਲ ਤੱਕ ਪੁੱਜਣ ਲਈ ਸੇਨ ਤੋਂ ਘਰ ਆ ਪਹੁੰਚੇ; ਅਤੇ ਗੋਲਾ ਬਾਰੂਦ ਦੇ ਦੋ ਅਫ਼ਸਰਾਂ ਵਿਚਕਾਰ ਪੈਦਲ ਹੀ ਪਿੱਛੇ ਪਿੱਛੇ ਆਉਂਦਾ ਹੋਇਆ ਜਨਰਲ ਉਦਾਸੀ ਵਿੱਚ ਇਨ੍ਹਾਂ ਪਾਟੀਆਂ ਵਰਦੀਆਂ ਵਾਲੇ ਬੇਢੰਗੇ ਸਿਪਾਹੀਆਂ ਵਿਰੁੱਧ ਕੋਈ ਕਾਰਵਾਈ ਕਰਨ ਦੇ ਅਯੋਗ ਸਮਝਦਾ ਹੋਇਆ ਆਪ ਵੀ ਜਿੱਤਣ ਦਾ ਆਦੀ ਇਨ੍ਹਾਂ ਲੋਕਾਂ ਵਿਚਕਾਰ ਥੱਕ ਟੁੱਟ ਚੁੱਕਾ ਸੀ ਅਤੇ ਉਹ ਆਪਣੀ ਪਰੰਪਰਾਗਤ ਬਹਾਦਰੀ ਦੇ ਬਾਵਜੂਦ ਵੀ ਬਹੁਤ ਬੁਰੀ ਤਰ੍ਹਾਂ ਹਾਰ ਚੁੱਕਾ ਸੀ ।

ਸਾਰੇ ਸ਼ਹਿਰ ਉੱਤੇ ਬੜੀ ਸ਼ਾਂਤ, ਭੈਭੀਤ, ਚੁੱਪ-ਚੁਪੀਤੀ ਹੀ ਕੋਈ ਆਸ ਜਿਹੀ ਛਾ ਗਈ ਸੀ। ਬਹੁਤ ਸਾਰੇ ਰੱਜੇ ਪੁੱਜੇ ਨਾਗਰਿਕ ਜਿਹੜੇ ਵਪਾਰ ਕਾਰਨ ਨਿਰਬਲ ਹੋ ਗਏ ਸਨ, ਇਨ੍ਹਾਂ ਜੇਤੂਆਂ ਦਾ ਕੰਬਦਿਆਂ ਕੰਬਦਿਆਂ ਬੜੀ ਉਤਸੁਕਤਾ

ਨਾਲ ਇੰਤਜ਼ਾਰ ਕਰ ਰਹੇ ਸਨ ਤਾਂ ਜੋ ਕਿਧਰੇ ਉਨ੍ਹਾਂ ਦੀਆਂ ਰੈਸਟ ਕਰਨ ਦੀਆਂ ਸਲਾਖਾਂ ਜਾਂ ਰਸੋਈ ਦੇ ਚਾਕੂਆਂ ਨੂੰ ਵੀ ਉਹ ਹਥਿਆਰ ਨਾ ਸਮਝ ਲੈਣ ।

ਸਾਰੇ ਦਾ ਸਾਰਾ ਜੀਵਨ ਰੁਕਿਆ ਹੋਇਆ ਜਾਪਦਾ ਸੀ, ਦੁਕਾਨਾਂ ਬੰਦ ਸਨ ਅਤੇ ਗਲੀਆਂ ਸੁਨਸਾਨ । ਕਦੇ ਕਦੇ ਇਸ ਸ਼ਾਂਤ ਵਾਤਾਵਰਨ ਨਾਲ ਡਰਿਆ ਹੋਇਆ ਕੋਈ ਵਾਸੀ ਬੜੀ ਛੇਤੀ ਛੇਤੀ ਦੀਵਾਰਾਂ ਦੇ ਨਾਲ ਨਾਲ ਚਲਦਾ ਸੀ । ਉਡੀਕ ਦੀ ਦਿੱਤਾ ਕਾਰਨ ਉਨ੍ਹਾਂ ਨੂੰ ਦੁਸ਼ਮਣ ਦੇ ਆਉਣ ਦਾ ਅਹਿਸਾਸ ਸੀ।

ਫਰਾਂਸੀਸੀ ਦਸਤਿਆ ਦੀ ਰਵਾਨਗੀ ਮਗਰੋਂ ਅਗਲੇ ਦਿਨ ਦੁਪਹਿਰ ਨੂੰ ਕੁਝ ਇਕ ਨੇਜਾਬਾਜ਼, ਜਿਹੜੇ ਪਤਾ ਨਹੀਂ ਕਿਧਰੋਂ ਆਏ ਸਨ, ਬੜੀ ਫੁਰਤੀ ਨਾਲ ਸ਼ਹਿਰ ਵਿੱਚੋਂ ਲੰਘੇ । ਫੇਰ ਥੋੜ੍ਹੀ ਦੇਰ ਬਾਅਦ ਸੇਂਟ ਕੈਥਾਰਾਈਨ ਵੱਲੋਂ ਕੁਝ ਇਕ ਲੋਕ ਲੰਘੇ ਜਿਨ੍ਹਾਂ ਨੇ ਕਾਲੇ ਵਸਤਰ ਪਹਿਨੇ ਹੋਏ ਸਨ ਜਦੋਂਕਿ ਹਮਲਾ ਕਰਨ ਵਾਲਿਆਂ ਦੇ ਦੋ ਹੋਰ ਜੱਥੇ ਡਾਰਨਿਟਲ ਅਤੇ ਬਾਇਸ-ਗਿਲਾਮ ਦੇ ਰਸਤੇ ਤੋਂ ਲੰਘਦੇ ਹੋਏ ਵਿਖਾਈ ਦਿੱਤੇ । ਤਿੰਨਾਂ ਜੋਗਿਆਂ ਦੀ ਮੋਹਰਲੀ ਗਾਰਦ ਉਸੇ ਸਮੇਂ ਹੋਟਲ ਡੀ ਵਿਲੇ ਦੇ ਚੌਂਕ ਵਿੱਚ ਇਕੱਠੀ ਹੋਈ ਅਤੇ ਆਲੇ ਦੁਆਲੇ ਦੀਆਂ ਸਾਰੀਆਂ ਗ਼ਲੀਆਂ ਰਾਹੀਂ ਜਰਮਨ ਸੈਨਾ ਦੀ ਆਮਦ ਜਾਰੀ ਰਹੀ, ਉਸ ਦੀਆਂ ਬਟਾਲੀਅਨਾਂ ਸਾਰੇ ਪਾਸੇ ਫੈਲਣ ਲੱਗ ਪਈਆਂ ਅਤੇ ਉਨ੍ਹਾਂ ਦੇ ਸਖ਼ਤ ਪਰ ਇਕਸੁਰ ਹੋ ਕੇ ਚੱਲਣ ਵਾਲੇ ਕਦਮਾਂ ਦੇ ਖੜਾਕ ਨਾਲ ਸੜਕ ਗੂੰਜਦੀ ਰਹੀ ।

ਵਿਦੇਸ਼ੀ ਕਮਾਂਡਰ ਦੀ ਭਾਰੀ ਆਵਾਜ਼ ਵਿੱਚ ਕੁਝ ਆਦੇਸ਼ ਘਰਾਂ ਤੱਕ ਪਹੁੰਚੇ ਜਿਨ੍ਹਾਂ ਵਿੱਚ ਮੌਤ ਵਰਗਾ ਸਨਾਟਾ ਅਤੇ ਸੁੰਨਸਾਨ ਛਾਈ ਹੋਈ ਸੀ ਜਦ ਕਿ ਘਰਾਂ ਦੇ ਬੰਦ ਦਰਵਾਜਿਆਂ ਪਿੱਛੋਂ ਲੋਕਾਂ ਦੀਆਂ ਨਿਗਾਹਾਂ ਇਨ੍ਹਾਂ ਜੇਤੂਆਂ ਨੂੰ ਲੜਾਈ ਦੇ ਅਧਿਕਾਰਾਂ ਦੁਆਰਾ ਸ਼ਹਿਰ ਦੇ ਹਾਕਮ ਲੋਕਾਂ ਦੀਆਂ ਕਿਸਮਤਾਂ ਅਤੇ ਜੀਵਨ ਦੇ ਮਾਲਕਾਂ ਨੂੰ ਵੇਖ ਰਹੀਆਂ ਸਨ । ਉੱਥੋਂ ਦੇ ਵਸਨੀਕ ਆਪਣੇ ਕਮਰਿਆਂ ਅੰਦਰ ਬੰਦ, ਇਕ ਪ੍ਰਕਾਰ ਦੀ ਸਨਸਨੀ ਮਹਿਸੂਸ ਕਰ ਰਹੇ ਸਨ ਜੋ ਸਾਨੂੰ ਪਰਲੋ ਸਮੇਂ ਜਾਂ ਭਿਆਨਕ ਤੂਫ਼ਾਨ ਸਮੇਂ ਮਹਿਸੂਸ ਹੁੰਦੀ ਹੈ ਜਿਸ ਦੇ ਸਾਹਮਣੇ ਸਾਰੀ ਤਾਕਤ ਬੇਕਾਰ ਹੁੰਦੀ ਹੈ ਕਿਉਂਕਿ ਜਦ ਵੀ ਕੋਈ ਉਥਲ-ਪੁਥਲ ਹੁੰਦੀ ਹੈ ਸਦਾ ਇਸ ਤਰ੍ਹਾਂ ਹੀ ਮਹਿਸੂਸ ਹੁੰਦਾ ਹੈ, ਜਦ ਸੁਰੱਖਿਆ ਦਾ ਵਾਤਾਵਰਣ ਨਾ ਰਹੇ ਅਤੇ ਜਦ ਮਨੁੱਖ ਤੇ ਕੁਦਰਤ ਦੇ ਨੇਮਾਂ ਦੀ ਸੁਰੱਖਿਆ ਵਹਿਸ਼ਤ ਅਤੇ ਜ਼ੁਲਮ ਨੂੰ ਸੌਂਪ ਦਿੱਤੀ ਜਾਵੇ । ਧਰਤੀ ਦਾ ਹਿਲਣਾ, ਮਕਾਨ ਦਾ ਮਲੀਆ ਮੇਟ ਹੋਣਾ, ਸਾਰੇ ਦੇ ਸਾਰੇ ਲੋਕਾਂ ਦਾ ਦੱਬਿਆ ਜਾਣਾ, ਠਾਠਾਂ ਮਾਰਦੇ ਦਰਿਆ ਦੇ ਪਾਣੀ ਦਾ ਕੰਢਿਆਂ ਤੋਂ ਉੱਪਰ ਦੀ

ਵਗਣਾ ਅਤੇ ਡੁੱਬੇ ਹੋਏ ਕਿਸਾਨਾਂ, ਮਨੁੱਖਾਂ ਦੀਆਂ ਲਾਸ਼ਾਂ ਅਤੇ ਛੱਤਾਂ ਨੂੰ ਰੋੜ੍ਹ ਲਿਜਾਣਾ, ਜਾਂ ਵਿਜਈ ਸੈਨਾ ਆਪਣੇ ਬਚਾ ਕਰਨ ਵਾਲਿਆਂ ਨੂੰ ਮੌਤ ਦੇ ਘਾਟ ਉਤਾਰ ਰਹੀ ਹੋਵੇ, ਉਨ੍ਹਾਂ ਨੂੰ ਬੰਦੀ ਬਣਾ ਰਹੀ ਹੋਵੇ, ਤਲਵਾਰ ਦੇ ਨਾਤੇ ਲੁਟਮਾਰ ਕਰ ਰਹੀ ਹੋਵੇ ਅਤੇ ਤੋਪ ਦੇ ਗੋਲੇ ਦੇ ਖੜਾਕ ਤੇ ਰੱਬ ਦਾ ਧੰਨਵਾਦ ਕਰ ਰਹੀ ਹੋਵੇ, ਇਹ ਸਾਰੀਆਂ ਗੱਲਾਂ ਭੈਭੀਤ ਕਰਨ ਵਾਲੇ ਅੱਤਿਆਚਾਰ ਵਾਂਗ ਹਨ ਜਿਨ੍ਹਾਂ ਨਾਲ ਸਦੀਵੀ ਇਨਸਾਫ਼ ਵਿੱਚ ਸਾਰਾ ਵਿਸ਼ਵਾਸ਼ ਖੋ ਜਾਂਦਾ ਹੈ, ਪਰਮਾਤਮਾ ਅਤੇ ਮਨੁੱਖ ਦੀ ਦਲੀਲ ਵਿੱਚ ਨਿਸ਼ਚਾ ਨਹੀਂ ਰਹਿੰਦਾ ।

ਫ਼ੌਜੀ ਦਸਤੇ ਹਰੇਕ ਦਰਵਾਜ਼ੇ ’ਤੇ ਦਸਤਕ ਦੇ ਕੇ ਘਰਾਂ ਵਿੱਚ ਅਲੋਪ ਹੋ ਗਏ । ਉਹ ਹਮਲੇ ਤੋਂ ਬਾਅਦ ਕਬਜ਼ਾ ਕਰ ਰਹੇ ਸਨ । ਇਹ ਸਮਾਂ ਹਾਰੇ ਹੋਏ ਲੋਕਾਂ ਵੱਲੋਂ ਜੇਤੂ ਲੋਕਾਂ ਦਾ ਮਾਣ ਕਰਨ ਦਾ ਸੀ।

ਕੁਝ ਸਮੇਂ ਬਾਅਦ ਜਦ ਪਹਿਲਾ ਖ਼ਤਰਾ ਟਲ ਗਿਆ ਤਾਂ ਇਕ ਨਵਾਂ ਸ਼ਾਂਤ ਵਾਤਾਵਰਨ ਸਥਾਪਤ ਹੋ ਗਿਆ ਸੀ । ਬਹੁਤ ਸਾਰੇ ਪਰਿਵਾਰਾਂ ਵਿੱਚ, ਪਰੂਸ਼ੀਅਨ ਅਫ਼ਸਰ ਮੇਜ਼ਾਂ ਤੇ ਖਾਣਾ ਖਾਂਦੇ । ਕਈ ਵਾਰ ਉਹ ਰੱਜ ਪੁਜ ਕੇ ਆਪਣੀ ਨਰਮਦਿਲੀ ਨਾਲ ਫਰਾਂਸ ਨਾਲ ਹਮਦਰਦੀ ਵਜੋਂ ਅਤੇ ਇਸ ਉਥਲ-ਪੁਥਲ ਵਿੱਚ ਸ਼ਰੀਕ ਹੋਣ ਦੇ ਉਲਟ ਬੋਲਦਾ। ਉਸ ਦੇ ਅਜਿਹੇ ਜਜ਼ਬਾਤ ਲਈ ਲੋਕ ਉਸ ਦਾ ਧੰਨਵਾਦ ਕਰਦੇ ਕਿਉਂਕਿ ਕਿਸੇ ਨਾ ਕਿਸੇ ਦਿਨ ਸੁਰੱਖਿਆ ਲਈ ਉਨ੍ਹਾਂ ਨੂੰ ਉਸ ਦੀ ਲੋੜ ਪੈ ਸਕਦੀ ਸੀ । ਉਸ ਨਾਲ ਚੰਗਾ ਵਰਤਾਓ ਕਰਨ ਕਰਕੇ ਲੋਕਾਂ ਨੂੰ ਸ਼ਾਇਦ ਬਹੁਤ ਘੱਟ ਵਿਅਕਤੀਆਂ ਨੂੰ ਖਾਣਾ ਖੁਆਉਣਾ ਪੈਂਦਾ ਸੀ । ਅਤੇ ਸਾਨੂੰ ਕਿਸੇ ਉਸ ਵਿਅਕਤੀ ਦਾ ਦਿਲ ਨਹੀਂ ਦੁਖਾਉਣਾ ਚਾਹੀਦਾ ਜਿਸ ’ਤੇ ਅਸੀਂ ਪੂਰਨ ਤੌਰ ’ਤੇ ਨਿਰਭਰ ਹੋਈਏ ? ਇਸ ਤਰ੍ਹਾਂ ਦਾ ਵਰਤਾਓ ਕਰਨ ਵਿੱਚ ਬਹਾਦਰੀ ਥੋੜ੍ਹੀ ਪਰ ਢੀਠਤਾਈ ਵਧੇਰੇ ਹੁੰਦੀ ਹੈ। ਰੁਇਨ ਦੇ ਆਮ ਲੋਕਾਂ ਦੀ ਨਿਧੜਕਤਾ ਹੁਣ ਗ਼ਲਤੀ ਨਹੀਂ ਸਮਝੀ ਜਾਂਦੀ ਸੀ, ਕਿਉਂਕਿ ਇਹ ਫ਼ੌਜੀ ਬਹਾਦਰੀ ਦਾ ਸਮਾਂ ਸੀ, ਜਦ ਉਨ੍ਹਾਂ ਦਾ ਸ਼ਹਿਰ ਉਘਾ ਬਣ ਗਿਆ ਸੀ । ਅੰਤ ਵਿੱਚ ਹਰੇਕ ਵਿਅਕਤੀ ਨੇ ਆਪਣੇ ਆਪ ਨੂੰ ਸਮਝਾ ਲਿਆ ਸੀ ਕਿ ਫਰਾਂਸੀਸੀ ਨਾਗਰਿਕਤਾ ਉਨ੍ਹਾਂ ਪਾਸੋਂ ਇਹ ਮੰਗ ਕਰਦੀ ਸੀ ਕਿ ਉਹ ਆਪਣੇ ਘਰਾਂ ਵਿੱਚ ਆਏ ਅਜੀਬ ਸਿਪਾਹੀਆਂ ਨਾਲ ਹਮਦਰਦੀ ਵਾਲਾ ਵਰਤਾਓ ਕਰਨ, ਐਪਰ ਉਹ ਆਮ ਜਨਤਾ ਵਿੱਚ ਉਨ੍ਹਾਂ ਨਾਲ ਮੇਲ ਮਿਲਾਪ ਨਾ ਰੱਖਣ। ਬਾਹਰ ਉਹ ਇਕ ਦੂਜੇ ਨੂੰ ਜਾਣ ਕੇ ਇਕ ਹੋਣ ਦਾ ਪ੍ਰਗਟਾਵਾ ਨਹੀਂ ਕਰਨਗੇ ਪਰ ਘਰਾਂ ਵਿੱਚ ਉਹ ਉਨ੍ਹਾਂ ਨਾਲ ਗੱਪਾਂ ਮਾਰ ਸਕਦੇ ਸਨ ਅਤੇ ਜਰਮਨ ਚੁੱਲ੍ਹਿਆਂ

ਦੀ ਅੱਗ ਨਾਲ ਆਪਣੇ ਪੈਰ ਨਿੱਘੇ ਕਰਨ ਲਈ ਹਰੇਕ ਸ਼ਾਮ ਨੂੰ ਘਰਾਂ ਵਿੱਚ ਬਹੁਤਾ ਸਮਾਂ ਠਹਿਰ ਸਕਦੇ ਹਨ।

ਹੌਲੀ ਹੌਲੀ ਨਗਰ ਵਿੱਚ ਜੀਵਨ ਫੇਰ ਆਮ ਵਰਗਾ ਹੋ ਗਿਆ। ਫ਼ਰਾਂਸੀਸੀ ਘੱਟ ਵੱਧ ਹੀ ਬਾਹਰ ਨਿਕਲਦੇ ਪਰ ਸਿਪਾਹੀਆਂ ਦੀ ਆਵਾਜ਼ ਗ਼ਲੀਆਂ ਵਿੱਚ ਸੁਣਾਈ ਦਿੰਦੀ। ਸੰਖੇਪ ਵਿੱਚ ਬਿਲੂ ਹਸਰਜ਼ ਦੇ ਅਫ਼ਸਰ ਜੋ ਹੰਕਾਰ ਨਾਲ ਮੌਤ ਦੇ ਸ਼ਸਤਰਾਂ ਨਾਲ ਪੈਦਲ ਰਸਤਿਆਂ ਤੋਂ ਤੁਰ ਫਿਰ ਰਹੇ ਸਨ । ਉਹ ਸਾਧਾਰਣ ਸ਼ਹਿਰੀਆਂ ਨੂੰ ਉਨ੍ਹਾਂ ਅਫ਼ਸਰਾਂ ਜਾਂ ਖਿਡਾਰੀਆਂ ਨਾਲੋਂ ਵਧੇਰੇ ਨਫ਼ਰਤ ਨਹੀਂ ਸਨ ਕਰਦੇ ਜਿਨ੍ਹਾਂ ਨੇ ਇਕ ਸਾਲ ਪਹਿਲਾਂ ਇਨ੍ਹਾਂ ਹੀ ਕੈਫ਼ਿਆਂ ਵਿੱਚ ਪੀਤੀ ਸੀ ।

ਐਪਰ ਫੇਰ ਵੀ ਕਿਸੇ ਗੱਲ ਦਾ ਦਰਦ ਸੀ, ਇਹ ਗੱਲ ਸੂਖ਼ਮ ਅਤੇ ਅਗਿਆਤ ਸੀ, ਹੈਰਾਨੀ ਭਰਪੂਰ ਸੀ, ਇਸ ਨਾਲ ਵਾਤਾਵਰਣ ਗੰਭੀਰ ਹੋ ਗਿਆ ਸੀ, ਇਕ ਜ਼ੋਰਦਾਰ ਸੁਗੰਧੀ ਛਾ ਗਈ ਸੀ, ਇਹ ਹਮਲੇ ਦੀ ਸੁਗੰਧੀ ਸੀ । ਇਹ ਸੁਗੰਧੀ ਸਾਰੇ ਰਿਹਾਇਸ਼ੀ ਥਾਵਾਂ ਅਤੇ ਜਨਤਕ ਥਾਵਾਂ ’ਤੇ ਪਸਰ ਗਈ ਇਸ ਨਾਲ ਖਾਣੇ ਦਾ ਸੁਆਦ ਬਦਲ ਗਿਆ, ਇਸ ਤੋਂ ਨਿਰਦਈ ਅਤੇ ਖ਼ਤਰਨਾਕ ਕਬੀਲਿਆਂ ਦੀ ਲੰਮੀ ਯਾਤਰਾ ’ਤੇ ਤੁਰ ਰਹੇ ਹੋਣ ਦਾ ਪ੍ਰਭਾਵ ਪ੍ਰਤੱਖ ਸੀ ।

ਜੰਤੂਆਂ ਨੇ ਕਠੋਰਤਾ ਨਾਲ ਬਹੁਤ ਸਾਰਾ ਧਨ ਇਕੱਠਾ ਕੀਤਾ । ਸ਼ਹਿਰ ਦੇ ਵਸਨੀਕ ਸਦਾ ਧਨ ਦਿੰਦੇ ਰਹੇ ਅਤੇ ਉਹ ਧਨ ਦੇਣ ਜੋਗੇ ਅਮੀਰ ਵੀ ਸਨ । ਪ੍ਰੰਤੂ ਕੋਈ ਵਪਾਰੀ ਨਾਰਮਨ ਜਿੰਨਾ ਵਧੇਰੇ ਅਮੀਰ ਬਣਦਾ ਉਸ ਨੂੰ ਉਨਾ ਹੀ ਵੱਧ ਧਨ ਜੇਤੂਆਂ ਨੂੰ ਦੇਣਾ ਪੈਂਦਾ, ਇਸ ਤਰ੍ਹਾਂ ਉਸ ਦੀ ਕਿਸਮਤ ਉਸ ਦੇ ਆਪਣੇ ਹੱਥਾਂ ਵਿੱਚ ਨਾ ਰਹਿ ਕੇ ਕਿਸੇ ਹੋਰ ਦੇ ਹੱਥਾਂ ਵਿੱਚ ਚਲੀ ਜਾਂਦੀ ।

ਸ਼ਹਿਰ ਤੋਂ ਨੌਂ ਮੀਲ ਦੀ ਦੂਰੀ ’ਤੇ ਕਰੋਈਸੈਟ, ਡਾਈਪੀਡੈਲ ਜਾਂ ਬੀਸਾਰਟ ਕੋਲ ਦਰਿਆ ਦੇ ਵਹਿਣ ਦੇ ਨਾਲ ਨਾਲ ਦਰਿਆ ਦੇ ਰਹਿਣ ਦੇ ਹੇਠੋਂ ਕਿਸੇ ਬਾਵਰਚੀ ਜਰਮਨ ਦੀ ਫੁੱਲੀ ਹੋਈ ਲਾਸ਼ ਦਰਿਆ ਦੇ ਵਹਿਣ ਵਿੱਚੋਂ ਕੱਢੀ ਗਈ, ਜਿਸ ਨੂੰ ਚਾਕੂ ਮਾਰ ਕੇ ਮਾਰਿਆ ਗਿਆ ਹੁੰਦਾ ਜਾਂ ਪੱਥਰ ਨਾਲ ਉਸ ਦਾ ਸਿਰ ਫੇਹਿਆ ਗਿਆ ਹੁੰਦਾ ਜਾ ਉਸ ਨੂੰ ਕਿਸੇ ਉੱਚੇ ਪੁਲ ਤੋਂ ਧੱਕਾ ਦੇ ਕੇ ਪਾਣੀ ਵਿੱਚ ਸੁੱਟਿਆ ਗਿਆ ਹੁੰਦਾ। ਦਰਿਆ ਦੀ ਹੇਠਲੀ ਤਹਿ ਅਜਿਹੇ ਗੁਪਤ ਕਤਰਾਂ ਨੂੰ ਦਬਾ ਲੈਂਦੀ ਸੀ ਜੋ ਜਾਂਗਲੀ ਹੋਣ ਦੇ ਨਾਲ ਨਾਲ ਠੀਕ ਅਗਿਆਤ ਬਹਾਦਰੀ, ਦਿਨ ਦੀ ਲੜਾਈ ਨਾਲੋਂ ਵਧੇਰੇ ਖ਼ਤਰਨਾਕ ਖਾਮੋਸ਼ ਹਮਲੇ ਦੇ ਕਾਰਨਾਮੇ ਸਨ, ਜਿਨ੍ਹਾਂ ਵਿੱਚ ਸ਼ਾਨ ਦਾ ਵਿਖਾਵਾ ਨਹੀਂ ਹੁੰਦਾ ਬਦੇਸ਼ੀਆਂ ਪ੍ਰਤਿ ਨਫ਼ਰਤ ਅਜਿਹੇ ਨਿਧੜਕ ਜੁਆਨਾਂ

ਨੂੰ ਉਭਾਰ ਦਿੰਦੀ ਹੈ ਜੋ ਕਿਸੇ ਵਿਚਾਰਧਾਰਾ ਲਈ ਮਰਨ ਲਈ ਤਿਆਰ ਰਹਿੰਦੇ ਹਨ।

ਅਖ਼ੀਰ ਵਿੱਚ, ਹਮਲਾਵਰਾਂ ਨੇ ਆਪਣੇ ਕਠੋਰ ਅਨੁਸਾਸ਼ਨ ਨਾਲ ਸ਼ਹਿਰ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ, ਉਹ ਅਜਿਹਾ ਜ਼ੁਲਮ ਕਰਨ ਦੇ ਦੋਸ਼ੀ ਨਹੀਂ ਬਣੇ ਜਿਸ ਲਈ ਉਹ ਜੇਤੂ ਹੋਣ ਕਾਰਨ ਮਸ਼ਹੂਰ ਸਨ, ਲੋਕਾਂ ਨੇ ਉਤਸ਼ਾਹ ਵਿਖਾਉਣਾ ਸ਼ੁਰੂ ਕੀਤਾ ਅਤੇ ਵਪਾਰ ਦੀ ਜਰੂਰਤ ਨੇ ਦੇਸ਼ ਦੇ ਵਣਜ ਵਿੱਚ ਨਵੀਂ ਜਾਨ ਪਾਈ। ਕੁਝ ਲੋਕਾਂ ਦਾ ਹਾਵਰੇ ਵਿਖੇ ਚੋਖਾ ਕੰਮ ਕਾਰ ਸੀ, ਜਿਸ ਨੂੰ ਫ਼ਰਾਂਸੀਸੀ ਫ਼ੌਜ ਨੇ ਆਪਣੇ ਅਧੀਨ ਕਰ ਲਿਆ ਸੀ, ਅਤੇ ਉਹ ਸੜਕ ਦੇ ਰਸਤੇ ਡਿਪੀ ਜਾ ਕੇ ਇਸ ਬੰਦਰਗਾਹ ’ਤੇ ਅਪੜਨਾ ਚਾਹੁੰਦੇ ਸਨ ਅਤੇ ਉੱਥੋਂ ਜਹਾਜ਼ ’ਤੇ ਸਵਾਰ ਹੋਣਾ ਚਾਹੁੰਦੇ ਸਨ ।

ਉਨ੍ਹਾਂ ਨੇ ਜਰਮਨ ਅਫ਼ਸਰਾਂ ਤੋਂ ਆਪਣੇ ਪ੍ਰਭਾਵ ਦੀ ਵਰਤੋਂ ਕੀਤੀ ਜਿਨ੍ਹਾਂ ਨਾਲ ਉਨ੍ਹਾਂ ਦੀ ਜਾਣ ਪਛਾਣ ਸੀ ਅਤੇ ਅੰਤ ਵਿੱਚ ਚੀਫ਼ ਜਨਰਲ ਤੋਂ ਉਨ੍ਹਾਂ ਨੇ ਉੱਥੇ ਜਾਣ ਦਾ ਅਧਿਕਾਰ ਪ੍ਰਾਪਤ ਕਰ ਲਿਆ ।

ਸਿਪਾਹੀਆਂ ਦੀ ਨਜ਼ਰ ਤੋਂ ਬਚਣ ਲਈ ਬੜੀ ਚੌਕਸੀ ਨਾਲ ਇਸ ਸਫ਼ਰ ਲਈ ਚਾਰ ਘੋੜਿਆਂ ਵਾਲੀ ਬੱਘੀ ਕਿਰਾਏ ’ਤੇ ਲੈ ਕੇ, ਜਿਸ ਵਿੱਚ ਦਸ ਵਿਅਕਤੀਆਂ ਦੇ ਬੈਠਣ ਦੀ ਥਾਂ ਸੀ, ਇਹ ਵਿਚਾਰ ਕੀਤੀ ਗਈ ਕਿ ਮੰਗਲਵਾਰ ਦਿਨ ਚੜ੍ਹਨ ਤੋਂ ਪਹਿਲਾਂ ਰਵਾਨਾ ਹੋ ਜਾਈਏ ।

ਇਸ ਤੋਂ ਕੁਝ ਸਮਾਂ ਪਹਿਲਾਂ ਧਰਤੀ ਕੋਰੇ ਨਾਲ ਸਖ਼ਤ ਹੋ ਗਈ ਸੀ, ਤਿੰਨ ਕੁ ਵਜੇ ਦੇ ਲਗਭਗ ਉਤਰਦੀ ਤਰਫੋਂ ਗੂੜ੍ਹੇ ਕਾਲੇ ਬੱਦਲ ਉੱਠੇ ਅਤੇ ਸ਼ਾਮ ਤੋਂ ਸ਼ੁਰੂ ਹੋ ਕੇ ਸਾਰੀ ਰਾਤ ਲਗਾਤਾਰ ਬਰਫ਼ ਗਿਰਦੀ ਰਹੀ ।

ਸਵੇਰੇ ਸਾਢੇ ਚਾਰ ਵਜੇ ਯਾਤਰੀ ਹੋਟਲ ਨੋਰਮੈਂਡੀ ਦੇ ਇਹਾੜੇ ਵਿੱਚ ਇਕੱਠੇ ਹੋਏ, ਜਿੱਥੋਂ ਉਨ੍ਹਾਂ ਨੇ ਬੱਘੀ ਲੈਣੀ ਸੀ ।

ਉਨ੍ਹਾਂ ਦੀਆਂ ਅੱਖਾਂ ਵਿੱਚ ਅਜੇ ਵੀ ਨੀਂਦਰ ਸੀ ਅਤੇ ਉਹ ਚੰਗਿਆਂ ਦੇ ਬਾਵਜੂਦ ਸਰਦੀ ਨਾਲ ਕੰਬ ਰਹੇ ਸਨ। ਉਹ ਨਿੰਮ੍ਹੇ ਚਾਨਣ ਵਿੱਚ ਇਕ ਦੂਜੇ ਨੂੰ ਚੰਗੀ ਤਰ੍ਹਾਂ ਵੇਖ ਵੀ ਨਹੀਂ ਸਨ ਸਕਦੇ ਅਤੇ ਉਹ ਸਰਦੀ ਵਾਲੇ ਕੱਪੜਿਆਂ ਨਾਲ ਇਸ ਤਰ੍ਹਾਂ ਲੱਦੇ ਹੋਏ ਸਨ ਜਿਵੇਂ ਭਾਰੇ ਸਰੀਰ ਵਾਲੇ ਪਾਦਰੀ ਜਿਨ੍ਹਾਂ ਨੇ ਲੰਮੇ ਚੋਗੇ ਪਹਿਨੇ ਹੋਣ । ਕੇਵਲ ਦੋ ਵਿਅਕਤੀ ਇਕ ਦੂਜੇ ਦੇ ਵਾਕਫ਼ਕਾਰ ਸਨ ਅਤੇ ਤੀਜੇ ਨੇ ਉਨ੍ਹਾਂ ਨੂੰ ਨਮਸਕਾਰ ਕੀਤੀ ਅਤੇ ਉਨ੍ਹਾਂ ਨੇ ਗੱਪਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ "ਮੈਂ

ਆਪਣੀ ਪਤਨੀ ਨੂੰ ਲੈਣ ਚੱਲਿਆ ਹਾਂ " ਇਕ ਨੇ ਕਿਹਾ, "ਮੈਂ ਵੀ" ਦੂਜੇ ਨੇ ਕਿਹਾ। "ਅਤੇ ਮੈਂ ਵੀ ਤੀਜੇ ਨੇ ਕਿਹਾ । ਪਹਿਲੇ ਵਿਅਕਤੀ ਨੇ ਕਿਹਾ, "ਅਸੀਂ ਰੇਉਨ ਵਾਪਸ ਨਹੀਂ ਪਰਤਾਂਗੇ, ਅਤੇ ਜੋ ਪਰਸ਼ੀਅਨ ਹਾਵਰੇ ਪਹੁੰਚ ਗਏ ਤਾਂ ਅਸੀਂ ਇੰਗਲੈਂਡ ਨੂੰ ਚਲੇ ਜਾਵਾਂਗੇ ।" ਸਾਰਿਆਂ ਦਾ ਇਕੋ ਮੰਤਵ ਸੀ, ਕਿਉਂਕਿ ਉਹ ਸਾਰੇ ਹਮਖ਼ਿਆਲ ਸਨ ।

ਅਤੇ ਅਜੇ ਤੱਕ ਘੋੜਿਆਂ ਨੂੰ ਸਾਜ ਪਾ ਕੇ ਬੱਘੀ ਅੱਗੇ ਨਹੀਂ ਜੋੜਿਆ ਸੀ । ਘੋੜਿਆਂ ਦੇ ਤਬੇਲੇ ਦੀ ਸਾਂਭ ਕਰਨ ਵਾਲਾ ਇਕ ਲੜਕਾ ਇਕ ਛੋਟੀ ਜਿਹੀ ਲਾਲਟੈਂਨ ਹੱਥ ਵਿੱਚ ਲੈ ਕੇ ਕਦੇ ਇਕ ਦਰਵਾਜ਼ੇ ਵਿਚੋਂ ਅਤੇ ਫੇਰ ਝੱਟ ਹੀ ਦੂਜੇ ਦਰਵਾਜ਼ੇ ਵਿੱਚੋਂ ਲੰਘਦਾ । ਫ਼ਰਸ਼ ਉੱਤੇ ਘੋੜਿਆਂ ਦੇ ਪੈਰ ਖੜਕਦੇ ਸੁਣਾਈ ਦੇ ਰਹੇ ਸਨ ਅਤੇ ਇਨ੍ਹਾਂ ਦੀ ਆਵਾਜ਼ ਪੱਠਿਆਂ ਅਤੇ ਪਰਾਲੀ ਤੇ ਘੋੜਿਆਂ ਨਾਲ ਗੱਲਾਂ ਕਰ ਰਹੇ ਵਿਅਕਤੀ ਦੀ ਆਵਾਜ਼ ਕਾਰਨ ਮੱਧਮ ਹੋ ਜਾਂਦੀ ਸੀ, ਕਈ ਵੇਰਾਂ ਇਮਾਰਤ ਦੇ ਪਰਲੇ ਸਿਰੇ ਤੋਂ ਜ਼ੋਰ ਦੇ ਰੋਲ਼ੇ ਦੀ ਆਵਾਜ਼ ਸੁਣਾਈ ਦਿੰਦੀ । ਟੱਲੀਆਂ ਦੀ ਨਿੰਮ੍ਹੀ ਨਿੰਮ੍ਹੀ ਟੁਨਕਾਰ ਤੋਂ ਪਤਾ ਲੱਗਦਾ ਸੀ ਕਿ ਘੋੜਿਆਂ ਦਾ ਸਾਜ਼ ਸਮਾਨ ਚੁਕਿਆ ਜਾ ਰਿਹਾ ਹੈ, ਘੋੜਿਆਂ ਦੇ ਅੱਗੇ ਪਿੱਛੇ ਹਟਣ ਨਾਲ ਛੇਤੀ ਹੀ ਇਹ ਆਵਾਜ਼ ਸਪੱਸ਼ਟ ਹੋ ਗਈ ਅਤੇ ਨਿਰੰਤਰ ਇਕਸੁਰ ਵਿੱਚ ਜਾਰੀ ਰਹੀ ਕਦੇ ਕਦੇ ਲੱਕੜ ਦੀ ਖੜਾਮ ਨਾਲ ਫ਼ਰਸ਼ ਉੱਤੇ ਚੱਲਣ ਕਾਰਨ ਪੈਦਾ ਹੋਈ ਖਰਵੀ ਆਵਾਜ਼ ਨਾਲ ਇਸ ਵਿੱਚ ਰੁਕਾਵਟ ਪਾਉਂਦੀ।

ਦਰਵਾਜ਼ਾ ਇਕਦਮ ਬੰਦ ਹੋ ਗਿਆ। ਸਾਰਾ ਰੌਲਾ ਰੱਪਾ ਬੰਦ ਹੋ ਗਿਆ ਠਾਰੇ ਦੇ ਮਾਰੇ ਹੋਏ ਸ਼ਹਿਰੀ ਚੁੱਪ ਸਨ; ਉਹ ਹਿਲਣ ਜੁਲਣ ਤੋਂ ਅਸਮੱਰਥ ਅਤੇ ਆਕੜੇ ਹੋਏ ਸਨ ।

ਚਿੱਟੀ ਰੂੰ ਵਰਗੇ ਬਰਫ ਦੇ ਗੋਹੜੇ ਲਗਾਤਾਰ ਧਰਤੀ ’ਤੇ ਗਿਰ ਰਹੇ ਸਨ। ਇਨ੍ਹਾਂ ਦੀ ਸ਼ਕਲ ਵਿਗੜਕੇ ਇਹ ਪਾਊਂਡਰ ਵਾਂਗ ਧਰਤੀ ’ਤੇ ਵਿਛ ਕੇ ਇਸ ਨੂੰ ਗਿੱਲੀ ਕਰ ਰਹੇ ਸਨ । ਇਸ ਖਾਮੋਸ਼ੀ ਵਿੱਚ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ। ਸ਼ਹਿਰ ਸ਼ਾਂਤ ਸੀ ਅਤੇ ਸਰਦੀ ਦੀ ਧੁੰਦ ਨਾਲ ਢਕਿਆ ਹੋਇਆ ਸੀ । ਇਸ ਗਿਰ ਰਹੀ ਬਰਫ਼ ਵਿੱਚ ਉਸ ਦਾ ਵਰਣਨ ਕਰਨਾ ਕਠਿਨ ਹੈ ਧਰਤੀ ’ਤੇ ਗਿਰਦੀ ਬਰਫ਼ ਦੀ ਆਵਾਜ਼ ਨਹੀਂ ਸੀ ਸੁਣੀ ਜਾ ਸਕਦੀ ਇਸ ਨੂੰ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਸੀ ।

ਲਾਲਟੈਨ ਵਾਲਾ ਮਨੁੱਖ ਫੇਰ ਆਪਣੇ ਹੱਥ ਨਾਲ ਘੋੜੇ ਦੇ ਗਲ਼ ਦਾ ਰੱਸਾ ਖਿੱਚ ਰਿਹਾ ਸੀ ਕਿਉਂਕਿ ਘੋੜਾ ਆਪ ਰਜ਼ਾਮੰਦੀ ਨਾਲ ਨਹੀਂ ਤੁਰ ਰਿਹਾ ਸੀ।

ਉਸ ਨੇ ਘੋੜੇ ਨੂੰ ਖੰਭੇ ਨਾਲ ਬੰਨ੍ਹ ਕੇ ਉਸ ਦੀ ਜੋਤ ਕਸ ਦਿੱਤੀ, ਉਹ ਕਾਫੀ ਦੇਰ ਇੱਧਰ ਉੱਧਰ ਘੁੰਮ ਕੇ ਉਸ ਦਾ ਸਾਜ਼ ਸਮਾਨ ਠੀਕ ਕਰਦਾ ਰਿਹਾ ਕਿਉਂਕਿ ਉਹ ਕੇਵਲ ਇਕੋ ਹੱਥ ਦੀ ਵਰਤੋਂ ਕਰ ਰਿਹਾ ਸੀ ਅਤੇ ਉਸ ਦੇ ਦੂਜੇ ਹੱਥ ਵਿੱਚ ਲਾਲਟੈਨ ਸੀ । ਜਦ ਉਹ ਦੂਜੇ ਘੋੜੇ ਨੂੰ ਲੈਣ ਗਿਆ ਤਾਂ ਉਸ ਦਾ ਧਿਆਨ ਯਾਤਰੀਆਂ ਵੱਲ ਗਿਆ ਜੋ ਬਿਲਕੁਲ ਬੇਹਰਕਤ ਅਤੇ ਬਰਫ਼ ਨਾਲ ਚਿੱਟੇ ਹੋਏ ਵਿਖਾਈ ਦੇ ਰਹੇ ਸਨ, ਉਸ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਬੱਘੀ ਵਿੱਚ ਕਿਉਂ ਨਹੀਂ ਆ ਜਾਂਦੇ ? ਘੱਟੋ ਘੱਟ ਤੁਸੀਂ ਪਰਦੇ ਅੰਦਰ ਤਾਂ ਹੋਵੇਗੇ ।"

ਇਹ ਸਪੱਸ਼ਟ ਸੀ ਕਿ ਉਨ੍ਹਾਂ ਇਹ ਗੱਲ ਨਹੀਂ ਸੀ ਸੱਚੀ ਅਤੇ ਉਹ ਝਟਪਟ ਬੱਘੀ ਅੰਦਰ ਆ ਗਏ । ਤਿੰਨ ਆਦਮੀਆਂ ਨੇ ਆਪਣੀਆਂ ਪਤਨੀਆਂ ਨੂੰ ਪਿੱਛੇ ਬਿਠਾ ਦਿੱਤਾ ਅਤੇ ਬਾਅਦ ਵਿੱਚ ਆਪ ਬੈਠ ਗਏ । ਬਾਕੀ ਦੇ ਵਿਅਕਤੀ ਜਿਨ੍ਹਾਂ ਨੇ ਬੱਘੀ ਦੇ ਅੰਦਰ ਆਉਣ ਦਾ ਫੈਸਲਾ ਨਹੀਂ ਸੀ ਕੀਤਾ ਆਪੋ ਆਪਣੀ ਵਾਰੀ ਤੇ, ਇਕ ਦੂਜੇ ਨੂੰ ਬਿਨਾਂ ਕੋਈ ਸ਼ਬਦ ਕਹਿਣ ਦੇ ਆਖਰੀ ਸੀਟਾਂ ਤੇ ਆ ਬੈਠੇ ।

ਬੱਘੀ ਦੇ ਹੇਠਾਂ ਘਾਹ ਫੂਸ ਵਿਛਾਇਆ ਗਿਆ ਸੀ ਜਿਸ ’ਤੇ ਉਨ੍ਹਾਂ ਨੇ ਪੈਰ ਰੱਖ ਲਏ । ਪਿੱਛੇ ਬੈਠੀਆਂ ਇਸਤਰੀਆਂ ਨੇ ਜਿਹੜੀਆਂ ਤਾਂਬੇ ਦੇ ਕਾਰਬਨ ਨਾਲ ਜਲਣ ਵਾਲੇ ਪੈਰਾਂ ਵਿੱਚ ਰੱਖਣ ਵਾਲੇ ਸਟੋਵ ਲਿਆਈਆਂ ਸਨ, ਉਨ੍ਹਾਂ ਨੂੰ ਬਾਲ ਲਿਆ ਅਤੇ ਕੁਝ ਚਿਰ ਉਨ੍ਹਾਂ ਨੇ ਧੀਮੀ ਆਵਾਜ ਵਿੱਚ ਇਨ੍ਹਾਂ ਦੇ ਲਾਭ ਦੱਸੇ ਅਤੇ ਉਹ ਗੱਲਾਂ ਦੁਹਰਾਈਆਂ ਜਿਨ੍ਹਾਂ ਨੂੰ ਉਹ ਕਾਫ਼ੀ ਸਮੇਂ ਤੋਂ ਜਾਣਦੀਆਂ ਸਨ। ਅਖ਼ੀਰ ਵਿੱਚ ਬੱਘੀ ਅੱਗੇ ਚਾਰ ਘੋੜਿਆਂ ਦੀ ਥਾਂ ਛੇ ਘੋੜਿਆਂ ਨੂੰ ਜੋੜਿਆ ਗਿਆ ਕਿਉਂਕਿ ਸਫ਼ਰ ਦਾ ਰਾਹ ਬਹੁਤ ਖ਼ਰਾਬ ਸੀ ਅਤੇ ਇਕ ਆਵਾਜ਼ ਨੇ ਉਨ੍ਹਾਂ ਨੂੰ ਪੁਕਾਰਿਆ, "ਕੀ ਹਰ ਇਕ ਵਿਅਕਤੀ ਬੱਘੀ ਦੇ ਅੰਦਰ ਬੈਠ ਗਿਆ ਹੈ ?" ਬੱਘੀ ਦੇ ਅੰਦਰੋਂ ਆਵਾਜ਼ ਆਈ "ਹਾਂ" ਬੱਘੀ ਉਨ੍ਹਾਂ ਨੂੰ ਲੈ ਕੇ ਤੁਰ ਪਈ । ਬੱਘੀ ਹੌਲੀ ਹੌਲੀ ਤੁਰਨ ਲੱਗੀ ਅਤੇ ਇਸੇ ਚਾਲ ਇਸ ਨੇ ਕੁਝ ਫਾਸਲਾ ਤਹਿ ਕੀਤਾ । ਬੱਘੀ ਦੇ ਪਹੀਏ ਬਰਫ਼ ਵਿੱਚ ਧਸ ਗਏ ਸਨ, ਅਤੇ ਇਸ ਦਾ ਸਾਰਾ ਢਾਂਚਾ ਜ਼ੋਰ ਦੀ ਖੜ ਖੜ ਕਰ ਰਿਹਾ ਸੀ, ਘੋੜੇ ਹਫੇ ਹੋਏ ਸਨ ਅਤੇ ਉਨ੍ਹਾਂ ਦੇ ਮੂੰਹਾਂ ਵਿੱਚੋਂ ਭਾਫ਼ ਨਿਕਲ ਰਹੀ ਸੀ, ਕੋਚਵਾਨ ਆਪਣਾ ਵੱਡਾ ਛਾਂਟਾ ਲਗਾਤਾਰ ਹਰ ਪਾਸੇ ਘੋੜਿਆਂ ’ਤੇ ਵਰ੍ਹਾ ਰਿਹਾ ਸੀ, ਇਹ ਹਵਾ ਵਿੱਚ ਸਕਦਾ ਇਕਠਾ ਹੋ ਜਾਂਦਾ ਅਤੇ ਫਿਰ ਪਤਲੇ ਸੱਪ ਵਾਂਗ ਲੰਮਾ ਹੋ ਜਾਂਦਾ, ਛਟਾ ਮੁੜ ਉੱਪਰ ਉੱਠਣ ’ਤੇ ਘੋੜਿਆਂ ਦੇ ਕਾੜ ਕਾੜ ਵੱਜਦਾ, ਜਿਸ ਨਾਲ ਉਹ ਵੱਧ ਤੋਂ ਵੱਧ ਜ਼ੋਰ ਨਾਲ ਦੌੜਦੇ।

ਤੜਕਸਾਰ ਦਾ ਵੇਲਾ ਹੋ ਰਿਹਾ ਸੀ। ਬਰਫ਼ ਦੇ ਰੂੰ ਵਰਗੇ ਗੋਹੜੇ ਜਿਹੜੇ ਖਿੜੀ ਕਪਾਹ ਦੀਆਂ ਡਿੱਗਦੀਆਂ ਛੁੱਟੀਆਂ ਵਾਂਗ ਜਾਪਦੇ ਸਨ, ਇਕ ਯਾਤਰੀ ਨੇ ਜਿਹੜਾ ਜਨਮ ਕਾਰਨ ਰੀਊਨ ਨਾਲ ਸੰਬੰਧਤ ਸੀ, ਕਿਹਾ ਕਿ ਗੋਹੜੇ ਡਿੱਗਣੇ ਬੰਦ ਹੋ ਗਏ ਹਨ। ਮੱਧਮ ਰੌਸ਼ਨੀ, ਜੋ ਸੰਘਣੇ ਬੱਦਲਾਂ ਵਿੱਚੋਂ ਛਣ ਕੇ ਆ ਰਹੀ ਸੀ, ਦੇ ਚਾਨਣ ਨਾਲ ਖੇਤ ਚਿੱਟੇ ਚਿੱਟੇ ਲੱਗਦੇ ਸਨ, ਇੰਝ ਲੱਗਦਾ ਸੀ ਜਿਵੇਂ ਵੱਡੇ ਵੱਡੇ ਦਰੱਖਤਾਂ ਦੀ ਕਤਾਰ ਨੂੰ ਚਿੱਟੇ ਕੱਪੜੇ ਨਾਲ ਢੱਕ ਦਿੱਤਾ ਗਿਆ ਹੋਵੇ ਜਾਂ ਜਿਵੇਂ ਕਿਸੇ ਚਿਮਨੀ ਦੇ ਮੂੰਹ 'ਤੇ ਬਰਫ਼ ਦੀ ਟੋਪੀ ਹੋਵੇ। ਅਜਿਹੀ ਉਦਾਸੀਨ ਰੌਸ਼ਨੀ ਵਿੱਚ ਬੱਘੀ ਵਿੱਚ ਬੈਠਾ ਹਰੇਕ ਯਾਤਰੀ ਇਕ ਦੂਜੇ ਨੂੰ ਉਤਸੁਕਤਾ ਨਾਲ ਵੇਖ ਰਿਹਾ ਸੀ।

ਬੱਘੀ ਦੀਆਂ ਪਿਛਲੀਆਂ ਸੀਟਾਂ 'ਤੇ ਗਰੈਂਡ-ਪੋਂਟ ਸਟਰੀਟ ਦਾ ਥੋਕ ਸ਼ਰਾਬ ਦਾ ਵਪਾਰੀ ਲੋਈਜ਼ੂ ਬੈਠਾ ਸੀ ਅਤੇ ਉਸ ਦੇ ਸਾਹਮਣੇ ਸ੍ਰੀਮਤੀ ਲੋਈਜ਼ੂ ਸੁੱਤੀ ਹੋਈ ਸੀ। ਸ੍ਰੀਮਤੀ ਲੋਈਜ਼ੂ ਨੇ ਆਪਣੇ ਪਹਿਲੇ ਮਾਲਕ ਪਾਸੇ, ਜਿਸ ਦਾ ਕਾਰੋਬਾਰ ਠੱਪ ਹੋ ਗਿਆ ਸੀ,ਉਸ ਦੇ ਕਾਰੋਬਾਰ ਖ਼ਰੀਦ ਕੇ ਆਪਣੀ ਕਿਸਮਤ ਬਣਾਈ ਸੀ। ਉਹ ਦਿਹਾਤੀ ਖੇਤਰ ਦੇ ਪਰਚੂਨ ਵਪਾਰੀਆਂ ਨੂੰ ਮਾੜੀ ਸ਼ਰਾਬ ਮਹਿੰਗੇ ਭਾਅ 'ਤੇ ਵੇਚਦਾ ਸੀ ਅਤੇ ਆਪਣੇ ਮਿਲਣ ਵਾਲਿਆਂ ਵਿੱਚ ਫਰੇਬੀ ਅਤੇ ਭੰਡ ਦੇ ਤੌਰ 'ਤੇ ਜਾਣਿਆ ਜਾਂਦਾ ਸੀ, ਉਹ ਧੋਖੇ ਅਤੇ ਜ਼ਿੰਦਾਦਿਲੀ ਨਾਲ ਭਰਭੂਰ ਇਕ ਪੂਰਣ ਨਾਰਮਨ ਸੀ।

ਉਸ ਦੀ ਚੁਟਕਲੇਬਾਜ਼ ਦੇ ਤੌਰ 'ਤੇ ਇੰਨੀ ਮਸ਼ਹੂਰੀ ਸੀ ਕਿ ਇਕ ਸ਼ਾਮ ਨੂੰ ਖ਼ਲੀਫੇ ਦੇ ਘਰ, ਸ੍ਰੀ ਟਾਊਰਨਲ ਨੇ, ਜੋ ਕੁਝ ਅਲੌਕਿਕ ਕਹਾਣੀਆ ਅਤੇ ਗੀਤਾਂ ਦਾ ਰਚੇਤਾ ਅਤੇ ਤੀਬਰ ਵਿਅੰਗਮਈ ਦਿਮਾਗ਼ ਵਾਲਾ ਸੀ, ਇਕ ਸਥਾਨਕ ਸਮਾਗਮ ਵਿੱਚ ਕੁਝ ਇਸਤਰੀਆਂ ਜਿਨ੍ਹਾਂ ਨੂੰ ਨੀਂਦ ਆ ਰਹੀ ਸੀ, "ਲੋਈਜ਼ੂ ਟਰਿੱਕ " ਦੀ ਖੇਡ ਖੇਡਣ ਦਾ ਮਸ਼ਵਰਾ ਦਿੱਤਾ, ਉਸ ਦਾ ਇਹ ਵਿਅੰਗ ਖ਼ਲੀਫੇ ਦੇ ਘਰ ਤੋਂ ਸਾਰੇ ਸ਼ਹਿਰ ਵਿੱਚ ਅਤੇ ਫੇਰ ਕੁਝ ਮਹੀਨਿਆਂ ਵਿੱਚ ਹੀ ਪ੍ਰਾਂਤ ਵਿੱਚ ਬਹੁਤ ਸਾਰੇ ਵਿਅਕਤੀਆਂ ਦੇ ਹਾਸੇ ਦਾ ਵਿਸ਼ਾ ਬਣਿਆ।

ਲੋਈਜ਼ੂ ਹਰ ਪ੍ਰਕਾਰ ਦੀ ਮਖ਼ੌਲਬਾਜ਼ੀ ਚੰਗੇ ਅਤੇ ਮੰਦੇ ਮਜ਼ਾਕਾਂ ਕਰਕੇ ਖ਼ਾਸ ਕਰਕੇ ਪ੍ਰਸਿੱਧ ਸੀ, ਅਤੇ ਕੋਈ ਵੀ ਵਿਅਕਤੀ ਇਹ ਸੋਚਣ ਤੋਂ ਬਿਨਾਂ ਉਸ ਨਾਲ ਗੱਲਬਾਤ ਨਹੀਂ ਸੀ ਕਰ ਸਕਦਾ।" "ਉਹ ਬਹੁਤ ਮਹੱਤਵਪੂਰਨ

ਵਿਅਕਤੀ ਹੈ" ਉਸ ਦਾ ਕੱਦ ਲੰਮਾ, ਗੁਬਾਰੇ ਵਰਗਾ ਢਿੱਡ ਅਤੇ ਗੁਲਾਬੀ ਚਿਹਰਾ ਅਤੇ ਮੁੱਛਾਂ ਭੂਰੀਆਂ ਸਨ। ਉਸ ਦੀ ਪਤਨੀ ਭਾਰੇ ਸਰੀਰ ਦੀ ਮਜ਼ਬੂਤ, ਝੱਟਪਟ ਫ਼ੈਸਲਾ ਕਰਨ ਵਾਲੀ ਅਤੇ ਦ੍ਰਿੜ ਇਰਾਦੇ ਵਾਲੀ ਹੋਣ ਦੇ ਨਾਲ ਨਾਲ ਇਸ ਵਪਾਰੀ ਦੇ ਘਰ ਦਾ ਹਿਸਾਬ ਕਿਤਾਬ ਵੀ ਰੱਖਦੀ ਸੀ ਜਦੋਂਕਿ ਉਹ ਹਾਸੇ ਠੱਠੇ ਕਾਰਨ ਇਸ ਘਰ ਦੀ ਜਾਨ ਸੀ।

ਕਾਰੇਲਾਮੈਡੋਨ ਉਨ੍ਹਾਂ ਪਾਸ ਬੜੇ ਫਖ਼ਰ ਨਾਲ ਬੈਠਾ ਹੋਇਆ ਸੀ ਜਿਵੇਂ ਕਿ ਉਹ ਉੱਚ ਜਾਤੀ ਨਾਲ ਸੰਬੰਧਤ ਹੋਵੇ, ਕਪਾਹ ਦੇ ਵਪਾਰ ਵਿੱਚ ਉਸ ਦੀ ਚੋਖੀ ਮਸ਼ਹੂਰੀ ਸੀ, ਉਹ ਤਿੰਨ ਮਿੱਲਾਂ ਦਾ ਮਾਲਕ, ਆਫੀਸਰ ਆਫ਼ ਦੀ ਲੀਜ਼ਨ ਆਫ ਆਨਰ, ਅਤੇ ਜਨਰਲ ਕੌਂਸਲ ਦਾ ਮੈਂਬਰ ਸੀ। ਉਹ ਸਲਤਨਤ ਦੇ ਦੌਰਾਨ ਵਿਰੋਧੀ ਦਲ ਦਾ ਮੁੱਖੀ ਸੀ ਅਤੇ ਉਸ ਦੇ ਆਪਣੇ ਕਹਿਣ ਅਨੁਸਾਰ ਉਹ ਬਾਦਸ਼ਾਹ ਇੰਨੇ ਵੱਡੇ ਵੱਡੇ ਕੰਮ ਸਮਝਾ ਬੁਝਾ ਕੇ ਕਰਵਾਉਣ ਲਈ ਮਸ਼ਹੂਰ ਸੀ। ਸ੍ਰੀਮਤੀ ਕਾਰੇਲਾਮੈਡਨ ਆਪਣੇ ਪਤੀ ਨਾਲੋਂ ਕਾਫੀ ਘੱਟ ਉਮਰ ਦੀ ਸੀ, ਅਤੇ ਰੀਊਨ ਦੇ ਕਿਲ੍ਹੇ ਵਿੱਚ ਭੇਜੇ ਗਏ ਖ਼ਾਨਦਾਨੀ ਅਫ਼ਸਰਾਂ ਲਈ ਧਰਵਾਸ ਸੀ। ਉਹ ਆਪਣੇ ਪਤੀ ਦੇ ਸਾਹਮਣੇ ਬੈਠੀ ਸੀ, ਉਹ ਨਾਜ਼ੁਕ ਮਿਜ਼ਾਜ, ਮਧਰੇ ਕੱਦ ਦੀ ਅਤੇ ਹੁਸੀਨ ਇਸਤਰੀ ਸੀ, ਉਸ ਨੇ ਆਪਣਾ ਸਰੀਰ ਫਰ ਨਾਲ ਕੱਜਿਆ ਹੋਇਆ ਸੀ ਅਤੇ ਉਦਾਸ ਅੱਖਾਂ ਨਾਲ ਬੱਘੀ ਦੇ ਅੰਦਰ ਝਾਕ ਰਹੀ ਸੀ।

ਉਸ ਦੇ ਗੁਆਂਢੀ, ਕਾਊਂਟ ਅਤੇ ਕਾਊਂਟਸ ਹਬਰਟ ਡੀ ਨਾਰਮੈਂਡੀ ਦੇ ਬਹੁਤ ਪੁਰਾਣੇ ਅਤੇ ਨੇਕ ਪਰਿਵਾਰ ਨਾਲ ਸੰਬੰਧਤ ਸਨ। ਕਾਊਂਟ ਇਕ ਸੁਘੜ ਬਜ਼ੁਰਗ ਸੀ, ਉਸ ਨੂੰ ਆਪਣੇ ਆਪ ਨੂੰ ਸ਼ਿੰਗਾਰ ਕੇ ਰੱਖਣ ਦੇ ਤਰੀਕੇ ਵਿੱਚ ਨਿਪੁੰਨ ਹੋਣ ਕਾਰਨ ਫ਼ਖਰ ਸੀ, ਉਸ ਦੀ ਸ਼ਕਲ ਬਾਦਸ਼ਾਹ ਹੈਨਰੀ IV ਨਾਲ ਮਿਲ਼ਦੀ ਜੁਲਦੀ ਸੀ, ਜਿਸ ਦਾ ਵਿਰਸਾ ਸ਼ਾਨਦਾਰ ਸੀ, ਉਸ ਨੇ ਬਰੇਵਿਲੇ ਪਰਿਵਾਰ ਦੀ ਇਕ ਇਸਤਰੀ ਨੂੰ ਗਰਭ ਕਰ ਦਿੱਤਾ ਸੀ, ਜਿਸ ਕਰਕੇ ਉਸ ਦੇ ਪਤੀ ਨੂੰ ਕਾਊਂਟ ਅਤੇ ਪ੍ਰਾਂਤ ਦਾ ਗਵਰਨਰ ਬਣਾ ਦਿੱਤਾ ਗਿਆ ਸੀ।

ਜਨਰਲ ਪਰਿਸ਼ਟ ਸ੍ਰੀ ਕਾਰੇਲਾਮੈਡੋਨ ਦਾ ਇਕ ਸਾਥੀ ਕਾਊਂਟ ਹਬਰਟ ਵਿਭਾਗ ਵਿੱਚ ਓਰਲੇ ਨਜ਼ ਪਾਰਟੀ ਦੀ ਪ੍ਰਤੀਨਿਧਤਾ ਕਰਦਾ ਸੀ।

ਲੁਟੇਰਿਆਂ ਦੇ ਜਹਾਜ਼ ਦੇ ਕਪਤਾਨ ਦੀ ਧੀ ਨਾਲ ਉਸ ਦਾ ਵਿਆਹ ਹਮੇਸ਼ਾ ਇਕ ਰਹੱਸ ਹੀ ਰਿਹਾ। ਕਿਉਂ ਜੋ ਕਾਊਂਟ ਦੀ ਪਤਨੀ ਦੀ ਖ਼ੂਬਸੂਰਤੀ ਦੇ ਹਰ

ਪਾਸੇ ਚਰਚੇ ਸਨ, ਇਸ ਲਈ ਉਸ ਦਾ ਕਾਫੀ ਸਤਿਕਾਰ ਕੀਤਾ ਜਾਂਦਾ ਸੀ, ਅਤੇ ਲੂਈਸ ਫਿਲਪ ਦਾ ਪੁੱਤਰ ਕਿਸੇ ਸਮੇਂ ਉਸ ਨੂੰ ਪਿਆਰ ਕਰਦਾ ਸੀ, ਸਾਰੇ ਅਮੀਰ ਉਸ ਦੀ ਇੱਜ਼ਤ ਕਰਦੇ ਸਨ, ਅਤੇ ਉਸ ਦਾ ਦੀਵਾਨਖਾਨਾ ਦੇਸ਼ ਵਿੱਚ ਪਹਿਲੇ ਨੰਬਰ 'ਤੇ ਸੀ, ਇਹ ਆਪਣੀ ਕਿਸਮ ਦਾ ਇੱਕੋ ਇਕ ਦੀਵਾਨਖਾਨਾ ਸੀ ਜਿਸ ਵਿੱਚ ਪੁਰਾਣੀ ਸ਼ਾਨ ਨੂੰ ਕਾਇਮ ਰੱਖਿਆ ਗਿਆ ਸੀ ਅਤੇ ਇਸ ਵਿੱਚ ਦਾਖ਼ਲ ਹੋਣਾ ਅਤਿ ਕਠਿਨ ਸੀ। ਕਿਹਾ ਜਾਂਦਾ ਸੀ ਕਿ ਬਰੇਵਿਲੇ ਦੀ ਆਮਦਨ ਪੰਜ ਲੱਖ ਫਰੈਂਕ ਸੀ ਜਿਸ ਨੂੰ ਪੂਰੀ ਸਕਿਊਰਿਟੀ ਪ੍ਰਾਪਤ ਸੀ ।

ਇਹ ਛੇ ਵਿਅਕਤੀ ਪਾਰਟੀ ਦੇ ਵਿਸ਼ੇਸ਼ ਮੈਂਬਰ ਸਨ, ਇਹ ਸਮਾਜਿਕ ਪੱਖ ਤੋਂ ਸ਼ਾਂਤ ਅਤੇ ਦ੍ਰਿੜ, ਈਮਾਨਦਾਰ ਅਤੇ ਸਾਖ ਵਾਲੇ ਵਿਅਕਤੀ ਸਨ ਜਿਨ੍ਹਾਂ ਦਾ ਧਰਮ ਵਿੱਚ ਵਿਸ਼ਵਾਸ਼ ਅਤੇ ਕੁਝ ਆਪਣੇ ਅਸੂਲ ਸਨ ।

ਪਰ ਇਹ ਇਕ ਅਜੀਬ ਇਤਫ਼ਾਕ ਸੀ ਕਿ ਸਾਰੀਆਂ ਇਸਤਰੀਆਂ ਇਕੋ ਸੀਟ ਤੇ ਸਨ ਅਤੇ ਕਾਊਂਟ ਦੀ ਪਤਨੀ ਦੇ ਨਾਲ ਦੋ ਭੈਣਾਂ ਬੈਠੀਆਂ ਹੋਈਆਂ ਸਨ ਜਿਨ੍ਹਾਂ ਕੋਲ ਲੰਮੀਆਂ ਮਾਲਾਵਾਂ ਸਨ ਅਤੇ ਪੀਟਰ ਅਤੇ ਏਵ ਦੇ ਸ਼ਬਦਾਂ ਦਾ ਜਾਪ ਕਰ ਰਹੀਆਂ ਸਨ। ਉਨ੍ਹਾਂ ਵਿਚੋਂ ਇਕ ਬਜ਼ੁਰਗ ਇਸਤਰੀ ਸੀ ਅਤੇ ਉਸ ਦੇ ਚਿਹਰੇ 'ਤੇ ਮਾਤਾ ਦੇ ਇੰਨੇ ਦਾਗ਼ ਸਨ ਜਿਵੇਂ ਅੰਗੂਰਾਂ ਦਾ ਗੁੱਛਾ ਉਸ ਦੇ ਮੂੰਹ 'ਤੇ ਛਪ ਗਿਆ ਹੋਵੇ। ਦੂਜੀ ਇਸਤਰੀ ਬਹੁਤ ਉਦਾਸ ਸੀ, ਉਸ ਦਾ ਚਿਹਰਾ ਬਹੁਤ ਸੁੰਦਰ ਸੀ ਅਤੇ ਉਸ ਨੂੰ ਫੇਫੜਿਆਂ ਦੀ ਬੀਮਾਰੀ ਸੀ ਜਿਸ ਕਾਰਨ ਉਸ ਨੂੰ ਪਰਮਾਤਮਾ ਦੀ ਭਗਤੀ ਵਿੱਚ ਅਥਾਹ ਲਗਨ ਸੀ ਅਤੇ ਉਹ ਇਸ ਲਗਨ ਕਾਰਨ ਸ਼ਹੀਦਾਂ ਵਾਂਗ ਜਾਪਦੀਆਂ ਸਨ।

ਇਨ੍ਹਾਂ ਦੋਹਾਂ ਸ਼ਰਧਾਲੂ ਇਸਤਰੀਆਂ ਦੇ ਸਾਹਮਣੇ ਬੈਠੇ ਇਕ ਮਰਦ ਅਤੇ ਇਸਤਰੀ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ । ਮਰਦ ਕਾਰਨੂਦਿਤ ਇਕ ਉੱਘਾ ਲੋਕਤੰਤਰਵਾਦੀ ਸੀ ਜਿਸ ਤੋਂ ਇੱਜ਼ਤਦਾਰ ਲੋਕ ਬਹੁਤ ਡਰਦੇ ਸਨ । ਉਸ ਨੇ ਆਪਣੇ ਜੀਵਨ ਦੇ ਵੀਹ ਸਾਲ ਸਾਰੇ ਲੋਕਤੰਤ੍ਰਾਤਮਿਕ ਕੈਫਿਆਂ ਵਿੱਚ ਗੁਜ਼ਾਰੇ ਸਨ। ਉਸ ਦਾ ਪਿਤਾ ਇਕ ਪੁਰਾਣਾ ਹਲਵਾਈ ਸੀ ਜੋ ਉਸ ਲਈ ਚੋਖੀ ਜਾਇਦਾਦ ਛੱਡ ਗਿਆ ਸੀ ਜਿਹੜੀ ਉਸ ਨੇ ਆਪਣੇ ਦੋਸਤਾਂ ਅਤੇ ਸਲਾਹਕਾਰਾਂ ਨਾਲ ਰੱਜ ਕੇ ਬਿਲੇ ਲਾ ਦਿੱਤੀ ਸੀ ਅਤੇ ਉਹ ਬੜੀ ਬੇਸਬਰੀ ਨਾਲ ਗਣਤੰਤਰ ਦੇ ਸਥਾਪਿਤ ਹੋਣ ਦੀ ਉਡੀਕ ਕਰਦਾ ਰਿਹਾ ਸੀ ਅਤੇ ਉਸ ਨੂੰ ਆਸ ਸੀ ਕਿ ਜਿੰਨਾ ਜ਼ਿਆਦਾ ਉਸ ਨੇ ਖ਼ਰਚ ਕੀਤਾ ਹੈ ਉਸ ਦੇ ਅਨੁਸਾਰ ਉਸ ਨੂੰ ਪਦਵੀ ਵੀ ਪ੍ਰਾਪਤ ਹੋ ਜਾਵੇਗੀ। ਚਾਰ ਸਤੰਬਰ ਨੂੰ ਸ਼ਾਇਦ ਉਸ ਨਾਲ ਕੋਈ ਮਖ਼ੌਲ ਕੀਤਾ

ਗਿਆ, ਜਿਸ ਨਾਲ ਉਸ ਨੇ ਸਮਝਿਆ ਕਿ ਉਸ ਨੂੰ ਪ੍ਰੀਫੈਕਟ ਚੁਣ ਲਿਆ ਗਿਆ ਹੈ ਤਾਂ ਦਫ਼ਤਰ ਦੇ ਕਲਰਕ ਉਸ ਥਾਂ ਦੇ ਮਾਲਕ ਸਨ ਅਤੇ ਉਨ੍ਹਾਂ ਨੇ ਉਸ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਨੂੰ ਮਜ਼ਬੂਰਨ ਵਾਪਸ ਪਰਤਣਾ ਪਿਆ। ਉਹ ਸੁਹਿਰਦ ਸੁਭਾਅ ਵਾਲਾ ਇਕ ਚੰਗਾ ਬੰਦਾ ਸੀ, ਖਰਵੇਂ ਸੁਭਾਅ ਦਾ ਨਹੀਂ ਸੀ ਅਤੇ ਕੰਮ ਪ੍ਰਤੀ ਲਗਨ ਵਾਲਾ ਵਿਅਕਤੀ ਸੀ ਅਤੇ ਉਸ ਨੇ ਪਰੂਸ਼ੀਅਨਾਂ ਨੂੰ ਮਾਤ ਪਾਉਣ ਲਈ ਸੁਰੱਖਿਆ ਦਾ ਕੰਮ ਬੜੇ ਉਤਸ਼ਾਹ ਨਾਲ ਆਪਣੇ ਜ਼ਿੰਮੇ ਲੈ ਲਿਆ ਹੋਇਆ ਸੀ। ਉਸ ਨੇ ਪੱਧਰੇ ਮੈਦਾਨਾਂ ਵਿੱਚ ਟੋਏ ਪੁੱਟੇ ਅਤੇ ਆਸ ਪਾਸ ਦੇ ਜੰਗਲਾਂ ਵਿੱਚੋਂ ਬ੍ਰਿਛ ਕੱਟ ਕੇ ਦੁਸ਼ਮਣ ਦੇ ਸਾਰੇ ਰਸਤੇ ਵਿੱਚ ਰੁਕਾਵਟ ਪਾਉਣ ਲਈ ਵਿਛਾ ਦਿੱਤੇ ਅਤੇ ਉਹ ਇਹ ਸਭ ਕੁਝ ਕਰਕੇ ਤੇਜ਼ੀ ਨਾਲ ਸ਼ਹਿਰ ਪਰਤ ਆਇਆ ਸੀ । ਹੁਣ ਉਸ ਨੇ ਸੋਚਿਆ ਸੀ ਕਿ ਉਹ ਹਾਵਰੇ ਵਿੱਚ ਵਧੇਰੇ ਲਾਭਦਾਇਕ ਸਾਬਿਤ ਹੋ ਸਕਦਾ ਸੀ ਜਿੱਥੇ ਕਿ ਚੋਰ ਮੋਰਚੇ ਪੁੱਟਣ ਦੀ ਲੋੜ ਹੋਵੇਗੀ।

ਜਦੋਂ ਉਸ ਦਾ ਪਤਾ ਲੱਗਾ ਤਾਂ ਈਮਾਨਦਾਰ ਇਸਤਰੀਆਂ ਆਪਸ ਵਿੱਚ ਕਾਨਾਫੂਸੀ ਕਰਨ ਲੱਗ ਪਈਆਂ ਅਤੇ ਸ਼ਬਦ "ਵੇਸਵਾ" ਅਤੇ "ਪਬਲਿਕ ਸ਼ੇਮ" ਇੰਨੀ ਉੱਚੀ ਕਹੇ ਗਏ ਕਿ ਉਸ ਨੇ ਆਪਣਾ ਸਿਰ ਉੱਪਰ ਨੂੰ ਕਰ ਲਿਆ। ਫੇਰ ਉਸ ਨੇ ਕੌੜੀਆਂ ਅੱਖਾਂ ਨਾਲ ਇੰਨੀ ਦਲੇਰੀ ਨਾਲ ਵੇਖਿਆ ਕਿ ਚਾਰ ਚੁਫੇਰੇ ਚੁੱਪ ਛਾ ਗਈ ਅਤੇ ਲੋਈਜ਼ੂ ਤੋਂ ਸਿਵਾਏ, ਜੋ ਉਸ ਨੂੰ ਹੁਲਾਸ ਨਾਲ ਵੇਖ ਰਿਹਾ ਸੀ, ਬਾਕੀ ਸਭਨਾਂ ਨੇ ਨੀਵੀਂ ਪਾ ਲਈ।

ਫੇਰ ਛੇਤੀ ਹੀ ਤਿੰਨਾਂ ਇਸਤਰੀਆਂ ਵਿੱਚ ਗੱਲਬਾਤ ਹੋਣ ਲੱਗੀ ਜੋ ਇਸ ਲੜਕੀ ਦੀ ਮੌਜੂਦਗੀ ਕਾਰਨ ਅਚਾਨਕ ਮਿੱਤਰ ਬਣ ਗਈਆਂ ਸਨ ਅਤੇ ਇਕ ਦੂਜੀ ਨਾਲ ਘੁਲਮਿਲ ਗਈਆਂ ਸਨ ਉਨ੍ਹਾਂ ਨੂੰ ਇੰਝ ਭਾਸ ਰਿਹਾ ਸੀ ਕਿ ਉਹ ਆਪਣੇ ਵਿਆਹੁਤਾ ਇਸਤਰੀਆਂ ਵਾਲੇ ਗੌਰਵ ਨੂੰ ਬਿਨਾਂ ਸ਼ਰਮੋ ਵੇਚੀ ਗਈ ਇੱਜ਼ਤ ਦੇ ਮੁਕਾਬਲੇ ’ਤੇ ਇਕੱਠੀ ਕਰਨ, ਕਿਉਂਕਿ ਕਾਨੂੰਨੀ ਪਿਆਰ ਆਜ਼ਾਦ ਪਿਆਰ ਨੂੰ ਆਪਣਾ ਨਿਰਾਦਰ ਸਮਝਦਾ ਹੈ ।

ਤਿੰਨੇ ਪੁਰਸ਼ ਵੀ ਕਰਨੂਦਤ ਨੂੰ ਵੇਖ ਕੇ ਆਪਣੀ ਆਦਤ ਤੋਂ ਮਜਬੂਰ ਪੈਸੇ ਦੀਆਂ ਗੱਲਾਂ ਕਰਨ ਲੱਗ ਪਏ ਇਨ੍ਹਾਂ ਦੀ ਗੱਲਬਾਤ ਵਿੱਚ ਗ਼ਰੀਬਾਂ ਪ੍ਰਤੀ ਘਿਰਣਾ ਸੀ । ਕਾਊਂਟ ਹਬਰਟ ਨੇ ਪਰੂਸ਼ੀਅਨਾਂ ਦੁਆਰਾ ਕੀਤੀ ਤਬਾਹੀ ਅਤੇ ਪਸ਼ੂਆਂ ਦੀ ਚੋਰੀ ਅਤੇ ਫ਼ਸਲਾਂ ਨੂੰ ਬਰਬਾਦ ਕਰਨ ਨਾਲ ਹੋਏ ਨੁਕਸਾਨ ਸੰਬੰਧੀ ਗੱਲਾਂ ਕੀਤੀਆਂ, ਰੱਬ ਦੀ ਕਿਰਪਾ ਨਾਲ ਉਹ ਇੰਨੀ ਮਾਇਆ ਵਾਲਾ ਸੀ ਕਿ ਉਸ ’ਤੇ ਅਜਿਹੇ ਨੁਕਸਾਨ ਦਾ ਇਕ ਸਾਲ ਲਈ ਵੀ ਅਸਰ ਨਹੀਂ ਸੀ ਪੈਂਦਾ । ਕਾਰੇ

ਲਾਮੈਡੋਨ ਨੇ ਜਿਸ ਨੂੰ ਕਪਾਹ ਦੇ ਉਦਯੋਗ ਦਾ ਬਹੁਤ ਤਜਰਬਾ ਸੀ, ਛੇ ਹਜ਼ਾਰ ਫਰੈਂਕ ਇੰਗਲੈਂਡ ਵਿੱਚ ਭੇਜਣ ਦੀ ਲੋੜ ਨੂੰ ਜ਼ਰੂਰੀ ਸਮਝਿਆ ਤਾਂ ਜੋ ਇਹ ਬੱਚਤ ਦੀ ਛੋਟੀ ਜਿਹੀ ਰਕਮ ਵਕਤ ਸਿਰ ਕੰਮ ਆ ਸਕੇ । ਜਿੱਥੋਂ ਤੱਕ ਲੋਈਜ਼ੂ ਦਾ ਸੰਬੰਧ ਸੀ ਉਸ ਨੇ ਫਰਾਂਸੀਸੀ ਪ੍ਰਸ਼ਾਸਨ ਨਾਲ ਆਪਣੇ ਤਹਿਖ਼ਾਨਿਆਂ ਵਿੱਚ ਪਈ ਸਾਰੀ ਸ਼ਰਾਬ ਵੇਚਣ ਦਾ ਪ੍ਰਬੰਧ ਕਰ ਲਿਆ ਸੀ ਜਿਸ ਕਾਰਨ ਰਾਜ ਵੱਲ ਉਸ ਦੀ ਚੋਖੀ ਰਕਮ ਬਣਦੀ ਸੀ ਜਿਸ ਨੂੰ ਉਹ ਹਾਵਰੇ ਪੁੱਜ ਕੇ ਪ੍ਰਾਪਤ ਕਰਨਾ ਚਾਹੁੰਦਾ ਸੀ । ਤਿੰਨਾਂ ਨੇ ਇਕ ਦੂਜੇ ਨੂੰ ਛੇਤੀ ਅਤੇ ਸਨੇਹਪੂਰਣ ਨਜ਼ਰ ਨਾਲ ਵੇਖਿਆ।

ਭਾਵੇਂ ਉਹ ਵੱਖ ਵੱਖ ਹਾਲਾਤ ਵਿੱਚ ਸਨ ਪਰ ਪੈਸੇ ਰਾਹੀਂ ਉਨ੍ਹਾਂ ਨੇ ਇਕ ਦੂਜੇ ਨੂੰ ਆਪਣਾ ਭਰਾ ਮਹਿਸੂਸ ਕੀਤਾ ਸੀ, ਪੈਸਾ ਇਨ੍ਹਾਂ ਲੋਕਾਂ ਲਈ ਇਸ ਕਰਕੇ ਵੱਡੀ ਸਾਂਝ ਦਾ ਕਾਰਨ ਸੀ ਕਿਉਂਕਿ ਆਪਣੀਆਂ ਪਤਲੂਨਾਂ ਵਿੱਚ ਹੱਥ ਪਾਉਣ ਨਾਲ ਸੋਨੇ ਦੀ ਝਣਕਾਰ ਦੀ ਆਵਾਜ਼ ਆਉਂਦੀ ਸੀ।

ਬੱਘੀ ਇੰਨੀ ਹੌਲੀ ਜਾ ਰਹੀ ਸੀ ਕਿ ਸਵੇਰ ਦੇ ਦਸ ਵਜੇ ਤੱਕ ਉਹ ਬਾਰਾਂ ਮੀਲ ਪੈਂਡਾਂ ਵੀ ਤਹਿ ਨਹੀਂ ਸਨ ਕਰ ਸਕੇ । ਪੁਰਸ਼ਾਂ ਨੂੰ ਤਿੰਨ ਵਾਰ ਪੈਦਲ ਪਹਾੜੀਆਂ ਚੜ੍ਹਨ ਲਈ ਬੱਘੀ ਵਿੱਚੋਂ ਉਤਰਨਾ ਪਿਆ ਸੀ । ਉਨ੍ਹਾਂ ਵਿੱਚ ਬੇਚੈਨੀ ਵੱਧ ਰਹੀ ਸੀ ਕਿਉਂਕਿ ਹੁਣ ਤੱਕ ਉਨ੍ਹਾਂ ਟੋਟਸ ਵਿਖੇ ਪਹੁੰਚ ਕੇ ਨਾਸ਼ਤਾ ਕਰ ਲੈਣਾ ਸੀ ਪਰ ਹੁਣ ਉਨ੍ਹਾਂ ਨੂੰ ਰਾਤ ਤੱਕ ਵੀ ਟੋਟਸ ਪਹੁੰਚਣ ਦੀ ਉਮੀਦ ਨਹੀਂ ਸੀ । ਹਰੇਕ ਨੇ ਉਦੋਂ ਰਸਤੇ ਦੇ ਨਾਲ ਨਾਲ ਸਰਾਂ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ ਸੀ ਜਦੋਂ ਕਿ ਬੱਘੀ ਬਰਫ਼ ਵਿੱਚ ਫ਼ਸ ਗਈ ਸੀ ਅਤੇ ਉਸ ਨੂੰ ਬਾਹਰ ਕੱਢਣ ਵਿੱਚ ਦੋ ਘੰਟੇ ਲੱਗੇ ਸਨ ।

ਵੱਧ ਰਹੀ ਭੁੱਖ ਉਨ੍ਹਾਂ ਦੇ ਮਨ ਨੂੰ ਸਤਾ ਰਹੀ ਸੀ ਅਤੇ ਉੱਥੇ ਕੋਈ ਵੀ ਭੋਜਨਾਲਾ ਤੇ ਸ਼ਰਾਬ ਦੀ ਦੁਕਾਨ ਵਿਖਾਈ ਨਹੀਂ ਦੇ ਰਹੀ ਸੀ ਅਤੇ ਪਰਸ਼ੀਅਨਾਂ ਦੀ ਆਮਦ ਅਤੇ ਫ਼ੌਜ ਦੇ ਲੰਘਣ ਦੇ ਰਸਤੇ ਕਾਰਨ ਉਹ ਸਾਰੇ ਘਬਰਾਏ ਹੋਏ ਸਨ ।

ਇਹ ਸਾਰੇ ਪੁਰਸ਼ ਰਸਤੇ ਦੇ ਨਾਲ ਆਉਂਦੇ ਫਾਰਮਾਂ ਵਿਚੋਂ ਖਾਣ ਦੀਆਂ ਵਸਤਾਂ ਲੈਣ ਲਈ ਜਾਂਦੇ ਪਰ ਉਨ੍ਹਾਂ ਨੇ ਕਿਤੇ ਵੀ ਰੋਟੀ ਨਾ ਵੇਖੀ ਕਿਉਂਕਿ ਨਿਡਰ ਕਿਸਾਨ ਨੇ ਸੈਨਿਕਾਂ ਦੀ ਲੁੱਟਮਾਰ ਤੋਂ ਬਚਣ ਲਈ ਸਭ ਕੁਝ ਆਪਣੇ ਸਟੋਰ ਵਿੱਚ ਛੁਪਾ ਲਿਆ ਸੀ, ਸਿਪਾਹੀਆਂ ਨੂੰ ਜੋ ਕੁਝ ਵੀ ਲੱਭਦਾ ਸੀ ਉਹ ਖਾ ਜਾਂਦੇ ਸਨ।

ਦੁਪਹਿਰ ਦੇ ਇਕ ਵਜੇ ਲੋਈਜ਼ੂ ਨੇ ਕਿਹਾ ਕਿ ਉਸ ਦੇ ਪੇਟ ਵਿੱਚ ਚੂਹੇ ਨੱਚ ਰਹੇ ਹਨ। ਇਸ ਨਾਲ ਹੁਣ ਹਰੇਕ ਨੂੰ ਭੁੱਖ ਮਹਿਸੂਸ ਹੋਈ ਅਤੇ ਕੁਝ ਖਾਣ ਦੀ ਲੋੜ ਬਹੁਤ ਵੱਧ ਜਾਣ ਕਰਕੇ ਉਨ੍ਹਾਂ ਵਿੱਚ ਚੱਲ ਰਹੀ ਗੱਲਬਾਤ ਖ਼ਤਮ ਹੋ ਗਈ।

ਕਦੇ ਕਦੇ ਕੋਈ ਨਾ ਕੋਈ ਵਿਅਕਤੀ ਉਬਾਸੀ ਲੈਂਦਾ, ਦੂਜਾ ਤੁਰੰਤ ਉਸ ਦੀ ਨਕਲ ਕਰਦਾ ਅਤੇ ਹਰ ਕੋਈ ਵਾਰੋ ਵਾਰੀ ਆਪਣੇ ਆਚਰਣ, ਜੀਵਨ ਸੰਬੰਧੀ ਗਿਆਨ ਅਤੇ ਸਮਾਜਿਕ ਦਰਜੇ ਅਨੁਸਾਰ ਲਾਪਰਵਾਹੀ ਜਾਂ ਸੰਗਾਊਪੁਣੇ ਨਾਲ ਆਪਣਾ ਮੂੰਹ ਖੋਲ੍ਹਦਾ ਅਤੇ ਉਬਾਸੀ ਨਾਲ ਮੂੰਹੋਂ ਨਿਕਲ ਰਹੀ ਹਵਾੜ ਅੱਗੇ ਤੇਜ਼ੀ ਨਾਲ ਆਪਣਾ ਹੱਥ ਰੱਖਦਾ ।

ਮੋਟੀ ਲੜਕੀ ਕਈ ਵਾਰ ਕੋਸ਼ਿਸ਼ ਕਰਨ ਪਿੱਛੋਂ ਹੇਠਾਂ ਨੂੰ ਝੁਕੀ ਜਿਵੇਂ ਕਿ ਉਹ ਆਪਣੀ ਸਕਰਟ ਦੇ ਹੇਠੋਂ ਕੁਝ ਟੋਲ ਰਹੀ ਹੋਵੇ । ਉਹ ਆਪਣੇ ਗੁਆਂਢੀਆਂ ਵੱਲ ਵੇਖ ਕੇ ਝਿਜਕੀ ਅਤੇ ਚੁੱਪ-ਚਾਪ ਬੈਠ ਗਈ । ਉਨ੍ਹਾਂ ਦੇ ਚਿਹਰੇ ਪੀਲੇ ਅਤੇ ਮੁਰਝਾਏ ਹੋਏ ਸਨ । ਲੋਈਜ਼ੂ ਨੇ ਕਿਹਾ ਕਿ ਉਹ ਥੋੜ੍ਹੇ ਜਿਹੇ ਪੁਠ ਦੇ ਮਾਸ ਲਈ ਇਕ ਹਜ਼ਾਰ ਫਰੈਂਕ ਦੇ ਸਕਦਾ ਹੈ । ਉਸ ਦੀ ਪਤਨੀ ਨੇ ਇਸ ਤਰ੍ਹਾਂ ਦਾ ਇਸ਼ਾਰਾ ਕੀਤਾ ਜਿਵੇਂ ਕਿ ਉਹ ਉਸ ਦਾ ਵਿਰੋਧ ਕਰ ਰਹੀ ਹੋਵੇ ਪਰ ਉਹ ਚੁੱਪ ਰਹੀ । ਜਦ ਵੀ ਕੋਈ ਵਿਅਕਤੀ ਫ਼ਜ਼ੂਲ ਖ਼ਰਚੀ ਦੀ ਗੱਲ ਕਰਦਾ ਸੀ ਤਾਂ ਉਸ ਨੂੰ ਇਹ ਚੁੱਭਦੀ ਸੀ ਅਤੇ ਉਹ ਇਸ ਵਿਸ਼ੇ ਸੰਬੰਧੀ ਗੱਲਬਾਤ ਦਾ ਆਨੰਦ ਨਹੀਂ ਸੀ ਮਾਣ ਸਕਦੀ। "ਅਸਲ ਗੱਲ ਇਹ ਹੈ ਕਾਉਂਟ ਨੇ ਕਿਹਾ, "ਮੈਂ ਕੁਝ ਖਾਣ-ਪੀਣ ਦਾ ਸਾਮਾਨ ਆਪਣੇ ਨਾਲ ਲਿਆਉਣ ਬਾਰੇ ਕਿਉਂ ਨਾ ਸੋਚਿਆ । ਹਰੇਕ ਨੇ ਇਸੇ ਤਰ੍ਹਾਂ ਹੀ ਆਪਣੇ ਆਪ ਨੂੰ ਕੋਸਿਆ।

ਪ੍ਰੰਤੂ ਕਾਰਨੂਦਤ ਕੋਲ ਰਮ ਦੀ ਭਰੀ ਹੋਈ ਬੋਤਲ ਸੀ। ਉਸ ਨੇ ਇਹ ਪੇਸ਼ ਕੀਤੀ ਪਰ ਬੁਝੇ ਦਿਲ ਨਾਲ ਇਸ ਨੂੰ ਪੀਣ ਤੋਂ ਇਨਕਾਰ ਕੀਤਾ ਗਿਆ । ਲੋਈਜ਼ੂ ਨੇ ਦੋ ਪੈੱਗ ਲਏ ਅਤੇ ਇਹ ਕਹਿੰਦਿਆ ਧੰਨਵਾਦ ਸਹਿਤ ਬੋਤਲ ਵਾਪਿਸ ਕਰ ਦਿੱਤੀ 'ਇਹ ਬਹੁਤ ਵਧੀਆ ਹੈ, ਇਸ ਨਾਲ ਸਰੀਰ ਗਰਮ ਰਹਿੰਦਾ ਹੈ ਅਤੇ ਭੁੱਖ ਤੇ ਵੀ ਕਾਬੂ ਪਾਇਆ ਜਾ ਸਕਦਾ ਹੈ ।" ਰਮ ਪੀਣ ਨਾਲ ਉਹ ਟਹਿਕ ਉੱਠਿਆ ਅਤੇ ਉਸ ਨੇ ਆਪਣੇ ਸਾਥੀਆ ਨੂੰ ਤਜਵੀਜ਼ ਕੀਤਾ ਕਿ ਉਹ ਆਪਣੇ ਵਿੱਚੋਂ ਸਭ ਤੋਂ ਮੋਟੇ ਯਾਤਰੀਆਂ ਨੂੰ ਖਾਣ ਜਿਵੇਂ ਕਿ ਨਿੱਕੇ ਜਹਾਜ਼ ਦੇ ਗੀਤ ਵਿੱਚ ਆਉਂਦਾ ਹੈ । ਅਸਿੱਧੇ ਤੌਰ ’ਤੇ ਮੋਟੀ ਲੜਕੀ ਨੂੰ ਆਖੀ ਗਈ ਇਸ ਗੱਲ ਨਾਲ ਧਨਾਢ ਵਿਅਕਤੀਆਂ ਦਾ ਸਾਹ ਖੁਸ਼ਕ ਹੋਣ ਲੱਗ ਪਿਆ ਸੀ । ਉਨ੍ਹਾਂ ਨੇ ਜਵਾਬ ਵਿੱਚ ਕੁਝ ਨਾ ਕਿਹਾ। ਕਾਰਨਦਤ ਇਕੱਲਾ ਹੱਸੀ ਗਿਆ । ਦੋਹਾਂ ਚੰਗੀਆਂ ਭੈਣਾਂ ਨੇ ਮਾਲਾਵਾਂ ਫੇਰਨੀਆਂ ਬੰਦ ਕਰ ਦਿੱਤੀਆਂ ਸਨ ਅਤੇ ਉਹ ਹੱਥ ਜੋੜੀ ਨੀਵੀਂ ਪਾ ਕੇ ਅਹਿਲ ਬੈਠੀਆਂ ਹੋਈਆਂ ਸਨ ਅਤੇ ਇਸ ਤਰ੍ਹਾਂ ਪ੍ਰਤੱਖ ਜਾਪਦਾ ਸੀ ਕਿ ਉਹ ਇਸ ਮੁਸੀਬਤ ਬਾਰੇ ਪ੍ਰਮਾਤਮਾ ਨੂੰ ਅਰਦਾਸ ਕਰ ਰਹੀਆਂ ਹੋਣ।

ਅੰਤ ਵਿੱਚ ਤਿੰਨ ਵਜੇ ਉਹ ਇਕ ਨਾ ਮੁੱਕਣ ਵਾਲੇ ਮੈਦਾਨ ਵਿੱਚ ਜਿਸ ਦੇ ਆਸ ਪਾਸ ਕੋਈ ਵੀ ਪਿੰਡ ਨਜ਼ਰ ਨਹੀਂ ਸੀ ਆਉਂਦਾ। ਮੋਟੀ ਲੜਕੀ ਨੇ ਤੇਜ਼ੀ ਨਾਲ ਝੁਕ ਕੇ ਆਪਣੀ ਸੀਟ ਹੇਠ ਇਕ ਵੱਡੀ ਸਾਰੀ ਟੋਕਰੀ ਕੱਢੀ ਜਿਸ ਉੱਤੇ ਚਿੱਟਾ ਤੋਲੀਆ ਬੱਧਾ ਹੋਇਆ ਸੀ।

ਪਹਿਲਾਂ ਉਸ ਨੇ ਇਕ ਛੋਟੀ ਚਾਇਨਾ ਪਲੇਟ ਅਤੇ ਇਕ ਸਿਲਵਰ ਦਾ ਕੱਪ ਕੱਢਿਆ ਅਤੇ ਫੇਰ ਇਕ ਡੂੰਘਾ ਕਟੋਰਾ ਕੱਢਿਆ ਵੱਡਾ ਜਿਸ ਵਿੱਚ ਕੱਟੇ ਹੋਏ ਅਤੇ ਉਨ੍ਹਾਂ ਦੀ ਆਪਣੀ ਯਖਨੀ ਨਾਲ ਲੇਸਦਾਰ ਬਣਾਏ ਹੋਏ ਦੋ ਚੂਚੇ ਸਨ । ਟੋਕਰੀ ਵਿੱਚ ਇਸ ਤੋਂ ਇਲਾਵਾ ਹੋਰ ਕਈ ਵਧੀਆ ਚੀਜ਼ਾਂ ਸਨ । ਕੁਝ ਛੋਟੇ ਸਮੋਸੇ, ਫ਼ਲ, ਅਤੇ ਮਿਠਾਈਆ, ਕਿਸੇ ਸਰਾਂ ਦਾ ਭੋਜਨਾਲਾ ਨਾ ਮਿਲਣ ਦੀ ਸੂਰਤ ਵਿੱਚ ਇਹ ਸਭ ਕੁਝ ਤਿੰਨ ਦਿਨ ਤੱਕ ਕਾਫੀ ਸੀ । ਇਨ੍ਹਾਂ ਚੀਜ਼ਾਂ ਦੇ ਨਾਲ ਚਾਰ ਬੋਤਲਾਂ ਦੇ ਗਲ਼ ਵਿਖਾਈ ਦੇ ਰਹੇ ਸਨ । ਉਸ ਨੇ ਚੂਚੇ ਨੂੰ ਬੜੇ ਸੁਆਦ ਨਾਲ ਇਕ ਨਿੱਕੇ ਬਿਸਕੁਟ ਨਾਲ ਜਿਸ ਨੂੰ ਨਾਰਮੈਡੀ ਵਿੱਚ "ਰੀਜੈਂਸ" ਕਹਿੰਦੇ ਹਨ, ਖਾਣਾ ਸ਼ੁਰੂ ਕਰ ਦਿੱਤਾ ।

ਸਭਨਾਂ ਦਾ ਧਿਆਨ ਉਸ ਵੱਲ ਖਿੱਚਿਆ ਗਿਆ। ਚੂਚੇ ਦੀ ਖੁਸ਼ਬੋ ਫੈਲ ਜਾਣ ਨਾਲ ਕੰਨਪਦੀਆਂ ਦੇ ਹੇਠੋਂ ਜਬਾੜਿਆ ਦੇ ਕਸੇ ਜਾਣ ਤੋਂ ਇਲਾਵਾ ਨਾਸਾਂ ਚੌੜੀਆਂ ਹੋਣ ਲੱਗੀਆਂ ਅਤੇ ਮੂੰਹ ਵਿੱਚ ਪਾਣੀ ਭਰਨ ਲੱਗਾ, ਇਸ ਲੜਕੀ ਪ੍ਰਤੀ ਇਸਤਰੀਆਂ ਦੀ ਨਫ਼ਰਤ ਵਹਿਸਤ ਦੀ ਹੱਦ ਤੱਕ ਪਹੁੰਚ ਗਈ ਸੀ ਜਿਵੇਂ ਕਿ ਉਨ੍ਹਾਂ ਦੀ ਉਸ ਨੂੰ ਮਾਰ ਕੇ ਬੱਘੀ ਵਿੱਚੋਂ ਬਾਹਰ ਬਰਫ਼ ਤੇ ਸੁਟ ਦੇਣ ਦੀ ਸਲਾਹ ਹੋਵੇ ਅਤੇ ਉਸੇ ਦੇ ਨਾਲ ਹੀ ਉਸ ਦਾ ਸਿਲਵਰ ਕੱਪ ਉਸ ਦੀ ਟੋਕਰੀ ਅਤੇ ਹੋਰ ਸਮਾਨ ਆਦਿ ਵੀ ।

ਪਰ ਲੋਈਜ਼ੂ ਨੇ ਲਲਚਾਈਆਂ ਹੋਈਆਂ ਅੱਖਾਂ ਨਾਲ ਚੂਚੇ ਵੱਲ ਵੇਖਿਆ। ਉਸ ਨੇ ਕਿਹਾ, 'ਖੁਸ਼ਕਿਸਮਤੀ ਨਾਲ ਮੈਡਮ ਸਾਡੇ ਨਾਲੋਂ ਵਧੇਰੇ ਸਾਵਧਾਨ ਹੈ। ਕੁਝ ਵਿਅਕਤੀ ਅਜਿਹੇ ਵੀ ਹਨ ਜੋ ਆਉਣ ਵਾਲੇ ਸਮੇਂ ਬਾਰੇ ਸੋਚਣਾ ਜਾਣਦੇ ਹਨ।"

ਉਹ ਉਸ ਵੱਲ ਝੁਕੀ ਅਤੇ ਕਿਹਾ, "ਸ੍ਰੀਮਾਨ ਜੀ, ਕੀ ਤੁਸੀਂ ਇਸ ਵਿੱਚੋਂ ਥੋੜ੍ਹਾ ਜਿਹਾ ਲਵੋਗੇ ? ਇੰਨਾ ਸਮਾਂ ਨਾਸਤੇ ਤੋਂ ਬਿਨਾਂ ਰਹਿਣਾ ਮੁਸ਼ਕਿਲ ਹੈ ।"

ਉਸ ਨੇ ਉਸ ਨੂੰ ਨਮਸਕਾਰ ਕੀਤੀ ਅਤੇ ਕਿਹਾ, "ਯਕੀਨਨ ਮੈਂ ਇਨਕਾਰ ਨਹੀਂ ਕਰ ਸਕਦਾ, ਮੈਂ ਬਹੁਤੀ ਦੇਰ ਇੰਤਜ਼ਾਰ ਨਹੀਂ ਕਰ ਸਕਦਾ। ਯੁੱਧ ਦੇ ਦਿਨਾਂ ਵਿੱਚ ਹਰ ਚੀਜ਼ ਚੱਲਦੀ ਹੈ, ਇਹ ਠੀਕ ਹੈ, ਮੈਡਮ ?" ਅਤੇ ਫੇਰ ਉਸ ਨੇ

ਆਲੇ ਦੁਆਲੇ ਝਾਤ ਮਾਰ ਕੇ ਕਿਹਾ, "ਅਜਿਹੇ ਮੌਕੇ ’ਤੇ ਉਪਕਾਰ ਕਰਨ ਵਾਲੇ ਲੋਕਾਂ ਨੂੰ ਮਿਲ ਕੇ ਖ਼ੁਸ਼ ਹੋਣਾ ਚਾਹੀਦਾ ਹੈ। ਉਸ ਦੇ ਕੋਲ ਇਕ ਅਖਬਾਰ ਸੀ ਜੋ ਉਸ ਨੇ ਆਪਣੇ ਗੋਡਿਆਂ ’ਤੇ ਖਿਲਾਰ ਲਈ ਤਾਂ ਜੋ ਉਸ ਦੀ ਪਤਲੂਨ ’ਤੇ ਕੋਈ ਦਾਗ਼ ਨਾ ਪਵੇ ਅਤੇ ਚਾਕੂ ਦੀ, ਜੋ ਉਹ ਹਮੇਸ਼ਾ ਜੇਬ ਵਿੱਚ ਰੱਖਦਾ ਸੀ, ਨੱਕ ਨਾਲ ਉਸ ਨੇ ਚੂਚੇ ਦੀ ਜੈਲੀ ਨਾਲ ਚੋਪੜੀ ਹੋਈ ਟੰਗ ਨੂੰ ਉਠਾਇਆ ਅਤੇ ਉਸ ਨੂੰ ਆਪਣੇ ਦੰਦਾਂ ਹੇਠ ਰੱਖ ਕੇ ਤਸੱਲੀ ਨਾਲ ਚਿੱਥਣ ਲੱਗਾ ਜਿਸ ਨਾਲ ਬੱਘੀ ਵਿੱਚ ਬੈਠੇ ਵਿਅਕਤੀਆਂ ਵਿੱਚ ਬੇਚੈਨੀ ਦੀ ਭਾਵਨਾ ਫੈਲ ਗਈ।

ਮੋਟੀ ਲੜਕੀ ਨੇ ਮਧੁਰ ਅਤੇ ਨਿਮਰਤਾ ਭਰੀ ਆਵਾਜ਼ ਵਿੱਚ ਦੋਹਾਂ ਭੈਣਾਂ ਨੂੰ ਖਾਣੇ ਵਿੱਚ ਸ਼ਾਮਿਲ ਹੋਣ ਲਈ ਕਿਹਾ। ਉਨ੍ਹਾਂ ਦੋਹਾਂ ਨੇ ਉਸ ਦੀ ਇਹ ਦਾਅਵਤ ਝੱਟ ਪਰਵਾਨ ਕਰ ਲਈ ਅਤੇ ਰੁਕ ਰੁਕ ਕੇ ਬੋਲਦਿਆਂ ਧੰਨਵਾਦ ਕਰਨ ਅਤੇ ਅੱਖਾਂ ਉੱਪਰ ਚੁੱਕਣ ਤੋਂ ਬਿਨਾਂ ਹੀ ਕਾਹਲੀ ਨਾਲ ਖਾਣਾ ਸ਼ੁਰੂ ਕਰ ਦਿੱਤਾ। ਕਾਰਨੂਦਤ ਆਪਣੇ ਗੁਆਂਢੀਆਂ ਦੀ ਪੇਸ਼ਕਸ ਨੂੰ ਪਰਵਾਨ ਕਰਨ ਤੋਂ ਇਨਕਾਰ ਨਾ ਕਰ ਸਕਿਆ ਅਤੇ ਦੋਵੇਂ ਭੈਣਾਂ ਦੇ ਨਾਲ ਰਲ਼ ਕੇ ਉਹ ਸਾਰੇ ਆਪਣੇ ਗੋਡਿਆਂ ’ਤੇ ਅਖ਼ਬਾਰ ਵਿਛਾ ਕੇ ਇਸ ਤਰ੍ਹਾਂ ਬੈਠ ਗਏ ਜਿਵੇਂ ਕਿ ਉਹ ਕਿਸੇ ਮੇਜ਼ ’ਤੇ ਬੈਠੇ ਹੋਣ।

ਉਨ੍ਹਾਂ ਦੇ ਮੂੰਹ ਲਗਾਤਾਰ ਖੁੱਲ੍ਹਦੇ ਅਤੇ ਬੰਦ ਹੁੰਦੇ ਸਨ, ਉਹ ਖਾਣੇ ਨੂੰ ਚਿੱਥਦੇ, ਨਿਗਲਦੇ ਅਤੇ ਤੇਜ਼ੀ ਨਾਲ ਪੇਟ ਭਰ ਰਹੇ ਸਨ। ਲੋਈਜ਼ੂ ਆਪਣੇ ਕੋਠੇ ਵਿੱਚ ਧੀਮੀ ਆਵਾਜ਼ ਨਾਲ ਆਪਣੀ ਪਤਨੀ ਨੂੰ ਉਨ੍ਹਾਂ ਨਾਲ ਰਲਣ ਲਈ ਪਰੇਰ ਰਿਹਾ ਸੀ। ਉਹ ਕਾਫੀ ਦੇਰ ਅੜੀ ਰਹੀ ਪਰ ਅੰਤ ਨੂੰ ਪੇਟ ਦੀ ਭੁੱਖ ਨੇ ਉਸ ਨੂੰ ਪਤੀ ਦੀ ਗੱਲ ਮੰਨਣ ’ਤੇ ਮਜਬੂਰ ਕਰ ਦਿੱਤਾ। ਉਸ ਦੇ ਪਤੀ ਨੇ ਵਾਕਾਂਸ ਨੂੰ ਮੁਕਾਉਂਦਿਆਂ ਆਪਣੇ "ਖੁਸ਼ ਸਾਥੀਆ" ਨੂੰ ਕਿਹਾ ਕਿ ਕੀ ਉਸ ਨੂੰ ਥੋੜ੍ਹਾ ਜਿੰਨਾ ਖਾਣਾ ਸ੍ਰੀਮਤੀ ਲਈਜ਼ੂ ਨੂੰ ਦੇਣ ਦੀ ਆਗਿਆ ਹੈ।

"ਹਾਂ, ਕਿਉਂ ਨਹੀਂ, ਜ਼ਰੂਰ ਦਿਓ ਸ੍ਰੀਮਾਨ ਜੀ ਉਸ ਨੇ ਉੱਤਰ ਦਿੱਤਾ ਉਹ ਡੂੰਘਾ ਪਿਆਲਾ ਉਸ ਵੱਲ ਕਰਦਿਆਂ ਸਨੇਹ ਨਾਲ ਮੁਸਕਰਾਈ।

ਜਦ ਉਨ੍ਹਾਂ ਨੇ ਬੋਰਡੀਅਕਸ ਦੀ ਪਹਿਲੀ ਬੋਤਲ ਖੋਲ੍ਹੀ ਤਾਂ ਉਨ੍ਹਾਂ ਨੂੰ ਬੜੀ ਪਰੇਸ਼ਾਨੀ ਹੋਈ ਕਿਉਂਕਿ ਉਨ੍ਹਾਂ ਕੋਲ ਕੇਵਲ ਇੱਕੋ ਕੱਪ ਸੀ। ਹਰੇਕ ਇਸ ਨੂੰ ਪੀ ਕੇ ਦੂਜੇ ਵਿਅਕਤੀ ਨੂੰ ਦੇ ਦਿੰਦਾ। ਕੇਵਲ ਕਾਰਨੂਦਤ ਨੇ ਬੇਸ਼ੱਕ ਨਿਮਰਤਾ ਦੇ ਪ੍ਰਗਟਾਵੇ ਵਜੋਂ ਉਸ ਥਾਂ ’ਤੇ ਆਪਣੇ ਬੁੱਲ੍ਹ ਕੱਪ ਨੂੰ ਲਾਏ ਜੋ ਉਸ ਦੀ ਚੰਗੀ ਗੁਆਂਢਣ ਦੇ ਬੁੱਲ੍ਹਾਂ ਨਾਲ ਗਿੱਲੀ ਹੋ ਚੁੱਕੀ ਸੀ।

ਖਾਣਾ ਖਾ ਰਹੇ ਵਿਅਕਤੀਆਂ ਵਿੱਚ ਘਿਰੇ ਹੋਏ, ਖਾਣੇ ਦੀ ਸੁਗੰਧੀ ਨਾਲ ਅਵਾਜ਼ਾਰ ਕਾਊਂਟ ਅਤੇ ਕਾਊਂਟ ਦੀ ਪਤਨੀ ਡੀ. ਬਰੇਵਿਲੇ ਦੇ ਨਾਲ ਸ੍ਰੀਮਤੀ ਅਤੇ ਸ੍ਰੀਮਾਨ ਲਾਮੈਡੋਨ ਨੂੰ ਬਹੁਤ ਕਸ਼ਟ ਹੋ ਰਿਹਾ ਸੀ । ਅਚਾਨਕ ਉਤਪਾਦਕ ਦੀ ਪਤਨੀ ਨੇ ਇੰਨਾ ਵੱਡਾ ਹੌਕਾ ਲਿਆ ਜਿਸ ਨਾਲ ਸਾਰਿਆਂ ਦਾ ਧਿਆਨ ਉਸ ਵੱਲ ਖਿੱਚਿਆ ਗਿਆ । ਉਹ ਭੁੱਖ ਨਾਲ ਬਰਫ਼ ਵਾਂਗ ਬੱਗੀ ਹੋ ਗਈ ਸੀ, ਉਸ ਦੀਆਂ ਅੱਖਾਂ ਬੰਦ ਹੋ ਗਈਆਂ ਸਨ ਅਤੇ ਸਿਰ ਹੇਠਾਂ ਨੂੰ ਲੁੜਕ ਗਿਆ ਸੀ, ਉਹ ਬਹੋਸ਼ ਹੋ ਗਈ ਸੀ । ਉਸ ਦੇ ਪਤੀ ਨੇ ਘਬਰਾਹਟ ਵਿੱਚ ਹਰ ਕਿਸੇ ਨੂੰ ਸਹਾਇਤਾ ਲਈ ਬੇਨਤੀ ਕੀਤੀ । ਹਰ ਕੋਈ ਪਰੇਸ਼ਾਨ ਹੈਰਾਨ ਸੀ ਜਦ ਤੱਕ ਦੋਹਾਂ ਭੈਣਾਂ ਵਿੱਚੋਂ ਵੱਡੀ ਨੇ ਉਤਪਾਦਕ ਦੀ ਪਤਨੀ ਦਾ ਸਿਰ ਫੜ ਕੇ ਮੋਟੀ ਲੜਕੀ ਦਾ ਕੱਪ ਉਸ ਦੇ ਬੁੱਲ੍ਹਾਂ ਨਾਲ ਲਾ ਦਿੱਤਾ ਅਤੇ ਉਸ ਨੂੰ ਸ਼ਰਾਬ ਦੀਆਂ ਕੁਝ ਬੂੰਦਾਂ ਪੀਣ ਲਈ ਮਜ਼ਬੂਰ ਕੀਤਾ । ਮਧਰੇ ਕੱਦ ਦੀ ਹੁਸੀਨ ਇਸਤਰੀ ਨੂੰ ਹੋਸ਼ ਆ ਗਈ।

ਉਹ ਮੁਸਕਰਾਈ ਅਤੇ ਉਸ ਨੇ ਮੁਰਦਲੀ ਜਿਹੀ ਆਵਾਜ਼ ਵਿੱਚ ਆਖਿਆ ਕਿ ਉਹ ਹੁਣ ਕਾਫੀ ਠੀਕ ਮਹਿਸੂਸ ਕਰ ਰਹੀ ਹੈ । ਇਸ ਲਈ ਕਿ ਉਹ ਦੁਬਾਰਾ ਬੇਹੋਸ਼ ਨਾ ਹੋ ਜਾਵੇ ਦੋਹਾਂ ਵਿੱਚੋਂ ਵੱਡੀ ਭੈਣ ਨੇ ਉਸ ਨੂੰ ਬੋਰਡੀਅਕਸ ਦਾ ਪੂਰਾ ਗਲਾਸ ਪੀਣ ’ਤੇ ਜ਼ੋਰ ਦਿੱਤਾ ਅਤੇ ਕਿਹਾ , “ਇਹ ਭੁੱਖ ਹੈ ਹੋਰ ਕੁਝ ਵੀ ਨਹੀਂ।"

ਤਦ ਮੋਟੀ ਲੜਕੀ ਨੇ ਸ਼ਰਮਾਉਂਦਿਆਂ ਅਤੇ ਪਰੇਸ਼ਾਨੀ ਨਾਲ ਚਾਰ ਯਾਤਰੀਆਂ ਵੱਲ ਵੇਖਿਆ ਜੋ ਵਰਤ ਰੱਖੀ ਬੈਠੇ ਅਤੇ ਥਥਲਾ ਰਹੇ ਸਨ "ਉਦਾਰਤਾ; ਜੇ ਮੈਂ ਇਨ੍ਹਾਂ ਸ਼ਰੀਫ ਪੁਰਸ਼ਾਂ ਅਤੇ ਇਸਤਰੀਆਂ ਨੂੰ ਕੋਈ ਚੀਜ਼ ਪੇਸ਼ ਕਰਨ ਦੀ ਜ਼ੁਅਰਤ ਕਰਦੀ ਤਾਂ ਮੈਂ –“ਫੇਰ ਉਹ ਚੁੱਪ ਹੋ ਗਈ, ਉਸ ਨੂੰ ਆਪਣੀ ਬੇਇਜ਼ਤੀ ਦਾ ਡਰ ਸੀ । ਲੋਈਜ਼ੂ ਨੇ ਉਸ ਦੀ ਅਧੂਰੀ ਗੱਲ ਨੂੰ ਪੂਰਾ ਕਰਨ ਲਈ ਕਿਹਾ, "ਹਾਂ, ਨਿਸ਼ਚੇ ਹੀ ਅਜਿਹੇ ਸਮੇਂ ਦੁਨੀਆਂ ਦੇ ਸਾਰੇ ਲੋਕ ਭਾਈ ਹੁੰਦੇ ਹਨ ਅਤੇ ਉਨ੍ਹਾਂ ਨੂੰ ਇਕ ਦੂਜੇ ਦੀ ਸਹਾਇਤਾ ਕਰਨੀ ਚਾਹੀਦੀ ਹੈ । ਉਸ ਨੇ ਇਸਤਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਆਓ ਦਿਖਾਵੇ ਨੂੰ ਛੱਡੋ; ਅਜਿਹਾ ਮਸਾਲੇਦਾਰ ਖਾਣਾ ਕਿਉਂ ਨਾ ਸਵੀਕਾਰ ਕੀਤਾ ਜਾਵੇ ? ਸਾਨੂੰ ਇਹ ਵੀ ਪਤਾ ਨਹੀਂ ਕਿ ਸਾਨੂੰ ਕੋਈ ਮਕਾਨ ਵੀ ਲੱਭੇਗਾ ਕਿ ਨਹੀਂ ਜਿੱਥੇ ਕਿ ਅਸੀਂ ਰਾਤ ਕੱਟ ਸਕੀਏ । ਜਿਸ ਰਫ਼ਤਾਰ ਨਾਲ ਅਸੀਂ ਜਾ ਰਹੇ ਹਾਂ, ਅਸੀਂ ਕੱਲ੍ਹ ਦੁਪਹਿਰ ਤੱਕ ਵੀ ਟੋਟਸ ਨਹੀਂ ਪਹੁੰਚ ਸਕਦੇ ।"

ਉਹ ਅਜੇ ਵੀ ਝਿਜਕ ਰਹੇ ਸਨ ਉਨ੍ਹਾਂ ਵਿਚੋਂ ਕੋਈ ਵੀ "ਹਾਂ" ਕਹਿਣ ਦੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਸੀ ਲੈਣਾ ਚਾਹੁੰਦਾ। ਅਖ਼ੀਰ ਕਾਊਂਟ ਨੇ ਫ਼ੈਸਲਾ ਕਰ ਲਿਆ ਤੇ ਉਹ ਮੋਟੀ, ਸੰਗਾਊ ਲੜਕੀ ਵੱਲ ਝੁਕਿਆ ਅਤੇ ਉਸ ਨੇ ਬੜੀ ਨਿਮਰਤਾ ਦਾ ਪ੍ਰਗਟਾਵਾ ਕਰਦਿਆਂ ਉਸ ਨੂੰ ਕਿਹਾ :

"ਅਸੀ ਧੰਨਵਾਦ ਸਹਿਤ ਸਵੀਕਾਰ ਕਰਦੇ ਹਾਂ, ਮੈਡਮ।"

ਪਹਿਲ ਕਰਨ ਦੀ ਹੀ ਗੱਲ ਸੀ। ਪੱਕਾ ਫ਼ੈਸਲਾ ਹੋ ਗਿਆ ਸੀ ਜਿਸ ਨਾਲ ਮੌਕਾ ਸਾਂਭਿਆ ਜਾ ਸਕਦਾ ਸੀ। ਟੋਕਰੀ ਤੋਂ ਕੱਪੜਾ ਉਤਾਰਿਆ ਗਿਆ। ਇਸ ਵਿੱਚ ਅਜੇ ਵੀ ਲਾਰਕ ਦੀ ਇਕ ਪੇਤ ਅਤੇ ਭੁੰਨੇ ਹੋਏ ਮਾਸ ਦਾ ਇਕ ਟੁਕੜਾ, ਕੁਝ ਨਾਸ਼ਪਾਤੀਆਂ, ਇਕ ਸਖ਼ਤ ਡਬਲਰੋਟੀ, ਕੁਝ ਪਾਪੜ, ਆਚਾਰ ਅਤੇ ਪਿਆਜ਼, ਅਜਿਹੀਆਂ ਕੱਚੀਆਂ ਚੀਜ਼ਾਂ ਮੋਟੀ ਕੁੜੀ ਵਰਗੀਆਂ ਇਸਤਰੀਆਂ ਨੂੰ ਬਹੁਤ ਪਸੰਦ ਹੁੰਦੀਆਂ ਹਨ।

ਉਹ ਮੋਟੀ ਕੁੜੀ ਦੀਆਂ ਚੀਜ਼ਾਂ ਉਸ ਨੂੰ ਕਹਿਣ ਤੋਂ ਬਿਨਾਂ ਨਹੀਂ ਖਾ ਸਕਦੇ ਸਨ। ਸੋ ਉਨ੍ਹਾਂ ਨੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਪਹਿਲਾਂ ਤਾਂ ਉਹ ਕੁਝ ਸੰਕੋਚ ਕਰ ਰਹੇ ਸਨ ਪਰ ਜਦ ਉਹ ਉਨ੍ਹਾਂ ਨਾਲ ਘੁਲ਼ ਮਿਲ ਗਈ ਤਾਂ ਉਹ ਵੀ ਖੁੱਲ੍ਹ ਗਏ। ਸ੍ਰੀਮਤੀ ਡੀ ਬਰੇਵਿਲੇ ਅਤੇ ਸ੍ਰੀਮਤੀ ਕਾਰੇ ਲਾਮੈਡੋਨ ਜੋ ਸ਼ਿਸਟਾਚਾਰ ਦੇ ਹਰ ਪੱਖ ਤੋਂ ਜਾਣੂ ਸਨ, ਸੁਸ਼ੀਲ ਹੋਣ ਦੇ ਨਾਲ ਨਾਲ ਮਿਹਰਬਾਨ ਵੀ ਸਨ। ਕਾਊਂਟ ਦੀ ਪਤਨੀ ਨੇ ਵਿਸ਼ੇਸ਼ ਕਰਕੇ ਉਨ੍ਹਾਂ ਇਸਤਰੀਆਂ ਦੀ ਮਿਲਣਸਾਰ ਨੂੰ ਸਲਾਹਿਆ ਜੋ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆ ਕੇ ਦੂਸ਼ਿਤ ਹੋਣ ਤੋਂ ਡਰਦੀਆਂ ਨਹੀਂ ਸਨ ਅਤੇ ਉਹ ਬਹੁਤ ਖੁਸ਼ ਸੀ। ਪਰ ਮਹਾਨ ਸ੍ਰੀਮਤੀ ਲੋਈਜ਼ੂ ਜਿਸ ਵਿੱਚ ਗੰਵਾਰ ਇਸਤਰੀ ਦੀ ਰੂਹ ਸੀ, ਜਟਿਲ ਰਹੀ ਉਹ ਬੋਲਦੀ ਘੱਟ ਸੀ ਅਤੇ ਖਾਂਦੀ ਵਧੇਰੇ ਸੀ।

ਕੁਦਰਤੀ ਤੌਰ ’ਤੇ ਗੱਲਬਾਤ ਯੁੱਧ ਨਾਲ ਸੰਬੰਧਿਤ ਸੀ। ਉਨ੍ਹਾਂ ਸਾਰਿਆਂ ਨੇ ਪਰਸ਼ੀਅਨਾਂ ਦੇ ਭਿਆਨਕ ਕਾਰਨਾਮੇ ਅਤੇ ਫਰਾਂਸੀਸੀਆਂ ਦੀ ਬਹਾਦਰੀ ਸੰਬੰਧੀ ਗੱਲਾਂ ਕੀਤੀਆਂ ਅਤੇ ਉਹ ਸਾਰੇ ਭਾਵੇਂ ਭੱਜ ਕੇ ਜਾ ਰਹੇ ਸਨ ਪਰ ਫੇਰ ਵੀ ਉਨ੍ਹਾਂ ਨੇ ਪਿੱਛੇ ਰਹਿਣ ਵਾਲਿਆਂ ਪ੍ਰਤੀ ਸਨਮਾਨ ਪ੍ਰਗਟ ਕੀਤਾ। ਫੇਰ ਉਹ ਆਪਣੇ ਨਾਲ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਰਨ ਲੱਗੇ ਅਤੇ ਮੋਟੀ ਲੜਕੀ ਨੇ ਜਜ਼ਬਾਤੀ ਹੋ ਕੇ ਆਪਣੇ ਰੀਊਨ ਛੱਡਣ ਦੀ ਕਹਾਣੀ ਤਲਖ਼ ਸ਼ਬਦਾਂ ਵਿੱਚ ਸੁਣਾਈ ਜੋ ਅਜਿਹੀਆਂ ਲੜਕੀਆਂ ਆਪਣੇ ਦਿਲ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਕਈ ਵਾਰ ਵਰਤਦੀਆਂ ਹਨ।

"ਪਹਿਲਾਂ ਮੇਰਾ ਵਿਸ਼ਵਾਸ ਸੀ ਕਿ ਮੈਂ ਰੀਊਨ ਵਿਖੇ ਰਹਿ ਸਕਦੀ ਹਾਂ" ਉਸ ਨੇ ਕਿਹਾ, "ਮੇਰੇ ਘਰ ਵਿੱਚ ਖਾਣ ਦਾ ਕਾਫੀ ਸਾਮਾਨ ਮੌਜੂਦ ਸੀ ਅਤੇ ਮੈਂ ਦੇਸ਼ ਨਿਕਾਲੇ ਦੇ ਫਲਸਰੂਪ ਕਿਸੇ ਅਣਜਾਣੀ ਥਾਂ 'ਤੇ ਜਾਣ ਨਾਲੋਂ ਕੁਝ ਸੈਨਿਕਾਂ ਨੂੰ ਖਾਣਾ ਖੁਆਉਣ ਨੂੰ ਚੰਗਾ ਸਮਝਿਆ। ਪਰ ਜਦ ਹੀ ਮੈਂ ਪਰਸ਼ੀਅਨਾਂ ਨੂੰ ਵੇਖਿਆ ਤਾਂ ਮੈਂ ਆਪਣੇ ਆਪ ਨੂੰ ਕਾਬੂ ਵਿੱਚ ਨਾ ਰੱਖ ਸਕੀ। ਉਨ੍ਹਾਂ ਨੂੰ ਵੇਖਦੇ ਸਾਰ ਮੇਰਾ ਖ਼ੂਨ ਖੋਲਣ ਲੱਗਾ ਅਤੇ ਮੈਂ ਸ਼ਰਮ ਦੀ ਮਾਰੀ ਸਾਰਾ ਦਿਨ ਰੌਂਦੀ ਰਹੀ। ਕਾਸ਼ ਜੇ ਮੈਂ ਮਰਦ ਹੁੰਦੀ; ਮੈਂ ਉਨ੍ਹਾਂ ਨੂੰ ਆਪਣੀਆਂ ਬਾਰੀਆਂ ਵਿੱਚੋਂ ਵੇਖਿਆ; ਮੋਟੇ ਸੂਰ ਜਿਨ੍ਹਾਂ ਛੱਜੇਦਾਰ ਟੋਪ ਪਾਏ ਹੋਏ ਸਨ, ਮੇਰੀ ਸੇਵਕਾ ਨੇ ਮੇਰੇ ਹੱਥ ਫੜ ਕੇ ਮੈਨੂੰ ਉਨ੍ਹਾਂ ਉੱਤੇ ਫ਼ਰਨੀਚਰ ਸੁੱਟਣ ਤੋਂ ਰੋਕਿਆ। ਫੇਰ ਇਕ ਸੈਨਿਕ ਮੇਰੇ ਘਰ ਖਾਣਾ ਖਾਣ ਆਇਆ। ਮੈਂ ਉਸ ਦਾ ਗਲ਼ ਘੁਟਣ ਨੂੰ ਝੱਪਟੀ, ਉਨ੍ਹਾਂ ਦਾ ਗਲ਼ ਘੁੱਟਣਾ ਹੋਰ ਲੋਕਾਂ ਤੋਂ ਔਖਾ ਨਹੀਂ। ਅਤੇ ਮੈਂ ਉਸ ਨੂੰ ਗਲ਼ ਘੁੱਟ ਕੇ ਉੱਥੇ ਹੀ ਖ਼ਤਮ ਕਰ ਦਿੰਦੀ ਜੇਕਰ ਉਹ ਮੈਨੂੰ ਵਾਲ਼ਾਂ ਤੋਂ ਖਿੱਚ ਕੇ ਪਰੇ ਨਾ ਲੈ ਗਏ ਹੁੰਦੇ। ਅਤੇ ਇਸ ਉਪਰੰਤ ਉਨ੍ਹਾਂ ਦੀ ਨਜ਼ਰ ਤੋਂ ਪਾਸੇ ਰਹਿਣਾ ਜ਼ਰੂਰੀ ਸੀ। ਅੰਤ ਵਿੱਚ ਮੈਨੂੰ ਮੌਕਾ ਮਿਲ ਗਿਆ ਮੈਂ ਸ਼ਹਿਰ ਛੱਡ ਦਿੱਤਾ ਅਤੇ ਮੈਂ ਹੁਣ ਇੱਥੇ ਹਾਂ।"

ਉਨ੍ਹਾਂ ਨੇ ਉਸ ਨੂੰ ਵਧਾਈ ਦਿੱਤੀ। ਉਸ ਦੇ ਸਾਥੀਆਂ ਵਿੱਚ ਉਸ ਦੀ ਇੱਜ਼ਤ ਵਧੀ ਕਿਉਂਕਿ ਉਨ੍ਹਾਂ ਵਿੱਚੋਂ ਕਿਸੇ ਨੇ ਵੀ ਉਸ ਵਾਂਗ ਗਰਮਜੋਸ਼ੀ ਨਹੀਂ ਸੀ ਵਿਖਾਈ ਅਤੇ ਕਾਰਨੂਦਤ, ਜਦ ਉਸ ਨੂੰ ਸੁਣਾ ਰਿਹਾ ਸੀ ਤਾਂ ਉਸ ਨੇ ਈਸਾਈ ਧਰਮ ਦੇ ਦਿਆਲੂ ਪ੍ਰਚਾਰਕ ਵਾਂਗ ਉਸ ਦੀ ਗੱਲ ਨੂੰ ਇਸ ਤਰ੍ਹਾਂ ਸਵੀਕਾਰ ਕੀਤਾ ਜਿਵੇਂ ਕੋਈ ਪਾਦਰੀ ਕਿਸੇ ਸ਼ਰਧਾਲੂ ਪਾਸੋਂ ਰੱਬ ਦੀ ਸਿਫ਼ਤ ਸਵੀਕਾਰ ਕਰਦਾ ਹੈ, ਕਿਉਂਕਿ ਲੰਮੀ ਦਾਹੜੀ ਵਾਲੇ ਲੋਕਤੰਤ੍ਰਵਾਦੀ ਮਾਂ ਦੀ ਦੇਸ਼ ਭਗਤੀ ਸੰਬੰਧੀ ਉਸ ਤਰ੍ਹਾਂ ਅਜਾਰਾਦਾਰੀ ਹੈ ਜਿਸ ਤਰ੍ਹਾਂ ਖੁੱਲ੍ਹੇ ਚੋਗੇ ਵਾਲੇ ਪਾਦਰੀਆਂ ਦੀ ਧਰਮ ਵਿੱਚ। ਆਪਣੀ ਵਾਰੀ ਆਉਣ 'ਤੇ ਉਸ ਨੇ ਆਪਣੀ ਸਿਧਾਂਤਕ ਲੈਅ ਵਿੱਚ ਉਸ ਘੋਸ਼ਣਾ 'ਤੇ ਵਧੇਰੇ ਜ਼ੋਰ ਦਿੱਤਾ ਜਿਸ ਦੇ ਇਸ਼ਤਿਹਾਰ ਅਸੀਂ ਸ਼ਹਿਰ ਦੀਆਂ ਕੰਧਾਂ 'ਤੇ ਲੱਗੇ ਵੇਖਦੇ ਹਾਂ ਅਤੇ ਅੰਤ ਵਿੱਚ ਉਸ ਨੇ ਪ੍ਰਭਾਵਸ਼ਾਲੀ ਢੰਗ ਨਾਲ "ਬਦੀਨਗਿਊਟ ਬਦਮਾਸ਼" ਦੀ ਚੰਗੀ ਖੁੰਬ ਠੱਪੀ। ਮੋਟੀ ਲੜਕੀ ਗੁੱਸੇ ਵਿੱਚ ਸੀ ਕਿਉਂਕਿ ਉਹ ਬੁਨਾਪਾਰਇਸਟ ਸੀ। ਉਸ ਦਾ ਚਿਹਰਾ ਲਾਲ ਸੁਰਖ ਹੋ ਗਿਆ ਅਤੇ ਉਸ ਨੇ ਗੁੱਸੇ ਨਾਲ ਕੰਬਦਿਆਂ ਕਿਹਾ :

ਮੈਂ ਤੁਹਾਨੂੰ ਸਾਰਿਆਂ ਨੂੰ ਉਸ ਦੀ ਥਾਂ ਵੇਖਣਾ ਚਾਹੁੰਦੀ ਹਾਂ। ਜੇ ਇਸ ਤਰ੍ਹਾਂ ਹੁੰਦਾ ਤਾਂ ਸਭ ਠੀਕ ਰਹਿੰਦਾ, ਹਾਂ ਠੀਕ; ਤੁਸੀਂ ਹੀ ਉਹ ਵਿਅਕਤੀ ਹੋ ਜਿਨ੍ਹਾਂ ਨੇ ਇਸ ਪੁਰਸ਼ ਨੂੰ ਧੋਖਾ ਦਿੱਤਾ ਹੈ । ਕਿਸੇ ਨੂੰ ਫ਼ਰਾਂਸ ਨਾ ਛੱਡਣਾ ਪੈਂਦਾ ਜੇਕਰ ਤੁਹਾਡੇ ਵਰਗੇ ਬਦਮਾਸ਼ਾਂ ਦਾ ਇਸ ਉੱਤੇ ਰਾਜ ਨਾ ਹੁੰਦਾ ।"

ਕਾਰਨੂਦਤ ਸ਼ਾਂਤ ਸੀ ਅਤੇ ਘ੍ਰਿਣਾ ਭਰਪੂਰ ਮੁਸਕਰਾਹਟ ਉਸ ਦੇ ਚਿਹਰੇ 'ਤੇ ਸੀ ਹੁਣ ਸਾਰਿਆਂ ਨੇ ਸਮਝਿਆ ਕਿ ਖੈਰ ਨਹੀਂ ਹੈ ਜਦ ਤੱਕ ਕਿ ਕਾਊਂਟ ਨੇ ਥੋੜ੍ਹੀ ਜਿਹੀ ਕਠਿਨਾਈ ਨਾਲ ਖਿਝੀ ਹੋਈ ਲੜਕੀ ਨੂੰ ਸ਼ਾਂਤ ਨਾ ਕਰ ਦਿੱਤਾ ਅਤੇ ਆਪਣੀ ਪਦਵੀ ਦੇ ਅਧਿਕਾਰ ਨਾਲ ਇਹ ਘੋਸ਼ਿਤ ਕੀਤਾ ਕਿ ਹਰ ਕਿਸੇ ਦੀ ਨੇਕ ਰਾਏ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਕਾਊਂਟ ਦੀ ਪਤਨੀ ਅਤੇ ਉਤਪਾਦਕ ਦੀ ਪਤਨੀ, ਜਿਨ੍ਹਾਂ ਦੇ ਦਿਮਾਗ਼ ਵਿੱਚ ਗਣਤੰਤਰ ਦੇ ਹਾਮੀ ਵਿਅਕਤੀ ਲਈ ਅਣਉਚਿਤ ਨਫ਼ਰਤ ਭਰੀ ਹੋਈ ਸੀ ਅਤੇ ਸਾਰੀਆਂ ਇਸਤਰੀਆ ਵਾਂਗ ਸ਼ਾਨਦਾਰ ਅਤੇ ਖ਼ੁਦਮੁਖਤਿਆਰ ਸਰਕਾਰ ਸੰਬੰਧੀ ਉਨ੍ਹਾਂ ਦੀ ਸੂਖ਼ਮ ਰੁਚੀ ਸੀ, ਇਸ ਇੱਜ਼ਤਦਾਰ ਵੇਸਵਾ ਵੱਲ ਖਿੱਚੀਆਂ ਗਈਆਂ ਜਿਸ ਦੇ ਜਜ਼ਬਾਤ ਵਧੇਰੇ ਕਰਕੇ ਉਨ੍ਹਾਂ ਨਾਲ ਮਿਲਦੇ ਸਨ ।

ਟੋਕਰੀ ਖ਼ਾਲੀ ਸੀ । ਦਸ ਵਜੇ ਤੱਕ ਉਨ੍ਹਾਂ ਨੇ ਖਾਣ ਦੀਆਂ ਸਾਰੀਆਂ ਵਸਤਾਂ ਖ਼ਤਮ ਕਰ ਦਿੱਤੀਆਂ ਸਨ ਅਤੇ ਉਹ ਗਿਲਾ ਕਰ ਰਹੇ ਸਨ ਕਿ ਖਾਣ ਦੀਆਂ ਕੁਝ ਹੋਰ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ ਕੁਝ ਸਮਾਂ ਹੋਰ ਗੱਲਬਾਤ ਚੱਲਦੀ ਰਹੀ ਪਰ ਇਸ ਵਿੱਚ ਪਹਿਲਾਂ ਵਾਂਗ ਗਰਮਜੋਸ਼ੀ ਨਹੀਂ ਸੀ ਕਿਉਂਕਿ ਉਹ ਖਾਣ ਦੀਆਂ ਚੀਜ਼ਾਂ ਖ਼ਤਮ ਕਰ ਬੈਠੇ ਸਨ ।

ਰਾਤ ਪੈ ਗਈ, ਹੌਲੀ ਹੌਲੀ ਹਨੇਰਾ ਸੰਘਣਾ ਹੁੰਦਾ ਗਿਆ, ਅਤੇ ਖਾਣਾ ਪਚਾਣ ਦੇ ਦੌਰਾਨ ਮਰਦੀ ਵਧੇਰੇ ਮਹਿਸੂਸ ਹੋ ਰਹੀ ਸੀ ਜਿਸ ਨਾਲ ਗੁਦਗੁਦੇ ਸਰੀਰ ਦੇ ਬਾਵਜੂਦ ਮੋਟੀ ਲੜਕੀ ਨੂੰ ਕਾਂਬਾ ਛਿੜ ਗਿਆ । ਤਦ ਮੈਡਮ ਡੀ ਬਰੇਵਿਲੇ ਨੇ ਉਸ ਨੂੰ ਪੈਰਾਂ ਵਿੱਚ ਰੱਖਣ ਵਾਲੇ ਛੋਟੇ ਸਟੋਵ ਦੀ ਪੇਸ਼ਕਸ਼ ਕੀਤੀ, ਜਿਸ ਵਿੱਚ ਸਵੇਰ ਤੋਂ ਲੈ ਕੇ ਹੁਣ ਤੱਕ ਕਈ ਵਾਰ ਅੱਗ ਬਾਲੀ ਗਈ ਸੀ; ਉਸ ਨੇ ਇਹ ਪੇਸ਼ਕਸ਼ ਤੁਰੰਤ ਪਰਵਾਨ ਕਰ ਲਈ ਕਿਉਂਕਿ ਸਰਦੀ ਨਾਲ ਉਸ ਦੇ ਪੈਰ ਸੁੰਨ ਹੋ ਰਹੇ ਸਨ । ਸ਼੍ਰੀਮਤੀ ਕਾਰੇ ਲਾਮੈਡੋਨ ਅਤੇ ਸ੍ਰੀਮਤੀ ਲੋਈਜ਼ੂ ਨੇ ਆਪਣੇ ਸਟੋਵ ਦੋਵੇਂ ਧਰਮ ਭੈਣਾਂ ਨੂੰ ਦੇ ਦਿੱਤੇ ।

ਕੋਚਵਾਨ ਨੇ ਆਪਣੀਆ ਲਾਲਟੈਣਾਂ ਜਗਾ ਲਈਆਂ ਸਨ । ਉਹ ਚਾਨਣ ਵਿੱਚ ਝਿਲਮਿਲ ਕਰ ਰਹੇ ਸਨ ਅਤੇ ਉਨ੍ਹਾਂ ਤੋਂ ਅੱਗੇ ਝੱਗ ਦੇ ਸੰਘਣੇ ਬੱਦਲ

ਸਨ, ਘੋੜਿਆਂ ਦਾ ਮੁੜ੍ਹਕਾ ਅਤੇ ਰਸਤੇ ਦੇ ਦੋਹੀਂ ਪਾਸੀਂ ਚਾਨਣ ਦੇ ਪਰਛਾਵਿਆਂ ਨਾਲ ਬਰਫ਼ ਵੀ ਤੁਰਦੀ ਜਾਪਦੀ ਸੀ ।

ਬੱਘੀ ਦੇ ਅੰਦਰ ਕੋਈ ਵੀ ਵਿਅਕਤੀ ਦੂਜੇ ਦੀ ਪਛਾਣ ਨਹੀਂ ਸੀ ਕਰ ਸਕਦਾ । ਪਰ ਕਾਰਨੂਦਤ ਅਤੇ ਮੋਟੀ ਲੜਕੀ ਵਿੱਚ ਅਚਾਨਕ ਕੁਝ ਹਿਲਜੁਲ ਹੋਈ ਅਤੇ ਲੋਈਜ਼ੂ ਦਾ ਜਿਸ ਨੇ ਪਰਛਾਵੇਂ ਵਿੱਚ ਅੱਖਾਂ ਗੱਡ ਕੇ ਵੇਖਿਆ ਵਿਸ਼ਵਾਸ਼ ਸੀ ਕਿ ਉਸ ਨੇ ਵੱਡੀ ਦਾਹੜੀ ਵਾਲੇ ਨੂੰ ਇੰਝ ਕਾਹਲ਼ੀ ਨਾਲ ਵਾਪਸ ਪਰਤਦਿਆਂ ਵੇਖਿਆ ਹੈ ਜਿਵੇਂ ਕਿ ਉਸ ਨੂੰ ਕਰਾਰਾ ਘੁਸੰਨ ਵੱਜਾ ਹੋਵੇ ਜਿਸ ਦਾ ਖੜਕਾ ਨਾ ਹੋਇਆ ਹੋਵੇ ।

ਤਦ ਸੜਕ ਤੋਂ ਕਾਫੀ ਫਾਸਲੇ ’ਤੇ ਕਿਤੇ ਕਿਤੇ ਅੱਗ ਚਮਕਦੀ ਨਜ਼ਰ ਆਈ । ਇਹ ਟੋਟਸ ਸੀ । ਉਨ੍ਹਾਂ ਨੇ ਗਿਆਰਾਂ ਘੰਟੇ ਲਗਾਤਾਰ ਯਾਤਰਾ ਕੀਤੀ ਸੀ ਜਿਸ ਵਿੱਚ ਦੋ ਘੰਟੇ ਦਾ ਆਰਾਮ ਅਤੇ ਘੋੜਿਆਂ ਨੂੰ ਘਾਹ ਪੱਠਾ ਖੁਆਉਣ ਦਾ ਸਮਾਂ ਪਾ ਕੇ ਇਹ ਤੇਰਾਂ ਘੰਟੇ ਬਣ ਜਾਂਦੀ ਸੀ । ਉਹ ਸ਼ਹਿਰ ਵਿੱਚ ਦਾਖ਼ਲ ਹੋਏ ਅਤੇ ਹੋਟਲ ਕਾਮਰਸ ਦੇ ਸਾਹਮਣੇ ਜਾ ਰੁਕੇ।

ਬੱਘੀ ਦਾ ਦਰਵਾਜ਼ਾ ਖੁੱਲ੍ਹਿਆ; ਇਕ ਜਾਣੀ ਪਹਿਚਾਣੀ ਆਵਾਜ਼ ਸੁਣ ਕੇ ਯਾਤਰੀ ਘਬਰਾ ਗਏ, ਇਹ ਤਲਵਾਰ ਦੇ ਮਿਆਨ ਨੂੰ ਧਰਤੀ ’ਤੇ ਮਾਰਨ ਦੀ ਆਵਾਜ਼ ਸੀ । ਇਸ ਤੋਂ ਤੁਰੰਤ ਬਾਅਦ ਹਨੇਰੇ ਵਿੱਚੋਂ ਕਿਸੇ ਜਰਮਨ ਦੀ ਆਵਾਜ਼ ਸੁਣਾਈ ਦਿੱਤੀ ।

ਭਾਵੇਂ ਬੱਘੀ ਖਲੋਤੀ ਹੋਈ ਸੀ, ਕੋਈ ਵੀ ਥੱਲੇ ਉਤਰਨ ਲਈ ਤਿਆਰ ਨਹੀਂ ਸੀ। ਉਨ੍ਹਾਂ ਨੂੰ ਡਰ ਸੀ, ਕਿ ਕੋਈ ਵਿਅਕਤੀ ਬਾਹਰ ਨਿਕਲਦਿਆਂ ਹੀ ਉਨ੍ਹਾਂ ਨੂੰ ਕਤਲ ਕਰ ਦੇਵੇਗਾ। ਕੰਡਕਟਰ ਆਪਣੇ ਹੱਥ ਵਿੱਚ ਲਾਲਟੈਣ ਫੜੀ ਬੱਘੀ ਕੋਲ ਆਇਆ, ਜਿਸ ਨਾਲ ਬੱਘੀ ਦੇ ਧੁਰ ਅੰਦਰ ਤੱਕ ਚਾਨਣ ਹੋ ਗਿਆ, ਡਰੇ ਹੋਏ ਚਿਹਰਿਆਂ ਦੀਆਂ ਕਤਾਰਾਂ ਸਾਫ਼ ਵਿਖਾਈ ਦੇ ਰਹੀਆਂ ਸਨ ਜਿਨ੍ਹਾਂ ਦੇ ਮੂੰਹ ਖੁੱਲ੍ਹੇ ਹੋਏ ਸਨ ਅਤੇ ਹੈਰਾਨੀ ਤੇ ਭੈਅ ਨਾਲ ਅੱਖਾਂ ਟੱਡੀਆਂ ਹੋਈਆਂ ਸਨ ।

ਬਾਹਰ ਕੋਚਵਾਨ ਦੇ ਨਾਲ ਇਕ ਜਰਮਨ ਅਫ਼ਸਰ ਖੜ੍ਹਾ ਸੀ, ਜੋ ਕਾਫੀ ਲੰਮੇ ਕੱਦ ਪਤਲਾ ਅਤੇ ਗੋਰੇ ਰੰਗ ਦਾ ਨੌਜਵਾਨ ਸੀ ਅਤੇ ਉਸ ਨੂੰ ਵਰਦੀ ਇਸ ਤਰ੍ਹਾਂ ਫਿੱਟ ਸੀ ਜਿਵੇਂ ਕਿਸੇ ਲੜਕੀ ਨੂੰ ਅੰਗੀ ਫਿੱਟ ਹੋਵੇ ਅਤੇ ਉਸ ਨੇ ਆਪਣੇ ਸਿਰ ’ਤੇ ਚੌੜੀ ਮੋਮਜਾਮੇ ਦੀ ਟੋਪੀ ਪਾਈ ਹੋਈ ਸੀ ਜਿਸ ਨਾਲ ਉਹ ਇੰਗਲੈਂਡ ਦੇ ਹੋਟਲ ਦੇ ਦਰਬਾਨ ਨਾਲ ਵਧੇਰੇ ਮਿਲਦਾ ਸੀ । ਉਸ ਦੀਆਂ ਵੱਡੀਆਂ ਮੁੱਛਾਂ ਜੋ

ਸਿੱਧੀਆਂ ਸਨ, ਅਖ਼ੀਰ ਵਿੱਚ ਜਾ ਕੇ ਧਾਗੇ ਵਾਂਗ ਪਤਲੀਆਂ ਹੋ ਜਾਂਦੀਆਂ ਸਨ। ਅਤੇ ਇਹ ਪਤਾ ਲਾਉਣਾ ਔਖਾ ਸੀ ਕਿ ਇਹ ਕਿੱਥੇ ਮੁੱਕਦੀਆਂ ਹਨ, ਇਹ ਮੂੰਹ ਦੀਆਂ ਨੁੱਕਰਾਂ ਅਤੇ ਗਲ੍ਹਾਂ ਕੋਲ ਇੰਨੀਆਂ ਸੰਘਣੀਆਂ ਸਨ ਕਿ ਉਸ ਦੇ ਬੁੱਲ ਇਨ੍ਹਾਂ ਕਰਕੇ ਇਕ ਲਕੀਰ ਵਾਂਗ ਜਾਪਦੇ ਸਨ ।

ਅਲਸੇਸੀਅਨ ਪ੍ਰਾਂਤ ਦੀ ਫਰਾਂਸੀਸੀ ਭਾਸ਼ਾ ਵਿੱਚ ਉਸ ਨੇ ਯਾਤਰੀਆਂ ਨੂੰ ਬਾਹਰ ਆਉਣ ਲਈ ਕਿਹਾ ਅਤੇ ਧੀਮੀ ਆਵਾਜ਼ ਵਿੱਚ ਕਿਹਾ, "ਬੱਘੀ ਵਿੱਚ ਬੈਠੇ ਪੁਰਸ਼ੋ ਅਤੇ ਇਸਤਰੀਓ ਕੀ ਤੁਸੀਂ ਬਾਹਰ ਆਓਗੇ ਜਾਂ ਨਹੀਂ ?"

ਦੋਹਾਂ ਚੰਗੀਆਂ ਭੈਣਾਂ ਨੇ ਸਭ ਤੋਂ ਪਹਿਲਾਂ ਸੰਤਾਂ ਵਾਲੀ ਨਿਮਰਤਾ ਨਾਲ ਜਿਸ ਦੀਆਂ ਉਹ ਆਦੀ ਸਨ ਸਭ ਤੋਂ ਪਹਿਲਾਂ ਉਸ ਦਾ ਹੁਕਮ ਮੰਨਿਆ। ਫੇਰ ਕਾਊਂਟ ਅਤੇ ਉਸ ਦੀ ਪਤਨੀ ਬਾਹਰ ਨਿਕਲੇ ਅਤੇ ਉਨ੍ਹਾਂ ਤੋਂ ਪਿੱਛੋਂ ਉਤਪਾਦਕ ਅਤੇ ਉਸ ਦੀ ਪਤਨੀ, ਅਤੇ ਫੇਰ ਲੋਈਜ਼ੂ ਆਪਣੀ ਪਤਨੀ ਨੂੰ ਅੱਗੇ ਕਰਕੇ ਨਿਕਲਿਆ । ਲੋਈਜ਼ੂ ਨੇ ਧਰਤੀ 'ਤੇ ਪੈਰ ਧਰਦਿਆਂ ਸਾਰ ਹੀ ਅਫ਼ਸਰ ਨੂੰ ਸੰਬੋਧਨ ਕਰਕੇ ਕਿਹਾ, "ਸ੍ਰੀਮਾਨ ਜੀ, ਸ਼ੁਭ ਪ੍ਰਭਾਤ" ਇਸ ਦਾ ਕਾਰਨ ਨਿਮਰਤਾ ਘੱਟ ਅਤੇ ਸਾਵਧਾਨੀ ਵਧੇਰੇ ਸੀ । ਅਫ਼ਸਰ ਨੇ ਜੋ ਸਾਰੇ ਸੱਤਾਧਾਰੀ ਲੋਕਾਂ ਵਾਂਗ ਗ਼ੁਸਤਾਖ ਸੀ ਬਿਨਾਂ ਕੁਝ ਕਹੇ ਉਸ ਵੱਲ ਵੇਖਿਆ।

ਮੋਟੀ ਲੜਕੀ ਅਤੇ ਕਾਰਨੂਦਤ ਭਾਵੇਂ ਦਰਵਾਜੇ ਦੇ ਨੇੜੇ ਬੈਠੇ ਹੋਏ ਸਨ ਪਰ ਉਹ ਸਭ ਤੋਂ ਪਿੱਛੋਂ ਹੇਠਾਂ ਉਤਰੇ, ਉਹ ਦੁਸ਼ਮਣ ਦੇ ਸਾਹਮਣੇ ਸੰਜੀਦਾ ਅਤੇ ਘੁਮੰਡੀ ਸਨ। ਮੋਟੀ ਲੜਕੀ ਨੇ ਆਪਣੇ ਆਪ ਉੱਤੇ ਕਾਬੂ ਪਾਉਣ ਦਾ ਅਤੇ ਸ਼ਾਂਤ ਹੋਣ ਦਾ ਯਤਨ ਕੀਤਾ । ਲੋਕਤੰਤਰਵਾਦੀ ਸੱਜਣ ਨੇ ਆਪਣੇ ਹੱਥ ਨਾਲ ਦੁਖਾਂਤਕ ਜਿਹਾ ਸੰਕੇਤ ਕੀਤਾ ਅਤੇ ਇਉਂ ਪ੍ਰਤੀਤ ਹੁੰਦਾ ਸੀ ਕਿ ਉਸ ਦੀ ਲੰਬੀ ਦਾਹੜੀ ਕੁਝ ਥਰਥਰਾ ਰਹੀ ਹੈ ਤੇ ਪਹਿਲਾਂ ਨਾਲੋਂ ਵਧੇਰੇ ਲਾਲ ਹੋ ਗਈ ਹੈ । ਇਹ ਸੋਚ ਕੇ ਕਿ ਇਹੋ ਜਿਹੀਆਂ ਇਕੱਤਰਤਾਵਾਂ ਵਿੱਚ ਉਨ੍ਹਾਂ ਨੂੰ ਆਪਣੇ ਸਵੈਮਾਨ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ, ਕਿਉਂਕਿ ਕਿਸੇ ਹੱਦ ਤੱਕ ਉਹ ਆਪਣੇ ਮਹਾਨ ਦੇਸ਼ ਦੀ ਪ੍ਰਤੀਨਿਧਤਾ ਕਰਦੇ ਹਨ । ਆਪਣੇ ਸਾਥੀਆਂ ਦੀ ਡਰਪੋਕਤਾ ਨਾਲ ਕੁਝ ਨਿਰਾਸ਼ ਹੋ ਕੇ ਮੋਟੀ ਲੜਕੀ ਨੇ ਆਪਣੀਆਂ ਸਾਥਣਾਂ ਨਾਲੋਂ ਜਿਹੜੀਆਂ ਈਮਾਨਦਾਰ ਇਸਤਰੀਆ ਸਨ, ਵਧੇਰੇ ਸਵੈਮਾਨ ਦਾ ਪ੍ਰਗਟਾਵਾ ਕਰਨ ਦਾ ਯਤਨ ਕੀਤਾ, ਕਿਉਂਕਿ ਉਹ ਅਨੁਭਵ ਕਰਦੀ ਸੀ ਕਿ ਉਨ੍ਹਾਂ ਵਿੱਚੋਂ ਕਿਸੇ ਇਕ ਨੂੰ ਉਦਾਹਰਣ ਪੇਸ਼

ਕਰਨੀ ਚਾਹੀਦੀ ਹੈ । ਇਸ ਲਈ ਉਸ ਨੇ ਵਿਰੋਧਤਾ ਦਾ ਉਹ ਰਵੱਈਆ ਕਾਇਮ ਰੱਖਿਆ ਜਿਹੜਾ ਕਿ ਸਫ਼ਰ ਦੇ ਆਰੰਭ ਵਿੱਚ ਉਸ ਨੇ ਅਪਣਾਇਆ ਸੀ ।

ਉਹ ਸਰਾਂ ਦੇ ਵੱਡੇ ਲੰਗਰ ਵਿੱਚ ਦਾਖ਼ਲ ਹੋ ਗਏ ਅਤੇ ਜਰਮਨ ਅਫ਼ਸਰ ਨੇ ਉਨ੍ਹਾਂ ਕੋਲੋਂ ਉਨ੍ਹਾਂ ਦੇ ਸਫ਼ਰ ਸੰਬੰਧੀ ਉਹ ਕਾਗਜ਼ ਮੰਗੇ ਜਿਨ੍ਹਾਂ ਉੱਤੇ ਜਰਨਲ-ਇਨ-ਚੀਫ਼ ਦੇ ਹਸਤਾਖ਼ਰ ਹੋਣ (ਜਿਨ੍ਹਾਂ ਵਿੱਚ ਕਿ ਹਰ ਇਕ ਯਾਤਰੀ ਦਾ ਨਾਂ ਹੁਲੀਆ ਅਤੇ ਕਿੱਤੇ ਦਾ ਵੇਰਵਾ ਦਿੱਤਾ ਗਿਆ ਹੋਵੇ) ਅਤੇ ਇਨ੍ਹਾਂ ਕਾਗਜ਼ਾਂ ਨੂੰ ਬੜੀ ਗਹੁ ਨਾਲ ਘੋਖ ਕੇ ਅਤੇ ਹਸਤਾਖ਼ਰਾਂ ਅਤੇ ਯਾਤਰੀਆਂ ਨੂੰ ਆਪਸ ਵਿੱਚ ਮਿਲਾ ਕੇ ਉਸ ਨੇ ਕਿਹਾ, "ਠੀਕ ਹੈ" ਅਤੇ ਬਾਹਰ ਚਲਾ ਗਿਆ ।

ਤਾਂ ਉਨ੍ਹਾਂ ਨੇ ਸੁੱਖ ਦਾ ਸਾਹ ਲਿਆ। ਉਨ੍ਹਾਂ ਨੂੰ ਭੁੱਖ ਲੱਗੀ ਹੋਈ ਸੀ ਅਤੇ ਉਨ੍ਹਾਂ ਨੇ ਖਾਣਾ ਤਿਆਰ ਕਰਨ ਲਈ ਆਖਿਆ । ਖਾਣਾ ਤਿਆਰ ਕਰਨ ਲਈ ਅੱਧਾ ਘੰਟਾ ਜ਼ਰੂਰੀ ਸੀ ਅਤੇ ਜਦੋਂ ਦੋ ਨੌਕਰ ਖਾਣੇ ਦਾ ਪ੍ਰਬੰਧ ਕਰ ਰਹੇ ਸਨ, ਯਾਤਰੀ ਆਪਣੇ ਕਮਰਿਆਂ ਵਿੱਚ ਚਲੇ ਗਏ । ਉਨ੍ਹਾਂ ਦੇ ਕਮਰੇ ਇਕ ਅਜਿਹੇ ਬਰਾਂਡੇ ਵਿੱਚ ਖੁੱਲਦੇ ਸਨ ਜਿਹੜਾ ਇਕ ਰੰਗ ਕੀਤੇ ਦਰਵਾਜ਼ੇ ’ਤੇ ਜਾ ਕੇ ਮੁੱਕਦਾ ਸੀ ।

ਅੰਤ ਨੂੰ ਉਹ ਮੇਜ਼ ’ਤੇ ਬੈਠ ਗਏ ਅਤੇ ਉਥੇ ਸਰਾਂ ਦਾ ਮਾਲਕ ਵੀ ਆ ਗਿਆ। ਉਹ ਪਹਿਲਾਂ ਘੋੜਿਆ ਦਾ ਵਪਾਰੀ ਹੁੰਦਾ ਸੀ । ਉਸ ਦਾ ਕੱਦ ਕਾਠ ਲੰਮਾ ਚੌੜਾ ਸੀ ਅਤੇ ਉਸ ਨੂੰ ਦਮੇ ਦੀ ਬੀਮਾਰੀ ਜਾਪਦੀ ਸੀ ਅਤੇ ਉਸ ਦੇ ਗ਼ਲੇ ਵਿੱਚੋਂ ਲਗਾਤਾਰ ਘਰੜ ਘਰੜ ਦੀ ਆਵਾਜ਼ ਆ ਰਹੀ ਸੀ । ਉਸ ਦੇ ਪਿਤਾ ਨੇ ਉਸ ਦਾ ਨਾਂ ਫੋਲਨਵੀਂ ਰੱਖਿਆ ਸੀ । ਉਸ ਨੇ ਪੁੱਛਿਆ :

"ਕੀ ਕੁਮਾਰੀ ਅਲਿਜ਼ਬਿਥ ਰੂਸੈਅ ਇੱਥੇ ਹੈ?"

ਮੋਟੀ ਲੜਕੀ ਨੇ ਚੌਕੰਨੀ ਹੁੰਦਿਆ ਆਖਿਆ, "ਮੈਂ ਹਾਂ ।"

"ਪਰੂਸ਼ੀਅਨ ਅਫ਼ਸਰ ਤੁਹਾਡੇ ਨਾਲ ਤੁਰੰਤ ਗੱਲ ਕਰਨਾ ਚਾਹੁੰਦੇ ਹਨ ।"

"ਮੇਰੇ ਨਾਲ?"

ਹਾਂ, ਬਿਲਕੁਲ, ਜੇ ਤੁਸੀਂ ਅਲਿਜ਼ਬਿਥ ਰੂਸੈਅ ਹੈ। ‘ਉਹ ਘਬਰਾਈ ਅਤੇ ਥੋੜ੍ਹੀ ਦੇਰ ਸੋਚ ਕੇ ਉਸ ਨੇ ਸਪੱਸ਼ਟ ਕਿਹਾ, "ਮੇਰਾ ਨਾਂ ਤਾਂ ਇਹੀ ਹੈ ਪਰ ਮੈਂ ਜਾਵਾਂਗੀ ਨਹੀਂ ।"

ਉਸਦੇ ਆਲੇ ਦੁਆਲੇ ਇਕ ਸਨਸਨੀ ਜਿਹੀ ਫੈਲ ਗਈ । ਉਸ ਦੇ ਹਰ ਇਕ ਸਾਥੀ ਨੇ ਇਸ ਆਦਸ਼ ਦੇ ਕਾਰਨ ਬਾਰੇ ਸੋਚ ਵਿਚਾਰ ਕਰਨ ਦਾ ਯਤਨ ਕੀਤਾ । ਕਾਊਂਟ ਇਹ ਕਹਿੰਦਾ ਹੋਇਆ ਉਸ ਦੇ ਕੋਲ ਆਇਆ, "ਸ੍ਰੀਮਤੀ ਜੀ,

ਤੁਸੀਂ ਗ਼ਲਤੀ ’ਤੇ ਹੋ ਕਿਉਂਕਿ ਤੁਹਾਡੇ ਇਨਕਾਰ ਦਾ ਸਿੱਟਾ ਕਾਫੀ ਵੱਡੀ ਮੁਸੀਬਤ ਬਣ ਸਕਦਾ ਹੈ, ਕੇਵਲ ਤੁਹਾਡੇ ਲਈ ਹੀ ਨਹੀਂ ਸਗੋਂ ਤੁਹਾਡੇ ਸਾਥੀਆਂ ਲਈ ਵੀ । ਸੱਤਾਧਾਰੀ ਲੋਕਾਂ ਦੀ ਵਿਰੋਧਤਾ ਕਰਨ ਦਾ ਕੋਈ ਲਾਭ ਨਹੀਂ ਹੋਇਆ ਕਰਦਾ । ਇਹ ਕੋਈ ਖ਼ਤਰੇ ਵਾਲੀ ਗੱਲ ਨਹੀਂ ਬੇਸ਼ੱਕ ਇਹ ਕਿਸੇ ਭੁੱਲੀ ਹੋਈ ਕਾਰਵਾਈ ਸੰਬੰਧੀ ਹੈ।

ਹਰ ਇਕ ਉਸ ਦੇ ਨਾਲ ਸਹਿਮਤ ਹੋਇਆ ਅਤੇ ਉਸ ਨੂੰ ਜਾਣ ਵਾਸਤੇ ਤਰਲਾ ਕੀਤਾ ਅੰਤ ਨੂੰ ਉਨ੍ਹਾਂ ਨੇ ਉਸ ਨੂੰ ਰਾਜ਼ੀ ਕਰ ਲਿਆ ਕਿ ਉਸ ਦਾ ਜਾਣਾ ਚੰਗੀ ਗੱਲ ਹੋਵੇਗੀ । ਉਨ੍ਹਾਂ ਸਾਰਿਆ ਨੂੰ ਉਸ ਗੁੰਝਲ ਤੋਂ ਡਰ ਲੱਗਦਾ ਸੀ ਜਿਹੜੀ ਕਿ ਅਵੱਗਿਆ ਕਰਨ ਤੋਂ ਉਤਪੰਨ ਹੋ ਸਕਦੀ ਸੀ। ਉਸ ਨੇ ਅੰਤ ਵਿੱਚ ਕਿਹਾ : "ਮੈਂ ਇਹ ਤੁਹਾਡੇ ਲਈ ਕਰਦੀ ਹਾਂ, ਇਹ ਗੱਲ ਸਮਝ ਲਓ ।" ਕਾਊਂਟੈਸ ਨੇ ਇਹ ਕਹਿੰਦੇ ਹੋਏ ਉਸ ਦਾ ਹੱਥ ਫੜ ਲਿਆ "ਅੰਤ ਅਸੀਂ ਇਸ ਕੰਮ ਲਈ ਤੁਹਾਡੇ ਧੰਨਵਾਦੀ ਹਾਂ ।" ਉਹ ਬਾਹਰ ਚਲੀ ਗਈ। ਉਨ੍ਹਾਂ ਨੇ ਮੇਜ਼ ਉਤੇ ਬੈਠਣ ਤੋਂ ਪਹਿਲਾਂ ਉਸ ਦਾ ਇੰਤਜ਼ਾਰ ਕੀਤਾ ।

ਹਰ ਇਕ ਨੇ ਇਸ ਗੱਲ ਦਾ ਅਫ਼ਸੋਸ ਕੀਤਾ ਕਿ ਇਸ ਕਰੋਧੀ ਅਤੇ ਜ਼ਿੱਦੀ ਲੜਕੀ ਦੀ ਥਾਂ ਉਸ ਨੂੰ ਕਿਉਂ ਨਹੀਂ ਬੁਲਾਇਆ ਗਿਆ ਅਤੇ ਉਨ੍ਹਾਂ ਵਿਚੋਂ ਸਾਰਿਆਂ ਨੇ ਆਪਣੇ ਮਨ ਵਿੱਚ ਕੁਝ ਗੱਲਾਂ ਬਣਾ ਲਈਆਂ ਸਨ, ਜੋ ਕਿਤੇ ਵਾਰੀ ਆਉਣ ’ਤੇ ਉਨ੍ਹਾਂ ਨੂੰ ਬੁਲਾਇਆ ਗਿਆ ।

ਪਰ ਦਸ ਮਿੰਟਾਂ ਪਿੱਛੋਂ ਉਹ ਹਫੀ ਹੋਈ ਵਾਪਸ ਆ ਗਈ। ਉਸ ਦਾ ਮੂੰਹ ਲਾਲ ਸੀ ਤੇ ਉਸ ਨੂੰ ਗੁੱਸਾ ਚੜ੍ਹਿਆ ਹੋਇਆ ਸੀ । ਉਸ ਨੇ ਥਥਲਾ ਕੇ ਕਿਹਾ, ' ਉਹ ਬਦਮਾਸ਼! ਬਦਮਾਸ਼ !! ਸਾਰੇ ਉਸ ਦੀ ਗੱਲ ਸੁਣਨ ਲਈ ਉਸ ਦੇ ਆਲੇ ਦੁਆਲੇ ਇਕੱਠੇ ਹੋ ਗਏ, ਪਰ ਉਸ ਨੇ ਕੁਝ ਨਾ ਕਿਹਾ, ਪਰ ਜਦੋਂ ਕਾਊਂਟ ਨੇ ਜ਼ੋਰ ਦੇ ਕੇ ਉਸ ਕੋਲੋਂ ਪੁੱਛਿਆ ਤਾਂ ਉਸ ਨੇ ਬੜੀ ਸ਼ਾਨ ਨਾਲ ਉੱਤਰ ਦਿਤਾ: "ਨਹੀਂ ਇਸ ਗੱਲ ਦਾ ਤੁਹਾਡੇ ਨਾਲ ਕੋਈ ਸੰਬੰਧ ਨਹੀਂ ਹੈ । ਮੈਂ ਕੁਝ ਨਹੀਂ ਕਹਿ ਸਕਦੀ ।"

ਇਸ ਤੋਂ ਬਾਅਦ ਉਹ ਸਾਰੇ ਸੂਪ ਨਾਲ ਭਰੇ ਹੋਏ ਪਤੀਲੇ ਦੇ ਆਲੇ ਦੁਆਲੇ ਬੈਠ ਗਏ ਜਿਸ ਵਿੱਚੋਂ' ਗੋਭੀ ਦੀ ਖੁਸ਼ਬੋ ਆ ਰਹੀ ਸੀ । ਖਾਣਾ ਬੜਾ ਚੰਗਾ ਸੀ। ਸੇਬ ਦੀ ਸ਼ਰਾਬ ਬੜੀ ਚੰਗੀ ਸੀ। ਲੋਈਜ਼ੂ ਅਤੇ ਚੰਗੀਆਂ ਭੈਣਾਂ ਨੇ ਪੈਸੇ ਬਚਾਉਣ ਲਈ ਅਰਕ ਪੀਤਾ ਦੂਜਿਆਂ ਨੇ ਸ਼ਰਾਬ ਮੰਗੀ। ਕਾਰਨੂਦਤ ਨੇ ਬੀਅਰ ਮੰਗੀ। ਉਹ ਬੋਤਲ ਖੋਲ੍ਹਣ ਦਾ ਵਿਸ਼ੇਸ਼ ਢੰਗ ਜਾਣਦਾ ਸੀ ਜਿਸ ਦੇ ਨਾਲ ਇਸ ਤਰਲ ਪਦਾਰਥ ਤੋਂ ਝੱਗ ਉੱਠਦੀ ਸੀ। ਉਹ ਗਲਾਸ ਬੜੇ ਧਿਆਨ ਨਾਲ ਭਰਦਾ ਸੀ ਅਤੇ ਫੇਰ ਇਸ

ਦੇ ਰੰਗ ਵਧੇਰੇ ਸੋਹਣੇ ਢੰਗ ਨਾਲ ਸਲਾਹੁਣ ਲਈ ਇਸ ਨੂੰ ਰੌਸ਼ਨੀ ਦੇ ਕੋਲ ਲੈ ਗਿਆ ਸੀ । ਜਦੋਂ ਉਹ ਪੀਂਦਾ ਸੀ ਤਾਂ ਉਸ ਦੀ ਵੱਡੀ ਦਾਹੜੀ, ਜਿਸ ਦੇ ਨਾਲ ਕਿ ਉਸ ਦੀ ਮਨਪਸੰਦ ਪੀਣ ਵਾਲੀ ਚੀਜ਼ ਦੀ ਝੱਗ ਲੱਗ ਜਾਂਦੀ ਸੀ, ਕੰਬਦੀ ਹੋਈ ਨਜ਼ਰ ਆਉਂਦੀ ਸੀ । ਉਸ ਦੀਆਂ ਅੱਖਾ ਟੀਰੀਆਂ ਸਨ ਅਤੇ ਜਿਸ ਕੰਮ ਨੂੰ ਪੂਰਾ ਕਰਨ ਲਈ ਉਹ ਸੰਸਾਰ ਵਿੱਚ ਪੈਦਾ ਹੋਇਆ ਸੀ। ਉਸ ਨੂੰ ਕਰਨ ਵਿੱਚ ਉਹਦਾ ਕੋਈ ਜਵਾਬ ਨਹੀਂ ਸੀ । ਅਸੀਂ ਕਹਿ ਸਕਦੇ ਹਾਂ ਕਿ ਉਸ ਦੇ ਦਿਲ ਵਿੱਚ ਦੋ ਵੱਡੇ ਜਜ਼ਬਾਤ ਦੇ ਵਿਚਕਾਰ ਆਪਸੀ ਸੰਬੰਧ ਨਹੀਂ-ਪੀਲੀ ਸ਼ਰਾਬ ਅਤੇ ਕਰਾਂਤੀਆ ਅਤੇ ਸੱਚੀ ਮੁੱਚੀ ਉਹ ਇਕ ਦਾ ਆਨੰਦ ਦੂਜੀ ਦੇ ਬਾਰੇ ਸੋਚੇ ਬਿਨਾਂ ਨਹੀਂ ਸੀ ਲੈ ਸਕਦਾ ।

ਸ੍ਰੀਮਾਨ ਅਤੇ ਸ੍ਰੀਮਤੀ ਫੋਲੈਨਵੀ ਨੇ ਮੇਜ਼ ਦੇ ਇਕ ਖੂੰਜੇ 'ਤੇ ਖਾਣਾ ਖਾਧਾ। ਉਹ ਆਦਮੀ ਟੁੱਟੀ ਗੱਡੀ ਵਾਂਗ ਰਿੜਦਿਆਂ ਖਾਣਾ ਖਾਂਦੇ ਸਮੇਂ ਬੜੀ ਮੁਸ਼ਕਿਲ ਨਾਲ ਸਾਹ ਲੈ ਰਿਹਾ ਸੀ ਪਰ ਉਸ ਦੀ ਪਤਨੀ ਕਦੇ ਚੁੱਪ ਨਹੀਂ ਸੀ ਕਰਦੀ। ਉਸ ਨੇ ਪਰਸ਼ੀਅਨਾਂ ਦੇ ਆਉਣ ਬਾਰੇ ਆਪਣੇ ਸਾਰੇ ਪ੍ਰਭਾਵਾਂ ਨੂੰ ਵੀ ਪ੍ਰਗਟਾਇਆ, ਉਨ੍ਹਾਂ ਨੇ ਕੀ ਕੀਤਾ, ਕੀ ਆਖਿਆ, ਉਨ੍ਹਾਂ ਨੂੰ ਬੁਰਾ ਭਲਾ ਆਖਿਆ ਕਿਉਂਕਿ ਉਹ ਉਸ ਨੂੰ ਕੁਝ ਪੈਸੇ ਤਾਰਦੇ ਸਨ, ਅਤੇ ਕਿਉਂਕਿ ਉਸ ਦੇ ਦੋ ਪੁੱਤਰ ਫ਼ੌਜ ਵਿੱਚ ਸਨ। ਉਸ ਨੇ ਆਪਣੇ ਆਪ ਨੂੰ ਖ਼ਾਸ ਕਰਕੇ ਕਾਊਂਟਸ ਨਾਲ ਪ੍ਰੀਚਤ ਕਰਵਾਇਆ, ਕਿਸੇ ਖ਼ਾਸ ਤੀਵੀਂ ਨਾਲ ਗੱਲ ਕਰ ਸਕਣ ਦੇ ਸਮਰੱਥ ਹੋਣ ਦੀ ਝੂਠੀ ਪ੍ਰਸ਼ੰਸਾ ਕੀਤੀ।

ਜਦੋਂ ਉਸ ਨੇ ਕੋਈ ਵਧੀਆ ਗੱਲ ਕਰਨ ਲਈ ਆਪਣੀ ਆਵਾਜ਼ ਧੀਮੀ ਕੀਤੀ,ਤਾਂ ਉਸ ਦੇ ਪਤੀ ਨੇ ਸਮੇਂ ਸਮੇਂ ਉਸ ਨੂੰ ਟੋਕਿਆ, "ਚੰਗਾ ਸੀ ਜੋ ਤੁਸੀਂ ਚੁਪ ਰਹਿੰਦੇ, ਸ੍ਰੀਮਤੀ ਫੈਲੋਨਵੀ, "ਪਰ ਉਸ ਨੇ ਇਸ ਤਰ੍ਹਾਂ ਕਰਦਿਆਂ ਉਸ ਵੱਲ ਕੋਈ ਧਿਆਨ ਨਾ ਦਿੱਤਾ "ਹਾਂ, ਸ੍ਰੀਮਤੀ ਜੀ, ਉਹ ਲੋਕ ਉੱਥੇ ਸਾਡੇ ਆਲੂ ਤੇ ਸੂਰ ਦਾ ਮਾਸ ਹੀ ਨਹੀਂ ਖਾਂਦੇ ਹੋਣਗੇ, ਪਰ ਸੂਰ ਦਾ ਮਾਸ ਤੇ ਆਲੂ ਅਤੇ ਇਹ ਯਕੀਨ ਕਰਨਾ ਵੀ ਜ਼ਰੂਰੀ ਨਹੀਂ ਕਿ ਉਹ ਠੀਕ ਹਨ- ਉਹ ਨਹੀਂ। ਉਹ ਅਜਿਹੀਆਂ ਗੰਦੀਆਂ ਗੱਲਾਂ ਕਰਦੇ ਹਨ, ਇੱਜ਼ਤ ਤੋਂ ਡਰੋ ਮੈਂ ਤੁਹਾਡੀ ਅਕਾਰੀ ਹਾਂ। ਅਤੇ ਜੇ ਤੁਸੀਂ ਉਨ੍ਹਾਂ ਨੂੰ ਦੌਨ ਵਿੱਚੋਂ ਘੰਟਿਆਂ ਬੱਧੀ ਮਸ਼ਕ ਕਰਦਿਆਂ ਦੇਖ ਸਕੇ । ਉਹ ਸਾਰੇ ਹੀ ਮੈਦਾਨ ਵਿੱਚ ਅੱਗੇ ਨੂੰ ਅਤੇ ਫੇਰ ਪਿੱਛੇ ਨੂੰ ਮਾਰਚ ਕਰਦੇ ਹਨ, ਇੱਧਰ ਮੁੜਦੇ ਹਨ ਅਤੇ ਕਦੇ ਉੱਧਰ ਮੁੜਦੇ ਹਨ । ਉਹ ਸ਼ਾਇਦ ਖੇਤ ਵਿੱਚ ਹਲ ਚਲਾ ਰਹੇ ਹੋਣ, ਜਾਂ

ਉਹ ਘੱਟੋ ਘੱਟ ਆਪਣੇ ਪਿੰਡ ਦੀਆਂ ਸੜਕਾਂ 'ਤੇ ਕੰਮ ਕਰ ਰਹੇ ਹੋਣ। ਪਰ ਨਹੀਂ, ਸ੍ਰੀਮਤੀ ਜੀ, ਉਹ ਫ਼ੌਜੀ ਕਿਸੇ ਲਈ ਲਾਭਕਾਰੀ ਨਹੀਂ ਹੁੰਦੇ । ਗ਼ਰੀਬ ਲੋਕਾਂ ਨੂੰ ਉਨ੍ਹਾਂ ਨੂੰ ਰੋਟੀ ਦੇਣੀ ਪੈਂਦੀ ਹੈ, ਨਹੀਂ ਤਾਂ ਸ਼ਾਇਦ ਉਹ ਕਤਲ ਕਰ ਦਿੱਤੇ ਜਾਣ। ਮੈਂ ਕੇਵਲ ਇੱਕੋ ਇਕ ਅਨਪੜ੍ਹ ਬੁੱਢੀ ਤੀਵੀਂ ਹਾਂ, ਇਹ ਸੱਚ ਹੈ, ਪਰ ਜਦ ਮੈਂ ਸਵੇਰ ਤੋਂ ਸ਼ਾਮ ਤੱਕ ਉਨ੍ਹਾਂ ਦੇ ਕ੍ਰੋਧ ਕਰਕੇ ਕਈਆਂ ਨੂੰ ਆਪਣੇ ਸਰੀਰ ਨੂੰ ਖ਼ਤਰੇ ਵਿੱਚ ਪਾਉਂਦਿਆਂ ਦੇਖਦੀ ਹਾਂ, ਤਾਂ ਕਹਿੰਦੀ ਹਾਂ, ਜਦੋਂ ਉੱਥੇ ਬਹੁਤ ਸਾਰੇ ਲੋਕ ਬੇਲੋੜੇ ਮਿਲਦੇ ਹਨ, ਤਾਂ ਦੂਜਿਆਂ ਲਈ ਗੜਬੜ ਫੈਲਾਉਣ ਵਾਲੀ ਗੱਲ ਕਿੰਨੀ ਬੇਲੋੜੀ ਹੈ। ਸੱਚੀਮੁਚੀ ਕੀ ਲੋਕਾਂ ਨੂੰ ਕਤਲ ਕਰਨਾ ਇਕ ਘ੍ਰਿਣਾਜਨਕ ਗੱਲ ਨਹੀਂ ਹੈ ਭਾਵੇਂ ਉਹ ਪਰੂਸ਼ੀਅਨ ਹੋਣ, ਜਾਂ ਅੰਗਰੇਜ਼ ਜਾ ਪੋਲੈਂਡ ਦੇ ਨਿਵਾਸੀ ਜਾਂ ਫਰਾਂਸੀਸੀ ? ਜੇ ਇਕ ਆਦਮੀ ਉਸ ਬੰਦੇ ਕੋਲੋਂ ਬਦਲਾ ਲੈਂਦਾ ਹੈ ਜਿਸ ਨੇ ਉਸ ਨੂੰ ਕੁਝ ਨੁਕਸਾਨ ਪਹੁੰਚਾਇਆ ਹੋਵੇ ਤਾਂ ਇਹ ਇਕ ਬੁਰੀ ਗੱਲ ਮੰਨੀ ਜਾਂਦੀ ਹੈ ਅਤੇ ਇਸ ਲਈ ਉਸ ਨੂੰ ਸਜ਼ਾ ਮਿਲਦੀ ਹੈ ਪਰ ਜਦ ਉਹ ਸਾਡੇ ਨੌਜਵਾਨਾਂ ਨੂੰ ਬੰਦੂਕਾਂ ਨਾਲ ਇਸ ਤਰ੍ਹਾਂ ਉਡਾਉਂਦੇ ਹਨ ਜਿਵੇਂ ਕਿ ਉਹ ਸ਼ਿਕਾਰ ਖੇਡ ਰਹੇ ਹੋਣ ਤਾਂ ਉਹ ਉਸ ਬੰਦੇ ਨੂੰ ਸਜਾਉਂਦੇ ਹਨ ਜਿਹੜਾ ਕਿ ਸਭ ਤੋਂ ਵੱਧ ਨੌਜਵਾਨਾਂ ਨੂੰ ਮਾਰਦਾ ਹੈ । ਹੁਣ ਤੁਸੀਂ ਸਮਝਦੇ ਹੋ ਕਿ ਮੈਨੂੰ ਇਹ ਗੱਲ ਕਦੇ ਵੀ ਸਮਝ ਨਹੀਂ ਆ ਸਕਦੀ ।

ਕਾਰਨੂਦੜ ਨੇ ਉੱਚੀ ਆਵਾਜ਼ ਵਿੱਚ ਕਿਹਾ: "ਜੰਗ ਵਹਿਸ਼ੀਪੁਣਾ ਹੈ ਜਦੋਂ ਕੋਈ ਆਪਣੇ ਅਮਨ ਪਸੰਦ ਗੁਆਂਢੀ ਉੱਪਰ ਹਮਲਾ ਕਰਦਾ ਹੈ ਪਰ ਉਸ ਸੂਰਤ ਵਿੱਚ ਇਹ ਪਵਿੱਤਰ ਫਰਜ਼ ਹੈ ਜਦੋਂ ਕੋਈ ਆਪਣੇ ਦੇਸ਼ ਦੀ ਰਾਖੀ ਲਈ ਲੜਦਾ ਹੈ, ।"

ਬੁੱਢੀ ਇਸਤਰੀ ਨੇ ਆਪਣਾ ਸਿਰ ਝੁਕਾਇਆ :

"ਹਾਂ, ਜਦੋਂ ਕੋਈ ਸਵੈ ਰੱਖਿਆ ਕਰਦਾ ਹੈ, ਤਾਂ ਵੱਖਰੀ ਗੱਲ ਹੈ ; ਪਰ ਕਿਉਂ ਨਾ ਸਾਰੇ ਰਾਜਿਆਂ ਨੂੰ ਮਾਰਨਾ ਇਕ ਫ਼ਰਜ਼ ਹੀ ਕਰਾਰ ਦਿੱਤਾ ਜਾਵੇ, ਜਿਹੜੇ ਲੜਾਈਆਂ ਦੀਆਂ ਸਕੀਮਾਂ ਹੀ ਘੜਦੇ ਰਹਿੰਦੇ ਹਨ ?" ਉਸ ਨੇ ਕਿਹਾ ।

ਕਾਰੇਲਾਮੈਡੋਨ ਨੇ ਬੜੀ ਤੀਬਰਤਾ ਨਾਲ ਪਿੱਛੇ ਦੇਖਿਆ । ਭਾਵੇਂ ਉਸ ਦੀ ਉਦਯੋਗ ਕਪਤਾਨ ਵੱਲੋਂ ਅਰੁਚੀ ਹੀ ਸੀ, ਪਰ ਇਸ ਕਿਸਾਨ ਇਸਤਰੀ ਦੀ ਚੰਗੀ ਭਾਵਨਾ ਨੇ ਉਸ ਨੂੰ ਦੇਸ਼ ਵਿੱਚ ਆਉਣ ਵਾਲੀ ਉਸ ਦੌਲਤ ਸੰਬੰਧੀ ਸੋਚਣ ਲਈ ਮਜਬੂਰ ਕਰ ਦਿੱਤਾ, ਅਤੇ ਜੇਕਰ ਇਨ੍ਹਾਂ ਵਿਹਲੜ,ਅਤੇ ਸ਼ਰਾਰਤੀ ਹੱਥਾਂ,

ਜਿਹੜੇ ਹੁਣ ਤਕ ਅਣਉਪਜਾਊ ਕੰਮਾਂ ਵਿੱਚ ਲੱਗੇ ਹੋਏ ਸਨ, ਵੱਡੇ ਉਦਯੋਗਿਕ ਕੰਮ ਵਿੱਚ ਲਾਇਆ ਜਾਵੇ ਜਿਸ ਨੂੰ ਪ੍ਰਾਪਤ ਕਰਨ ਲਈ ਸਦੀਆਂ ਲੋੜੀਂਦੀਆਂ ਹਨ। ਲੋਈਜ਼ੂ ਆਪਣੀ ਥਾਂ ਤੋਂ ਉੱਠ ਕੇ ਸਰਾਂ ਦੇ ਮਾਲਕ ਨਾਲ ਕੋਈ ਹੌਲੀ ਜਿਹੀ ਗੱਲ ਕਰਨ ਚਲਾ ਗਿਆ। ਮਹਾਨ ਆਦਮੀ ਹੱਸਿਆ, ਕੰਬਿਆ, ਚੀਕਿਆ ਅਤੇ ਆਪਣੇ ਮੋਟਾਪੇ ਨੂੰ ਆਪਣੇ ਗੁਆਂਢੀ ਦੇ ਮਖੌਲਾਂ ਸਦਕਾ ਲਰਜਾਉਣ ਲੱਗਾ, ਅਤੇ ਪਰੂਸ਼ੀਅਨ ਦੇ ਜਾਣ ਪਿੱਛੋਂ ਉਹ ਬਹਾਰ ਲਈ ਸ਼ਰਾਬ ਦੇ ਛੇ ਬਕਸੇ ਲਿਆਇਆ।

ਜਿਉਂ ਹੀ ਸੂਪ ਖ਼ਤਮ ਹੋਇਆ, ਉਹ ਕੰਮ ਨਾਲ ਥੱਕ ਚੁੱਕੇ ਸਨ, ਇਸ ਲਈ ਉਹ ਲੇਟ ਗਏ ।

ਜਿਵੇਂ ਕਿਵੇਂ, ਲੋਈਜ਼ੂ ਨੇ ਜਿਸ ਨੇ ਚੀਜ਼ਾਂ ਨੂੰ ਘੋਖਿਆ ਸੀ, ਆਪਣੀ ਪਤਨੀ ਨਾਲ ਬਿਸਤਰੇ ਵਿੱਚ ਜਾਣ ਉਪਰੰਤ ਆਪਣੀਆਂ ਅੱਖਾਂ ਤੇ ਕੰਨ ਦੀਵਾਰ ਦੀ ਸੁਰਾਖ਼ ਨਾਲ ਜੋੜ ਲਏ ਅਤੇ ਮੱਧਵਰਤੀ ਰਸਤੇ ਦੇ ਭੇਦਾਂ ਨੂੰ ਢੂੰਡਣ ਦੀ ਕੋਸ਼ਿਸ਼ ਕਰਨ ਲੱਗਾ।

ਤਕਰੀਬਨ ਇਕ ਘੰਟੇ ਪਿੱਛੋਂ ਉਸ ਨੇ ਟਟੋਲਣ ਦੀ ਆਵਾਜ਼ ਸੁਣੀ ਛੇਤੀ ਨਾਲ ਦੇਖਦਿਆਂ ਉਸ ਨੂੰ ਮੋਟੀ ਲੜਕੀ ਦਾ ਪਤਾ ਲੱਗਾ, ਜੋ ਚਿੱਟੀ ਝਾਲਰ ਵਾਲੀ ਖੁੱਲ੍ਹੀ ਜਿਹੀ ਕਾਲੀ ਛਾਲ ਵਿੱਚ ਹੋਰ ਵੀ ਮੋਟੀ ਲੱਗ ਰਹੀ ਸੀ। ਉਸ ਦੇ ਹੱਥ ਵਿੱਚ ਮੋਮਬੱਤੀ ਸੀ ਅਤੇ ਉਹ ਮੱਧਵਰਤੀ ਰਸਤੇ ਦੇ ਅਖ਼ੀਰਲੇ ਵੱਡੇ ਦਰਵਾਜ਼ੇ ਵੱਲ ਵੱਧ ਰਹੀ ਸੀ ਪਰ ਇਕ ਪਾਸੇ ਦਾ ਦਰਵਾਜ਼ਾ ਖੁੱਲ੍ਹਿਆ, ਅਤੇ ਜਦ ਉਹ ਮੋੜ ਤੋਂ ਕੁਝ ਮਿੰਟਾਂ ਪਿੱਛੋਂ ਮੁੜੀ ਤਾਂ ਕਾਰਨੂਦਤ ਉਸ ਦੇ ਪਿੱਛੇ ਹੋ ਲਿਆ । ਉਹ ਹੌਲੀ ਹੌਲੀ ਬੋਲੇ ਫੇਰ ਚੁੱਪ ਕਰ ਗਏ। ਮੋਟੀ ਲੜਕੀ ਜ਼ੋਰ ਨਾਲ ਆਪਣੇ ਕਮਰੇ ਵਿੱਚ ਵੜਨ ਤੋਂ ਰੁੱਕ ਰਹੀ ਦਿਸਦੀ ਸੀ। ਲੋਈਜ਼ੂ ਬਦਕਿਸਮਤੀ ਨਾਲ, ਉਨ੍ਹਾਂ ਦੇ ਸਾਰੇ ਸ਼ਬਦ ਸੁਣ ਨਾ ਸਕਿਆ, ਪਰ ਅੰਤ ਨੂੰ ਜਦ ਉਹ ਉੱਚੀ ਬੋਲੇ ਤਾਂ ਉਹ ਕੁਝ ਸੁਣਨ ਦੇ ਸਮੱਰਥ ਹੋ ਸਕਿਆ। ਕਾਰਨੂਦਤ ਨੇ ਜੋਸ਼ ਨਾਲ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਕਿਹਾ "ਆ ਹੁਣ ਤੂੰ ਕਮਲੀ ਹੈਂ, ਇਸ ਵਿੱਚ ਹਰਜ ਵੀ ਕੀ ਏ ?"

ਉਸ ਨੇ ਗੁੱਸੇ ਵਿੱਚ ਉੱਤਰ ਦਿੱਤਾ "ਨਹੀਂ, ਮੇਰੇ ਪਿਆਰੇ, ਕੁਝ ਅਜਿਹੇ ਪਲ਼ ਵੀ ਹਨ ਜਦੋਂ ਅਜਿਹੀਆਂ ਗੱਲਾਂ ਅਣਉਚਿਤ ਹੁੰਦੀਆਂ ਹਨ। ਇੱਥੇ ਇਹ ਸ਼ਰਮਨਾਕ ਹੋਵੇਗਾ ।”

ਉਸ ਬੇਪਰਵਾਹ ਨੇ ਕੁਝ ਨਾ ਸਮਝਿਆ ਤੇ ਪੁੱਛਿਆ ਕਿਉਂ, ਤਦ ਉਹ ਆਪਣੀ ਆਵਾਜ਼ ਨੂੰ ਹੋਰ ਵੀ ਉੱਚਿਆਂ ਕਰਦੀ ਚਿੱਲਾ ਉੱਠੀ :
"ਕਿਉਂ" ? ਤੁਸੀਂ ਵੇਖਦੇ ਕਿਉਂ ਨਹੀਂ ? ਜਦੋਂਕਿ ਘਰ ਵਿੱਚ ਪਰੂਸ਼ੀਅਨ ਹਨ, ਨਾਲ ਦੇ ਕਮਰੇ ਵਿੱਚ ਸ਼ਾਇਦ ?"

ਉਹ ਚੁੱਪ ਸੀ। ਵੇਸਵਾ ਦੀ ਇਸ ਦੇਸ਼ ਭਗਤੀ ਦੀ ਸ਼ਰਮ ਨੇ ਉਸ ਦੇ ਅੰਦਰ ਦੇ ਸਵੈਮਾਨ ਨੂੰ ਜਗਾ ਦਿੱਤਾ, ਜਿਹੜਾ ਕਿ ਆਪਣੇ ਦੁਸ਼ਮਣ ਦੇ ਸਾਹਮਣੇ ਉਸ ਦੇ ਲਾਡ ਪਿਆਰ ਦਾ ਅਪਮਾਨ ਨਹੀਂ ਕਰਨਾ ਚਾਹੁੰਦਾ, ਉਹ ਇਕ ਸਾਧਾਰਣ ਚੁੰਮਣ ਲੈਣ ਉਪਰੰਤ ਮਜ਼ਬੂਰਨ ਆਪਣੇ ਦਰਵਾਜ਼ੇ ਵੱਲ ਚਲਾ ਗਿਆ।

ਲੋਈਜ਼ੂ ਨੇ ਉਤਸ਼ਾਹ ਵਿੱਚ ਮੋਰੀ ਛੱਡ ਦਿਤੀ, ਪਜਾਮਾ ਪਾਇਆ, ਆਪ ਆਪਣੇ ਸਾਥੀ ਦੇ ਹੱਡੀਆਂ ਦੇ ਪਿੰਜਰ ਨੂੰ ਢੱਕਣ ਵਾਲੇ ਕੱਪੜੇ ਮੋੜਨੇ ਸਨ, ਜਿਸ ਨੂੰ ਉਸ ਨੇ ਇਕ ਚੁੰਮਣ ਨਾਲ ਇਹ ਕਹਿੰਦਿਆਂ ਉਸ ਨੂੰ ਜਗਾਇਆ ਸੀ, "ਕੀ ਤੂੰ ਮੈਨੂੰ ਪਿਆਰ ਕਰਦਾ ਹੈਂ', ਪਿਆਰੇ ?"

ਇਸ ਤੋਂ ਮਗਰੋਂ ਸਾਰੇ ਘਰ ਵਿੱਚ ਚੁੱਪ ਛਾ ਗਈ। ਇਸ ਤੋਂ ਤੁਰੰਤ ਬਾਅਦ ਕਿਸੇ ਪਾਸਿਓਂ, ਇਹ ਕਹਿਣਾ ਕਠਿਨ ਹੈ ਕਿ ਕਿਹੜੇ ਪਾਸਿਓਂ, ਸ਼ਾਇਦ ਇਹ ਇਕ ਨਿੱਕਾ ਕਮਰਾ ਹੋਵੇ ਪਰ ਵੱਡੀ ਸੰਭਾਵਨਾ ਇਸ ਦੇ ਘੁਰਨਾ ਹੋਣ ਦੀ ਸੀ, ਉਸੇ ਵਿੱਚੋਂ ਉੱਚੇ ਉੱਚੇ ਘੁਰਾੜਿਆਂ ਦੀ ਖੁਸ਼ਕ ਤੇ ਲਗਾਤਾਰ ਭਾਰੀ ਤੇ ਲੰਬੀ ਆਵਾਜ਼ ਆ ਰਹੀ ਸੀ ਜਿਹੜੀ ਕਿ ਉੱਬਲਦੀ ਹੋਈ ਇਕ ਵੱਡੀ ਪਤੀਲੀ ਦੀ ਆਵਾਜ਼ ਵਰਗੀ ਸੀ । ਸ੍ਰੀ ਫੈਲਨਵੀ ਸੁੱਤਾ ਪਿਆ ਸੀ ।

ਕਿਉਂਕਿ ਉਨ੍ਹਾਂ ਨੇ ਅਗਲੀ ਸਵੇਰ ਅੱਠ ਵਜੇ ਚੱਲਣ ਦਾ ਫ਼ੈਸਲਾ ਕਰ ਲਿਆ ਸੀ। ਇਸ ਲਈ ਉਹ ਸਾਰੇ ਲੰਗਰ ਵਿੱਚ ਇਕੱਤਰ ਹੋ ਗਏ । ਪਰ ਗੱਡੀ ਜਿਸ ਦੀ ਛੱਤ ਬਰਫ਼ ਨਾਲ ਢਕੀ ਹੋਈ ਸੀ, ਬਾਕੀ ਘੋੜਿਆਂ ਤੇ ਕੋਚਵਾਨ ਤੋਂ ਬਿਨਾਂ ਚੁੱਪ ਚਾਪ ਖੜ੍ਹੀ ਸੀ । ਉਨ੍ਹਾਂ ਨੇ ਉਸ ਨੂੰ ਤਬੇਲਿਆਂ, ਸੁੱਕੇ ਘਾਹ ਅਤੇ ਬੱਘੀਖਾਨੇ ਵਿੱਚ ਢੂੰਡਿਆ ਪਰ ਉਸ ਦਾ ਕੋਈ ਪਤਾ ਨਾ ਲੱਗਾ, ਤਦ ਉਨ੍ਹਾਂ ਨੇ ਸ਼ਹਿਰ ਵਿੱਚ ਲੱਭਣ ਦਾ ਫ਼ੈਸਲਾ ਕੀਤਾ ਤੇ ਬਾਹਰ ਨੂੰ ਨਿਕਲ ਤੁਰੇ । ਉਨ੍ਹਾਂ ਨੇ ਆਪਣੇ ਆਪ ਨੂੰ ਇਕ ਵਰਗਾਕਾਰ ਵਿੱਚ ਪਾਇਆ ਇਕ ਪਾਸੇ ਗਿਰਜਾ ਸੀ ਤੇ ਦੂਜੇ ਪਾਸੇ ਕੁਝ ਨੀਵੇਂ ਘਰ ਸਨ, ਜਿੱਥੇ ਕਿ ਉਨ੍ਹਾਂ ਨੇ ਕੁਝ ਪਰੂਸ਼ੀਅਨ ਸਿਪਾਹੀਆਂ ਨੂੰ ਵੇਖਿਆ, ਸਭ ਤੋਂ

ਪਹਿਲਾਂ ਉਨ੍ਹਾਂ ਨੇ ਜਿਸ ਨੂੰ ਵੇਖਿਆ ਉਹ ਆਲੂ ਛਿੱਲ ਰਿਹਾ ਸੀ। ਦੂਜਾ ਅੱਗੇ ਨਾਈ ਦੀ ਦੁਕਾਨ 'ਤੇ ਸਫ਼ਾਈ ਕਰ ਰਿਹਾ ਸੀ। ਇਕ ਹੋਰ, ਜਿਸ ਦੇ ਅੱਖਾਂ ਤੱਕ ਦਾਹੜੀ ਆਈ ਹੋਈ ਸੀ, ਇਕ ਦੁੱਖੀ ਬੱਚੇ ਦੀ ਸੇਵਾ ਕਰ ਰਿਹਾ ਸੀ, ਪਾਲਣ ਪੋਸ਼ਣ ਨਾਲ ਉਸ ਨੂੰ ਖੁਸ਼ ਕਰ ਰਿਹਾ ਸੀ ਅਤੇ ਸਾਰੀਆਂ ਮਹਾਨ ਜ਼ਿਮੀਂਦਾਰ ਇਸਤਰੀਆਂ ਨੂੰ ਜਿਨ੍ਹਾਂ ਦੇ ਪਤੀ ਫ਼ੌਜ ਵਿੱਚ ਪਰੇ ਦੂਰ ਸਨ ਆਪਣੇ ਵਫ਼ਾਦਾਰ ਜੇਤੂਆਂ ਲਈ ਕੰਮ ਕਰਨ ਲਈ ਜਿਹੜਾ ਕਿ ਉਹ ਕਰਨਾ ਚਾਹੁੰਣ, ਇਸ਼ਾਰਾ ਕੀਤਾ ਜਾ ਰਿਹਾ ਸੀ ਲੱਕੜਾਂ ਕੱਟਣਾ, ਸੂਪ ਪਕਾਉਣਾ, ਕਾਫੀ ਰਗੜਾਨਾ, ਜਾਂ ਨਹੀਂ ਉਨ੍ਹਾਂ ਵਿੱਚ ਇਕ ਆਪਣੀ ਹਾਸਟੈਸ ਬੁੱਢੀ ਤੇ ਕਮਜ਼ੋਰ ਦਾਦੀ ਦੇ ਕੱਪੜੇ ਵੀ ਧੋ ਰਹੀ ਸੀ।

ਕਾਊਂਟ ਨੇ ਹੈਰਾਨੀ ਨਾਲ ਹਰਕਾਰੇ ਤੋਂ ਪ੍ਰਸ਼ਨ ਪੁੱਛਣੇ ਸ਼ੁਰੂ ਕਰ ਦਿੱਤੇ ਜਿਹੜਾ ਕਿ ਕਟਹਿਰ ਤੋਂ ਬਾਹਰ ਆਇਆ ਸੀ । ਬੁੱਢੇ ਆਦਮੀ ਨੇ ਉੱਤਰ ਦਿੱਤਾ : "ਉਹੋ ! ਉਹ ਆਦਮੀ ਪਾਪੀ ਨਹੀਂ ਹਨ, ਅਸੀਂ ਸੁਣਿਆ ਹੈ ਕਿ ਉਹ ਪਰੂਸ਼ੀਅਨ ਨਹੀਂ ਹਨ। ਉਹ ਬਹੁਤ ਦੂਰ ਹਨ, ਮੈਂ ਨਹੀਂ ਜਾਣਦਾ ਕਿੱਥੋਂ ਅਤੇ ਉਨ੍ਹਾਂ ਨੇ ਆਪਣੇ ਬੱਚੇ ਅਤੇ ਤੀਂਵੀਆਂ ਪਿੱਛੇ ਆਪਣੇ ਦੇਸ਼ ਵਿੱਚ ਛੱਡੀਆਂ ਹੋਈਆਂ ਹਨ, ਮੈਂ ਕਹਿ ਸਕਦਾ ਹਾਂ ਕਿ ਇਹ ਲੜਾਈ ਉਨ੍ਹਾਂ ਲਈ ਕੋਈ ਚਾਅ ਵਾਲੀ ਨਹੀਂ ਮੈਨੂੰ ਵਿਸ਼ਵਾਸ ਹੈ ਉਹ ਵੀ ਆਪਣੇ ਘਰਾਂ ਲਈ ਰੋਂਦੇ ਰਹੇ ਹੋਣਗੇ, ਅਤੇ ਉਨ੍ਹਾਂ ਲਈ ਵੀ ਇਹ ਓਨਾ ਹੀ ਅਫ਼ਸੋਸਜਨਕ ਹੈ ਜਿੰਨਾ ਕਿ ਸਾਡੇ ਲਈ। ਇੱਥੇ ਹੁਣ ਇਸ ਸਮੇਂ ਨਾਖੁਸ਼ੀ ਵਾਲੀ ਕੋਈ ਗੱਲ ਨਹੀਂ, ਕਿਉਂਕਿ ਸਿਪਾਹੀ ਕੋਈ ਨੁਕਸਾਨ ਨਹੀਂ ਪਹੁੰਚਾ ਰਹੇ ਅਤੇ ਉਹ ਇਸ ਤਰ੍ਹਾਂ ਕੰਮ ਕਰ ਰਹੇ ਹਨ ਜਿਵੇਂ ਕਿ ਉਹ ਆਪਣੇ ਘਰਾਂ ਵਿੱਚ ਕਰ ਰਹੇ ਹੋਣ । ਤੁਸੀਂ ਵੇਖੋ, ਸ੍ਰੀਮਾਨ ਜੀ, ਗ਼ਰੀਬ ਲੋਕਾਂ ਵਿੱਚ ਇਹ ਜ਼ਰੂਰੀ ਹੈ ਕਿ ਉਹ ਇਕ ਦੂਜੇ ਦੀ ਸਹਾਇਤ ਕਰਨ, ਲੜਾਈ ਦੇ ਵਾਧੇ ਲਈ ਇਹ ਵਿਸ਼ੇਸ਼ ਲੱਛਣ ਹੈ ।

ਕਾਰਨੂਦਤ ਜੇਤੂਆਂ ਅਤੇ ਹਾਰਨ ਵਾਲਿਆਂ ਦੇ ਸੁਖਾਵੇਂ ਸੰਬੰਧਾਂ ਤੋਂ ਦੁੱਖੀ ਸੀ, ਉਹ ਆਪਣੇ ਆਪ ਨੂੰ ਸਰਾਂ ਵਿੱਚ ਬੰਦ ਕਰ ਲੈਣ ਨੂੰ ਚੰਗਾ ਸਮਝਦਾ ਸੀ। ਲੋਈਜ਼ੂ ਨੇ ਮਖੌਲ ਕੀਤਾ "ਉਹ ਧਰਤੀ ਨੂੰ ਮੁੜ ਆਬਾਦ ਕਰ ਦੇਣਗੇ ।"

ਕਾਰੇ ਲਾਮੈਡੋਨ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ, "ਉਹ ਨੁਕਸਾਨ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ ।"

ਪਰ ਉਨ੍ਹਾਂ ਨੂੰ ਕੋਚਵਾਨ ਨਾ ਮਿਲ ਸਕਿਆ। ਅੰਤ ਨੂੰ, ਉਨ੍ਹਾਂ ਨੇ ਉਸ ਨੂੰ ਪਿੰਡ ਦੀ ਚਾਹ ਦੀ ਦੁਕਾਨ 'ਤੇ ਆਰਡੀਨੈਂਸ ਅਫ਼ਸਰ ਨਾਲ ਭਾਈਚਾਰਕ ਤੌਰ 'ਤੇ ਬੈਠਿਆਂ ਲੱਭ ਲਿਆ । ਕਾਊਂਟ ਨੇ ਉਸ ਨੂੰ ਬਾਹਰ ਬੁਲਾਇਆ :

"ਕੀ ਤੁਹਾਨੂੰ ਅੱਠ ਵਜੇ ਤਿਆਰ ਹੋਣ ਦਾ ਆਦੇਸ਼ ਨਹੀਂ ਸੀ ਮਿਲਿਆ ?"

"ਅੱਛਾ, ਹਾਂ, ਪਰ ਉਸ ਤੋਂ ਮਗਰੋਂ ਹੀ ਮੈਨੂੰ ਦੂਜਾ ਆਦੇਸ਼ ਦਿੱਤਾ ਗਿਆ ।"

"ਕਿਸ ਵੱਲੋਂ ?"

"ਪਰੂਸ਼ੀਅਨ ਕਮਾਂਡਰ ਵੱਲੋਂ ।"

"ਉਹ ਕੀ ਸੀ ?"

'ਘੋੜੇ 'ਤੇ ਕਾਠੀ ਨਹੀਂ ਪਾਉਣੀ ।"

"ਕਿਉਂ" ?"

"ਮੈਂ ਇਸ ਬਾਰੇ ਕੁਝ ਨਹੀਂ ਜਾਣਦਾ । ਜਾਓ ਅਤੇ ਉਸ ਨੂੰ ਪੁੱਛੋ । ਉਨ੍ਹਾਂ ਨੇ ਮੈਨੂੰ ਘੋੜੇ 'ਤੇ ਕਾਠੀ ਪਾਉਣ ਲਈ ਨਹੀਂ ਕਿਹਾ, ਅਤੇ ਮੈਂ ਨਹੀਂ ਪਾ ਰਿਹਾ । ਇਹ ਠੀਕ ਹੈ ।"

"ਕੀ ਹੁਕਮ ਉਸ ਨੇ ਤੁਹਾਨੂੰ ਆਪ ਦਿੱਤਾ ?"

"ਨਹੀਂ ਸ੍ਰੀਮਾਨ ਜੀ, ਸਰਾਂ ਮਾਲਕ ਨੇ ਉਸ ਵੱਲੋਂ ਮੈਨੂੰ ਆਦੇਸ਼ ਦਿੱਤਾ ਸੀ ।"

ਇਹ ਕਦੋਂ ਦੀ ਗੱਲ ਸੀ ?"

"ਪਿਛਲੀ ਸ਼ਾਮ ਦੀ ਜਦੋਂ ਮੈਂ ਸੌਣ ਜਾ ਰਿਹਾ ਸਾਂ ।"

ਤਿੰਨੇ ਆਦਮੀ ਬੜੇ ਦੁੱਖੀ ਵਾਪਸ ਮੁੜੇ । ਉਨ੍ਹਾਂ ਨੇ ਸ੍ਰੀ ਫੈਲੋਨਵੀ ਬਾਰੇ ਪੁੱਛਿਆ, ਪਰ ਨੌਕਰ ਨੇ ਉੱਤਰ ਦਿੱਤਾ ਕਿ ਉਹ ਆਦਮੀ ਦਮੇ ਕਰਕੇ ਦਸ ਵਜੇ ਤੋਂ ਪਹਿਲਾਂ ਨਹੀਂ ਉੱਠਦਾ । ਅਤੇ ਉਸ ਨੂੰ ਇਸ ਤੋਂ ਪਹਿਲਾਂ ਛੁੱਟ ਅੱਗ ਦੇ ਕੇਸ ਤੋਂ ਨਾ ਉਠਾਉਣ ਲਈ ਸਖ਼ਤ ਹਿਦਾਇਤਾਂ ਦਿੱਤੀਆਂ ਹੋਈਆਂ ਹਨ ।

ਉਹ ਅਫ਼ਸਰ ਨੂੰ ਮਿਲਣਾ ਚਾਹੁੰਦੇ ਸਨ, ਪਰ ਇਹ ਬਿਲਕੁਲ ਹੀ ਅਸੰਭਵ ਸੀ, ਜਦੋਂ ਤੱਕ ਕਿ ਉਹ ਸਰਾਂ ਵਿੱਚ ਰਹਿੰਦਾ ਸੀ, ਸ੍ਰੀ ਫੋਲੈਨਵੀ ਨੂੰ ਕੇਵਲ ਇਕੱਲੇ ਹੀ ਸ਼ਹਿਰੀ ਮਾਮਲਿਆਂ ਸੰਬੰਧੀ ਬੋਲਣ ਦਾ ਅਧਿਕਾਰ ਸੀ । ਉਨ੍ਹਾਂ ਨੇ ਉਡੀਕਿਆ। ਇਸਤਰੀਆਂ ਦੁਬਾਰਾ ਆਪਣੇ ਕਮਰਿਆਂ ਵੱਲ ਮੁੜ ਗਈਆਂ ਤੇ ਛੋਟੇ ਛੋਟੇ ਕੰਮਾਂ ਵਿੱਚ ਰੁੱਝ ਗਈਆਂ।

ਕਾਰਨੂਦਤ ਲੰਗਰ ਦੀ ਵੱਡੀ ਚਿਮਨੀ ਕੋਲ ਖੜ੍ਹਾ ਹੋ ਗਿਆ ਜਿੱਥੇ ਅੱਗ ਚੰਗੀ ਮੱਚ ਰਹੀ ਸੀ। ਉਸ ਨੇ ਕੈਫੇ ਵਿੱਚੋਂ ਛੋਟਾ ਮੇਜ਼ ਲਿਆਉਣ ਲਈ ਆਦੇਸ਼ ਦਿੱਤਾ, ਫੇਰ ਇਕ ਬੀਅਰ ਦੀ ਕੇਨ, ਅਤੇ ਫੇਰ ਆਪਣੀ ਪਾਈਪ ਬਾਹਰ ਕੱਢੀ ਜਿਹੜੀ ਉਸ ਦੇ ਆਪਣੇ ਵਾਂਗ ਹੀ ਲੋਕਤੰਤਰਵਾਦੀਆਂ ਵਿੱਚ ਭਾਗ ਲੈਂਦੀ ਸੀ,ਕਿਉਂਕਿ ਕਾਰਨੂਦਤ ਦੀ ਸੇਵਾ ਕਰਦਿਆਂ ਆਪਣੇ ਦੇਸ਼ ਦੀ ਸੇਵਾ ਕਰ ਰਹੀ ਸੀ । ਇਹ ਇਕ ਵਧੀਆ ਪਾਈਪ ਸੀ, ਰੰਗ ਪੈਦਾ ਕਰਨ ਵਾਲੀ ਸਲਾਹੁਣਯੋਗ ਤੰਬਾਕੂ ਪੀਣ ਦੀ ਨਲ਼ੀ, ਆਪਣੇ ਮਾਲਕ ਦੇ ਦੰਦਾਂ ਵਰਗੀ ਕਾਲੀ, ਪਰ ਸੁਗੰਧਿਤ, ਮੁੜੀ ਹੋਈ, ਜਗਮਗਾਉਂਦੀ, ਹੱਥ ਲਈ ਸੁਖਾਵੀਂ ਮੁਹਾਂਦਰੇ ਦਾ ਸੰਪੂਰਨ ਪ੍ਰਗਟਾਵਾ ਕਰਨ ਵਾਲੀ । ਅਤੇ ਉਹ ਅਹਿਲ ਖੜ੍ਹਾ ਰਿਹਾ, ਉਸ ਦੀਆਂ ਅੱਖਾਂ ਅੱਗ ਦੀ ਲਾਟ ’ਤੇ ਇਉਂ ਟਿਕੀਆਂ ਹੋਈਆਂ ਸਨ ਜਿਵੇਂ ਉਸ ਦੀ ਮਨਭਾਉਂਦੀ ਸ਼ਰਾਬ ਅਤੇ ਝੱਗਦਾਰ ਤਾਜ ’ਤੇ ਟਿਕੀਆਂ ਹੁੰਦੀਆਂ ਹਨ; ਅਤੇ ਹਰ ਵਾਰ ਜਦੋਂ ਉਹ ਪੀਂਦਾ ਤਾਂ ਉਹ ਆਪਣੀਆਂ ਪਤਲੀਆਂ ਲੰਬੀਆਂ ਉਂਗਲਾਂ ਆਪਣੇ ਚਿੱਟੇ ਵਾਲ਼ਾਂ ਵਿੱਚ ਫੇਰਦਾ, ਸੁੱਖ ਦਾ ਸਾਹ ਲੈਂਦਾ, ਜਿਸ ਪਿੱਛੋਂ ਉਹ ਆਪਣੀਆਂ ਮੁੱਛਾਂ ਦੇ ਝੱਗ ਨਾਲ ਭਿੱਜੇ ਸਿਰਿਆਂ ਨੂੰ ਚੂਸਦਾ।

ਲੋਈਜ਼ੂ ਆਪਣੀਆਂ ਲੱਤਾਂ ਨੂੰ ਸਿੱਧਾ ਕਰਨ ਦੇ ਬਹਾਨੇ ਪਿੰਡਾਂ ਦੇ ਪਰਚੂਨ ਵੇਚਣ ਵਾਲਿਆਂ ਪਾਸ ਸ਼ਰਾਬ ਰੱਖਣ ਚਲਾ ਗਿਆ । ਕਾਊਂਟ ਤੇ ਉਤਪਾਦਕ ਰਾਜਨੀਤੀ ਬਾਰੇ ਗੱਲਾਂ ਕਰਨ ਲੱਗ ਪਿਆ । ਉਹ ਫਰਾਂਸ ਦਾ ਭਵਿੱਖ ਦੇਖ ਸਕਦੇ ਸਨ । ਉਨ੍ਹਾਂ ਵਿੱਚੋਂ ਇਕ ਸੂਤੀ ਕੱਪੜੇ ਵਿੱਚ ਯਕੀਨ ਰੱਖਦਾ ਸੀ, ਦੂਜਾ ਕਿਸੇ ਦੇਸ਼ ਰੱਖਿਅਕ ਨੇਤਾ ਵਿੱਚ ਜੋ ਅਜਿਹਾ ਸੂਰਬੀਰ ਹੋਵੇ ਜੋ ਸਾਰਿਆਂ ਦੇ ਨਿਰਾਸਤਾ ਵਿੱਚ ਹੋਣ ਸਮੇਂ ਸੂਰਬੀਰਤਾ ਪ੍ਰਗਟਾ ਸਕੇ । ਜਿਵੇਂ ਕਿ ਗੈਸਕਲਿਨ ਜਾਂ ਜੌਨ ਆਫ਼ ਆਰਕ ਜਾਂ ਸ਼ਾਇਦ ਨਿਪੋਲੀਅਨ ਪਹਿਲਾ । ਕਾਸ਼ ਕਿ ਰਾਜ ਕੁਮਾਰ ਇੰਪੀਰੀਅਲ ਇੰਨਾ ਛੋਟਾ ਨਾ ਹੁੰਦਾ । ਕਾਰਨੂਦਤ ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ ਅਤੇ ਇਉਂ ਹੱਸ ਪਿਆ ਜਿਵੇਂ ਕਿਸਮਤ ਉਸੇ ਦੇ ਹੱਥਾਂ ਵਿੱਚ ਹੋਵੇ । ਉਸ ਦੀ ਪਾਈਪ ਨੇ ਰਸੋਈ ਨੂੰ ਮਹਿਕਾ ਦਿੱਤਾ।

ਜਿਉਂ ਹੀ ਘੜੀ ’ਤੇ ਦਸ ਵਜੇ ਸ੍ਰੀ ਫੋਲੈਨਵੀ ਆ ਗਿਆ। ਉਨ੍ਹਾਂ ਉਸ ਤੋਂ ਬੜੀ ਤੀਬਰਤਾ ਨਾਲ ਪ੍ਰਸ਼ਨ ਪੁੱਛੇ, ਪਰ ਉਸ ਨੇ ਬਿਨਾ ਕੋਈ ਤਬਦੀਲੀ ਕੀਤੇ ਦੋ ਜਾਂ ਤਿੰਨ ਵਾਰ ਇਹ ਸ਼ਬਦ ਦੁਹਰਾਏ ।

“ਅਫ਼ਸਰ ਨੇ ਮੈਨੂੰ ਆਖਿਆ ਸ੍ਰੀ ਫੋਲੈਨਵੀ, ਧਿਆਨ ਰੱਖਣਾ ਬੱਘੀ ਅੱਜ ਉਨ੍ਹਾਂ ਮੁਸਾਫ਼ਰਾਂ ਨੂੰ ਢੋਣ ਲਈ ਨਹੀਂ ਹੈ । ਮੈਂ ਨਹੀਂ ਚਾਹੁੰਦਾ ਕਿ ਉਨ੍ਹਾਂ ਨੂੰ ਮੇਰੀ ਆਗਿਆ ਤੋਂ ਬਿਨਾਂ ਛੱਡ ਦਿੱਤਾ ਜਾਵੇ । ਇਹ ਹੀ ਕਾਫੀ ਹੈ । "ਤਦ ਉਹ ਅਫ਼ਸਰ ਨੂੰ ਮਿਲਣਾ ਚਾਹੁੰਦੇ ਸਨ। ਕਾਊਂਟ ਨੇ ਉਸ ਨੂੰ ਆਪਣਾ ਕਾਰਡ ਭੇਜ ਦਿੱਤਾ ਜਿਸ ਉੱਪਰ ਕਾਰੇ ਲਾਮੈਡੋਨ ਨੇ ਅਪਣਾ ਨਾਂ ’ਤੇ ਸਾਰੇ ਖ਼ਿਤਾਬ ਲਿਖੇ ਹੋਏ ਸ । ਪਰੂਸ਼ੀਅਨ ਨੇ ਵਾਪਸ ਸੁਨੇਹਾ ਭੇਜਿਆ ਕਿ ਉਹ ਦੋ ਸ਼ਰੀਫ਼ ਆਦਮੀਆਂ ਨੂੰ ਨਾਸ਼ਤਾ ਕਰਨ ਉਪਰੰਤ ਮਿਲੇਗਾ, ਅਰਥਾਤ ਤਕਰੀਬਨ ਇਕ ਵਜੇ ।

ਇਸਤਰੀਆਂ ਮੁੜ ਪਰਤ ਆਈਆਂ ਅਤੇ ਉਨ੍ਹਾਂ ਨੇ ਰੌਲ਼ੇ ਰੱਪੇ ਦੇ ਬਾਵਜੂਦ ਕੁਝ ਥੋੜ੍ਹਾ ਬਹੁਤ ਖਾਧਾ । ਮੋਟੀ ਲੜਕੀ ਬਿਮਾਰ ਵਧੇਰੇ ਹੀ ਦੁੱਖੀ ਜਾਪਦੀ ਸੀ ।

ਉਹ ਕਾਫ਼ੀ ਮੁਕਾਉਣ ਵਾਲੇ ਹੀ ਸਨ ਜਦੋਂਕਿ ਸੁਨੇਹਾ ਮਿਲਿਆ ਕਿ ਅਫ਼ਸਰ ਉਨ੍ਹਾਂ ਨੂੰ ਮਿਲਣ ਵਾਸਤੇ ਤਿਆਰ ਹੈ। ਲੋਈਜ਼ੂ ਵੀ ਉਨ੍ਹਾਂ ਵਿੱਚ ਸ਼ਾਮਲ ਹੋਇਆ; ਪਰ ਜਦੋਂ ਉਨ੍ਹਾਂ ਨੇ ਕਾਰਨੂਦਤ ਨੂੰ ਆਪਣੇ ਪੱਖ ਨੂੰ ਵਧੇਰੇ ਮਜ਼ਬੂਤ ਕਰਨ ਲਈ ਸ਼ਾਮਲ ਕਰਨਾ ਚਾਹਿਆ ਤਾਂ ਉਸ ਨੇ ਮਾਣ ਨਾਲ ਕਿਹਾ ਕਿ ਉਸ ਦਾ ਜਰਮਨ ਨਾਲ ਕੋਈ ਸੰਬੰਧ ਨਹੀਂ; ਅਤੇ ਉਹ ਆਪਣੇ ਚਿਮਨੀ ਵਾਲੇ ਕੋਨੇ ਵੱਲ ਚਲਾ ਗਿਆ ਅਤੇ ਉਸ ਨੇ ਬੀਅਰ ਦੇ ਇਕ ਹੋਰ ਲੀਟਰ ਲਈ ਆਦੇਸ਼ ਦਿੱਤਾ

ਤਿੰਨੇ ਜਣੇ ਪੌੜੀਆਂ ਚੜ੍ਹ ਗਏ ਅਤੇ ਸਰਾਂ ਦੇ ਵਧੀਆ ਕਮਰੇ ਵਿੱਚ ਪੁੱਜੇ ਜਿੱਥੇ ਅਫ਼ਸਰ ਜਿਹੜਾ ਕਿ ਇਕ ਆਰਾਮ ਕੁਰਸੀ ਵਿੱਚ ਬੈਠਾ ਸੀ, ਉਨ੍ਹਾਂ ਨੂੰ ਮਿਲਿਆ—ਉਸ ਨੇ ਆਪਣੇ ਪੈਰ ਅੰਗੀਠੀ ’ਤੇ ਰੱਖੇ ਹੋਏ ਸਨ ਅਤੇ ਉਹ ਲੰਬੀ ਪੱਥਰ ਦੀ ਪਾਈਪ ਪੀ ਰਿਹਾ ਸੀ ਅਤੇ ਉਸ ਨੇ ਇਕ ਭੜਕੀਲਾ ਚੋਗਾ ਪਾਇਆ ਹੋਇਆ ਸੀ ਅਤੇ ਇਸ ਵਿੱਚ ਸ਼ੱਕ ਨਹੀਂ ਕਿ ਇਹ ਚੋਗਾ ਉਸ ਨੇ ਕਿਸੇ ਭੱਦੀ ਰੁੱਚੀ ਵਾਲੇ ਸ਼ਹਿਰੀ ਤੋਂ ਪ੍ਰਾਪਤ ਕੀਤਾ ਸੀ । ਨਾ ਉਹ ਖੜ੍ਹਾ ਹੋਇਆ ਅਤੇ ਨਾ ਹੀ ਉਨ੍ਹਾਂ ਦਾ ਕਿਸੇ ਤਰ੍ਹਾਂ ਸੁਆਗਤ ਕੀਤਾ, ਇੱਥੋਂ ਤੱਕ ਕਿ ਉਸ ਨੇ ਉਨ੍ਹਾਂ ਵੱਲ ਤੱਕਿਆ ਵੀ ਨਾ। ਇਹ ਇਕ ਸੁਭਾਵਿਕ ਬਦਮਾਸ਼ੀ ਦਾ ਵਿਖਾਵਾ ਸੀ ਜਿਸਨੇ ਕਿ ਜੇਤੂ ਸੈਨਿਕ ਦਾ ਰੂਪ ਧਾਰ ਲਿਆ ਸੀ।

ਕੁਝ ਪਲ਼ ਬੀਤਣ ਪਿੱਛੋਂ ਉਸ ਨੇ ਪੁੱਛਿਆ, "ਤੁਸੀਂ ਕੀ ਚਾਹੁੰਦੇ ਹੋ ?”

ਕਾਊਂਟ ਨੇ ਬੋਲਣਾ ਸ਼ੁਰੂ ਕੀਤਾ, "ਸ੍ਰੀਮਾਨ ਜੀ, ਅਸੀਂ ਆਪਣੇ ਘਰ ਜਾਣਾ ਚਾਹੁੰਦੇ ਹਾਂ।"

"ਨਹੀਂ",

"ਕੀ ਮੈਂ ਨਾਂਹ ਦਾ ਕਾਰਨ ਪੁੱਛ ਸਕਦਾ ਹਾਂ।"

"ਕਿਉਂਕਿ ਮੈਂ ਇਸ ਨੂੰ ਪਸੰਦ ਨਹੀਂ ਕਰਦਾ।"

"ਪਰ ਮੈਂ ਆਦਰ ਸਹਿਤ ਬੇਨਤੀ ਕਰਦਾ ਹਾਂ ਕਿ ਤੁਹਾਡੇ ਜਨਰਲ-ਇਨ-ਚੀਫ਼ ਨੇ ਸਾਨੂੰ ਡਾਈਪ ਜਾਣ ਦੀ ਆਗਿਆ ਦੇ ਦਿੱਤੀ ਹੈ, ਅਤੇ ਮੈਂ ਨਹੀਂ ਜਾਣਦਾ ਕਿ ਅਸੀਂ ਤੁਹਾਡੀ ਨਾਰਾਜ਼ਗੀ ਵਾਲੀ ਕੋਈ ਗੱਲ ਕੀਤੀ ਹੈ।

"ਮੈਂ ਨਹੀਂ ਚਾਹੁੰਦਾ-ਠੀਕ ਹੈ—ਤੁਸੀਂ ਜਾ ਸਕਦੇ ਹੋ।"

ਤਿੰਨਾਂ ਨੇ ਝੁਕ ਕੇ ਸਲਾਮ ਆਖੀ ਤੇ ਵਾਪਸ ਚਲੇ ਗਏ।

ਇਹ ਦੁਪਹਿਰ ਰੋਣ ਹਾਕੀ ਸੀ। ਉਹ ਜਰਮਨ ਦੀ ਭਾਵਨਾ ਨੂੰ ਸਮਝ ਨਾ ਸਕੇ, ਉਨ੍ਹਾਂ ਦੇ ਵਿੱਚ ਉਨ੍ਹਾਂ ਨੂੰ ਤੰਗ ਕਰਨ ਵਾਲੇ ਖ਼ਿਆਲ ਆ ਰਹੇ ਸਨ। ਹਰ ਵਿਅਕਤੀ ਲੰਗਰ ਵਿੱਚ ਜਾ ਖੜ੍ਹਿਆ ਤੇ ਸਥਿਤੀ ਬਾਰੇ ਲਗਾਤਾਰ ਸੋਚਣ ਲੱਗਾ, ਅਣਹੋਣੀਆਂ ਬਾਰੇ ਆਸ ਕਰਨ ਲੱਗਾ। ਸ਼ਾਇਦ ਉਨ੍ਹਾਂ ਨੂੰ ਬਾਨਾ ਦੇ ਤੌਰ 'ਤੇ ਰੋਕ ਲਿਆ ਗਿਆ ਹੋਵੇ। ਪਰ ਕਦੋਂ ਤੱਕ ? - ਜਾ ਕੈਦੀ ਬਣਾਇਆ ਹੋਵੇ -ਜਾਂ ਮੁੜਾਈ ਵਜੋਂ ਕੁਝ ਪੈਸੇ ਮੰਗੇ ਜਾਣ। ਇਸ ਖ਼ਿਆਲ ਨਾਲ ਇਕ ਦਹਿਸ਼ਤ ਜਿਹੀ ਛਾ ਗਈ। ਬਹੁਤੇ ਅਮੀਰ ਬਹੁਤੇ ਡਰੇ ਹੋਏ ਸਨ, ਪਹਿਲਾਂ ਹੀ ਆਪਣੀਆਂ ਜਾਨਾਂ ਬਦਲੇ ਇਸ ਗੁਸਤਾਖ਼ ਸਿਪਾਹੀ ਦੇ ਹੱਥਾਂ ਵਿੱਚ ਸੋਨੇ ਦੀਆਂ ਥੈਲ਼ੀਆਂ ਦੇਣ ਵਾਸਤੇ ਮਜਬੂਰ ਹੋ ਰਹੇ ਸਨ। ਉਹ ਕਿਸੇ ਅਜਿਹੇ ਮੰਨਣਯੋਗ ਝੂਠ ਪ੍ਰਤੀ ਆਪਣੇ ਕਿਆਸ ਦੌੜਾ ਰਹੇ ਸਨ ਜਿਸ ਨਾਲ ਕਿ ਉਹ ਆਪਣੀ ਦੌਲਤ ਨੂੰ ਛੁਪਾ ਰੱਖਣ ਅਤੇ ਆਪਣੇ ਆਪ ਹੀ ਗ਼ਰੀਬ ਅਤੇ ਬਹੁਤ ਗ਼ਰੀਬ ਲੋਕਾਂ ਵਿੱਚ ਵੰਡ ਦੇਣ। ਲੋਈਜ਼ੂ ਨੇ ਆਪਣੀ ਘੜੀ ਨੂੰ ਚਾਬੀ ਦਿੱਤੀ ਤੇ ਜੇਬ ਵਿੱਚ ਪਾ ਲਿਆ। ਆਉਣ ਵਾਲੀ ਰਾਤ ਨੇ ਉਨ੍ਹਾਂ ਦੀ ਚਿੰਤਾ ਹੋਰ ਵੀ ਵਧਾ ਦਿੱਤੀ। ਲੈਂਪ ਜਗਾਇਆ ਗਿਆ, ਰਾਤ ਦੇ ਖਾਣੇ ਵਿੱਚ ਅਜੇ ਦੋ ਘੰਟੇ ਬਾਕੀ ਸਨ, ਮੈਡਮ ਲੋਈਜ਼ੂ ਨੇ ਇਕੱਤਰੀ ਦੀ ਇਕ ਖੇਡ ਦਾ ਸੁਝਾਅ ਦਿੱਤਾ। ਇਹ ਇਕ ਮਨ ਪਰਚਾਵਾ ਹੋਵੇਗਾ। ਉਨ੍ਹਾਂ ਨੇ ਪਰਵਾਨ ਕੀਤਾ, ਕਾਰਨੂਦਤ ਨੇ ਵੀ ਆਪਣੀ ਪਾਈਪ ਦਾ ਧੂੰਆਂ ਬਾਹਰ ਕੱਢਦਿਆਂ ਸਭਿਅਕ ਤੌਰ 'ਤੇ ਭਾਗ ਲਿਆ।

ਕਾਊਂਟ ਨੇ ਤਾਸ਼ ਦੇ ਪੱਤੇ ਰਲਾਏ, ਵੰਡੇ ਅਤੇ ਮੋਟੀ ਲੜਕੀ ਨੂੰ ਸ਼ੁਰੂ ਵਿੱਚ ਹੀ ਇਕੱਤੀ ਆ ਗਏ ਸਨ, ਅਤੇ ਇਸ ਰੁਝਾਨ ਨਾਲ ਉਨ੍ਹਾਂ ਦੇ ਮਨ ਨੂੰ ਘੜੀ ਮੁੜੀ ਸਤਾਉਣ ਵਾਲਾ ਡਰ ਘੱਟ ਗਿਆ। ਤਦ ਕਾਰਨੂਦਤ ਨੇ ਸਮਝਿਆ ਕਿ ਲੋਈਜ਼ੂ ਦਾ ਘਰ ਧੋਖਾ ਦਿਹੀ ਲਈ ਸੀ।

ਜਦੋਂ ਉਹ ਖਾਣੇ ਵਾਲੇ ਮੇਜ਼ ਵੱਲ ਜਾ ਰਹੇ ਸਨ, ਤਾਂ ਸ੍ਰੀ ਫੋਲੈਨਵੀ ਦੁਬਾਰਾ ਉੱਥੇ ਆ ਗਿਆ ਅਤੇ ਸੂਕਦੀ ਤੇ ਭਰੜਾਂਦੀ ਆਵਾਜ਼ ਵਿੱਚ ਕਹਿਣ ਲੱਗਾ। "ਪਰੂਸ਼ੀਅਨ ਅਫ਼ਸਰ ਨੇ ਮੈਨੂੰ ਕੁਮਾਰੀ ਅਲਿਜਬੈਥ ਰੂਸੇਟ ਤੋਂ ਪੁੱਛਣ ਲਈ ਆਦੇਸ਼ ਦਿੱਤਾ ਹੈ ਕਿ ਕੀ ਉਸ ਨੇ ਆਪਣਾ ਮਨ ਬਦਲ ਲਿਆ ਹੈ ।"

ਮੋਟੀ ਲੜਕੀ ਉੱਥੇ ਹੀ ਖੜ੍ਹੇ ਗਈ ਤੇ ਪੀਲੀ ਹੋ ਗਈ, ਤਦ ਉਹ ਲਾਲ ਹੋ ਗਈ, ਉਸ ਨੂੰ ਇੰਨਾ ਗ਼ੁੱਸਾ ਆਇਆ ਕਿ ਉਹ ਬੋਲ ਹੀ ਨਾ ਸਕੀ । ਉਹ ਭੜਕ ਕੇ ਬੋਲੀ, "ਤੂੰ ਉਸ ਭੱਦੇ ਜਾਨਵਰ ਨੂੰ, ਉਸ ਮੂਰਖ ਨੂੰ, ਦੱਸ ਦੇ ਕਿ ਮੈਂ ਇਸ ਨੂੰ ਕਦੇ ਨਹੀਂ ਬਦਲਾਂਗੀ, ਕਦੇ ਨਹੀਂ, ਕਦੇ ਨਹੀਂ ਕਦੇ ਨਹੀਂ ।

ਸਰਾਂ ਦਾ ਮਾਲਕ ਬਾਹਰ ਚਲਾ ਗਿਆ । ਉਸ ਮੋਟੀ ਲੜਕੀ ਨੂੰ ਸਾਰਿਆਂ ਨੇ ਇਕਦਮ ਘੇਰ ਲਿਆ, ਸਵਾਲ ਪੁੱਛ ਅਤੇ ਉਸ ਨੂੰ ਉਸ ਦੇ ਆਉਣ ਦੇ ਭੇਦ ਬਾਰੇ ਪੁੱਛਿਆ, ਪਹਿਲਾਂ ਤਾਂ ਉਸ ਨੇ ਨਾਂਹ ਨੁੱਕਰ ਕੀਤੀ, ਪਰ ਛੇਤੀ ਹੀ ਉਸ ਨੇ ਗ਼ੁੱਸੇ ਹੋ ਕੇ ਕਿਹਾ, "ਉਹ ਕੀ ਚਾਹੁੰਦਾ ਹੈ ? ਤੁਸੀਂ ਵਾਸਤਵ ਵਿੱਚ ਇਹ ਜਾਣਨਾ ਚਾਹੁੰਦੇ ਹੋ ਕਿ ਉਹ ਕੀ ਚਾਹੁੰਦਾ ਹੈ ? ਉਹ ਮੇਰੇ ਨਾਲ ਸੌਣਾ ਚਾਹੁੰਦਾ ਹੈ। ਸਾਰਿਆਂ ਨੂੰ ਗੁੱਸਾ ਚੜ੍ਹ ਗਿਆ ਤੇ ਉਹ ਬੋਲ ਵੀ ਨਾ ਸਕੇ, ਕਾਰਨੂਦਤ ਨੇ ਆਪਣਾ ਗਲਾਸ ਗੁੱਸੇ ਨਾਲ ਤੋੜਿਆ ਅਤੇ ਆਪਣਾ ਹੱਥ ਜ਼ੋਰ ਨਾਲ ਮੇਜ਼ 'ਤੇ ਮਾਰਿਆ । ਇਸ ਕਮੀਨੇ ਫ਼ੌਜੀ ਵਿਰੁੱਧ ਗ਼ੁੱਸਾ ਭੜਕ ਉੱਠਿਆ ਅਤੇ ਨੁਕਤਾਚੀਨੀ ਦਾ ਸ਼ੋਰ ਮੱਚ ਗਿਆ । ਇਉਂ ਭਾਸਦਾ ਸੀ ਜਿਵੇਂ ਕਿ ਉਸ ਲੜਕੀ ਨੂੰ ਕੁਰਬਾਨੀ ਦਾ ਬੱਕਰਾ ਬਣਾਇਆ ਜਾ ਰਿਹਾ ਹੋਵੇ । ਕਾਊਂਟ ਨੇ ਐਲਾਨ ਕੀਤਾ ਕਿ ਉਹ ਲੋਕ ਤਾਂ ਇਹੋ ਜਿਹਾ ਵਰਤਾਓ ਕਰ ਰਹੇ ਸਨ ਜਿਵੇਂ ਕਿ ਪ੍ਰਾਚੀਨ ਸਮੇਂ ਦੇ ਵਹਿਸ਼ੀ ਲੋਕ ਕਰਦੇ ਸਨ । ਇਸਤਰੀਆਂ ਨੇ ਵਿਸ਼ੇਸ਼ ਕਰਕੇ ਮੋਟੀ ਲੜਕੀ ਨਾਲ ਹਮਦਰਦੀ ਦਰਸਾਈ । ਦੋਵੇਂ ਸਾਊ ਭੈਣਾਂ ਨੇ ਜਿਹੜੀਆਂ ਖਾਣੇ ਵੇਲੇ ਆਉਂਦੀਆਂ ਸਨ, ਨੀਵੀਂ ਪਾ ਲਈ ਅਤੇ ਕੁਝ ਨਾ ਕਿਹਾ। ਪਰ ਉਨ੍ਹਾਂ ਨੇ ਫੇਰ ਵੀ ਖਾਣਾ ਖਾਧਾ, ਜਦੋਂ ਪਹਿਲੀ ਹਲਚਲ ਖ਼ਤਮ ਹੋਈ । ਪਰ ਉੱਥੇ ਥੋੜ੍ਹੀ ਬਹੁਤ ਗੱਲਬਾਤ ਹੋਈ; ਉਹ ਸੋਚ ਰਹੇ ਸਨ ।

ਇਸਤਰੀਆਂ ਛੇਤੀ ਮੁੜ ਆਈਆਂ, ਅਤੇ ਆਦਮੀ ਸਿਗਰਟਾਂ ਪੀਂਦੇ ਤਾਸ਼ ਖੇਡਣ ਲੱਗ ਪਏ ਜਿਸ ਵਿੱਚ ਫੋਲੈਨਵੀ ਨੂੰ ਵੀ ਬੁਲਾਇਆ ਗਿਆ ਸੀ, ਉਹ ਉਸ ਨੂੰ ਇਸ ਅਫ਼ਸਰ ਦੀ ਨਾਂਹ ਨੂੰ ਹਾਂ ਵਿੱਚ ਬਦਲਣ ਸੰਬੰਧੀ ਕੁਝ ਪ੍ਰਸ਼ਨ ਪੁੱਛਣਾ ਚਾਹੁੰਦੇ

ਸਨ । ਪਰ ਉਹ ਤਾਸ਼ ਤੋਂ ਬਿਨਾਂ ਕੁਝ ਸੋਚ ਹੀ ਨਹੀਂ ਸੀ ਰਿਹਾ ਅਤੇ ਨਾ ਕੁਝ ਸੁਣ ਰਿਹਾ ਸੀ ਤੇ ਨਾ ਉੱਤਰ ਦੇ ਰਿਹਾ ਸੀ, ਮੁੜ ਮੁੜ ਆਖ ਰਿਹਾ ਸੀ: "ਖੇਡ ਦੀ ਗੱਲ ਕਰੋ ਸ੍ਰੀਮਾਨ ਜੀ ਖੇਡ ਦੀ ਗੱਲ ਕਰੋ । "ਉਸ ਦਾ ਧਿਆਨ ਇੰਨਾ ਖੁੱਭਿਆ ਹੋਇਆ ਸੀ ਕਿ ਉਹ ਸਾਹ ਬਾਹਰ ਕੱਢਣਾ ਵੀ ਭੁੱਲ ਗਿਆ, ਤਾਂ ਜੋ ਫੇਫੜਿਆਂ ਦੇ ਜ਼ੋਰ ਨਾਲ ਉਹ ਹੋਰ ਨੰਬਰ ਲੈ ਜਾਵੇ । ਸੀਟੀ ਦੀ ਆਵਾਜ਼ ਪੈਦਾ ਕਰਨ ਵਾਲੇ ਉਸ ਦੇ ਫੇਫੜਿਆਂ ਨੇ ਦਮੇ ਦੀਆਂ ਸਾਰੀਆਂ ਡਿਗਰੀਆਂ ਵਿਖਾ ਦਿੱਤੀਆਂ, ਡੂੰਘੀ ਗੰਭੀਰ ਆਵਾਜ਼ ਤੋਂ ਲੈ ਕੇ ਮੋਟੀ ਆਵਾਜ਼ ਤੱਕ ਜਿਵੇਂ ਕੁੱਕੜ ਬਾਂਗ ਦੇਣੀ ਸਿੱਖਦਾ ਹੈ।

ਇੱਥੋਂ ਤੱਕ ਕਿ ਉਸ ਨੇ ਵਾਪਿਸ ਜਾਣ ਤੋਂ ਵੀ ਇਨਕਾਰ ਕਰ ਦਿੱਤਾ ਜਦੋਂਕਿ ਉਸ ਦੀ ਪਤਨੀ ਇਕ ਵਾਰ ਸੌਣ ਉਪਰੰਤ ਉਸ ਨੂੰ ਬੁਲਾਉਣ ਆਈ। ਉਹ ਇਕੱਲੀ ਹੀ ਪਰ੍ਹੇ ਚਲੀ ਗਈ ਕਿਉਂਕਿ ਉਹ ਛੇਤੀ ਸੌਣ ਵਾਲੀ ਤੇ ਸੂਰਜ ਚੜ੍ਹੇ ਉੱਠਣ ਵਾਲੀ ਸੀ, ਜਦੋਂਕਿ ਉਸ ਦਾ ਪਤੀ " ਰਾਤ ਦਾ ਉੱਲੂ "ਸੀ ਜੋ ਆਪਣੇ ਯਾਰਾਂ ਨਾਲ ਰਾਤ ਬਿਤਾਉਣ ਵਾਸਤੇ ਸਦਾ ਤਿਆਰ ਰਹਿੰਦਾ ਸੀ । ਉਸ ਨੇ ਉਸ ਨੂੰ ਆਵਾਜ਼ ਮਾਰੀ : ਮੇਰੇ ਮਲਾਈ ਰੰਗੇ ਚੂਚੇ ਨੂੰ ਅੱਗੇ ਕੋਲੋਂ ਛੱਡ ਦਿਓ।" ਅਤੇ ਫੇਰ ਆਪਣੀ ਖੇਡ ਵਿੱਚ ਰੁੱਝ ਗਿਆ। ਜਦੋਂ ਉਨ੍ਹਾਂ ਨੇ ਸਮਝਿਆ ਕਿ ਉਹ ਉਸ ਕੋਲੋਂ ਕੁਝ ਨਹੀਂ ਲੈ ਸਕਦੇ ਤਾਂ ਉਨ੍ਹਾਂ ਨੇ ਖੇਡ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ, ਅਤੇ ਹਰ ਕੋਈ ਆਪਣਾ ਬਿਸਤਰਾ ਢੂੰਡਣ ਲੱਗਾ ।

ਅਗਲੀ ਸਵੇਰ ਉਹ ਬਾਹਰ ਜਾਣ ਦੀ ਨਾਉਮੀਦੀ ਅਤੇ ਇਕ ਦਿਨ ਹੋਰ ਇਸੇ ਵੱਡੀ ਸਰਾਂ ਵਿੱਚ ਗੁਜ਼ਰਨ ਦੇ ਡਰ ਨਾਲ ਅੱਗ ਤੋਂ ਵੀ ਪਹਿਲਾਂ ਉੱਠੇ।

ਅਫ਼ਸੋਸ! ਘੋੜੇ ਤਬੇਲੇ ਵਿੱਚ ਹੀ ਰਹੇ ਤੇ ਕੋਚਵਾਨ ਵੀ ਕਿਧਰੇ ਨਜ਼ਰ ਨਹੀਂ ਸੀ ਆਉਂਦਾ । ਚੰਗੇ ਕੰਮਕਾਰ ਦੀ ਭਾਲ਼ ਵਿੱਚ ਉਹ ਬਾਹਰ ਨਿਕਲੇ ਅਤੇ ਗੱਡੀ ਦੇ ਦੁਆਲੇ ਚੱਕਰ ਲਾਇਆ।

ਨਾਸ਼ਤਾ ਬਹੁਤ ਵਿਸ਼ਾਦਮਈ ਸੀ, ਅਤੇ ਇਹ ਵੀ ਸਪੱਸ਼ਟ ਸੀ ਕਿ ਮੋਟੀ ਲੜਕੀ ਵੱਲ ਕੁਝ ਸਦਭਾਵਨਾ ਪੈਦਾ ਹੋ ਗਈ ਸੀ ਅਤੇ ਉਸੇ ਰਾਤ ਨੂੰ, ਜਿਸ ਨੂੰ ਕੌਂਸਲ ਦੀ ਮੀਟਿੰਗ ਸੀ, ਉਨ੍ਹਾਂ ਦੇ ਫ਼ੈਸਲੇ ਨੇ ਕੁਝ ਬਦਲ ਦਿੱਤਾ ਸੀ। ਹੁਣ ਉਹ ਲਗਭਗ ਇਹ ਚਾਹੁੰਦੇ ਸਨ ਕਿ ਪਰੂਸ਼ੀਅਨ ਨੇ ਚੋਰੀ ਛਿਪੇ ਹੀ ਇਸ ਲੜਕੀ ਨੂੰ ਪ੍ਰਾਪਤ ਕਰ ਲਿਆ ਸੀ ਤਾਂ ਜੋ ਉਹ ਉਸ ਦੇ ਸਾਥੀਆਂ ਨੂੰ ਸਵੇਰ ਨੂੰ ਹੈਰਾਨ ਕਰ ਸਕੇ। ਇਸ ਤੋਂ ਹੋਰ ਆਸਾਨ ਕੀ ਸੀ ? ਇਸ ਤੋਂ ਇਲਾਵਾ ਇਸ ਬਾਰੇ ਕੌਣ ਜਾਣਦਾ

ਸੀ ? ਅਫ਼ਸਰ ਨੂੰ ਦੱਸ ਕੇ ਆਪਣੇ ਆਉਣ ਨੂੰ ਗੁਪਤ ਰੱਖ ਸਕਦੀ ਸੀ ਕਿ ਉਸ ਨੇ ਉਨ੍ਹਾਂ ਦੇ ਦੁੱਖ 'ਤੇ ਤਰਸ ਖਾਧਾ ਹੈ। ਉਸ ਲਈ ਇਸ ਵਿੱਚ ਕੋਈ ਫ਼ਰਕ ਨਹੀਂ ਸੀ। ਕਿਸੇ ਨੇ ਵੀ ਇਨ੍ਹਾਂ ਵਿਚਾਰਾਂ ਨੂੰ ਅਜੇ ਮੰਨਿਆ ਨਹੀਂ ਸੀ ।

ਦੁਪਹਿਰ ਤੋਂ ਬਾਅਦ ਜਦ ਉਹ ਆਪਣੀ ਬੇਸਬਰੀ ਕਾਰਨ ਬਹੁਤ ਤੰਗ ਆ ਗਏ ਸਨ, ਕਾਊਂਟ ਨੇ ਸਲਾਹ ਦਿੱਤੀ ਕਿ ਉਹ ਪਿੰਡ ਦੇ ਉਦਾਲੇ ਚੱਕਰ ਕੱਟਣ । ਕਾਰਨੂਦਤ, ਜੋ ਅੱਗ ਦੇ ਨੇੜੇ ਰਹਿਣਾ ਵਧੇਰੇ ਪਸੰਦ ਕਰਦਾ ਸੀ, ਤੋਂ ਬਿਨਾਂ ਬਾਕੀ ਸਾਰਿਆਂ ਨੇ ਆਪਣੇ ਦੁਆਲੇ ਕੱਪੜੇ ਲਪੇਟ ਲਏ ਤੇ ਇਕ ਛੋਟੀ ਪਾਰਟੀ ਚੱਲ ਪਈ ਅਤੇ ਚੰਗੀਆਂ ਭੈਣਾਂ ਨੇ ਆਪਣਾ ਸਮਾਂ ਚਰਚ ਵਿੱਚ ਜਾਂ ਛੋਟੇ ਪਾਦਰੀ ਦੇ ਘਰ ਹੀ ਬਿਤਾਇਆ।

ਠੰਢ, ਜੋ ਹਰ ਰੋਜ਼ ਤੇਜ਼ ਹੁੰਦੀ ਜਾ ਰਹੀ ਸੀ, ਉਨ੍ਹਾਂ ਦੇ ਕੰਨਾਂ ਤੇ ਨੱਕਾਂ ਨੂੰ ਬਹੁਤ ਬੁਰੀ ਤਰ੍ਹਾਂ ਲੱਗਦੀ ਸੀ, ਉਨ੍ਹਾਂ ਦੇ ਪੈਰ ਇਉਂ ਹੋ ਗਏ ਸਨ ਕਿ ਹਰ ਕਦਮ ਬੜਾ ਦੁਖਦਾਈ ਜਾਪਦਾ ਸੀ, ਅਤੇ ਜਦ ਉਹ ਇਕ ਖੇਤ ਵਿੱਚ ਪੁੱਜੇ ਜਿਹੜਾ ਕਿ ਬਹੁਤ ਜ਼ਿਆਦਾ ਬਰਫ਼ ਕਾਰਨ ਬੜੀ ਬੁਰੀ ਤਰ੍ਹਾਂ ਮੁਰਝਾਇਆ ਹੋਇਆ ਸੀ । ਇਸ ਕਰਕੇ ਹਰੇਕ ਬੜੇ ਦੱਬੇ ਘੁੱਟੇ ਦਿਲ ਅਤੇ ਬੁਝੀ ਹੋਈ ਆਤਮਾ ਨਾਲ ਤੁਰੰਤ ਵਾਪਸ ਮੋੜਿਆ ।

ਚਾਰੇ ਇਸਤਰੀਆਂ ਅੱਗੇ ਅੱਗੇ ਅਤੇ ਲੋਈਜ਼ੂ ਨੇ ਜੋ ਸਾਰੀ ਸਥਿਤੀ ਤੋਂ ਜਾਣੂ ਸੀ, ਤਿੰਨੇ ਆਦਮੀ ਉਨ੍ਹਾਂ ਦੇ ਪਿੱਛੇ ਪਿੱਛੇ ਜਾ ਰਹੇ ਸਨ । ਅਚਾਨਕ ਪੁੱਛਿਆ ਕਿ ਕੀ ਉਹ ਇਹ ਸੋਚਦੇ ਹੋਣ ਕਿ ਉਹ ਲੜਕੀ ਇਨ੍ਹਾਂ ਨੂੰ ਅਜਿਹੀ ਥਾਂ ਤੋਂ ਦੂਰ ਲੰਮੇ ਸਮੇਂ ਲਈ ਰੱਖ ਸਕਦੀ ਹੈ । ਕਾਊਂਟ ਨੇ ਜੋ ਬੜਾ ਮਿਲਾਪੜਾ ਸੀ ਨੇ ਕਿਹਾ ਕੀ ਉਨ੍ਹਾਂ ਨੂੰ ਯਕੀਨ ਨਹੀਂ ਕਿ ਇਕ ਇਸਤਰੀ ਅਜਿਹੀ ਸਖ਼ਤ ਕੁਰਬਾਨੀ ਕਿਉਂ ਕਰੇ ਜਦੋਂ ਤੱਕ ਕਿ ਉਸ ਦੀ ਆਪਣੀ ਮਰਜ਼ੀ ਨਾ ਹੋਵੇ । ਸ੍ਰੀਮਾਨ ਕਾਰੇ ਲਾਮੈਡੋਨ ਨੇ ਕਿਹਾ ਜੇਕਰ ਫਰਾਂਸੀਸੀ, ਜਿਵੇਂ ਕਿ ਉਹ ਚਾਹੁੰਦੇ ਹਨ, ਡਾਇਪੀ ਦੇ ਰਾਹੀਂ ਵਾਪਸ ਮੁੜ ਜਾਣਗੇ ਤਾਂ ਟੋਟਸੀ ਦੇ ਅਸਥਾਨ 'ਤੇ ਲੜਾਈ ਅਵੱਸ਼ ਹੋਵੇਗੀ । ਇਸ ਝਲਕਾਰੇ ਨੇ ਬਾਕੀ ਦੋਹਾਂ ਨੂੰ ਵੀ ਫ਼ਿਕਰਾਂ ਵਿੱਚ ਪਾ ਦਿੱਤਾ।" ਜੇਕਰ ਅਸੀਂ ਪੈਦਲ ਹੀ ਜਾ ਸਕਦੇ ਹੁੰਦੇ", ਲੋਈਜ਼ੂ ਨੇ ਕਿਹਾ ।

ਕਾਊਂਟ ਨੇ ਆਪਣੇ ਮੋਢੇ ਝਾੜੇ : ਇੰਨੀ ਬਰਫ਼ ਵਿੱਚ ਅਸੀਂ ਇਹ ਕਿਵੇਂ ਸੋਚ ਸਕਦੇ ਹਾਂ ? ਅਤੇ ਜਦੋਂ ਸਾਡੀਆਂ ਪਤਨੀਆਂ ਵੀ ਸਾਡੇ ਨਾਲ ਹੋਣ ? ਉਸ ਨੇ ਕਿਹਾ, "ਅਤੇ ਜਦੋਂ ਸਾਡਾ ਪਿੱਛਾ ਕੀਤਾ ਜਾਵੇਗਾ ਤਾਂ ਅਸੀਂ ਦਸਾਂ ਮਿੰਟਾਂ ਵਿੱਚ ਫੜੇ ਜਾਵਾਂਗੇ

ਅਤੇ ਸਾਨੂੰ ਇਨ੍ਹਾਂ ਸਿਪਾਹੀਆਂ ਦੇ ਰਹਿਮ ’ਤੇ ਕੈਦੀ ਬਣਾ ਕੇ ਵਾਪਸ ਲਿਜਾਇਆ ਜਾਵੇਗਾ।"

ਇਹ ਸੱਚ ਸੀ, ਅਤੇ ਉਹ ਰੂਪ ਸਨ।

ਇਸਤਰੀਆਂ ਆਪਣੇ ਕੱਪੜਿਆਂ ਦੀਆਂ ਗੱਲਾਂ ਕਰ ਰਹੀਆਂ ਸਨ, ਪਰ ਕੁਝ ਉਨ੍ਹਾਂ ਨਾਲ ਅਸਹਿਮਤੀ ਵੀ ਪ੍ਰਗਟਾਉਂਦੀਆਂ ਜਾਪਦੀਆਂ ਸਨ। ਅਚਾਨਕ ਗ਼ਲੀ ਦੇ ਮੌੜ ’ਤੇ ਅਫ਼ਸਰ ਆ ਗਿਆ ਉਸ ਦਾ ਲੰਬਾ ਕੱਦ ਵਰਦੀ ਵਿੱਚ ਉਸ ਦਾ ਭੂੰਡ ਜਿਹਾ ਚਿਹਰਾ ਮੋਹਰਾ ਬਰਫ਼ ਦੀ ਸਤਹਿ ਉੱਪਰ ਸਾਫ਼ ਦਿਸ ਰਿਹਾ ਸੀ, ਅਤੇ ਉਹ ਆਪ ਗੋਡਿਆਂ ਨੂੰ ਦੂਰ ਕਰਕੇ ਫ਼ੌਜੀ ਚੱਲ ਚੱਲਦਾ ਜਾ ਰਿਹਾ ਸੀ ,ਜੋ ਇਸ ਕਰਕੇ ਹੁੰਦੀ ਹੈ ਕਿ ਉਹ ਆਪਣੇ ਚੰਗੀ ਤਰ੍ਹਾਂ ਪਾਲਿਸ਼ ਕੀਤੇ ਬੂਟਾਂ ਨੂੰ ਖ਼ਰਾਬ ਨਾ ਕਰ ਲੈਣ। ਇਸਤਰੀਆਂ ਕੋਲੋਂ ਦੀ ਲੰਘਦਿਆਂ ਉਸ ਨੇ ਝੁਕ ਕੇ ਸਲਾਮ ਕੀਤਾ ਅਤੇ ਆਦਮੀਆਂ ਨੂੰ ਨਫ਼ਰਤ ਨਾਲ ਦੇਖਿਆ, ਜਿਨ੍ਹਾਂ ਨੇ ਉਸ ਵੱਲ ਨਾ ਦੇਖਦਿਆਂ ਆਪਣੇ ਸਵੈਮਾਨ ਨੂੰ ਕਾਇਮ ਰੱਖਿਆ ਸੀ, ਕੇਵਲ ਲੋਈਜ਼ੂ ਨੇ ਆਪਣਾ ਹੈਟ ਚੁੱਕ ਕੇ ਨਮਸਕਾਰ ਕੀਤਾ ਸੀ।

ਮੋਟੀ ਲੜਕੀ ਕੰਨਾਂ ਤੱਕ ਲਾਲ ਹੋ ਗਈ ਅਤੇ ਤਿੰਨ ਵਿਆਹੀਆਂ ਇਸਤਰੀਆਂ ਨੇ ਉਸ ਸਿਪਾਹੀ ਦੇ, ਉਸ ਲੜਕੀ ਦੇ ਨਾਲ ਹੁੰਦਿਆਂ, ਬੇਇੱਜ਼ਤੀ ਵਾਲੇ ਢੰਗ ਨਾਲ ਮਿਲਣ ਦਾ ਬੁਰਾ ਮਨਾਇਆ ਜਿਸ ਨਾਲ ਉਸ ਨੇ ਗੁਸਤਾਖ਼ ਢੰਗ ਨਾਲ ਵਰਤਾਵ ਕੀਤਾ ਸੀ।

ਪਰ ਉਹ ਉਸ ਬਾਰੇ ਗੱਲਾਂ ਕਰਨ ਲੱਗੇ, ਉਸ ਦੇ ਸਰੀਰ ਅਤੇ ਉਸ ਦੇ ਚਿਹਰੇ ਬਾਰੇ, ਸ੍ਰੀਮਤੀ ਬਾਰੇ ਲਾਮੈਡੋਨ, ਨੇ ਜਿਹੜੀ ਬਹੁਤ ਅਫ਼ਸਰਾਂ ਨੂੰ ਜਾਣਦੀ ਸੀ ਅਤੇ ਆਪਣੇ ਆਪ ਨੂੰ ਉਨ੍ਹਾਂ ਦੀ ਪਾਰਖੂ ਸਮਝਦੀ ਸੀ, ਨੇ ਇਸ ਨੂੰ ਬਿਲਕੁਲ ਮਾੜਾ ਨਾ ਸਮਝਿਆ; ਉਸ ਨੇ ਗਿਲਾ ਕੀਤਾ ਕਿ ਉਹ ਫ਼ਰਾਂਸੀਸੀ ਨਹੀਂ ਸੀ, ਕਿਉਂਕਿ ਉਹ ਅਜਿਹੀ ਚੰਚਲ ਲੜਕੀ ਨੂੰ ਸਾਰੀਆਂ ਇਸਤਰੀਆਂ ਵਿੱਚੋਂ ਮੁਗਧ ਕਰ ਸਕਦਾ ਸੀ।

ਘਰ ਵਿੱਚ ਫੇਰ ਕਿਸੇ ਨੂੰ ਪਤਾ ਨਹੀਂ ਸੀ ਕਿ ਕੀ ਕੀਤਾ ਜਾਵੇ। ਮਾਮੂਲੀ ਜਿਹੀਆਂ ਚੀਜ਼ਾਂ ਸੰਬੰਧੀ ਵੀ ਕੁਝ ਤਿੱਖੇ ਸ਼ਬਦ ਵਰਤੇ ਗਏ। ਰਾਤ ਦਾ ਖਾਣਾ ਚੁੱਪ ਚਾਪ ਖਾਧਾ ਗਿਆ, ਅਤੇ ਇਸ ਤੋਂ ਤੁਰੰਤ ਪਿੱਛੋਂ ਹੀ ਹਰ ਕੋਈ ਆਪਣੇ ਕਮਰੇ ਵਿੱਚ ਸੌਣ ਲਈ ਚਲਾ ਗਿਆ।

ਉਹ ਅਗਲੀ ਸਵੇਰ ਉੱਤਰੇ ਚਿਹਰਿਆਂ ਅਤੇ ਟੁੱਟੇ ਹੋਏ ਦਿਲਾਂ ਨਾਲ ਫੇਰ ਇਕੱਠੇ ਹੋਏ। ਇਸਤਰੀਆਂ ਮੋਟੀ ਲੜਕੀ ਨਾਲ ਘੱਟ ਹੀ ਗੱਲ ਕਰਦੀਆਂ ਸਨ।

ਇਕ ਘੰਟੀ ਵੱਜਣ ਲੱਗੀ । ਇਹ ਬਾਪਤਿਸਮੇਂ ਲਈ ਸੀ । ਮੋਟੀ ਲੜਕੀ ਦਾ ਇਕ ਬੱਚਾ ਸੀ ਜੋ ਯੈਵੋਟੈਂਟ ਦੇ ਕਾਸ਼ਤਕਾਰਾਂ ਕੋਲ ਪਲ਼ ਰਿਹਾ ਸੀ। ਉਸ ਨੇ ਇਸ ਨੂੰ ਇਕ ਸਾਲ ਤੋਂ ਦੇਖਿਆ ਜਾਂ ਉਸ ਬਾਰੇ ਸੋਚਿਆ ਨਹੀਂ ਸੀ । ਪਰ ਬੱਚੇ ਨੂੰ ਬਪਤਿਸਮਾਂ ਦੇਣ ਦਾ ਖ਼ਿਆਲ ਆਉਂਦਿਆਂ ਹੀ ਅਚਾਨਕ ਹੀ ਉਸ ਦੇ ਆਪਣੇ ਬੱਚੇ ਲਈ ਜਜ਼ਬਾਤ ਭੜਕ ਉੱਠੇ ਅਤੇ ਉਹ ਇਸ ਰਸਮ ਵਿੱਚ ਹਰ ਹਾਲਤ ਵਿੱਚ ਸ਼ਾਮਲ ਹੋਣਾ ਚਾਹੁੰਦੀ ਸੀ।

ਜਿਉਂ ਹੀ ਉਹ ਉੱਥੋਂ ਚਲੀ ਗਈ, ਹਰ ਆਦਮੀ ਇਕ ਦੂਜੇ ਵੱਲ ਵੇਖਣ ਲੱਗਾ, ਤੇ ਫੇਰ ਉਨ੍ਹਾਂ ਨੇ ਆਪਣੀਆਂ ਕੁਰਸੀਆਂ ਨੇੜੇ ਖਿੱਚ ਲਈਆਂ, ਤਾਂ ਜੋ ਉਹ ਇਸ ਸੰਬੰਧੀ ਕੋਈ ਅੰਤਿਮ ਨਿਰਨਾ ਕਰ ਸਕਣ । ਲੋਈਜ਼ੂ ਨੂੰ ਉਤਸ਼ਾਹਪੂਰਨ ਖ਼ਿਆਲ ਆਇਆ :ਉਹ ਇਹ ਸੀ ਕਿ ਮੋਟੀ ਲੜਕੀ ਨੂੰ ਇਕੱਲਿਆਂ ਰਹਿਣ ਦਿੱਤਾ ਜਾਵੇ ਤੇ ਬਾਕੀ ਸਾਰੇ ਚਲੇ ਜਾਣ।

ਸ੍ਰੀ ਫੋਲੈਨਵੀ ਦੇ ਜ਼ਿੰਮੇ ਇਹ ਕੰਮ ਲਾਇਆ ਗਿਆ, ਪਰ ਉਹ ਝੱਟ ਹੀ ਵਾਪਸ ਆ ਗਿਆ, ਕਿਉਂਕਿ ਜਰਮਨ, ਇਨਸਾਨੀ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂ ਸੀ ਇਸ ਲਈ ਉਸ ਨੇ ਉਸ ਨੂੰ ਬਾਹਰ ਕੱਢ ਦਿੱਤਾ। ਉਸ ਨੇ ਬਹਾਨਾ ਕੀਤਾ ਕਿ ਉਹ ਉਦੋਂ ਤੱਕ ਕਿਸੇ ਨੂੰ ਵੀ ਜਾਣ ਨਹੀਂ ਦੇਣਗੇ ਜਦੋਂ ਤੱਕ ਕਿ ਉਸ ਦੀ ਇੱਛਿਆ ਪੂਰੀ ਨਹੀਂ ਕੀਤੀ ਜਾਂਦੀ।

ਸ੍ਰੀਮਤੀ ਲੋਈਜ਼ੂ ਨੇ ਆਪਣੇ ਨਿਝੱਕ ਸੁਭਾਅ ਦਾ ਪ੍ਰਗਟਾਵਾ ਕਰਦਿਆਂ ਕਿਹਾ:

" ਠੀਕ ਹੈ, ਅਸੀਂ ਬੁੱਢੇ ਹੋ ਕੇ ਮਰਨ ਲਈ ਇੱਥੇ ਨਹੀਂ ਰਹਿ ਸਕਦੇ। ਜਦ ਕਿ ਹਰ ਕਿਸਮ ਦੇ ਗਾਹਕ ਨੂੰ ਸਰੀਰ ਵੇਚਣਾ ਇਸ ਮੋਟੀ ਲੜਕੀ ਦਾ ਪੇਸ਼ਾ ਹੈ ਫੇਰ ਮੈਨੂੰ ਸਮਝ ਨਹੀਂ ਆਉਂਦੀ ਕਿ ਉਸ ਨੂੰ ਇਕ ਨਾਲੋਂ ਦੂਜੇ ਨੂੰ ਇਨਕਾਰ ਕਰਨ ਦਾ ਕਿਹੜਾ ਅਧਿਕਾਰ ਹੈ । ਸੋ ਤੁਹਾਨੂੰ ਦੱਸ ਸਕਦੀ ਹਾਂ ਕਿ ਇਸ ਨੇ ਰੀਊਨ ਦੇ ਹਰ ਬੰਦੇ ਨਾਲ ਖੇਹ ਖਾਧੀ ਹੈ, ਇੱਥੇ ਤੱਕ ਕਿ ਕੋਚਵਾਨ ਨਾਲ ਵੀ। ਉਸ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ ਕਿਉਂਕਿ ਉਹ ਸਾਡੇ ਘਰੋਂ ਸ਼ਰਾਬ ਖ਼ਰੀਦਦਾ ਹੁੰਦਾ ਸੀ। ਅਤੇ ਅੱਜ ਇਸ ਇਸਤਰੀ ਕਾਰਨ ਅਸੀਂ ਸੰਕਟ ਵਿੱਚ ਫਸੇ ਹੋਏ ਹਾਂ, ਇਹ ਕਮਜ਼ਾਤ । ਜਿੱਥੋਂ ਤੱਕ ਮੇਰਾ ਖ਼ਿਆਲ ਹੈ ਇਸ ਅਫ਼ਸਰ ਦਾ ਰਵੱਈਆ ਚੰਗਾ ਹੈ; ਅਤੇ ਬਿਨਾਂ ਸ਼ੱਕ ਉਹ ਸਾਨੂੰ ਤਿੰਨਾਂ ਨੂੰ ਆਪਣੀ ਇੱਛਾ ਪੂਰਤੀ ਲਈ ਵਰਤ ਸਕਦਾ ਸੀ ਪਰ ਨਹੀਂ । ਉਹ ਇਸ ਬਜ਼ਾਰੀ ਔਰਤ ਨੂੰ ਹੀ ਆਪਣੀ ਇੱਛਾ ਪੂਰਤੀ ਲਈ ਕਹਿੰਦਾ ਹੈ। ਅਤੇ ਅਸੀਂ

ਇਹ ਵੀ ਜਾਣਦੇ ਹਾਂ ਕਿ ਅਸੀਂ ਉਸ ਦੇ ਕਬਜ਼ੇ ਵਿੱਚ ਹਾਂ । ਉਸ ਨੇ ਤਾਂ ਕੇਵਲ ਇਹ ਕਹਿਣਾ ਹੈ " ਮੈਂ ਇਹ ਚਾਹੁੰਦਾ ਹਾਂ” ਅਤੇ ਆਪਣੇ ਸਿਪਾਹੀਆਂ ਦੀ ਸਹਾਇਤਾ ਨਾਲ ਉਹ ਜ਼ਬਰਦਸਤੀ ਵੀ ਕਰ ਸਕਦਾ ਹੈ ।"

ਦੋ ਇਸਤਰੀਆਂ ਨੂੰ ਠੰਢ ਲੱਗ ਗਈ ਸੀ, ਸ੍ਰੀਮਤੀ ਕਾਰੇ ਲਾਮੈਡੋਨ ਜੋ ਸੁਨੱਖੀ ਸੀ, ਦੀਆਂ ਅੱਖਾਂ ਧੁੱਖ ਰਹੀਆਂ ਸਨ ਅਤੇ ਉਸ ਦਾ ਰੰਗ ਪੀਲਾ ਹੋ ਗਿਆ ਸੀ ਜਿਵੇਂ ਅਫ਼ਸਰ ਨੇ ਜ਼ਬਰਦਸਤੀ ਉਸ ਨਾਲ ਹਵਸ ਪੂਰਤੀ ਕਰ ਲਈ ਹੋਵੇ ।

ਪੁਰਸ਼ ਇਕੱਠੇ ਹੋਏ ਅਤੇ ਉਨ੍ਹਾਂ ਸਾਰੀ ਸਥਿਤੀ ’ਤੇ ਵਿਚਾਰ ਵਟਾਂਦਰਾ ਕੀਤਾ । ਲੋਈਜ਼ੂ ਬਹੁਤ ਗ਼ੁੱਸੇ ਵਿੱਚ ਸੀ, ਉਹ ਚਾਹੁੰਦਾ ਸੀ ਕਿ " ਇਸ ਚੁੜੇਲ "ਨੂੰ ਹੱਥ ਤੇ ਪੈਰ ਨੂੜ ਕੇ ਅਫ਼ਸਰ ਨੂੰ ਪੇਸ਼ ਕੀਤਾ ਜਾਵੇ । ਤਿੰਨ ਪੁਸ਼ਤਾਂ ਦੀ ਰਾਜਦੂਤਾਂ ਵਾਲੀ ਵਿਰਾਸਤ ਵਾਲਾ ਕਾਊਂਟ ਨੀਤੀ ਨਿਪੁੰਨ ਸੁਭਾਅ ਵਾਲਾ ਸੀ ਅਤੇ ਉਹ ਇਸ ਕੰਮ ਸੰਬੰਧੀ ਸੂਖ਼ਮ ਬੁੱਧ ਵਰਤਣ ਦਾ ਹਾਮੀ ਸੀ ।

"ਸਭ ਤੋਂ ਚੰਗੀ ਗੱਲ ਹੈ ਕਿ ਕੋਈ ਫ਼ੈਸਲਾ ਕੀਤਾ ਜਾਵੇ, " ਉਸ ਨੇ ਕਿਹਾ । ਫੇਰ ਉਨ੍ਹਾਂ ਨੇ ਰਲ ਕੇ ਗੋਂਦ ਗੁੂੰਦੀ।

ਇਸਤਰੀਆਂ ਅੱਡ ਇਕੱਠੀਆਂ ਹੋਈਆਂ, ਉਹ ਧੀਮੀ ਆਵਾਜ਼ ਵਿੱਚ ਗੱਲਾਂ ਕਰਨ ਲੱਗੀਆਂ, ਹਰੇਕ ਨੇ ਆਪਣੀ ਆਪਣੀ ਸਲਾਹ ਦਿੱਤੀ ਅਤੇ ਫੇਰ ਆਮ ਵਿਚਾਰ ਵਟਾਂਦਰਾ ਹੁੰਦਾ ਰਿਹਾ। ਸਭ ਕੁਝ ਠੀਕ ਠਾਕ ਵਾਪਰ ਰਿਹਾ ਸੀ । ਇਸਤਰੀਆਂ ਦੀ ਸ਼ੋਖੀ ਅਤੇ ਚਲਾਕੀ ਵਾਲੇ ਸ਼ਬਦਾਂ ਵਿੱਚ ਅਸਾਧਾਰਨ ਗੱਲਾਂ ਦੀ ਸਮਝ ਨਹੀਂ ਸੀ ਆ ਸਕਦੀ ਕਿਉਂਕਿ ਗੱਲਬਾਤ ਵਿੱਚ ਸ਼ਬਦ ਇੰਨੇ ਧਿਆਨ ਨਾਲ ਵਰਤੇ ਗਏ ਸਨ। ਪਰ ਦੁਨੀਆ ਦੀ ਹਰ ਇਸਤਰੀ ਦੇ ਦੁਆਲੇ ਹਯਾ ਦੀ ਵਾੜ, ਕੇਵਲ ਸਤਹੀ ਹੁੰਦੀ ਹੈ, ਇਸ ਪ੍ਰਕਾਰ ਦੀ ਮਕਰ ਬਹਾਦਰੀ ਲਈ ਉਨ੍ਹਾਂ ਦੇ ਚਿਹਰੇ ਖਿੜ ਜਾਂਦੇ ਹਨ ਅਤੇ ਜਦੋਂ ਉਹ ਆਪਣੀ ਆਈ ’ਤੇ ਆਈਆਂ ਹੋਣ ਤਾਂ ਉਹ ਪਿਆਰ ਨਾਲ ਵਿਭਚਾਰ ਰਲਾ ਦਿੰਦੀਆਂ ਹਨ ਜਿਵੇਂ ਇਕ ਲਾਲਚੀ ਰਸੋਈਆ ਆਪਣੇ ਮਾਲਕ ਲਈ ਭੋਜਨ ਤਿਆਰ ਕਰਦਾ ਹੈ ।

ਇੱਥੋਂ ਤੱਕ ਕਿ ਗੱਲ ਦਿਲ-ਲੱਗੀ ਤੱਕ ਆ ਪਹੁੰਚੀ, ਕਿਉਂਕਿ ਉਨ੍ਹਾਂ ਨੂੰ ਇਹ ਸਾਰੀ ਕਹਾਣੀ ਬਹੁਤ ਵਿਅੰਗਮਈ ਲੱਗਦੀ ਸੀ । ਕਾਊਂਟ ਨੂੰ ਉਨ੍ਹਾਂ ਵਿੱਚੋਂ ਕੁਝ ਮਜ਼ਾਕ ਬਹੁਤ ਘਟੀਆ ਲੱਗੇ ਪਰ ਉਨ੍ਹਾਂ ਨੂੰ ਇੰਨੇ ਚਸਕਿਆਂ ਨਾਲ ਬਿਆਨ ਕੀਤਾ ਗਿਆ ਸੀ ਕਿ ਉਹ ਮੁਸਕਰਾਉਣ ਤੋਂ ਬਿਨਾ ਨਾ ਰਹਿ ਸਕਿਆ । ਆਪਣੀ ਵਾਰੀ ਆਉਣ ’ਤੇ ਲੋਈਜ਼ੂ ਨੇ ਇਸ ਤੋਂ ਵੀ ਵੱਧ ਫ਼ਾਰਸ ਕਹਾਣੀਆਂ ਸੁਣਾਈਆਂ ਪਰ ਕਿਸੇ

ਨੂੰ ਵੀ ਹਿਰਖ ਨਾ ਆਇਆ । ਉਸ ਦੀ ਇਸਤਰੀ ਦੇ ਕਾਮੀ ਵਿਚਾਰ ਸਾਰਿਆਂ ਦੇ ਮਨ ’ਤੇ ਛਾਏ ਹੋਏ ਸਨ " :ਕਿਉਂਕਿ ਇਹ ਉਸ ਦਾ ਪੇਸ਼ਾ ਹੈ, ਉਹ ਇਸ ਨੂੰ ਦੂਜਿਆਂ ਨਾਲੋਂ ਵਧੇਰੇ ਨਾਂਹ ਕਿਵੇਂ ਕਰ ਸਕਦੀ ਹੈ ?" ਸ੍ਰੀਮਤੀ ਕਾਰੋ ਲਾਮੈਡੋਨ ਜੋ ਸੁੰਦਰ ਸੀ, ਇਹ ਸੋਚਦੀ ਜਾਪਦੀ ਸੀ ਕਿ ਜੇਕਰ ਉਹ ਉਸ ਦੀ ਥਾਂ ਹੋਵੇ ਤਾਂ ਉਹ ਇਸ ਨੂੰ ਹੋਰਾਂ ਨਾਲੋਂ ਘੱਟ ਇਨਕਾਰ ਕਰੇ ।

ਉਨ੍ਹਾਂ ਨੇ ਘੇਰਾ ਘੱਤਣ ਦੀ ਇੰਨੀ ਤਿਆਰੀ ਕੀਤੀ ਜਿਵੇਂ ਉਨ੍ਹਾਂ ਨੇ ਕਿਸੇ ਨੂੰ ਘੇਰਾ ਪਾਉਣਾ ਹੋਵੇ । ਹਰ ਕਿਸੇ ਨੇ ਕੋਈ ਨਾ ਕੋਈ ਰੋਲ ਆਪਣੇ ਜ਼ਿੰਮੇ ਲਿਆ ,ਉਹ ਪ੍ਰਭਾਵ ਪਾਉਣ ਜੋਗੀਆ ਕੁਝ ਦਲੀਲਾਂ ਦੇਵੇਗਾ, ਕੋਈ ਹੁਸ਼ਿਆਰੀ ਜਿਸ ਨੂੰ ਉਹ ਅਮਲੀ ਰੂਪ ਦੇਵੇਗਾ। ਉਨ੍ਹਾਂ ਨੇ ਹਮਲਾ ਕਰਨ ਵਾਂਗ ਸੋਚਿਆ, ਫ਼ਰੇਬ ਦੀ ਵਰਤੋਂ ਨਾਲ ਅਚਨਚੇਤ ਧਾਵਾ ਕੀਤਾ ਜਾਵੇ ਜਿਸ ਨਾਲ ਮੋਟੀ ਲੜਕੀ ਉਸ ਦਾ ਆਪਣੇ ਕਮਰੇ ਵਿੱਚ ਸਵਾਗਤ ਕਰਨ ਲਈ ਮਜਬੂਰ ਹੋ ਜਾਵੇ ।

ਕਾਰਨੂਦਤ ਬਾਕੀਆਂ ਨਾਲੋਂ ਪਾਸੇ ਰਿਹਾ ਅਤੇ ਇਹ ਸਾਰੀ ਗੋਂਦ ਉਸ ਲਈ ਇਕ ਅਜਨਬੀ ਵਾਂਗ ਸੀ ।

ਉਨ੍ਹਾਂ ਦੇ ਮਨ ਇਸ ਗੋਂਦ ਵਿੱਚ ਇੰਨੇ ਰੁੱਝੇ ਹੋਏ ਸਨ ਕਿ ਉਨ੍ਹਾਂ ਨੂੰ ਮੋਟੀ ਲੜਕੀ ਦੇ ਅੰਦਰ ਆਉਣ ਦਾ ਵੀ ਪਤਾ ਨਾ ਲੱਗਾ । ਕਾਊਂਟ ਨੇ ਹੌਲੀ ਜਿਹੀ ਖੰਘੂਰਾ ਮਾਰਿਆ ਜਿਸ ਨਾਲ ਉਨ੍ਹਾਂ ਸਾਰਿਆਂ ਦੀਆ ਅੱਖਾਂ ਉਸ ਵੱਲ ਖਿੱਚੀਆਂ ਗਈਆਂ। ਉਹ ਸਾਹਮਣੇ ਖੜ੍ਹੀ ਸੀ । ਅਚਾਨਕ ਚੁੱਪ ਅਤੇ ਪਰੇਸ਼ਾਨੀ ਕਾਰਨ ਉਹ ਪਹਿਲ ਕਰਕੇ ਉਸ ਨੂੰ ਕੁਝ ਕਹਿਣ ਤੋਂ ਝਕੇ । ਕਾਊਂਟ ਦੀ ਪਤਨੀ ਜੋ ਹੋਰਨਾਂ ਨਾਲੋਂ ਵਧੇਰੇ ਸਮਾਜਿਕ ਸਲੀਕੇ ਵਾਲੀ ਸੀ ਨੇ ਆਖ਼ਰਕਾਰ ਪੁੱਛ ਹੀ ਲਿਆ।

"ਕੀ ਬਪਤਿਸਮਾ ਬਹੁਤੀ ਖ਼ੁਸ਼ੀ ਭਰਿਆ ?"

ਮੋਟੀ ਲੜਕੀ ਨੇ ਜਜ਼ਬਾਤ ਅਧੀਨ, ਉਨ੍ਹਾਂ ਨੂੰ ਸਭ ਕੁਝ ਦੱਸਿਆ, ਉੱਥੇ ਹਾਜ਼ਰ ਲੋਕਾਂ ਦੇ ਚਿਹਰੇ, ਰੁਚੀਆਂ ਅਤੇ ਗਿਰਜੇ ਦੀ ਦੁੱਖ ਦਾ ਵਰਨਣ ਕੀਤਾ, ਉਸ ਨੇ ਕਿਹਾ, "ਕਦੇ ਕਦੇ ਪ੍ਰਾਰਥਨਾ ਕਰਨੀ ਵੀ ਚੰਗੀ ਹੈ ।"

ਦੁਪਹਿਰ ਦੇ ਖਾਣੇ ਤੱਕ ਇਹ ਇਸਤਰੀਆਂ ਸਾਰਾ ਸਮਾਂ ਉਸ ਨਾਲ ਮਿਲਣਸਾਰ ਰਹੀਆਂ ਤਾਂ ਜੋ ਉਹ ਵਧੇਰੇ ਆਗਿਆਕਾਰ ਹੋ ਜਾਵੇ ਅਤੇ ਉਨ੍ਹਾਂ ਦੀ ਸਲਾਹ ਤੇ ਵਿਸ਼ਵਾਸ ਕਰ ਲਵੇ ।

ਉਨ੍ਹਾਂ ਨੇ ਪੁਰਾਤਨ ਉਦਾਹਰਨਾਂ ਦਿੱਤੀਆਂ :ਜੂਡੀ ਅਤੇ ਹੋਜੋਫਰਨਸ ਤੇ ਫੇਰ ਬਿਨਾਂ ਕਿਸੇ ਕਾਰਨ, ਲੁਕਰੀਸ ਅਤੇ ਸੈਂਕਸਟਸ ਅਤੇ ਕਿਲੋਪਤਰਾ ਨੇ ਦੁਸ਼ਮਣਾਂ

ਦੇ ਸਾਰੇ ਜਰਨੈਲਾਂ ਨੂੰ ਆਪਣੇ ਕਾਊਚ ਕੋਲੋਂ ਦੀ ਲੰਘਾ ਕੇ ਉਪਕਾਰ ਕੀਤਾ ਅਤੇ ਉਹ ਨੌਕਰਾਂ ਵਾਂਗ ਗ਼ੁਲਾਮ ਬਣਾ ਲਏ ਗਏ। ਫਿਰ ਉਨ੍ਹਾਂ ਨੇ ਇਕ ਅਦਭੁਤ ਕਹਾਣੀ ਜੋ ਇਨ੍ਹਾਂ ਬੇਸਮਝ ਧਨਵਾਨਾਂ ਨੇ ਕਲਪਨਾ ਨਾਲ ਘੜੀ ਸੀ, ਅਤੇ ਜਿਸ ਵਿੱਚ ਰੋਮ ਦੀਆਂ ਇਸਤਰੀਆਂ ਹੈਨੀਬਾਲ ਅਤੇ ਉਸ ਦੇ ਲਫਟੈਨਾਂ ਅਤੇ ਸੁਆਰਥੀ ਸੈਨਿਕਾਂ ਦੇ ਦਸਤਿਆਂ ਨੂੰ ਆਪਣੀਆਂ ਬਾਂਹਾਂ ਵਿੱਚ ਸੁਆਉਣ ਲਈ ਭਰਮਾਉਣ ਦੇ ਮੰਤਵ ਨਾਲ ਕਪੂਆ ਕੋਲ ਗਈਆਂ । ਉਨ੍ਹਾਂ ਨੇ ਉਨ੍ਹਾਂ ਸਾਰੀਆਂ ਇਸਤਰੀਆਂ ਦੀਆਂ ਮਿਸਾਲਾਂ ਦਿੱਤੀਆਂ ਜੋ ਜੇਤੂ ਫ਼ੌਜ ਨੇ ਆਪਣੇ ਨਾਲ ਖੜੀਆਂ, ਉਨ੍ਹਾਂ ਨੂੰ ਹਥਿਆਰ ਦੇ ਤੌਰ ’ਤੇ ਅਤੇ ਸਫ਼ਲਤਾ ਪ੍ਰਾਪਤ ਕਰਨ ਦੇ ਸਾਧਨ ਦੇ ਤੌਰ ’ਤੇ ਵੀ ਵਰਤਿਆ ਅਤੇ ਉਹ ਸਾਰੇ ਗੁਪਤ ਅਤੇ ਘ੍ਰਿਣਤ ਵਿਅਕਤੀ ਜੋ ਉਨ੍ਹਾਂ ਦੇ ਪਿਆਰ ਦੀ ਛੋਹ ਜਿੱਤੇ ਗਏ ਅਤੇ ਜਿਨ੍ਹਾਂ ਨੇ ਆਪਣੀ ਪਵਿੱਤਰਤਾ ਯੁੱਧ ਜਾਂ ਕਿਸੇ ਪਿਆਰੇ ਉਦੇਸ਼ ਲਈ ਕੁਰਬਾਨ ਕੀਤੀ। ਉਨ੍ਹਾਂ ਪਰਦੇ ਨਾਲ ਉਸ ਮਹਾਨ ਅੰਗਰੇਜ਼ ਪਰਿਵਾਰ ਦੀ ਗੱਲ ਵੀ ਕੀਤੀ ਜਿਸ ਨੇ ਭਿਆਨਕ ਅਤੇ ਛੂਤ ਦੀ ਬਿਮਾਰੀ ਮੁੱਲ ਲਈ ਤਾਂ ਜੋ ਉਹ ਇਹ ਬਿਮਾਰੀ ਨਿਪੋਲੀਅਨ ਬੋਨਾਪਾਰਟ ਨੂੰ ਲਾ ਸੱਕੇ ਪਰ ਉਸ ਦਾ ਬਚ ਜਾਣਾ ਇਕ ਚਮਤਕਾਰ ਤੋਂ ਘੱਟ ਨਹੀਂ ਸੀ ਕਿਉਂਕਿ ਉਹ ਉਸ ਇਸਤਰੀ ਨਾਲ ਮਿਲਾਪ ਕਰਨ ਦੇ ਨਿਸ਼ਚਿਤ ਸਮੇਂ ਅਚਾਨਕ ਬਿਮਾਰ ਹੋ ਗਿਆ ।

ਸਿਵਾਏ ਇਸ ਗੱਲ ਦੇ ਕਿ ਉਸ ਨੂੰ ਉਪਰੋਕਤ ਇਸਤਰੀਆਂ ਵਾਂਗ ਕੁਰਬਾਨੀ ਕਰਨ ਲਈ ਲੋੜੀਂਦਾ ਉਤਸ਼ਾਹ ਦਿੱਤਾ ਗਿਆ ਸੀ ਬਾਕੀ ਸਾਰੀ ਗੱਲ ਅਨੁਕੂਲ ਅਤੇ ਸ਼ਾਂਤ ਢੰਗ ਵਾਲੀ ਸੀ ।

ਅੰਤ ਵਿੱਚ ਹਰ ਕਿਸੇ ਨੂੰ ਇਹ ਵਿਸ਼ਵਾਸ ਹੋ ਸਕਦਾ ਹੈ ਕਿ ਇਸਤਰੀ ਦਾ ਇੱਕੋ ਇਕ ਫ਼ਰਜ਼ ਆਪਣੇ ਸਰੀਰ ਦੀ ਕੁਰਬਾਨੀ ਅਤੇ ਬਹਾਦਰ ਸੈਨਿਕਾਂ ਦੀ ਮੌਜ ਲਈ ਹਮੇਸ਼ਾ ਆਪਣੇ ਆਪ ਨੂੰ ਅਰਪਣ ਕਰਨਾ ਸੀ ।

ਇੰਝ ਜਾਪਦਾ ਸੀ ਜਿਵੇਂ ਦੋਵੇਂ ਚੰਗੀਆਂ ਭੈਣਾਂ ਕੁਝ ਵੀ ਸੁਣ ਨਹੀਂ ਸਨ ਰਹੀਆਂ ਅਤੇ ਕਿਸੇ ਡੂੰਘੇ ਵਿਚਾਰ ਵਿੱਚ ਖੋਈਆਂ ਹੋਈਆਂ ਸਨ । ਮੋਟੀ ਲੜਕੀ ਚੁੱਪ ਰਹੀ ।

ਤੀਜੇ ਪਹਿਰ ਦੇ ਦੌਰਾਨ ਉਨ੍ਹਾਂ ਨੇ ਉਸ ਨੂੰ ਇਨ੍ਹਾਂ ਗੱਲਾਂ ਤੇ ਡੂੰਘੀ ਵਿਚਾਰ ਕਰਨ ਦਾ ਸਮਾਂ ਦਿੱਤਾ। ਉਨ੍ਹਾਂ ਨੇ ਉਸ ਨੂੰ ਪਹਿਲਾਂ ਵਾਂਗ" ਮੈਡਮ "ਕਹਿਣ ਦੀ ਬਜਾਏ ਬਿਨਾਂ ਇਸ ਦਾ ਕਾਰਨ ਜਾਣੇ ਉਸ ਨੂੰ" ਮੈਡੇਮੋਨੇਲੀ "ਕਹਿਣਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਉਹ ਉਸ ਦੀ ਇੱਜ਼ਤ ਘਟਾਉਣ ਦੀਆਂ ਇੱਛੁਕ ਹੋਣ ਜੋ ਉਸ ਨੇ ਅਚਾਨਕ ਪ੍ਰਾਪਤ ਕਰ ਲਈ ਸੀ ਅਤੇ ਉਸ ਨੂੰ ਉਸ ਦੀ ਸ਼ਰਮਨਾਕ ਸਥਿਤੀ ਮਹਿਸੂਸ ਕਰਵਾਉਣੀ ਚਾਹੁੰਦੀਆਂ ਹੋਣ ।

ਜਦੋਂ ਰਾਤ ਦਾ ਖਾਣਾ ਲਾਇਆ ਗਿਆ ਤਾਂ ਸ੍ਰੀ ਫੋਲੈਨਵੀ ਆਪਣੇ ਪੁਰਾਣੇ ਤਕੀਆ ਕਲਾਮ ਵਿੱਚ ਬੋਲਦਿਆਂ ਆ ਧਮਕਿਆ 'ਪਰੂਸ਼ੀਅਨ ਅਫ਼ਸਰ ਨੇ ਮੈਨੂੰ ਆਦੇਸ਼ ਦਿੱਤਾ ਹੈ ਕਿ ਕੁਮਾਰੀ ਅਲੈਜਿਥਿਬ ਰੂਸੈਂਟ ਨੂੰ ਇਹ ਪੁੱਛਿਆ ਕਿ ਉਸ ਨੇ ਅਜੇ ਤੱਕ ਆਪਣਾ ਇਰਾਦਾ ਬਦਲਿਆ ਹੈ ਕਿ ਨਹੀਂ । "ਮੋਟੀ ਲੜਕੀ ਨੇ ਖਿੱਝ ਕੇ ਆਖਿਆ, "ਨਹੀਂ ਸ੍ਰੀ ਮਾਨ ਜੀ ।"

ਪਰ ਰਾਤ ਦੇ ਖਾਣੇ ਸਮੇਂ ਸੰਧੀ ਕਮਜ਼ੋਰ ਹੋ ਗਈ । ਲੋਈਜ਼ੂ ਨੇ ਤਿੰਨ ਅਸੁਖਾਵੇਂ ਵਿਅੰਗ ਕੀਤੇ । ਹਰੇਕ ਨੇ ਹੀ ਨਵੀਂਆਂ ਉਦਾਹਰਨਾਂ ਲਈ ਮਖ਼ੌਲ ਸ਼ੁਰੂ ਕਰ ਦਿੱਤੇ ਪਰ ਰੱਖ ਪੱਲੇ ਕੁਝ ਨਾ ਆਇਆ ;ਜਦੋਂ ਕਾਉਂਟੈਸ ਬਿਨਾਂ ਸੋਚੇ ਵਿਚਾਰੇ ਹੀ ,ਸ਼ਾਇਦ ਧਰਮ ਪ੍ਰਤੀ ਅਸਪੱਸ਼ਟ ਜਿਹੀ ਸ਼ਰਧਾਂਜਲੀ ਦੀ ਲੋੜ ਤਿਲਾਉਣ ਲੱਗੀ, ਅਤੇ ਚੰਗੀਆਂ ਭੈਣਾਂ ਵਿੱਚੋਂ ਵੱਡੀ ਤੋਂ ਸੰਤਾਂ ਦੀ ਜ਼ਿੰਦਗੀ ਦੇ ਚੰਗੇ ਕਾਰਨਾਮਿਆਂ ਬਾਰੇ ਪੁੱਛਣ ਲੱਗੀ ਇਉਂ ਜਾਪਦਾ ਸੀ ਕਿ ਉਹ ਸਭ ਕੁਝ ਸਾਡੀਆਂ ਅੱਖਾਂ ਨੂੰ ਧੋਖਾ ਦੇਣ ਲਈ ਕਰ ਰਹੀ ਹੋਵੇ; ਪਰ ਗਿਰਜੇ ਨੇ ਛੇਤੀ ਹੀ ਉਨ੍ਹਾਂ ਨੂੰ ਇਹ ਵਿਖਾ ਦਿੱਤਾ ਕਿ ਉਨ੍ਹਾਂ ਨੇ ਪ੍ਰਭੂ ਦੀ ਸ਼ਾਨ ਵਿੱਚ ਜਾਂ ਸਾਰਿਆਂ ਦੇ ਭਲੇ ਲਈ ਸਭ ਕੁਝ ਕੀਤਾ ਸੀ । ਇਹ ਬੜੀ ਤਕੜੀ ਦਲੀਲ ਸੀ ;ਕਾਊਂਟੈਸ ਨੇ ਹੀ ਇਹ ਦਿੱਤੀ ਸੀ।

ਇਸ ਤਰ੍ਹਾਂ ਇਹ ਗੁਪਤ ਸਮਝੌਤਾ ਸੀ, ਜਾਂ ਇਹ ਗੁਪਤ ਜਿਹੀ ਸ਼ਾਂਤੀ ਸੀ ਜੋ ਹਰ ਕੋਈ ਧਰਮ ਦਾ ਚੋਗਾ ਪੱਕੇ ਅੱਗੇ ਨਿਕਲ ਜਾਣਾ ਚਾਹੁੰਦਾ ਸੀ, ਇਹ ਕੇਵਲ ਬੇਸ਼ਮਤੀ ਭਰੀ ਖ਼ੁਸ਼ੀ ਦਾ ਸਿੱਟਾ ਹੋ ਸਕਦਾ ਸੀ, ਸਹਾਇਕ ਬੇ ਸਮਝੀ, ਪਰ ਅਸਲ ਵਿੱਚ ਧਾਰਮਿਕ ਭੈਣਾਂ ਨੇ ਇਸ ਸਾਜਿਸ਼ ਨੂੰ ਅਜਿੱਤ ਸਹਾਇਤਾ ਦੇ ਦਿੱਤੀ । ਉਹ ਉਸ ਨੂੰ ਬੁਜ਼ਦਿਲ ਸਮਝਦੇ ਸਨ, ਪਰ ਉਸ ਨੇ ਆਪਣੇ ਆਪ ਨੂੰ ਬੜੀ ਦਲੇਰ, ਬਹਾਦਰ ਅਤੇ ਟਾਕਰੇ ਲਈ ਜ਼ੋਰ ਵਾਲੀ ਦਿਖਾਇਆ। ਉਸ ਨੂੰ ਗੱਪੀਆ ਦੀਆਂ ਘੁੰਤਰਾਂ ਦਾ ਕੋਈ ਡਰ ਨਹੀਂ ਸੀ, ਉਸ ਦਾ ਅਸੂਲ ਬਹੁਤ ਪੱਕਾ ਜਾਪਦਾ ਸੀ ; ਉਸ ਦਾ ਭਰੋਸਾ ਕਦੇ ਨਹੀਂ ਸੀ ਡੋਲਦਾ ; ਉਸ ਦੀ ਆਤਮਾ ਨਿਝੱਕ ਸੀ । ਉਸ ਦੇ ਸਾਹਮਣੇ ਐਸਰਾਹਮ ਦੀ ਕੁਰਬਾਨੀ ਮਾਮੂਲੀ ਸੀ, ਕਿਉਂ ਜੋ ਉਹ ਰੱਬੀ ਹੁਕਮ ’ਤੇ ਆਪਣੇ ਮਾਂ ਬਾਪ ਦਾ ਕਤਲ ਵੀ ਕਰ ਸਕਦੀ ਸੀ ਅਤੇ ਉਸ ਦੇ ਵਿਚਾਰ ਵਿੱਚ ਕੁਝ ਵੀ ਅਜਿਹਾ ਨਹੀਂ ਸੀ ਜਿਸ ਨਾਲ ਪ੍ਰਭੂ ਨਾਰਾਜ਼ ਹੋਵੇ, ਜੇਕਰ ਨੀਯਤ ਸਾਫ਼ ਹੋਵੇ । ਕਾਊਂਟੇਸ ਇਸ ਸਾਥੀ ਦੀ ਤਾਕਤ ਨੂੰ ਵਰਤਣਾ ਚਾਹੁੰਦੀ ਸੀ, ਅਤੇ ਉਸ ਨੇ ਇਸ ਦੇ ਨਾਲ ਝੂਠੇ ਚੱਲਣ ਦੀ ਅਟੱਲ ਸੱਚਾਈ ਨੂੰ ਪ੍ਰਗਟਾਉਣ ਵਾਲਾ ਮੁਹਾਵਰਾ ਵਰਤਿਆ:

"ਕਾਰਜ ਸਿਧੀ ਲਈ ਸਭ ਕੁਝ ਕਰਨਾ ਜਾਇਜ਼ ਹੈ ।"

ਤਦ ਉਸ ਨੂੰ ਪੁੱਛਿਆ :'ਤਾਂ, ਮੇਰੀ ਭੈਣ ਤੂੰ ਸੋਚਦੀ ਹੈਂ ਕਿ ਰੱਬ ਸਦਾ ਨੀਅਤਾਂ ਨੂੰ ਪਰਵਾਨ ਕਰਦਾ ਹੈ, ਅਤੇ ਕਾਰਜਾਂ ਨੂੰ ਮੁਆਫ਼ ਕਰ ਦਿੰਦਾ ਹੈ ਜੇ ਕਰ ਮਨੋਰਥ ਠੀਕ ਹੋਵੇ ।"

"ਇਸ 'ਤੇ ਕੌਣ ਸ਼ੱਕ ਕਰ ਸਕਦਾ ਹੈ, ਮੈਡਮ ? ਇਕ ਇਤਰਾਜ਼ਯੋਗ ਕਾਰਵਾਈ ਵੀ ਸ਼ਲਾਘਾਯੋਗ ਬਣ ਜਾਂਦੀ ਹੈ। ਉਸੇ ਖ਼ਿਆਲ ਕਰਕੇ ਜਿਸ ਵਿੱਚੋਂ ਇਹ ਉਤਪੰਨ ਹੋਈ ਹੋਵੇ ।"

ਰੱਬ ਦੀ ਮਰਜ਼ੀ ਨੂੰ ਲਾਂਭੇ ਰੱਖਦਿਆਂ : ਉਨ੍ਹਾਂ ਇਸ ਤਰ੍ਹਾਂ ਜਾਰੀ ਰੱਖਿਆ ਆਪਣੇ ਕੰਮ ਨਾਲ ਮਤਲਬ ਰੱਖਦਿਆਂ ਉਸ ਦੇ ਫ਼ੈਸਲੇ ਨੂੰ ਅੱਗੇ ਰੱਖਿਆ, ਸੱਚ ਤਾਂ ਇਹ ਹੈ ਕਿ ਉਨ੍ਹਾਂ ਇਸ ਦੇ ਬਾਰੇ ਕਦੇ ਸੋਚਿਆ ਨਹੀਂ ਸੀ । ਇਹ ਸਭ ਕੁਝ ਬੜੀ ਸੂਝ ਤੇ ਮਿਹਨਤ ਨਾਲ ਨਿਭਾਇਆ ਗਿਆ ਤਦ ਗੱਲਬਾਤ ਦਾ ਰੁੱਖ ਕੁਝ ਬਦਲ ਗਿਆ, ਹਾਰ ਵਾਲੀ ਇਸਤਰੀ ਘਰਾਂ ਵਿੱਚ ਉਸ ਦੀ ਗੱਲ ਕੱਥ, ਉਸ ਦੇ ਵੱਡੇ ਵਡੇਰੇ, ਉਹ ਆਪਣੇ ਆਪਣੇ ਨਾਜ਼ੁਕ ਮਿਜਾਜ਼ ਗੁਆਂਢੀ ਅਤੇ ਪਿਆਰੀ ਭੈਣ ਸੰਤ ਨੀਸਫੋਰ ,ਬਾਰੇ ਗੱਲਾਂ ਕਰ ਰਹੀ ਸੀ । ਉਨ੍ਹਾਂ ਨੂੰ ਹੈਬਰੇ ਦੇ ਹਸਪਤਾਲਾਂ ਵਿੱਚ ਚੇਚਕ ਨਾਲ ਬਿਮਾਰ ਪਏ ਸਿਪਾਹੀਆਂ ਦੀ ਦੇਖਭਾਲ਼ ਲਈ ਬੁਲਾਇਆ ਗਿਆ ਸੀ । ਉਹ ਇਨ੍ਹਾਂ ਤਰਸਯੋਗ ਜੀਵਾਂ ਅਤੇ ਉਹ ਰਸਤੇ ਵਿੱਚ ਹੀ ਪਰੂਸ਼ੀਅਨ ਅਫ਼ਸਰ ਦੀ ਮਰਜ਼ੀ ਅਨੁਸਾਰ ਰੋਕ ਲਏ ਗਏ, ਫਰਾਂਸੀਸੀਆਂ ਦੇ ਬਹੁਤ ਆਦਮੀ ਮਰ ਜਾਂਦੇ ਸਨ, ਜਿਨ੍ਹਾਂ ਨੂੰ ਸ਼ਾਇਦ ਉਹ ਬਚਾ ਸਕਦੇ ਸਨ । ਉਸ ਦੀ ਇਹੀ ਸਿਫ਼ਤ ਸੀ ਕਿ ਉਹ ਸਿਪਾਹੀਆਂ ਦੀ ਦੇਖਭਾਲ਼ ਕਰਦੀ ਸੀ । ਉਹ ਕਰੀਮੀਆਂ, ਇਟਲੀ, ਆਸਟਰੇਲੀਆ ਵਿੱਚ ਰਹੀ ਸੀ ਅਤੇ ਉਸ ਨੇ ਆਪਣੇ ਆਪ ਨੂੰ ਢੋਲਾਂ ਅਤੇ ਬਿਗਲਾਂ ਨੂੰ ਧਾਰਮਿਕ ਸਹਾਇਤਾ ਦੇਣ ਵਾਲਿਆਂ ਵਿੱਚੋਂ ਦੱਸਿਆ, ਜੋ ਕੈਂਪਾਂ ਵਿੱਚ ਜਾਂਦੀ, ਘਮਸਾਨ ਦੇ ਯੁੱਧ ਵਿੱਚ ਜ਼ਖ਼ਮੀਆਂ ਨੂੰ ਚੁੱਕਦਿਆਂ ਅਤੇ ਇਕ ਅਫ਼ਸਰ 'ਤੇ ਵੀ ਚੰਗੀ ਤਰ੍ਹਾਂ ਬੇਜ਼ਾਬਤਾ ਰਕਰੂਟਾਂ ਨੂੰ ਇੱਕੋ ਸ਼ਬਦ ਨਾਲ ਜਿੱਤ ਲੈਂਦੀ । ਨਮਾਰੇ ਦੀ ਇਕ ਸੱਚੀ ਤੇ ਚੰਗੀ ਭੈਣ, ਜਿਸ ਦਾ ਅਣਗਿਣਤ ਦਾਗ਼ਾਂ ਵਾਲਾ ਵਿਰਾਨ ਚਿਹਰਾ, ਲੜਾਈ ਦੇ ਉਜਾੜੇ ਦਾ ਚਿੰਨ੍ਹ ਜਾਪਦਾ ਸੀ ।

ਉਸ ਤੋਂ ਪਿੱਛੋਂ ਕੋਈ ਨਹੀਂ ਸੀ ਬੋਲ ਸਕਦਾ, ਉਸ ਦੇ ਸ਼ਬਦਾਂ ਦਾ ਅਸਰ ਹੀ ਇੰਨਾ ਵਧੀਆ ਜਾਪਦਾ ਸੀ । ਜਿਉਂ ਹੀ ਖਾਣਾ ਖ਼ਤਮ ਹੋਇਆ ਉਹ ਛੇਤੀ ਨਾਲ

ਆਪਣੇ ਕਮਰਿਆਂ ਨੂੰ ਇਸ ਆਸ਼ੇ ਨਾਲ ਚਲੇ ਗਏ ਕਿ ਅਗਲੀ ਸਵੇਰ ਉਹ ਬਹੁਤ ਦਿਨ ਚੜ੍ਹੇ ਤੱਕ ਵਾਪਸ ਆਉਣਗੇ।

ਦੁਪਹਿਰ ਦਾ ਖਾਣਾ ਚੁੱਪ ਚਾਪ ਖਾਧਾ ਗਿਆ । ਉਨ੍ਹਾਂ ਨੇ ਬੀਜ ਨੂੰ ਉੱਗਣ ਅਤੇ ਫ਼ਲ ਲਿਆਉਣ ਲਈ ਸਮਾਂ ਦਿੱਤਾ ਸੀ । ਕਾਊਂਟੈਸ ਨੇ ਸਲਾਹ ਦਿੱਤੀ ਕਿ ਦੁਪਹਿਰ ਤੋਂ ਪਿੱਛੋਂ ਅਸੀਂ ਸੈਰ ਲਈ ਜਾਈਏ । ਕਾਊਂਟ ਨੇ ਰਜ਼ਾਮੰਦੀ ਪ੍ਰਗਟਾਉਂਦਿਆਂ ਮੋਟੀ ਲੜਕੀ ਦੀ ਬਾਂਹ ਵਿੱਚ ਬਾਂਹ ਪਾਈ ਅਤੇ ਦੂਜਿਆਂ ਦੇ ਪਿੱਛੇ ਪਿੱਛੇ ਤੁਰ ਪਿਆ। ਉਸ ਨੇ ਸੁਨੇਹ ਭਰੇ ਪਿਤਰੀ ਭਾਵ ਅਤੇ ਰਤਾ ਕੁ ਤ੍ਰਿਸਕਾਰ ਭਰੇ ਲਹਿਜ਼ੇ ਵਿੱਚ ਉਸ ਨਾਲ ਗੱਲ ਕੀਤੀ । ਉਸ ਨੇ ਆਪਣੇ ਸਮਾਜਿਕ ਰੁਤਬੇ ਦੀ ਉੱਚਤਾ ਅਤੇ ਉੱਚੇ ਮਾਨ ਨਾਲ ਉਸ ਨੂੰ ਕਿਹਾ: -

"ਮੇਰੇ ਪਿਆਰੇ ਬੱਚੇ "।

ਉਹ ਇਕਦਮ ਸਵਾਲ ਦੇ ਅਤਿ ਨਾਜ਼ੁਕ ਹਿੱਸੇ ਉੱਤੇ ਪੁੱਜ ਗਿਆ।

ਤਦ ਕੀ ਤੂੰ ਸਾਨੂੰ ਇੱਥੇ ਹਾਰ ਤੋਂ ਪਿੱਛੋਂ ਦੇ ਅੱਤਿਆਚਾਰਾਂ ਲਈ ਛੱਡ ਜਾਣਾ ਪਸੰਦ ਕਰੇਂਗੀ ਜਾਂ ਸਾਡੇ ਲਈ ਮੰਨ ਜਾਵੇਂਗੀ ਜਿਵੇਂ ਕਿ ਤੂੰ ਆਮ ਹੀ ਜੀਵਨ ਵਿੱਚ ਕਰਦੀ ਆਈ ਏਂ ?" ਮੋਟੀ ਲੜਕੀ ਚੁੱਪ ਰਹੀ ।

ਤਦ ਉਸ ਨੇ ਉਨ੍ਹਾਂ ਨੂੰ ਪੁਚਕਾਰ ਕੇ ਦਲੀਲ ਤੇ ਭਾਵਾਂ ਨੂੰ ਜਗਾ ਕੇ ਮਨਾਉਣਾ ਸ਼ੁਰੂ ਕੀਤਾ । ਉਹ ਜਾਣਦਾ ਸੀ ਕਿ ਉਸ ਨੇ ਕਿਵੇਂ ਹਰ ਹਾਲਤ ਵਿੱਚ ਕਾਊਂਟ ਬਣਿਆ ਰਹਿਣਾ ਹੈ ਭਾਵੇਂ ਉਸ ਦੀ ਬਹਾਦਰੀ, ਸਹਿਯੋਗਤਾ ਜਾਂ ਅਤਿ ਨਰਮੀ ਦਿਖਾਉਣਾ ਬਹੁਤ ਜ਼ਰੂਰੀ ਹੋਵੇ । ਉਹ ਉਨ੍ਹਾਂ ਲਈ ਕੀਤੀ ਜਾਣ ਵਾਲੀ ਉਸ ਦੀ ਸੇਵਾ ਨੂੰ ਵਡਿਆਉਣ ਲੱਗਾ ਸਿਫ਼ਤ ਕਰਨ ਲੱਗਾ ਅਤੇ ਇਕਦਮ ਬਹੁਤ ਪ੍ਰਸੰਨ ਚਿਤ ਤੇ ਘੁਲਮਿਲ਼ ਕੇ ਕਿਹਾ-

"ਅਤੇ ਤੁਸੀਂ ਜਾਣਦੇ ਹੋ, ਮੇਰੇ ਪਿਆਰੇ, ਉਸ ਦੇ ਲਈ ਇਹ ਫ਼ਖਰ ਦੀ ਗੱਲ ਹੋਵੇਗੀ ਕਿ ਉਹ ਕਿਸ ਸੁੰਦਰ ਲੜਕੀ ਨੂੰ ਜਾਣਦਾ ਹੈ; ਉਸ ਦੇ ਦੇਸ਼ ਵਿੱਚ ਇਹ ਕੁਝ ਲੱਭਣਾ ਕਠਿਨ ਹੈ ।"

ਮੋਟੀ ਲੜਕੀ ਕੁਝ ਨਾ ਬੋਲੀ ਅਤੇ ਦੂਜਿਆਂ ਨਾਲ ਰਲ਼ ਗਈ । ਜਿਉਂ ਹੀ ਉਹ ਘਰ ਵਿੱਚ ਵੜੇ ਉਹ ਆਪਣੇ ਕਮਰੇ ਨੂੰ ਚਲੀ ਗਈ ਅਤੇ ਮੁੜ ਬਾਹਰ ਨਾ ਆਈ । ਬੇਚੈਨੀ ਹੱਦ ਤੋਂ ਵੱਧ ਸੀ । ਉਹ ਕੀ ਕਾਰਨ ? ਜੇਕਰ ਉਹ ਨਾ ਮੰਨੀ ਤਾਂ ਕਿਹੀ ਉਲਝਣ ਹੈ ?

ਰਾਤ ਦੇ ਖਾਣੇ ਦੀ ਘੰਟੀ ਵੱਜੀ । ਉਹ ਅੰਤ ਵਿੱਚ ਕਮਰੇ ਵਿੱਚ ਆਇਆ ਅਤੇ ਉਸ ਨੇ ਬੇਲੋੜਾ ਹੀ ਉਡੀਕਦੇ ਰਹੇ। ਸ੍ਰੀ ਫੋਲੈਨਵੀ ਅੰਤ ਕਮਰੇ ਵਿੱਚ ਆਇਆ

ਅਤੇ ਕਿਹਾ ਕਿ ਕੁਮਾਰੀ ਰੂਸੈ ਬਿਮਾਰ ਹੈ, ਅਤੇ ਉਹ ਖਾਣੇ ਤੋਂ ਨਹੀਂ ਆਵੇਗੀ। ਹਰ ਕੋਈ ਚੌਕੰਨਾ ਹੋ ਗਿਆ। ਕਾਊਂਟ ਸਰਾਂ ਮਾਲਕ ਕੋਲ ਗਿਆ ਅਤੇ ਧੀਮੀ ਆਵਾਜ਼ ਵਿੱਚ ਕਹਿਣ ਲੱਗਾ: -

"ਕੀ ਉਹ ਉੱਥੇ ਹੀ ਹੈ ?"

“ਹਾਂ”

ਆਰਾਮ ਲਈ ਉਸ ਨੇ ਆਪਣੇ ਸਾਥੀਆਂ ਨੂੰ ਕੁਝ ਨਾ ਕਿਹਾ, ਪਰ ਸਿਰ ਨਾਲ ਮਾਮੂਲੀ ਜਿਹਾ ਇਸ਼ਾਰਾ ਕਰ ਦਿੱਤਾ। ਛੇਤੀ ਹੀ ਸਾਰਿਆਂ ਨੇ ਸੁਖ ਦਾ ਸਾਹ ਲਿਆ ਅਤੇ ਉਨ੍ਹਾਂ ਦੇ ਚਿਹਰਿਆਂ ’ਤੇ ਇਕ ਚਮਕ ਜਿਹੀ ਆ ਗਈ ਲੋਈਜ਼ੂ ਨੇ ਉੱਚੀ ਆਵਾਜ਼ ਵਿੱਚ ਕਿਹਾ:

"ਪਵਿੱਤਰ ਕ੍ਰਿਸ਼ਟਾਫਰ। ਮੈਂ ਸ਼ੈਮਪੇਨ ਲਈ ਖ਼ਰਚ ਕਰਦਾ ਹਾਂ, ਜੇਕਰ ਇਸ ਸੰਸਥਾ ਪਾਸੋਂ ਮਿਲ ਸਕਦੀ ਹੋਵੇ। "ਅਤੇ ਸ੍ਰੀਮਤੀ ਲੋਈਜ਼ੂ ਮਾਲਕ ਨੂੰ ਚਾਰ ਪਊਏ ਹੱਥ ਵਿੱਚ ਫੜੀ ਆਉਂਦੀ ਦੇਖ ਕੇ ਬੜੀ ਦੁਖੀ ਹੋਈ।

ਹਰ ਕੋਈ ਅਚਾਨਕ ਖ਼ਬਰਾਂ ਦੇਣ ਵਾਲਾ ਤੇ ਚੁਸਤ ਬਣ ਗਿਆ ਜਾਪਦਾ ਸੀ। ਖ਼ੁਸ਼ੀ ਨਾਲ ਉਨ੍ਹਾਂ ਦੇ ਦਿਲ ਭਰ ਗਏ। ਕਾਊਂਟ ਨੂੰ ਅਚਾਨਕ ਪਤਾ ਲੱਗਾ ਕਿ ਸ਼੍ਰੀਮਤੀ ਕਾਰੇ ਲਾਮੈਡੋਨ ਬਹੁਤ ਸੁੰਦਰ ਸੀ, ਉਤਪਾਦਕ ਨੇ ਕਾਊਂਟੈਸ ਨੂੰ ਸ਼ੁਭ ਇੱਛਾਵਾਂ ਦਿੱਤੀਆਂ ਗੱਲਬਾਤ ਸਜੀਵ, ਖ਼ੁਸ਼ੀ ਪ੍ਰਦਾਨ ਕਰਨ ਵਾਲੀ ਅਤੇ ਸਲੀਕੇ ਭਰਪੂਰ ਸੀ। ਅਚਾਨਕ ਲੋਈਜ਼ੂ ਨੇ ਘਬਰਾਹਟ ਵਿੱਚ ਹੱਥ ਉਤਾਂਹ ਨੂੰ ਉਠਾਉਂਦੇ ਹੋਏ ਕਿਹਾ " ਚੁੱਪ", ਹਰ ਇਕ ਵਿਅਕਤੀ ਚੁੱਪ ਹੈਰਾਨ ਅਤੇ ਡਰਿਆ ਹੋਇਆ ਸੀ। ਤਦ ਉਸ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਕਿਹਾ : 'ਸ਼ੀ-ਸ਼ੀ-ਸ਼ੀ।” ਉਸ ਦੀਆਂ ਦੋਵੇਂ ਅੱਖਾਂ ’ਤੇ ਹੱਥ ਛੱਤ ਵੱਲ ਚੁੱਕੇ ਹੋਏ ਸਨ, ਉਹ ਸੁਣ ਰਿਹਾ ਸੀ ਤੇ ਆਪਣੀ ਕੁਦਰਤੀ ਆਵਾਜ਼ ਵਿੱਚ ਲਗਾਤਾਰ ਕਹਿ ਰਿਹਾ ਸੀ, "ਠੀਕ ਹੈ। ਸਭ ਕੁਝ ਠੀਕ ਹੋ ਰਿਹਾ ਹੈ।"

ਪਹਿਲਾਂ ਉਹ ਸਾਰੇ ਹੀ ਸਮਝ ਨਾ ਸਕੇ, ਪਰ ਛੇਤੀ ਹੀ ਸਾਰੇ ਹੱਸ ਪਏ। ਪੰਦਰਾਂ ਕੁ ਮਿੰਟਾਂ ਪਿੱਛੋਂ ਉਸ ਨੇ ਦੁਬਾਰਾ ਸਾਗ ਲਾਉਣੀ ਸ਼ੁਰੂ ਕਰ ਦਿੱਤੀ, ਸਾਰੀ ਦੁਪਹਿਰ ਵਿੱਚ ਉਹ ਇਸ ਨੂੰ ਤਾਜ਼ਾ ਦਮ ਕਰ ਦਿੰਦਾ ਸੀ। ਅਤੇ ਉਸ ਨੇ ਕਿਸੇ ਨਾ ਕਿਸੇ ਨੂੰ ਉਪਰੋਕਤ ਕਹਾਣੀ ਵਿੱਚ ਉਸ ਨੂੰ ਦੋਹਰੇ ਅਰਥਾਂ ਵਿੱਚ ਸਿੱਖਿਆ ਦਿੰਦਿਆਂ, ਬੁਲਾਉਣ ਦਾ ਬਹਾਨਾ ਕੀਤਾ। ਕੁਝ ਪਲ਼ਾਂ ਲਈ ਕਾਨਾਫੂਸੀ ਵਿੱਚ ਸਾਹ

ਲੈਂਦਿਆਂ ਉਹ ਉਦਾਸੀ ਨਾਲ ਕਹਿੰਦਾ " ਵਿਚਾਰੀ ਲੜਕੀ।" ਤਦ ਉਹ ਗ਼ੁੱਸੇ ਵਿੱਚ ਆਪਣੇ ਦੰਦਾਂ ਵਿੱਚ ਹੀ ਗੁਣ ਗੁਣਾਇਆ :" ਤੋਬਾ ! ਉਸ ਲੁੱਚੇ ਪਰੂਸ਼ੀਅਨ ਦੀ" ਕਈ ਵਾਰੀ ਜਦ ਇਕਦਮ ਇਸ ਬਾਰੇ ਕੋਈ ਵਧੇਰੇ ਖ਼ਿਆਲ ਨਹੀਂ ਹੁੰਦਾ, ਉਹ ਅਸਰਦਾਇਕ ਇਕ ਆਵਾਜ਼ ਵਿੱਚ ਕਹੇਗਾ ਬਹੁਤ ਦੇਰ ਪਹਿਲਾਂ : "ਹੱਦ ਹੋ ਗਈ , ਹੱਦ ਹੋ ਗਈ।" ਜਿਵੇਂ ਉਹ ਆਪਣੇ ਆਪ ਨਾਲ ਹੀ ਬੋਲ ਰਿਹਾ ਹੋਵੇ: "ਜੇਕਰ ਅਸੀਂ ਇਕ ਵਾਰ ਮੁੜ ਉਸ ਨੂੰ ਦੇਖ ਸਕੇ ਇਹ ਠੀਕ ਨਹੀਂ ਕਿ ਉਸ ਨੂੰ ਮਾਰ ਦੇਣਾ ਚਾਹੀਦਾ ਹੈ।"

ਭਾਵੇਂ ਇਹ ਸਾਰੇ ਮਜ਼ਾਕ ਅਫ਼ਸੋਸਨਾਕ ਸਨ, ਪਰ ਉਨ੍ਹਾਂ ਨਾਲ ਸਾਰੇ ਹੀ ਖ਼ੁਸ਼ ਹੋਏ ਅਤੇ ਕਿਸੇ ਦੇ ਜਜ਼ਬਾਤ ਨੂੰ ਵੀ ਠੇਸ ਨਹੀਂ ਸੀ ਪੁੱਜੀ ਕਿਉਂਕਿ ਹੋਰ ਚੀਜ਼ਾਂ ਵਾਂਗ ਖਫ਼ਾ ਹੋਣਾ ਵੀ ਵਾਤਾਵਰਨ 'ਤੇ ਨਿਰਭਰ ਕਰਦਾ ਹੈ ਜੋ ਉਨ੍ਹਾਂ ਨੇ ਲਗਾਤਾਰ ਯਤਨ ਨਾਲ ਵਾਸ਼ਨਾਤਮਕ ਵਿਚਾਰਾਂ ਦੇ ਅਨੁਕੂਲ ਬਣਾ ਲਿਆ ਸੀ।

ਖਾਣਾ ਖਾਣ ਪਿੱਛੋਂ ਫ਼ਲ ਖਾਣ ਦੇ ਦੌਰਾਨ ਇਸਤਰੀਆਂ ਨੇ ਖ਼ੁਦ ਕਈ ਸੂਖ਼ਮ ਤੇ ਚਤਰ ਸੰਕੇਤ ਕੀਤਾ । ਉਨ੍ਹਾਂ ਦੀਆਂ ਅੱਖਾਂ ਚਮਕ ਰਹੀਆਂ ਸਨ, ਉਨ੍ਹਾਂ ਨੇ ਵਧੇਰੇ ਪੀ ਲਈ ਸੀ । ਕਾਊਂਟ ਨੇ ਜਿਸ ਦੇ ਖ਼ਿਆਲਾਂ ਦੀ ਉਡਾਰੀ ਵਿੱਚ ਬਹੁਤ ਗੰਭੀਰਤਾ ਸੀ, ਧਰੁਵ 'ਤੇ ਸਰਦੀ ਕੱਟਣ ਵਾਲਿਆਂ ਅਤੇ ਬਰਬਾਦ ਹੋਏ ਜਹਾਜ਼ ਦੇ ਮਲਾਹਾਂ, ਜਿਨ੍ਹਾਂ ਨੂੰ ਦੱਖਣ ਵੱਲ ਰਸਤਾ ਨਜ਼ਰ ਆਇਆ ਸੀ, ਦੀ ਖ਼ੁਸ਼ੀ ਦੀ ਤੁਲਨਾ ਕੀਤੀ, ਜਿਸ ਨੂੰ ਬਹੁਤ ਸਲਾਹਿਆ ਗਿਆ ।

ਲੋਈਜ਼ੂ ਇਕ ਦਮ ਖੜ੍ਹਾ ਹੋ ਗਿਆ, ਉਸ ਦੇ ਹੱਥ ਵਿੱਚ ਸ਼ੈਮਪੈਨ ਦਾ ਗਲਾਸ ਸੀ, ਉਸ ਨੇ ਕਿਹਾ :"ਮੈਂ ਸਾਰਿਆਂ ਦੀ ਖਲਾਸੀ ਲਈ ਪੀ ਰਿਹਾ ਹਾਂ।" ਹਰ ਕੋਈ ਖੜ੍ਹਾ ਹੋ ਗਿਆ ਅਤੇ ਸਭਨਾਂ ਨੇ ਇਕਸੁਰ ਹੋ ਕੇ ਲੋਈਜ਼ੂ ਦੀ ਉਪਰੋਕਤ ਗੱਲ ਕਹੀ। ਇੱਥੋਂ ਤੱਕ ਕਿ ਦੋ ਚੰਗੀਆਂ ਭੈਣਾਂ ਵੀ ਸ਼ਰਾਬ ਦੀ ਝੱਗ ਨੂੰ ਆਪਣੇ ਬੁੱਲ੍ਹ ਛੁਹਾਉਣ ਲਈ ਸਹਿਮਤ ਹੋ ਗਈਆਂ ਭਾਵੇਂ ਪਹਿਲਾਂ ਉਨ੍ਹਾਂ ਨੇ ਕਦੇ ਵੀ ਅਜਿਹਾ ਨਹੀਂ ਸੀ ਕੀਤਾ । ਉਨ੍ਹਾਂ ਨੇ ਕਦੇ ਵੀ ਅਜਿਹਾ ਨਹੀਂ ਸੀ ਕੀਤਾ । ਉਨ੍ਹਾਂ ਨੇ ਇਹ ਖ਼ਿਆਲ ਪ੍ਰਗਟ ਕੀਤਾ ਕਿ ਇਹ ਨਿੰਬੂ ਦੇ ਰਸ ਵਰਗੇ ਸਵਾਦ ਵਾਲੀ ਸੀ, ਇਸ ਤੋਂ ਵੀ ਕਿਤੇ ਵਧੀਆ ।

ਲੋਈਜ਼ੂ ਨੇ ਫੇਰ ਗੱਲਬਾਤ ਸ਼ੁਰੂ ਕਰ ਦਿੱਤੀ :"ਮੰਦੇ ਭਾਗਾਂ ਨੂੰ ਸਾਡੇ ਕੋਲ ਕੋਈ ਪਿਆਨੋ ਨਹੀਂ ਹੈ, ਨਹੀਂ ਤਾਂ ਅਸੀਂ ਚਹੁੰ ਜੋੜਿਆਂ ਦਾ ਨਾਚ ਨੱਚਦੇ ।"

ਕਾਰਨੂਦਤ ਨੇ ਕੋਈ ਸ਼ਬਦ ਨਹੀਂ ਸੀ ਬੋਲਿਆ ਅਤੇ ਨਾ ਹੀ ਹੀਣ ਭਾਵ ਦਰਸਾਉਣ ਲਈ ਕੋਈ ਸੰਕੇਤ ਹੀ ਕੀਤਾ ਸੀ। ਉਹ ਗੰਭੀਰ ਸੋਚਾਂ ਵਿੱਚ ਡੁੱਬਾ ਹੋਇਆ ਲੱਗਦਾ ਸੀ ਅਤੇ ਕਦੇ ਕਦੇ ਉਹ ਕ੍ਰੋਧ ਭਰੀ ਹਰਕਤ ਕਰਦਾ ਸੀ । ਜਿਸ ਨਾਲ ਉਸ ਦੀ ਭਰਵੀਂ ਦਾਹੜੀ ਉਸ ਤੋਂ ਛੁਟਕਾਰਾ ਪਾਉਣ ਦੀ ਇੱਛੁਕ ਜਾਪਦੀ ਸੀ। ਅੰਤ ਵਿੱਚ ਜਦ ਅੱਧੀ ਰਾਤ ਦੇ ਲਗਭਗ ਉਹ ਵਿਛੜ ਰਹੇ ਸਨ ਤਾਂ ਲੋਈਜ਼ੂ ਜੋ ਲੜਖੜਾ ਰਿਹਾ ਸੀ ਨੇ ਉਸ ਦੇ ਪੇਟ ਨੂੰ ਛੂਹਿਆ ਅਤੇ ਥਥਲਾਉਂਦੀ ਆਵਾਜ਼ ਵਿੱਚ ਉਸ ਨੂੰ ਕਿਹਾ, “ਤੂੰ ਅੱਜ ਸ਼ਾਮ ਨੂੰ ਹਾਸਾ ਠੱਠਾ ਨਹੀਂ ਕੀਤਾ, ਨਾਗਰਿਕ । ਤੂੰ ਬਿਲਕੁਲ ਚੁੱਪ ਰਿਹਾ ਹੈਂ । "ਤਦ ਕਾਰਨੂਦਤ ਨੇ ਖੜ੍ਹਵਾ ਹੋ ਕੇ ਆਪਣਾ ਸਿਰ ਉੱਪਰ ਉਠਾਇਆ ਅਤੇ ਸਾਰਿਆਂ ਵੱਲ ਭੈ ਭੀਤ ਕਰਨ ਵਾਲੀ ਨਜ਼ਰ ਮਾਰਦਾ ਹੋਇਆ ਬੋਲਿਆ" ਮੈਂ ਤੁਹਾਨੂੰ ਸਾਰਿਆਂ ਨੂੰ ਕਹਿੰਦਾ ਹਾਂ ਕਿ ਤੁਸੀਂ ਉਸ ਨੂੰ ਕਲੰਕਿਤ ਕਰਨ ਦੇ ਦੋਸ਼ੀ ਹੋ । "ਉਹ ਉੱਠਿਆ ਦਰਵਾਜ਼ੇ ਤੱਕ ਗਿਆ ਅਤੇ ਉਸ ਨੇ ਦੁਬਾਰਾ ਕਿਹਾ,

"ਕਲੰਕਿਤ ਕਰਨ ਦੇ ਦੋਸ਼ੀ ਮੈਂ ਕਹਿੰਦਾ ਹਾਂ ।"

ਅਤੇ ਉਹ ਅਲਪ ਹੋ ਗਿਆ ।

ਇਸ ਨਾਲ ਇਕਦਮ ਖ਼ਾਮੋਸ਼ੀ ਛਾ ਗਈ, ਵਾਰਤਾਲਾਪ ਕਰਨ ਵਾਲਾ ਲੋਈਜ਼ੂ ਸੁੰਨ ਹੋ ਗਿਆ ,ਪਰ ਛੇਤੀ ਹੀ ਉਹ ਆਪਣੇ ਆਪ ਵਿੱਚ ਪਰਤ ਆਇਆ ਅਤੇ ਉਸ ਨੇ ਖੁੱਲ੍ਹ ਕੇ ਹੱਸਦਿਆਂ ਕਿਹਾ : “ਮੇਰੇ ਦੋਸਤੋ, ਉਹ ਬਹੁਤ ਈਰਖਾਲੂ ਵਿਅਕਤੀ ਹੈ। ਉਹ ਬਹੁਤ ਈਰਖਾਲੂ ਹੈ। "ਕਿਉਂਕਿ ਉਹ ਇਸ ਗੱਲ ਨੂੰ ਸਮਝ ਨਹੀਂ ਰਹੇ ਸਨ, ਉਸ ਨੇ ਉਨ੍ਹਾਂ ਨੂੰ " ਲਾਂਘੇ ਦੇ ਰਹੱਸ "ਬਾਰੇ ਦੱਸਿਆ । ਫੇਰ ਕਲੇਸ਼ ਹੋਣ ਲੱਗ ਪਏ । ਇਸਤਰੀਆਂ ਨੇ ਖੁਸਰਿਆਂ ਵਾਲਾ ਰਵੱਈਆ ਅਪਣਾਇਆ ਹੋਇਆ ਸੀ । ਕਾਊਂਟ ਅਤੇ ਕਾਰੇ ਲਾਮੈਡੋਨ ਇੰਨਾ ਹੱਸੇ ਕਿ ਉਨ੍ਹਾਂ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ । ਉਹ ਇਸ ਗੱਲ ’ਤੇ ਵਿਸ਼ਵਾਸ ਨਹੀਂ ਸਨ ਕਰ ਰਹੇ ।

"ਇਹ ਕਿਵੇਂ ਵਾਪਰੀ ? ਕੀ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ?"

"ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਆਪਣੀ ਅੱਖੀਂ ਵੇਖਿਆ ਹੈ ।"

"ਅਤੇ ਉਸ ਕੁੜੀ ਨੇ ਇਨਕਾਰ ਕਰ ਦਿੱਤਾ... "

"ਹਾਂ ਕਿਉਂਕਿ ਪਰੂਸ਼ੀਅਨ ਅਫ਼ਸਰ ਨਾਲ ਦੇ ਕਮਰੇ ਵਿੱਚ ਸੀ,"

"ਅਸੰਭਵ ।"

"ਮੈਂ ਕਸਮ ਖਾ ਕੇ ਕਹਿੰਦਾ ਹਾਂ ।"

ਕਾਊਂਟ ਦਾ ਹਾਸੇ ਨਾਲ ਸਾਹ ਰੁੱਕ ਗਿਆ ਸੀ। ਉਤਪਾਦਕ ਨੇ ਆਪਣੇ ਹੱਥਾਂ ਨਾਲ ਉਸ ਨੂੰ ਦੋਹਾਂ ਪਾਸਿਆਂ ਤੋਂ ਫੜਿਆ ਹੋਇਆ ਸੀ। ਲੋਈਜ਼ੂ ਨੇ ਗੱਲ ਜਾਰੀ ਰੱਖੀ:

"ਅਤੇ ਹੁਣ ਤੁਸੀਂ ਸਮਝ ਹੀ ਗਏ ਹੋਵੋਗੇ ਕਿ ਅੱਜ ਸ਼ਾਮ ਨੂੰ ਉਸ ਨੂੰ ਕੋਈ ਗੱਲ ਵੀ ਹਾਸੇ ਠੱਠੇ ਵਾਲੀ ਨਹੀਂ ਜਾਪੀ। ਨਹੀਂ ਜਾਪੀ। ਨਹੀਂ, ਇਕ ਗੱਲ ਵੀ ਨਹੀਂ। ਫੇਰ ਤਿੰਨਾਂ ਨੇ ਗੱਲਬਾਤ ਸ਼ੁਰੂ ਕੀਤੀ ਜਿਵੇਂ ਕਿ ਉਹ ਹੱਸ ਹੱਸ ਕੇ ਦਮ ਖ਼ੁਸ਼ਕ ਹੋਣ ਨਾਲ ਬਿਮਾਰ ਜਿਹੇ ਹੋ ਗਏ ਹੋਣ।

ਉਹ ਵਿਛੜ ਗਏ। ਪਰ ਸ੍ਰੀਮਤੀ ਲੋਈਜ਼ੂ ਨੇ ਜੋ ਖੋਰ ਰੱਖਣ ਵਾਲੇ ਸੁਭਾਅ ਦੀ ਸੀ, ਸੌਣ ਲੱਗਿਆ ਆਪਣੇ ਪਤੀ ਨੂੰ ਕਿਹਾ ਕਿ ਕਾਰੇ ਲਾਮੈਡੋਨ ਦੀ " ਸ਼ੋਖ ਹੁਸੀਨਾ "ਸਾਰੀ ਸ਼ਾਮ ਸੜੇ ਨਾਲ ਪੀਲੀ ਭੂਕ ਹੋਈ ਰਹੀ ਹੈ। “ਕੀ ਤੁਹਾਨੂੰ ਪਤਾ ਹੈ," ਉਸ ਨੇ ਆਪਣੀ ਗੱਲ ਜਾਰੀ ਰੱਖੀ "ਜਿਵੇਂ ਕਈ ਇਸਤਰੀਆਂ ਕਿਸੇ ਵੀ ਫ਼ੌਜੀ ਵਿੱਚ ਫ਼ਰਕ ਨਹੀਂ ਸਮਝਦੀਆਂ ਭਾਵੇਂ ਉਹ ਫ਼ਰਾਂਸੀਸੀ ਹੋਵੇ ਜਾਂ ਪਰੂਸ਼ੀਅਨ। ਉਨ੍ਹਾਂ ਲਈ ਇੱਕੋ ਗੱਲ ਹੈ। ਆਹ ! ਕਿੰਨੇ ਅਫ਼ਸੋਸ ਵਾਲੀ ਗੱਲ ਹੈ।"

ਅਤੇ ਸਾਰੀ ਰਾਤ, ਲਾਂਘੇ ਦੇ ਹਨੇਰੇ ਵਿੱਚ, ਕਾਨਾਫੂਸੀ ਅਤੇ ਨੰਗੇ ਪੈਰੀਂ ਤੁਰਨ ਦੀ ਆਵਾਜ਼ ਅਤੇ ਸੂਖ਼ਮ ਕਿੜ ਕਿੜ ਦਾ ਮਾਮਲੀ ਸ਼ੋਰ ਸੁਣਾਈ ਦਿੰਦਾ ਰਿਹਾ। ਇਹ ਠੀਕ ਏ ਕਿ ਉਹ ਡੂੰਘੀ ਰਾਤ ਤੱਕ ਸੌਂ ਨਹੀਂ ਸਨ ਸਕੇ। ਕਿਉਂਕਿ ਦਰਵਾਜ਼ਿਆਂ ਦੇ ਹੇਠੋਂ ਰੌਸ਼ਨੀ ਦੀਆਂ ਤਾਰਾਂ ਬਹੁਤ ਲੰਮੇ ਸਮੇਂ ਤੱਕ ਵਿਖਾਈ ਦਿੰਦੀਆਂ ਰਹੀਆਂ। ਸ਼ੈਮਪੈਨ ਨੇ ਆਪਣਾ ਕਮਾਲ ਵਿਖਾਇਆ, ਉਹ ਕਹਿੰਦੇ ਸਨ ਕਿ ਇਸ ਨਾਲ ਨੀਂਦਰ ਵਿੱਚ ਵਿਘਨ ਪੈਂਦਾ ਹੈ।

ਅਗਲੇ ਦਿਨ ਸਰਦੀ ਦੇ ਸੂਰਜ ਨਾਲ ਬਰਫ਼ ਵਧੇਰੇ ਚਮਕ ਰਹੀ ਸੀ। ਬੱਘੀ ਅੱਗੇ ਘੋੜੇ ਜੋੜੇ ਜਾ ਚੁੱਕੇ ਸਨ ਅਤੇ ਉਹ ਦਰਵਾਜ਼ੇ ਦੇ ਕੋਲ ਯਾਤਰੀਆਂ ਦੀ ਇੰਤਜ਼ਾਰ ਵਿੱਚ ਖੜ੍ਹੀ ਸੀ, ਜਦਕਿ ਚਿੱਟੇ ਕਬੂਤਰਾਂ ਦੀ ਫ਼ੌਜ, ਜਿਨ੍ਹਾਂ ਦੀਆਂ ਅੱਖਾਂ ਲਾਲ ਅਤੇ ਖੰਭ ਭਾਰੇ ਸਨ, ਅਤੇ ਉਨ੍ਹਾਂ ਦੇ ਸਰੀਰ ਦੇ ਐਨ ਵਿੱਚਕਾਰ ਇਕ ਕਾਲਾ ਟਿਮਕਣਾ ਸੀ, ਸ਼ਾਂਤੀ ਨਾਲ ਛਿਆਂ ਘੋੜਿਆਂ ਦੀ ਵਿਚਾਲੇ ਖਿੱਲਰੀ ਪਈ ਲਿੱਦ ਵਿੱਚੋਂ ਆਪਣੀ ਖ਼ੁਰਾਕ ਲੱਭਣ ਲਈ ਇੱਧਰ ਉੱਧਰ ਫਿਰ ਰਹੀ ਸੀ।

ਕੋਚਵਾਨ ਨੇ ਆਪਣੇ ਦੁਆਲੇ ਭੇਡ ਦੀ ਖੱਲ ਲਪੇਟੀ ਹੋਈ ਸੀ, ਸੀਟੀ ਦੇ ਹੇਠਾਂ ਉਸ ਨੇ ਤਿਆਰ ਕੀਤਾ ਹੁੱਕਾ ਰੱਖਿਆ ਹੋਇਆ ਸੀ, ਅਤੇ ਸਾਰੇ ਯਾਤਰੀਆਂ ਦੇ ਚਿਹਰੇ ਜਗਮਗਾ ਰਹੇ ਸਨ ਅਤੇ ਉਹ ਬਾਕੀ ਦੇ ਸਫ਼ਰ ਲਈ ਤੇਜ਼ੀ ਨਾਲ ਸਮਾਨ

ਪੈਕ ਕਰ ਰਹੇ ਸਨ । ਉਹ ਕੇਵਲ ਮੋਟੀ ਕੁੜੀ ਦੀ ਉਡੀਕ ਵਿੱਚ ਸਨ । ਅੰਤ ਨੂੰ ਉਹ ਵੀ ਆ ਪਹੁੰਚੀ।

ਉਹ ਚਿੰਤਾਤੁਰ ਅਤੇ ਸ਼ਰਮਿੰਦੀ ਸੀ । ਉਹ ਬਿਲਕੁਲ ਹੌਲੀ ਹੌਲੀ ਆਪਣੇ ਸਾਥੀਆਂ ਵੱਲ ਵਧੀ ਜਿਨ੍ਹਾਂ ਨੇ ਇਕੱਠਿਆਂ ਹੀ ਇਕ ਹਰਕਤ ਨਾਲ ਆਪਣੀ ਪਿੱਠ ਇਸ ਤਰ੍ਹਾਂ ਮੋੜ ਲਈ ਜਿਵੇਂ ਕਿ ਉਨ੍ਹਾਂ ਨੇ ਉਸ ਨੂੰ ਵੇਖਿਆ ਹੀ ਨਾ ਹੋਵੇ । ਕਾਊਂਟ ਨੇ ਗੌਰਵ ਨਾਲ ਆਪਣੀ ਪਤਨੀ ਦੀ ਬਾਂਹ ਫੜ ਲਈ ਅਤੇ ਉਸ ਨੂੰ ਮੋਟੀ ਲੜਕੀ ਦੀ ਅਪਵਿੱਤਰ ਛੋਹ ਤੋਂ ਲਾਂਭੇ ਕਰ ਦਿੱਤਾ ।

ਉਨ੍ਹਾਂ ਦੇ ਇਸ ਤਰ੍ਹਾਂ ਦੇ ਰਵੱਈਏ ਨਾਲ ਪਹਿਲਾਂ ਤਾਂ ਮੋਟੀ ਲੜਕੀ ਰੁੱਕ ਗਈ, ਉਹ ਲਗਭਗ ਸੁੰਨ ਹੋ ਗਈ ਸੀ । ਫੇਰ ਉਹ ਉਤਪਾਦਕ ਦੀ ਪਤਨੀ ਵੱਲ ਵਧੀ ਅਤੇ ਉਸ ਨੂੰ ਹੌਲੀ ਜਿਹੀ ਬੁਲਾਉਂਦਿਆਂ ਕਿਹਾ, "ਮੈਡਮ, ਸ਼ੁਭ ਪ੍ਰਭਾਤ " ਉਤਪਾਦਕ ਦੀ ਪਤਨੀ ਨੇ ਆਪਣੇ ਸਿਰ ਨੂੰ ਮਾਮੂਲੀ ਜਿਹਾ ਝੁਕਾਇਆ ਅਤੇ ਉਸ ਨੂੰ ਇਸ ਤਰ੍ਹਾਂ ਦੀ ਨਜ਼ਰ ਨਾਲ ਵੇਖਿਆ ਜਿਵੇਂ ਕਿ ਉਹ ਅਪਮਾਨਿਤ ਹੋ ਚੁੱਕੀ ਹੋਵੇ । ਹਰ ਕੋਈ ਰੁੱਝਾ ਹੋਇਆ ਲੱਗਦਾ ਸੀ ਅਤੇ ਉਹ ਆਪਣੇ ਆਪ ਨੂੰ ਉਸ ਤੋਂ ਦੂਰ ਰੱਖ ਰਹੇ ਸਨ ਜਿਵੇਂ ਉਸ ਦੇ ਘੱਗਰੇ ਨੂੰ ਕੋਈ ਛੂਤ ਛਾਤ ਦੀ ਬਿਮਾਰੀ ਚਿੰਬੜੀ ਹੋਵੇ । ਉਹ ਕਾਹਲੀ ਨਾਲ ਬੱਘੀ ਵਿੱਚ ਆ ਬੈਠੇ । ਉਹ ਅਖ਼ੀਰ ਵਿੱਚ, ਇਕੱਲੀ ਹੀ ਅੰਦਰ ਆਈ ਅਤੇ ਉਸੇ ਸੀਟ ਉੱਤੇ ਬੈਠ ਗਈ ਜਿਹੜੀ ਸਫ਼ਰ ਦੇ ਪਹਿਲੇ ਭਾਗ ਵਿੱਚ ਉਸ ਨੇ ਮੱਲ੍ਹੀ ਸੀ।

ਇੰਝ ਜਾਪਦਾ ਸੀ ਜਿਵੇਂ ਉਹ ਉਸਨੂੰ ਵੇਖ ਜਾਂ ਪਛਾਣ ਨਾ ਰਹੇ ਹੋਣ; ਭਾਵੇਂ ਸ੍ਰੀਮਤੀ ਲੋਈਜ਼ੂ ਨੇ ਉਸ ਨੂੰ ਦੂਰੋਂ ਵੇਖ ਕੇ ਆਪਣੇ ਪਤੀ ਨੂੰ ਦੱਬੀ ਆਵਾਜ਼ ਵਿਚ ਕਿਹਾ : ਚੰਗੇ ਭਾਗਾਂ ਨੂੰ, ਮੈਨੂੰ ਉਸ ਦੇ ਨਾਲ ਨਹੀਂ ਬੈਠਣਾ ਪਵੇਗਾ ।"

ਭਰੀ ਬੱਘੀ ਨੇ ਫੇਰ ਚੱਲਣਾ ਸ਼ੁਰੂ ਕੀਤਾ ਅਤੇ ਬਾਕੀ ਰਹਿੰਦਾ ਸਫ਼ਰ ਆਰੰਭ ਹੋਇਆ । ਪਹਿਲਾਂ ਕੋਈ ਵੀ ਨਾ ਬੋਲਿਆ। ਮੋਟੀ ਲੜਕੀ ਦਾ ਅੱਖਾਂ ਉੱਪਰ ਕਰਨ ਦਾ ਹੀਆ ਨਹੀਂ ਸੀ ਪੈ ਰਿਹਾ । ਉਹ ਆਪਣੇ ਗੁਆਂਢੀਆਂ ਨਾਲ ਨਾਰਾਜ਼ ਜਾਪਦੀ ਸੀ ਅਤੇ ਇਸ ਦੇ ਨਾਲ ਹੀ ਪਰੂਸ਼ੀਅਨ ਅਫ਼ਸਰ ਦੇ ਸ਼ਿਕੰਜੇ ਵਿਚ ਆ ਕੇ ਉਸ ਵੱਲੋਂ ਬੁਰੀ ਤਰ੍ਹਾਂ ਚੁੰਮੇ ਜਾਣ ਨਾਲ ਉਸ ਦਾ ਅਪਮਾਨ ਹੋਇਆ ਸੀ, ਜਿਸ ਦੀਆਂ ਬਾਹਾਂ ਵਿਚ ਉਸ ਨੂੰ ਛਲ ਨਾਲ ਸੁੱਟ ਦਿੱਤਾ ਗਿਆ ਸੀ।

ਤਦ ਕਾਊਂਟ ਦੀ ਪਤਨੀ ਨੇ ਸ੍ਰੀਮਤੀ ਕਾਰੇ ਲਾਮੈਡੋਨ ਵੱਲ ਮੂੰਹ ਘੁਮਾਉਂਦਿਆਂ ਇਸ ਗੰਭੀਰ ਚੁੱਪ ਨੂੰ ਖ਼ਤਮ ਕੀਤਾ।

"ਮੇਰਾ ਖ਼ਿਆਲ ਹੈ ਕਿ ਤੁਸੀਂ ਮੈਡਮ ਡੀ. ਈਟਰੈਲਰਜ ਨੂੰ ਜਾਣਦੇ ਹੋ ?"

"ਹਾਂ, ਉਹ ਮੇਰੇ ਦੋਸਤਾਂ ਵਿੱਚੋਂ ਹੈ ।"

" ਕਿੰਨੀ ਖੁਸ਼-ਮਿਜ਼ਾਜ ਇਸਤਰੀ ਹੈ।"

"ਪ੍ਰਸੰਨ । ਬਹੁਤ ਚੰਗੇ ਸੁਭਾਅ ਦੀ ਅਤੇ ਇਸ ਤੋਂ ਇਲਾਵਾ ਪੜ੍ਹੀ ਹੋਈ, ਉਹ ਬਹੁਤ ਵਧੀਆ ਕਲਾਕਾਰ ਹੈ । ਸੋਹਣਾ ਗਾਉਂਦੀ ਅਤੇ ਪੇਂਟਿੰਗ ਕਰਨ ਵਿੱਚ ਨਿਪੁੰਨ ਹੈ ।"

ਉਤਪਾਦਕ ਕਾਊਂਟ ਨਾਲ ਗੱਪ ਸ਼ੱਪ ਲਾ ਰਿਹਾ ਸੀ ਅਤੇ ਸ਼ੀਸ਼ੇ ਦੇ ਖੜਕੇ ਵਿੱਚ ਕਈ ਵੇਰਾਂ ਅਜਿਹੇ ਸ਼ਬਦ ਜਿਵੇਂ "ਕੂਪਨ ਪ੍ਰੀਮੀਅਮ, ਸੀਮਾ-ਸਮਾਪਤੀ' ਆਦਿ ਸੁਣਾਈ ਦਿੰਦੇ ਸਨ।

ਲੋਈਜ਼ੂ ਜੋ ਸਰਾਂ, ਵਿੱਚੋਂ ਪੁਰਾਣੀ ਤਾਸ਼ ਖਿਸਕਾ ਲਿਆਇਆ ਸੀ, ਜਿਹੜੀ ਗੰਦੇ ਮੇਜ਼ਾਂ ’ਤੇ ਪੰਜ ਸਾਲ ਖੇਡੀ ਜਾਣ ਨਾਲ ਥਿੰਦੀ ਹੋ ਚੁੱਕੀ ਸੀ, ਉਹ ਤਾਸ਼ ਨਾਲ ਆਪਣੀ ਪਤਨੀ ਨਾਲ ਬੀਜੀਕ ਦੀ ਖੇਡ ਖੇਡਣ ਲੱਗਾ ।

ਚੰਗੀਆਂ ਭੈਣਾਂ ਨੇ ਲੱਕ ਦੁਆਲੇ ਪਾਉਣ ਵਾਲੀ ਪੇਟੀ ਵਿੱਚੋਂ ਲੰਮੀ ਮਾਲਾ ਉਠਾਈ, ਰਲ ਕੇ ਸਲੀਬ ਦਾ ਨਿਸ਼ਾਨ ਬਣਾਇਆ ਅਤੇ ਫੇਰ ਅਚਾਨਕ ਹੀ ਆਪਣੇ ਬੁੱਲ੍ਹਾਂ ਨੂੰ ਹਿਲਾਉਣ ਲੱਗ ਪਈਆਂ ਅਤੇ ਉਨ੍ਹਾਂ ਦੀ ਨਾਸਮਝ ਆਉਣ ਵਾਲੀ ਆਵਾਜ਼ ਤਿੱਖੀ ਹੋ ਗਈ ਜਿਵੇਂ ਕਿ ਉਹ ਸਾਰਾ "ਓਰੀਮਸ" ਉਚਾਰ ਰਹੀਆਂ ਹੋਣ । ਕੁਝ ਸਮੇਂ ਬਾਅਦ ਉਹ ਇਕ ਮੰਡਲ ਨੂੰ ਚੁੰਮਦੀਆਂ, ਸਲੀਬ ਦੇ ਨਿਸ਼ਾਨ ਨੂੰ ਨਵੇਂ ਸਿਰਿਓਂ ਬਣਾਉਂਦੀਆਂ ਅਤੇ ਆਪਣੀ ਗੁਣਗੁਣਾਹਟ ਨੂੰ ਫੇਰ ਸ਼ੁਰੂ ਕਰ ਦਿੰਦੀਆਂ ਜੋ ਤੇਜ਼ ਅਤੇ ਲਗਾਤਾਰ ਸੀ ।

ਕਾਰਨੂਦਤ ਸੋਚਾਂ ਵਿਚ ਡੁੱਬਾ ਬੇਹਰਕਤ ਬੈਠਾ ਹੋਇਆ ਸੀ ।

ਰਸਤੇ ਵਿਚ ਚੱਲਦਿਆਂ ਤਿੰਨੇ ਘੰਟੇ ਖ਼ਤਮ ਹੋ ਜਾਣ ’ਤੇ ਲੋਈਜ਼ੂ ਨੇ ਤਾਸ਼ ਪਰੇ ਰੱਖ ਦਿਤੀ ਅਤੇ ਕਿਹਾ, "ਮੈਨੂੰ ਭੁੱਖ ਲੱਗੀ ਹੈ।"

ਉਸ ਦੀ ਪਤਨੀ ਨੇ ਇਕ ਪੁਲੰਦਾ ਕੱਢਿਆ ਜਿਸ ਵਿੱਚੋਂ ਉਸ ਨੇ ਵੱਡੇ ਠੰਡੇ ਮਾਸ ਦਾ ਇਕ ਟੁਕੜਾ ਕੱਢਿਆ, ਉਸ ਨੇ ਇਸ ਟੁਕੜੇ ਦੇ ਇੱਕੋ ਜਿਹੇ ਪਤਲੇ ਟੁਕੜੇ ਬਣਾਏ ਅਤੇ ਉਹ ਦੋਵੇਂ ਇਸ ਨੂੰ ਖਾਣ ਲੱਗ ਪਏ।

"ਜੇ ਅਸੀਂ ਵੀ ਲੋਈਜ਼ੂ ਅਤੇ ਉਸ ਦੀ ਪਤਨੀ ਵਾਂਗ ਕੁਝ ਖਾਈਏ" ਕਾਊਂਟ ਦੀ ਪਤਨੀ ਨੇ ਕਿਹਾ ।

ਉਹ ਸਹਿਮਤ ਹੋ ਗਏ । ਉਸ ਨੇ ਦੋ ਜੋੜਿਆਂ ਲਈ ਤਿਆਰ ਕੀਤਾ ਸਾਮਾਨ ਖੋਲ੍ਹਿਆ। ਇਨ੍ਹਾਂ ਵਿੱਚੋਂ ਇਕ ਕਟੋਰੇ ਵਿੱਚ, ਜਿਸ ਦਾ ਢੱਕਣ ਚੀਨੀ ਸਹੇ

ਨਾਲ ਸਜਾਇਆ ਗਿਆ ਸੀ ਤਾਂ ਜੋ ਇਹ ਪਤਾ ਲੱਗ ਸਕੇ ਕਿ ਇਸ ਵਿਚ ਸਹੇ ਦਾ ਮਾਸ ਹੈ, ਸੂਰ ਦੇ ਸੁਆਦੀ ਮਾਸ ਦਾ ਇਕ ਕਟੋਰਾ ਸੀ ਜਿਸ ਵਿਚ ਚਿੱਟੀ ਤਰੀ ਭੂਰੇ ਮਾਸ ਵਿੱਚ ਦਰਿਆ ਦੇ ਪਾਣੀ ਵਾਂਗ ਇੱਧਰ ਉੱਧਰ ਫਿਰ ਰਹੀ ਸੀ, ਇਸ ਵਿਚ ਕਈ ਹੋਰ ਖਾਣ ਵਾਲੇ ਪਦਾਰਥਾਂ ਦੇ ਨਿੱਕੇ ਨਿੱਕੇ ਟੁਕੜੇ ਵੀ ਸ਼ਾਮਲ ਸਨ । ਗਰੂਈਰੀ ਵਿਖੇ ਬਣੇ ਪਨੀਰ ਦੇ ਇਕ ਸੁੰਦਰ ਵਰਗ ਆਕਾਰ ਟੁਕੜੇ ਨੂੰ ਅਖ਼ਬਾਰ ਵਿੱਚ ਵਲੇਟਿਆ ਹੋਇਆ ਸੀ ਲੇਸਦਾਰ ਪਲੇਟ ਤੇ “ਗੋਤਾਖੋਰਾਂ ਦੀਆਂ ਚੀਜ਼ਾਂ" ਦੀ ਮੋਹਰ ਲੱਗੀ ਹੋਈ ਸੀ ।

ਦੋਹਾਂ ਚੰਗੀਆਂ ਭੈਣਾਂ ਨੂੰ ਕਬਾਬ ਨੇ ਖੋਲ੍ਹਿਆ ਜਿਸ ਵਿੱਚੋਂ ਲਸਣ ਦੀ ਵਾਸਨਾ ਆ ਰਹੀ ਸੀ ਅਤੇ ਕਾਰਨੂਦਤ ਨੇ ਆਪਣੇ ਦੋਵੇਂ ਹੱਥ ਆਪਣੇ ਕੋਟ ਦੀਆਂ ਵੱਡੀਆਂ ਵੱਡੀਆਂ ਜੇਬਾਂ ਵਿਚ ਪਾ ਲਏ ਅਤੇ ਉਸ ਨੇ ਝਟ ਹੀ ਚਾਰ ਕੱਚੇ ਆਂਡੇ ਅਤੇ ਡਬਲਰੋਟੀ ਦਾ ਇਕ ਟੁਕੜਾ ਬਾਹਰ ਕੱਢਿਆ। ਉਸ ਨੇ ਆਂਡਿਆਂ ਦੇ ਖੋਲ ਉਤਾਰ ਕੇ ਆਪਣੇ ਪੈਰਾਂ ਹੇਠ ਪਈ ਪਰਾਲੀ ਵਿੱਚ ਸੁੱਟ ਦਿੱਤੇ ਅਤੇ ਉਹ ਆਂਡੇ ਖਾਣ ਲੱਗ ਪਿਆ, ਪੀਲੀ ਜਰਦੀ ਦੇ ਤੁਪਕੇ ਉਸ ਦੀ ਭਾਰੀ ਦਾਹੜੀ ’ਤੇ ਡਿੱਗ ਰਹੇ ਸਨ ਅਤੇ ਉਹ ਦੇ ਦਾਹੜੀ ਵਿੱਚ ਫਸੇ ਤਾਰਿਆਂ ਵਾਂਗ ਜਾਪਦੇ ਸਨ ।

ਮੋਟੀ ਲੜਕੀ ਨੇ ਕਾਹਲ਼ੀ ਅਤੇ ਉਦਾਸੀ ਵਿੱਚ ਉੱਠਣ ਕਾਰਨ ਕਿਸੇ ਗੱਲ ਬਾਰੇ ਵੀ ਨਹੀਂ ਸੀ ਸੋਚਿਆ। ਉਸ ਨੇ ਉਨ੍ਹਾਂ ਵੱਲ ਕਰੋਧ ਨਾਲ ਵੇਖਿਆ, ਉਹ ਸਾਰੇ ਮਜ਼ੇ ਨਾਲ ਖਾਣਾ ਖਾ ਰਹੇ ਸਨ, ਗੁੱਸੇ ਨਾਲ ਉਸਦਾ ਦਮ ਘੁੱਟ ਰਿਹਾ ਸੀ । ਪਹਿਲਾਂ ਤਾਂ ਉਸ ਨੂੰ ਹੰਗਾਮਾ ਕਰਨ ਵਾਲਾ ਗੁੱਸਾ ਆਇਆ ਫੇਰ ਉਸ ਨੇ ਉਨ੍ਹਾਂ ਨੂੰ ਬੁਰਾ ਭਲਾ ਕਹਿਣ ਲਈ ਮੂੰਹ ਖੋਲਿਆ, ਉਹ ਆਪਣੇ ਬੁੱਲ੍ਹਾਂ ’ਤੇ ਆਈਆਂ ਗਾਲ੍ਹਾਂ ਉਨ੍ਹਾਂ ਨੂੰ ਕੱਢਣਾ ਚਾਹੁੰਦੀ ਸੀ, ਗੁੱਸੇ ਨੇ ਉਸ ਦਾ ਸਾਹ ਖੁਸ਼ਕ ਕਰ ਦਿੱਤਾ ਸੀ ਇਸ ਲਈ ਉਹ ਕੁਝ ਵੀ ਬੋਲ ਨਾ ਸਕੀ।

ਕਿਸੇ ਨੇ ਵੀ ਉਸ ਵੱਲ ਨਾ ਵੇਖਿਆ ਅਤੇ ਨਾ ਹੀ ਉਸ ਬਾਰੇ ਉਸ ਨੇ ਆਪਣੇ ਆਪ ਨੂੰ ਇਨ੍ਹਾਂ ਈਮਾਨਦਾਰ ਬਦਮਾਸ਼ਾਂ ਦੀ ਘ੍ਰਿਣਾ ਵਿੱਚ ਡੁੱਬਿਆ ਹੋਇਆ ਮਹਿਸੂਸ ਕੀਤਾ ਜਿਨ੍ਹਾਂ ਨੇ ਪਹਿਲਾਂ ਉਸ ਨੂੰ ਬਲੀ ਦਾ ਬੱਕਰਾ ਬਣਾਇਆ ਤੇ ਫਿਰ ਉਸ ਦਾ ਤਿਆਗ ਕੀਤਾ ਸੀ। ਉਸ ਨੇ ਆਪਣੀ ਵਧੀਆ ਚੀਜ਼ਾਂ ਨਾਲ ਭਰੀ ਹੋਈ ਵੱਡੀ ਟੋਕਰੀ, ਜ਼ੈਲੀ ਨਾਲ ਚਮਕਦੇ ਦੋ ਚੂਚਿਆਂ, ਆਪਣੇ ਸਮੋਸਿਆਂ, ਆਪਣੀਆਂ ਨਾਸ਼ਪਾਤੀਆਂ ਅਤੇ ਬਾਰਡੀਅਕਸ ਦੀਆਂ ਚਾਰ ਬੋਤਲਾਂ ਬਾਰੇ ਸੋਚਿਆ ਜਿਨ੍ਹਾਂ ਨੂੰ ਉਹ ਲਾਲਚੀਆਂ ਵਾਂਗ ਹੜੱਪ ਕਰ ਗਏ ਸਨ । ਜਿਸ ਤਰ੍ਹਾਂ ਬਹੁਤੇ ਜ਼ੋਰ ਨਾਲ ਖਿੱਚੀ

ਰੱਸੀ ਟੁੱਟ ਜਾਂਦੀ ਹੈ ਉਸੇ ਤਰ੍ਹਾਂ ਉਸ ਦਾ ਗੁੱਸਾ ਅਚਾਨਕ ਘਟਣ ਲੱਗਾ ਅਤੇ ਉਸ ਨੇ ਰੋਣ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ, ਅਜਿਹਾ ਕਰਨ ਵਿੱਚ ਉਸ ਦੇ ਚਿਹਰੇ ’ਤੇ ਕਈ ਉਤਰਾਅ ਚੜਾਅ ਆਏ ਜਿਨ੍ਹਾਂ ਨਾਲ ਉਸ ਦੀ ਸ਼ਕਲ ਭੱਦੀ ਲੱਗਣ ਲੱਗ ਪਈ ਸੀ, ਉਹ ਬੱਚਿਆਂ ਵਾਂਗ ਆਪਣਾ ਹਾਉਕਾ ਅੰਦਰੇ ਹੀ ਰੱਖਦੀ ਸੀ ਪਰ ਫਿਰ ਵੀ ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਅਤੇ ਫਿਰ ਦੋ ਅੱਥਰ ਆਪਣੇ ਹੋਰ ਸਾਥੀਆਂ ਨਾਲੋਂ ਵਿਛੜ ਕੇ ਉਸ ਦੀਆਂ ਗਲ੍ਹਾਂ ’ਤੇ ਆ ਪਏ। ਇਸ ਤੋਂ ਪਿੱਛੋਂ ਉਸ ਦੇ ਅੱਥਰ, ਉਸ ਨਦੀ ਦੇ ਪਾਣੀ ਵਾਂਗ ਵਹਿ ਤੁਰੇ ਜੋ ਚਟਾਨਾਂ ਵਿੱਚੋਂ ਛਣਦਾ ਅਤੇ ਲਗਾਤਾਰ ਡਿੱਗਦਾ ਹੋਇਆ ਉਸ ਦੀ ਛਾਤੀ ’ਤੇ ਛੱਲਾਂ ਮਾਰਦਾ ਹੈ। ਉਹ ਸਿੱਧੀ ਬੈਠੀ ਸੀ, ਉਸ ਦੀਆਂ ਅੱਖਾਂ ਗੱਡੀਆਂ ਹੋਈਆਂ ਸਨ, ਉਸ ਦਾ ਚਿਹਰਾ ਦ੍ਰਿੜ ਅਤੇ ਪੀਲਾ ਸੀ, ਉਸ ਨੂੰ ਆਸ ਸੀ ਕਿ ਉਸ ਵੱਲ ਕੋਈ ਵੀ ਨਹੀਂ ਵੇਖੇਗਾ।

ਪਰ ਕਾਊਂਟ ਦੀ ਪਤਨੀ ਨੇ ਇਸ ਗੱਲ ਦਾ ਅਨੁਮਾਨ ਲਾ ਲਿਆ ਅਤੇ ਆਪਣੇ ਪਤੀ ਨੂੰ ਇਸ਼ਾਰੇ ਨਾਲ ਕੁਝ ਸਮਝਾਇਆ। ਉਹ ਆਪਣੇ ਮੋਢੇ ਹਿਲਾਉਂਦਿਆਂ ਇਹ ਕਹਿੰਦਾ ਹੈ :

"ਮੈਂ ਕੀ ਕਰਾਂ ? ਇਹ ਮੇਰੀ ਗ਼ਲਤੀ ਨਹੀਂ ਹੈ।"

ਸ੍ਰੀਮਤੀ ਲੋਈਜ਼ੂ ਖ਼ੁਸ਼ੀ ਨਾਲ ਜਿੱਤ ਦੀ ਖਾਮੋਸ਼ ਹਾਸੀ ਹੱਸਦੀ ਅਤੇ ਬੜਬੜਾਉਂਦੀ ਹੈ।

"ਉਹ ਸ਼ਰਮ ਕਰਕੇ ਰੌਂਦੀ ਹੈ।"

ਦੋਵੇਂ ਚੰਗੀਆਂ ਭੈਣਾਂ ਆਪਣੇ ਬਾਕੀ ਰਹਿੰਦੇ ਕਬਾਬ ਨੂੰ ਇਕ ਕਾਗਜ਼ ਵਿੱਚ ਲਪੇਟ ਕੇ ਮੁੜ ਪ੍ਰਾਰਥਨਾ ਕਰਨ ਲੱਗ ਪੈਂਦੀਆਂ ਹਨ।

ਕਾਰਨੂਦਤ ਨੇ ਜੋ ਆਂਡੇ ਹਜ਼ਮ ਕਰ ਰਿਹਾ ਸੀ ਆਪਣੀਆਂ ਲੱਤਾਂ ਸਾਹਮਣੇ ਵਾਲੀ ਸੀਟ ਤੱਕ ਪਸਾਰ ਲਈਆਂ, ਇਕ ਦੇ ਉੱਤੇ ਦੂਜੀ ਲੱਤ ਰੱਖ ਲਈ ਆਪਣੀਆਂ ਬਾਹਾਂ ਦੀ ਕਿੰਗੜੀ ਪਾ ਲਈ, ਉਹ ਉਸ ਪੁਰਸ਼ ਵਾਂਗ ਮੁਸਕਰਾਇਆ ਜੋ ਇਕ ਚੰਗਾ ਸਾਂਗ ਵੇਖ ਰਿਹਾ ਹੋਵੇ ਅਤੇ ਉਸ ਨੇ "ਮਾਰਸੇਲੀਆਸੀ" ਨੂੰ ਸੀਟੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸਾਰੇ ਚਿਹਰੇ ਪ੍ਰਕਾਸ਼ਹੀਣ ਹੋ ਗਏ। ਮਸ਼ਹੂਰ ਗੀਤ ਯਕੀਨਨ ਹੀ ਉਸ ਦੇ ਗੁਆਂਢੀਆਂ ਨੂੰ ਖ਼ੁਸ਼ ਨਹੀਂ ਸੀ ਕਰ ਰਿਹਾ। ਉਹ ਬੌਂਦਲ ਗਏ ਅਤੇ ਉਤੇਜਿਤ ਹੋ ਗਏ, ਉਨ੍ਹਾਂ ਦੀ ਸ਼ਕਲ ਤੋਂ ਪ੍ਰਤੀਤ ਹੁੰਦਾ ਸੀ ਜਿਵੇਂ ਕਿ ਉਹ ਕੁੱਤਿਆਂ ਵਾਂਗ ਭੌਂਕਣ ਦੇ ਖਾਹਿਸ਼ਮੰਦ ਸਨ, ਜਦੋਂ ਉਹ ਨਿਰਦਈ ਸੁਰ ਸੁਣਦੇ ਸਨ। ਉਸ ਨੇ ਇਹ ਸਭ ਕੁਝ

ਭਾਂਪ ਲਿਆ ਪਰ ਉਹ ਰੁਕਿਆ ਨਹੀਂ ਕਈ ਵੇਰ ਉਹ ਗੂੰਜਦੀ ਆਵਾਜ਼ ਵਿੱਚ ਇਹ ਸ਼ਬਦ ਕਹਿੰਦਾ :-

"ਦੇਸ਼ ਦੇ ਪਾਵਨ ਪਿਆਰ

ਸਹਾਇਤੀ ਹੋ, ਦੁਸ਼ਮਣ ਦਾ ਮੁਕਾਬਲਾ ਕਰਨ ਲਈ;

ਸੁਤੰਤਰਤਾ, ਮਿੱਠੀ ਸੁਤੰਤਰਤਾ,

ਦੀ ਖ਼ਾਤਰ ਹਮੇਸ਼ਾ ਲੜੋ, ਭੈ-ਭੀਤ ਹੋਣ ਤੋਂ ਬਿਨਾਂ"

ਉਹ ਤੇਜ਼ੀ ਨਾਲ ਸਫ਼ਰ ਕਰ ਰਹੇ ਸਨ ਕਿਉਂਕਿ ਬਰਫ਼ ਸਖ਼ਤ ਹੋ ਗਈ ਸੀ। ਪਰ ਡਾਇਪੀ ਤੱਕ ਸਫ਼ਰ ਦੇ ਲੰਮੇ ਅਤੇ ਉਦਾਸ ਸਮੇਂ ਸੜਕ ਦੇ ਹੁਝਕਿਆਂ, ਬੱਘੀ ਦੇ ਅੰਦਰ ਸੰਘਣੇ ਹਨੇਰੇ ਅਤੇ ਪੈ ਰਹੀ ਰਾਤ ਦੇ ਦੌਰਾਨ ਉਹ ਆਪਣੀ ਖੋਰੀ, ਨਿਰਦਈ ਤੇ ਢੀਠ ਇਕ ਸੁਰ ਸੀਟੀ ਵਜਾ ਰਿਹਾ ਸੀ, ਦੂਜਿਆਂ ਨੂੰ ਵੀ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਇਕ ਸੰਗੀਤ ਵਿੱਚ ਸ਼ਾਮਿਲ ਹੋਣ ਲਈ ਮਜਬੂਰ ਕਰ ਰਿਹਾ ਸੀ, ਅਤੇ ਉਹ ਸ਼ਬਦ ਦੁਹਰਾਉਣ ਲਈ ਜੋ ਹਰ ਢੰਗ ਨਾਲ ਸੰਬੰਧਿਤ ਸਨ ਆਖ ਰਿਹਾ ਸੀ । ਅਤੇ ਮੋਟੀ ਲੜਕੀ ਲਗਾਤਾਰ ਰੋਂਦੀ ਰਹੀ ; ਅਤੇ ਕਈ ਵਾਰ ਬੇਵੱਸੀ ਵਿਚ ਉਸ ਦਾ ਅਜਿਹਾ ਹਉਕਾ ਨਿਕਲਦਾ ਜੋ ਲੋਕਾਂ ਦੀਆਂ ਦੋਹਾਂ ਕਤਾਰਾਂ ਦੇ ਪਰਛਾਵਿਆਂ ਵਿੱਚ ਗੂੰਜ ਉੱਠਦਾ ਸੀ ।

# ਭੂਤ ਦਾ ਪਰਛਾਵਾਂ

ਅੱਜ ਕੱਲ੍ਹ ਦੇ ਮੁਕੱਦਮੇ ਬਾਰੇ ਗੱਲ ਕਰਦੇ ਹੋਏ ਸਾਡੀ ਗੱਲ ਅਲਾਇਦਗੀ ਵੱਲ ਬਚਨ ਗਈ ਅਤੇ ਸਾਡੇ ਵਿੱਚੋਂ ਹਰ ਇਕ ਨੇ ਕਹਾਣੀ ਦੱਸਣੀ ਸੀ -ਅਜਿਹੀ ਕਹਾਣੀ ਜੋ ਕਿ ਸਭ ਕਹੀ ਜਾ ਸਕਦੀ ਸੀ। ਸਾਡੀ ਪਾਰਟੀ ਦੇ ਸਾਰੇ ਚੰਗੇ ਗੂੜ੍ਹੇ ਮਿੱਤਰ ਸਨ ਜਿਸ ਸ਼ਾਮ ਨੂੰ ਇਕੱਠੇ ਅਨੰਦ ਮਾਣਿਆ ਸੀ, ਅਤੇ ਹੁਣ ਪਰਿਵਾਰ ਦੇ ਰੀਉਡੀ ਗਰੀਨਲ ਵਾਲੇ ਪੁਰਾਣੇ ਘਰ ਵਿੱਚ ਵਿਕਣ ਹੋ ਰਹੇ ਸਨ। ਵੱਡੀ ਉਮਰ ਦਾ ਮਾਰਕਿਉਟਿਲ ਡੀ ਲਾ ਟੂਰ ਸ਼ੈਮੁਲਾ 82 ਸਾਲ ਦੀ ਉਮਰ ਕਰਕੇ ਝੁਕ ਗਿਆ ਸੀ, ਆਖ਼ਿਰ ਉੱਠਿਆ, ਅਤੇ ਕਾਰਨਸ ਵੱਲ ਝੁਕਦੇ ਕੁਝ ਕੰਬਦੀ ਆਵਾਜ਼ ਵਿੱਚ ਬੋਲਿਆ:

'ਮੈਂ ਵੀ ਕੁਝ ਅਜੀਬ ਘਟਨਾ ਜਾਣਦਾ ਹਾਂ, ਇੰਨੀ ਅਜੀਬ ਕਿ ਜੋ ਮੈਨੂੰ ਸਾਰੀ ਜ਼ਿੰਦਗੀ ਚੰਗੀ ਤਰ੍ਹਾਂ ਯਾਦ ਰਹੀ। ਹੁਣ ਉਸ ਘਟਨਾ ਘਟੀ ਨੂੰ 56 ਸਾਲ ਹੋ ਗਏ ਹਨ, ਅਤੇ ਅਜੇ ਮਹੀਨਾ ਵੀ ਨਹੀਂ ਹੋਇਆ ਜਦੋਂ ਸੁਪਨੇ ਵਿੱਚ ਵੇਖਿਆ, ਇੰਨਾ ਜ਼ਿਆਦਾ ਡਰ ਦਾ ਪ੍ਰਭਾਵ ਮੇਰੇ ਦਿਮਾਗ਼ 'ਤੇ ਉਸਦਾ ਹੈ। ਦਸ ਮਿੰਟ ਲਈ ਮੈਂ ਇੰਨਾ ਸਹਿਮ ਜਾਂਦਾ ਹਾਂ ਕਿ, ਹਮੇਸ਼ਾ ਲਈ ਇਕ ਤਰ੍ਹਾਂ ਦਾ ਡਰ, ਅਚਾਨਕ ਆਵਾਜ਼ਾਂ ਮੈਨੂੰ ਕੰਬਾ ਦਿੰਦੀਆਂ ਹਨ, ਅਤੇ ਰਾਤ ਦੇ ਹਨੇਰੇ ਵਿੱਚ ਅੱਧ -ਪਚੱਧੀਆਂ ਨਜ਼ਰ ਆਈਆਂ ਚੀਜ਼ਾਂ ਮੈਨੂੰ ਉੱਠ ਕੇ ਚਲੇ ਜਾਣ ਲਈ ਪ੍ਰੇਰਿਤ ਕਰਦੀਆਂ ਹਨ। ਸੰਖੇਪ ਵਿੱਚ, ਮੈਨੂੰ ਹਨੇਰੇ ਤੋਂ ਡਰ ਲੱਗਦਾ ਹੈ।

"ਆਹ, ਨਹੀਂ। ਮੈਂ ਹੁਣ ਤੋਂ ਪਹਿਲਾਂ ਨਹੀਂ ਮੰਨਦਾ ਸੀ। ਹੁਣ ਮੈਂ ਕੁਝ ਵੀ ਕਹਿ ਸਕਦਾ ਹਾਂ। ਮੈਂ ਅਸਲੀ ਖ਼ਤਰੇ ਤੋਂ ਪਹਿਲਾਂ ਕਦੇ ਪਿੱਛੇ ਨਹੀਂ ਹਟਦਾ। ਇਸ ਲਈ ਹੀ 82 ਸਾਲ ਦੀ ਉਮਰ ਵਿੱਚ, ਮੈਂ ਐਵੇਂ ਕਿਸੇ ਖ਼ਿਆਲੀ ਖ਼ਤਰੇ ਲਈ ਬਹਾਦਰੀ ਦਿਖਾਵੇ ਵਾਸਤੇ ਮਜ਼ਬੂਰੀ ਵਿਖਾਉਣੀ ਮਹਿਸੂਸ ਨਹੀਂ ਕਰਦਾ।

"ਇਨ੍ਹਾਂ ਮਾਮਲਿਆਂ ਨੇ ਮੈਨੂੰ ਪੂਰੀ ਤਰ੍ਹਾਂ ਘਬਰਾ ਦਿੱਤਾ, ਅਤੇ ਮੇਰੇ ਲਈ ਸਦੀਵੀ ਰਹੱਸਮਈ ਦੁੱਖ ਦਾ ਕਾਰਨ ਬਣ ਗਏ ਕਿ ਮੈਂ ਕਿਸੇ ਨੂੰ ਵੀ ਦੱਸ ਨਾ

ਸਕਿਆ। ਮੈਂ ਹੁਣ ਤੁਹਾਨੂੰ ਜਿਸ ਤਰ੍ਹਾਂ ਇਹ ਬੀਤੇ ਠੀਕ ਤਰ੍ਹਾਂ ਦੱਸਦਾ ਹਾਂ, ਬਿਨਾਂ ਕਿਸੇ ਨੂੰ ਖੋਲ੍ਹ ਕੇ ਦੱਸਣ ਦੀ ਕੋਸ਼ਿਸ਼ ਕੀਤੇ ਬਿਨਾਂ।

"ਜੁਲਾਈ, 1827 ਵਿੱਚ, ਮੈਂ ਕਿ ਮੈਂ ਰੋਯੋਨ ਵਿਖੇ ਗੈਰੀਸਨ ਵਿੱਚ ਸੀ। ਇਕ ਦਿਨ, ਜਦੋਂ ਮੈਂ ਪੱਤਣ 'ਤੇ ਤੁਰ ਰਿਹਾ ਸੀ, ਇਕ ਆਦਮੀ ਨੂੰ ਮਿਲਿਆ ਲੱਗਦਾ ਸੀ ਕਿ ਮੈਂ ਉਸ ਨੂੰ ਪਛਾਣਦਾ ਹਾਂ, ਪਰ ਠੀਕ ਤਰ੍ਹਾਂ ਯਾਦ ਨਹੀਂ ਸੀ, ਕਿ ਉਹ ਕੌਣ ਹੈ। ਮੈਂ ਕੁਦਰਤੀ ਰੁਕ ਗਿਆ ,ਅਜਨਬੀ ਇਸ ਨੂੰ ਸਮਝ ਗਿਆ ਅਤੇ ਇਕਦਮ ਆਪਣਾ ਹੱਥ ਵਧਾ ਦਿੱਤਾ ।

"ਉਹ ਇਕ ਦੋਸਤ ਸੀ ਜਿਸ ਨਾਲ ਜਵਾਨੀ ਵਿੱਚ ਮੇਰਾ ਕਾਫ਼ੀ ਸੰਬੰਧ ਸੀ। ਪੰਜ ਸਾਲ ਤੋਂ ਮੈਂ ਉਸ ਨੂੰ ਨਹੀਂ ਦੇਖਿਆ ਸੀ, ਅਤੇ ਉਹ ਦੇਖਣ ਵਿੱਚ ਪੰਜਾਹ ਸਾਲ ਦਾ ਲੱਗਦਾ ਸੀ । ਉਸ ਦੇ ਵਾਲ਼ ਤਕਰੀਬਨ ਸਫ਼ੈਦ ਸਨ, ਅਤੇ ਉਹ ਰੁਕ ਰੁਕ ਕੇ ਤੁਰਦਾ ਸੀ ਜਿਵੇਂ ਕਿ ਬਿਲਕੁਲ ਰਹਿ ਗਿਆ ਹੋਵੇ । ਉਹ ਮੇਰੀ ਹੈਰਾਨੀ ਦਾ ਕਾਰਨ ਸਮਝ ਗਿਆ ਸੀ, ਇਸ ਲਈ ਉਸ ਨੇ ਮੈਨੂੰ ਬਦਕਿਸਮਤ ਦੁਰਘਟਨਾ ਬਾਰੇ ਦੱਸਿਆ ਜਿਸ ਨੇ ਉਸ ਦੀ ਜ਼ਿੰਦਗੀ ਤਬਾਹ ਕਰ ਦਿੱਤੀ ਸੀ।

"ਇਕ ਲੜਕੀ ਨਾਲ ਪਿਆਰ ਹੋ ਜਾਣ 'ਤੇ ਉਸ ਨੇ ਉਸ ਨਾਲ ਵਿਆਹ ਕਰਵਾ ਲਿਆ ,ਪਰ ਇਕ ਸਾਲ ਬਾਅਦ ਉਹ ਦੁਨਿਆਵੀ ਖ਼ੁਸ਼ੀਆਂ ਦੇਣ ਤੋਂ ਵੱਧ, ਉਹ ਅਚਾਨਕ ਦਿਲ ਫੇਲ਼ ਹੋ ਜਾਣ ਨਾਲ ਮਰ ਗਈ। ਉਸ ਨੇ ਆਪਣੀ ਪਿੰਡ ਵਾਲੀ ਹਵੇਲੀ ਉਸ ਦੇ ਮਰਨ ਤੋਂ ਬਾਅਦ ਹੀ ਛੱਡ ਦਿੱਤੀ ਅਤੇ ਰੋਯੋਨ ਵਿੱਚ ਆ ਕੇ ਰਹਿਣ ਲੱਗਾ । ਉੱਥੇ ਉਹ ਜ਼ਿੰਦਾ ਹੀ ਮਰਿਆ ਦੀ ਤਰ੍ਹਾਂ ਰਹਿੰਦਾ ਹੈ । ਨਿਰਾਸ਼ ਅਤੇ ਦੁਖੀ, ਦੁੱਖ ਨਾਲ ਭਰਿਆ, ਅਤੇ ਇਸ ਲਈ ਇੰਨਾ ਦੁੱਖ ਕਿ ਉਹ ਹਮੇਸ਼ਾ ਹੀ ਆਤਮ-ਹੱਤਿਆ ਕਰਨ ਦੀ ਸੋਚਦਾ ਹੈ ।

"ਹੁਣ ਮੈਂ ਤੁਹਾਨੂੰ ਦੁਬਾਰਾ ਮਿਲ ਗਿਆ ਹਾਂ, ਉਸ ਨੇ ਕਿਹਾ, ਮੈਂ ਤੁਹਾਨੂੰ ਇਕ ਮਹੱਤਵਪੂਰਨ ਕੰਮ ਕਰਨ ਲਈ ਕਹਾਂਗਾ । ਇਹ ਹੈ ਕਿ ਮੇਰੇ ਪੁਰਾਣੇ ਘਰ ਜਾਓ ਅਤੇ ਮੇਰੇ ਸੌਣ ਵਾਲੇ ਕਮਰੇ ਅਤੇ ਸੌਣ ਵਾਲੇ ਕਮਰੇ ਦੇ ਡੈਸਕ ਵਿੱਚੋਂ ਕੁਝ ਕਾਗ਼ਜ਼ ਜੋ ਕਿ ਮੈਨੂੰ ਬਹੁਤ ਜ਼ਰੂਰੀ ਚਾਹੀਦੇ ਹਨ ਲਿਆ ਦੇਵੋ । ਮੈਂ ਕਿਸੇ ਨੌਕਰ ਜਾਂ ਏਜੰਟ ਨੂੰ ਨਹੀਂ ਭੇਜ ਸਕਦਾ ਕਿਉਂਕਿ ਬੜੀ ਸਿਆਣਪ ਅਤੇ ਦਮ ਦੀ ਜ਼ਰੂਰਤ ਹੈ, ਅਤੇ ਮੈਨੂੰ ਧਰਤੀ 'ਤੇ ਕੋਈ ਵੀ ਉਸ ਘਰ ਵਿੱਚ ਦੁਬਾਰਾ ਜਾਣ ਲਈ ਉਕਸਾ ਨਹੀਂ ਸਕਦਾ । ਮੈਂ ਤੁਹਾਨੂੰ ਉਸ ਕਮਰੇ ਦੀ ਚਾਬੀ ਦੇ ਦੇਵਾਂਗਾ ਜਿਸ ਨੂੰ ਮੈਂ ਛੱਡਣ ਸਮੇਂ

ਤਾਲਾ ਲਾਇਆ ਸੀ, ਅਤੇ ਮੇਰੇ ਡੈਸਕ ਦੀ ਚਾਬੀ-ਆਪਣੇ ਮਾਲੀ ਦੇ ਨਾਂ ਵੀ ਜਿਸ ਵਿੱਚ ਹਵੇਲੀ ਤੁਹਾਡੇ ਵਾਸਤੇ ਖੋਲ੍ਹਣ ਲਈ ਲਿਖ ਦੇਵਾਂਗਾ। ਪਰ ਕੱਲ੍ਹ ਆ ਕੇ ਮੇਰੇ ਨਾਲ ਹੀ ਨਾਸ਼ਤਾ ਕਰਨਾ, ਅਤੇ ਅਸੀਂ ਸਾਰਾ ਇੰਤਜ਼ਾਰ ਕਰਾਂਗੇ।

"ਮੈਂ ਉਸ ਨਾਲ ਓਵੇਂ ਹੀ ਕਰਨ ਦਾ ਵਾਅਦਾ ਕੀਤਾ ਜਿਵੇਂ ਉਸ ਨੇ ਕਿਹਾ। ਇਸ ਗੱਲ ਲਈ ਇਹ ਇਕ ਚੱਕਰ ਹੀ ਸੀ, ਉਸ ਦੀ ਜਾਇਦਾਦ ਰੋਯੋਨ ਤੋਂ ਕੁਝ ਹੀ ਮੀਲ ਦੇ ਫ਼ਾਸਲੇ 'ਤੇ ਸੀ ਅਤੇ ਆਸਾਨੀ ਨਾਲ ਘੋੜੇ ਤੇ ਇਕ ਘੰਟੇ ਵਿੱਚ ਪਹੁੰਚਿਆ ਜਾ ਸਕਦਾ ਸੀ।

"ਉਸ ਦਿਨ ਮੈਂ ਦਸ ਵਜੇ ਨਾਸ਼ਤਾ ਕੀਤਾ, ਆਪਣੇ ਮਿੱਤਰ ਨਾਲ ਸਾਰੀ ਗੱਲ ਕੀਤੀ, ਪਰ ਉਹ ਘੱਟ ਹੀ ਬੋਲਿਆ।

ਉਸ ਨੇ ਮੇਰੇ ਕੋਲੋਂ ਮਾਫ਼ੀ ਮੰਗੀ, ਉਸ ਕਮਰੇ ਨੂੰ ਦੇਖਣ ਦੇ ਵਿਚਾਰ, ਉਸ ਦੀ ਮਰ ਚੁੱਕੀ ਖ਼ੁਸ਼ੀ ਦਾ ਨਜ਼ਾਰਾ, ਉਸ 'ਤੇ ਹੀ ਭਾਰੂ ਹੋ ਗਿਆ, ਉਹ ਅਸਲ ਵਿੱਚ ਇਕੱਲਾ ਗੁੱਸੇ ਅਤੇ ਖ਼ਿਆਲਾਂ ਵਿੱਚ ਮਸਤ ਨਜ਼ਰ ਆ ਰਿਹਾ ਸੀ, ਜਿਵੇਂ ਕਿ ਕਿਸੇ ਅਜੀਬ ਦਿਮਾਗ਼ੀ ਪ੍ਰੇਸ਼ਾਨੀ ਵਿੱਚੋਂ ਲੰਘ ਰਿਹਾ ਹੋਵੇ।

ਉਸ ਤੋਂ ਬਾਅਦ ਉਸ ਨੇ ਮੈਨੂੰ ਠੀਕ ਤਰ੍ਹਾਂ ਦੱਸਿਆ ਕਿ ਮੈਂ ਕੀ ਕਰਨਾ ਹੈ। ਬੜੀ ਸਾਧਾਰਨ ਗੱਲ ਸੀ ਮੈਂ ਦੋ ਪੈਕਟ ਚਿੱਠੀਆਂ ਦੇ ਅਤੇ ਡੈਕਸ ਦੇ ਸੱਜੇ ਪਾਸੇ ਪਹਿਲੇ ਦਰਾਜ਼ ਵਿੱਚੋਂ ਕਾਗਜ਼ ਦੇ ਬੰਡਲ, ਲਿਆਉਣੇ ਹਨ ਜਿਸ ਦੀ ਚਾਬੀ ਮੇਰੇ ਕੋਲ ਸੀ। ਉਸ ਨੇ ਕਿਹਾ ਮੈਨੂੰ ਉਨ੍ਹਾਂ ਨੂੰ ਵੇਖਣ ਵਾਸਤੇ ਕਹਿਣ ਦੀ ਜ਼ਰੂਰਤ ਨਹੀਂ ਹੈ।

"ਮੈਨੂੰ ਉਸ ਦੀ ਇਸ ਗੱਲ ਤੋਂ ਦੁੱਖ ਹੋਇਆ, ਅਤੇ ਕੁਝ ਗ਼ੁੱਸੇ ਨਾਲ ਉਸ ਨੂੰ ਕਿਹਾ ਉਹ ਘਬਰਾ ਗਿਆ, ਮੈਨੂੰ ਮਾਫ਼ ਕਰ ਦੇਵੋ, ਮੈਂ ਬਹੁਤ ਦੁਖੀ ਹਾਂ, ਅਤੇ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਨਿਕਲ ਆਏ।

ਲਗਭਗ ਇਕ ਵਜੇ ਮੈਂ ਉਸ ਤੋਂ ਆਪਣਾ ਉਦੇਸ਼ ਪੂਰਾ ਕਰਨ ਲਈ ਆਗਿਆ ਲਈ।

"ਮੌਸਮ ਸੁਹਾਵਣਾ ਸੀ ਅਤੇ ਮੈਂ ਘਾਹ 'ਤੇ ਤੁਰ ਰਿਹਾ ਸਾਂ ਲਾਰਕ ਦੀ ਸੰਗੀਤਮਈ ਆਵਾਜ਼ ਸੁਣ ਰਿਹਾ ਸਾਂ, ਤਲਵਾਰ ਬੂਟ ਦੇ ਨਾਲ ਲੱਗਦੀ ਸੀ ਫਿਰ ਮੈਂ ਜੰਗਲ ਵਿੱਚ ਦਾਖ਼ਲ ਹੋਇਆ ਅਤੇ ਆਪਣਾ ਘੋੜਾ ਤੋਰ ਲਿਆ। ਦਰੱਖ਼ਤਾਂ ਦੀਆਂ ਟਾਹਣੀਆਂ ਮੇਰੇ ਨਾਲ ਲੱਗ ਰਹੀਆਂ ਸਨ ਜਿਉਂ ਹੀ ਮੈਂ ਲੰਘਦਾ ਸੀ, ਅਤੇ ਕਦੇ ਕਦੇ ਮੈਂ ਇਕ

ਪੱਤਾ ਆਪਣੇ ਮੂੰਹ ਨਾਲ ਪਕੜ ਲੈਂਦਾ ਸੀ, ਇਸ ਤਰ੍ਹਾਂ ਦੇ ਔਖ ਵਾਲੇ ਦਿਨ ਵੀ, ਦਿਲ ਦੀ ਖ਼ੁਸ਼ੀ ਨਾਲ ਜ਼ਿੰਦਾ ਅਤੇ ਤਕੜਾ ਸੀ।

"ਜਿਉਂ ਹੀ ਮੈਂ ਹਵੇਲੀ ਪੁੱਜਿਆ, ਮੈਂ ਆਪਣੀ ਜੇਬ ਵਿੱਚੋਂ ਉਹ ਚਿੱਠੀ ਕੱਢੀ ਜੋ ਮੈਂ ਮਾਲੀ ਦੇ ਨਾਂ ਲਿਆਇਆ ਸੀ ਅਤੇ ਉਸ ਨੂੰ ਬੰਦ ਦੇਖ ਕੇ ਮੈਂ ਹੈਰਾਨ ਹੋ ਗਿਆ। ਮੈਂ ਇੰਨਾ ਖਿਝ ਗਿਆ ਸੀ ਕਿ ਮੈਂ ਆਪਣਾ ਵਾਅਦਾ ਪੂਰਾ ਕੀਤੇ ਬਿਨਾ ਹੀ ਵਾਪਸ ਹੋਣ ਵਾਲਾ ਸੀ, ਪਰ ਸੋਚਿਆ ਕਿ ਮੇਰੇ ’ਤੇ ਐਵੇਂ ਸ਼ੱਕ ਕੀਤਾ ਜਾਵੇਗਾ ਮੇਰੇ ਮਿੱਤਰ ਦੀ ਦਿਮਾਗ਼ੀ ਹਾਲਤ ਨੇ ਮੈਨੂੰ ਬਿਨਾਂ ਕੁਝ ਸੋਚੇ ਕਿ ਉਸ ਨੇ ਕੀ ਕੀਤਾ ਸੀ ਖੋਲ੍ਹਣ ਵਾਸਤੇ ਮਜ਼ਬੂਰ ਕਰ ਦਿੱਤਾ ਹੈ ।

"ਮਿਲਖ ਵੀਹ ਸਾਲ ਤੋਂ ਛੱਡੀ ਹੋਈ ਲੱਗਦੀ ਸੀ । ਖੁੱਲ੍ਹਾ ਦਰਵਾਜ਼ਾ ਚੂਥੀਆ ਤੋਂ ਹਿੱਲ ਰਿਹਾ ਸੀ, ਰਸਤਾ ਘਾਹ ਨਾਲ ਭਰਿਆ ਹੋਇਆ ਸੀ, ਅਤੇ ਫੁੱਲਾਂ ਦੀਆਂ ਕਿਆਰੀਆਂ ਵਿੱਚ ਹੀ ਰਲ਼ ਗਈਆਂ ਸਨ।

"ਮੇਰੇ, ਸ਼ਟਰ ਨੂੰ ਖੜਕਾ ਕਰਨ ਦੀ ਆਵਾਜ਼ ਨਾਲ ਇਕ ਬੁੱਢਾ ਆਦਮੀ ਨਾਲ ਦੇ ਕਮਰੇ ਵਿੱਚੋਂ ਬਾਹਰ ਆਇਆ, ਉਹ ਮੈਨੂੰ ਦੇਖ ਕੇ ਹੱਕਾ ਬੱਕਾ ਹੋ ਗਿਆ । ਮੇਰੇ ਕੋਲੋਂ ਚਿੱਠੀ ਮਿਲਣ ’ਤੇ ਉਸ ਨੇ ਪੜ੍ਹੀ, ਦੋਬਾਰਾ ਪੜ੍ਹੀ, ਇੱਧਰ ਉੱਧਰ ਕਰਕੇ ਵੇਖੀ ਮੈਨੂੰ ਉੱਪਰ ਤੋਂ ਨੀਚੇ ਤੱਕ ਵੇਖਿਆ, ਕਾਗ਼ਜ਼ ਆਪਣੀ ਜੇਬ ਵਿੱਚ ਪਾ ਕੇ, ਕਿਹਾ।

"ਅੱਛਾ । ਦੱਸੋ ਤੁਸੀਂ ਕੀ ਚਾਹੁੰਦੇ ਹੋ ? "ਮੈਂ ਸੰਖੇਪ ਵਿੱਚ ਜੁਆਬ ਦਿੱਤਾ : “ ਤੁਹਾਨੂੰ ਆਪਣੇ ਮਾਲਕ ਦਾ ਹੁਕਮ ਪੜ੍ਹ ਕੇ ਜ਼ਰੂਰ ਪਤਾ ਲੱਗ ਗਿਆ ਹੋਵੇਗਾ । ਮੈਂ ਹਵੇਲੀ ਵਿੱਚ ਜਾਣਾ ਚਾਹੁੰਦਾ ਹਾਂ ।

'ਉਹ ਘਬਰਾਇਆ ਹੋਇਆ ਲੱਗਿਆ ।' ਫੇਰ ਤੁਸੀਂ ਅੰਦਰ ਜਾ ਰਹੇ ਹੋ-ਅੰਦਰ ਉਸ ਦੇ ਕਮਰੇ ਵਿੱਚ ।

"ਮੈਂ ਆਪਣਾ ਸਬਰ ਖੋ ਦਿੱਤਾ ਅਤੇ ਤੇਜ਼ੀ ਨਾਲ ਕਿਹਾ : ਬੇਸ਼ੱਕ, ਪਰ ਤੁਹਾਡਾ ਮਾਮਲਾ ਕੀ ਇਹੀ ਹੈ ?

"ਉਹ ਘਬਰਾ ਕੇ ਥਥਿਆਉਣ ਲੱਗ ਪਿਆ ਨਹੀਂ -ਜਨਾਬ ਪਰ ਇਹ ਇਸ ਕਰਕੇ ਹੈ ਕਿ ਉਹ ਹੁਣ ਤੱਕ ਖੋਲ੍ਹਿਆ ਨਹੀਂ ਗਿਆ -ਮਰਨ ਤੋਂ ਬਾਦ -ਜੇ ਤੁਸੀਂ ਕੁਝ ਕਿਰਪਾ ਕਰੋ ਤਾਂ ਪੰਜ ਮਿੰਟ ਇੰਤਜ਼ਾਰ ਕਰੋ, ਮੈਂ ਜਾਵਾਂਗਾ -ਦੇਖਣਾ ਜੇ-

ਮੈਂ ਉਸ ਨੂੰ ਗ਼ੁੱਸੇ ਨਾਲ ਟੋਕਦੇ ਹੋਏ ਕਿਹਾ :ਇੱਧਰ ਦੇਖ, ਇਨ੍ਹਾਂ ਤੇਰੀਆਂ ਚਲਾਕੀਆਂ ਦਾ ਕੀ ਮਤਲਬ ਹੈ ? ਤੂੰ ਚੰਗੀ ਤਰ੍ਹਾਂ ਜਾਣਦਾ ਹੈਂ ਕਿ ਤੂੰ ਕਮਰੇ ਵਿੱਚ ਦਾਖ਼ਲ ਨਹੀਂ ਹੋ ਸਕਦਾ, ਜਦੋਂ ਤੱਕ ਚਾਬੀ ਮੇਰੇ ਕੋਲ ਹੈ।

ਉਸ ਨੇ ਬਹੁਤ ਦੇਰ ਨਾਂਹ ਨਾ ਕੀਤੀ "ਫੇਰ, ਹਜ਼ੂਰ ਮੈਂ ਤੁਹਾਨੂੰ ਰਸਤਾ ਵਿਖਾ ਦੇਵਾਂਗਾ।"

"ਮੈਨੂੰ ਪੌੜੀਆਂ ਵਿਖਾ ਦਿਓ ਅਤੇ ਮੈਨੂੰ ਛੱਡ ਦੇ । ਮੈਂ ਲੱਭ ਲਵਾਂਗਾ । "ਆਪਣਾ ਰਸਤਾ ਤੇਰੇ ਬਿਨਾਂ ਹੀ ਲੱਭ ਲਵਾਂਗਾ।”

"ਪਰ ਹਜ਼ੂਰ -ਅਸਲ ਵਿੱਚ-

"ਇਸ ਸਮੇਂ ਮੈਂ ਉਸ ਨੂੰ ਪੂਰੀ ਤਰ੍ਹਾਂ ਚੁੱਪ ਕਰਵਾ ਦਿੱਤਾ ਅਤੇ ਉਸ ਨੂੰ ਧੱਕ ਕੇ ਇਕ ਪਾਸੇ ਕਰਕੇ ਘਰ ਦੇ ਅੰਦਰ ਚਲਾ ਗਿਆ।

"ਮੈਂ ਪਹਿਲਾਂ ਰਸੋਈ ਵਿੱਚ ਹਰ ਪਾਸੇ ਨਜ਼ਰ ਮਾਰੀ, ਫੇਰ ਦੋ ਕਮਰੇ ਜੋ ਕਿ ਨੌਕਰ ਅਤੇ ਉਸ ਦੀ ਔਰਤ ਦੇ ਕਬਜ਼ੇ ਵਿੱਚ ਸਨ, ਬਾਅਦ ਵਿੱਚ, ਇਕ ਵੱਡੇ ਕਮਰੇ ਵਿੱਚ, ਮੈਂ ਪੌੜੀਆਂ ਚੜ੍ਹ ਗਿਆ, ਅਤੇ ਆਪਣੇ ਮਿੱਤਰ ਵੱਲੋਂ ਦੱਸਿਆ ਗਿਆ ਦਰਵਾਜ਼ਾ ਪਛਾਣਿਆ ।

"ਮੈਂ ਇਸ ਨੂੰ ਆਸਾਨੀ ਨਾਲ ਖੋਲ੍ਹ ਲਿਆ ਅਤੇ ਅੰਦਰ ਚਲਾ ਗਿਆ । ਇਹ ਹਿੱਸਾ ਇੰਨਾ ਅੰਧੇਰਾ ਸੀ ਕਿ ਮੈਂ ਪਹਿਲਾਂ ਤਾਂ ਕੁਝ ਸਮਝ ਨਾ ਸਕਿਆ । ਮੈਂ ਕੁਝ ਸਮੇਂ ਲਈ ਰੁਕ ਗਿਆ, ਕਾਫੀ ਦੇਰ ਤੋਂ ਬੰਦ ਰਹਿਣ ਕਰਕੇ ਗੰਦੀ ਹਵਾੜ੍ਹ ਕਮਰਿਆਂ ਦੀ ਮੇਰੇ ਨੱਕ ਵਿੱਚ ਚੜ੍ਹ ਗਈ । ਜਦੋਂ ਫੇਰ ਹੌਲੀ ਹੌਲੀ ਮੇਰੀਆਂ ਅੱਖਾਂ ਹਨੇਰੇ ਵਿੱਚ ਵੇਖਣ ਲੱਗੀਆਂ ਕਾਫੀ ਨਜ਼ਰ ਆਇਆ ਕਿ ਵੱਡਾ ਸਾਰਾ ਬੈਂਡਰੂਮ ਹੈ ਜਿਸ ਵਿੱਚ ਸਾਮਾਨ ਉੱਘੜ ਦੁਘੜ ਹੋਇਆ ਪਿਆ ਸੀ । ਬਿਨਾਂ ਚਾਦਰਾਂ ਤੋਂ, ਪਰ ਸਰਹਾਣੇ ਅਤੇ ਫੁਹੜੀਆਂ ਬਾਕੀ ਸਨ, ਵਿੱਚੋਂ ਇਕ ’ਤੇ ਗਹਿਰੇ ਨਿਸ਼ਾਨ ਪਏ ਸਨ, ਜਿਵੇਂ ਕਿ ਇਕ ਕੁੜੀ ਨੇ ਸਿਰ ਰੱਖ ਕੇ ਹੁਣੇ ਹੀ ਉਸ ’ਤੇ ਆਰਾਮ ਕੀਤਾ ਹੋਵੇ ।" ਕੁਰਸੀਆਂ ਸਾਰੀਆਂ ਆਪਣੀ ਥਾਂ ਤੋਂ ਪਰੇ ਸਨ । ਮੈਂ ਵੇਖਿਆ ਕਿ ਇਕ ਦਰਵਾਜ਼ਾ, ਜਿਸ ਵਿੱਚ ਸ਼ੱਕ ਨਹੀਂ ਸੀ ਕਿ ਕੋਠੜੀ ਸੀ, ਦਾ ਅੱਧਾ ਖੁੱਲ੍ਹਾ ਰਹਿ ਗਿਆ ਸੀ ।

"ਮੈਂ ਪਹਿਲਾਂ ਖਿੜਕੀ ਕੋਲ ਗਿਆ, ਜੋ ਮੈਂ ਉਸ ਵਿੱਚ ਰੌਸ਼ਨੀ ਚਲੇ ਜਾਣ ਵਾਸਤੇ ਖੋਲ੍ਹੀ ਪਰ ਜਿੱਥੋਂ ਸ਼ਟਰ ਬੰਦ ਸੀ ਇੰਨਾ ਜੰਗ ਲੱਗਿਆ ਹੋਇਆ ਸੀ ਕਿ ਮੈਂ ਉਸ ਨੂੰ ਹਿਲਾ ਵੀ ਨਾ ਸਕਿਆ।

ਮੈਂ ਉਸ ਨੂੰ ਆਪਣੀ ਤਲਵਾਰ ਨਾਲ ਤੋੜਨ ਦੀ ਕੋਸ਼ਿਸ਼ ਕੀਤੀ, ਪਰ ਤੋੜ ਨਾ ਸਕਿਆ । ਜਦੋਂ ਮੈਂ ਆਪਣੀਆਂ ਫ਼ਜ਼ੂਲ ਕੋਸ਼ਿਸ਼ਾਂ 'ਤੇ ਖਿਝ ਗਿਆ, ਅਤੇ ਹੁਣ ਅੱਧ ਧੁੰਦਲਾਹਟ ਵਿੱਚ ਮੈਂ ਸਾਫ਼ ਦੇਖ ਸਕਦਾ ਸੀ । ਮੈਂ ਜ਼ਿਆਦਾ ਰੌਸ਼ਨੀ ਦਾ ਖ਼ਿਆਲ ਛੱਡ ਦਿੱਤਾ ਅਤੇ ਲਿਖਣ ਵਾਲੀ ਮੇਜ਼ ਤੱਕ ਚਲਾ ਗਿਆ।

"ਮੈਂ ਆਰਾਮ ਕੁਰਸੀ 'ਤੇ ਬੈਠਦੇ ਹੋਏ ਡੈਕਸ ਦਾ ਢੱਕਣ ਉਤਾਰ ਦਿੱਤਾ, ਮੈਂ ਦੱਸਿਆ ਹੋਇਆ ਦਰਾਜ਼ ਖੋਲ੍ਹਿਆ । ਇਹ ਉੱਪਰ ਤੱਕ ਭਰਿਆ ਹੋਇਆ ਸੀ । ਪਰ ਮੈਨੂੰ ਸਿਰਫ਼ ਤਿੰਨ ਹੀ ਬੰਡਲ ਚਾਹੀਦੇ ਸਨ । ਜੋ ਮੈਂ ਜਾਣਦਾ ਸੀ ਕਿ ਕਿਵੇਂ ਤਲਾਸ਼ ਕਰਦਾ ਅਤੇ ਉਨ੍ਹਾਂ ਨੂੰ ਲੱਭਣ ਲੱਗ ਗਿਆ ।

"ਮੈਂ ਆਪਣੀਆਂ ਅੱਖਾਂ 'ਤੇ ਬੜਾ ਜ਼ੋਰ ਉਸ ਉੱਪਰ ਲਿਖੇ ਹਵਾਲੇ ਨੂੰ ਪੜ੍ਹਨ ਵਿੱਚ ਲਾਇਆ ਜਦੋਂਕਿ ਮੈਂ ਕੁਝ ਚੀਜ਼ ਆਪਣੇ ਪਿੱਛੇ ਧੜਕਦੀ ਸੁਣੀ ਜਾਂ ਮਹਿਸੂਸ ਕੀਤੀ। ਮੈਂ ਕੋਈ ਧਿਆਨ ਨਾ ਦਿੱਤਾ, ਇਹ ਸਮਝਦੇ ਹੋਏ ਕਿ ਖਿੜਕੀ ਦੇ ਪਰਦਿਆਂ ਦੀ ਸਜਾਵਟ ਹੋਈ ਹੈ ਉਹ ਹਿਲਦੇ ਹਨ । ਪਰ ਇਕ ਮਿੰਟ ਵਿੱਚ ਜਾਂ ਉਦੋਂ ਹੀ ਉਸੇ ਪਲ਼, ਮੇਰੇ ਸਰੀਰ ਵਿੱਚ ਬੜੀ ਕੰਬਣੀ ਜਿਹੀ ਹੋਈ । ਇਹ ਮਹਿਸੂਸ ਕਰਨਾ ਵੀ ਮੁਸ਼ਕਿਲ ਸੀ ਅਜੇ ਕਿ ਹੌਲੀ ਜਿਹੀ, ਮੇਰੀ ਸਵੈ ਇੱਜ਼ਤ ਨੇ ਮੈਨੂੰ ਵਾਪਸ ਮੁੜਨ ਤੋਂ ਰੋਕਿਆ। ਮੈਨੂੰ ਦੂਜਾ ਬੰਡਲ ਵੀ ਲੱਭ ਗਿਆ ਜੋ ਮੈਨੂੰ ਚਾਹੀਦਾ ਸੀ ਅਤੇ ਮੈਂ ਤੀਜੇ ਬੰਡਲ 'ਤੇ ਵੀ ਆਪਣਾ ਹੱਥ ਰੱਖਣ ਲੱਗਾ ਸੀ ਜਦੋਂਕਿ ਬੜਾ ਲੰਮਾ ਅਤੇ ਦੁੱਖ ਭਰਿਆ ਹੋਕਾ ਮੇਰੇ ਮੋਢੇ ਦੇ ਕੋਲੋਂ ਹੋਇਆ, ਅਤੇ ਮੈਨੂੰ ਇਕ ਪਾਗ਼ਲ ਆਦਮੀ ਵਾਂਗ ਮੇਰੀ ਥਾਂ 'ਤੇ ਬੰਨ੍ਹ ਦਿੱਤਾ । ਜਿਉਂ ਹੀ ਮੈਂ ਕੁੱਦਿਆਂ ਮੈਂ ਘੁੰਮ ਗਿਆ, ਮੇਰੇ ਹੱਥ ਮੇਰੀ ਤਲਵਾਰ ਦੇ ਮੁੱਠੇ 'ਤੇ ਸਨ ਅਤੇ ਸੱਚ, ਜੇ ਮੈਂ ਇਸ ਨੂੰ ਆਪਣੇ ਪਾਸ ਮਹਿਸੂਸ ਨਾ ਕਰਦਾ, ਤਾਂ ਮੈਨੂੰ ਇਕ ਡਰਾਕਲ ਵਾਂਗ ਚਲੇ ਜਾਣਾ ਚਾਹੀਦਾ ਸੀ।" ਫਿਰ ਲੰਬੀ ਔਰਤ, ਕੁਰਸੀ ਦੇ ਪਿੱਛੇ ਸਫ਼ੈਦ ਕੱਪੜਿਆਂ ਵਿੱਚ ਖੜ੍ਹੀ ਮੈਨੂੰ ਘੂਰ ਰਹੀ ਸੀ ਜਿੱਥੇ ਕਿ ਮੈਂ ਕੁਝ ਮਿੰਟ ਪਹਿਲਾਂ ਹੀ ਬੈਠਿਆ ਸੀ ।

"ਮੇਰੇ ਸਾਰੇ ਸਰੀਰ ਵਿੱਚ ਅਜਿਹਾ ਕਾਂਬਾ ਛਿੜ ਗਿਆ ਕਿ ਮੈਂ ਲਗਭਗ ਪਿੱਛੇ ਗਿਰਨ ਹੀ ਲੱਗਾ ਸੀ ਜਿੰਨਾ ਚਿਰ ਤੱਕ ਕਿਸੇ ਨੇ ਅਨੁਭਵ ਨਾ ਕੀਤਾ ਹੋਵੇ ।

ਸਮਝ ਨਹੀਂ ਸੀ ਸਕਦਾ । ਉਹ ਡਰ ਬਿਨਾਂ ਕਾਰਨ ਦਾ । ਦਿਮਾਗ਼ ਧੁੰਦਲਾ ਹੋ ਗਿਆ, ਦਿਲ ਦੀ ਧੜਕਣ ਬੰਦ ਹੋਣ ਲੱਗੀ ਸਾਰਾ ਸਰੀਰ ਅਸਫੰਜ਼ ਵਾਂਗ ਨਚੋੜਿਆ ਗਿਆ ।

"ਮੈਂ ਜਿੰਨ ਭੂਤਾਂ ਵਿੱਚ ਵਿਸ਼ਵਾਸ ਨਹੀਂ ਕਰਦਾ ਸੀ, ਫਿਰ ਵੀ ਮੈਂ ਮਰੇ ਹੋਏ ਦੇ ਛੁਪੇ ਡਰ ਨੂੰ ਬਿਲਕੁਲ ਹੀ ਛੱਡ ਦਿੱਤਾ ਸੀ, ਮੈਂ ਉਨ੍ਹਾਂ ਕੁਝ ਹੀ ਪਲ਼ਾਂ ਵਿੱਚ, ਅਸਚਰਜਮਈ ਦੁੱਖ ਕਾਰਨ ਆਪਣੀ ਸਾਰੀ ਜ਼ਿੰਦਗੀ ਨਾਲੋਂ ਬਹੁਤ ਜ਼ਿਆਦਾ ਦੁਖੀ ਹੋਇਆ ਸੀ । ਜੇ ਉਹ ਨਾ ਬੋਲਦੀ ਸ਼ਾਇਦ, ਮੈਂ ਮਰ ਜਾਂਦਾ । ਪਰ ਉਹ ਬੋਲੀ, ਉਹ ਬੜੀ ਸੁਰੀਲੀ, ਅਤੇ ਦੱਬੀ ਆਵਾਜ਼ ਵਿੱਚ ਬੋਲੀ, ਉਸ ਨੇ ਮੇਰੀ ਕੰਬਣੀ ਦੂਰ ਕਰ ਦਿੱਤੀ। ਮੈਂ ਹੌਂਸਲੇ ਨਾਲ ਨਹੀਂ ਕਹਿ ਸਕਦਾ ਕਿ ਮੈਂ ਆਪਣੇ ਆਪ ’ਤੇ ਕਾਬੂ ਪਾ ਲਿਆ ਅਤੇ ਕਾਰਨ ਸਮਝ ਲਿਆ । ਨਹੀਂ ਮੈਂ, ਇੰਨਾ ਡਰ ਗਿਆ ਸੀ ਕਿ ਮੈਨੂੰ ਇਹ ਵੀ ਪਤਾ ਨਹੀਂ ਸੀ ਕਿ ਮੈਂ ਕੀ ਕਰ ਰਿਹਾ ਹਾਂ; ਪਰ ਨਿਸ਼ਚਤ ਅੰਦਰੂਨੀ ਹੌਂਸਲਾ, ਇਕ ਸਿਪਾਹੀ ਦੀ ਬਾਕੀ ਇੱਛਾ ਵਾਂਗ ਮੈਨੂੰ ਹੌਂਸਲਾ ਦੇ ਰਿਹਾ ਸੀ ਅਤੇ ਮੁਕਾਬਲਾ ਕਰ ਸਕਣ ਦਾ ਬਲ ਦਿੱਤਾ।

ਉਸ ਨੇ ਕਿਹਾ। ਉਹ ! ਜਨਾਬ, ਤੁਸੀਂ ਮੇਰੀ ਸਹਾਇਤਾ ਕਰ ਸਕਦੇ ਹੋ ।”

“ਮੈਂ ਜਵਾਬ, ਦੇਣਾ ਚਾਹੁੰਦਾ ਸੀ, ਪਰ ਮੇਰੇ ਲਈ ਇਕ ਸ਼ਬਦ ਵੀ ਬੋਲਣਾ ਔਖਾ ਸੀ। ਸਿਰਫ਼ ਇਕ ਅਸਪੱਸ਼ਟ ਜਿਹੀ ਆਵਾਜ਼ ਮੇਰੇ ਗਲ਼ੇ ਵਿੱਚੋਂ ਨਿਕਲੀ, ” ਉਹ ਕਹਿਣ ਲਈ ਲੱਗੀ, “ਕੀ ਤੁਸੀਂ ਕਰੋਗੇ ?" ਤੁਸੀ ਮੈਨੂੰ ਬਚਾ ਸਕਦੇ ਹੋ, ਮੈਨੂੰ ਠੀਕ ਕਰ ਸਕਦੇ ਹੋ। ਮੈਂ ਡਰ ਨਾਲ ਸਹਿਮੀ ਹੋਈ ਹਾਂ, ਉਹ ! ਕਿੰਨੀ ਦੁੱਖੀ ਹੋ ਰਹੀ ਹਾਂ।” ਅਤੇ ਉਹ ਆਪ ਬਾਹਾਂ ਵਾਲੀ ਕੁਰਸੀ ਵਿੱਚ ਆਰਾਮ ਨਾਲ ਬੈਠ ਗਈ, ਅਜੇ ਵੀ ਮੇਰੇ ਵੱਲ ਵੇਖ ਰਹੀ ਸੀ।

“ਕੀ ਤੁਸੀਂ ਕਰੋਂਗੇ ”?ਉਸ ਨੇ ਕਿਹਾ ।

“ਮੈਂ” ਸਿਰ ਹਿਲਾ ਕੇ ਉੱਤਰ ਦਿੱਤਾ 'ਹਾਂ' ਮੇਰੀ ਆਵਾਜ਼ ਅਜੇ ਵੀ ਦੱਬੀ ਹੋਈ ਸੀ ।

“ਫੇਰ ਉਸ ਨੇ ਮੈਨੂੰ ਕੱਛੂ ਦੇ ਖੋਲ਼ ਦਾ ਕੰਘਾ ਪਕੜਾਇਆ ਅਤੇ ਬੋਲੀ:

ਮੇਰੇ ਵਾਲ਼ ਵਾਹ ਦੇਵੀ, ਉਹ ਮੇਰੇ ਵਾਲ਼ ਵਾਹ ਦੇਵੇ, ਇਹ ਮੈਨੂੰ ਠੀਕ ਕਰ ਦੇਵੇਗਾ, ਜਿਹ ਜ਼ਰੂਰ ਵਾਹੁੰਣੇ ਚਾਹੀਦੇ ਹਨ । ਮੇਰੇ ਸਿਰ ਵੱਲ ਵੇਖੋ -ਹੁਣ ਮੈਂ ਦੁੱਖੀ ਹਾਂ, ਅਤੇ ਇਸ ਤਰ੍ਹਾਂ ਮੇਰੇ ਵਾਲ਼ ਪੁੱਟੇ ਜਾਂਦੇ ਹਨ ।

ਉਸ ਦੇ ਖੁੱਲ੍ਹੇ ਵਾਲ਼, ਬੜੇ ਲੰਮੇ ਅਤੇ ਕਾਲੇ ਸਨ ਮੈਨੂੰ ਇੰਞ ਲੱਗੇ ਜਿਵੇਂ ਕੁਰਸੀ ਦੇ ਪਿੱਛੇ ਲਟਕਦੇ ਫ਼ਰਸ਼ ਨਾਲ ਲੱਗ ਰਹੇ ਸਨ ।

"ਮੈਂ ਉਸ ਤੋਂ ਡਰ ਕੇ ਕੰਘਾ ਪਕੜ ਲਿਆ, ਅਤੇ ਮੈਂ ਕਾਲੇ ਲੰਮੇ ਵਾਲ਼ ਹੱਥ ਵਿੱਚ ਲੈ ਗਏ ਜਿਨ੍ਹਾਂ ਨਾਲ ਮੇਰੇ ਸਰੀਰ ਵਿੱਚ ਕੰਬਣੀ ਛਿੜ ਗਈ ਜਿਵੇਂ ਕਿ ਮੈਂ ਸੱਪ ਪਕੜੇ ਹੋਣ ? ਮੈਂ ਦੱਸ ਨਹੀਂ ਸਕਦਾ ।"

ਉਹ ਕੰਬਣੀ ਮੇਰੀਆਂ ਉਂਗਲਾਂ ਵਿੱਚ ਵੀ ਰਹੀ ਮੈਂ ਹੁਣ ਵੀ ਉਸ ਬਾਰੇ ਜਦੋਂ ਸੋਚਦਾ ਕੰਬ ਜਾਂਦਾ ਹਾਂ ।

"ਮੈਂ ਉਸ ਦੇ ਵਾਲ਼ ਵਾਹੇ । ਮੈਂ ਪਕੜੇ ਸਨ, ਮੈਨੂੰ ਹੁਣ ਪਤਾ ਨਹੀਂ, ਕਿਵੇਂ ਮੈਂ ਉਸ ਦੀਆਂ ਜਮੀਆਂ ਜ਼ੁਲਫਾਂ ਠੀਕ ਕੀਤੀਆਂ । ਮੈਂ ਉਨ੍ਹਾਂ ਨੂੰ ਮੋੜਿਆ, ਗੁੰਦ ਕੇ ਪੱਟੀ ਢਾਲ ਕੇ ਜੂੜਾ ਬਣਾਇਆ, ਉਸ ਨੇ ਹੌਂਕਾ ਲਿਆ ਅਤੇ ਆਪਣਾ ਸਿਰ ਝੁਕਾ ਲਿਆ, ਉਹ ਖ਼ੁਸ਼ ਦਿਖਾਈ ਦੇ ਰਹੀ ਸੀ । ਅਚਾਨਕ ਉਸ ਨੇ ਕਿਹਾ 'ਤੁਹਾਡਾ ਧੰਨਵਾਦ ।' ਮੇਰੇ ਹੱਥ ਵਿੱਚੋਂ ਕੰਘਾ ਖੋਹ ਲਿਆ, ਅਤੇ ਦਰਵਾਜ਼ੇ ਵਿੱਚੋਂ ਚਲੀ ਗਈ ਜੋ ਕਿ ਮੈਂ ਦੇਖਿਆ ਅੱਧਖੁੱਲ੍ਹਾ ਸੀ ।

ਇਕੱਲੀ ਰਹਿ ਗਈ, ਮੈਨੂੰ ਕਈ ਸੈਕੰਡ ਲਈ ਕਿਸੇ ਦਾ ਡਰਾਵਣਾ ਖ਼ਿਆਲ ਆਇਆ ਜਿਵੇਂ ਰਾਤ ਦੇ ਸੁਪਨੇ ਵਿੱਚ ਆਉਂਦਾ ਹੈ। ਕੁਝ ਸਮਾਂ ਪਿੱਛੋਂ ਮੈਂ ਆਪਣੀ ਪੂਰੀ ਤਰ੍ਹਾਂ ਹੋਸ਼ ਵਿੱਚ ਆਇਆ, ਮੈਂ ਖਿੜਕੀ ਵੱਲ ਭੱਜਿਆ, ਅਤੇ ਆਪਣੀ ਪੂਰੀ ਤਾਕਤ ਨਾਲ ਸ਼ਟਰ ਖੋਲ੍ਹ ਸੁੱਟਿਆ ਕਿ ਕਮਰੇ ਵਿੱਚ ਪੂਰੀ ਰੌਸ਼ਨੀ ਆ ਸਕੇ । ਮੈਂ ਇਕਦਮ ਉਸ ਦਰਵਾਜ਼ੇ ਵੱਲ ਗਿਆ ਜਿੱਥੋਂ ਉਹ ਗਈ ਸੀ । ਮੈਂ ਵੇਖਿਆ ਉਹ ਬੰਦ ਅਤੇ ਅਹਿਲ ਸੀ।

"ਫੇਰ ਮੇਰੇ ਵਿੱਚ ਅਚਾਨਕ ਉੱਥੋਂ ਭੱਜ ਜਾਣ ਦੀ ਇਕ ਪਾਗ਼ਲਾਂ ਦੀ ਤਰ੍ਹਾਂ ਇੱਛਾ ਹੋਈ, ਭੱਜ ਦੌੜ ਜੋ ਕਿ ਸਿਪਾਹੀ ਲੜਾਈ ਵਿੱਚ ਕਰ ਰਰੇ ਹਨ। ਮੈਂ ਆਪਣੀਆਂ ਚਿੱਠੀਆਂ ਦੇ ਤਿੰਨ ਬੰਡਲ ਪਕੜ ਲਏ ਕਮਰੇ ਵਿੱਚੋਂ ਭੱਜਿਆ, ਪੌੜੀਆਂ ਉਤਰ ਗਿਆ ਅਤੇ ਬਾਹਰ ਨਿਕਲ ਆਇਆ ਮੈਨੂੰ ਪਤਾ ਨਹੀਂ ਸੀ ਕਿਵੇਂ ਮੈਂ ਆਪਣਾ ਘੋੜਾ ਕੁਝ ਕਦਮਾਂ ਤੋਂ ਵੇਖਿਆ, ਛਲਾਂਗ ਮਾਰ ਕੇ ਕਾਠੀ ’ਤੇ ਬੈਠ ਗਿਆ ਅਤੇ ਸਰਪਟ ਚਲਾ ਗਿਆ ।

ਮੈਂ ਕੇਵਲ ਰੋਯੋਨ ਵਿੱਚ ਆਪਣੇ ਠਿਕਾਣੇ ’ਤੇ ਪੁੱਜ ਕੇ ਹੀ ਰੁਕਿਆ । ਮੈਂ ਆਪਣੇ ਆਪ ਨੂੰ ਕਮਰੇ ਵਿੱਚ ਬੰਦ ਕਰ ਲਿਆ ਅਤੇ ਸੋਚਣ ਲੱਗਾ। ਮੈਂ ਬੇਚੈਨ ਹੋ ਕੇ

ਲਗਭਗ ਇਕ ਘੰਟਾ ਇਸ ਹਾਲਤ ’ਤੇ ਵਿਚਾਰ ਕਰ ਰਿਹਾ ਸੀ ਕਿ ਇਹ ਮੇਰੇ ’ਤੇ ਭੂਤ ਵਾਂਗ ਸਵਾਰ ਸੀ । ਮੈਂ ਮੰਨਣ ਵਾਸਤੇ ਤਿਆਰ ਸੀ ਕਿ ਮੈਂ ਜੋ ਕੁਝ ਵੇਖਿਆ ਹੈ ਇਕ ਖ਼ਿਆਲ ਸੀ ਭੁਲੇਖਾ ਸੀ ਜਦੋਂ ਮੈਂ ਖਿੜਕੀ ਕੋਲ ਗਿਆ। ਅਤੇ ਅਚਾਨਕ ਮੈਂ ਆਪਣੀ ਛਾਤੀ ਵੱਲ ਵੇਖਿਆ ਮੇਰੇ ਕੱਪੜਿਆਂ ਦੇ ਬਟਨਾਂ ਦਵਾਲੇ ਕਾਫ਼ੀ ਲੰਬੇ ਕਾਲੇ ਵਾਲ਼ ਵਲ੍ਹੇਟੇ ਹੋਏ ਸਨ । ਇਕ ਇਕ ਕਰਕੇ ਕੰਬਦੇ ਹੱਥਾਂ ਨਾਲ ਮੈਂ ਉਨ੍ਹਾਂ ਨੂੰ ਤੋੜਿਆ ਅਤੇ ਪਰ੍ਹੇ ਸੁੱਟ ਦਿੱਤਾ ।

“ਫਿਰ ਮੈਂ ਆਪਣੇ ਅਰਦਲੀ ਨੂੰ ਬੁਲਾਇਆ, ਇਹ ਮਹਿਸੂਸ ਕਰਦੇ ਹੋਏ ਕਿ ਮੇਰਾ ਮਿੱਤਰ ਉਸ ਦਿਨ ਨਹੀਂ ਮਿਲੇਗਾ : ਇਹ ਸੋਚਦੇ ਹੋਏ ਕਿ ਉਸ ਨੂੰ ਕੀ ਦੱਸਣਾ ਹੈ । ਮੈਂ ਉਸ ਦੀਆਂ ਚਿੱਠੀਆਂ ਉਸ ਕੋਲ ਲੈ ਕੇ ਗਿਆ ਜਿਸ ਲਈ ਉਸ ਨੇ ਹਰਕਾਰੇ ਨੂੰ ਪਹੁੰਚ ਰਸੀਦ ਦੇ ਦਿੱਤੀ । ਉਸ ਨੇ ਮੈਨੂੰ ਖ਼ਾਸ ਤੌਰ ’ਤੇ ਦੱਸਿਆ ਕਿ ਮੈਂ ਬਿਮਾਰ ਸੀ ਮੈਨੂੰ ਲੂੰ ਲੱਗ ਗਈ ਸੀ ਉਤਸੁਕਤਾ ਨਾਲ ਕਿਹਾ । ਅਗਲੀ ਸਵੇਰ ਮੈਂ ਉਸ ਕੋਲ ਗਿਆ, ਉਸ ਨੂੰ ਸਾਰੀ ਗੱਲ ਪੂਰੀ ਤਰ੍ਹਾਂ ਦੱਸਣ ਦਾ ਫ਼ੈਸਲਾ ਕੀਤਾ। ਉਹ ਇਕ ਦਿਨ ਪਹਿਲਾਂ ਸ਼ਾਮ ਨੂੰ ਚਲਾ ਗਿਆ ਸੀ ਅਤੇ ਅਜੇ ਤੱਕ ਵਾਪਿਸ ਨਹੀਂ ਆਇਆ ਸੀ। ਮੈਂ ਦਿਨ ਵਿੱਚ ਦੁਬਾਰਾ ਬੁਲਾਇਆ ਪਰ ਮੇਰਾ ਮਿੱਤਰ ਅਜੇ ਵੀ ਗ਼ੈਰ-ਹਾਜ਼ਰ ਸੀ । ਉਸ ਵੱਲੋਂ ਬਿਨਾਂ ਕੋਈ ਖ਼ਬਰ ਮਿਲੇ ਇਕ ਹਫ਼ਤਾ ਇੰਤਜ਼ਾਰ ਕਰਨ ਤੋਂ ਬਾਅਦ, ਮੈਂ ਅਧਿਕਾਰੀਆਂ ਨਾਲ ਸਲਾਹ ਕੀਤੀ ਅਤੇ ਇਕ ਕਾਨੂੰਨੀ ਖੋਜ ਹੋਈ। ਉਸ ਦੇ ਲਾਪਤਾ ਹੋਣ ਬਾਰੇ ਕੁਝ ਵੀ ਪਤਾ ਨਾ ਲੱਗਾ ।

“ਛੱਡੀ ਗਈ ਹਵੇਲੀ ਦੀ ਬੜੀ ਬਰੀਕੀ ਨਾਲ ਦੇਖਭਾਲ਼ ਕਰਨ ਤੋਂ ਬਾਅਦ ਕੋਈ ਵੀ ਸ਼ੱਕ ਦੂਰ ਨਾ ਹੋਇਆ । ਉੱਥੋਂ ਕੋਈ ਵੀ ਨਿਸ਼ਾਨ ਨਾ ਮਿਲਿਆ ਕਿ ਉੱਥੇ ਕੋਈ ਔਰਤ ਸੀ।

"ਇਨ੍ਹਾਂ ਬੇਫਾਇਦਾ ਖੋਜਾਂ ਤੋਂ ਬਾਅਦ, ਕੋਸ਼ਿਸ਼ਾਂ ਛੱਡ ਦਿੱਤੀਆਂ ਗਈਆਂ, ਅਤੇ ਫੇਰ 56 ਸਾਲ ਹੋ ਗਏ ਮੈਂ ਉਸ ਬਾਰੇ ਹੋਰ ਕੁਝ ਨਹੀਂ ਸੁਣਿਆ ।

# ਜੂਲੀ ਰੋਮਲੇ

ਦੋ ਸਾਲ ਪਹਿਲਾਂ, ਬਸੰਤ ਰੁੱਤ ਵਿੱਚ ਮੈਂ ਭੂਮੱਧ ਸਾਗਰ ਦੇ ਕਿਨਾਰੇ ’ਤੇ ਘੁੰਮ ਰਿਹਾ ਸੀ । ਕਿਸੇ ਸੁੰਨਸਾਨ ਸੜਕ ’ਤੇ ਸੈਰ ਕਰਨਾ ਕਲਪਨਾ ਸਾਗਰ ਵਿੱਚ ਗੋਤੇ ਖਾਣ ਨਾਲੋਂ ਜ਼ਿਆਦਾ ਚੰਗਾ ਹੈ । ਪਹਾੜੀ ’ਤੇ ਚੜ੍ਹਦੇ ਹੋਏ ਜਾਂ ਸਾਗਰ ਦੇ ਕਿਨਾਰੇ ਘੁੰਮਦੇ ਸਮੇਂ ਆਦਮੀ ਧੁੱਪ ਅਤੇ ਹਵਾ ਦਾ ਅਨੰਦ ਮਾਣਦਾ ਹੈ । ਜਦੋਂ ਉਹ ਦੋ ਘੰਟੇ ਸੜਕ ’ਤੇ ਘੁੰਮਦਾ ਹੈ ਤਾਂ ਉਸ ਵਿਅਕਤੀ ਦੇ ਮਨ ਵਿੱਚ ਇਸ ਦੇ ਇਲਾਵਾ ਸੁੰਦਰ ਦ੍ਰਿਸ਼ ਅਤੇ ਪ੍ਰੇਮ ਕਵਿਤਾਵਾਂ ਆਉਂਦੀਆਂ ਹਨ । ਹਰ ਸੰਭਵ ਉਮੀਦ, ਭਾਵੇਂ ਧੁੰਦਲੀ ਅਤੇ ਖ਼ੁਸ਼ੀ ਦੇਣ ਵਾਲੀ ਹੋਵੇ, ਗਰਮ ਤੇ ਠੰਢੀ ਹਵਾ ਨਾਲ ਉਸ ਦੇ ਹਰ ਸਾਹ ਦੇ ਨਾਲ ਅੰਦਰ ਜਾਂਦੀ ਹੈ, ਸਾਹ ਲੈਂਦਾ ਹੈ ਅਤੇ ਉਹ ਇਕ ਤਰ੍ਹਾਂ ਦੀ ਖ਼ੁਸ਼ੀ ਦਿੰਦੀਆਂ ਹਨ ਜੋ ਘੁੰਮਦੇ ਘੁੰਮਦੇ ਵੱਧਦੀ ਜਾਂਦੀ ਹੈ ਜਿਉਂ ਹੀ ਉਹ ਪ੍ਰਕਿਰਤੀ ਦੇ ਨੇੜੇ ਆ ਜਾਂਦਾ ਹੈ ਸੁਹਾਵਣੇ ਸੁੰਦਰ ਖ਼ਿਆਲ ਉਸ ਦੀ ਆਤਮਾ ਵਿੱਚ ਤਰੁਨੰਮ ਸ਼ੁਰੂ ਕਰ ਦਿੰਦੇ ਹਨ ।

ਮੈਂ, ਸੈਂਟ ਗਫੇਲ ਤੋਂ ਇਟਲੀ ਜਾਣ ਵਾਲੀ ਸੜਕ ’ਤੇ ਜਾ ਰਿਹਾ ਸੀ, ਜਾਂ ਇਸ ਤਰ੍ਹਾਂ ਕਹਿ ਸਕਦੇ ਹਾਂ, ਉਸ ਸੁੰਦਰ ਅਤੇ ਵੰਨ ਸੁਵੰਨੇ ਦ੍ਰਿਸ਼ਾਂ ਵੱਲੋਂ ਜਾਣ ਲੱਗਾ ਸ਼ਾਇਦ ਪ੍ਰਿਥਵੀ ’ਤੇ ਆਮ ਤੌਰ ’ਤੇ ਸਭ ਹੀ ਪਿਆਰ ਦੀਆਂ ਕਵਿਤਾਵਾਂ ਦਾ ਗਾਣ ਕਰਦੇ ਹਨ । ਇਹ ਸੋਚ ਕੇ ਮੈਨੂੰ ਦੁੱਖ ਹੋਇਆ ਕਿ ਕੇਨਜ਼ ਤੋਂ ਮੋਨਾਕੋ ਤੱਕ ਇਸ ਧਰਤੀ ਦੇ ਭਾਗ ’ਤੇ ਕੋਈ ਹੀ ਦੁੱਖ ਦੇਣਾ ,ਪੈਸੇ ਦੀ ਹੇਰਾ ਫੇਰੀ ਕਰਨ, ਇਸ ਸੁੰਦਰ ਆਕਾਸ਼ ਦੇ ਹੇਠ ਅਤੇ ਗੁਲਾਬ ਅਤੇ ਨਾਰੰਗੀਆਂ ਦੇ ਇਸ ਬਾਗ਼ ਵਿੱਚ ਨੀਚ, ਹੋਛਾਪਣ, ਮੂਰਖਤਾ ਭਰੀ ਵਿਲਾਸਤਾ ਨਾਲ ਤਮਾਸ਼ਾ ਕਰਨ ਅਤੇ ਮਨੁੱਖੀ ਮਨ, ਜੋ ਕਿ ਨੀਚ, ਅਗਿਆਨੀ, ਅੱਖੜ, ਪਾਖੰਡੀ ਅਤੇ ਬੁਰਾ ਹੈ ਦਿਖਾਉਣ ਆਉਂਦੇ ਹਨ।

ਇਕਦਮ ਅਚਾਨਕ, ਖਾੜੀਆਂ ਦੇ ਘੇਰਿਆਂ ਵਿੱਚ ਸਮੁੰਦਰ ਦੇ ਸਾਹਮਣੇ ਪਹਾੜ ਦੇ ਦਾਮਨ ਵਿੱਚ ਮੈਨੂੰ ਚਾਰ ਪੰਜ ਝੌਂਪੜੀਆਂ ਦਿਖਾਈ ਦਿੱਤੀਆਂ । ਉਨ੍ਹਾਂ ਦੇ ਪਿੱਛੇ ਸਨੋਵਰਦਾ ਇਕ ਜੰਗਲ ਸੀ ਜਿਸ ਨੇ ਬਿਨਾਂ ਕਿਸੀ ਰਸਤੇ ਨੂੰ ਛੱਤੇ ਦੋ ਘਟੀਆਂ ਨੂੰ ਢੱਕ ਰੱਖਿਆ ਸੀ । ਉਹ ਇੰਨੀ ਸੁੰਦਰ ਝੌਂਪੜੀ ਸੀ ਕਿ ਮੈਂ ਬੇਵੱਸ ਉਨ੍ਹਾਂ ਵਿੱਚੋਂ ਇਕ

ਦੇ ਅੱਗੇ ਜਾ ਕੇ ਰੁੱਕ ਗਿਆ। ਉਹ ਇਕ ਸਫ਼ੈਦ ਝੌਂਪੜੀ ਸੀ, ਜਿਸ ’ਤੇ ਭੂਰੇ ਰੰਗ ਦੀ ਸਜਾਵਟ ਹੋਈ ਹੋਈ ਸੀ ਅਤੇ ਉਸ ਦੀ ਛੱਤ ਤੱਕ ਗੁਲਾਬ ਦੇ ਫੁੱਲ ਲੱਗੇ ਹੋਏ ਸਨ। ਬਾਗ਼ ਵਿੱਚ ਸਾਰੇ ਰੰਗਾਂ ਦੇ, ਹਰ ਤਰ੍ਹਾਂ ਦੇ, ਆਕਾਰ ਦੇ ਫੁੱਲ ਲੱਗੇ ਹੋਏ ਸਨ, ਅਤੇ ਉਨ੍ਹਾਂ ’ਤੇ ਵੇਲਾਂ ਆਪਣੇ ਹੀ ਤਰੀਕੇ ਨਾਲ ਸਜਾਈਆਂ ਗਈਆਂ ਸਨ। ਖੁੱਲ੍ਹਾ ਘਾਹਦਾਰ ਮੈਦਾਨ ਫੁੱਲਾਂ ਦੀਆਂ ਕਿਆਰੀਆਂ ਨਾਲ ਸਜਿਆ ਹੋਇਆ ਸੀ, ਬਰਾਂਡੇ ਦੀਆਂ ਪੌੜੀਆਂ ਤੇ ਇਕ ਗਮਲਾ ਪਿਆ ਸੀ, ਜਿਸ ਵਿੱਚ ਅੰਗੂਰ ਦੀ ਵੇਲ ਲੱਗੀ ਹੋਈ ਸੀ, ਅਤੇ ਖਿੜਕੀਆਂ ਦੇ ਉੱਪਰ ਅਰਗਵਾਨੀ ਰੰਗ ਦੇ ਪੱਕੇ ਹੋਏ ਅੰਗੂਰਾਂ ਦੇ ਗੁੱਛੇ ਲਟਕ ਰਹੇ ਸਨ, ਅਤੇ ਪੱਥਰ ਦੀ ਚਾਰ ਦੀਵਾਰੀ ਜੋ ਉਸ ਸੁੰਦਰ, ਵਧੀਆ ਇਮਾਰਤ ਦੇ ਚਾਰੋਂ ਪਾਸੇ ਸੀ, ਲਾਲ ਲਾਲ ਫੁੱਲਾਂ ਵਾਲੀਆਂ ਵੇਲਾਂ ਨਾਲ ਭਰੀ ਹੋਈ ਸੀ ਜੋ ਖ਼ੂਨ ਦੇ ਲਾਲ ਲਾਲ ਧੱਬਿਆਂ ਵਾਂਗ ਲੱਗਦੀ ਸੀ। ਘਰ ਦੇ ਪਿੱਛੇ ਫੁੱਲਾਂ ਨਾਲ ਲੱਦੇ ਸੰਤਰੇ ਦੇ ਦਰਖ਼ਤਾਂ ਦੀ ਇਕ ਲੰਬੀ ਕਤਾਰ ਸੀ, ਜੋ ਪਹਾੜ ਦੇ ਦਾਮਨ ਤੱਕ ਚਲੀ ਜਾਂਦੀ ਸੀ ਅਤੇ ਉਸ ਉੱਤੇ ਫੁੱਲ ਲੱਗੇ ਹੋਏ ਸਨ।

ਝੌਂਪੜੀ ਦੇ ਦਰਵਾਜ਼ੇ ਤੇ ਗਿਲਟ ਦੇ ਛੋਟੇ ਛੋਟੇ ਅੱਖਰਾਂ ਵਿੱਚ ਮੈਂ ਇਹ "ਵਿਲਾ ਡੀ ਐਨਟਾਨ "ਮੈਂ ਆਪਣੇ ਆਪ ਨੂੰ ਪੁੱਛਿਆ ਕਿ ਕਿਸੇ ਕਵੀ ਜਾਂ ਨੂੰ ਵਸਾਇਆ ਹੈ, ਉਸ ਵਾਸਤੇ ਇਕੱਲੇ ਨੇ ਕੀ ਪ੍ਰੇਰਨਾ ਦਿੱਤੀ ਕੀ ਉਹ ਇਸ ਤਰ੍ਹਾਂ ਦੀ ਜਗ੍ਹਾ ਵਿੱਚ ਜੋ ਫੁੱਲਾਂ ਨਾਲ ਲੱਦੀ ਹੋਣ ਕਰਕੇ ਇਸ ਤਰ੍ਹਾਂ ਲੱਗਦੀ ਹੈ ਕਿ ਜਿਵੇਂ ਬਸੰਤ ਦੀ ਰੁੱਤ ਛਾਈ ਪਈ ਹੈ, ਰਹਿਣ ਲੱਗਾ।

ਥੋੜ੍ਹੀ ਦੂਰ ’ਤੇ ਇਕ ਮਜ਼ਦੂਰ ਸੜਕ ਤੇ ਪੱਥਰ ਤੋੜ ਰਿਹਾ ਸੀ। ਮੈਂ ਉਸ ਕੋਲੋਂ ਝੌਂਪੜੀ ਦੇ ਮਾਲਕ ਦਾ ਨਾਂ ਪੁੱਛਿਆ। ਉਸ ਨੇ ਉੱਤਰ ਦਿੱਤਾ ਕਿ ਇਹ ਝੌਂਪੜੀ ਮੈਡਮ ਜੁਲੀ ਰੋਮੇਨ ਦੀ ਹੈ ਜੋ ਬੜੀ ਪ੍ਰਸਿੱਧ ਹੈ।

ਜੁਲੀ ਰੋਮੇਨ। ਮੈਂ ਬਚਪਨ ਵਿੱਚ ਉਸ ਦੇ ਬਾਰੇ ਲੋਕਾਂ ਨੂੰ ਕਹਿੰਦੇ ਸੁਣਿਆ ਸੀ-ਮਹਾਨ ਕਲਾਕਾਰ, ਰੇਚੇਲ ਦੇ ਬਰਾਬਰ ਦੀ ਅਤੇ ਕੋਈ ਔਰਤ ਇੰਨੀ ਪ੍ਰਸ਼ੰਸ਼ਾ ਅਤੇ ਪਿਆਰ ਹਾਸਿਲ ਨਹੀਂ ਕਰ ਸਕਦੀ ਸੀ ਸਭ ਨਾਲੋਂ ਮਹਾਨ। ਉਸ ਕਰਕੇ ਕਿੰਨੀਆਂ ਹੀ ਵਿਰੋਧੀ ਲੜਾਈਆਂ ਹੋਈਆਂ ਅਤੇ ਕਿੰਨੀਆਂ ਨੇ ਆਤਮ ਹੱਤਿਆ ਕੀਤੀ, ਅਤੇ ਉਸ ਲਈ ਕਿੰਨੇ ਲੋਕ ਆਪਣੀ ਜਾਨ ’ਤੇ ਖੇਲ੍ਹ ਗਏ। ਹੁਣ ਉਸ ਛਲੀਆ ਦੀ ਕੀ ਉਮਰ ਹੋਵੇਗੀ ? ਸੱਠ-ਨਹੀਂ, ਸੱਤਰ-ਪੰਝੱਤਰ ਸਾਲ। ਜੁਲੀ ਰੋਮੇਨ ਇਸ ਘਰ ਵਿੱਚ ਹੈ। ਮੈਨੂੰ ਸਾਰੇ ਫ਼ਰਾਂਸ ਵਿੱਚ ਪੈਦਾ ਕੀਤੇ ਜਜ਼ਬਾਤ ਫੇਰ ਯਾਦ

ਆਉਂਦੇ ਹਨ (ਮੈਂ ਉਦੋਂ ਬਾਰਾਂ ਸਾਲ ਦਾ ਸੀ) ਉਸ ਦੀ ਸਿਸਲੀ ਲਈ ਆਪਣੇ ਪ੍ਰੇਮੀ ਨਾਲ ਚਲੀ ਗਈ, ਇਕ ਕਵੀ, ਦੂਜੇ ਪ੍ਰੇਮੀ ਨਾਲ ਲੜਾਈ ਤੋਂ ਬਾਅਦ ।

ਉਹ ਇਕ ਸ਼ਾਮ ਆਪਣੇ ਨਵੇਂ ਪ੍ਰੇਮੀ ਨਾਲ ਚਲੀ ਗਈ ਸੀ, ਪਹਿਲੀ ਰਾਤ, ਪੇਸ਼ਕਾਰੀ ਸਮੇਂ ਉਸ ਦੀ ਦਰਸ਼ਕਾਂ ਨੇ ਅੱਧ ਘੰਟੇ ਵਿੱਚ ਗਿਆਰਾਂ ਵਾਰ ਉਸ ਦਾ ਨਾਂ ਲੈ ਕੇ ਲਗਾਤਾਰ ਪ੍ਰਸ਼ੰਸਾ ਕੀਤੀ । ਉਹ ਕਵੀ ਨਾਲ ਡਾਕ ਗੱਡੀ ਵਿੱਚ ਗਈ ਜਿਵੇਂ ਕਿ ਉੱਥੇ ਦਾ ਰਿਵਾਜ ਸੀ, ਉਨ੍ਹਾਂ ਨੇ ਪੁਰਾਣੇ ਟਾਪੂ ਵਿੱਚ ਪਿਆਰ ਦੀ ਦੁਨੀਆ ਵਸਾਉਣ ਲਈ ਸਮੁੰਦਰ ਪਾਰ ਕੀਤਾ, ਬਹੁਤ ਵੱਡੇ ਸੰਗਤਰਿਆਂ ਦੇ ਦਰੱਖ਼ਤਾਂ ਦੇ ਹੇਠ ਜਿਨ੍ਹਾਂ ਨੇ ਕਿ ਪਾਲਰਮੋ ਨੂੰ ਘੇਰਿਆ ਹੋਇਆ ਸੀ, ਜਿਸ ਨੂੰ, 'ਕੋਲਕੀ ਯੂ ਡੀ ਔਰ' ਕਿਹਾ ਜਾਂਦਾ ਸੀ ।

ਏਟੇਨਾ ਦੀ ਉਨ੍ਹਾਂ ਦੀ ਚੜ੍ਹਾਈ, ਅਤੇ ਕਿਸੀ ਤਰ੍ਹਾਂ ਉਹ ਬਾਂਹਾਂ ਵਿੱਚ ਬਾਂਹਾਂ ਪਾ ਕੇ, ਗਲ੍ਹਾਂ ਨਾਲ ਗਲ੍ਹਾਂ ਲਾ ਕੇ ਜਵਾਲਾਮੁਖੀ ਪਹਾੜ ਦੇ ਮੂੰਹ ’ਤੇ ਘੁੰਮਦੇ ਰਹੇ, ਜਿਵੇਂ ਉਹ ਅੱਗ ਦੇ ਸਮੁੰਦਰ ਵਿੱਚ ਕੁਦ ਜਾਣਾ ਚਾਹੁੰਦੇ ਹੋਣ ।

ਉਨ੍ਹਾਂ ਪ੍ਰਭਵਿਤ ਕਵਿਤਾਵਾਂ, ਜਿਨ੍ਹਾਂ ਨੇ ਸਾਰੀ ਪੀੜ੍ਹੀ ਨੂੰ ਹੈਰਾਨ ਕਰ ਦਿੱਤਾ ਅਤੇ ਜੋ ਇੰਨੀਆਂ ਗੰਭੀਰ ਅਤੇ ਸਾਹਸਪੂਰਨ ਸਨ ਕਿ ਜਿਨ੍ਹਾਂ ਨੇ ਹੋਰਨਾਂ ਕਵੀਆਂ ਲਈ ਨਵੇਂ ਰਾਹ ਦੀ ਸਥਾਪਨਾ ਕਰ ਦਿੱਤੀ ਸੀ, ਮਰ ਚੁੱਕਾ ਸੀ ।

ਦੂਜਾ ਪ੍ਰੇਮੀ ਵੀ ਮਰ ਚੁੱਕਾ ਸੀ, ਜਿਸ ਨੇ ਉਸ ਦੇ ਲਈ ਸੰਗੀਤ ਦੇ ਅਜਿਹੇ ਭਾਵਾਂ ਦੀ ਸਥਾਪਨਾ ਕੀਤੀ ਜੋ ਸਭ ਦੇ ਦਿਲ ਵਿੱਚ ਬਿਰਾਜਮਾਨ ਰਹੇ ਭਾਵ ਵਿਗਿਆਨ ਦੇ ਅਤੇ ਦੁੱਖ ਦੇ ਜੋ ਕਿ ਦਿਲ ਵਿੱਚ ਸਿੱਧੇ ਹੀ ਅਸਰ ਕਰਦੇ ਚਲੇ ਜਾਂਦੇ ਹਨ ।

ਉਹ ਇੱਥੇ ਹੀ, ਫੁੱਲਾਂ ਨਾਲ ਲੱਦੇ ਮਕਾਨ ਵਿੱਚ ਰਹਿੰਦੀ ਹੈ ਮੈਂ ਹੁਣ ਝਿਜਕਿਆ ਨਹੀਂ। ਮੈਂ ਘੰਟੀ ਵਜਾ ਦਿੱਤੀ। ਇਕ ਅਠਾਰਾਂ ਸਾਲ ਦਾ ਨੌਕਰ, ਜੋ ਸ਼ਰਮੀਲਾ ਲੱਗਦਾ ਸੀ, ਆਪਣੇ ਹੱਥਾਂ ਨੂੰ ਅਜੀਬ ਤਰੀਕੇ ਨਾਲ ਰੱਖੇ ਹੋਏ ਉਸ ਬਜ਼ੁਰਗ ਕਲਾਕਾਰ ਲਈ ਇਕ ਦਰਵਾਜ਼ਾ ਖੋਲ੍ਹਣ ਆਇਆ। ਮੈਂ ਆਪਣੇ ਕਾਰਡ ’ਤੇ ਸ਼ਾਨਦਾਰ ਧੰਨਵਾਦ ਵਿੱਚ ਪ੍ਰਾਰਥਨਾ ਲਿਖੀ ਤਾਂ ਕਿ ਉਹ ਮੇਰਾ ਸਵਾਗਤ ਕਰ ਸਕੇ । ਪਰ ਉਸ ਨੂੰ ਚਾਹੀਦਾ ਹੈ ਕਿ ਉਹ ਮੇਰਾ ਨਾਂ ਜਾਣ ਜਾਵੇ। ਅਤੇ ਮੈਨੂੰ ਮਿਲਣ ਦੀ ਆਗਿਆ ਦੇ ਦੇਵੇ ।

ਜਵਾਨ ਨੌਕਰ ਚਲਾ ਗਿਆ, ਪਰ ਛੇਤੀ ਹੀ ਆ ਕੇ ਉਸ ਨੇ ਮੈਨੂੰ ਪਿੱਛ ਚਲੇ ਆਉਣ ਲਈ ਕਿਹਾ। ਉਹ ਮੈਨੂੰ ਇਕ ਸਾਫ਼ ਸੁਥਰੇ ਡਰਾਇੰਗ ਰੂਮ ਵਿੱਚ ਲੈ ਗਿਆ ਜੋ ਕਿ ਲੂਇਸ ਫਿਲਿਪ ਦੇ ਕਥਨ ਅਨੁਸਾਰ ਹਰ ਤਰ੍ਹਾਂ ਠੀਕ ਸੀ, ਜਿਸ ਦੇ ਫ਼ਰਨੀਚਰ, ਸਾਮਾਨ ਨੂੰ ਢੱਕਣ ਦੇ ਕੱਪੜੇ, ਇਕ ਸੋਲ੍ਹਾਂ ਸਾਲ ਦੀ ਲੜਕੀ ਦੇ ਵਾਂਗ ਜੋ ਕਿ ਪਤਲੀ ਜਿਹੀ ਸੀ ਪਰ ਜ਼ਿਆਦਾ ਸੁੰਦਰ ਨਹੀਂ ਸੀ, ਮੇਰੀ ਇੱਜ਼ਤ ਵਿੱਚ ਹਟਾਏ ਜਾ ਰਹੇ ਸਨ ।

ਫੇਰ ਨੌਕਰ ਮੈਨੂੰ ਇਕੱਲਾ ਛੱਡ ਕੇ ਚਲਾ ਗਿਆ । ਮੈਂ ਧਿਆਨ ਨਾਲ ਕਮਰੇ ਦੇ ਸਾਰੇ ਪਾਸੇ ਵੇਖਣ ਲੱਗ ਪਿਆ। ਦੀਵਾਰ ਤੇ ਤਿੰਨ ਤਸਵੀਰਾਂ ਲਟਕ ਰਹੀਆਂ ਸਨ, ਇਕ ਅਭਿਨੇਤਰੀ ਦੀ ਅਤੇ ਦੂਜੀ ਉਸ ਦੇ ਪ੍ਰੇਮੀ ਕਵੀ ਦੀ, ਇਕ ਲੰਬਾ ਕੋਟ ਪਾਏ ਹੋਏ, ਕਮਰ ਤੋਂ ਤੰਗ, ਅਤੇ ਕਮੀਜ਼ ਜੋ ਉਨ੍ਹਾਂ ਦਿਨਾਂ ਵਿੱਚ ਰਿਵਾਜ ਸੀ, ਪਹਿਨੇ ਹੋਏ ਸੀ, ਤੀਜਾ ਉਸ ਗਾਇਕ ਪ੍ਰੇਮੀ ਦਾ ਸੀ ਜੋ ਇਕ ਕਲੋਨੀ ਕੋਰਡ ਦੇ ਸਾਹਮਣੇ ਬੈਠਾ ਹੋਇਆ ਸੀ। ਔਰਤ ਆਪਣੇ ਉਸ ਵਚਿੱਤਰ ਵਿੱਚ ਸੁੰਦਰ ਲੱਗ ਰਹੀ ਸੀ ਪਰ ਉਸ ਦੀ ਤਸਵੀਰ ਵਿੱਚ ਕੁਝ ਦਿਖਾਵਾ ਕੀਤਾ ਗਿਆ ਸੀ, ਜੋ ਕਿ ਉਨ੍ਹਾਂ ਦਿਨਾਂ ਵਿੱਚ ਆਮ ਰਿਵਾਜ ਸੀ। ਉਸ ਦੇ ਚਿਹਰੇ ਅਤੇ ਅੱਖਾਂ ’ਤੇ ਮੁਸਕਾਨ ਸੀ, ਅਤੇ ਚਿੱਤਰਕਾਰੀ ਦਾ ਨਮੂਨਾ ਬਹੁਤ ਵਧੀਆ ਢੰਗ ਦਾ ਸੀ । ਉਹ ਤਿੰਨੇ ਹੀ ਚਿਹਰੇ, ਆਉਣ ਵਾਲੀ ਸੰਤਾਨ ਦੇ ਲੱਗ ਰਹੇ ਸਨ; ਅਤੇ ਉਨ੍ਹਾਂ ਦਾ ਆਲਾ ਦੁਆਲ਼ਾ ਉਨ੍ਹਾਂ ਦਿਨਾਂ ਦੀ ਜੋ ਬੀਤ ਗਏ ਅਤੇ ਸ਼ਖ਼ਸੀਅਤਾਂ ਜੋ ਹੁਣ ਨਹੀਂ ਸਨ ਉਨ੍ਹਾਂ ਦੀ ਯਾਦ ਦਿਵਾਉਂਦੀਆਂ ਸਨ ।

ਇਕ ਦਰਵਾਜ਼ਾ ਖੁੱਲ੍ਹਿਆ ਅਤੇ ਇਕ ਛੋਟੀ ਜਿਹੀ ਔਰਤ ਅੰਦਰ ਆਈ। ਉਹ ਕਾਫੀ ਬਜ਼ੁਰਗ ਅਤੇ ਛੋਟੇ ਕੱਦ ਦੀ ਸੀ ਅਤੇ ਉਸ ਦੇ ਵਾਲ਼ਾਂ ਦੀਆਂ ਲਿਟਾਂ ਅਤੇ ਭਾਵੇਂ ਸਫ਼ੈਦ ਹੋ ਚੁੱਕੀਆਂ ਸਨ । ਉਸ ਨੂੰ ਵੇਖ ਕੇ ਮੈਨੂੰ ਇਕ ਸਫ਼ੈਦ, ਤੇਜ਼ ਅਤੇ ਚੁਸਤ ਚੂਹੇ ਦਾ ਖ਼ਿਆਲ ਆ ਗਿਆ । ਉਸ ਨੇ ਆਪਣਾ ਹੱਥ ਮੇਰੇ ਵੱਲ ਕੀਤਾ ਅਤੇ ਸਵਸਥ ਤਾਜ਼ੀ ਅਤੇ ਕੰਬਦੀ ਹੋਈ ਆਵਾਜ਼ ਵਿੱਚ ਬੜੀ ਸੰਜੀਦਗੀ ਨਾਲ ਕਿਹਾ, "ਸ੍ਰੀਮਾਨ ਜੀ ਤੁਹਾਡਾ ਧੰਨਵਾਦ । ਅੱਜ ਦੇ ਆਦਮੀਆਂ ਦੀ ਬੜੀ ਮਿਹਰਬਾਨੀ ਹੈ ਕਿ ਇਹ ਕੱਲ੍ਹ ਦੀਆਂ ਔਰਤਾਂ ਨੂੰ ਯਾਦ ਕਰਦੇ ਹਨ, ਬੈਠ ਜਾਵੇ ।"

ਮੈਂ ਉਸ ਨੂੰ ਦੱਸਿਆ ਕਿ ਉਸ ਦੇ ਮਕਾਨ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ, ਕਿ ਮੈਂ ਮਾਲਕ ਦਾ ਨਾਮ ਜਾਣਨ ਦੀ ਕੋਸ਼ਿਸ਼ ਕੀਤੀ ਅਤੇ ਨਾਮ ਜਪਣ ਤੋਂ ਬਾਅਦ ਮੈਂ ਉਸ ਦੇ ਮਕਾਨ ਦੀ ਘੰਟੀ ਵਜਾਉਣ ਦੀ ਪ੍ਰਬਲ ਇੱਛਾ ਨੂੰ ਦਬਾ ਨਹੀਂ ਸਕਿਆ।

"ਸ੍ਰੀਮਾਨ ਜੀ ਤੁਹਾਨੂੰ ਮਿਲ ਕੇ ਮੈਨੂੰ ਬੜੀ ਖ਼ੁਸ਼ੀ ਹੋ ਰਹੀ ਹੈ " ਉਹ ਬੋਲੀ, "ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਮੇਰੇ ਨਾਲ ਇਸ ਤਰ੍ਹਾਂ ਕਿਸੇ ਨੇ ਗੱਲ ਕੀਤੀ ਹੈ ਜਦੋਂ ਤੁਹਾਡਾ ਧੰਨਵਾਦ ਦਾ ਕਾਰਡ ਮੈਨੂੰ ਦਿੱਤਾ ਗਿਆ ਤਾਂ ਮੈਨੂੰ ਹੈਰਾਨੀ ਹੋਈ ਜਿਵੇਂ ਕਿ ਵੀਹ ਸਾਲ ਪੁਰਾਣੇ ਮਿੱਤਰ ਨੂੰ ਮਿਲ ਕੇ ਹੋਵੇ। ਮੈਂ ਭੁਲਾ ਦਿੱਤੀ ਗਈ ਹਾਂ, ਅਸਲ ਵਿੱਚ ਮੈਂ ਭੁਲਾ ਦਿੱਤੀ ਗਈ ਹਾਂ, ਕੋਈ ਵੀ ਮੈਨੂੰ ਯਾਦ ਨਹੀਂ ਕਰਦਾ, ਮੇਰੇ ਮਰਨ ਤੱਕ ਕੋਈ ਯਾਦ ਨਹੀਂ ਕਰੇਗਾ, ਉਦੋਂ ਤਿੰਨ ਦਿਨ ਤੱਕ ਸਾਰੇ ਸਮਾਚਾਰ ਪੱਤਰ ਜੁਲੀ ਰੋਮੇਨ ਦੇ ਬਾਰੇ ਵਿੱਚ ਨਿੰਦਾ ਅਤੇ ਸ਼ਾਇਦ ਪ੍ਰਸ਼ੰਸਾ ਵਿੱਚ ਵਰਣਨ ਕਰਦੇ ਹੋਏ ਕਹਾਣੀਆਂ ਲਿਖਦੇ ਰਹਿਣਗੇ। ਤਾਂ ਮੇਰਾ ਨਾਂ ਖ਼ਤਮ ਹੋ ਜਾਵੇਗਾ।"

ਉਹ ਪਲ਼ ਭਰ ਚੁੱਪ ਰਹੀ ਅਤੇ ਫੇਰ ਬੋਲੀ" :ਹੁਣ ਜ਼ਿਆਦਾ ਸਮਾਂ ਨਹੀਂ ਹੈ। ਸ਼ਾਇਦ ਕੁਝ ਹੀ ਮਹੀਨਿਆਂ ਵਿੱਚ ਉਹ ਛੋਟੀ ਔਰਤ ਵੀ ਜੋ ਹੁਣ ਜ਼ਿੰਦਾ ਹੈ ਮਰ ਜਾਏਗੀ।"

ਉਸ ਨੇ ਆਪਣੀਆਂ ਅੱਖਾਂ ਤਸਵੀਰ ਤੋਂ ਚੁੱਕੀਆਂ। ਆਪਣੇ ਮੁਰਝਾਏ ਹੋਏ ਢਾਂਚੇ ਵੱਲ ਵੇਖ ਕੇ ਹੱਸਦਾ ਹੋਇਆ ਲੱਗ ਰਿਹਾ ਸੀ। ਫਿਰ ਉਸ ਨੇ ਉਸ ਕਵੀ ਅਤੇ ਗਾਇਕ ਦੋਹਾਂ ਵੱਲ ਵੇਖਿਆ, ਜੋ ਉਹ ਕਹਿੰਦੇ ਲੱਗ ਰਹੇ ਸਨ: “ਉਹ ਖੰਡਰ ਸਾਨੂੰ ਕੀ ਕਹਿੰਦੇ ਹਨ।"

ਇਕ ਬਿਨਾਂ ਬਿਆਨੀ ਉਦਾਸੀ, ਜੋ ਉਨ੍ਹਾਂ ’ਤੇ ਛਾ ਜਾਂਦੀ ਹੈ ਜਿਨ੍ਹਾਂ ਦੀ ਜ਼ਿੰਦਗੀ ਖ਼ਤਮ ਹੋ ਚੁੱਕੀ ਹੋਵੇ ਅਤੇ ਜੋ ਆਪਣੀਆਂ ਯਾਦਾਂ ਨਾਲ, ਡੁੱਬਦੇ ਹੋਏ ਆਦਮੀ ਦੀ ਤਰ੍ਹਾਂ ਘੋਲ ਕਰਦੇ ਰਹਿੰਦੇ ਹਨ ਮੇਰੇ ਉੱਪਰ ਛਾ ਗਈ ਹੈ।

ਮੈਂ ਜਿਸ ਥਾਂ ’ਤੇ ਬੈਠਾ ਸੀ ਉੱਥੋਂ ਮੈਨੂੰ ਨਾਈਸ ਤੋਂ ਮੋਂਟੈ ਕਾਰਲੋ ਤੱਕ ਜਾਣ ਵਾਲੀ ’ਤੇ ਸੜਕ ਗੱਡੀਆਂ ਆਉਂਦੀਆਂ ਜਾਂਦੀਆਂ ਚੰਗੀ ਤਰ੍ਹਾਂ ਨਜ਼ਰ ਆ ਰਹੀਆਂ ਸਨ ਅਤੇ ਉਨ੍ਹਾਂ ਗੱਡੀਆਂ ਵਿੱਚ ਸੁੰਦਰ ਔਰਤਾਂ ਅਤੇ ਅਮੀਰ ਆਦਮੀ ਖ਼ੁਸ਼ ਅਤੇ ਮੁਸਕਰਾਉਂਦੇ ਹੋਏ ਅਤੇ ਸੰਤੁਸ਼ਟ ਬੈਠੇ ਦਿਸ ਰਹੇ ਸਨ। ਉਸ ਨੇ ਵੇਖਿਆ ਕਿ ਮੇਰੀ ਨਜ਼ਰ ਕਿੱਧਰ ਸੀ, ਅਤੇ ਮੇਰੇ ਖ਼ਿਆਲਾਂ ਨੂੰ ਸਮਝ ਕੇ ਉਹ ਮੁਸਕਰਾਉਂਦੇ ਹੋਏ ਬੋਲੀ ; :ਅੱਜ ਕੱਲ੍ਹ ਅਤੇ ਪਹਿਲੇ ਵਾਲਾ ਸਮਾਂ ਦੋਵੇਂ ਇਕ ਸਾਰ ਸੰਭਵ ਨਹੀਂ ਹਨ। " "ਤੁਹਾਡੀ ਜ਼ਿੰਦਗੀ ਕਿੰਨੀ ਸੁੰਦਰ ਰਹੀ ਹੋਵੇਗੀ," ਮੈਂ ਕਿਹਾ। ਉਸ ਨੇ ਸਿਸਕਦੇ ਹੋਏ

ਉੱਤਰ ਦਿੱਤਾ : "ਹਾਂ ਸੁੰਦਰ ਅਤੇ ਸੁਹਾਵਣਾ ਇਸ ਕਰਕੇ ਹੀ ਮੈਨੂੰ ਇੰਨਾ ਦੁੱਖ ਹੁੰਦਾ ਹੈ। "

ਮੈਂ ਵੇਖਿਆ ਕਿ ਉਹ ਇੰਨੀ ਸਾਵਧਾਨੀ ਨਾਲ ਆਪਣੇ ਬਾਰੇ ਗੱਲ ਕਰਨੀ ਚਾਹੁੰਦੀ ਸੀ ਕਿ, ਜਿਵੇਂ ਕਿਸੇ ਦੁੱਖਦੇ ਜ਼ਖ਼ਮ ਨੂੰ ਹੱਥ ਲਾਉਣਾ ਹੋਵੇ । ਮੈਂ ਉਸ ਤੋਂ ਪ੍ਰਸ਼ਨ ਪੁੱਛਣੇ ਸ਼ੁਰੂ ਕਰ ਦਿੱਤੇ । ਉਸ ਨੇ ਆਪਣੀ ਸਫ਼ਲਤਾ ਬਾਰੇ ਦੱਸਿਆ, ਅਤੇ ਖ਼ੁਸ਼ੀ ਨਾਲ ਝੂਮ ਕੇ ਆਪਣੇ ਮਿੱਤਰਾਂ ਅਤੇ ਆਪਣੀ ਸਾਰੀ ਜ਼ਿੰਦਗੀ ਦੀਆਂ ਜੇਤੂ ਘਟਨਾਵਾਂ ਅਤੇ ਹੋਂਦ ਬਾਰੇ ਦੱਸਿਆ।

"ਸ੍ਰੀਮਤੀ ਜੀ, ਕੀ ਤੁਹਾਡੀ ਸਭ ਤੋਂ ਵੱਡੀ ਖ਼ੁਸ਼ੀ ਅਤੇ ਸਭ ਤੋਂ ਵੱਡਾ ਸੁਖ ਤੁਹਾਡੇ ਥੀਏਟਰ ਵਿੱਚ ਕੰਮ ਕਰਨ ਕਰਕੇ ਪ੍ਰਾਪਤ ਹੋਇਆ ਹੈ " ਮੈਂ ਪੁੱਛਿਆ।

"ਆਹ । ਨਹੀਂ " ਉਸ ਨੇ ਕਾਹਲ਼ੀ ਨਾਲ ਉਤਰ ਦਿੱਤਾ । ਮੈਂ ਮੁਸਕਰਾਇਆ ਅਤੇ ਉਸ ਨੇ ਆਪਣੀ ਉਦਾਸ ਨਜ਼ਰ ਉਨ੍ਹਾਂ ਦੋਹਾਂ ਆਦਮੀਆਂ ਦੀਆਂ ਤਸਵੀਰਾਂ ਵੱਲ ਉਠਾਉਂਦੇ ਹੋਏ ਕਿਹਾ:

"ਮੈਨੂੰ ਆਪਣਾ ਸਭ ਤੋਂ ਵੱਡਾ ਸੁੱਖ ਇਨ੍ਹਾਂ ਕਰਕੇ ਪ੍ਰਾਪਤ ਹੋਇਆ ।"

ਮੈਂ ਇਹ ਪੁੱਛੇ ਬਿਨਾਂ ਨਾ ਰਹਿ ਸਕਿਆ ਕਿ ਉਨ੍ਹਾਂ ਵਿੱਚੋਂ ਕਿਸ ਇਕ ਦੇ ਕਾਰਨ ਸੁੱਖ ਪ੍ਰਾਪਤ ਹੋਇਆ ਹੈ।

"ਸ੍ਰੀਮਾਨ ਜੀ ਦੋਹਾਂ ਦੇ ਕਾਰਨ, ਕਦੀ ਕਦੀ ਤਾਂ ਮੇਰੇ ਮਨ ਵਿੱਚ ਖਲਬਲੀ ਪੈਦਾ ਹੋ ਜਾਂਦੀ ਹੈ। ਇਸ ਦੇ ਇਲਾਵਾ, ਮੈਨੂੰ ਇਨ੍ਹਾਂ ਵਿੱਚੋਂ ਇਕ ਲਈ ਹੁਣ ਦੁੱਖ ਹੈ।

"ਤਾਂ ਮੈਡਮ ਤੁਹਾਡੀ ਸਫ਼ਲਤਾ ਉਨ੍ਹਾਂ ਤੋਂ ਨਹੀਂ ਸਗੋਂ ਤੁਹਾਡੇ ਪ੍ਰੇਮ ਪਿਆਰ ਨਾਲ ਕੰਮ ਕਰਨ 'ਤੇ ਨਿਰਭਰ ਹੋਈ। ਉਹ ਤਾਂ ਕੇਵਲ ਪ੍ਰੇਮ ਦੇ ਸਾਧਨ ਹੀ ਹਨ।"

"ਇਹ ਸੰਭਵ ਹੈ। ਪਰ ਉਹ। ਕਿੰਨੇ ਅਜੀਬ ਸਾਧਨ ਹਨ।"

"ਕੀ ਤੁਹਾਡਾ ਵਿਸ਼ਵਾਸ ਹੈ ਕਿ ਤੁਹਾਨੂੰ ਕਿਸੀ ਆਮ ਵਿਅਕਤੀ ਨੇ ਜੋ ਮਹਾਨ ਤਾਂ ਨਹੀਂ ਸੀ ਪਰ ਤੁਹਾਡੇ 'ਤੇ ਸਾਰਾ ਜੀਵਨ, ਦਿਲ, ਆਪਣੀ ਸਾਰੀ ਜ਼ਿੰਦਗੀ, ਹਰ ਇਕ ਵਿਚਾਰ ਅਤੇ ਹਰ ਇਕ ਮਿੰਟ ਤੁਹਾਡੇ 'ਤੇ ਲਾ ਸਕਦਾ ਸੀ, ਪਿਆਰ ਨਹੀਂ ਕੀਤਾ ਜਾਂ ਤੁਹਾਡੇ ਹੋਰ ਪ੍ਰੇਮੀਆ ਤੋਂ ਜ਼ਿਆਦਾ ਤੁਹਾਨੂੰ ਪਿਆਰ ਨਹੀਂ ਕਰ ਸਕਦਾ ਸੀ। ਉਨ੍ਹਾਂ ਦੋਹਾਂ ਤੋਂ ਤੁਹਾਨੂੰ ਦੋ ਭਿਆਨਕ ਰਕੀਬ-ਸੰਗੀਤ ਅਤੇ ਕਵਿਤਾ ਪ੍ਰਾਪਤ ਹੋਏ।

ਉਹ ਜ਼ੋਰ ਨਾਲ ਉਸ ਜਵਾਨੀ ਭਰੀ ਆਵਾਜ਼ ਵਿੱਚ ਜੋ ਅਜੇ ਆਤਮਾ ਨੂੰ ਹਿਲਾ ਸਕਦੀ ਸੀ, ਬੋਲੀ : 'ਨਹੀਂ । ਸ੍ਰੀਮਾਨ ਜੀ, ਨਹੀਂ ।' ਇਕ ਸਾਧਾਰਨ ਆਦਮੀ ਸ਼ਾਇਦ ਮੈਨੂੰ ਹੋਰ ਵੀ ਜ਼ਿਆਦਾ ਪਿਆਰ ਕਰ ਸਕਦਾ ਸੀ । ਪਰ ਉਹ ਉਸ ਤਰ੍ਹਾਂ ਨਹੀਂ ਕਰ ਸਕਦਾ ਸੀ ਜਿਵੇਂ ਉਨ੍ਹਾਂ ਦੋਹਾਂ ਨੇ ਕੀਤਾ। ਆਹ । ਪਰ ਉਹ ਜਿਹੋ ਜਿਹਾ ਪ੍ਰੇਮ ਸੰਗੀਤ ਗਾ ਸਕਦੇ ਸਨ ਹੋਰ ਦੁਨੀਆ ਵਿੱਚ ਕੋਈ ਵੀ ਨਹੀਂ ਗਾ ਸਕਦਾ ਸੀ ।

"ਉਨ੍ਹਾਂ ਨੇ ਮੈਨੂੰ ਕਿਵੇਂ ਮਸਤ ਕੀਤਾ। ਕੀ ਇਹ ਸੰਭਵ ਹੈ ਕਿ ਜੋ ਉਨ੍ਹਾਂ ਨੇ ਸ਼ਬਦਾਂ ਅਤੇ ਆਵਾਜ਼ ਨਾਲ ਲੱਭਿਆ ਉਹ ਕਿਸੀ ਹੋਰ ਨੂੰ ਵੀ ਮਿਲ ਸਕਦਾ ਸੀ । ਜੇ ਕਿਸੇ ਨੂੰ ਪਿਆਰ ਵਿੱਚ ਕਵਿਤਾ, ਸੰਗੀਤ ਸ਼ਾਮਿਲ ਕਰਨ ਦਾ ਢੰਗ ਨਹੀਂ ਤਾਂ ਪਿਆਰ ਕਰਨਾ ਹੀ ਕਾਫੀ ਹੈ ? ਉਹ ਦੋਵੇਂ, ਆਪਣੇ ਗੀਤਾਂ, ਆਪਣੇ ਸ਼ਬਦਾਂ ਅਤੇ ਆਪਣੇ ਕੰਮਾਂ ਨਾਲ ਔਰਤ ਨੂੰ ਖ਼ੁਸ਼ ਕਰਨਾ ਜਾਣਦੇ ਸਨ । ਹਾਂ, ਸ਼ਾਇਦ ਸਾਡੇ ਖ਼ਿਆਲ ਅਨੁਸਾਰ ਅਸਲੀਅਤ ਘੱਟ ਸੀ ਅਤੇ ਸ਼ੱਕ ਜ਼ਿਆਦਾ ਸੀ, ਪਰ ਉਹ ਸ਼ੱਕ ਤੁਹਾਨੂੰ ਅਸਮਾਨਾਂ ਤੱਕ ਲੈ ਜਾਂਦੇ ਜਦੋਂਕਿ ਅਸਲੀਅਤ ਤੁਹਾਨੂੰ ਧਰਤੀ ’ਤੇ ਹੀ ਛੱਡ ਦਿੰਦੀ ਹੈ। ਜੋ ਹੋਰ ਲੋਕ ਮੇਰੇ ਨਾਲ ਪਿਆਰ ਕਰਦੇ ਸਨ ਤਾਂ ਇਹ ਕੇਵਲ ਉਨ੍ਹਾਂ ਕਰਕੇ ਹੀ ਹੋ ਸਕਦਾ ਸੀ ਕਿ ਮੈਂ ਪਿਆਰ ਨੂੰ ਪਛਾਣਿਆ, ਅਨੁਭਵ ਕੀਤਾ ਅਤੇ ਪ੍ਰੇਮ ਦੀ ਪੂਜਾ ਕੀਤੀ ।

ਅਚਾਨਕ ਉਹ ਵਿਚੇ ਵਿੱਚ ਬਹੁਤ ਦੁੱਖ ਨਾਲ ਰੋਣ ਲੱਗ ਪਈ । ਮੈਂ ਖਿੜਕੀ ਵਿੱਚੋਂ ਦੂਰ ਤੱਕ ਵੇਖ ਰਿਹਾ ਸੀ ਇੰਝ ਲੱਗ ਰਿਹਾ ਸੀ, ਜਿਵੇਂ ਕਿ ਮੈਨੂੰ ਕੁਝ ਪਤਾ ਨਾ ਹੋਵੇ । ਕੁਝ ਸਮੇਂ ਬਾਅਦ ਉਹ ਕਹਿਣ ਲੱਗੇ ਸ੍ਰੀਮਾਨ ਜੀ, ਤੁਸੀਂ ਦੇਖ ਰਹੇ ਹੋ ਕਿ ਬਹੁਤ ਸਾਰੇ ਵਿਅਕਤੀਆਂ ਦਾ ਦਿਲ ਹਾਲਾਤ ਅਨੁਸਾਰ ਬਦਲ ਜਾਂਦਾ ਹੈ ਸਰੀਰ ਦੇ ਨਾਲ ਹੀ ਦਿਲ ਵੀ ਬੁੱਢਾ ਹੋ ਜਾਂਦਾ ਹੈ। ਮੇਰੇ ਨਾਲ ਇਸ ਤਰ੍ਹਾਂ ਨਹੀਂ ਹੋਇਆ। ਮੈਂ ਉਣੱਤਰ ਸਾਲ ਦੀ ਹੋ ਗਈ ਹਾਂ ਪਰ ਦਿਲ ਵੀਹ ਸਾਲ ਦਾ ਹੀ ਹੈ। ਅਤੇ ਇਹ ਹੀ ਕਾਰਨ ਹੈ ਕਿ ਮੈਂ ਆਪਣੇ ਫੁੱਲਾਂ ਅਤੇ ਸੁਪਨਿਆਂ ਵਿੱਚ ਇਕੱਲੀ ਹੀ ਰਹਿ ਰਹੀ ਹਾਂ ।"

ਫੇਰ ਅਸੀਂ ਦੋਵੇਂ ਕਾਫੀ ਦੇਰ ਚੁੱਪ ਰਹੇ। ਥੋੜ੍ਹੀ ਦੇਰ ਬਾਅਦ ਉਹ ਚੁੱਪ ਰਹਿਣ ਤੋਂ ਬਾਅਦ ਮੁਸਕਰਾ ਕੇ ਕਹਿਣ ਲੱਗੀ:

"ਸ੍ਰੀਮਾਨ ਜੀ ਜੇ ਤੁਸੀਂ ਜਾਣਦੇ ਹੁੰਦੇ ਕਿ ਮੈਂ ਸ਼ਾਮ ਨੂੰ ਜਦੋਂ ਕਿ ਮੌਸਮ ਸੁਹਾਵਣਾ ਹੁੰਦਾ ਹੈ ਕਿਸ ਤਰ੍ਹਾਂ ਸਮਾਂ ਬਤੀਤ ਕਰਦੀ ਹਾਂ ਤਾਂ ਤੁਸੀਂ ਕਿਸ ਤਰ੍ਹਾਂ ਮੇਰਾ ਮਜ਼ਾਕ ਕਰਨਾ ਸੀ। ਮੈਂ ਆਪਣੀ ਗ਼ਲਤੀ ’ਤੇ ਸ਼ਰਮਿੰਦੀ ਹਾਂ ਅਤੇ ਨਾਲ ਹੀ ਮੈਨੂੰ

ਆਪਣੇ ’ਤੇ ਦੁੱਖ ਵੀ ਹੁੰਦਾ ਹੈ । ਮੇਰਾ ਉਸ ਨੂੰ ਪੁੱਛਣਾ ਫ਼ਜ਼ੂਲ ਸੀ, ਉਹ ਦੱਸੇਗੀ ਨਹੀਂ, ਜਦੋਂ ਮੈਂ ਜਾਣ ਵਾਸਤੇ ਉੱਠਿਆ, ਉਹ ਚਿਲਾਈ" ਇੰਨੀ ਕੀ ਛੇਤੀ ਹੈ ।"

ਮੈਂ ਉਸ ਨੂੰ ਦੱਸਦਾ ਹਾਂ ਕਿ ਮੇਰਾ ਖ਼ਿਆਲ ਤਾਂ ਮੋਂਟੇ ਕਾਰਲੋ, ਜਾ ਕੇ ਰੋਟੀ ਖਾਣ ਦਾ ਸੀ ਅਤੇ ਛੇਤੀ ਹੀ ਉਹ ਕੁਝ ਝਿਜਕ ਕੇ ਮੇਰੇ ਨਾਲ ਬੋਲੀ: “ਕੀ ਤੁਸੀਂ ਮੇਰੇ ਨਾਲ ਰੋਟੀ ਖਾਣਾ ਪਸੰਦ ਨਹੀਂ ਕਰੋਗੇ ? ਮੈਨੂੰ ਬਹੁਤ ਖ਼ੁਸ਼ੀ ਹੁੰਦੀ । "ਮੈਂ ਛੇਤੀ ਹੀ ਉਸ ਦਾ ਕਹਿਣਾ ਮੰਨ ਲਿਆ। ਉਸ ਨੇ ਖ਼ੁਸ਼ ਹੋ ਕੇ ਘੰਟੀ ਵਜਾਈ; ਜਦੋਂ ਉਸ ਨੇ ਆਪਣੀ ਨੌਕਰਾਣੀ ਨੂੰ ਹੁਕਮ ਦਿੱਤਾ ਤਾਂ ਉਸ ਨੇ ਮੈਨੂੰ ਆਪਣਾ ਘਰ ਦਿਖਾਉਣ ਵਾਸਤੇ ਕਿਹਾ। ਜਿਸ ਵਿੱਚ ਬਹੁਤ ਸਾਰੀਆਂ ਵੇਲਾਂ ਅਤੇ ਬੂਟੇ ਲੱਗੇ ਹੋਏ ਸਨ । ਸ਼ੀਸ਼ੇ ਦਾ ਬਰਾਂਡਾ, ਰਸਤਾ ਭੋਜਨ ਵਾਲੇ ਕਮਰੇ ਤੋਂ ਸੀ । ਉੱਥੋਂ ਸੰਗਤਰੇ ਦੇ ਦਰਖ਼ਤਾਂ ਦੀਆਂ ਲੰਬੀਆਂ ਕਤਾਰਾਂ ਜੋ ਕਿ ਪਹਾੜੀਆਂ ਦੀਆਂ ਢਲਾਣ ਤੱਕ ਚਲੀਆਂ ਗਈਆਂ ਸਨ ਦਿਖਾਈ ਦੇ ਰਹੀਆਂ ਸਨ । ਝਾੜੀਆਂ ਵਿੱਚ ਇਕ ਨੀਵੀਂ ਜਿਹੀ ਥਾਂ ਬਣੀ ਹੋਈ ਤੋਂ ਪਤਾ ਲੱਗਦਾ ਸੀ ਕਿ ਅਭਿਨੇਤਰੀ ਜ਼ਿਆਦਾਤਰ ਇੱਥੇ ਆ ਕੇ ਬੈਠਦੀ ਹੁੰਦੀ ਹੈ ।

ਫਿਰ ਅਸੀਂ ਫਲ਼ਾਂ ਨੂੰ ਵੇਖਣ ਵਾਸਤੇ ਬਾਗ਼ ਵਿੱਚ ਗਏ। ਸ਼ਾਮ ਦਾ ਸਮਾਂ, ਸ਼ਾਂਤ ਅਤੇ ਜੋ ਮਸਤ ਸੁਗੰਧੀਆਂ ਜ਼ਮੀਨ ’ਤੇ ਲੈ ਕੇ ਆਉਂਦੀ ਹੈ, ਹੌਲੇ ਹੌਲੇ ਆ ਗਿਆ। ਜਦੋਂ ਤੱਕ ਅਸੀਂ ਰੋਟੀ ਖਾਣ ਲਈ ਮੇਜ਼ ’ਤੇ ਬੈਠੇ ਉਦੋਂ ਤੱਕ ਕਾਫੀ ਹਨੇਰਾ ਹੋ ਗਿਆ ਸੀ । ਖਾਣਾ ਬਹੁਤ ਸਵਾਦੀ ਬਣਿਆ ਸੀ ਅਤੇ ਸਾਨੂੰ ਖਾਂਦੇ ਕਾਫ਼ੀ ਦੇਰ ਹੋ ਗਈ । ਅਸੀਂ ਬਹੁਤ ਚੰਗੇ ਮਿੱਤਰ ਬਣ ਗਏ । ਮੇਰੇ ਦਿਲ ਵਿੱਚ ਉਸ ਲਈ ਇਕ ਤਰ੍ਹਾਂ ਦੀ ਹਮਦਰਦੀ ਪੈਦਾ ਹੋ ਗਈ । ਉਸ ਨੇ ਸ਼ਰਾਬ ਦਾ ਇਕ ਗਲਾਸ ਪੀਤਾ ਅਤੇ ਉਹ ਹੋਰ ਨੇੜਤਾ ਮਹਿਸੂਸ ਕਰਦੀ ਹੋਈ ਭੇਦ ਭਰੀਆਂ ਗੱਲਾਂ ਕਰਨ ਲੱਗ ਪਈ।

“ਚੱਲੋ ਬਾਹਰ ਚੱਲੀਏ, ਅਤੇ ਚੰਦ ਨੂੰ ਦੇਖੀਏ "ਉਸ ਨੇ ਆਖ਼ਰ ਕਿਹਾ : "ਮੈਂ ਚੰਦਰਮਾ ਨੂੰ ਬਹੁਤ ਚੰਗਾ ਸਮਝਦੀ ਹਾਂ, ਮਨਮੋਹਣਾ ਹੈ ਕਿਉਂਕਿ ਮੈਂ ਇਸ ਦੀ ਰੌਸ਼ਨੀ ਵਿੱਚੋਂ ਚਮਕ ਵਿੱਚ ਬਹੁਤ ਖ਼ੁਸ਼ੀਆਂ ਮਾਣੀਆਂ ਹਨ । ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਮੇਰੀਆਂ ਸਾਰੀਆਂ ਮਿੱਠੀਆਂ ਯਾਦਾਂ ਦਾ ਖ਼ਜ਼ਾਨਾ ਹੈ । ਮੈਂ ਉਸ ਵੱਲ ਇਸ ਲਈ ਦੇਖਦੀ ਹਾਂ ਕਿ ਉਹ ਮੇਰੇ ਕੋਲ ਵਾਪਸ ਆ ਜਾਣ। ਅਤੇ ਕਦੀ ਕਦੀ ਸ਼ਾਮ ਨੂੰ ਮੈਂ ਆਪਣੇ ਲਈ ਇਕ ਸੁੰਦਰ ਦ੍ਰਿਸ਼, ਇੰਨਾ ਸੁੰਦਰ ਦ੍ਰਿਸ਼ ਸਜਾਂਦੀ ਹਾਂ ਕਿਉਂ ਜੋ ਕੇਵਲ ਤੁਸੀਂ ਉਸ ਨੂੰ ਘੱਟ ਜਾਣਦੇ ਹੁੰਦੇ । ਪਰ ਨਹੀਂ ਤੁਸੀਂ ਮੇਰੇ ’ਤੇ ਹੱਸੋਗੇ । ਮੈਂ

ਤੁਹਾਨੂੰ ਦੱਸ ਨਹੀਂ ਸਕਦੀ-ਮੇਰੇ ਵਿੱਚ ਹਿੰਮਤ ਨਹੀਂ ਹੈ—ਨਹੀਂ-ਨਹੀਂ- ਮੈਂ ਤੁਹਾਨੂੰ ਦੱਸ ਨਹੀਂ ਸਕਦੀ।"

"ਆਹ। ਮੈਡਮ ਮੈਂ ਬੇਨਤੀ ਕਰਦਾ ਹਾਂ ਤੁਸੀਂ ਕਹੋ।" ਮੈਂ ਉਸ ਨੂੰ ਦੱਸਣ ਲਈ ਕਿਹ।

"ਇਹ ਤੁਹਾਡਾ ਜਿਹੜਾ ਭੇਦ ਹੈ ? ਮੈਨੂੰ ਦੱਸੋ। ਮੈਂ ਕਸਮ ਖਾਂਦਾ ਹਾਂ ਕਿ ਮੈਂ ਹੱਸਾਂਗਾ ਨਹੀਂ।"

ਉਹ ਝਿਜਕੀ, ਮੈਂ ਉਸ ਦੇ ਨਾਲ, ਉਸ ਦੇ ਪਤਲੇ, ਠੰਢੇ, ਨਰਮ ਹੱਥ, ਪਕੜੇ ਅਤੇ ਉਸ ਦਾ ਇਕ ਇਕ ਕਰਕੇ ਪਤਾ ਨਹੀਂ ਕਿੰਨੀ ਵਾਰ ਪਿਆਰ ਲਿਆ। ਉਸ ਦੇ ਪ੍ਰੇਮੀ ਵੀ ਇਸ ਤਰ੍ਹਾਂ ਪਹਿਲੇ ਦਿਨਾਂ ਵਿੱਚ ਨਹੀਂ ਕਰਦੇ ਹੋਣਗੇ। ਉਹ ਬੇਸ਼ੱਕ ਝਿਜਕ ਰਹੀ ਸੀ ਪਰ ਖ਼ੁਸ਼ ਹੋ ਗਈ।

"ਤੁਸੀਂ ਮੇਰੇ ਨਾਲ ਵਾਅਦਾ ਕਰੋ ਕਿ ਹੱਸੋਗੇ ਨਹੀਂ। "ਉਸ ਨੇ ਸਹਿਮੇ ਹੋਏ ਕਿਹਾ।

"ਹਾਂ, ਮੈਡਮ, ਮੈਂ ਇਸ ਲਈ ਕਸਮ ਖਾਂਦਾ ਹਾਂ। "ਠੀਕ ਹੈ", ਫੇਰ ਆਓ, ਉਸ ਨੇ ਮੁਸਕਰਾਉਂਦੇ ਹੋਏ ਕਿਹਾ। ਅਸੀਂ ਖਾਣੇ ਤੋਂ ਉੱਠੇ, ਅਤੇ ਜਿਉਂ ਹੀ ਹਰੀ ਪੁਸ਼ਾਕ ਪਹਿਨੀ ਇਕ ਬੇਢੱਬੇ ਨੌਜਵਾਨ ਨੇ ਉਸ ਦੇ ਪਿੱਛੇ ਤੋਂ ਕੁਰਸੀ ਖਿੱਚੀ, ਉਹ ਉਸ ਦੇ ਕੰਨਾਂ ਵਿੱਚ ਛੇਤੀ ਛੇਤੀ ਬੋਲੀ।

ਉਸ ਨੇ ਸਤਿਕਾਰ ਨਾਲ ਉੱਤਰ ਦਿੱਤਾ। ਜੀ ਮੈਡਮ, ਬਹੁਤ ਛੇਤੀ।" ਉਸ ਨੇ ਮੇਰੀ ਬਾਂਹ ਪਕੜੀ ਅਤੇ ਮੈਨੂੰ ਬਰਾਂਡੇ ਤੱਕ ਲੈ ਗਈ। ਸੰਗਤਰੇ ਦੇ ਦਰੱਖ਼ਤਾਂ ਵਿੱਚ ਟਹਿਲਣ ਦਾ ਦ੍ਰਿਸ਼ ਬੜਾ ਸੁਹਾਵਣਾ ਸੀ। ਚੰਦ, ਦਰੱਖ਼ਤਾਂ ਵਿੱਚੋਂ ਇਕ ਬਰੀਕ ਜਿਹੀ ਕਿਰਨ ਪਾ ਰਿਹਾ ਸੀ, —ਚਾਂਦਨੀ ਦੀ ਇਕ ਲੰਬੀ ਲਾਇਨ ਸੰਘਣੀਆਂ ਅਤੇ ਸੁੱਕੀਆਂ ਹੋਈਆਂ ਟਹਿਣੀਆਂ ਵਿੱਚੋਂ ਹੋ ਕੇ ਰੇਤ 'ਤੇ ਪੈ ਰਹੀ ਸੀ। ਦਰੱਖ਼ਤਾਂ 'ਤੇ ਬਹਾਰ ਸੀ। ਉਨ੍ਹਾਂ ਦੀ ਸੁਗੰਧੀ ਨਾਲ ਵਾਤਾਵਰਨ ਮਹਿਕਿਆ ਹੋਇਆ ਸੀ। ਅਤੇ ਹਨੇਰੀਆਂ ਝੜੀਆਂ ਵਿੱਚ ਜੁਗਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਚਮਕ ਰਹੇ ਸਨ ਜਿਨ੍ਹਾਂ ਦੀ ਮੱਧਮ ਰੌਸ਼ਨੀ ਸਿਤਾਰਿਆਂ ਵਾਂਗ ਟਿਮ ਟਿਮਾ ਰਹੀ ਸੀ।

"ਔਹ, ਪਿਆਰ ਭਰੇ ਦ੍ਰਿਸ਼ ਲਈ ਕਿੰਨਾ ਵਧੀਆ ਮਾਹੌਲ ਹੈ। "ਮੈਂ ਜ਼ੋਰ ਨਾਲ ਕਿਹਾ। ਉਹ ਮੁਸਕਰਾਈ। "ਦੇਖਿਆ ਨਾ। ਦੇਖਿਆ ਨਾ। ਹੁਣੇ ਹੀ ਤੁਹਾਨੂੰ

ਪਤਾ ਲੱਗ ਜਾਵੇਗਾ । "ਉਸ ਨੇ ਮੈਨੂੰ ਆਪਣੇ ਕੋਲ ਬਿਠਾ ਲਿਆ ਅਤੇ ਹੌਲੀ ਹੌਲੀ ਕਹਿਣ ਲੱਗੀ:

"ਇਸ ਤਰ੍ਹਾਂ ਦੇ ਨਜ਼ਾਰਿਆਂ ਦੀ ਯਾਦ ਹੀ ਮੈਨੂੰ ਜ਼ਿੰਦਗੀ ਭਰ ਪਛਤਾਉਣ ਲਈ ਮਜ਼ਬੂਰ ਕਰ ਦਿੰਦੀ ਹੈ। ਪਰ ਤੁਸੀਂ ਅੱਜ ਕੱਲ੍ਹ ਦੇ ਲੋਕ, ਅਜਿਹੀਆਂ ਗੱਲਾਂ ਨੂੰ ਸੁਪਨੇ ਵਿੱਚ ਵੀ ਨਹੀਂ ਸੋਚ ਸਕਦੇ । ਤੁਸੀਂ ਲੋਕ ਤਾਂ ਕੇਵਲ ਵਪਾਰੀ ਅਤੇ ਧਨ ਕਮਾਉਣ, ਜੋੜਨ ਵਾਲੇ ਹੋ। ਤੁਸੀਂ ਤਾਂ ਸਾਡੇ ਨਾਲ ਗੱਲ ਕਰਨਾ ਵੀ ਨਹੀਂ ਜਾਣਦੇ । ਜਦੋਂ ਮੈਂ ਆਪਾਂ ਲੋਕ ਕਹਿੰਦੀ ਹਾਂ ਤਾਂ ਮੇਰਾ ਮਤਲਬ ਨਵਯੁਵਤੀਆਂ ਤੋਂ ਹੁੰਦਾ ਹੈ । ਪਿਆਰ ਸੰਬੰਧ ਤਾਂ ਅੱਜ ਕੱਲ੍ਹ ਕੇਵਲ ਸਮਾਂ ਬਿਤਾਉਣਾ ਹੀ ਰਹਿ ਗਿਆ ਹੈ । ਅਤੇ ਜੋ ਕਿ ਬਹੁਤਾ ਕਰਕੇ ਦਰਜ਼ੀ ਦੇ ਨਾ ਮੰਨੇ ਗਏ ਬਿੱਲਾਂ ਵਿੱਚ ਪੈਦਾ ਹੋ ਜਾਂਦੇ ਹਨ । ਜੇ ਤੁਸੀਂ ਬਿਲ ਨੂੰ ਔਰਤ ਨਾਲੋਂ ਜ਼ਿਆਦਾ ਮਹੱਤਵਪੂਰਨ ਸਮਝਦੇ ਹੈ ਤਾਂ ਤੁਸੀਂ ਅਲੋਪ ਹੋ ਜਾਂਦੇ ਹੋ, ਪਰ ਜੇ ਤੁਸੀਂ ਔਰਤ ਨੂੰ ਜ਼ਿਆਦਾ ਮਹੱਤਵ ਦਿੰਦੇ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਤੁਸੀਂ ਔਰਤ ਦਾ ਸਨਮਾਨ ਕਰਦੇ ਹੋ ਕਿੰਨਾ ਸੁੰਦਰ ਤੇ ਆਕਰਸ਼ਕ ਸਲੀਕਾ ਹੈ।"

ਉਸ ਨੇ ਮੇਰਾ ਹੱਥ ਪਕੜ ਕੇ ਕਿਹਾ ਦੇਖੋ "ਮੈਂ ਉਸ ਆਕਰਸ਼ਕ ਤਸਵੀਰ ਨੂੰ ਵੇਖ ਕੇ ਖ਼ੁਸ਼ ਅਤੇ ਹੈਰਾਨ ਹੋ ਗਿਆ। ਸਾਡੇ ਸਾਹਮਣੇ ਦੀ ਗ਼ਲੀ ਦੇ ਅਖ਼ੀਰ ਵਿੱਚ ਇਕ ਨੌਜਵਾਨ ਆਦਮੀ ਅਤੇ ਔਰਤ ਦੋਵੇਂ ਇਕ ਦੂਜੇ ਦੀ ਕਮਰ ਵਿੱਚੋਂ ਹੱਥ ਪਾ ਕੇ, ਉਸ ਚਾਂਦਨੀ ਵਿੱਚ ਸਾਡੇ ਵੱਲ ਆ ਰਹੇ ਸਨ । ਬਾਂਹਾਂ ਵਿੱਚ ਬਾਂਹਾਂ ਪਾ ਕੇ ਉਹ ਦੋਵੇਂ ਚੰਦ ਦੀ ਰੌਸ਼ਨੀ ਵਿੱਚ, ਜਿਸ ਦੀ ਸੁਹਾਵਣੀ ਝਲਕ ਨਾਲ ਉਹ ਪੂਰੀ ਤਰ੍ਹਾਂ ਨਹਾਤੇ ਲੱਗਦੇ ਸਨ ਹੌਲੀ ਹੌਲੀ ਅੱਗੇ ਆਏ।

ਕੁਝ ਪਲ਼ ਲਈ ਉਹ ਹਨੇਰੇ ਵਿੱਚ ਅਲੋਪ ਹੋ ਗਏ ਅਤੇ ਫਿਰ ਉਸ ਸੜਕ ਦੇ ਕੋਲ ਦਿਖਾਈ ਦਿੱਤੇ ।

ਆਦਮੀ ਨੇ ਪਿਛਲੀ ਸਦੀ ਦੇ ਫ਼ੈਸ਼ਨ ਵਾਲੇ ਸਫ਼ੈਦ ਸਾਟਨ ਦੇ ਕੱਪੜੇ ਪਾਏ ਹੋਏ ਸਨ ਅਤੇ ਇਕ ਚੌੜਾ ਟੋਪ, ਜਿਸ ਦੇ ਉੱਪਰ ਸ਼ੁਤਰਮੁਰਗ ਦਾ ਇਕ ਖੰਭ ਲੱਗਿਆ ਹੋਇਆ ਸੀ, ਔਰਤ ਨੇ ਚੌੜੇ ਘੇਰੇ ਦੀ ਸਰਕਟ ਪਹਿਨੀ ਹੋਈ ਸੀ ਅਤੇ ਉਸ ਦੇ ਸਿਰ ਉਪਰ ਰੀਜੈਂਸੀ ਦੇ ਕਾਲ ਦਾ ਟੋਪ ਲਿਆ ਹੋਇਆ ਸੀ ।

ਆਖ਼ਿਰ ਉਹ ਸਾਡੇ ਤੋਂ ਲਗਭਗ ਸੌ ਕਦਮ ਦੂਰ ਹੀ ਆ ਕੇ ਰੁਕ ਗਏ, ਅਤੇ ਪਗਡੰਡੀ ਦੇ ਵਿਚਕਾਰ ਖੜ੍ਹੇ ਹੋ ਕੇ ਉਨ੍ਹਾਂ ਨੇ ਇਕ ਦੂਜੇ ਦਾ ਪਿਆਰ ਨਾਲ ਅਲਿੰਗਣ ਕੀਤਾ ਤੇ ਮਿਲੇ । ਅਚਾਨਕ ਮੈਂ ਉਹ ਦੋਵੇਂ ਨੌਕਰ ਪਛਾਣ ਲਏ । ਤਾਂ ਮੇਰਾ

ਦਿਲ ਬਹੁਤ ਹੱਸਣ ਨੂੰ ਕੀਤਾ। ਪਰ, ਮੈਂ ਹੱਸਿਆ ਨਹੀਂ । ਮੈਂ ਆਪਣੀ ਇੱਛਾ ਨੂੰ ਦਬਾਅ ਲਿਆ ਅਤੇ ਇਸ ਅਜੀਬ ਦ੍ਰਿਸ਼ ਦੇ ਦੂਜੇ ਨਜ਼ਾਰੇ ਦੀ ਉਡੀਕ ਕਰਨ ਲੱਗ ਪਿਆ।

ਪ੍ਰੇਮੀ ਹੁਣ ਫੇਰ ਪਗਡੰਡੀ ਦੇ ਅਖ਼ੀਰ ਤੱਕ ਪਹੁੰਚ ਗਏ, ਫ਼ਾਸਲੇ ਨੇ ਉਨ੍ਹਾਂ ਨੂੰ ਆਕਰਸ਼ਕ ਬਣਾ ਦਿੱਤਾ, ਉਹ ਅੱਗੇ ਹੀ ਅੱਗੇ ਵੱਧਦੇ ਗਏ ਅਤੇ ਅੰਤ ਵਿੱਚ ਸੁਪਨੇ ਦੇ ਨਜ਼ਾਰਿਆਂ ਦੀ ਤਰ੍ਹਾਂ ਅਲੋਪ ਹੋ ਗਏ । ਉਨ੍ਹਾਂ ਤੋਂ ਬਗ਼ੈਰ ਹੁਣ ਉਹ ਰਸਤਾ ਸੁੰਨਾ ਲੱਗਣ ਲੱਗ ਪਿਆ।

ਮੈਂ ਵੀ ਵਿਦਾਇਗੀ ਲਈ। ਮੈਂ ਉਦੋਂ ਹੀ ਉੱਥੋਂ ਚੱਲ ਪਿਆ, ਤਾਂ ਜੋ ਉਹ ਮੈਨੂੰ ਫਿਰ ਨਾ ਦਿਖਾਈ ਦੇ ਜਾਣ, ਕਿਉਂਕਿ ਮੈਂ ਸੋਚਿਆ ਕਿ ਇਹ ਚਸ਼ਮਾ ਬਹੁਤ ਦੇਰ ਤੱਕ ਨਜ਼ਾਰਾ ਮਾਣਨ ਲਈ ਬਣਾਇਆ ਗਿਆ ਸੀ, ਜਿਸ ਨਾਲ ਕਿ ਸਾਰੇ—ਉਹ ਪਿਆਰ ਅਤੇ ਨਾਟਕ ਦੇ ਪ੍ਰਭਾਵ, ਯਾਦ ਆ ਸਕਣ, ਉਹ ਬਣਾਉਟੀ ਅਤੀਤ ਅਤੇ ਛਲੀਆ ਅਤੇ ਲੁਭਾਇਮਾਨ ਹੁੰਦੇ ਹੋਏ ਵੀ ਅਸਲ ਵਿੱਚ ਆਕਰਸ਼ਕ ਸੀ। ਤਾਂ ਜੋ ਕਿਤੇ ਇਹ ਬੁੱਢੀ ਅਭਿਨੇਤਰੀ ਰੋਮਾਂਸ ਭਰੇ ਦਿਲ ਨੂੰ ਫੇਰ ਨਾ ਧੜਕਾ ਦੇਵੇ ਅਤੇ ਮੈਨੂੰ ਹੀ ਆਖ਼ਰੀ ਸਾਧਨ ਬਣਾ ਲਵੇ ।